
ਭਾਗ ਦੂਸਰਾ

ਸਿੱਖ ਇਤਿਹਾਸ



ਖ਼ੁਸ਼ਵੰਤ ਸਿੰਘ

ਸਿੱਖ ਇਤਿਹਾਸ

ਭਾਗ ਦੂਜਾ

(1839—2004)

ਲੇਖਕ

ਖੁਸ਼ਵੰਤ ਸਿੰਘ

ਅਨੁਵਾਦਕ

ਡਾ: ਗੁਰਚਰਨ ਸਿੰਘ ਔਲਖ

ESTD. 1940

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕਿਟ, ਲੁਧਿਆਣਾ

SIKH ITIHAAS

by

Khushwant Singh

Translation by

Dr. Gurcharan Singh Aulakh

Published by arrangement
With Oxford University Press India, New Delhi

ਪਹਿਲੀ ਵਾਰ : 2006
ਦੂਜੀ ਵਾਰ : 2013

ਮੁੱਲ : 350/-

ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ, 2 ਲਾਜਪਤ ਰਾਏ ਮਾਰਕਿਟ
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ
ਫੋਨ : 2740738, 6540738
E-mail : lahorebookshop40@rediffmail.com
Website : www.lahorepublishers.com

ਛਾਪਕ ਆਰ ਕੇ ਆਫਸੇਟ
ਦਿੱਲੀ ।

ਸਮਰਪਣ

ਆਪਣੇ ਮਾਤਾ ਪਿਤਾ
ਸਰਦਾਰ ਬਹਾਦਰ ਸਰ ਸੋਭਾ ਸਿੰਘ ਤੇ
ਸਰਦਾਰਨੀ ਵੀਰਾਂ ਬਾਈ ਨੂੰ।

ਸਿੱਖਾਂ ਦਾ ਇਤਿਹਾਸ

(ਜਿਲਦ ਪਹਿਲੀ : 1469-1839)

1963 ਵਿੱਚ ਪਹਿਲੀ ਵਾਰ ਛਪੀ ਇਹ ਪੁਸਤਕ ਸਿੱਖਾਂ ਬਾਰੇ ਅੱਜ ਤੱਕ ਦੀ ਸਭ ਤੋਂ ਵੱਧ ਸਰਬੰਗੀ ਵਿਸਤਰਤ ਤੇ ਪ੍ਰਮਾਣਕ ਪੁਸਤਕ ਹੈ। ਨਵਾਂ ਸੰਸਕਰਨ ਵਰਤਮਾਨ ਕਾਲ ਤਕ ਆਧੁਨਿਕ ਬਣਾ ਕੇ ਪੇਸ਼ ਕੀਤਾ ਗਿਆ ਹੈ ਤੇ ਇਹ ਸਿੱਖ ਭਾਈਚਾਰੇ ਦੀ ਮੁੱਖ ਧਾਰਾ ਵਿੱਚ ਵਾਪਸੀ ਦੀ ਗਾਥਾ ਵਿਸਥਾਰ ਨਾਲ ਵਰਣਨ ਕਰਦਾ ਹੈ।

ਖੁਸਵੰਤ ਸਿੰਘ ਦੀ ਵਿਲੱਖਣ ਸ਼ੈਲੀ ਵਿੱਚ ਲਿਖੀ ਹੋਈ ਇਹ ਪੁਸਤਕ ਸਾਧਾਰਨ ਤੇ ਘੱਟ ਪੜ੍ਹੇ-ਲਿਖੇ ਵਰਗ ਦੇ ਲੋਕਾਂ ਲਈ ਵੀ ਹੈ ਤੇ ਵਿਦਵਤਾ ਭਰਪੂਰ ਤੇ ਪੂਰਾ-ਲੇਖਕ ਖੋਜ 'ਤੇ ਆਧਾਰਿਤ ਹੈ।

ਪਹਿਲੀ ਜਿਲਦ ਵਿੱਚ ਉਸ ਧਾਰਮਕ, ਸਮਾਜਿਕ ਤੇ ਸਿਆਸੀ ਪਿਛੋਕੜ ਦਾ ਵਰਣਨ ਹੈ ਜਿਸ ਨੇ ਪੰਦਰ੍ਹਵੀਂ ਸਦੀ ਵਿੱਚ ਸਿੱਖ ਧਰਮ ਨੂੰ ਜਨਮ ਦਿੱਤਾ। ਫ਼ਾਰਸੀ, ਗੁਰਮੁਖੀ ਤੇ ਅੰਗਰੇਜ਼ੀ ਦੇ ਮੂਲ ਸੋਮਿਆਂ ਤੇ ਆਪਣਾ ਵੇਰਵਾ ਆਧਾਰਿਤ ਕਰਕੇ ਵਿਦਵਾਨ ਲੇਖਕ ਸਿੱਖ ਧਰਮ ਦੇ ਵਿਕਾਸ ਦੀ ਖੋਜ ਕਰਦਾ ਹੈ ਤੇ ਸਿੱਖਾਂ ਦੀ ਪਵਿੱਤਰ ਧਰਮ ਪੁਸਤਕ 'ਗ੍ਰੰਥ ਸਾਹਿਬ' ਦੇ ਸੰਪਾਦਨ ਬਾਰੇ ਸਾਨੂੰ ਦੱਸਦਾ ਹੈ। ਮਹਾਰਾਜਾ ਰਣਜੀਤ ਸਿੰਘ ਅਧੀਨ ਸਿੱਖ ਸ਼ਕਤੀ ਦੀ ਸਥਾਪਨਾ ਤਕ ਇਸ ਵਿਚ ਸਿੱਖਾਂ ਦੀ ਇਕ ਸ਼ਾਂਤਮਈ ਫਿਰਕੇ ਤੋਂ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿਚ ਜੰਗਜੂ ਖਾਲਸੇ ਦੇ ਰੂਪ ਵਿੱਚ ਪਰਿਵਰਤਨ ਦੀ ਗਾਥਾ ਬੜੇ ਵਿਸਥਾਰ ਨਾਲ ਚਿਤਰੀ ਗਈ ਹੈ ਤੇ ਸਿੱਖਾਂ ਦੇ ਮੁਗ਼ਲਾਂ ਅਤੇ ਅਫ਼ਗਾਨਾਂ ਨਾਲ ਸੰਬੰਧਾਂ ਦਾ ਵੀ ਭਰਪੂਰ ਵਰਣਨ ਕੀਤਾ ਗਿਆ ਹੈ।

ਖੁਸਵੰਤ ਸਿੰਘ ਇਕ ਉੱਘਾ ਪੱਤਰਕਾਰ ਹੈ। ਉਸ ਨੇ ਗਲਪ ਦੀਆਂ ਕਈ ਪੁਸਤਕਾਂ ਦੀ ਰਚਨਾ ਕੀਤੀ ਹੈ ਤੇ ਸਿੱਖ ਇਤਿਹਾਸ ਦਾ ਉਸ ਨੂੰ ਇਕ ਪ੍ਰਮਾਣਕ ਵਿਦਵਾਨ ਮੰਨਿਆ ਜਾਂਦਾ ਹੈ। ਉਹ 1979-80 ਵਿੱਚ "ਇਲਸਟਰੇਟਡ ਵੀਕਲੀ ਆਫ਼ ਇੰਡੀਆ" ਦਾ ਤੇ 1980-83 ਵਿੱਚ "ਹਿੰਦੁਸਤਾਨ ਟਾਈਮਜ਼ ਦਾ ਐਡੀਟਰ ਰਿਹਾ ਹੈ। ਉਹ 1980 ਤੋਂ 86 ਵਿੱਚ ਲੋਕ-ਸਭਾ ਦਾ ਮੈਂਬਰ ਰਿਹਾ। ਉਸ ਨੇ 1974 ਵਿੱਚ ਮਿਲਿਆ ਹੋਇਆ 'ਪਦਮ ਭੂਸ਼ਨ' ਦਾ ਸਨਮਾਨ ਭਾਰਤ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਹਰਿਮੰਦਰ ਦੇ ਘੇਰੇ ਤੇ ਹਮਲੇ ਪਿੱਛੋਂ ਵਾਪਸ ਕਰ ਦਿੱਤਾ।

ਵਿਸ਼ੇ-ਸੂਚੀ

ਦੂਸਰੇ ਸੰਸਕਰਣ ਦਾ ਪਰਾਕਥਨ

"ਸਿੱਖ ਇਤਿਹਾਸ" ਨਾਲ ਸੰਬੰਧ ਰੱਖਣ ਵਾਲੀਆਂ ਬਹੁਤ ਸਾਰੀਆਂ ਘਟਨਾਵਾਂ ਪੰਜਾਬ ਵਿੱਚ ਤੇ ਵਿਦੇਸ਼ਾਂ ਵਿੱਚ ਵਾਪਰ ਚੁੱਕੀਆਂ ਹਨ। ਇਹਨਾਂ ਵੀਹ ਸਾਲਾਂ ਵਿੱਚ ਆਤੰਕਵਾਦੀ ਘਟਨਾਵਾਂ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਜਿਹਨਾਂ ਕਾਰਨ ਇਕ ਰਿਟਾਇਰਡ ਮੁੱਖ ਸੈਨਾਪਤੀ (ਚੀਫ਼ ਆਫ ਆਰਮੀ ਸਟਾਫ), ਇਕ ਕਾਰਜਭਾਰ ਨਿਭਾ ਰਿਹਾ ਮੁਖ ਮੰਤਰੀ, ਇਕ ਰਿਟਾਇਰਡ ਵਿੱਤ ਮੰਤਰੀ, ਪੁਲੀਸ ਅਫ਼ਸਰ ਤੇ ਆਮ ਨਾਗਰਿਕ ਹਜ਼ਾਰਾਂ ਦੀ ਗਿਣਤੀ ਵਿੱਚ ਮਾਰੇ ਗਏ। ਇਹਨਾਂ ਸਾਲਾਂ ਵਿੱਚ ਹੀ ਹਿੰਦੂਆਂ ਤੇ ਸਿੱਖਾਂ ਵਿੱਚ ਦੂਰੀਆਂ ਤੇ ਵਿਤਕਰੇ ਵਧੇ ਤੇ ਹਿੰਦੂਆਂ ਨੇ ਸਿੱਖ ਬਹੁ-ਗਿਣਤੀ ਵਾਲੇ ਪਿੰਡਾਂ 'ਚੋਂ ਨਗਰਾਂ ਤੇ ਸ਼ਹਿਰਾਂ ਵਿੱਚ ਹਿਜਰਤ ਕੀਤੀ। ਇਹਨਾਂ ਸਾਲਾਂ ਵਿੱਚ ਹੌਲੀ-ਹੌਲੀ ਆਤੰਕਵਾਦ ਦਾ ਪਤਨ ਹੋਇਆ ਤੇ ਇਕ ਵੱਖਰੇ ਸਿੱਖ ਰਾਜ ਦੀ ਮੰਗ ਖ਼ਤਮ ਹੋਈ ਤੇ ਦੋਹਾਂ ਫਿਰਕਿਆਂ ਵਿੱਚ ਫਿਰ ਮੇਲ-ਜੋਲ ਤੇ ਪ੍ਰੇਮ ਭਾਵਨਾ ਦੇ ਸੰਬੰਧ ਕਾਇਮ ਹੋਏ ਤੇ ਰਾਜ ਵਿੱਚ ਅਮਨ ਕਾਨੂੰਨ ਦੇ ਰਾਜ ਦੀ ਸਥਾਪਨਾ ਹੋਈ। ਇਹਨਾਂ 20 ਸਾਲਾਂ ਵਿੱਚ ਪ੍ਰਾਂਤ ਵਿੱਚ ਕਈ ਵਾਰ ਪ੍ਰਧਾਨਗੀ ਰਾਜ ਲਾਗੂ ਕੀਤਾ ਗਿਆ ਤੇ ਉਸ ਸਮੇਂ ਅਕਾਲੀ ਤੇ ਕਾਂਗਰਸ ਸਰਕਾਰਾਂ ਵੀ ਬਣੀਆਂ। ਇਸ ਸਮੇਂ ਹੀ ਸਿੱਖ ਫਿਰਕੇ ਦੇ ਆਰਥਿਕ ਜੀਵਨ ਵਿੱਚ ਕਈ ਸੂਖਮ ਤੇ ਤੀਬਰ ਤਬਦੀਲੀਆਂ ਆਈਆਂ। ਬਹੁਤ ਸਾਰੇ ਨੌਜਵਾਨ ਸਿੱਖ ਰੋਜ਼ੀ ਰੋਟੀ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਚਲੇ ਗਏ ਤੇ ਯੂ.ਪੀ. ਤੇ ਬਿਹਾਰ ਤੋਂ ਖੇਤ ਮਜ਼ਦੂਰ ਸਿੱਖ ਕਿਸਾਨਾਂ ਕੋਲ ਮਜ਼ਦੂਰ ਬਣ ਕੇ ਕੰਮ ਕਰਨ ਲਈ ਆਏ ਤੇ ਏਥੇ ਹੀ ਵੱਸ ਗਏ ਜਿਸ ਨਾਲ ਜਨ-ਸੰਖਿਆ ਤੇ ਵਸੋਂ ਵਿੱਚ ਮਹੱਤਵਪੂਰਨ ਤਬਦੀਲੀਆਂ ਆਈਆਂ।

ਕਿਸੇ ਫਿਰਕੇ ਜਾਂ ਧਰਮ ਦਾ ਇਤਿਹਾਸ ਲਿਖਣਾ ਸੌਖਾ ਕਾਰਜ ਨਹੀਂ ਸੀ, ਪ੍ਰੰਤੂ ਨਿਕਟ ਭੂਤ ਕਾਲ ਦੀਆਂ ਘਟਨਾਵਾਂ ਦਾ ਇਤਿਹਾਸ ਲਿਖਣਾ ਹੋਰ ਵੀ ਦੁਰਗਮ ਕਾਰਜ ਸਿੱਧ ਹੋਇਆ। ਮੈਨੂੰ ਲਗਭਗ ਪੂਰੀ ਤਰ੍ਹਾਂ ਅਖ਼ਬਾਰਾਂ ਵਿੱਚ ਛਪੀ ਸਮੱਗਰੀ ਤੇ ਖ਼ਾਸ ਕਰਕੇ "ਇੰਡੀਆ ਟੂਡੇ" ਅਤੇ "ਦੀ ਟ੍ਰਿਬਿਊਨ" 'ਤੇ ਹੀ ਨਿਰਭਰ ਕਰਨਾ ਪਿਆ।

ਮੈਂ ਰਾਜਸੀ ਪਾਰਟੀਆਂ ਤੇ ਰਾਜ ਸਰਕਾਰਾਂ ਵੱਲੋਂ ਜਾਰੀ ਰਿਪੋਰਟਾਂ ਦੀ ਵੀ ਵਰਤੋਂ ਕੀਤੀ। ਮਹੱਤਵਪੂਰਨ ਤੇ ਸਦੀਵੀ ਮਹੱਤਤਾ ਦੀ ਸਮੱਗਰੀ ਨੂੰ ਤੁੱਛ ਤੇ ਵਕਤੀ ਤੇ ਛਿਨ ਭੰਗਰ ਮਹੱਤਤਾ ਵਾਲੀ ਸਮਗਰੀ 'ਚੋਂ ਛਾਂਟਣਾ ਔਖਾ ਕਾਰਜ ਸੀ। ਅੰਤਿਕਾ ਸ਼ਾਇਦ ਇਤਿਹਾਸਕ ਸੰਖੇਪ ਜਾਂ ਸਾਰ ਨਾਲੋਂ ਵਧੇਰੇ ਤਾਰੀਖਾਂ ਦਾ ਵੇਰਵਾ ਜਾਂ ਕਾਰਜ ਸੂਚੀ ਹੀ ਜਾਪੇਗੀ। ਮੈਂ ਪਾਠਕਾਂ ਤੋਂ ਇਸ ਗੱਲ ਦੀ ਮੁਆਫ਼ੀ ਮੰਗਦਾ ਹਾਂ ਕਿ ਮੈਂ ਸਮਕਾਲੀ ਘਟਨਾਵਾਂ ਦਾ ਸਿਰਫ਼ ਵੇਰਵਾ ਹੀ ਦਿੱਤਾ ਹੈ ਇਹਨਾਂ ਦੇ ਸਿੱਖ ਫ਼ਿਰਕੇ ਉੱਪਰ ਭਵਿੱਖ ਵਿੱਚ ਪੈਣ ਵਾਲੇ ਪ੍ਰਭਾਵਾਂ ਬਾਰੇ ਕੁਝ ਅਨੁਮਾਨ ਨਹੀਂ ਦਿੱਤੇ।

ਮੈਂ "ਸਿੱਖ ਇਤਿਹਾਸ" ਦੀਆਂ ਦੋਹਾਂ ਜਿਲਦਾਂ ਨੂੰ ਆਧੁਨਿਕ ਬਣਾਉਣ ਵਿੱਚ

ਸਹਾਇਤਾ ਦੇਣ ਲਈ ਨਿਮਨਲਿਖਤ ਸੱਜਣਾਂ ਦਾ ਰਿਣੀ ਹਾਂ।

ਮੈਂ ਹੁਮਰਾ ਕੁਰੈਸ਼ੀ ਦਾ ਧੰਨਵਾਦੀ ਹਾਂ ਜਿਸ ਨੇ ਮੈਨੂੰ ਸਬੰਧਿਤ ਸਮੇਂ ਬਾਰੇ ਨਹਿਰੂ ਮਿਊਜ਼ੀਅਮ ਲਾਇਬਰੇਰੀ 'ਚੋਂ ਪੁਸਤਕਾਂ, ਅਖ਼ਬਾਰਾਂ ਤੇ ਇੰਡੀਆ ਟੂਡੇ 'ਚੋਂ ਲੇਖ ਤੇ ਕਾਤਰਾਂ ਮੇਰੀ ਖੋਜ ਲਈ ਉਪਲਬਧ ਕੀਤੇ। ਮੈਂ ਪੂਨਮ ਖੈਰਾ ਸਿੱਧੂ (ਆਈ.ਆਰ.ਐਸ.) ਤੇ ਕਰਨਬੀਰ ਸਿੱਧੂ (ਆਈ.ਏ.ਐਸ.) ਦਾ ਮੂਲ ਪਾਠਾਂ ਤੇ ਵਿਸ਼ੇ-ਵਸਤੂ ਵਿੱਚ ਸਲਾਹ, ਸਹਾਇਤਾ ਤੇ ਸੰਪਾਦਨਾ ਲਈ ਰਿਣੀ ਹਾਂ।

ਮੈਂ ਏ. ਐਸ. ਦੀਪਕ ਤੇ ਰਾਵਿੰਦਰ ਸਿੰਘ, ਲਾਇਬਰੇਰੀਅਨ (ਪੁਸਤਕਪਾਲ) ਖਾਲਸਾ ਕਾਲਜਾ ਦਿੱਲੀ ਦਾ ਗੁਰਮੁਖੀ ਤੇ ਅੰਗਰੇਜ਼ੀ ਵਿੱਚ ਪੁਸਤਕਾਂ ਦੇਣ ਤੇ ਪੰਜਾਬ ਦੀ ਆਰਥਿਕ ਤੇ ਸਾਖ਼ਰਤਾ ਬਾਰੇ ਤਿਥੀਆਂ ਦੇਣ ਤੇ ਸ਼੍ਰੋ: ਗੁਰਦਵਾਰਾ ਪ੍ਰਬੰਧਕ ਕਮੇਟੀ ਬਾਰੇ ਸਮੱਗਰੀ ਦੇਣ ਲਈ ਰਿਣੀ ਹਾਂ। ਮੈਂ 'ਹਿੰਦੁਸਤਾਨ ਟਾਈਮਜ਼' ਚੰਡੀਗੜ੍ਹ ਦੇ ਰੈਜੀਡੈਂਟ ਐਡੀਟਰ ਕੰਵਰ ਸੰਧੂ ਦਾ ਵੀ ਰਿਣੀ ਹਾਂ ਜਿਸ ਨੇ ਖਰੜੇ ਨੂੰ ਵਾਚਿਆ ਤੇ ਬੜੇ ਕੀਮਤੀ ਸੁਝਾਅ ਦਿੱਤੇ। ਮੈਂ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਦਾ ਹਰ ਚੀਜ਼ ਨੂੰ ਸਹੀ ਤਰਤੀਬ 'ਚ ਰੱਖ ਕੇ ਛਾਪਣ ਲਈ ਵੀ ਰਿਣੀ ਹਾਂ।

ਮੁਖ ਬੰਦ

"ਸਿੱਖ ਇਤਿਹਾਸ" ਦੀ ਪਹਿਲੀ ਜਿਲਦ ਦਾ ਸਬੰਧ ਸਿੱਖ ਧਰਮ ਦੇ ਜਨਮ ਤੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਪੰਜਾਬ ਵਿੱਚ ਸਿੱਖਾਂ ਦੀ ਰਾਜਸੀ ਪ੍ਰਭੁਤਾ ਨਾਲ ਹੈ। ਇਸ ਜਿਲਦ ਵਿੱਚ ਬਿਰਤਾਂਤ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਲਿਖਿਆ ਗਿਆ ਹੈ। ਇਸ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ ਤੇ ਕ੍ਰਮਵਾਰ ਇਹਦਾ ਸੰਬੰਧ ਅੰਗਰੇਜ਼ਾਂ ਨਾਲ ਯੁੱਧ ਤੇ ਸਿੱਖ ਰਾਜ ਦਾ ਅੰਤ, ਬਰਤਾਨਵੀ ਸਾਮਰਾਜ ਅਧੀਨ ਇਸ ਦਾ ਸੰਗਠਨ, ਨਵੇਂ ਹਾਲਾਤ ਦੇ ਪ੍ਰਭਾਵ ਅਧੀਨ ਪੈਦਾ ਹੋਈਆਂ ਧਾਰਮਿਕ ਤੇ ਸਮਾਜਿਕ ਲਹਿਰਾਂ, ਰਾਸ਼ਟਰਵਾਦੀ, ਮਾਰਕਸੀ ਤੇ ਸੰਪਰਦਾਇਕ ਦਲਾਂ ਦਾ ਵਿਕਾਸ, ਪੰਜਾਬ ਦਾ ਬਟਵਾਰਾ ਤੇ ਸਿੱਖਾਂ ਦੀ ਹੋਣੀ ਤੇ ਪਾਕਿਸਤਾਨ ਵਿੱਚੋਂ ਸਮੂਹਕ ਹਿਜਰਤ ਨਾਲ ਹੈ। ਇਸ ਦੀ ਸਮਾਪਤੀ ਆਜ਼ਾਦ ਭਾਰਤ ਵਿੱਚ ਸਿੱਖਾਂ ਦੇ ਪੁਨਰ-ਵਿਸਥਾਪਨ ਤੇ ਭਾਰਤੀ ਸੰਘ ਵਿੱਚ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਨਾਲ ਹੁੰਦੀ ਹੈ। ਪਹਿਲੀ ਜਿਲਦ ਦਾ ਪਰਕਰਨ ਤੇ ਵਿਸ਼ਾ-ਵਸਤੂ ਸਿੱਖਾਂ ਅਧੀਨ ਪੰਜਾਬੀ ਚੇਤਨਤਾ ਤੇ ਸੁਤੰਤਰ ਪੰਜਾਬੀ ਰਾਜ ਦੀ ਸਥਾਪਨਾ ਨਾਲ ਹੈ। ਇਸ ਜਿਲਦ ਦਾ ਵਿਸ਼ਾ-ਵਸਤੂ ਸਿੱਖਾਂ ਦੀ ਇਕ ਵੱਖਰੇ ਧਰਮ ਵਜੋਂ ਹੋਂਦ ਪ੍ਰਤੀ ਘਾਲਣਾ ਹੈ। ਇਸ ਦਾ ਆਰੰਭ ਅੰਗਰੇਜ਼ਾਂ ਦੇ ਵਿਸਤਾਰਵਾਦ ਦੇ ਵਿਰੋਧ ਨਾਲ ਹੋਇਆ ਤੇ ਇਹ ਮੁਸਲਮਾਨਾਂ ਦੇ ਦਬਾਅ ਦਾ ਵਿਰੋਧ ਤੇ ਰੂਪ ਵਿੱਚ ਜਾਰੀ ਰਿਹਾ ਤੇ ਆਜ਼ਾਦੀ ਪਿੱਛੋਂ ਇਹ ਪੁਨਰ-ਜਾਗਰਤ ਹਿੰਦੂ ਧਰਮ ਵੱਲੋਂ ਆਪਣੇ ਵਿੱਚ ਸਮੋ ਲੈਣ ਦੀ ਪਰਕਿਰਿਆ ਦੇ ਵਿਰੋਧ ਵਿੱਚ ਪ੍ਰਗਟ ਹੋਇਆ।

ਮੈਂ ਆਪਣੇ ਮਿੱਤਰ "ਇਕਨਾਮਿਕ ਟਾਈਮਜ਼" ਦੇ ਸੰਪਾਦਕ ਸਤਿੰਦਰ ਸਿੰਘ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਸ ਨੇ ਮੈਨੂੰ "ਸਮਕਾਲੀ ਸਿੱਖ ਮਾਮਲਿਆਂ" ਬਾਰੇ ਆਪਣੀ ਅਣਛਪੀ ਸਮੱਗਰੀ ਵਰਤਣ ਲਈ ਦਿੱਤੀ। ਮੈਂ ਮੇਜਰ ਡਬਲਯੂ ਸ਼ਾਰਟ ਦਾ ਵੀ ਸੰਸਾਰ ਯੁੱਧ ਸਮੇਂ ਸਿੱਖ ਸਿਆਸਤ ਬਾਰੇ ਅਗਵਾਈ ਦੇਣ ਲਈ ਰਿਣੀ ਹਾਂ। ਮੈਂ ਕਿਸੇ ਸਮੇਂ ਪੰਜਾਬ ਹਾਈ ਕੋਰਟ ਦੇ ਰਹਿ ਚੁੱਕੇ ਚੀਫ਼ ਜਸਟਿਸ ਜੀ.ਡੀ. ਖੋਸਲਾ ਦਾ ਵੀ ਧੰਨਵਾਦੀ ਹਾਂ ਜਿਸ ਨੇ ਇਹ ਖਰੜਾ ਵਾਚਿਆ। ਮੈਂ ਡਾ: ਮਹਿੰਦਰ ਸਿੰਘ ਰੰਧਾਵਾ ਦਾ ਸਿੱਖ ਚਿੱਤਰਾਂ ਬਾਰੇ ਜਾਣਕਾਰੀ ਲਈ, ਸ੍ਰੀਮਾਨ ਜੇ. ਐਚ. ਮੈਕਇਲਵੇਨ ਤੇ ਸ੍ਰੀਮਤੀ ਰਿਮੰਗਟਨ (ਇੰਡੀਆ ਆਫਿਸ ਲਾਇਬ੍ਰੇਰੀ ਲੰਡਨ) ਦਾ ਪੁਸਤਕ ਸੂਚੀ ਦੀ ਸੰਪਾਦਨਾ ਵਿੱਚ ਸਹਾਇਤਾ ਦੇਣ ਲਈ, ਤੇ ਮਿਸ ਯੋਨ ਲਾ ਰੋਗਟਲ ਦਾ ਦੋਹਾਂ ਜਿਲਦਾਂ ਲਿਖਣ ਤੇ ਖੋਜ ਵਿੱਚ ਸਹਾਇਤਾ ਦੇਣ ਲਈ ਰਿਣੀ ਹਾਂ। ਮੈਂ ਰੌਕਫੈਲਰ ਫਾਊਂਡੇਸ਼ਨ ਦਾ ਲਿਖਤੀ ਰੂਪ ਵਿੱਚ ਧੰਨਵਾਦ ਕਰਨਾ ਵੀ ਚਾਹਾਂਗਾ ਤੇ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਦਾ ਵੀ ਜਿਸ ਨੇ ਮੈਨੂੰ ਕੰਮ ਜਾਰੀ ਰੱਖਣ 'ਤੇ ਅੰਤਿਮ ਛੋਹਾ ਦੇਣ ਦੀ ਆਗਿਆ ਦਿੱਤੀ।

ਸੋਧੇ ਹੋਏ "ਪੇਪਰ ਬੈਕ" ਸੰਸਕਰਣ ਲਈ ਮੈਂ ਇਕਨਾਮਿਕ ਟਾਈਮਜ਼ ਦੇ ਸਤਿੰਦਰ ਸਿੰਘ ਤੇ 'ਕੌਮੀ ਏਕਤਾ' ਦੇ ਸੰਪਾਦਕ ਰਾਜਿੰਦਰ ਸਿੰਘ ਭਾਟੀਆ ਦਾ ਰਿਣੀ ਹਾਂ।

ਧੰਨਵਾਦ

ਮੈਂ ਵੁਡਰੋ ਵਿਲਸਨ ਸੈਂਟਰ ਦਾ ਤਿੰਨ ਮਹੀਨੇ ਦੀ ਸਹਾਇਤਾ ਰਾਸ਼ੀ ਲਈ ਰਿਣੀ ਹਾਂ ਜਿਸ ਕਾਰਨ ਮੈਂ ਕਾਂਗਰਸ ਲਾਇਬਰੇਰੀ ਵਿੱਚ ਉਪਲੱਬਧ ਸਮੱਗਰੀ ਦੀ ਪਰਖ ਪੜਚੋਲ ਸਾਰਾ ਧਿਆਨ ਲਗਾ ਕੇ ਤੇ ਕੰਮ ਕਰਕੇ ਇਹ ਦੋ ਜਿਲਦਾਂ ਦਾ "ਆਧੁਨਿਕੀਕਰਨ" ਕਰਕੇ ਵਰਤਮਾਨ ਸਮੇਂ ਤੱਕ ਸਿੱਖਾਂ ਦੀ ਗਾਥਾ ਲਿਖਣ ਦੇ ਯੋਗ ਹੋਇਆ। ਇਸ ਨੇ ਮੈਨੂੰ ਡਾ: ਸੁਰਜੀਤ ਕੌਰ ਖੋਜ ਸਹਾਇਕ ਦੀ ਸੇਵਾ ਵੀ ਦਿੱਤੀ ਜਿਸ ਨੇ ਮੇਰੇ ਹਵਾਲੇ ਉੱਤਰੀ ਅਮਰੀਕਾ ਦੇ ਸਿੱਖਾਂ ਬਾਰੇ ਸਮੱਗਰੀ ਕੀਤੀ ਤੇ ਮੇਰੇ ਨਾਲ ਮੁਲਾਕਾਤਾਂ ਦਾ ਪ੍ਰਬੰਧ ਕੀਤਾ।

ਮੈਂ ਆਪਣੇ ਮਿੱਤਰ ਸਤਿੰਦਰ ਸਿੰਘ ਦਾ ਮੂਲ ਪਾਠ ਤੇ ਤੱਥਾਂ ਦੀ ਘੋਖ ਅਤੇ ਕਾਂਟ-ਛਾਂਟ ਦੇ ਸੁਝਾਵਾਂ ਲਈ ਰਿਣੀ ਹਾਂ।

ਸਭ ਤੋਂ ਉਪ੍ਰੰਤ ਮੈਂ ਆਪਣੀ ਭਤੀਜੀ ਗੀਤਾਂਜਲੀ ਚੰਦਾ ਦਾ ਰਿਣੀ ਹਾਂ ਜਿਸ ਨੇ ਸਾਰੀ ਰਚਨਾ ਨੂੰ ਸ਼ਬਦੀ ਪਰਕਿਰਿਅਕ ਯੰਤਰ ਰਾਹੀਂ ਹਵਾਲਿਆਂ ਦੀ ਪੁਣ-ਛਾਣ ਕੀਤੀ, ਸੁਧਾਈ ਕੀਤੀ ਤੇ ਸੱਤ ਕਾਂਡਾਂ ਦਾ ਸੰਪਾਦਨ ਕੀਤਾ। ਉਸ ਦੀ ਸਹਾਇਤਾ ਬਿਨਾਂ ਇਹ ਸੌਂਪਿਆ ਹੋਇਆ ਕਾਰਜ ਥੋੜ੍ਹੇ ਸਮੇਂ ਵਿੱਚ ਮੇਰੇ ਲਈ ਕਰ ਸਕਣਾ ਸੰਭਵ ਨਾ ਹੁੰਦਾ।

ਭਾਗ—I
ਸਿੱਖ ਰਾਜ ਦਾ ਪਤਨ

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਭਾਰਤ ਦਾ ਨਕਸ਼ਾ ਵਿਖਾਇਆ ਗਿਆ ਤਾਂ ਉਸ ਨੇ ਪੁੱਛਿਆ, "ਲਾਲ ਰੰਗ ਕੀ ਦਰਸਾਉਂਦਾ ਹੈ ?" ਨਕਸ਼ਾ ਨਵੀਸ ਨੇ ਉੱਤਰ ਦਿੱਤਾ, "ਬਾਦਸ਼ਾਹ ਸਲਾਮਤ, ਲਾਲ ਰੰਗ ਅੰਗਰੇਜ਼ੀ ਕਬਜ਼ੇ ਅਧੀਨ ਇਲਾਕਿਆਂ ਨੂੰ ਦਰਸਾਉਂਦਾ ਹੈ।" ਮਹਾਰਾਜੇ ਨੇ ਆਪਣੀ ਇੱਕੋ ਅੱਖ ਨਾਲ ਨਕਸ਼ੇ 'ਤੇ ਨਜ਼ਰ ਮਾਰੀ ਤੇ ਵੇਖਿਆ ਕਿ ਪੰਜਾਬ ਤੋਂ ਬਿਨਾਂ ਲਗਭਗ ਸਾਰਾ ਹਿੰਦੁਸਤਾਨ ਹੀ ਲਾਲ ਰੰਗ ਵਿੱਚ ਚਿਤਰਿਆ ਹੋਇਆ ਸੀ। ਉਸ ਨੇ ਆਪਣੇ ਦਰਬਾਰੀਆਂ ਵੱਲ ਵੇਖਦਿਆਂ ਮੁੜ ਕੇ ਟਿੱਪਣੀ ਕੀਤੀ : "ਏਕ ਰੋਜ਼ ਸਭ ਲਾਲ ਹੋ ਜਾਏਗਾ।"

ਮਹਾਰਾਜੇ ਦੀ ਭਵਿੱਖਬਾਣੀ ਸਿਰਫ਼ ਦਸਾਂ ਸਾਲਾਂ ਵਿੱਚ ਹੀ ਸਹੀ ਸਿੱਧ ਹੋ ਗਈ।

ਮਹਾਰਾਜੇ ਦੇ ਉੱਤਰਾਧਿਕਾਰੀ ਨੇਤ੍ਰਿਤਵ ਦੇ ਗੁਣਾਂ ਤੋਂ ਸੱਖਣੇ ਸਨ। ਉਹ ਵਧੇਰੇ ਕਰਕੇ ਆਪਣੇ ਸ਼ਰੀਕਾਂ ਨੂੰ ਖ਼ਤਮ ਕਰਕੇ ਤਖ਼ਤ 'ਤੇ ਕਾਬਜ਼ ਹੋਣ ਵਿੱਚ ਹੀ ਲੀਨ ਰਹੇ। ਦਰਬਾਰ ਕਈ ਧੜਿਆਂ ਵਿੱਚ ਵੰਡਿਆ ਗਿਆ। ਜ਼ਹਿਰੀਲੀ ਸ਼ਰਾਬ ਵਾਲਾ ਪਿਆਲਾ, ਲੁਕੋਇਆ ਖੰਜਰ, ਤੇ ਬੰਦੂਕ ਦੀ ਗੋਲੀ ਨੇ ਸ਼ਾਹੀ ਖਾਨਦਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਹਜੂਮ ਨੇ ਇਕ ਦੂਸਰੇ ਨੂੰ ਗਲੀਆਂ ਵਿੱਚ ਹੀ ਕਤਲ ਕਰ ਦਿੱਤਾ। ਪੰਜਾਬੀਆਂ ਵਿੱਚ ਮਾਯੂਸੀ ਤੇ ਫੁੱਟ ਛਾ ਗਈ। ਡੋਗਰੇ ਹਿੰਦੂ, ਸਿੱਖਾਂ ਨਾਲ ਰਾਜ ਉੱਪਰ ਕਬਜ਼ਾ ਕਰਨ ਲਈ ਟੱਕਰ ਲੈਣ ਲੱਗੇ। ਮੁਸਲਮਾਨ ਬੇਲਾਗ ਤੇ ਬੇਪਰਵਾਹ ਹੋ ਗਏ। ਰਾਜ ਪ੍ਰਬੰਧ ਵਿਗੜ ਗਿਆ। ਸੈਨਾ ਦਾ ਆਕਾਰ ਇਤਨਾ ਜ਼ਿਆਦਾ ਹੋ ਗਿਆ ਕਿ ਰਾਜ ਦੇ ਖ਼ਜ਼ਾਨੇ 'ਚੋਂ ਤਨਖ਼ਾਹ ਦੇਣੀ ਮੁਸ਼ਕਲ ਹੋ ਗਈ। ਇਹ ਬਾਗ਼ੀ ਹੋ ਗਈ ਤੇ ਆਖ਼ਰ ਇਸ ਨੇ ਹੀ ਰਾਜ-ਭਾਗ 'ਤੇ ਕਬਜ਼ਾ ਕਰ ਲਿਆ।

ਅੰਗਰੇਜ਼, ਜਿਹਨਾਂ ਨੂੰ ਪਹਿਲਾਂ ਹੀ ਉਮੀਦ ਸੀ ਕਿ ਰਣਜੀਤ ਸਿੰਘ ਦੀ ਮੌਤ ਪਿੱਛੋਂ ਹਫ਼ੜਾ-ਤਫ਼ੜੀ ਫੈਲ ਜਾਏਗੀ, ਉਹਨਾਂ ਨੇ ਆਪਣੀਆਂ ਸੈਨਾਵਾਂ ਸਰਹੱਦ ਤੱਕ ਲੈ ਆਂਦੀਆਂ ਤੇ ਉਹ ਦਰਬਾਰ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ-ਅੰਦਾਜ਼ੀ ਕਰਨ ਲੱਗੇ।

1846 ਦੀ ਪਤਝੱੜ ਰੁੱਤ ਤੱਕ ਉਹ ਪੰਜਾਬ ਉੱਪਰ ਹਮਲਾ ਕਰਨ ਲਈ ਤਿਆਰ ਬੈਠੇ ਸਨ। ਉਹਨਾਂ ਨੇ ਸਿਲਸਿਲੇਵਾਰ ਨਿਰੰਤਰ ਲੜਾਈਆਂ ਵਿੱਚ ਸਿੱਖਾਂ ਨੂੰ ਹਰਾਇਆ, ਜਾਲੰਧਰ ਦੁਆਬ ਆਪਣੇ ਰਾਜ ਵਿੱਚ ਮਿਲਾ ਲਿਆ ਤੇ ਜੰਮੂ ਤੇ ਕਸ਼ਮੀਰ ਗੁਲਾਬ ਸਿੰਘ ਨੂੰ ਦੇ ਦਿੱਤਾ।

ਤਿੰਨ ਸਾਲ ਮਗਰੋਂ ਅੰਗਰੇਜ਼ਾਂ ਨੇ ਮੁਲਤਾਨ ਦੀ ਛੋਟੀ ਜਿਹੀ ਬਗ਼ਾਵਤ ਨੂੰ ਸਾਰੇ ਪ੍ਰਾਂਤ ਵਿੱਚ ਫੈਲਣ ਦਾ ਮੌਕਾ ਦੇ ਦਿੱਤਾ ਤੇ ਬਾਕੀ ਦੇ ਰਾਜ ਨੂੰ ਆਪਣੀ ਹਕੂਮਤ ਵਿੱਚ ਮਿਲਾ ਲੈਣ ਲਈ ਇਕ ਬਹਾਨੇ ਵਜੋਂ ਵਰਤਿਆ। ਜਿਵੇਂ ਰਣਜੀਤ ਸਿੰਘ ਨੇ ਪਹਿਲਾਂ ਹੀ ਕਿਹਾ ਸੀ, 1849 ਦੀ ਬਸੰਤ ਰੁੱਤ ਵੇਲੇ ਭਾਰਤ ਦਾ ਸਾਰਾ ਨਕਸ਼ਾ ਹੀ ਲਗਭਗ ਲਾਲ ਹੋ ਗਿਆ ਸੀ, ਭਾਵ ਅੰਗਰੇਜ਼ਾਂ ਦਾ ਗ਼ੁਲਾਮ ਹੋ ਗਿਆ ਸੀ।


ਕਾਂਡ—1

ਰਣਜੀਤ ਸਿੰਘ ਦੀ ਮੌਤ ਸਮੇਂ ਪੰਜਾਬ

ਪੰਜਾਬ ਦਾ ਮਹਾਰਾਜਾ, ਰਣਜੀਤ ਸਿੰਘ, 27 ਜੂਨ, 1839 ਨੂੰ ਦੁਪਹਿਰ ਮਗਰੋਂ ਅਕਾਲ ਚਲਾਣਾ ਕਰ ਗਿਆ। ਆਪਣੀ ਚਾਲੀ ਸਾਲਾਂ ਦੀ ਹਕੂਮਤ ਵਿੱਚ ਉਸ ਨੇ ਲੜ ਰਹੇ ਸਿੱਖ ਧੜਿਆਂ ਨੂੰ ਇਕ ਝੰਡੇ ਹੇਠ ਲਿਆਂਦਾ ਤੇ ਵੱਖ-ਵੱਖ ਧਰਮਾਂ ਤੇ ਰਾਜਾਂ ਪ੍ਰਤੀ ਵਫ਼ਾਦਾਰੀਆਂ ਵਾਲੇ ਲੋਕਾਂ ਨੂੰ ਇਕ ਜਾਨ ਕਰਕੇ ਕੌਮ ਦਾ ਸਰੂਪ ਦੇ ਕੇ ਉਹਨਾਂ ਨੂੰ ਸ਼ਕਤੀਸ਼ਾਲੀ ਤੇ ਸਮਰਿਧ ਬਣਾਇਆ। ਉਸ ਅਧੀਨ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਦੂਸਰੇ ਦੇ ਨਜ਼ਦੀਕ ਲਿਆਉਣ ਦਾ ਤੇ ਗੁਰੂ ਗੋਬਿੰਦ ਸਿੰਘ ਦਾ ਇਕ ਜੰਗਜੂ ਭਾਈਚਾਰੇ ਦਾ ਨਿਰਮਾਣ ਕਰਨ ਦਾ ਉਦੇਸ਼ ਸਾਕਾਰ ਹੋ ਗਿਆ। ਪੰਜਾਬ ਹੁਣ ਵਿਦੇਸ਼ੀ ਸੈਨਾਵਾਂ ਦਾ ਹਿੰਦੁਸਤਾਨ ਉੱਪਰ ਪਰਭੁਤਾ ਦੀ ਲੜਾਈ ਦਾ ਅਖਾੜਾ ਨਹੀਂ ਸੀ। ਇਹ ਹੁਣ ਹਿੰਦੁਸਤਾਨ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਹੀ ਨਹੀਂ ਬਣ ਗਿਆ ਸੀ, ਸਗੋਂ ਇਸ ਦੇ ਵਿਪਰੀਤ ਏਸ਼ੀਆ ਦੀਆਂ ਸ਼ਕਤੀਸ਼ਾਲੀ ਤਾਕਤਾਂ ਵਿੱਚੋਂ ਇਕ ਵੱਡੀ ਤਾਕਤ ਬਣ ਚੁੱਕਿਆ ਸੀ। ਪਠਾਨਾਂ ਤੇ ਅਫ਼ਗਾਨਾਂ ਦੇ ਕਈ ਸਦੀਆਂ ਦੇ ਗਲਬੇ ਪਿੱਛੋਂ ਪੰਜਾਬੀਆਂ ਨੇ ਆਪਣੀ ਬਾਦਸ਼ਾਹੀ ਪਠਾਨਾਂ ਦੇ ਮੁਲਕ ਵੱਲ ਵਧਾ ਕੇ ਤੇ ਕਾਬਲ ਦੇ ਤਖ਼ਤ ਦੀ ਕਿਸਮਤ ਦੇ ਸਾਲਿਸ ਬਣ ਕੇ ਭੂਮਿਕਾ ਉਲਟਾ ਦਿੱਤੀ ਸੀ। ਉਹਨਾਂ ਨੇ ਤਿਬੱਤ ਵਿੱਚ, ਚੀਨ ਦੀ ਅਧੀਨ ਤਾਕਤ ਉੱਪਰ ਜਿੱਤ ਪ੍ਰਾਪਤ ਕੀਤੀ ਤੇ ਪੱਛਮ ਵੱਲ ਬਰਤਾਨਵੀ ਵਿਸਥਾਰ ਨੂੰ ਠੱਲ੍ਹ ਪਾਈ। ਹੁਣ ਕੋਈ ਵੀ ਹਮਲਾਵਰ ਪੰਜਾਬ ਵਿੱਚ ਕਦਮ ਧਰਨ ਦੀ ਜੁਰਅੱਤ ਨਹੀਂ ਕਰ ਸਕਦਾ ਸੀ ਤੇ ਨਾ ਹੀ ਹਰੀ ਕਣਕ ਮਿੱਧ ਸਕਦਾ ਸੀ ਤੇ ਜਦੋਂ ਪੱਕੀ ਫ਼ਸਲ ਵੱਢੀ ਜਾਂਦੀ ਸੀ, ਨਾ ਹੀ ਉਸ ਨੂੰ ਲੁੱਟ ਸਕਦਾ ਸੀ। ਜਰਨੈਲੀ ਸ਼ਾਹਰਾਹਾਂ ਸੁਰੱਖਿਅਤ ਤੇ ਮਹਿਫ਼ੂਜ਼ ਸਨ; ਤੇ ਇਕ ਵਾਰ ਫਿਰ ਮੱਧ ਏਸ਼ੀਆ ਤੇ ਹਿੰਦੁਸਤਾਨ ਵਿੱਚੋਂ ਵਪਾਰੀਆਂ ਦੇ ਕਾਫ਼ਲੇ ਪੰਜਾਬੀ ਮੰਡੀਆਂ ਵਿੱਚ ਆਪਣੀਆਂ ਵਪਾਰਕ ਵਸਤੂਆਂ ਵੇਚ ਸਕਦੇ ਸਨ ਤੇ ਆਦਾਨ ਪ੍ਰਦਾਨ ਕਰ ਸਕਦੇ ਸਨ।

ਇਹ ਸਭ ਕੁਝ ਪੰਜਾਬ ਦੇ ਲੋਕਾਂ ਨੇ ਉਸ ਆਦਮੀ ਦੀ ਅਗਵਾਈ ਵਿੱਚ ਪ੍ਰਾਪਤ ਕੀਤਾ ਜਾਂ ਕਰ ਵਿਖਾਇਆ ਜਿਹੜਾ ਉਹਨਾਂ ਵਿੱਚੋਂ ਇਕ ਹੀ ਸੀ।

ਰਣਜੀਤ ਸਿੰਘ ਇਕ ਐਸੇ ਵੱਡੇ ਬੋਹੜ ਦੇ ਦਰਖ਼ਤ ਵਾਂਗ ਸੀ ਜਿਸ ਦੀ ਛਾਂ ਸਾਰੇ ਪੰਜਾਬ 'ਤੇ ਪੈਂਦੀ ਸੀ ਤੇ ਬੋਹੜ ਵਾਂਗ ਹੀ ਉਸ ਦੇ ਪਰਛਾਵੇਂ ਹੇਠਲੀ ਜ਼ਮੀਨ ਦੀ ਓਟ ਵਿੱਚ ਵਾਧੂ ਘਾਹ ਪੱਤੀ ਜਾਂ ਨਦੀਨ ਤੋਂ ਬਿਨਾਂ ਕੁਝ ਵੀ ਵੱਧ ਫੁੱਲ ਨਹੀਂ ਸਕਦਾ ਸੀ। ਇਸ ਦਾ ਸਿੱਟਾ ਇਹ ਹੋਇਆ ਕਿ ਉਸ ਦੇ ਚਲਾਣੇ ਪਿੱਛੋਂ ਉਸ ਦੇ ਪੱਗ-ਚਿੰਨ੍ਹਾਂ ਤੇ ਤੁਰਨ ਵਾਲੀ ਉਹਦੇ ਕੱਦ-ਕਾਠ ਵਰਗੀ ਸ਼ਖ਼ਸੀਅਤ ਨਹੀਂ ਸੀ ਜੋ ਰਾਜ ਦੀ ਤਕਦੀਰ ਦੀ ਅਗਵਾਈ ਕਰ ਸਕਦੀ। ਇਹ ਗੱਲ ਖ਼ਾਸ ਕਰਕੇ ਉਹਦੇ ਨਿਕਟਵਰਤੀਆਂ 'ਤੇ ਲਾਗੂ



THE PUNJAB IN 1809

ਡੋਗਰਿਆਂ ਦੇ ਵਿਰੋਧ ਵਿੱਚ ਸਿੱਖ ਕੁਲੀਨ ਵਰਗ ਦੇ ਤਿੰਨ ਘਰਾਣੇ, ਸੰਧਾਵਾਲੀਏ, ਅਟਾਰੀਵਾਲੇ ਤੇ ਮਜੀਠੀਏ ਵਧੇਰੇ ਉੱਘੇ ਸਨ। ਕਿਉਂਕਿ ਡੋਗਰੇ ਹਿੰਦੂ ਸਨ ਤੇ ਸਿੱਖ ਕੁਲੀਨ ਵਰਗ "ਖਾਲਸਾ" ਸਨ, ਇਸ ਲਈ ਉਹਨਾਂ ਦੇ ਮੱਤ-ਭੇਦ ਕਈ ਵਾਰ ਡੋਗਰਾ ਬਨਾਮ ਸਿੱਖ ਸੰਪਰਦਾਇਕਤਾ ਦਾ ਰੂਪ ਵੀ ਧਾਰ ਲੈਂਦੇ ਸਨ। ਇਹਨਾਂ ਸੁਆਰਥੀ ਜੁੰਡਲੀਆਂ ਵਿੱਚ ਬਹੁਤ ਥੋੜ੍ਹੀ ਗਿਣਤੀ ਉਹਨਾਂ ਲੋਕਾਂ ਦੀ ਸੀ ਜੋ ਕਿਸੇ ਵੀ ਧੜੇ ਨਾਲ ਸੰਬੰਧਿਤ ਨਹੀਂ ਤੇ ਨਿਰਲੇਪ ਰਹੇ ਸਨ ਉਹਨਾਂ ਨੇ ਹਾਲਾਤ ਦੇ ਅਨੁਸਾਰ ਦਰਬਾਰ ਦੀ ਵਫ਼ਾਦਾਰੀ ਤੇ ਇਮਾਨਦਾਰੀ ਨਾਲ ਪਹਿਲਾਂ ਵਾਂਗ ਸੇਵਾ ਕਰਨੀ ਜਾਰੀ ਰੱਖੀ। ਉਹਨਾਂ ਵਿੱਚ ਸਭ ਤੋਂ ਉੱਘੇ 'ਫ਼ਕੀਰ' ਭਰਾ ਸਨ, ਖ਼ਾਸ ਕਰਕੇ, ਸਭ ਤੋਂ ਵੱਡਾ ਅਜੀਜ਼-ਉਦ-ਦੀਨ ਸੀ ਜੋ ਪਹਿਲਾਂ ਵਾਂਗ ਹੀ ਵਿਦੇਸ਼ੀ ਮਾਮਲਿਆਂ ਦੇ ਸਲਾਹਕਾਰ ਜਾਂ ਮੰਤਰੀ ਵਜੋਂ ਆਪਣੇ ਫ਼ਰਜ਼ ਅਦਾ ਕਰਦਾ ਰਿਹਾ। ਫਿਰ ਕਸ਼ਮੀਰੀ ਬ੍ਰਾਹਮਣ ਦੀਨਾਨਾਥ ਦਾ ਸ਼ੁਮਾਰ ਹੁੰਦਾ ਸੀ ਜੋ ਮਾਲ ਵਿਭਾਗ ਤੇ ਆਰਥਿਕ ਵਿਭਾਗਾਂ ਦੇ ਕੰਮ-ਕਾਜ ਦਾ ਪ੍ਰਬੰਧ ਕਰਦਾ ਸੀ। ਸ਼ਕਤੀ ਪ੍ਰਾਪਤੀ ਦੀ ਇਸ ਧੱਕਾ-ਮੁੱਕੀ ਵਿੱਚ ਫ਼ੌਜ ਦੇ ਸਮਰਪਣ ਦੀ ਭੂਮਿਕਾ ਨਿਰਣਾਇਕ ਸੀ। ਵਿਰੋਧੀ ਧੜੇ ਸੈਨਿਕਾਂ ਨੂੰ ਆਪਣੇ ਵੱਲ ਕਰਨ ਲਈ ਵਧੇਰੇ ਤਨਖ਼ਾਹ ਤੇ ਸੁਗਾਤਾਂ ਦੀ ਪੇਸ਼ਕਸ਼ ਕਰਦੇ ਜਾਂ ਲਾਲਚ ਦਿੰਦੇ ਤੇ ਉਹਨਾਂ ਦੀ ਦੇਸ਼-ਭਗਤੀ ਦੀ ਭਾਵਨਾ ਦਾ ਵਾਸਤਾ ਪਾਉਂਦੇ, ਬੇਨਤੀ ਕਰਦੇ। ਫ਼ੌਜ ਵਿੱਚ ਅਨੁਸ਼ਾਸਨਹੀਣਤਾ ਦੇ ਬੀਜ ਤਾਂ ਰਣਜੀਤ ਸਿੰਘ ਦੇ ਸਮੇਂ 1822 ਈ: ਵਿੱਚ ਬੀਜੇ ਗਏ ਸਨ ਜਦੋਂ ਉਸ ਨੇ ਸੈਨਾ ਦਾ ਵਿਸਥਾਰ ਕਰਕੇ ਇਸ ਦਾ ਆਧੁਨਿਕੀਕਰਨ ਕੀਤਾ। ਉਸ ਸਮੇਂ ਤੱਕ ਉਸ ਨੇ ਸਭ ਜਿੱਤਾਂ ਪ੍ਰਾਪਤ ਕਰ ਲਈਆਂ ਸਨ। ਮਗਰਲੀਆਂ ਫ਼ੌਜੀ ਮੁਹਿੰਮਾਂ ਨਾਲ ਨਾ ਤਾਂ ਉਸ ਨੂੰ ਹੋਰ ਲਾਭਕਾਰੀ ਇਲਾਕੇ ਮਿਲੇ ਤੇ ਨਾ ਹੀ ਵਧੀ ਹੋਈ ਫ਼ੌਜ ਦੇ ਖ਼ਰਚੇ ਪੂਰੇ ਕਰਨ ਲਈ ਲੁੱਟ ਮਾਰ ਦਾ ਮਾਲ ਹੱਥ ਆਇਆ। ਸਿੱਟਾ ਇਹ ਹੋਇਆ ਕਿ ਫ਼ੌਜੀਆਂ ਦੀ ਤਨਖ਼ਾਹ ਦੇ ਬਕਾਏ ਰਹਿ ਜਾਂਦੇ ਤੇ ਕਈ ਫ਼ੌਜੀ ਟੁਕੜੀਆਂ ਤਾਂ ਦੋ ਦੋ ਸਾਲ ਬਿਨਾਂ ਤਨਖ਼ਾਹ ਤੋਂ ਰਹਿੰਦੀਆਂ। ਰਣਜੀਤ ਸਿੰਘ ਦੀ ਮੌਤ ਪਿੱਛੋਂ ਜਦ ਰਾਜ-ਪ੍ਰਬੰਧ ਦੀ ਸਥਿਤੀ ਵਿੱਚ ਨਿਘਾਰ ਆ ਗਿਆ ਤੇ ਸੂਬਿਆਂ ਦੇ ਗਵਰਨਰ ਮਾਮਲੇ ਭੇਜਣ ਵਿੱਚ ਆਲਸੀ ਤੇ ਢਿੱਲੜ ਹੋ ਗਏ ਤਾਂ ਫ਼ੌਜ ਨੂੰ ਆਪਣਾ ਪ੍ਰਬੰਧ ਆਪ ਹੀ ਕਰਨਾ ਪੈਂਦਾ। ਉਹਨਾਂ ਵਿੱਚ ਸ਼ਹਿਰੀਆਂ ਨੂੰ ਲੁੱਟਣ ਦੀ ਪੁੱਠੀ ਆਦਤ, ਵਹਿਸ਼ਤ, ਪੈਦਾ ਹੋ ਗਈ ਤੇ ਉਹ ਆਪਣੀ ਸੇਵਾ ਵੱਧ ਤਨਖ਼ਾਹ ਦੀ ਬੋਲੀ ਦੇਣ ਵਾਲੇ ਦੇ ਹਵਾਲੇ ਕਰ ਦਿੰਦੇ। ਉਹਨਾਂ ਨੇ ਆਪਣੇ ਅਫ਼ਸਰਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। (ਅਫ਼ਸਰਾਂ ਦੀ ਸੁਤੰਤਰ ਆਮਦਨੀ ਦੇ ਸਾਧਨ ਸਨ ਤੇ ਉਹਨਾਂ ਦੇ ਆਪਣੇ ਸੈਨਿਕਾਂ ਨਾਲ ਕੋਈ ਸਾਂਝੇ ਆਰਥਿਕ ਤੇ ਮਾਲੀ ਹਿਤ ਨਹੀਂ ਹੁੰਦੇ ਸਨ। ਜਿਹੜੇ ਅਧਿਕਾਰੀ ਉਹਨਾਂ ਉੱਪਰ ਆਪਣਾ ਅਧਿਕਾਰ ਜਤਾਉਣ ਦਾ ਯਤਨ ਕਰਦੇ, ਉਹਨਾਂ ਨਾਲ ਉਹ ਹੱਥੋਪਾਈ ਵੀ ਹੋ ਜਾਂਦੇ ਤੇ ਕਈ ਵਾਰ ਕਤਲ ਕਰ ਦਿੰਦੇ ਸਨ। ਸਿਪਾਹੀਆਂ ਨੇ ਆਪਣੀਆਂ ਤਨਖ਼ਾਹਾਂ ਤੇ ਨੌਕਰੀਆਂ ਦੀ ਸ਼ਰਤਾਂ ਦੀ ਬਿਹਤਰੀ ਬਾਰੇ ਗੱਲਬਾਤ ਕਰਨ ਲਈ ਪੰਚਾਂ ਦੀ ਚੋਣ ਕਰਨੀ ਸ਼ੁਰੂ ਕਰ ਦਿੱਤੀ। ਉਹ ਬਿਨਾਂ ਆਗਿਆ ਹੀ ਆਪਣੀ ਪਲਟਨ 'ਚੋਂ ਪਰਿਵਾਰਕ ਸਮਾਗਮਾਂ ਤੇ ਜਾਂ ਆਪਣੇ ਭਰਾਵਾਂ ਨਾਲ ਫ਼ਸਲ ਦੀ ਸਾਂਭ-ਸੰਭਾਲ ਲਈ ਚਲੇ ਜਾਂਦੇ। ਸੈਨਿਕਾਂ ਦੇ ਇਸ ਬਾਗੀਆਨਾ ਵਤੀਰੇ ਦਾ ਸਭ ਤੋਂ ਮਾੜਾ ਅਸਰ ਤਾਂ ਵਿਦੇਸ਼ੀ ਅਫ਼ਸਰਾਂ 'ਤੇ ਹੋਇਆ ਜੋ

ਘਬਰਾ ਗਏ। ਬਹੁਤ ਸਾਰੇ ਦਰਬਾਰ ਦੀ ਨੌਕਰੀ ਛੱਡ ਕੇ ਚਲੇ ਗਏ, ਜੋ ਰਹਿ ਗਏ ਉਹਨਾਂ ਨੇ ਆਪਣੇ ਰੁਪੈ ਪੈਸੇ ਤੇ ਗਹਿਣੇ ਆਦਿ ਹਿੰਦੁਸਤਾਨ ਦੀਆਂ ਬੈਂਕਾਂ ਵਿੱਚ ਭੇਜ ਦਿੱਤੇ ਤੇ ਉਹ ਬਿਨਾਂ ਹਿਚਕਚਾਹਟ ਦੇ ਬਰਤਾਨਵੀ ਜਾਸੂਸਾਂ ਨੂੰ ਖ਼ਬਰਾਂ ਦੀ ਜਾਣਕਾਰੀ ਦਿੰਦੇ ਰਹਿੰਦੇ।

ਰਾਜ ਪ੍ਰਬੰਧ ਦੇ ਢਿੱਲੇ ਹੋਣ ਤੇ ਕੇਂਦਰੀ ਸ਼ਕਤੀ ਦੇ ਕਮਜ਼ੋਰ ਹੋ ਜਾਣ ਕਾਰਨ ਸੂਬਿਆਂ ਦੇ ਗਵਰਨਰ ਸੁਤੰਤਰ ਹਾਕਮ ਬਣਨ ਦੇ ਸੁਪਨੇ ਲੈਣ ਲੱਗੇ। ਗੁਲਾਬ ਸਿੰਘ ਡੋਗਰੇ ਨੇ ਆਪਣੀ ਹਕੂਮਤ ਦਰਬਾਰ ਦੇ ਇਲਾਕੇ 'ਤੇ ਕਬਜ਼ਾ ਕਰਕੇ ਵਧਾਉਣੀ ਸ਼ੁਰੂ ਕਰ ਦਿੱਤੀ। ਮੁਸਲਮਾਨ ਕਬਾਇਲੀ ਖ਼ਾਸ ਕਰਕੇ ਹਜ਼ਾਰਾ ਦੇ ਆਸ-ਪਾਸ ਦੇ ਯੂਸਫ਼ਜ਼ਈ ਤੇ ਜਿਹਲਮ ਅਤੇ ਸਿੰਧ ਦੇ ਵਿਚਕਾਰਲੇ ਬਲੋਚ ਬੇਕਾਬੂ ਹੋ ਗਏ। ਜਿਉਂ-ਜਿਉਂ ਦਰਬਾਰ ਦੀ ਸ਼ਕਤੀ ਕਮਜ਼ੋਰ ਹੁੰਦੀ ਗਈ, ਅੰਗਰੇਜ਼ਾਂ ਨੇ ਦਖ਼ਲ ਦੇਣ ਦੀਆਂ ਯੋਜਨਾਵਾਂ ਨੂੰ ਸਿਰੇ ਚੜ੍ਹਾਉਣ ਦੀ ਤਿਆਰੀ ਕਰ ਲਈ। ਅਫ਼ਗਾਨਿਸਤਾਨ ਵਿੱਚ ਉਲਝਣ ਕਾਰਨ ਕੁਝ ਸਮੇਂ ਲਈ ਪੰਜਾਬ ਵਿੱਚ ਉਹਨਾਂ ਦੀ ਸਿੱਧੀ ਦਖ਼ਲ-ਅੰਦਾਜ਼ੀ ਨੂੰ ਠੱਲ੍ਹ ਪੈ ਗਈ। ਪਰ ਜਿਉਂ ਹੀ ਅਫ਼ਗਾਨਿਸਤਾਨ ਦੇ ਹਾਲਾਤ ਠੀਕ ਹੋ ਗਏ ਉਹਨਾਂ ਨੇ ਆਪਣੀ ਵਿਸਤਾਰਵਾਦੀ ਨੀਤੀ ਮੁੜ ਸ਼ੁਰੂ ਕਰ ਦਿੱਤੀ।

ਮਹਾਰਾਜਾ ਖੜਕ ਸਿੰਘ ਤੇ ਰਾਜਕੁਮਾਰ ਨੌਨਿਹਾਲ ਸਿੰਘ—ਦਰਬਾਰੀਆਂ ਵਿੱਚ ਖਹਿਬੜਬਾਜ਼ੀ ਤਾਂ ਉਸ ਸਮੇਂ ਹੀ ਸ਼ੁਰੂ ਹੋ ਗਈ ਸੀ ਜਦ ਰਣਜੀਤ ਸਿੰਘ ਦੀ ਮ੍ਰਿਤਕ ਦੇਹ ਸਸਕਾਰ ਲਈ ਮਹਿਲ ਦੇ ਸੌਣ ਵਾਲੇ ਕਮਰੇ ਵਿੱਚ ਰੱਖੀ ਹੋਈ ਸੀ।[2] ਮਹਾਰਾਜਾ ਖੜਕ ਸਿੰਘ ਨੇ ਉਹਨਾਂ ਦੇ ਡਰ ਨੂੰ ਇਹ ਭਰੋਸਾ ਦੇ ਕੇ ਦੂਰ ਕੀਤਾ ਕਿ ਉਹਨਾਂ ਦੀਆਂ ਜਾਗੀਰਾਂ ਨਾਲ ਛੇੜਛਾੜ ਨਹੀਂ ਕੀਤੀ ਜਾਵੇਗੀ। ਪਰੰਤੂ ਉਸ ਦੇ ਸੰਬੰਧ ਉਹਦੇ ਭਰਾ ਸ਼ੇਰ ਸਿੰਘ ਨਾਲ ਕੁਝ ਸਮੇਂ ਲਈ ਤਨਾਅ ਤੇ ਖਿੱਚਾ ਭਰਪੂਰ ਰਹੇ।[3] ਸ਼ੇਰ ਸਿੰਘ ਸਰਕਾਰੀ ਤੌਰ 'ਤੇ

---

2. ਮੁੱਖੀ ਦਰਬਾਰੀ ਮਹਿਲ ਵਿੱਚ ਇਕੱਠੇ ਹੋ ਗਏ ਤੇ ਉਹਨਾਂ ਨੇ ਸਰਬ-ਸੰਮਤੀ ਨਾਲ ਫ਼ੈਸਲਾ ਕੀਤਾ ਕਿ ਉਹ ਕੰਵਰ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਉੱਪਰ ਆਪਣੀਆਂ ਜਾਗੀਰਾਂ ਦੇ ਜਾਰੀ ਰਹਿਣ ਬਾਰੇ ਕੋਈ ਵਿਸ਼ਵਾਸ ਨਹੀਂ ਕਰ ਸਕਦੇ। ਸਸਕਾਰ ਤੋਂ ਅਗਲੇ ਦਿਨ ਉਹ ਸਰਦਾਰ ਮਹਿਲ ਵਿੱਚ ਆਏ ਤੇ ਗੱਦੀ ਦੇ ਵਾਰਿਸ ਕੋਲ ਇੱਛਾ ਪ੍ਰਗਟਾਈ ਕਿ ਉਹ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪ੍ਰਣ ਦੇਣ ਕਿ ਸਵਰਗੀ ਮਹਾਰਾਜੇ ਵੱਲੋਂ ਬਖ਼ਸ਼ੀਆਂ ਹੋਈਆਂ ਜਾਗੀਰਾਂ ਜਾਰੀ ਰਹਿਣਗੀਆਂ।

(ਪੰਜਾਬ ਅਖ਼ਬਾਰ 27-28 ਜੂਨ 1839)

3. ਸ਼ੇਰ ਸਿੰਘ ਨੇ ਅੰਗਰੇਜ਼ਾਂ ਕੋਲ ਆਪਣੀ ਸਰੇਸ਼ਟਤਾ ਦਾ ਹੱਕ ਜਿਤਾਉਣ ਲਈ ਪਹੁੰਚ ਕੀਤੀ ਪਰੰਤੂ ਲਾਰਡ ਆਕਲੈਂਡ ਦੀ ਸਰਕਾਰ ਨੇ 12 ਜੁਲਾਈ 1839 ਨੂੰ ਕਲਾਰਕ ਰਾਹੀਂ ਦੋ ਟੂਕ ਜਵਾਬ ਦੇ ਦਿੱਤਾ। ਸ਼ੇਰ ਸਿੰਘ ਆਪਣੇ ਮਰ ਰਹੇ ਪਿਤਾ ਦੇ ਕੋਲੋਂ ਵੀ ਇਸ ਸ਼ੱਕ ਕਰਕੇ ਦੂਰ ਹੀ ਰਿਹਾ ਕਿ ਉਸ ਨੂੰ ਖੜਕ ਸਿੰਘ ਗਰਿਫ਼ਤਾਰ ਨਾ ਕਰਵਾ ਦੇਵੇ। (ਪੰਜਾਬੀ ਅਖ਼ਬਾਰ, 26 ਜੂਨ, 1839)। ਜਦੋਂ ਉਸ ਨੇ ਆਪਣੇ ਪਿਤਾ ਦੀ ਮੌਤ ਦੀ ਖ਼ਬਰ ਸੁਣੀ ਤਾਂ ਉਹ ਆਪਣੀ ਜਾਗੀਰ ਤੇ ਬਟਾਲੇ ਚਲਾ ਗਿਆ ਤੇ ਇਹ ਸੰਦੇਸ਼ਾ ਦਰਬਾਰ ਵਿੱਚ ਭੇਜ ਦਿੱਤਾ ਕਿ ਉਹ ਤਦ ਤੱਕ ਅੰਤੇਸ਼ਟੀ ਵਿੱਚ ਸ਼ਾਮਲ ਨਹੀਂ ਹੋਵੇਗਾ ਜਦ ਤੱਕ ਉਸ ਨੂੰ ਗਰਿਫ਼ਤਾਰੀ ਤੋਂ ਸੁਰੱਖਿਆ ਨਹੀਂ ਦਿੱਤੀ ਜਾਵੇਗੀ।

ਮਾਤਮ-ਪੁਰਸ਼ੀ ਦੇ ਆਖਰੀ ਦਿਨ ਲਾਹੌਰ ਆਇਆ ਤੇ ਸ਼ਾਹੀ ਪਰਿਵਾਰ ਦੇ ਸੱਦਸਵੀਆਂ ਵਿੱਚ ਬਾਹਰੀ ਤੌਰ 'ਤੇ ਦਿਖਾਵੇ ਮਾਤਰ ਇਕਰੂਪਤਾ ਦਿਖਾਈ ਦੇਣ ਲੱਗੀ।[4] ਖੜਕ ਸਿੰਘ ਨੇ ਪੰਜਾਬ ਦੇ ਮਹਾਰਾਜੇ ਵਜੋਂ ਆਪਣੇ ਪਿਤਾ ਦੀ ਗੱਦੀ ਸੰਭਾਲ ਲਈ ਤੇ ਧਿਆਨ ਸਿੰਘ ਨੂੰ ਮੁੜ ਪ੍ਰਧਾਨ-ਮੰਤਰੀ ਸਥਾਪਿਤ ਕਰ ਦਿੱਤਾ ਗਿਆ।

ਦਰਬਾਰ ਦੀ ਇਹ ਸਰਵ-ਸੰਮਤੀ ਬਹੁਤਾ ਚਿਰ ਕਾਇਮ ਨਾ ਰਹੀ। ਨੌਨਿਹਾਲ ਸਿੰਘ ਸੀਮਾ ਉੱਪਰ ਆਪਣੀ ਨੌਕਰੀ ਛੱਡ ਕੇ ਰਾਜ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਾਗਡੋਰ ਸੰਭਾਲਣ ਲਈ ਦ੍ਰਿੜ੍ਹ ਇਰਾਦਾ ਕਰਕੇ ਲਾਹੌਰ ਪਹੁੰਚ ਗਿਆ।[5] ਧਿਆਨ ਸਿੰਘ ਨੇ ਜੋਸ਼ੀਲੇ ਨੌਨਿਹਾਲ ਸਿੰਘ ਨੂੰ ਜ਼ਬਤ 'ਚ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਜੋ ਸੋਚ-ਸਮਝ ਕੇ ਅਮਲ ਵਿੱਚ ਲਿਆਂਦੀ ਸੰਤੁਲਨ-ਭਰਪੂਰ ਯੋਜਨਾ ਵਿਗੜ ਨਾ ਜਾਵੇ। ਉਸ ਨੇ ਤਾਂ ਸਗੋਂ ਰਾਜਕੁਮਾਰ ਦੇ ਮੁੱਖ ਨੀਤੀ ਫ਼ੈਸਲੇ ਲੈਣ ਦੀ ਭੂਮਿਕਾ ਨੂੰ ਵੀ ਸਵੀਕਾਰ ਕਰ ਲਿਆ ਤੇ ਆਪ ਮੁੱਖ ਸਲਾਹਕਾਰ ਦੀ ਭੂਮਿਕਾ ਨਿਬਾਹੁਣ ਲਈ ਸਹਿਮਤ ਹੋ ਗਿਆ।[6] ਪਰੰਤੂ ਚੇਤ ਸਿੰਘ ਬਾਜਵਾ ਨੇ ਮਹਾਰਾਜਾ ਖੜਕ ਸਿੰਘ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਹ ਸ਼ਾਹੀ ਅਧਿਕਾਰਾਂ ਦੇ ਹੜੱਪਣ ਪ੍ਰਤੀ ਆਪਣੀ ਸਹਿਮਤੀ ਨਾ ਦੇਵੇ। ਮਹਾਰਾਜੇ ਨੇ ਆਪਣੇ ਪੁੱਤਰ ਤੇ ਡੋਗਰਾ ਪ੍ਰਧਾਨ ਮੰਤਰੀ ਨੂੰ ਥਾਂ ਸਿਰ ਰੱਖਣ ਦੀ ਕੋਸ਼ਿਸ਼ ਕੀਤੀ। ਪਰ ਸਭ ਸੰਬੰਧਿਤ ਲੋਕਾਂ ਨੂੰ ਪਤਾ ਸੀ ਕਿ ਇਹ ਸਭ ਕੁਝ ਚੇਤ ਸਿੰਘ ਬਾਜਵਾ ਵੱਲੋਂ ਪੰਜਾਬੀ ਅਖਾਣ ਅਨੁਸਾਰ ਮਹਾਰਾਜੇ ਦੇ ਮੋਢਿਆਂ 'ਤੇ ਰੱਖ ਕੇ ਉਹਨਾਂ ਲੋਕਾਂ 'ਤੇ ਵਾਰ ਕੀਤਾ ਗਿਆ ਸੀ ਜਿਹਨਾਂ ਨੂੰ ਉਹ ਪਸੰਦ ਨਹੀਂ ਕਰਦਾ ਸੀ। ਕੁਝ ਸਮੇਂ ਲਈ ਤਾਂ ਬਾਜਵਾ ਹੀ ਤਖ਼ਤ ਦੀ ਸ਼ਕਤੀ ਦਾ ਮਾਲਕ ਬਣ ਗਿਆ। ਤਾਕਤ ਦੇ ਨਸ਼ੇ ਨਾਲ ਉਸ ਦਾ ਸਿਰ ਫਿਰ ਗਿਆ। ਉਹ ਹੰਕਾਰੀ ਹੋ ਗਿਆ ਤੇ ਡੋਗਰਿਆਂ ਪ੍ਰਤੀ ਉਹਦਾ ਵਤੀਰਾ ਅਪਮਾਨਜਨਕ ਹੋ ਗਿਆ। ਧਿਆਨ ਸਿੰਘ ਤੇ ਉਹਦੇ ਪੁੱਤਰ ਦਾ ਸ਼ਾਹੀ ਨਿਵਾਸ 'ਚ ਦਾਖ਼ਲਾ ਰੋਕ ਦਿੱਤਾ ਗਿਆ। ਗੁਲਾਬ ਸਿੰਘ ਜੰਮੂ ਜਾਣ ਲਈ ਮਜਬੂਰ ਹੋ ਗਿਆ।

---

4. ਉਹੀ—15-16 ਜੂਨ, 1839; ਸ਼ੇਰ ਸਿੰਘ ਵਕਤ ਲੰਘਾ ਰਿਹਾ ਸੀ। ਜਾਰਜ ਕਲਾਰਕ ਕੋਲ ਉਸ ਨੇ ਇਹ ਵਿਸ਼ਵਾਸ ਪ੍ਰਗਟ ਕੀਤਾ ਕਿ "ਬਹੁਤ ਸਾਰੀਆਂ ਤਲਵਾਰਾਂ ਮਿਆਨਾਂ 'ਚੋਂ ਬਾਹਰ ਆ ਜਾਣਗੀਆਂ।" ਐਸ.ਸੀ. 24 ਏ, ਮਿਤੀ 6.11.39.
5. ਨੌਨਿਹਾਲ ਸਿੰਘ ਨੇ ਸਭ ਸਰਦਾਰਾਂ ਦੇ ਮਹਾਰਾਜ ਖੜਕ ਸਿੰਘ ਦੇ ਮਹਾਰਾਜਾ ਤੇ ਆਪਣੇ ਮੁਖਤਾਰ ਭਾਵ ਮੰਤਰੀ ਹੋਣ ਦੇ ਦਸਤਾਵੇਜ਼ਾਂ 'ਤੇ ਦਸਤਖ਼ਤ ਕਰਵਾ ਲਏ ਸਨ—ਉਸ ਨੇ ਸਭ ਸਰਦਾਰਾਂ ਨੂੰ ਉਸ ਦੇ ਲਾਹੌਰ ਆਉਣ ਤੱਕ ਉਸ ਦੇ ਪਿਤਾ ਦੇ ਤਿਲਕ ਲਾਉਣ ਦੀ ਰਸਮ ਅੱਗੇ ਪਾਉਣ ਲਈ ਹੁਕਮ ਭੇਜ ਦਿੱਤੇ ਸਨ। ਤੇ ਇਹ ਜ਼ਿੰਮੇਵਾਰੀ ਲਾ ਦਿੱਤੀ ਸੀ ਕਿ ਉਹ ਸਭ ਹੀਰਿਆਂ, ਖ਼ਜ਼ਾਨਿਆਂ, ਘੋੜਿਆਂ ਲਈ ਜ਼ਿੰਮੇਂਵਾਰ ਹੋਣਗੇ ਜੋ ਸਵਰਗੀ ਮਹਾਰਾਜਾ ਛੱਡ ਗਿਆ ਹੈ, ਤੇ ਉਹਨਾਂ ਦਾ ਹਿਸਾਬ ਉਹ ਆ ਕੇ ਲਵੇਗਾ। ਉਹੀ, ਮਿਤੀ 19 ਜੁਲਾਈ, 1839
6. ਉਹੀ, 21 ਜੁਲਾਈ, 1839

ਨੌਨਿਹਾਲ ਸਿੰਘ ਵੀ ਉਪਰਾਮ ਹੋ ਕੇ ਰਾਜਧਾਨੀ ਤੋਂ ਚਲਾ ਗਿਆ ਤੇ ਉੱਤਰ-ਪੱਛਮ ਵਿੱਚ ਅਫ਼ਗਾਨਾਂ ਵਿਰੁੱਧ ਮੁਹਿੰਮਾਂ ਵਿੱਚ ਰੁੱਝ ਗਏ।[7] ਮੰਤਰੀਆਂ ਵਿੱਚ ਮਤਭੇਦ ਲੋਕਾਂ ਵਿੱਚ ਭੰਡੀ ਤੇ ਚਰਚਾ ਦਾ ਵਿਸ਼ਾ ਬਣ ਗਿਆ। ਕੰਵਰ ਨੌਨਿਹਾਲ ਸਿੰਘ ਨੇ ਦਖ਼ਲ ਦੇਣ ਦਾ ਫ਼ੈਸਲਾ ਕਰ ਲਿਆ। ਉਹ ਅਗਸਤ 1839 ਈ: ਵਿੱਚ ਲਾਹੌਰ ਆ ਗਿਆ ਤੇ ਮਹਾਰਾਜੇ ਨੂੰ ਦੱਸ ਦਿੱਤਾ ਕਿ ਸਾਰੇ ਸਲਾਹਕਾਰਾਂ ਦੀ ਸੋਚ ਵਿਚਾਰ ਉਪਰੰਤ ਇਹੋ ਰਾਏ ਹੈ ਕਿ ਬਾਜਵੇ ਨੂੰ ਬਰਖ਼ਾਸਤ ਕਰ ਦਿੱਤਾ ਜਾਵੇ। ਮਹਾਰਾਜੇ ਨੇ ਇਹ ਸਲਾਹ ਸਿਰਫ਼ ਅਣਗੌਲੀ ਹੀ ਨਾ ਕਰ ਦਿੱਤੀ ਸਗੋਂ ਜਾਗੀਰ ਦੇਣ ਤੋਂ ਪਹਿਲਾਂ ਬਾਜਵੇ ਵੱਲੋਂ ਮਨਜ਼ੂਰੀ ਦੀ ਸ਼ਰਤ ਲਾ ਦਿੱਤੀ।[8] ਰਾਜਕੁਮਾਰ ਨੇ ਕਲਾਰਕ[9] ਨੂੰ ਵੀ ਇਸ ਬਾਰੇ ਜਾਣਕਾਰੀ ਦਿੱਤੀ ਜੋ ਉਸ ਵੇਲੇ ਵਿਹਾਰਕ ਤੇ ਪਰਚਾਉਣੀ ਲਈ ਲਾਹੌਰ ਆਇਆ ਹੋਇਆ ਸੀ ਤੇ ਉਸ ਵੱਲੋਂ ਭਰੋਸਾ ਦੁਆਏ ਜਾਣ ਤੇ ਕਿ ਅੰਗਰੇਜ਼ਾਂ ਵੱਲੋਂ ਕੋਈ ਵਿਰੋਧ ਨਹੀਂ ਕੀਤਾ ਜਾਵੇਗਾ, ਚੁੱਪ-ਚਾਪ ਰਾਜ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲਈ। 9 ਅਕਤੂਬਰ, 1839 ਨੂੰ ਰਾਜਕੁਮਾਰ ਦੀ ਅਗਵਾਈ ਵਿੱਚ 20 ਸੈਨਿਕਾਂ ਦਾ ਇਕ ਦਲ ਤੇ ਤਿੰਨੇ ਡੋਗਰੇ ਭਰਾ ਮਹਾਰਾਜੇ ਦੀ 'ਖ਼ਵਾਬਗਾਹ' ਵਿੱਚ ਦਾਖ਼ਲ ਹੋ ਗਏ ਤੇ ਬਦਕਿਸਮਤ ਚੇਤ ਸਿੰਘ ਨੂੰ ਉਸ ਦੀ ਲੁਕਣਗਾਹ ਤੋਂ ਧੂਹ ਲਿਆ ਤੇ ਉਸ ਨੂੰ ਮਹਾਰਾਜੇ ਦੇ ਸਾਮ੍ਹਣੇ ਲੈ ਆਏ। ਧਿਆਨ ਸਿੰਘ ਨੇ ਆਪਣੇ

---

7. ਰਾਜਕੁਮਾਰ ਨੌਨਿਹਾਲ ਸਿੰਘ ਦੇ ਸੀਮਾਂ ਤੇ ਪਹੁੰਚਣ ਨਾਲ ਫ਼ੌਜ ਵਿੱਚ ਨਵਾਂ ਜੋਸ਼ ਭਰ ਗਿਆ। ਉਹਦੇ ਉੱਥੇ ਪਹੁੰਚਣ ਦੇ ਕੁਝ ਦਿਨਾਂ ਬਾਅਦ ਹੀ ਪੰਜਾਬੀਆਂ ਨੇ ਜਰਨੈਲ ਖ਼ਸਾਵਾ ਦੀ ਕਮਾਨ ਅਧੀਨ ਖ਼ੈਬਰ ਦੱਰੇ ਰਾਹੀਂ ਲੰਘ ਕੇ ਅਲੀ ਮਸਜਿਦ ਉੱਪਰ ਕਬਜ਼ਾ ਕਰ ਲਿਆ ਤੇ ਫ਼ੌਜ ਅੰਗਰੇਜ਼ੀ ਫ਼ੌਜਾਂ ਨਾਲ ਮਿਲਣ ਲਈ ਕਾਬਲ ਪਹੁੰਚਣ ਲਈ ਕੂਚ ਕਰ ਗਈ। ਲਾਰਡ ਆਕਲੈਂਡ ਨੇ ਇਹ ਗੱਲ ਪ੍ਰਵਾਨ ਕੀਤੀ ਕਿ ਦਰਬਾਰ ਨੇ ਤ੍ਰੈਪਖੀ ਸੰਧੀ ਦੀਆਂ ਸ਼ਰਤਾਂ ਬਾਰੇ ਆਪਣੀ ਜ਼ਿੰਮੇਵਾਰੀ ਨਿਭਾਹੀ (ਐਸ.ਸੀ. 18 ਮਿਤੀ 11.9.1839) ਤੇ ਨੌਨਿਹਾਲ ਸਿੰਘ ਦੇ ਵਤੀਰੇ ਤੇ (ਐਸ.ਸੀ. 116 ਮਿਤੀ 16.10.1839) ਦਰਬਾਰ ਦੇ ਦੂਸਰੇ ਅਧਿਕਾਰੀਆਂ, ਖ਼ਾਸ ਕਰਕੇ ਕਰਨਲ ਸ਼ੇਖ਼ ਬਸਾਵਾ ਦੇ ਵਤੀਰੇ ਤੇ ਜਿਸ ਨੂੰ ਉਸ ਨੇ ਉਸ ਦੀ ਦ੍ਰਿੜ੍ਹਤਾ ਤੇ ਬਹਾਦਰੀ ਦੇ ਪ੍ਰਮਾਣ ਵਜੋਂ ਤਲਵਾਰ ਭੇਜੀ ਸੀ, ਉੱਪਰ ਪੂਰੀ ਤਸੱਲੀ ਪ੍ਰਗਟ ਕੀਤੀ। (ਪੀ.ਸੀ. 117 ਮਿਤੀ 9.10.1839)
8. ਪੰਜਾਬ ਸਰਕਾਰ, 25 ਸਤੰਬਰ, 1839
9. ਜਾਰਜ ਰਸਲ ਕਲਾਰਕ, ਜੋ ਲੁਧਿਆਣਾ ਵਿੱਚ ਰਾਜਸੀ ਪ੍ਰਤਿਨਿਧ ਸੀ, ਉਸ ਨੂੰ ਚੇਤ ਸਿੰਘ ਬਾਜਵਾ ਦੇ ਕਤਲ ਬਾਰੇ ਦੱਸਿਆ ਗਿਆ ਸੀ। ਉਸ ਨੇ ਲਿਖਿਆ; ਪਿੱਛੇ ਜਿਹੇ ਖ਼ੁਸ਼ਾਮਦੀਆਂ ਨੂੰ ਗੋਲੀ ਨਾਲ ਉਡਾ ਦੇਣ ਜਾਂ ਤਲਵਾਰ ਨਾਲ ਮਾਰਨ ਦੇਣ ਦੀ ਵਿਚਾਰ ਪ੍ਰਗਟ ਕੀਤੀ ਗਈ ਸੀ। ਉਹਨਾਂ ਨੇ ਮੈਥੋਂ ਪੁੱਛਿਆ ਤੇ ਮੈਂ ਉਹਨਾਂ ਨੂੰ ਆਪਣਾ ਵਿਰੋਧ ਮਹਾਰਾਜੇ ਤੱਕ ਪਹੁੰਚਾਉਣ ਲਈ ਕਿਹਾ ਤੇ ਮਹਾਰਾਜੇ ਦੇ ਨਾ ਮੰਨਣ ਦੀ ਹਾਲਤ ਵਿੱਚ ਬਾਜਵੇ ਨੂੰ ਖ਼ਤਮ ਕਰਨ ਤੋਂ ਬਿਨਾਂ ਹਰ ਸੰਭਵ ਯਤਨ ਕਰਨ ਲਈ ਕਿਹਾ ਕਿਉਂਕਿ ਬਾਜਵੇ ਨੂੰ ਮਾਰਨ ਨਾਲ ਦਰਬਾਰ ਦੀ ਬਦਨਾਮੀ ਹੋਵੇਗੀ। (ਐਸ.ਸੀ. 24 ਏ, ਮਿਤੀ 06.11.1839)

ਹੱਥੀਂ ਚੇਤ ਸਿੰਘ ਦੀਆਂ ਆਂਦਰਾਂ ਚੀਰ ਦਿੱਤੀਆਂ[10] ਤੇ ਉੱਚੀ ਦੇਣੇ ਲਲਕਾਰਾ ਮਾਰ ਕੇ ਕਿਹਾ, "ਇਹ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਖ਼ਾਤਰ ਕੀਤਾ ਜਾ ਰਿਹਾ ਹੈ।"

ਮਹਾਰਾਜਾ ਖੜਕ ਸਿੰਘ ਨੇ ਚੁੱਪਚਾਪ ਆਪਣੇ ਬੇਧੜਕ ਤੇ ਅੱਖੜ ਬੇਟੇ ਦੀ ਅਧੀਨਗੀ ਪ੍ਰਵਾਨ ਕਰ ਲਈ। ਨੌਨਿਹਾਲ ਸਿੰਘ ਨੇ ਕਿਲ੍ਹੇ ਵਿਚਲੇ ਮਹਿਲ 'ਤੇ ਕਬਜ਼ਾ ਕਰ ਲਿਆ ਤੇ ਹਰ ਪੱਖੋਂ, ਬਿਨਾਂ ਨਾਮ ਤੋਂ, ਉਹ ਪੰਜਾਬ ਦਾ ਮਹਾਰਾਜਾ ਬਣ ਗਿਆ।[11] ਉਸ ਦਾ ਵਤੀਰਾ ਖ਼ੁਦੀ ਤੇ ਹੂੜਮਤੀਏ ਦੀ ਥਾਂਵੇਂ ਹੁਣ ਵਾਸਤਲੀ ਮਰਯਾਦਾ ਅਨੁਸਾਰ ਹੋ ਗਿਆ।[12] ਉਸ ਨੇ ਸਭ ਰਸਮੀ ਕਾਰਜ ਆਪਣੇ ਪਿਤਾ ਦੇ ਅਧਿਕਾਰ ਵਿੱਚ ਰਹਿਣ ਦਿੱਤੇ ਜਦੋਂ ਕਿ ਸਾਰੇ ਪ੍ਰਬੰਧਕੀ ਕਾਰਜ ਉਸ ਨੇ ਆਪਣੇ ਹੱਥਾਂ ਵਿੱਚ ਲੈ ਲਏ। ਉਸ ਨੇ ਸਾਰੇ ਮੰਤਰੀਆਂ, ਪ੍ਰਾਂਤਾਂ ਦੇ ਗਵਰਨਰਾਂ ਤੇ ਜਰਨੈਲਾਂ ਨੂੰ, ਜਿਹੜੇ ਬੀਮਾਰ ਰਣਜੀਤ ਸਿੰਘ ਤੇ ਉਤਸ਼ਾਹਹੀਣ ਖੜਕ ਸਿੰਘ ਦੇ ਰਾਜ ਸਮੇਂ ਆਪਣੀ ਮਰਜ਼ੀ ਨਾਲ ਰਾਜ ਕਰਨ ਦੇ ਆਦੀ ਹੋ ਗਏ ਸਨ, ਦੱਸ ਦਿੱਤਾ ਕਿ ਉਹ ਨਿੱਜੀ ਤੌਰ 'ਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹਕੂਮਤ ਕਰਨ ਦਾ ਇਰਾਦਾ ਰੱਖਦਾ ਸੀ। ਉਹ ਛੇਤੀ ਹੀ ਰਾਜਕੁਮਾਰ ਦੀ ਸਖ਼ਤ ਤੇ ਮਜ਼ਬੂਤ ਹਕੂਮਤ ਤੋਂ ਚਿੜ੍ਹ ਗਏ। ਪ੍ਰੰਤੂ ਰਾਜਕੁਮਾਰ ਨੇ ਆਪਣੇ ਸਲਾਹਕਾਰਾਂ ਦੀ ਸਲਾਹ ਦੇ ਉਲਟ, ਅਫ਼ਗਾਨਿਸਤਾਨ ਤੋਂ ਮੁੜ ਰਹੀਆਂ ਬਰਤਾਨਵੀ ਫ਼ੌਜਾਂ ਨੂੰ, ਪੰਜਾਬ ਰਾਹੀਂ ਲੰਘਣ ਦੀ ਆਗਿਆ ਦੇ ਕੇ, ਅੰਗਰੇਜ਼ਾਂ ਦਾ ਸਮਰਥਨ ਪ੍ਰਾਪਤ ਕਰ ਲਿਆ।[13] ਦੋ ਕੁ ਮਹੀਨਿਆਂ ਵਿੱਚ ਪੰਜਾਬ ਦੇ

---

10. ਕਰਨਲ ਗਾਰਡਨਰ ਨੇ, ਜੋ ਚਸ਼ਮਦੀਦ ਗਵਾਹ ਸੀ, ਉਸ ਨੇ "ਮੈਮੁਆਇਰਜ਼ ਆਫ ਅਲੈਗਜੈਂਡਰ" ਵਿੱਚ (ਸੰਪਾਦਿਤ ਵੱਲੋਂ ਉਹ ਹਿਊ ਪੀਅਰਜ਼ ਪੰ: 212–22) ਕਤਲ ਦਾ ਹੂਬਹੂ ਵਰਨਨ ਕੀਤਾ ਹੈ। ਚੇਤ ਸਿੰਘ ਦੀ ਜਾਇਦਾਦ ਜੋ 50–60 ਲੱਖ ਦੇ ਵਿਚਕਾਰ ਸੀ ਜ਼ਬਤ ਕਰ ਲਈ ਗਈ। ਬਾਜਵੇ ਦਾ ਮੁੱਖ ਸਮਰਥੱਕ ਮਿਸਰ ਬੇਲੀ ਰਾਮ ਤੇ ਉਹਦੇ ਭਰਾ ਗਰਿਫ਼ਤਾਰ ਕਰ ਲਏ ਗਏ ਤੇ ਉਹਨਾਂ ਦੀ ਜਾਇਦਾਦ 70 ਲੱਖ ਤੋਂ ਉੱਪਰ ਸੀ, ਜ਼ਬਤ ਕਰ ਲਈ ਗਈ। (ਐਸ. ਸੀ. 248, ਮਿਤੀ 16.11.1839)
11. ਐਸ.ਸੀ. 52, ਮਿਤੀ 1.6.1840
12. ਮਗਰੋਂ ਨੌਨਿਹਾਲ ਸਿੰਘ ਨੇ ਆਪਣੇ ਪਿਤਾ ਤੋਂ ਬਾਜਵਾ ਦੇ ਕਤਲ ਵਿੱਚ ਆਪਣੀ ਸ਼ਮੂਲੀਅਤ ਲਈ ਮਾਫ਼ੀ ਮੰਗੀ। ਖੜਕ ਸਿੰਘ ਤਾਕਤ ਤੋਂ ਵਾਂਝਿਆ ਹੋਇਆ ਖਿਝ ਕੇ ਕਦੇ–ਕਦੇ ਟੀਕਾ-ਟਿੱਪਣੀ ਕਰਦਾ ਹੋਇਆ ਕਿਹਾ ਕਰਦਾ ਸੀ, "ਮੈਂ ਮੂਰਖ ਨਹੀਂ ਹਾਂ।" ਉਸ ਨੇ ਲਾਹੌਰ ਤੋਂ ਨੱਠਣ ਦੀ ਕੋਸ਼ਿਸ਼ ਵੀ ਕੀਤੀ ਪ੍ਰੰਤੂ ਉਸ ਨੂੰ ਰਾਜਕੁਮਾਰ ਤੇ ਧਿਆਨ ਸਿੰਘ ਡੋਗਰੇ ਨੇ ਗਰਿਫ਼ਤਾਰ ਕਰਕੇ ਵਾਪਸ ਲਾਹੌਰ ਲੈ ਆਂਦਾ। (ਐਸ. ਸੀ. 232, ਮਿਤੀ 18.5.1840)
13. ਐਸ.ਸੀ. 40 ਮਿਤੀ 20.11.1839। ਬਰਤਾਨਵੀ ਸਰਕਾਰ ਨੇ 1809 ਦੀ ਲਾਹੌਰ ਸੰਧੀ ਦੀਆਂ ਧਾਰਾਵਾਂ ਦਾ ਸਤਿਕਾਰ ਨ ਕੀਤਾ। (ਅੰਤਿਕਾ 6, ਜਿਲਦ 1) ਤੇ ਫਿਰ ਦਰਬਾਰ ਤੇ ਦਬਾਅ ਪਾਇਆ ਕਿ ਉਸ ਨੂੰ ਕਾਬਲ ਵਿੱਚ ਕੁਮਕ ਭੇਜਣ ਲਈ ਪੰਜਾਬ ਵਿੱਚੋਂ ਰਸਤਾ ਦਿੱਤਾ ਜਾਵੇ। ਨੌਨਿਹਾਲ ਸਿੰਘ ਨੂੰ ਹੁਣ ਅੰਗਰੇਜ਼ਾਂ ਉੱਪਰ ਨਿਰਭਰ ਰਹਿਣ ਦੀ ਗ਼ਲਤੀ ਦਾ ਅਹਿਸਾਸ ਹੋ ਗਿਆ। ਕਿਹਾ ਜਾਂਦਾ ਹੈ ਕਿ ਉਸ ਨੇ ਅਮੀਰ ਦੋਸਤ ਮੁਹੰਮਦ ਨਾਲ ਵੀ ਸੰਧੀ ਕਰਨ ਲਈ ਗੱਲਬਾਤ ਸ਼ੁਰੂ ਕੀਤੀ। ਉਸ ਨੇ ਫ਼ਿਰੋਜ਼ਪੁਰ ਤੋਂ,

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਲੋਕਾਂ ਨੇ ਮਹਿਸੂਸ ਕਰ ਲਿਆ ਸੀ ਕਿ ਜਿਵੇਂ ਰਣਜੀਤ ਸਿੰਘ ਦੀ ਰੂਹ ਨੌਨਿਹਾਲ ਦੇ ਰੂਪ ਵਿੱਚ ਪੁਨਰ-ਸੁਰਜੀਤ ਹੋ ਗਈ ਸੀ।

ਨੌਨਿਹਾਲ ਸਿੰਘ ਦੀਆਂ ਮੁਸੀਬਤਾਂ ਦਾ ਕਾਰਨ ਡੋਗਰੇ ਬਣੇ। ਮਈ 1840 ਦੇ ਸ਼ੁਰੂ ਵਿੱਚ ਹੀ ਜਨਰਲ ਜ਼ੋਰਾਵਰ ਸਿੰਘ ਨੇ ਇਸਕਰਦੂ ਤੋਂ ਸੂਚਨਾ ਭੇਜੀ ਕਿ ਲੋਕਾਂ ਵਿੱਚ ਆਪਣੇ ਹਾਕਮ ਅਹਿਮਦ ਸ਼ਾਹ ਪ੍ਰਤੀ ਅਸੰਤੋਸ਼ ਵੇਖ ਕੇ ਉਸ ਨੇ ਦਖ਼ਲ ਦੇ ਕੇ ਉਹਦੇ ਪੁੱਤਰ ਮੁਹੰਮਦ ਸ਼ਾਹ ਨੂੰ ਤਖ਼ਤ 'ਤੇ ਬਿਠਾ ਦਿੱਤਾ ਸੀ ਤੇ ਆਪਣਾ ਅਧਿਕਾਰ ਮਜ਼ਬੂਤੀ ਨਾਲ ਕਾਇਮ ਕਰ ਲਿਆ ਸੀ।[14] ਨੌਨਿਹਾਲ ਸਿੰਘ ਨੇ ਉਸ ਇਲਾਕੇ ਉੱਪਰ ਅਧਿਕਾਰ ਨੂੰ ਤਾਂ ਪ੍ਰਵਾਨਗੀ ਦੇ ਦਿੱਤੀ ਪਰ ਉਹਦੀ ਇਹ ਇੱਛਾ ਬਿਲਕੁਲ ਨਹੀਂ ਸੀ ਕਿ ਡੋਗਰੇ ਲਘੂ ਤਿਬੱਤ ਵਿੱਚ ਬਾਦਸ਼ਾਹ-ਗਰ ਬਣ ਜਾਣ। ਇਸ ਲਈ ਉਸ ਨੇ ਇਹ ਹੁਕਮ ਜਾਰੀ ਕਰ ਦਿੱਤਾ ਕਿ ਅਹਿਮਦ ਸ਼ਾਹ ਨੂੰ ਖਿਰਾਜ ਦੇਣ ਦੀ ਸ਼ਰਤ ਤੇ ਗੱਦੀ ਤੇ ਪੁਨਰ-ਸਥਾਪਿਤ ਕਰ ਦਿੱਤਾ ਜਾਵੇ। ਜ਼ੋਰਾਵਰ ਸਿੰਘ ਨੇ ਆਪਣੇ ਅਧਿਰਾਜ ਗੁਲਾਬ ਸਿੰਘ ਡੋਗਰੇ ਨਾਲ ਸੰਪਰਕ ਕੀਤਾ ਤੇ ਦੋਵੇਂ ਰਾਜਕੁਮਾਰ ਦੀ ਹੁਕਮ-ਅਦੂਲੀ ਕੀਤੇ ਬਿਨਾਂ ਹੀ ਛਲ ਕਰਨ ਦੇ ਢੰਗ ਸੋਚਣ ਲੱਗੇ।

ਰਾਜਕੁਮਾਰ ਨੂੰ ਮਹਿਸੂਸ ਹੋਇਆ ਕਿ ਡੋਗਰੇ ਬੇਜਾ ਛੇ ਗ਼ੈਰ-ਮੁਨਾਸਿਬ ਤੌਰ 'ਤੇ ਅਧਿਕ ਸ਼ਕਤੀਸ਼ਾਲੀ ਹੋ ਗਏ ਸਨ। ਉਹਨਾਂ ਦੀ ਬਹੁਤੀ ਅਧਿਕ ਦੌਲਤ ਲੂਣ ਦੀਆਂ ਖਾਣਾਂ ਦੇ ਸ਼ੋਸ਼ਣ ਕਰਕੇ ਸੀ ਜਿਸ ਤੇ ਉਹਨਾਂ ਦੀ ਅਜ਼ਾਰੇਦਾਰੀ ਸੀ। ਰਾਜਕੁਮਾਰ ਉਹਨਾਂ ਦੀ ਅਜ਼ਾਰੇਦਾਰੀ ਸਮਾਪਤ ਕਰਨ ਦਾ ਇੱਛਕ ਸੀ ਤਾਂ ਜੋ ਲੋਕਾਂ ਨੂੰ ਲੂਣ ਸਸਤਾ ਮਿਲ ਸਕੇ।[15] ਇਸ ਪਾਸੇ ਉਹਦੇ ਕੋਈ ਕਦਮ ਉਠਾਉਣ ਤੋਂ ਪਹਿਲਾਂ ਹੀ, ਗੁਲਾਬ ਸਿੰਘ ਨੇ ਆਪਣੇ ਗੁਆਂਢੀ ਮੰਡੀ ਦੇ ਰਾਜੇ ਨੂੰ ਦਰਬਾਰ ਦੇ ਵਿਰੁੱਧ ਵਿਦਰੋਹ ਕਰਨ ਲਈ ਭੜਕਾਇਆ। ਨੌਨਿਹਾਲ ਸਿੰਘ ਨੇ ਦੋ ਅਫ਼ਸਰਾਂ ਅਜੀਤ ਸਿੰਘ ਸੰਧਾਂਵਾਲੀਆ ਤੇ ਵੈਂਤੂਰਾ ਨੂੰ, ਜੋ ਡੋਗਰਿਆਂ ਦੇ ਵਿਰੋਧੀ ਸਮਝੇ ਜਾਂਦੇ ਸਨ, ਮੰਡੀ ਦੇ ਰਾਜੇ ਤੋਂ ਅਧੀਨਗੀ ਪ੍ਰਵਾਨ ਕਰਾਉਣ

ੲ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਜਿਸ ਦੀ ਅੰਗਰੇਜ਼ਾਂ ਨੇ ਬੜੀ ਮਜ਼ਬੂਤ ਕਿਲ੍ਹਾਬੰਦੀ ਕੀਤੀ ਹੋਈ ਸੀ, ਹਮਲਾ ਹੋਣ ਦੀ ਸੂਰਤ ਵਿੱਚ ਕਸੂਰ ਵਿੱਚ ਰਖਿਆਤਮਕ ਕਿਲ੍ਹਾਬੰਦੀ ਕਰਨ ਦੇ ਆਦੇਸ਼ ਦਿੱਤੇ। ਅੰਗਰੇਜ਼ਾਂ ਦੇ ਵਿਰੋਧ ਦੇ ਬਾਵਜੂਦ ਗੋਰਖਾ ਜਰਨੈਲ, ਮਤਾਬਰ ਸਿੰਘ ਨੂੰ ਲਾਹੌਰ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ ਗਈ।

ਦਰਬਾਰ ਇਸ ਗੱਲੋਂ ਵੀ ਦੁਖੀ ਸੀ ਕਿ ਕਰਨਲ ਵੇਡ ਨੌਨਿਹਾਲ ਨੂੰ ਲਾਹੌਰ ਦਾ ਅਸਲੀ ਹਾਕਮ ਮੰਨਣ ਨੂੰ ਤਿਆਰ ਨਹੀਂ ਸੀ। ਇਹ ਗੱਲ ਕਾਬਲ ਤੋਂ ਵਾਪਸ ਆ ਰਹੀ ਅੰਗਰੇਜ਼ ਫ਼ੌਜ ਦੇ ਸੈਨਾਪਤੀ ਸਰ ਜੌਨ ਕੀਨ ਨੂੰ ਦੱਸ ਦਿੱਤੀ ਗਈ ਸੀ। ਕੁਝ ਹਫ਼ਤੇ ਪਿੱਛੋਂ ਜਦੋਂ ਕਰਨਲ ਵੇਡ ਆਪ ਲਾਹੌਰ ਵਿੱਚੋਂ ਲੰਘਿਆ ਤਾਂ ਉਸ ਨੂੰ ਮਹਾਰਾਜਾ ਖੜਕ ਸਿੰਘ ਨਾਲ ਮਿਲਣ ਦੀ ਆਗਿਆ ਨਾ ਦਿੱਤੀ ਗਈ। ਗਵਰਨਰ ਜਨਰਲ ਨੇ ਮਹਿਸੂਸ ਕੀਤਾ ਕਿ ਕਰਨਲ ਵੇਡ ਦਰਬਾਰ ਲਈ "ਅਨਇੱਛਤ" ਵਿਅਕਤੀ ਸੀ ਤੇ ਉਹਦੀ ਥਾਂ ਅਪ੍ਰੈਲ 1840 ਵਿੱਚ ਕਲਾਰਕ ਨੂੰ ਕਾਰਜ-ਭਾਰ ਸੰਭਾਲਣ ਲਈ ਭੇਜ ਦਿੱਤਾ ਗਿਆ।

14. ਪੰਜਾਬ ਅਖ਼ਬਾਰ, 8 ਮਈ, 1840

15. ਉਹੀ, 20 ਮਈ, 1840

ਲਈ ਭੇਜਿਆ। ਇਹ ਕਾਰਜ ਨੇਪਰੇ ਚਾੜ੍ਹ ਕੇ ਦਰਬਾਰ ਦੀ ਫ਼ੌਜ ਮੰਡੀ ਦੇ ਰਾਜੇ ਨੂੰ ਕੈਦ ਕਰਕੇ ਅੰਮ੍ਰਿਤਸਰ ਲੈ ਆਈ। ਵੈਂਤੂਰਾ ਨੇ ਪਹਾੜਾਂ ਵਿੱਚ ਪੁਲੀਸ ਥਾਣਿਆਂ ਦਾ ਸਿਲਸਿਲਾ ਸਥਾਪਿਤ ਕਰ ਦਿੱਤਾ। ਨੌਨਿਹਾਲ ਸਿੰਘ ਦੀ ਹਿਦਾਇਤ ਅਨੁਸਾਰ ਰਜਵਾੜਿਆਂ ਵੱਲੋਂ ਲਾਏ ਗਏ ਮਨਮਰਜ਼ੀ ਦੇ ਕਰ ਖ਼ਤਮ ਕਰ ਦਿੱਤੇ ਗਏ ਤੇ ਪਹਾੜੀ ਤਬਕਿਆਂ ਦੇ ਗ਼ਰੀਬ ਲੋਕਾਂ ਵਿੱਚ ਬੱਚਿਆਂ ਤੇ ਤੀਵੀਂਆਂ ਨੂੰ ਮੁੱਲ ਵੇਚਣ ਦੇ ਰਿਵਾਜ ਤੇ ਪਾਬੰਦੀ ਲਾ ਦਿੱਤੀ। ਵੈਂਤੂਰਾ ਦੀ ਮੁਹਿੰਮ ਨਾਲ ਕੁਝ ਸਮੇਂ ਲਈ ਪਹਾੜੀ ਲੋਕਾਂ ਨੂੰ ਅਧੀਨ ਕਰਨ ਵਿੱਚ ਸਫ਼ਲਤਾ ਮਿਲ ਗਈ।

1840 ਦੀਆਂ ਗਰਮੀਆਂ ਵਿੱਚ ਲਾਹੌਰ ਦੇ ਕਿਲ੍ਹੇ 'ਚੋਂ ਤੋਪਾਂ ਦੇ ਗੋਲੇ ਡੋਗਰਿਆਂ ਦੇ ਸਮਰਥਕ ਪਹਾੜੀ ਲੋਕਾਂ ਉੱਪਰ ਜਿੱਤ ਦੀ ਖ਼ੁਸ਼ੀ ਵਿੱਚ ਦਾਗੇ ਜਾਂਦੇ ਰਹੇ। ਅੰਗਰੇਜ਼ਾਂ ਨਾਲ ਸੰਬੰਧ ਮੈਤਰੀ-ਪੂਰਨ ਸਨ; ਅਫ਼ਗਾਨਾਂ ਦੀ ਬਹੁਤੀ ਤਾਕਤ ਨਹੀਂ ਸੀ। ਮੁਲਕ ਵਿੱਚ ਸ਼ਾਂਤੀ ਸੀ। ਲੋਕਾਂ ਨੂੰ ਮਹਿਸੂਸ ਹੋਣ ਲੱਗਾ ਕਿ ਪੁਰਾਣੇ ਸ਼ਾਨਾਂ-ਮੱਤੇ ਦਿਨ ਵਾਪਸ ਆ ਗਏ ਹਨ। ਪ੍ਰੰਤੂ ਗਰਮੀ ਰੁੱਤ ਦੀਆਂ ਜਿੱਤਾਂ ਝਿਲਮਿਲਾਉਂਦੀ ਬੱਤੀ ਦੀ ਬੁਝਣ ਤੋਂ ਪਹਿਲਾਂ ਹੀ ਆਖ਼ਰੀ ਫੜਫੜਾਹਟ ਸਨ।

ਖਰਾਬੀ ਉੱਪਰੋਂ ਸ਼ੁਰੂ ਹੋਈ ਤੇ ਸਾਰੇ ਢਾਂਚੇ ਵਿੱਚ ਹੀ ਫੈਲ ਗਈ। ਮਹਾਰਾਜਾ ਖੜਕ ਸਿੰਘ ਜੋ ਬਿਲਕੁਲ ਵਿਹਲਾ ਤੇ ਨਕਾਰਾ ਹੋ ਗਿਆ ਸੀ, ਉਹ ਵਧੇਰੇ ਸ਼ਰਾਬ ਪੀਣ ਲੱਗ ਪਿਆ ਤੇ ਵਧੇਰੇ ਮਾਤਰਾ 'ਚ ਹੀ ਉਸ ਨੇ ਅਫ਼ੀਮ ਖਾਣੀ ਸ਼ੁਰੂ ਕਰ ਦਿੱਤੀ ਜਿਸ ਕਾਰਨ ਉਹ ਉੱਕਾ ਹੀ ਮੰਦਬੁੱਧੀ ਵਾਲਾ ਬਣ ਗਿਆ ਸੀ। 5 ਨਵੰਬਰ 1840 ਨੂੰ ਉਹ ਬੁਖ਼ਾਰ ਤੇ ਪੇਚਸ਼ ਦੇ ਰੋਗ ਨਾਲ ਮਰ ਗਿਆ। ਉਸ ਦੇ ਦਾਹ ਸੰਸਕਾਰ ਤੇ ਉਸ ਦੀਆਂ ਦੋ ਪਤਨੀਆਂ ਸਤੀ ਹੋਣ ਲਈ ਚਿਤਾ ਉੱਪਰ ਬੈਠ ਗਈਆਂ। ਉਹਨਾਂ ਨੇ ਨੌਨਿਹਾਲ ਸਿੰਘ ਤੇ ਧਿਆਨ ਸਿੰਘ ਦੋਹਾਂ ਦੇ ਹੱਥ ਮ੍ਰਿਤਕ ਮਹਾਰਾਜੇ ਦੀ ਛਾਤੀ 'ਤੇ ਰਖਵਾ ਕੇ ਇਹ ਸਹੁੰ ਚੁਕਵਾਈ ਕਿ ਉਹ ਬੜੀ ਵਫ਼ਾਦਾਰੀ ਤੇ ਸੁਹਿਰਦਤਾ ਨਾਲ ਰਾਜ ਦੀ ਸੇਵਾ ਦਾ ਪਵਿੱਤਰ ਕਾਰਜ ਕਰਨਗੇ।

ਪਰ ਕਿਸਮਤ ਵਿੱਚ ਕੁਝ ਹੋਰ ਹੀ ਲਿਖਿਆ ਸੀ। ਨੌਨਿਹਾਲ ਸਿੰਘ ਨੇ ਮਹਾਰਾਜਾ ਖੜਕ ਸਿੰਘ ਦੀ ਦੇਹ ਤੇ ਉਸ ਦੀਆਂ ਪਤਨੀਆਂ ਨੂੰ ਲਾਂਬੂ ਲਾਇਆ, ਮਾਤਮ ਕਰਨ ਵਾਲਿਆਂ ਨੂੰ ਵਿਦਾ ਕੀਤਾ ਤੇ ਮਹਿਲ ਵੱਲ ਨੂੰ ਤੁਰ ਪਿਆ। ਜਿਉਂ ਹੀ ਉਹ ਹਜ਼ੂਰੀ ਬਾਗ ਦੇ ਦਰਵਾਜ਼ੇ ਹੇਠੋਂ ਲੰਘ ਰਿਹਾ ਸੀ ਤਾਂ ਦਰਵਾਜ਼ੇ ਦੀ ਮਹਿਰਾਬ ਉਸ ਉੱਪਰ ਡਿੱਗ ਪਈ। ਗੁਲਾਬ ਸਿੰਘ ਡੋਗਰੇ ਦਾ ਲੜਕਾ ਥਾਂ 'ਤੇ ਹੀ ਮਰ ਗਿਆ। ਧਿਆਨ ਸਿੰਘ ਤੇ ਦੀਨਾ ਦੀਨਾ ਨਾਥ ਸਮੇਤ ਕਈ ਹੋਰ ਜ਼ਖ਼ਮੀ ਹੋ ਗਏ। ਨੌਨਿਹਾਲ ਸਿੰਘ ਦੀ ਖੋਪਰੀ ਟੁੱਟ ਗਈ।[16]

---

16. ਬਹੁਤ ਸਾਰੇ ਅੰਗਰੇਜ਼ ਲੇਖਕਾਂ ਨੇ, ਕਨਿੰਘਮ, ਗਾਰਡਨਰ (ਜੋ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕਰਦਾ ਸੀ) ਸਟੇਨਬੈਕ, ਤੇ ਕਾਰਮਾਈਕਲ ਸਮੇਤ, ਇਹ ਵਿਚਾਰ ਪ੍ਰਗਟਾਏ ਸਨ ਕਿ ਮਹਿਰਾਬ ਡੇਗਣ ਦੀ ਸਾਜ਼ਿਸ਼ ਧਿਆਨ ਸਿੰਘ ਡੋਗਰੇ ਨੇ ਰਚੀ ਸੀ। ਇਸ ਗੱਲ ਨੂੰ ਸਿੱਖ ਇਤਿਹਾਸਕਾਰਾਂ ਪ੍ਰੇਮ ਸਿੰਘ ਤੇ ਗੰਡਾ ਸਿੰਘ ਨੇ ਬੜੀ ਫੁਰਤੀ ਨਾਲ ਪ੍ਰਵਾਨ ਕੀਤਾ ਹੈ ਜਿਹਨਾਂ ਦੇ ਵਿਚਾਰ ਵਿੱਚ ਸਿੱਖ ਰਾਜਵੰਸ਼ ਦਾ ਪਤਨ ਹਿੰਦੂ ਡੋਗਰਾ ਸਾਜ਼ਿਸ਼ ਕਾਰਨ ਹੋਇਆ ਸੀ। ਇਸ ਸਿਧਾਂਤ ਦੇ ਹੱਕ ਵਿੱਚ ਕੋਈ ਸਬੂਤ ਨਹੀਂ ਹੈ, ਖ਼ਾਸ ਕਰਕੇ ਇਸ ਤੱਥ ਦੇ ਹੁੰਦਿਆਂ ਕਿ ਧਿਆਨ ਸਿੰਘ ਦੇ ਵੀ ਚੋਟ ਆਈ ਸੀ ਤੇ ਉਸ ਦਾ ਭਤੀਜਾ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਧਿਆਨ ਸਿੰਘ ਬੇਹੋਸ਼ ਨੌਨਿਹਾਲ ਸਿੰਘ ਨੂੰ ਚੁਕਵਾ ਕੇ ਮਹਿਲ ਵਿੱਚ ਲੈ ਗਿਆ। ਭਾਵੇਂ ਇਸ ਬਾਰੇ ਕੋਈ ਸੰਦੇਹ ਨਹੀਂ ਸੀ ਕਿ ਉਸ ਦੀ ਜ਼ਿੰਦਗੀ ਦਾ ਅੰਤ ਹੋਣ ਹੀ ਵਾਲਾ ਹੈ ਪਰ ਉਸ ਨੇ ਇਹ ਅਫ਼ਵਾਹ ਫੈਲਾ ਦਿੱਤੀ ਕਿ ਰਾਜਕੁਮਾਰ ਠੀਕ-ਠਾਕ ਹੈ। ਜਦੋਂ ਕੁਝ ਸਮੇਂ ਪਿੱਛੋਂ ਨੌਨਿਹਾਲ ਸਿੰਘ ਦੀ ਮੌਤ ਹੋ ਗਈ[17] ਤਾਂ ਪ੍ਰਧਾਨ ਮੰਤਰੀ ਨੇ ਉਸ ਦੀ ਮੌਤ ਦੀ

ਅ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਵੀ ਮਾਰਿਆ ਗਿਆ ਸੀ। ਅਫ਼ਵਾਹਾਂ ਦੇ ਬਾਵਜੂਦ ਗੁਲਾਬ ਸਿੰਘ ਨੇ ਕਦੇ ਵੀ ਆਪਣੇ ਭਰਾ ਨੂੰ ਊਧਮ ਸਿੰਘ ਦੀ ਮੌਤ ਦਾ ਜ਼ਿੰਮੇਵਾਰ ਨਹੀਂ ਕਿਹਾ ਸੀ। ਹੰਗਰੀ ਦਾ ਡਾਕਟਰ ਹੋਨੀ ਬਰਗਰ ਜੋ ਉਸ ਸਮੇਂ ਲਾਹੌਰ ਵਿੱਚ ਸੀ ਤੇ ਜਿਸ ਨੇ ਮੰਤਰੀ ਤੇ ਰਾਜਕੁਮਾਰ ਨੂੰ ਦਾਰੂ ਦਵਾਈ ਦਿੱਤੀ, ਪੂਰੇ ਯਕੀਨ ਨਾਲ ਵਰਨਨ ਕਰਦਾ ਸੀ ਕਿ ਮਹਿਰਾਬ ਦਾ ਡਿੱਗਣਾ ਇਕ ਦੁਰਘਟਨਾ ਸੀ। (ਵੇਖੋ ਹੋਨੀਬਰਗਰ ਪੰ: 102-05) ਉਸ ਦਾ ਸਮਰਥਨ ਸੋਹਨ ਲਾਲ ਨੇ ਵੀ "ਉਮਦਾਤ-ਉਤਤਵਾਰੀਖ" IV ਪੰਨਾ 70-71 ਵਿੱਚ ਕੀਤਾ ਹੈ।
ਲਾਹੌਰ ਤੋਂ ਭੇਜੀ ਗਈ ਜਾਸੂਸੀ ਸੂਚਨਾ ਵਿੱਚ ਵਰਨਨ ਕੀਤਾ ਗਿਆ ਸੀ : "ਇਸ ਦਿਨ 5 ਨਵੰਬਰ, 9 ਵਜੇ ਸਵੇਰੇ ਮਹਾਰਾਜਾ ਖੜਕ ਸਿੰਘ ਚਲਾਣਾ ਕਰ ਗਿਆ। ਉਸ ਦੀ ਲਾਸ਼ ਨਾਲ ਰਾਣੀ ਈਸ਼ਰ ਕੌਰ ਸਰਦਾਰ ਮੰਗਲ ਸਿੰਘ ਦੀ ਭੈਣ ਤੇ ਤਿੰਨ ਦਾਸੀਆਂ ਵੀ ਸੜ ਮਰੀਆਂ। ਇਸ ਮਗਰੋਂ ਜਦੋਂ ਕੰਵਰ ਨੌਨਿਹਾਲ ਸਿੰਘ ਮਹਿਲ ਦੇ ਦਰਵਾਜ਼ੇ ਹੇਠੋਂ ਲੰਘ ਰਿਹਾ ਸੀ ਤੇ ਲੱਕੜ ਦਾ ਸ਼ਤੀਰ ਅਚਾਨਕ ਉਹਦੇ ਅਤੇ ਮੀਆਂ ਊਧਮ ਸਿੰਘ ਉੱਪਰ ਡਿੱਗ ਪਿਆ। ਮਗਰਲਾ ਤਾਂ ਤੁਰਤ ਮੌਕੇ 'ਤੇ ਮਰ ਗਿਆ ਜਦੋਂ ਕੰਵਰ ਨੌਨਿਹਾਲ ਸਿੰਘ ਕੁਝ ਘੰਟੇ ਦੁੱਖ ਭੋਗਦਾ ਰਿਹਾ। (ਐਸ.ਸੀ. 116 ਮਿਤੀ 7.12.1840)
ਅੰਗਰੇਜ਼ ਪ੍ਰਤਿਨਿਧ ਕਲਾਰਕ ਆਪਣੀ 7 ਨਵੰਬਰ 1840 ਦੀ ਸੂਚਨਾ ਤੋਂ ਦੋ ਸਾਲ ਮਗਰੋਂ ਲਿਖੇ ਯਾਦ-ਪੱਤਰ ਵਿੱਚ ਜਨਰਲ ਵੈਨਤੂਰਾ ਦਾ ਸਮਰਥਨ ਕਰਦਾ ਹੈ ਕਿ ਇਹ ਇਕ ਦੁਰਘਟਨਾ ਸੀ। ਤੱਥ ਇਸ ਬਾਰੇ ਕੋਈ ਸੰਦੇਹ ਦੀ ਸੰਭਾਵਨਾ ਰਹਿਣ ਨਹੀਂ ਦਿੰਦੇ। ਖੜਕ ਸਿੰਘ ਸਵੇਰ ਵੇਲੇ ਹੀ ਮਰ ਗਿਆ ਸੀ ਤੇ ਕੁਝ ਘੰਟੇ ਮਗਰੋਂ ਉਸ ਦਾ ਸਸਕਾਰ ਉਸ ਥਾਂ 'ਤੇ ਕਰ ਦਿੱਤਾ ਗਿਆ ਜਿੱਥੋਂ ਆਮ ਲੋਕਾਂ ਦਾ ਲਾਂਘਾ ਸੀ। ਇਸ ਗੱਲ ਦੀ ਉੱਕਾ ਹੀ ਕੋਈ ਸੰਭਾਵਨਾ ਨਹੀਂ ਸੀ ਕਿ ਕਿਸੇ ਨੇ ਦਿਨ ਦਿਹਾੜੇ ਅਜਿਹੀ ਜੁਗਤ ਬਣਾਈ ਹੋਵੇ ਕਿ ਮਹਿਰਾਬ ਇਸ਼ਾਰੇ ਨਾਲ ਹੀ ਡੇਗੀ ਗਈ ਹੋਵੇ। ਇਸ ਵਿਸ਼ੇ ਤੇ ਡਾਕਟਰ ਜੀ. ਐਨ. ਚੋਪੜਾ ਨੇ ਆਪਣੇ ਪਰਚੇ "ਡੈਥ ਆਫ ਕੰਵਰ ਨੌਨਿਹਾਲ ਸਿੰਘ" ਵਿੱਚ ਲਿਖਿਆ ਹੈ, ਜੋ "ਇੰਡੀਅਨ ਹਿਸਟੋਰੀਕਲ ਰੀਕਾਰਡਜ਼ ਕਮਿਸ਼ਨ ਜਿਲਦ 18, 1942 ਪੰਨਾ 29-33 'ਤੇ ਛਾਪਿਆ ਗਿਆ ਸੀ। ਡਾ: ਚੋਪੜਾ ਦਾ ਵਿਚਾਰ ਹੈ ਕਿ ਮਹਿਰਾਬ ਦਾ ਡਿਗਣਾ ਇਕ ਦੁਰਘਟਨਾ ਸੀ।

17. ਗਾਰਡਨਰ ਜੋ ਅਤਿਅੰਤ ਨਾ-ਭਰੋਸੇ ਯੋਗ ਗਵਾਹ ਹੈ ਵਰਨਨ ਕਰਦਾ ਹੈ ਕਿ ਜਦੋਂ ਨੌਨਿਹਾਲ ਸਿੰਘ ਨੂੰ ਮਹਿਲ ਵਿੱਚ ਲਿਆਂਦਾ ਗਿਆ ਸੀ ਤਾਂ ਉਹਦੇ ਕੰਨ ਕੋਲੋਂ ਹੀ ਥੋੜ੍ਹਾ ਜਿਹਾ ਖ਼ੂਨ ਨਿਕਲਿਆ ਸੀ ਤੇ ਜਦੋਂ ਉਸ ਨੇ ਥੋੜ੍ਹਾ ਚਿਰ ਪਿੱਛੋਂ ਵੇਖਿਆ ਤਾਂ ਉੱਥੇ ਲਹੂ ਨਾਲ ਕਮਰੇ ਦਾ ਫ਼ਰਸ਼ ਭਰਿਆ ਹੋਇਆ ਸੀ। ਉਸ ਦਾ ਵਿਚਾਰ ਹੈ ਕਿ ਧਿਆਨ ਸਿੰਘ ਦੇ ਭਾੜੇ ਦੇ ਨੌਕਰਾਂ ਨੇ ਪੱਥਰ ਮਾਰ ਮਾਰ ਕੇ ਉਸ ਨੂੰ ਮਾਰ ਦਿੱਤਾ ਸੀ। ਉਹਨਾਂ 'ਚੋਂ ਦੋ ਨੂੰ ਛੇਤੀ ਹੀ ਮਗਰੋਂ ਭੇਦ ਖੋਲ੍ਹ ਦੇਣ ਦੇ ਡਰੋਂ ਕਤਲ ਕਰਵਾ ਦਿੱਤਾ ਗਿਆ ਸੀ ਤੇ ਬਾਕੀ ਬਰਤਾਨਵੀ ਭਾਰਤ ਵੱਲ ਨੱਠ ਗਏ ਸਨ ਤੇ ਪੰਜਵੇਂ ਦਾ ਕੋਈ ਪਤਾ ਹੀ ਨਹੀਂ ਲੱਗਾ ਸੀ। (ਮੈਮੁਆਇਰਜ਼ ਆਫ਼ ਅਲੈਗਜ਼ੈਂਡਰ ਗਾਰਡਨਰ, ਪੰਨਾ 225)

ਖ਼ਬਰ ਤਖ਼ਤਨਸ਼ੀਨੀ ਦੀ ਸਮੱਸਿਆ ਸੁਲਝ ਜਾਣ ਤੱਕ ਛੁਪਾ ਕੇ ਰੱਖਣ ਦਾ ਹੁਕਮ ਦੇ ਦਿੱਤਾ। ਕੌਂਸਲ ਦੇ ਸਰੇਸ਼ਠ ਵਿਅਕਤੀਆਂ ਨਾਲ ਸਲਾਹ ਕਰਨ ਪਿੱਛੋਂ ਉਸ ਨੇ ਤੁਰਤ ਹੀ ਸ਼ੇਰ ਸਿੰਘ ਨੂੰ ਲਾਹੌਰ ਪਹੁੰਚਣ ਦਾ ਸੱਦਾ ਭੇਜ ਦਿੱਤਾ। ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਸੀ ਕਿ ਸ਼ੇਰ ਸਿੰਘ ਤਖ਼ਤ 'ਤੇ ਬੈਠਣ ਲਈ ਸਭ ਤੋਂ ਵਧੇਰੇ ਯੋਗ ਸੀ। ਉਹ ਫ਼ੌਜ ਵਿੱਚ ਹਰਮਨ ਪਿਆਰਾ ਸੀ, ਮਿਲਣਸਾਰ ਤੇ ਸ਼ਿਸ਼ਟਾਚਾਰੀ ਸੀ ਤੇ ਅੰਗਰੇਜ਼ ਜਿਹਨਾਂ ਦੇ ਵਿਚਾਰਾਂ ਦਾ ਵੀ ਦਰਬਾਰ ਉੱਪਰ ਪ੍ਰਭਾਵ ਸੀ, ਉਸ ਨੂੰ ਪ੍ਰਵਾਨ ਕਰਦੇ ਸਨ।

ਧਿਆਨ ਸਿੰਘ ਦੀ ਯੋਜਨਾ ਕੌਂਸਲ ਵਿੱਚ ਆਪਣੇ ਵਿਰੋਧੀਆਂ ਦੀਆਂ ਵਿਉਂਤਾਂ ਨੂੰ ਅਸਫ਼ਲ ਬਣਾਉਣਾ ਸੀ ਜਿਹਨਾਂ ਨੇ ਖੜਕ ਸਿੰਘ ਦੀ ਵਿਧਵਾ ਚੰਦ ਕੌਰ[18] ਦਾ ਸਮਰਥਨ ਕਰਨ ਦਾ ਫ਼ੈਸਲਾ ਕਰ ਲਿਆ ਸੀ ਤੇ ਉਹਨਾਂ ਨੇ ਉਸ ਨੂੰ ਤੇ ਉਸ ਦੇ ਨਿਕਟ ਸਬੰਧੀਆਂ ਨੂੰ ਲਾਹੌਰ ਆਉਣ ਲਈ ਬੁਲਾਵਾ ਭੇਜ ਦਿੱਤਾ ਸੀ।

ਧਿਆਨ ਸਿੰਘ ਡੋਗਰੇ ਨੇ ਸਾਜ਼ਿਸ਼ੀਆਂ ਦੀ ਸਕੀਮ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਚੰਦ ਕੌਰ ਨਾਲ ਕਿਸੇ ਸਮਝੌਤੇ 'ਤੇ ਪਹੁੰਚਣ ਲਈ ਤਾਬੜਤੋੜ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਉਸ ਨੇ ਵਕਤੀ ਤੌਰ 'ਤੇ ਚੰਦ ਕੌਰ ਨੂੰ ਰਾਣੀ ਦੀ ਸਨਮਾਨ ਸੂਚਕ ਪਦਵੀ ਗ੍ਰਹਿਣ ਕਰਨ ਤੇ ਸ਼ੇਰ ਸਿੰਘ ਨੂੰ "ਅਫ਼ਸਰ ਕਲਾਂ" (ਮੁੱਖ ਸਲਾਹਕਾਰ) ਦੀ ਪਦਵੀ ਤੇ ਨਿਯੁਕਤੀ ਦੇਣ ਲਈ ਮਨਾ ਲਿਆ। ਉਸ ਨੇ ਅੰਗਰੇਜ਼ ਪ੍ਰਤਿਨਿਧ ਨੂੰ ਬੁਲਾਇਆ ਤੇ ਸਭ ਦਰਬਾਰੀਆਂ ਦੀ ਹਾਜ਼ਰੀ ਵਿੱਚ ਉਸ ਨੂੰ ਕਿਹਾ ਕਿ ਉਹ ਆਪਣੀ ਸਰਕਾਰ ਨੂੰ ਇਹ ਸੂਚਨਾ ਭੇਜ ਦੇਵੇ ਕਿ "ਸਰਬਤ ਖਾਲਸਾ ਦੀ ਸਰਬ ਸੰਮਤੀ ਤੇ ਸਮਝੌਤੇ ਨਾਲ ਇਹ ਫ਼ੈਸਲਾ ਪ੍ਰਵਾਨ ਹੋ ਗਿਆ ਹੈ।" ਇਸ ਬੈਠਕ ਤੋਂ ਕੁਝ ਘੰਟੇ ਪਿੱਛੋਂ ਸ਼ੇਰ ਸਿੰਘ ਲਾਹੌਰ ਪਹੁੰਚ ਗਿਆ। ਨੌਨਿਹਾਲ ਸਿੰਘ ਦੀ ਮੌਤ ਦੀ ਖ਼ਬਰ ਦੱਸ ਦਿੱਤੀ ਗਈ ਤੇ ਸ਼ੇਰ ਸਿੰਘ ਦੀ ਜਾਂਨਸ਼ੀਨੀ ਦਾ ਐਲਾਨ ਕਰ ਦਿੱਤਾ ਗਿਆ।

ਦੁਪਹਿਰ ਮਗਰੋਂ ਨੌਨਿਹਾਲ ਸਿੰਘ ਦੀ ਮ੍ਰਿਤਕ ਦੇਹ ਵੀ ਉਸੇ ਥਾਂ ਲਿਜਾਈ ਗਈ ਜਿੱਥੇ ਉਸ ਦੇ ਪਿਤਾ ਦੀ ਰਾਖ ਅਜੇ ਧੁੱਖ ਹੀ ਰਹੀ ਸੀ। ਰਾਜਕੁਮਾਰ ਦੀਆਂ ਦੋ ਪਤਨੀਆਂ ਉਸ ਨਾਲ ਚਿਤਾ 'ਤੇ ਬੈਠ ਗਈਆਂ। ਇਕ ਨੇ ਸ਼ੇਰ ਸਿੰਘ ਦੀ ਦਸਤਾਰ ਤੇ ਸ਼ਾਹੀ ਚਿੰਨ੍ਹ, ਕਲਗੀ ਲਗਾ ਦਿੱਤੀ ਤੇ ਦੂਸਰੀ ਨੇ ਧਿਆਨ ਸਿੰਘ ਦੇ ਮੱਥੇ 'ਤੇ ਕੇਸਰ ਦਾ ਤਿਲਕ ਇਸ ਸੰਕੇਤ ਵਜੋਂ ਲਗਾ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਸੀ। ਮੌਤ ਤੋਂ ਪਹਿਲਾਂ ਸਤੀਆਂ ਨੇ ਰਾਜਕੁਮਾਰ ਤੇ ਮੰਤਰੀ ਨੂੰ ਰਾਜ ਨਾਲ ਵਫ਼ਾਦਾਰੀ ਕਰਨ ਦੀ ਸਹੁੰ ਚੁਕਾਈ।[19]

ਮਹਾਰਾਣੀ ਚੰਦ ਕੌਰ ਤੇ ਮਹਾਰਾਜਾ ਸ਼ੇਰ ਸਿੰਘ—ਚੰਦ ਕੌਰ ਛੇਤੀ ਹੀ ਆਪਣੇ ਪਤੀ ਅਤੇ ਪੁੱਤਰ ਦੀ ਮੌਤ ਦੇ ਦੋਹਰੇ ਹਾਦਸੇ ਤੋਂ ਉੱਭਰ ਆਈ। ਉਸ ਨੇ ਇਸ ਤ੍ਰਾਸਦੀ ਤੇ ਦੁਖਾਂਤ ਕਾਰਨ ਮਿਲੀ ਹਮਦਰਦੀ ਦਾ ਲਾਭ ਆਪਣੇ ਹੱਕ ਵਿੱਚ ਵਰਤਿਆ ਤੇ ਤਾਜ

18. ਚੰਦ ਕੌਰ ਜੈਮਲ ਸਿੰਘ ਕਨ੍ਹਈਆ ਮਿਸਲ ਦੇ ਸਰਦਾਰ ਦੀ ਬੇਟੀ ਸੀ। ਉਸ ਦਾ ਵਿਆਹ ਖੜਕ ਸਿੰਘ ਨਾਲ 1821 ਈ: ਵਿੱਚ ਹੋਇਆ ਸੀ।

19. ਐਸ. ਸੀ. 79, ਮਿਤੀ 23.11.1840

ਉੱਪਰ ਆਪਣਾ ਦਾਅਵਾ ਜਤਾਇਆ।[20]

ਉਸ ਨੇ ਧਿਆਨ ਸਿੰਘ ਦੇ ਅਸਰ ਰਸੂਖ ਦਾ ਟਾਕਰਾ ਕਰਨ ਲਈ ਉਹਦੇ ਭਰਾ ਗੁਲਾਬ ਸਿੰਘ ਡੋਗਰੇ ਨੂੰ ਜੰਮੂ ਤੋਂ ਬੁਲਾ ਲਿਆ। ਧਿਆਨ ਸਿੰਘ ਨੇ ਕਈ ਸਮਝੌਤਿਆਂ ਦੀਆਂ ਤਜ਼ਵੀਜ਼ਾਂ ਰੱਖੀਆਂ। ਇਕ ਇਹ ਸੀ ਕਿ ਉਹ ਸ਼ੇਰ ਸਿੰਘ ਨਾਲ ਵਿਆਹ ਕਰਵਾ ਲਵੇ ਨਹੀਂ ਤਾਂ ਉਹ ਸ਼ੇਰ ਸਿੰਘ ਦੇ ਲੜਕੇ ਪਰਤਾਪ ਸਿੰਘ ਨੂੰ ਆਪਣਾ ਮੁਤਬੰਨਾ ਬਣਾ ਕੇ ਗੋਦ ਲੈ ਲਵੇ। ਚੰਦ ਕੌਰ ਨੇ ਵਿਆਹ ਦੀ ਪੇਸ਼ਕਸ਼ ਰੱਦ ਕਰ ਦਿੱਤੀ। ਉਹ ਉਸ ਆਦਮੀ ਨਾਲ ਕਿਵੇਂ ਵਿਆਹ ਕਰ ਸਕਦੀ ਸੀ ਜਿਸ ਨੂੰ ਉਹ ਸ਼ੇਰੂ ਲਲਾਰੀ ਦਾ ਪੁੱਤ ਕਹਿੰਦੀ ਰਹੀ ਸੀ? ਉਸ ਨੇ ਪਰਤਾਪ ਸਿੰਘ ਨੂੰ ਗੋਦੀ ਲੈਣ ਦੀ ਪੇਸ਼ਕਸ਼ ਵੀ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਮੁਤਬੰਨਾ ਬਣਾ ਲੈਣ ਦੀ ਗੱਲ ਕਰਕੇ ਟਾਲ ਦਿੱਤੀ। ਉਸ ਨੇ ਇਹ ਗੱਲ ਵੀ ਧੁਮਾ ਦਿੱਤੀ ਕਿ ਨੌਨਿਹਾਲ ਸਿੰਘ ਦੀ ਇਕ ਵਿਧਵਾ ਗਰਭਵਤੀ ਸੀ। ਧਿਆਨ ਸਿੰਘ ਨੇ ਉਸ ਨੂੰ ਮਨਾਉਣ ਦੀ ਪੂਰੀ ਵਾਹ ਲਾਈ। ਉਸ ਨੇ ਆਪਣੀ ਦਸਤਾਰ ਉਸ ਦੇ ਪੈਰਾਂ 'ਤੇ ਧਰ ਦਿੱਤੀ ਤੇ ਉਸ ਨੂੰ ਬੇਨਤੀ ਕੀਤੀ ਕਿ ਉਹ "ਰਾਜ-ਮਾਤਾ" ਦੀ ਪਦਵੀ ਗ੍ਰਹਿਣ ਕਰੇ ਤੇ ਸ਼ੇਰ ਸਿੰਘ ਨੂੰ ਰਾਜ ਪ੍ਰਤਿਨਿਧ ਕੌਂਸਲ ਦਾ ਮੁਖੀ ਸਵੀਕਾਰ ਕਰ ਲਵੇ। ਚੰਦ ਕੌਰ ਨੇ ਉਹ ਤਜਵੀਜ਼ ਪਾੜ ਦਿੱਤੀ। ਦਰਬਾਰ ਵਿੱਚ ਇਕ ਤੂਫ਼ਾਨੀ ਦ੍ਰਿਸ਼ ਵਿੱਚ ਧਿਆਨ ਸਿੰਘ ਨੇ ਚੰਦ ਕੌਰ ਨੂੰ ਸ਼ਰਾਰਤੀਆਂ ਦੀਆਂ ਗੱਲਾਂ ਸੁਣਨ ਦੇ ਖ਼ਤਰਿਆਂ ਬਾਰੇ ਸਾਵਧਾਨ ਕੀਤਾ। ਉਸ ਨੇ ਉਸ ਨੂੰ ਕਿਹਾ ਪੰਜਾਬ ਦਾ ਰਾਜ ਨਾ ਉਸ ਦਾ ਹੈ ਤੇ ਨਾ ਹੀ ਸ਼ੇਰ ਸਿੰਘ ਦਾ ਤੇ ਨਾ ਹੀ ਸ਼ਾਹੀ ਬੰਸ਼ ਦੇ ਕਿਸੇ ਹੋਰ ਦਾਅਵੇਦਾਰ ਦਾ; ਇਹ ਸਰਕਾਰ ਤਾਂ ਸਮੁੱਚੇ ਖਾਲਸਾ ਪੰਥ ਦੀ ਹੈ।[21] ਮੁਲਕ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ ਤੇ ਜੋਤਸ਼ੀ ਖਾਲਸਾ ਰਾਜ ਦੀ 1840 ਵਿੱਚ ਖਾਤਮੇ ਦੀ ਭਵਿੱਖਬਾਣੀ ਕਰ ਚੁੱਕੇ ਸਨ।[22]

ਕੁਝ ਦਿਨ ਮਗਰੋਂ ਦੋ ਸੰਧਾਂਵਾਲੀਏ ਸਰਦਾਰ ਅਜੀਤ ਸਿੰਘ ਤੇ ਅਤਰ ਸਿੰਘ ਲਾਹੌਰ ਪਹੁੰਚ ਗਏ ਤੇ ਰਾਜ ਦੀ ਵਾਗਡੋਰ ਸੰਭਾਲ ਲਈ। 2 ਦਸੰਬਰ 1840 ਨੂੰ ਚੰਦ ਕੌਰ ਨੂੰ ਪੰਜਾਬ ਦੀ ਮਹਾਰਾਣੀ ਘੋਸ਼ਿਤ ਕਰ ਦਿੱਤਾ ਗਿਆ ਤੇ ਉਸ ਨੂੰ "ਮਲਕਾ ਮੁਕੱਦਸ" ਦੀ ਉਪਾਧੀ ਦਿੱਤੀ ਗਈ। ਅਗਲੇ ਦਿਨ ਸ਼ੇਰ ਸਿੰਘ ਮਜਬੂਰ ਹੋ ਕੇ ਰਾਜਧਾਨੀ ਛੱਡ ਗਿਆ। ਚੰਦ ਕੌਰ ਤੇ ਸੰਧਾਂਵਾਲੀਆ ਦਾ ਰਾਜ ਪ੍ਰਬੰਧ 'ਤੇ ਪੂਰਾ ਨਿਯੰਤਰਨ ਹੋ ਗਿਆ। ਸਭ ਸ਼ਰਤਾਂ ਚੰਦ ਕੌਰ ਦੇ ਵਿਰੁੱਧ ਸਨ। ਪੰਜਾਬੀ ਇਕ ਇਸਤਰੀ ਅਧੀਨ ਰਹਿਣ ਲਈ ਤਿਆਰ ਨਹੀਂ

---

20. ਐਸ.ਸੀ. 116, ਮਿਤੀ 7.12.1840
21. ਐਸ. ਸੀ. 116 ਮਿਤੀ 7.12.1840 ਰਾਜਾ ਧਿਆਨ ਸਿੰਘ ਅਣਥੱਕ ਤੇ ਦ੍ਰਿੜ ਹੈ। ਉਸ ਨੇ ਇਸ ਸੰਕਟ ਦੀ ਘੜੀ ਵਿੱਚ ਡਗਮਗਾ ਰਹੇ ਖਾਲਸੇ ਨੂੰ ਸਥਿਰ ਰੱਖਿਆ ਹੈ।
22. ਐਸ.ਸੀ. 117 ਮਿਤੀ 7.12.1840 ਇਹ ਸੌ ਸਾਖੀ ਦੇ ਇਕ ਨਕਲੀ ਸੰਸਕਰਣ 'ਤੇ ਆਧਾਰਤ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜੋੜਿਆ ਗਿਆ ਸੀ। ਇਸ ਵਿੱਚ ਖ਼ਾਲਸਾ ਸਰਕਾਰ ਲਈ 1897 ਸੰਮਤ ਵਿੱਚ ਖਾਲਸੇ ਉੱਪਰ ਬਿਪਤਾ ਦਾ ਆਉਣ ਤੇ ਫਿਰ ਹਰੀ ਸਿੰਘ ਨਲਵੇ ਦੀ ਆਤਮਾ ਵੱਲੋਂ ਇਸ ਦੀ ਪੁਨਰ ਸਥਾਪਨਾ ਦੀ ਭਵਿੱਖਬਾਣੀ ਕੀਤੀ ਗਈ ਸੀ।

ਸਨ ਜੋ ਜ਼ਨਾਨਖਾਨੇ ਦੇ ਪਰਦੇ 'ਚੋਂ ਬਾਹਰ ਨਹੀਂ ਆ ਸਕਦੀ ਸੀ।[23] ਚੰਦ ਕੌਰ ਕੂਟਨੀਤੀ ਦੀ ਕਲਾ ਤੋਂ ਵੀ ਅਨਜਾਣ ਸੀ। ਉਹ ਘਮੰਡੀ, ਅੜਬ ਤੇ ਅਜਿਹੀ ਬਦਜ਼ਬਾਨ ਸੀ ਜੋ ਮਹਾਰਾਨੀ ਦੀ ਥਾਂ ਆਮ ਬਾਜ਼ਾਰੀ ਇਸਤਰੀ ਦੇ ਲਈ ਹੀ ਢੁੱਕਵੀਂ ਸੀ।

ਮਾਈ (ਲੋਕਾਂ ਵਿੱਚ ਚੰਦ ਕੌਰ ਇਸੇ ਨਾਮ ਨਾਲ ਹੀ ਮਸ਼ਹੂਰ ਸੀ) ਦੀ ਮੁੱਖ ਸਮੱਸਿਆ ਫ਼ੌਜ ਦੀ ਵਫ਼ਾਦਾਰੀ ਬਾਰੇ ਸੀ। ਸ਼ੇਰ ਸਿੰਘ ਫ਼ੌਜਾਂ ਤੇ ਯੂਰਪੀਨ ਅਫ਼ਸਰਾਂ ਵਿੱਚ ਬਹੁਤ ਲੋਕ-ਪ੍ਰਿਆ ਸੀ। ਉਸ ਨੇ ਫ਼ੌਜ ਨੂੰ ਤਨਖ਼ਾਹ ਵਿੱਚ ਵਾਧੇ ਦੀ ਪੇਸ਼ਕਸ਼ ਕਰ ਦਿੱਤੀ। ਬਹੁਤ ਵੱਡੀ ਪੱਧਰ 'ਤੇ ਫ਼ੌਜ ਧੋਖਾ ਦੇ ਕੇ ਰਾਜਕੁਮਾਰ ਨਾਲ ਜਾ ਮਿਲੀ। ਬਹੁਤ ਸਾਰੀ ਚੁਣਵੀਂ ਤੇ ਨਿਪੁੰਨ ਫ਼ੌਜ ਉਸ ਨਾਲ ਜਾ ਰਲੀ ਤੇ ਮਾਈ ਦੇ ਆਦਮੀਆਂ ਨੂੰ ਅਸਲਾਖਾਨਾ ਦੇ ਨੇੜੇ ਵੀ ਨਾ ਢੁੱਕਣ ਦਿੱਤਾ ਗਿਆ। ਅਧਿਕਾਰ ਸੰਭਾਲਣ ਦੇ ਦੋ ਹਫ਼ਤਿਆਂ ਅੰਦਰ ਹੀ ਮਾਈ ਨੂੰ ਆਪਣੀ ਰੱਖਿਆ ਲਈ ਕਿਲ੍ਹੇ ਅੰਦਰ ਦੋ ਪਲਟਨਾਂ ਨਿਯੁਕਤ ਕਰਨੀਆਂ ਪਈਆਂ। ਅਨਿਸਚਿਤੱਤਾ ਕਾਰਨ ਪਿੰਡਾਂ ਵਿੱਚ ਗ਼ੈਰ ਕਾਨੂੰਨੀ ਤੱਤਾਂ ਦਾ ਹੌਸਲਾ ਵੱਧ ਗਿਆ। ਅੰਗਰੇਜ਼ਾਂ ਨੇ ਸਤਲੁਜ ਵੱਲ ਫ਼ੌਜਾਂ ਦਾ ਕੂਚ ਸ਼ੁਰੂ ਕਰ ਦਿੱਤਾ।[24]

ਸ਼ੇਰ ਸਿੰਘ ਨੇ ਦੁਰਬਲ ਤੇ ਪ੍ਰਭਾਵਹੀਣ ਵਿਧਵਾ ਦੇ ਹੱਥੋਂ ਤਾਕਤ ਖੋਹ ਕੇ ਪੰਜਾਬ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਉਣ ਦਾ ਫ਼ੈਸਲਾ ਕਰ ਲਿਆ। ਉਸ ਨੇ ਆਪਣਾ ਇਕ ਏਲਚੀ ਲੁਧਿਆਣੇ ਕਲਾਰਕ ਕੋਲ ਤਖ਼ਤ ਪ੍ਰਾਪਤ ਕਰਨ ਲਈ ਹੰਭਲਾ ਮਾਰਨ ਦੀ ਹਾਲਤ ਵਿੱਚ ਅੰਗਰੇਜ਼ਾਂ ਦਾ ਪ੍ਰਤੀਕਰਮ ਜਾਣਨ ਲਈ ਭੇਜਿਆ। ਅੰਗਰੇਜ਼ ਅਫ਼ਗਾਨਿਸਤਾਨ ਦੀ

---

23. ਬੇਦੀ ਬਿਕਰਮ ਸਿੰਘ ਊਨਾ ਨੇ ਜੋ ਲਾਹੌਰ ਵਿੱਚ ਤਖ਼ਤ ਨਸ਼ੀਨੀ ਦੀ ਰਸਮ ਲਈ ਆਏ ਸਨ, ਦੋ ਟੁੱਕ ਕਹਿ ਦਿੱਤਾ ਸੀ ਕਿ ਉਹ ਲਾਹੌਰ ਕੰਵਰ ਸ਼ੇਰ ਸਿੰਘ ਦੇ ਕੇਸਰ ਦਾ ਤਿਲਕ ਲਾਉਣ ਆਏ ਸਨ ਨਾ ਕਿ ਇਕ ਤੀਵੀਂ ਨੂੰ ਕਿਉਂਕਿ ਨਾ ਤਾਂ ਕਿਸੇ ਤੀਵੀਂ ਨੇ ਲਾਹੌਰ 'ਤੇ ਰਾਜ ਕੀਤਾ ਹੈ ਤੇ ਨਾ ਹੀ ਕਰੇਗੀ। ਮਾਈ ਨੇ ਬੇਦੀ ਨੂੰ ਕਹਿਲਾ ਭੇਜਿਆ ਕਿ ਚੰਗਾ ਹੋਵੇ ਉਹ ਆਪਣੀ ਫ਼ਿਕਰ ਕਰੇ। (ਐਸ.ਸੀ.107 ਮਿਤੀ 21.12.1840)
    ਪੰਜਾਬ ਦੀ ਗੁਪਤਚਰ ਸੂਚਨਾ ਨੇ 7 ਦਸੰਬਰ ਨੂੰ ਵੇਰਵਾ ਦਿੱਤਾ ਹੈ : "ਮਾਈ ਸੱਮਨ ਬੁਰਜ ਵਿੱਚ ਪੰਜ-ਛੇ ਹੋਰ ਇਸਤਰੀਆਂ ਨਾਲ ਪਰਦੇ 'ਚ ਬੈਠ ਕੇ ਦਰਬਾਰ ਲਾਉਂਦੀ ਹੈ। ਕੌਂਸਲ ਦੇ ਮੁਖੀ ਬਾਹਰ ਬੈਠਦੇ ਹਨ ਤੇ ਆਪਣੇ ਵਿਚਾਰ ਦਿੰਦੇ ਹਨ। (ਐਸ.ਸੀ. 104 ਮਿਤੀ 28.12.1840)
24. ਅੰਗਰੇਜ਼ਾਂ ਦਾ ਵਤੀਰਾ ਆਪਣੇ ਉਹਨਾਂ ਸਾਥੀਆਂ ਪ੍ਰਤੀ ਜਿਹਨਾਂ ਨੇ ਉਹਨਾਂ ਨੂੰ ਨਾ ਕੇਵਲ ਅਫ਼ਗਾਨਿਸਤਾਨ ਦੀ ਜੰਗ ਜਿੱਤਣ ਵਿੱਚ ਸਹਾਇਤਾ ਕੀਤੀ ਤੇ ਜੋ ਸਗੋਂ ਉਹਨਾਂ ਨੂੰ ਆਪਣੇ ਇਲਾਕੇ ਵਿੱਚੋਂ ਫ਼ੌਜਾਂ ਲੰਘਾਉਣ ਦੀ ਇਸ ਤਰ੍ਹਾਂ ਆਗਿਆ ਦੇ ਰਹੇ ਸਨ ਜਿਵੇਂ ਇਹ ਆਮ ਰਾਹ ਹੋਵੇ, ਉਸ ਖ਼ਤੋ ਕਿਤਾਬਤ ਤੋਂ ਜਾਣਿਆ ਜਾ ਸਕਦਾ ਹੈ ਜੋ ਸਰ ਵਿਲੀਅਮ ਮੈਕਨਾਟਨ ਤੇ ਕਲਕੱਤੇ ਵਿੱਚ ਗਵਰਨਰ ਜਨਰਲ ਵਿਚਕਾਰ ਹੋਈ। ਮੈਕਨਾਟਨ ਨੇ ਤਜਵੀਜ਼ ਰੱਖੀ ਕਿ 1839 ਦੀ ਸੰਧੀ ਇਕਤਰਫ਼ਾ ਰੱਦ ਕਰ ਦਿੱਤੀ ਜਾਵੇ ਤੇ ਪਿਸ਼ਾਵਰ ਨੂੰ ਦੁਰਾਨੀ ਹਕੂਮਤ ਵਿੱਚ ਸ਼ਾਮਲ ਕਰ ਲਿਆ ਜਾਵੇ। (ਮੈਕਨਾਟਨ ਦਾ ਗਵਰਨਰ ਜਨਰਲ ਨੂੰ 26 ਨਵੰਬਰ 1840 ਤੇ ਗਵਰਨਰ ਜਨਰਲ ਦਾ ਮੈਕਨਾਟਨ ਨੂੰ 28 ਦਸੰਬਰ 1840 ਦੇ ਪੱਤਰ।) ਉਸ ਨੇ ਇਹ ਵੀ ਸੁਝਾਅ ਦਿੱਤਾ ਕਿ ਪੰਜਾਬ ਨੂੰ ਅੱਗੋਂ ਦੋ ਭਾਗਾਂ ਵਿੱਚ ਵੰਡ ਦਿੱਤਾ ਜਾਵੇ। ਪਹਾੜੀ ਇਲਾਕਾ ਡੋਗਰਿਆਂ ਨੂੰ ਤੇ ਮੈਦਾਨੀ ਭਾਗ ਸੰਧਾਵਾਲੀਆਂ ਨੂੰ ਦੇ ਦਿੱਤਾ ਜਾਵੇ।

ਦਲਦਲ ਵਿੱਚ ਫਸ ਗਏ ਸਨ ਤੇ ਉਹਨਾਂ ਨੂੰ ਸਖ਼ਤ ਜ਼ਰੂਰਤ ਸੀ। ਉਹਨਾਂ ਨੂੰ ਅੰਗਰੇਜ਼ਾਂ ਦੇ ਪ੍ਰਸ਼ੰਸਕ ਸ਼ੇਰ ਸਿੰਘ ਵਿੱਚ ਆਪਣਾ ਸੰਭਾਵੀ ਸਾਥੀ ਜਾਪਿਆ ਤੇ ਉਹਨਾਂ ਨੇ ਉਸ ਨੂੰ ਸਮਰਥਨ ਦਾ ਭਰੋਸਾ ਦਿੱਤਾ।[25]

ਸ਼ੇਰ ਸਿੰਘ ਉਹਨਾਂ ਭਗੌੜਿਆਂ ਦੀ ਫ਼ੌਜ ਦੀ ਅਗਵਾਈ ਕਰਦਾ ਹੋਇਆ ਲਾਹੌਰ ਪਹੁੰਚ ਗਿਆ ਜੋ ਉਸ ਦੇ ਝੰਡੇ ਥੱਲੇ ਜਮ੍ਹਾਂ ਹੋ ਗਏ ਸਨ। ਦਰਬਾਰ ਦੇ ਬਹੁਤੇ ਯੂਰੋਪੀਅਨ ਅਫ਼ਸਰ ਉਸ ਦੇ ਨਾਲ ਸਨ। ਮਾਈ ਨੇ ਹੌਂਸਲਾ ਨਹੀਂ ਹਾਰਿਆ ਸੀ। ਉਸ ਨੇ ਗੁਲਾਬ ਸਿੰਘ ਡੋਗਰੇ ਨੂੰ ਫ਼ੌਜ ਦਾ "ਸੈਨਾਪਤੀ" ਨਿਯੁਕਤ ਕਰ ਦਿੱਤਾ ਤੇ ਸ਼ਹਿਰ ਦੀ ਰੱਖਿਆ ਉਹਦੇ ਸਪੁਰਦ ਕਰ ਦਿੱਤੀ। ਉਸ ਨੇ ਸੈਨਿਕਾਂ ਨੂੰ ਤਨਖ਼ਾਹਾਂ ਦਾ ਚਾਰ ਮਹੀਨੇ ਦਾ ਬਕਾਇਆ ਦੇ ਦਿੱਤਾ ਤੇ ਅਫ਼ਸਰਾਂ ਨੂੰ ਦਿਲ ਖੋਲ੍ਹ ਕੇ ਸੋਨੇ ਦੇ ਕੜੇ, ਕੈਂਠੇ, ਗਹਿਣੇ ਤੇ ਸ਼ਾਲਾਂ ਸੁਗਾਤਾਂ ਵਜੋਂ ਦੇ ਦਿੱਤੇ। ਉਸ ਨੇ ਸ਼ਹਿਰ ਦੇ ਸ਼ਾਹੂਕਾਰਾਂ ਨੂੰ ਹੁਕਮ ਜਾਰੀ ਕਰ ਦਿੱਤਾ ਕਿ ਉਹ ਸ਼ੇਰ ਸਿੰਘ ਨੂੰ ਰੁਪਿਆ ਉਧਾਰ ਨਾ ਦੇਣ। ਇਸ ਕਾਰਵਾਈ ਦਾ ਉਲਟਾ ਅਸਰ ਹੋਇਆ। ਫ਼ੌਜ ਨੇ ਉਹਦੀ ਘਬਰਾਹਟ ਸਮਝ ਲਈ ਤੇ ਮਹਿਸੂਸ ਕੀਤਾ ਕਿ ਉਹ ਹਾਰੀ ਹੋਈ ਬਾਜ਼ੀ ਰਿਸ਼ਵਤ ਦੇ ਕੇ ਜਿੱਤਣ ਦੀ ਕੋਸ਼ਿਸ਼ ਕਰ ਰਹੀ ਸੀ। ਸ਼ੇਰ ਸਿੰਘ ਕੋਲ ਰੁਪਿਆ ਤਾਂ ਘੱਟ ਸੀ ਪਰ ਉਸ ਨੇ ਇਹ ਵਿਸ਼ਵਾਸ ਪੈਦਾ ਕਰ ਦਿੱਤਾ ਕਿ ਉਹ ਜਿੱਤ ਰਿਹਾ ਹੈ ਤੇ ਉਹ ਫ਼ੌਜ ਦੀ ਤਨਖ਼ਾਹ ਵਿੱਚ ਇਕ ਰੁਪਿਆ ਸਥਾਈ ਤੌਰ 'ਤੇ ਵਧਾਏਗਾ ਤੇ ਜੋ ਉਸ ਨਾਲ ਮਿਲ ਗਏ ਉਹਨਾਂ ਨੂੰ ਇਨਾਮ ਵੀ ਦੇਵੇਗਾ।

ਸ਼ਹਿਰ ਦੇ ਬਾਹਰ ਨਿਯੁਕਤ ਪਲਟਣਾਂ ਸਮੂਹਕ ਰੂਪ ਵਿੱਚ ਉਸ ਨਾਲ ਮਿਲ ਗਈਆਂ। ਸ਼ੇਰ ਸਿੰਘ ਕੋਲ 26000 ਪਿਆਦਾ, 8000 ਘੋੜਸਵਾਰ ਤੇ 45 ਤੋਪਾਂ ਹੋ ਗਈਆਂ। ਮਾਈ ਕੋਲ ਸਿਰਫ਼ 5000 ਆਦਮੀ, ਥੋੜ੍ਹੀਆਂ ਜਿਹੀਆਂ ਤੋਪਾਂ, ਸੀਮਤ ਮਾਤਰਾ ਵਿੱਚ ਬਾਰੂਦ ਰਹਿ ਗਿਆ। ਸ਼ੇਰ ਸਿੰਘ ਸ਼ਹਿਰ ਵਿੱਚ ਜ਼ਬਰਦਸਤੀ ਦਾਖਲ ਹੋ ਗਿਆ। ਉਸ ਨੇ ਕੁਝ ਪਛੜ ਕੇ ਇਹ ਐਲਾਨ[26] ਕੀਤਾ ਕਿ ਸ਼ਹਿਰੀਆਂ ਦੀ ਜਾਨ ਮਾਲ ਦੀ ਸੁਰੱਖਿਆ ਕੀਤੀ ਜਾਵੇਗੀ ਤੇ ਜੋ ਉਹਦੇ ਨਾਲ ਆ ਮਿਲਣਗੇ ਉਹਨਾਂ ਨੂੰ ਮਾਫ਼ ਕਰ ਦਿੱਤਾ ਜਾਵੇਗਾ। ਉੱਘੇ ਦਰਬਾਰੀਆਂ ਨੇ ਅਧੀਨਤਾ ਸਵੀਕਾਰ ਕਰ ਲਈ ਤੇ ਮਾਈ ਤੇ ਗੁਲਾਬ ਸਿੰਘ ਨੂੰ ਹਥਿਆਰ ਸੁੱਟ ਦੇਣ ਲਈ ਪ੍ਰਸਤਾਵ ਕਰ ਦਿੱਤਾ।

ਮਾਈ ਨੇ ਗੁਲਾਬ ਸਿੰਘ ਦੇ ਸਮਰਥਨ ਕਾਰਨ ਹਥਿਆਰ ਸੁੱਟ ਦੇਣ ਤੋਂ ਨਾਂਹ ਕਰ ਦਿੱਤੀ। ਲੜਾਈ ਸ਼ੁਰੂ ਹੋ ਗਈ। ਸ਼ੇਰ ਸਿੰਘ ਦੀ ਤੋਪਖਾਨਾ ਫ਼ੌਜ ਨੇ ਦੋ ਦਿਨਾਂ ਤੱਕ ਕਿਲ੍ਹੇ 'ਤੇ ਗੋਲਾਬਾਰੀ ਕੀਤੀ ਤੇ ਕਿਲ੍ਹੇ ਵੱਲੋਂ ਆਉਂਦੀਆਂ ਤੋਪਾਂ ਨੇ ਕਿਲ੍ਹੇ ਦੀ ਕੰਧ ਨਾਲ ਲੱਗਦੇ ਬਾਜ਼ਾਰਾਂ ਵਿੱਚ ਤਬਾਹੀ ਤੇ ਮੌਤ ਦਾ ਮੀਂਹ ਵਰ੍ਹਾ ਦਿੱਤਾ। 17 ਜਨਵਰੀ 1841 ਦੀ ਸ਼ਾਮ

---

25. ਐਸ.ਸੀ. 66 ਮਿਤੀ 1.2.1841 ਤੇ ਐਸ.ਸੀ. 93 ਮਿਤੀ 22.8.1841
26. ਗੁਰੂ ਰਾਮ ਦਾਸ ਦੀ ਬਾਦਸ਼ਾਹੀ ਵਿੱਚ (ਚੌਥੇ ਸਿੱਖ ਗੁਰੂ ਜੋ ਲਾਹੌਰ ਵਿੱਚ ਪੈਦਾ ਹੋਏ ਸਨ) ਮਹਾਰਾਜਾ ਸ਼ੇਰ ਸਿੰਘ ਬਹਾਦਰ ਦੇ ਹੁਕਮਾਂ ਨਾਲ ਇਹ ਐਲਾਨ ਕੀਤਾ ਜਾਂਦਾ ਹੈ ਕਿ ਜੋ ਵੀ ਕਿਸੇ ਦੀ ਜਾਇਦਾਦ ਨੂੰ ਛੇੜੇਗਾ, ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਐਸ.ਸੀ. 60 ਮਿਤੀ 1.2.1841. ਇਹ ਐਲਾਨ ਉਸ ਸਮੇਂ ਕੀਤਾ ਜਦੋਂ ਸੈਨਾ ਨੇ ਕਈ ਬਾਜ਼ਾਰ ਲੁੱਟ ਲਏ ਸਨ ਤੇ ਅਧਿਕਾਰੀਆਂ ਦੇ ਸ਼ਰਾਬ ਦੇ ਭੰਡਾਰਾਂ 'ਤੇ ਹੱਥ ਸਾਫ਼ ਕਰ ਲਿਆ ਸੀ।

ਨੂੰ ਧਿਆਨ ਸਿੰਘ ਪਹੁੰਚ ਗਿਆ ਤੇ ਉਸ ਨੇ ਜੰਗ-ਬੰਦੀ ਕਰਵਾ ਦਿੱਤੀ। ਮਾਈ ਨੂੰ ਇਕ ਵੱਡੀ ਜਾਗੀਰ ਲੈਣ ਲਈ ਮਨਾ ਲਿਆ ਗਿਆ ਤੇ ਉਸ ਨੂੰ ਤਖ਼ਤ ਉੱਪਰ ਦਾਅਵਾ ਤਿਆਗ ਦੇਣ ਲਈ ਤਿਆਰ ਕਰ ਲਿਆ ਗਿਆ।[27] ਸ਼ੇਰ ਸਿੰਘ ਨੇ ਉਸ ਨੂੰ ਉਹ ਸਤਿਕਾਰ ਦੇਣ ਦਾ ਭਰੋਸਾ ਦਿੱਤਾ ਜੋ ਇਕ ਭਰਾ ਦੀ ਵਿਧਵਾ ਦਾ ਹੱਕ ਸੀ ਤੇ ਉਸ ਦੇ ਸਮਰਥਕਾਂ ਨੂੰ ਵੀ ਮਾਫ਼ ਕਰਨ ਦਾ ਵਚਨ ਦਿੱਤਾ। ਉਸ ਦੇ 1½ ਮਹੀਨੇ ਦਾ ਅਲਪ-ਕਾਲੀਨ ਰਾਜ ਖ਼ਤਮ ਹੋ ਗਿਆ। ਅੱਧੀ ਰਾਤ ਨੂੰ ਗੁਲਾਬ ਸਿੰਘ ਤੇ ਉਹਦੇ ਸਾਥੀ ਡੋਗਰੇ ਆਪਣੇ ਨਾਲ ਦਰਬਾਰ ਦਾ ਸੋਨੇ ਦਾ ਭੰਡਾਰ ਤੇ ਹੀਰੇ ਜਵਾਹਰਾਤ ਜੋ ਲਾਹੌਰ ਵਿੱਚ ਸਨ, ਲੈ ਗਏ ਤੇ ਕਿਲ੍ਹਾ ਖ਼ਾਲੀ ਕਰ ਦਿੱਤਾ।[28] ਅਜੀਤ ਸਿੰਘ ਸੰਧਾਵਾਲੀਆ ਬਰਤਾਨਵੀ ਪ੍ਰਤਿਨਿਧ ਤੋਂ ਸਹਾਇਤਾ ਲੈਣ ਲਈ ਲੁਧਿਆਣੇ ਨੱਠ ਗਿਆ। ਕਲਾਰਕ ਵੱਲੋਂ ਉਸ ਨੂੰ ਮਿਲਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਉਹ ਕਲਕੱਤਾ ਗਵਰਨਰ ਜਨਰਲ ਕੋਲ ਅੰਗਰੇਜ਼ੀ ਇਲਾਕੇ ਵਿੱਚ ਚਲਾ ਗਿਆ।

ਸ਼ੇਰ ਸਿੰਘ ਨੇ ਕਿਲ੍ਹੇ 'ਤੇ ਅਧਿਕਾਰ ਕਰ ਲਿਆ ਤੇ ਉਸ ਨੂੰ ਪੰਜਾਬ ਦੇ ਮਹਾਰਾਜੇ ਦੀ ਉਪਾਧੀ ਨਾਲ ਸੁਸ਼ੋਭਿਤ ਕਰ ਦਿੱਤਾ ਗਿਆ।[29] ਧਿਆਨ ਸਿੰਘ ਡੋਗਰੇ ਨੂੰ ਪ੍ਰਧਾਨ ਮੰਤਰੀ ਘੋਸ਼ਿਤ ਕਰ ਦਿੱਤਾ ਗਿਆ।

ਸ਼ੇਰ ਸਿੰਘ ਦੀ ਹਕੂਮਤ ਦਾ ਆਰੰਭ ਬੜਾ ਮਾੜਾ ਹੋਇਆ। ਉਹ ਸੈਨਾ ਨਾਲ ਕੀਤਾ ਪ੍ਰਣ ਪੂਰਾ ਨਾ ਕਰ ਸਕਿਆ ਤੇ ਉਹਨਾਂ ਨੇ ਬਾਜ਼ਾਰਾਂ ਦੀ ਲੁੱਟ-ਮਾਰ ਸ਼ੁਰੂ ਕਰ ਦਿੱਤੀ। ਸੈਨਿਕ ਪਾਗ਼ਲ ਹੋ ਉੱਠੇ। ਉਹਨਾਂ ਨੇ ਪਲਟਣਾਂ ਦੇ ਲੇਖਾਕਾਰਾਂ ਤੇ ਅਫ਼ਸਰਾਂ ਦਾ ਕਤਲ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਉਹਨਾਂ ਉੱਪਰ ਤਨਖ਼ਾਹ 'ਚੋਂ ਗਬਨ ਕਰਨ ਦਾ ਸ਼ੱਕ ਸੀ ਜਾਂ ਇਹ ਇਲਜ਼ਾਮ ਲਾਇਆ ਜਾਂਦਾ ਸੀ ਕਿ ਉਹ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਸ਼ੇਰ ਸਿੰਘ ਤੇ ਧਿਆਨ ਸਿੰਘ ਨੇ ਹਰ ਘੋੜ ਸੈਨਾ ਦੀ ਟੋਲੀ, ਹਰ ਪਿਆਦਾ ਜੱਥਾ ਤੇ ਹਰ ਤੋਪ ਮਗਰ ਦੋ ਦੋ ਆਦਮੀਆਂ ਨੂੰ ਬੁਲਾਇਆ ਤੇ ਉਹਨਾਂ ਦੀਆਂ ਤਕਲੀਫ਼ਾਂ ਤੇ ਸ਼ਿਕਾਇਤਾਂ ਸੁਣੀਆਂ। ਉਹ ਭਰਿਸ਼ਟ ਲੇਖਾਕਾਰਾਂ ਜਾਂ ਮੁਨਸ਼ੀਆਂ ਨੂੰ ਬਰਖ਼ਾਸਤ ਕਰਨ ਲਈ ਤਾਂ ਤਿਆਰ ਹੋ ਗਏ ਪਰ ਉਹਨਾਂ ਨੇ ਪੰਚਾਂ ਦੀ, ਉਹਨਾਂ ਅਧਿਕਾਰੀਆਂ ਨੂੰ ਬਦਲ ਦੇਣ ਦੀ ਮੰਗ ਪ੍ਰਵਾਨ ਨਾ ਕੀਤੀ ਜਿਹੜੇ ਪੰਚਾਂ ਨੂੰ ਪਸੰਦ ਨਹੀਂ ਸਨ। ਇਸ ਮੀਟਿੰਗ ਵਿੱਚ ਬਹੁਤ

---

27. ਐਸ. ਸੀ. 97 ਮਿਤੀ 8.2.1841. ਇਸ ਸਮਝੌਤੇ ਬਾਰੇ ਲਤੀਫ ਦਾ ਵੇਰਵਾ ਕੁਝ ਵੱਖਰਾ ਹੈ। ਹਿਸਟਰੀ ਔਫ਼ ਦੀ ਪੰਜਾਬ, ਪੰਨਾ 506

28. ਐਸ. ਸੀ. 88 ਮਿਤੀ 8.2.1841. ਗੁਲਾਬ ਸਿੰਘ ਡੋਗਰੇ ਨੇ ਆਤਮ ਸਮਰਪਣ ਵਿੱਚ ਇਹ ਸ਼ਰਤ ਵੀ ਸ਼ਾਮਲ ਕਰਵਾ ਲਈ ਸੀ ਕਿ ਉਹਦੀ ਤੇ ਉਹਦੇ ਸਾਥੀਆਂ ਦੀ ਤਲਾਸ਼ੀ ਨਹੀਂ ਲਈ ਜਾਵੇਗੀ। ਮਾਈ ਨੇ ਉਸ ਉੱਪਰ ਵਿਸ਼ਵਾਸ ਕਰਕੇ ਉਸ ਨੂੰ ਆਪਣੀ ਕੁੱਡੀ ਕੁਡਿਆਲੀ ਦੀ ਜਾਗੀਰ ਦਾ ਪ੍ਰਤਿਨਿਧ ਥਾਪ ਦਿੱਤਾ ਜੋ ਗੁਲਾਬ ਸਿੰਘ ਦੇ ਇਲਾਕੇ ਨਾਲ ਲੱਗਦੀ ਸੀ।

29. ਤਿਲਕ ਲਾਉਣ ਦੀ ਰਸਮ 27 ਜਨਵਰੀ 1841 ਨੂੰ ਊਨਾ ਵਾਲੇ ਬਾਬਾ ਬਿਕਰਮ ਸਿੰਘ ਬੇਦੀ ਨੇ ਅਦਾ ਕੀਤੀ। ਪਰਤਾਪ ਸਿੰਘ ਨੂੰ ਵਲੀ-ਅਹਿਦ ਘੋਸ਼ਿਤ ਕੀਤਾ ਗਿਆ। (ਐਸ.ਸੀ., 95 ਮਿਤੀ 8.2.1841)

ਰੌਲਾ ਰੱਪਾ ਪਿਆ। ਕਮਜ਼ੋਰ ਇਰਾਦੇ ਦੇ ਮਾਲਕ ਸ਼ੇਰ ਸਿੰਘ ਨੇ ਬੇਵਸੀ ਵਿੱਚ ਕਿਹਾ, "ਕੱਚਾ ਪੱਕਾ ਸੰਭਾਲੋ"। ਜਿਸ ਤੋਂ ਪੰਚਾਂ ਨੇ ਇਹ ਸਮਝਿਆ ਕਿ ਉਹਨਾਂ ਨੂੰ ਆਪ ਹੀ ਮਾਮਲਾ ਸੁਲਝਾਉਣ ਲਈ ਖੁਲ੍ਹੀ ਛੁੱਟੀ ਦੇ ਦਿੱਤੀ ਗਈ ਸੀ।[30]

ਮਹਾਰਾਜਾ ਆਪਣੇ ਪ੍ਰਸ਼ੰਸਕਾਂ ਦੀਆਂ ਆਸਾਂ ਉਮੀਦਾਂ 'ਤੇ ਪੂਰਾ ਨਾ ਉਤਰਿਆ। ਜਦੋਂ ਸੈਨਾ ਵਿੱਚ ਖੁਲ੍ਹਮਖੁਲ੍ਹੀ ਬਗ਼ਾਵਤ ਹੋ ਗਈ ਤਾਂ ਉਸ ਨੇ ਸੈਨਿਕਾਂ ਨੂੰ ਪੂਰੀ ਤਰਕ ਸਹਿਤ ਕਿਹਾ ਕਿ ਉਹ ਸੂਝ ਤੋਂ ਕੰਮ ਲੈਣ ਤੇ ਉਸ ਕੋਲ ਜਿਤਨਾ ਵੀ ਪੈਸਾ ਸੀ, ਉਹਨਾਂ ਦੇ ਹਵਾਲੇ ਕਰ ਦਿੱਤਾ। ਆਪਣੇ ਰਾਜ ਦੇ ਪਹਿਲੇ 6 ਮਹੀਨਿਆਂ ਵਿੱਚ ਉਸ ਨੇ ਫ਼ੌਜ ਨੂੰ 95 ਲੱਖ ਰੁਪੈ ਦਿੱਤੇ। ਪ੍ਰੰਤੂ ਇਸ ਨਾਲ ਵੀ ਸੈਨਿਕ ਖ਼ੁਸ਼ ਨਾ ਹੋਏ। ਉਹਨਾਂ ਨੇ ਉਸ ਨੂੰ ਗੱਦੀ ਤੋਂ ਲਾਹ ਦੇਣ ਦੀ ਧਮਕੀ ਦੇ ਦਿੱਤੀ। ਉਹਨਾਂ ਦਾ ਦ੍ਰਿੜ੍ਹਤਾ ਨਾਲ ਮੁਕਾਬਲਾ ਕਰਨ ਦੀ ਥਾਂ ਸ਼ੇਰ ਸਿੰਘ ਸ਼ਰਾਬ ਦੇ ਪਿਆਲੇ, ਵੇਸਵਾਂ ਦੀ ਸੰਗਤ ਤੇ ਮਾਈ ਨਾਲ ਰੰਗ ਰਲੀਆਂ ਵਿੱਚ ਰੁੱਝ ਗਿਆ।[31] ਪੰਜਾਬ ਦੀ ਅਰਦਾਸ ਇਕ ਨਿਰੰਕੁਸ਼ ਸ਼ਾਸਕ ਲਈ ਸੀ। ਜੋ ਉਹਨਾਂ ਨੂੰ ਮਿਲਿਆ ਉਹ ਇਕ ਸੁੰਦਰ ਅਲਬੇਲਾ ਹਾਕਮ ਮਿਲਿਆ ਜਿਸ ਨੂੰ ਪ੍ਰਸ਼ਾਸਨਿਕ ਮਾਮਲਿਆਂ ਤੇ ਰਾਜਨੀਤੀ ਨਾਲੋਂ ਫਰਾਂਸੀਸੀ ਸ਼ਰਾਬਾਂ ਤੇ ਅਤਰਾਂ ਸੁਗੰਧੀਆਂ ਦੀ ਜਾਣਕਾਰੀ ਵਧੇਰੇ ਸੀ।

ਸ਼ੇਰ ਸਿੰਘ ਦੀ ਜਾਨਸ਼ੀਨੀ ਪ੍ਰਤੀ ਅੰਗਰੇਜ਼ਾਂ ਦਾ ਵਤੀਰਾ ਗੁੰਝਲਦਾਰ ਤੇ ਅਸਪੱਸ਼ਟ ਸੀ। ਗਵਰਨਰ ਜਨਰਲ ਉਸ ਨੂੰ ਪੰਜਾਬ ਦਾ ਹਾਕਮ ਤਾਂ ਪ੍ਰਵਾਨ ਕਰਦਾ ਸੀ ਪਰ ਨਾਲ

---

30. ਕਾਰਮਾਈਕਲ ਸਮਿੱਥ ਨੇ "ਹਿਸਟਰੀ ਔਫ ਦੀ ਰੇਨਿੰਗ ਫੈਮਿਲੀ ਔਫ ਲਾਹੌਰ" ਪੰਨਾ 87 ਵਿੱਚ ਲਿਖਿਆ ਹੈ : "ਦੋ ਯੂਰਪੀਨ ਅਫ਼ਸਰ ਕਰਨਲ ਫਾਕਸ ਤੇ ਮੇਜਰ ਫੋਰਡ ਗੋਲੀ ਨਾਲ ਉਡਾ ਦਿੱਤੇ ਗਏ। ਕੋਰਟ ਮਸਾਂ ਹੀ ਜਾਨ ਬਚਾ ਸਕਿਆ। ਵੈਂਤੂਰਾ ਦੇ ਘਰ ਤੇ ਪਹਿਰਾ ਲਾਇਆ ਗਿਆ। ਐਵਿਤਾਬਾਈਲ ਨੇ ਪਿਸ਼ਾਵਰ ਵਿੱਚ ਅੰਗਰੇਜ਼ ਪ੍ਰਤਿਨਿਧ ਨੂੰ ਯੂਰਪ ਵਿੱਚ ਨੱਠ ਜਾਣ ਲਈ ਸਹਾਇਤਾ ਕਰਨ ਲਈ ਬੇਨਤੀ ਕੀਤੀ। ਕਸ਼ਮੀਰ ਦੇ ਗਵਰਨਰ ਜਨਰਲ ਮੀਹਾਂ ਸਿੰਘ ਤੇ ਅੰਮ੍ਰਿਤਸਰ ਦੀ ਕਿਲ੍ਹੇਦਾਰ ਫ਼ੌਜ ਦੇ ਕਮਾਂਡਰ ਸੋਭਾ ਸਿੰਘ ਦਾ ਕਤਲ ਕਰ ਦਿੱਤਾ ਗਿਆ। ਜਮਾਦਾਰ ਖ਼ੁਸ਼ਹਾਲ ਸਿੰਘ, ਉਹਦਾ ਭਤੀਜਾ ਤੇਜ ਸਿੰਘ ਤੇ ਲਹਿਣਾ ਸਿੰਘ ਮਜੀਠੀਆ ਨੇ ਆਪਣੇ ਘਰਾਂ ਵਿੱਚ ਮੋਰਚਾਬੰਦੀ ਕਰ ਲਈ।
31. 24 ਜਨਵਰੀ 1841 ਨੂੰ ਇਕ ਬੁੱਢੇ ਸਰਦਾਰ ਨੇ ਭਰੇ ਦਰਬਾਰ ਵਿੱਚ ਸੁਝਾਅ ਪੇਸ਼ ਕੀਤਾ ਕਿ ਸ਼ੇਰ ਸਿੰਘ ਆਪਣੀ ਵਿਧਵਾ ਭਰਜਾਈ 'ਚੇ ਚਾਦਰ ਪਾ ਲਵੇ। ਐਸ.ਸੀ. 97 ਮਿਤੀ 8.3.1841.

    ਚੰਦ ਕੌਰ ਦਾ ਅੰਤ ਦੁਖਦਾਈ ਹੋਇਆ। 11 ਜੂਨ 1842 ਨੂੰ ਉਹਦੀਆਂ ਨੌਕਰਾਣੀਆਂ ਨੇ ਹੀ ਉਸ ਨੂੰ ਕਤਲ ਕਰ ਦਿੱਤਾ। ਦੋਸ਼ੀਆਂ ਨੂੰ ਗਰਿਫ਼ਤਾਰ ਤਾਂ ਕਰ ਲਿਆ ਗਿਆ ਪਰ ਉਹਨਾਂ ਦੇ ਸੱਚ ਦੱਸਣ ਤੋਂ ਪਹਿਲਾਂ ਹੀ, ਉਹਨਾਂ ਦੀਆਂ ਜੀਭਾਂ ਵੱਢ ਦਿੱਤੀਆਂ ਗਈਆਂ ਤੇ ਧਿਆਨ ਸਿੰਘ ਦੇ ਹੁਕਮ ਤੇ ਉਹਨਾਂ ਨੂੰ ਕਤਲ ਕਰ ਦਿੱਤਾ ਗਿਆ। ਇਸ ਕਾਰਨ ਪ੍ਰੇਮ ਸਿੰਘ ਵਰਗੇ ਇਤਿਹਾਸਕਾਰਾਂ ਨੇ ਧਿਆਨ ਸਿੰਘ 'ਤੇ ਸ਼ੱਕ ਪ੍ਰਗਟ ਕੀਤਾ ਹੈ। (ਮਹਾਰਾਜਾ ਸ਼ੇਰ ਸਿੰਘ, ਪੰਨਾ 163-70) ਕਨਿੰਘਮ ਸ਼ੇਰ ਸਿੰਘ ਨੂੰ ਦੋਸ਼ੀ ਮੰਨਦਾ ਹੈ। ਪੰਨਾ 261. ਇਸ ਕਤਲ ਦਾ ਸੰਕੇਤ ਕਲਾਰਕ ਨੇ ਆਪਣੀ ਸਰਕਾਰ ਨੂੰ 15 ਜੂਨ 1842 ਨੂੰ ਲਿਖੇ ਪੱਤਰ ਵਿੱਚ ਕੀਤਾ ਹੈ।

ਹੀ ਉਸ ਨੇ ਅਜੀਤ ਸਿੰਘ ਸੰਧਾਵਾਲੀਆ[32] ਨੂੰ ਪਨਾਹ ਦੇ ਰੱਖੀ ਸੀ ਤੇ ਜਦੋਂ ਉਹ ਪੰਜਾਬ ਤੇ ਹਮਲਾ ਕਰਨ ਲਈ ਫ਼ੌਜ ਭਰਤੀ ਕਰ ਰਿਹਾ ਸੀ ਤਾਂ ਉਸ ਨੇ ਉਸ ਨੂੰ ਰੋਕਣ ਲਈ ਕੋਈ ਕਦਮ ਨਾ ਉਠਾਇਆ।

ਮਹਿਲਾਂ ਵਿੱਚ ਹੋ ਰਹੀਆਂ ਘਿਨਾਉਣੀਆਂ ਕਾਰਵਾਈਆਂ ਬਾਰੇ ਫੈਲੀਆਂ ਕਹਾਣੀਆਂ ਨੇ ਦਰਬਾਰ ਦਾ ਰਿਹਾ ਸਿਹਾ ਸਨਮਾਨ ਵੀ ਲੋਕਾਂ ਵਿੱਚੋਂ ਖ਼ਤਮ ਕਰ ਦਿੱਤਾ। ਅੰਗਰੇਜ਼ ਸਰਕਾਰ ਨੇ ਇਕ ਪ੍ਰਭੂਤਾ ਸੰਪੰਨ ਸਰਕਾਰ ਨੂੰ ਇਸ ਦਾ ਬਣਦਾ ਜ਼ਾਇਜ਼ ਮਾਨ ਸਤਿਕਾਰ ਦੇਣ ਤੋਂ ਨਾਂਹ ਕਰਕੇ ਰਾਜ ਦੀਆਂ ਔਕੜਾਂ ਵਿੱਚ ਹੋਰ ਵਾਧਾ ਕਰ ਦਿੱਤਾ। ਮੇਜਰ ਬਰੋਡਫੁੱਟ ਵੱਲੋਂ ਆਪਣੀ ਮਹਿਮਾਨਨਿਵਾਜ਼ੀ ਦੀ ਖੁਲ੍ਹਮਖੁੱਲ੍ਹੀ ਦੁਰਵਰਤੋਂ ਦਾ ਮਾਮਲਾ ਇਸ ਦੀ ਉਦਾਹਰਨ ਸੀ। ਬਰੋਡਫੁਟ ਨੂੰ ਸ਼ਾਹ ਜ਼ਮਾਨ ਤੇ ਸ਼ਾਹ ਸ਼ੁਜਾਹ ਦੇ ਹਰਮਾਂ (ਰਾਣੀਆਂ) ਨਾਲ ਪੰਜਾਬ ਰਾਹੀਂ ਅਫ਼ਗਾਨਿਸਤਾਨ ਜਾਣ ਦੀ ਆਗਿਆ ਦਿੱਤੀ ਗਈ ਸੀ ਤੇ ਮੁਸਲਮਾਨ ਸੈਨਿਕ ਵੀ ਮਾਰਗ ਰਖਿਅਕਾਂ ਵਜੋਂ ਦਿੱਤੇ ਗਏ ਸਨ। ਉਸ ਦਾ ਵਤੀਰਾ ਸ਼ੁਰੂ ਤੋਂ ਹੀ ਬੜਾ ਆਕਰਮਣਸ਼ੀਲ ਸੀ ਤੇ ਕਈ ਵਾਰ ਉਸ ਨੇ ਆਪਣੇ ਆਦਮੀਆਂ ਨੂੰ ਉਹਨਾਂ ਪੰਜਾਬੀਆਂ ਉੱਪਰ ਗੋਲੀ ਚਲਾਉਣ ਦਾ ਹੁਕਮ ਦਿੱਤਾ ਜੋ ਉਸ ਦੀ ਟੋਲੀ ਦੇ ਕਦੇ ਸੁਭਾਵਿਕ ਹੀ ਨੇੜੇ ਆ ਜਾਂਦੇ ਸਨ। ਦਰਬਾਰ ਨੇ ਅਜਿਹੇ ਤੇ ਇਸ ਤੋਂ ਵੀ ਭੈੜੇ ਵਤੀਰੇ ਨੂੰ ਸਹਿਣ ਕੀਤਾ। ਜਦੋਂ ਬਰੋਡਫੁੱਟ ਨੇ ਸਿੰਧ ਪਾਰ ਕਰ ਲਿਆ ਤਾਂ ਉਸ ਨੇ ਪਠਾਨ ਕਬਾਇਲੀਆਂ ਨੂੰ ਦਰਬਾਰ ਦੇ ਵਿਰੁੱਧ ਵਿਦਰੋਹ ਕਰਨ ਲਈ ਕਿਹਾ।[33]

---

32. ਐਸ ਸੀ. 89 ਮਿਤੀ 8.2.1841.

33. "ਇਹ ਨਹੀਂ ਜਾਪਦਾ ਕਿ ਬਰੋਡਫੁੱਟ ਦੇ ਡਰ ਦਾ ਕੋਈ ਤਰਕਸੰਗਤ ਆਧਾਰ ਸੀ। ਉਸ ਦੀ ਸਾਰੀ ਕਾਰਵਾਈ ਨੇ ਸਿੱਖਾਂ ਨੂੰ ਚਿੜ੍ਹਾਇਆ ਤੇ ਉਹਨਾਂ ਦੇ ਅੰਗਰੇਜ਼ਾਂ ਪ੍ਰਤੀ ਅਵਿਸ਼ਵਾਸ ਨੂੰ ਵਧਾਇਆ ਤੇ ਸ਼ੇਰ ਸਿੰਘ ਨੂੰ ਖ਼ਾਸ ਕਰਕੇ ਇਹ ਮੌਕਾ ਦਿੱਤਾ ਜਿਸ ਕਰਕੇ ਉਹ ਆਪਣੀ ਬਾਗੀ ਹੋ ਰਹੀ ਸੈਨਾ ਨੂੰ ਕਹਿਣ ਜੋਗਾ ਹੋ ਗਿਆ ਕਿ ਉਹ ਅੰਗਰੇਜ਼ ਸੈਨਾ ਵੱਲੋਂ ਘਿਰਿਆ ਹੋਇਆ ਹੈ ਜੋ ਉਹਨਾਂ 'ਤੇ ਹਮਲਾ ਕਰਨਾ ਚਾਹੁੰਦੀ ਵੀ ਹੈ ਤੇ ਤਿਆਰ ਵੀ ਬੈਠੀ ਹੈ।" (ਕੈਪਟਨ ਜੇ.ਡੀ. ਕਨਿੰਘਮ, ਹਿਸਟਰੀ ਔਫ ਦੀ ਪੰਜਾਬ, ਪ੍ਰਥਮ ਸੰਸਕਰਨ, ਪੰਨਾ 245) ਮਿਸਜ਼ ਹੈਨਰੀ ਲਾਰੰਸ ਵੱਲੋਂ 26 ਮਈ, 1841 ਨੂੰ ਲਿਖੀਆਂ ਹੇਠਲੀਆਂ ਪੰਕਤੀਆਂ, ਜਦ ਪੰਜਾਬੀ ਫ਼ੌਜਾਂ ਅੰਗਰੇਜ਼ਾਂ ਦੀ ਸਹਾਇਤਾ ਕਰ ਰਹੀਆਂ ਸਨ, ਅੰਗਰੇਜ਼ਾਂ ਦੀ ਸੋਚ ਵੱਲ ਸੰਕੇਤ ਕਰਦੀਆਂ ਹਨ : "ਹਰ ਪਾਸੇ ਜੰਗ ਤੇ ਜੰਗ ਦੀਆਂ ਅਫ਼ਵਾਹਾਂ ਹਨ ਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਗਲੀਆਂ ਸਰਦੀਆਂ ਵਿੱਚ ਪੰਜਾਬ ਉੱਪਰ ਅਧਿਕਾਰ ਕਰਨ ਦੇ ਲਟਕ ਰਹੇ ਸੁਆਲ ਦਾ ਫ਼ੈਸਲਾ ਹੋ ਜਾਵੇਗਾ। ਹੈਨਰੀ ਆਪਣੀ ਸਿਵਲ ਤੇ ਫ਼ੌਜੀ ਪਦਵੀ ਕਾਰਨ ਹਰ ਕਾਰਵਾਈ ਵਿੱਚ ਹਿੱਸਾ ਲਵੇਗਾ।"

ਲਾਰਡ ਐਲਨਬਰੋ ਵੱਲੋਂ 15 ਅਕਤੂਬਰ 1841 ਨੂੰ ਡਿਊਕ ਆਫ਼ ਵੈਲਿੰਗਟਨ ਨੂੰ ਲਿਖਿਆ ਪੱਤਰ ਵੀ ਬਹੁਤ ਭੇਤ ਖੋਲ੍ਹਦਾ ਹੈ : "ਮੈਂ ਲਾਰਡ ਫਿਟਜਰੋਇ ਨੂੰ ਬੇਨਤੀ ਕੀਤੀ ਹੈ ਕਿ ਉਹ ਲੈਫਟੈਨ ਡਿਊਰੈਂਡ ਨੂੰ, ਪੰਜਾਬ ਬਾਰੇ ਜੋ ਵੀ ਉਹ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ, ਪ੍ਰਾਪਤ ਕਰਨ ਲਈ ਨਿਯੁਕਤ ਕਰੇ ਤੇ ਤੁਹਾਡੇ ਵਿਚਾਰ ਲਈ ਮੁਲਕ ਬਾਰੇ ਯਾਦ-ਪੱਤਰ ਤਿਆਰ ਕਰੇ। ਮੈਂ ਤੁਹਾਡੇ ਵਿਚਾਰ ਉਹਨਾਂ ਆਮ ਸਿਧਾਂਤਾਂ ਬਾਰੇ ਉਸ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਕੌਮੀ ਹਿਤ ਵਿਰੁੱਧ ਦਰਬਾਰੀਆਂ, ਸਰਦਾਰਾਂ, ਅਫ਼ਸਰਾਂ ਦੀ ਗੱਦਾਰੀ ਦੇ ਕਈ ਮਾਮਲਿਆਂ ਤੇ ਬਰੋਡਫੁੱਟ ਦੀ ਘਟਨਾ ਮਗਰੋਂ ਪੰਜਾਬ ਦੀ ਸੈਨਾ ਨੇ ਮਜ਼ਬੂਰ ਹੋ ਕੇ ਰਾਜ-ਕਾਜ ਦੇ ਮਾਮਲਿਆਂ ਵਿੱਚ ਆਪਣੀ ਆਵਾਜ਼ ਦਰਬਾਰ ਵਿੱਚ ਪਹੁੰਚਾਈ। ਇਕੋ ਇਕ ਸੰਸਥਾ ਜਿਸ ਬਾਰੇ ਉਹਨਾਂ ਦੀ ਜਾਣਕਾਰੀ ਸੀ, ਉਹ ਕੇਵਲ ਪੰਚਾਇਤ ਹੀ ਸੀ। ਜੋ ਉਹਨਾਂ ਪਿੰਡਾਂ ਦੇ ਮਾਮਲਿਆਂ ਦਾ ਪ੍ਰਬੰਧ ਕਰਦੀ ਸੀ, ਜਿਹਨਾਂ ਵਿੱਚੋਂ ਉਹ ਆਏ ਸਨ। ਇਹੋ ਵਿਵਸਥਾ ਸੈਨਾ ਵਿੱਚ ਵੀ ਚਾਲੂ ਕੀਤੀ ਗਈ ਸੀ ਜਿੱਥੇ ਹਰ ਪਲਟਨ ਆਪਣੇ ਪੰਚਾਂ ਦੀ ਚੋਣ ਕਰਦੀ ਸੀ ਜਿਹਨਾਂ ਦਾ ਕੰਮ ਕਮਾਂਡਰਾਂ ਦੇ ਹੁਕਮਾਂ ਉੱਪਰ ਵਿਚਾਰ ਕਰਕੇ ਉਹਨਾਂ ਬਾਰੇ ਆਪਣੀਆਂ ਸਿਫ਼ਾਰਸ਼ਾਂ ਕਰਨਾ ਤੇ ਫ਼ੌਜੀਆਂ ਨੂੰ ਅਮਲ ਕਰਨ ਲਈ ਕਹਿਣਾ ਹੁੰਦਾ ਸੀ। ਫ਼ੌਜ ਵਿੱਚ ਪੰਚਾਇਤਾਂ ਰਾਹੀਂ ਕੋਈ ਉੱਚਿਤ ਪ੍ਰਬੰਧਕ ਵਿਵਸਥਾ ਵਿਕਸਿਤ ਨਾ ਹੋਈ ਤੇ ਬਹੁਤਾ ਕੁਝ ਚੁਣੇ ਹੋਏ ਵਿਅਕਤੀਆਂ ਦੀ ਯੋਗਤਾ 'ਤੇ ਹੀ ਨਿਰਭਰ ਹੁੰਦਾ ਸੀ। ਆਪਣਾ ਪ੍ਰਭਾਵ ਕਾਇਮ ਰੱਖਣ ਲਈ ਪੰਚ ਵਧੇਰੇ ਰਿਆਇਤਾਂ ਲੈਣ ਤੇ ਤਨਖ਼ਾਹਾਂ ਵਧਾਉਣ 'ਤੇ ਜ਼ੋਰ ਦਿੰਦੇ ਸਨ, ਜੋ ਅਸਹਿ ਸਨ। ਕੁਝ ਸਰੇਸ਼ਠ ਤੇ ਬਜ਼ੁਰਗ ਪੰਚ ਪਦਵੀਆਂ ਨਿਲਾਮ ਕਰਦੇ ਸਨ ਤੇ ਉਹ ਸੈਨਾ ਨੂੰ ਆਪਣੇ ਹੁਕਮ ਪਹੁੰਚਾਉਣ ਲਈ "ਕਾਰ ਪੰਚਾਂ" ਦੀ ਨਿਯੁਕਤੀ ਕਰਦੇ ਸਨ। ਇਸ ਦੇ ਸਿੱਟੇ ਬਹੁਤ ਗੰਭੀਰ ਤੇ ਤਬਾਹਕੁਨ ਹੋਏ। ਸੈਨਾ ਅਨੁਸ਼ਾਸਨ ਰਹਿਤ ਹੋ ਗਈ ਤੇ ਸੈਨਿਕ ਮਾਮਲਿਆਂ ਦੇ ਵਧੇਰੇ ਅਨੁਭਵ ਵਾਲੇ ਅਫ਼ਸਰਾਂ ਦੀ ਅਗਵਾਈ ਤੋਂ ਸੱਖਣੀ ਹੋ ਗਈ।

ਜਦੋਂ ਦਰਬਾਰ ਵਿਦਰੋਹੀ ਤੇ ਫਸਾਦੀ ਸੈਨਿਕਾਂ ਨੂੰ ਸ਼ਾਂਤ ਕਰਨ ਤੇ ਅੰਗਰੇਜ਼ਾਂ ਨੂੰ ਅਫ਼ਗਾਨਿਸਤਾਨ ਦੇ ਸੰਕਟ ਵਿੱਚ ਸਹਾਇਤਾ ਦੇਣ ਲਈ ਰੁੱਝਾ ਹੋਇਆ ਸੀ ਤਦ ਡੋਗਰਿਆਂ ਨੇ ਤਿੱਬਤ ਦੀ ਜਿੱਤ ਲਈ ਦੂਸਰਾ ਪੜਾਅ ਸ਼ੁਰੂ ਕਰ ਲਿਆ। ਜੰਮੂ ਦੀ ਸੀਮਾ ਤੇ ਜਿਹਲਮ ਵਾਦੀ ਜਿਸ ਨੂੰ ਗਵਰਨਰ ਦੇ ਕਤਲ ਕੀਤੇ ਜਾਣ ਪਿੱਛੋਂ ਗੁਲਾਬ ਸਿੰਘ ਡੋਗਰੇ ਨੇ ਆਪਣੇ ਅਧਿਕਾਰ ਹੇਠ ਲੈ ਲਿਆ ਸੀ, ਉਸ ਦਾ ਹਿਮਾਲਾ ਤੋਂ ਪਾਰ

ੳ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਮੁਲਕ ਤੇ ਹਮਲਾ ਕਰਨ ਵਾਸਤੇ ਜਾਣਨ ਲਈ ਉਤਾਵਲਾ ਹਾਂ ਜਿਹਨਾਂ ਨੂੰ ਸਾਮ੍ਹਣੇ ਰੱਖ ਕੇ ਮੁਹਿੰਮ ਦਾ ਸੰਚਾਲਨ ਕੀਤਾ ਜਾਵੇ।' ਉਸ ਨੇ ਡਿਉਰੈਂਡ ਦੇ ਪੱਤਰ ਪਿੱਛੋਂ 26 ਅਕਤੂਬਰ ਨੂੰ ਇਕ ਹੋਰ ਪੱਤਰ ਵਿੱਚ ਇਹ ਵੇਰਵਾ ਦਿੱਤਾ। "ਇਸ ਵਕਤ ਫ਼ਿਰੋਜ਼ਪੁਰ ਵਿੱਚ 12000 ਆਦਮੀ ਸਿੱਖਾਂ 'ਤੇ ਨਜ਼ਰ ਰੱਖਣ ਲਈ ਤੇ ਲੋੜ ਪੈਣ 'ਤੇ ਹਮਲਾ ਕਰਨ ਲਈ ਇਕੱਠੇ ਕਰ ਲਏ ਗਏ ਹਨ।"

"ਜੋ ਵੀ ਅਧੂਰੀ ਜਾਣਕਾਰੀ ਆਪ ਨੂੰ ਦਿੱਤੀ ਗਈ ਹੈ ਉਸ ਆਧਾਰ 'ਤੇ ਮੈਂ ਆਪ ਦੀ ਰਾਏ ਜਾਣਨ ਦਾ ਇੱਛੁਕ ਹਾਂ ਕਿ ਪੰਜਾਬ ਉੱਪਰ ਹਮਲਾ ਕਰਨ ਦੀ ਵਧੀਆ ਵਿਧੀ ਕੀ ਹੋ ਸਕਦੀ ਹੈ।" ਗੰਡਾ ਸਿੰਘ, ਪਰਾਈਵੇਟ ਕਾਰੈਸਪੋਂਡੈਂਸ ਰੀਲੇਟਿੰਗ ਟੂ ਐਂਗਲੋ ਸਿੱਖ ਵਾਰਜ਼", ਪੰਨਾ 47.

ਅੰਗਰੇਜ਼ੀ ਅਖ਼ਬਾਰ ਜੋ ਭਾਰਤ ਵਿੱਚ ਛਪਦੇ ਸਨ, ਉਹਨਾਂ ਵਿੱਚ ਕਈ ਵਾਰ ਪੰਜਾਬ ਵਿਰੁੱਧ ਅੰਗਰੇਜ਼ੀ ਸਰਕਾਰ ਦੀਆਂ ਵਿਉਂਤਾਂ ਦੇ ਸੰਕੇਤ ਸਨ। ਸ਼ੇਰ ਸਿੰਘ ਨੇ ਮਾਡੋਕ ਕੋਲ ਉਸ ਸਮੇਂ ਰੋਸ ਵੀ ਪ੍ਰਗਟ ਕੀਤਾ ਜਦੋਂ ਉਹ ਦਰਬਾਰ ਵਿੱਚ ਬਰਤਾਨਵੀ ਪ੍ਰਤਿਨਿਧ ਮੰਡਲ ਲੈ ਕੇ ਆਇਆ ਸੀ। (ਐਸ.ਸੀ. ਮਿਤੀ 15.1.1843)

ਵਿਸਥਾਰ ਕਰਨ ਦੇ ਆਰਥਕ ਕਾਰਨ ਸਨ। ਜਦ ਤੋਂ ਅੰਗਰੇਜ਼ਾਂ ਨੇ ਆਪਣੀ ਸੀਮਾ ਸਤਲੁਜ ਤੱਕ ਵਧਾ ਲਈ ਸੀ ਉਸ ਸਮੇਂ ਤੋਂ ਹੀ ਤਿੱਬਤੀ ਕਾਫ਼ਲੇ ਜੋ ਕਸ਼ਮੀਰ ਵਿੱਚੋਂ ਦੀ ਲੰਘਦੇ ਸਨ, ਉਹਨਾਂ ਨੇ ਬੁਸ਼ਹਿਰ ਵਿੱਚੋਂ ਲੰਘਣਾ ਸ਼ੁਰੂ ਕਰ ਦਿੱਤਾ ਸੀ। ਕਸ਼ਮੀਰੀ ਸ਼ਾਲ ਬੁਣਕਰਾਂ ਨੂੰ ਜੋ ਜ਼ਿਆਦਾ ਕਰਕੇ ਉੱਨ ਲੱਦਾਖ ਤੇ ਲ੍ਹਾਸਾ 'ਚੋਂ ਲੈਂਦੇ ਸਨ, ਉਹਨਾਂ ਨੂੰ ਬਹੁਤ ਨੁਕਸਾਨ ਹੋਇਆ। ਇਸ ਨਾਲ ਕਸ਼ਮੀਰ ਦੇ ਉੱਨ ਉਦਯੋਗ ਦੇ ਸਮਾਪਤ ਹੋਣ ਦਾ ਡਰ ਪੈਦਾ ਹੋ ਗਿਆ। ਇਸ ਤੋਂ ਬਿਨਾਂ ਗਾਰੋ ਪਰਦੇਸ਼ ਦਾ ਰੁਹਤਕ ਜ਼ਿਲ੍ਹਾ ਜੋ ਸੋਨੇ, ਨਮਕ, ਸੁਹਾਗਾ ਤੇ ਗੰਧਕ ਲਈ ਬਹੁਤ ਪ੍ਰਸਿੱਧ ਸੀ ਤੇ ਇਕ ਉੱਨਤ ਮੰਡੀ ਸੀ, ਉੱਥੋਂ ਮੱਧ ਏਸ਼ੀਆ ਦੇ ਕਈ ਭਾਗਾਂ ਨੂੰ ਮਾਲ ਭੇਜਿਆ ਜਾਂਦਾ ਸੀ। ਰਾਜਸੀ ਹੱਦਾਂ ਵਧਾਉਣ ਦੇ ਕਈ ਹੋਰ ਸਹਾਇਕ ਕਾਰਨ ਵੀ ਸਨ। ਉੱਤਰ ਵੱਲ ਪਹਿਲਾਂ ਵਾਰ ਕਰਕੇ ਤੇ ਫਿਰ ਪੂਰਬ ਵੱਲ ਵਧ ਕੇ ਪੰਜਾਬ ਦੀ, ਹਿੰਦੁਸਤਾਨ ਦੀ ਇਕੋ ਇਕ ਹੋਰ ਆਜ਼ਾਦ ਰਿਆਸਤ ਨਿਪਾਲ ਨਾਲ ਸਾਂਝੀ ਸੀਮਾ ਹੋ ਜਾਣੀ ਸੀ ਤੇ ਇਸ ਤਰ੍ਹਾਂ ਅੰਗਰੇਜ਼ਾਂ ਵੱਲੋਂ ਘੇਰੇ ਜਾਣ ਦੀ ਸੰਭਾਵਨਾ ਤੋਂ ਸੁਰੱਖਿਆ ਪ੍ਰਾਪਤ ਹੋ ਸਕਦੀ ਸੀ।

ਜ਼ੋਰਾਵਰ ਸਿੰਘ ਡੋਗਰੇ ਨੇ 1834 ਈਸਵੀ ਵਿੱਚ ਲੱਦਾਖ 'ਤੇ ਅਧਿਕਾਰ ਕਰ ਲਿਆ ਸੀ ਤੇ ਫਿਰ ਉਹ ਇਸਕਰਦੂ ਉੱਪਰ ਅਧਿਕਾਰ ਕਰਕੇ ਥੋੜ੍ਹਾ ਜਿਹਾ ਅੱਗੇ ਵੱਧ ਕੇ ਸਿੰਧ ਦਰਿਆ ਦੀਆਂ ਦੋ ਸਹਾਇਕ ਨਦੀਆਂ ਦੇ ਸੰਗਮ ਤੱਕ ਘੁੱਸ ਗਿਆ ਸੀ। ਤੇ ਇਹਨਾਂ ਪਹਾੜੀ ਖੇਤਰਾਂ ਵੱਲ ਪਹੁੰਚਣ ਦਾ ਇਕ ਹੋਰ ਰਸਤਾ ਮੰਡੀ ਤੇ ਕੁੱਲੂ ਉੱਪਰ ਅਧਿਕਾਰ ਕਰਕੇ ਖੋਲ੍ਹ ਦਿੱਤਾ ਗਿਆ ਸੀ। ਡੋਗਰਾ ਜਰਨੈਲ ਨੇ ਇਹਨਾਂ ਥਾਵਾਂ ਤੋਂ ਅੱਗੇ ਵਧਣ ਲਈ ਉੱਤਰ ਵੱਲ ਤੇ ਦੂਸਰਾ ਪੂਰਬ ਵਿੱਚ ਨਿਪਾਲ ਦੀ ਸੀਮਾ ਵੱਲ ਵਧਣ ਦਾ ਫ਼ੈਸਲਾ ਕਰ ਲਿਆ।

ਹਮਲਾ ਕਰਨ ਦਾ ਕਾਰਨ ਲੱਭਣਾ ਮੁਸ਼ਕਲ ਨਹੀਂ ਸੀ। 1841 ਈ: ਵਿੱਚ ਜ਼ੋਰਾਵਰ ਸਿੰਘ ਨੇ ਗਾਰੋ ਨੂੰ ਪੰਜਾਬ ਨਾਲ ਮਿਲਾਉਣ ਦੀ ਮੰਗ ਇਸ ਆਧਾਰ 'ਤੇ ਕਰ ਦਿੱਤੀ ਕਿ ਗਾਰੋ, ਇਸਕਰਦੂ ਦਾ ਅਧੀਨ ਇਲਾਕਾ ਸੀ ਤੇ ਇਸਕਰਦੂ ਹੁਣ ਪੰਜਾਬ ਦਾ ਇਕ ਪ੍ਰਾਂਤ ਸੀ। ਬਦਲੇ ਹਾਲਾਤ ਅਨੁਸਾਰ ਉਸ ਨੇ ਇਹ ਮੰਗ ਵੀ ਕੀਤੀ ਕਿ ਲ੍ਹਾਸਾ ਪੀਕਿੰਗ ਦੀ ਥਾਂ 'ਤੇ ਲਾਹੌਰ ਨੂੰ ਖਿਰਾਜ ਅਦਾ ਕਰੇ। ਜ਼ੋਰਾਵਰ ਸਿੰਘ ਨੇ ਗਾਰੋ ਵੱਲ ਕੂਚ ਕੀਤਾ ਤੇ ਇਕ ਦੂਸਰਾ ਦਸਤਾ ਕਮਾਉਂ ਦੀਆਂ ਪਹਾੜੀਆਂ ਵੱਲ ਵਧਿਆ ਤਾਂ ਜੋ ਲ੍ਹਾਸਾ ਨਾਲੋਂ ਅੰਗਰੇਜ਼ਾਂ ਦਾ ਸੰਪਰਕ ਟੁੱਟ ਜਾਵੇ। ਜੂਨ 1841 ਵਿੱਚ ਡੋਗਰਿਆਂ ਨੇ ਗਾਰੋ 'ਤੇ ਅਧਿਕਾਰ ਕਰ ਲਿਆ। ਜ਼ੋਰਾਵਰ ਸਿੰਘ ਨੇ ਬੁਸ਼ਹਿਰ ਦੇ ਰਾਜੇ ਨੂੰ ਜਿਹੜਾ ਅੰਗਰੇਜ਼ੀ ਰੱਖਿਆ ਅਧੀਨ ਸੀ, ਜਾਣਕਾਰੀ ਭੇਜਣੀ ਸਿਆਣਪ ਸਮਝੀ। ਗਾਰੋ ਤੋਂ ਡੋਗਰੇ ਅੱਗੇ ਤੁਕਲਾਕੋਟ ਵੱਲ ਵਧੇ। ਉਹਨਾਂ ਦੇ ਵਿਰੁੱਧ ਭੇਜੀ ਗਈ ਤਿੱਬਤੀ ਸੈਨਾ ਖ਼ਤਮ ਕਰ ਦਿੱਤੀ ਗਈ ਤੇ ਕੁਝ ਦਿਨ ਮਗਰੋਂ ਦਰਬਾਰ ਦਾ ਪਰਚਮ ਤੁਕਲਾਕੋਟ ਉੱਪਰ ਲਹਿਰਾ ਦਿੱਤਾ ਗਿਆ। ਡੋਗਰਿਆਂ ਨੇ ਤਿੱਬਤ ਦਾ ਦਿਲ ਵਿਚਕਾਰੋਂ ਚੀਰ ਸੁੱਟਿਆ ਸੀ। ਜਦ ਤੱਕ ਉਹਨਾਂ ਨੇ ਜਿੱਤੇ ਹੋਏ ਇਲਾਕੇ ਵਿੱਚ ਆਪਣੀ ਸਥਿਤੀ ਮਜ਼ਬੂਤ ਕਰ ਲਈ, ਉਸ ਸਮੇਂ ਤੱਕ ਪਹਾੜੀ ਇਲਾਕੇ ਵਿੱਚ ਫ਼ੌਜੀ ਕਾਰਵਾਈ ਕਰਨ ਦਾ ਮੌਸਮ ਲੰਘ ਗਿਆ ਸੀ।

ਅੰਗਰੇਜ਼ ਇਸ ਸੈਨਿਕ ਕਾਰਨਾਮੇ ਨਾਲ ਭੈਭੀਤ ਹੋ ਗਏ।[34] ਤੇ ਉਹਨਾਂ ਦੇ

---

34. ਐਸ.ਸੀ. 71 ਮਿਤੀ 18.10.1841

ਪ੍ਰਤਿਨਿਧ ਨੇ ਮੰਗ ਕੀਤੀ ਕਿ ਦਰਬਾਰ ਆਪਣੀਆਂ ਨਵੀਆਂ ਜਿੱਤਾਂ ਦਾ ਤਿਆਗ ਕਰ ਦੇਵੇ।[35] ਲੁਧਿਆਣਾ ਤੇ ਲਾਹੌਰ ਵਿੱਚ ਜਦੋਂ ਸ਼ਬਦੀ ਜੰਗ ਚਲ ਰਹੀ ਸੀ, ਉਸ ਸਮੇਂ ਚੀਨੀਆਂ ਨੇ ਆਪਣੀਆਂ ਫ਼ੌਜਾਂ ਇਕੱਠੀਆਂ ਕਰ ਲਈਆਂ। ਪਹਿਲੀ ਬਰਫ਼ਬਾਰੀ ਤੇ ਉਹਨਾਂ ਨੇ ਡੋਗਰਿਆਂ ਦੀਆਂ ਅਗਲੀਆਂ ਚੌਕੀਆਂ ਨੂੰ ਘੇਰਾ ਪਾ ਲਿਆ, ਉਹਨਾਂ ਦੀ ਰਸਦ ਪਾਣੀ ਦੀ ਰੇਖਾ ਭੰਗ ਕਰ ਦਿੱਤੀ ਤੇ ਬਾਕੀ ਕੰਮ ਪ੍ਰਕ੍ਰਿਤੀ ਦੇ ਕਰਨ ਲਈ ਛੱਡ ਦਿੱਤਾ।

ਡੋਗਰੇ ਬੜੀਆਂ ਮੁਸ਼ਕਲਾਂ ਵਿੱਚ ਘਿਰ ਗਏ। ਉਹ 12000 ਫੁੱਟ ਦੀ ਉੱਚਾਈ 'ਤੇ ਡਿੱਗ ਰਹੀ ਬਰਫ਼ ਦੇ ਵਿਸ਼ਾਲ ਸਾਗਰ ਵਿੱਚ ਅਲੱਗ ਥਲੱਗ ਹੋ ਗਏ। ਉਹਨਾਂ ਦਾ ਭੋਜਨ ਤੇ ਬਾਲਣ ਖ਼ਤਮ ਹੋ ਗਏ ਤੇ ਸੈਨਿਕ ਤੁਖਾਰ ਦੀ ਮਾਰ ਨਾਲ ਮਰਨ ਲੱਗੇ। ਜ਼ੋਰਾਵਰ ਸਿੰਘ ਨੇ ਪਿੱਛੇ ਹਟਣ ਦੀ ਪੇਸ਼ਕਸ਼ ਕੀਤੀ ਪਰ ਚੀਨੀ ਆਪਣੇ ਪੰਜੇ ਵਿੱਚ ਫਸੇ ਹੋਏ ਪੰਛੀ ਨੂੰ ਨਿਕਲ ਕੇ ਜਾਣ ਦੀ ਆਗਿਆ ਦੇਣ ਲਈ ਤਿਆਰ ਨਹੀਂ ਸਨ। ਚੀਨੀਆਂ ਦਾ ਉੱਤਰ ਸੀ, "ਤੁਸੀਂ ਲੱਦਾਖ 'ਤੇ ਅਧਿਕਾਰ ਕਰ ਲਿਆ ਅਸੀਂ ਚੁੱਪ ਰਹੇ। ਸਿੱਟੇ ਵਜੋਂ ਤੁਹਾਡਾ ਹੌਸਲਾ ਵਧ ਗਿਆ ਤੇ ਤੁਸੀਂ ਗਾਰਟੋਕ ਤੇ ਤੁਕਲਾਕੋਟ ਵੀ ਆਪਣੇ ਕਬਜ਼ੇ ਵਿੱਚ ਕਰ ਲਏ। ਜੇ ਤੁਸੀਂ ਸ਼ਾਂਤੀ ਚਾਹੁੰਦੇ ਹੋ, ਤਾਂ ਲੱਦਾਖ ਛੱਡ ਦਿਉ ਤੇ ਆਪਣੇ ਮੁਲਕ ਵਿੱਚ ਵਾਪਸ ਚਲੇ ਜਾਉ।"[36]

ਡੋਗਰਿਆਂ ਨੂੰ ਮਜ਼ਬੂਰ ਹੋ ਕੇ ਲੜਨਾ ਪਿਆ। ਭੁੱਖ ਤੇ ਠੰਡ ਨੇ ਉਹਨਾਂ ਦੀ ਸਾਰੀ ਸ਼ਕਤੀ ਖ਼ਤਮ ਕਰ ਦਿੱਤੀ ਸੀ। ਉਹਨਾਂ ਨੂੰ ਨਾ ਸਿਰਫ਼ ਇਕ ਅਜਿਹੇ ਦੁਸ਼ਮਣ ਨਾਲ ਲੜਨਾ ਪੈ ਰਿਹਾ ਸੀ ਜੋ ਉਹਨਾਂ ਨਾਲੋਂ ਗਿਣਤੀ ਵਿੱਚ ਦਸ ਗੁਣਾਂ ਜ਼ਿਆਦਾ ਸੀ ਸਗੋਂ ਜੋ ਸਿਆਲੂ ਯੁੱਧ ਲਈ ਪੂਰੀ ਤਰ੍ਹਾਂ ਲੈਸ ਸੀ। 12 ਦਸੰਬਰ 1841 ਈ: ਨੂੰ ਬਹਾਦਰ ਜ਼ੋਰਾਵਰ ਸਿੰਘ ਸ਼ਹੀਦ ਹੋ ਗਿਆ। ਬਾਕੀ ਦੇ ਦਲ ਨੇ ਹਥਿਆਰ ਸੁੱਟ ਦਿੱਤੇ ਤੇ ਸਭ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਤੁਲਾਕੋਟ ਛੱਡ ਦਿੱਤਾ ਗਿਆ। ਬਹਾਰ ਰੁੱਤ ਦੇ ਪੰਘਾਰ ਸਮੇਂ ਆਪਣੇ ਤਿੱਬਤੀ ਇਲਾਕਿਆਂ 'ਤੇ ਮੁੜ ਅਧਿਕਾਰ ਕਰ ਲਿਆ ਤੇ ਇਸਕਰਦੂ ਤੇ ਲੱਦਾਖ ਦੇ ਵਿੱਚ ਆਪਣੇ ਸਹਾਇਕਾਂ ਨੂੰ ਮੁੜ ਸਥਾਪਿਤ ਕਰ ਦਿੱਤਾ। ਸਿਰਫ਼ ਲੇਹ ਵਿੱਚ ਪੰਜਾਬੀ ਪਰਚਮ ਤਿੱਬਤ ਦੀ ਠੰਡੀ ਹਵਾ ਨੂੰ ਲਲਕਾਰਦਾ ਰਿਹਾ।

ਗੁਲਾਬ ਸਿੰਘ ਡੋਗਰੇ ਨੇ ਲੱਦਾਖ ਵੱਲ ਕੁਮਕਾਂ ਭੇਜੀਆਂ। 1842 ਈ: ਦੀ ਬਸੰਤ ਰੁੱਤ ਤੱਕ ਡੋਗਰਾ ਸੈਨਾਵਾਂ ਲੇਹ ਪਹੁੰਚ ਗਈਆਂ ਤੇ ਲੱਦਾਖ 'ਤੇ ਅਧਿਕਾਰ ਕਰਨ ਲਈ

---

35. ਹਿਮਾਲਾ ਦੇ ਪਾਰਲੇ ਪਾਸੇ ਪੰਜਾਬੀ ਜਿੱਤਾਂ ਨਾਲ ਦਰਬਾਰ ਦੇ ਅੰਗਰੇਜ਼ਾਂ ਨਾਲ ਸੰਬੰਧਾਂ ਵਿੱਚ ਕੋਈ ਵਿਗਾੜ ਨਾ ਪਿਆ। ਅੰਗਰੇਜ਼ ਸਰਕਾਰ ਦੀ ਬੇਨਤੀ ਤੇ ਦਰਬਾਰ ਨੇ ਬਰਤਾਨਵੀ ਇਲਾਕੇ ਤੋਂ ਪੰਜਾਬ ਵੱਲ ਆਉਂਦੀਆਂ ਜਾਂਦੀਆਂ ਵਪਾਰਕ ਵਸਤੂਆਂ 'ਤੇ ਚੁੰਗੀ ਨਿਰਧਾਰਿਤ ਕਰ ਦਿੱਤੀ। ਪੰਜਾਬ 'ਚ ਦਾਖਲ ਹੋਣ ਵਾਲੀਆਂ ਵਸਤੂਆਂ 'ਤੇ ਚੁੰਗੀ ਦਰ ਘਟਾਈ ਗਈ ਤੇ ਇਕ ਥਾਂ 'ਤੇ ਹੀ ਵਸੂਲੀ ਜਾਣ ਲੱਗੀ। ਇਸ ਕਾਰਨ ਪੰਜਾਬ ਤੇ ਗੁਆਂਢੀ ਮੁਲਕਾਂ ਵਿੱਚ ਵਪਾਰ ਬਹੁਤ ਵੱਧ ਗਿਆ।

36. ਐਸ.ਸੀ. 59 ਮਿਤੀ 6.12.1841

ਅੱਗੇ ਵਧੀਆਂ। ਉਹਨਾਂ ਦਾ ਅੱਗੇ ਵੱਲ ਕੂਚ ਗਾਰੋ ਵੱਲ ਸਨ੍ਹੀ ਦੀ ਸ਼ਕਲ ਵਿੱਚ ਜਾਰੀ ਰਿਹਾ। ਇਕ ਦਸਤਾ ਅਗਸਤ 1842 ਤੱਕ ਜ਼ਿਲ੍ਹੇ ਦੀ ਸੀਮਾ ਤੱਕ ਪਹੁੰਚ ਗਿਆ ਪ੍ਰੰਤੂ ਇਕ ਅੰਗਰੇਜ਼ ਅਫ਼ਸਰ ਲਫਟੈਣ ਕਨਿੰਘਮ ਨੇ ਜੋ ਉਸ ਸਮੇਂ ਉੱਥੇ ਸੀ, ਦਸਤੇ ਨੂੰ ਅੱਗੇ ਵਧਣ ਤੋਂ ਰੋਕਿਆ। ਦੂਸਰੇ ਦਲ ਨੇ ਇਕ ਚੀਨੀ ਫ਼ੌਜ ਨੂੰ ਤਬਾਹ ਕਰ ਦਿੱਤਾ ਜੋ ਉਹਨਾਂ ਦੇ ਵਿਰੁੱਧ ਲ੍ਹਾਸ਼ਾ ਤੋਂ ਭੇਜੀ ਗਈ ਸੀ।

17 ਅਕਤੂਬਰ 1842 ਨੂੰ ਦਰਬਾਰ ਦੇ ਪ੍ਰਤਿਨਿਧ ਤੇ ਗੁਲਾਬ ਸਿੰਘ ਦੇ ਨਿੱਜੀ ਕਾਰਜਵਾਹਕ ਨੇ ਚੀਨੀ ਸਮਰਾਟ ਦੇ ਇਕ ਪ੍ਰਤਿਨਿਧ ਨਾਲ ਲ੍ਹਾਸਾ ਵਿੱਚ ਇਕ ਸੰਧੀ 'ਤੇ ਦਸਤਖ਼ਤ ਕੀਤੇ। ਇਹ ਸਮਝੌਤਾ ਹੋਇਆ ਕਿ ਲੱਦਾਖ ਤੇ ਲ੍ਹਾਸਾ ਦੀਆਂ ਸੀਮਾਂ ਦੋਹਾਂ ਮੁਲਕਾਂ ਲਈ ਪੱਕੀਆਂ ਤੇ ਅਖੰਡ ਹੋਣਗੀਆਂ ਤੇ ਵਪਾਰ ਲਈ ਖ਼ਾਸ ਕਰਕੇ ਚਾਹ ਤੇ ਪਸ਼ਮੀਨਾ ਉੱਨ ਲਈ ਪਹਿਲਾਂ ਵਾਂਗ ਦੋਵੇਂ ਤਰ੍ਹਾਂ ਲੱਦਾਖ ਵਿੱਚੋਂ ਲੰਘਦੀਆਂ ਰਹਿਣਗੀਆਂ।[37]

ਅਫ਼ਗਾਨਿਸਤਾਨ ਵਿੱਚ ਹਾਲਾਤ ਦੇ ਅਚਾਨਕ ਬਦਲਣ ਨਾਲ ਅੰਗਰੇਜ਼ ਡੋਗਰਿਆਂ ਦੀ ਦਖ਼ਲ-ਅੰਦਾਜ਼ੀ ਰੋਕਣ ਲਈ ਸਰਗਰਮੀ ਨਾਲ ਕੋਈ ਕਾਰਵਾਈ ਨਾ ਕਰ ਸਕੇ। 1841 ਈ: ਦੀ ਪਤਝੱੜ ਵਿੱਚ ਅਫ਼ਗਾਨਾਂ ਨੇ ਵਿਦਰੋਹ ਕਰ ਦਿੱਤਾ ਤੇ ਕਾਬਜ਼ ਅੰਗਰੇਜ਼ੀ ਫ਼ੌਜ ਨੂੰ ਤਬਾਹ ਕਰ ਦਿੱਤਾ। ਜਿਹਨਾਂ ਨੂੰ ਕਤਲ ਕਰ ਦਿੱਤਾ ਗਿਆ ਉਹਨਾਂ ਵਿੱਚ ਸਿੰਧ, ਪੰਜਾਬ ਤੇ ਅਫ਼ਗਾਨਿਸਤਾਨ ਵਿੱਚ ਅੰਗਰੇਜ਼ਾਂ ਦੀ ਵਿਸਥਾਰਵਾਦੀ ਨੀਤੀ ਦਾ ਮੁੱਖ ਨਿਰਮਾਤਾ ਸਰ ਅਲੈਗਜ਼ੈਂਡਰ ਵੀ ਸੀ। ਸ਼ਾਹ ਸ਼ੁਜਾਹ ਨੂੰ ਕਾਬਲ ਦੀ ਗੱਦੀ ਤੇ ਪੁਨਰ-ਸਥਾਪਨ ਦਾ ਯਤਨ ਪੰਜਾਬੀਆਂ ਤੇ ਅੰਗਰੇਜ਼ਾਂ ਦਾ ਸਾਂਝਾ ਕਾਰਜ ਸੀ, ਤੇ ਸਿੱਟੇ ਵਜੋਂ ਦਰਬਾਰ ਅੰਗਰੇਜ਼ੀ ਸੈਨਾ ਦੀ ਕਾਬਲ ਵਿੱਚ ਹੋਈ ਤਬਾਹੀ ਨੂੰ ਅਣਡਿੱਠ ਨਹੀਂ ਕਰ ਸਕਦਾ ਸੀ। ਜਨਰਲ ਅਵਿਤਾਬਾਈਲ ਨੂੰ ਅੰਗਰੇਜ਼ਾਂ ਦੀ ਸਹਾਇਤਾ ਕਰਨ ਦਾ ਆਦੇਸ਼ ਦਿੱਤਾ ਗਿਆ।[38] ਪੰਜਾਬੀਆਂ ਨੇ ਅਲੀ ਮਸਜਿਦ 'ਤੇ ਦੁਬਾਰਾ ਅਧਿਕਾਰ ਕਰ ਲਿਆ ਪ੍ਰੰਤੂ

---

37. ਅੰਗਰੇਜ਼ਾਂ ਨੇ ਲੱਦਾਖ ਦੀ ਸੰਧੀ ਪਹਿਲਾ ਮੌਕਾ ਮਿਲਦਿਆਂ ਹੀ ਰੱਦ ਕਰ ਦਿੱਤੀ। ਜਦੋਂ ਉਹਨਾਂ ਨੇ 1846 ਈ: ਵਿੱਚ ਕਸ਼ਮੀਰ ਗੁਲਾਬ ਸਿੰਘ ਕੋਲ ਵੇਚਿਆ ਤਾਂ ਕੈਪਟਨ ਏ. ਕਨਿੰਘਮ ਜਿਸ ਨੂੰ ਗੁਲਾਬ ਸਿੰਘ ਦੇ ਇਲਾਕੇ ਦੀਆਂ ਉੱਤਰੀ ਤੇ ਪੂਰਬੀ ਸੀਮਾਵਾਂ ਮਿੱਥਣ ਲਈ ਭੇਜਿਆ ਗਿਆ ਸੀ ਤਾਂ ਉਸ ਨੇ ਚੀਨੀ ਤੇ ਤਿੱਬਤੀ ਵਪਾਰੀਆਂ ਨੂੰ ਕਹਿਲਾ ਭੇਜਿਆ ਕਿ ਉਹ ਆਪਣੀਆਂ ਵਸਤੂਆਂ ਬਿਨਾਂ ਕਰ ਦਿੱਤਿਆਂ ਅੰਗਰੇਜ਼ੀ ਇਲਾਕੇ ਵਿੱਚ ਲਿਜਾ ਸਕਦੇ ਸਨ। ਲਾਰਡ ਹਾਰਡਿੰਗ ਨੇ ਇਸ ਅਨੁਸਾਰ ਹੀ ਚੀਨੀਆਂ ਨੂੰ ਲ੍ਹਾਸਾ ਵਿੱਚ ਸੂਚਨਾ ਭੇਜ ਦਿੱਤੀ ਕਿ ਕਸ਼ਮੀਰ ਅੰਗਰੇਜ਼ੀ ਸਰਦਾਰੀ ਅਧੀਨ ਸੀ ਤੇ ਇਹ ਸੁਝਾਅ ਦਿੱਤਾ ਕਿ ਪੁਰਾਣੀ ਸੰਧੀ 'ਚ ਸੋਧ ਕੀਤੀ ਜਾਵੇਗੀ ਤੇ ਹੁਣ ਵਪਾਰ ਕੇਵਲ ਲੱਦਾਖ ਦੇ ਰਸਤੇ ਨਹੀਂ ਹੋਵੇਗਾ। ਇਸ ਦੇ ਫਲਸਰੂਪ 1842 ਦੀ ਲ੍ਹਾਸਾ ਸੰਧੀ ਅਗਸਤ 1846 ਵਿੱਚ ਅੰਗਰੇਜ਼ਾਂ ਦੀ ਇੱਛਾ ਅਨੁਸਾਰ ਦੋਬਾਰਾ ਤਿਆਰ ਕੀਤੀ ਗਈ।
38. ਅੰਗਰੇਜ਼ ਪੰਜਾਬੀਆਂ ਦੇ ਖ਼ੁਸ਼ੀ ਨਾਲ ਦਿੱਤੇ ਸਹਿਯੋਗ ਤੇ ਬੜੇ ਹੈਰਾਨ ਹੋਏ ਕਿਉਂਕਿ ਉਹਨਾਂ ਦੇ ਪ੍ਰਤਿਨਿਧਾਂ ਵੇਡ, ਕਲਾਰਕ ਤੇ ਸ਼ਾਹਮਤ ਅਲੀ ਨੇ ਉਹਨਾਂ ਨੂੰ ਦੱਸਿਆ ਸੀ ਕਿ ਪੰਜਾਬੀਆਂ ਦੀ ਦੋਸਤੀ ਦੇ ਦਾਅਵੇ ਤੇ ਭਰੋਸਾ ਨਾ ਕੀਤਾ ਜਾਵੇ। ਕਲਕੱਤਾ ਰੀਵੀਊ, 1842.

(ਫੁਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਪ੍ਰੰਤੂ ਸਰਦੀਆਂ ਦੇ ਆਰੰਭ ਹੋਣ 'ਤੇ ਇਸ ਉੱਪਰ ਆਪਣਾ ਕਬਜ਼ਾ ਕਾਇਮ ਨਾ ਰੱਖ ਸਕੇ। ਜਿਉਂ ਹੀ ਦਰਿੱਆਂ ਵਿੱਚੋਂ ਬਰਫ਼ ਖ਼ਤਮ ਹੋ ਗਈ ਤਾਂ ਉਹਨਾਂ ਨੇ ਦੁਬਾਰਾ ਹਮਲਾ ਕਰ ਦਿੱਤਾ ਤੇ ਇਕ ਅੰਗਰੇਜ਼ ਪਲਟਨ ਨੂੰ ਨਾਲ ਲੈ ਕੇ 1842 ਦੀ ਬਹਾਰ ਰੁੱਤ ਵਿੱਚ ਮੁੜ ਅਲੀ ਮਸਜਿਦ 'ਤੇ ਅਧਿਕਾਰ ਕਰ ਲਿਆ।[39]

ਦਰਬਾਰ ਨੇ ਅੰਗਰੇਜ਼ੀ ਫ਼ੌਜਾਂ ਲਈ ਅਨਾਜ, ਪਸ਼ੂ ਤੇ ਹੋਰ ਰਸਦ ਸਾਮਾਨ ਭੇਜਿਆ ਤੇ ਅੰਗਰੇਜ਼ੀ ਫ਼ੌਜ ਨਾਲੋਂ ਆਪਣੀ ਵੱਡੀ ਫ਼ੌਜ ਵੀ ਅਫ਼ਗਾਨਿਸਤਾਨ ਵਿੱਚ ਭੇਜੀ। ਪੰਜਾਬੀਆਂ ਨੇ ਜਲਾਲਾਬਾਦ ਨੂੰ ਛੁਡਾਉਣ ਲਈ ਤੇ ਅਫ਼ਗਾਨਿਸਤਾਨ ਵਿੱਚ ਅੰਗਰੇਜ਼ਾਂ ਦਾ ਅਧਿਕਾਰ ਸਥਾਪਤ ਕਰਨ ਲਈ ਸਹਾਇਤਾ ਦਿੱਤੀ। ਅੰਗਰੇਜ਼ਾਂ ਦੀ ਖ਼ੁਸ਼ਕਿਸਮਤੀ ਨੂੰ ਸ਼ਾਹ ਸ਼ੁਜਾਹ ਮਰ ਗਿਆ ਜਾਂ ਮਾਰ ਦਿੱਤਾ ਗਿਆ। ਉਹਨਾਂ ਨੇ ਤ੍ਰੈਪੱਖੀ ਸੰਧੀ ਨੂੰ ਰੱਦੀ ਦੇ ਢੇਰ ਵਿੱਚ ਸੁੱਟ ਕੇ ਦੋਸਤ ਮੁਹੰਮਦ ਨਾਲ ਸੁਲਹ ਕਰ ਲਈ। ਅਮੀਰ ਨੂੰ ਰਿਹਾਅ ਕਰਕੇ ਕਾਬਲ ਭੇਜ ਦਿੱਤਾ ਗਿਆ। ਅਫ਼ਗਾਨ ਮੁਹਿੰਮ ਵਿੱਚ ਬਰਤਾਨਵੀ ਵਤੀਰੇ ਤੋਂ ਸ਼ੇਰ ਸਿੰਘ ਦਾ ਦਿਲ ਖੱਟਾ ਹੋ ਗਿਆ। ਉਹ ਸਮਝ ਗਿਆ ਕਿ ਕਿਵੇਂ ਅੰਗਰੇਜ਼ਾਂ ਨੇ ਅਫ਼ਗਾਨਿਸਤਾਨ ਪਹੁੰਚਣ ਲਈ ਪੰਜਾਬ ਨੂੰ ਇਕ ਪੌੜੇ ਵਾਂਗ ਵਰਤਿਆ ਤੇ ਇਕ ਵਾਰ ਇੰਝ ਕਰਨ ਪਿੱਛੋਂ ਦਰਬਾਰ ਦੇ ਹਿੱਤਾਂ ਦਾ ਖ਼ਿਆਲ ਕੀਤੇ ਬਿਨਾਂ ਹੀ ਸੰਧੀ ਨੂੰ ਖ਼ਤਮ ਕਰ ਦਿੱਤਾ।[40] ਤੇ ਅਫ਼ਗਾਨਿਸਤਾਨ ਵਿੱਚ ਭਾਜ ਖਾਣ ਪਿੱਛੋਂ ਅਕਾਰਨ ਹੀ ਅੰਗਰੇਜ਼ਾਂ ਨੇ ਸਿੰਧ 'ਤੇ ਹਮਲਾ ਕਰ ਦਿੱਤਾ। ਕਿਸੇ

☙ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
11 ਅਪ੍ਰੈਲ 1842 ਦੇ ਪੱਤਰ ਵਿੱਚ ਹੈਨਰੀ ਲਾਰੈਂਸ ਨੇ ਲਿਖਿਆ : "ਸਿੱਖਾਂ ਦੀ ਜ਼ਿੰਮੇਵਾਰੀ ਸਿਰਫ਼ 6000 ਸੈਨਿਕਾਂ ਦੀ ਪਲਟਨ ਦੇਣ ਦੀ ਹੀ ਸੀ ਪਰ ਉਹਨਾਂ ਨੇ 15000 ਤੋਂ ਵੱਧ ਸੈਨਿਕਾਂ ਨਾਲ ਹਿੱਸਾ ਲਿਆ ਤੇ ਸਮਝੌਤੇ ਦੀ ਸ਼ਰਤ ਅਨੁਸਾਰ ਉੱਥੇ 6000 ਰਹਿਣ ਦਿੱਤੇ ਤੇ ਬਾਕੀ ਜਮਰੌਦ ਤੇ ਪਿਸ਼ਾਵਰ ਲੈ ਆਂਦੇ ਜਿੱਥੇ ਉਹ ਦਰਿੱਆਂ ਵਿੱਚ ਲੋੜ ਪੈਣ 'ਤੇ ਸਹਾਇਤਾ ਦੇਣ ਲਈ ਤਿਆਰ ਸਨ।" ਐਡਵਰਡਜ਼ ਤੇ ਮੇਰੀਵੇਲ, ਦੀ ਲਾਈਫ਼ ਔਫ ਹੈਨਰੀ ਲਾਰੈਂਸ, 1, 363.

39. ਅਪ੍ਰੈਲ 19 ਨੂੰ ਗਵਰਨਰ ਜਨਰਲ ਲਾਰਡ ਐਲਨਬਰੋ ਨੇ ਇਕ ਸਰਕਾਰੀ ਸੂਚਨਾ ਪੱਤਰ ਰਾਹੀਂ ਮਹਾਰਾਜਾ ਸ਼ੇਰ ਸਿੰਘ ਦੀ ਸੈਨਾ ਦੇ ਸੰਚਾਲਨ ਤੇ ਵਤੀਰੇ ਬਾਰੇ ਪੂਰਨ ਸੰਤੁਸ਼ਟਤਾ ਪ੍ਰਗਟ ਕੀਤੀ। ਉਸ ਨੇ ਸੈਨਾ ਨੂੰ ਜਾਣਕਾਰੀ ਦਿੱਤੀ ਕਿ ਦੱਰੇ ਉੱਪਰ ਹਮਲੇ ਸਮੇਂ ਸਿੱਖਾਂ ਦਾ ਵੀ ਉਤਨਾ ਹੀ ਨੁਕਸਾਨ ਹੋਇਆ ਜਿਤਨਾ ਮਲਕਾ ਮੁਅਜ਼ਮਾ ਦੀ ਭਾਰਤ ਸਰਕਾਰ ਦੀ ਸੈਨਾ ਦਾ।' ਐਲਨਬਰੋ ਨੇ ਲਾਹੌਰ ਵਿੱਚ ਆਪਣੇ ਪ੍ਰਤਿਨਿਧ ਨੂੰ ਹਿਦਾਇਤ ਕੀਤੀ ਕਿ ਉਹ ਇਸ ਮੌਕੇ 'ਤੇ ਸਿੱਖ ਸੈਨਾ ਦੀ ਸ਼ਾਨਦਾਰ ਕਾਰਗੁਜ਼ਾਰੀ ਲਈ ਮੁਬਾਰਕਬਾਦ ਪੇਸ਼ ਕਰੇ। (ਗੰਡਾ ਸਿੰਘ "ਪਰਾਈਵੇਟ ਕਾਰੈਸਪੌਂਡੈਨਸ ਟੂ ਦੀ ਐਂਗਲੋ ਸਿੱਖ ਵਾਰਜ਼" ਪੰਨਾ 42)

40. 1842 ਦੀਆਂ ਸਰਦੀਆਂ ਵਿੱਚ ਲਾਰਡ ਐਲਨਬਰੋ ਨੇ ਸ਼ੇਰ ਸਿੰਘ ਨੂੰ ਨਿੱਜੀ ਤੌਰ 'ਤੇ ਮਿਲ ਕੇ ਪੰਜਾਬੀਆਂ ਵੱਲੋਂ ਅਫ਼ਗਾਨ ਮੁਹਿੰਮ ਵਿੱਚ ਪਾਏ ਯੋਗਦਾਨ ਤੇ ਧੰਨਵਾਦ ਕਰਨ ਦੀ ਇੱਛਾ ਜ਼ਾਹਿਰ ਕੀਤੀ। ਸ਼ੇਰ ਸਿੰਘ ਜੋ ਪਹਿਲਾਂ ਸਹਿਮਤ ਹੋ ਗਿਆ ਸੀ ਮਗਰੋਂ ਸ਼ਿਸ਼ਟਾਚਾਰ ਦੇ ਨਿਗੂਣੇ ਜਿਹੇ ਬਹਾਨੇ ਤੇ ਖ਼ਿਮਾ ਮੰਗ ਲਈ। ਗਵਰਨਰ ਜਨਰਲ ਨੂੰ ਉਹਦੇ 11 ਸਾਲਾ ਲੜਕੇ ਪਰਤਾਪ ਸਿੰਘ ਤੇ ਧਿਆਨ ਸਿੰਘ ਡੋਗਰੇ ਨਾਲ ਹੀ ਹੱਥ ਮਿਲਾਉਣਾ ਪਿਆ।

ਬਹਾਨੇ ਦੀ ਉਡੀਕ ਕੀਤੇ ਬਿਨਾਂ ਹੀ ਸਰ ਚਾਰਲਸ ਨੇਪੀਅਰ ਨੇ ਮਾਰਚ 1843 ਈ: ਵਿੱਚ ਸਿੰਧ 'ਤੇ ਅਧਿਕਾਰ ਕਰ ਲਿਆ।[41] ਇਸ ਗੱਲ ਦੀ ਕੀ ਜ਼ਾਮਨੀ ਸੀ ਕਿ ਅੰਗਰੇਜ਼ ਪੰਜਾਬ ਨਾਲ ਵੀ ਉਹ ਵਤੀਰਾ ਧਾਰਨ ਨਹੀਂ ਕਰਨਗੇ?

ਦਰਬਾਰ 'ਤੇ ਅੰਗਰੇਜ਼ਾਂ ਵਿਚਕਾਰ ਸੰਬੰਧ ਉਤਸ਼ਾਹ-ਰਹਿਤ ਹੋ ਗਏ। ਸ਼ੇਰ ਸਿੰਘ ਨੇ ਉੱਪਰੋਂ-ਉੱਪਰੋਂ ਦੋਸਤੀ ਦਾ ਮੁਖੌਟਾ ਤਾਂ ਪਾਈ ਰੱਖਿਆ ਪਰ ਹੁਣ ਉਸ ਨੇ ਉਹਨਾਂ ਦੇ ਮੂਠੀਏ ਲੱਗ ਕੇ ਚੱਲਣਾ ਬੰਦ ਕਰ ਦਿੱਤਾ। ਉਸ ਨੇ ਉਸ ਦੋਸਤ ਮੁਹੰਮਦ ਦਾ ਕਾਬਲ ਨੂੰ ਜਾਂਦਿਆਂ ਲਾਹੌਰ 'ਚੋਂ ਲੰਘਣ ਸਮੇਂ ਬੜਾ ਸ਼ਾਨਦਾਰ ਸੁਆਗਤ ਕੀਤਾ ਜਿਸ ਨੇ ਪੰਜਾਬੀਆਂ ਨਾਲ ਅਨੇਕਾਂ ਲੜਾਈਆਂ ਲੜੀਆਂ ਸਨ। ਦਰਬਾਰ ਨੇ ਉਸ ਨੂੰ ਅਫ਼ਗਾਨਿਸਤਾਨ ਦੇ ਅਮੀਰ ਵਜੋਂ ਮਾਨਤਾ ਦੇ ਕੇ ਉਸ ਨਾਲ ਵੱਖਰੀ ਸੰਧੀ ਕਰ ਲਈ।

ਅੰਗਰੇਜ਼ਾਂ ਨੇ ਮਹਿਸੂਸ ਕਰ ਲਿਆ ਕਿ ਉਹਨਾਂ ਨੇ ਆਪਣੇ ਭੱਦੇ ਵਿਹਾਰ ਤੇ ਅਨਾੜੀਪਣੇ ਨਾਲ ਸ਼ੇਰ ਸਿੰਘ ਦਾ ਭਰੋਸਾ ਗੁਆ ਲਿਆ ਸੀ। ਉਹਨਾਂ ਨੇ ਇਹ ਵੀ ਅਨੁਭਵ ਕਰ ਲਿਆ ਹੈ ਕਿ ਜਦ ਤੱਕ ਧਿਆਨ ਸਿੰਘ ਪ੍ਰਧਾਨ ਮੰਤਰੀ ਰਹੇਗਾ ਤਦ ਤੱਕ ਦਰਬਾਰ ਦਾ ਵਤੀਰਾ ਅੰਗਰੇਜ਼ਾਂ ਪ੍ਰਤੀ ਬਦਲਣ ਦੀ ਬੜੀ ਘੱਟ ਸੰਭਾਵਨਾ ਹੋਵੇਗੀ। ਆਪਣੀ ਦੋਸਤੀ ਦਾ ਪੱਕਾ ਦਾਅਵਾ ਕਰਦਿਆਂ ਉਹਨਾਂ ਨੇ ਸ਼ੇਰ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਸੰਧਾਂਵਾਲੀਆਂ ਨੂੰ ਪੰਜਾਬ ਪਰਤਣ ਦੀ ਆਗਿਆ ਦੇਵੇ ਤੇ ਉਹਨਾਂ ਦੀਆਂ ਜਾਗੀਰਾਂ ਬਹਾਲ ਕਰ ਦੇਵੇ ਜਿਹੜੇ ਧਿਆਨ ਸਿੰਘ ਡੋਗਰੇ ਦੇ ਕੱਟੜ ਵਿਰੋਧੀ ਗਿਣੇ ਜਾਂਦੇ ਸਨ।[42] ਮਹਾਰਾਜਾ ਜੋ ਖ਼ੁਦ ਵੀ ਧਿਆਨ ਸਿੰਘ ਦੇ ਗਲਬੇ ਤੋਂ ਖਿਝਿਆ ਹੋਇਆ ਸੀ, ਉਸ ਨੇ ਅੰਗਰੇਜ਼ਾਂ ਦਾ ਸੁਝਾਅ ਮੰਨ ਲਿਆ। ਨਵੰਬਰ 1842 ਵਿੱਚ ਅਜੀਤ ਸਿੰਘ ਸੰਧਾਂਵਾਲੀਆਂ ਲਾਹੌਰ ਪਹੁੰਚ ਗਿਆ ਤੇ ਉਸ ਦਾ ਨਿਰਛਲ ਮਹਾਰਾਜੇ ਨੇ ਬੜੀ ਗਰਮਜੋਸ਼ੀ ਨਾਲ ਸੁਆਗਤ ਕੀਤਾ। ਪਰਿਵਾਰ ਦੇ ਦੂਸਰੇ ਵਿਅਕਤੀਆਂ ਦੀਆਂ ਜਾਗੀਰਾਂ ਵੀ ਬਹਾਲ ਕਰ ਦਿੱਤੀਆਂ ਗਈਆਂ। ਜਿਵੇਂ ਪਹਿਲਾਂ ਹੀ ਉਮੀਦ ਸੀ ਸੰਧਾਂਵਾਲੀਏ ਦਰਬਾਰ ਵਿੱਚ ਅੰਗਰੇਜ਼-ਪੱਖੀ ਤੇ ਡੋਗਰਾ ਵਿਰੋਧੀ ਦਲ ਬਣ ਕੇ ਉੱਭਰੇ।

ਧਿਆਨ ਸਿੰਘ ਡੋਗਰਾ ਇਤਨੀ ਮਜ਼ਬੂਤੀ ਨਾਲ ਪੈਰ ਜਮਾ ਚੁੱਕਾ ਸੀ ਕਿ ਉਸ ਨੂੰ

---

41. ਕੇਅ ਲਿਖਦਾ ਹੈ ਕਿ 'ਅਮੀਰਾਂ ਨੂੰ ਸਜ਼ਾ ਦੇਣ ਦਾ ਅਸਲੀ ਕਾਰਨ ਇਹੋ ਸੀ ਕਿ ਅੰਗਰੇਜ਼ਾਂ ਨੂੰ ਅਫ਼ਗਾਨਾਂ ਹੱਥੋਂ ਮਾਰ ਪਈ ਸੀ। ਸਿਆਸੀ ਸਫ਼ਰ ਦੇ ਇਸ ਪੜਾਅ 'ਤੇ ਇਹ ਸਿੱਧ ਕਰਨਾ ਉਪਯੋਗੀ ਸਮਝਿਆ ਗਿਆ ਕਿ ਅੰਗਰੇਜ਼ ਵੀ ਕਿਸੇ ਨੂੰ ਹਰਾ ਸਕਦੇ ਸਨ ਤੇ ਇਸ ਲਈ ਇਹ ਦ੍ਰਿੜ੍ਹਤਾ ਨਾਲ ਫ਼ੈਸਲਾ ਕਰ ਲਿਆ ਗਿਆ ਕਿ ਸਿੰਧ ਦੇ ਅਮੀਰਾਂ ਨੂੰ ਰਗੜਾ ਲਾਇਆ ਜਾਵੇ।' ਕਲਕੱਤਾ ਰੀਵੀਊ, I, ਪੰਨਾ 232.
42. ਅਪ੍ਰੈਲ 1842 ਵਿੱਚ ਜਦੋਂ ਕਲਾਰਕ ਸ਼ੇਰ ਸਿੰਘ ਨੂੰ ਮਿਲਿਆ ਤਾਂ ਮਹਾਰਾਜੇ ਨੇ ਬਰਤਾਨਵੀ ਪ੍ਰਤਿਨਿਧੀ ਨੂੰ ਕਿਹਾ ਕਿ 'ਜੇ ਸੰਧਾਂਵਾਲੀਆਂ ਨੇ ਸਤਲੁਜੋਂ ਪਾਰ ਕੋਟਕਪੂਰਾ, ਅਕਾਲਗੜ੍ਹ, ਨਾਰਾਇਣਗੜ੍ਹ ਜਾਂ ਵੱਧਣੀ ਆਦਿ ਕਿਸੇ ਵੀ ਇਲਾਕੇ 'ਤੇ ਕਬਜ਼ਾ ਕੀਤਾ ਤਾਂ ਉਹਦੀ ਸੈਨਾ ਨੂੰ ਲਾਂਘਾ ਦਿੱਤਾ ਜਾਵੇ ਤਾਂ ਜੋ ਉਹਨਾਂ ਨੂੰ ਗਰਿਫ਼ਤਾਰ ਕਰਕੇ ਉਹਨਾਂ ਦਾ ਢਿੱਡ ਪਾੜ ਦਿੱਤਾ ਜਾਵੇ।' ਐਸ.ਸੀ. 134 ਮਿਤੀ 29.6.42 ਛੇ ਮਹੀਨੇ ਮਗਰੋਂ ਉਸੇ ਸ਼ੇਰ ਸਿੰਘ ਨੂੰ ਕਲਾਰਕ ਨੇ ਸੰਧਾਂਵਾਲੀਆਂ ਨੂੰ ਵਾਪਸ ਲੈਣ ਲਈ ਮਨਾ ਲਿਆ।

ਉਖਾੜਨਾ ਰਾਜਕੁਮਾਰਾਂ ਤੇ ਦਰਬਾਰੀਆਂ ਦੇ ਵੱਸ ਦੀ ਗੱਲ ਨਹੀਂ ਸੀ। ਸੰਧਾਵਾਲੀਏ ਹਿਸਾ ਦਾ ਸਹਾਰਾ ਲੈਣ ਲਈ ਮਜ਼ਬੂਰ ਹੋ ਗਏ ਤੇ ਇਸ ਪਰਕਿਰਿਆ ਵਿੱਚ ਉਹਨਾਂ ਨੇ ਲਾਹੌਰ ਦਰਬਾਰ ਦਾ ਸਾਰਾ ਢਾਂਚਾ ਹੀ ਤਹਿਸ-ਨਹਿਸ ਕਰ ਦਿੱਤਾ। ਉਹਨਾਂ ਨੇ ਅਜਿਹਾ ਆਪਣੀ ਇੱਛਾ ਨਾਲ ਕੀਤਾ ਜਾਂ ਆਪਣੇ ਬਲ-ਬੂਤੇ ਕੀਤਾ ਜਾਂ ਅੰਗਰੇਜ਼ਾਂ ਦੀ ਸਹਾਇਤਾ ਦੇ ਭਰੋਸੇ 'ਤੇ ਕੀਤਾ, ਇਸ ਬਾਰੇ ਕਦੇ ਵੀ ਪਤਾ ਨਹੀਂ ਲੱਗ ਸਕੇਗਾ ਕਿਉਂਕਿ ਇਸ ਮਗਰੋਂ ਵਾਪਰੇ ਕਤਲਾਮ ਵਿੱਚ ਸਭ ਸਬੂਤ ਲਹੂ ਦੇ ਹੜ੍ਹ ਵਿੱਚ ਵਹਿ ਗਏ।

ਹਿੰਦੂ ਸੰਮਤ ਅਨੁਸਾਰ ਅੱਸੂ ਮਹੀਨੇ ਦੇ ਪਹਿਲੇ ਦਿਨ 15 ਸਤੰਬਰ ਨੂੰ ਸ਼ੇਰ ਸਿੰਘ ਅਜੀਤ ਸਿੰਘ ਸੰਧਾਵਾਲੀਆਂ ਵੱਲੋਂ ਭਰਤੀ ਕੀਤੇ ਗਏ ਨਵੇਂ ਘੋੜ-ਚੜ੍ਹਿਆਂ ਦਾ ਨਿਰੀਖਣ ਕਰਨ ਤੇ ਸਲਾਮੀ ਲੈਣ ਲਈ ਪਹੁੰਚਿਆ। ਉਹ ਆਪਣੇ ਨਾਲ ਆਪਣੇ ਵੱਡੇ ਪੁੱਤਰ ਪਰਤਾਪ ਸਿੰਘ ਨੂੰ ਵੀ ਲੈ ਗਿਆ ਤੇ ਉਸ ਨੂੰ ਨੇੜਲੇ ਬਾਗ਼ ਵਿੱਚ ਖੇਡਣ ਲਈ ਛੱਡ ਦਿੱਤਾ। ਸਲਾਮੀ ਲੈਣ ਪਿੱਛੋਂ ਜਦੋਂ ਮਹਾਰਾਜਾ ਚਬੂਤਰੇ 'ਤੇ ਸੁਸ਼ੋਭਿਤ ਹੋ ਗਿਆ ਤਾਂ ਸੰਧਾਵਾਲੀਆ ਦੋਨਾਲ ਬੰਦੂਕ ਭੇਂਟ ਕਰਨ ਲਈ ਮਹਾਰਾਜੇ ਕੋਲ ਆਇਆ ਜਿਹੜੀ ਅੰਗਰੇਜ਼ਾਂ ਨੇ ਬਣਾਈ ਸੀ ਤੇ ਉਹ ਕਲਕੱਤੇ ਤੋਂ ਲੈ ਕੇ ਆਇਆ ਸੀ। ਜਿਉਂ ਹੀ ਮਹਾਰਾਜੇ ਨੇ ਬੰਦੂਕ ਲੈਣ ਲਈ ਹੱਥ ਅੱਗੇ ਵਧਾਏ ਤਾਂ ਅਜੀਤ ਸਿੰਘ ਨੇ ਬੰਦੂਕ ਦਾ ਘੋੜਾ ਦਬਾ ਦਿੱਤਾ। ਡਿੱਗਣ ਤੋਂ ਪਹਿਲਾਂ ਬਦਕਿਸਮਤ ਮਹਾਰਾਜਾ ਚੀਕਿਆ, "ਇਹ ਕੀ ਦਗ਼ਾ....।" ਸੰਧਾਵਾਲੀਆਂ ਦੇ ਸੈਨਿਕ ਸ਼ੇਰ ਸਿੰਘ ਦੇ ਅੰਗ-ਰੱਖਿਅਕਾਂ 'ਤੇ ਟੁੱਟ ਪਏ। ਅਜੀਤ ਸਿੰਘ ਨੇ ਮਹਾਰਾਜੇ ਦਾ ਸਿਰ ਵੱਢ ਕੇ ਨੇਜ਼ੇ 'ਤੇ ਟੰਗ ਲਿਆ। ਉਸੇ ਸਮੇਂ ਅਜੀਤ ਸਿੰਘ ਦੇ ਚਾਚੇ ਨੇ ਪਰਤਾਪ ਸਿੰਘ ਨੂੰ ਫੜ ਲਿਆ ਤੇ ਉਸ ਦੀ ਧੌਣ ਲਾਹ ਦਿੱਤੀ। ਉਸ ਨੇ ਵੀ ਆਪਣੇ ਸ਼ਿਕਾਰ ਦਾ ਸਿਰ ਸੂਲੀ 'ਤੇ ਟੰਗ ਲਿਆ ਤੇ ਆਪਣੇ ਭਤੀਜੇ ਨਾਲ ਜਾ ਮਿਲਿਆ। ਫਿਰ ਰਾਜ-ਘਾਤਕ ਜਿੱਤ ਦੀ ਨਿਸ਼ਾਨੀ ਵਜੋਂ ਘਮੰਡ ਵਿੱਚ ਮਸਤ ਸ਼ਹਿਰ ਵੱਲ ਘੋੜਿਆਂ 'ਤੇ ਚਲੇ ਗਏ। ਕਾਰਨ ਦਾ ਤਾਂ ਭਾਵੇਂ ਅੱਜ ਤੱਕ ਪਤਾ ਨਹੀਂ ਲੱਗਾ ਪਰ ਉਹਨਾਂ ਨੂੰ ਕਿਲ੍ਹੇ ਵਿੱਚ ਦਾਖ਼ਲ ਹੋਣ ਦਿੱਤਾ ਗਿਆ। ਉਹਨਾਂ ਨੇ ਧਿਆਨ ਸਿੰਘ, ਹੀਰਾ ਸਿੰਘ, ਸੁਚੇਤ ਸਿੰਘ ਆਦਿ ਡੋਗਰਿਆਂ ਨੂੰ ਆਪਣੇ ਨਾਲ ਮਿਲਾਉਣ ਲਈ ਬੁਲਾਵਾ ਭੇਜਿਆ। ਧਿਆਨ ਸਿੰਘ ਉਹਨਾਂ ਦੇ ਜਾਲ ਵਿੱਚ ਫਸ ਗਿਆ ਤੇ ਬਹੁਤ ਥੋੜ੍ਹੇ ਅੰਗ-ਰੱਖਿਅਕ ਲੈ ਕੇ ਕਿਲ੍ਹੇ ਵਿੱਚ ਆ ਗਿਆ। ਉਸ ਨੂੰ ਮਾਰ ਦਿੱਤਾ ਗਿਆ ਤੇ ਉਹਦੇ 25 ਅੰਗ-ਰੱਖਿਅਕਾਂ ਦੇ ਵੀ ਟੁਕੜੇ-ਟੁਕੜੇ ਕਰ ਦਿੱਤੇ ਗਏ। ਜਦੋਂ ਸੁਚੇਤ ਸਿੰਘ ਤੇ ਹੀਰਾ ਸਿੰਘ ਨੇ, ਜੋ ਸ਼ਹਿਰ ਤੋਂ ਬਾਹਰ ਦੋ ਕੁ ਮੀਲ 'ਤੇ ਡੇਰਾ ਲਾਈ ਬੈਠੇ ਸਨ, ਧਿਆਨ ਸਿੰਘ ਦੀ ਮੌਤ ਦੀ ਖ਼ਬਰ ਸੁਣੀ ਤਾਂ ਉਹਨਾਂ ਛਾਉਣੀ ਵਿੱਚ ਜਾ ਸ਼ਰਨ ਲਈ ਤੇ ਖ਼ਾਲਸਾ ਫ਼ੌਜ ਨੂੰ ਕਤਲਾਂ ਦਾ ਬਦਲਾ ਲੈਣ ਲਈ ਬੇਨਤੀ ਕੀਤੀ।

ਸੰਧਾਵਾਲੀਆਂ ਨੇ ਕਿਲ੍ਹੇ 'ਤੇ ਮਹਿਲ ਉੱਪਰ ਇਸ ਵਿਸ਼ਵਾਸ ਨਾਲ ਕਬਜ਼ਾ ਕਰ ਲਿਆ ਕਿ ਉਹ ਹੁਣ ਪੰਜਾਬ 'ਤੇ ਰਾਜ ਕਰਨਗੇ। ਉਹਨਾਂ ਨੇ ਇਹ ਭਰੋਸਾ ਲੋਕਾਂ ਦੀ ਹਿਮਾਇਤ ਤੋਂ ਬਿਨਾਂ ਹੀ ਕਰ ਲਿਆ। ਇਹਨਾਂ ਘਿਨਾਉਣੇ ਅਪਰਾਧਾਂ ਦੀਆਂ ਖ਼ਬਰਾਂ ਨੇ ਲਾਹੌਰ ਵਿੱਚ ਭੈਅ ਤੇ ਤ੍ਰਾਸ ਫੈਲਾ ਦਿੱਤਾ। ਸੈਨਾ ਦੇ ਪੰਚਾਂ ਨੇ ਸ਼ਹਿਰ ਨੂੰ ਆਪਣੀ ਰੱਖਿਆ ਵਿੱਚ ਲੈਣ ਦਾ ਤੇ ਪਾਪੀਆਂ ਨੂੰ ਸਜ਼ਾ ਦੇਣ ਦੀ ਪਰਤਿੱਗਿਆ ਕਰ ਲਈ। ਉਹਨਾਂ ਨੇ ਧਿਆਨ ਸਿੰਘ ਦੇ ਬੇਟੇ ਹੀਰਾ ਸਿੰਘ ਨੂੰ ਆਪਣਾ ਆਗੂ ਚੁਣ ਲਿਆ। ਕਿਲ੍ਹੇ ਨੂੰ ਘੇਰਾ

ਪਾਇਆ ਗਿਆ। ਸਾਰੀ ਰਾਤ ਤੋਪਖਾਨਾ, ਕਿਲ੍ਹੇ ਦੀ ਚਾਰਦੀਵਾਰੀ 'ਤੇ ਗੋਲੇ ਵਰ੍ਹਾਉਂਦੀ ਰਿਹਾ ਤੇ ਕੰਧਾਂ ਨੂੰ ਉਡਾਉਂਦਾ ਰਿਹਾ। ਅਗਲੀ ਸਵੇਰ ਨਿਹੰਗਾਂ ਨੇ ਕੰਧਾਂ ਦੇ ਪਾੜਾਂ ਵਿੱਚੋਂ ਦੀ ਅੰਦਰ ਜਾ ਕੇ ਚੜ੍ਹਾਈ ਕਰ ਦਿੱਤੀ ਤੇ ਕਿਲ੍ਹੇ 'ਤੇ ਅਧਿਕਾਰ ਕਰ ਲਿਆ। ਕਾਤਲ ਤੇ ਉਹਨਾਂ ਦੇ 600 ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪ੍ਰੰਤੂ ਅਤਰ ਸਿੰਘ ਸੰਧਾਵਾਲੀਆ ਬਚ ਗਿਆ। ਉਸ ਨੂੰ ਫ਼ੌਜ ਵੱਲੋਂ ਲਾਹੌਰ ਉੱਪਰ ਕਬਜ਼ੇ ਦੀ ਖ਼ਬਰ ਮਿਲ ਗਈ ਤੇ ਉਹ ਭੱਜ ਕੇ ਸਤਲੁਜ ਤੋਂ ਪਾਰ ਚਲਾ ਗਿਆ ਜਿੱਥੇ ਅੰਗਰੇਜ਼ਾਂ ਨੇ ਉਸ ਨੂੰ ਸ਼ਰਨ ਦੇ ਦਿੱਤੀ।[43] ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਨੂੰ ਮਹਾਰਾਜਾ ਬਣਾ ਦਿੱਤਾ ਗਿਆ ਤੇ ਹੀਰਾ ਸਿੰਘ ਡੋਗਰਾ ਪ੍ਰਧਾਨ ਮੰਤਰੀ ਬਣ ਗਿਆ। ਅਸਲੀ ਸ਼ਕਤੀ ਮਹਿਲਾਂ ਵਿੱਚੋਂ ਨਿਕਲ ਕੇ ਫ਼ੌਜ ਦੇ ਹੱਥ ਚਲੀ ਗਈ ਸੀ।

ਪੰਜਾਬ ਡੋਗਰਿਆਂ ਦੇ ਅਧੀਨ--ਇਸ ਲਹੂ ਦੇ ਦਰਿਆ ਨੇ ਰਾਜ ਨੂੰ ਸੱਖਣਾ ਕਰ ਦਿੱਤਾ ਪਰ ਇਸ ਦੀ ਘਾਤਕ ਧੜੇਬੰਦੀ ਖ਼ਤਮ ਨਾ ਹੋਈ। ਤਖ਼ਤ ਦੇ ਹੱਕਦਾਰਾਂ ਤੇ ਪ੍ਰਧਾਨ ਮੰਤਰੀ ਦੀ ਪਦਵੀ ਦੇ ਦਾਅਵੇਦਾਰਾਂ ਦੇ ਸਮਰਥਕਾਂ ਵਿੱਚ ਮੁੜ ਕਤਾਰਬੰਦੀ ਤੇ ਧੜੇਬੰਦੀ ਸ਼ੁਰੂ ਹੋ ਗਈ। ਮਹਾਰਾਜਾ ਦਲੀਪ ਸਿੰਘ ਦੇ ਦੋ ਮਤਰੇਏ ਭਰਾ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਸਨ ਤੇ ਉਹ ਦੋਵੇਂ ਉਸ ਤੋਂ ਵੱਡੇ ਸਨ ਤੇ ਉਹ ਆਪਣਾ ਰਾਜ ਗੱਦੀ ਦਾ ਹੱਕ ਲੈਣ ਲਈ ਉਤਾਵਲੇ ਸਨ ਤੇ ਦੋਹਾਂ ਦੀਆਂ ਆਪਣੀਆਂ ਨਿੱਜੀ ਸੈਨਾਵਾਂ ਵੀ ਸਨ। ਭਾਵੇਂ ਹੀਰਾ ਸਿੰਘ ਡੋਗਰੇ ਨੂੰ ਮੁੱਖ ਮੰਤਰੀ ਘੋਸ਼ਿਤ ਕਰ ਦਿੱਤਾ ਗਿਆ ਸੀ ਪ੍ਰੰਤੂ ਉਸ ਦੀ ਨਿਯੁਕਤੀ ਨਿਰਵਿਵਾਦ ਨਹੀਂ ਸੀ। ਕਿਉਂਕਿ ਮਹਾਰਾਜੇ ਦੀ ਉਮਰ ਸਿਰਫ਼ ਸੱਤ ਸਾਲ ਦੀ ਸੀ, ਉਸ ਦੀ ਜਵਾਨ ਤੇ ਸੁੰਦਰ ਮਾਤਾ ਰਾਣੀ ਜ਼ਿੰਦਾਂ[44] ਨੇ ਰਾਜ-ਮਾਤਾ ਦੀ ਉਪਾਧੀ ਧਾਰਨ ਕਰ

---

43. 15 ਤੇ 16 ਸਤੰਬਰ 1843 ਨੂੰ ਵਗੇ ਲਹੂ ਦੇ ਛੱਪੜਾਂ ਦਾ ਅੰਗਰੇਜ਼ਾਂ ਨੂੰ ਪਹਿਲਾਂ ਹੀ ਗਿਆਨ ਹੋਵੇਗਾ। 2 ਅਗਸਤ 1843 ਨੂੰ ਲਾਰਡ ਐਲਨਬਰਾ ਨੇ ਡਿਊਕ ਆਫ਼ ਵੈਲੀਂਗਟਨ ਨੂੰ ਲਿਖਿਆ--(ਸੰਧਾਵਾਲੀਆਂ ਦੇ ਕੁਝ ਸਮਾਂ ਕਲਕੱਤੇ ਰਹਿਣ ਪਿੱਛੋਂ) "ਸ਼ੇਰ ਸਿੰਘ ਦੀ ਮੌਤ ਪਿੱਛੋਂ ਪੰਜਾਬ ਦੀ ਸਮੱਸਿਆ ਦੇ ਕੁਝ ਸਿੱਟੇ ਨਿਕਲਣਗੇ।" ਉਸ ਸਮੇਂ ਸ਼ੇਰ ਸਿੰਘ ਜੁਆਨ ਸੀ ਤੇ ਉਹਦੀ ਸਿਹਤ ਵਧੀਆ ਸੀ। 5 ਸਤੰਬਰ 1845 ਨੂੰ ਰਿਚਮੰਡ ਨੇ ਦਰਬਾਰ ਦੇ ਵੱਖ-ਵੱਖ ਧੜਿਆਂ ਬਾਰੇ ਵਿਸਥਾਰਪੂਰਵਕ ਸੂਚਨਾ ਸੌਂਪੀ। ਧਿਆਨ ਸਿੰਘ ਤੇ ਸ਼ੇਰ ਸਿੰਘ ਵਿਚਕਾਰ ਸੁਲ੍ਹਾ ਸਫ਼ਾਈ ਬਾਰੇ ਹੇਠ ਲਿਖੀਆਂ ਸਤਰਾਂ ਬੜੀਆਂ ਮਹੱਤਵਪੂਰਨ ਹਨ : "ਇਹ ਏਕਾ ਵਿਖਾਵੇ ਮਾਤਰ ਹੀ ਹੈ ਤੇ ਕੁਝ ਪਲਾਂ ਦੀ ਉਤੇਜਨਾ ਮਗਰੋਂ ਗੁੱਸਾ ਤੇ ਸ਼ਰਾਬ ਉਹਨਾਂ ਵਿੱਚ ਨਾਕਾਬਲੇ ਤਲਾਫ਼ੀ ਵਿਗਾੜ ਪਾ ਸਕਦੀ ਹੈ, ਜਿਸ ਦਾ ਸਿੱਟਾ ਸ਼ੇਰ ਸਿੰਘ ਦੀ ਮੌਤ ਹੋ ਸਕਦਾ ਹੈ।" (ਐਸ.ਸੀ. 455 ਮਿਤੀ 23.3.1844) ਕਲਕੱਤਾ ਦੇ ਐਂਗਲੋ-ਇੰਡੀਅਨ ਅਖ਼ਬਾਰਾਂ ਨੇ ਇਹ ਗੱਲ ਮੰਨੀ ਕਿ ਭਾਵੇਂ ਅੰਗਰੇਜ਼ ਸਰਕਾਰ ਦਾ ਸ਼ੇਰ ਸਿੰਘ ਦੇ ਕਤਲ ਨਾਲ ਸਿੱਧੇ ਸੰਬੰਧ ਦਾ ਕੋਈ ਪ੍ਰਮਾਣ ਨਹੀਂ ਹੈ, ਪਰ ਫਿਰ ਵੀ 'ਸ਼ੱਕ' ਤਾਂ ਜ਼ਰੂਰ ਸੀ। ਫਰਿੰਡ ਔਫ ਇੰਡੀਆ, ਦਸੰਬਰ 1843
44. ਜਿੰਦਾਂ ਸ਼ਾਹੀ ਕੁੱਤੇ ਖਾਨੇ ਦੇ ਇਕ ਅਫ਼ਸਰ ਦੀ ਬੇਟੀ ਸੀ। ਉਹਦਾ ਰਣਜੀਤ ਸਿੰਘ ਨਾਲ 1835 ਵਿੱਚ ਵਿਆਹ ਹੋਇਆ ਸੀ। ਦਲੀਪ ਸਿੰਘ ਦਾ ਜਨਮ 1837 ਈ: ਵਿੱਚ ਹੋਇਆ ਸੀ।

ਲਈ ਸੀ। ਇਹਨਾਂ ਦੋਹਾਂ ਤੋਂ ਬਿਨਾਂ ਸੁਚੇਤ ਸਿੰਘ ਡੋਗਰਾ ਮਹਿਸੂਸ ਕਰਦਾ ਸੀ ਕਿ ਉਹਦਾ ਹੱਕ ਆਪਣੇ ਭਤੀਜੇ ਹੀਰਾ ਸਿੰਘ ਨਾਲੋਂ ਜ਼ਿਆਦਾ ਹੈ। ਗੁਲਾਬ ਸਿੰਘ ਡੋਗਰਾ ਸੁਚੇਤ ਸਿੰਘ ਦਾ ਸਮਰਥੱਕ ਸੀ।[45]

ਡੋਗਰਿਆਂ ਦੇ ਆਪਸੀ ਸੰਬੰਧ ਇਕ ਬ੍ਰਾਹਮਣ ਪੁਜਾਰੀ ਜਲ੍ਹਾ ਕਾਰਨ ਵੀ ਤਲਖ ਹੋ ਗਏ ਜੋ ਹੀਰਾ ਸਿੰਘ ਦੇ ਬਚਪਨ ਵਿੱਚ ਉਹਦਾ ਅਧਿਆਪਕ ਤੇ ਸਾਥੀ ਸੀ। ਜਲ੍ਹਾ ਅਤਿਅੰਤ ਅਭਿਮਾਨੀ ਤੇ ਚਿੜਚਿੜੇ ਸੁਭਾਅ ਵਾਲਾ ਸੀ ਤੇ ਛੇਤੀ ਹੀ ਸਭ ਉਸ ਨੂੰ ਨਾ ਪਸੰਦ ਕਰਨ ਲੱਗੇ। ਗੁਲਾਬ ਸਿੰਘ ਡੋਗਰਾ ਤੇ ਸੁਚੇਤ ਸਿੰਘ ਤਾਂ ਉਸ ਨੂੰ ਸਭ ਤੋਂ ਵੱਧ ਘ੍ਰਿਣਾ ਕਰਦੇ ਸਨ। ਮਹਿਲ ਦੀਆਂ ਸਾਜ਼ਿਸ਼ਾਂ ਦਰਬਾਰ ਤੇ ਕੌਂਸਲ ਦੀ ਸਭ ਸ਼ਕਤੀ ਨਿਘਾਰ ਲੈਂਦੀਆਂ ਤੇ ਰੋਜ਼ਾਨਾ ਪ੍ਰਬੰਧਕ ਕਾਰਜ ਤੇ ਸ਼ਾਸਨ ਲਈ ਕੋਈ ਸਮਾਂ ਹੀ ਨਾ ਰਹਿੰਦਾ। ਅੰਗਰੇਜ਼ਾਂ ਨੇ ਮਹਿਸੂਸ ਕੀਤਾ ਕਿ ਉਹਨਾਂ ਨੂੰ ਸ਼ਾਇਦ ਅਮਨ ਕਾਨੂੰਨ ਬਹਾਲ ਕਰਨ ਲਈ ਦਖ਼ਲ ਦੇਣਾ ਪਵੇ; ਇਸ ਲਈ ਉਹਨਾਂ ਨੇ ਆਪਣੀ ਸੈਨਾ ਸਤਲੁਜ ਤੱਕ ਲੈ ਆਂਦੀ। ਫ਼ੌਜ ਦੀ ਇਸ ਨਕਲੋ-ਹਰਕਤ ਨੇ ਪੰਜਾਬ ਦੀ ਹਾਲਤ ਹੋਰ ਵਿਗਾੜ ਦਿੱਤੀ। ਬਹੁਤ ਸਾਰੇ ਸਰਦਾਰਾਂ ਨੇ ਅੰਗਰੇਜ਼ਾਂ ਨਾਲ ਸੌਦੇਬਾਜ਼ੀ ਸ਼ੁਰੂ ਕਰ ਦਿੱਤੀ ਤਾਂ ਜੋ ਉਹਨਾਂ ਦੀਆਂ ਜਾਗੀਰਾਂ ਪੱਕੀਆਂ ਰਹਿਣ। ਵਿਦੇਸ਼ੀ ਹਮਲੇ ਦੇ ਡਰ ਤੇ ਅੰਦਰੂਨੀ ਫੁੱਟ ਨੇ ਸੈਨਾ[46] ਨੂੰ ਰਾਜ ਦਾ ਅਤਿਅੰਤ ਸ਼ਕਤੀਸ਼ਾਲੀ ਅੰਸ਼ ਬਣਾ ਦਿੱਤਾ।[47] ਖਾਲਸਈ ਅਜਿੱਤਤਾ ਦੀ ਕਥਾ ਦੀ ਪੁਨਰ-ਸੁਰਜੀਤੀ ਹੋ ਗਈ। ਇਕ ਬੀਰ ਸਿੰਘ[48] ਨਾਮ ਦਾ ਵਿਅਕਤੀ ਜੋ ਇਸ

45. ਸੁਚੇਤ ਸਿੰਘ ਦਾ ਕੋਈ ਪੁੱਤਰ ਨਹੀਂ ਸੀ। ਉਸ ਨੂੰ ਗੁਲਾਬ ਸਿੰਘ ਨੇ ਆਪਣੇ ਛੋਟੇ ਪੁੱਤਰ ਰਨਬੀਰ ਸਿੰਘ (ਮੀਆਂ ਫੀਨੂੰ) ਨੂੰ ਮੁਤਬੰਨਾ ਬਣਾਉਣ ਲਈ ਤਿਆਰ ਕਰ ਲਿਆ ਸੀ। ਇਸ ਕਾਰਨ ਗੁਲਾਬ ਸਿੰਘ ਤੇ ਉਹਦੇ ਪੁੱਤਰਾਂ ਦਾ ਸੁਚੇਤ ਸਿੰਘ ਦੀ ਸ਼ਕਤੀ ਵਿੱਚ ਆਪਣਾ ਹਿੱਤ ਸੀ।
46. ਉਸ ਸਮੇਂ 1 ਅਕਤੂਬਰ 1845 ਨੂੰ ਫ਼ੌਜ ਦੀ ਗਿਣਤੀ 69500 ਪਿਆਦਾ, 27575 ਘੋੜਸਵਾਰ ਤੇ 4150 ਤੋਪਚੀ ਸੀ। ਐਸ.ਸੀ. 521 ਮਿਤੀ 23.2.1844.
47. ਰਿਚਮੰਡ ਆਪਣੀ 13 ਫਰਵਰੀ 1844 ਦੀ ਰਿਪੋਰਟ ਵਿੱਚ ਲਿਖਦਾ ਹੈ : "ਜਿੱਥੋਂ ਤੱਕ ਫ਼ੌਜ ਦਾ ਸਬੰਧ ਹੈ, ਮੇਰਾ ਖ਼ਿਆਲ ਹੈ ਕਿ ਕੁਝ ਗੋਰਖਿਆਂ, ਅਫ਼ਗਾਨਾਂ ਤੇ ਹਿੰਦੁਸਤਾਨੀਆਂ ਨੂੰ ਛੱਡ ਕੇ ਹਰ ਪਲਟਨ ਤੇ ਹਰ ਸੈਨਿਕ ਨੇ ਸਰਕਾਰ ਅਤੇ ਆਪਣੇ ਅਫ਼ਸਰਾਂ ਦਾ ਹੁਕਮ ਮੰਨਣਾ ਛੱਡ ਦਿੱਤਾ ਹੈ। ਅਨੁਸ਼ਾਸਨ ਦੀ ਆਦਤ ਕਾਰਨ, ਸ੍ਵੈ-ਹਿੱਤ ਦੀ ਭਾਵਨਾ ਤੇ ਖਾਲਸੇ ਪ੍ਰਤੀ ਅਸਪੱਸ਼ਟ ਸਤਿਕਾਰ ਨੇ ਉਹਨਾਂ ਨੂੰ ਸੈਨਾ ਵਜੋਂ ਇਕਮੁੱਠ ਰੱਖਿਆ ਹੋਇਆ ਹੈ।" ਐਸ.ਸੀ. 562 ਮਿਤੀ 23.3.1844

 "ਹੁਣ ਸਾਡਾ ਵਾਹ ਇਕ ਯੋਗ ਵਿਅਕਤੀ ਦੀ ਸਥਾਈ ਸਰਕਾਰ ਨਾਲ ਪੈਣਾ ਹੈ ਜਿਸ ਕੋਲ ਅਭਿਮਾਨੀ ਤੇ ਹੁੱਲੜਬਾਜ਼ੀ ਸੈਨਾ ਹੈ ਜੋ ਅਜੇ ਤੱਕ ਹਾਰੀ ਨਹੀਂ ਹੈ ਤੇ ਉਸ ਸਿੱਖ ਕੌਮ ਨਾਲ ਪੈਣਾ ਹੈ ਜਿਹਨਾਂ ਦਾ ਇਸ ਸਮੇਂ ਕੋਈ ਨੇਤਾ ਹੀਂ ਹੈ ਪਰ ਉਹ ਹਰ ਪਾਸੇ ਵਿਜਈ ਹੈ ਤੇ ਉਹ ਹਰ ਸੰਘਰਸ਼ ਲਈ ਤਿਆਰ ਹੈ ਜੇ ਉਸ ਨੂੰ ਉਹਨਾਂ ਦੇ ਰਹੱਸਮਈ ਖਾਲਸੇ ਦੇ ਸਮਰਥਨ ਲਈ ਹਥਿਆਰ ਉਠਾਉਣ ਲਈ ਤਿਆਰ ਕੀਤਾ ਜਾਵੇ।" ਰਿਚਮੰਡ 26 ਸਤੰਬਰ 1843 ਐਸ.ਸੀ. 487, ਮਿਤੀ 23.3.1844.
48. ਬੀਰ ਸਿੰਘ ਦੀ ਮ੍ਰਿਤੂ 1844 ਨੂੰ ਹੋਈ। ਉਹ ਤਰਨਤਾਰਨ ਤਹਿਸੀਲ ਨਾਲ ਸੰਬੰਧ ਰੱਖਦਾ ਸੀ।

ਸਮੇਂ ਮਸ਼ਹੂਰ ਹੋਇਆ, ਇਕ ਰਿਟਾਇਰ ਹੋਇਆ ਫ਼ੌਜੀ ਸੀ ਜੋ ਸਾਧੂ ਬਣ ਕੇ ਸਤਲੁਜ ਕਿਨਾਰੇ ਪਿੰਡ ਨੌਰੰਗਾਬਾਦ* ਰਹਿੰਦਾ ਸੀ। ਇਸ ਕੌਮੀ ਸੰਕਟ ਸਮੇਂ ਸੈਨਿਕ ਤੇ ਕਿਸਾਨ ਅਗਵਾਈ ਲਈ ਭਾਈ ਬੀਰ ਸਿੰਘ ਕੋਲ ਜਾਣ ਲੱਗੇ। ਉਸ ਦੀ ਸੇਵਾ ਵਿੱਚ 200 ਬੰਦੂਕਚੀ ਤੇ 3000 ਘੋੜਸਵਾਰ ਰਹਿੰਦੇ ਸਨ। ਹਰ ਰੋਜ਼ 1500 ਯਾਤਰੀ ਉਹਦੇ ਲੰਗਰ 'ਚੋਂ ਰੋਜ਼ਾਨਾ ਭੋਜਨ ਛਕਦੇ ਸਨ।

ਹੀਰਾ ਸਿੰਘ ਨੇ ਦਰਪੇਸ਼ ਮੁਸ਼ਕਲਾਂ ਦਾ ਬੜੇ ਸਾਹਸ ਨਾਲ ਸਾਮ੍ਹਣਾ ਕੀਤਾ। ਉਸ ਨੇ ਅੰਗਰੇਜ਼ਾਂ ਨਾਲ ਸਾਜ਼ਿਸ਼ਾਂ ਕਰ ਰਹੇ ਯੂਰਪੀਨ ਅਫ਼ਸਰਾਂ ਨੂੰ ਬਰਖ਼ਾਸਤ ਕਰ ਦਿੱਤਾ ਤੇ ਸਤਲੁਜ ਤੋਂ ਪਾਰ ਕੀਤੀਆਂ ਜਾ ਰਹੀਆਂ ਫ਼ੌਜੀ ਤਿਆਰੀਆਂ ਦਾ ਜਾਇਜ਼ਾ ਲੈਣ ਲਆ ਜਾਸੂਸ ਭੇਜੇ।[49] ਉਸ ਨੇ ਭਰੇ ਦਰਬਾਰ ਵਿੱਚ ਅੰਗਰੇਜ਼ਾਂ ਦੇ ਵਕੀਲ ਨੂੰ ਸਪੱਸ਼ਟ ਕਰਨ ਲਈ ਕਿਹਾ ਕਿ ਉਹਨਾਂ ਦੀ ਸਰਕਾਰ ਫ਼ਿਰੋਜ਼ਪੁਰ ਦੀ ਮੋਰਚਾਬੰਦੀ ਕਿਉਂ ਕਰ ਰਹੀ ਹੈ ਤੇ ਉਸ ਨੇ ਅਤਰ ਸਿੰਘ ਸੰਧਾਵਾਲੀਆ ਨੂੰ ਕਿਉਂ ਸ਼ਰਨ ਦਿੱਤੀ ਹੋਈ ਹੈ ਜੋ ਮਰਹੂਮ ਮਹਾਰਾਜੇ ਦੇ ਕਤਲ ਨਾਲ ਸੰਬੰਧਿਤ ਸੀ ਤੇ ਇਸ ਸਰਕਾਰ ਦਾ ਵਿਰੋਧੀ ਹੈ। ਵਕੀਲ ਨੇ ਅੰਗਰੇਜ਼ਾਂ ਦੀ ਸੰਭਾਵਨਾ 'ਤੇ ਜ਼ੋਰ ਦਿੰਦਿਆਂ ਇਸ ਗੱਲ ਤੋਂ ਰੋਸ ਕੀਤਾ ਤੇ ਕਿਹਾ ਕਿ ਉਹ ਦਰਬਾਰ ਦੇ ਤੌਖਲੇ ਆਪਣੀ ਸਰਕਾਰ ਤੱਕ ਪਹੁੰਚਾ ਦੇਵੇਗਾ।[50]

ਹੀਰਾ ਸਿੰਘ ਇਸ ਸਪੱਸ਼ਟੀਕਰਨ ਤੋਂ ਸੰਤੁਸ਼ਟ ਨਾ ਹੋਇਆ ਤੇ ਉਸ ਨੇ ਫ਼ਿਰੋਜ਼ਪੁਰ ਦੇ ਸਾਮ੍ਹਣੇ ਕਸੂਰ ਦੀ ਕਿਲ੍ਹਾਬੰਦੀ ਤੇ ਫਿਲੌਰ ਦੀ ਸੁਰੱਖਿਆ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਹੁਕਮ ਦੇ ਦਿੱਤੇ।

---

* ਖੁਸਵੰਤ ਸਿੰਘ ਨੇ ਭੁਲੇਖਾ ਖਾਧਾ ਹੈ। ਉਹ ਨੌਰੰਗਾਬਾਦ ਦਾ ਜੰਮਪਲ ਸੀ ਪਰ ਗੁਰਦੁਆਰਾ ਉਸ ਨੇ ਮੁੱਠਿਆਂਵਾਲੇ ਸਤਲੁਜ ਕਿਨਾਰੇ ਬਣਾਇਆ ਸੀ।

49. ਪੰਜਾਬ ਅਖ਼ਬਾਰ 1 ਜਨਵਰੀ 1844 : ਦਰਬਾਰ ਦੇ ਜਾਸੂਸਾਂ ਨੇ ਅੰਗਰੇਜ਼ਾਂ ਦੀ ਭਾਰਤੀ ਫ਼ੌਜ ਦੀ ਵਫ਼ਾਦਾਰੀ ਨੂੰ ਪ੍ਰਭਾਵਿਤ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲਈ। 1843-44 ਦੇ ਸਿਆਲ ਵਿੱਚ ਸਤਲੁਜ ਕਿਨਾਰੇ 'ਤੇ ਸਿੰਧ ਵਿੱਚ ਸਥਾਨਕ ਦੇਸੀ ਸਿਪਾਹੀਆਂ ਦੇ ਵਿਦਰੋਹ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ। ਸਿੰਧ ਵਿੱਚ ਇਸ ਦਾ ਕਾਰਨ ਸਿਪਾਹੀਆਂ ਦੀ ਤਨਖ਼ਾਹ ਘਟਾਉਣਾ ਸੀ ਕਿਉਂਕਿ ਇਲਹਾਕ ਪਿੱਛੋਂ ਸਿੰਧ ਹੁਣ ਫ਼ੌਜੀਆਂ ਲਈ ਨਿਯੁਕਤੀ ਲਈ ਪਰਾਇਆ ਨਹੀਂ ਸੀ। ਸਤਲੁਜ ਕਿਨਾਰੇ ਖ਼ਾਸ ਕਰਕੇ ਫ਼ਿਰੋਜ਼ਪੁਰ ਵਿੱਚ ਇਹ ਕੰਪਨੀ ਤੇ ਦਰਬਾਰ ਦੇ ਸਿਪਾਹੀਆਂ ਵਿੱਚ ਤਨਖ਼ਾਹ ਦੇ ਫ਼ਰਕ ਕਾਰਨ ਸੀ। ਦਰਬਾਰ ਦੀ ਫ਼ੌਜ ਵਿੱਚ ਤਨਖ਼ਾਹ 12½ ਰੁਪੈ ਮਹੀਨਾ ਸੀ ਤੇ ਕੰਪਨੀ ਦੇ ਸਿਪਾਹੀਆਂ ਦੀ 8½ ਰੁਪੈ ਸੀ।

ਲਾਰਡ ਐਲਨਬਰੋ ਇਹਨਾਂ ਵਿਦਰੋਹਾਂ ਤੋਂ ਬੇਚੈਨ ਸੀ ਤੇ ਖਾਲਸੇ ਵੱਲੋਂ ਵਿਦਰੋਹ ਉਕਸਾਉਣ ਨੂੰ ਖੁਲ੍ਹਮਖੁਲ੍ਹੇ ਵਿਰੋਧ ਤੇ ਵੈਰ ਨਾਲੋਂ ਵਧੇਰੇ ਖ਼ਤਰਨਾਕ ਸਮਝਦਾ ਸੀ। 1844 ਵਿੱਚ ਲਿਖੇ ਇਕ ਹੋਰ ਪੱਤਰ ਵਿੱਚ ਗਵਰਨਰ ਜਨਰਲ ਨੇ ਡਿਊਕ ਆਫ਼ ਵਲਿੰਗਟਨ ਨੂੰ ਦੱਸਿਆ ਸੀ ਕਿ ਇਹ ਇਕ ਲੰਬਾ ਯੁੱਧ ਹੋਵੇਗਾ।' ਕੋਲਚੈਸਟਰ, ਹਿਸਟਰੀ ਔਫ ਦੀ ਇੰਡੀਅਨ ਐਡਮਨਿਸਟਰੇਸ਼ਨ ਔਫ ਲਾਰਡ ਐਲਨਬਰੋ, ਪੰਨਾ 425.

50. ਪੰਜਾਬ ਅਖ਼ਬਾਰ 19 ਫਰਵਰੀ 1844.

ਸੀਮਾਂ ਦੇ ਦੋਹੋਂ ਪਾਸੀਂ ਫ਼ੌਜਾਂ ਦੀ ਨਕਲੋ-ਹਰਕਤ ਨੇ ਲੋਕਾਂ ਵਿੱਚ ਬੇਚੈਨੀ ਪੈਦਾ ਕਰ ਦਿੱਤੀ। ਅਮੀਰ ਲੋਕਾਂ ਨੇ ਆਪਣਾ ਰੁਪਿਆ ਪੈਸਾ ਤੇ ਗਹਿਣੇ ਜ਼ੇਵਰਾਤ ਅੰਗਰੇਜ਼ੀ ਭਾਰਤ ਵਿੱਚ ਭੇਜਣੇ ਸ਼ੁਰੂ ਕਰ ਦਿੱਤੇ ਤੇ ਬਹੁਤ ਸਾਰੇ ਸਰਦਾਰਾਂ ਦੇ ਪਰਿਵਾਰ ਤੀਰਥ ਯਾਤਰਾ ਦੇ ਬਹਾਨੇ ਪੰਜਾਬ ਛੱਡ ਗਏ।

ਇਸ ਅਸ਼ਾਂਤੀ ਦਾ ਲਾਭ ਉਠਾਉਂਦਿਆਂ ਰਾਜਕੁਮਾਰ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਨੇ ਤਖ਼ਤ ਉੱਪਰ ਆਪਣਾ ਦਾਅਵਾ ਪੇਸ਼ ਕਰ ਦਿੱਤਾ। ਹੀਰਾ ਸਿੰਘ ਨੇ ਆਪਣੇ ਚਾਚੇ ਗੁਲਾਬ ਸਿੰਘ ਡੋਗਰੇ ਨੂੰ ਅੱਖੜ ਰਾਜਕੁਮਾਰਾਂ ਉੱਪਰ ਚੜ੍ਹਾਈ ਕਰਨ ਲਈ ਸਿਆਲਕੋਟ ਭੇਜਿਆ। ਗੁਲਾਬ ਸਿੰਘ ਨੇ ਫੁਰਤੀ ਨਾਲ ਚੜ੍ਹਾਈ ਕੀਤੀ ਕਿਉਂਕਿ ਸਿਆਲਕੋਟ ਉਸ ਦੀ ਆਪਣੀ ਜਾਗੀਰ ਨਾਲ ਲੱਗਦਾ ਸੀ ਤੇ ਉਹ ਇਸ ਨੂੰ ਆਪਣੇ ਨਾਲ ਮਿਲਾ ਸਕਦਾ ਸੀ।

ਰਾਜਕੁਮਾਰਾਂ ਨੇ ਸਖ਼ਤ ਮੁਕਾਬਲਾ ਕੀਤਾ। ਜਦੋਂ ਉਹਨਾਂ ਨੂੰ ਸਿਆਲਕੋਟ ਵਿੱਚੋਂ ਕੱਢ ਦਿੱਤਾ ਗਿਆ ਤਾਂ ਉਹ ਮਾਝੇ ਵਿੱਚ ਘੁੰਮਦੇ ਘੁੰਮਦੇ ਨੌਰੰਗਾਬਾਦ ਭਾਈ ਬੀਰ ਸਿੰਘ ਕੋਲ ਆ ਗਏ। ਉਹਨਾਂ ਨੇ ਫ਼ੌਜ ਦੀਆਂ ਡੋਗਰਾ ਵਿਰੋਧੀ ਭਾਵਨਾਵਾਂ ਨੂੰ ਇਹ ਕਹਿ ਕੇ ਭੜਕਾਇਆ ਕਿ ਹੀਰਾ ਸਿੰਘ ਡੋਗਰੇ ਨੇ ਤਾਂ ਅਮਲੀ ਤੌਰ 'ਤੇ ਤਖ਼ਤ 'ਤੇ ਕਬਜ਼ਾ ਕਰ ਲਿਆ ਹੈ। ਪੰਚਾਂ ਨੇ ਹੀਰਾ ਸਿੰਘ ਨੂੰ ਮਿਲ ਕੇ ਮੰਗ ਕੀਤੀ ਕਿ ਦਲੀਪ ਸਿੰਘ ਨੂੰ ਰਸਮੀ ਤੌਰ 'ਤੇ ਗੱਦੀ 'ਤੇ ਸਥਾਪਿਤ ਕੀਤਾ ਜਾਵੇ। ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਦੀਆਂ ਜਾਗੀਰਾਂ ਉਹਨਾਂ ਨੂੰ ਦੇ ਦਿੱਤੀਆਂ ਜਾਣ ਤੇ ਡੋਗਰਾ ਪਲਟਣਾਂ ਜੋ ਲਾਹੌਰ ਲਿਆਂਦੀਆਂ ਗਈਆਂ ਹਨ, ਵਾਪਸ ਪਹਾੜਾਂ ਵਿੱਚ ਭੇਜੀਆਂ ਜਾਣ। ਹੀਰਾ ਸਿੰਘ ਡੋਗਰੇ ਨੇ ਇਹ ਮੰਗਾਂ ਪ੍ਰਵਾਨ ਕਰ ਲਈਆਂ। ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ ਤੇ ਉਹਦਾ ਮਾਮਾ ਜਵਾਹਰ ਸਿੰਘ ਜੋ ਜ਼ੇਰਬੰਦ ਸੀ, ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਕਸ਼ਮੀਰਾ ਸਿੰਘ (ਜਿਸ ਨੇ ਸਿਆਲਕੋਟ 'ਤੇ ਮੁੜ ਅਧਿਕਾਰ ਕਰ ਲਿਆ ਸੀ) ਤੇ ਪਿਸ਼ੌਰਾ ਸਿੰਘ ਦਾ ਲਾਹੌਰ ਵਿੱਚ ਸੁਆਗਤ ਕੀਤਾ ਗਿਆ ਤੇ ਉਹਨਾਂ ਦੀਆਂ ਪੈਨਸ਼ਨਾਂ ਦੀ ਜ਼ਾਮਨੀ ਦਿੱਤੀ ਗਈ।

ਹੀਰਾ ਸਿੰਘ ਦੀ ਸਰਕਾਰ ਨੂੰ ਚੁਣੌਤੀ ਦੇਣ ਵਾਲਾ ਅਗਲਾ ਵਿਅਕਤੀ ਉਹਦਾ ਚਾਚਾ ਸੁਚੇਤ ਸਿੰਘ ਸੀ ਜਿਸ ਦਾ ਰਾਣੀ ਜ਼ਿੰਦਾਂ ਦੀਆਂ ਨਜ਼ਰਾਂ ਵਿੱਚ ਉੱਘਾ ਸਥਾਨ ਸੀ। ਸੁਚੇਤ ਸਿੰਘ ਲਾਹੌਰ ਪਹੁੰਚ ਗਿਆ ਤੇ ਹੀਰਾ ਸਿੰਘ ਤੇ ਪੰਡਤ ਜੱਲ੍ਹੇ ਨੂੰ ਬਰਖ਼ਾਸਤ ਕੀਤੇ ਜਾਣ ਦੀ ਮੰਗ ਪੇਸ਼ ਕਰ ਦਿੱਤੀ। ਸੈਨਾ ਦੇ ਪੰਚਾਂ ਨੇ ਪ੍ਰਧਾਨ ਮੰਤਰੀ ਪ੍ਰਤੀ ਵਫ਼ਾਦਾਰ ਰਹਿਣ ਦਾ ਫ਼ੈਸਲਾ ਕਰ ਲਿਆ। ਸੁਚੇਤ ਸਿੰਘ ਲਾਹੌਰ ਤੋਂ ਦੌੜ ਗਿਆ। ਫ਼ੌਜ ਦਾ ਦਸਤਾ ਉਹਦੇ ਮਗਰ ਭੇਜਿਆ ਗਿਆ ਜਿਸ ਨੇ ਉਸ ਨੂੰ ਜਾ ਘੇਰਿਆ ਤੇ ਅੰਗ-ਰੱਖਿਅਕਾਂ ਸਮੇਤ ਉਸ ਨੂੰ ਮਾਰ ਦਿੱਤਾ।

ਹੀਰਾ ਸਿੰਘ ਡੋਗਰੇ ਦੀ ਕਿਸਮਤ ਵਿੱਚ ਸ਼ਾਂਤੀ ਨਾਲ ਰਾਜ ਕਰਨਾ ਨਹੀਂ ਲਿਖਿਆ ਸੀ। ਉਸ ਨੇ ਅਜੇ ਆਪਣੇ ਚਾਚੇ ਦੇ ਖ਼ਤਰੇ ਤੋਂ ਮਸਾਂ ਹੀ ਛੁਟਕਾਰਾ ਪਾਇਆ ਸੀ ਕਿ ਇਕ ਹੋਰ ਖ਼ਤਰੇ ਨੇ ਉਹਦੀ ਸਥਿਤੀ ਨੂੰ ਆ ਧਮਕਾਇਆ। ਅਤਰ ਸਿੰਘ ਸੰਧਾਵਾਲੀਆ ਜਿਸ ਦੀਆਂ ਬਰਤਾਨਵੀ ਹਿੰਦੁਸਤਾਨ ਵਿੱਚ ਵਿਰੋਧੀ ਕਾਰਵਾਈਆਂ ਦਰਬਾਰ ਦੇ ਵਿਰੋਧ ਦਾ ਮੁੱਖ ਵਿਸ਼ਾ ਰਹੀਆਂ ਸਨ, ਸਤਲੁਜ ਪਾਰ ਕਰਕੇ ਦਰਬਾਰ ਦੇ ਇਲਾਕੇ ਵਿੱਚ ਆ ਗਿਆ ਤੇ

ਭਾਈ ਬੀਰ ਸਿੰਘ ਕੋਲ ਨੌਰੰਗਾਬਾਦ ਪਹੁੰਚ ਗਿਆ।[51] ਰਾਜਕੁਮਾਰ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਵੀ ਆਪਣੀਆਂ ਜਾਗੀਰਾਂ ਛੱਡ ਕੇ ਨੌਰੰਗਾਬਾਦ ਪਹੁੰਚ ਗਏ। ਭਾਈ ਬੀਰ ਸਿੰਘ ਦਾ ਡੇਰਾ ਪੰਜਾਬ ਉੱਪਰ ਡੋਗਰਿਆਂ ਦੇ ਅਧਿਕਾਰ ਦੇ ਵਿਰੋਧ ਵਿੱਚ ਸਿੱਖ ਵਿਦਰੋਹ ਦਾ ਗੜ੍ਹ ਬਣ ਗਿਆ।

ਅਤਰ ਸਿੰਘ ਸ਼ਕਤੀਸ਼ਾਲੀ ਦੁਸ਼ਮਣ ਸੀ। ਉਹ ਰਣਜੀਤ ਸਿੰਘ ਦੀ ਵੰਸ਼ 'ਚੋਂ ਨਿਕਟ ਸਬੰਧੀ ਸੀ ਤੇ ਫ਼ੌਜ ਵਿੱਚ ਉਸ ਨੇ ਬੜੀ ਪ੍ਰਸਿੱਧੀ ਪ੍ਰਾਪਤ ਕਰਕੇ ਸੇਵਾ ਕੀਤੀ ਸੀ। ਉਸ ਨੂੰ ਰਣਜੀਤ ਸਿੰਘ ਦੇ ਬਹਾਦਰ ਜਰਨੈਲਾਂ ਵਿੱਚ ਗਿਣਿਆ ਜਾਂਦਾ ਸੀ ਤੇ ਰਣਜੀਤ ਸਿੰਘ ਦੇ ਜੀਵਨ ਦੇ ਆਖ਼ਰੀ ਸਾਲਾਂ ਵਿੱਚ ਉਹ ਸਭ ਸਿੱਖ ਸਰਦਾਰਾਂ ਵਿੱਚੋਂ ਸ਼ਕਤੀਸ਼ਾਲੀ ਸੀ। ਅੰਗਰੇਜ਼ ਉਸ ਦੇ ਸਮਰਥੱਕ ਸਨ ਤੇ ਸਵਰਗੀ ਮਹਾਰਾਜੇ ਦੇ ਪੁੱਤਰ ਵੀ ਉਸ ਦੇ ਦਾਅਵੇ ਨੂੰ ਪ੍ਰਵਾਨ ਕਰਨ ਲਈ ਤਿਆਰ ਸਨ।

ਹੀਰਾ ਸਿੰਘ ਡੋਗਰੇ ਨੇ ਫ਼ੌਜੀਆਂ ਨੂੰ ਲੰਮਾ ਚੌੜਾ ਭਾਸ਼ਣ ਦਿੱਤਾ ਤੇ ਕਿਹਾ ਕਿ ਸੰਧਾਂਵਾਲੀਏ ਹੀ ਮਹਾਰਾਜਾ ਸ਼ੇਰ ਸਿੰਘ, ਰਾਜਕੁਮਾਰ ਪਰਤਾਪ ਸਿੰਘ ਦੇ ਉਸ ਦੇ ਪਿਤਾ ਧਿਆਨ ਸਿੰਘ ਡੋਗਰਾ ਦੇ ਕਤਲਾਂ ਲਈ ਜ਼ਿੰਮੇਵਾਰ ਸਨ ਤੇ ਉਹ ਪਿਛਲੇ 6 ਮਹੀਨਿਆਂ ਤੋਂ ਅੰਗਰੇਜ਼ਾਂ ਕੋਲ ਰਿਹਾ ਹੈ ਤੇ ਉਸ ਨੇ ਉਹਨਾਂ ਨੂੰ ਮਾਮਲੇ ਵਿੱਚ ਛਿਆਨੀ (ਇਕ ਰੁਪੈ ਭਾਵ ਸੋਲ੍ਹਾਂ ਆਨਿਆਂ 'ਚ ਛੇ ਆਨੇ) ਦੇਣ ਦਾ ਵਚਨ ਦਿੱਤਾ ਹੈ, ਜੇਕਰ ਉਸ ਦਾ ਪੰਜਾਬ ਉੱਪਰ ਹਮਲਾ ਸਫ਼ਲ ਹੋ ਗਿਆ। ਉਸ ਨੇ ਇਹ ਵੀ ਕਿਹਾ ਕਿ ਸੁਚੇਤ ਸਿੰਘ ਡੋਗਰੇ ਦੀ ਵਿਧਵਾ ਨੇ ਇਸ ਵਿਦਰੋਹ ਲਈ ਧਨ ਦੀ ਸਹਾਇਤਾ ਕੀਤੀ ਹੈ ਜੋ ਉਸ ਦੇ ਪਤੀ ਨੇ ਬਰਤਾਨਵੀ ਹਿੰਦੁਸਤਾਨ ਵਿੱਚ ਲਾ ਰੱਖਿਆ ਸੀ। ਉਸ ਨੇ ਇਹ ਵੀ ਕਿਹਾ ਕਿ ਰਾਜਕੁਮਾਰ ਤੇ ਭਾਈ ਬੀਰ ਸਿੰਘ ਅਣਜਾਣੇ ਵਿੱਚ ਹੀ ਗੱਦਾਰਾਂ ਦਾ ਹੱਥ ਠੋਕਾ ਬਣ ਗਏ ਸਨ। ਫ਼ੌਜ ਦੇ ਪੰਚਾਂ ਨੇ ਹੀਰਾ ਸਿੰਘ ਦਾ ਸਾਥ ਦੇਣ ਦਾ ਫ਼ੈਸਲਾ ਕਰ ਲਿਆ ਤੇ ਦਰਬਾਰ ਦੀ ਫ਼ੌਜ ਨੇ ਨੌਰੰਗਾਬਾਦ 'ਤੇ ਚੜ੍ਹਾਈ ਕਰ ਦਿੱਤੀ।

ਭਾਈ ਬੀਰ ਸਿੰਘ ਨੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਸਮਝੌਤੇ ਦੀ ਗੱਲਬਾਤ ਚੱਲ ਰਹੀ ਸੀ ਤਾਂ ਜੋਸ਼ੀਲਾ ਸੰਧਾਂਵਾਲੀਆ ਬੇਕਾਬੂ ਤੇ ਬਹਿਬਲ ਹੋ ਉੱਠਿਆ ਤੇ ਉਸ ਨੇ ਦਰਬਾਰ ਦਾ ਇਕ ਦੂਤ ਮਾਰ ਦਿੱਤਾ। ਦਰਬਾਰ ਦੇ ਤੋਪਖਾਨੇ ਨੇ ਭਾਈ ਦੇ ਡੇਰੇ 'ਤੇ

---

51. 4 ਮਈ 1844 ਦੀ ਜਾਸੂਸੀ ਸੂਚਨਾ। ਐਲਨਬਰੋ ਦੇ 10 ਜੂਨ 1844 ਦੇ ਮਲਕਾ ਵਿਕਟੋਰੀਆ ਨੂੰ ਲਿਖੇ ਪੱਤਰ ਵਿੱਚ ਵਰਨਨ ਕੀਤਾ ਗਿਆ ਹੈ : "ਇਹ ਅਫ਼ਸੋਸਨਾਕ ਹੈ ਕਿ ਅਤਰ ਸਿੰਘ ਨੂੰ ਲਾਹੌਰ ਸਰਕਾਰ ਵਿਰੁੱਧ ਕਾਰਵਾਈ ਕਰਨ ਦੇ ਮਨੋਰਥ ਦੀ ਜਾਣਕਾਰੀ ਦੇ ਬਾਵਜੂਦ ਥਾਨੇਸਰ ਤੋਂ ਸਤਲੁਜ ਵੱਲ ਜਾਣ ਦੀ ਆਗਿਆ ਦਿੱਤੀ ਗਈ ਹੈ। ਇਸ ਗ਼ਲਤੀ ਕਾਰਨ ਬਰਤਾਨਵੀ ਪ੍ਰਤਿਨਿਧ ਵੱਲੋਂ ਸਿੱਖਾਂ ਵੱਲੋਂ ਉਸ ਸੰਧੀ ਦੀ ਉਲੰਘਣਾ ਕਰਨ ਵਿਰੁੱਧ ਇਤਰਾਜ਼ ਕਰਨਾ ਸੰਭਵ ਨਹੀਂ ਹੈ ਜੋ ਉਹਨਾਂ ਨੇ ਅਤਰ ਸਿੰਘ ਨੂੰ ਗਰਿਫ਼ਤਾਰ ਕਰਨ ਲਈ ਸਤਲੁਜ ਦੇ ਖੱਬੇ ਕਿਨਾਰੇ ਫ਼ੌਜ ਭੇਜ ਕੇ ਕੀਤੀ ਹੈ। ਉੱਚਿਤ ਇਹੋ ਸਮਝਿਆ ਗਿਆ ਹੈ ਕਿ ਇਸ ਵਿਸ਼ੇ ਤੇ ਕੋਈ ਇਤਰਾਜ਼ ਨ ਭੇਜਿਆ ਜਾਵੇ ਤੇ ਸਾਰੀ ਗੱਲ ਭੁੱਲ ਭੁਲਾ ਦਿੱਤੀ ਜਾਵੇ। ਕੋਲਚੈਸਟਰ "ਹਿਸਟਰੀ ਔਫ ਇੰਡੀਅਨ ਐਡਮਨਿਸਟਰੇਸ਼ਨ ਔਫ ਲਾਰਡ ਐਲਨਬਰੋ' ਪੰਨਾ 129.

ਗੋਲਾਬਾਰੀ ਕਰਕੇ ਅਤਰ ਸਿੰਘ, ਰਾਜਕੁਮਾਰ ਕਸ਼ਮੀਰਾ[52] ਸਿੰਘ ਤੇ ਭਾਈ ਬੀਰ ਸਿੰਘ ਸਮੇਤ ਕਈ ਸੌ ਆਦਮੀ ਮਾਰ ਦਿੱਤੇ।

ਫ਼ੌਜਾਂ ਜੇਤੂ ਹੋਣ ਦੇ ਬਾਵਜੂਦ ਪਸ਼ੇਮਾਨ ਸਨ। ਉਹਨਾਂ ਦੇ ਹੱਥ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਅਤੇ ਗੁਰੂ ਵਜੋਂ ਸਤਿਕਾਰੇ ਜਾਂਦੇ ਆਦਮੀ ਦੇ ਖ਼ੂਨ ਨਾਲ ਰੰਗੇ ਹੋਏ ਸਨ। ਉਹਨਾਂ ਨੇ ਆਪਣਾ ਗੁੱਸਾ ਡੋਗਰਿਆਂ ਵਿਰੁੱਧ ਕੱਢਿਆ। ਹੀਰਾ ਸਿੰਘ ਡੋਗਰੇ ਨੇ ਉਹਨਾਂ ਦੀਆਂ ਭਾਵਨਾਵਾਂ ਨੂੰ ਭਾਈ ਬੀਰ ਸਿੰਘ ਦੀ ਯਾਦ ਵਿੱਚ ਚੜ੍ਹਾਵਾ ਚੜ੍ਹਾ ਕੇ ਸ਼ਾਂਤ ਕੀਤਾ ਤੇ ਇਹ ਵੀ ਐਲਾਨ ਕੀਤਾ ਕਿ ਉਹ ਸਿੱਖ ਧਰਮ ਅਪਣਾ ਲਵੇਗਾ।[53] ਹੀਰਾ ਸਿੰਘ ਦਾ ਬਚਾਅ ਜਿਸ ਗੱਲ ਨੇ ਕੀਤਾ ਉਹ ਪੰਜਾਬ ਉੱਪਰ ਅੰਗਰੇਜ਼ਾਂ ਵੱਲੋਂ ਤਾਜ਼ਾ ਹਮਲੇ ਦੀ ਅਫ਼ਵਾਹ ਸੀ[54] ਤੇ ਰਾਜ ਵਿੱਚ ਇਕ ਛੋਟਾ ਜਿਹਾ ਵਿਦਰੋਹ ਵੀ ਸੀ।[55]

ਜੁਲਾਈ 1844 ਇਕ ਉੱਘਾ ਸੈਨਿਕ ਲਾਰਡ ਹਾਰਡਿੰਗ, ਲਾਰਡ ਐਲਨਬਰੋ ਦੀ ਥਾਂ 'ਤੇ ਗਵਰਨਰ ਜਨਰਲ ਬਣ ਕੇ ਆਇਆ। ਇਸ ਨਿਯੁਕਤੀ ਨੇ ਦਰਬਾਰ 'ਚ ਹਲਚਲ

---

52. ਰਾਜਕੁਮਾਰ ਪਿਸ਼ੌਰਾ ਸਿੰਘ ਉਸ ਸਮੇਂ ਭਾਈ ਦੇ ਡੇਰੇ 'ਚੋਂ ਚਲਾ ਗਿਆ ਸੀ ਤੇ ਉਸ ਨੇ ਦਰਬਾਰ ਦੀ ਅਧੀਨਗੀ ਪ੍ਰਵਾਨ ਕਰ ਲਈ ਸੀ। ਮਗਰੋਂ ਉਹ ਸਤਲੁਜ ਪਾਰ ਕਰਕੇ ਅੰਗਰੇਜ਼ਾਂ ਦੀ ਸ਼ਰਨ ਵਿੱਚ ਚਲਾ ਗਿਆ।
53. ਪੰਜਾਬ ਦੀ ਗੁਪਤ ਰਿਪੋਰਟ ਮਿਤੀ 14.5.1844 ਅਨੁਸਾਰ 'ਰਾਜਾ ਹੀਰਾ ਸਿੰਘ ਸੈਨਿਕ ਨੂੰ ਵਰਗਲਾ ਕੇ ਰੱਖਦਾ ਹੈ ਤੇ ਬਹੁਤ ਸਾਰੇ ਇਕਰਾਰ ਕਰਦਾ ਹੈ, ਉਹਨਾਂ ਨੂੰ ਤੁਹਫੇ ਦੇ ਕੇ ਸਨਮਾਨਿਤ ਕਰਦਾ ਹੈ। ਸਿੱਖ ਸੈਨਿਕਾਂ ਨੇ ਸੁਗਾਤਾਂ ਲਈਆਂ ਤੇ ਕਿਹਾ, "ਅਸੀਂ ਆਪਣੇ ਗੁਰੂ ਨੂੰ ਮਾਰ ਸੁੱਟਿਆ ਤੇ ਸਾਨੂੰ ਦੋ ਰੁਪੇ ਮਿਲੇ। ਅਸੀਂ ਕਿਹੋ-ਜਿਹੇ ਆਦਮੀ ਹਾਂ।"
54. ਕਸੌਲੀ ਤੋਂ ਖ਼ਬਰ ਨਵੀਸ ਨੇ ਸੂਚਨਾ ਦਿੱਤੀ ਕਿ ਵੱਡੀ ਮਾਤਰਾ ਵਿੱਚ ਗੋਲਾ ਬਾਰੂਦ ਲੁਧਿਆਣੇ ਅਤੇ ਫ਼ਿਰੋਜ਼ਪੁਰ ਨੂੰ ਭੇਜਿਆ ਗਿਆ ਹੈ। ਫ਼ਿਰੋਜ਼ਪੁਰ ਤੋਂ ਜਾਣਕਾਰੀ ਮਿਲੀ ਹੈ ਕਿ ਜ਼ਿਮੀਂਦਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਸਾਉਣੀ ਦੀ ਫ਼ਸਲ ਨਾ ਬੀਜਣ ਕਿਉਂਕਿ ਉੱਥੇ ਬੜੀ ਵੱਡੀ ਫ਼ੌਜ ਆਉਣ ਵਾਲੀ ਹੈ। ਛਾਉਣੀਆਂ ਵਿੱਚ ਜੰਗ ਦਾ ਸਾਮਾਨ ਜਮ੍ਹਾਂ ਕੀਤਾ ਜਾਣਾ ਹੈ ਤੇ ਸਤਲੁਜ ਦੇ ਲਾਂਘੇ ਦਾ ਵੀ ਨਿਰੀਖਣ ਕੀਤਾ ਜਾ ਰਿਹਾ ਸੀ।' ਹਰੀ ਰਾਮ ਗੁਪਤਾ "ਪੰਜਾਬ ਔਨ ਦੀ ਈਵ ਔਫ ਫਸਟ ਸਿੱਖ ਵਾਰ"—ਪੰਨਾ 80, 198, 201, 206, 208, 219.
55. ਫਤਿਹ ਖ਼ਾਂ ਟਿਵਾਣਾ ਨੇ ਦੱਖਣ ਵਿੱਚ ਵਿਦਰੋਹ ਕਰ ਦਿੱਤਾ। ਗੁਲਾਬ ਸਿੰਘ ਨੇ ਮਾਮਲਾ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਸੀਮਾਂਤ ਖੇਤਰ ਦੇ ਕਬਾਇਲੀਆਂ ਨੂੰ ਪਿਸ਼ਾਵਰ ਲੁੱਟਣ ਲਈ ਉਕਸਾਇਆ। ਮੁਲਤਾਨ ਦੇ ਗਵਰਨਰ ਮੂਲ ਰਾਜ ਨੂੰ ਫਤਿਹ ਖ਼ਾਂ ਵਿਰੁੱਧ ਭੇਜਿਆ ਗਿਆ। ਮਿੱਠਾ ਟਿਵਾਣਾ ਦੇ ਅਸਥਾਨ ਤੇ ਹੋਈ ਲੜਾਈ ਵਿੱਚ ਦੋਹਾਂ ਧਿਰਾਂ ਦੇ 900 ਆਦਮੀ ਮਾਰੇ ਗਏ। ਫਤਿਹ ਖ਼ਾਂ ਦਾ ਪੁੱਤਰ ਮਾਰਿਆ ਗਿਆ ਤੇ ਉਹ ਅਧੀਨਗੀ ਪ੍ਰਵਾਨ ਕਰਨ ਲਈ ਸਹਿਮਤ ਹੋ ਗਿਆ। ਗੁਲਾਬ ਸਿੰਘ ਦਾ ਵਿਰੋਧ ਵੀ ਉਸ ਸਮੇਂ ਘੱਟ ਗਿਆ ਜਦੋਂ ਦਰਬਾਰ ਦੀ ਸੈਨਾ ਨੂੰ ਜੰਮੂ 'ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ ਗਿਆ। ਉਸ ਨੇ ਆਪਣਾ ਪੁੱਤਰ ਯਰਗਮਾਲ ਵਜੋਂ ਲਾਹੌਰ ਭੇਜ ਦਿੱਤਾ।

ਪੈਦਾ ਕਰ ਦਿੱਤੀ।[56] ਸਿੱਟੇ ਵਜੋਂ ਜਦੋਂ ਅਕਤੂਬਰ ਵਿੱਚ ਈਸਟ ਇੰਡੀਆ ਕੰਪਨੀ ਦੀਆਂ ਫ਼ੌਜਾਂ ਦਾ ਸੈਨਾਪਤੀ ਲੁਧਿਆਣਾ ਅਤੇ ਫਿਰੋਜ਼ਪੁਰ ਵਿੱਚ ਫ਼ੌਜਾਂ ਦਾ ਨਿਰੀਖਣ ਕਰਨ ਆਇਆ ਤਾਂ ਪੰਜਾਬੀ ਫ਼ੌਜ ਨੂੰ ਸੰਭਾਵੀ ਹਮਲੇ ਵਿਰੁੱਧ ਸੁਚੇਤ ਕਰ ਦਿੱਤਾ ਗਿਆ। ਦਰਿਆ ਉੱਪਰ ਸੀਮਾ ਚੌਕੀਆਂ ਦੀ ਕਿਲ੍ਹਾਬੰਦੀ ਕਰ ਲਈ ਗਈ ਤੇ ਪੱਤਣ ਅਤੇ ਬੇੜੀਆਂ ਦੀ 24 ਘੰਟੇ ਨਿਗਰਾਨੀ ਕੀਤੀ ਜਾਣ ਲੱਗੀ। ਇਹ ਤਨਾਅ ਤੇ ਖਿੱਚੋਤਾਣ ਕਈ ਹਫ਼ਤੇ ਰਹੀ।

ਹੀਰਾ ਸਿੰਘ ਡੋਗਰੇ ਦੇ ਛੋਟੇ ਜਿਹੇ ਜੀਵਨ-ਕਾਲ ਵਿੱਚ ਆਖ਼ਰੀ ਸੰਕਟ ਜੱਲੇ ਕਾਰਨ ਅਚਾਨਕ ਆਇਆ। ਬ੍ਰਾਹਮਣ ਪੁਜਾਰੀ ਆਪ ਭਾਵੇਂ ਪਾਕ ਪਵਿੱਤਰ ਨਹੀਂ ਸੀ, ਉਸ ਨੇ ਰਾਣੀ ਜਿੰਦਾਂ ਦੇ ਚਰਿੱਤਰ ਤੇ ਤੁਹਮਤਾਂ ਲਾ ਕੇ ਭੰਡੀ ਕਰਨੀ ਸ਼ੁਰੂ ਕਰ ਦਿੱਤੀ।[57] ਰਾਣੀ ਤੇ ਉਹਦੇ ਭਰਾ ਜਵਾਹਰ ਸਿੰਘ ਨੇ ਫ਼ੌਜ ਦੇ ਪੰਚਾਂ ਕੋਲ ਬੇਨਤੀ ਕੀਤੀ ਜਿਹਨਾਂ ਨੇ ਰਾਣੀ ਤੇ ਉਹਦੇ ਪੁੱਤਰ ਦੀ ਉਸਤਤ ਕੀਤੀ ਅਤੇ ਹੀਰਾ ਸਿੰਘ ਡੋਗਰਾ ਤੇ ਜੱਲ੍ਹਾ ਨੂੰ ਪੰਜਾਬ 'ਚੋਂ ਕੱਢ ਦੇਣ ਦੀ ਸਹੁੰ ਚੁੱਕ ਲਈ।

ਹੀਰਾ ਸਿੰਘ ਡੋਗਰੇ ਨੇ ਸਹਾਇਤਾ ਲਈ ਆਪਣੇ ਚਾਚਾ ਗੁਲਾਬ ਸਿੰਘ ਵੱਲ ਮੂੰਹ ਕੀਤਾ। ਗੁਲਾਬ ਸਿੰਘ 7000 ਸੈਨਿਕ ਲੈ ਕੇ ਕਾਹਲੀ-ਕਾਹਲੀ ਜੰਮੂ ਤੋਂ ਆ ਪਹੁੰਚਿਆ। ਪਹਾੜੀਆਂ ਦੇ ਆਉਣ ਦੀ ਖ਼ਬਰ ਨੇ ਖਾਲਸਾ ਫ਼ੌਜ ਨੂੰ ਭੜਕਾ ਦਿੱਤਾ। ਉਹਨਾਂ ਨੇ ਪ੍ਰਧਾਨ ਮੰਤਰੀ ਤੇ ਉਹਦੇ ਬ੍ਰਾਹਮਣ ਪੁਜਾਰੀ ਨੂੰ ਗਰਿਫ਼ਤਾਰ ਕਰਨ ਦਾ ਮਨ ਬਣਾ ਲਿਆ। ਹੀਰਾ ਸਿੰਘ ਤੇ ਪੰਡਤ ਜਲ੍ਹਾ ਜੋਗਰਾ ਅੰਗ-ਰੱਖਿਅਕਾਂ ਨੂੰ ਨਾਲ ਲੈ ਕੇ ਰਾਜਧਾਨੀ ਤੋਂ ਭੱਜ ਤੁਰੇ।

ਖਾਲਸਾ ਫ਼ੌਜ ਨੇ ਭੱਜ ਰਹੇ ਡੋਗਰੇ ਤੇ ਉਹਦੇ ਸਰਪ੍ਰਸਤ ਪੰਡਤ ਨੂੰ ਪਕੜ ਲਿਆ। ਭੱਜੇ ਜਾਂਦਿਆਂ ਲੜਾਈ ਹੋਈ ਜਿਸ ਵਿੱਚ 1000 ਡੋਗਰੇ ਮਾਰੇ ਗਏ। ਹੀਰਾ ਸਿੰਘ ਤੇ

---

56. ਜਦੋਂ ਦਰਬਾਰ ਵਿੱਚ ਖ਼ਬਰ ਪੜ੍ਹੀ ਗਈ ਤਾਂ ਜਲ੍ਹੇ ਨੇ ਟਿੱਪਣੀ ਕੀਤੀ, "ਲਾਰਡ ਆਕਲੈਂਡ ਨੇ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ ਸੀ; ਉਸ ਦੇ ਉੱਤਰਾਧਿਕਾਰੀ ਨੇ ਸਿੰਧ ਅਤੇ ਗਵਾਲੀਅਰ ਤੇ ਨਿਰਸੰਦੇਹ ਹੁਣ ਨਵਾਂ ਲਾਰਡ ਪੰਜਾਬ ਉੱਪਰ ਹਮਲਾ ਕਰਨ ਲਈ ਤਿਆਰ ਹੈ।" ਪੰਜਾਬ ਗੁਪਤਚਰ ਰਿਪੋਰਟ 23 ਜੂਨ 1844. ਇਸ ਟਿੱਪਣੀ ਦਾ ਕਾਰਨ ਕੁਝ ਦਿਨ ਪਹਿਲਾਂ ਕਲਕੱਤਾ ਵਿਖੇ ਗਵਰਨਰ ਜਨਰਲ ਦੀ ਕੌਂਸਲ ਦੀ ਇਕ ਸਭਾ ਵਿੱਚ ਅਤਰ ਸਿੰਘ ਸੰਧਾਂਵਾਲੀਆ ਦੀ ਮੌਤ 'ਤੇ ਅਫ਼ਸੋਸ ਪ੍ਰਗਟਾਉਂਦੀ ਇਤਲਾਹ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਜੇ ਉਹ ਜਿਉਂਦਾ ਰਹਿੰਦਾ ਤਾਂ ਪੰਜਾਬ ਬਿਨਾਂ ਲੜਾਈ ਤੋਂ ਹੀ ਜਿੱਤ ਲਿਆ ਜਾਣਾ ਸੀ। ਕੰਪਨੀ ਦੀ ਫ਼ੌਜ 'ਚੋਂ ਭਗੌੜੇ ਹੋ ਕੇ ਗਏ ਫ਼ੌਜੀਆਂ ਨੇ ਇਹ ਦੱਸ ਕੇ ਲਾਹੌਰ ਦਰਬਾਰ ਦਾ ਡਰ ਹੋਰ ਵੀ ਵਧਾ ਦਿੱਤਾ ਸੀ ਕਿ ਅੰਗਰੇਜ਼ ਸਤੰਬਰ ਵਿੱਚ ਸਤਲੁਜ ਪਾਰ ਕਰ ਲੈਣਗੇ।
57. ਰਾਣੀ ਜਿੰਦਾਂ ਜਿਸ ਦਾ ਨਾਮ ਬਹੁਤ ਸਾਰੇ ਦਰਬਾਰੀਆਂ ਨਾਲ ਜੋੜਿਆ ਜਾਂਦਾ ਸੀ, ਲਾਲ ਸਿੰਘ ਦੇ ਸੰਬੰਧਾਂ ਕਾਰਨ ਗਰਭਵਤੀ ਹੋਈ ਦੱਸੀ ਜਾਂਦੀ ਸੀ। ਉਹ ਇਕ ਗਰਭਪਾਤ ਪਿੱਛੋਂ ਬਹੁਤ ਬੀਮਾਰ ਹੋ ਗਈ ਤੇ ਖੁਲ੍ਹੇ ਦਰਬਾਰ ਵਿੱਚ ਕਿਹਾ ਗਿਆ ਕਿ ਜੇ ਉਹ ਮਰ ਗਈ ਤਾਂ ਲਾਲ ਸਿੰਘ ਨੂੰ ਫ਼ਾਂਸੀ ਦਿੱਤੀ ਜਾਵੇਗੀ। ਉਹ ਬਿਮਾਰੀ ਮਗਰੋਂ ਬਚ ਗਈ ਤੇ ਉਹਦੇ ਪ੍ਰਭਾਵ ਕਾਰਨ ਲਾਲ ਸਿੰਘ ਨੂੰ ਰਾਜੇ ਦੀ ਉਪਾਧੀ ਦਿੱਤੀ ਗਈ।

ਜਲ੍ਹਾ ਮਾਰੇ ਗਏ ਤੇ ਉਹਨਾਂ ਦੇ ਸਿਰ ਨੇਜ਼ਿਆਂ 'ਤੇ ਟੰਗ ਕੇ ਲਾਹੌਰ ਦੇ ਬਾਜ਼ਾਰਾਂ ਵਿੱਚ ਘੁੰਮਾਏ ਗਏ। ਹੀਰਾ ਸਿੰਘ ਡੋਗਰਾ ਅਸਾਧਾਰਨ ਯੋਗਤਾ, ਬੁੱਧੀ ਤੇ ਹੌਸਲੇ ਦਾ ਮਾਲਕ ਸੀ। ਜੇ ਹਾਲਾਤ ਕੁਝ ਵੱਖਰੇ ਹੁੰਦੇ ਤਾਂ ਸ਼ਾਇਦ ਉਹ ਪੰਜਾਬ ਦਾ ਪਹਿਲਾ ਡੋਗਰਾ-ਸਿੱਖ ਮਹਾਰਾਜਾ ਹੁੰਦਾ। ਪ੍ਰੰਤੂ ਅਭਿਮਾਨੀ ਤੇ ਨਵਾਂ-ਨਵਾਂ ਬਣਿਆ ਅਮੀਰ ਜਲ੍ਹਾ ਉਹਦੇ ਪਤਨ ਦਾ ਕਾਰਨ ਬਣਿਆ। ਜਲ੍ਹੇ ਨੂੰ ਇਸ ਦੋਹੇ ਰਾਹੀਂ ਯਾਦ ਕੀਤਾ ਜਾਂਦਾ ਹੈ : "ਉੱਪਰ ਅੱਲਾ, ਥੱਲੇ ਜੱਲਾ, ਜੱਲੇ ਦੇ ਸਿਰ ਤੇ ਖੱਲਾ (ਛਿੱਤਰ)।

ਮਹਾਰਾਣੀ ਜ਼ਿੰਦਾਂ ਤੇ ਦਲੀਪ ਸਿੰਘ—ਹੀਰਾ ਸਿੰਘ ਤੇ ਜੱਲੇ ਦੀ ਮੌਤ ਤੋਂ ਕੁਝ ਸਮਾਂ ਮਗਰੋਂ ਤੱਕ ਦਰਬਾਰ ਦਾ ਕੰਮ-ਕਾਜ ਸੰਭਾਲਣ ਵਾਲਾ ਕੋਈ ਨਹੀਂ ਸੀ।[58] ਹੌਲੀ-ਹੌਲੀ ਮਹਾਰਾਣੀ ਜ਼ਿੰਦਾਂ ਨੇ ਰਾਜ-ਕਾਜ ਦਾ ਕੰਮ ਆਪਣੇ ਹੱਥਾਂ 'ਚ ਲੈ ਲਿਆ। ਉਸ ਦੀ ਸਹਾਇਤਾ ਉਸ ਦੇ ਭਰਾ ਜਵਾਹਰ ਸਿੰਘ (ਜਿਸ ਨੇ ਵਜ਼ੀਰ ਦੀ ਪਦਵੀ ਧਾਰਨ ਕਰ ਲਈ ਸੀ) ਤੇ ਲਾਲ ਸਿੰਘ ਨੇ ਕੀਤੀ। ਉਹਦੀ ਨੌਕਰਾਣੀ ਮੰਗਲਾ[59] ਆਪਣੀ ਮਾਲਕਣ ਦੀ ਵਿਚੋਲਗੀ ਕਰਦੀ ਸੀ ਕਿਉਂਕਿ ਮਹਾਰਾਣੀ ਪਰਦਾਨਸ਼ੀਨ ਸੀ। ਜ਼ਿੰਦਾਂ ਦਾ ਪਹਿਲਾ ਕੰਮ ਫ਼ੌਜ ਨੂੰ ਆਪਣੇ ਵੱਸ ਵਿੱਚ ਕਰਨਾ ਸੀ। ਇੰਝ ਕਰਨ ਲਈ ਪਹਿਲਾਂ ਉਸ ਨੂੰ ਰਾਜਕੁਮਾਰ ਪਿਸ਼ੌਰਾ ਸਿੰਘ ਨਾਲ ਟੱਕਰ ਲੈਣੀ ਪਈ।[60] ਜ਼ਿੰਦਾਂ ਪਿਸ਼ੌਰਾ ਸਿੰਘ ਦੇ ਕੰਨ ਕੁਤਰਨ ਤੇ

---

58. ਰਾਣੀ, ਉਹਦਾ ਭਰਾ ਤੇ ਉਹਨਾਂ ਦਾ ਲੜਕਾ ਕਿਲ੍ਹੇ ਵਿੱਚ ਇਕੱਲੇ ਸਨ। ਰਾਣੀ ਨੇ ਭਾਈ ਰਾਮ ਸਿੰਘ ਨੂੰ ਬੁਲਾ ਭੇਜਿਆ ਪਰ ਉਹ ਨਾ ਆਇਆ। ਫਿਰ ਉਸ ਨੇ ਕੌਂਸਲ ਦੇ ਸਰਦਾਰਾਂ ਨੂੰ ਬੁਲਾਇਆ ਜੋ ਹੁਣੇ-ਹੁਣੇ ਦਰਬਾਰ 'ਚੋਂ ਗਏ ਸਨ ਪਰ ਉਹ ਵੀ ਉਹਦੇ ਕੋਲ ਆਉਣ ਨੂੰ ਤਿਆਰ ਨਹੀਂ ਸਨ। ਉਹਨਾਂ ਨੇ ਐਲਾਨ ਕਰ ਦਿੱਤਾ ਕਿ ਰਾਜ ਸੈਨਾ ਦੇ ਹੱਥਾਂ ਵਿੱਚ ਹੈ ਤੇ ਫ਼ੌਜ ਉਹਨਾਂ ਦੇ ਹੁਕਮਾਂ ਦੀ ਉਡੀਕ ਕਰੇ।" ਬਰੌਡਫੁੱਟ ਵੱਲੋਂ ਕਰੀ ਨੂੰ ਖਤ 4 ਜਨਵਰੀ 1845 ਐਸ. ਸੀ. 58 ਮਿਤੀ 4.4.1845
59. ਮੰਗਲਾ ਕਾਂਗੜੇ ਦੇ ਇਕ ਮਾਛੀ ਦੀ ਲੜਕੀ ਸੀ ਜਿਸ ਨੂੰ ਜ਼ਿੰਦਾਂ ਨੇ 1835 ਵਿੱਚ ਨੌਕਰ ਰੱਖਿਆ ਸੀ। ਰਣਜੀਤ ਸਿੰਘ ਦੀ ਮੌਤ ਪਿੱਛੋਂ ਉਹ ਮਹਾਰਾਣੀ ਦੀ ਵਿਸ਼ਵਾਸ-ਪਾਤਰ ਬਣ ਗਈ ਤੇ ਇਹ ਵੀ ਅਫ਼ਵਾਹ ਉੱਡਦੀ ਸੀ ਕਿ ਉਹ ਲਾਲ ਸਿੰਘ ਤੇ ਮਹਾਰਾਣੀ ਵਿਚਕਾਰ ਦਲਾਲ ਦਾ ਕੰਮ ਕਰਦੀ ਸੀ। ਉਹ ਆਪ ਜ਼ਿੰਦਾਂ ਦੇ ਭਰਾ ਜਵਾਹਰ ਸਿੰਘ ਦੀ ਰਖੇਲ ਬਣ ਗਈ। ਜਿਸ ਸਮੇਂ ਦੀ ਗੱਲ ਹੈ, ਉਦੋਂ ਉਹਦੀ ਉਮਰ 30 ਸਾਲ ਸੀ। ਜ਼ਿੰਦਾਂ ਤੇ ਲਾਲ ਸਿੰਘ ਅਤੇ ਮੰਗਲਾ ਤੇ ਜਵਾਹਰ ਸਿੰਘ ਦੇ ਸਬੰਧ ਬਦਨਾਮੀ ਦਾ ਵਿਸ਼ਾ ਬਣੇ ਰਹੇ।
60. ਬਰੌਡਫੁੱਟ ਨੇ 5 ਜਨਵਰੀ 1845 ਨੂੰ ਕਰੀ ਨੂੰ ਇਕ ਪੱਤਰ ਵਿੱਚ ਲਿਖਿਆ ਕਿ "ਫ਼ੌਜ ਦੇ ਡੇਰੇ ਵਿੱਚ ਬੜੀ ਖਲਬਲੀ ਮੱਚੀ। ਜੁਆਨ ਕਹਿ ਰਹੇ ਸਨ ਕਿ ਉਹ ਪਿਸ਼ੌਰਾ ਸਿੰਘ ਤੋਂ ਬਿਨਾਂ ਕਿਸੇ ਨੂੰ ਆਪਣਾ ਰਾਜਾ ਨਹੀਂ ਮੰਨਣਗੇ। ਉਹ ਉਹਨਾਂ ਦੀ ਤਨਖ਼ਾਹ ਵੀ ਵਧਾਏਗਾ ਤੇ ਉਹਦੀ ਅਗਵਾਈ ਵਿੱਚ ਉਹ ਜਸਰੋਟਾ ਤੇ ਜੰਮੂ ਉੱਪਰ ਜਿੱਤ ਪ੍ਰਾਪਤ ਕਰਨਗੇ। ਉਹਨਾਂ ਨੇ ਇਹ ਐਲਾਨ ਵੀ ਕਰ ਦਿੱਤਾ ਕਿ ਰਾਣੀ ਤੇ ਉਹਦਾ ਭਰਾ ਰਾਜ ਕਰਨ ਦੇ ਯੋਗ ਨਹੀਂ ਹਨ ਤੇ ਕੌਂਸਲ ਦੇ ਸਰਦਾਰ ਤੇ ਉਹਨਾਂ ਦੇ ਅਫ਼ਸਰ ਜਾਗੀਰਾਂ ਲੈਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਦੇ ਤੇ ਉਹ ਕਿਸੇ ਨੂੰ ਅਜਿਹਾ ਹਾਕਮ ਨਹੀਂ ਮੰਨਣਗੇ ਜੋ ਉਹਨਾਂ ਦੀ ਤਨਖ਼ਾਹ ਨਹੀਂ ਵਧਾਵੇਗਾ।" ਐਸ.ਸੀ. 61 ਮਿਤੀ 4.4.1845.

ਬ੍ਰਧੂ ਬਣਾਉਣ ਵਿੱਚ ਪੂਰੀ ਤਰ੍ਹਾਂ ਸਫਲ ਹੋਈ ਤੇ ਉਸ ਨੂੰ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਲਈ ਫ਼ੌਜੀ ਸਮਰਥਨ ਦਾ ਭਰੋਸਾ ਵੀ ਪ੍ਰਾਪਤ ਹੋ ਗਿਆ।[61]

ਗੁਲਾਬ ਸਿੰਘ ਨੇ ਲਾਹੌਰ ਦੇ ਝਗੜਿਆਂ ਕਾਰਨ ਜੰਮੂ ਵਿੱਚ ਇਕ ਸੁਤੰਤਰ ਹਾਕਮ ਵਜੋਂ ਸਥਾਪਿਤ ਹੋਣ ਦਾ ਮੌਕਾ ਮਿਲ ਗਿਆ ਤੇ ਉਸ ਨੇ ਇਸ ਦਾ ਪੂਰਾ ਫ਼ਾਇਦਾ ਉਠਾਇਆ। ਉਸ ਨੇ ਬਾਰਕਜ਼ਈ ਅਫ਼ਗਾਨਾਂ ਤੇ ਅੰਗਰੇਜ਼ਾਂ ਨਾਲ ਗੱਲਬਾਤ ਸ਼ੁਰੂ ਕੀਤੀ, ਆਪਣੇ ਕਿਲ੍ਹਿਆਂ ਨੂੰ ਹੋਰ ਸ਼ਕਤੀਸ਼ਾਲੀ ਬਣਾਉਣਾ ਸ਼ੁਰੂ ਕੀਤਾ ਤੇ ਪਹਾੜੀ ਲੋਕਾਂ ਨੂੰ ਸਿੱਖਾਂ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਉਸ ਨੇ ਇਹ ਇਤਲਾਹ ਭੇਜੀ; "ਪਹਾੜੀ ਲੋਕ ਸਿੱਖਾਂ ਵਿਰੁੱਧ ਇਕਮੁੱਠ ਹਨ ਤੇ ਉਹ ਉਹਨਾਂ ਵਿਰੁੱਧ ਲੜਨਾ ਧਰਮ-ਯੁੱਧ ਸਮਝਦੇ ਹਨ।"[62]

ਫਰਵਰੀ 1845 ਵਿੱਚ ਦਰਬਾਰ ਦੀਆਂ ਫ਼ੌਜਾਂ ਨੂੰ, ਜਿਹਨਾਂ ਨੂੰ ਸੰਭਾਵੀ ਅੰਗਰੇਜ਼ੀ ਹਮਲੇ ਵਿਰੁੱਧ ਸਤਲੁਜ ਦੇ ਨਾਲ-ਨਾਲ ਨਿਯੁਕਤ ਕੀਤਾ ਗਿਆ ਸੀ ਜੰਮੂ ਵੱਲ ਜਾਣ ਦਾ ਹੁਕਮ ਦਿੱਤਾ ਗਿਆ। ਗੁਲਾਬ ਸਿੰਘ ਨੇ ਅਧੀਨਗੀ ਪ੍ਰਵਾਨ ਕਰ ਲਈ। ਉਸ ਨੇ ਚਾਰ ਲੱਖ ਰੁਪੈ ਖਿਰਾਜ ਅਦਾ ਕਰ ਦਿੱਤਾ, ਖਾਲਸਾ ਫ਼ੌਜ ਲਈ ਉਤਸਵ ਵਰਗਾ ਮਾਹੌਲ ਪੈਦਾ ਕਰ ਦਿੱਤਾ ਤੇ ਤੁਹਫ਼ਿਆਂ ਨਾਲ ਲੱਦ ਕੇ ਲਾਹੌਰ ਦੇ ਰਸਤੇ ਤੋਰ ਦਿੱਤਾ। ਖਾਲਸਾ ਫ਼ੌਜ ਅਜੇ ਬਹੁਤੀ ਦੂਰ ਨਹੀਂ ਗਈ ਸੀ ਜਦੋਂ ਡੋਗਰਿਆਂ ਨੇ ਘਾਤ ਲਾ ਕੇ ਹਮਲਾ ਕਰ ਦਿੱਤਾ ਤੇ ਸਾਰਾ ਦਿੱਤਾ ਹੋਇਆ ਖਿਰਾਜ ਲੁੱਟ ਲਿਆ। ਉਹ ਫਿਰ ਜੰਮੂ ਮੁੜੇ ਤੇ ਵਾਰ-ਵਾਰ ਹਮਲਾ ਕਰਕੇ ਹਾਰ ਦਿੱਤੀ। ਗੁਲਾਬ ਸਿੰਘ ਨੇ ਫਿਰ ਅਧੀਨਗੀ ਪ੍ਰਵਾਨ ਕਰ ਲਈ।

ਉਹ ਸਿੱਖ ਡੇਰੇ ਵਿੱਚ ਆਇਆ 'ਢਾਲ ਤਲਵਾਰ ਭੁੰਝੇ ਰੱਖੀ ਤੇ ਦੋਵੇਂ ਹੱਥ ਜੋੜ ਕੇ ਪ੍ਰਾਰਥਕ ਬਣ ਕੇ ਖੜਾ ਹੋ ਗਿਆ।[63] ਉਸ ਨੇ ਵਫ਼ਾਦਾਰ ਰਹਿਣ ਦਾ ਭਰੋਸਾ ਦਿੱਤਾ। ਲਾਈਲਗ ਪੰਚ ਇਕ ਵਾਰ ਫਿਰ ਸੋਨੇ ਤੇ ਖੁਸ਼ਾਮਦ ਕਾਰਨ ਉਹਦੇ ਕਪਟ ਵਿੱਚ ਆ

---

61. ਦੀਵਾਨ ਦੀਨਾ ਨਾਥ ਨੇ ਵਰਨਨ ਕੀਤਾ ਕਿ ਖ਼ੁਸ਼ੀ ਤੇ ਉਦਾਰਤਾ ਭਰੇ ਪਹਿਲੇ ਦਿਨਾਂ ਵਿੱਚ 25 ਲੱਖ ਘੱਲਣ ਤੋਂ ਬਿਨਾਂ ਪਹਿਲਾਂ 15 ਦਿਨਾਂ ਦਾ ਫ਼ਾਲਤੂ ਖ਼ਰਚਾ ਇਕ ਕਰੋੜ ਤੋਂ ਵੱਧ ਗਿਆ ਜਿਸ ਵਿੱਚ 3/4 ਬਾਕਾਇਦਾ ਫ਼ੌਜ ਨੂੰ ਦਿੱਤਾ ਗਿਆ। ਜਿੱਥੋਂ ਤੱਕ ਫ਼ੌਜ ਦਾ ਸਬੰਧ ਹੈ ਇਹ ਅਤਿਕਥਨੀ ਹੈ ਪਰ ਖ਼ਜ਼ਾਨੇ ਬਾਰੇ ਤਾਂ ਇਹ ਗੱਲ ਸਹੀ ਹੈ ਕਿਉਂਕਿ ਮੁਤਸੱਦੀ ਅਨੁਭਵਹੀਣ ਰਾਣੀ ਤੇ ਬੇਸਮਝ ਸੈਨਿਕਾਂ ਨਾਲ ਵਾਹ ਪੈਣ ਕਾਰਨ, ਆਪਣੀ ਮਨਮਰਜ਼ੀ ਨਾਲ ਪੈਸਾ ਮੰਗ ਲੈਂਦੇ ਹਨ ਤੇ ਅਸਲ ਖ਼ਰਚ ਨਾਲੋਂ ਵਾਧੂ ਰਕਮ ਦਾ ਮੁਤਸੱਦੀ ਗਬਨ ਕਰ ਲੈਂਦੇ ਹਨ। ਫ਼ੌਜ ਨੂੰ ਪਤਾ ਹੈ ਤੇ ਉਹ ਇਸ ਬਾਰੇ ਖੁਲ੍ਹਮ ਖੁਲ੍ਹਾ ਕਹਿੰਦੇ ਵੀ ਹਨ ਤੇ ਇਕ ਦਿਨ ਇਹਦਾ ਹਿਸਾਬ ਮੰਗਣਗੇ।' ਬਰੋਡਫੁੱਟ, ਕਰੀ ਨੂੰ ਜਨਵਰੀ 7, 1845 ਐਸ. ਸੀ. 68 ਮਿਤੀ 4.4.1845.
62. ਐਸ. ਸੀ. 68 ਮਿਤੀ 4.4.1845.
63. ਐਸ. ਸੀ. 147 ਮਿਤੀ 4.4.1845.

ਗਏ।[64] ਇਕ ਸ਼ਾਂਤੀ ਸਮਝੌਤਾ ਕੀਤਾ ਗਿਆ ਜਿਸ ਅਨੁਸਾਰ ਗੁਲਾਬ ਸਿੰਘ ਨੇ 35 ਲੱਖ ਰੁਪਿਆ ਖਿਰਾਜ ਦੇਣ ਦਾ ਵਚਨ ਦਿੱਤਾ ਜਿਸ ਵਿੱਚ 5 ਲੱਖ ਤੁਰਤ ਅਦਾ ਕਰ ਦਿੱਤਾ ਗਿਆ[65] ਤੇ ਆਪ ਫ਼ੌਜ ਨਾਲ ਲਾਹੌਰ ਚਲਾ ਗਿਆ।

ਡੋਗਰੇ ਨੇ ਕਮਾਲ ਦੀ ਹੁਸ਼ਿਆਰੀ ਤੇ ਮੈਕਿਆਵਲੀ ਵਰਗੀ ਚਾਲਾਕੀ ਨਾਲ ਆਪਣੇ-ਆਪ ਨੂੰ ਭੈੜੀ ਸਥਿਤੀ ਵਿੱਚੋਂ ਮੁਕਤ ਕਰਵਾਇਆ। ਉਸ ਨੇ ਜਾਣ ਬੁੱਝ ਕੇ ਦਰਬਾਰ ਦੇ ਸਾਮ੍ਹਣੇ ਹੋਣ ਤੋਂ ਲਾਪਰਵਾਹੀ ਵਰਤੀ ਤੇ ਕਿਹਾ ਕਿ ਉਹ ਖਾਲਸਾ ਫ਼ੌਜ ਦਾ ਸੇਵਕ ਹੈ ਤੇ ਦਰਬਾਰ ਦਾ ਨਹੀਂ ਤੇ ਕੇਵਲ ਪੰਚਾਂ ਪ੍ਰਤੀ ਹੀ ਜਵਾਬਦੇਹ ਸੀ।[66] (ਪਹਿਲਾਂ ਉਸ ਨੇ ਐਲਾਨ ਕੀਤਾ ਸੀ ਕਿ ਪਿਆਦਾ ਫ਼ੌਜ ਦੀ ਤਨਖ਼ਾਹ 12 ਤੋਂ 15 ਰੁਪੈ ਕਰ ਦਿੱਤੀ ਜਾਵੇ।)[67] ਉਹ ਲਾਲ ਸਿੰਘ ਦੇ ਧੜੇ ਵਿੱਚ ਰਲ ਗਿਆ ਤੇ ਉਸ ਨਾਲ ਤਲਵਾਰ ਦਾ ਵਟਾਂਦਰਾ ਕਰਕੇ ਸੈਨਿਕ ਭਾਈ-ਬੰਧੀ ਕਰ ਲਈ।[68] (ਕੁਝ ਹਫ਼ਤੇ ਮਗਰੋਂ ਉਸ ਨੇ ਲਾਲ ਸਿੰਘ ਉੱਪਰ ਉਸ ਨੂੰ ਕਤਲ ਕਰਨ ਦਾ ਦੋਸ਼ ਲਾਇਆ।)[69] ਉਸ ਨੂੰ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਪਰ ਉਸ ਨੇ ਕੁਝ ਦਿਨਾਂ ਮਗਰੋਂ ਹੀ ਰਿਹਾਈ ਪ੍ਰਾਪਤ ਕਰ ਲਈ। ਉਸ ਨੂੰ 68 ਲੱਖ ਜੁਰਮਾਨਾ ਕੀਤਾ ਗਿਆ ਪਰ ਉਹ 27 ਲੱਖ ਅਦਾ ਕਰਕੇ ਛੁਟਕਾਰਾ ਪਾ ਗਿਆ।[70] ਉਸ ਨੇ ਇਹ ਮਸ਼ਹੂਰ ਕਰ ਦਿੱਤਾ ਕਿ ਚੀਨੀਆਂ ਨੇ ਉਹਦੇ ਉੱਤਰੀ ਪ੍ਰਾਂਤਾਂ 'ਤੇ ਹਮਲਾ ਕਰ ਦਿੱਤਾ ਸੀ ਤੇ ਫਿਰ ਉਸ ਨੂੰ ਜੰਮੂ ਜਾਣ ਦੀ ਆਗਿਆ ਪ੍ਰਾਪਤ ਹੋ ਗਈ। ਤੇ ਜਿਉਂ ਹੀ ਉਹ ਆਪਣੇ ਪਹਾੜੀ ਕਿਲ੍ਹਿਆਂ ਵਿੱਚ ਪਹੁੰਚਿਆ, ਉਸ ਨੇ ਅੰਗਰੇਜ਼ਾਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਤੇ ਸਿੱਖਾਂ ਨਾਲ ਲੜਾਈ ਹੋਣ ਦੀ ਸੂਰਤ ਵਿੱਚ ਆਪਣੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ।[71]

64. ਪਹਾੜਾਂ ਵਿੱਚ ਰਾਜਾ ਗੁਲਾਬ ਸਿੰਘ ਜਨਤਾ ਸਾਮ੍ਹਣੇ ਤਾਂ ਦਰਬਾਰ ਦੀ ਅਧੀਨਗੀ ਪ੍ਰਵਾਨ ਕਰਦਾ ਹੈ। ਉਹ ਟੁੱਟੇ ਦਿਲ ਨਾਲ, ਸ਼ਾਂਤੀ ਨਾਲ ਮਰਨ ਦਾ ਇਛੁੱਕ ਹੈ, ਪਰ ਉਹ ਲੜਾਈ ਲਈ ਅਣਥੱਕ ਮਿਹਨਤ ਨਾਲ ਤਿਆਰੀ ਕਰ ਰਿਹਾ ਹੈ ਤੇ ਉਹ ਸਿੱਖਾਂ ਦੇ ਸਭ ਦੁਸ਼ਮਣਾਂ ਨੂੰ ਭੜਕਾ ਰਿਹਾ ਹੈ। ਤੇ ਜਿੱਥੇ ਵੀ ਉਹਦੇ ਦੂਤ ਜਾ ਸਕਦੇ ਹਨ ਉਹ ਸਹਿਯੋਗੀ ਤਲਾਸ਼ ਰਿਹਾ ਹੈ। ਉਸ ਦੀਆਂ ਸਾਜ਼ਿਸ਼ਾਂ ਦਰਬਾਰ ਵਿਰੁੱਧ ਪਿਸ਼ੌਰਾ ਸਿੰਘ ਨਾਲ, ਫ਼ੌਜ ਨਾਲ ਤੇ ਸਤਲੁਜ ਤੋਂ ਪਾਰ ਨਿਰੰਤਰ ਜਾਰੀ ਹਨ ਤੇ ਆਏ ਦਿਨ ਉਹਦੇ ਪ੍ਰਤਿਨਿਧ ਸਮਰਪਣ ਦੀਆਂ ਸ਼ਰਤਾਂ ਲੈ ਕੇ ਆਉਂਦੇ ਤੇ ਜਾਂਦੇ ਰਹਿੰਦੇ ਹਨ ਜਿਹਨਾਂ ਨੂੰ ਕੌਂਸਲ ਵਿੱਚ ਵਿਚਾਰਿਆ ਜਾਂਦਾ ਹੈ। ਬਰੋਡਫੁੱਟ ਕਰੀ ਨੂੰ 16 ਜਨਵਰੀ 1845 ਐਸ.ਸੀ. 102 ਮਿਤੀ 4.4.1845.
65. ਐਸ.ਸੀ. 22 ਮਿਤੀ 20.6.1845
66. ਐਸ.ਸੀ. 58 ਮਿਤੀ 20.6.1845
67. ਐਸ.ਸੀ. 49 ਮਿਤੀ 20.6.1845
68. ਐਸ.ਸੀ. 53 ਮਿਤੀ 20.6.1845
69. ਐਸ.ਸੀ. 34 ਮਿਤੀ 15.8.1845
70. ਐਸ.ਸੀ. 58 ਮਿਤੀ 20.6.1845
71. ਗੁਲਾਬ ਸਿੰਘ ਦਾ ਪ੍ਰਤਿਨਿਧ ਸਿਉ ਦੱਤ ਅਗਸਤ 1845 ਵਿੱਚ ਬਰੋਡਫੁੱਟ ਨੂੰ ਮਿਲਿਆ ਤੇ ਇਹ ਦੱਸਿਆ ਕਿ 'ਉਹ ਸਾਰੇ ਪਹਾੜੀਆਂ ਦਾ ਸਿੱਖਾਂ ਵਿਰੁੱਧ ਵਿਦਰੋਹ ਕਰਵਾ ਦੇਵੇਗਾ ਤੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨਗੀ ਕਰ ਲਵੇਗਾ ਤੇ ਜੇ ਉਹ ਚਾਹੁਣਗੇ 40000 ਪਹਾੜੀਆਂ ਨਾਲ ਸ਼ਾਇਦ 50000 ਪਰ ਯਕੀਨਨ 40 ਹਜ਼ਾਰ ਨਾਲ ਸਿੱਖਾਂ ਉੱਪਰ ਹਮਲਾ ਕਰੇਗਾ।' ਐਸ.ਸੀ. 46 ਮਿਤੀ 25.10.1845

ਜਦੋਂ ਦਰਬਾਰ ਦੀ ਸੈਨਾ ਜੰਮੂ ਵਿੱਚ ਰੁੱਝੀ ਹੋਈ ਸੀ, ਉਸ ਸਮੇਂ ਰਾਜਕੁਮਾਰ ਪਿਸ਼ੌਰਾ ਸਿੰਘ ਪੰਜਾਬ ਵਾਪਸ ਆ ਗਿਆ ਤੇ ਸਿਆਲਕੋਟ ਵਿੱਚ ਆ ਕੇ ਮੁਕਾਬਲੇ ਤੇ ਦਰਬਾਰ ਕਾਇਮ ਕਰ ਲਿਆ। ਇਹ ਗ਼ੈਰ-ਕਾਨੂੰਨੀ ਤੱਤਾਂ ਲਈ ਬਗ਼ਾਵਤ ਦਾ ਸੰਕੇਤ ਸੀ। ਮਾਝੇ ਵਿੱਚ ਨਿਹੰਗਾਂ ਦੇ ਦਲ ਘੁੰਮਣ ਲੱਗੇ ਤੇ ਅੰਮ੍ਰਿਤਸਰ ਅਤੇ ਲਾਹੌਰ ਨੂੰ ਲੁੱਟਣ ਦੀਆਂ ਧਮਕੀਆਂ ਦੇਣ ਲੱਗੇ।[72] ਰਾਣੀ ਜਿੰਦਾਂ ਸ਼ਕਤੀਸ਼ਾਲੀ ਸਰਦਾਰਾਂ ਦੀ, ਆਪਣੇ ਪੁੱਤਰ ਦੇ ਪੱਖ ਵਿੱਚ ਪਿਸ਼ੌਰਾ ਸਿੰਘ ਦੇ ਦਾਅਵੇ ਵਿਰੁੱਧ ਹਮਾਇਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲੱਗੀ ਤੇ ਉਹਨਾਂ ਨੂੰ ਕਾਨੂੰਨ ਤੇ ਅਮਨ ਦੀ ਸਥਿਤੀ ਕਾਇਮ ਕਰਨ ਵਿੱਚ ਸਹਾਇਤਾ ਕਰਨ ਲਈ ਕਿਹਾ। ਉਸ ਨੇ ਮੁਕਾਬਲਤਨ ਗ਼ਰੀਬ ਨਕੱਈਆਂ ਨਾਲੋਂ ਦਲੀਪ ਸਿੰਘ ਦੀ ਮੰਗਣੀ ਤੋੜ ਕੇ ਚਤਰ ਸਿੰਘ ਅਟਾਰੀ ਵਾਲੇ ਦੀ ਲੜਕੀ ਨਾਲ ਰਿਸ਼ਤਾ ਤੈਅ ਕਰ ਦਿੱਤਾ।

ਇਸ ਨਾਲ ਵੀ ਪਿਸ਼ੌਰਾ ਸਿੰਘ ਬਾਜ਼ ਨਾ ਆਇਆ। ਉਸ ਨੇ ਅਟਕ ਦੇ ਕਿਲ੍ਹੇ 'ਤੇ ਅਧਿਕਾਰ ਕਰ ਲਿਆ ਤੇ ਆਪਣੇ ਮਹਾਰਾਜਾ ਹੋਣ ਦਾ ਐਲਾਨ ਕਰ ਦਿੱਤਾ। ਉਸ ਨੇ ਅਫ਼ਗਾਨਾਂ ਤੋਂ ਸਹਾਇਤਾ ਮੰਗੀ। ਚਤਰ ਸਿੰਘ ਅਟਾਰੀਵਾਲਾ ਅਟਕ ਵਿਰੁੱਧ ਕਾਰਵਾਈ ਕਰਨ ਚਲਾ ਗਿਆ।

ਪਿਸ਼ੌਰਾ ਸਿੰਘ ਅਫ਼ਗਾਨਾਂ ਤੋਂ ਸਹਾਇਤਾ ਲੈਣ ਤੇ ਜਨਤਾ ਵਿੱਚ ਬਗ਼ਾਵਤ ਭੜਕਾਉਣ ਵਿੱਚ ਅਸਫਲ ਰਿਹਾ। ਉਸ ਨੇ ਚਤਰ ਸਿੰਘ ਅਟਾਰੀਵਾਲਾ ਤੋਂ ਨਿੱਜੀ ਸੁਰੱਖਿਆ ਦਾ ਭਰੋਸਾ ਲੈ ਲਿਆ ਤੇ ਉਸ ਨਾਲ ਰਾਜਧਾਨੀ ਨੂੰ ਜਾਣ ਲਈ ਸਹਿਮਤ ਹੋ ਗਿਆ। ਅਟਕ ਤੋਂ 20 ਮੀਲ ਦੂਰ ਜਾ ਕੇ ਰਾਜਕੁਮਾਰ ਨੂੰ ਗਰਿਫਤਾਰ ਕਰਕੇ ਕਤਲ ਕਰ ਦਿੱਤਾ ਗਿਆ। ਪੰਚਾਂ ਨੂੰ ਪਤਾ ਲੱਗ ਗਿਆ ਕਿ ਦਰਬਾਰ ਦੇ ਇਕ ਧੜੇ ਨੇ ਉਸ ਦੀ ਫਿਰ ਇਕ ਵਾਰ ਦੂਸਰੇ ਧੜੇ ਵਿਰੁੱਧ ਵਰਤੋਂ ਕੀਤੀ ਹੈ। ਉਹਨਾਂ ਨੇ ਮਹਿਸੂਸ ਕੀਤਾ ਕਿ ਪਿਸ਼ੌਰਾ ਸਿੰਘ ਦਾ ਕਤਲ ਰਾਣੀ ਜ਼ਿੰਦਾਂ ਦੇ ਭਰਾ ਜਵਾਹਰ ਸਿੰਘ ਦੀ ਸਾਜ਼ਿਸ਼ ਸੀ ਤੇ ਉਸ ਨੂੰ ਫ਼ੌਜੀ ਪੰਚਾਇਤ ਸਾਮ੍ਹਣੇ ਪੇਸ਼ ਹੋਣ ਦਾ ਹੁਕਮ ਦਿੱਤਾ ਗਿਆ।

21 ਸਤੰਬਰ 1845 ਨੂੰ ਭੈਭੀਤ ਜਵਾਹਰ ਸਿੰਘ ਬਾਲਕ ਦਲੀਪ ਸਿੰਘ ਨੂੰ ਆਪਣੀ ਛਾਤੀ ਨਾਲ ਲਗਾ ਕੇ ਹਾਥੀ ਤੇ ਚੜ੍ਹ ਕੇ ਪੰਚਾਇਤ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਗਿਆ। ਰਾਣੀ ਜਿੰਦਾਂ ਤੇ ਉਹਦੀ ਨੌਕਰਾਣੀ ਮੰਗਲਾ ਆਪਣੇ ਅੰਗ-ਰੱਖਿਅਕਾਂ ਸਮੇਤ ਉਹਦੇ ਮਗਰ ਗਈਆਂ। ਛਾਉਣੀ ਵਿੱਚ ਪਹੁੰਚ ਕੇ ਜਵਾਹਰ ਸਿੰਘ ਨੇ ਹਾਥੀ ਤੋਂ ਉਤਰਨ ਤੋਂ ਇਨਕਾਰ ਕਰ ਦਿੱਤਾ। ਸੰਤਰੀਆਂ ਨੇ ਮਹਾਰਾਜੇ ਨੂੰ ਉਹਦੀ ਗੋਦੀ 'ਚੋਂ ਝਪਟਾ ਮਾਰ ਕੇ ਖੋਹ ਲਿਆ ਤੇ ਜਵਾਹਰ ਸਿੰਘ ਦੇ ਹੌਦੇ 'ਚ ਬੈਠੇ ਦੇ ਹੀ ਨੇਜ਼ਾ ਮਾਰ ਦਿੱਤਾ। ਅਗਲੀ ਸਵੇਰ ਵਜ਼ੀਰ ਦੀ ਲਾਸ਼ ਦਾ ਸਸਕਾਰ ਕਰ ਦਿੱਤਾ ਗਿਆ। ਉਸ ਦੀਆਂ ਚਾਰ ਰਾਣੀਆਂ ਵੀ ਸਤੀ ਹੋ ਕੇ ਮਰ ਗਈਆਂ ਤੇ ਖਾਲਸੇ ਨੂੰ ਬਦਦੁਆ ਦੇ ਗਈਆਂ ਤੇ ਉਹ ਭਵਿੱਖ ਵਾਕ ਕਹਿ ਗਈਆਂ ਕਿ ਸੈਨਿਕਾਂ ਦੀਆਂ ਪਤਨੀਆਂ ਵੀ ਛੇਤੀ ਹੀ ਰੰਡੀਆਂ ਹੋ ਜਾਣਗੀਆਂ ਤੇ ਪੰਜਾਬ ਤਬਾਹ ਹੋ ਜਾਵੇਗਾ। ਜਿੰਦਾਂ ਫ਼ੌਜ ਤੋਂ ਬਦਲੇ ਦੀ ਭਾਵਨਾ ਨਾਲ ਭਰੀ, ਕੂਕਾਂ ਚੀਕਾਂ ਮਾਰਦੀ ਮਹਿਲ ਵਿੱਚ ਆ ਗਈ ਤੇ ਇਹ ਧਮਕੀ ਵੀ ਦੇਣ ਲੱਗੀ ਕਿ ਉਹ ਵੀ ਆਪਣੇ ਪੁੱਤਰ ਨਾਲ ਅਗਨ-ਭੇਟ ਹੋ ਜਾਵੇਗੀ।

---

72. ਐਸ.ਸੀ. 147 ਮਿਤੀ 4.4.1845

ਫ਼ੌਜੀ ਪੰਚਾਇਤ ਨੇ ਰਾਜ ਭਾਗ ਆਪਣੇ ਹੱਥਾਂ ਵਿੱਚ ਲੈ ਲਿਆ ਤੇ ਪੰਜਾਬ ਦੀ ਪ੍ਰਭੁਤਾ ਦੀ ਸੁਆਮੀ ਬਣ ਗਈ। ਉਸ ਨੇ ਦੀਵਾਨ ਦੀਨਾ ਨਾਥ ਨੂੰ ਆਪਣਾ ਪ੍ਰਮੁੱਖ ਵਕਤਾ ਨਿਯੁਕਤ ਕਰ ਦਿੱਤਾ ਤੇ ਹਿਦਾਇਤ ਜਾਰੀ ਕਰ ਦਿੱਤੀ ਕਿ ਅੰਗਰੇਜ਼ਾਂ ਨੂੰ ਉਸ ਸਮੇਂ ਤੱਕ ਕੋਈ ਖ਼ਤ ਨਾ ਭੇਜਿਆ ਜਾਵੇ ਜਿਸ ਦੇ ਵਿਸ਼ੇ-ਵਸਤੂ ਤੇ ਪੰਚਾਂ ਨੇ ਪਹਿਲਾਂ ਵਿਚਾਰ ਨਾ ਕੀਤੀ ਹੋਵੇ। ਪੰਚਾਇਤ ਖਾਲਸੇ ਦੇ ਨਾਮ 'ਤੇ ਵਿਹਾਰ ਕਰਨ ਲੱਗੀ[73] ਤੇ ਇਹਦੇ ਹੁਕਮ "ਅਕਾਲ ਸਹਾਏ" ਦੀ ਮੁਹਰ ਹੇਠ ਜਾਰੀ ਹੋਣ ਲੱਗੇ।[74]

---

73. ਕੁਝ ਸਮੇਂ ਲਈ ਤਾਂ ਫ਼ੌਜੀ ਪੰਚ ਫ਼ੌਜ ਤੇ ਰਾਜਧਾਨੀ ਵਿੱਚ ਅਨੁਸ਼ਾਸਨ ਲਾਗੂ ਕਰਨ ਵਿੱਚ ਸਫਲ ਰਹੇ। ਇਹ ਬੜੀ ਅਜੀਬ ਗੱਲ ਸੀ ਕਿ ਸਿੱਖ ਬਗ਼ਾਵਤ ਦੇ ਇਸ ਮਾਹੌਲ ਵਿੱਚ ਫ਼ੌਜ ਕੌਂਸਲ ਦੇ ਬਹੁਤੇ ਮੈਂਬਰ ਜਿਵੇਂ ਮੀਆਂ ਅਲਬੇਲ ਸਿੰਘ ਦਾ ਲੜਕਾ ਮੀਆਂ ਪ੍ਰਿਥੀ ਸਿੰਘ, ਰਾਏ ਕੇਸਰੀ ਸਿੰਘ ਦਾ ਲੜਕਾ ਮੀਆਂ ਪਛੱਤਰ ਸਿੰਘ; ਮੀਆਂ ਲਾਭ ਸਿੰਘ ਦਾ ਲੜਕਾ ਮੀਆਂ ਨੌਰੰਗ ਸਿੰਘ ਡੋਗਰੇ ਹਿੰਦੂ ਸਨ। ਐਸ.ਸੀ. 119 ਮਿਤੀ 20.12.1845 ਪ੍ਰਤੀਤ ਹੁੰਦਾ ਹੈ ਕਿ ਸਿੱਖ ਡੋਗਰਾ ਟਕਰਾਓ ਉਪਰਲੇ ਵਰਗਾਂ ਤੱਕ ਸੀਮਤ ਸੀ।
74. ਅੰਗਰੇਜ਼, ਸਰਕਾਰ ਦੇ ਨਵੇਂ ਸਰੂਪ ਨੂੰ ਵੇਖ ਕੇ ਚਿੰਤਿਤ ਹੋ ਗਏ। ਇਹ ਆਮ ਵੇਖਿਆ ਗਿਆ ਸੀ ਕਿ ਦਰਬਾਰ ਦੇ ਪੱਤਰ ਵਿਹਾਰ ਵਿੱਚ 'ਸਰਬਤ ਖ਼ਾਲਸਾ' ਪਦ ਦੀ ਵਰਤੋਂ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਤੋਂ ਹੀ ਕੀਤੀ ਜਾਂਦੀ ਰਹੀ ਸੀ। ਤੇ ਜਿਉਂ-ਜਿਉਂ ਮਹਿਲ ਦੀ ਜੁੰਡਲੀ ਦੀ ਥਾਂ 'ਤੇ ਫ਼ੌਜ ਦੀ ਸ਼ਕਤੀ ਵੱਧਦੀ ਗਈ "ਸਰਕਾਰ ਖ਼ਾਲਸਾ ਜੀ" ਤੇ "ਖ਼ਾਲਸਾ ਪੰਥ" ਸ਼ਬਦਾਵਲੀ ਵਰਤੀ ਜਾਣ ਲੱਗੀ। ਬਰਤਾਨਵੀ ਪ੍ਰਤਿਨਿਧ ਨੂੰ ਹਿਦਾਇਤ ਕੀਤੀ ਗਈ ਕਿ ਉਹ ਇਹ ਸਪੱਸ਼ਟ ਕਰ ਦੇਵੇ ਕਿ ਅੰਗਰੇਜ਼ ਸਰਕਾਰ ਰਾਜਤੰਤਰ ਤੋਂ ਬਿਨਾਂ ਹੋਰ ਕਿਸੇ ਪ੍ਰਕਾਰ ਦੀ ਸਰਕਾਰ ਨੂੰ ਨਹੀਂ ਮੰਨੇਗਾ ਤੇ ਫ਼ੌਜ ਦੀ ਆਪੇ ਸਥਾਪਿਤ ਪੰਚਾਇਤ ਨੂੰ ਉਹ ਸਰਕਾਰ ਦੀ ਪਰਜਾ ਤੇ ਸੇਵਕ ਹੀ ਸਮਝਦੀ ਹੈ।"
ਐਸ.ਸੀ. 114 ਮਿਤੀ 4.4.1845


ਕਾਂਡ—2
ਅੰਗਰੇਜ਼ਾਂ ਤੇ ਸਿੱਖਾਂ ਦਾ ਪਹਿਲਾ ਯੁੱਧ

ਅੰਗਰੇਜ਼ਾਂ ਦੀਆਂ ਤਿਆਰੀਆਂ—ਅੰਗਰੇਜ਼ਾਂ ਨੇ ਇਹ ਫ਼ੈਸਲਾ ਕਦੋਂ ਕੀਤਾ ਕਿ ਪੰਜਾਬ ਵਿੱਚ ਅਰਾਜਕਤਾ ਤੇ ਗ਼ੈਰ-ਕਾਨੂੰਨੀ ਸਥਿਤੀ ਇੱਥੋਂ ਤੱਕ ਵੱਧ ਗਈ ਹੈ ਕਿ ਹੁਣ ਉਹਨਾਂ ਨੂੰ ਆਪਣੇ ਅਧਿਕਾਰ ਹੇਠ ਇਲਾਕੇ ਦੀ ਸੁਰੱਖਿਆ ਲਈ ਸਤਲੁਜ ਦੀ ਸਰਹੱਦ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ ਤੇ ਜ਼ਰੂਰਤ ਪਵੇ ਤਾਂ ਉਹਨਾਂ ਨੂੰ ਸਤਲੁਜ ਪਾਰ ਵੀ ਕਰਨਾ ਚਾਹੀਦਾ ਹੈ? ਤੇ ਸਿੱਖ ਕਦੋਂ ਇਸ ਸਿੱਟੇ 'ਤੇ ਪਹੁੰਚੇ ਕਿ ਅੰਗਰੇਜ਼ਾਂ ਨੇ ਪੰਜਾਬ ਉੱਪਰ ਉਸ ਤਰ੍ਹਾਂ ਹੀ ਅਧਿਕਾਰ ਕਰ ਲੈਣ ਦਾ ਫ਼ੈਸਲਾ ਕਰ ਲਿਆ ਹੈ ਜਿਵੇਂ ਉਹਨਾਂ ਨੇ ਬਾਕੀ ਦੇ ਭਾਰਤ ਉੱਪਰ ਕਬਜ਼ਾ ਕੀਤਾ ਹੋਇਆ ਹੈ ਤੇ ਇਸੇ ਵੈਰ ਭਾਵਨਾ ਨਾਲ ਉਹ ਅੱਗੇ ਵਧ ਰਹੇ ਸਨ ?

ਇਹਨਾਂ ਸੁਆਲਾਂ ਦਾ ਸਹੀ ਉੱਤਰ ਦੇਣਾ ਸੰਭਵ ਨਹੀਂ ਹੈ। ਕੁਝ ਅਜਿਹੇ ਅੰਗਰੇਜ਼ ਸਨ ਜੋ ਇਹ ਵਿਸ਼ਵਾਸ ਕਰਦੇ ਸਨ ਕਿ ਉਹਨਾਂ ਦੀ ਕੌਮ ਨੂੰ ਤਕਦੀਰ ਨੇ ਰਾਜ ਕਰਨ ਤੇ ਦੇਸੀ ਲੋਕਾਂ ਨੂੰ ਸਭਿਅਤਾ ਸਿਖਾਉਣ ਦਾ ਕਾਰਜ ਸੌਂਪਿਆ ਹੋਇਆ ਸੀ ਤੇ ਕੁਝ ਬਰਤਾਨਵੀ ਸਮਾਚਾਰ ਪੱਤਰਾਂ ਵਿੱਚ ਇਸ ਕਿਸਮ ਦੇ ਵਿਚਾਰ ਛਾਪੇ ਜਾਂਦੇ ਸਨ ਕਿ ਬਰਤਾਨਵੀ ਝੰਡੇ ਤੇ ਈਸਾਈਅਤ ਦਾ ਬੋਲਬਾਲਾ ਸਾਰੇ ਮਹਾਂਦੀਪ ਉੱਤੇ ਅਤੇ ਉਸ ਤੋਂ ਪਾਰ ਵੀ ਹੋਣਾ ਚਾਹੀਦਾ ਹੈ। ਦਰਬਾਰ ਇਹਨਾਂ ਵਿਚਾਰਾਂ ਤੋਂ ਅਣਜਾਣ ਨਹੀਂ ਸੀ। ਕਲਕੱਤਾ ਦੇ ਅਖ਼ਬਾਰਾਂ ਵਿੱਚ ਜੋ ਰਿਪੋਰਟਾਂ ਛਪਦੀਆਂ ਸਨ, ਅੰਗਰੇਜ਼ ਅਧਿਕਾਰੀਆਂ ਦੇ ਭਾਸ਼ਣਾਂ ਦੇ ਸਾਰ ਤੇ ਪਲਟਣਾਂ ਦੇ ਲੰਗਰਾਂ ਵਿੱਚ ਹੁੰਦੀਆਂ ਗੱਲਾਂਬਾਤਾਂ ਲਾਹੌਰ ਪਹੁੰਚ ਜਾਂਦੀਆਂ ਸਨ। ਰਣਜੀਤ ਸਿੰਘ ਦੀ ਮੌਤ ਦੇ ਮਗਰੋਂ ਅੰਗਰੇਜ਼ੀ ਹਲਕਿਆਂ ਵਿੱਚ ਪੰਜਾਬ ਵਿਰੁੱਧ ਫ਼ੌਜੀ ਕਾਰਵਾਈ ਆਮ ਚਰਚਾ ਦਾ ਵਿਸ਼ਾ ਸੀ। ਪਰ ਜਿਸ ਸਮੇਂ ਤੋਂ ਸ਼ੇਰ ਸਿੰਘ ਮਹਾਰਾਜਾ ਬਣਿਆ ਤਾਂ ਇਹ ਚਰਚਾ ਜਿੱਤ ਦੀ ਯੋਜਨਾ ਵਿੱਚ ਬਦਲ ਗਈ। 1844 ਜੁਲਾਈ ਵਿੱਚ ਜਦੋਂ ਲਾਰਡ ਹਾਰਡਿੰਗ ਜੋ ਇਕ ਅਨੁਭਵੀ ਸੈਨਿਕ ਸੀ, ਭਾਰਤ ਦਾ ਗਵਰਨਰ ਜਨਰਲ ਬਣ ਕੇ ਆਇਆ ਤਾਂ ਯੋਜਨਾਵਾਂ ਵਿਸਤਰਿਤ ਵਿਉਂਤ ਵਿੱਚ ਤਬਦੀਲ ਕਰ ਦਿੱਤੀਆਂ ਗਈਆਂ।[1]

---

1. ਹਾਰਡਿੰਗ ਦੀ ਸਿੱਖ ਬਾਦਸ਼ਾਹੀ ਪ੍ਰਤੀ ਨੀਤੀ ਵਿੱਚ ਬੜੀ ਮਹੱਤਵਪੂਰਨ ਤਬਦੀਲੀ ਆ ਗਈ। ਪਹਿਲਾਂ ਉਹਦਾ ਵਿਸ਼ਵਾਸ ਸਿੰਧ ਤੋਂ ਪਾਰ ਇਸਲਾਮੀ ਮੁਲਕਾਂ ਤੇ ਅੰਗਰੇਜ਼ਾਂ ਅਧੀਨ ਹਿੰਦੁਸਤਾਨ ਦੇ ਵਿਚਕਾਰ ਇਕ ਨਿਰਪੱਖ ਸਿੱਖ ਰਿਆਸਤ ਕਾਇਮ ਰੱਖਣ ਦੇ ਹੱਕ ਵਿੱਚ ਸੀ। ਹੀਰਾ ਸਿੰਘ ਡੋਗਰਾ ਤੇ ਜਲ੍ਹਾ ਦੇ ਕਤਲ ਤੱਕ ਦਸੰਬਰ 1844 ਈ: ਤੱਕ ਉਹ ਇਸ ਨੀਤੀ 'ਤੇ ਚਲਦਾ ਰਿਹਾ। ਇਸ ਮਗਰੋਂ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਸਿੱਖ ਸਥਾਈ ਸਰਕਾਰ ਕਾਇਮ ਰੱਖਣ ਦੇ ਸਮਰੱਥ ਨਹੀਂ ਸਨ ਤਾਂ ਉਸ ਨੇ ਡੋਗਰਿਆਂ ਨੂੰ ਪਹਾੜੀ ਖੇਤਰ ਵਿੱਚ ਤਾਕਤਵਰ ਬਣਾ ਕੇ ਤੇ ਸਿੱਖਾਂ ਨੂੰ ਕਮਜ਼ੋਰ ਕਰਨ ਤੇ, ਸਤਲੁਜ ਸੀਮਾਂ ਦੀ ਕਿਲ੍ਹੇਬੰਦੀ ਕਰਕੇ ਪੰਜਾਬ 'ਤੇ ਕਿਸੇ ਵੀ ਸਮੇਂ ਹਮਲਾ ਕਰਕੇ ਇਲਹਾਕ ਕਰਨ ਦੀ ਨੀਤੀ ਅਪਣਾ ਲਈ। ਉਸ ਨੇ 8 ਜਨਵਰੀ 1845 ਨੂੰ ਲਾਰਡ ਰਿਪਨ ਨੂੰ ਲਿਖਿਆ ਕਿ ਹਰ ਹਾਲਤ ਵਿੱਚ ਪੰਜਾਬ ਦੀ ਸਰਕਾਰ ਜਾਂ ਸਿੱਖਾਂ ਦੀ ਹੋਵੇ ਜਾਂ ਅੰਗਰੇਜ਼ਾਂ ਦੀ।



FIRST ANGLO-SIKH WAR, 1845-1846

ਇਕ ਵਾਰ[5] ਪੁਲ ਤੋਂ ਪਾਰ ਕਰਾਉਣ ਲਈ ਉਸ ਜਗ੍ਹਾ ਤੇ ਇਕੱਠੀ ਕੀਤੀ ਹੋਈ ਸੀ ਤੇ 1845 ਦੀਆਂ ਗਰਮੀਆਂ ਵਿੱਚ ਬਰੋਡਫੁੱਟ ਬਿਨਾਂ ਕਿਸੇ ਲੁਕ-ਲੁਕਾ ਦੇ ਇਹਨਾਂ ਬੇੜੀਆਂ ਦੀ ਵਰਤੋਂ ਕਰ ਰਿਹਾ ਸੀ।[6] 1845 ਦੀ ਪਤਝੜ ਵਿੱਚ ਉਸ ਸਮੇਂ ਤੱਕ ਹਿੰਦੁਸਤਾਨ ਦੀ ਸਭ ਤੋਂ ਵੱਡੀ ਫ਼ੌਜ ਹਮਲਾ ਕਰਨ ਲਈ ਪੰਜਾਬ ਸੀਮਾ ਤੇ ਅਡੋਲ ਟਿਕੀ ਹੋਈ ਸੀ। ਲਾਰਡ ਐਲਨਬਰੋ[7] ਦੇ ਸਮੇਂ ਵਿੱਚ ਇਸ ਦੀ ਗਿਣਤੀ ਜੋ 17000 ਜਵਾਨ ਤੇ 68 ਤੋਪਾਂ ਸੀ, ਵਧਾ ਕੇ 40000 ਸੈਨਿਕ ਤੇ 94 ਤੋਪਾਂ ਕਰ ਦਿੱਤੀ ਗਈ। ਲੁਧਿਆਣਾ (ਜੋ 1809) ਤੱਕ ਇਕੋ ਇਕ ਚੌਕੀ ਸੀ) ਤੋਂ ਬਿਨਾਂ ਅੰਬਾਲਾ, ਫ਼ਿਰੋਜ਼ਪੁਰ ਤੇ ਸ਼ਿਮਲੇ ਦੀਆਂ ਪਹਾੜੀਆਂ ਵਿੱਚ ਸਤਲੁਜ ਤੋਂ ਦਿਖਾਈ ਦਿੰਦੀਆਂ ਛਾਉਣੀਆਂ ਕਾਇਮ ਕਰ ਦਿੱਤੀਆਂ ਗਈਆਂ ਸਨ। ਦਸੰਬਰ 1845 ਦੇ ਪਹਿਲੇ ਸਪਤਾਹ ਵਿੱਚ ਲਾਰਡ ਗਫ ਨਿੱਜੀ ਤੌਰ 'ਤੇ ਮੇਰਠ ਅਤੇ ਅੰਬਾਲੇ ਤੋਂ ਫ਼ੌਜੀ ਦਲਾਂ ਦੀ ਅਗਵਾਈ ਕਰ ਕੇ ਆਇਆ ਜਿੱਥੇ ਉਸ ਦੀ ਉਡੀਕ ਜਨਰਲ ਲਿਟਲਰ ਕਰ ਰਿਹਾ ਸੀ ਤੇ ਜਿੱਥੇ ਸਤਲੁਜ ਤੇ ਪੁਲ ਬਣਾਉਣ ਲਈ ਬੇੜੀਆਂ ਇਕੱਠੀਆਂ ਕੀਤੀਆਂ ਹੋਈਆਂ ਸਨ। ਲਾਰਡ ਹਾਰਡਿੰਗ ਨੇ ਗਫ ਦੇ ਕੋਲ ਜਾਣ ਦਾ ਫ਼ੈਸਲਾ ਕੀਤਾ ਤਾਂ ਜੋ ਉਹ ਕਮਾਂਡਰ-ਇਨ-ਚੀਫ਼ (ਸੈਨਾਪਤੀ) ਨੂੰ ਆਪਣੇ ਫ਼ੌਜੀ ਅਨੁਭਵ ਦਾ ਕੁਝ ਲਾਭ ਦੇ ਸਕੇ।

ਸਿੱਖਾਂ ਵਿੱਚ ਤਿਆਰੀ ਦੀ ਘਾਟ—ਬਰੋਡਫੁੱਟ ਨੇ ਜੁਲਾਈ 1845 ਵਿੱਚ ਲਿਖਿਆ ਲਾਹੌਰ ਸਿਆਸੀ ਤੇ ਪ੍ਰੇਮ ਸਬੰਧਾਂ ਦੀਆਂ ਸਾਜ਼ਿਸ਼ਾਂ ਤੇ ਸ਼ਰਾਬਨੋਸ਼ੀ ਵਿੱਚ ਮਸਤ ਤੇ ਸ਼ਾਂਤ ਹੈ।[8] ਇਕ ਮਹੀਨਾ ਮਗਰੋਂ ਵੀ ਉਸ ਨੇ ਉਸੇ ਰਉਂ ਵਿੱਚ ਹੀ ਲਿਖਿਆ : "ਮੈਂ ਕਦੇ-ਕਦੇ

---

5. ਚਾਰਲਸ ਹਾਰਡਿੰਗ ਜੋ ਆਪਣੇ ਪਿਤਾ ਦੇ ਸਕੱਤਰ ਵਜੋਂ ਕਾਰਜ ਕਰ ਰਿਹਾ ਸੀ ਨੇ ਲੁਧਿਆਣੇ ਵਿੱਚ ਪ੍ਰਤਿਨਿਧ ਨੂੰ ਉਹਨਾਂ ਦੇ ਭੇਜੇ ਜਾਣ ਬਾਰੇ ਜਾਣਕਾਰੀ ਦਿੱਤੀ : "ਉਹ ਇਕੋ ਜਿਹੇ ਪਰਿਮਾਪ ਦੀਆਂ ਹਨ ਜਿਹਨਾਂ ਵਿੱਚ ਇਕ ਤੋਪ ਮਜ਼ਬੂਤ ਲੋਹ-ਸੰਗਲਾਂ ਨਾਲ ਜਕੜੀ ਹੋਈ ਤੇ 100 ਆਦਮੀ ਹਨ ਤੇ ਇਸ ਤਰ੍ਹਾਂ ਇਕ ਵਾਰ ਹੀ ਥੋੜ੍ਹੇ ਫ਼ਾਸਲੇ ਲਈ ਜਿਵੇਂ ਦਰਿਆ ਪਾਰ ਕਰਨ ਲਈ 6 ਹਜ਼ਾਰ ਪਿਆਦੇ ਜਾ ਸਕਣਗੇ।" ਨੌਜਵਾਨ ਅਧਿਕਾਰੀ ਨੇ ਇਕ ਹੰਢੇ ਵਰਤੇ ਸਾਜ਼ਿਸ਼ੀ ਨੂੰ ਸਲਾਹ ਦਿੱਤੀ : "ਇਹ ਜ਼ਰੂਰੀ ਹੈ ਕਿ ਜਿਸ ਮੰਤਵ ਲਈ ਇਹ ਬੇੜੀਆਂ ਵਰਤੀਆਂ ਜਾਣੀਆਂ ਹਨ, ਇਸ ਦੀ ਭਾਫ਼ ਵੀ ਨਾ ਕੱਢੀ ਜਾਵੇ।" ਜੇ ਲਾਹੌਰ ਦਾ ਵਕੀਲ ਪੁੱਛੇ ਤਾਂ ਬਰੋਡਫੁੱਟ ਨੇ ਇਹ ਕਹਿਣਾ ਸੀ ਕਿ ਇਹਨਾਂ ਦੀ ਵਰਤੋਂ ਸਿੰਧ ਦਰਿਆ ਵਿੱਚ ਵਪਾਰਕ ਵਸਤੂਆਂ ਲਿਜਾਣ ਲਈ ਕੀਤੀ ਗਈ ਸੀ। "ਬਰੋਡਫੁੱਟ, ਕੈਰੀਅਰ ਔਫ ਮੇਜਰ ਬਰੋਡਫੁੱਟ।"
6. ਉਹੀ, ਪੰਨੇ 283 ਤੋਂ 86.
7.

	ਲਾਰਡ ਐਲਨਬਰੋ ਦੇ ਜਾਣ ਸਮੇਂ ਫ਼ੌਜ ਦੀ ਗਿਣਤੀ	ਜੰਗ ਸ਼ੁਰੂ ਹੋਣ ਸਮੇਂ ਫ਼ੌਜ ਦੀ ਗਿਣਤੀ
ਫ਼ਿਰੋਜ਼ਪੁਰ	4596 ਆਦਮੀ, 12 ਤੋਪਾਂ	10472 ਆਦਮੀ, 24 ਤੋਪਾਂ
ਲੁਧਿਆਣਾ	3030 ਆਦਮੀ, 12 ਤੋਪਾਂ	7235 ਆਦਮੀ, 22 ਤੋਪਾਂ
ਅੰਬਾਲਾ	4133 ਆਦਮੀ, 24 ਤਪਾਂ	12972 ਆਦਮੀ, 32 ਤੋਪਾਂ
ਪਹਾੜੀ ਥਾਵਾਂ ਤੋਂ ਬਿਨਾਂ		
ਕੁੱਲ ਗਿਣਤੀ ਉਹੋ ਰਹੀ	17612 ਆਦਮੀ, 66 ਤੋਪਾਂ	40523 ਆਦਮੀ, 94 ਤੋਪਾਂ

ਹਵਾਲਾ ਚਾਰਲਸ ਹਾਰਡਿੰਗ : ਵਿਸਕਾਊਂਟ ਹਾਰਡਿੰਗ, ਪੰਨਾ 76.
8. ਐਸ.ਸੀ. ਮਿਤੀ 5.9.1845

ਮਹਿਸੂਸ ਕਰਦਾ ਹਾਂ ਕਿ ਮੈਂ ਇਕ ਸਰਕਾਰ ਵੱਲੋਂ ਦੂਸਰੀ ਸਰਕਾਰ ਕੋਲ ਪ੍ਰਤਿਨਿਧ ਹੋਣ ਦੀ ਥਾਂ 'ਤੇ ਪਾਦਰੀ ਦੇ ਗਿਰਜੇ ਦੇ ਦਰਵਾਜ਼ੇ ਦੇ ਪੁਲਸੀਏ ਨਾਲੋਂ ਕਿਸੇ ਵੇਸਵਾ ਘਰ ਦਾ ਪਹਿਰੇਦਾਰ ਹੋਵਾਂ।"[9] ਬਰਤਾਨਵੀ ਪ੍ਰਤਿਨਿਧ ਦੀ ਹਰ ਬਾਜ਼ਾਰੂ ਗੱਪ ਨੂੰ ਭਰੋਸੇਯੋਗ ਖ਼ਬਰ ਦੇ ਅਨਾੜੀਪਣੇ ਨੂੰ ਸਹੀ ਮੰਨਦਿਆਂ ਹੋਇਆਂ ਵੀ ਅਸੀਂ ਇਸ ਸਿੱਟੇ 'ਤੇ ਅਵੱਸ਼ ਪਹੁੰਚਦੇ ਹਾਂ ਕਿ ਅੰਗਰੇਜ਼ ਬੜੀ ਸੋਚ ਸਮਝ ਨਾਲ ਜੰਗ ਦੀ ਤਿਆਰੀ ਕਰ ਰਹੇ ਸਨ ਭਾਵੇਂ ਇਹ ਬਚਾਓ ਲਈ ਸੀ ਜਾਂ ਹਮਲਾ ਕਰਨ ਲਈ ਤੇ ਦਰਬਾਰ ਝੂਠੀ ਸੁਰੱਖਿਆ ਦੀ ਲੋਰੀਆਂ ਲੈ ਕੇ ਸੁੱਤਾ ਹੋਇਆ ਸੀ ਤੇ ਇਸ ਨੇ ਆਪਣੇ ਆਪ ਨੂੰ ਕਾਮ ਤ੍ਰਿਪਤੀ ਦੇ ਆਨੰਦ ਦੇ ਹਵਾਲੇ ਕੀਤਾ ਹੋਇਆ ਸੀ। ਰਾਣੀ ਜਿੰਦਾਂ, ਤੇ ਪ੍ਰਧਾਨ ਮੰਤਰੀ ਰਾਜਾ ਲਾਲ ਸਿੰਘ, ਸਿੱਖ ਫ਼ੌਜਾਂ ਦਾ ਸੈਨਾਪਤੀ ਤੇਜ ਸਿੰਘ ਤੇ ਬਹੁਤ ਸਾਰੇ ਸਿੱਖ ਤੇ ਡੋਗਰੇ ਸਰਦਾਰ ਵੀ ਅੰਗਰੇਜ਼ਾਂ ਨਾਲ ਸੰਪਰਕ ਬਣਾਈ ਬੈਠੇ ਸਨ ਤੇ ਪੰਜਾਬ ਨੂੰ ਵਿਕਾਊ ਲਾਈ ਬੈਠੇ ਸਨ ਬਰਸ਼ਰਤਿਕਿ ਉਹਨਾਂ ਦੀ ਜਾਨ ਤੇ ਜਾਗੀਰਾਂ ਮਹਿਫ਼ੂਜ਼ ਰਹਿਣ।[10] ਦਰਬਾਰੀ ਬੇਮੁਹਾਰੇ ਤੇ ਅਨੁਸ਼ਾਸਨਹੀਣ ਫ਼ੌਜ ਤੋਂ ਪੂਰੀ ਤਰ੍ਹਾਂ ਡਰੇ ਹੋਏ ਸਨ। ਉਹ ਇਸ ਦੀ ਤਬਾਹੀ ਦੇ ਚਾਹਵਾਨ ਸੀ। ਅੰਗਰੇਜ਼ੀ ਫ਼ੌਜਾਂ ਦੀ ਨਕਲੋ ਹਰਕਤ ਨੇ ਉਹਨਾਂ ਨੂੰ ਮੌਕਾ ਦੇ ਦਿੱਤਾ ਕਿ ਫ਼ੌਜ ਦਾ ਧਿਆਨ ਆਪਣੀਆਂ ਕਰਤੂਤਾਂ ਵੱਲੋਂ ਹਟਾ ਕੇ ਅੰਗਰੇਜ਼ਾਂ ਵੱਲ ਕਰ ਕੇ ਖ਼ਾਲਸਾ ਦੇ ਅੰਗਰੇਜ਼ਾਂ ਪ੍ਰਤੀ ਭੈਅ ਨੂੰ ਉਤੇਜਿਤ ਕਰਨ।[11]

ਖ਼ਾਲਸਾ ਫ਼ੌਜ ਦਰਬਾਰ ਤੇ ਅੰਗਰੇਜ਼ਾਂ ਦੋਹਾਂ ਦੀ ਵਿਰੋਧੀ ਸੀ। ਦਰਬਾਰ ਨੂੰ ਤਾਂ ਇਸ ਨੇ ਵਧੇਰੇ ਤਨਖ਼ਾਹਾਂ ਦੇਣ ਲਈ ਬਲੈਕ ਮੇਲ ਕੀਤਾ ਹੋਇਆ ਸੀ (ਭੇਤ ਲੁਕਾਉਣ ਜਾਂ ਡਰਾ ਕੇ ਪ੍ਰਾਪਤ ਕੀਤਾ ਲਾਭ), (ਪੰਜਾਬੀ ਸੈਨਿਕਾਂ ਨੂੰ ਅੰਗਰੇਜ਼ ਸੈਨਿਕਾਂ ਨਾਲੋਂ ਦੁੱਗਣੀ ਤਨਖ਼ਾਹ ਮਿਲਦੀ ਸੀ) ਤੇ ਅੰਗਰੇਜ਼ਾਂ ਉੱਪਰ ਇਸ ਨੂੰ ਇਹ ਸ਼ੱਕ ਸੀ ਕਿ ਉਹਨਾਂ ਨੇ ਮੰਤਰੀਆਂ ਤੇ ਉੱਚ ਅਧਿਕਾਰੀਆਂ ਨੂੰ ਜਿੱਤ ਦੀਆਂ ਯੋਜਨਾਵਾਂ ਵਿੱਚ ਸਹਿਯੋਗ ਦੇਣ

9. ਬਰੋਡਫੁੱਟ ਕਰੀ ਨੂੰ 6 ਅਗਸਤ 1845 ਐਸ.ਸੀ. 10 ਮਿਤੀ 5.9.1845
10. ਹਾਰਡਿੰਗ ਨੇ 10 ਸਤੰਬਰ 1845 ਨੂੰ ਬਰੋਡਫੁੱਟ ਨੂੰ ਲਿਖਿਆ : (ਐਸ.ਸੀ. 48 ਮਿਤੀ 25.10.1845) "ਇਹ ਬਹੁਤ ਚੰਗਾ ਹੋਵੇ ਜੇ ਤੁਸੀਂ ਇਹਨਾਂ ਪ੍ਰਭਾਵਸ਼ਾਲੀ ਸਰਦਾਰਾਂ ਦੀ ਗਿਣਤੀ, ਉਹਨਾਂ ਦੇ ਮਨਸੂਬਿਆਂ ਦੇ ਅਨੁਮਾਨ ਦੀ ਜਾਣਕਾਰੀ ਦੇ ਸਕੋ ਤੇ ਇਹ ਵੀ ਦਸ ਸਕੋ ਤੇ ਜਿਹੜੀਆਂ ਸ਼ਰਤਾਂ ਤੇ ਰਿਆਇਤਾਂ ਦੀ ਉਹ ਉਮੀਦ ਕਰਦੇ ਹਨ ਕੀ ਉਹਨਾਂ ਨੇ ਆਪਸੀ ਮੇਲਜੋਲ ਤੇ ਸਮਝੌਤਿਆਂ ਰਾਹੀਂ ਵਿਚਾਰ ਲਈਆਂ ਹਨ ਤਾਂ ਜੋ ਇਸ ਤਰ੍ਹਾਂ ਨਾਲ ਜ਼ਮੀਨ ਤੇ ਜਾਗੀਰਾਂ ਤੋਂ ਅੰਦਾਜ਼ਾ ਲਾਇਆ ਜਾ ਸਕੇ ਕਿ ਪੰਜਾਬੀ ਦੌਲਤ ਦੇ ਕਿਤਨੇ ਕੁ ਹਿੱਸੇ ਦੀ ਉਹ ਪ੍ਰਤਿਨਿੱਧਤਾ ਕਰਨ ਵਾਲੇ ਹਨ ਤਾਂ ਜੋ ਉਹਨਾਂ ਸਰਦਾਰਾਂ ਦੀ ਮਹੱਤਤਾ ਦਾ ਅੰਦਾਜ਼ਾ ਲਾਇਆ ਜਾ ਸਕੇ ਜੋ ਉਸ ਮੁਲਕ ਦੇ ਕੁਦਰਤੀ ਹਿੱਤਾਂ ਦੇ ਪ੍ਰਤਿਨਿਧ ਸਮਝੇ ਜਾਂਦੇ ਹਨ।"
11. ਬਰੋਡਫੁੱਟ ਨੇ ਕਰੀ ਨੂੰ 14 ਜੁਲਾਈ 1845 ਨੂੰ ਲਿਖਿਆ : (ਐਸ.ਸੀ. 34 ਮਿਤੀ 15.8.1845) "ਪਿੱਛੇ ਜਿਹੇ ਦਰਬਾਰ ਸਾਡੀ ਤਿਆਰੀ ਦੇ ਉਹਨਾਂ ਵੇਰਵਿਆਂ ਤੋਂ ਭੜਕਿਆ ਹੋਇਆ ਹੈ ਜੋ ਉਸ ਨੂੰ ਸਾਡੇ ਵੱਖ-ਵੱਖ ਥਾਵਾਂ ਦੇ ਅਖ਼ਬਾਰਾਂ ਤੋਂ ਮਿਲਦੇ ਹਨ ਜਾਂ ਉਹਨਾਂ ਕੋਲ ਸਾਡੀਆਂ ਛਾਉਣੀਆਂ 'ਚੋਂ ਜਾਂ ਅਖ਼ਬਾਰਾਂ ਵਿੱਚ ਛਪਦੀ ਹਰ ਅਫ਼ਵਾਹ ਵਧਾ ਚੜ੍ਹਾ ਕੇ ਭੇਜੀ ਜਾਂਦੀ ਹੈ।"

ਲਈ ਖ਼ਰੀਦਿਆ ਹੋਇਆ ਸੀ। ਭਾਵੇਂ ਫ਼ੌਜ ਰਾਜ ਵਿੱਚ ਗੜਬੜੀ ਦੀ ਮੁੱਖ ਤੌਰ 'ਤੇ ਜ਼ਿੰਮੇਵਾਰ ਸੀ ਤਾਂ ਵੀ ਪੰਚ ਛਾਉਣੀਆਂ[12] ਵਿੱਚ ਕੁਝ ਹੱਦ ਤੱਕ ਅਨੁਸ਼ਾਸਨ ਕਾਇਮ ਕਰਨ ਦੇ ਯੋਗ ਸਨ ਤੇ ਉਹ ਨਵੀਆਂ ਤੋਪਾਂ ਦੀ ਢਲਾਈ, ਗੱਡੀਆਂ ਬਣਾਉਣ, ਅਸਲਾਹ ਖਾਨੇ ਦੇ ਗੋਦਾਮ ਤਿਆਰ ਕਰਨ, ਬੰਦੂਕਾਂ ਤੇ ਤਲਵਾਰ ਬਣਾਉਣ ਦੇ ਕਾਰਜ ਦਾ ਪ੍ਰਬੰਧ ਕਰਦੇ ਸਨ।[13] ਉਹ ਆਮ ਸੈਨਿਕ ਵਿੱਚ ਦੇਸ਼ ਭਗਤੀ ਦੀ ਭਾਵਨਾ ਭਰਨ ਤੇ ਖ਼ਾਲਸੇ ਦੀ ਅਜਿੱਤਤਾ ਦੇ ਰਹੱਸ ਦੀ ਪੁਨਰ-ਸਥਾਪਨਾ ਕਰਨ ਤੇ ਫ਼ਿਰੰਗੀ ਨੂੰ ਧੱਕ ਕੇ ਸਮੁੰਦਰ ਵਿੱਚ ਡੋਬ ਦੇਣ ਦੇ ਜੋਸ਼ ਨਾਲ ਭਰ ਦੇਣ ਦੇ ਸਮਰੱਥ ਸਨ।[14]

ਬਰਤਾਨਵੀ ਪ੍ਰਤਿਨਿਧ ਨੇ ਸੈਨਿਕ ਤਿਆਰੀਆਂ ਬਾਰੇ ਸਫ਼ਾਈ ਮੰਗੀ। ਦਰਬਾਰ ਨੇ ਉੱਤਰ ਦਿੱਤਾ ਕਿ ਅੰਗਰੇਜ਼ਾਂ ਦੇ ਆਕ੍ਰਮਕ ਮਨਸੂਬਿਆਂ ਦੇ ਟਾਕਰੇ ਲਈ ਇਹ ਸੁਰੱਖਿਆਤਮਕ ਉਪਾਅ ਸਨ। ਇਸ ਤੋਂ ਬਿਨਾਂ ਦਰਬਾਰ ਨੇ ਸੁਚੇਤ ਸਿੰਘ ਦੇ 17 ਲੱਖ ਤੋਂ ਵਧੀਕ ਅਨੁਮਾਨਿਤ ਖ਼ਜ਼ਾਨੇ ਦੀ ਵਾਪਸੀ ਤੇ ਨਾਭੇ ਵਿੱਚ ਪਿੰਡ ਮੋਰੋਂ[15] ਦੀ ਵਾਪਸੀ ਤੇ

---

12. "ਫਿਰ ਵੀ ਜਿਵੇਂ ਪਹਿਲੇ ਮੌਕਿਆਂ 'ਤੇ ਹੁੰਦਾ ਰਿਹਾ ਹੈ ਗੜਬੜੀ ਦਾ ਅਦੁੱਤੀ ਢੰਗ ਹੈ; ਫ਼ੌਜਾਂ ਤੇ ਪੰਚਾਇਤਾਂ, ਗੜਬੜੀ ਦੀ ਸਥਿਤੀ ਤੋਂ ਬਿਨਾਂ, ਉਹਨਾਂ ਲੋਕਾਂ ਪ੍ਰਤੀ ਨਿਮ੍ਰਤਾ ਤੇ ਅਧੀਨਤਾ ਦੇ ਸ਼ਬਦਾਂ ਦੀ ਵਰਤੋਂ ਕਰਦੇ ਹਨ ਜਿਹਨਾਂ ਉੱਪਰ ਉਹਨਾਂ ਦਾ ਖਾਸਾ ਦਬਦਬਾ ਹੁੰਦਾ ਹੈ ਤੇ ਉਹ ਉਸ ਤਰ੍ਹਾਂ ਹੀ ਆਪਣੀ ਸੰਸਥਾ ਦੇ ਕਿਸੇ ਵੀ ਵਿਅਕਤੀ ਦੀ ਨਾਮ ਮਾਤਰ ਪ੍ਰਭੂਤਾ ਨੂੰ ਸਵੀਕਾਰ ਕਰਨ ਦੀ ਇੱਛਾ ਪ੍ਰਗਟ ਕਰਦੇ ਹਨ। ਭਾਵੇਂ ਪਹਾੜੀ ਖੇਤਰ ਵਿੱਚ ਉਹਨਾਂ ਨੇ ਬਹੁਤ ਵਧੀਕੀਆਂ ਕੀਤੀਆਂ ਖ਼ਾਸ ਕਰਕੇ ਇਸਤਰੀਆਂ ਨਾਲ ਪ੍ਰੰਤੂ ਉਹ ਆਪਣੇ ਡੇਰਿਆਂ ਵਿੱਚ ਅਨੁਸ਼ਾਸਨ ਨਾਲ ਰਹਿੰਦੇ ਹਨ। ਉਹ ਅਨਾਜ ਦੇ ਵਪਾਰੀਆਂ ਦੇ ਬਾਜ਼ਾਰ ਲਗਵਾਂਦੇ ਹਨ, ਕਾਫ਼ਲਿਆਂ ਨਾਲ ਸਤਿਕਾਰ ਨਾਲ ਪੇਸ਼ ਆਉਂਦੇ ਹਨ ਤੇ ਭਾਵੇਂ ਉਹ ਅਫ਼ਸਰਾਂ ਨੂੰ ਕਮਾਂਡਰਾਂ ਦੀ ਥਾਂ ਨੌਕਰ ਹੀ ਸਮਝਦੇ ਹਨ ਜੋ ਪੰਚਾਇਤਾਂ ਦੇ ਵਿਰੁੱਧ ਜਾਣ ਦਾ ਹੌਸਲਾ ਨਹੀਂ ਕਰ ਸਕਦੇ ਤਾਂ ਵੀ ਪੰਚਾਇਤਾਂ ਤੇ ਚੌਧਰੀਆਂ ਦੀ ਮਨਜ਼ੂਰੀ ਨਾਲ ਉਹਨਾਂ ਦੇ ਹੁਕਮਾਂ ਦੀ ਪਾਲਣਾ ਕੀਤੀ ਜਾਂਦੀ ਹੈ।
13. ਐਸ.ਸੀ. 34 ਮਿਤੀ 15.8.45.
14. ਕਰਨਲ ਗਾਰਡਨਰ ਲਾਹੌਰ ਦੇ ਮਾਹੌਲ ਬਾਰੇ ਵਰਨਨ ਕਰਦਾ ਹੈ। ਉਹ ਕਹਿੰਦਾ ਹੈ ਕਿ ਸਹੀ ਵਿਸ਼ਵਾਸ ਇਹੋ ਕੀਤਾ ਜਾਂਦਾ ਸੀ ਕਿ ਅੰਗਰੇਜ਼ਾਂ ਦੀ ਨੀਤ ਆਕਰਮਕ ਹੈ। ਉਹਨਾਂ ਦੇ ਘਰਾਂ ਵਿੱਚ ਲੁੱਟ ਕਰਨ ਦੀ ਅਥਾਹ ਉਤੇਜਨਾ ਹੈ, ਉਹਨਾਂ ਦਾ ਖਾਲਸਈ ਰਹੱਸ ਵਿੱਚ ਇਤਨਾ ਵਿਸ਼ਵਾਸ ਹੈ ਕਿ ਉਹਨਾਂ ਦੀ ਛਾਤੀ ਦ੍ਰਿੜ੍ਹਤਾ ਨਾਲ ਟੱਕਰ ਲੈਣ ਦੇ ਜਜ਼ਬੇ ਨਾਲ ਭਰੀ ਹੋਈ ਹੈ। ਇਹ ਗੱਲ ਦੀ ਆਮ ਚਰਚਾ ਹੈ ਕਿ "ਅਸੀਂ ਕੁਰਬਾਨੀ ਦੇਣ ਜਾਵਾਂਗੇ।" ਮੈਮੁਆਇਰਜ਼ ਔਵ ਅਲੈਗਜ਼ੈਂਡਰ ਗਾਰਡਨਰ (ਸੰਪਾਦਕ ਹਿਊ ਪੀਅਰਸ ਪੰਨਾ 265-6)
15. 1819 ਵਿੱਚ ਨਾਭੇ ਦੇ ਰਾਜੇ ਨੇ ਮੋਰੋਂ ਪੰਜਾਬ ਵਿਚਲੀ ਜਾਗੀਰ ਬਦਲੇ ਰਣਜੀਤ ਸਿੰਘ ਨੂੰ ਦਿੱਤਾ ਸੀ। ਰਣਜੀਤ ਸਿੰਘ ਨੇ ਇਹ ਅੱਗੋਂ ਆਪਣੇ ਇਕ ਸਰਦਾਰ ਨੂੰ ਦੇ ਦਿੱਤਾ ਸੀ। 1843 ਵਿੱਚ ਨਾਭੇ ਦੇ ਰਾਜੇ ਨੇ ਇਸ ਪਿੰਡ 'ਤੇ ਜ਼ਬਰਦਸਤੀ ਕਬਜ਼ਾ ਕਰ ਕੇ ਲੁੱਟ ਲਿਆ। ਦਰਬਾਰ ਦੇ ਇਤਰਾਜ਼ ਦੇ ਬਾਵਜੂਦ ਅੰਗਰੇਜ਼ਾਂ ਨੇ ਨਾਭੇ ਦੇ ਰਾਜੇ ਨੂੰ ਸਹੀ ਮੰਨਿਆ।

ਦਰਬਾਰ ਦੇ ਸਤਲੁਜ ਪਾਰਲੇ ਇਲਾਕਿਆਂ ਵਿੱਚ ਪੰਜਾਬ ਦੇ ਸ਼ਸ਼ਤਰਬੱਧ ਸਿਪਾਹੀਆਂ ਲਈ ਬੇਰੋਕ ਲਾਂਘੇ ਦੀ ਮੰਗ ਕੀਤੀ ਜਿਸ ਨੂੰ ਅੰਗਰੇਜ਼ਾਂ ਨੇ ਕਾਗਜ਼ੀ ਤੌਰ 'ਤੇ ਤਾਂ ਮੰਨਿਆ ਹੋਇਆ ਸੀ ਪਰ ਅਮਲੀ ਤੌਰ 'ਤੇ ਕਈ ਵਾਰ ਇਨਕਾਰ ਕਰ ਦਿੱਤਾ ਸੀ। ਅੰਗਰੇਜ਼ ਸਰਕਾਰ ਨੇ ਦਰਬਾਰ ਦਾ ਸਪੱਸ਼ਟੀਕਰਨ ਤੇ ਸਫ਼ਾਈ ਰੱਦ ਕਰ ਦਿੱਤੀ।

ਲਾਰਡ ਗਫ ਨੇ ਅੱਗੇ ਵਧਣਾ ਜਾਰੀ ਰੱਖਿਆ। ਲਾਰਡ ਹਾਰਡਿੰਗ ਉਸ ਨਾਲ 26 ਨਵੰਬਰ ਨੂੰ ਕਰਨਾਲ ਆ ਕੇ ਮਿਲ ਗਿਆ ਤੇ ਫਿਰ ਦੋਹਾਂ ਨੇ ਫ਼ਿਰੋਜ਼ਪੁਰ ਵੱਲ ਅੱਗੇ ਵਧਣਾ ਜਾਰੀ ਰੱਖਿਆ। 3 ਦਸੰਬਰ ਨੂੰ ਅੰਗਰੇਜ਼ਾਂ ਨੇ ਦਰਬਾਰ ਨਾਲ ਰਾਜਦੂਤਕ ਸੰਬੰਧ ਤੋੜ ਲਏ ਤੇ ਦਰਬਾਰ ਦੇ ਪ੍ਰਤਿਨਿਧ ਨੂੰ ਉਸ ਦੀ ਰਾਹਦਾਰੀ (ਪਾਸਪੋਰਟ) ਮੋੜ ਦਿੱਤਾ। ਹੁਣ ਕੋਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਅੰਗਰੇਜ਼ ਯੁੱਧ ਦੇ ਚਾਹਵਾਨ ਸਨ। ਜੇ ਉਹਨਾਂ ਨੂੰ ਆਪਣੀਆਂ ਫ਼ਿਰੋਜ਼ਪੁਰ ਦੀਆਂ ਸੈਨਾਵਾਂ ਨਾਲ ਮਿਲਣ ਦਿੱਤਾ ਜਾਂਦਾ ਤਾਂ ਉਹਨਾਂ ਨੇ ਬੇੜੀਆਂ ਦੇ ਪੁਲ ਬਣਾ ਕੇ ਅਵੱਸ਼ ਹੀ ਲਾਹੌਰ ਲਈ ਖ਼ਤਰਾ ਬਣਨਾ ਸੀ। ਖ਼ਾਲਸਾ ਫ਼ੌਜਾਂ ਨੇ ਉਹਨਾਂ ਦੀ ਚਾਲ ਨੂੰ ਰੋਕਣ ਦਾ ਫ਼ੈਸਲਾ ਕਰ ਲਿਆ। ਫ਼ੌਜ ਦੇ ਇਕ ਦਲ ਨੂੰ ਜਨਰਲ ਲਿਟਲਰ ਨਾਲ ਲੜਾਈ ਲੜਨ ਦਾ ਤੇ ਦੂਸਰੇ ਦਲ ਨੂੰ ਗਫ ਤੇ ਹਾਰਡਿੰਗ ਅਧੀਨ ਆ ਰਹੀ ਫ਼ੌਜ ਨੂੰ ਰੋਕਣ ਦਾ ਹੁਕਮ ਦੇ ਦਿੱਤਾ ਗਿਆ।

11 ਦਸੰਬਰ 1845 ਨੂੰ ਪੰਜਾਬ ਦੀ ਫ਼ੌਜ ਨੇ ਸਤਲੁਜ ਦਰਿਆ ਨੂੰ ਹਰੀਕੇ ਪੱਤਣ[16] ਤੋਂ ਪਾਰ ਆਪਣੇ ਹੀ ਇਲਾਕੇ 'ਚ ਜਾਣਾ ਸ਼ੁਰੂ ਕੀਤਾ। 13 ਦਸੰਬਰ ਨੂੰ ਲਾਰਡ ਹਾਰਡਿੰਗ ਨੇ ਯੁੱਧ ਦਾ ਐਲਾਨ ਕਰ ਦਿੱਤਾ। ਉਸ ਨੇ ਐਲਾਨ ਕਰਦਿਆਂ ਸਿੱਖਾਂ 'ਤੇ ਇਹ ਇਲਜ਼ਾਮ ਲਾਇਆ ਕਿ ਸਿੱਖਾਂ ਨੇ ਬਿਨਾਂ ਕਿਸੇ ਉਤੇਜਨਾ ਦੇ ਅੰਗਰੇਜ਼ੀ ਇਲਾਕੇ 'ਤੇ ਹਮਲਾ ਕਰ ਦਿੱਤਾ ਹੈ। ਸਤਲੁਜ ਦੇ ਖੱਬੇ ਕਿਨਾਰੇ 'ਤੇ ਸਿੱਖ ਅਧੀਨ ਇਲਾਕੇ ਜ਼ਬਤ ਕਰ ਲਏ ਗਏ ਤੇ ਸਤਲੁਜ ਤੋਂ ਪਾਰ ਦੇ ਸਰਦਾਰਾਂ ਨੂੰ ਸਾਂਝੇ ਵੈਰੀ ਨੂੰ ਸਜ਼ਾ ਦੇਣ ਲਈ ਸਹਿਯੋਗ ਕਰਨ ਲਈ ਕਿਹਾ ਗਿਆ।[17] ਅੰਗਰੇਜ਼ਾਂ ਵਿਰੁੱਧ ਦਰਬਾਰ ਵੱਲੋਂ ਭੇਜੀ ਗਈ ਫ਼ੌਜ ਦੀ ਸਹੀ ਗਿਣਤੀ

---

16. ਦਰਿਆ ਪਾਰ ਕਰਨ ਬਾਰੇ ਕੁਝ ਘੜਮੱਸ ਹੈ। ਅੰਗਰੇਜ਼ ਦੋਸ਼ ਲਾਉਂਦੇ ਹਨ ਕਿ ਸਿੱਖਾਂ ਨੇ ਸਤਲੁਜ 8 ਤੋਂ 12 ਦਸੰਬਰ ਦੇ ਵਿਚਕਾਰ ਪਾਰ ਕੀਤਾ। ਕੁਝ ਭਾਰਤੀ ਇਤਿਹਾਸਕਾਰ ਜਿਵੇਂ ਸੀਤਾਰਾਮ ਕੋਹਲੀ ਤੇ ਡਾ: ਗੰਡਾ ਸਿੰਘ ਇਹ ਤਾਰੀਖ਼ ਬਾਅਦ ਦੀ ਕਹਿੰਦੇ ਹਨ। ਡਾ: ਕੋਹਲੀ ਤਾਂ ਵਿਸ਼ੇਸ਼ ਤੌਰ 'ਤੇ ਇਹ ਮਿਤੀ 14 ਜਾਂ 15 ਦਸੰਬਰ ਮਿੱਥਦਾ ਹੈ ਜਿਹੜੀ ਮਿਤੀ ਹਾਰਡਿੰਗ ਦੇ ਐਲਾਨ ਤੋਂ ਮਗਰੋਂ ਦੀ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਹਾਰਡਿੰਗ ਨੇ ਇਹ ਐਲਾਨ ਕੁਝ ਸਿੱਖ ਟੁਕੜੀਆਂ ਦੇ ਸਤਲੁਜ ਦਰਿਆ ਪਾਰ ਕਰਨ ਮਗਰੋਂ ਕੀਤਾ। ਸ਼ਾਇਦ ਇਹ ਹਮਲੇ ਦੀ ਕਾਰਵਾਈ ਪੂਰੀ ਕਰਨ ਲਈ ਕੁਝ ਛੋਟੀਆਂ ਬੇੜੀਆਂ ਤੇ ਇਕ ਪੱਤਣ ਰਾਹੀਂ ਕੁਝ ਦਿਨ ਲੱਗੇ।
17. ਬਾਵਜੂਦ ਐਲਾਨ ਵਿੱਚ ਵਰਤੀ ਗਈ ਸਪੱਸ਼ਟ ਭਾਸ਼ਾ ਦੇ, ਲਾਰਡ ਹਾਰਡਿੰਗ ਨੂੰ ਆਪਣੀ ਕਾਰਵਾਈ ਦੀ ਨੈਤਿਕਤਾ ਉੱਪਰ ਸੰਦੇਹ ਸੀ। ਪੰਜ ਦਿਨ ਮਗਰੋਂ ਉਸ ਨੇ ਬਰੋਡਫੁੱਟ ਦੇ ਨਿਜੀ ਸਹਾਇਕ ਕਰੀ ਨੂੰ ਕਿਹਾ : "ਕੀ ਇੰਗਲੈਂਡ ਦੇ ਲੋਕ ਇਸ ਕਾਰਵਾਈ ਨੂੰ ਸਾਡੀ ਸੀਮਾ 'ਤੇ ਹਮਲਾ ਸਮਝਣਗੇ ਤੇ ਇਸ ਨੂੰ ਜੰਗ ਦਾ ਉੱਚਿਤ ਕਾਰਨ ਮੰਨ ਲੈਣਗੇ?" ਕੋਈ ਹੈਰਾਨੀ ਦੀ ਗੱਲ ਨਹੀਂ ਕਿ ਕਰੀ ਨੇ ਅੰਗਰੇਜ਼ੀ ਸੈਨਾ ਦੇ ਅੱਗੇ ਵਧਣ ਨੂੰ ਪੰਜਾਬ ਦੀ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਦਰਬਾਰ ਦੀ ਫ਼ੌਜ ਨਾਲੋਂ ਜ਼ਿਆਦਾ ਸੀ। ਪ੍ਰੰਤੂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਫ਼ੌਜ

ਞ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਸੁਤੰਤਰ ਰਿਆਸਤ ਉੱਪਰ ਅੰਗਰੇਜ਼ਾਂ ਵੱਲੋਂ ਪਹਿਲੇ ਹਮਲੇ ਦੇ ਸੰਕੇਤ ਵਜੋਂ ਲਿਆ ਹੈ। (ਲਿੰਗੁਇਸਟਿਕ ਐਂਡ ਓਰੀਐਂਟਲ ਐਸੇਜ਼, ਪੰਨਾ 46-47)

ਦੋ ਹੋਰ ਅੰਗਰੇਜ਼ ਅਫ਼ਸਰਾਂ ਦੇ ਵਿਚਾਰ ਵੀ ਜੋ ਅੰਗਰੇਜ਼ਾਂ ਤੇ ਪੰਜਾਬੀਆਂ ਦੀ ਲੜਾਈ ਨਾਲ ਸਬੰਧਿਤ ਸਨ, ਧਿਆਨ ਖਿੱਚਦੇ ਹਨ। ਉੱਤਰ ਪੱਛਮੀ ਏਜੰਸੀ ਦੇ ਮੇਜਰ ਜੀ ਕਾਰਮਾਈਕਲ ਸਮਿੱਥ ਨੇ ਲਿਖਿਆ : "ਪੰਜਾਬ ਦੀ ਲੜਾਈ ਬਾਰੇ ਮੇਰਾ ਵਿਚਾਰ ਹੈ ਕਿ ਨਾ ਤੇ ਸਿੱਖਾਂ ਨੇ ਉਕਸਾਏ ਬਿਨਾਂ ਹਮਲਾ ਕੀਤਾ ਤੇ ਨਾ ਹੀ ਇਹ ਸਹੀ ਮੰਨਦਾ ਹਾਂ ਕਿ ਅਸੀਂ ਉਹਨਾਂ ਪ੍ਰਤੀ ਧੀਰਜ ਤੇ ਸਹਿਣਸ਼ੀਲਤਾ ਨਾਲ ਕਾਰਵਾਈ ਕੀਤੀ। ਜੇ ਸਿੱਖਾਂ ਨੂੰ ਪੂਰਨ ਤੇ ਸੁਤੰਤਰ ਰਾਜ ਪ੍ਰਵਾਨ ਕੀਤਾ ਜਾਵੇ ਜੋ ਕਿ ਸਾਡੇ ਪ੍ਰਤੀ ਕਿਸੇ ਤਰ੍ਹਾਂ ਵੀ ਉੱਤਰਦਾਈ ਨਹੀਂ ਸਨ ਤਾਂ ਸਾਨੂੰ ਨਹੀਂ ਚਾਹੀਦਾ ਸੀ ਕਿ ਅਸੀਂ ਉਹਨਾਂ ਨੂੰ ਉਤੇਜਿਤ ਕਰਦੇ। ਇਹ ਦਾਅਵਾ ਕਰਨਾ ਕਿ ਬੰਬਈ ਤੋਂ ਲਿਆਂਦਾ ਬੇੜੀਆਂ ਦਾ ਪੁਲ ਹਮਲੇ ਲਈ ਨਹੀਂ ਸਗੋਂ ਰੱਖਿਆਤਮਕ ਉਪਾਅ ਸੀ, ਬਿਲਕੁਲ ਫ਼ਜ਼ੂਲ ਹੈ। ਇਸ ਤੋਂ ਬਿਨਾਂ ਸਿੱਖਾਂ ਕੋਲ ਤਾਂ ਸਰ ਚਾਰਲਸ ਨੇਪੀਅਰ ਦੇ ਉਸ ਭਾਸ਼ਣ ਦੇ ਉਤਾਰੇ ਵੀ ਸਨ (ਜੋ ਦਿੱਲੀ ਗਜ਼ਟ ਵਿੱਚ ਛਪੇ ਸਨ), ਜਿਸ ਵਿੱਚ ਬਿਆਨ ਕੀਤਾ ਗਿਆ ਸੀ ਕਿ ਅਸੀਂ ਉਹਨਾਂ ਨਾਲ ਯੁੱਧ ਕਰਨ ਵਾਲੇ ਹਾਂ ਤੇ ਅਜਿਹੀ ਹਾਲਤ ਵਿੱਚ ਜਿਵੇਂ ਸਭ ਯੂਰਪੀਨ ਕੌਮਾਂ ਵੀ ਕਰਦੀਆਂ, ਸਿੱਖਾਂ ਨੇ ਵੀ ਮੈਦਾਨ ਵਿੱਚ ਪਹਿਲਾਂ ਉਤਰਨਾ ਠੀਕ ਸਮਝਿਆ। ਇਸ ਦੇ ਉਪ੍ਰੰਤ ਉਹਨਾਂ ਨੇ ਸਾਡੇ ਨਹੀਂ ਆਪਣੇ ਹੀ ਇਲਾਕੇ ਵਿੱਚ ਆ ਕੇ ਡੇਰੇ ਲਾਏ ਸਨ।...ਤੇ ਮੈਂ ਇਹੋ ਪੁੱਛਦਾ ਹਾਂ ਕਿ ਦੋਸਤੀ ਦੇ ਨਿਯਮਾਂ ਨੂੰ ਪਹਿਲਾਂ ਅਸੀਂ ਨਹੀਂ ਤੋੜਿਆ ? ਜੰਗ ਸ਼ੁਰੂ ਹੋਣ ਤੋਂ ਇਕ ਸਾਲ ਪਹਿਲਾਂ ਹੀ ਫ਼ਿਰੋਜ਼ਪੁਰ ਤੇ ਪੰਜਾਬ ਦੇ ਵਿਚਕਾਰਲੇ ਟਾਪੂ 'ਤੇ ਅਸੀਂ ਕਬਜ਼ਾ ਕਰ ਲਿਆ ਜਦੋਂ ਕਿ ਇਹ ਸਿੱਖਾਂ ਦਾ ਸੀ ਕਿਉਂਕਿ ਸਾਡੇ ਤੇ ਟਾਪੂ ਵਿਚਕਾਰ ਡੂੰਘਾ ਪਾਣੀ ਵਗਦਾ ਸੀ।

ਪਰ ਜੇ ਦੂਸਰੇ ਪਾਸੇ ਦੋਹਾਂ ਸਰਕਾਰਾਂ ਨੂੰ 1809 ਈ: ਦੀ ਸੰਧੀ ਦੀਆਂ ਪਾਬੰਦ ਮੰਨਿਆ ਜਾਵੇ ਤਾਂ ਦੋਸਤੀ ਦੇ ਨਿਯਮਾਂ ਦੀ ਉਲੰਘਣਾ ਪਹਿਲਾਂ ਕਿਸ ਨੇ ਕੀਤੀ? ਮੇਰਾ ਨਿਸ਼ਚਿਤ ਵਿਚਾਰ ਹੈ ਕਿ ਅਸੀਂ ਇਸ ਦੇ ਦੋਸ਼ੀ ਹਾਂ (ਹਿਸਟਰੀ ਔਫ ਦੀ ਰੇਨਿੰਗ ਫੇਮਿਲੀ ਔਫ਼ ਲਾਹੌਰ)। ਇਸ ਵਿਸ਼ੇ ਬਾਰੇ, ਇਸ ਨਾਲੋਂ ਵੀ ਵਧੇਰੇ ਜ਼ੋਰਦਾਰ ਵਿਚਾਰ ਸਰ ਜਾਰਜ ਕੈਂਪਬੈਲ ਨੇ ਪ੍ਰਗਟ ਕੀਤੇ ਜੋ ਉਸ ਸਮੇਂ ਕੈਥਲ ਵਿੱਚ ਨਿਯੁਕਤ ਸੀ, (ਜਿਹੜੀ ਸਿੱਖ ਰਿਆਸਤ ਅੰਗਰੇਜ਼ਾਂ ਨੇ ਜ਼ਬਤ ਕਰ ਲਈ ਸੀ) ਉਸ ਨੇ ਲਿਖਿਆ : "ਇਤਿਹਾਸਕ ਬਿਰਤਾਂਤਾਂ ਵਿੱਚ ਵਰਨਨ ਹੈ ਤੇ ਜੋ ਅਗਲੀਆਂ ਨਸਲਾਂ ਤੱਕ ਇਤਿਹਾਸ ਵਜੋਂ ਪੇਸ਼ ਕੀਤਾ ਜਾਵੇਗਾ ਕਿ ਸਿੱਖਾਂ ਨੇ ਅੰਗਰੇਜ਼ੀ ਇਲਾਕੇ 'ਤੇ ਹਮਲਾ ਕੀਤਾ; ਪਰ ਬਹੁਤ ਲੋਕ ਇਹ ਸੁਣ ਕੇ ਹੈਰਾਨ ਹੋਣਗੇ ਕਿਉਂਕਿ ਉਹਨਾਂ ਨੇ ਅਜਿਹਾ ਕੁਝ ਵੀ ਨਹੀਂ ਕੀਤਾ ਸੀ। ਨਾ ਤਾਂ ਉਹਨਾਂ ਕਿਸੇ ਸਾਡੀ ਬਾਹਰਲੀ ਛਾਉਣੀ 'ਤੇ ਹਮਲਾ ਕੀਤਾ ਨਾ ਹੀ ਸਾਡੇ ਇਲਾਕੇ ਵਿੱਚ ਪੈਰ ਰੱਖਿਆ। ਉਹਨਾਂ ਨੇ ਸਿਰਫ਼ ਦਰਿਆ ਪਾਰ ਕਰਕੇ ਆਪਣੇ ਇਲਾਕੇ ਵਿੱਚ ਆ ਕੇ ਮੋਰਚੇ ਹੀ ਬਣਾਏ ਸਨ।" —ਮੈਮੁਆਇਰਜ਼ ਔਫ ਐਨ ਇੰਡੀਅਨ ਕੈਰੀਅਰ— ਪੰਨਾ 78, ਡਬਲਯੂ. ਡਬਲਯੂ. ਹੰਬਲੇ ਦੀ ਰਚਨਾ ਜਨਰਲ ਔਫ ਦੇ ਕੇਵੈਲਰੀ ਔਫੀਸਰ, ਪੰਨਾ 37 ਵੀ ਵੇਖੋ।

ਦੇ ਦੋਵੇਂ ਸੈਨਾਪਤੀ ਤੇਜ ਸਿੰਘ ਤੇ ਲਾਲ ਸਿੰਘ[18] ਦੀ ਅੰਗਰੇਜ਼ਾਂ ਨਾਲ ਧਰੋਹਪੂਰਨ ਖਤੋ-ਖਿਤਾਬਤ ਤੇ ਸੰਪਰਕ ਸਨ ਤੇ ਰਾਣੀ ਜਿੰਦਾਂ ਵੀ ਸੰਭਵ ਤੌਰ 'ਤੇ ਇਹ ਗੱਲ ਜਾਣਦੀ ਸੀ ਕਿ ਲਾਲ ਸਿੰਘ ਨੇ ਅੰਗਰੇਜ਼ਾਂ ਨੂੰ ਲਿਖਿਆ ਹੋਇਆ ਸੀ ਕਿ ਉਹ ਉਸ ਨੂੰ ਤੇ ਬੀਬੀ ਸਾਹਿਬਾ (ਜਿੰਦਾਂ) ਨੂੰ ਆਪਣੇ ਮਿੱਤਰ ਸਮਝਣ ਤੇ ਉਹਨਾਂ ਖ਼ਾਤਰ ਬੁਰਛਿਆਂ ਦਾ ਘਾਣ ਕਰ ਦੇਣ।[19]

18 ਦਸੰਬਰ 1845 ਨੂੰ ਮੁੱਦਕੀ ਦਾ ਯੁੱਧ—ਦਰਬਾਰ ਦੀ ਸੈਨਾ ਦੋ ਭਾਗਾਂ ਵਿੱਚ ਵੰਡੀ ਹੋਈ ਸੀ। ਤੇਜ ਸਿੰਘ ਜਨਰਲ ਲਿਟਲਰ ਨਾਲ ਟੱਕਰ ਲੈਣ ਲਈ ਫ਼ਿਰੋਜ਼ਪੁਰ ਵੱਲ ਅੱਗੇ ਵਧਿਆ। ਲਾਲ ਸਿੰਘ ਨੇ ਆਪਣੀ ਫ਼ੌਜ ਦੇ ਵੱਡੇ ਹਿੱਸੇ ਨਾਲ ਫੇਰੂ ਸ਼ਹਿਰ (ਮਗਰੋਂ ਇਹ ਫਿਰੋਜ਼ ਸ਼ਹਿਰ ਵਜੋਂ ਪ੍ਰਸਿੱਧ ਹੋਇਆ) ਪਿੰਡ ਨੇੜੇ ਮੋਰਚਾ-ਬੰਦੀ ਕਰ ਲਈ ਤੇ ਉਹ ਗਫ ਤੇ ਹਾਰਡਿੰਗ ਨੂੰ ਰੋਕਣ ਲਈ ਅੱਗੇ ਵਧਿਆ। ਉਹ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਅੰਗਰੇਜ਼ ਮੁੱਦਕੀ ਤੱਕ ਪਹੁੰਚ ਗਏ ਸਨ। ਬਾਵਜੂਦ ਵੈਰੀ ਦੀ ਸੈਨਿਕਾਂ ਤੇ ਜੰਗੀ ਸਾਮਾਨ ਵਿੱਚ ਪ੍ਰਮੁੱਖਤਾ ਦੇ ਲਾਲ ਸਿੰਘ ਨੇ ਲੜਾਈ ਸ਼ੁਰੂ ਕਰ ਦਿੱਤੀ ਤੇ ਆਪ ਫ਼ਿਰੋਜ਼ ਸ਼ਹਿਰ ਵੱਲ ਭੱਜ ਗਿਆ।

ਆਗੂ ਰਹਿਤ ਪੰਜਾਬੀਆਂ ਨੇ ਵਧੇਰੇ ਗਿਣਤੀ ਤੇ ਵਧੇਰੇ ਅਨੁਭਵੀ ਯੂਰਪੀ ਕਮਾਂਡਰਾਂ ਵਿਰੁੱਧ ਹੱਥੋ ਹੱਥ ਭਿਆਨਕ ਲੜਾਈ ਲੜੀ। ਲੜਾਈ ਜ਼ੋਰ-ਸ਼ੋਰ ਨਾਲ ਅੱਧੀ ਰਾਤ ਤੱਕ ਹੁੰਦੀ ਰਹੀ ਇਸੇ ਕਾਰਨ ਇਹ 'ਅੱਧੀ ਰਾਤ' ਦੀ ਲੜਾਈ ਵਜੋਂ ਮਸ਼ਹੂਰ ਹੋਈ। ਅੱਧੀ ਫ਼ੌਜ ਮਰਵਾ ਕੇ ਤੇ 15 ਤੋਪਾਂ ਖੁਹਾ ਕੇ ਪੰਜਾਬੀ ਰਣਖੇਤਰ ਤੋਂ ਪਿੱਛੇ ਹਟ ਗਏ।

ਮੁੱਦਕੀ ਦੀ ਲੜਾਈ ਦਾ ਇਸ ਤੋਂ ਵੱਧ ਕੋਈ ਫ਼ੌਜੀ ਮਹੱਤਵ ਨਹੀਂ ਕਿ ਇਸ ਨੇ ਅੰਗਰੇਜ਼ਾਂ ਨੂੰ ਪੰਜਾਬੀ ਸਿਪਾਹੀਆਂ ਦੇ ਲੜਾਕੂ ਗੁਣਾਂ ਦਾ ਪਹਿਲਾ ਅਨੁਭਵ ਦਿੱਤਾ। ਅੰਗਰੇਜ਼ਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ।[20] ਉਹਨਾਂ ਲਈ ਸਹਾਇਤਾ ਫ਼ੌਜ ਅੰਬਾਲਾ, ਮੇਰਠ ਤੇ ਦਿੱਲੀ ਤੋਂ ਭੇਜੀ ਗਈ। ਲਾਰਡ ਹਾਰਡਿੰਗ ਆਪਣੀ ਗਵਰਨਰ ਜਨਰਲ ਦੀ ਸਰੇਸ਼ਠ ਪਦਵੀ ਤਿਆਗ ਕੇ ਸੈਨਾਪਤੀ ਦਾ ਨਾਇਬ ਬਣਨ ਲਈ ਸਹਿਮਤ ਹੋ ਗਿਆ ਸੀ। ਫਿਰ ਸਤਲੁਜ ਵੱਲ ਅੱਗੇ ਵਧਣ ਲਈ ਕੂਚ ਜਾਰੀ ਰੱਖਿਆ ਗਿਆ।

---

18. ਸਤਲੁਜ ਪਾਰ ਕਰਨ ਪਿੱਛੋਂ ਪਹਿਲਾਂ ਕੰਮ ਜੋ ਲਾਲ ਸਿੰਘ ਨੇ ਕੀਤਾ ਉਹ ਫ਼ਿਰੋਜ਼ਪੁਰ ਵਿਖੇ ਕਪਤਾਨ ਨਿਕਲਸਨ ਨੂੰ ਖ਼ਤ ਲਿਖਿਆ : "ਮੈਂ ਸਿੱਖ ਫ਼ੌਜ ਨਾਲ ਸਤਲੁਜ ਪਾਰ ਕਰ ਲਿਆ ਹੈ। ਤੁਹਾਨੂੰ ਮੇਰੀ ਅੰਗਰੇਜ਼ਾਂ ਪ੍ਰਤੀ ਦੋਸਤੀ ਦੀ ਜਾਣਕਾਰੀ ਹੈ। ਹੁਣ ਮੈਨੂੰ ਦੱਸੋ ਕਿ ਕੀ ਕਰਾਂ।"
    ਨਿਕਲਸਨ ਨੇ ਉੱਤਰ ਦਿੱਤਾ, "ਫ਼ਿਰੋਜ਼ਪੁਰ ਤੇ ਹਮਲਾ ਨਾ ਕਰੋ। ਜਿਤਨੇ ਦਿਨ ਸੰਭਵ ਹੋਵੇ, ਰੁਕ ਜਾਉ। ਫਿਰ ਗਵਰਨਰ ਜਨਰਲ ਵੱਲ ਚਲੇ ਜਾਉ।" ਗੰਡਾ ਸਿੰਘ ਪ੍ਰਾਈਵੇਟ ਕੋਰਸੈਪੋਡੈਂਨਸ ਰੀਲੇਟਿੰਗ ਟੂ ਐਂਗਲੋ ਸਿੱਖ ਵਾਰਜ਼, ਪੰਨਾ 907, ਵੇਖੋ ਡਬਲਯੂ ਡਬਲਯੂ ਹੰਥਲੇ, "ਜਨਰਲ ਔਫ ਏ ਕੇਵਲਰੀ ਔਫ਼ੀਸਰ, ਪੰਨਾ 40
19. ਨਿਕਲਸਨ ਦੀ ਡਾਇਰੀ ਮਿਤੀ 12 ਦਸੰਬਰ, 1845
20. ਕੁਆਰਟਰ ਮਾਸਟਰ ਜਨਰਲ ਰਾਬਰਟ ਸੇਲ, ਸਰ ਜਾਨ ਮੈਕਗਾਸਕਿਲ ਤੇ ਬਰਿਗੇਡੀਅਰ ਬੋਲਟਨ ਸਣੇ 872 ਮਰੇ ਤੇ ਜ਼ਖ਼ਮੀ ਹੋਏ।

21 ਦਸੰਬਰ 1845 ਦੀ ਫ਼ਿਰੋਜ਼ ਸ਼ਹਿਰ ਦੀ ਲੜਾਈ—21 ਦਸੰਬਰ ਨੂੰ ਗਫ ਫ਼ਿਰੋਜ਼ ਸ਼ਹਿਰ ਵਿੱਚ ਪੰਜਾਬੀ ਮੋਰਚਿਆਂ ਦੇ ਸਾਮ੍ਹਣੇ ਪਹੁੰਚ ਗਿਆ। ਦੁਪਹਿਰ ਤੋਂ ਪਿੱਛੋਂ, ਜਨਰਲ ਲਿਟਲਰ ਜੋ ਤੇਜ ਸਿੰਘ ਕੋਲੋਂ ਬਚ ਕੇ ਨਿਕਲ ਗਿਆ ਸੀ, ਆਪਣੀ ਸੈਨਾ ਲੈ ਕੇ ਗਫ ਨਾਲ ਆ ਮਿਲਿਆ। ਅੰਗਰੇਜ਼ ਸੈਨਾਪਤੀਆਂ ਨੇ ਤੁਰਤ ਹੀ ਹਮਲੇ ਦਾ ਹੁਕਮ ਦੇ ਦਿੱਤਾ। ਲੜਾਈ ਸਾਲ ਦੇ ਸਭ ਤੋਂ ਛੋਟੇ ਦਿਨ ਨੂੰ ਦੁਪਹਿਰ ਪਿੱਛੋਂ ਸ਼ੁਰੂ ਹੋਈ। ਅੰਗਰੇਜ਼ਾਂ ਨੇ ਘੋੜਸਵਾਰ, ਪਿਆਦਾ ਤੇ ਤੋਪਖਾਨੇ ਦੇ ਇਕ ਵੱਡੇ ਹਮਲੇ ਨਾਲ ਪੰਜਾਬੀਆਂ ਨੂੰ ਹਰਾਉਣ ਲਈ ਧਾਵਾ ਬੋਲ ਦਿੱਤਾ। ਜ਼ਬਰਦਸਤ ਲੜਾਈ ਸ਼ਾਮ ਹੋਣ ਤੱਕ ਚਲਦੀ ਰਹੀ। ਆਖਰ ਹਨੇਰਾ ਹੋ ਗਿਆ। ਇਕ ਗੋਲਾ ਪੰਜਾਬੀ ਅਸਲਹ ਖਾਨੇ ਤੇ ਵੱਜਾ ਤੇ ਕਈ ਤੰਬੂਆਂ ਨੂੰ ਅੱਗ ਲੱਗ ਗਈ। ਪੰਜਾਬੀਆਂ ਨੇ ਇਸ ਆਫ਼ਤ ਨੂੰ ਆਪਣੇ ਹੱਕ ਵਿੱਚ ਵਰਤਿਆ ਤੇ ਉਹ ਵੈਰੀ ਦੀਆਂ ਟੋਲੀਆਂ 'ਤੇ ਜਾ ਪਏ ਜੋ ਮੋਰਚਿਆਂ ਵਿੱਚ ਜਾ ਚੁੱਕੀਆਂ ਸਨ। ਅੱਧੀ ਰਾਤ ਨੂੰ ਚੰਦਰਮਾ ਚੜ੍ਹ ਆਇਆ ਜਿਸ ਨਾਲ ਪੰਜਾਬੀਆਂ ਨੇ ਵੈਰੀ ਦੇ ਗੜ੍ਹਾਂ ਦਾ ਸਫਾਇਆ ਕਰ ਦਿੱਤਾ ਤੇ ਉਹ ਆਪਣੀ ਹਾਰ ਤੋਂ ਉੱਭਰ ਆਏ। ਅੰਗਰੇਜ਼ਾਂ ਦਾ ਬਹੁਤ ਭਾਰੀ ਜਾਨੀ ਨੁਕਸਾਨ ਹੋਇਆ। ਗਵਰਨਰ ਜਨਰਲ ਦੇ ਨਿੱਜੀ ਹਮਲੇ ਦਾ ਹਰ ਵਿਅਕਤੀ ਜਾਂ ਮਾਰਿਆ ਗਿਆ ਜਾਂ ਜ਼ਖ਼ਮੀ ਹੋ ਗਿਆ।[21] ਉਸ ਕਕਰੀਲੀ ਰਾਤ ਵਿੱਚ ਹਿੰਦੁਸਤਾਨ ਦੀ ਕਿਸਮਤ ਡੋਲ ਰਹੀ ਸੀ ਤੇ ਅਸਥਿਰ ਸੀ।[22]

---

21. ਮਰਨ ਵਾਲਿਆਂ ਵਿੱਚ ਬਦਨਾਮ ਬਰੋਡਫੁੱਟ ਵੀ ਸੀ।
22. ਸਰ ਹੋਪ ਗਰਾਂਟ ਨੇ, ਜੋ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਵਿੱਚ ਲੜਨ ਵਾਲਿਆਂ ਜਰਨੈਲਾਂ ਵਿੱਚੋਂ ਸੀ, ਲਿਖਿਆ : "ਸੱਚਮੁੱਚ ਹੀ ਉਹ ਰਾਤ ਬਦਸ਼ਗਨੀ ਤੇ ਉਦਾਸੀ ਵਾਲੀ ਰਾਤ ਸੀ। ਇਸ ਤੋਂ ਪਹਿਲਾਂ ਕਦੇ ਵੀ ਹਿੰਦੁਸਤਾਨ 'ਚ ਲੜੇ ਗਏ ਯੁੱਧਾਂ ਦੇ ਇਤਿਹਾਸ ਵਿੱਚ ਅੰਗਰੇਜ਼ੀ ਸੈਨਾ ਇਤਨੀ ਵੱਡੀ ਹਾਰ ਦੇ ਨੇੜੇ ਨਹੀਂ ਗਈ ਸੀ ਜਿਸ ਨਾਲ ਪੂਰੀ ਬਰਬਾਦੀ ਹੋ ਜਾਣੀ ਸੀ। ਸਿੱਖਾਂ ਨੇ ਲਗਭਗ ਆਪਣੇ ਸਾਰੇ ਮੋਰਚੇ ਸਾਂਭ ਲਏ ਸਨ। ਸਾਡੇ ਥੱਕੇ ਤੇ ਹਾਰੇ ਹੋਏ ਤੇ ਨਸ਼ਟ ਹੋਏ ਸੈਨਾ ਦਲ ਬਹੁਤ ਵੱਡੇ ਖੇਤਰ ਵਿੱਚ ਬਿਨਾਂ ਕਿਸੇ ਆਪਸੀ ਤਾਲਮੇਲ ਦੇ ਰੈਣ ਬਸੇਰਾ ਕਰੀ ਬੈਠੇ ਸਨ।" ਲਾਈਫ਼ ਔਫ ਸਰ ਜਨਰਲ ਹੋਪ ਗਰਾਂਟ 1, 58-59 ਸੰਪਾਦਿਤ ਵੱਲੋਂ ਐਚ. ਮੋਲੀ।

    ਲਾਰਡ ਹਾਰਡਿੰਗ ਨੇ ਆਪਣੇ ਇਕ ਲੜਕੇ ਨੂੰ ਉਹ ਤਲਵਾਰ ਦੇ ਕੇ ਮੁੱਦਕੀ ਵੱਲ ਭੇਜ ਦਿੱਤਾ ਜੋ ਉਸ ਨੂੰ ਨੈਪੋਲੀਅਨ ਵਿਰੁੱਧ ਯੁੱਧਾਂ ਵਿੱਚ ਮਿਲੀ ਸੀ ਤੇ ਇਹ ਹਿਦਾਇਤ ਕੀਤੀ ਕਿ ਲੜਾਈ ਦੀ ਹਾਲਤ ਵਿੱਚ ਉਹਦੇ ਸਾਰੇ ਨਿੱਜੀ ਪੱਤਰ ਤਬਾਹ ਕਰ ਦਿੱਤੇ ਜਾਣ। ਰਾਬਰਡ ਕਸਟ ਦੇ ਰੋਜ਼ਨਾਮਚੇ 'ਚੋਂ ਪਤਾ ਲੱਗਦਾ ਹੈ ਕਿ ਬਰਤਾਨਵੀ ਸੈਨਾਪਤੀਆਂ ਨੇ ਹਥਿਆਰ ਸੁੱਟ ਦੇਣ ਦਾ ਫ਼ੈਸਲਾ ਕਰ ਲਿਆ ਸੀ : "ਦਸੰਬਰ 22 : ਗਵਰਨਰ ਜਨਰਲ ਵੱਲੋਂ ਖ਼ਬਰ ਮਿਲੀ ਹੈ ਕਿ ਸਾਡਾ ਕੱਲ ਦਾ ਹਮਲਾ ਅਸਫਲ ਹੋ ਗਿਆ ਹੈ, ਹਾਲਾਤ ਬੜੇ ਖ਼ਤਰਨਾਕ ਹਨ। ਸਾਰੇ ਸਰਕਾਰੀ ਪੱਤਰ ਤਬਾਹ ਕਰ ਦਿੱਤੇ ਜਾਣ। ਜੇ ਸਵੇਰ ਦਾ ਹਮਲਾ ਵੀ ਅਸਫਲ ਰਿਹਾ ਤਾਂ ਸਭ ਕੁਝ ਖ਼ਤਮ ਸਮਝੋ। ਇਹ ਗੱਲ ਮਿਸਟਰ ਕਰੀ ਨੇ ਲੁਕਾਈ ਰੱਖੀ ਤੇ ਅਸੀਂ ਬਿਨਾਂ ਸ਼ਰਤ ਹਥਿਆਰ ਸੁੱਟ ਦੇਣ ਦੇ ਢੰਗ ਸੋਚ ਰਹੇ ਸੀ ਤਾਂ ਜੋ ਜ਼ਖ਼ਮੀਆਂ ਨੂੰ ਬਚਾ ਸਕੀਏ, ਖ਼ਬਰ ਦੇ ਇਸ ਹਿੱਸੇ ਨੇ ਮੈਨੂੰ ਬਹੁਤ ਦੁੱਖ ਪਹੁੰਚਾਇਆ"—ਲਿੰਗੁਇਸਟਕ ਐਂਡ ਓਰੀਐਂਟਲ ਐਸੇਜ਼, ਪੰਨਾ 48.

ਫ਼ਿਰੋਜ਼ ਸ਼ਹਿਰ ਦੇ ਮੈਦਾਨਾਂ ਵਿੱਚ ਜਦੋਂ ਸੂਰਜ ਚੜ੍ਹਿਆ ਤਾਂ ਬਰਤਾਨਵੀ ਸੈਨਾ ਦੀ ਬੁਰੀ ਤਰ੍ਹਾਂ ਸ਼ਕਲ ਵਿਗੜੀ ਹੋਈ ਸੀ ਤੇ ਇਸ ਦੀ ਖੁੰਬ ਠੱਪੀ ਜਾ ਚੁੱਕੀ ਸੀ। ਇਸ ਦਾ ਗੋਲਾ ਬਾਰੂਦ ਮੁੱਕ ਗਿਆ ਸੀ ਤੇ ਸਿਪਾਹੀਆਂ ਵਿੱਚ ਹੁਣ ਲੜਾਈ ਲੜਨ ਦਾ ਬਾਰੂਦ ਮੁੱਕ ਗਿਆ ਸੀ ਤੇ ਸਿਪਾਹੀਆਂ ਵਿੱਚ ਹੁਣ ਲੜਾਈ ਲੜਨ ਦਾ ਸਾਹਸ ਨਾ ਰਿਹਾ। ਇਸ ਸਮੇਂ ਫ਼ਿਰੋਜ਼ਪੁਰ ਵੱਲੋਂ ਤੇਜ ਸਿੰਘ ਸੈਨਾ ਲੈ ਕੇ ਆ ਗਿਆ ਜੋ ਇਕਦਮ ਤਾਜ਼ਾ ਤੇ ਲੜਾਈ ਲਈ ਉਤਾਵਲੀ ਸੀ।[23] ਤੇਜ ਸਿੰਘ ਦੀਆਂ ਤੋਪਾਂ ਗੋਲੇ ਵਰ੍ਹਾਉਣ ਲੱਗੀਆਂ। ਤੋਪਖਾਨੇ ਕੋਲ ਜੁਆਬੀ ਕਾਰਵਾਈ ਲਈ ਗੋਲਾਬਾਰੂਦ ਹੀ ਨਹੀਂ ਸੀ। ਫਿਰ ਬਿਨਾਂ ਕਿਸੇ ਕਾਰਨ ਦੇ ਤੇਜ ਸਿੰਘ ਦੀਆਂ ਤੋਪਾਂ ਚੱਲਣੋਂ ਬੰਦ ਹੋ ਗਈਆਂ ਤੇ ਕੁਝ ਚਿਰ ਮਗਰੋਂ ਉਸ ਨੇ ਆਪਣੀ ਫ਼ੌਜ ਨੂੰ ਪਿੱਛੇ ਹਟ ਜਾਣ ਦਾ ਹੁਕਮ ਦੇ ਦਿੱਤਾ। ਲਾਰਡ ਗਫ਼ ਸਮਝ ਗਿਆ ਕਿ ਸਿੱਖ ਸੈਨਾਪਤੀਆਂ ਨੇ ਗ਼ੱਦਾਰੀ ਕਰਨ ਦਾ ਆਪਣਾ ਇਕਰਾਰ ਨਿਬਾਹ ਦਿੱਤਾ ਹੈ। ਉਸ ਨੇ ਆਪਣੇ ਘੋੜਸਵਾਰਾਂ ਨੂੰ ਫ਼ਿਰੋਜ਼ ਸ਼ਹਿਰ ਦੇ ਮੋਰਚਿਆਂ 'ਤੇ ਹਮਲਾ ਕਰਨ ਦਾ ਹੁਕਮ ਦੇ ਦਿੱਤਾ।

'ਰੱਖਿਅਕ ਜੋ ਪੂਰੇ ਵਿਸ਼ਵਾਸ ਵਿੱਚ ਸਨ ਕਿ ਤੇਜ ਸਿੰਘ ਪਲਟ ਕੇ ਵੈਰੀ ਨੂੰ ਸ਼ਾਨਦਾਰ ਝਟਕਾ ਦੇਵੇਗਾ, ਹੈਰਾਨ ਰਹਿ ਗਏ। ਉਹ ਆਪਣੇ ਤੰਬੂਆਂ 'ਚੋਂ ਨੱਠ ਗਏ, ਤੋਪਾਂ ਤੇ 80000 ਪੌਂਡ ਗੋਲਾ ਬਾਰੂਦ ਤੇ ਸਾਰਾ ਰਸਦ ਸਾਮਾਨ ਛੱਡ ਗਏ।[24]

ਫ਼ਿਰੋਜ਼ ਸ਼ਹਿਰ ਦੀ ਤਬਾਹੀ ਨੇ ਦਰਬਾਰ ਦੇ ਉਹਨਾਂ ਪਤਵੰਤਿਆਂ ਦਾ ਹੌਸਲਾ ਢਾਹ ਦਿੱਤਾ ਜੋ ਰਾਜ ਪ੍ਰਤੀ ਵਫ਼ਾਦਾਰ ਰਹੇ ਸਨ। ਗੁਲਾਬ ਸਿੰਘ ਡੋਗਰੇ ਨੇ ਆਪਣਾ ਪ੍ਰਤਿਨਿਧ ਸਮਝੌਤੇ ਲਈ ਗੱਲਬਾਤ ਕਰਨ ਲਈ ਲੁਧਿਆਣੇ ਅੰਗਰੇਜ਼ਾਂ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਭੇਜਿਆ।[25] ਉਸ ਵਾਂਗ ਕਈ ਹੋਰ ਸਰਦਾਰਾਂ ਨੇ ਵੀ ਕੀਤਾ।[26] ਹੋਰ ਗੱਦਾਰਾਂ ਨੂੰ ਪ੍ਰੇਰਨ ਲਈ ਤੇ ਉਤਸਾਹਿਤ ਕਰਨ ਲਈ ਲਾਰਡ ਹਾਰਡਿੰਗ ਨੇ ਸਾਰੇ ਹਿੰਦੁਸਤਾਨੀਆਂ ਨੂੰ ਦਰਬਾਰ ਦੀ ਨੌਕਰੀ ਤੇ ਸਭ ਜਾਇਦਾਦਾਂ ਛੱਡ ਕੇ ਅੰਗਰੇਜ਼ੀ ਰੱਖਿਆ ਅਧੀਨ ਆਉਣ ਦਾ ਐਲਾਨ[27] ਕਰ ਦਿੱਤਾ।

ਬੱਦੋਵਾਲ ਦੀ ਲੜਾਈ 21 ਜਨਵਰੀ, 1846 ਅਲੀਵਾਲ ਦੀ ਲੜਾਈ 28 ਜਨਵਰੀ 1846—ਲਾਰਡ ਗਫ਼ ਸਤਲੁਜ ਦਰਿਆ ਪਾਰ ਕਰਨ ਤੇ ਲਾਹੌਰ ਵੱਲ ਕੂਚ ਕਰਨ ਤੋਂ

---

23. ਵੇਖੋ ਜਿਲਦ II, ਪੰਨਾ 162, ਉਟੋਬਾਇਓਗ੍ਰਾਫ਼ੀ ਔਫ਼ ਲੈਫ : ਜਨਰਲ ਸਰ ਹੈਰੀ ਸਮਿੱਥ (ਸੰਪਾ: ਜੀ.ਸੀ. ਮੂਰਸਮਿੱਥ)
24. ਹਾਰ ਤੋਂ ਛੇਤੀ ਹੀ ਮਗਰੋਂ, ਤੇਜ ਸਿੰਘ ਅੰਗਰੇਜ਼ਾਂ ਦੇ ਡੇਰੇ ਤੇ ਗਿਆ ਤੇ ਲਾਰਡ ਹਾਰਡਿੰਗ ਨਾਲ ਮੁਲਾਕਾਤ ਕੀਤੀ। ਉਹਨਾਂ ਦੋਹਾਂ ਵਿੱਚ ਕੀ ਗੱਲਬਾਤ ਹੋਈ, ਇਸ ਦੀ ਕੋਈ ਜਾਣਕਾਰੀ ਨਹੀਂ ਹੈ ਪ੍ਰੰਤੂ ਉਸ ਨਾਲ ਮਗਰੋਂ ਜਿਸ ਤਰ੍ਹਾਂ ਦਾ ਅੰਗਰੇਜ਼ਾਂ ਨੇ ਚੰਗਾ ਵਿਵਹਾਰ ਕੀਤਾ ਉਸ ਤੋਂ ਉਸ ਮੁਲਾਕਾਤ ਬਾਰੇ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।
25. ਐਸ.ਸੀ. 319 ਮਿਤੀ 26.12.1846
26. ਗੁਪਤ ਕਮੇਟੀ ਨੂੰ ਪੱਤਰ ਨੰ: 2 ਮਿਤੀ 26.12.1846
27. ਐਸ.ਸੀ. 246 ਮਿਤੀ 26.12.1846 ਦਰਬਾਰ ਦੀ ਸੈਨਾ ਵਿੱਚ ਬਹੁਤ ਸਾਰੇ ਹਿੰਦੁਸਤਾਨੀ ਸਿਪਾਹੀ ਸਨ। ਜਮਾਂਦਾਰ ਖੁਸ਼ਹਾਲ ਸਿੰਘ ਤੇ ਉਹਦਾ ਭਤੀਜਾ ਤੇਜ ਸਿੰਘ ਜੋ ਦਰਬਾਰ ਦੀਆਂ ਫ਼ੌਜਾਂ ਦਾ ਸੈਨਾਪਤੀ ਸੀ, ਮੇਰਠ ਤੋਂ ਸਨ।

ਪਹਿਲਾਂ ਕੁਮਕ ਦੀ ਉਡੀਕ ਕਰਨ ਲੱਗਾ। ਦਰਬਾਰ ਨੂੰ ਜਾਣਕਾਰੀ ਮਿਲ ਗਈ ਕਿ ਵੈਰੀ ਤੋਪਾਂ ਤੇ ਅਸਲਾਹ ਲੈ ਕੇ ਦਿੱਲੀ ਅਤੇ ਅੰਬਾਲੇ ਤੋਂ ਉੱਤਰ ਵੱਲ ਆ ਰਿਹਾ ਸੀ। ਇਹ ਸਾਰਾ ਜੰਗੀ ਸਾਮਾਨ ਫ਼ਿਰੋਜ਼ਪੁਰ ਵੱਲ ਨਦੀ ਰਾਹੀਂ ਭੇਜਣ ਤੋਂ ਪਹਿਲਾਂ ਲੁਧਿਆਣਾ ਵਿੱਚ ਭੰਡਾਰ ਕੀਤਾ ਜਾਣਾ ਸੀ। ਰਣਜੋਧ ਸਿੰਘ ਮਜੀਠੀਆ ਤੇ ਅਜੀਤ ਸਿੰਘ ਲਾਡਵਾ ਨੇ ਫਿਲੌਰ ਕੋਲੋਂ 8000 ਸੈਨਿਕਾਂ ਤੇ 70 ਤੋਪਾਂ ਨਾਲ ਸਤਲੁਜ ਪਾਰ ਕੀਤਾ। ਬੜੀ ਫੁਰਤੀ ਨਾਲ ਪੈਂਡਾਂ ਮੁਕਾਉਂਦਿਆਂ ਉਹਨਾਂ ਨੇ ਫਤਿਹਗੜ੍ਹ, ਧਰਮਕੋਟ, ਗੰਗਰਾਣਾ ਤੇ ਬੱਦੋਵਾਲ ਦੇ ਕਿਲ੍ਹੇ ਆਜ਼ਾਦ ਕਰਵਾ ਲਏ ਤੇ ਲੁਧਿਆਣੇ ਤੋਂ 7 ਮੀਲ ਦੂਰ ਬਰਨਹਾੜਾ ਦੇ ਅਸਥਾਨ 'ਤੇ ਡੇਰਾ ਲਾ ਲਿਆ। ਪੰਜਾਬੀ ਲੁਧਿਆਣੇ ਦੀ ਛਾਉਣੀ ਵਿੱਚ ਦਾਖ਼ਲ ਹੋ ਗਏ ਤੇ ਕਈ ਬੈਰਕਾਂ ਨੂੰ ਅੱਗ ਲਾ ਦਿੱਤੀ।

ਲੁਧਿਆਣੇ ਦੀ ਸਹਾਇਤਾ ਲਈ ਸਰ ਹੈਰੀ ਸਮਿੱਥ ਨੂੰ ਭੇਜਿਆ ਗਿਆ। ਉਹ ਫ਼ਿਰੋਜ਼ਪੁਰ ਤੋਂ ਉੱਤਰ ਵੱਲ ਸਤਲੁਜ ਤੋਂ ਕੁਝ ਮੀਲ ਦੂਰ ਹੱਟ ਕੇ ਅੱਗੇ ਵਧਿਆ। ਰਣਜੋਧ ਸਿੰਘ ਮਜੀਠੀਏ ਨੇ ਸਮਿੱਥ ਦੇ ਦਸਤੇ ਦੀ ਲੁੱਟ ਮਾਰ ਕੀਤੀ ਤੇ ਜਦੋਂ ਸਮਿੱਥ ਨੇ ਬੱਦੋਵਾਲ ਦੇ ਅਸਥਾਨ 'ਤੇ ਅਸਲ ਰਸਤੇ ਤੋਂ ਹਟ ਕੇ ਮੋੜ ਘੋੜ ਵਾਲਾ ਰਾਹ ਅਪਣਾਇਆ ਤਾਂ ਉਸ ਦੇ ਪਿਛਲੇ ਭਾਗ 'ਤੇ ਬੜਾ ਭਾਰੀ ਹਮਲਾ ਕਰਕੇ ਰਸਦ ਸਾਮਾਨ ਲੁੱਟ ਲਿਆ।[28]

ਕੁਝ ਦਿਨ ਮਗਰੋਂ ਸਰ ਹੈਰੀ ਸਮਿੱਥ ਨੂੰ ਸਹਾਇਤਾ ਪਹੁੰਚ ਗਈ ਜਿਸ ਦੀ ਉਸ ਨੂੰ ਆਸ ਸੀ ਤੇ ਉਹ ਫਿਰ ਪੰਜਾਬੀਆਂ ਵੱਲ ਝਪਟਿਆ। ਅਲੀਵਾਲ ਦੇ ਅਸਥਾਨ 'ਤੇ ਸਮਿੱਥ ਨੇ ਰਣਜੋਧ ਸਿੰਘ ਮਜੀਠੀਏ ਤੇ ਅਜੀਤ ਸਿੰਘ ਲਾਡਵੇ ਨੂੰ ਕਰਾਰੀ ਹਾਰ ਦਿੱਤੀ। ਦੋਵੇਂ ਮੈਦਾਨ 'ਚੋਂ ਭੱਜ ਗਏ। ਇਕ ਵਾਰ ਫਿਰ ਪੰਜਾਬੀਆਂ ਨੇ ਹਾਰ ਮੰਨਣ ਤੋਂ ਨਾਂਹ ਕਰ ਦਿੱਤੀ।[29] ਬਹੁਤ ਵੱਡੀ ਗਿਣਤੀ ਵਿੱਚ ਉਹ ਲੜਾਈ ਲੜਦੇ ਹੋਏ ਮਰ ਗਏ, ਬਹੁਤ ਸਾਰੇ ਦਰਿਆ ਵਿੱਚ ਡੁੱਬ ਗਏ। ਦੁਸ਼ਮਣ ਦੇ ਹੱਥ 56 ਤੋਪਾਂ ਆ ਗਈਆਂ।

---

28. ਸਰ ਹੈਰੀ ਸਮਿੱਥ ਨੇ ਰਣਜੋਧ ਸਿੰਘ ਮਜੀਠੀਆ ਦੀ ਬੱਦੋਵਾਲ ਵਿੱਚ ਵਿਖਾਈ ਗਈ ਯੁੱਧ ਕਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਸ ਨੇ ਆਪਣੀ ਸ੍ਵੈ-ਜੀਵਨੀ ਵਿੱਚ ਲਿਖਿਆ, "ਇਹ ਉਸ ਦੀ ਇਕ ਅਤਿਅੰਤ ਵਿਗਿਆਨਿਕ ਚਾਲ ਸੀ ਤੇ ਜੇ ਉਸ ਨੂੰ ਇਹ ਪਤਾ ਹੁੰਦਾ ਕਿ ਜਿਹੜੀ ਥਾਂ ਉਸ ਨੇ ਮੱਲੀ ਸੀ, ਉਸ ਦਾ ਕਿਸ ਤਰ੍ਹਾਂ ਉੱਚਿਤ ਲਾਭ ਲੈਣਾ ਹੈ ਤਾਂ ਉਸ ਨੂੰ ਬੜੀ ਸ਼ਾਨਦਾਰ ਸਫਲਤਾ ਮਿਲਦੀ। ਉਸ ਨੂੰ ਪੂਰੀ ਸ਼ਕਤੀ ਨਾਲ ਮੇਰੇ 'ਤੇ ਹਮਲਾ ਕਰਨਾ ਚਾਹੀਦਾ ਸੀ ਜਿਵੇਂ ਉਸ ਦੇ ਫ਼ਰਾਂਸੀਸੀ ਉਸਤਾਦਾਂ ਨੇ ਸਿਖਾਇਆ ਤੇ ਇਸ ਤਰ੍ਹਾਂ ਉਹ ਮੈਨੂੰ ਤਬਾਹ ਕਰ ਦਿੰਦਾ ਕਿਉਂਕਿ ਉਸ ਦੀ ਫ਼ੌਜ ਮੇਰੀ ਫ਼ੌਜ ਨਾਲੋਂ ਕਿਤੇ ਜ਼ਿਆਦਾ ਸੀ। ਫਿਰ ਉਸ ਨੂੰ ਲੁਧਿਆਣੇ ਵੱਲ ਵਧ ਕੇ ਹਰਾ ਦੇਣਾ ਚਾਹੀਦਾ ਸੀ ਤੇ ਸ਼ਹਿਰ ਲੁੱਟ ਲੈਣਾ ਚਾਹੀਦਾ ਸੀ।" ਦੀ ਆਟੋਬਾਇਓਗ੍ਰਾਫੀ ਔਫ ਲੈਫ. ਜਨਰਲ ਹੈਰੀ ਸਮਿੱਥ ਜਿਲਦ II, 186-87
29. "ਭਾਵੇਂ ਉਹਨਾਂ ਦਾ ਆਗੂ ਰਣਜੋਧ ਸਿੰਘ ਬੜੀ ਬੇਸ਼ਰਮੀ ਨਾਲ ਆਪਣੇ ਪੈਰੋਕਾਰਾਂ ਨੂੰ ਪਿੱਛੇ ਜਿੱਤਣ ਜਾਂ ਹਾਰਨ ਲਈ ਮੈਦਾਨ ਛੱਡ ਕੇ ਨੱਠ ਗਿਆ ਪਰ ਉਹਨਾਂ ਨੇ ਹੌਸਲਾ ਨਾ ਹਾਰਿਆ", ਹੰਬਲੇ ਨੇ ਲਿਖਿਆ, "ਉਹ ਫਿਰ ਇਕ ਵਾਰ ਇਕੱਠੇ ਹੋ ਕੇ ਆਏ ਤੇ ਆਖ਼ਰੀ ਜ਼ੋਰਦਾਰ ਯਤਨ ਕੀਤਾ। ਭਾਵੇਂ ਹਾਰ ਕਾਰਨ ਨਿਰਾਸ਼ ਹੋ ਗਏ ਸਨ ਪਰ ਉਹ ਸਭ ਕੁਝ ਦਾਅ 'ਤੇ ਲਾ ਕੇ ਲੜੇ।" ਜਨਰਲ ਔਫ ਏ. ਕਾਵੈਲਰੀ ਅਫ਼ਸਰ, ਪੰਨਾ 150.

10 ਫਰਵਰੀ 1846 ਨੂੰ ਸਭਰਾਵਾਂ ਦੀ ਲੜਾਈ—ਅਲੀਵਾਲ ਵਿੱਚ ਅਸਲਹ ਦੇ ਨੁਕਸਾਨ ਕਾਰਨ ਦਰਬਾਰ ਦੀ ਸਥਿਤੀ ਹੁਣ ਰੱਖਿਆਤਮਕ ਹੋ ਗਈ। ਉਸ ਦੇ ਜਰਨੈਲ ਨੂੰ ਇਸ ਬਾਰੇ ਪੱਕਾ ਯਕੀਨ ਨਹੀਂ ਸੀ ਕਿ ਵੈਰੀ ਸਤਲੁਜ ਕਿਸ ਥਾਂ ਤੋਂ ਪਾਰ ਕਰੇਗਾ; ਇਸ ਲਈ ਉਹਨਾਂ ਨੇ ਆਪਣੀ ਸੈਨਾ ਨੂੰ ਕਈ ਹਿੱਸਿਆਂ ਵਿੱਚ ਵੰਡ ਦਿੱਤਾ। ਵੈਰੀ ਨੂੰ ਲਾਹੌਰ ਵੱਲ ਵਧਣ ਤੋਂ ਰੋਕਣ ਲਈ ਸਤਲੁਜ ਕਿਨਾਰੇ ਸਭਰਾਵਾਂ ਪਿੰਡ ਦੇ ਅਸਥਾਨ 'ਤੇ ਫ਼ੌਜ ਨੇ ਘੋੜੇ ਦੀ ਸੁੰਭ ਜਾਂ ਨਾਲ੍ਹ ਦੇ ਆਕਾਰ ਵਾਂਗ ਮੋਰਚੇ ਬੰਦੀ ਕਰ ਲਈ। ਇਹ ਫ਼ੌਜ ਗਦਾਰ ਤੇਜ ਸਿੰਘ ਦੇ ਅਧੀਨ ਸੀ। ਦੂਸਰਾ ਗੱਦਾਰ ਲਾਲ ਸਿੰਘ ਦਰਿਆ ਤੋਂ ਥੋੜ੍ਹਾ ਜਿਹਾ ਉੱਪਰ ਵਿਖਾਵੇ ਮਾਤਰ ਅੰਮ੍ਰਿਤਸਰ 'ਤੇ ਹਮਲਾ ਰੋਕਣ ਲਈ ਮੋਰਚਾ ਮੱਲ ਬੈਠਾ।

ਪੰਜਾਬੀਆਂ ਨੇ ਸਤਲੁਜ ਦੇ ਖੱਬੇ ਕਿਨਾਰੇ ਬੇੜੀਆਂ ਦੇ ਪੁਲ ਰਾਹੀਂ ਆਧਾਰ ਡੇਰੇ ਨਾਲ ਸੰਪਰਕ ਕਾਇਮ ਰੱਖਣ ਲਈ ਮੋਰਚੇ ਮੱਲ ਲਏ। ਉਹਨਾਂ ਦੀਆਂ ਵੱਡੀਆਂ ਤੋਪਾਂ ਉੱਚੇ ਬੰਨ੍ਹਾਂ ਪਿੱਛੇ ਬੀੜੀਆਂ ਹੋਈਆਂ ਸਨ ਜੋ ਹਮਲੇ ਦੀ ਕਾਰਵਾਈ ਕਰਨ ਲਈ ਅਚੱਲ ਸਨ। ਪਿਆਦਾ ਫ਼ੌਜ ਵੀ ਟਿੱਲਿਆਂ ਪਿੱਛੇ ਨਿਯੁਕਤ ਸੀ ਤੇ ਇਸ ਲਈ ਉਸ ਨੂੰ ਵੈਰੀ ਨੂੰ ਪਰੇਸ਼ਾਨ ਕਰਨ ਲਈ ਵਰਤਣਾ ਔਖਾ ਸੀ।

ਗਫ ਤੇ ਹਾਰਡਿੰਗ ਨੇ ਸਾਮ੍ਹਣੇ ਪਾਸਿਉਂ ਸਭਰਾਵਾਂ 'ਤੇ ਹਮਲਾ ਕਰਨ ਤੇ ਇਕ ਹੀ ਹੱਲੇ ਨਾਲ ਦਰਬਾਰ ਦੀ ਫ਼ੌਜ ਤਬਾਹ ਕਰਨ ਦਾ ਫ਼ੈਸਲਾ ਕੀਤਾ। ਇਹ ਵਿਉਂਤ ਇਸ ਭਰੋਸੇ ਨਾਲ ਬਣਾਈ ਗਈ ਕਿ ਸਿੱਖ ਸੈਨਾਪਤੀ ਉਹਨਾਂ ਦੇ ਸਮਰਥਕ ਸਨ।[30]

7 ਫਰਵਰੀ ਨੂੰ ਵਰਖਾ ਸ਼ੁਰੂ ਹੋ ਗਈ। ਅਗਲੇ ਦੋ ਦਿਨਾਂ ਵਿੱਚ ਮੋਹਲੇਧਾਰ ਮੀਂਹ ਲਗਾਤਾਰ ਵਰ੍ਹਦਾ ਰਿਹਾ। ਸਤਲੁਜ ਦਾ ਪਾਣੀ 7 ਇੰਚ ਹੋਰ ਚੜ੍ਹ ਗਿਆ ਤੇ ਸਾਰੇ ਪੱਤਣ ਅਲੰਘ ਹੋ ਗਏ। ਸਿਰਫ਼ ਬੇੜੀਆਂ ਦੇ ਇਕ ਡਾਵਾਂਡੋਲ ਪੁਲ ਨਾਲ ਖੱਬੇ ਕਿਨਾਰੇ ਤੇ ਮੋਰਚੇ ਮੱਲੀ ਬੈਠੀ ਸੈਨਾ ਆਪਣੇ ਮੁੱਢਲੇ ਅੱਡੇ ਜਾਂ ਡੇਰੇ ਨਾਲ ਸੰਪਰਕ ਵਿੱਚ ਸੀ। ਗਫ ਨੇ ਤੇਜ਼ੀ ਨਾਲ ਮੌਕਾ ਸੰਭਾਲਿਆ। ਜਿਉਂ ਹੀ ਵਰਖਾ ਰੁਕੀ, ਉਸ ਨੇ ਫ਼ਿਰੋਜ਼ਪੁਰ ਤੋਂ ਕੂਚ ਕੀਤਾ ਤੇ ਰਾਤ ਦੇ ਹਨੇਰੇ ਦੀ ਆੜ ਵਿੱਚ ਸਭਰਾਓਂ ਦੇ ਅਸਥਾਨ 'ਤੇ ਪਹੁੰਚ ਕੇ ਮੋਰਚਾ ਸੰਭਾਲ ਲਿਆ।

10 ਫਰਵਰੀ ਦੀ ਸਵੇਰ ਨੂੰ ਦਰਿਆ ਤੋਂ ਲੈਕੇ ਮੀਂਹ ਨਾਲ ਗੜੁੱਚ ਖੇਤਾਂ ਤੱਕ ਦੋਹਾਂ ਸੈਨਾਵਾਂ ਨੂੰ ਧੁੰਦ ਨੇ ਘੇਰ ਲਿਆ। ਜਦੋਂ ਧੁੰਦ ਵਿੱਚ ਸੂਰਜ ਲਿਸ਼ਕਿਆ ਤਾਂ ਪੰਜਾਬੀਆਂ ਨੇ ਵੇਖਿਆ ਕਿ ਉਹ ਦੋਹਾਂ ਪਾਸਿਆਂ ਤੋਂ ਘੋੜੇ ਦੀ ਨਾਲ੍ਹ ਵਰਗੀ ਮੋਰਚਾ ਬੰਦੀ ਵਿੱਚ ਘਿਰੇ ਹੋਏ ਸਨ। ਉਹਨਾਂ ਦੇ ਸਾਮ੍ਹਣੇ ਅੰਗਰੇਜ਼ ਸੈਨਾ ਸੀ ਤੇ ਪਿਛਲੇ ਪਾਸੇ ਸਤਲੁਜ ਸੀ ਜਿਸ ਵਿੱਚ ਹੜ੍ਹ ਆਇਆ ਹੋਇਆ ਸੀ। ਮੁੱਢਲੀ ਤੋਪਖਾਨੇ ਦੀ ਦੋਵੱਲੀ ਗੋਲਾਬਾਰੀ ਪਿੱਛੋਂ ਅੰਗਰੇਜ਼ਾਂ ਦੀ ਘੋੜਸਵਾਰ ਸੈਨਾ ਨੇ ਵਿਖਾਵੇ ਲਈ, ਧੋਖਾ ਦੇਣ ਵਾਸਤੇ ਪੰਜਾਬੀ ਤੋਪਾਂ ਦੇ ਸਹੀ ਅਸਥਾਨ 'ਤੇ ਹਮਲਾ ਕੀਤਾ। ਉਹਨਾਂ ਵੱਲੋਂ ਫਿਰ ਗੋਲਾਬਾਰੀ ਸ਼ੁਰੂ ਕਰ ਦਿੱਤੀ ਗਈ

30. ਵਿਚੋਲਿਆਂ ਰਾਹੀਂ ਹੈਨਰੀ ਲਾਰੰਸ ਨੇ ਲਾਲ ਸਿੰਘ ਤੋਂ ਕਾਫ਼ੀ ਜਾਣਕਾਰੀ ਲੈ ਲਈ ਸੀ ਜਿਸ ਕਾਰਨ ਵੈਰੀ ਦੀ ਸਥਿਤੀ ਤੇ ਸ਼ਕਤੀ ਦਾ 7 ਫਰਵਰੀ ਨੂੰ ਸਭਰਾਵਾਂ ਬਾਰੇ ਖਾਕਾ ਸੈਨਾਪਤੀ ਰਾਹੀਂ ਸੈਕਟਰੀ ਨੂੰ 16 ਮਈ 1846 ਨੂੰ ਭੇਜਣ ਦੇ ਯੋਗ ਹੋਇਆ ਸੀ। (ਹੈਨਰੀ ਲਾਰੈਂਸ ਦੇ ਨਿੱਜੀ ਦਸਤਾਵੇਜ਼)

ਤੇ ਦੋ ਘੰਟਿਆਂ ਵਿੱਚ ਅੰਗਰੇਜ਼ਾਂ ਦੀਆਂ ਤੋਪਾਂ ਨੇ ਦਰਬਾਰ ਦਾ ਤੋਪਖਾਨਾ ਹਥੱਲ ਕਰ ਦਿੱਤਾ। ਫਿਰ ਅੰਗਰੇਜ਼ਾਂ ਨੇ ਪੰਜਾਬੀ ਮੋਰਚਿਆਂ ਉੱਪਰ ਤਿੰਨਾਂ ਪਾਸਿਆਂ ਤੋਂ ਹਮਲਾ ਕਰ ਦਿੱਤਾ।

ਤੇਜ ਸਿੰਘ ਬੇੜੀਆਂ ਦੇ ਪੁਲ ਰਾਹੀਂ ਪਾਰਲੇ ਪਾਸੇ ਨੱਠ ਗਿਆ ਤੇ ਇਸ ਨੂੰ ਤਬਾਹ ਕਰਵਾ ਦਿੱਤਾ। ਪ੍ਰੰਤੂ ਦੂਸਰੇ ਜਨਰਲ ਲੜਾਈ ਕਰਨ ਲਈ ਡਟੇ ਰਹੇ। ਉਹਨਾਂ ਵਿੱਚ ਸਭ ਤੋਂ ਉੱਘਾ ਸ਼ਾਮ ਸਿੰਘ ਅਟਾਰੀਵਾਲਾ[31] ਸੀ ਜੋ ਆਖ਼ਰੀ ਦਮ ਤੱਕ ਪੰਜਾਬੀਆਂ ਨੂੰ ਲੜਨ ਲਈ ਹੌਸਲਾ ਦਿੰਦਾ ਰਿਹਾ। ਜਿਹਨਾਂ ਨੇ ਜੰਗ ਦੇ ਮੈਦਾਨ 'ਚੋਂ ਨੱਠਣ ਦੀ ਕੋਸ਼ਿਸ਼ ਕੀਤੀ ਉਹ ਦਰਿਆ ਸਤਲੁਜ ਦੇ ਘੁੰਮਣ ਘੇਰੀਆਂ ਪਾਉਂਦੇ ਪਾਣੀ ਵਿੱਚ ਡੁੱਬ ਕੇ ਮਰ ਗਏ। ਇਸ ਲੜਾਈ ਵਿੱਚ 10 ਹਜ਼ਾਰ ਪੰਜਾਬੀਆਂ ਨੇ ਜਾਨਾਂ ਗੁਆਈਆਂ। ਉਹਨਾਂ ਦੀਆਂ ਸਭ ਬੰਦੂਕਾਂ ਜਾਂ ਤਾਂ ਵੈਰੀ ਨੇ ਖੋਹ ਲਈਆਂ ਜਾਂ ਦਰਿਆ ਵਿੱਚ ਰੁੜ੍ਹ ਗਈਆਂ। ਇਹ ਮੁਕੰਮਲ ਤੇ ਤਬਾਹਕੁਨ ਹਾਰ ਸੀ।[32]

ਲਾਰਡ ਗਫ ਨੇ ਸਭਰਾਓਂ ਦੀ ਲੜਾਈ ਨੂੰ ਭਾਰਤ ਦੀ ਵਾਟਰਲੂ ਆਖਿਆ ਉਸ ਨੇ ਪੰਜਾਬੀਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲਿਖਿਆ : "ਮੇਰੀ ਪਦਵੀ ਤੇ ਮੇਰੇ ਅਹੁਦੇ ਕਾਰਨ ਨੀਤੀ ਮੰਗ ਕਰਦੀ ਹੈ ਕਿ ਮੈਂ ਆਪਣੇ ਹਾਰੇ ਹੋਏ ਦੁਸ਼ਮਣ ਦੀ ਸ਼ਾਨਦਾਰ ਬਹਾਦਰੀ ਪ੍ਰਤੀ ਆਪਣੇ ਜਜ਼ਬਾਤ ਦਾ ਜਨਤਕ ਤੌਰ 'ਤੇ ਇਜ਼ਹਾਰ ਨਾ ਕਰਾਂ ਜਾਂ ਉਹਨਾਂ ਦੀ ਵੀਰਤਾ ਦੇ ਕਾਰਨਾਮਿਆਂ ਦਾ ਉਲੇਖ ਨਾ ਕਰਾਂ ਜਿਸ ਦਾ ਉਹਨਾਂ ਨੇ ਵਿਅਕਤੀਗਤ ਰੂਪ ਵਿੱਚ ਹੀ ਨਹੀਂ ਸਗੋਂ ਸਮੂਹਿਕ ਰੂਪ ਵਿੱਚ ਸਰਦਾਰਾਂ ਨੇ ਤੇ ਸੈਨਾ ਨੇ ਪ੍ਰਦਰਸ਼ਨ ਕੀਤਾ ਸੀ।

---

31. ਸ਼ਾਮ ਸਿੰਘ ਅਟਾਰੀਵਾਲਾ ਰਣਜੀਤ ਸਿੰਘ ਦੇ ਉੱਘੇ ਜਰਨੈਲ ਨਿਹਾਲ ਸਿੰਘ ਅਟਾਰੀ ਦਾ ਪੁੱਤਰ ਸੀ। ਸ਼ਾਮ ਸਿੰਘ ਅਟਾਰੀ ਮਹਾਰਾਜੇ ਦੀ ਸੇਵਾ ਵਿੱਚ 1803 ਵਿੱਚ ਆਇਆ ਤੇ ਉਸ ਨੇ ਮੁਲਤਾਨ, ਕਸ਼ਮੀਰ ਤੇ ਉੱਤਰ ਪੱਛਮੀ ਸੀਮਾਂ ਦੇ ਯੁੱਧਾਂ ਵਿੱਚ ਹਿੱਸਾ ਲਿਆ। ਉਹਦੀ ਬੇਟੀ ਰਣਜੀਤ ਸਿੰਘ ਦੇ ਪੋਤਰੇ ਨੌਨਿਹਾਲ ਸਿੰਘ ਨੂੰ ਵਿਆਹੀ ਗਈ ਸੀ। ਉਸ ਨੇ ਸਿਰਲੱਥ ਬੀਰਤਾ ਕਾਰਨ ਸਭਰਾਵਾਂ ਦੇ ਯੁੱਧ ਵਿੱਚ ਸਦੀਵੀ ਪ੍ਰਸਿੱਧੀ ਪ੍ਰਾਪਤ ਕਰ ਲਈ, ਪੰਜਾਬੀ ਕਵੀ ਸ਼ਾਹ ਮੁਹੰਮਦ ਨੇ ਉਸ ਬਾਰੇ ਲਿਖਿਆ ਕਿ ਉਸ ਨੇ ਗੋਰਿਆਂ ਦਾ ਲਹੂ ਇਸ ਤਰ੍ਹਾਂ ਨਿਚੋੜ ਦਿੱਤਾ ਜਿਵੇਂ ਨਿੰਬੂ 'ਚੋਂ ਰਸ ਨਿਚੋੜਿਆ ਜਾਂਦਾ ਹੈ।
32. ਜਰਨੈਲ ਸਰ ਜੋਜ਼ਫ ਠੈਕਵੈਲ ਜੋ ਜੰਗ ਵਿੱਚ ਆਪ ਹਾਜ਼ਰ ਸੀ, ਉਸ ਨੇ ਲਿਖਿਆ : "ਸਿੱਖਾਂ ਬਾਰੇ ਇਹ ਕਹਿਣਾ ਉਹਨਾਂ ਦਾ ਹੱਕ ਬਣਦਾ ਹੈ ਕਿ ਉਹ ਬੜੀ ਬਹਾਦਰੀ ਨਾਲ ਲੜੇ। ਭਾਵੇਂ ਉਹ ਹਾਰ ਗਏ ਪਰ ਉਹ ਮੈਦਾਨ 'ਚੋਂ ਨੱਠ ਕੇ ਨਾ ਗਏ ਤੇ ਆਖ਼ਰੀ ਦਮ ਤੱਕ ਤਲਵਾਰਾਂ ਲੈ ਕੇ ਲੜਦੇ ਰਹੇ। ਮੈਂ ਉਹਨਾਂ ਦੇ ਕੁਝ ਸਰਦਾਰਾਂ ਤੇ ਜੁਆਨਾਂ ਦੀ ਬਹਾਦਰੀ ਦੇ ਅਨੇਕਾਂ ਕਾਰਨਾਮੇ ਵੇਖੇ ਸਨ।" ਮਿਲਟਰੀ ਮੈਮੁਆਇਰਜ਼ ਆਫ਼ ਲੈਫ. ਜਨਰਲ ਸਰ ਜੋਜ਼ਫ ਠੈਕਵੈਲ (ਸੰਪਾਦਿਤ ਕੀਤੀ ਕਰਨਲ ਵਾਇਲੀ, ਪੰਨਾ 299)
    ਲਾਰਡ ਹਾਰਡਿੰਗ, ਜਿਸ ਨੇ ਲੜਾਈ ਆਪ ਵੇਖੀ, ਲਿਖਿਆ : "ਕੁਝ ਹੀ ਨੱਠ ਕੇ ਗਏ। ਕਿਸੇ ਨੇ ਵੀ ਆਤਮ-ਸਮਰਪਣ ਨਾ ਕੀਤਾ। ਸਿੱਖਾਂ ਨੇ ਆਪਣੀ ਤਕਦੀਰ ਨੂੰ ਉਸ ਈਸ਼ਵਰੀ ਇੱਛਾ ਨਾਲ ਪ੍ਰਵਾਨ ਕੀਤਾ ਜੋ ਉਹਨਾਂ ਦੀ ਕੌਮ ਦੀ ਵਿਸ਼ੇਸ਼ਤਾ ਹੈ।" ਵਿਸਕਾਊਂਟ ਹਾਰਡਿੰਗ ਪੰਨਾ 49.

ਮੈਂ ਇਹ ਵੀ ਐਲਾਨ ਕਰਦਾ ਹਾਂ ਕਿ ਜੇ ਮੈਨੂੰ ਇਹ ਵਿਸ਼ਵਾਸ ਨਾ ਹੁੰਦਾ ਕਿ ਮੇਰੇ ਮੁਲਕ ਦੀ ਭਲਾਈ ਲਈ ਇਹ ਕੁਰਬਾਨੀ ਜ਼ਰੂਰੀ ਸੀ ਤਾਂ ਮੈਂ ਅਜਿਹੇ ਦ੍ਰਿੜ੍ਹ ਤੇ ਸ਼ਰਧਕ ਜਵਾਨਾਂ ਦੀ ਫ਼ੌਜ ਦਾ ਭਿਆਨਕ ਕਤਲਾਮ ਵੇਖ ਕੇ ਜ਼ਰੂਰ ਰੋ ਪੈਂਦਾ।[33]

ਸਤਲੁਜ ਦੇ ਉੱਤਰ ਵੱਲ ਦੇ ਆਪਣੇ ਭਰਾਵਾਂ ਦੀ ਅੰਗਰੇਜ਼ਾਂ ਨਾਲ ਟੱਕਰ ਪ੍ਰਤੀ ਮਾਲਵੇ ਦੇ ਲੋਕਾਂ ਦਾ ਵਤੀਰਾ ਧਿਆਨ ਖਿੱਚਦਾ ਹੈ। ਇਸ ਖੇਤਰ ਦੇ ਅਨੇਕਾਂ ਸਿੱਖ ਸਰਦਾਰਾਂ ਵਿੱਚੋਂ ਪਟਿਆਲਾ, ਜੀਂਦ, ਫ਼ਰੀਦਕੋਟ ਤੇ ਛਛਰੌਲੀ ਦੇ ਸਰਦਾਰਾਂ ਨੇ ਦੁਸ਼ਮਣ ਨੂੰ ਨਿਰਸੰਕੋਚ ਸਮਰਥਨ ਦਿੱਤਾ। ਦੂਸਰੇ ਜਾਂ ਤਾਂ ਲਾਂਭੇ ਰਹੇ ਜਾਂ ਉਹਨਾਂ ਨੇ ਦਰਬਾਰ ਨਾਲ ਹਮਦਰਦੀ ਪ੍ਰਗਟ ਕੀਤੀ।[34] ਦੋਹਾਂ ਮੁਸਲਿਮ ਹਾਕਮਾਂ ਵਿੱਚੋਂ ਮਲੇਰਕੋਟਲੇ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਤੇ ਮਮਦੋਟ ਦੇ ਹਾਕਮ ਨੇ, ਬਾਵਜੂਦ ਇਸ ਪੇਸ਼ਕਸ਼ ਦੇ ਕਿ ਉਸ ਦੀ ਜਾਗੀਰ ਪੱਕਿਆਂ ਕਰ ਦਿੱਤੀ ਜਾਵੇਗੀ, ਉਸ ਨੇ ਆਪਣੇ ਭਰਾ ਨੂੰ ਫ਼ਿਰੋਜ਼ ਸ਼ਹਿਰ ਦੀ ਲੜਾਈ ਵਿੱਚ ਅੰਗਰੇਜ਼ ਦੇ ਵਿਰੁੱਧ ਪਲਟਨ ਦੀ ਅਗਵਾਈ ਕਰਨ ਦੀ ਆਗਿਆ ਦਿੱਤੀ ਸੀ।[35]

ਸਤਲੁਜ ਦੀ ਲੜਾਈ ਦੇ ਖ਼ਾਤਮੇ ਤੇ ਅੰਗਰੇਜ਼ ਸਰਕਾਰ ਨੇ ਰੋਪੜ, ਲਾਡਵਾ ਤੇ ਅਲੋਵਾਲ ਜ਼ਬਤ ਕਰ ਲਏ, ਨਾਭੇ ਦੇ ਰਾਜ ਦੇ 1/4 ਹਿੱਸੇ ਉੱਪਰ ਅਧਿਕਾਰ ਕਰ ਲਿਆ ਤੇ ਆਪਣੇ ਸਹਿਯੋਗੀਆਂ ਵਿੱਚ ਵੰਡ ਦਿੱਤਾ। ਮਾਲਵਾ ਦੇ ਜਾਗੀਰਦਾਰਾਂ ਨੂੰ ਨਿਆਂਇਕ ਅਧਿਕਾਰ ਤੋਂ ਵੰਚਿਤ ਕਰ ਦਿੱਤਾ ਗਿਆ ਤੇ ਉਹਨਾਂ ਕੋਲ ਸਿਰਫ਼ ਮਾਮਲਾ ਉਗਰਾਹੁਣ ਦੇ ਅਧਿਕਾਰ ਹੀ ਰਹਿਣ ਦਿੱਤੇ।

33. ਰੇਇਤ : ਦੀ ਲਾਈਫ਼ ਐਂਡ ਕੰਪੇਨਜ਼ ਔਫ ਵਿਸਕਾਊਂਟ ਗਫ, ਪੰਨਾ 108, ਗਦਾਰ ਲਾਲ ਸਿੰਘ ਤੇ ਤੇਜ ਸਿੰਘ ਨੂੰ ਉਹਨਾਂ ਦੇ ਨਾਮ ਦੇ ਅੱਖਰਾਂ ਤੇ ਸ਼ਬਦ-ਕਲੋਲ ਜਾਂ ਸਲੇਸ਼ ਨਾਲ ਕਵਿਤਾਇਆ ਗਿਆ ਹੈ ਤੇ ਯਾਦਗਾਰੀ ਬਣਾ ਦਿੱਤਾ ਗਿਆ ਹੈ : "ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।"

34. ਇਹਨਾਂ ਵਿੱਚੋਂ ਨਾਭਾ, ਲਾਡਵਾ, ਆਲੋਵਾਲ, ਮਲੌਦ, ਥਾਨੇਸਰ, ਰੋਪੜ, ਖੇੜੀ, ਮਨੀ ਮਾਜਰਾ, ਸ਼ਾਹਬਾਦ, ਸੀਕਰੀ, ਸ਼ਾਮਗੜ੍ਹ, ਬੂੜੀਆ ਤੇ ਅਨੰਦਪੁਰ ਦੇ ਸੋਢੀ ਸ਼ਾਮਲ ਸਨ।

35. ਐਸ.ਸੀ. 1300 ਮਿਤੀ 26.12.1846.

ਕਾਂਡ—3
ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ

ਸਭਰਾਵਾਂ ਦੀ ਜਿੱਤ ਦੇ ਦੋ ਦਿਨ ਮਗਰੋਂ ਅੰਗਰੇਜ਼ ਸੈਨਾ ਨੇ ਸਤਲੁਜ ਪਾਰ ਕਰ ਲਿਆ ਤੇ ਕਸੂਰ 'ਤੇ ਅਧਿਕਾਰ ਕਰ ਲਿਆ। ਦਰਬਾਰ ਨੇ ਗੁਲਾਬ ਸਿੰਘ ਡੋਗਰੇ[1] ਨੂੰ, ਜੋ ਪਹਿਲਾਂ ਲਾਹੌਰ ਵਿੱਚ ਪਹਾੜੀਆਂ ਦੀ ਪਲਟਣਾ ਲੈ ਕੇ ਪਹੁੰਚ ਗਿਆ ਸੀ, ਸ਼ਾਂਤੀ ਸਮਝੌਤਾ ਕਰਨ ਦੇ ਅਧਿਕਾਰ ਦੇ ਦਿੱਤੇ। ਗੁਲਾਬ ਸਿੰਘ ਨੇ ਪਹਿਲਾਂ ਫ਼ੌਜੀ ਪੰਚਾਂ ਤੋਂ ਇਹ ਭਰੋਸਾ ਲਿਆ ਕਿ ਉਹ ਉਹਦੀਆਂ ਸ਼ਰਤਾਂ ਨਾਲ ਸਹਿਮਤ ਹੋਣਗੇ, ਫਿਰ ਉਸ ਨੇ ਲਾਰਡ ਹਾਰਡਿੰਗ ਅੱਗੇ ਦਰਬਾਰ ਦੀ ਅਧੀਨਗੀ ਸਵੀਕਾਰ ਕਰਨ ਦੀ ਬੇਨਤੀ ਪੇਸ਼ ਕੀਤੀ। ਲਾਰਡ ਹਾਰਡਿੰਗ ਨੇ ਸਿੱਖ ਰਾਜ ਦੇ ਭਵਿੱਖ ਬਾਰੇ ਪਹਿਲਾਂ ਹੀ ਆਪਣਾ ਮਨ ਬਣਾਇਆ

---

1. ਗੁਲਾਬ ਸਿੰਘ ਅੰਗਰੇਜ਼ਾਂ ਨੂੰ ਇਸ ਲਈ ਪ੍ਰਵਾਨ ਸੀ ਕਿਉਂਕਿ ਉਸ ਦੀ ਪਹਿਲਾਂ ਤੋਂ ਹੀ ਉਸ ਨਾਲ ਗੱਲਬਾਤ ਚੱਲ ਰਹੀ ਸੀ ਤੇ ਉਸ ਨੇ ਹੀ ਡੋਗਰਿਆਂ ਨੂੰ ਪੰਜਾਬੀਆਂ ਨਾਲ ਮਿਲਣ ਤੋਂ ਰੋਕਿਆ ਹੋਇਆ ਸੀ। ਜਨਵਰੀ 1846 ਤੋਂ ਹੀ ਗੁਲਾਬ ਸਿੰਘ ਨੇ ਆਪਣੇ ਪ੍ਰਤਿਨਿਧਾਂ ਰਾਹੀਂ ਗਵਰਨਰ-ਜਨਰਲ ਨਾਲ ਸੰਪਰਕ ਕਾਇਮ ਕੀਤਾ ਹੋਇਆ ਸੀ। ਉਹਦੇ ਏਲਚੀਆਂ ਵਿੱਚੋਂ ਇਕ ਬੰਗਾਲੀ ਹਕੀਮ ਬੰਸੀਧਰ ਘੋਸ਼ ਸੀ ਜਿਸ ਨੇ ਆਪਣੇ ਆਕਾ ਦਾ ਪੱਤਰ ਗਵਰਨਰ ਜਨਰਲ ਦੇ ਸਹਾਇਕ ਏਜੰਟ ਲੈਫ. ਈ. ਲੇਕ ਨੂੰ 15 ਜਨਵਰੀ 1846 ਈ: ਨੂੰ ਸੌਂਪਿਆ। ਡੋਗਰਾ ਸਹਿਯੋਗ ਦੀ ਪੇਸ਼ਕਸ਼ ਕਰਨ ਵਿੱਚ ਸਭ ਤੋਂ ਪਹਿਲਾਂ ਮੈਦਾਨ 'ਚ ਆਉਣਾ ਚਾਹੁੰਦਾ ਸੀ। ਉਸ ਨੇ ਲਿਖਿਆ : "ਜਿਹੜਾ ਪਹਾੜ ਦੀ ਚੋਟੀ 'ਤੇ ਚੜ੍ਹਨਾ ਚਾਹੁੰਦਾ ਹੈ, ਉਸ ਨੂੰ ਸੂਰਜ ਚੜ੍ਹਨ ਨਾਲ ਹੀ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ, ਪਰ ਉਹ ਜੇ ਦੇਰ ਕਰ ਦੇਵੇਗਾ ਤਾਂ ਉਸ ਨੂੰ ਨਿਸ਼ਾਨੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਰਾਤ ਪੈ ਜਾਵੇਗੀ। ਪਹਾੜ ਦੀ ਸਿਖ਼ਰ ਚੋਟੀ ਹੇਠ ਦੱਬੇ ਖ਼ਜ਼ਾਨੇ ਦੇ ਇਨਾਮ ਦਾ ਉਹੋ ਹੱਕਦਾਰ ਹੁੰਦਾ ਹੈ ਜੋ ਸਭ ਤੋਂ ਪਹਿਲਾਂ ਚੋਟੀ 'ਤੇ ਪਹੁੰਚ ਜਾਂਦਾ ਹੈ।" ਐਸ.ਸੀ. 319 ਮਿਤੀ 26.12.1846.

   ਫਰਵਰੀ 1846 ਈ: ਦੇ ਸ਼ੁਰੂ ਵਿੱਚ ਹੀ ਗੁਲਾਬ ਸਿੰਘ ਨੇ ਆਪਣਾ ਨਿੱਜੀ ਦੂਤ ਮੇਜਰ ਹੈਨਰੀ ਲਾਰੈਂਸ ਕੋਲ ਭੇਜਿਆ ਜਿਸ ਨੇ ਬਰੋਡਫੁੱਟ ਤੋਂ ਗਵਰਨਰ ਜਨਰਲ ਦੀ ਏਜੰਸੀ ਦਾ ਕਾਰਜ-ਭਾਰ ਸੰਭਾਲ ਲਿਆ ਸੀ। ਸਾਫ਼ ਦਿਖਾਈ ਦਿੰਦਾ ਹੈ ਕਿ ਸਭਰਾਵਾਂ ਦੀ ਜੰਗ ਤੋਂ ਪਹਿਲਾਂ ਹੀ ਗੁਲਾਬ ਸਿੰਘ ਤੇ ਅੰਗਰੇਜ਼ਾਂ ਵਿੱਚ ਕੋਈ ਸਮਝੌਤਾ ਹੋ ਚੁੱਕਾ ਸੀ। ਜਿਵੇਂ ਹਾਰਡਿੰਗ ਨੇ ਗੁਪਤ ਕਮੇਟੀ ਨੂੰ 19 ਫਰਵਰੀ 1846 ਦੇ ਪੱਤਰ ਵਿੱਚ ਵਰਨਨ ਕੀਤਾ ਸੀ, ਉਸ ਨੇ ਗੁਲਾਬ ਸਿੰਘ ਨੂੰ ਭਰੋਸਾ ਦਿੱਤਾ ਸੀ ਕਿ ਉਸ ਦੇ ਹਿੱਤਾਂ ਦਾ ਪੂਰਾ ਖ਼ਿਆਲ ਰੱਖਿਆ ਜਾਵੇਗਾ। ਕਨਿੰਘਮ ਦੀ "ਹਿਸਟਰੀ ਔਫ ਦੀ ਸਿੱਖਸ" ਦੇ 1955 ਦੇ ਸੰਸਕਰਣ ਦੇ ਸੰਪਦਾਕਾਂ ਅਨੁਸਾਰ (ਪੰਨਾ 279) ਗੁਲਾਬ ਸਿੰਘ ਤੇ ਹਾਰਡਿੰਗ ਵਿਚਕਾਰ ਖਤੋ-ਖਿਤਾਬਤ ਦੇ ਪ੍ਰਗਟਾਵੇ ਕਾਰਨ ਹੀ ਕਨਿੰਘਮ ਨੂੰ ਰਾਜਸੀ ਸੇਵਾ ਤੋਂ ਹਟਾ ਕੇ ਫ਼ੌਜੀ ਨੌਕਰੀ ਵਿੱਚ ਵਾਪਸ ਲਿਆਂਦਾ ਗਿਆ।

ਹੋਇਆ ਸੀ। ਉਸ ਨੂੰ ਪਤਾ ਸੀ ਕਿ ਅਜੇ ਵੀ ਬਹੁਤ ਜ਼ਿਆਦਾ ਸਿੱਖ ਫ਼ੌਜੀ ਦੇਸ਼ ਅੰਦਰ ਹਨ ਤੇ ਉਹ ਸਿੱਖ ਰਾਜ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਇਆ ਜਾਣ ਬਰਦਾਸ਼ਤ ਨਹੀਂ ਕਰਨਗੇ, ਇਸ ਲਈ ਉਸ ਨੇ ਉਹਨਾਂ ਸ਼ਰਤਾਂ ਨਾਲ ਹੀ ਸੰਤੋਖ ਕਰ ਲਿਆ ਜੋ ਭਵਿੱਖ ਵਿੱਚ ਕਿਸੇ ਉੱਚਿਤ ਸਮੇਂ ਤੇ ਰਾਜ ਤੇ ਕਾਬਜ਼ ਹੋਣ ਵਿੱਚ ਸਹਾਈ ਹੋਣਗੀਆਂ। ਉਸ ਨੇ ਰਾਜ ਦਾ ਕੁਝ ਇਲਾਕਾ ਲੈ ਕੇ ਇਸ ਨੂੰ ਕਮਜ਼ੋਰ ਕਰ ਦਿੱਤਾ, ਇਸ ਦੀ ਫ਼ੌਜ ਦੀ ਗਿਣਤੀ ਘਟਾ ਦਿੱਤੀ ਤੇ ਇਸ ਦੀ ਸੀਮਾ 'ਤੇ ਮੁਕਾਬਲੇ ਦੀ ਤਾਕਤ ਨੂੰ ਸ਼ਹਿ ਦਿੱਤੀ। ਇਹ ਸ਼ਰਤਾਂ ਦਰਬਾਰ ਤੇ ਠੋਸੀ ਗਈ ਸੰਧੀ ਵਿੱਚ ਸ਼ਾਮਿਲ ਕੀਤੀਆਂ ਗਈਆਂ।

9 ਤੇ 11 ਮਾਰਚ ਦੀਆਂ ਲਾਹੌਰ ਦੀਆਂ ਸੰਧੀਆਂ—ਜੇਤੂ ਅੰਗਰੇਜ਼ਾਂ ਵੱਲੋਂ ਸ਼ਰਤਾਂ ਠੋਸ ਕੇ ਦਰਬਾਰ ਨੂੰ ਜਾਲੰਧਰ ਦੁਆਬ ਦੇਣ ਲਈ ਮਜ਼ਬੂਰ ਕਰ ਦਿੱਤਾ ਗਿਆ।[3] ਉਸ ਨੂੰ 1½ ਕਰੋੜ ਯੁੱਧ ਦਾ ਹਰਜਾਨਾ ਦੇਣਾ ਪਿਆ। ਲਾਹੌਰ ਦੀ ਸੈਨਾ ਘਟਾ ਕੇ 20000 ਪਿਆਦਾ ਤੇ 12000 ਘੋੜਸਵਾਰ ਕਰ ਦਿੱਤੀ ਗਈ ਤੇ ਦਰਬਾਰ ਉੱਪਰ ਸਤਲੁਜ ਦੀ ਲੜਾਈ ਵਿੱਚ ਵਰਤੀਆਂ ਗਈਆਂ ਸਾਰੀਆਂ ਤੋਪਾਂ ਦੇਣ ਦੀ ਸ਼ਰਤ ਵੀ ਲਾਈ ਗਈ। ਦਰਿਆ ਸਤਲੁਜ ਦੇ ਦੋਵੇਂ ਕਿਨਾਰਿਆਂ ਤੋਂ ਲਾਹੌਰ ਦਰਬਾਰ ਨੂੰ ਆਪਣਾ ਹੱਕ ਤਿਆਗ ਦੇਣਾ ਪਿਆ। ਮਗਰੋਂ ਇਹ ਸ਼ਰਤ ਵੀ ਨਾਲ ਜੋੜ ਦਿੱਤੀ ਗਈ ਕਿ ਸਾਲ ਦੇ ਅੰਤ ਤੱਕ ਲਾਹੌਰ ਦਰਬਾਰ ਵਿੱਚ ਅੰਗਰੇਜ਼ੀ ਫ਼ੌਜ ਦਾ ਦਲ ਰੱਖਿਆ ਜਾਵੇ ਤੇ ਉਹਦਾ ਖ਼ਰਚਾ ਲਾਹੌਰ ਦਰਬਾਰ ਅਦਾ ਕਰੇ। ਭਾਵੇਂ ਰਾਣੀ ਜ਼ਿੰਦਾਂ ਮਹਾਰਾਜੇ ਦੀ ਸਰਪ੍ਰਸਤ ਬਣੀ ਰਹੇਗੀ ਤੇ ਲਾਲ ਸਿੰਘ ਵਜ਼ੀਰ ਰਹੇਗਾ ਪ੍ਰੰਤੂ ਸਾਰੇ ਅਧਿਕਾਰ ਅੰਗਰੇਜ਼ ਰੈਜ਼ੀਡੈਂਟ, ਕਰਨਲ ਹੈਨਰੀ ਲਾਰੈਂਸ ਕੋਲ ਰਹਿਣਗੇ।[4]

---

2. ਦੇਖੋ ਅੰਤਿਕਾਵਾਂ 2 ਅਤੇ 3.
3. ਜਾਲੰਧਰ ਦੁਆਬ ਨੂੰ ਇਸ ਕਾਰਨ ਮਿਲਾ ਲਿਆ ਗਿਆ ਕਿਉਂਕਿ ਸਤਲੁਜ ਨਾਲੋਂ ਬਿਆਸ ਨੂੰ ਫ਼ੌਜੀ ਨੁਕਤੇ ਤੋਂ ਵਧੇਰੇ ਚੰਗੀ ਸੀਮਾ ਸਮਝਿਆ ਗਿਆ। ਤੇ ਇਹ ਵੀ ਉੱਚਿਤ ਸਮਝਿਆ ਗਿਆ ਕਿ ਉਸ ਰਾਜ ਨੂੰ ਕਮਜ਼ੋਰ ਕਰ ਦਿੱਤਾ ਜਾਵੇ ਜਿਸ ਦੀ ਸੈਨਿਕ ਵਿਵਸਥਾ ਇਤਨੀ ਮਜ਼ਬੂਤ ਸੀ ਜਿਸ ਦਾ ਟਾਕਰਾ ਪਹਿਲਾਂ ਕਿਧਰੇ ਵੀ ਅੰਗਰੇਜ਼ੀ ਸੈਨਾ ਨੂੰ ਨਹੀਂ ਕਰਨਾ ਪਿਆ ਸੀ। ਜਾਲੰਧਰ ਦੁਆਬ ਉਪਜਾਊ ਵੀ ਬਹੁਤ ਸੀ ਜਿੱਥੋਂ ਪ੍ਰਬੰਧਕ ਖ਼ਰਚੇ ਕੱਢ ਕੇ ਵਾਰਸ਼ਿਕ 30 ਲੱਖ ਰੁਪਏ ਦੀ ਆਮਦਨੀ ਹੁੰਦੀ ਸੀ। ਇਸ ਤੋਂ ਕਾਬਜ਼ ਫ਼ੌਜ ਦਾ ਖ਼ਰਚ ਬੜੀ ਸੌਖ ਨਾਲ ਪ੍ਰਾਪਤ ਹੋ ਸਕਦਾ ਸੀ।
4. ਨਾਬਾਲਗੀ ਦੇ ਸਮੇਂ ਜੋ ਵੀ ਕੰਮ ਕੀਤੇ ਜਾਣ ਸਾਨੂੰ ਇਹ ਗੱਲ ਸਦਾ ਧਿਆਨ 'ਚ ਰੱਖਣੀ ਚਾਹੀਦੀ ਹੈ ਕਿ ਮਾਰਚ 1846 ਦੀ ਲਾਹੌਰ ਦੀ ਸੰਧੀ ਅਨੁਸਾਰ ਸਾਡੀ ਪੰਜਾਬ ਨੂੰ ਇਕ ਸੁਤੰਤਰ ਰਾਜ ਬਣਾਈ ਰੱਖਣ ਦੀ ਕੋਈ ਇੱਛਾ ਨਹੀਂ ਸੀ। ਹਾਰਡਿੰਗ ਨੇ ਹੈਨਰੀ ਲਾਰੈਂਸ ਨੂੰ 14 ਅਗਸਤ 1847 ਨੂੰ ਲਿਖਿਆ : ਮੈਂ ਸੰਧੀ ਵਿੱਚ ਇਹ ਸ਼ਰਤ ਜੋੜੀ ਹੈ ਕਿ ਰਾਜ ਦਾ ਮੁਖੀ ਸਾਡੀ ਆਗਿਆ ਤੋਂ ਬਿਨਾਂ ਨਾ ਜੰਗ ਦਾ ਐਲਾਨ ਕਰ ਸਕੇਗਾ ਨਾ ਸੁਲਾਹ, ਉਹ ਇਕ ਵੀ ਏਕੜ ਭੂਮੀ ਦਾ ਨਾ ਵਟਾਂਦਰਾ ਕਰ ਸਕੇਗਾ ਤੇ ਨਾ ਹੀ ਵੇਚ ਸਕੇਗਾ, ਨਾ ਉਹ ਕਿਸੇ ਯੂਰੋਪੀਅਨ ਅਧਿਕਾਰੀ ਨੂੰ ਰੱਖ ਸਕੇਗਾ ਨਾ ਹੀ ਸਾਨੂੰ ਲਾਂਘੇ ਤੋਂ ਇਨਕਾਰ ਕਰ ਸਕੇਗਾ। ਅਸਲੀਅਤ ਇਹ ਹੈ ਕਿ ਰਾਜ ਦੇ ਅੰਦਰੂਨੀ ਪ੍ਰਬੰਧ ਤੋਂ ਬਿਨਾਂ ਉਹ ਸਾਡੀ ਆਗਿਆ ਲਏ ਬਿਨਾਂ ਕੁਝ ਨਹੀਂ ਕਰ ਸਕੇਗਾ। ਇਹ ਵੀ ਅਸਲੀਅਤ ਹੈ ਕਿ ਰਾਜਕੁਮਾਰ ਜੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ, ਸਾਡੀ ਸੁਰੱਖਿਆ ਅਧੀਨ ਹੈ ਤੇ ਉਸ ਨੂੰ ਸਾਡੇ ਇਸ਼ਾਰਿਆਂ 'ਤੇ ਹੀ ਚੱਲਣਾ ਪਵੇਗਾ।' ਲਾਈਫ ਔਫ ਹੈਨਰੀ ਲਾਰੈਂਸ, ਪੰਨਾ 417.

ਦਰਬਾਰ ਜੰਗ ਦੇ ਹਰਜਾਨੇ ਵਜੋਂ ਪੂਰੀ ਰਕਮ ਦੇਣ ਦੇ ਸਮਰੱਥ ਨਹੀਂ ਸੀ, ਇਸ ਲਈ ਇਸ ਨੇ ਬਿਆਸ ਤੇ ਸਿੰਧ ਦਰਿਆ ਦੇ ਵਿਚਕਾਰਲੇ ਪਹਾੜੀ ਇਲਾਕੇ ਸਮੇਤ ਕਸ਼ਮੀਰ ਤੇ ਹਜ਼ਾਰੇ ਦੇ, ਅੰਗਰੇਜ਼ਾਂ ਨੂੰ ਸੌਂਪ ਦਿੱਤੇ। ਹਾਰਡਿੰਗ ਇਸ ਸਾਰੇ ਇਲਾਕੇ ਉੱਪਰ ਕਬਜ਼ਾ ਕਰਨ ਤੋਂ ਝਿਜਕਦਾ ਸੀ।[5] ਪੰਜਾਬ ਨੂੰ ਕਮਜ਼ੋਰ ਕਰਨ ਤੇ ਡੋਗਰਿਆਂ ਦੀ ਸ਼ਕਤੀ ਵਧਾਉਣ ਦੀ ਨੀਤੀ 'ਤੇ ਚਲਦਿਆਂ ਹੋਇਆਂ ਉਸ ਨੇ ਚੱਕੀ ਦਰਿਆ ਨੂੰ ਰੇਖਾ ਮੰਨ ਕੇ ਬਿਆਸ ਤੋਂ ਪਾਰਲੇ ਇਲਾਕੇ ਕੁੱਲੂ, ਮੰਡੀ, ਨੂਰਪੁਰ ਤੇ ਕਾਂਗੜਾ ਆਪਣੇ ਪਾਸ ਰੱਖੇ ਤੇ ਬਾਕੀ ਦਾ ਇਲਾਕਾ ਗੁਲਾਬ ਸਿੰਘ ਡੋਗਰੇ ਨੂੰ 75 ਲੱਖ ਰੁਪਏ ਵਿੱਚ ਵੇਚ ਦਿੱਤਾ।[6] 16 ਮਾਰਚ 1846 ਨੂੰ ਅੰਮ੍ਰਿਤਸਰ ਵਿੱਚ ਇਕ ਹੋਰ ਸੰਧੀ ਉੱਪਰ ਦਸਤਖ਼ਤ ਕੀਤੇ ਗਏ ਜਿਸ ਅਨੁਸਾਰ ਗੁਲਾਬ ਸਿੰਘ ਡੋਗਰੇ ਨੂੰ ਜੰਮੂ ਕਸ਼ਮੀਰ ਦਾ ਮਹਾਰਾਜਾ ਪ੍ਰਵਾਨ ਕਰ ਲਿਆ ਗਿਆ। ਡੋਗਰੇ ਨੂੰ ਆਪਣੀਆਂ ਸੇਵਾਵਾਂ ਦਾ ਇਨਾਮ ਉਹਦੀ ਉਮੀਦ ਤੋਂ ਕਿਤੇ ਜ਼ਿਆਦਾ ਮਿਲ ਗਿਆ।[7] ਉਸ ਨੇ ਇਹ ਸੁਗਾਤ ਪੂਰੀ ਸੱਚਾਈ ਨਾਲ ਆਪਣੇ ਆਪ ਨੂੰ ਜ਼ਰ-ਖ਼ਰੀਦ ਕਹਿ ਕੇ ਪ੍ਰਵਾਨ

---

5. ਗਵਰਨਰ ਜਨਰਲ ਨੇ ਸੀਕਰਟ ਕਮੇਟੀ ਨੂੰ ਪੱਤਰ ਨੰ: 7 ਮਿਤੀ 4 ਮਾਰਚ 1846 ਨੂੰ ਲਿਖਿਆ : "ਇਝ ਕਰਨ ਨਾਲ ਸਾਡੀ ਟੱਕਰ ਸ਼ਕਤੀਸ਼ਾਲੀ ਸਰਦਾਰਾਂ ਨਾਲ ਹੋਵੇਗੀ ਜਿਹਨਾਂ ਨੂੰ ਦਬਾਉਣ ਲਈ ਭਾਰੀ ਸੈਨਾ ਆਪਣੇ ਫ਼ੌਜੀ ਠਿਕਾਣਿਆਂ ਤੇ ਦੁਰੇਡੇ ਪ੍ਰਾਂਤਾਂ ਵਿੱਚੋਂ ਲਿਆਉਣੀ ਪਵੇਗੀ। ਵਿਪਰੀਤ ਹਿੱਤ ਪੈਦਾ ਹੋ ਜਾਣਗੇ ਤੇ ਉਹਨਾਂ ਜਾਤੀਆਂ ਉੱਪਰ ਆਪਣੀ ਹਕੂਮਤ ਕਾਇਮ ਕਰਨੀ ਹੋਵੇਗੀ ਜੋ ਪਹਿਲਾਂ ਸਾਡੇ ਅਧੀਨ ਨਹੀਂ ਸਨ ਤੇ ਇਹ ਸਭ ਇਲਾਕੇ ਕਸ਼ਮੀਰ ਤੋਂ ਬਿਨਾਂ ਘੱਟ ਉਪਜਾਊ ਹਨ ਤੇ ਪ੍ਰਬੰਧਕ ਖ਼ਰਚਾ ਵੀ ਪੂਰਾ ਨਹੀਂ ਕਰ ਸਕਣਗੇ।
6. ਦੂਸਰੇ ਪਾਸੇ ਜਿਹੜਾ ਇਲਾਕਾ ਸਾਨੂੰ ਸੌਂਪਿਆ ਗਿਆ ਹੈ ਉਸ ਵਿੱਚ ਰਾਜਾ ਗੁਲਾਬ ਸਿੰਘ ਤੇ ਜੰਮੂ ਪਰਿਵਾਰ ਦੀਆਂ ਪਹਾੜੀ ਜਾਗੀਰਾਂ ਸ਼ਾਮਿਲ ਹਨ ਤੇ ਲਾਹੌਰ ਦੇ ਇਲਾਕੇ ਨੂੰ ਇਸ ਸੀਮਾਂਤ ਖੇਤਰ ਤੋਂ ਵੱਖ ਕਰਕੇ ਅਸੀਂ ਉਸ ਨੂੰ ਕਮਜ਼ੋਰ ਕਰ ਦਿੱਤਾ ਹੈ ਤੇ ਦੂਸਰੀਆਂ ਏਸ਼ਿਆਈ ਤਾਕਤਾਂ ਦੀ ਨਜ਼ਰ ਵਿੱਚ ਲਾਹੌਰ ਦੀ ਹਕੂਮਤ ਨੂੰ ਉਸ ਦੀ ਮਾਨ-ਮੱਤੀ ਅਵਸਥਾ ਤੋਂ ਹੀਣਾ ਕਰ ਦਿੱਤਾ ਹੈ। ਤੇ ਇਸ ਇਲਾਕੇ 'ਤੇ ਅਧਿਕਾਰ ਕਰਨ ਕਰਕੇ ਅਸੀਂ ਗੁਲਾਬ ਸਿੰਘ ਦੇ ਪਿਛਲੀ ਲੜਾਈ ਵਿੱਚ ਵਤੀਰੇ ਕਰਕੇ ਅਹਿਸਾਨ ਚੁਕਾ ਦਿੱਤਾ ਹੈ ਤੇ ਉਸ ਦੀਆਂ ਇੱਛਾਵਾਂ ਦੀ ਪੂਰਤੀ ਕਰ ਦਿੱਤੀ ਹੈ ਜੋ ਦੂਸਰੇ ਏਸ਼ਿਆਈ ਸਰਦਾਰਾਂ ਲਈ ਮਿਸਾਲ ਬਣੇਗੀ ਕਿ ਅੰਗਰੇਜ਼ਾਂ ਦਾ ਸਾਥ ਦੇਣ ਨਾਲ ਕਿਤਨੇ ਲਾਭ ਮਿਲ ਸਕਦੇ ਹਨ। ਇਕ ਸ਼ਕਤੀਸ਼ਾਲੀ ਤੇ ਮਿੱਤਰ ਤਾਕਤ ਨੂੰ ਜੇ ਲੋੜ ਪਵੇ ਡਰਾ ਕੇ ਤੇ ਹਮਲਾ ਕਰਨ ਦੀ ਸਥਿਤੀ ਵਿੱਚ ਰੱਖ ਕੇ ਤੇ ਲਾਹੌਰ ਨੂੰ ਕਮਜ਼ੋਰ ਕਰਕੇ ਅਸੀਂ ਜੰਗ ਦਾ ਖ਼ਰਚਾ ਵੀ ਲੈ ਲਿਆ ਹੈ ਜਿਸ ਤਰ੍ਹਾਂ ਕਰਨ ਦਾ ਅਸੀਂ ਦ੍ਰਿੜ੍ਹਤਾ ਨਾਲ ਐਲਾਨ ਕੀਤਾ ਸੀ ਤੇ ਜੋ ਲਾਹੌਰ ਦਰਬਾਰ ਇਲਾਕੇ ਸੌਂਪਣ ਤੋਂ ਬਿਨਾਂ ਨਕਦ ਅਦਾ ਨਹੀਂ ਕਰ ਸਕਦਾ।" ਉਹੀ, 4 ਮਾਰਚ 1846.
7. ਪਿਛਲੇ ਮਾਰਚ ਵਿੱਚ ਸਿੱਖਾਂ ਨੂੰ ਕਸ਼ਮੀਰ ਤੋਂ ਵੰਚਿਤ ਕਰਕੇ ਕਮਜ਼ੋਰ ਕਰਨਾ ਜ਼ਰੂਰੀ ਸੀ। ਕਸ਼ਮੀਰ ਤੇ ਸਤਲੁਜ ਦਾ ਫਾਸਲਾ 300 ਮੀਲ ਹੈ ਤੇ ਇਹ ਦੁਰਗਮ ਪਹਾੜੀ ਮੁਲਕ ਹੈ ਜੋ 6 ਮਹੀਨੇ ਅਣਉਪਯੋਗੀ ਰਹਿੰਦਾ ਹੈ। 300 ਮੀਲ ਦੀ ਦੂਰੀ 'ਤੇ ਅੰਗਰੇਜ਼ੀ ਫ਼ੌਜ ਬਿਨਾਂ ਕਿਸੇ ਸਮਰਥਨ ਦੇ ਰੱਖਣੀ ਅਜਿਹਾ ਜ਼ੋਖ਼ਮ ਭਰਿਆ ਕਾਰਜ ਹੁੰਦਾ ਜਿਸ ਨਾਲ ਅਸੀਂ ਹਾਕਮ ਬਣਨ ਦੀ ਥਾਂ ਵੰਝ ਤੇ ਚੜ੍ਹੇ ਰਹਿੰਦੇ। (ਵਿਸਕਾਊਂਟ ਹਾਰਡਿੰਗ, ਪੰਨਾ 133)

ਕਰ ਲਈ। ਪਹਿਲਾਂ ਵਾਲਾ ਪੰਜਾਬ[8] ਲਾਰੰਸ ਭਰਾਵਾਂ ਤੇ ਗੁਲਾਬ ਸਿੰਘ ਦੀ ਤ੍ਰੀਮੂਰਤੀ ਵਿੱਚ ਵੰਡ ਦਿੱਤਾ ਗਿਆ। ਰਾਜ ਪ੍ਰਤਿਨਿਧ ਵਜੋਂ ਹੈਨਰੀ ਲਾਹੌਰ ਤੋਂ ਮਾਝੇ ਦਾ ਪ੍ਰਬੰਧ ਕਰਦਾ ਸੀ, ਜੌਨ ਕਮਿਸ਼ਨਰ ਵਜੋਂ ਜਾਲੰਧਰ ਦੁਆਬ ਦਾ ਤੇ ਜਾਰਜ ਪਿਸ਼ਾਵਰ ਵਿੱਚੋਂ ਹਜ਼ਾਰਾ[9] ਤੇ ਡੇਰਾ ਜਾਤ ਦਾ ਪ੍ਰਬੰਧ ਕਰਦਾ ਸੀ। ਫ਼ੌਜੀ ਮਹੱਤਵ ਦੇ ਟਿਕਾਣਿਆਂ 'ਤੇ ਅੰਗਰੇਜ਼ ਅਫ਼ਸਰਾਂ ਦੀ ਨਿਯੁਕਤੀ ਰਾਜ ਦੀਆਂ ਸੀਮਾਵਾਂ ਪੁਨਰ-ਨਿਰਧਾਰਿਤ ਕਰਨ ਤੇ ਦਰਬਾਰ ਦੇ ਅਧਿਕਾਰੀਆਂ ਦੀ ਸਹਾਇਤਾ ਕਰਨ ਦੇ ਬਹਾਨੇ ਕਰ ਦਿੱਤੀ ਗਈ। ਬਾਲਕ ਮਹਾਰਾਜਾ ਤੇ ਉਹਦਾ ਦਰਬਾਰ ਤਾਂ ਹੁਣ ਸਿਰਫ਼ ਸਜਾਵਟੀ ਢਾਂਚਾ ਹੀ ਸਨ ਤੇ ਰਿਆਸਤ ਹੁਣ ਨਾਮਮਾਤਰ ਹੀ ਰਹਿ ਗਈ ਸੀ।[10]

ਅੰਗਰੇਜ਼ਾਂ ਨੂੰ ਗੁਲਾਬ ਸਿੰਘ ਡੋਗਰੇ ਤੇ ਦਰਬਾਰ ਨਾਲ ਕੀਤੀ ਸੰਧੀ ਲਾਗੂ ਕਰਵਾਉਣ ਵਿੱਚ ਕੁਝ ਮੁਸ਼ਕਲ ਪੇਸ਼ ਆਈ। ਹੈਨਰੀ ਲਾਰੰਸ ਨੂੰ ਕਾਂਗੜਾ ਉੱਪਰ ਅਧਿਕਾਰ ਕਰਨ

---

8. ਬਾਕੀ ਬਚੀ ਰਿਆਸਤ ਦੀ ਆਮਦਨ 1.60 ਕਰੋੜ ਰੁਪਏ (16 ਲੱਖ ਪੌਂਡ) ਗਿਣੀ ਗਈ ਜੋ ਖ਼ਰਚਾ ਕੱਢ ਕੇ 1.08 ਕਰੋੜ ਰੁਪਏ (10 ਲੱਖ 80 ਹਜ਼ਾਰ ਪੌਂਡ) ਬਣਦੀ ਸੀ—

ਜ਼ਿਲ੍ਹੇ	ਅਸਲ ਆਮਦਨ	ਕੁੱਲ ਆਮਦਨ
ਪਿਸ਼ਾਵਰ	2,64,963	1,339,047
ਮੁਲਤਾਨ	3,000,000	4,743,755
ਪੰਜਾਬ	7,554,195	10,022,420
(ਜਾਲੰਧਰ ਦੁਆਬ ਤੋਂ ਬਿਨਾਂ)	10,819,160	16,105,222

ਐਸ.ਸੀ. 1325 ਮਿਤੀ 26.12.1846.

9. ਗੁਲਾਬ ਸਿੰਘ ਹਜ਼ਾਰਾ 'ਤੇ ਕਬਜ਼ਾ ਕਰਨ ਲਈ ਰਾਜ਼ੀ ਵੀ ਨਹੀਂ ਸੀ ਤੇ ਸਮਰੱਥ ਵੀ ਨਹੀਂ ਸੀ। ਉਸ ਨੂੰ ਜੰਮੂ ਦੇ ਨੇੜੇ ਇਲਾਕਾ ਦੇ ਕੇ ਉਹਦਾ ਘਾਟਾ ਪੂਰਾ ਕਰ ਦਿੱਤਾ। ਇਕ ਆਮ ਐਲਾਨ ਨੰ: 6 ਮਿਤੀ 25 ਮਈ 1847 ਨੂੰ ਦਰਬਾਰ ਵੱਲੋਂ ਕੀਤਾ ਗਿਆ ਜਿਸ ਵਿੱਚ ਦਰਿਆ ਜ਼ਿਹਲਮ ਦੇ ਲਹਿੰਦੇ ਪਾਸੇ ਸਥਿੱਤ ਹਜ਼ਾਰੇ ਦੇ ਬਦਲੇ ਜ਼ਿਹਲਮ ਦਰਿਆ ਦੇ ਪੂਰਬ ਵਿੱਚ ਜੰਮੂ ਵਾਲੇ ਪਾਸੇ ਉਸ ਦੇ ਬਰਾਬਰ ਦਾ ਇਲਾਕਾ ਦੇ ਦਿੱਤਾ ਗਿਆ। ਐਸ.ਸੀ. 134 ਮਿਤੀ 26.6.1847.

10. 1846 ਵਿੱਚ ਇਕ ਘਟਨਾ ਵਾਪਰੀ ਜਿਸ ਨੂੰ ਇਤਿਹਾਸ ਵਿੱਚ ਗਊ ਹੱਤਿਆ ਦਾ ਨਾਮ ਦਿੱਤਾ ਗਿਆ ਹੈ। ਇਸ ਤੋਂ ਰੱਖਿਅਕਾਂ ਦੇ ਸਥਾਨਕ ਲੋਕਾਂ ਪ੍ਰਤੀ ਵਤੀਰੇ ਦਾ ਪਤਾ ਲੱਗਦਾ ਹੈ। ਇਕ ਅੰਗਰੇਜ਼ ਸਿਪਾਹੀ ਜੋ ਗਊਆਂ ਦੇ ਵੱਗ ਦੀ ਰੁਕਾਵਟ ਤੋਂ ਬਹੁਤ ਹੋ ਗਿਆ ਸੀ, ਉਸ ਨੇ ਕੁਝ ਗਊਆਂ ਆਪਣੀ ਤਲਵਾਰ ਨਾਲ ਵੱਢ ਦਿੱਤੀਆਂ। ਇਸ ਤਰ੍ਹਾਂ ਉਸ ਨੇ ਹਿੰਦੂਆਂ ਤੇ ਸਿੱਖਾਂ ਦੇ ਧਾਰਮਕ ਜਜ਼ਬੇ ਨੂੰ ਠੇਸ ਪਹੁੰਚਾਈ ਤੇ ਘੋਰ ਅਪਮਾਨ ਕੀਤਾ। ਰੈਜ਼ੀਡੈਂਟ ਤੇ ਅਫ਼ਸਰ ਜੋ ਸ਼ਹਿਰ ਵਿੱਚ ਸਿਪਾਹੀ ਦੇ ਗ਼ਲਤ ਵਤੀਰੇ ਬਾਰੇ ਸਫ਼ਾਈ ਦੇਣ ਗਏ, ਉਹਨਾਂ ਉੱਪਰ ਪੱਥਰ ਮਾਰੇ ਗਏ। ਉਹਨਾਂ ਨੇ ਇਸ ਅਪਮਾਨ ਕਾਰਨ ਕਰੜੀ ਸਜ਼ਾ ਦੇਣ ਦੀ ਮੰਗ ਕੀਤੀ। ਅਗਲੇ ਦਿਨ ਲਾਲ ਸਿੰਘ ਮਹਾਰਾਜਾ ਦਲੀਪ ਸਿੰਘ ਨੂੰ ਮਾਫ਼ੀ ਮੰਗਣ ਲਈ ਰੈਜ਼ੀਡੈਂਟ ਕੋਲ ਲੈ ਕੇ ਗਿਆ। ਜਿਸ ਥਾਂ ਇਹ ਘਟਨਾ ਵਾਪਰੀ ਸੀ ਉਸ ਬਾਜ਼ਾਰ ਦੇ ਕਈ ਘਰ ਢਾਹ ਦਿੱਤੇ ਗਏ ਤੇ ਤਿੰਨ ਵਿਅਕਤੀ ਜੋ ਪੂਰੀ ਤਰ੍ਹਾਂ ਇਸ ਮਾਮਲੇ ਨਾਲ ਸੰਬੰਧਿਤ ਸਨ, ਉਹਨਾਂ 'ਚੋਂ ਇਕ ਨੂੰ ਫਾਂਸੀ ਲਾ ਦਿੱਤਾ ਗਿਆ ਤੇ ਦੋ ਜਲਾਵਤਨ ਕਰ ਦਿੱਤੇ ਗਏ।

ਲਈ ਫ਼ੌਜ ਲੈ ਕੇ ਜਾਣਾ ਪਿਆ। ਕਸ਼ਮੀਰ ਵਿੱਚ ਹਾਲਾਤ ਹੋਰ ਵੀ ਕਪਟ ਭਰਪੂਰ ਸਨ। ਕਸ਼ਮੀਰ ਦੇ ਗਵਰਨਰ, ਸ਼ੇਖ ਇਮਾਮ-ਉਦ-ਦੀਨ ਨੂੰ ਦਰਬਾਰ ਵੱਲੋਂ ਰਾਜ ਪ੍ਰਬੰਧ ਗੁਲਾਬ ਸਿੰਘ ਦੇ ਹਵਾਲੇ ਕਰ ਦੇਣ ਦੇ ਹੁਕਮ ਦਿੱਤੇ ਗਏ। ਪਰ ਉਸ ਸਮੇਂ ਹੀ ਰਾਜਾ ਲਾਲ ਸਿੰਘ (ਜੋ ਗੁਲਾਬ ਸਿੰਘ ਪ੍ਰਤੀ ਅੰਗਰੇਜ਼ ਸਰਕਾਰ ਦੀ ਉਦਾਰਤਾ ਤੋਂ ਗੁੱਸੇ ਸੀ) ਵੱਲੋਂ ਉਸ ਨੂੰ ਗੁਪਤ ਸੰਦੇਸ਼ ਪਹੁੰਚਿਆ ਸੀ ਕਿ ਉਹ ਡੋਗਰੇ ਦੇ ਅਯੋਗ ਦਖ਼ਲ ਦਾ ਵਿਰੋਧ ਕਰੇ[11] ਸ਼ੇਖ ਜਿਸ ਨੂੰ ਪੱਕੇ ਤੌਰ ਤੇ ਗਵਰਨਰ ਬਣਾਏ ਜਾਣ ਦੀ ਉਮੀਦ ਸੀ, ਉਸ ਨੇ ਉਸ ਵਿਰੁੱਧ ਭੇਜੇ ਗਏ ਡੋਗਰੇ ਨੂੰ ਕੱਢ ਦਿੱਤਾ। ਇਕ ਵਾਰ ਫਿਰ ਹੈਨਰੀ ਲਾਰੰਸ ਨੂੰ ਆਗਿਆ ਦੀ ਪਾਲਣਾ ਕਰਾਉਣ ਲਈ ਮਜ਼ਬੂਰ ਹੋਣਾ ਪਿਆ। ਸ਼ੇਖ਼ ਇਮਾਮ-ਉਦ-ਦੀਨ ਨੇ ਰੈਜ਼ੀਡੈਂਟ ਦਾ ਕੋਈ ਵਿਰੋਧ ਨ ਕੀਤਾ ਤੇ ਆਪਣੀ ਪਦਵੀ ਸੌਂਪਣ ਦੇ ਨਾਲ-ਨਾਲ ਰਾਜਾ ਲਾਲਾ ਸਿੰਘ ਵੱਲੋਂ ਭੇਜਿਆ ਗੁਪਤ ਸੰਦੇਸ਼ ਵੀ ਸੌਂਪ ਦਿੱਤਾ। ਰਾਜਾ ਲਾਲ ਸਿੰਘ ਉੱਪਰ ਅੰਗਰੇਜ਼ੀ ਕਾਨੂੰਨ ਅਧੀਨ ਮੁਕੱਦਮਾ ਚਲਾਇਆ ਗਿਆ, ਉਹ ਦੋਸ਼ੀ ਪਾਇਆ ਗਿਆ ਤੇ ਉਸ ਨੂੰ ਪੰਜਾਬ 'ਚੋਂ ਜਲਾਵਤਨ ਕਰ ਦਿੱਤਾ ਗਿਆ।[12] ਉਹਦੀ ਥਾਂ ਤੇਜ ਸਿੰਘ ਦਰਬਾਰ ਦਾ ਮੁੱਖ ਵਿਅਕਤੀ ਬਣ ਗਿਆ।

ਦਸੰਬਰ 1846 ਈ: ਵਿੱਚ ਲਾਰਡ ਹਾਰਡਿੰਗ ਪੰਜਾਬ ਆਇਆ। ਸਾਮਰਾਜ-ਉਸਰਈਆਂ ਵਾਂਗ ਉਸ ਨੇ ਸਰਦਾਰਾਂ ਨੂੰ ਤੁਹਫ਼ਿਆਂ ਦੇ ਰੂਪ ਵਿੱਚ ਘੜੀਆਂ ਦਿੱਤੀਆਂ (ਉਹਨਾਂ 'ਚੋਂ ਬਹੁਤ ਥੋੜ੍ਹਿਆਂ ਨੂੰ ਵਕਤ ਦੇਖਣਾ ਆਉਂਦਾ ਸੀ) ਤੇ ਦਰਬਾਰ ਨੂੰ ਤਿਆਰ ਕੀਤਾ ਕਿ ਉਹ ਲਿਖਤੀ ਰੂਪ ਵਿੱਚ ਬੇਨਤੀ ਕਰੇ[13] ਕਿ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਭਾਵ 1854 ਈ: ਤੱਕ ਅੰਗਰੇਜ਼ੀ ਫ਼ੌਜ ਪੰਜਾਬ ਵਿੱਚ ਰਹੇ।

---

11. ਐਸ.ਸੀ. 1224 ਮਿਤੀ 26.12.1848, ਸੇਠੀ, 'ਟ੍ਰਾਇਲ ਔਫ ਰਾਜਾ ਲਾਲ ਸਿੰਘ'।
12. ਉਹੀ, ਲਾਲ ਸਿੰਘ 1887 ਵਿੱਚ ਆਪਣੇ ਮੌਤ ਦੇ ਸਮੇਂ ਤੱਕ ਡੇਹਰਾਦੂਨ ਤੇ ਮਸੂਰੀ ਰਿਹਾ।
13. ਦਰਬਾਰ ਲਿਖਤੀ ਬੇਨਤੀ ਕਰਨ ਤੋਂ ਝਿਜਕਦਾ ਸੀ। 16 ਦਸੰਬਰ 1846 ਦੇ ਪੱਤਰ ਵਿੱਚ ਹਾਰਡਿੰਗ ਨੇ ਕਰੀ ਨੂੰ ਲਿਖਿਆ : "ਸਰਦਾਰਾਂ ਤੇ ਦਰਬਾਰ ਵੱਲੋਂ ਮੰਗ ਜਾਂ ਹਿਚਕਚਾਹਟ ਸੁਭਾਵਕ ਹੈ, ਪਰ ਇਹ ਵੀ ਜ਼ਰੂਰੀ ਹੈ ਕਿ ਇਹ ਤਜ਼ਵੀਜ਼ ਉਹ ਹੀ ਪੇਸ਼ ਕਰਨ ਤੇ ਉਹਨਾਂ ਵੱਲੋਂ ਪੇਸ਼ ਕੀਤੇ ਜਾਂਦੇ ਹਰ ਦਸਤਾਵੇਜ਼ ਵਿੱਚ ਇਹ ਬੇਨਤੀ ਸਪੱਸ਼ਟ ਹੋਵੇ ਤੇ ਸਾਡੇ ਵੱਲੋਂ ਇਹ ਜ਼ਿੰਮੇਂਵਾਰੀ ਲੈਣ ਤੋਂ ਝਿਜਕ ਵੀ ਸਾਫ਼ ਲਿਖੀ ਹੋਵੇ।" ਇਕ ਹੋਰ ਪੱਤਰ ਵਿੱਚ ਲਾਰਡ ਹਾਰਡਿੰਗ ਨੇ ਕਰੀ ਨੂੰ ਹਿਦਾਇਤ ਕੀਤੀ ਕਿ ਉਹ ਸਿੱਖ ਸਰਦਾਰਾਂ ਨੂੰ ਇਹ ਤਜਵੀਜ਼ ਪੇਸ਼ ਕਰਨ ਜਾਂ ਉਹਨਾਂ ਵੱਲੋਂ ਇਹਨਾਂ ਸ਼ਰਤਾਂ ਪ੍ਰਤੀ ਸਹਿਮਤੀ ਦੀ ਸ਼ਰਤ ਦੇ ਸਬੰਧ ਵਿੱਚ ਸਾਡੇ ਸਮਰਥਨ ਦੀ ਕੀਮਤ ਲੈਣ ਲਈ ਦ੍ਰਿੜ੍ਹ ਰਹੇ। ਤੇ ਪੂਰਕ ਸ਼ਰਤਾਂ ਦੀ ਉਥਾਨਕਾ ਵਿੱਚ ਗਵਰਨਰ ਜਨਰਲ ਨੇ ਲਿਖਿਆ : "ਇਹ ਬੇਨਤੀ ਉਹਨਾਂ ਵੱਲੋਂ ਹੀ ਆਵੇ। (ਹਾਰਡਿੰਗ ਕਰੀ ਨੂੰ 12 ਦਸੰਬਰ 1846, ਪ੍ਰਾਈਵੇਟ ਕਾਰੈਸਪੋਂਡੈਨਸ ਰੀਲੇਟਿੰਗ ਟੂ ਐਂਗਲੋ-ਸਿੱਖ ਵਾਰਜ਼ ਪੰਨਾ (107), ਪੰਨਾ 12-13 ਰਾਣੀ ਜ਼ਿੰਦਾਂ, ਦਲੀਪ ਸਿੰਘ, ਲਾਲ ਸਿੰਘ, ਭਾਈ ਰਾਮ ਸਿੰਘ, ਫ਼ਕੀਰ ਨੂਰ ਉਦਦੀਨ ਤੇ ਜੌਨ ਲਾਰੈਂਸ ਵਿੱਚ 10 ਸਤੰਬਰ 1846 ਦੀ ਪਹਿਲਾਂ ਮੀਟਿੰਗ ਵਿੱਚ ਰਾਣੀ ਜ਼ਿੰਦਾਂ ਨੇ ਕਿਹਾ ਸੀ ਕਿ ਗਵਰਨਰ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

16 ਦਸੰਬਰ 1846 ਈ: ਦੀ ਭੈਰੋਵਾਲ ਦੀ ਸੰਧੀ—ਮਾਰਚ 1846 ਦੀ ਲਾਹੌਰ ਦੀ ਸੰਧੀ ਦੇ ਥਾਂ 'ਤੇ ਨਵੀਂ ਸੰਧੀ ਲਾਗੂ ਕੀਤੀ ਗਈ ਜਿਸ ਦੀ ਪੁਸ਼ਟੀ ਭੈਰੋਵਾਲ ਵਿੱਚ ਕਰ ਦਿੱਤੀ ਗਈ। ਇਸ ਸੰਧੀ ਦੀਆਂ ਸ਼ਰਤਾਂ ਅਨੁਸਾਰ ਅੰਗਰੇਜ਼ੀ ਸਰਕਾਰ ਨੇ ਮਹਾਰਾਜੇ ਦੀ ਨਾਬਾਲਗ਼ੀ ਦੇ ਸਮੇਂ ਵਿੱਚ ਰਾਜ ਦਾ ਸ਼ਾਸਨ-ਪ੍ਰਬੰਧ ਚਲਾਉਣ ਤੇ ਉਸ ਦੀ ਸੁਰੱਖਿਆ ਕਰਨ ਦੀ ਜ਼ਿੰਮੇਂਵਾਰੀ ਲਈ। ਬ੍ਰਿਟਿਸ਼ ਰੈਜ਼ੀਡੈਂਟ ਨੂੰ ਰਾਜ ਦੇ ਹਰ ਵਿਭਾਗ ਦੇ ਹਰ ਮਾਮਲੇ ਵਿੱਚ ਹੁਕਮ ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ। ਗਵਰਨਰ ਜਨਰਲ ਨੂੰ ਰਾਜਧਾਨੀ ਦੀ ਸੁਰੱਖਿਆ ਲਈ, ਮਹਾਰਾਜੇ ਦੀ ਰੱਖਿਆ ਕਰਨ ਵਾਸਤੇ ਅਤੇ ਮੁਲਕ ਵਿੱਚ ਸ਼ਾਂਤੀ ਕਾਇਮ ਰੱਖਣ ਲਈ[14] ਅਜਿਹੀਆਂ ਥਾਵਾਂ ਨੂੰ ਆਪਣੇ ਅਧਿਕਾਰ ਵਿੱਚ ਲੈਣ ਤੇ ਉੱਥੇ ਅੰਗਰੇਜ਼ੀ ਫ਼ੌਜ ਨਿਯੁਕਤ ਕਰਨ ਦਾ ਅਧਿਕਾਰ ਦਿੱਤਾ ਗਿਆ ਜਿੱਥੇ ਉਹ ਅਜਿਹਾ ਕਰਨਾ ਜ਼ਰੂਰੀ ਸਮਝੇ। ਸੰਖੇਪ ਵਿੱਚ ਕੌਂਸਲ ਔਫ ਰੀਜੈਂਸੀ ਨੇ ਸਾਰਾ ਕੰਮ ਬਰਤਾਨਵੀ ਰੈਜ਼ੀਡੈਂਟ ਦੀ ਸਲਾਹ ਨਾਲ ਕਰਨਾ ਸੀ ਤੇ ਉਹਦੀ ਪਦਵੀ ਗਵਰਨਰ ਵਾਂਗ ਸਰਵਉੱਚ ਹੋ ਗਈ ਸੀ।[15] ਰਾਣੀ ਜ਼ਿੰਦਾਂ ਨੂੰ ਰਾਜ-ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ ਤੇ ਉਸ ਨੂੰ ਸਾਲਾਨਾ 1½ ਲੱਖ ਪੈਨਸ਼ਨ ਦੇ ਦਿੱਤੀ ਗਈ।

(ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਜਨਰਲ ਦੇ ਫ਼ੌਜ ਵਾਪਸ ਬੁਲਾਉਣ ਦੇ ਫ਼ੈਸਲੇ ਤੇ ਦਰਬਾਰ ਦੇ ਮੈਂਬਰਾਂ ਨਾਲ ਸਲਾਹ ਮਸ਼ਵਰੇ ਉਪ੍ਰੰਤ ਇਹ ਫ਼ੈਸਲਾ ਸਰਵਸੰਮਤੀ ਨਾਲ ਕੀਤਾ ਹੈ ਕਿ ਉਹਦੀ ਆਪਣੀ ਜ਼ਿੰਦਗੀ, ਸਰਕਾਰ ਦੀ, ਹੋਂਦ ਤੇ ਮਹਾਰਾਜੇ ਦਾ ਜੀਵਨ ਫ਼ੌਜ ਤੇ ਬਰਤਾਨਵੀ ਰੈਜ਼ੀਡੈਂਟ ਦੇ ਲਾਹੌਰ ਵਿੱਚ ਰਹਿਣ 'ਤੇ ਨਿਰਭਰ ਕਰਦਾ ਹੈ।' ਉਸ ਨੇ ਅੱਗੇ ਗੱਲ ਜਾਰੀ ਰੱਖਦਿਆਂ ਕਿਹਾ ਕਿ ਜੇ ਫ਼ੌਜ ਰਹੇ ਤਾਂ ਦਰਬਾਰ ਉਹ ਸਾਰੀਆਂ ਸ਼ਰਤਾਂ ਪ੍ਰਵਾਨ ਕਰੇਗਾ ਜੋ ਬਰਤਾਨਵੀ ਸਰਕਾਰ ਲਾਵੇਗੀ।' ਭਾਈ ਰਾਮ ਸਿੰਘ ਅਗਲੀ ਸਵੇਰ ਇਹ ਪੱਤਰ ਲੈਕੇ ਜਾਨ ਲਾਰੈਂਸ ਨੂੰ ਮਿਲਿਆ। ਐਸ.ਸੀ. 1043 ਮਿਤੀ 26.12.1846.

14. ਅੰਤਿਕਾ 4.

15. ਸੰਧੀ ਦੀ ਤੀਸਰੀ ਧਾਰਾ ਨਾਲ ਰੈਜ਼ੀਡੈਂਟ ਨੂੰ ਰਾਜ ਦੇ ਹਰ ਵਿਭਾਗ ਵਿੱਚ ਪ੍ਰਸ਼ਾਸਨ ਸਬੰਧੀ ਸਲਾਹ ਦੇਣ ਤੇ ਨਿਯੰਤਰਨ ਕਰਨ ਦਾ ਅਧਿਕਾਰ ਮਿਲ ਗਿਆ।
ਹਾਰਡਿੰਗ ਨੇ ਗੁਪਤ ਕਮੇਟੀ ਨੂੰ ਲਿਖਿਆ : ਕਮੇਟੀ ਇਹ ਅਨੁਭਵ ਕਰੇਗੀ ਕਿ ਮੈਂ ਇਹਨਾਂ ਜ਼ਿਲ੍ਹਿਆਂ ਦਾ ਪ੍ਰਬੰਧਕ ਕਾਰਜ ਸਿੱਧਾ ਆਪਣੇ ਹੱਥਾਂ ਵਿੱਚ ਲੈ ਲਿਆ ਹੈ ਤੇ ਮੈਂ ਇਸ ਗੱਲ ਦਾ ਇੱਛਕ ਹਾਂ ਕਿ ਮੈਂ ਮੁਲਕ ਦੇ ਇਸ ਭਾਗ ਵਿੱਚ ਜਾਣ ਤੋਂ ਪਹਿਲਾਂ ਇਸ ਇਲਾਕੇ ਵਿੱਚ ਪ੍ਰਭਾਵਸ਼ਾਲੀ ਪ੍ਰਬੰਧਕੀ ਢਾਂਚਾ ਕਾਇਮ ਕਰ ਦੇਵਾਂ ਜੋ ਨਿਆਂ ਉੱਪਰ ਆਧਾਰਿਤ ਹੋਵੇ ਤੇ ਉਪਯੋਗੀ ਤੇ ਲੋਕ ਹਿਤਕਾਰੀ ਨਿਯਮਾਂ ਅਨੁਸਾਰ ਹੋਵੇ ਤੇ ਅਮਲੀ ਤੌਰ 'ਤੇ ਲਾਗੂ ਹੋਵੇ। ਪਹਿਲਾਂ ਇਸ ਪਾਸੇ ਅਜਿਹਾ ਕੁਝ ਵੀ ਨਹੀਂ ਸੀ ਤੇ ਸਾਡੇ ਨਿਯੰਤਰਨ ਅਧੀਨ ਖੇਤਰਾਂ ਵਿੱਚ ਜੋ ਪ੍ਰਬੰਧਕ ਵਿਸ਼ੇਸ਼ਤਾ ਤੇ ਨਿਆਂਇਕ ਇਕਸਾਰਤਾ ਹੈ ਇਸ ਪਾਸੇ ਉਸ ਤਰ੍ਹਾਂ ਲਾਗੂ ਨਹੀਂ ਸੀ ਜਿਵੇਂ ਹੋਣੀ ਚਾਹੀਦੀ ਸੀ। (ਗਵਰਨਰ ਜਨਰਲ ਦਾ ਗੁਪਤ ਕਮੇਟੀ ਨੂੰ ਪੱਤਰ ਨੰ: 1, 1847)
ਬੋਰਡ ਔਫ ਡਾਇਰੈਕਟਰਜ਼ ਨੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਕਥਨ ਦੀ ਸ਼ਬਦਾਵਲੀ ਮਹੱਤਵਪੂਰਨ ਹੈ : "ਅਸੀਂ ਪਹਿਲਾਂ ਹੀ ਪੰਜਾਬ ਵਿੱਚ ਅੰਗਰੇਜ਼ੀ ਰੀਜੈਂਸੀ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਆਪਣੇ ਰਾਜ ਵਿੱਚ ਇਲਹਾਕ ਕਰਕੇ ਮਿਲਾਏ ਹੋਏ ਇਲਾਕਿਆਂ ਤੇ ਦਰਬਾਰ ਦੇ ਨਾਮ ਹੇਠ ਜੇਤੂਆਂ ਵੱਲੋਂ ਆਪਣੇ ਅਧੀਨ ਇਲਾਕਿਆਂ ਵਿੱਚ ਕੀਤੀਆਂ ਪ੍ਰਬੰਧਕ ਤਬਦੀਲੀਆਂ ਧਿਆਨ ਖਿੱਚਦੀਆਂ ਹਨ। ਜਾਲੰਧਰ ਦੁਆਬ ਵਿੱਚ ਜੋ ਜਾਲੰਧਰ, ਹੁਸ਼ਿਆਰਪੁਰ ਤੇ ਕਾਂਗੜਾ ਜ਼ਿਲ੍ਹਿਆਂ 'ਤੇ ਆਧਾਰਿਤ ਸੀ, ਜੌਨ ਲਾਰੈਂਸ ਨੇ ਉਹ ਭੂਮੀ ਸੁਧਾਰ ਲਾਗੂ ਕੀਤੇ ਜਿਹਨਾਂ ਦੇ ਦੂਰ-ਰਸ ਆਰਥਿਕ ਤੇ ਰਾਜਸੀ ਸਿੱਟੇ ਨਿਕਲੇ। ਉਸ ਨੂੰ ਵੱਖ-ਵੱਖ ਪ੍ਰਕਾਰ ਦੀ ਭੂਮੀ ਦੀ ਮਾਲਕੀ ਬਾਰੇ ਜਾਣਕਾਰੀ ਮਿਲੀ। ਪਹਾੜੀ ਖੇਤਰ ਦੇ ਸਰਦਾਰਾਂ ਨੂੰ ਜ਼ਮੀਨ ਉਹਨਾਂ ਹਥਿਆਰਬੰਦ ਸੇਵਕ ਰੱਖਣ ਬਦਲੇ ਮਿਲੀ ਸੀ ਜੋ ਉਹ ਦਰਬਾਰ ਨੂੰ ਜ਼ਰੂਰਤ ਪੈਣ 'ਤੇ ਭੇਜਣ ਦੇ ਪਾਬੰਦ ਸਨ। ਇਸ ਤੋਂ ਬਿਨਾਂ ਮਾਝੇ ਦੇ ਮਿਸਲਦਾਰਾਂ ਦੇ ਵੰਸ਼ਜ਼ਾਂ ਦੀਆਂ ਜਾਗੀਰਾਂ ਵੀ ਸਨ ਤੇ ਗੁਰੂਆਂ ਦੇ ਵੰਸ਼ਜ਼ਾਂ ਸੋਢੀਆਂ ਤੇ ਬੇਦੀਆਂ ਦੀਆਂ ਜਾਗੀਰਾਂ ਵੀ ਸਨ, ਧਰਮ ਅਰਥ ਜਾਗੀਰਾਂ ਵੀ ਸਨ; ਸਨਦਾਂ ਜਾਂ ਪਟੇ 'ਤੇ ਜਾਗੀਰਾਂ ਸਨ ਤੇ ਰਾਜ ਦੀ ਸੇਵਾ ਬਦਲੇ ਅਧਿਕਾਰੀਆਂ ਨੂੰ ਇਨਾਮੀ ਜਾਗੀਰਾਂ ਜਾਂ ਮਾਫ਼ੀਆ ਤੇ ਅਨੁਦਾਨ ਵੀ ਸਨ।

ਜਾਨ ਲਾਰੈਂਸ ਨੇ ਪਹਾੜੀ ਰਾਜਿਆਂ ਨੂੰ ਉਹਨਾਂ ਦੀਆਂ ਜਾਗੀਰਾਂ ਵਿੱਚ ਪੱਕੇ ਕਰ ਦਿੱਤਾ। ਪਰ ਉਹਨਾਂ ਅਤੇ ਜਾਗੀਰਦਾਰਾਂ ਨੂੰ ਫ਼ੌਜ ਭੇਜਣ ਤੋਂ ਛੋਟ ਦੇ ਕੇ ਨਕਦ ਰਾਸ਼ੀ ਵਿੱਚ ਅਦਾਇਗੀ ਕਰਨ ਦਾ ਪ੍ਰਬੰਧ ਲਾਗੂ ਕਰ ਦਿੱਤਾ। ਇਸ ਖੇਤਰ ਦੇ ਬਹੁਤ ਸਾਰੇ ਕਿਲ੍ਹੇ ਢੁਆ ਦਿੱਤੇ। ਜਿੱਥੋਂ ਤੱਕ ਦੂਸਰੀਆਂ ਜਾਗੀਰਾਂ ਦਾ ਸਬੰਧ ਸੀ, ਇਹ ਕਾਨੂੰਨ ਲਾਗੂ ਕਰ ਦਿੱਤਾ ਗਿਆ ਕਿ ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਪਿੱਛੋਂ ਦਿੱਤੀਆਂ ਸਾਰੀਆਂ ਜਾਗੀਰਾਂ ਜਾਂ ਜੋ ਅਣਅਧਿਕਾਰਿਕਤ ਤੌਰ 'ਤੇ ਨਾਜ਼ਿਮਾਂ ਜਾਂ ਕਾਰਦਾਰਾਂ ਵੱਲੋਂ ਦਿੱਤੀਆਂ ਗਈਆਂ ਸਨ, ਉਹ ਵਾਪਸ ਲੈ ਲਈਆਂ ਗਈਆਂ। ਸਭ ਤੋਂ ਮਹੱਤਵਪੂਰਨ ਜਾਗੀਰਾਂ ਉਹ ਸਨ ਜੋ ਦਰਬਾਰ ਨੇ ਆਪਣੇ ਵਫ਼ਾਦਾਰ ਸੇਵਕਾਂ ਨੂੰ ਦਿੱਤੀਆਂ ਸਨ। ਜਾਨ ਲਾਰੈਂਸ ਇਸ ਵਿਚਾਰ ਦਾ ਸੀ ਕਿ ਇਹ ਜਾਗੀਰਾਦਰ ਵਿਹਲੱੜ, ਨਿਕੰਮੇ ਤੇ ਬੇਵਫ਼ਾ ਸਨ ਤੇ ਮੱਖੇ ਹਨ ਤੇ ਜਦੋਂ ਮੌਕਾ ਮਿਲਦਾ ਹੈ ਸਾਨੂੰ ਭੂੰਡਾਂ ਵਾਂਗ ਡੰਗ ਮਾਰਦੇ ਹਨ।[16]

ਜਾਨ ਲਾਰੈਂਸ ਦੇ ਇਹ ਉਪਾਅ ਤੇ ਢੰਗ ਭੂਮੀ ਦੇ ਮਾਲਕ ਕਿਸਾਨਾਂ ਲਈ ਤਾਂ ਮੁੱਖ ਰੂਪ ਵਿੱਚ ਲਾਭਦਾਇਕ ਸਨ ਪਰ ਇਸ ਨੇ ਜਾਗੀਰਦਾਰਾਂ 'ਤੇ ਬੁਰਾ ਪ੍ਰਭਾਵ ਪਾਇਆ। ਉਹਨਾਂ ਨੇ ਲਾਹੌਰ ਦੇ ਹਲਕਿਆਂ ਵਿੱਚ ਬੇਚੈਨੀ ਪੈਦਾ ਕਰ ਦਿੱਤੀ ਕਿਉਂਕਿ ਸਤਲੁਜ ਤੋਂ

ੴ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਸਥਾਪਤ ਕਰਨ ਦੀ ਤੁਹਾਡੀ ਤਜ਼ਵੀਜ਼ ਨੂੰ ਜੇਕਰ ਤੁਹਾਡਾ ਪੰਜਾਬ ਖ਼ਾਲੀ ਨਾ ਕਰਨ ਦਾ ਦ੍ਰਿੜ ਇਰਾਦਾ ਹੋਵੇ ਤਾਂ ਪੂਰਨ ਸਮਰਥਨ ਦੇ ਦਿੱਤਾ ਹੈ। ਵਿਚਕਾਰਲਾ ਰਾਹ ਨਾ ਸਿਆਣਪ ਭਰਪੂਰ ਹੋਵੇਗਾ, ਨਾ ਹੀ ਸੁਰੱਖਿਅਤ। ਤੇ ਸਾਡੀ ਹਕੂਮਤ ਜਦ ਤਕ ਇਹ ਰਹੇ, ਪੂਰੀ ਤਰ੍ਹਾਂ ਨਿਰੰਕੁਸ਼ ਤੇ ਸੰਪੂਰਨ ਹੋਵੇ। ਐਸ.ਸੀ. 1350 ਮਿਤੀ 25.1.1847.

ਸੰਧੀ ਬਾਰੇ ਹਾਰਡਿੰਗ ਨੇ ਹੋਬਹਾਊਸ ਨੂੰ ਵਧੇਰੇ ਸਪੱਸ਼ਟਤਾ ਨਾਲ ਲਿਖਿਆ : "ਸਿੱਖਾਂ ਨੂੰ ਆਪਣੇ ਕਾਬੂ ਹੇਠ ਰੱਖ ਕੇ ਹੁਣ ਬਿਨਾਂ ਖ਼ਰਚ ਕੀਤਿਆਂ ਤੇ ਭਵਿੱਖ ਵਿੱਚ ਸੰਦੇਹਪੂਰਨ ਅਧਿਕਾਰ ਕਰਨ ਦੀ ਅਸੁਵਿਧਾ ਤੋਂ ਬਚੇ ਬਿਨਾਂ ਇਹ ਵਾਸਤਵ ਵਿੱਚ ਪੰਜਾਬ ਦਾ ਇਲਹਾਕ ਹੀ ਹੈ।' (ਬਰਾਊਨ ਪੇਪਰਜ਼ ਖਰੜਾ 36,475 ਪੰਨਾ 220 ਬ੍ਰਿਟਿਸ਼ ਮਿਊਜ਼ੀਅਮ)

16. ਜੌਨ ਲਾਰੈਂਸ ਦਾ ਪੱਤਰ 16 ਦਸੰਬਰ 1846, ਪੈਰਾ 8.

ਤੋਂ ਉਰਾਰ ਦੇ ਸਰਦਾਰਾਂ ਦੀਆਂ ਵੱਡੀਆਂ-ਵੱਡੀਆਂ ਜਾਗੀਰਾਂ ਜਾਲੰਧਰ ਦੁਆਬ ਵਿੱਚ ਵੀ ਸਨ। ਸਰਦਾਰ ਮਹਿਸੂਸ ਕਰਨ ਲੱਗੇ ਕਿ ਜੇ ਅੰਗਰੇਜ਼ਾਂ ਨੇ ਬਾਕੀ ਦੇ ਪੰਜਾਬ ਨੂੰ ਵੀ ਆਪਣੇ ਅਧਿਕਾਰ ਵਿੱਚ ਲੈ ਲਿਆ ਤਾਂ ਉਹ ਬਾਕੀ ਰਹਿੰਦੀਆਂ ਜਾਗੀਰਾਂ ਤੋਂ ਵੀ ਵਾਂਝੇ ਹੋ ਜਾਣਗੇ।

ਜਾਗੀਰਾਂ ਦੇ ਨਿਪਟਾਰੇ ਜਿਤਨੀ ਹੀ ਮਹੱਤਵਪੂਰਨ ਸਮੱਸਿਆ ਜ਼ਮੀਨ ਦਾ ਮਾਮਲਾ ਨਿਸ਼ਚਿਤ ਕਰਨ ਦੀ ਸੀ। ਜਾਨ ਲਾਰੈਂਸ ਨੇ ਤਿੰਨ ਸਾਲਾਂ ਲਈ ਉੱਕਾ ਪੱਕਾ ਬੰਦੋਬਸਤ ਕਰ ਦਿੱਤਾ ਭਾਵੇਂ ਮਾਮਲੇ ਦੀ ਇਹ ਦਰ ਦਰਬਾਰ ਦੀ ਦਰ ਨਾਲੋਂ ਥੋੜ੍ਹੀ ਸੀ ਪਰ ਇਸ ਨਾਲ ਕਿਸਾਨਾਂ ਨੂੰ ਮੁਸ਼ਕਲ ਪੇਸ਼ ਆਈ ਕਿਉਂਕਿ ਮਾਮਲੇ ਦੀ ਅਦਾਇਗੀ ਫ਼ਸਲ ਦੀ ਥਾਂ 'ਤੇ ਨਕਦੀ ਦੇ ਰੂਪ ਵਿੱਚ ਦੇਣ ਦਾ ਹੁਕਮ ਜਾਰੀ ਕੀਤਾ ਗਿਆ ਤੇ ਚੌਧਰੀਆਂ ਤੇ ਲੰਬਰਦਾਰਾਂ ਨੂੰ ਪਾਸੇ ਛੱਡ ਦਿੱਤਾ ਗਿਆ ਜਿਸ ਦੇ ਫਲਸਰੂਪ ਉਹ ਬਿਨਾਂ ਮਾਮਲੇ ਦੀ ਭੂਮੀ ਤੋਂ ਵੰਚਿਤ ਹੋ ਗਏ। ਮਾਮਲਾ ਉਗਰਾਹੁਣ ਵਾਲੇ ਕਰਮਚਾਰੀ ਵੀ ਜਾਗੀਰਦਾਰਾਂ ਵਾਂਗ ਅਸੰਤੁਸ਼ਟ ਹੋ ਗਏ।[17]

ਪੰਜਾਬ ਵਿੱਚ, ਜੋ ਹੁਣ ਨਾਮ-ਮਾਤਰ ਹੀ ਦਰਬਾਰ ਅਧੀਨ ਸੀ, ਰੈਜ਼ੀਡੈਂਟ ਨੇ ਇਹੋ ਜਿਹੀਆਂ ਤਬਦੀਲੀਆਂ ਤਜ਼ਵੀਜ਼ ਕੀਤੀਆਂ। ਹੈਨਰੀ ਲਾਰੰਸ ਨੇ ਦਰਬਾਰ ਨੂੰ ਆਪਣਾ ਸਮਰਥਕ ਬਣਾਇਆ, ਪ੍ਰੰਤੂ ਉਹਦਾ ਭਰਾ ਜਾਨ ਜੋ ਕੁਝ ਸਮੇਂ ਲਈ ਉਹਦੇ ਥਾਂ 'ਤੇ ਕਾਰਜ ਕਰਦਾ ਰਿਹਾ, ਉਸ ਨੇ ਦਰਬਾਰ ਦੀ ਕੋਈ ਪਰਵਾਹ ਨਾ ਕੀਤੀ। ਦਰਬਾਰ ਦੇ ਇਲਾਕੇ ਨੂੰ

17. ਜੇ ਸਾਡਾ ਰਾਜ ਬਹੁ ਗਿਣਤੀ ਕਿਸਾਨਾਂ ਵਿੱਚ ਤੇ ਆਮ ਕਰਕੇ ਕਮਜ਼ੋਰ ਵਰਗਾਂ ਵਿੱਚ ਸਰਬਪ੍ਰੀਆ ਹੈ ਤਾਂ ਉੱਚ ਵਰਗ ਵਿੱਚ ਇਹਦਾ ਪ੍ਰਭਾਵ ਉਲਟਾ ਹੈ। ਜਾਗੀਰਦਾਰਾਂ ਨੇ ਆਪਣੀ ਤਾਕਤ, ਪ੍ਰਭਾਵ ਤੇ ਜਾਇਦਾਦ ਤਬਾਹ ਹੁੰਦੀ ਵੇਖੀ ਹੈ, ਚੌਧਰੀ ਤੇ ਲੰਬਰਦਾਰ ਵੀ ਉਸੇ ਤਰ੍ਹਾਂ ਆਪਣੇ ਗ਼ਰੀਬ ਭਰਾਵਾਂ ਦੀ ਪੱਧਰ ਤੱਕ ਲਿਆ ਕੇ ਕਮਜ਼ੋਰ ਕਰ ਦਿੱਤੇ ਗਏ ਹਨ। ਇਕ ਪਾਸੇ ਤਾਂ ਉਹਨਾਂ ਨੂੰ ਪਿੰਡ ਦੇ ਲਾਭਕਾਰੀ ਤੇ ਅਣਉੱਚਿਤ ਹਿੱਸੇ ਤੇ ਅਯੋਗ ਢੰਗ ਨਾਲ ਅਧਿਕਾਰ ਕਰਨ ਤੋਂ ਰੋਕ ਦਿੱਤਾ ਗਿਆ ਹੈ। ਦੂਸਰੇ ਪਾਸੇ ਸਰਕਾਰ ਨੇ ਉਹਨਾਂ ਨੂੰ ਇਨਾਮਾਂ, ਮੁਫ਼ਤ ਜ਼ਮੀਨਾਂ, ਲਾਹੇਵੰਦ ਲਗਾਨ ਤੇ ਤਨਖ਼ਾਹਾਂ ਆਦਿ ਬਹੁਮੁੱਲੇ ਲਾਭਾਂ ਤੋਂ ਵੰਚਿਤ ਕਰ ਦਿੱਤਾ ਹੈ। (ਆਰ.ਐਨ. ਕਸਟ, ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਵੱਲੋਂ ਸਤਲੁਜ ਤੋਂ ਉੱਤਰ ਦੇ ਕਮਿਸ਼ਨਰ ਤੇ ਸੁਪਰਟਡੈਂਟ ਨੂੰ 8 ਜੁਲਾਈ, 1847 ਨੂੰ ਲਿਖੇ ਪੱਤਰ ਵਿੱਚੋਂ, ਬੋਰਡਜ਼ ਕੁਲੈਕਸ਼ਨਜ਼, 1171-72 ਪੰਨੇ 160-1 ਇੰਡੀਆ ਆਫਿਸ ਲਾਇਬਰੇਰੀ)

ਜਾਗੀਰਦਾਰਾਂ ਦੀ ਸੋਚ ਸਾਡੇ ਪ੍ਰਤੀਕੂਲ ਹੈ ਕਿਉਂਕਿ ਉਹਨਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਗਈਆਂ ਹਨ। ਪਿੰਡਾਂ ਦੇ ਚੌਧਰੀਆਂ ਦਾ ਅਸਰ ਰਸੂਖ ਪਹਿਲਾਂ ਹੀ ਖ਼ਤਮ ਹੋ ਗਿਆ ਹੈ। ਉਹਨਾਂ ਦੇ ਇਨਾਮ ਘਟਾਏ ਗਏ ਹਨ ਤੇ ਉਹਨਾਂ ਦੇ ਲਗਾਨ ਰਹਿਤ ਭੂਮੀ ਦੇ ਹੱਕ ਇਕ ਵਾਢਿਓਂ ਹੀ ਖ਼ਤਮ ਕਰ ਦਿੱਤੇ ਗਏ ਹਨ। ਐਚ. ਵੈਨਸੀਟਾਰਟ, ਡਿਪਟੀ ਕਮਿਸ਼ਨਰ ਜਾਲੰਧਰ ਵੱਲੋਂ ਸਤਲੁਜ ਤੋਂ ਉਤਾੜ ਦੇ ਕਮਿਸ਼ਨਰ ਤੇ ਸੁਪਰਡੈਂਟ ਨੂੰ 7 ਸਤੰਬਰ 1847 ਆਈ. ਪੀ. ਸੀ. 31.12.1847 ਹਿੱਸਾ 28 ਨੰ: 2289 ਇੰਡੀਆ ਆਫਿਸ ਲਾਇਬਰੇਰੀ 'ਚੋਂ।

ਨਿਆਂ-ਵਿਵਸਥਾ ਲਈ ਚਾਰ ਜ਼ਿਲ੍ਹਿਆਂ ਵਿੱਚ ਚਾਰ ਜੱਜਾਂ ਅਧੀਨ ਵੰਡ ਦਿੱਤਾ ਗਿਆ।[18] ਹਰ ਜੱਜ ਨੂੰ ਇਕ ਨਾਇਬ ਤੇ ਹੁਕਮ ਲਾਗੂ ਕਰਨ ਲਈ ਫ਼ੌਜ ਦਾ ਦਸਤਾ ਦਿੱਤਾ ਗਿਆ। ਜੱਜਾਂ ਨੂੰ ਕਾਰਦਾਰ ਦੇ ਫ਼ੈਸਲਿਆਂ ਵਿਰੁੱਧ ਅਪੀਲਾਂ ਸੁਣਨ ਦੇ ਅਧਿਕਾਰ ਦਿੱਤੇ ਗਏ ਤੇ ਉਹਨਾਂ ਨੂੰ ਦੀਵਾਨੀ ਤੇ ਫ਼ੌਜਦਾਰੀ ਮੁਕੱਦਮੇ ਸੁਣਨ ਦੇ ਅਧਿਕਾਰ ਵੀ ਦਿੱਤੇ ਗਏ, ਪਰ ਉਹ ਮਾਮਲੇ (ਲਗਾਨ) ਬਾਰੇ ਮੁਕੱਦਮੇ ਨਹੀਂ ਸੁਣ ਸਕਦੇ ਸਨ ਤੇ ਨਾ ਹੀ ਕਾਰਦਾਰਾਂ ਦੀ ਨਿਯੁਕਤੀ ਕਰ ਸਕਦੇ ਸਨ। ਇਹਨਾਂ ਅਦਾਲਤਾਂ ਦੇ ਕੰਮ-ਕਾਜ ਦੀ ਨਿਗਰਾਨੀ ਅੰਗਰੇਜ਼ ਅਧਿਕਾਰੀ ਕਰਦੇ ਸਨ। ਜਾਨ ਲਾਰੈਂਸ ਨੇ ਫ਼ੌਜਦਾਰੀ ਕਾਨੂੰਨੀ ਸੰਹਿਤਾ ਜੋ ਬਰਤਾਨਵੀ ਹਿੰਦੁਸਤਾਨ ਵਿੱਚ ਪ੍ਰਚੱਲਤ ਸੀ, ਲਾਹੌਰ[19] ਦੇ ਪੱਥਰ ਦੇ ਛਾਪੇਖਾਨੇ 'ਚ (ਜੋ ਰਾਜਧਾਨੀ ਵਿੱਚ ਜਨਵਰੀ 1848 ਨੂੰ ਲਾਇਆ ਗਿਆ ਸੀ) ਛਪਵਾ ਕੇ ਜੱਜਾਂ ਨੂੰ ਭੇਜਿਆ। ਉੱਕਾ ਪੁੱਕਾ ਤੇ ਤੁਰਤ ਜ਼ਮੀਨੀ ਬੰਦੋਬਸਤ ਜੋ ਜਾਲੰਧਰ ਦੁਆਬ ਵਿੱਚ ਲਾਗੂ ਕੀਤਾ ਗਿਆ ਸੀ, ਉਹੋ ਮਗਰੋਂ ਦਰਬਾਰ ਦੇ ਇਲਾਕੇ 'ਚ ਲਾਗੂ ਕਰ ਦਿੱਤਾ ਗਿਆ।

ਰਾਣੀ ਜਿੰਦਾਂ ਤੇ ਦਰਬਾਰ ਦੇ ਸਰਦਾਰਾਂ ਨੂੰ ਇਹ ਸਮਝਣ ਵਿੱਚ ਬਹੁਤੀ ਦੇਰ ਨਾ ਲੱਗੀ ਕਿ ਉਹਨਾਂ ਨੇ ਰਣਜੀਤ ਸਿੰਘ ਦੀ ਸਲਤਨਤ ਤਬਾਹ ਕਰ ਦਿੱਤੀ ਹੈ। 2/3 ਭਾਗ ਤਾਂ ਹਮਲਾਵਰ ਨੇ ਤੇ ਨਵੇਂ ਬਣੇ ਰਈਸ ਭਾਵ ਛਫ਼ੂਰ ਗੁਲਾਬ ਸਿੰਘ ਨੇ ਆਪਸ ਵਿੱਚ ਵੰਡ ਲਏ ਹਨ ਤੇ ਜਿਹੜਾ ਤੀਸਰਾ ਹਿੱਸਾ ਬਚਿਆ ਹੈ, ਉਸ ਵਿੱਚ ਵੀ ਫ਼ਿਰੰਗੀ ਦਾ ਹੁਕਮ ਚੱਲਦਾ ਹੈ। ਉਹਨਾਂ ਨੇ ਖ਼ਾਲਸਾ ਫ਼ੌਜ ਦੀ ਲੁੱਟਮਾਰ ਤੋਂ ਆਪਣੀ ਜਾਨਮਾਲ ਦੀ ਰੱਖਿਆ ਮੰਗੀ ਸੀ। ਅੰਗਰੇਜ਼ਾਂ ਨੇ ਉਹਨਾਂ ਨੂੰ ਫ਼ੌਜ ਤੋਂ ਤਾਂ ਬਚਾ ਲਿਆ ਹੈ ਪਰ ਇਸ ਤਰ੍ਹਾਂ ਕਰਦਿਆਂ ਭਾਰੀ ਕੀਮਤ ਜ਼ਬਰਦਸਤੀ ਵਸੂਲ ਕੀਤੀ ਹੈ। ਨਵੇਂ ਪ੍ਰਬੰਧ ਵਿੱਚ ਦਰਬਾਰ ਤੋਂ ਸਭ ਅਧਿਕਾਰ ਖੁੱਸ ਗਏ ਸਨ ਤੇ ਭੂਮੀ ਮਾਲਕ ਕੁਲੀਨਾਂ ਦੀ ਸਭ ਆਰਥਿਕ ਸਰਦਾਰੀ ਖ਼ਤਮ ਹੋ ਗਈ। ਜਿਸ ਢੰਗ ਨਾਲ ਹਾਲਾਤ ਚਲ ਰਹੇ ਸਨ, ਰਾਣੀ ਜਿੰਦਾਂ ਬਹੁਤ ਚਿੰਤਿਤ

---

18. ਜਨਰਲ ਕਾਹਨ ਸਿੰਘ ਮਾਨ ਨੂੰ ਲਾਹੌਰ, ਰਾਮ ਸਿੰਘ ਜੱਲਾਵਾਲਾ ਨੂੰ ਚੱਜ ਦੁਆਬ, ਚਤਰ ਸਿੰਘ ਅਟਾਰੀਵਾਲਾ ਨੂੰ ਜਿਹਲਮ ਤੇ ਸਿੰਧ ਦੇ ਵਿਚਕਾਰਲੇ ਇਲਾਕੇ ਤੇ ਲਹਿਣਾ ਸਿੰਘ ਮਜੀਠੀਆ ਨੂੰ ਮਾਝੇ ਦਾ ਸਮੇਤ ਦੱਖਣ ਪੂਰਬ ਤੋਂ ਪਹਾੜੀ ਇਲਾਕੇ 'ਤੇ ਹੇਠਲੇ ਪਾਸੇ ਕਸੂਰ ਤੱਕ ਦਾ ਜੱਜ ਨਿਯੁਕਤ ਕਰ ਦਿੱਤਾ ਗਿਆ।
19. ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲੀਟੀਕਲ ਡਾਇਰੀਜ਼ 1847-48 III, 444 ਫਾਹੇ ਲਾ ਕੇ ਮੌਤ ਦੀ ਸਜ਼ਾ ਸਲਤਨਤ ਵਿੱਚ ਪਹਿਲੀ ਵਾਰ ਲਾਗੂ ਕੀਤੀ ਗਈ। (ਰਣਜੀਤ ਸਿੰਘ ਦੇ ਸਮੇਂ ਤਾਂ ਕਤਲ ਦੀ ਸਜ਼ਾ ਜਾਂ ਤਾਂ ਅੰਗ ਭੰਗ ਕਰਕੇ ਦਿੱਤੀ ਜਾਂਦੀ ਸੀ ਜਾਂ ਮਕਤੂਲ ਦੇ ਰਿਸ਼ਤੇਦਾਰਾਂ ਨੂੰ ਕਾਤਲ ਵੱਲੋਂ ਜੁਰਮਾਨੇ ਵਜੋਂ ਧਨ ਅਦਾ ਕੀਤਾ ਜਾਂਦਾ ਸੀ।)

    ਅੰਗਰੇਜ਼ੀ ਛਤਰ ਛਾਇਆ ਹੇਠ ਦਰਬਾਰ ਨੇ ਕਈ ਨਵੇਂ ਨਿਯਮ ਲਾਗੂ ਕੀਤੇ। ਦਰਬਾਰ ਨੂੰ ਸਤੀ, ਕੁੜੀ ਮਾਰਨ, ਦਾਸਤਾ ਤੇ ਵਗਾਰ ਵਿਰੁੱਧ ਘੋਸ਼ਣਾ ਜਾਰੀ ਕਰਨ ਲਈ ਪ੍ਰੇਰਿਆ ਗਿਆ। ਇਸ ਘੋਸ਼ਣਾ ਤੇ ਅਮਲ ਨਾ ਕੀਤਾ ਗਿਆ ਤੇ ਪਹਿਲਾਂ ਵਾਲੇ ਰਿਵਾਜ ਮੁਲਕ ਦੇ ਇਲਹਾਕ ਤੱਕ ਉਵੇਂ ਹੀ ਪ੍ਰਚੱਲਤ ਰਹੇ।

ਸੀ ਤੇ ਉਸ ਨੇ ਰਾਜ ਦੇ ਕੰਮ-ਕਾਜ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਸੀ।[20] ਰੈਜ਼ੀਡੈਂਟ ਇਹ ਜਾਣ ਕੇ ਬੜਾ ਨਿਰਾਸ਼ ਹੋ ਗਿਆ ਕਿ ਰਣਜੀਤ ਸਿੰਘ ਦੇ ਨਾਮ ਵਿੱਚ ਇਤਨੀ ਕਰਾਮਾਤ ਸੀ ਕਿ ਲੋਕ ਉਹਦੀ ਵਿਧਵਾ ਦੀਆਂ ਕਰਤੂਤਾਂ ਭੁਲਾ ਚੁੱਕੇ ਸਨ ਤੇ ਉਹਨਾਂ ਨੇ ਉਸ ਨੂੰ ਰਾਜਮਾਤਾ ਕਹਿ ਕਹਿ ਕੇ "ਜੈ ਜੈਕਾਰ" ਕਰਨੀ ਸ਼ੁਰੂ ਕਰ ਦਿੱਤੀ ਸੀ। ਰੈਜ਼ੀਡੈਂਟ ਨੇ ਉਸ ਨੂੰ ਲਾਂਭੇ ਕਰਨਾ ਜ਼ਰੂਰੀ ਸਮਝਿਆ।[21]

ਇਹ ਬਹਾਨਾ ਉਸ ਸਮੇਂ ਮਿਲ ਗਿਆ ਜਦੋਂ ਸਰਦਾਰਾਂ ਨੂੰ ਰਸਮੀ ਤੌਰ ਤੇ ਸਨਮਾਣਨ ਲਈ ਦਲੀਪ ਸਿੰਘ ਨੇ ਰਾਜਾ ਤੇਜ ਸਿੰਘ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾਉਣ ਤੋਂ ਇਨਕਾਰ ਕਰ ਦਿੱਤਾ।[22] ਰੈਜ਼ੀਡੈਂਟ ਨੂੰ ਇਸ ਘਟਨਾ ਪਿੱਛੇ ਰਾਣੀ ਜ਼ਿੰਦਾਂ ਦਾ ਹੱਥ ਜਾਪਿਆ ਤੇ ਦੋ ਦਿਨ ਮਗਰੋਂ ਉਸ ਨੂੰ ਸ਼ੇਖ਼ੂਪੁਰਾ ਭੇਜਣ ਦੇ ਹੁਕਮ ਦੇ ਦਿੱਤੇ ਗਏ। ਉਸ ਦੀ ਆਪਣੀ ਸ਼ਿਕਾਇਤ ਅਨੁਸਾਰ ਉਸ ਨੂੰ ਵਾਲਾਂ ਤੋਂ ਫੜਕੇ[23] ਕਿਲ੍ਹੇ 'ਚੋਂ ਬਾਹਰ ਕੱਢਣ ਲਈ ਘਸੀਟਿਆ ਗਿਆ। ਉਸ ਦਾ ਵਜ਼ੀਫ਼ਾ ਘਟਾ ਕੇ ਤੀਸਰਾ ਹਿੱਸਾ ਕਰ ਦਿੱਤਾ ਗਿਆ। ਗੁੱਸੇ 'ਚ ਆਈ ਰਾਣੀ ਜਿੰਦਾਂ ਨੇ ਸਖ਼ਤ ਇਤਰਾਜ਼ ਕੀਤਾ। "ਯਕੀਨਨ ਕਦੇ ਵੀ ਰਾਜਵੰਸ਼ ਨਾਲ ਇਸ ਤਰ੍ਹਾਂ ਦਾ ਵਿਵਹਾਰ ਨਹੀਂ ਕੀਤਾ ਜਿਵੇਂ ਤੁਸੀਂ ਸਾਡੇ ਨਾਲ ਕਰ ਰਹੇ ਹੋ? ਗੁਪਤ ਤਰੀਕੇ ਨਾਲ ਤੁਸੀਂ ਹਾਕਮ ਬਣਨ ਦੀ ਥਾਂ ਤੁਸੀਂ ਸਿੱਧੇ ਹੀ ਬਾਦਸ਼ਾਹ ਹੋਣ ਦਾ ਐਲਾਨ ਕਿਉਂ ਨਹੀਂ ਕਰ ਦਿੰਦੇ ? ਤੁਸੀਂ ਮੈਤਰੀ ਦੀ ਗੱਲ ਕਰਦੇ ਹੋ ਤੇ ਮਗਰੋਂ ਸਾਨੂੰ ਕੈਦ

---

20. ਜਿੰਦਾਂ ਨੇ ਭੈਰੋਵਾਲ ਦੀ ਸੰਧੀ ਦੀ ਵਿਰੋਧਤਾ ਕੀਤੀ ਤੇ ਸਰਦਾਰਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰਦੀ ਰਹੀ ਕਿ ਉਹ ਮੁਲਕ ਉੱਪਰ ਅੰਗਰੇਜ਼ਾਂ ਦੀ ਸਹਾਇਤਾ ਤੋਂ ਬਿਨਾਂ ਹੀ ਰਾਜ ਕਰ ਸਕਦੇ ਸਨ। ਹੈਨਰੀ ਲਾਰੰਸ ਦਾ ਵਿਚਾਰ ਸੀ ਕਿ ਇਸ ਵਿਰੋਧਤਾ ਦਾ ਕਾਰਨ ਦੇਸ਼ ਭਗਤੀ ਨਹੀਂ ਸਗੋਂ ਲਾਲਸਾ ਤੇ ਗੁੱਸਾ ਸੀ। ਰੈਜ਼ੀਡੈਂਟ ਨੇ ਸਰਦਾਰਾਂ ਨੂੰ ਤੇ ਖ਼ਾਸ ਕਰਕੇ ਸ਼ੇਰ ਸਿੰਘ ਅਟਾਰੀਵਾਲਾ ਨੂੰ ਰਾਣੀ ਦੇ ਮਹਿਲਾਂ 'ਚ ਜਾਣ ਤੋਂ ਮਨ੍ਹਾਂ ਕਰ ਦਿੱਤਾ। ਐਸ.ਸੀ. 166 ਮਿਤੀ 30.1.1847.
21. ਫਰਵਰੀ 1847 ਵਿੱਚ ਰੈਜ਼ੀਡੈਂਟ ਤੇ ਰਾਜਾ ਤੇਜ ਸਿੰਘ ਨੂੰ ਕਤਲ ਕਰਨ ਦੀ ਸਾਜ਼ਿਸ਼ ਫੜੀ ਗਈ। ਇਹ ਵੀ ਪਤਾ ਲੱਗਾ ਕਿ ਇਸ ਸਾਜ਼ਿਸ਼ ਦੀ ਚੁੱਕ ਦੇਣ ਵਾਲਾ ਪ੍ਰੇਮਾ ਜਿੰਦਾਂ ਦੀ ਨੌਕਰਾਣੀ ਕੋਲ ਜਾਇਆ ਕਰਦਾ ਸੀ। ਪਰ ਮਹਾਰਾਨੀ ਨੂੰ ਸਾਜ਼ਿਸ਼ ਵਿੱਚ ਫਸਾਉਣ ਲਈ ਇਹ ਦੋਸ਼ ਕਾਫ਼ੀ ਨਹੀਂ ਸਮਝਿਆ ਗਿਆ ਸੀ। ਗਵਰਨਰ ਜਨਰਲ ਨੇ ਉਸ ਤੋਂ ਛੁਟਕਾਰਾ ਪਾਉਣ ਲਈ ਰੈਜ਼ੀਡੈਂਟ ਨੂੰ ਹੋਰ ਢੰਗ ਲੱਭਣ ਲਈ ਪ੍ਰੇਰਨਾ ਦਿੱਤੀ। (ਗਵਰਨਰ ਜਨਰਲ ਦਾ ਗੁਪਤ ਕਮੇਟੀ ਨੂੰ 5 ਸਤੰਬਰ 1847 ਨੂੰ ਲਿਖਿਆ ਪੱਤਰ; ਹਾਰਡਿੰਗ ਕਰੀ ਨੂੰ 10 ਜੂਨ 1847 ਨੂੰ। ਪ੍ਰੇਮਾ ਤੇ ਤਿੰਨ ਹੋਰਨਾਂ ਨੂੰ ਉਮਰ ਕੈਦ ਕੀਤੀ ਗਈ ਤੇ ਪੰਜ ਹੋਰਨਾਂ ਨੂੰ ਵੱਖ-ਵੱਖ ਸਮੇਂ ਲਈ ਜੇਲ੍ਹ ਵਿੱਚ ਭੇਜਿਆ ਗਿਆ। ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲਿਟੀਕਲ ਡਾਇਰੀਜ਼, 1847-48, III, 284.
22. ਇਹ 7 ਅਗਸਤ 1847 ਨੂੰ ਹੋਇਆ। ਰੈਜ਼ੀਡੈਂਟ ਨੇ ਗਵਰਨਰ ਜਨਰਲ ਨੂੰ ਸੂਚਨਾ ਭੇਜ ਦਿੱਤੀ। "ਮਹਾਰਾਜਾ" ਮਖ਼ਮਲੀ ਕੁਰਸੀ ਤੇ ਸੁੰਗੜ ਕੇ ਪਿੱਛੇ ਹੋ ਕੇ ਬਹਿ ਗਿਆ ਤੇ ਇੰਝ ਕਰਨਾ ਉਸ ਦੀ ਉਮਰ ਤੇ ਸੁਭਾਅ ਦੇ ਬਿਲਕੁਲ ਪ੍ਰਤੀਕੂਲ ਸੀ।
23. ਜਿੰਦਾਂ ਜਾਨ ਲਾਰੈਂਸ ਨੂੰ 10 ਸਤੰਬਰ 1847 ਐਸ. ਸੀ. 119 ਮਿਤੀ 30.10.1847.

ਕਰ ਲੈਂਦੇ ਹੋ। ਤੁਸੀਂ ਲਾਹੌਰ ਵਿੱਚ ਗੱਦਾਰਾਂ ਨੂੰ ਸਥਾਪਿਤ ਕਰ ਦਿੱਤਾ ਹੈ ਤੇ ਫਿਰ ਉਹਨਾਂ ਦੇ ਇਸ਼ਾਰੇ 'ਤੇ ਸਾਰੇ ਪੰਜਾਬ ਨੂੰ ਖ਼ਤਮ ਕਰ ਰਹੇ ਹੋ।''[24]

ਜਿੰਦਾਂ ਉੱਪਰ ਸਖ਼ਤ ਪਹਿਰਾ ਲਾ ਦਿੱਤਾ ਗਿਆ। ਜਿਤਨੀਆਂ ਅੰਗਰੇਜ਼ ਜਿੰਦਾਂ ਉੱਪਰ ਪਾਬੰਦੀਆਂ ਲਾਉਂਦੇ ਤੇ ਜਿਤਨੀ ਉਹ ਉਸ ਨਾਲ ਬਦਸਲੂਕੀ ਕਰਦੇ, ਉਹ ਲੋਕਾਂ ਦੀਆਂ ਨਜ਼ਰਾਂ ਵਿੱਚ ਉਤਨੀ ਹੀ ਨਾਇਕਾ ਬਣ ਕੇ ਉੱਭਰਦੀ। ਬਹੁਤ ਸਾਰੇ ਸਰਦਾਰਾਂ ਨੇ ਖੁਲ੍ਹਮ-ਖੁਲ੍ਹਾ ਉਸ ਨਾਲ ਹਮਦਰਦੀ ਪ੍ਰਗਟ ਕੀਤੀ। ਭਾਈ ਮਹਾਰਾਜ ਸਿੰਘ (ਜੋ ਨੌਰੰਗਾਬਾਦ ਦੇ ਬਾਬਾ ਬੀਰ ਸਿੰਘ ਦਾ ਉੱਤਰਾਧਿਕਾਰ ਬਣਿਆ ਤੇ ਜਿਸ ਦਾ ਕਿਸਾਨ ਤੇ ਸਰਦਾਰ ਉਸ ਤਰ੍ਹਾਂ ਹੀ ਮਾਨ ਸਤਿਕਾਰ ਕਰਦੇ ਸਨ ਜਿਸ ਤਰ੍ਹਾਂ ਉਸ ਦੇ ਪੂਰਵਜ ਦਾ) ਨੇ ਉਸ ਦੀ ਜੈ ਜੈਕਾਰ ਕੀਤੀ।[25] ਰੈਜ਼ੀਡੈਂਟ ਦੇ ਹੁਕਮ ਨਾਲ ਭਾਈ ਨੂੰ ਗਰਿਫ਼ਤਾਰ ਕਰ ਲਿਆ ਗਿਆ ਪਰ ਉਹ ਕੈਦ 'ਚੋਂ ਨੱਠ ਗਿਆ। ਉਸ ਨੇ ਪੁਲੀਸ ਤੋਂ ਬਚ ਬਚਾ ਕੇ ਕੇਂਦਰੀ ਪੰਜਾਬ ਦੇ ਕਈ ਪਿੰਡਾਂ ਵਿੱਚ ਤਕਰੀਰਾਂ ਕੀਤੀਆਂ ਤੇ ਲੋਕਾਂ ਨੂੰ ਜ਼ੋਰਦਾਰ ਸ਼ਬਦਾਂ ਵਿੱਚ ਪ੍ਰੇਰਿਆ ਕਿ ਫ਼ਿਰੰਗੀ ਨੂੰ ਮੁਲਕ ਵਿੱਚੋਂ ਕੱਢ ਦੇਣ।

ਅੰਗਰੇਜ਼ਾਂ ਦੇ ਵਿਰੁੱਧ ਗ਼ੁੱਸਾ ਵਧਣ ਲੱਗਾ। ਜਾਲੰਧਰ ਦੁਆਬ ਵਿੱਚ ਜਾਗੀਰਾਂ ਦੇ ਖ਼ਾਤਮੇ ਨਾਲ, ਭੂਮੀ ਲਗਾਨ ਦੇ ਪ੍ਰਬੰਧ ਵਿੱਚ ਨਵੀਆਂ ਤੇ ਮਹੱਤਵਪੂਰਨ ਤਬਦੀਲੀਆਂ ਕਰਨ ਤੇ ਮਾਮਲੇ ਦੀ ਉਗਰਾਹੀ ਦੇ ਢੰਗ ਵਿੱਚ ਪਰਿਵਰਤਨ ਕਰਨ ਨਾਲ ਜ਼ਿਮੀਂਦਾਰਾਂ ਦੀ ਵਿਅਕਤੀਗਤ ਨਿਰਲੱਜਤਾ ਤੇ ਗੁਸਤਾਖ਼ੀ ਨੇ ਲੋਕਾਂ ਵਿੱਚ ਉਹਨਾਂ ਦਾ ਪਿਆਰ ਸਤਿਕਾਰ ਘਟਾਇਆ। ਉਹਨਾਂ ਨੇ ਗਊ-ਹੱਤਿਆ[26] ਦੀ ਆਗਿਆ ਦੇ ਕੇ ਗ਼ੈਰ ਮੁਸਲਮਾਨਾਂ ਦੇ ਧਾਰਮਿਕ ਜਜ਼ਬਾਤ ਨੂੰ ਠੇਸ ਪਹੁੰਚਾਈ ਤੇ ਉਹ ਗੁਰਦਵਾਰਿਆਂ ਵਿੱਚ ਜੁੱਤੀਆਂ ਪਹਿਣ

---

24. ਤੁਸੀਂ ਕਹਿੰਦੇ ਹੋ ਕਿ ਮੈਨੂੰ 4000/- ਰੁਪਿਆ ਮਹੀਨਾ ਮਿਲਿਆ ਕਰੇਗਾ। ਇਸ ਤੋਂ ਮੈਂ ਅੰਦਾਜ਼ਾ ਲਾਉਂਦੀ ਹਾਂ ਕਿ ਆਪ ਨੇ ਮੇਰਾ ਵਜ਼ੀਫ਼ਾ ਘੱਟ ਕਰ ਦਿੱਤਾ ਹੈ। ਮੈਂ ਤਿੰਨ ਕਰੋੜ ਰੁਪਏ ਦੀ ਆਮਦਨੀ ਦੇਣ ਵਾਲੇ ਮੁਲਕ ਦੀ ਮਾਲਕ ਹਾਂ—ਤੁਸੀਂ ਕਿਹੜੇ ਹਿਸਾਬ ਨਾਲ ਮੇਰਾ ਭੱਤਾ 4000 ਰੁਪਏ ਬੰਨ੍ਹਿਆ ਹੈ। ਮੈਂ ਉਹੋ ਭੱਤਾ ਲਵਾਂਗੀ ਜੋ ਸੰਧੀ ਸਮੇਂ ਨਿਸ਼ਚਿਤ ਹੋਇਆ ਸੀ। ਜੇ ਕੋਈ ਤਬਦੀਲੀ ਕਰਨੀ ਹੈ ਤਾਂ ਇਸ ਨੂੰ ਘਟਾਉਣ ਦੀ ਥਾਂ ਤੇ ਵਧਾਇਆ ਜਾਣਾ ਚਾਹੀਦਾ ਸੀ। ਤੁਸੀਂ ਮੇਰਾ ਚਰਿੱਤਰ ਘਾਤ ਹੀ ਨਹੀਂ ਕੀਤਾ ਸਗੋਂ ਮੈਨੂੰ ਕੈਦ ਵੀ ਕਰ ਲਿਆ ਹੈ ਤੇ ਮੇਰੇ ਪੁੱਤਰ ਨਾਲੋਂ ਵੀ ਮੈਨੂੰ ਅੱਡ ਕਰ ਦਿੱਤਾ ਹੈ। ਮੈਨੂੰ ਮੇਰੀ ਰੋਟੀ ਦਿਉ, ਕਿਉਂ ਭੁੱਖਾ ਰੱਖ ਕੇ ਮੇਰੀ ਜਾਨ ਲੈਣ ਤੇ ਤੁਲੇ ਹੋਏ ਹੋ। ਮੈਂ ਬਾਦਸ਼ਾਹਤ ਦੀ ਮਾਲਕ ਹਾਂ। ਮੈਂ ਤੁਹਾਡੀ ਮਲਕਾ ਕੋਲ ਚਾਰਾ ਜੋਈ ਕਰਕੇ ਇਸ ਬੇਇਨਸਾਫ਼ੀ ਵਿਰੁੱਧ ਲੜਾਂਗੀ। ਤੁਸੀਂ ਮੇਰੇ ਨਾਲ ਬੇਇਨਸਾਫ਼ੀ ਕੀਤੀ ਹੈ।'' ਐਸ.ਸੀ. 119 ਮਿਤੀ 30.10.1847.
25. ਐਸ.ਸੀ. 142 ਮਿਤੀ 31.7.47 ਮਹਾਰਾਜ ਸਿੰਘ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੱਬੋਂ ਦਾ ਸੀ ਤੇ ਬੀਰ ਸਿੰਘ ਦੀ ਮੌਤ ਸਮੇਂ ਹਾਜ਼ਰ ਸੀ।
26. ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲਿਟੀਕਲ ਡਾਇਰੀਜ਼, 1846-49, IV, 431 ਵਿੱਚ ਗਊ ਮਾਸ ਦੀ ਖੁਲ੍ਹੀ ਵਿਕਰੀ ਦਾ ਹਵਾਲਾ ਦਿੱਤਾ ਹੋਇਆ ਹੈ।

ਕੇ ਜਾਣ ਵਾਲੇ ਲੋਕਾਂ ਪ੍ਰਤੀ ਸਿੱਖਾਂ ਦੇ ਕਰੋਧ ਤੇ ਨਾਰਾਜ਼ਗੀ ਨੂੰ ਵੀ ਨਾ ਸਮਝ ਸਕੇ।[27] ਗੰਦੀਆਂ ਗਾਲ੍ਹਾਂ, ਦੇਸ਼ੀ ਲੋਕਾਂ ਪ੍ਰਤੀ ਦੁਰਵਿਹਾਰ ਤੇ ਅੰਗਰੇਜ਼ ਸਿਪਾਹੀਆਂ ਵੱਲੋਂ ਇਸਤਰੀਆਂ ਨਾਲ ਛੇੜ-ਛਾੜ ਰੋਜ਼ ਦੀਆਂ ਘਟਨਾਵਾਂ ਬਣ ਗਈਆਂ। ਪੰਜਾਬੀ ਅਜਿਹੀਆਂ ਉਤੇਜਤ ਕਰਨ ਵਾਲੀਆਂ ਕਹਾਣੀਆਂ 'ਤੇ ਵਿਸ਼ਵਾਸ ਕਰਨ ਲੱਗ ਪਏ ਕਿ ਦੋ ਮਹੀਨਿਆਂ ਲਈ ਅੰਗਰੇਜ਼ ਸਿਪਾਹੀਆਂ ਨੂੰ ਖੁਲ੍ਹ ਹੋਵੇਗੀ ਕਿ ਜਿਸ ਤੀਵੀਂ ਨੂੰ ਉਹ ਚਾਹੁਣ, ਆਪਣੇ ਨਾਲ ਲੈ ਜਾਣਗੇ ਤੇ ਦਰਬਾਰ ਦੇ ਸਾਰੇ ਵਜ਼ੀਰਾਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਜਾਵੇਗਾ।[28] ਤੇ ਸਾਹਿਬ ਦੇਸੀ ਲੋਕਾਂ ਦੀਆਂ ਲਾਸ਼ਾਂ 'ਚੋਂ ਮੰਮਿਆਈ[29] ਕੱਢ ਰਹੇ ਸਨ। ਇਹਨਾਂ ਅਫ਼ਵਾਹਾਂ ਨੂੰ ਬਹੁਤ ਉਤਸੁਕ ਹੋ ਕੇ ਸੁਣਨ ਵਾਲਿਆਂ ਵਿੱਚ ਸਤਲੁਜ ਦੀ ਮੁਹਿੰਮ ਪਿੱਛੋਂ ਬਰਖ਼ਾਸਤ ਕੀਤੇ ਗਏ ਸੈਨਿਕ ਸਨ ਜੋ ਬਿਨਾਂ ਕਿਸੇ ਕੰਮ-ਕਾਰ ਦੇ ਮੁਲਕ ਵਿੱਚ ਵਿਹਲੇ ਘੁੰਮ ਰਹੇ ਸਨ।[30]

---

27. 1846 ਦੀ ਲਾਹੌਰ ਸੰਧੀ ਮਗਰੋਂ ਹਰਿਮੰਦਰ ਦੇ ਪ੍ਰਵੇਸ਼ ਦੁਆਰ ਕੋਲ ਹੇਠ ਲਿਖੇ ਸ਼ਿਲਾਲੇਖ ਵਾਲੀ ਫੱਟੀ ਰੱਖੀ ਗਈ ਸੀ : "ਅੰਮ੍ਰਿਤਸਰ ਦੇ ਪੁਜਾਰੀਆਂ ਦੀ ਸ਼ਿਕਾਇਤ ਮਗਰੋਂ ਗਵਰਨਰ ਜਨਰਲ ਵੱਲੋਂ ਹਰ ਇਕ ਨੂੰ ਗਿਆਤ ਕੀਤਾ ਜਾਂਦਾ ਹੈ ਕਿ ਬਰਤਾਨਵੀ ਪਰਜਾ ਨੂੰ ਮੰਦਰ ਭਾਵ ਦਰਬਾਰ ਜਾਂ ਇਸ ਦੀ ਪਰਿਕਰਮਾ ਵਿੱਚ ਅੰਮ੍ਰਿਤਸਰ ਵਿਖੇ ਸਮੇਤ ਜੁੱਤੀ ਦੇ ਜਾਣ ਦੀ ਸਖ਼ਤ ਮਨਾਹੀ ਕੀਤੀ ਜਾਂਦੀ ਹੈ।
    ਅੰਮ੍ਰਿਤਸਰ ਵਿੱਚ ਗਊ ਹੱਤਿਆ ਨਹੀਂ ਕੀਤੀ ਜਾਵੇਗੀ। ਸਿੱਖਾਂ ਨਾਲ ਕਿਸੇ ਪ੍ਰਕਾਰ ਦੀ ਛੇੜ-ਛਾੜ ਨਹੀਂ ਕੀਤੀ ਜਾਵੇਗੀ, ਨਾ ਉਹਨਾਂ ਦੇ ਕੰਮ ਵਿੱਚ ਦਖ਼ਲ ਦਿੱਤਾ ਜਾਵੇਗਾ। ਸਰੋਵਰ ਦੀ ਨੁੱਕਰ ਵਿੱਚ ਬਣੇ ਬੁੰਗਿਆਂ ਵਿੱਚ ਜੁੱਤੀਆਂ ਉਤਾਰੀਆਂ ਜਾਣਗੀਆਂ ਤੇ ਕੋਈ ਵੀ ਵਿਅਕਤੀ ਜੁੱਤੀ ਸਮੇਤ ਸਰੋਵਰ ਦੀ ਪਰਿਕਰਮਾ ਨਹੀਂ ਕਰੇਗਾ। ਲਾਹੌਰ 24 ਮਾਰਚ 1847, ਸਰ ਹੈਨਰੀ ਲਾਰੈਂਸ, ਰੈਜ਼ੀਡੈਂਟ।
28. ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲਿਟੀਕਲ ਡਾਇਰੀਜ਼, 1847-48, III, 232..
29. ਉਹੀ, 413 ਮੁੰਮਿਆਈ ਵਾਲੀ ਕਹਾਣੀ, ਅੰਗਰੇਜ਼ਾਂ ਨਾਲ 1947 ਤੱਕ ਜੁੜੀ ਤੇ ਪ੍ਰਚੱਲਤ ਰਹੀ। ਇਹ ਸ਼ਬਦ ਸ਼ਾਇਦ ਮੰਗੋਲ ਸਰਦਾਰ ਮੁੰਮਈ ਖ਼ਾਂ ਦੇ ਨਾਮ ਤੋਂ ਉਤਪਤ ਹੋਇਆ ਹੈ ਜੋ ਆਪਣੇ ਸ਼ਿਕਾਰ ਨੂੰ ਉੱਪਰੋਂ ਪੈਰਾਂ ਵੱਲੋਂ ਲਟਕਾਂ ਕੇ ਧੀਮੀ ਅੱਗੇ ਤੇ ਤਸੀਹੇ ਦਿਆ ਕਰਦਾ ਸੀ।
30. "ਮੈਂ ਵੇਖ ਰਿਹਾ ਹਾਂ ਤੇ ਸੁਣ ਵੀ ਰਿਹਾ ਹਾਂ ਕਿ ਬਹੁਤ ਸਾਰੇ ਵਿਅਕਤੀ ਜੋ ਸਿੱਖ ਫ਼ੌਜ ਵਿੱਚ ਜਰਨੈਲ ਤੇ ਕਰਨੈਲ ਰਹੇ ਹਨ ਉਹ ਹੁਣ ਰੋਜ਼ੀ ਰੋਟੀ ਲਈ ਸੰਘਰਸ਼ ਕਰਦੇ ਫਿਰ ਰਹੇ ਹਨ।"
    ਹੈਨਰੀ ਲਾਰੈਂਸ 29 ਅਪ੍ਰੈਲ, 1847 ਗਵਰਨਰ ਜਨਰਲ ਨੂੰ ਐਸ.ਸੀ. 112 ਮਿਤੀ 16.6.1847.


ਕਾਂਡ—4
ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਲੜਾਈ

ਲਾਰਡ ਹਾਰਡਿੰਗ ਨੇ ਜਨਵਰੀ 1848 ਵਿੱਚ ਆਪਣੇ ਉੱਤਰਾਧਿਕਾਰੀ ਨੂੰ ਰਾਜ ਦੀ ਵਾਗਡੋਰ ਇਸ ਵਿਸ਼ਵਾਸ ਨਾਲ ਸੌਂਪੀ ਕਿ "ਆਉਣ ਵਾਲੇ ਕਈ ਸਾਲਾਂ ਤੱਕ ਭਾਰਤ ਵਿੱਚ ਉਸ ਨੂੰ ਇਕ ਵੀ ਗੋਲੀ ਚਲਾਉਣ ਦੀ ਜ਼ਰੂਰਤ ਨਹੀਂ ਹੋਵੇਗੀ।"[1] ਹਾਰਡਿੰਗ ਨੇ ਆਪਣੀ ਮਿੱਤਰ ਪਰ ਹੱਥਠੋਕਾ ਸਿੱਖ ਰਿਆਸਤ ਜਾਂ "ਸਿੱਖ-ਡੋਗਰਾ ਰਿਆਸਤ" ਨੂੰ ਸਹਾਰਾ ਦੇਣ ਦੀ ਨੀਤੀ ਦੀ ਨੀਂਹ ਸਿੱਖਾਂ ਦੀ ਅੰਗਰੇਜ਼ਾਂ ਨਾਲ ਦੋਸਤੀ ਤੋਂ ਇਨਕਾਰ ਦੇ ਖੰਡਹਰਾਂ ਉੱਪਰ ਤੇ ਮੱਧ ਏਸ਼ੀਆ ਦੇ ਮੁਸਲਮਾਨਾਂ ਦੇ ਪਿਛੋਕੜ ਨੂੰ ਧਿਆਨ 'ਚ ਰੱਖ ਕੇ ਅਪਣਾਈ ਸੀ ਤਾਂ ਜੋ ਉਹ ਆਸ ਅਨੁਸਾਰ ਪਠਾਨਾਂ ਤੇ ਅਫ਼ਗਾਨਾਂ ਦਾ ਵਿਰੋਧ ਕਰੇ। ਹਾਰਡਿੰਗ ਦਾ ਉਤਰਾਧਿਕਾਰੀ ਕੁਲੀਨ ਵਰਗ ਦਾ ਇਕ ਅਭਿਮਾਨੀ ਯੁਵਕ ਬਣਿਆ। ਪੰਜਾਬ ਵਿੱਚ ਵੱਧ ਰਹੀ ਅਸ਼ਾਂਤੀ ਨੇ ਨੌਜਵਾਨ ਜਾਗੀਰਦਾਰ ਨੂੰ ਦਰਬਾਰ ਪ੍ਰਤੀ ਅੰਗਰੇਜ਼ੀ ਨੀਤੀ ਨੂੰ ਮੁੜ ਨਿਰਧਾਰਿਤ ਕਰਨ ਦਾ ਮੌਕਾ ਦੇ ਦਿੱਤਾ। ਉਹ ਇਸ ਨੂੰ ਸਿਰਫ਼ ਕਮਜ਼ੋਰ ਕਰਨ ਦੀ ਥਾਂ ਤੇ ਉਸ ਦੇ ਇਲਾਕੇ ਹੜੱਪ ਕਰਨ ਦੀ ਜਾਂ ਲਗਾਨ ਵਸੂਲ ਕਰਨ ਦੇ ਸਮੇਂ-ਸਮੇਂ ਆਉਣ ਵਾਲੇ ਮੌਕਿਆਂ ਦਾ ਲਾਭ ਉਠਾਉਣ ਵਿੱਚ ਪੂਰੀ ਤਰ੍ਹਾਂ ਵਿਸ਼ਵਾਸ ਕਰਦਾ ਸੀ। ਇਹ ਮੌਕਾ ਆਉਣ ਵਿੱਚ ਬਹੁਤੀ ਦੇਰ ਵੀ ਨਾ ਲੱਗੀ ਤੇ ਬੜੇ ਢੁਕਵੇਂ ਸਮੇਂ 'ਤੇ ਆ ਗਿਆ। ਹੈਨਰੀ ਲਾਰੰਸ ਜੋ ਦਰਬਾਰ ਦੇ ਅਧਿਕਾਰਾਂ ਵਿੱਚ ਨਾਜ਼ਾਇਜ਼ ਦਖ਼ਲ ਦੇਣ ਦੇ ਵਿਰੁੱਧ ਸੀ ਬੀਮਾਰੀ ਕਾਰਨ ਛੁੱਟੀ 'ਤੇ ਇੰਗਲੈਂਡ ਗਿਆ ਹੋਇਆ ਸੀ। ਉਹਦਾ ਭਰਾ ਜੋਨ ਤੇ ਐਡਵਰਡ ਕਰੀ ਜੋ ਉਹਦੀ ਗ਼ੈਰ-ਹਾਜ਼ਰੀ ਵਿੱਚ ਰੈਜ਼ੀਡੈਂਟ ਵਜੋਂ ਕਾਰਜ ਨਿਭਾ ਰਿਹਾ ਸੀ, ਡਲਹੌਜ਼ੀ ਦੀ ਵਿਸਤਾਰਵਾਦੀ ਨੀਤੀ ਦੀ ਵਿਚਾਰਧਾਰਾ ਦਾ ਸਮਰਥੱਕ ਸੀ।

ਗੜਬੜ ਮੁਲਤਾਨ ਤੋਂ ਸ਼ੁਰੂ ਹੋਈ। ਰੈਜ਼ੀਡੈਂਟ ਨੇ ਦੀਵਾਨ ਮੂਲਰਾਜ ਨੂੰ ਸੂਬੇ ਦਾ ਲਗਾਨ 20 ਲੱਖ ਰੁਪੈ ਅਦਾ ਕਰਨ ਲਈ ਕਿਹਾ ਤੇ ਰਾਜ ਦਾ ਤੀਸਰਾ ਹਿੱਸਾ ਝੰਗ ਦਾ ਜ਼ਿਲ੍ਹਾ ਵੀ ਖੋਹ ਲਿਆ। ਮੂਲਰਾਜ ਇਹ ਸ਼ਰਤਾਂ ਮੰਨਣ ਲਈ ਸਹਿਮਤ ਤਾਂ ਹੋ ਗਿਆ ਪਰ ਉਹ ਇਹ ਪੂਰੀਆਂ ਨਾ ਕਰ ਸਕਿਆ ਕਿਉਂਕਿ ਰੈਜ਼ੀਡੈਂਟ ਨੇ ਦਰਿਆ ਰਾਹੀਂ ਢੋਏ ਜਾਂਦੇ ਮਾਲ ਤੇ ਸਰਕਾਰੀ ਮਸੂਲ (ਚੁੰਗੀ, ਆਬਕਾਰੀ ਆਦਿ) ਖ਼ਤਮ ਕਰ ਦਿੱਤਾ ਜਿਹੜਾ ਮੁਲਤਾਨ ਦੀ ਆਮਦਨੀ ਦਾ ਮਹੱਤਵਪੂਰਨ ਭਾਗ ਸੀ। ਮੂਲਰਾਜ ਨੇ ਆਪਣੇ ਫ਼ੈਸਲਿਆਂ ਉੱਪਰ ਰੈਜ਼ੀਡੈਂਟ ਵੱਲੋਂ ਨਜ਼ਰਸ਼ਾਨੀ 'ਤੇ ਵੀ ਰੋਸ ਪ੍ਰਗਟ ਕੀਤਾ। ਉਸ ਨੇ ਦਸੰਬਰ 1847 ਈ: ਵਿੱਚ ਤਿਆਗ ਪੱਤਰ ਦੇ ਦਿੱਤਾ। ਤਿਆਗ ਪੱਤਰ ਪ੍ਰਵਾਨ ਕਰ ਲਿਆ ਗਿਆ ਪ੍ਰੰਤੂ ਦੀਵਾਨ ਨੂੰ ਸਿਆਲ ਤੱਕ ਫ਼ਸਲਾਂ ਦੀ ਕਟਾਈ ਤੱਕ ਕੰਮ ਕਰਦੇ ਰਹਿਣ ਲਈ ਮਨਾ ਲਿਆ ਗਿਆ। ਕਾਹਨ ਸਿੰਘ ਮਾਨ ਨੂੰ ਉਸ ਦਾ ਉੱਤਰਾਧਿਕਾਰੀ ਚੁਣਿਆ ਗਿਆ।

---

1. ਬੋਸਵਰਥ ਸਮਿੱਥ, ਲਾਈਫ਼ ਔਫ ਲਾਰਡ ਲਾਰੈਂਸ I, ਪੰਨਾ 214.



SECOND ANGLO-SIKH WAR, 1848-1849

ਆ ਮਿਲਣਗੇ। ਤੁਹਾਨੂੰ ਤਨਖ਼ਾਹ ਵੀ ਮਿਲੇਗੀ ਤੇ ਗੁਰੂ ਦਰਬਾਰ ਵਿੱਚ ਤੁਹਾਡਾ ਸਤਿਕਾਰ ਨਾਲ ਸੁਆਗਤ ਹੋਵੇਗਾ।

"ਗੁਰੂ ਦੀ ਕ੍ਰਿਪਾ ਨਾਲ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਸਲਤਨਤ ਵਿੱਚ ਪੂਰੀ ਤਰ੍ਹਾਂ ਸਥਾਪਿਤ ਕੀਤਾ ਜਾਵੇਗਾ। ਗਊ ਤੇ ਬ੍ਰਾਹਮਣ ਦੀ ਰੱਖਿਆ ਕੀਤੀ ਜਾਵੇਗੀ ਤੇ ਆਪਣਾ ਧਰਮ ਚੜ੍ਹਦੀ ਕਲਾ ਵਿੱਚ ਰਹੇਗਾ। ......ਮਹਾਰਾਜਾ ਤੇ ਉਸ ਦੀ ਮਾਤਾ ਦੁਖੀ ਅਤੇ ਚਿੰਤਤ ਹਨ। ਉਹਨਾਂ ਦੀ ਖ਼ਾਤਰ ਲੜਾਈ ਲੜ ਕੇ ਤੁਸੀਂ ਉਹਨਾਂ ਦੀ ਬਖ਼ਸ਼ਿਸ਼ ਪ੍ਰਾਪਤ ਕਰੋਗੇ। ਖ਼ਾਲਸਾ ਜੀ ਗੁਰੂ ਦੀ ਮਿਹਰ ਨਾਲ ਕਮਰਕੱਸੇ ਕਰ ਲਓ। ਗੁਰੂ ਗੋਬਿੰਦ ਸਿੰਘ ਜੀ ਤੁਹਾਡੀ ਲਾਜ ਰੱਖਣਗੇ। ਥੋੜ੍ਹੇ ਅੱਖਰਾਂ ਨੂੰ ਬਹੁਤੇ ਸਮਝਣਾ। 12 ਵੈਸਾਖ 1905 (22 ਅਪ੍ਰੈਲ 1848)।

ਅੰਗਰੇਜ਼ਾਂ ਵਿਰੁੱਧ ਇਤਨਾ ਰੋਸ ਤੇ ਜਜ਼ਬਾ ਸੀ ਕਿ ਕੁਝ ਦਿਨਾਂ ਵਿੱਚ ਹੀ ਰਚਨਾ ਦੁਆਬ ਤੇ ਸਿੰਧ ਅਤੇ ਚਨਾਬ ਵਿਚਕਾਰਲੇ ਦੁਆਬਿਆਂ ਦੇ ਪਠਾਨ ਤੇ ਬਲੋਚ ਤਲਵਾਰਬਾਜ਼ ਆਪਣੀ ਇੱਛਾ ਨਾਲ ਇਕ ਹਿੰਦੂ ਗਵਰਨਰ ਨੂੰ ਫ਼ਿਰੰਗੀ ਦੇ ਹੁਕਮ ਵਿਰੁੱਧ ਪੁਨਰ ਸਥਾਪਿਤ ਕਰਨ ਲਈ ਸਾਂਝਾ ਮੁਹਾਜ਼ ਕਾਇਮ ਕਰਨ ਲਈ ਝੁੰਡਾਂ ਦੇ ਰੂਪ ਵਿੱਚ ਆ ਸ਼ਾਮਿਲ ਹੋਏ।

ਰੈਜ਼ੀਡੈਂਟ, ਐਡਵਰਡ ਕਰੀ, ਦਾ ਵੈਨਜ਼ ਐਗਨੀਊ ਉੱਪਰ ਹਮਲੇ ਦੀ ਖ਼ਬਰ ਸੁਣਨ ਪਿੱਛੋਂ ਪਹਿਲਾਂ ਤੁਰਤ ਪ੍ਰਤੀਕਰਮ ਫ਼ੌਜਾਂ ਨੂੰ ਮੁਲਤਾਨ ਭੇਜਣ ਦਾ ਹੁਕਮ ਦੇਣਾ ਸੀ। ਪਰ ਅਗਲੇ ਦਿਨ ਜਦ ਉਸ ਨੇ ਇਹ ਖ਼ਬਰ ਸੁਣੀ ਕਿ ਵੈਨਜ਼ ਐਗਨੀਓ ਤੇ ਲਫਟੈਣ ਐਂਡਰਸਨ ਮਾਰ ਦਿੱਤੇ ਗਏ ਸਨ ਤੇ ਦਰਬਾਰ ਦੀਆਂ ਫ਼ੌਜਾਂ ਬਾਗੀਆਂ ਨਾਲ ਰਲ ਗਈਆਂ ਸਨ ਤਾਂ ਉਸ ਨੇ ਆਪਣਾ ਪਹਿਲਾ ਹੁਕਮ ਰੱਦ ਕਰ ਦਿੱਤਾ। ਉਸ ਨੇ ਕੌਂਸਲ ਦੀ ਮੀਟਿੰਗ ਬੁਲਾਈ ਤੇ ਸਾਫ਼ ਕਹਿ ਦਿੱਤਾ ਕਿ ਵਿਦਰੋਹ ਦਰਬਾਰ ਦੇ ਵਿਰੁੱਧ ਹੈ, ਇਸ ਲਈ ਇਸ ਨੂੰ ਦਬਾਉਣਾ ਵੀ ਦਰਬਾਰ ਦਾ ਕੰਮ ਹੈ। ਉਸ ਨੇ ਭੈਰੋਵਾਲ ਦੀ ਸੰਧੀ ਦੀਆਂ ਉਹ ਧਾਰਾਵਾਂ ਭੁਲਾ ਦੇਣ 'ਚ ਬਿਹਤਰੀ ਸਮਝੀ ਜਿਸ ਅਨੁਸਾਰ ਦਰਬਾਰ ਦੇ ਖ਼ਰਚ 'ਤੇ ਰੱਖੀ ਹੋਈ ਅੰਗਰੇਜ਼ੀ ਸੈਨਾ ਉਚੇਚੀ ਮੁਲਕ ਵਿੱਚ ਸ਼ਾਂਤੀ ਕਾਇਮ ਕਰਨ ਲਈ ਹੀ ਰੱਖੀ ਗਈ ਸੀ।

ਕੌਂਸਲ ਦੇ ਮੈਂਬਰਾਂ ਨੇ ਸਥਿਤੀ ਨਾਲ ਨਜਿੱਠਣ ਲਈ ਆਪਣੀ ਅਸਮੱਰਥਾ ਪ੍ਰਗਟ ਕੀਤੀ।[3] ਲਾਰਡ ਡਲਹੌਜ਼ੀ ਤੇ ਉਹਦੇ ਸੈਨਾਪਤੀ ਨੇ ਇਹ ਦਲੀਲ ਦਿੱਤੀ ਕਿ ਮੈਦਾਨਾਂ

---

3. ਸਰਦਾਰ ਕਲ ਸਵੇਰੇ ਆਏ ਤੇ ਮੇਰੇ ਵੱਲੋਂ ਬਗਾਵਤ ਦਬਾਉਣ ਲਈ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਇਹ ਕਹੇ ਜਾਣ ਤੇ ਕਿ ਉਹ ਆਪਣੀ ਸਰਕਾਰ ਦੀ ਆਪਣੇ ਸਾਧਨਾਂ ਨਾਲ ਰੱਖਿਆ ਕਰਨ, ਉਹ ਫਿਰ ਆਪਸੀ ਸਲਾਹ ਮਸ਼ਵਰੇ ਲਈ ਚਲੇ ਗਏ। ਕਾਫ਼ੀ ਵਿਚਾਰ ਕਰਨ ਤੋਂ ਪਿੱਛੋਂ ਉਹਨਾਂ ਨੇ ਦੀਵਾਨ ਮੂਲਰਾਜ ਦੇ ਮੁਲਤਾਨ ਵਿੱਚ ਵਿਦ੍ਰੋਹ ਨੂੰ ਦਬਾਉਣ ਲਈ ਤੇ ਦੋਸ਼ੀਆਂ ਨੂੰ ਦੰਡ ਦੇਣ ਲਈ ਅੰਗਰੇਜ਼ੀ ਸੈਨਾ ਤੋਂ ਬਿਨਾਂ ਅਸਮਰਥਤਾ ਪ੍ਰਗਟ ਕੀਤੀ। ਜੋ ਕੁਝ ਹੋਇਆ ਹੈ, ਮੈਂ ਮਹਿਸੂਸ ਕਰਦਾ ਹਾਂ ਜੇ ਉਸ ਪਿੱਛੋਂ ਵੀ ਸੁਆਲ ਸਿਰਫ਼ ਸਿੱਖ ਸਰਕਾਰ ਨੂੰ ਕਾਇਮ ਰੱਖਣ ਤੇ ਸ਼ਾਂਤੀ ਸਥਾਪਿਤ ਕਰਨ ਦਾ ਹੈ ਤਾਂ ਸਾਡੇ ਲਈ ਉੱਚਿਤ ਨਹੀਂ ਹੋਵਗਾ ਕਿ ਅਸੀਂ ਅਜਿਹੇ ਕੰਮ ਲਈ ਅੰਗਰੇਜ਼ੀ ਲਹੂ ਤੇ ਧਨ ਬਰਬਾਦ ਕਰੀਏ।" ਕਰੀ ਡਲਹੌਜ਼ੀ ਨੂੰ 27 ਅਪ੍ਰੈਲ 1848, ਪੱਤਰ 139। ਬੀ.ਕੇ. 178, ਪੰਜਾਬ ਗੌਰਮਿੰਟ ਰੀਕਾਰਡਜ਼।

ਵਿੱਚ ਲੜਾਈ ਲੜਨ ਦਾ ਇਹ ਠੀਕ ਸਮਾਂ ਨਹੀਂ ਸੀ।[4] ਉਹ ਰੈਜ਼ੀਡੈਂਟ ਨਾਲ ਸਹਿਮਤ ਸਨ ਕਿ ਪਹਿਲਾਂ ਹਾਲਾਤ ਵਿਗੜ ਦਿੱਤੇ ਜਾਣ ਤੇ ਫਿਰ ਇਹਨਾਂ ਨੂੰ ਆਪਣੇ ਲਾਭ ਲਈ ਵਰਤਿਆ ਜਾਵੇ।[5]

ਰੈਜ਼ੀਡੈਂਟ ਨੇ ਬਗ਼ਾਵਤ ਦੇ ਭਾਂਬੜਾਂ ਨੂੰ ਭੜਕਾਉਣ ਦੀ ਪੂਰੀ ਵਾਹ ਲਾਈ। ਰਾਣੀ ਜ਼ਿੰਦਾਂ ਜੋ ਸ਼ੇਖ਼ੂਪੁਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਸੀ ਤੇ ਜੋ ਬ੍ਰਾਹਮਣਾਂ ਨੂੰ ਭੋਜਨ ਛਕਾਉਣ ਅਤੇ ਨਜੂਮੀਆਂ ਤੋਂ ਟੇਵੇ ਲੁਆਕੇ ਪੈਸੇ ਖ਼ਰਚ ਕਰਨ ਤੋਂ ਬਿਨਾਂ ਕੁਝ ਵੀ ਨਹੀਂ ਕਰਦੀ ਸੀ, ਉਸ ਨੂੰ ਪੰਜਾਬ 'ਚੋਂ ਜਲਾਵਤਨ ਕਰਨ ਦੇ ਹੁਕਮ ਦੇ ਦਿੱਤੇ ਗਏ। ਰੈਜ਼ੀਡੈਂਟ ਦਾ ਵਿਸ਼ਵਾਸ ਸੀ ਕਿ "ਭਾਵੇਂ ਉਹਦੇ ਦੋਸ਼ ਦਾ ਕੋਈ ਕਾਨੂੰਨੀ ਸਬੂਤ ਨਾ ਮਿਲੇ ਪਰ ਦੇਸੀ ਸਿਪਾਹੀਆਂ ਦੀ ਵਫ਼ਾਦਾਰੀ ਨੂੰ ਪ੍ਰਭਾਵਿਤ ਕਰਨ ਲਈ ਉਹ ਸਾਜ਼ਿਸ਼ ਵਿੱਚ ਸ਼ਾਮਿਲ ਸੀ।"[6] ਰੀਜੈਂਸੀ ਕੌਂਸਲ ਜੋ ਅੰਗਰੇਜ਼ਾਂ ਸਾਮ੍ਹਣੇ ਨਰਮ ਅਤੇ ਝੁਕਣ ਵਾਲੀ ਸੀ, ਉਸ ਦੀ ਸਰਬ-ਸੰਮਤੀ ਨਾਲ ਇਸ ਹੁਕਮ ਦੀ ਵਿਰੋਧਤਾ ਕਰਨ ਦੇ ਬਾਵਜੂਦ ਇਸ ਹੁਕਮ ਨੂੰ ਸਖ਼ਤੀ ਨਾਲ ਲਾਗੂ ਕੀਤਾ ਗਿਆ। ਜ਼ਿੰਦਾਂ ਨੂੰ ਭਾਰੀ ਸੁਰੱਖਿਆ ਗਾਰਦ ਅਧੀਨ ਬਨਾਰਸ ਭੇਜ ਦਿੱਤਾ ਗਿਆ ਤੇ ਉਸ ਦਾ ਭੱਤਾ ਹੋਰ ਘਟਾ ਕੇ ਇਕ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਕਰ ਦਿੱਤਾ ਗਿਆ।

---

4. ਜੋ ਕੁਝ ਗਵਰਨਰ ਜਨਰਲ ਤੇ ਰੈਜ਼ੀਡੈਂਟ ਦੇ ਦਿਮਾਗ਼ ਦੀ ਸੋਚ ਸੀ, ਉਸ ਦੀ ਸਾਰੇ ਅੰਗਰੇਜ਼ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਸੀ। ਹਰਬਰਟ ਐਡਵਰਡਜ਼ ਨੇ ਵਿਰੋਧ ਪ੍ਰਗਟ ਕਰਦਿਆਂ ਕਿਹਾ, "ਹਿੰਦੁਸਤਾਨ ਦੇ ਇਤਿਹਾਸ ਵਿੱਚ ਕਈ ਔਖੀਆਂ ਤੇ ਭਿਆਨਕ ਲੜਾਈਆਂ ਗਰਮੀ ਦੇ ਮੌਸਮ ਵਿੱਚ ਹੀ ਲੜੀਆਂ ਗਈਆਂ ਸਨ। ਤੇ ਆਦਮੀ ਦਿਮਾਗ਼ ਤੋਂ ਵਧੇਰੇ ਕੰਮ ਲੈਣ ਨਾਲ ਬਿਮਾਰ ਨਹੀਂ ਹੋ ਜਾਂਦੇ। ਇਕ ਦਲੀਲ ਇਹ ਵੀ ਵਿਚਾਰਨ ਵਾਲੀ ਹੈ ਤੇ ਬੜੀ ਜ਼ੋਰਦਾਰ ਹੈ ਕਿ ਇਹ ਮਾਮਲਾ ਸਾਨੂੰ ਹੀ ਨਜਿੱਠਣਾ ਚਾਹੀਦਾ ਹੈ। ਸਾਡੀ ਰਾਸ਼ਟਰੀ ਪ੍ਰਤਿਗਿਆ ਜੋ ਸੰਧੀ ਵਿੱਚ ਕੀਤੀ ਗਈ ਹੈ, ਉਹਦੀ ਮੰਗ ਹੈ ਕਿ ਅਸੀਂ ਬਾਲ ਦਲੀਪ ਦੇ ਰਾਜ ਦੀ ਰੱਖਿਆ ਲਈ ਆਪਣੀ ਸ਼ਕਤੀ ਅਨੁਸਾਰ ਸਭ ਕੁਝ ਕਰੀਏ। ਜੇ ਸਾਡੀ ਇਹੋ ਇੱਛਾ ਹੈ ਕਿ ਅਸੀਂ ਮੁਲਕ ਹੜੱਪਣਾ ਹੈ ਤੇ ਤਖ਼ਤ ਪਲਟਣਾ ਹੈ ਤਾਂ ਸਾਨੂੰ ਮੁਲਤਾਨ ਉੱਪਰ ਸਿਰਫ਼ ਸਿੱਖ ਫ਼ੌਜ ਭੇਜਣ ਤੇ ਜ਼ੋਰ ਦੇਣਾ ਚਾਹੀਦਾ ਹੈ। ਏਕਤਾ ਦੀ ਥਾਂ ਗੱਦਾਰੀ ਲੈ ਲਵੇਗੀ; ਗ਼ੱਦਾਰੀ ਦਾ ਸਿੱਟਾ ਕੌਮੀ ਬਗ਼ਾਵਤ ਵਿੱਚ ਨਿਕਲੇਗਾ; ਤੇ ਫਿਰ ਬਗ਼ਾਵਤ ਮਗਰੋਂ ਆਤਮ-ਰੱਖਿਆ ਦੇ ਬਹਾਨੇ ਪੰਜਾਬ 'ਤੇ ਅਧਿਕਾਰ ਇਸ ਸਿਲਸਿਲੇ ਦਾ ਅਟੱਲ ਸਿੱਟਾ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਜਾਣਦੇ ਹੋਏ ਵੀ ਅਣਜਾਣ ਬਣ ਕੇ ਅਸੀਂ ਆਪਣੇ ਆਪ ਨੂੰ ਦੋਸ਼ ਮੁਕਤ ਕਰ ਲਵਾਂਗੇ, ਪਰ ਨਾ ਪਰਮਾਤਮਾ ਤੇ ਨਾ ਹੀ ਸਾਡੀ ਜ਼ਮੀਰ ਸਾਨੂੰ ਬਰੀ ਕਰੇਗੀ।' ਐਡਵਰਡਜ਼ ਕਰੀ ਨੂੰ 4 ਮਈ, 1848 ਐਲ 44/BK 191. ਪੀ.ਜੀ. ਆਰ.
5. ਭਾਰਤ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦਾ ਫੋੜਾ ਪੱਕ ਜਾਵੇ ਤੇ ਫਿਰ ਇਸ ਨੂੰ ਅਗਲੀਆਂ ਸਰਦੀਆਂ ਵਿੱਚ ਨੇਜ਼ਾ ਮਾਰ ਕੇ ਚੀਰਾ ਦੇ ਦੇਈਏ। (ਥੋਰਬਰਨ, ਪੰਜਾਬ ਇਨ ਪੀਸ ਐਂਡ ਵਾਰ, ਪੰਨਾ 101)
6. ਇਸ ਸਾਜ਼ਿਸ਼ ਵਿੱਚ ਤਿੰਨ ਆਦਮੀ ਫਾਂਸੀ ਲਾਏ ਗਏ। ਜ਼ਿੰਦਾਂ ਵਿਰੁੱਧ ਸਬੂਤ ਫਾਹੇ ਲਾਏ ਗਏ ਇਕ ਆਦਮੀ ਦਾ, ਮੌਤ ਤੋਂ ਪਹਿਲਾਂ ਦਿੱਤਾ ਇਕ ਬਿਆਨ ਸੀ। ਉਸ ਨੇ ਜ਼ਿੰਦਾਂ ਦੇ ਮੂਲਰਾਜ ਕੋਲ ਭੇਜੇ ਗਏ ਏਜੰਟ ਕਾਨ੍ਹ ਸਿੰਘ ਨੂੰ ਇਸ ਵਿੱਚ ਵਲ੍ਹੇਟਿਆ। ਗਵਰਨਰ ਜਨਰਲ ਨੇ ਉਸ ਦੇ ਬਿਆਨ ਦਾ ਇਹ ਹਿੱਸਾ ਸਹੀ ਨਹੀਂ ਮੰਨਿਆ ਸੀ।

ਪੰਜਾਬ ਵਿੱਚ ਗ਼ੁੱਸੇ ਦੀ ਲਹਿਰ ਫੈਲ ਗਈ। ਮੁਲਤਾਨ ਵਿਦਰੋਹ ਦੇ ਸਮੇਂ ਸ਼ਾਇਦ ਇਕ ਵੀ ਆਦਮੀ ਰਾਣੀ ਦੇ ਕਹਿਣ 'ਤੇ ਬੰਦੂਕ ਨਾ ਉਠਾਉਂਦਾ; ਪਰ ਉਹਦੇ ਰਿਆਸਤ ਵਿੱਚੋਂ ਜਲਾਵਤਨ ਕੀਤੇ ਜਾਣ ਦੇ ਇਕ ਹਫ਼ਤਾ ਮਗਰੋਂ ਹੀ, ਬਹੁਤ ਥੋੜ੍ਹੇ ਹੀ ਹੋਣਗੇ ਜੋ ਉਹਦੀ ਖ਼ਾਤਰ ਜਾਨਾਂ ਵਾਰਨ ਲਈ ਤਿਆਰ ਨਹੀਂ ਹੋਏ ਹੋਣਗੇ। ਰੈਜ਼ੀਡੈਂਟ ਨੇ ਗਵਰਨਰ ਜਨਰਲ ਨੂੰ ਪੱਤਰ ਵਿੱਚ ਇਹ ਮੰਨਿਆ, "ਮਹਾਰਾਣੀ ਨੂੰ ਦੂਰ ਭੇਜੇ ਜਾਣ ਤੇ ਖ਼ਾਲਸਾ ਸੈਨਿਕ ਬਹੁਤ ਬੇਚੈਨ ਹਨ ਕਿਉਂਕਿ ਉਹਦੇ ਜਾਣ ਪਿੱਛੋਂ ਤੇ ਦਲੀਪ ਸਿੰਘ ਸਾਡੇ ਹਵਾਲੇ ਹੋਣ ਕਾਰਨ ਉਹ ਹੁਣ ਕਿਸ ਦੀ ਖ਼ਾਤਰ ਤੇ ਕਿਸ ਦਾ ਰਾਜ ਕਾਇਮ ਰੱਖਣ ਲਈ ਲੜਾਈ ਕਰਨ।[7] ...ਅਫ਼ਗਾਨਿਸਤਾਨ ਦੇ ਅਮੀਰ ਦੋਸਤ ਮੁਹੰਮਦ ਨੇ ਵੀ ਪੰਜਾਬ ਦੇ ਲੋਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।[8]

ਰਾਣੀ ਦੀ ਜਲਾਵਤਨੀ ਨਾਲ ਦਰਬਾਰ ਦੇ ਪਤਵੰਤਿਆਂ ਦਾ ਅੰਗਰੇਜ਼ਾਂ ਵਿੱਚੋਂ ਵਿਸ਼ਵਾਸ ਘੱਟ ਗਿਆ। ਹੁਣ ਤੱਕ ਉਹ ਅੰਗਰੇਜ਼ਾਂ ਦੇ ਵਫ਼ਾਦਾਰ ਰਹੇ ਸਨ ਕਿਉਂਕਿ ਅੰਗਰੇਜ਼ਾਂ ਨੇ ਉਹਨਾਂ ਦੀ ਖ਼ਾਲਸਾ ਫ਼ੌਜ ਤੋਂ ਰੱਖਿਆ ਕੀਤੀ ਸੀ, ਤੇ ਉਹ ਉਹਨਾਂ ਦੇ ਅਧਿਕਾਰਾਂ ਤੇ ਜਾਗੀਰਾਂ ਦੇ ਜ਼ਾਮਨ ਬਣੇ ਸਨ।[9] ਪ੍ਰੰਤੂ ਰਾਣੀ ਦੀ ਜਲਾਵਤਨੀ ਤੇ ਉਹਦੇ ਨੇੜੇ ਸਮਝੇ ਜਾਣ ਵਾਲਿਆਂ ਦੀਆਂ ਜਾਗੀਰਾਂ[10] ਜ਼ਬਤ ਕਰਨ ਮਗਰੋਂ ਉਹਨਾਂ ਨੂੰ ਆਪਣੇ

---

7. ਕਰੀ ਵੱਲੋਂ ਈਲੀਅਟ ਨੂੰ 25 ਮਈ 1848 ਨੂੰ ਨੰਬਰ 515। ਡਬਲਯੂ.ਈ. 27.5.1848 ਪੀ.ਜੀ. ਆਰ। ਪਿਸ਼ਾਵਰ ਵਿੱਚ ਜਾਰਜ ਲਾਰੈਂਸ ਨੇ ਦੋ ਸਿੱਖ ਸਿਪਾਹੀਆਂ ਨੂੰ ਜਿੰਦਾਂ ਤੇ ਉਹਦੇ ਪੁੱਤਰ ਨੂੰ ਵੱਖ-ਵੱਖ ਰੱਖਣ ਬਾਰੇ ਗੱਲਬਾਤ ਕਰਦਿਆਂ ਦਾ ਉਲੇਖ ਕੀਤਾ ਹੈ : "ਉਹ ਹੈਰਾਨ ਸਨ ਕਿ ਕੀ ਅਸੀਂ ਬਾਲੜੇ ਮਹਾਰਾਜੇ ਨਾਲ ਠੀਕ ਵਿਹਾਰ ਕਰ ਰਹੇ ਹਾਂ।" ਇਕ ਨੇ ਉੱਤਰ ਦਿੱਤਾ, "ਹਾਂ, ਉਹ ਇਸ ਤਰ੍ਹਾਂ ਹੀ ਕਰ ਰਹੇ ਹਨ। ਉਹ ਆਪਣੇ ਵਾਅਦੇ ਦੇ ਪੱਕੇ ਹਨ।" ਪਰ ਦੂਸਰੇ ਨੇ ਕਿਹਾ, "ਅਫ਼ਸੋਸ! ਉਹ ਉਹਨਾਂ ਨੂੰ ਬਹੁਤ ਤੰਗ ਕਰ ਰਹੇ ਹਨ। ਕੀ ਉਹ ਸਹਿ ਸਕਣਗੇ ?" ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲਿਟੀਕਲ ਡਾਇਰੀਜ਼ 1846-49, IV, 397.
8. ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਵਿੱਚ ਅਸੰਤੋਸ਼ ਦਿਨੋ-ਦਿਨ ਵਧ ਰਿਹਾ ਹੈ। ਕੁਝ ਨੂੰ ਨੌਕਰੀਆਂ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਕੁਝ ਨੂੰ ਹਿੰਦੁਸਤਾਨ ਵਿੱਚ ਜਲਾਵਤਨ ਕਰ ਦਿੱਤਾ ਗਿਆ ਹੈ, ਖ਼ਾਸ ਕਰਕੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਜਿਸ ਨੂੰ ਕੈਦ ਕੀਤਾ ਹੋਇਆ ਹੈ ਤੇ ਉਸ ਨਾਲ ਦੁਰਵਿਹਾਰ ਕੀਤਾ ਗਿਆ ਹੈ। ਅਜਿਹੇ ਸਲੂਕ ਨੂੰ ਹਰ ਧਰਮ ਵਿੱਚ ਨਿੰਦਣਯੋਗ ਸਮਝਿਆ ਜਾਂਦਾ ਹੈ ਤੇ ਇਸ ਨਾਲੋਂ ਤਾਂ ਭਾਵੇਂ ਕੋਈ ਗ਼ਰੀਬ ਹੋਵੇ ਜਾਂ ਅਮੀਰ, ਮੌਤ ਨੂੰ ਚੰਗਾ ਸਮਝਦਾ ਹੈ।" ਦੋਸਤ ਮੁਹੰਮਦ ਕਪਤਾਨ ਐਬਟ ਨੂੰ, ਸਹਿ ਪੱਤਰ 15, ਨੰ: 44, ਪਾਰਲੀਮੈਂਟਰੀ ਪੇਪਰਜ਼, 1847-49.
9. ਜੂਨ 1848 ਵਿੱਚ ਕਰੀ ਨੇ ਗਵਰਨਰ ਜਨਰਲ ਨੂੰ ਲਿਖਿਆ, "ਸਰਦਾਰ ਤਾਂ ਵਫ਼ਾਦਾਰ ਹਨ ਪਰ ਮੈਂ ਜਾਣਦਾ ਹਾਂ, ਸੈਨਿਕ ਨਹੀਂ।" ਐਡਵਰਡ ਨੇ ਵੀ ਇਹੋ ਵਿਚਾਰ ਪ੍ਰਗਟਾਏ। "ਜਿੱਥੋਂ ਤੱਕ ਸਰਦਾਰਾਂ ਦਾ ਸੰਬੰਧ ਹੈ, ਮੇਰਾ ਵਿਸ਼ਵਾਸ ਹੈ, ਉਹ ਤਨੋਂ-ਮਨੋਂ ਸਾਡੇ ਨਾਲ ਹਨ ਕਿਉਂਕਿ ਅਸੀਂ ਜਾਗੀਰਾਂ, ਖਿਤਾਬਾਂ, ਨੌਕਰੀਆਂ ਤੇ ਹਰ ਪੱਖੋਂ ਉਹਨਾਂ ਦੇ ਹਿਮਾਇਤੀ ਹਾਂ। ਪਰ ਉਹਨਾਂ ਦੀ ਫ਼ੌਜ, ਮੈਂ ਪੂਰੇ ਭਰੋਸੇ ਨਾਲ ਸੂਚਿਤ ਕਰਦਾ ਹਾਂ, ਸਭ ਦੇ ਸਭ ਸਾਡੇ ਵਿਰੁੱਧ ਹਨ।"
10. ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲਿਟੀਕਲ ਡਾਇਰੀਜ਼, 1846-49, IV, 562.

ਰਖਿਅੱਕਾਂ ਪ੍ਰਤੀ ਆਪਣੇ ਵਤੀਰੇ ਉੱਪਰ ਵੀ ਸੰਦੇਹ ਹੋਣ ਲੱਗਾ। ਸਭ ਤੋਂ ਵਧੇਰੇ ਬੇਚੈਨ ਅਟਾਰੀਵਾਲਾ ਘਰਾਣਾ ਸੀ ਕਿਉਂਕਿ ਚਤਰ ਸਿੰਘ ਦੀ ਲੜਕੀ ਦੀ ਮਹਾਰਾਜਾ ਦਲੀਪ ਸਿੰਘ ਨਾਲ ਮੰਗਣੀ ਹੋਈ ਸੀ। ਉਹਨਾਂ ਨੇ ਇਸ ਉਮੀਦ ਤੇ ਜਿੰਦਾਂ ਨਾਲ ਜ਼ਿਆਦਤੀਆਂ ਬਰਦਾਸ਼ਤ ਕੀਤੀਆਂ ਕਿ ਜੇ ਸਭ ਕੁਝ ਠੀਕ ਰਿਹਾ ਤਾਂ ਇਕ ਦਿਨ ਅਟਾਰੀਵਾਲਿਆਂ ਦੀ ਲੜਕੀ ਪੰਜਾਬ ਦੀ ਮਹਾਰਾਣੀ ਬਣੇਗੀ। ਭਾਵੇਂ ਦੋਵਾਂ ਨੇ ਹੀ, ਬਜ਼ੁਰਗ ਚਤਰ ਸਿੰਘ ਨੇ ਜੋ ਉੱਤਰ ਪੱਛਮੀ ਸੀਮਾਂਤ ਜ਼ਿਲ੍ਹਿਆਂ ਦਾ ਨਾਜ਼ਿਮ ਸੀ ਤੇ ਉਹਦੇ ਲੜਕੇ ਸ਼ੇਰ ਸਿੰਘ ਨੇ ਜੋ ਰੀਜੈਂਸੀ ਕੌਂਸਲ ਦਾ ਮੈਂਬਰ ਸੀ, ਚੁੱਪਚਾਪ ਰਾਣੀ ਜਿੰਦਾਂ ਦੀ ਜਲਾਵਤਨੀ ਪ੍ਰਵਾਨ ਕਰ ਲਈ ਸੀ, ਹੁਣ ਉਹ ਵੀ ਸ਼ੱਕ ਕਰਨ ਲੱਗ ਪਏ ਸਨ ਕਿ ਮਹਾਰਾਜਾ ਦਲੀਪ ਸਿੰਘ ਦੇ ਬਾਲਗ਼ ਹੋਣ ਤੇ ਅੰਗਰੇਜ਼ਾਂ ਦੀ ਉਸ ਨੂੰ ਉਸ ਦਾ ਰਾਜ ਸੌਂਪ ਦੇਣ ਦੀ ਕੋਈ ਨੀਤ ਨਹੀਂ ਸੀ।

ਇਸ ਵਿਦਰੋਹ ਨੂੰ ਜਾਣ-ਬੁੱਝ ਕੇ ਨਾ ਦਬਾਉਣ ਦੀ ਨੀਤੀ ਹੇਠਲੀ ਪੱਧਰ ਦੇ ਅਧੀਨ ਅਫ਼ਸਰਾਂ ਤੱਕ ਰਿਸ ਕੇ ਨਹੀਂ ਪਹੁੰਚੀ ਸੀ ਤੇ ਅਜਿਹੇ ਅਫ਼ਸਰਾਂ ਤੋਂ ਬਹੁਤ ਸਾਹਸ ਵਾਲਾ ਲਫਟੈਣ ਐਡਵਰਡਜ਼ ਸੀ ਜਿਸ ਬਾਰੇ ਅਸੀਂ ਜਾਣਦੇ ਹਾਂ ਕਿ ਉਸ ਨੂੰ ਡੇਰਾ ਫਤਿਹ ਖ਼ਾਂ ਵਿੱਚ ਵੈਨਜ਼ ਐਗਨੀਊ ਦਾ ਪੱਤਰ ਮਿਲਿਆ ਸੀ। ਉਸ ਨੇ ਉੱਪਰਲੇ ਹੁਕਮਾਂ ਦੀ ਉਡੀਕ ਨਹੀਂ ਸੀ ਕੀਤੀ[11] ਸਗੋਂ ਉਸ ਨੇ ਮੁਲਤਾਨ ਉੱਪਰ ਹਮਲਾ ਕਰਨ ਲਈ ਵਾਨ ਕੋਰਟਲੈਂਡ ਨੂੰ ਵੀ ਲਿਖਿਆ ਕਿ ਉਹ ਉਸ ਕੋਲ ਸੈਨਾ ਲੈ ਕੇ ਪਹੁੰਚ ਜਾਵੇ। ਜਾਂਦਿਆਂ ਹੋਇਆਂ ਰਾਹ ਵਿੱਚੋਂ ਉਸ ਨੇ ਮੁਲਤਾਨ ਦੇ ਆਂਢ ਗੁਆਂਢ ਦੇ ਮੁਸਲਮਾਨ ਕਬੀਲਿਆਂ 'ਚੋਂ ਲੜਾਈ ਲਈ ਫ਼ੌਜੀ ਭਰਤੀ ਕੀਤੀ। ਉਸ ਨੇ ਸਿੰਧ ਪਾਰ ਕਰ ਕੇ ਲਈਯਾ ਉੱਪਰ ਅਧਿਕਾਰ ਕਰ ਲਿਆ। ਫਿਰ ਲਈਯਾ ਤੋਂ ਹਟ ਕੇ ਉਸ ਨੇ ਮੰਗਰੋਟਾ 'ਤੇ ਕਬਜ਼ਾ ਕੀਤਾ।[12] ਅੱਧ ਮਈ ਵਿੱਚ ਉਸ ਨੇ ਤੇ ਵਾਨ ਕੋਰਟਲੈਂਡ ਨੇ ਡੇਰਾ ਗਾਜ਼ੀ ਖ਼ਾਂ ਜਿੱਤ ਲਿਆ ਤੇ ਦੱਖਣ ਵੱਲੋਂ ਮੁਲਤਾਨ ਵੱਲ ਵਧੇ। ਐਡਵਰਡਜ਼ ਦੀ ਸਾਹਸੀ ਕਾਰਵਾਈ ਨਾਲ ਰੈਜ਼ੀਡੈਂਟ ਨੂੰ ਵੀ ਸ਼ਰਮਿੰਦਗੀ ਅਨੁਭਵ ਕਰਕੇ ਹਰਕਤ ਵਿੱਚ ਆਉਣਾ ਪਿਆ। ਉਸ ਨੇ ਜਨਰਲ ਵਿਸ਼ ਤੇ

---

11. ਲਾਰਡ ਗਫ ਜੋ ਗਰਮੀ ਦੀ ਰੁੱਤ ਵਿੱਚ ਲੜਨ ਤੋਂ ਹਿਚਕਚਾਉਂਦਾ ਸੀ, ਉਸ ਉੱਪਰ ਐਡਵਰਡਜ਼ ਦੀ ਟਿੱਪਣੀ ਨਿਰਸੰਕੋਚ ਤੇ ਸਪੱਸ਼ਟ ਹੈ, "ਇਹ ਤਾਂ ਇਸ ਤਰ੍ਹਾਂ ਸੀ ਕਿ ਜਿਵੇਂ ਕੋਈ ਫਰਾਂਸੀਸੀ ਸ਼ਰਾਬ ਦੀ ਦਾਅਵਤ ਤੇ ਦੁਪਹਿਰ ਦਾ ਖਾਣਾ ਅੱਗੇ ਪਾਉਣ ਲਈ ਮੂਲ ਰਾਜ ਨੂੰ ਵਧੇਰੇ ਪ੍ਰਵਾਨ ਯੋਗ ਤਾਰੀਖ ਮਿਥਣ ਲਈ ਆਖੇ'—ਡਬਲਯੂ. ਡਬਲਯੂ. ਹੰਟਰ, ਦੀ ਮਾਰਕਵਿੱਸ ਔਫ ਡਲਹੌਜ਼ੀ, ਪੰਨਾ 73.
 "ਦੋਆਬ ਬੇਰੁਜ਼ਗਾਰ ਭਾੜੇ ਦੇ ਪਠਾਨਾਂ ਨਾਲ ਭਰਿਆ ਪਿਆ ਹੈ ਤੇ ਉਹਨਾਂ ਨੂੰ ਕਿਲ੍ਹੇ ਵਿੱਚ ਜੀ ਆਇਆਂ ਕਹਿਣਾ ਬਿਨਾਂ ਸ਼ੱਕ ਕਿਲ੍ਹਿਆਂ ਦੀ ਰੱਖਿਆ ਕਰਨਾ ਹੈ। ਮੈਂ ਇਹ ਮੰਨਣ ਨੂੰ ਤਿਆਰ ਹਾਂ ਕਿ ਮੁਲਤਾਨ ਵਿੱਚ ਸਾਰੀ ਗੜਬੜ ਦੀਵਾਨ ਦੇ ਪਠਾਨ ਫ਼ੌਜੀਆਂ ਦੀ ਬੇਰੁਜ਼ਗਾਰੀ ਹੋ ਜਾਣ ਦੇ ਡਰ ਕਾਰਨ ਹੀ ਹੋਈ।" ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲਿਟੀਕਲ ਡਾਇਰੀਜ਼, 1847-49, V, 320.
12. 8 ਮਈ 1848 ਐਡਵਰਡਜ਼ ਨੂੰ ਰੈਜ਼ੀਡੈਂਟ ਵੱਲੋਂ 29 ਅਪ੍ਰੈਲ ਦਾ ਲਿਖਿਆ ਹੋਇਆ ਪੱਤਰ ਮਿਲਿਆ ਜਿਸ ਵਿੱਚ ਉਸ ਨੂੰ ਹੁਕਮ ਦਿੱਤਾ ਗਿਆ ਕਿ ਉਹ ਮੁਲਤਾਨ ਤੋਂ ਦੂਰ ਹੀ ਰਹੇ ਤੇ ਆਪਣੀ ਕਾਰਵਾਈ ਸਿੰਧ ਤੋਂ ਪਾਰ ਦੇ ਖੇਤਰ ਤੱਕ ਹੀ ਸੀਮਤ ਰੱਖੇ, ਉਹੀ, ਪੰਨਾ 322.

ਸ਼ੇਰ ਸਿੰਘ ਅਟਾਰੀਵਾਲਾ ਨੂੰ ਮੁਲਤਾਨ ਜਾਣ ਦਾ ਹੁਕਮ ਦਿੱਤਾ ਤੇ ਬਹਾਵਲਪੁਰ ਦੇ ਨਵਾਬ ਨੂੰ ਹਮਲਾ ਕਰਨ ਲਈ ਸਾਥ ਦੇਣ ਲਈ ਉਤਸਾਹਿਤ ਕੀਤਾ। ਮੂਲਰਾਜ ਨੇ ਬਹਾਵਲਪੁਰੀਆਂ ਨਾਲ 18 ਜੂਨ 1848 ਨੂੰ ਕਿਨੇਰੀ ਦੇ ਅਸਥਾਨ 'ਤੇ ਯੁੱਧ ਲੜਿਆ ਤੇ ਫਿਰ ਉਹ ਪਿੱਛੇ ਹਟ ਗਿਆ। ਐਡਵਰਡਜ਼ ਤੇ ਵਾਨ ਕੋਰਟਲੈਂਡ ਦੀਆਂ ਫ਼ੌਜਾਂ ਬਹਾਵਲਪੁਰੀਆਂ ਨਾਲ ਆ ਮਿਲੀਆਂ, ਮੂਲ ਰਾਜ ਦਾ ਪਿੱਛਾ ਕੀਤਾ ਤੇ ਉਸ ਨੂੰ 1 ਜੁਲਾਈ 1848 ਨੂੰ ਸਦੋਸਮ ਦੇ ਅਸਥਾਨ 'ਤੇ ਇਕ ਹੋਰ ਹਾਰ ਦਿੱਤੀ। ਮੂਲ ਰਾਜ ਮਜਬੂਰ ਹੋ ਕੇ ਮੁਲਤਾਨ ਵੱਲ ਪਿੱਛੇ ਹਟ ਗਿਆ। ਦਰਬਾਰ ਦੀਆਂ ਫ਼ੌਜਾਂ ਦੇ ਉੱਤਰ ਵੱਲੋਂ ਆਉਣ ਨਾਲ ਅਤੇ ਲੇਕ, ਐਡਵਰਡਜ਼ ਤੇ ਵਾਨ ਕੋਰਟਲੈਂਡ ਦੀਆਂ ਸੈਨਾਵਾਂ ਦਾ ਦੱਖਣ ਵੱਲੋਂ ਉਹਦਾ ਪਿੱਛਾ ਕਰਨ ਨਾਲ ਜਾਪ ਰਿਹਾ ਸੀ ਕਿ ਮੂਲ ਰਾਜ ਦਾ ਸਮਾਂ ਹੁਣ ਖ਼ਤਮ ਹੋਣ ਵਾਲਾ ਸੀ।

ਘਿਰੇ ਹੋਏ ਦੀਵਾਨ ਦੀ ਸਹਾਇਤਾ ਲਈ ਭਾਈ ਮਹਾਰਾਜ ਸਿੰਘ ਆਇਆ। ਜਿੰਦਾਂ ਦੀ ਜਲਾਵਤਨੀ ਸਮੇਂ ਉਹ ਮਾਝੇ ਵਿੱਚ ਸਰਗਰਮ ਸੀ। ਜਦੋਂ ਉਸ ਨੇ ਮੁਲਤਾਨ ਵਿੱਚ ਵਿਦਰੋਹ ਬਾਰੇ ਸੁਣਿਆ ਤਾਂ ਉਹ ਆਪਣੇ ਪੈਰੋਕਾਰਾਂ ਨਾਲ ਦੱਖਣ ਵੱਲ ਤੁਰ ਪਿਆ। ਉਹਨਾਂ ਨੇ ਲੋਕਾਂ ਨੂੰ ਪੁਰਜ਼ੋਰ ਪ੍ਰੇਰਨਾ ਕੀਤੀ ਕਿ ਉਹ ਮੂਲ ਰਾਜ ਦੇ ਝੰਡੇ ਹੇਠ ਆ ਜਾਣ ਤੇ ਇਹ ਭਰੋਸਾ ਦੁਆਇਆ ਕਿ ਸੌ ਸਾਖੀ[13] ਵਿੱਚ ਲਿਖਿਆ ਹੋਇਆ ਕਿ ਖਾਲਸਾ 1848 ਈ: (ਸੰਮਤ 1905) ਪੰਜਾਬ ਦੀ ਹਕੂਮਤ ਦਾ ਮਾਲਕ ਬਣੇਗਾ, ਪ੍ਰਭੂਤਾ ਗ੍ਰਹਿਣ ਕਰੇਗਾ।

ਭਾਈ ਮਹਾਰਾਜ ਸਿੰਘ ਦਾ ਪਿੱਛਾ ਕਰਨ ਲਈ ਦਰਬਾਰ ਦੀਆਂ ਫ਼ੌਜਾਂ ਭੇਜੀਆਂ ਗਈਆਂ। ਇਹਨਾਂ ਨੇ ਉਸ ਨੂੰ ਚਨਾਬ ਦਰਿਆ ਦੇ ਨੇੜੇ ਆ ਘੇਰਿਆ ਤੇ ਉਸ ਦੇ ਬਹੁਤ ਸਾਰੇ ਪੈਰੋਕਾਰਾਂ ਨੂੰ ਮਾਰ ਮੁਕਾਇਆ। ਭਾਈ ਬਚ ਕੇ ਨਿਕਲ ਗਿਆ ਤੇ ਮੂਲ ਰਾਜ ਨਾਲ ਜਾ ਕੇ ਮਿਲ ਗਿਆ। ਉਸ ਦੇ ਪਹੁੰਚਣ ਨਾਲ ਉਤਸ਼ਾਹਹੀਣ ਦੀਵਾਨ ਹੌਸਲੇ ਵਿੱਚ ਹੋ ਗਿਆ ਜੋ ਇਕ ਹਿਚਕਚਾਂਦੇ ਵਿਦਰੋਹੀ ਤੋਂ ਕੌਮੀ ਪੱਧਰ ਦਾ ਨਾਇਕ ਬਣ ਗਿਆ। ਇਕ ਸਥਾਨਕ ਬਗ਼ਾਵਤ ਆਜ਼ਾਦੀ ਦੀ ਲੜਾਈ ਵਿੱਚ ਤਬਦੀਲ ਹੋ ਗਈ। ਸਾਰੇ ਪੰਜਾਬ ਵਿੱਚੋਂ ਫ਼ੌਜ ਵੱਲੋਂ ਮੂਲ ਰਾਜ ਦੇ ਸਮਰਥਨ ਦੀਆਂ ਖ਼ਬਰਾਂ ਪਹੁੰਚ ਗਈਆਂ।

ਅਟਾਰੀਵਾਲੇ ਉਸ ਸਮੇਂ ਹੀ ਅੰਗਰੇਜ਼ਾਂ ਦੇ ਵਿਰੁੱਧ ਹੋਏ ਜਦੋਂ ਉਹਨਾਂ ਦਾ ਸ਼ੱਕ ਯਕੀਨ ਵਿੱਚ ਬਦਲ ਗਿਆ ਕਿ ਅੰਗਰੇਜ਼ਾਂ ਦਾ ਭੈਰੋਵਾਲ ਦੀ ਸੰਧੀ ਦੀਆਂ ਸ਼ਰਤਾਂ 'ਤੇ ਅਮਲ ਕਰਨ ਦਾ ਕੋਈ ਇਰਾਦਾ ਨਹੀਂ। ਸ਼ੇਰ ਸਿੰਘ ਨੇ ਆਪਣੇ ਪਿਤਾ ਦੇ ਕਹਿਣ 'ਤੇ

---

13. ਗੁਰੂ ਗੋਬਿੰਦ ਸਿੰਘ ਨਾਲ ਸਬੰਧਿਤ ਭਵਿੱਖਬਾਣੀਆਂ ਦੇ ਅਨੇਕਾਂ ਸੰਗ੍ਰਹਿਆਂ ਦੇ ਵੱਖ-ਵੱਖ ਉਤਾਰਿਆਂ ਨੇ ਸਿੱਖਾਂ ਨੂੰ ਬਿਪਤਾ ਵਿੱਚ ਪਾਇਆ ਹੈ। ਇਸ ਪੁਸਤਕ ਦੇ ਵੱਖ-ਵੱਖ ਸੰਸਕਰਨਾਂ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਕੇ 1857 ਦੇ ਵਿਦਰੋਹ ਵਿੱਚ ਇਹਨਾਂ ਦਾ ਪ੍ਰਚਾਰ ਕੀਤਾ ਗਿਆ। (ਉਹਨਾਂ ਵਿੱਚ ਭਵਿੱਖਬਾਣੀ ਕੀਤੀ ਗਈ ਸੀ ਕਿ ਸਿੱਖ ਤੇ ਅੰਗਰੇਜ਼ ਮਿਲ ਕੇ ਮੁਗਲਾਂ 'ਤੇ ਜਿੱਤ ਪ੍ਰਾਪਤ ਕਰਨਗੇ); ਨਾਮਧਾਰੀਆਂ ਨੇ 1860 ਵਿੱਚ ਇਸ ਦਾ ਪ੍ਰਚਾਰ ਕੀਤਾ ਕਿ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਹੈ ਤੇ ਉਹ ਹਿੰਦੁਸਤਾਨ ਦਾ ਅਗਲਾ ਹਾਕਮ ਹੈ; 1880 ਈ: ਵਿੱਚ ਦਲੀਪ ਸਿੰਘ ਦੇ ਸਮਰਥਕਾਂ ਨੇ ਦਾਅਵਾ ਕੀਤਾ ਕਿ ਉਹ ਰੂਸੀਆਂ ਦੇ ਸਮਰਥਨ ਨਾਲ ਉਹ ਪੰਜਾਬ ਦਾ ਮਹਾਰਾਜਾ ਬਣੇਗਾ। ਸੌ ਸਾਖੀ ਦੇ ਨਵੇਂ ਸੰਸਕਰਨ ਪਖੰਡੀਆਂ ਦੇ ਦਾਅਵਿਆਂ ਦੇ ਸਮਰਥਨ ਵਿੱਚ ਨਿਕਲਦੇ ਜਾਂ ਕੱਢੇ ਜਾਂਦੇ ਰਹੇ ਹਨ।

ਲਫਟੈਣ ਐਡਵਰਡਜ਼ ਨੂੰ ਰੈਜ਼ੀਡੈਂਟ ਨੂੰ ਦਲੀਪ ਸਿੰਘ ਦੇ ਵਿਆਹ ਦੀ ਤਾਰੀਖ ਨਿਸ਼ਚਿਤ ਕਰਨ ਵਾਸਤੇ ਲਿਖਣ ਲਈ ਪ੍ਰੇਰਿਆ।

ਅਟਾਰੀਵਾਲਿਆਂ ਨੇ ਮਹਿਸੂਸ ਕੀਤਾ ਕਿ ਉਹਨਾਂ ਦੀ ਪ੍ਰਤੀਕ੍ਰਿਆ ਤੋਂ ਪਤਾ ਲੱਗ ਜਾਵੇਗਾ ਕਿ ਅੰਗਰੇਜ਼ ਅਧਿਕਾਰੀਆਂ ਦੇ ਦਿਮਾਗ਼ ਵਿੱਚ ਕੀ ਖਿਚੜੀ ਪੱਕ ਰਹੀ ਸੀ। ਰੈਜ਼ੀਡੈਂਟ ਨੇ ਇਸ ਬਾਰੇ ਵਿਚਾਰ ਕਰਨ ਦਾ ਇਕਰਾਰ ਕੀਤਾ ਪਰ ਉਸ ਨੇ ਚਿੱਠੀ ਨੂੰ ਉਹਨਾਂ ਸ਼ਬਦਾਂ ਨਾਲ ਖ਼ਤਮ ਕੀਤਾ ਜਿਸ ਨਾਲ ਅਟਾਰੀਵਾਲਿਆਂ ਨੂੰ ਕੋਈ ਵਿਸ਼ਵਾਸ ਨਹੀਂ ਹੋ ਸਕਦਾ ਸੀ। ਉਸ ਨੇ ਲਿਖਿਆ, "ਮੈਂ ਨਹੀਂ ਸਮਝਦਾ ਕਿ ਮਹਾਰਾਜੇ ਦੇ ਵਿਆਹ ਦੀਆਂ ਰਸਮਾਂ ਦੀ ਕਾਰਵਾਈ ਦਾ ਸਰਕਾਰ ਦੀ ਉਸ ਨੀਤੀ ਨਾਲ ਕੀ ਸਬੰਧ ਹੋ ਸਕਦਾ ਹੈ ਜਾਂ ਇਹ ਕੀ ਸੰਕੇਤ ਦੇ ਸਕਦੀ ਹੈ ਜੋ ਸਰਕਾਰ ਹੁਣ ਜਾਂ ਭਵਿੱਖ ਵਿੱਚ ਪੰਜਾਬ ਦੇ ਰਾਜ ਪ੍ਰਬੰਧ ਬਾਰੇ ਅਪਣਾਉਣਾ ਠੀਕ ਸਮਝੇ।"[14]

ਇਸ ਗ਼ੈਰ ਤਸੱਲੀਬਖ਼ਸ਼ ਉੱਤਰ ਪਿੱਛੋਂ ਚਤਰ ਸਿੰਘ ਅਟਾਰੀਵਾਲਾ ਤੇ ਕੈਪਟਨ ਐਬਟ, ਜੋ ਉਸ ਦਾ ਸਹਾਇਕ ਸੀ, ਦੇ ਸਬੰਧ ਵਿਗੜ ਗਏ। 1848 ਅਗਸਤ ਵਿੱਚ ਬਿਨਾਂ ਉਕਸਾਹਟ ਦੇ ਐਬਟ ਨੇ ਮੁਸਲਮਾਨ ਕਬੀਲਿਆਂ ਨੂੰ ਸਿੱਖਾਂ ਵਿਰੁੱਧ ਭੜਕਾਇਆ।[15] ਕਬਾਇਲੀਆਂ ਨੇ ਹਰੀਪੁਰ 'ਤੇ ਹਮਲਾ ਕਰਨ ਲਈ ਘੇਰਾ ਪਾ ਲਿਆ। ਆਪਣੀ ਰੱਖਿਆ ਲਈ ਚਤਰ ਸਿੰਘ ਅਟਾਰੀਵਾਲਾ ਨੇ ਦਰਬਾਰ ਦੇ ਅਮਰੀਕਨ ਅਫ਼ਸਰ ਕਰਨਲ ਕੈਨੋਰਾ ਨੂੰ ਉਸ ਲਈ ਕਿਲ੍ਹਾ ਖ਼ਾਲੀ ਕਰਨ ਦਾ ਹੁਕਮ ਦਿੱਤਾ। ਕਰਨਲ ਕੈਨੋਰਾ ਨੇ ਐਬਟ ਦੀ ਆਗਿਆ ਬਿਨਾਂ ਚਤਰ ਸਿੰਘ ਦੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ। ਚਤਰ ਸਿੰਘ ਨੇ ਆਪਣੀ ਸੈਨਾ ਨੂੰ ਬਲ ਪ੍ਰਯੋਗ ਕਰਕੇ ਕਿਲ੍ਹੇ 'ਤੇ ਅਧਿਕਾਰ ਕਰਨ ਦਾ ਹੁਕਮ ਦੇ ਦਿੱਤਾ। ਅਟਾਰੀਵਾਲੇ ਦੀਆਂ ਫ਼ੌਜਾਂ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕਰਦਾ ਹੋਇਆ ਕਨੋਰਾ ਮਾਰਿਆ ਗਿਆ। ਐਬਟ ਨੇ ਚਤਰ ਸਿੰਘ ਉੱਪਰ ਅਕਾਰਨ ਖ਼ੂਨ ਕਰਨ ਦਾ ਦੋਸ਼ ਲਾਇਆ। ਰੈਜ਼ੀਡੈਂਟ ਕਪਤਾਨ ਐਬਟ[16] ਨੂੰ ਝਾੜ ਪਾਉਣ ਲਈ ਮਜਬੂਰ ਹੋਇਆ

---

14. ਕਰੀ ਐਡਵਰਡਜ਼ ਨੂੰ, 3 ਅਗਸਤ 1848.
15. "ਮੈਂ ਉਹਨਾਂ ਨੂੰ ਆਪਣੇ ਮਾਰੇ ਗਏ ਮਾਪਿਆਂ, ਮਿੱਤਰਾਂ ਤੇ ਸਬੰਧੀਆਂ ਦੀ ਯਾਦ ਵਿੱਚ ਬਗ਼ਾਵਤ ਕਰਨ ਤੇ ਸਿੱਖ ਫ਼ੌਜ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਵਿੱਚ ਸਹਾਇਤਾ ਕਰਨ ਲਈ ਆਖਿਆ।" ਐਬਟ ਕਰੀ ਨੂੰ 17 ਅਗਸਤ 1848.
16. ਉਸ ਨੇ ਲਿਖਿਆ : "ਭਾਵੇਂ ਚਤਰ ਸਿੰਘ ਦੀ ਫ਼ੌਜ ਦੀ ਨੀਯਤ ਕੁਝ ਵੀ ਹੋਵੇ ਪਰ ਇਹ ਸਾਫ਼ ਹੈ ਕਿ ਉਹਨਾਂ ਨੇ ਉਦੋਂ ਤੱਕ ਸਪੱਸ਼ਟ ਤੌਰ 'ਤੇ ਕੋਈ ਬਗ਼ਾਵਤ ਨਹੀਂ ਕੀਤੀ ਜਦ ਤੱਕ ਤੁਸੀਂ ਹਥਿਆਰਬੰਦ ਕਿਸਾਨਾਂ ਨੂੰ ਛਾਉਣੀ ਵਿੱਚ ਸਿੱਖ ਸੈਨਿਕਾਂ ਨੂੰ ਘੇਰਨ ਲਈ ਨਾ ਉਕਸਾਇਆ। ਮੈਂ ਤੁਹਾਨੂੰ ਸੈਨਿਕ ਭਰਤੀ ਕਰਨ, ਆਪਾਤ ਸਥਿਤੀ ਦੇ ਸਮੇਂ ਤਨਖ਼ਾਹਦਾਰ ਸੈਨਿਕ ਰੱਖਣ, ਜਿਸ ਦਾ ਮੈਨੂੰ ਸਦਾ ਸ਼ੱਕ ਰਿਹਾ ਸੀ, ਇਖਤਿਆਰ ਨਹੀਂ ਦਿੱਤੇ ਸਨ। ਇਹ ਬਹੁਤ ਅਫ਼ਸੋਸਨਾਕ ਹੈ ਕਿ ਤੁਸੀਂ ਜਸੂਸਾਂ ਦੀਆਂ ਰਿਪੋਰਟਾਂ ਤੋਂ ਫ਼ੌਜਾਂ ਤੇ ਨਾਜ਼ਮ ਦੇ ਮਨੋਰਥਾਂ, ਵਫ਼ਾਦਾਰੀ ਤੇ ਭਾਵਨਾਵਾਂ ਦਾ ਅਨੁਮਾਨ ਲਾ ਲਿਆ ਜਿਹਨਾਂ ਦਾ ਹਾਲਾਤ ਦੀ ਗ਼ਲਤ ਜਾਣਕਾਰੀ ਦੇਣ ਵਿੱਚ ਭਾਵੇਂ ਕੋਈ ਹਿੱਤ ਹੋਵੇ। ਜੋ ਵੇਰਵੇ ਤੁਸੀਂ ਦਿੱਤੇ ਹਨ, ਉਹਨਾਂ ਵਿੱਚ ਕੋਈ ਵੀ ਐਸਾ ਨਹੀਂ ਹੈ ਜਿਸ ਤੋਂ ਤੁਹਾਡਾ ਕੁਮੇਦਾਨ ਕਨੋਰਾ ਦੀ ਮੌਤ ਨੂੰ ਕਤਲ ਕਹਿਣਾ ਉੱਚਿਤ ਹੋਵੇ ਤੇ ਨਾ ਹੀ ਇਹ ਪਹਿਲੀ ਵਿਉਂਤ ਅਨੁਸਾਰ ਹੈ।" ਕਰੀ ਐਬਟ ਨੂੰ 19 ਅਗਸਤ 1848.

ਪਰ ਕੁਝ ਦਿਨ ਮਗਰੋਂ ਉਸ ਨੇ ਅਧੀਨ ਪੜਤਾਲੀਆ ਅਫ਼ਸਰ ਰਿਪੋਰਟ ਨੂੰ ਪ੍ਰਵਾਨ ਕਰਕੇ ਚਤਰ ਸਿੰਘ ਦੀਆਂ ਜਾਗੀਰ ਜ਼ਬਤ ਕਰ ਲਈਆਂ ਤੇ ਉਸ ਨੂੰ ਨਾਜ਼ਮ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ।[17] ਚਤਰ ਸਿੰਘ ਭਾਵੇਂ ਬੀਮਾਰ ਤੇ ਬੁੱਢਾ ਸੀ[18], ਪਰ ਉਸ ਕੋਲ ਜ਼ਿਆਦਤੀ ਵਿਰੁੱਧ ਲੜਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਉਸ ਨੇ ਅਮੀਰ ਦੋਸਤ ਮੁਹੰਮਦ ਤੇ ਉਸ ਦੇ ਭਰਾ ਸੁਲਤਾਨ ਮੁਹੰਮਦ ਨਾਲ ਗੱਲਬਾਤ ਚਲਾਈ। ਉਹਨਾਂ ਨੇ ਕਿਹਾ ਕਿ ਜੇ ਸਿੱਖ ਡੇਰਾਜ਼ਾਤ ਤੇ ਪਿਸ਼ਾਵਰ ਉਹਨਾਂ ਨੂੰ ਛੱਡ ਦੇਣਗੇ ਤਾਂ ਉਹ ਉਹਨਾਂ ਦੀ ਸਹਾਇਤਾ ਲਈ ਸਹਿਮਤ ਹੋਣਗੇ।[19] ਚਤਰ ਸਿੰਘ ਨੇ ਆਪਣੇ ਮਿੱਤਰ ਗੁਲਾਬ ਸਿੰਘ ਡੋਗਰਾ ਕੋਲੋਂ ਵੀ ਸਹਾਇਤਾ ਮੰਗੀ। ਡੋਗਰਿਆਂ ਨੇ ਆਪਣੀਆਂ ਫ਼ੌਜਾਂ ਦੀ ਨਕਲੋਂ ਹਰਕਤ ਪੰਜਾਬ ਦੀ ਸੀਮਾ ਤੇ ਜਾਰੀ ਰੱਖੀ ਤੇ ਦੋਵੇਂ ਧਿਰਾਂ ਉਸ ਦੀ ਅਸਲੀ ਨੀਤ ਬਾਰੇ ਅੰਦਾਜ਼ੇ ਲਾਉਂਦੀਆਂ ਰਹੀਆਂ। ਮੁਲਤਾਨ ਵਿੱਚ ਸ਼ੇਰ ਸਿੰਘ ਨੂੰ ਰੈਜ਼ੀਡੈਂਟ ਵੱਲੋਂ ਉਸ ਦੇ ਬਜ਼ੁਰਗ ਪਿਤਾ ਨਾਲ ਕੀਤੇ ਸਲੂਕ ਬਾਰੇ ਸਭ ਜਾਣਕਾਰੀ ਤਾਂ ਮਿਲ ਗਈ ਸੀ ਪਰ ਉਸ ਨੇ ਕਾਹਲੀ ਨਾਲ ਕੋਈ ਕਦਮ ਉਠਾਉਣ ਤੋਂ ਰੁਕਿਆ ਰਿਹਾ। ਨੌਂ ਸਤੰਬਰ ਨੂੰ ਉਸ ਨੇ ਅੰਗਰੇਜ਼ਾਂ ਨਾਲ ਮਿਲ ਕੇ ਕਿਲ੍ਹਾ ਜਿੱਤਣ ਦੀ ਕੋਸ਼ਿਸ਼ ਕੀਤੀ।[20] ਪ੍ਰੰਤੂ ਕੁਝ ਦਿਨ ਮਗਰੋਂ ਜਦੋਂ ਉਸ ਨੂੰ ਯਕੀਨ ਹੋ ਗਿਆ ਕਿ ਅੰਗਰੇਜ਼ ਉਸ ਨੂੰ ਅਗਵਾ ਕਰਨਾ ਚਾਹੁੰਦੇ ਸਨ ਤਾਂ ਉਹ ਆਪਣੀ ਫ਼ੌਜ ਲੈ ਕੇ ਅੰਗਰੇਜ਼ਾਂ ਦੇ ਡੇਰੇ 'ਚੋਂ ਚਲਾ ਗਿਆ। ਅਗਲੇ ਦਿਨ ਉਸ ਨੇ ਐਲਾਨ ਕੀਤਾ :

"ਪੰਜਾਬ ਦੇ ਸਾਰੇ ਵਸਨੀਕ, ਸਾਰੇ ਸਿੱਖ ਤੇ ਖਾਲਸੇ ਨੂੰ ਸਭ ਪਿਆਰ ਕਰਨ ਵਾਲੇ, ਗੱਲ ਕੀ, ਸਾਰਾ ਸੰਸਾਰ ਜਾਣਦਾ ਹੈ ਕਿ ਫ਼ਿਰੰਗੀਆਂ ਨੇ ਮਹਾਨ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਨਾਲ ਕਿਤਨਾ ਅੱਤਿਆਚਾਰ, ਜ਼ੁਲਮ ਤੇ ਧੱਕਾ ਕੀਤਾ ਹੈ ਤੇ ਪੰਜਾਬ ਦੇ ਲੋਕਾਂ ਨਾਲ ਉਹਨਾਂ ਨੇ ਕਿਤਨਾ ਜ਼ੁਲਮ ਕੀਤਾ ਹੈ।"[21]

ਸ਼ੇਰ ਸਿੰਘ ਨੇ ਮੂਲ ਰਾਜ ਨਾਲ ਨਾਲ ਮਿਲ ਜਾਣ ਦੀ ਪੇਸ਼ਕਸ਼ ਕੀਤੀ। ਪ੍ਰੰਤੂ ਦੀਵਾਨ ਨੂੰ ਅੰਗਰੇਜ਼ਾਂ ਵੱਲੋਂ ਇਕ ਜਾਅਲੀ ਪੱਤਰ ਭੇਜਣ ਨਾਲ ਸ਼ੇਰ ਸਿੰਘ 'ਤੇ ਸ਼ੱਕ ਹੋ ਗਿਆ ਜਿਸ ਵਿੱਚ ਲਿਖਿਆ ਗਿਆ ਸੀ ਕਿ ਸ਼ੇਰ ਸਿੰਘ ਲੁਕਵੀਂ ਚਾਲ ਨਾਲ ਮੁਲਤਾਨ 'ਤੇ ਕਬਜ਼ਾ ਕਰ ਲਵੇਗਾ। ਇਸ ਲਈ ਮੂਲਰਾਜ ਨੇ ਸ਼ੇਰ ਸਿੰਘ ਨੂੰ ਕਿਲ੍ਹੇ ਵਿੱਚ ਦਾਖ਼ਲ ਕਰਨ ਤੋਂ ਇਨਕਾਰ ਕਰ ਦਿੱਤਾ। ਸ਼ੇਰ ਸਿੰਘ ਪੂਰੀ ਤਰ੍ਹਾਂ ਉਪਰਾਮ ਤੇ ਨਿਰਾਸ਼ ਹੋ ਕੇ ਮੁਲਤਾਨ ਛੱਡ ਕੇ ਆਪਣੇ ਪਿਤਾ ਦੀ ਸਹਾਇਤਾ ਕਰਨ ਲਈ ਚਲਾ ਗਿਆ। ਅਟਾਰੀਵਾਲਿਆਂ ਵੱਲੋਂ ਅੰਗਰੇਜ਼ਾਂ ਦਾ ਸਾਥ ਤਿਆਗ ਦੇਣਾ ਦੂਸਰੇ ਸਰਦਾਰਾਂ ਲਈ ਆਜ਼ਾਦੀ ਲਈ ਐਲਾਨ ਕਰਨ ਦਾ ਸੰਕੇਤ ਸੀ। ਇਸ ਤਰ੍ਹਾਂ ਇਕ ਛੋਟੀ ਜਿਹੀ ਤਕਰਾਰ

---

17. ਨਿਕਲਸਨ ਕਰੀ ਨੂੰ 20 ਅਗਸਤ 1848.
18. ਪੰਜਾਬ ਗੌਰਮਿੰਟ ਰੀਕਾਰਡਜ਼ ਲਾਹੌਰ ਪੁਲਿਟੀਕਲ ਡਾਇਰੀਜ਼, 1846-49, IV, ਪੰਨਾ 149.
19. ਉਹੀ, ਪੰਨਾ 267.
20. 'ਸਿੱਖਾਂ ਨੇ ਬੜੀ ਸ਼ਾਨਦਾਰ ਢੰਗ ਨਾਲ ਲੜਾਈ ਲੜੀ—ਉਹ ਕਿਤਨੇ ਨਿਸ਼ਾਨਚੀ ਹਨ"—ਪੀਅਰਸ (ਮੁਲਤਾਨ ਦੇ ਯੁੱਧ ਸਮੇਂ ਦਾ ਰੋਜ਼ਨਾਮਚਾ (ਹੱਥ ਲਿਖਤ) ਪੰਨਾ 48.
21. ਐਡਵਰਡ ਦਾ ਕਰੀ ਨੂੰ ਨੱਥੀ ਪੱਤਰ 16 ਸਤੰਬਰ 1848, ਨੰ: 1591। ਡਬਲਯੂ. ਈ. 23.9.1848 ਪੀ.ਜੀ. ਆਰ।

ਤੇ ਲੜਾਈ ਝਗੜੇ ਨੇ ਕੌਮੀ ਵਿਦਰੋਹ ਦਾ ਰੂਪ ਧਾਰਨ ਕਰ ਲਿਆ। ਲਾਹੌਰ ਵਿੱਚ ਰਾਜਾ ਤੇਜ ਸਿੰਘ ਤੇ ਉਹਦੇ ਵਰਗੇ ਹੋਰ ਬਦਕਿਸਮਤ ਬਾਲਕ ਦੇ ਨਾਮ 'ਤੇ ਦਰਬਾਰ ਲਗਾਉਂਦੇ ਰਹੇ ਤੇ ਉਵੇਂ ਹੀ ਕਰਦੇ ਰਹੇ ਜਿਵੇਂ ਫ਼ਿਰੰਗੀ ਹੁਕਮ ਕਰਦਾ ਰਿਹਾ।

ਲਾਰਡ ਡਲਹੌਜ਼ੀ ਘਟਨਾਵਾਂ ਦੇ ਰੁਖ਼ ਤੇ ਬਹੁਤ ਖ਼ੁਸ਼ ਸੀ ਕਿਉਂਕਿ ਇਸ ਨਾਲ ਉਸ ਨੂੰ ਉਹੋ ਬਹਾਨਾ ਮਿਲ ਗਿਆ ਸੀ ਜਿਸ ਦੀ ਉਸ ਨੂੰ ਉਡੀਕ ਸੀ। "ਹਜ਼ਾਰੇ ਵਿੱਚ ਬਗ਼ਾਵਤ ਫੈਲ ਗਈ ਹੈ.....ਮੈਨੂੰ ਇਸ ਤੋਂ ਵਧੇਰੇ ਚੰਗੀ ਗੱਲ ਦੀ ਆਸ ਨਹੀਂ ਸੀ। ..ਮੈਂ ਇਸ ਨਰਕੀ ਮੁਲਕ ਨੂੰ ਰਾਜ ਵਿੱਚ ਮਿਲਾਉਣ ਦੇ ਜ਼ਰੂਰੀ ਕੰਮ ਨੂੰ ਨਹੀਂ ਛੱਡ ਸਕਦਾ। ...ਮੈਂ ਤਲਵਾਰ ਧੂਹ ਲਈ ਹੈ ਤੇ ਇਸ ਵਾਰ ਮਿਆਨ ਪਾਸੇ ਸੁੱਟ ਦਿੱਤੀ ਹੈ।"22 ਉਸ ਨੇ ਸ਼ੇਰ ਸਿੰਘ ਦੇ ਸਾਥ ਛੱਡ ਦੇਣ ਦੀ ਖ਼ਬਰ ਦਾ ਖ਼ੁਸ਼ੀ ਨਾਲ ਸੁਆਗਤ ਕੀਤਾ ਕਿਉਂਕਿ ਇਸ ਨੇ ਹਾਲਾਤ ਨੂੰ ਉਸ ਸੰਕਟ ਦੀ ਸਥਿਤੀ 'ਤੇ ਲਿਆ ਖੜਾ ਕੀਤਾ ਹੈ ਜਿਸ ਦੀ ਉਸ ਨੂੰ ਕਈ ਮਹੀਨਿਆਂ ਤੋਂ ਉਡੀਕ ਸੀ। ਉਸ ਨੇ ਲਿਖਿਆ, "ਅਸੀਂ ਹੁਣ ਲੜਾਈ ਤੋਂ ਪਹਿਲਾਂ ਦੀ ਸਥਿਤੀ ਵਿੱਚ ਨਹੀਂ ਸਗੋਂ ਸਿੱਖ ਕੌਮ ਤੇ ਪੰਜਾਬ ਦੀ ਬਾਦਸ਼ਾਹੀ ਨਾਲ ਯੁੱਧ ਲੜ ਰਹੇ ਹਾਂ।" ਕਲਕੱਤਾ ਛੱਡਣ ਤੋਂ ਪਹਿਲਾਂ ਡਲਹੌਜ਼ੀ ਨੇ ਸਪੱਸ਼ਟ ਤੇ ਨਿਰਸੰਕੋਚ ਢੰਗ ਨਾਲ ਐਲਾਨ ਕੀਤਾ : "ਪਿਛਲੀ ਘਟਨਾ ਤੋਂ ਸਿੱਖਿਆ ਨਾ ਲੈਂਦੇ ਹੋਏ, ਉਦਾਹਰਨ ਤੋਂ ਬਿਲਕੁਲ ਪ੍ਰਭਾਵਿਤ ਹੋਏ ਬਿਨਾਂ, ਸਿੱਖ ਕੌਮ ਨੇ ਯੁੱਧ ਮੰਗਿਆ ਹੈ ਅਤੇ ਮੈਂ ਵਚਨ ਦਿੰਦਾ ਹਾਂ ਕਿ ਉਹਨਾਂ ਨਾਲ ਬਦਲੇ ਦੀ ਭਾਵਨਾ ਨਾਲ ਯੁੱਧ ਕੀਤਾ ਜਾਵੇਗਾ।"[23] ਉਸ ਨੇ ਜਾਣ ਬੁੱਝ ਕੇ ਆਪਣੇ ਐਲਾਨ ਵਿੱਚ ਦਰਬਾਰ ਨੂੰ ਸ਼ਾਮਿਲ ਨਾ ਕੀਤਾ ਤਾਂ ਜੋ ਅੰਗਰੇਜ਼ੀ ਸਹਾਇਤਾ ਸੈਨਾ ਲਾਹੌਰ ਦੇ ਇਲਾਕੇ ਵਿੱਚ ਇਕ ਸਥਾਪਿਤ ਸਰਕਾਰ ਦੇ ਵੈਰੀ ਵਜੋਂ ਨਹੀਂ ਸਗੋਂ ਕਾਨੂੰਨ ਕਾਇਮ ਕਰਨ ਤੇ ਹੁਕਮ ਲਾਗੂ ਕਰਵਾਉਣ ਲਈ ਦਾਖ਼ਲ ਹੋ ਸਕੇ।"[24]

ਇਹ ਨਾਬਰਾਬਰੀ ਦਾ ਯੁੱਧ ਸੀ। ਲਾਹੌਰ ਦੀ ਸੰਧੀ ਅਨੁਸਾਰ ਪੰਜਾਬ ਦੀਆਂ ਬਹੁਤ ਸਾਰੀਆਂ ਤੋਪਾਂ ਅੰਗਰੇਜ਼ਾਂ ਦੇ ਹਵਾਲੇ ਕੀਤੀਆਂ ਜਾ ਚੁੱਕੀਆਂ ਸਨ। ਪਿਆਦਾ ਫ਼ੌਜ ਦੀ ਗਿਣਤੀ ਘਟਾ ਕੇ 20000 ਤੇ ਘੋੜ ਸਵਾਰ ਸੈਨਾ ਦੀ ਗਿਣਤੀ 12000 ਕਰ ਦਿੱਤੀ ਗਈ ਸੀ। ਕਿਸਾਨਾਂ ਨੂੰ ਬੇਹਥਿਆਰ ਕਰ ਦਿੱਤਾ ਗਿਆ ਸੀ। ਦੂਸਰੇ ਪਾਸੇ ਅੰਗਰੇਜ਼ਾਂ ਨੇ ਸਤਲੁਜ ਦੇ ਕਿਨਾਰੇ 50000 ਸੈਨਿਕ, ਫ਼ਿਰੋਜ਼ਪੁਰ ਦੀ ਛਾਉਣੀ ਵਿੱਚ 9000 ਤੇ ਲਾਹੌਰ

---

22. ਬੇਅਰਡ, ਪ੍ਰਾਈਵੇਟ ਲੈਟਰਜ਼ ਔਫ ਦੀ ਮਾਰਕਵਿਸ ਔਫ ਡਲਹੌਜ਼ੀ, ਪੰਨਾ 33-4
23. ਡਲਹੌਜ਼ੀ ਕਰੀ ਨੂੰ 8 ਅਕਤੂਬਰ 1848, ਟਰੋਟਰ, ਲਾਈਫ਼ ਔਫ ਮਾਕਵਿਸ ਔਫ ਡਲਹੌਜ਼ੀ, ਪੰਨਾ 38
24. ਅੰਗਰੇਜ਼ ਅਫ਼ਸਰਾਂ ਦੇ ਮਨ ਵਿੱਚ ਇਹ ਗੜਬੜੀ ਤੇ ਭੁਲੇਖਾ ਜੰਗ ਸਮੇਂ ਵੀ ਰਿਹਾ। ਅੰਗਰੇਜ਼ ਫ਼ੌਜ ਦੇ ਸੈਨਾਪਤੀ ਲਾਰਡ ਗ਼ਫ ਨੂੰ ਵੀ ਯਕੀਨ ਨਹੀਂ ਸੀ ਕਿ "ਉਹ ਦਰਬਾਰ ਦੇ ਵਿਰੁੱਧ ਲੜ ਰਹੇ ਹਨ ਜਾਂ ਹੱਕ ਵਿੱਚ। ਉਸ ਦਾ ਜੀਵਨੀਕਾਰ ਲਿਖਦਾ ਹੈ : "ਲਾਹੌਰ ਛੱਡਣ ਦੇ ਪਿੱਛੋਂ ਤੱਕ ਵੀ ਉਹ ਗਵਰਨਰ ਜਨਰਲ ਦੇ ਨਿਰਣੇ ਤੋਂ ਅਣਜਾਣ ਸੀ ਕਿ ਲੜਾਈ ਦਰਬਾਰ ਦੇ ਵਿਰੁੱਧ ਸੀ ਨਾ ਕਿ ਹਮਾਇਤ ਵਿੱਚ।" ...ਉਸ ਨੇ 15 ਨੂੰ ਕਿਹਾ, "ਕੀ ਅਸੀਂ ਲੜਾਈ ਲੜ ਰਹੇ ਹਾਂ ਜਾਂ ਸ਼ਾਂਤੀ ਕਾਇਮ ਕਰ ਰਹੇ ਹਾਂ ਤੇ ਅਸੀਂ ਕਿਸ ਦੀ ਖ਼ਾਤਰ ਲੜ ਰਹੇ ਹਾਂ।" ਆਰ. ਐਸ. ਰੈਤ, ਦੀ ਲਾਈਫ਼ ਐਂਡ ਕੰਪੇਨਜ਼ ਔਫ ਵਿਸਕਾਊਂਟ ਗਫ, II, ਪੰਨਾ 78

ਦੀ ਛਾਉਣੀ ਵਿੱਚ 9000 ਸੈਨਿਕ ਇਕੱਠੇ ਕਰ ਲਏ ਸਨ। ਉਹਨਾਂ ਦੇ ਹੱਥਾਂ ਵਿੱਚ ਲਾਹੌਰ, ਕਾਂਗੜਾ ਤੇ ਸ਼ੇਖੂਪੁਰ ਦੇ ਸ਼ਕਤੀਸ਼ਾਲੀ ਤੇ ਮਜ਼ਬੂਤ ਕਿਲ੍ਹੇ ਸਨ।

1848 ਦੇ ਨਵੰਬਰ ਵਿੱਚ ਸਥਿਤੀ ਕੁਝ ਇਸ ਤਰ੍ਹਾਂ ਸੀ। ਚੱਜ ਤੇ ਸਿੰਧ ਸਾਗਰ ਦੁਆਬ ਨੇ ਆਜ਼ਾਦੀ ਦਾ ਐਲਾਨ ਕਰ ਦਿੱਤਾ ਸੀ। ਦੂਸਰੇ ਦੁਆਬੇ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਸਨ। ਵਿਦਰੋਹ ਦੇ ਦੋ ਕੇਂਦਰ ਸਨ। ਇਕ ਦੀ ਅਗਵਾਈ ਅਟਾਰੀਵਾਲੇ ਉੱਤਰ ਪੱਛਮ ਵਿੱਚ ਕਰ ਰਹੇ ਸਨ, ਦੂਸਰੇ ਦੀ ਅਗਵਾਈ ਦੱਖਣ ਵਿੱਚ ਮੂਲਰਾਜ ਕਰ ਰਿਹਾ ਸੀ।

ਸ਼ੇਰ ਸਿੰਘ ਅਟਾਰੀਵਾਲਾ ਲਾਹੌਰ ਦੇ ਨੇੜਿਉਂ ਲੰਘਿਆ। ਸ਼ਹਿਰੀਆਂ ਵੱਲੋਂ ਉਸ ਨੂੰ ਜਿਸ ਬਗ਼ਾਵਤ ਦੀ ਉਮੀਦ ਸੀ, ਉਹ ਨਾ ਹੋਈ। ਉਸ ਨੂੰ ਜਦ ਲਾਰਡ ਗਫ ਦੇ ਲਾਹੌਰ ਵੱਲ ਵਧਣ ਦੀ ਖ਼ਬਰ ਮਿਲੀ ਤਾਂ ਉੱਤਰ ਵੱਲ ਪਿੱਛੇ ਹਟ ਗਿਆ ਤਾਂ ਜੋ ਉਹ ਅੰਗਰੇਜ਼ਾਂ ਨੂੰ ਚਨਾਬ ਤੇ ਰੋਕ ਕੇ ਮੁਕਾਬਲਾ ਕਰੇ।

ਗਫ ਚਨਾਬ ਵੱਲ ਵਧਿਆ ਤੇ ਸ਼ੇਰ ਸਿੰਘ ਵੀ ਸੈਨਾ ਨੂੰ ਦਿਖਾਈ ਦਿੱਤਾ ਜੋ ਦਰਿਆ ਦੇ ਦੂਸਰੇ ਕਿਨਾਰੇ ਬੈਠੀ ਸੀ। ਪੰਜਾਬੀਆਂ ਨੇ ਦਰਿਆ ਪਾਰ ਕੀਤਾ, ਰਾਮਗੜ੍ਹ ਦੇ ਕਿਲ੍ਹੇ 'ਤੇ ਅਧਿਕਾਰ ਕਰ ਲਿਆ ਤੇ ਜਨਰਲ ਕੈਂਪਬੈਲ ਨੂੰ ਹਰਾਇਆ ਜਿਸ ਨੇ ਉਹਨਾਂ 'ਤੇ ਹਮਲਾ ਕਰ ਦਿੱਤਾ ਸੀ।[25] ਲਾਰਡ ਗਫ ਕੈਂਪਬੈਲ ਦੀ ਸਹਾਇਤਾ ਲਈ ਆਇਆ। ਅੰਗਰੇਜ਼ੀ ਫ਼ੌਜਾਂ ਨੇ ਚਨਾਬ ਦਰਿਆ ਦੋ ਥਾਵਾਂ ਤੋਂ ਪਾਰ ਕੀਤਾ ਤੇ ਸਦੁੱਲਾਪੁਰ ਪਿੰਡ ਨੇੜੇ ਸ਼ੇਰ ਸਿੰਘ ਦੇ ਨਾਲ ਤੋਪਖਾਨੇ ਦੇ ਰਿਸਾਲੇ ਨਾਲ ਦੁਵੱਲੀ ਝੜੱਪ ਹੋਈ। ਤੋਪਖਾਨੇ ਵਿੱਚ ਅੰਗਰੇਜ਼ੀ ਸੈਨਾ ਦੀ ਬਰਤਰੀ ਕਾਰਨ ਪੰਜਾਬੀ ਚਨਾਬ ਉੱਪਰ ਸਦੁੱਲਾਪੁਰ ਨੂੰ ਛੱਡ ਕੇ ਦਰਿਆ ਜਿਹਲਮ ਵੱਲ ਚਲੇ ਗਏ। ਉਹਨਾਂ ਨੇ ਉਸ ਥਾਂ 'ਤੇ ਮੋਰਚੇ ਬਣਾ ਲਏ ਜਿੱਥੇ ਪਿਛਲੇ ਪਾਸੇ ਦਰਿਆ ਵਗਦਾ ਸੀ ਤੇ ਉਹਨਾਂ ਦੇ ਸਾਮ੍ਹਣੇ ਪਾਸੇ ਸੰਘਣਾ ਝਾੜ-ਬੂਝ ਉੱਗਿਆ ਹੋਇਆ ਸੀ ਜਿਸ ਨੂੰ ਡੂੰਘੀਆਂ ਖੱਡਾਂ ਕੱਟ ਕੇ ਲੰਘਦੀਆਂ ਸਨ। ਅੰਗਰੇਜ਼ਾਂ ਨੇ ਪੰਜਾਬੀ ਮੋਰਚਿਆਂ ਤੋਂ ਤਿੰਨ ਮੀਲ ਦੀ ਦੂਰੀ 'ਤੇ ਮੋਰਚੇ ਮੱਲੇ ਹੋਏ ਸਨ। ਕੁਝ ਸਮੇਂ ਲਈ ਦੋਵੇਂ ਫੌਜਾਂ ਬਿਨਾਂ ਕੋਈ ਕਾਰਵਾਈ ਕੀਤੇ ਟਿਕੀਆਂ ਰਹੀਆਂ। ਫਿਰ ਪੰਜਾਬੀਆਂ ਦਾ ਰਸਦ ਸਾਮਾਨ ਮੁੱਕਣਾ ਸ਼ੁਰੂ ਹੋ ਗਿਆ ਤੇ ਉਹਨਾਂ ਨੇ ਵੈਰੀ ਨੂੰ ਉਸ ਦੇ ਟਿਕਾਣੇ ਤੋਂ ਕੱਢਣ ਦੀ ਕੋਸ਼ਿਸ਼ ਕੀਤੀ। ਦੂਸਰੇ ਮੋਰਚਿਆਂ ਤੋਂ ਆ ਰਹੀਆਂ ਖ਼ਬਰਾਂ ਨੇ ਮੁਕਾਬਲਾ ਕਰ ਰਹੀਆਂ ਧਿਰਾਂ ਨੂੰ ਜਿਹਲਮ ਕਿਨਾਰੇ ਲੜਾਈ ਸ਼ੁਰੂ ਕਰਨ ਲਈ ਉਤੇਜਿਤ ਕੀਤਾ। ਚਤਰ ਸਿੰਘ ਅਟਾਰੀਵਾਲਾ ਨੇ ਅਟਕ 'ਤੇ

---

25. ਰਾਮਨਗਰ ਦੀ ਕੋਈ ਮਹੱਤਵਪੂਰਨ ਲੜਾਈ ਨਹੀਂ ਸੀ, ਪ੍ਰੰਤੂ ਇਸ ਨਾਲ ਪੰਜਾਬੀਆਂ ਨੂੰ ਅਤਿ ਲੋੜੀਂਦਾ ਹੌਸਲਾ ਮਿਲ ਗਿਆ। ਇਕ ਛੋਟੇ ਅਫ਼ਸਰ ਨੇ ਕਿਹਾ, "ਵੈਰੀ ਵਿੱਚ ਬਹੁਤ ਜੋਸ਼ ਹੈ, ਉਹ ਸਾਡੇ ਡੇਰੇ ਦੇ ਕੋਲ ਅੱਧਾ-ਅੱਧਾ ਮੀਲ ਘੋੜਿਆਂ 'ਤੇ ਚੜ੍ਹੇ ਫਿਰਦੇ ਹਨ ਤੇ ਸਾਡੀਆਂ ਰੱਖਿਆ ਟੁਕੜੀਆਂ ਨੇੜੇ ਫਿਰਦੇ ਹਨ।" ਸੈਂਡਫੋਰਡ, ਲੀਵਜ਼ ਫਰੋਮ ਦੀ ਜਨਰਲ ਔਫ ਏ ਸਬ ਆਲਟਰਨ, 24 ਨਵੰਬਰ 1848, ਪੰਨਾ 66

ਪੰਜਾਬੀਆਂ ਨੇ ਇਕ ਅੰਗਰੇਜ਼ੀ ਤੋਪ ਤੇ ਇਕ ਝੰਡੇ ਤੇ ਅਧਿਕਾਰ ਕਰ ਲਿਆ। ਸ਼ੇਰ ਸਿੰਘ ਨੇ ਇਕ ਪੱਤਰ ਅੰਗਰੇਜ਼ਾਂ ਨੂੰ ਲਿਖਿਆ ਕਿ ਜੇ ਉਹ ਲਾਹੌਰ ਖ਼ਾਲੀ ਕਰ ਦੇਣ ਤਾਂ ਉਹ ਲੜਾਈ ਬੰਦ ਕਰ ਦੇਵੇਗਾ। ਇਸ ਪੇਸ਼ਕਸ਼ ਵੱਲ ਕੋਈ ਧਿਆਨ ਨਾ ਦਿੱਤਾ ਗਿਆ।

ਅਧਿਕਾਰ ਕਰਕੇ ਉਸ ਨੂੰ ਆਜ਼ਾਦ ਕਰਵਾ ਲਿਆ ਸੀ ਤੇ ਉਸ ਨੇ ਫ਼ਾਲਤੂ ਸੈਨਾ ਆਪਣੇ ਪੁੱਤਰ ਵੱਲ ਭੇਜ ਦਿੱਤੀ ਸੀ ਤੇ ਇਕਰਾਰ ਕੀਤਾ ਸੀ ਕਿ ਉਹ ਛੇਤੀ ਹੀ ਵੈਰੀ 'ਤੇ ਹਮਲਾ ਕਰਨ ਲਈ ਉਸ ਨਾਲ ਆ ਮਿਲੇਗਾ। ਅੰਗਰੇਜ਼ਾਂ ਨੂੰ ਇਸ ਤੋਂ ਵੀ ਵਧੇਰੇ ਹੱਲਾਸ਼ੇਰੀ ਵਾਲੀ ਖ਼ਬਰ ਮੁਲਤਾਨ ਤੋਂ ਮਿਲੀ। ਅੰਗਰੇਜ਼ਾਂ ਦਾ ਇਕ ਤੋਪ ਦਾ ਗੋਲਾ ਕਿਲ੍ਹੇ ਦੇ ਅਸਲਹਖਾਨੇ 'ਤੇ ਜਾ ਡਿੱਗਿਆ ਜਿਸ ਨਾਲ 4 ਲੱਖ ਪੌਂਡ ਦੇ ਗੋਲਾ ਬਾਰੂਦ ਨੂੰ ਅੱਗ ਲੱਗ ਗਈ ਤੇ ਜਿਸ ਕਰਕੇ 500 ਰੱਖਿਆ ਸੈਨਿਕ ਮਾਰੇ ਗਏ।[26] ਲੜਾਈ ਦਾ ਰੁੱਖ ਅੰਗਰੇਜ਼ਾਂ ਦੇ ਹੱਕ ਵਿੱਚ ਹੋ ਗਿਆ ਸੀ ਉਹ ਹੁਣ ਨਾਕਾਬੰਦੀ ਕਰਨ ਲਈ ਤੋਪਾਂ ਦੀ ਉਡੀਕ ਕਰਨ ਲੱਗੇ ਤਾਂ ਜੋ ਮੂਲ ਰਾਜ ਨੂੰ ਆਤਮ-ਸਮਰਪਣ ਲਈ ਮਜਬੂਰ ਕੀਤਾ ਜਾ ਸਕੇ।

13 ਜਨਵਰੀ 1849 ਨੂੰ ਚੇਲੀਆਂਵਾਲਾ ਦੀ ਲੜਾਈ—ਪੰਜਾਬੀ ਅਤੇ ਅੰਗਰੇਜ਼[27] ਇਕ ਦੂਸਰੇ ਨੂੰ ਦਾਅ ਲਾ ਕੇ ਚੰਗੇ ਟਿਕਾਣਿਆਂ ਦੀ ਦੌੜ 'ਚ ਲੱਗ ਪਏ। ਲਾਰਡ ਗਫ਼ ਨੇ ਜੰਗਲ ਵੱਲੋਂ ਟਾਲਾ ਕਰਕੇ ਪਾਸਿਆਂ ਤੋਂ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਸ਼ੇਰ ਸਿੰਘ ਅਟਾਰੀਵਾਲਾ ਨੇ ਉਹਦੀ ਚਾਲ ਪਹਿਲਾਂ ਹੀ ਭਾਂਪ ਲਈ ਤੇ ਉਸ ਨੇ ਇਕ ਹੋਰ ਯੁੱਧ ਪੰਗਤੀ ਬਣਾ ਲਈ ਜਿਸ ਅਨੁਸਾਰ ਅਜੇ ਵੀ ਉਹਨਾਂ ਤੇ ਵੈਰੀਆਂ ਵਿਚਕਾਰ ਜੰਗਲ ਤੇ ਖੱਡਾਂ ਸਨ।

13 ਜਨਵਰੀ 1848 ਨੂੰ ਅੰਗਰੇਜ਼ਾਂ ਨੇ ਧਾਵਾ ਬੋਲ ਦਿੱਤਾ। ਪੰਜਾਬੀਆਂ ਨੇ ਉਹਨਾਂ ਨੂੰ ਚੇਲੀਆਂਵਾਲੇ ਪਿੰਡ ਵੱਲੋਂ ਵਧਦਿਆਂ ਵੇਖ ਲਿਆ ਤੇ ਤੁਰਤ ਉਹਨਾਂ 'ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਕ ਘੰਟੇ ਲਈ ਪੰਜਾਬੀ ਤੋਪਾਂ ਨੇ ਵੈਰੀ ਨੂੰ ਦੂਰ ਹੀ ਰੱਖਿਆ। ਜਦੋਂ ਉਹਨਾਂ ਵੱਲੋਂ ਗੋਲਾਬਾਰੀ ਵਿੱਚ ਕੁਝ ਢਿੱਲ ਹੋਈ ਤਾਂ ਅੰਗਰੇਜ਼ਾਂ ਨੇ ਜਿਹਨਾਂ ਦੀ ਗਿਣਤੀ ਜ਼ਿਆਦਾ ਸੀ, ਉਹਨਾਂ ਪੰਜਾਬੀਆਂ ਨੂੰ ਦਰਿਆ ਵੱਲ ਧੱਕ ਦੇਣ ਲਈ ਜ਼ੋਰਦਾਰ ਹਮਲਾ ਕਰ ਦਿੱਤਾ। ਪੰਜਾਬੀ ਝਾੜ-ਫੂਸ ਦੇ ਜੰਗਲ ਵਿੱਚ ਖਿੱਲਰ ਗਏ ਤੇ ਉਹਨਾਂ ਨੇ ਆਪਣੀ "ਢਾਈ ਫੱਟ" ਦੀ ਯੁੱਧ ਕਲਾ ਅਪਣਾ ਲਈ।[28]

ਹਨੇਰਾ ਹੋਣ ਤੱਕ ਦੋਹਾਂ ਸੈਨਾਵਾਂ ਵਿੱਚ ਘਮਸਾਨ ਦਾ ਯੁੱਧ ਹੋਇਆ। ਪੰਜਾਬੀਆਂ ਨੇ ਅੰਗਰੇਜ਼ਾਂ ਦੀਆਂ ਚਾਰ ਤੋਪਾਂ 'ਤੇ ਕਬਜ਼ਾ ਕਰ ਲਿਆ ਤੇ ਤਿੰਨ ਪਲਟਣਾਂ ਦੇ ਝੰਡੇ ਖੋਹ

---

26. ਇਹ 30 ਦਸੰਬਰ 1848 ਦੀ ਗੱਲ ਹੈ। ਜਨਰਲ ਕਾਹਨ ਸਿੰਘ ਮਾਨ ਤੇ ਉਹਦਾ ਲੜਕਾ ਜੋ ਇਕ ਤਹਿਖਾਨੇ ਵਿੱਚ ਸਨ, ਇਸ ਧਮਾਕੇ ਵਿੱਚ ਮਾਰੇ ਗਏ ਸਨ। ਪੰਜਾਬ ਗੌਰਮਿੰਟ ਰੀਕਾਰਡਜ਼, ਲਾਹੌਰ ਪੁਲਿਟੀਕਲ ਡਾਇਰੀਜ਼ 1847-49, V, 329. ਮੂਲਰਾਜ ਨੇ 22 ਜਨਵਰੀ 1849 ਨੂੰ ਆਤਮ-ਸਮਰਪਣ ਕਰ ਦਿੱਤਾ।
27. ਡੋਗਰੇ, ਸਟੈਨ ਬੈਕ ਅਧੀਨ (ਜੋ ਕਿਸੇ ਸਮੇਂ ਦਰਬਾਰ ਦਾ ਮੁਲਾਜ਼ਮ ਸੀ) ਤੇ ਰੋਹੇਲੇ ਪੰਜਾਬੀਆਂ ਨੂੰ ਛੱਡ ਕੇ ਚੇਲੀਆਂਵਾਲੇ ਵਿੱਚ ਅੰਗਰੇਜ਼ਾਂ ਨਾਲ ਜਾ ਮਿਲੇ।
28. ਇਕ ਅੰਗਰੇਜ਼ ਦਰਸ਼ਕ ਨੇ ਲਿਖਿਆ, "ਸਿੱਖ ਸਿਰਲੱਥ ਅਸੁਰਾਂ ਵਾਂਗ ਲੜੇ। ...ਉਹ ਆਪਣੇ ਅੰਤਿਮ ਸੰਘਰਸ਼ ਵਿੱਚ ਵੀ ਬੜੇ ਜ਼ੋਰਦਾਰ ਤੇ ਭਿਆਨਕ ਢੰਗ ਨਾਲ ਲੜੇ। ਇਤਨੀ ਭਾਰੀ ਗਿਣਤੀ ਵਿੱਚ ਸ਼ੇਰਾਂ ਵਰਗੇ ਦਲੇਰ ਆਦਮੀ ਪਹਿਲਾਂ ਮੈਂ ਕਦੇ ਨਹੀਂ ਵੇਖੇ ਸਨ। ਉਹ ਸੰਗੀਨਾਂ ਨਾਲ ਵਿੰਨ੍ਹੇ ਹੋਏ ਵੀ ਆਪਣੇ ਹਮਲਾਵਰਾਂ ਵੱਲ ਦੌੜ ਪੈਂਦੇ।"
ਸੈਡਫੋਰਡ, ਲੀਵਜ਼ ਫਰੋਮ ਦੀ ਜਰਨਲ ਔਫ ਏ ਸਬਾਲਟਰਨ, ਪੰਨੇ 106-108

ਲਏ। ਚੇਲੀਆਂਵਾਲਿਆਂ ਦੀ ਲੜਾਈ ਵਿੱਚ ਅੰਗਰੇਜ਼ਾਂ ਦੇ ਭਾਰਤ ਵਿੱਚ ਕਬਜ਼ਾ ਹੋ ਜਾਣ ਦੇ ਸਮੇਂ ਤੋਂ ਲੈ ਕੇ ਉਹਨਾਂ ਦੀ ਸਭ ਤੋਂ ਬੁਰੀ ਹਾਰ ਹੋਈ।[29] ਅਗਲੀ ਸਵੇਰ ਪੰਜਾਬੀਆਂ ਦੀ ਜਿੱਤ ਦੇ ਨਾਮ ਤੇ 21 ਤੋਪਾਂ ਦੀ ਸਲਾਮੀ ਲਈ ਗਈ।[30]

ਇਸ ਵਾਰ ਵੀ ਪੰਜਾਬੀਆਂ ਨੇ ਫਿਰੋਜ਼ਸ਼ਾਹ ਦੀ ਲੜਾਈ ਵਾਂਗ ਪੰਜਾਬੀਆਂ ਨੇ ਆਪਣੀ ਜਿੱਤ ਦਾ ਲਾਭ ਨਾ ਉਠਾਇਆ। ਉਹਨਾਂ ਦਾ ਆਪਣਾ ਨੁਕਸਾਨ ਕਾਫ਼ੀ ਹੋ ਗਿਆ ਸੀ ਤੇ ਉਹ ਇਸ ਗੱਲ ਤੋਂ ਅਣਜਾਨ ਹੀ ਰਹੇ ਕਿ ਉਹਨਾਂ ਨੇ ਵੈਰੀ ਨੂੰ ਕਿਤਨਾ ਭਾਰੀ ਨੁਕਸਾਨ ਪਹੁੰਚਾਇਆ ਸੀ। ਕੁਦਰਤ ਵੀ ਅੰਗਰੇਜ਼ਾਂ ਲਈ ਸਹਾਈ ਹੋਈ। ਜਿਉਂ ਹੀ ਲੜਾਈ ਬੰਦ ਹੋਈ, ਤਾਂ ਵਰਖਾ ਸ਼ੁਰੂ ਹੋ ਗਈ। ਅਗਲੇ ਤਿੰਨ ਦਿਨ ਬਾਰਸ਼ ਲਗਾਤਾਰ ਹੁੰਦੀ ਰਹੀ ਤੇ ਖੱਡਾਂ ਪਾਣੀ ਨਾਲ ਭਰੀਆਂ ਖਾਈਆਂ ਵਿੱਚ ਤਬਦੀਲ ਹੋ ਗਈਆਂ ਜਿਸ ਨਾਲ ਸਿੱਖ ਆਪਣੇ ਸ਼ਿਕਾਰ ਤੋਂ ਅਲੱਗ ਹੋ ਗਏ। ਚੌਥੇ ਦਿਨ ਜਦੋਂ ਪਾਣੀ ਨਾਲ ਗੜੁੱਚ ਮੈਦਾਨ ਤੇ ਸੂਰਜ ਚਮਕਿਆ ਤਾਂ ਅੰਗਰੇਜ਼ ਚੇਲੀਆਂਵਾਲੇ 'ਚੋਂ ਨਿਕਲ ਕੇ ਚੱਜ ਤੋਂ ਪਾਰ ਚਨਾਬ ਦੇ ਕਿਨਾਰੇ ਚਲੇ ਗਏ।[31] ਅਟਾਰੀਵਾਲਿਆਂ ਨੇ ਜਾਰਜ ਲਾਰੈਂਸ ਨੂੰ ਸੁਲਹ ਦੀਆਂ

---

29. ਅੰਗਰੇਜ਼ਾਂ ਲਈ ਇਹ ਰਾਤ ਬੜੀ ਭਿਆਨਕ ਸੀ। ਜਨਰਲ ਠੈਕਵੈਲ ਨੇ ਲਿਖਿਆ ਸੀ : "ਸਾਰੀ ਫ਼ੌਜ ਵਿੱਚ ਗੜਬੜ ਫੈਲ ਗਈ। ਇਹ ਡਰ ਆਮ ਹੀ ਛਾ ਗਿਆ ਸੀ ਕਿ ਸਿੱਖ ਰਾਤ ਨੂੰ ਹਮਲਾ ਕਰਨਗੇ। ਜੇ ਉਹ ਥੋੜ੍ਹੇ ਹੋਰ ਸਾਹਸੀ ਹੁੰਦੇ ਤੇ ਉਹਨਾਂ ਨੂੰ ਆਪਣੀ ਚੰਗੀ ਸਥਿਤੀ ਦਾ ਅਨੁਮਾਨ ਹੁੰਦਾ ਤਾਂ ਉਹ ਯਕੀਨਨ ਸਾਡੇ 'ਤੇ ਹਮਲਾ ਕਰ ਦਿੰਦੇ। ...ਜਿਹੜਾ ਜੰਗਲ ਲੜਾਈ ਦੇ ਆਰੰਭ ਵਿੱਚ ਉਹਨਾਂ ਲਈ ਲਾਭਕਾਰੀ ਰਿਹਾ ਸੀ, ਹੁਣ ਉਹ ਸਾਡੇ ਲਈ ਰੱਖਿਅਕ ਬਣ ਗਿਆ।" ਅਗਲੀ ਸਵੇਰ ਦਾ ਦ੍ਰਿਸ਼ ਵੀ ਜਨਰਲ ਠੈਕਵੈਲ ਨੇ ਚਿਤਰਿਆ ਹੈ : "ਰਾਜ ਕੁਮਾਰ ਅਲਬਰਟ ਟੋਪੀਆਂ, ਫ਼ੌਜੀ ਜੁੱਤੇ ਭਾਰੀ ਗਿਣਤੀ ਵਿੱਚ ਜ਼ਮੀਨ ਤੇ ਖਿੱਲਰੇ ਹਰ ਪਾਸੇ ਵੇਖੇ ਜਾ ਸਕਦੇ ਸਨ। ...ਡੇਰੇ ਵਿੱਚ ਅਗਲੇ ਦਿਨ ਮਾਤਮੀ ਉਦਾਸੀ ਛਾਈ ਹੋਈ ਸੀ। ਇਹ ਠੀਕ ਹੀ ਇਸ ਤਰ੍ਹਾਂ ਸੀ ਕਿਉਂਕਿ 3000 ਅੰਗਰੇਜ਼ ਖੱਡਾਂ ਤੇ ਝਾੜੀਆਂ, ਜੰਗਲਾਂ ਵਿੱਚ ਮਰੇ ਪਏ ਹੋਏ ਸਨ" —ਠੈਕਵੈਲ, ਨੈਰੇਟਿਵ ਔਫ ਦੀ ਸੈਕੰਡ ਸਿੱਖ ਵਾਰ, ਪੰਨਾ 73
30. ਅੰਗਰੇਜ਼ਾਂ ਨੇ ਵੀ ਚੇਲੀਆਂਵਾਲਾ ਵਿੱਚ ਆਪਣੀ ਜਿੱਤ ਦਾ ਦਾਅਵਾ ਕੀਤਾ। ਪ੍ਰੰਤੂ ਲਾਰਡ ਡਲਹੌਜ਼ੀ ਨੇ 30 ਜਨਵਰੀ 1844 ਨੂੰ ਲਾਰਡ ਵੈਲਿੰਗਟਨ ਨੂੰ ਇਕ ਨਿੱਜੀ ਪੱਤਰ ਵਿੱਚ ਹਾਲਤ ਦੀ ਸਹੀ ਸਥਿਤੀ ਦਾ ਸਪੱਸ਼ਟ ਇਕਬਾਲ ਕਰਦਿਆਂ ਲਿਖਿਆ : "ਜਨਤਕ ਤੌਰ 'ਤੇ ਭਾਵੇਂ ਮੈਂ ਹਾਲਤ ਨੂੰ ਵਧੀਆ ਪੇਸ਼ ਕਰਨ ਲਈ, ਇਸ ਨੂੰ ਇਕ ਵੱਡੀ ਜਿੱਤ ਕਹਿੰਦਾ ਹਾਂ। ਪਰ ਆਪ ਨੂੰ ਰਾਜ਼ਦਾਨਾ ਢੰਗ ਨਾਲ ਲਿਖਣ ਸਮੇਂ ਮੈਨੂੰ ਇਹ ਕਹਿਣ ਵਿੱਚ ਕੋਈ ਹਿਚਕਚਾਹਟ ਨਹੀਂ ਕਿ ਮੇਰੀ ਸਥਿਤੀ ਬੜੀ ਗੰਭੀਰ ਤੇ ਸੰਕਟਪੂਰਨ ਹੈ।" ਦੀ ਮਾਰਕਵਿਸ ਔਫ ਡਲਹੌਜ਼ੀ, ਪੰਨਾ 209.
31. ਅੰਗਰੇਜ਼ ਇਤਿਹਾਸਕਾਰਾਂ ਨੇ ਅੰਗਰੇਜ਼ ਕੈਦੀਆਂ ਦੇ ਨਾਲ ਸਿੱਖਾਂ ਵੱਲੋਂ ਸਲੂਕ ਬਾਰੇ ਪ੍ਰਤਿਕੂਲ ਅਤੇ ਅਨੁਚਿੱਤ ਟਿੱਪਣੀਆਂ ਕੀਤੀਆਂ ਹਨ। ਜਾਰਜ ਮੈਰੀਡਿਥ ਜਿਸ ਨੇ ਚੇਲੀਆਂਵਾਲੇ ਤੇ ਆਪਣੀ ਪਹਿਲੀ ਕਵਿਤਾ ਛਪਵਾਈ, ਉਸ ਨੇ ਉਹਨਾਂ ਨੂੰ ਉਸ ਨੇ "ਖੂੰਖਾਰ ਬਿਆਨ ਕੀਤਾ ਹੈ ਜੋ ਅਸੁਰਾਂ ਵਾਂਗ ਮ੍ਰਿਤਕਾਂ, ਜ਼ਖ਼ਮੀਆਂ ਤੇ ਮਰ ਰਿਹਾਂ ਵਿੱਚ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਸ਼ਰਤਾਂ ਦੇ ਕੇ ਭੇਜਿਆ ਸੀ, ਜਿਸ ਨੂੰ ਉਹਨਾਂ ਨੇ ਕੈਦ ਕਰ ਲਿਆ ਸੀ। ਉਹਨਾਂ ਨੇ ਮੰਗ ਕੀਤੀ ਕਿ ਦਲੀਪ ਸਿੰਘ ਨੂੰ ਮਹਾਰਾਜਾ ਸੁਸ਼ੋਭਿਤ ਕੀਤਾ ਜਾਵੇ ਤੇ ਅੰਗਰੇਜ਼ ਫ਼ੌਜਾਂ ਪੰਜਾਬ 'ਚੋਂ ਨਿਕਲ ਜਾਣ। ਇਹ ਪੇਸ਼ਕਸ਼ ਵੀ ਠੁਕਰਾ ਦਿੱਤੀ ਗਈ।

ਗੁਜਰਾਤ ਦੀ ਲੜਾਈ 21 ਫਰਵਰੀ 1849—ਅਟਾਰੀਵਾਲੇ ਚਨਾਬ ਵੱਲ ਵਧੇ ਤੇ ਉਹਨਾਂ ਨੇ ਆਪਣੀਆਂ ਫ਼ੌਜਾਂ ਦੀ ਮੋਰਚਾਬੰਦੀ ਘੋੜੇ ਦੀ ਨਾਲ੍ਹ ਦੀ ਸ਼ਕਲ ਵਿੱਚ ਗੁਜਰਾਤ ਸ਼ਹਿਰ ਤੇ ਦਰਿਆ ਦੇ ਵਿਚਕਾਰ ਕਰ ਲਈ। ਉਹ ਤੋਪਾਂ ਤੇ ਆਦਮੀਆਂ ਦੀ ਗਿਣਤੀ ਪੱਖੋਂ ਕਮਜ਼ੋਰ ਸਥਿਤੀ ਵਿੱਚ ਸਨ। (ਅੰਗਰੇਜ਼ਾਂ ਦੀਆਂ 66 ਤੋਪਾਂ ਦੇ ਮੁਕਾਬਲੇ ਉਹਨਾਂ ਕੋਲ 59 ਸਨ।) ਅੰਗਰੇਜ਼ਾਂ ਨੇ 7.30 ਵਜੇ ਸਵੇਰੇ ਹਮਲਾ ਸ਼ੁਰੂ ਕਰ ਦਿੱਤਾ। ਪੰਜਾਬੀਆਂ ਨੇ ਵੀ ਆਪਣੀ ਆਦਤ ਅਨੁਸਾਰ ਕਾਹਲੀ-ਕਾਹਲੀ ਗੋਲਾਬਾਰੀ ਸ਼ੁਰੂ ਕਰ ਦਿੱਤੀ ਤੇ ਆਪਣੀਆਂ ਤੋਪਾਂ ਦੀ ਸਥਿਤੀ ਦਾ ਭੇਤ ਪ੍ਰਗਟ ਕਰ ਦਿੱਤਾ। ਇਕ ਘੰਟੇ ਦੀ ਗੋਲਾਬਾਰੀ ਪਿੱਛੋਂ ਪੰਜਾਬੀ ਤੋਪਖਾਨੇ ਨੂੰ ਅੰਗਰੇਜ਼ਾਂ ਨੇ ਚੁੱਪ ਕਰਵਾ ਦਿੱਤਾ।[32] ਫਿਰ ਉਹਨਾਂ ਦੇ ਘੋੜਸਵਾਰ ਤੇ ਪਿਆਦਾ ਸੈਨਾ ਨੇ ਪੰਜਾਬੀਆਂ ਦੇ ਮੋਰਚਿਆਂ 'ਤੇ ਹਮਲਾ ਕਰ ਦਿੱਤਾ। ਅਫ਼ਗਾਨ ਘੋੜਸਵਾਰਾਂ ਨੇ, ਜੋ ਪੰਜਾਬੀਆਂ ਨਾਲ ਆ ਮਿਲੇ ਸਨ, ਵੈਰੀ ਨੂੰ ਥਿੜਕਾਉਣ ਤੇ ਲਾਂਭੇ ਲਿਜਾਉਣ ਦੀ ਕੋਸ਼ਿਸ਼ ਕੀਤੀ, ਪਰ ਉਹਨਾਂ ਨੂੰ ਆਪਣੇ ਮਨੋਰਥ ਵਿੱਚ ਸਫਲਤਾ ਨਾ ਮਿਲੀ। ਪੰਜਾਬੀ ਵੈਰੀ ਨਾਲ ਹੱਥੋ ਹੱਥ ਲੜਾਈ ਵਿੱਚ ਉਲਝ ਪਏ। ਜਨਰਲ ਠੈਕਵੈਲ ਨੇ ਲਿਖਿਆ ਹੈ : "ਇਸ ਲੜਾਈ ਵਿੱਚ ਤੇ ਚੇਲੀਆਂਵਾਲਾ ਵਿੱਚ ਸਿੱਖਾਂ ਨੇ ਆਪਣੇ ਹਮਲਾਵਰਾਂ ਦੀਆਂ ਸੰਗੀਨਾਂ ਖੱਬੇ ਹੱਥਾਂ ਨਾਲ ਫੜ ਲਈਆਂ ਤੇ ਨੇੜੇ ਹੋ ਕੇ ਆਪਣੇ ਸੱਜੇ ਹੱਥਾਂ ਵਿੱਚ ਫੜੀਆਂ ਤਲਵਾਰਾਂ ਨਾਲ ਆਪਣੇ ਵੈਰੀਆਂ ਨੂੰ ਬੁਰੀ ਤਰ੍ਹਾਂ ਘਾਇਲ ਕਰ ਦਿੱਤਾ। ਇਹ ਹਾਲਾਤ, ਇਹ ਦਰਸਾਉਣ ਲਈ ਕਾਫ਼ੀ ਹਨ ਕਿ ਇਹ ਆਦਮੀ ਕਿਸ ਪ੍ਰਕਾਰ ਦੀ ਸਾਹਸੀ ਨਸਲ ਦੇ ਸਨ।"[33] ਭਾਰੀ ਗਿਣਤੀ ਤੇ ਅਸਲੇ ਨੇ ਲੜਾਈ ਦਾ ਫ਼ੈਸਲਾ ਕਰ ਦਿੱਤਾ। ਪੰਜਾਬੀ ਹਾਰ ਗਏ। ਅੰਗਰੇਜ਼ਾਂ ਨੇ ਗੁਜਰਾਤ 'ਤੇ ਕਬਜ਼ਾ ਕਰ ਲਿਆ ਤੇ ਤਦ ਤੱਕ ਉਹਨਾਂ ਦਾ ਪਿੱਛਾ

☞ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਭਿਆਨਕ ਕਾਰੇ ਕਰ ਰਹੇ ਸਨ।" ਇਕ ਅੰਗਰੇਜ਼ ਅਧੀਨ ਅਫ਼ਸਰ ਨੇ ਲਿਖਿਆ : "ਨੌ ਹਜ਼ਾਰ ਕੈਦੀ ਬਣਾਏ ਨੇਜ਼ਾਬਾਜ਼ਾਂ 'ਚੋਂ ਦੋ ਅਗਲੀ ਸਵੇਰ ਸ਼ੇਰ ਸਿੰਘ ਨੇ ਸੁਗਾਤਾਂ ਦੇ ਕੇ ਸ਼ੁੱਭ ਕਾਮਨਾਵਾਂ ਨਾਲ ਭੇਜੇ। ਉਹਨਾਂ ਨੂੰ ਵਾਪਸ ਆਉਣ ਤੇ ਅਫ਼ਸੋਸ ਹੋਇਆ ਕਿਉਂਕਿ ਉਹਨਾਂ ਨਾਲ ਰਾਜਕੁਮਾਰਾਂ ਵਰਗਾ ਸਲੂਕ ਕੀਤਾ ਗਿਆ। ਉਹਨਾਂ ਦੀ ਜੇਬ ਵਿੱਚ 10 ਰੁਪੈ ਪਾ ਕੇ ਤੇ ਉਹਨਾਂ ਨੂੰ ਫ਼ਰਾਂਸੀਸੀ ਸ਼ਰਾਬ ਸੈਂਪੇਨ ਤੇ ਬਰਾਂਡੀ ਦੇ ਕੇ ਭੇਜਿਆ ਗਿਆ।"—ਸੈਂਡਫੋਰਡ, ਲੀਵਜ਼ ਫਰਾਮ ਦੀ ਜਰਨਲ ਔਫ ਸਬਾਲਟਰਨ, ਪੰਨਾ 12.

32. ਜਨਰਲ ਠੈਕਵੈਲ ਨੇ ਲਿਖਿਆ ਹੈ : ਸਿੱਖ ਤੋਪਚੀਆਂ ਵੱਲੋਂ ਵਿਖਾਈ ਗਈ ਵਫ਼ਾਦਾਰੀ ਜ਼ਿਕਰਯੋਗ ਹੈ। ਜਿਸ ਲਗਨ ਤੇ ਸ਼ਰਧਾ ਨਾਲ ਉਹ ਆਪਣਿਆਂ ਮੋਰਚਿਆਂ ਤੇ ਉਸ ਸਮੇਂ ਡਟੇ ਰਹੇ ਜਦੋਂ ਅੰਗਰੇਜ਼ਾਂ ਦੀਆਂ ਤੋਪਾਂ ਉਹਨਾਂ ਨੂੰ ਆਪਣੀ ਮਾਰ ਹੇਠ ਲੈ ਚੁੱਕੀਆਂ ਸਨ, ਇਸ ਨੂੰ ਵਰਨਨ ਕਰਨਾ ਮੁਸ਼ਕਲ ਹੈ।" ਈ.ਜੇ. ਠੈਕਵੈਲ, ਨੈਰੇਟਿਵ ਔਫ ਦੀ ਸੈਕਿੰਡ ਸਿੱਖ ਵਾਰ, ਪੰਨਾ 213.

33. ਉਹੀ।

ਕੀਤਾ ਜਦ ਤੱਕ ਉਹਨਾਂ ਨੂੰ ਲੱਭ ਲੱਭ ਕੇ ਖ਼ਤਮ ਨਾ ਕਰ ਦਿੱਤਾ।[34]

ਗੁਜਰਾਤ ਦੀ ਲੜਾਈ ਦੇ ਨਾਲ ਹੀ ਪੰਜਾਬੀਆਂ ਵੱਲੋਂ ਅੰਗਰੇਜ਼ਾਂ ਦਾ ਸੰਗਠਿਤ ਵਿਰੋਧ ਸਮਾਪਤ ਹੋ ਗਿਆ। 11 ਮਾਰਚ, 1849 ਨੂੰ ਅਟਾਰੀਵਾਲਿਆਂ ਨੇ ਰਸਮੀ ਤਰੀਕੇ ਨਾਲ ਰਾਵਲਪਿੰਡੀ ਨੇੜੇ ਹੁਰਮੁਕ ਦੇ ਅਸਥਾਨ 'ਤੇ ਮੇਜਰ ਜਨਰਲ ਗਿਲਬਰਟ ਅੱਗੇ ਹਥਿਆਰ ਸੁੱਟ ਦਿੱਤੇ।[35] ਉਹਨਾਂ ਦੇ ਮਗਰ ਹੀ 14 ਮਾਰਚ ਨੂੰ ਸਾਰੀ ਸਿੱਖ ਫ਼ੌਜ ਨੇ ਹਥਿਆਰ ਸੁੱਟ ਦਿੱਤੇ। ਜਨਰਲ ਠੈਕਵੈਲ ਨੇ ਇਸ ਦ੍ਰਿਸ਼ ਨੂੰ ਇਸ ਤਰ੍ਹਾਂ ਵਰਨਨ ਕੀਤਾ ਹੈ : "ਬਜ਼ੁਰਗ ਖ਼ਾਲਸਾ ਮਹਾਰਥੀਆਂ ਦੀ ਹਥਿਆਰ ਸੁੱਟਣ ਦੀ ਝਿਜਕ ਸਾਫ਼ ਦਿਖਾਈ ਦਿੰਦੀ ਸੀ। ਕਈ ਤਾਂ ਆਪਣੇ ਅੱਥਰੂ ਵੀ ਨਾ ਰੋਕ ਸਕੇ। ਦੂਸਰਿਆਂ ਦੇ ਚਿਹਰਿਆਂ 'ਤੇ ਗ਼ੁੱਸਾ ਤੇ ਨਫ਼ਰਤ ਸਾਫ਼ ਦਿਖਾਈ ਦਿੰਦੀ ਸੀ। ਇਕ ਚਿੱਟੀ ਦਾੜ੍ਹੀ ਵਾਲੇ ਬਜ਼ੁਰਗ ਦੀ ਟਿੱਪਣੀ ਨੇ ਪੰਜਾਬ ਦੇ ਇਤਿਹਾਸ ਦਾ ਸਾਰ ਪ੍ਰਗਟ ਕਰਦਿਆਂ ਕਿਹਾ : "ਅੱਜ ਰਣਜੀਤ ਸਿੰਘ ਮਰ ਗਿਆ ਹੈ।"

29 ਮਾਰਚ 1849 ਨੂੰ ਕਿਲ੍ਹੇ ਵਿੱਚ ਦਰਬਾਰ ਲਗਾਇਆ ਗਿਆ। ਇਕ ਐਲਾਨ ਕੀਤਾ ਗਿਆ ਕਿ ਸਿੱਖ ਸਲਤਨਤ ਸਮਾਪਤ ਹੋ ਗਈ ਹੈ। ਮਹਾਰਾਜਾ ਦਲੀਪ ਸਿੰਘ ਨੇ ਕੋਹਿਨੂਰ ਅੰਗਰੇਜ਼ਾਂ ਨੂੰ ਸੌਂਪ ਦਿੱਤਾ ਤੇ ਫਿਰ ਕਦੇ ਤਖ਼ਤ ਨਾ ਬੈਠਣ ਲਈ ਆਪਣੇ ਪ੍ਰਸਿੱਧ ਪਿਤਾ ਦੇ ਤਖ਼ਤ ਤੋਂ ਥੱਲੇ ਉੱਤਰ ਗਿਆ।

---

34. "ਮੈਨੂੰ ਇਹ ਕਹਿਣ ਵਿੱਚ ਸ਼ਰਮ ਮਹਿਸੂਸ ਹੁੰਦੀ ਹੈ ਕਿ ਕਿਸੇ ਦੀ ਵੀ ਜਾਨ ਬਖ਼ਸ਼ੀ ਨਾ ਕੀਤੀ ਗਈ ਤੇ ਜਿਹਨਾਂ ਨੂੰ ਅਸੀਂ ਆਪਣੇ ਆਦਮੀਆਂ ਦੀ ਵੈਰ-ਭਾਵਨਾ ਤੋਂ ਬਚਾਉਣ 'ਚ ਸਫਲ ਹੋ ਗਏ, ਉਹਨਾਂ ਨੂੰ, ਮੈਨੂੰ ਡਰ ਹੈ, ਮਗਰੋਂ ਮਾਰ ਦਿੱਤਾ ਗਿਆ। ਆਖ਼ਰ ਇਹ ਜੰਗ ਤਬਾਹ ਕਰਨ ਦੀ ਹੀ ਤਾਂ ਜੰਗ ਸੀ।" —ਸੈਂਡਫੋਰਡ, ਲੀਵਜ਼ ਫਰਾਂਸ ਦੀ ਜਰਨਲ ਔਫ ਸਬਾਲਟਰਨ, ਪੰਨਾ 155.
35. ਸੀਕਰਟ ਡਿਸਪੈਚ ਟੂ ਦੀ ਸੀਕਰਟ ਕਮੇਟੀ ਨੰ: 18 ਮਿਤੀ 21 ਮਾਰਚ 1849. ਜਦੋਂ ਅਟਾਰੀਵਾਲਿਆਂ ਤੇ ਉਹਨਾਂ ਦੀਆਂ ਫ਼ੌਜਾਂ ਨੇ ਹਥਿਆਰ ਸੁੱਟ ਦਿੱਤੇ ਤਾਂ ਬਹੁਤ ਸਾਰਿਆਂ ਨੇ ਜੰਗ ਜਾਰੀ ਰੱਖਣ ਦਾ ਇਰਾਦਾ ਕਰ ਲਿਆ। ਨਾਰਾਇਣ ਸਿੰਘ ਨੂੰ ਜ਼ਿੰਦਾ ਗਰਿਫਤਾਰ ਕਰ ਲਿਆ ਗਿਆ ਸੀ। ਕਰਨਲ ਰਛਪਾਲ ਸਿੰਘ ਨੂੰ ਅਲੀਗੜ੍ਹ ਨੇੜੇ ਮਾਰ ਦਿੱਤਾ ਗਿਆ ਸੀ। 28 ਦਸੰਬਰ 1849 ਦੀ ਰਾਤ ਨੂੰ ਭਾਈ ਮਹਾਰਾਜ ਸਿੰਘ ਜਿਸ ਦੇ ਸਿਰ ਦਾ ਇਨਾਮ 10 ਹਜ਼ਾਰ ਰੁਪਏ ਰੱਖਿਆ ਗਿਆ ਸੀ ਉਸ ਨੂੰ 21 ਹਥਿਆਰ ਰਹਿਤ ਪੈਰੋਕਾਰਾਂ ਦੇ ਜੱਥੇ ਨਾਲ ਗਰਿਫਤਾਰ ਕਰ ਲਿਆ ਗਿਆ। ਮਿਸਟਰ ਵੇਨਸੀਟਾਰਟ ਜਿਸ ਨੇ ਉਸ ਨੂੰ ਗਰਿਫ਼ਤਾਰ ਕੀਤਾ ਸੀ, ਲਿਖਦਾ ਹੈ : "ਗੁਰੂ ਕੋਈ ਸਾਧਾਰਨ ਆਦਮੀ ਨਹੀਂ ਹੈ। ਉਹ ਦੇਸੀ ਲੋਕਾਂ ਲਈ ਉਸ ਤਰ੍ਹਾਂ ਹੀ ਹੈ ਜਿਵੇਂ ਈਸਾ ਮਸੀਹ ਪਰਮ ਸ਼ਰਧਾਲੂਆਂ ਲਈ ਹੈ।" ਐਸ.ਸੀ. 49 ਮਿਤੀ 25.1.1850. ਸਰਕਾਰ ਉਸ ਉੱਪਰ ਭਾਰਤ ਉੱਪਰ ਜਨਤਕ ਤੌਰ 'ਤੇ ਮੁਕੱਦਮਾ ਚਲਾਉਣ ਦਾ ਖ਼ਤਰਾ ਨਹੀਂ ਲੈਣਾ ਚਾਹੁੰਦੀ ਸੀ। ਉਸ ਨੂੰ ਸਿੰਗਾਪੁਰ ਭੇਜਣ ਦਾ ਫ਼ੈਸਲਾ ਲੈ ਲਿਆ ਗਿਆ। ਕਈ ਸਾਲ ਭਾਈ ਨੂੰ ਫ਼ੌਜੀ ਕੋਠੜੀ ਵਿੱਚ ਕੈਦ ਰੱਖਿਆ ਗਿਆ ਜਿੱਥੇ ਉਹ 5 ਜੁਲਾਈ 1856 ਨੂੰ ਮਰ ਗਿਆ।
ਮੂਲਰਾਜ ਉੱਪਰ ਕਤਲ ਦਾ ਮੁਕੱਦਮਾ ਚਲਾਇਆ ਗਿਆ ਤੇ ਉਸ ਨੂੰ ਮੁਜ਼ਰਮ ਪਾਇਆ ਗਿਆ। ਉਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਗਈ। ਉਹ 11 ਅਗਸਤ 1851 ਨੂੰ ਬਨਾਰਸ ਨੇੜੇ ਮਰ ਗਿਆ।

ਭਾਗ—II

ਪੰਜਾਬ ਵਿੱਚ ਅੰਗਰੇਜ਼ੀ ਰਾਜ ਦੀ ਮਜਬੂਤੀ ਤੇ ਸਥਾਪਤੀ

ਦਸ ਸਾਲਾਂ ਦੀ ਅਰਾਜਕਤਾ ਤੇ ਅੰਗਰੇਜ਼ਾਂ ਵਿਰੁੱਧ ਦੋ ਖ਼ੂਨੀ ਯੁੱਧਾਂ ਨੇ ਸਿੱਖਾਂ ਨੂੰ ਉਹਨਾਂ ਦੀ ਸਲਤਨਤ ਦੇ ਇਲਹਾਕ ਦਾ ਵਿਰੋਧ ਕਰਨ ਤੋਂ ਵੰਚਿਤ ਕਰ ਦਿੱਤਾ। ਅੰਗਰੇਜ਼ਾਂ ਨੇ ਇਹ ਵੀ ਸਮਝ ਲਿਆ ਸੀ ਕਿ ਹਕੂਮਤ ਕਰਨ ਦਾ ਵਧੀਆ ਢੰਗ ਇਹ ਸੀ ਕਿ ਪਰਤਾਪੀ ਤੇ ਕੁਲੀਨੀ ਸ਼ਕਤੀਆਂ ਨੂੰ ਨਿਆਂਸ਼ੀਲਤਾ ਨਾਲ ਵਰਤਿਆ ਜਾਵੇ। (ਜਾਨ ਲਾਰੈਂਸ ਨੇ ਕਿਹਾ ਸੀ, "ਮੈਂ ਤੁਹਾਡੇ 'ਤੇ ਤਲਵਾਰ ਅਤੇ ਕਲਮ ਦੋਹਾਂ ਨਾਲ ਰਾਜ ਕਰਾਂਗਾ।) ਪ੍ਰਬੰਧਕੀ ਬੋਰਡ ਨੇ ਪੰਜਾਬ ਦੇ ਲੋਕਾਂ ਦਾ ਨਿਸ਼ਸਤ੍ਰੀਕਰਨ ਕਰ ਦਿੱਤਾ, ਕਾਨੂੰਨ ਦਾ ਰਾਜ ਕਾਇਮ ਕੀਤਾ ਤੇ ਪੰਜਾਬੀਆਂ ਲਈ ਰੁਜ਼ਗਾਰ ਦੇ ਸਾਧਨ ਤੇ ਮੌਕੇ ਪੈਦਾ ਕੀਤੇ। ਭਾਵੇਂ ਅੰਗਰੇਜ਼ਾਂ ਨੇ ਸਾਰੀਆਂ ਨੌਕਰੀਅੰ ਸਭ ਲਈ ਖੋਲ੍ਹ ਦਿੱਤੀਆਂ, ਪਰ ਵੱਖ-ਵੱਖ ਨੌਕਰੀਆਂ ਲਈ ਵੱਖ-ਵੱਖ ਫਿਰਕਿਆਂ ਦੇ ਲੋਕਾਂ ਨੂੰ ਤਰਜੀਹ ਦਿੱਤੀ। ਹਿੰਦੂ, ਦੂਸਰਿਆਂ ਨਾਲੋਂ ਵਧੇਰੇ ਪੜ੍ਹੇ ਹੋਣ ਕਾਰਨ ਕਲਰਕ ਭਰਤੀ ਕੀਤੇ ਗਏ। ਮੁਸਲਮਾਨਾਂ ਨੂੰ ਪੁਲੀਸ ਵਿੱਚ ਤੇ ਸਿੱਖਾਂ ਨੂੰ ਉਹਨਾਂ ਦੀ ਵਫ਼ਾਦਾਰੀ ਬਾਰੇ ਤਸੱਲੀ ਕਰਨ ਉਪ੍ਰੰਤ ਫ਼ੌਜ ਵਿੱਚ ਭਰਤੀ ਕੀਤਾ ਗਿਆ। ਇਹ ਨੀਤੀ 1857 ਦੇ ਵਿਦਰੋਹ ਵਿੱਚ ਬਹੁਤ ਸਫ਼ਲ ਰਹੀ, ਜਦੋਂ ਸਾਰੇ ਉੱਤਰੀ ਭਾਰਤ ਨੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕੀਤੀ ਸੀ ਪਰ ਪੰਜਾਬ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ।

ਗਦਰ ਤੋਂ ਪਿੱਛੋਂ ਸਰਕਾਰ ਨੇ ਆਪਣੇ ਜਨਤਕ ਭਲਾਈ ਦੇ ਕੰਮਾਂ, ਜਿਵੇਂ ਸੜਕਾਂ, ਰੇਲਵੇ ਮਾਰਗਾਂ, ਸਕੂਲਾਂ ਤੇ ਹਸਪਤਾਲਾਂ ਦੇ ਨਿਰਮਾਣ ਦਾ ਕੰਮ ਮੁੜ ਸ਼ੁਰੂ ਕੀਤਾ। ਇਹਨਾਂ ਕਾਰਜਾਂ ਵਿੱਚੋਂ ਸਭ ਤੋਂ ਮਹਾਨ ਕਾਰਨ ਪੰਜਾਬ ਦੇ ਦਰਿਆਵਾਂ ਦੇ ਵਿਚਕਾਰਲੇ ਦੁਆਬਿਆਂ ਦੀ ਰੇਤਲੀ ਭੂਮੀ ਦਾ ਸੁਧਾਰ ਤੇ ਨਹਿਰਾਂ ਦੀ ਖ਼ੁਦਾਈ ਸੀ। ਪੰਜਾਬ ਭਾਰਤ ਦਾ ਅਨਾਜ-ਭੰਡਾਰ ਬਣ ਗਿਆ। ਸਿੱਖ ਜਿਹਨਾਂ ਨੂੰ ਬੰਜਰ ਜੰਗਲਾਂ ਵਿੱਚ ਬਸਤੀਆਂ ਵਸਾਉਣ ਲਈ ਚੁਣਿਆ ਗਿਆ, ਏਸ਼ੀਆ ਵਿੱਚ ਸਭ ਤੋਂ ਅਮੀਰ ਕਿਸਾਨ ਬਣ ਗਏ। ਇਹ ਹੈਰਾਨੀ ਦੀ ਗੱਲ ਨਹੀਂ ਕਿ ਉਹ ਬਰਤਾਨਵੀ ਰਾਜ ਦੇ ਸਭ ਤੋਂ ਪੱਕੇ ਸਮਰਥੱਕ ਬਣ ਗਏ। ਲਾਰਡ ਡਫਰਿਨ ਦੇ ਸ਼ਬਦਾਂ ਵਿੱਚ ਉਹਨਾਂ ਦਾ ਭਵਿੱਖ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦੇ ਭਵਿੱਖ ਨਾਲ ਇਕਮਿੱਕ ਹੋ ਗਿਆ।

ਕਾਂਡ—5
ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ਾ

ਲਾਰਡ ਡਲਹੌਜ਼ੀ ਦਾ ਅੱਧ-ਪਚੱਧੇ ਉਪਾਵਾਂ ਵਿੱਚ ਕੋਈ ਯਕੀਨ ਨਹੀਂ ਸੀ। ਪੰਜਾਬੀਆਂ ਦੇ ਹਥਿਆਰ ਸੁੱਟ ਦੇਣ ਤੋਂ ਪਹਿਲਾਂ ਹੀ ਉਸ ਨੇ ਦ੍ਰਿੜ੍ਹ ਫ਼ੈਸਲਾ ਕਰ ਲਿਆ ਸੀ ਕਿ ਉਹ ਸਿੱਖ ਸਿਆਸੀ ਤਾਕਤ ਖ਼ਤਮ ਕਰ ਦੇਵੇਗਾ।[1] ਉਸ ਨੇ ਲਿਖਿਆ ਸੀ, "ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲੈਣ ਦਾ ਅਧਿਕਾਰ ਉੱਕਾ ਹੀ ਬਿਨਾਂ ਕਿਸੇ ਨੁਕਤਾਚੀਨੀ ਤੇ ਢੁੱਚਰ ਤੋਂ ਰਹਿਤ ਹੈ।"[2] ਪ੍ਰੰਤੂ ਉਸ ਨੂੰ ਕੁਝ ਸ੍ਰੇਸ਼ਠ ਸਹਿਯੋਗੀਆਂ ਦੇ ਵਿਰੋਧੀ ਵਿਚਾਰਾਂ,

---

1. "ਪੰਜਾਬ ਵਿੱਚ ਉਸ ਸਮੇਂ ਤੱਕ ਕਦੇ ਵੀ ਅਮਨ ਨਹੀਂ ਹੋਵੇਗਾ ਜਦ ਤੱਕ ਇਸ ਦੇ ਲੋਕਾਂ ਨੂੰ ਜੰਗ ਕਰਨ ਦੇ ਮੌਕੇ ਤੇ ਸਾਧਨ ਵਰਤਣ ਦੀ ਆਗਿਆ ਦਿੱਤੀ ਜਾਵੇਗੀ। ਭਾਰਤ ਵਿੱਚ ਉਸ ਸਮੇਂ ਤੱਕ ਮੁਕੰਮਲ ਸ਼ਾਂਤੀ ਦੀ ਕੋਈ ਜ਼ਮਾਨਤ ਨਹੀਂ ਹੋਵੇਗੀ ਜਦ ਤੱਕ ਅਸੀਂ ਸਿੱਖਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਕੇ ਇਹਨਾਂ ਨੂੰ ਇਕ ਸੁਤੰਤਰ ਕੌਮ ਵਜੋਂ ਖ਼ਤਮ ਨਾ ਕਰ ਦਿੱਤਾ।"—ਸੀਕਰਿਟ ਕਮੇਟੀ ਨੂੰ ਗਵਰਨਰ ਜਨਰਲ ਦਾ ਪੱਤਰ ਨੰ: 29 (1849)
2. ਬੈਇਰਡ, ਮਾਰਕਵਿਸ ਔਫ ਡਲਹੌਜ਼ੀ ਦੇ ਨਿੱਜੀ ਪੱਤਰ, ਪੰਨਾ 30 ਉਸ ਨੇ 7.4.1849 ਦੇ ਪੱਤਰ ਵਿੱਚ ਸੀਕਰਿਟ ਕਮੇਟੀ ਨੂੰ ਲਿਖਿਆ। ਡਲਹੌਜ਼ੀ ਨੇ ਪੰਜਾਬ ਉੱਪਰ ਕਬਜ਼ੇ (ਇਲਹਾਕ) ਦੇ ਹੱਕ ਵਿੱਚ ਤਿੰਨ ਦਲੀਲਾਂ ਦਿੱਤੀਆਂ। ਪਹਿਲੀ ਇਹ ਕਿ ਅੰਗਰੇਜ਼ਾਂ ਨੇ ਲਾਹੌਰ ਤੇ ਭੈਰੋਵਾਲ ਦੀਆਂ ਸੰਧੀਆਂ ਦੀ ਪਾਲਣਾ ਕੀਤੀ ਹੈ ਤੇ ਦਰਬਾਰ ਨੇ ਨਹੀਂ, ਏਥੋਂ ਤੱਕ ਕਿ ਇਸ ਨੇ 22 ਲੱਖ ਸਾਲਾਨਾ ਇਮਦਾਦੀ ਰਕਮ 'ਚੋਂ ਇਕ ਪੈਸਾ ਵੀ ਨਹੀਂ ਦਿੱਤਾ ਤੇ ਨਾ ਹੀ ਮੂਲ ਰਾਜ ਵਿਰੁੱਧ ਫ਼ੌਜ ਭੇਜੀ। ਦੂਸਰਾ ਇਹ ਕਿ ਦਰਬਾਰ ਦੀ ਫ਼ੌਜ ਤੇ ਲੋਕਾਂ ਨੇ ਰਿਆਸਤ ਦੇ ਸਰਦਾਰਾਂ ਤੇ ਸੰਧੀਆਂ ਉੱਪਰ ਹਸਤਾਖ਼ਰ ਕਰਨ ਵਾਲਿਆਂ ਤੇ ਰੀਜੈਂਸੀ ਕੌਂਸਲ ਦੇ ਮੈਂਬਰਾਂ ਦੀ ਅਗਵਾਈ ਵਿੱਚ (ਉਹਨਾਂ ਵਿੱਚੋਂ ਇਕ ਨੇ ਤਾਂ ਰਣ-ਭੂਮੀ ਵਿੱਚ ਫ਼ੌਜ ਦੀ ਕਮਾਨ ਵੀ ਸੰਭਾਲੀ ਸੀ) ਅੰਗਰੇਜ਼ਾਂ ਦੇ ਵਿਰੁੱਧ ਬਗ਼ਾਵਤ ਕੀਤੀ ਸੀ। ਤੀਸਰਾ ਇਹ ਕਿ ਸਿੱਖਾਂ ਨੇ ਅਫ਼ਗਾਨਾਂ ਤੋਂ ਅੰਗਰੇਜ਼ਾਂ ਵਿਰੁੱਧ ਲੜਨ ਲਈ ਸਹਾਇਤਾ ਲਈ ਤੇ ਬੁਲਾਵਾ ਭੇਜਿਆ।

   ਮਹਾਜਨ ਨੇ ਆਪਣੀ ਪੁਸਤਕ "ਪੰਜਾਬ ਉੱਪਰ ਅੰਗਰੇਜ਼ੀ ਅਧਿਕਾਰ ਕਰਨ ਦੇ ਹਾਲਾਤ (1846-49) ਪੰਨਾ 126 (ਜਿਸ ਨੂੰ ਗੰਡਾ ਸਿੰਘ ਨੇ ਵੀ "ਪ੍ਰਾਈਵੇਟ ਕਾਰੈਸਪੌਂਡਨਸ ਰੀਲੇਟਿੰਗ ਟੂ ਐਂਗਲੋ-ਸਿੱਖ ਵਾਰਜ਼ (ਪੰਨਾ 158) ਵਿੱਚ ਵਰਤਿਆ ਤੇ ਅਪਣਾਇਆ ਹੈ) ਡਲਹੌਜ਼ੀ ਉੱਪਰ ਤੱਥਾਂ ਨੂੰ ਜਾਣ-ਬੁੱਝ ਕੇ ਤੋੜ ਮਰੋੜਨ ਦਾ ਕਸੂਰਵਾਰ ਠਹਿਰਾਇਆ ਹੈ। ਉਹ ਲਿਖਦਾ ਹੈ ਕਿ ਉਸ ਦੀ ਪਹਿਲੀ ਦਲੀਲ ਕਿ ਲਾਹੌਰ ਦਰਬਾਰ ਨੇ ਇਮਦਾਦੀ ਸਹਾਇਤਾ ਦਾ ਕੋਈ ਹਿੱਸਾ ਅੰਗਰੇਜ਼ਾਂ ਨੂੰ ਅਦਾ ਨਹੀਂ ਕੀਤਾ ਸੀ, ਗ਼ਲਤ ਹੈ ਤੇ ਉਹ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਖ਼ਾਸ ਕਰਕੇ ਹੈਨਰੀ ਲਾਰੈਂਸ ਦੇ ਵਿਚਾਰਾਂ ਦਾ ਸਾਮ੍ਹਣਾ ਕਰਨਾ ਪਿਆ ਜੋ ਕਾਹਲੀ-ਕਾਹਲੀ ਇੰਗਲੈਂਡ ਤੋਂ ਵਾਪਸ ਆ ਗਿਆ ਸੀ ਤੇ ਉਸ ਨੇ ਮੁੜ ਆਪਣੀ ਰੈਜ਼ੀਡੈਂਟ ਦੀ ਪਦਵੀ ਗ੍ਰਹਿਣ ਕਰ ਲਈ ਸੀ। ਹੈਨਰੀ ਲਾਰੰਸ ਪੰਜਾਬ ਉੱਪਰ ਅਧਿਕਾਰ ਕਰਨ ਦੇ ਵਿਰੁੱਧ ਸੀ।[3]

☜ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਲਾਹੌਰ ਰੈਜ਼ੀਡੈਂਟ ਦੇ ਪੱਤਰ 'ਚੋਂ ਗਵਰਨਰ-ਜਨਰਲ ਨੂੰ 23 ਫਰਵਰੀ 1848 ਦੇ ਪੱਤਰ ਵਿੱਚੋਂ ਹਵਾਲਾ ਦਿੰਦਾ ਹੈ ਜਿਸ ਵਿੱਚ ਇਹ ਸੂਚਨਾ ਦਿੱਤੀ ਗਈ ਹੈ ਕਿ ਬਰਤਾਨਵੀ ਖ਼ਜ਼ਾਨੇ ਲਈ ਦਰਬਾਰ ਨੇ 13 ਲੱਖ ਰੁਪਿਆ ਸੋਨੇ ਦੀ ਸ਼ਕਲ ਵਿੱਚ ਅਦਾ ਕਰ ਦਿੱਤਾ ਸੀ। ਪ੍ਰੰਤੂ ਲਾਹੌਰ ਰੈਜ਼ੀਡੈਂਟ ਦੇ ਦਸਤਾਵੇਜ਼ਾਂ ਤੋਂ ਇਹ ਸਪੱਸ਼ਟ ਹੈ ਕਿ ਇਹ ਸੋਨਾ ਭੈਰੋਵਾਲ ਦੀ ਸੰਧੀ ਤੋਂ ਪਹਿਲਾਂ ਦੇ ਕਰਜ਼ੇ ਦੇ ਸਬੰਧ ਵਿੱਚ ਲਾਹੌਰ ਦਰਬਾਰ ਵੱਲੋਂ ਅੰਗਰੇਜ਼ ਸਰਕਾਰ ਨੂੰ ਦਿੱਤਾ ਗਿਆ ਸੀ। (ਐਸ.ਸੀ. 245, ਮਿਤੀ 30.12.1848)

ਅਜੇ ਵੀ ਇਲਹਾਕ ਸਮੇਂ (ਐਸ.ਸੀ. 78 ਮਿਤੀ 2.5.1851) ਬਕਾਇਆ ਖੜਾ ਸੀ। ਦਰਬਾਰ ਕੋਲ ਵਾਰਸ਼ਿਕ ਸਹਾਇਤਾ ਦੇਣ ਲਈ ਪੈਸੇ ਦੀ ਘਾਟ ਸੀ ਜਿਸ ਦੀ ਪਹਿਲੀ ਕਿਸ਼ਤ ਮਈ 1848 ਵਿੱਚ ਅਦਾ ਕੀਤੀ ਗਈ ਸੀ।

ਦਲੀਪ ਸਿੰਘ ਨੇ ਬਹੁਤ ਮਗਰੋਂ ਜਾ ਕੇ ਆਪਣੀ ਰੱਖਿਆ ਦੇ ਸਮੇਂ ਨੂੰ ਕਪਟ ਨਾਲ ਤੁਲਨਾ ਦਿੱਤੀ ਜਦੋਂ ਉਸ ਨੇ ਆਪਣੀ ਰਿਆਸਤ ਦੀ ਵਾਪਸੀ ਲਈ ਹਲਚਲ ਕੀਤੀ। "ਮੈਂ ਅੰਗਰੇਜ਼ਾਂ ਦੀ ਸਰਪ੍ਰਸਤੀ ਅਧੀਨ ਸੀ ਤੇ ਮੇਰੇ ਰੱਖਿਅਕਾਂ ਦਾ ਇਹ ਅਨਿਆਂ ਸੀ ਕਿ ਉਹਨਾਂ ਨੇ ਮੇਰੀ ਰੱਖਿਆ ਕਰਨ ਦੀ ਅਸਫਲਤਾ ਦੇ ਫਲਸਰੂਪ ਮੇਰੀ ਹਕੂਮਤ ਹੀ ਮੈਥੋਂ ਖੋਹ ਲਈ।" "ਦੀ ਟਾਈਮਜ਼" ਨੂੰ 8 ਸਤੰਬਰ 1882 ਨੂੰ ਲਿਖੇ ਪੱਤਰ ਵਿੱਚੋਂ।

3. "ਮੇਰੇ ਵਿਚਾਰ ਜੋ ਮੈਂ ਜਨਾਬ ਨੂੰ ਇਕ ਤੋਂ ਵਧੇਰੇ ਵਾਰ ਪ੍ਰਗਟ ਕਰ ਚੁੱਕਿਆ ਹਾਂ, ਇਲਹਾਕ ਦੇ ਵਿਰੁੱਧ ਹਨ। ਮੈਂ ਇਹਨਾਂ ਨੂੰ ਅਨਿਆਂਪੂਰਨ ਸਮਝਦਾ ਸੀ। ਹੁਣ ਮੈਂ ਇਲਹਾਕ ਨੂੰ ਅਸ਼ਿਸ਼ਟਤਾ ਸਮਝਦਾ ਹਾਂ।

(ਹੈਨਰੀ ਲਾਰੈਂਸ ਡਲਹੌਜ਼ੀ ਨੂੰ 2 ਫਰਵਰੀ 1849)

ਹੈਨਰੀ ਲਾਰੈਂਸ ਦੇ ਜੀਵਨੀ ਲੇਖਕ ਹਰਬਰਟ ਐਡਵਰਡਜ਼ ਅਨੁਸਾਰ ਹੈਨਰੀ ਲਾਰੈਂਸ ਦੀ ਇੱਛਾ ਮਹਾਨ ਰਹੱਸਮਈ ਖ਼ਾਲਸਾ ਸੰਗਠਨ ਨੂੰ ਕੁਲੀਨਤੰਤਰ ਰਾਜ ਵਜੋਂ ਉਸਾਰਨਾ ਸੀ ਜੋ ਸਾਡੇ 'ਤੇ ਨਿਰਭਰ ਕਰਦੀ ਹੋਵੇ ਤੇ ਉੱਤਰ ਪੱਛਮ ਵਿੱਚ ਸਾਡੇ ਸਾਮਰਾਜ ਨੂੰ ਸਮਰਥਨ ਦੇਵੇ। ਰਣਜੀਤ ਸਿੰਘ ਦੀ ਮੌਤ ਪਿੱਛੋਂ ਇਸ ਨੂੰ ਸਹਿਯੋਗੀ ਤੇ ਸੁਤੰਤਰ ਰਾਜ ਬਣਾਉਣਾ ਉਹਦੀ ਇੱਛਾ ਸੀ। ਜਦੋਂ ਇਹ ਵਿਰੋਧ ਕਰੇ ਤਾਂ ਇਸ ਨੂੰ ਸ਼ਾਂਤ ਕਰਨਾ, ਜਿੱਤ ਕੇ ਇਸ ਨੂੰ ਮਾਫ਼ ਕਰਨਾ ਤੇ ਇਸ ਨੂੰ ਅਫ਼ਗਾਨਿਸਤਾਨ ਵਿਰੁੱਧ ਇਕ ਨਿਰਪੱਖ ਕੰਧ ਵਜੋਂ ਵਰਤਣਾ ਤੇ ਜੇ ਲੋੜ ਪਵੇ ਰੂਸ ਵਿਰੁੱਧ ਵਰਤਣਾ, ਉਹਦੀ ਇੱਛਾ ਸੀ। 1848 ਦੀ ਬਗ਼ਾਵਤ ਜੋ ਉਹਦੀ ਗ਼ੈਰ-ਹਾਜ਼ਰੀ ਸਮੇਂ ਵਾਪਰੀ ਤੇ ਜਿਸ ਦਾ ਉਸ ਨੂੰ ਪੂਰਵ ਅਨੁਮਾਨ ਨਹੀਂ ਸੀ, ਉਸ ਨੇ ਬੜੀ ਕੁਰੱਖਤਾ ਨਾਲ ਉਸ ਦੇ ਸੁਪਨੇ ਨੂੰ ਭੰਗ ਕਰ ਦਿੱਤਾ ਸੀ ਭਾਵੇਂ ਇਸ ਨੂੰ ਪੂਰੀ ਤਰ੍ਹਾਂ ਸਮਾਪਤ ਨਹੀਂ ਕੀਤਾ ਸੀ।" ਐਡਵਰਡਜ਼ ਤੇ ਮੈਰੀਵੇਲ, ਲਾਈਫ਼ ਔਫ ਸਰ ਹੈਨਰੀ ਲਾਰੈਂਸ, ਪੰਨਾ 470

ਜਾਨ ਲਾਰੰਸ ਲਾਰਡ ਡਲਹੌਜ਼ੀ ਦੇ ਇਸ ਵਿਚਾਰ ਨਾਲ ਸਹਿਮਤ ਸੀ ਕਿ ਇਲਹਾਕ ਅਟੱਲ ਤੇ ਜ਼ਰੂਰੀ ਸੀ। ਲਾਰਡ ਹਾਰਡਿੰਗ ਤੇ ਮਗਰੋਂ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਦੀ ਕੌਂਸਲ ਨੇ ਵੀ ਡਲਹੌਜ਼ੀ ਦਾ ਸਮਰਥਨ ਕੀਤਾ।[4] ਇਸ ਸਮਰਥਨ ਦੇ ਵਿਸ਼ਵਾਸ ਨਾਲ ਗਵਰਨਰ ਜਨਰਲ ਨੇ ਹੈਨਰੀ ਲਾਰੰਸ ਨੂੰ ਐਲਾਨਨਾਮੇ ਦਾ ਖਰੜਾ ਤਿਆਰ ਕਰਨ ਦੀ ਹਿਦਾਇਤ ਕੀਤੀ। ਹੈਨਰੀ ਲਾਰੰਸ ਦਿਲੋਂ ਇਸ ਤਰ੍ਹਾਂ ਨਹੀਂ ਚਾਹੁੰਦਾ ਸੀ ਤੇ ਉਹਦੀ ਇਹ ਇੱਛਾ ਵੀ ਸੀ ਕਿ ਦੀਵਾਨ ਮੂਲਰਾਜ ਦਾ ਆਤਮ ਸਮਰਪਣ ਨਿੱਜੀ ਤੌਰ 'ਤੇ ਪ੍ਰਵਾਨ ਕਰ ਲਿਆ ਜਾਵੇ। ਜਦੋਂ ਡਲਹੌਜ਼ੀ ਨੇ ਹੈਨਰੀ ਦੇ ਖਰੜੇ ਤੇ ਉਸ ਦੀ ਪੰਜਾਬ ਦੀ ਕਿਸਮਤ ਦਾ ਸਾਲਸ[5] ਬਣਨ ਦੀ ਇੱਛਾ ਵਿਰੁੱਧ ਤਿੱਖੀ ਪ੍ਰਤਿੱਗਿਆ ਪ੍ਰਗਟ ਕੀਤੀ ਤਾਂ ਹੈਨਰੀ ਨੇ ਆਪਣਾ ਤਿਆਗ ਪੱਤਰ ਦੇ ਦਿੱਤਾ। ਉਸ ਦੇ ਮਿੱਤਰਾਂ ਨੇ ਉਸ ਨੂੰ ਇਹ ਤਿਆਗ ਪੱਤਰ ਵਾਪਿਸ ਲੈਣ ਲਈ ਮਨਾ ਲਿਆ। ਬਾਵਜੂਦ ਝਿੜਕ ਡੰਬ ਦੇ ਤੇ

---

4. "ਏਥੋਂ ਦੇ ਸਿਆਸਤਦਾਨਾਂ ਦਾ ਇਕ ਵਰਗ ਸਿੱਖਾਂ ਦੀ ਸ਼ਕਤੀ ਤੇ ਫਸਾਦੀ ਸੁਭਾਅ ਨੂੰ ਇਲਹਾਕ ਦੇ ਵਿਰੁੱਧ ਇਕ ਦਲੀਲ ਵਜੋਂ ਪੇਸ਼ ਕਰਦਾ ਹੈ। ਪਰ ਮੇਰੇ ਖ਼ਿਆਲ ਵਿੱਚ ਇਹੋ ਦਲੀਲ ਮੈਨੂੰ ਇਲਹਾਕ ਦੇ ਹੱਕ ਵਿੱਚ ਪ੍ਰੇਰਿਤ ਕਰੇਗੀ, ਜੇ ਮੈਂ ਉੱਥੇ ਮੌਕੇ 'ਤੇ ਹੋਵਾਂ।" ਹਾਰਡਿੰਗ, ਹੈਨਰੀ ਲਾਰੰਸ ਨੂੰ, ਡਬਲਯੂ. ਡਬਲਯੂ. ਹੰਟਰ, "ਦੀ ਮਾਰਕਵਿਸ ਔਫ ਡਲਹੌਜ਼ੀ, ਪੰਨਾ 83.
5. "ਮੈਂ ਹੁਣ ਇਸ ਤਜ਼ਵੀਜ਼ ਕੀਤੇ ਫਰਮਾਨ ਤੇ ਆਪਣੇ ਵਿਚਾਰ ਪੇਸ਼ ਕਰਦਾ ਹਾਂ। ਇਸ ਵਸਤੂ ਪੱਖੋਂ ਵੀ ਇਤਰਾਜ਼ਯੋਗ ਤੇ ਅਨਉੱਚਿਤ ਹੈ ਕਿਉਂਕਿ ਜੋ ਭਾਸ਼ਾ ਵਰਤੀ ਗਈ ਹੈ ਉਹ ਇਸ ਸ਼ਰਮਨਾਕ ਲੜਾਈ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਇਹ ਪ੍ਰਭਾਵ ਦਿੰਦੀ ਹੈ ਕਿ ਵੈਰੀ ਨੂੰ ਉਮੀਦ ਤੋਂ ਜ਼ਿਆਦਾ ਲਾਹੇਵੰਦ ਸ਼ਰਤਾਂ ਪੇਸ਼ ਕੀਤੀਆਂ ਗਈਆਂ ਹਨ ਤੇ ਸਜ਼ਾ ਵਿੱਚ ਬਹੁਤੇ ਜ਼ਿਆਦਾ ਛੋਟ ਦਿੱਤੀ ਗਈ ਹੈ, ਤੇ ਮੇਰੇ ਖ਼ਿਆਲ ਵਿੱਚ ਇਹਨਾਂ ਨੂੰ ਮਨਜ਼ੂਰ ਕਰਨਾ ਮੇਰੇ ਲਈ ਉੱਚਿਤ ਨਹੀਂ ਹੋਵੇਗਾ। ਫਿਰ ਵਿਧੀ ਵਰਤਾਰੇ ਪੱਖੋਂ ਵੀ (ਨਿਰਸੰਦੇਹ ਅਣਜਾਣੇ ਹੀ) ਵੀ ਇਹ ਉਸ ਸਰਕਾਰ ਦੀ ਥਾਂ, ਜਿਸ ਦੀ ਤੁਸੀਂ ਪ੍ਰਤਿਨਿਧਤਾ ਕਰਦੇ ਹੋ, ਤੁਹਾਨੂੰ ਨਿੱਜੀ ਰੂਪ ਵਿੱਚ, ਲਾਹੌਰ ਦੇ ਰੈਜ਼ੀਡੈਂਟ ਨੂੰ ਹੀ ਪ੍ਰਤਿਸਥਾਪਨ ਕਰਦਾ ਹੈ। ਇਸ ਤੋਂ ਇਹ ਅਨੁਮਾਨ ਵੀ ਲੱਗਦਾ ਹੈ ਕਿ ਨਵੀਂ ਸਥਿਤੀ ਉਤਪੰਨ ਹੋ ਰਹੀ ਹੈ ਤੇ ਤੁਹਾਡੇ ਆਉਣ ਨਾਲ ਸ਼ਾਂਤੀ ਸਥਾਪਿਤ ਕਰਨ ਦੀ ਇੱਛਾ ਸਰਕਾਰ ਦੇ ਜੰਗੀ ਉਪਾਵਾਂ ਤੇ ਅਸਰ-ਅੰਦਾਜ਼ ਹੋਵੇਗੀ ਤੇ ਤੁਸੀਂ ਸਿੱਖਾਂ ਲਈ ਸਰਕਾਰ ਤੇ ਉਹਦੇ ਪ੍ਰਤਿਨਿਧ ਵਿੱਚ ਸ਼ਾਮਲ ਹੋ। ਇਹ ਨਹੀਂ ਹੋ ਸਕਦਾ। ਸੰਪੂਰਨ ਇਕਰੂਪਤਾ ਤੇ ਸਮਾਨਤਾ ਹੋਣੀ ਜ਼ਰੂਰੀ ਹੈ। ਮੈਂ ਇਹ ਫਿਰ ਦੁਹਰਾਉਂਦਾ ਹਾਂ, ਕਿ ਮੈਂ ਨਾ ਇਹ ਕਹਿਣ ਤੇ ਨਾ ਹੀ ਕਰਨ ਦੀ ਆਗਿਆ ਦੇ ਸਕਦਾ ਹਾਂ ਜਿਸ ਤੋਂ ਇਹ ਪ੍ਰਭਾਵ ਬਣੇ ਕਿ ਭਾਰਤ ਸਰਕਾਰ ਦੀ ਨੀਤੀ ਜਾਂ ਉਸ ਦੀ ਇੱਛਾ ਪੰਜਾਬ ਦੇ ਰੈਜ਼ੀਡੈਂਟ ਵਜੋਂ ਤੁਹਾਡੀ ਹੋਂਦ 'ਤੇ ਨਿਰਭਰ ਕਰਦੀ ਹੈ।.....ਮੈਂ ਇਕ ਪਲ ਲਈ ਤੁਹਾਥੋਂ ਇਹ ਗੱਲ ਲੁਕਾ ਨਹੀਂ ਸਕਦਾ ਕਿ ਮੈਨੂੰ ਇਸ ਵਿਚਾਰ ਨੂੰ ਤਿਆਗ ਦੇਣ ਦਾ ਕੋਈ ਕਾਰਨ ਨਹੀਂ ਜਾਪਦਾ ਕਿ ਬਰਤਾਨਵੀ ਸਾਮਰਾਜ ਦੇ ਮਹੱਤਵਪੂਰਨ ਹਿੱਤ ਤੇ ਅਮਨ ਦੀ ਲੋੜ ਇਹ ਮੰਗ ਕਰਦੇ ਹਨ ਕਿ ਸਿੱਖ ਸਲਤਨਤ ਨੂੰ ਸਿਰਫ਼ ਹਰਾਇਆ ਹੀ ਨਾ ਜਾਵੇ ਸਗੋਂ ਇਹ ਨਸ਼ਟ ਵੀ ਕੀਤੀ ਜਾਵੇ ਤੇ ਰਾਜਵੰਸ਼ ਦਾ ਅੰਤ ਕਰ ਦਿੱਤਾ ਜਾਵੇ। ਐਡਵਰਡਜ਼ ਤੇ ਮੇਰੀਵੇਲ, ਲਾਈਫ ਔਫ ਸਰ ਹੈਨਰੀ ਲਾਰੰਸ, ਪੰਨਾ 433-4.

ਉਹਦੇ ਵਿਚਾਰ ਰੱਦ ਕੀਤੇ ਜਾਣ ਦੇ, ਉਹ ਗਵਰਨਰ ਜਨਰਲ ਦੇ ਹੁਕਮ ਮੰਨਣ ਲਈ ਸਹਿਮਤ ਹੋ ਗਿਆ। ਡਲਹੌਜ਼ੀ ਨੇ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਬਾਹਰ ਭੇਜ ਦੇਣ ਦਾ ਹੁਕਮ ਦੇ ਦਿੱਤਾ।[6] ਸਿੱਖਾਂ ਦਾ ਝੰਡਾ ਉਤਾਰ ਦਿੱਤਾ ਗਿਆ। ਲਾਹੌਰ ਦੇ ਕਿਲ੍ਹੇ 'ਤੇ ਯੂਨੀਅਨ ਜੈਕ (ਅੰਗਰੇਜ਼ਾਂ ਦਾ ਕੌਮੀ ਝੰਡਾ) ਝੁਲਾ ਦਿੱਤਾ ਗਿਆ। ਸਿੱਖ ਸਿੱਕਾ, ਜੋ ਕਈ ਭਾਂਤ ਦਾ ਸੀ, (ਨਾਨਕ ਸ਼ਾਹੀ, ਹਰੀ ਸਿੰਘੀ, ਗੋਬਿੰਦ ਸ਼ਾਹੀ) ਚੱਲਣਾ ਬੰਦ ਕਰ ਦਿੱਤਾ ਤੇ ਕੰਪਨੀ ਦਾ ਰੁਪਈਆ ਪ੍ਰਚੱਲਤ ਕਰ ਦਿੱਤਾ ਗਿਆ।

ਪੰਜਾਬ ਦੇ ਲੋਕਾਂ ਦਾ ਨਿਸ਼ਸਤ੍ਰੀਕਰਣ—ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਵਿੱਚ ਇਸ਼ਤਿਹਾਰ ਲਾ ਕੇ ਲੋਕਾਂ ਨੂੰ ਹਥਿਆਰ ਸੌਂਪ ਦੇਣ ਦੀ ਇਤਲਾਹ ਦਿੱਤੀ ਗਈ। ਸ੍ਵੈ-ਇੱਛਾ ਨਾਲ ਭੇਟ

---

6. ਡਲਹੌਜ਼ੀ ਨੇ ਇਹ ਨਿਸ਼ਚਾ ਕਰ ਲੈਣ ਤੋਂ ਬਾਅਦ ਕਿ ਸਿੱਖ ਕੌਮ ਨੂੰ ਜ਼ਰੂਰ ਬਰਬਾਦ ਕਰਨਾ ਹੀ ਹੈ, ਉਹ ਇਸ ਗੱਲ 'ਤੇ ਡਟਿਆ ਰਿਹਾ ਕਿ ਲੱਖਾਂ ਬਰਤਾਨਵੀਆਂ ਦੀ ਸੁਰੱਖਿਆ ਤੇ ਸਮ੍ਰਿਧੀ ਪ੍ਰਤੀ ਆਪਣਾ ਕਰਤੱਵ ਪੂਰਾ ਕਰਨ ਤੋਂ ਉਹ ਸਿਰਫ਼ ਇਕ ਬੱਚੇ ਪ੍ਰਤੀ ਬੇਵਕਤੇ ਤੇ ਬੇਮੌਕਾ ਦਇਆ ਦੀ ਭਾਵਨਾ ਕਾਰਨ ਪਿੱਛੇ ਨਹੀਂ ਹਟ ਸਕਦਾ। ਡਬਲਯੂ ਡਬਲਯੂ ਹੰਟਰ ਦੀ ਮਾਰਕਵਿਸ ਔਫ ਡਲਹੌਜ਼ੀ, ਪੰਨਾ 82
ਦਲੀਪ ਸਿੰਘ ਤੇ ਉਹਦੀ ਮਾਤਾ ਦੀ ਬਾਕੀ ਜ਼ਿੰਦਗੀ ਇਤਿਹਾਸਕ ਨਾਲੋਂ ਵਧੇਰੇ ਮਾਨਵੀ ਦਿਲਚਸਪੀ ਦੀ ਹੈ। 1853 ਈ: ਨੂੰ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਗਿਆ। ਇਕ ਸਾਲ ਮਗਰੋਂ ਉਹ ਤੇ ਉਸ ਦਾ ਚਚੇਰਾ ਭਰਾ ਕੰਵਰ ਸ਼ਿਵਦੇਵ ਸਿੰਘ ਇੰਗਲੈਂਡ ਚਲੇ ਗਏ। ਦਲੀਪ ਸਿੰਘ ਨੂੰ ਸਫੋਕ ਵਿੱਚ ਐਵਲਡੀਨ ਵਿੱਚ ਇਕ ਜਾਗੀਰ ਦੇ ਦਿੱਤੀ ਗਈ। ਉਹ ਮਲਕਾ ਵਿਕਟੋਰੀਆ ਦਾ ਲਾਡਲਾ ਬਣ ਗਿਆ, ਜੋ ਉਸ ਨੂੰ ਧਰਮ ਪੁੱਤਰ ਸਮਝਦੀ ਸੀ। ਰਾਣੀ ਜਿੰਦਾਂ ਜੋ ਨਿਪਾਲ ਨੱਸ ਗਈ ਸੀ, ਮਗਰੋਂ ਉਸ ਨੂੰ ਇੰਗਲੈਂਡ ਵਿੱਚ ਜਾ ਮਿਲੀ ਜਿੱਥੇ ਉਹ 1863 ਈ: ਵਿੱਚ ਮਰ ਗਈ। ਦਲੀਪ ਸਿੰਘ ਆਪਣੀ ਮਾਂ ਦੀ 'ਰਾਖ' ਭਾਰਤ ਲਿਆਇਆ। ਵਾਪਸ ਇੰਗਲੈਂਡ ਜਾਂਦਿਆਂ ਹੋਇਆਂ ਉਸ ਨੇ ਸਕੰਦਰੀਆਂ ਵਿੱਚ ਬੰਬਾ ਮੂੱਲਰ ਨਾਲ ਵਿਆਹ ਕਰਵਾ ਲਿਆ ਜੋ ਜਰਮਨ ਵਪਾਰੀ ਤੇ ਈਥੋਪੀਆ ਦੀ ਇਸਤਰੀ ਦੀ ਬੇਟੀ ਸੀ। ਉਹਨਾਂ ਦੇ 5 ਬੱਚੇ ਹੋਏ; ਦੋ ਲੜਕੇ ਤੇ ਤਿੰਨ ਲੜਕੀਆਂ ਸਨ। ਦਲੀਪ ਸਿੰਘ ਆਪਣੀ ਆਮਦਨੀ ਨਾਲੋਂ ਵਧੇਰੇ ਖ਼ਰਚ ਕਰਦਾ ਸੀ। ਉਹ ਕਰਜ਼ਾਈ ਹੋ ਗਿਆ। ਉਸ ਨੇ ਆਪਣੀ ਸਲਤਨਤ ਵਾਪਸ ਲੈਣ ਲਈ ਪਹਿਲਾਂ ਅੰਗਰੇਜ਼ ਸਰਕਾਰ ਕੋਲ ਤੇ ਫਿਰ ਪਰਿਵੀ ਕੌਂਸਲ ਵਿੱਚ ਅਪੀਲ ਕੀਤੀ। ਜਦੋਂ ਉਹ ਹਾਰ ਗਿਆ ਤਾਂ ਉਸ ਨੇ ਯੂਰਪੀ ਤਾਕਤਾਂ ਦਾ ਧਿਆਨ ਰਾਜ ਦੀ ਵਾਪਸੀ ਲਈ ਤੇ ਸਹਾਇਤਾ ਲੈਣ ਲਈ ਦੁਆਇਆ। ਉਸ ਨੇ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਸਖ਼ਤ ਦੁਸ਼ਮਣ ਆਖਣਾ ਸ਼ੁਰੂ ਕਰ ਦਿੱਤਾ। ਉਸ ਨੇ ਦੋਬਾਰਾ ਸਿੱਖ ਧਰਮ ਗ੍ਰਹਿਣ ਕਰਨ ਦਾ ਐਲਾਨ ਕੀਤਾ ਤੇ ਕਈ ਭਾਰਤੀ ਰਾਜਕੁਮਾਰਾਂ ਤੇ ਸਿੱਖ ਸਰਦਾਰਾਂ ਨਾਲ ਚਿੱਠੀ ਚਪੱਠੀ ਸ਼ੁਰੂ ਕਰ ਦਿੱਤੀ। ਇਹ ਵਡਿਆਈ ਦਾ ਖਬਤ ਉਸ ਸਮੇਂ ਖ਼ਤਮ ਹੋ ਗਿਆ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਕੋਈ ਵੀ ਉਸ ਬਾਰੇ ਗੰਭੀਰ ਨਹੀਂ ਸੀ। ਬਹੁਤ ਸਾਰੀਆਂ ਸਿੱਖ ਸੰਸਥਾਵਾਂ ਨੇ ਉਹਦੇ ਵਿਰੁੱਧ ਮਤੇ ਪਾਸ ਕੀਤੇ ਤੇ ਉਸ ਨੂੰ ਮਲਕਾ ਤੋਂ ਮਾਫ਼ੀ ਮੰਗਣ ਦੀ ਸਲਾਹ ਦਿੱਤੀ। 1890 ਈ: ਵਿੱਚ ਸਰਕਾਰ ਨੇ ਉਹਦੇ ਕਰਜ਼ੇ ਉਤਾਰ ਦਿੱਤੇ ਤੇ ਮਲਕਾ ਨੇ ਮਾਫ਼ੀ ਦੇ ਦਿੱਤੀ। ਬੰਬਾ ਮੂੱਲਰ ਦੀ ਮੌਤ ਪਿੱਛੋਂ ਦਲੀਪ ਸਿੰਘ ਨੇ 1889 ਵਿੱਚ ਐਡਾ ਡੁਗਲਸ ਵਿਥਰਲ ਨਾਲ ਦੂਸਰੀ ਸ਼ਾਦੀ ਕਰ ਲਈ। ਉਹ 22 ਅਕਤੂਬਰ 1893 ਨੂੰ ਅਧਰੰਗ ਦੀ ਬਿਮਾਰੀ ਨਾਲ ਮਰ ਗਿਆ। ਇਕ ਹਫ਼ਤਾ ਮਗਰੋਂ ਉਸ ਨੂੰ ਐਵਲਡੀਨ ਵਿੱਚ ਦਫ਼ਨ ਕਰ ਦਿੱਤਾ ਗਿਆ।

ਕੀਤੀਆਂ ਬੰਦੂਕਾਂ, ਤਲਵਾਰਾਂ ਤੇ ਹੋਰ ਹਥਿਆਰਾਂ ਦੇ 120,000 ਢੇਰ ਲੱਗ ਗਏ। ਲਾਹੌਰ ਵਿੱਚ ਦਰਬਾਰ ਦੀ ਸੈਨਾ ਦੀ ਗਿਣਤੀ ਕੀਤੀ ਗਈ। ਥੋੜ੍ਹੀ ਜਿਹੀ ਫ਼ੌਜ ਰੱਖ ਕੇ ਬਾਕੀ ਸੈਨਾ ਬਰਖ਼ਾਸਤ ਕਰ ਦਿੱਤੀ ਗਈ। ਕਿਲ੍ਹੇ ਤੇ ਰੱਖਿਆਤਮਕ ਕਿਲ੍ਹੇਬੰਦੀ ਜੋ ਤਕਰੀਬਨ ਹਰ ਪੰਜਾਬੀ ਪਿੰਡ ਵਿੱਚ ਬੁਰਜ ਦੇ ਰੂਪ ਵਿੱਚ ਸੀ, ਢਾਹ ਕੇ ਪੱਧਰੇ ਕਰ ਦਿੱਤੇ ਗਏ। ਸਿਰਫ਼ ਸਾਬਕਾ ਸਲਤਨਤ ਦੇ ਪਿਸ਼ਾਵਰ ਪ੍ਰਾਂਤ ਦਾ ਨਿਸ਼ਸਤ੍ਰੀਕਰਣ ਨਹੀਂ ਕੀਤਾ ਗਿਆ ਸੀ। ਇਹ ਇਸ ਕਾਰਨ ਕੀਤਾ ਗਿਆ ਕਿਉਂਕਿ ਇਸ ਇਲਾਕੇ ਵਿੱਚ ਇਸ ਖੇਤਰ ਦੇ ਲੋਕਾਂ ਦੀ ਕਬਾਇਲੀਆਂ ਤੋਂ ਰੱਖਿਆ ਲਈ ਅੰਗਰੇਜ਼ੀ ਫ਼ੌਜ ਕਾਫ਼ੀ ਨਹੀਂ ਸੀ। ਸਾਰੀਆਂ ਫ਼ੌਜੀ ਜਾਗੀਰਾਂ ਸਮਾਪਤ ਕਰ ਦਿੱਤੀਆਂ ਗਈਆਂ।[7]

ਪ੍ਰਬੰਧਕੀ ਬੋਰਡ—ਇਸ ਬਾਰੇ ਵੱਖ-ਵੱਖ ਵਿਚਾਰ ਸਨ ਕਿ ਪੰਜਾਬ ਨੂੰ ਕਿਸ ਕਿਸਮ ਦੀ ਸਰਕਾਰ ਵਧੇਰੇ ਢੁੱਕਵੀਂ ਹੋਵੇਗੀ। ਸਰ ਚਾਰਲਸ ਨੇਪੀਅਰ, ਜਿਸ ਨੇ ਕਮਾਂਡਰ-ਇਨ-ਚੀਫ ਵਜੋਂ ਲਾਰਡ ਗਫ ਤੋਂ ਮਗਰ ਕਾਰਜ-ਭਾਰ ਸੰਭਾਲਿਆ ਸੀ, ਇਸ ਵਿਚਾਰ ਦਾ ਸੀ ਕਿ ਪੰਜਾਬ ਵਿੱਚ ਸਿੰਧ ਵਾਂਗ ਸੈਨਿਕ ਰਾਜ ਹੋਵੇ। ਦੂਸਰਿਆਂ ਦਾ ਵਿਚਾਰ ਸੀ ਕਿ ਭਾਰਤ ਦੇ ਬਾਕੀ ਪ੍ਰਾਂਤਾਂ ਵਾਂਗ ਏਥੇ ਵੀ ਅਸੈਨਿਕ ਸ਼ਾਸਨ ਹੋਵੇ। ਲਾਰਡ ਡਲਹੌਜ਼ੀ ਨੇ ਦੋਹਾਂ ਨੂੰ ਇਕੱਠਿਆਂ ਕਰਕੇ ਅਸੈਨਿਕ ਪ੍ਰਬੰਧ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਜਿਸ ਦਾ ਸੈਨਿਕ ਤੇ ਅਸੈਨਿਕ ਅਧਿਕਾਰੀ ਦੋਵੇਂ ਪ੍ਰਬੰਧ ਚਲਾਉਣ।[8] ਉਸ ਨੇ ਤਿੰਨ ਮੈਂਬਰਾਂ 'ਤੇ ਆਧਾਰਿਤ

---

7. ਡਲਹੌਜ਼ੀ ਨੇ ਹੈਨਰੀ ਲਾਰੰਸ ਦੀ ਫ਼ੌਜੀ ਜਾਗੀਰਾਂ ਵਾਲਿਆਂ ਪ੍ਰਤੀ ਨਰਮੀ ਵਰਤਣ ਦੀ ਸਿਫ਼ਾਰਸ਼ ਅਪਰਵਾਨ ਕਰ ਦਿੱਤੀ। ਉਸ ਨੇ ਲਿਖਿਆ ਕਿ ਉਹਨਾਂ ਨੂੰ ਗੁਜ਼ਾਰਾ ਭੱਤਾ ਦੇਣ ਤੋਂ ਬਿਨਾਂ ਹੋਰ ਕੁਝ ਮਨਜ਼ੂਰ ਨਹੀਂ ਕੀਤਾ ਜਾਂਦਾ। ਉਸ ਰਕਮ ਬਾਰੇ ਵਿਚਾਰ ਹੋ ਸਕਦੀ ਹੈ ਪਰ ਉਹਨਾਂ ਦੀ ਹਰ ਕਿਸਮ ਦੀ ਜਾਇਦਾਦ ਜ਼ਬਤ ਕਰਕੇ ਹਕੂਮਤ ਨੂੰ ਸੌਂਪੀ ਜਾਂਦੀ ਹੈ। ਉਸ ਸਮੇਂ ਤੱਕ ਉਹਨਾਂ 'ਤੇ ਨਿਗਰਾਨੀ ਰੱਖੀ ਜਾਵੇ ਤੇ ਉਹਨਾਂ ਦੀ ਜਾਇਦਾਦ ਤਦ ਤੱਕ ਜ਼ਬਤ ਕਰ ਲਈ ਜਾਵੇ ਜਦ ਉਹਨਾਂ ਦੀ ਕਿਸਮਤ ਦਾ ਫ਼ੈਸਲਾ ਨਹੀਂ ਹੋ ਜਾਂਦਾ। ਜੇ ਉਹ ਦੌੜ ਜਾਣ ਤਾਂ ਸਾਡਾ ਇਕਰਾਰਨਾਮਾ ਰੱਦ ਹੋ ਜਾਵੇਗਾ। ਜੇ ਉਹ ਪਕੜੇ ਗਏ ਤਾਂ ਮੈਂ ਉਹਨਾਂ ਨੂੰ ਕੈਦ ਕਰ ਲਵਾਂਗਾ। ਜੇ ਉਹਨਾਂ ਨੇ ਫਿਰ ਕੋਈ ਗੜਬੜ ਕੀਤੀ ਤਾਂ ਮੈਂ ਉਹਨਾਂ ਨੂੰ ਫਾਂਸੀ ਲਟਕਾ ਦਿਆਂਗਾ। ਜਿਵੇਂ ਉਹ ਹੁਣ ਰਹਿ ਰਹੇ ਜਾਂ ਰਹਿਣਗੇ ਤਾਂ ਉਹਨਾਂ ਨੂੰ ਮੈਂ ਜਿੰਦਾਂ ਰਹਿਣ ਦਿਆਂਗਾ।" ਡਬਲਯੂ. ਡਬਲਯੂ. ਹੰਟਰ, ਦੀ ਮਾਕਵਿਸ ਔਫ ਡਲਹੌਜ਼ੀ, ਪੰਨਾ 99
8. ਲਾਰਡ ਡਲਹੌਜ਼ੀ ਤੇ ਸਰ ਚਾਰਲਸ ਨੇਪੀਅਰ ਦੇ ਮੱਤਭੇਦ ਬੜੇ ਨਿੱਜੀ ਤੇ ਤਲਖ ਹੋ ਗਏ। ਨੇਪੀਅਰ ਨੇ ਡਲਹੌਜ਼ੀ ਨੂੰ ਸਕਾਟਲੈਂਡ ਦਾ ਛੋਕਰਾ ਜਾਗੀਰਦਾਰ ਆਖਿਆ ਜੋ ਪਾਣੀ ਵਰਗਾ ਨਿਰਬਲ ਤੇ ਸੁੰਦਰ ਆਦਮੀ ਤੇ ਬਦਸੂਰਤ ਤੀਵੀਂ ਵਰਗਾ ਅਭਿਮਾਨੀ ਸੀ। ਡਲਹੌਜ਼ੀ ਨੇ ਉਸ ਨੂੰ ਸਾਫ ਸ਼ਬਦਾਂ 'ਚ ਆਪਣਾ ਧਿਆਨ ਰੱਖਣ ਲਈ ਕਿਹਾ। ਡਲਹੌਜ਼ੀ ਨੇ ਲਿਖਿਆ : "ਸਰ ਚਾਰਲਸ ਮੈਨੂੰ ਪਹਿਲਾਂ ਹੀ ਸਾਵਧਾਨ ਕੀਤਾ ਗਿਆ ਸੀ ਕਿ ਤੈਨੂੰ ਮੈਂ ਆਪਣੇ ਅਧਿਕਾਰ ਖੇਤਰ ਵਿੱਚ ਦਖਲ ਦੇਣ ਦੀ ਆਗਿਆ ਨਾ ਦੇਵਾਂ ਤੇ ਮੈਂ ਧਿਆਨ ਰੱਖਾਂਗਾ ਕਿ ਤੂੰ ਇਸ ਤਰ੍ਹਾਂ ਨ ਕਰੇਂ।" (ਆਰਨੋਲਡ, ਦੀ ਮਾਰਕਵਿਸ ਔਫ ਡਲਹੌਜ਼ੀ ਦਾ ਬਰਤਾਨਵੀ ਭਾਰਤ ਦਾ ਪ੍ਰਬੰਧ 1, ਪੰਨਾ 225) ਇਹ ਵੀ ਸਰ ਚਾਰਲਸ ਨੇਪੀਅਰ ਨੂੰ ਬੋਰਡ ਪ੍ਰਤੀ ਆਪਣੀ ਘ੍ਰਿਣਾ ਪ੍ਰਗਟ ਕਰਨ ਤੋਂ ਨਾ ਰੋਕ ਸਕਿਆ। ਬੋਰਡ ਵਿੱਚ ਘੱਟ ਹੀ ਪ੍ਰਤਿਭਾਵਾਨ ਹੁੰਦਾ ਹੈ ਤੇ ਪੰਜਾਬ ਦੇ ਅਧਿਕਾਰੀਆਂ 'ਤੇ ਵੀ ਇਹ ਗੱਲ ਲਾਗੂ ਹੁੰਦੀ ਹੈ।

ਪ੍ਰਬੰਧਕ ਬੋਰਡ ਕਾਇਮ ਕੀਤਾ। ਹੈਨਰੀ ਲਾਰੰਸ ਨੂੰ ਬੋਰਡ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਤੇ ਉਸ ਨੂੰ ਰੱਖਿਆ ਤੇ ਸਰਦਾਰਾਂ ਨਾਲ ਸੰਬੰਧਿਤ ਮਾਮਲੇ ਸੌਂਪੇ ਗਏ। ਜਾਨ ਲਾਰੰਸ ਨੂੰ ਵਿੱਤ ਤੇ ਭੂਮੀ ਕਰ ਵਿਭਾਗ ਦਿੱਤਾ ਗਿਆ। ਸੀ.ਜੀ. ਮੈਨਸਲ ਨੂੰ ਨਿਆਂ ਤੇ ਪੁਲੀਸ ਵਿਭਾਗ ਦੀ ਜ਼ਿੰਮੇਂਵਾਰੀ ਦਿੱਤੀ ਗਈ।[9] ਇਸ ਤਰ੍ਹਾਂ ਇਹ ਤਿੰਨੇ ਪੰਜਾਬ ਦੇ ਪ੍ਰਬੰਧਕੀ ਢਾਂਚੇ ਦਾ ਦਿਲ, ਰੀੜ੍ਹ ਦੀ ਹੱਡੀ ਤੇ ਬਾਹੂਬਲ ਬਣੇ। ਬੋਰਡ ਨੂੰ ਮੌਤ ਦੀ ਆਖ਼ਰੀ ਅਪੀਲ ਸੁਣਨ ਦੇ ਅਧਿਕਾਰ ਵੀ ਦਿੱਤੇ ਗਏ। ਇਸ ਕੋਲ ਪੁਲੀਸ, ਮਾਲ ਤੇ ਕਰ ਵਿਭਾਗ ਨੇਮਤ ਕਰਨ ਦੇ ਅਧਿਕਾਰ ਵੀ ਸਨ।

ਲਾਰਡ ਡਲਹੌਜ਼ੀ ਨੇ ਹੈਨਰੀ ਲਾਰੰਸ ਨੂੰ ਲਿਖਿਆ, "ਤੇਰੇ ਕੋਲ ਭਾਰਤ ਦੇ ਸਰਵੋਤਮ ਆਦਮੀ ਸਹਾਇਤਾ ਕਰਨ ਲਈ ਹੋਣਗੇ।" ਉਸ ਨੇ ਪੰਜਾਬ ਨੂੰ ਭਾਰਤ ਵਿੱਚੋਂ ਉਪਲੱਬਧ, ਸਭ ਤੋਂ ਜ਼ਿਆਦਾ ਅਨੁਭਵੀ ਅੰਗਰੇਜ਼ ਭੇਜੇ। ਸਭ ਤੋਂ ਯੋਗ ਅਧਿਕਾਰੀਆਂ 'ਚੋਂ 29 ਸੈਨਾ ਤੋਂ ਤੇ 27 ਸੈਨਿਕ ਅਧਿਕਾਰੀ ਲਏ ਗਏ। ਹੈਨਰੀ ਲਾਰੰਸ ਨੇ ਰਾਜ ਕਰਨ ਲਈ ਦਰੁੱਸਤ ਤੇ ਸੁਨਿਸ਼ਚਤਤਾ ਦੀ ਨੀਤੀ ਅਪਣਾਉਣ ਦੀ ਥਾਂ ਤੇ ਤਾਕਤ ਨਾਲ ਰਾਜ ਕਰਨ ਦੀ ਨੀਤੀ ਅਪਣਾਈ।[10] ਹਰ ਸਿਵਲ ਅਧਿਕਾਰੀ ਨੂੰ ਬੋਰਡ ਦੇ ਮੈਂਬਰ ਤੋਂ ਲੈ ਕੇ ਮਾਮੂਲੀ ਕਾਰਦਾਰ ਤੱਕ ਸਭ ਨੂੰ ਵਿੱਤ, ਨਿਆਂ ਤੇ ਫ਼ੌਜਦਾਰੀ ਭਾਵ ਹਾਕਮਾਨਾ ਅਧਿਕਾਰ ਦਿੱਤੇ ਗਏ।

ਸਤਲੁਜ ਦੇ ਆਰ-ਪਾਰ ਦੇ ਦੋਵੇਂ ਖੇਤਰ ਪੰਜਾਬ ਵਿੱਚ ਫਿਰ ਮਿਲਾ ਦਿੱਤੇ ਗਏ। ਸਿੰਧ ਤੋਂ ਪਾਰ ਦੇ ਇਲਾਕੇ ਨਾਲ ਪੰਜਾਬ ਜੋ ਇਕੋ ਪ੍ਰਬੰਧਕ ਢਾਂਚੇ ਅਧੀਨ ਸਨ ਦੇ ਖੇਤਰ ਵਿੱਚ 73000 ਵਰਗ ਮੀਲ ਸ਼ਾਮਿਲ ਸਨ। ਉਸ ਦੀ ਵਸੋਂ ਮੋਟੇ ਤੌਰ 'ਤੇ ਇਕ ਕਰੋੜ ਸੀ।

ਪੰਜਾਬ ਨੂੰ ਸੱਤ ਮੰਡਲਾਂ ਜਾਂ ਕਮਿਸ਼ਨਰੀਆਂ ਵਿੱਚ ਵੰਡਿਆ ਗਿਆ ਜਿਹਨਾਂ ਨੂੰ ਅੱਗੋਂ 25 ਜ਼ਿਲ੍ਹਿਆਂ ਵਿੱਚ ਵੰਡ ਦਿੱਤਾ ਗਿਆ। ਪੰਜ-ਕਤਾਰੀ ਪ੍ਰਬੰਧਕ ਢਾਂਚਾ ਕਾਇਮ ਕੀਤਾ ਗਿਆ। ਬੋਰਡ ਤੋਂ ਪਿੱਛੋਂ ਸੱਤਾਂ ਮੰਡਲਾਂ ਦੇ ਕਮਿਸ਼ਨਰ ਸਨ। ਕਮਿਸ਼ਨਰਾਂ ਦੇ ਹੇਠਾਂ, ਡਿਪਟੀ ਕਮਿਸ਼ਨਰ, ਸਹਾਇਕ ਕਮਿਸ਼ਨਰ ਤੇ ਵਧੀਕ ਸਹਾਇਕ ਕਮਿਸ਼ਨਰ ਸਨ। ਇਹ ਇਕ ਅਜਿਹਾ ਵਰਗ ਉਹਨਾਂ ਦੇਸੀ ਲੋਕਾਂ ਨੂੰ ਨੌਕਰੀਆਂ ਦੇਣ ਲਈ ਸਥਾਪਿਤ ਕੀਤਾ ਗਿਆ ਸੀ, ਜੋ ਦਰਬਾਰ ਦੇ ਅਧੀਨ ਭਰੋਸੇਯੋਗ ਪਦਵੀਆਂ 'ਤੇ ਕੰਮ ਕਰਦੇ ਹੁੰਦੇ ਸਨ। 11 ਸਭ ਤੋਂ ਹੇਠਲਾ ਗਜ਼ਟੱਡ ਅਧਿਕਾਰੀ ਤਹਿਸੀਲਦਾਰ ਸੀ ਜਿਸ ਦੇ ਦੀਵਾਨੀ ਅਧਿਕਾਰ 300 ਰੁਪਏ ਤੱਕ ਦੇ ਮੁਕੱਦਮੇ ਸੁਣਨ ਤੱਕ ਸੀਮਿਤ ਸਨ।

ਬੋਰਡ ਦਾ ਕੰਮ-ਕਾਜ—ਰੱਖਿਆ ਨੂੰ ਸਭ ਤੋਂ ਅਧਿਕ ਮਹੱਤਤਾ ਦਿੱਤੀ ਗਈ। ਗਾਈਡ ਪਲਟਨ ਜਿਸ ਦੀ ਸਥਾਪਨਾ ਹੈਨਰੀ ਲਾਰੰਸ ਨੇ 1846 ਵਿੱਚ ਕੀਤੀ ਸੀ ਉਸ ਦੀ ਗਿਣਤੀ ਵਧਾ ਦਿੱਤੀ ਗਈ। ਉਸ ਵਿੱਚ ਘੋੜਸਵਾਰ ਤੇ ਪਿਆਦਾ ਸ਼ਾਮਲ ਸਨ। ਇਸ ਵਿੱਚ ਭਰਤੀ ਹੋਣ ਵਾਲੇ ਰੰਗਰੂਟ ਮੁਲਕ ਦੇ ਸਖ਼ਤ ਜਾਨ ਲੋਕਾਂ 'ਚੋਂ ਲਏ ਜਾਂਦੇ ਸਨ ਤੇ ਉਹਨਾਂ ਵਿੱਚ ਪੇਸ਼ਾਵਰ ਸ਼ਿਕਾਰੀ ਤੇ ਗੁੰਡੇ ਬਦਮਾਸ਼ ਧਾੜਵੀ ਵੀ ਲੈ ਲਏ ਜਾਂਦੇ ਸਨ।

---

9. ਮੌਂਟਗੁਮਰੀ ਮਨਸੇਲ ਦੀ ਥਾਂ ਆਇਆ। ਪ੍ਰਧਾਨ ਕੋਲ ਆਪਣੇ ਸਹਿਕਰਮੀ ਦੀ ਉਸ ਨੂੰ ਵਿਸ਼ੇਸ਼ ਸੌਂਪੇ ਕਾਰਜ ਵਿੱਚ ਰਾਏ ਨੂੰ ਰੱਦ ਕਰਨ ਦਾ ਅਧਿਕਾਰ ਨਹੀਂ ਸੀ।
10. ਸੀ.ਐਲ. ਟੱਪਰ, ਮੁੱਖ ਸਕੱਤਰ ਪੰਜਾਬ ਸਰਕਾਰ (ਈਸਟ ਇੰਡੀਆ ਐਸੋਸੀਏਸ਼ਨ ਵਿੱਚ 2-5 ਜੁਲਾਈ, 1891 'ਚੋਂ ਪੜ੍ਹੀ ਗਈ ਰਾਏ ਪੱਤਰ 'ਚੋਂ।
11. ਪੰਜਾਬ ਪ੍ਰਬੰਧਕੀ ਰਿਪੋਰਟ 1849-50, 1850-51, ਪੈਰਾ 91

ਗਾਈਡਾਂ ਦੇ ਜ਼ਿੰਮੇ ਉਹ ਕਿਲ੍ਹਿਆਂ ਦੀ ਰੱਖਿਆ ਦਾ ਕੰਮ ਦਿੱਤਾ ਜਾਂਦਾ ਸੀ ਜਿਹੜੇ ਉੱਤਰ ਪੱਛਮੀ ਕਬਾਇਲੀਆਂ ਦੇ ਹਮਲੇ ਰੋਕਣ ਲਈ ਤੇ ਡੇਰਾਜ਼ਾਤ ਵਿੱਚ ਸ਼ਾਂਤੀ ਕਾਇਮ ਰੱਖਣ ਲਈ ਬਣਾਏ ਗਏ ਸਨ। ਅੰਦਰੂਨੀ ਸੁਰੱਖਿਆ ਲਈ 10 ਪਲਟਨਾਂ, ਪੰਜ ਘੋੜਸਵਾਰ ਤੇ ਪੰਜ ਪਿਆਦਾ ਪਲਟਨਾਂ ਦੀ ਸਥਾਪਨਾ ਕੀਤੀ ਗਈ। ਇਹਨਾਂ ਵਿੱਚ ਕੁਝ ਦਰਬਾਰ ਦੇ ਸੈਨਿਕ ਵੀ ਲੈ ਲਏ ਗਏ। 8000 ਆਦਮੀਆਂ ਤੇ ਆਧਾਰਿਤ ਜੋ ਵਧੇਰੇ ਕਰਕੇ ਪੰਜਾਬੀ ਮੁਸਲਮਾਨ ਸਨ, ਸੈਨਿਕ ਪੁਲੀਸ ਬਲ ਕਾਇਮ ਕੀਤਾ ਗਿਆ। ਪਿਆਦਾ ਸਿਪਾਹੀ ਖ਼ਜ਼ਾਨਿਆਂ ਤੇ ਜੇਲ੍ਹਾਂ ਦੀ ਰਾਖੀ ਕਰਨ ਲਈ ਸੀ ਜਦੋਂ ਕਿ ਘੋੜਸਵਾਰ ਪੁਲੀਸ ਸੜਕਾਂ 'ਤੇ ਗਸ਼ਤ ਕਰਦੀ ਸੀ। ਖੁਫੀਆ ਪੁਲੀਸ ਜੋ ਸੂਹੀਆਂ ਅਤੇ ਜਾਸੂਸਾਂ 'ਤੇ ਆਧਾਰਿਤ ਹੁੰਦੀ ਸੀ, ਉਹ ਵੀ ਪੁਲੀਸ ਨਾਲ ਸੰਬੰਧਿਤ ਹੁੰਦੀ ਸੀ ਤਾਂ ਜੋ ਸਰਕਾਰ ਨੂੰ ਲੋਕਾਂ ਦੀ ਸੋਚ ਦਾ ਪਤਾ ਲੱਗਦਾ ਰਹੇ।

ਪੁਲੀਸ ਨਾਲ ਖੋਜੀ, ਪਾਗੀ ਤੇ ਖੁਰੇ-ਪੱਟ ਵੀ ਲਾਏ ਗਏ ਜੋ ਲੰਬੇ ਧੂੜ ਭਰੇ ਰਾਹਾਂ 'ਚੋਂ ਗੁਆਚੇ ਪਸ਼ੂਆਂ ਦੇ ਖੁਰਾਂ-ਪੈਰਾਂ ਦੇ ਨਿਸ਼ਾਨ ਲੱਭ ਲੈਣ ਦੇ ਵਿਲੱਖਣ ਗੁਣਾਂ ਜਾਂ ਬਖ਼ਸ਼ਿਸ਼ ਨਾਲ ਵਿਰੋਸਾਏ ਹੁੰਦੇ ਸਨ। ਪਿੰਡਾਂ ਵਿੱਚ ਪੁਰਾਤਨ ਰਾਖੀ ਤੇ ਪਹਿਰਾ ਦੇਣ ਦਾ ਰਿਵਾਜ ਮੁੜ ਸੁਰਜੀਤ ਕੀਤਾ ਗਿਆ। ਪਿੰਡ ਦੇ ਚੌਕੀਦਾਰ ਪਿੰਡਾਂ ਵੱਲੋਂ ਰੱਖੇ ਜਾਂਦੇ ਸਨ ਪਰ ਉਹਨਾਂ ਦੀ ਇਹ ਜ਼ਿੰਮੇਵਾਰੀ ਹੁੰਦੀ ਸੀ ਕਿ ਉਹ ਅਜਨਬੀ ਤੇ ਓਪਰੇ ਲੋਕਾਂ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪੁਲੀਸ ਨੂੰ ਦਿੰਦੇ ਰਿਹਾ ਕਰਨ।

ਪੁਲੀਸ ਤੇ ਫ਼ੌਜ ਦੀਆਂ ਇਹਨਾਂ ਟੁਕੜੀਆਂ ਵਿੱਚ ਆਦਮੀਆਂ ਦੀ ਗਿਣਤੀ 50 ਹਜ਼ਾਰ ਸੀ। ਮਾਝੇ ਵਿੱਚ ਪੁਲੀਸ ਪ੍ਰਬੰਧ ਨੂੰ ਵਿਸ਼ੇਸ਼ ਸਾਵਧਾਨੀ ਰੱਖਣ ਲਈ ਕਿਹਾ ਗਿਆ ਜਿੱਥੇ ਭਾਈ ਮਹਾਰਾਜ ਸਿੰਘ ਤੇ ਉਹਦੇ ਦੋ ਸਾਥੀ ਕਰਨਲ ਰਛਪਾਲ ਸਿੰਘ ਤੇ ਨਾਰਾਇਣ ਸਿੰਘ ਵਧੇਰੇ ਸਰਗਰਮ ਦੱਸੇ ਜਾਂਦੇ ਸਨ।

ਇਕ ਵਾਰ ਜਦੋਂ ਰਾਜ ਵਿੱਚ ਸ਼ਾਂਤੀ ਕਾਇਮ ਹੋ ਜਾਣ ਦਾ ਵਿਸ਼ਵਾਸ ਹੋ ਗਿਆ ਤਾਂ ਲੋਕ ਨਿਰਮਾਣ ਦੇ ਕੰਮ ਹੱਥ ਵਿੱਚ ਲਏ ਗਏ। ਦਿੱਲੀ ਤੋਂ ਪਿਸ਼ਾਵਰ ਤੱਕ ਦੀ ਜਰਨੈਲੀ ਸੜਕ ਦੀ ਮੁੜ ਉਸਾਰੀ ਕੀਤੀ ਗਈ; ਵੱਡੇ ਸ਼ਹਿਰੀ ਤੇ ਫ਼ੌਜੀ ਛਾਉਣੀਆਂ ਨੂੰ ਜੋੜਨ ਲਈ ਸੜਕਾਂ ਬਣਾਉਣ ਦਾ ਕਾਰਜ ਸ਼ੁਰੂ ਕੀਤਾ ਗਿਆ।[12]

ਪੰਜਾਬ ਵਿੱਚ ਨਹਿਰਾਂ ਦਾ ਕਾਫੀ ਢਾਂਚਾ ਸੀ। ਲੋਕ ਨਿਰਮਾਣ ਵਿਭਾਗ ਨੇ ਹਸਲੀ ਨਹਿਰ ਸਾਫ਼ ਕਰਵਾਈ (ਜੋ ਅੰਮ੍ਰਿਤਸਰ ਦੇ ਗੁਰਦਵਾਰਿਆਂ ਅਤੇ ਮੰਦਰਾਂ ਦੇ ਸਰੋਵਰਾਂ ਨੂੰ ਅਤੇ ਲਾਹੌਰ ਦੇ ਸ਼ਾਲਾਮਾਰ ਨੂੰ ਪਾਣੀ ਪਹੁੰਚਾਉਂਦੀ ਸੀ); ਇਸ ਦੇ ਵਿਸਥਾਰ ਦੀਆਂ ਤੇ

---

12. ਲਾਹੌਰ ਤੋਂ ਸਰਹੱਦ ਤੱਕ ਜਾਣ ਲਈ 100 ਵੱਡੇ ਤੇ 459 ਛੋਟੇ ਪੁਲ ਲੰਘਣੇ ਪੈਂਦੇ ਸਨ ਤੇ ਛੇ ਪਹਾੜੀ ਸਿਲਸਿਲਿਆਂ 'ਚੋਂ ਗੁਜ਼ਰਨਾ ਪੈਂਦਾ ਸੀ। 1849-50 ਤੇ 1850-51 ਦੀਆਂ ਰਿਪੋਰਟਾਂ ਅਨੁਸਾਰ ਇਹ ਦਾਅਵਾ ਕੀਤਾ ਗਿਆ ਸੀ ਕਿ ਪੰਜਾਬ ਉੱਪਰ ਕਬਜ਼ਾ ਕਰਨ ਦੇ ਦੋ ਸਾਲਾਂ ਅੰਦਰ 1349 ਮੀਲਾਂ ਸੜਕਾਂ ਸਾਫ਼ ਕਰਕੇ ਬਣਾਈਆਂ ਗਈਆਂ, 853 ਮੀਲਾਂ ਤੇ ਕੰਮ ਸ਼ੁਰੂ ਕੀਤਾ ਗਿਆ, 2487 ਮੀਲ ਸੜਕਾਂ ਦੀ ਰੂਪ-ਰੇਖਾ ਉਲੀਕੀ ਗਈ। 5272 ਦਾ ਸਰਵੇਖਣ ਕੀਤਾ ਗਿਆ ਤੇ ਇਹ ਸਭ ਯੋਜਕ ਤੇ ਲਘੂ ਸੜਕਾਂ ਤੋਂ ਵੱਖਰੀਆਂ ਸਨ। —ਪੈਰਾ 546

ਇਸ ਦੀਆਂ ਸ਼ਾਖ਼ਾਵਾਂ ਦੀ ਖੁਦਾਈ ਕਰਨ ਦੀਆਂ ਯੋਜਨਾਵਾਂ ਬਣਾਈਆਂ ਗਈਆਂ। ਨਹਿਰਾਂ ਤੇ ਸੜਕਾਂ ਦੇ ਕਿਨਾਰੇ ਦਰਖ਼ਤ ਲਗਵਾਏ ਗਏ। ਦੌਰੇ 'ਤੇ ਜਾਣ ਵਾਲੇ ਅਫ਼ਸਰਾਂ ਦੇ ਠਹਿਰਨ ਲਈ ਡਾਕ ਬੰਗਲੇ ਬਣਵਾਏ ਗਏ। ਬੰਜਰ ਭੂਮੀ ਉੱਪਰ ਜੰਗਲ ਲਾਉਣ ਦਾ ਕਾਰਜ ਵੀ ਸ਼ੁਰੂ ਕੀਤਾ ਗਿਆ। ਲਾਹੌਰ, ਗੁਰਦਾਸਪੁਰ ਤੇ ਗੁਜਰਾਂਵਾਲਾ ਵਿੱਚ 10 ਲੱਖ ਪੌਦੇ ਲਾਏ ਗਏ। ਇਹਨਾਂ ਪੌਦਿਆਂ ਵਿੱਚ 90 ਕਿਸਮਾਂ ਇਮਾਰਤੀ ਲੱਕੜੀ ਦੇ ਬੂਟਿਆਂ ਦੀਆਂ ਸਨ। ਵਿਸ਼ਾਲ ਖੇਤਰ ਚਰਾਗਾਹਾਂ (ਰੱਖਾਂ) ਵਜੋਂ ਛੱਡੇ ਗਏ। ਭੂਮੀ ਮਾਲਕਾਂ ਨੂੰ ਪ੍ਰੇਰਨਾ ਕੀਤੀ ਗਈ ਕਿ ਉਹ ਦਰਖਤ ਲਗਾਉਣ। ਅਜਿਹੀ ਭੂਮੀ ਲਗਾਨ ਤੋਂ ਮੁਕਤ ਕਰ ਦਿੱਤੀ ਗਈ।

ਬੋਰਡ ਦਾ ਸਭ ਤੋਂ ਵੱਡਾ ਯੋਗਦਾਨ ਕਾਸ਼ਤਕਾਰ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਸੀ ਜੋ ਵਸੋਂ ਦਾ ਬਹੁਤ ਵੱਡਾ ਹਿੱਸਾ ਸਨ। ਫ਼ਸਲਾਂ ਦੀਆਂ ਨਵੀਆਂ ਕਿਸਮਾਂ ਪ੍ਰਚੱਲਤ ਕੀਤੀਆਂ ਗਈਆਂ। ਨਿਊ ਓਰਲੀਨ ਕਪਾਹ (ਨਰਮਾ), ਗੰਨਾ, ਅਲਸੀ, ਤੰਬਾਕੂ ਤੇ ਜੜ੍ਹਾਂ ਵਾਲੀਆਂ ਫ਼ਸਲਾਂ ਮੈਦਾਨਾਂ ਵਿੱਚ ਬੀਜੀਆਂ ਜਾਣੀਆਂ ਸ਼ੁਰੂ ਕੀਤੀਆਂ ਗਈਆਂ ਤੇ ਚਾਹ ਮਗੀ ਦੀਆਂ ਪਹਾੜੀ ਢਲਾਨਾਂ 'ਤੇ ਕਾਂਗੜਾ ਘਾਟੀ 'ਚ ਪੈਦਾ ਕੀਤੀ ਜਾਣ ਲੱਗੀ। ਪੰਜਾਬ ਵਿੱਚ ਸ਼ਹਿਤੂਤ ਦੇ ਦਰਖਤ ਪਹਿਲਾਂ ਹੀ ਬਹੁਤ ਸਨ, ਰੇਸ਼ਮ ਦੇ ਕੀੜਿਆਂ ਦੇ ਆਯਾਤ ਨਾਲ ਰੇਸ਼ਮ ਦੇ ਕੀੜਿਆਂ ਦੇ ਪਾਲਣ ਤੇ ਰੇਸ਼ਮ ਉਤਪਾਦਨ ਵਿੱਚ ਬਹੁਤ ਵਾਧਾ ਹੋਇਆ। ਇਟਲੀ ਦੇ ਮਰੀਨੋ ਛਤਰਿਆਂ ਦਾ ਸਥਾਨਕ ਭੇਡਾਂ ਨਾਲ ਸੰਜੋਗ ਕਰਵਾ ਕੇ ਨਵੀਂ ਨਸਲ ਪੈਦਾ ਕੀਤੀ ਗਈ ਜਿਸ ਨਾਲ ਮਾਸ ਤੇ ਉੱਨ ਦੋਹਾਂ ਦੀ ਉਪਜ ਵਿੱਚ ਕਾਫੀ ਲਾਭਕਾਰੀ ਵਾਧਾ ਹੋਇਆ।

ਜਾਨ ਲਾਰੰਸ ਵੱਲੋਂ ਉਹਨਾਂ ਤਬਦੀਲੀਆਂ ਦਾ ਲਾਭ, ਜੋ ਉਸ ਨੇ ਰੈਜ਼ੀਡੈਂਟ ਦੇ ਤੌਰ 'ਤੇ ਕੰਮ ਕਰਦਿਆਂ ਚਾਲੂ ਕੀਤੀਆਂ ਸਨ, ਹੁਣ ਮਹਿਸੂਸ ਕੀਤਾ ਜਾਣ ਲੱਗਾ। ਲਗਾਨ ਦੀ ਦਰ ਘਟਾਉਣ ਦੇ ਬਾਵਜੂਦ ਭੂਮੀ ਕਰ ਜੋ 1849 ਵਿੱਚ 130 ਲੱਖ ਰੁਪਏ ਸੀ, 1851 ਵਿੱਚ ਵੱਧ ਕੇ 160 ਲੱਖ ਰੁਪਏ ਹੋ ਗਿਆ। ਬੋਰਡ ਨੇ ਆਪਣੇ ਪਹਿਲਾਂ ਦੇ ਦੋ ਸਾਲ ਦੇ ਪ੍ਰਬੰਧ ਵਿੱਚ ਕ੍ਰਮਵਾਰ ਆਪਣੇ ਬੀਚਕ ਵਿੱਚ 102 ਲੱਖ ਤੇ 96 ਲੱਖ ਦੀ ਬਚੱਤ ਵਿਖਾਈ।[13]

---

13. ਪੰਜਾਬ ਪ੍ਰਬੰਧ ਰਿਪੋਰਟਾਂ 1849-50, 1850-51, ਪੈਰੇ 264, 402-05. ਪ੍ਰੰਤੂ ਇਹ ਵਾਧਾ ਵਧੇਰੇ ਕਰਕੇ ਜਾਗੀਰਾਂ ਦੀ ਜ਼ਬਤੀ ਤੇ ਦਰਬਾਰ ਦੀ ਜਾਇਦਾਦ ਵੇਚਣ ਕਾਰਨ ਹੋਇਆ। ਤੇ ਇਹ ਜ਼ਿਕਰ ਕਰਨਾ ਵੀ ਉੱਚਿਤ ਹੈ ਕਿ ਪ੍ਰਾਂਤ ਦੇ ਖ਼ਰਚੇ ਵਿੱਚ ਬਾਕਾਇਦਾ ਫ਼ੌਜ ਉੱਪਰ ਕੀਤਾ ਖ਼ਰਚ ਸ਼ਾਮਿਲ ਨਹੀਂ ਕੀਤਾ ਗਿਆ ਸੀ।
ਡਲਹੌਜ਼ੀ ਨੇ ਡਾਕਟਰ ਜੇਮੀਸਨ ਨੂੰ ਮਿਲਾਏ ਗਏ ਇਲਾਕੇ ਦੀ ਧਰਾਤਲ, ਭੂ ਵਿਗਿਆਨ, ਬਨਸਪਤੀ, ਜੀਵ-ਜੰਤੂਆਂ ਆਦਿ ਬਾਰੇ ਰਿਪੋਰਟ ਤਿਆਰ ਕਰਨ ਦੀ ਹਦਾਇਤ ਕੀਤੀ। ਡਾ: ਫਲੇਮਿੰਗ ਨੂੰ ਲੂਣ ਦੀਆਂ ਪਹਾੜੀਆਂ ਦੀ ਹੋਰ ਵਧੇਰੇ ਖੁਦਾਈ ਤੇ ਅਰਧ ਪਹਾੜੀ ਖੇਤਰ ਵਿੱਚ ਖਣਿਜ ਸਾਧਨਾਂ ਦੀ ਖੁਦਾਈ ਦੀ ਸੰਭਾਵਨਾ ਪ੍ਰਤੀ ਰਿਪੋਰਟ ਤਿਆਰ ਕਰਨ ਦਾ ਆਦੇਸ਼ ਦਿੱਤਾ ਗਿਆ। ਇਕ ਫਰਾਂਸੀਸੀ ਖਣਿਜ ਵਿਗਿਆਨੀ ਮਿਸਟਰ ਮਾਰਕੋਡੀਆ ਨੇ ਕਾਂਗੜੇ ਦਾ ਸਰਵੇਖਣ ਕੀਤਾ ਤੇ ਉਸ ਨੇ ਪਤਾ ਲਾਇਆ ਕਿ ਕਾਂਗੜਾ ਖੇਤਰ ਵਿੱਚ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਰਾਜ ਉੱਪਰ ਕਬਜ਼ਾ ਕਰ ਲੈਣ ਤੋਂ ਪਹਿਲਾਂ ਵੀ ਕਰ ਸੁਧਾਰ ਲਈ ਕੁਝ ਕਦਮ ਉਠਾਏ ਗਏ ਸਨ। ਦਰਬਾਰ ਵੱਲੋਂ 48 ਪ੍ਰਕਾਰ ਦੇ ਟੈਕਸ ਲਾਏ ਜਾਂਦੇ ਸਨ ਤੇ ਅਣਗਿਣਤ ਮਹਿਸੂਲ ਤੇ ਚੁੰਗੀ ਚੌਕੀਆਂ ਸਨ। ਬੋਰਡ ਨੇ ਸਭ ਅੰਦਰੂਨੀ ਕਰ ਸਮਾਪਤ ਕਰ ਦਿੱਤੇ ਤੇ ਸੀਮਾਂ ਉੱਪਰ ਆਯਾਤ ਤੇ ਨਿਰਯਾਤ ਕਰ ਉਗ੍ਰਾਹੁਣ ਲਈ ਚੌਕੀਆਂ ਕਾਇਮ ਕਰ ਦਿੱਤੀਆਂ। ਆਬਕਾਰੀ ਕਰ ਦੁਆਈਆਂ ਤੇ ਨਸ਼ੀਲੀਆਂ ਵਸਤੂਆਂ 'ਤੇ ਲਾਇਆ ਗਿਆ, ਪੱਤਣਾਂ ਤੇ ਕਰ ਲਾਇਆ ਗਿਆ, ਲੂਣ ਖਣਿਜਾਂ ਉੱਪਰ ਸਰਕਾਰੀ ਅਧਿਕਾਰ ਹੋ ਗਿਆ ਤੇ ਇਸ ਨੂੰ ਠੇਕੇ 'ਤੇ ਦੇਣ ਦੀ ਥਾਂ 'ਤੇ ਸਰਕਾਰ ਨੇ ਆਪ ਕੱਢਣਾ ਸ਼ੁਰੂ ਕੀਤਾ ਤੇ ਦੋ ਰੁਪਏ ਪ੍ਰਤੀ ਮਣ ਕਰ ਲਗਾ ਦਿੱਤਾ। ਰਾਜਸਥਾਨ ਤੋਂ ਲੂਣ ਦਾ ਆਯਾਤ ਬੰਦ ਕਰ ਦਿੱਤਾ ਗਿਆ। ਦੀਵਾਨੀ ਮੁਕੱਦਮਿਆਂ ਉੱਪਰ ਸਟੈਂਪ ਕਰ ਲਗਾ ਕੇ ਬੋਰਡ ਨੇ ਅੰਦਰੂਨੀ ਚੁੰਗੀ ਕਰ ਦੇ ਖ਼ਾਤਮੇ ਤੋਂ ਪਏ ਘਾਟੇ ਨੂੰ ਪੂਰਾ ਕਰ ਲਿਆ। ਇਸ ਤਰ੍ਹਾਂ ਬੋਰਡ ਨੇ ਦਰਬਾਰ ਦੇ ਗੁੰਝਲਦਾਰ ਕਰ ਢਾਂਚੇ ਨੂੰ ਸਰਲ ਵੀ ਕਰ ਦਿੱਤਾ ਤੇ ਇਸ ਦੀ ਆਮਦਨੀ ਵੀ ਵਧਾ ਦਿੱਤੀ। ਪਹਿਲਾਂ ਦੇ 16 ਲੱਖ ਦੇ ਮੁਕਾਬਲੇ ਹੁਣ ਇਹਦੀ ਆਮਦਨੀ ਇਹਨਾਂ ਕਰਾਂ ਤੋਂ 25 ਲੱਖ ਹੋਰ ਵੱਧ ਗਈ। ਭਾਵ 41 ਲੱਖ ਹੋ ਗਈ। ਇਸ ਨਾਲ ਆਮ ਜਨਤਾ ਸਰਕਾਰੀ ਅਧਿਕਾਰੀਆਂ ਦੀ ਮਨ-ਮਰਜ਼ੀ ਤੋਂ ਬਚ ਗਈ।

ਜਨਮ ਸਮੇਂ ਹੀ ਕੁੜੀ ਮਾਰਨ, ਤੇ ਸਤੀ ਵਰਗੀਆਂ ਭੈੜੀਆਂ ਰਸਮਾਂ ਦੀ ਮਨਾਹੀ ਕਰ ਦਿੱਤੀ ਗਈ। ਦਾਜ ਤੇ ਤਲਾਕ ਵਰਗੇ ਵਿਆਹ ਸ਼ਾਦੀ ਦੀਆਂ ਰੀਤਾਂ ਵਿੱਚ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਸੋਧ ਕੀਤੀ ਗਈ।[14]

ੲ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਕੱਚੇ ਲੋਹੇ ਦੇ ਕਾਫ਼ੀ ਭੰਡਾਰ ਹਨ। (ਐਸ.ਸੀ. 15-16 ਮਿਤੀ 23.9.1853) ਸੌਪੱਤੀ ਤੇ ਕੁੱਲੂ ਦੇ ਉੱਚੇ ਪਹਾੜਾਂ ਵਿੱਚ ਸੁਹਾਗਾ ਮਿਲਿਆ। 1891 ਵਿੱਚ ਰਾਵਲਪਿੰਡੀ ਤੇ ਅਟੱਕ ਵਿੱਚ ਮਿੱਟੀ ਦੇ ਤੇਲ ਦੇ ਪਹਿਲੇ ਖੂਹ ਪੁੱਟੇ ਗਏ। (ਸਿਵਲ ਤੇ ਮਿਲਟਰੀ ਗਜ਼ਟ, 29 ਜਨਵਰੀ 1891)

14. ਪੰਜਾਬ ਦੇ ਇਲਹਾਕ ਤੋਂ ਚਾਰ ਸਾਲ ਮਗਰੋਂ ਸਰ ਰਿਚਰਡ ਟੈਂਪਲ ਨੇ ਇਕ ਮਾਲ ਅਧਿਕਾਰੀ ਦੀ ਸਹਾਇਤਾ ਨਾਲ ਪੰਜਾਬ ਦੇ ਕਾਨੂੰਨਾਂ ਤੇ ਰਿਵਾਜ਼ਾਂ 'ਤੇ ਆਧਾਰਿਤ ਇਕ ਸੰਗ੍ਰਹਿ ਤਿਆਰ ਕੀਤਾ। ਇਹ ਸੰਗ੍ਰਹਿ 1854 ਦਾ ਪੰਜਾਬ ਸਿਵਲ ਕੋਡ ਬਣ ਗਿਆ ਭਾਵੇਂ ਇਸ ਨੂੰ ਸਰਕਾਰੀ ਸਵੀਕ੍ਰਿਤੀ ਨਾ ਮਿਲੀ, ਪਰ ਇਸ ਅਨੁਸਾਰ ਰਾਜ ਦਾ ਸ਼ਾਸਨ 16 ਸਾਲਾਂ ਲਈ ਕੀਤਾ ਜਾਂਦਾ ਰਿਹਾ। ਪਿੱਛੋਂ ਵਾਇਸਰਾਏ ਦੀ ਕੌਂਸਲ ਦੇ ਕਾਨੂੰਨੀ ਮੈਂਬਰ ਸਰ ਜੇਮਜ਼ ਸਟੀਫਨ ਨੇ (1869-72) ਪੰਜਾਬ ਲਈ ਕਾਨੂੰਨ ਦਾ ਢਾਂਚਾ ਤਿਆਰ ਕੀਤਾ ਜਿਸ ਵਿੱਚ ਫੌਜਦਾਰੀ ਕਾਨੂੰਨ ਭਾਰਤੀ ਦੰਡ ਸੰਹਿਤਾ ਅਨੁਸਾਰ, ਮਾਲੀ ਭਾਗ ਪੰਜਾਬ ਭੂਮੀ ਲਗਾਨ ਕਾਨੂੰਨ ਅਨੁਸਾਰ ਤੇ ਕਈ ਗੱਲਾਂ ਪੰਜਾਬ ਕਾਨੂੰਨ ਅਨੁਸਾਰ ਸ਼ਾਮਿਲ ਕੀਤੀਆਂ ਗਈਆਂ ਤੇ ਪੰਜਾਬ ਸਿਵਲ ਕੋਡ ਮਨਸੂਖ ਕਰ ਦਿੱਤਾ ਗਿਆ। ਸਰ ਜਾਰਜ ਕੈਂਪਬੈਲ ਵੱਲੋਂ ਸੋਧ ਪੇਸ਼ ਕੀਤੀ ਗਈ ਜਿਸ ਅਨੁਸਾਰ ਕਿ ਕੁਲਾਂ ਤੇ ਪਰਿਵਾਰਾਂ ਦੇ ਰੀਤੀ ਰਿਵਾਜਾਂ ਨੂੰ ਪਹਿਲ ਦਿੱਤੀ ਜਾਵੇ ਜੇਕਰ ਕਰ ਇਹ ਨਿਆਂ, ਬਰਾਬਰੀ ਤੇ ਵਿਵੇਕ ਦੇ ਵਿਰੁੱਧ ਨਾ ਹੋਣ।

ਕਿਉਂਕਿ ਤਹਿਸੀਲਦਾਰ ਹੀ ਇਹਨਾਂ ਨਿਯਮਾਂ, ਕਾਨੂੰਨਾਂ ਤੇ ਰਿਵਾਜਾਂ ਤੋਂ ਵਾਕਿਫ਼ ਸਨ, ਇਸ ਕਾਰਨ ਉਹਨਾਂ ਨੂੰ ਨਿਆਂਇਕ ਸ਼ਕਤੀਆਂ ਦਿੱਤੀਆਂ ਗਈਆਂ। ਪੇਂਡੂ ਸਮਾਜ ਨਾਲ ਸੰਬੰਧਿਤ ਘੱਟ ਮਹੱਤਵਪੂਰਨ ਮਾਮਲਿਆਂ ਦਾ ਕਾਰਜ ਪੰਚਾਇਤਾਂ ਕੋਲ ਹੀ ਰਹਿਣ ਦਿੱਤਾ ਗਿਆ। ਸ਼ਹਿਰਾਂ ਵਿੱਚ ਨਗਰ ਕੌਂਸਲਾਂ ਅੰਗਰੇਜ਼ ਮੈਜਿਸਟਰੇਟਾਂ ਨੂੰ ਦੀਵਾਨੀ ਮਾਮਲਿਆਂ ਸਬੰਧੀ ਸਹਾਇਤਾ ਤੇ ਸਲਾਹ ਦੇਣ ਲਈ ਸਥਾਪਿਤ ਕੀਤੀਆਂ ਗਈਆਂ।

ਬੋਰਡ ਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਸਾਬਕਾ ਪੰਜਾਬ ਦੀ ਬਾਦਸ਼ਾਹੀ ਵਿੱਚ ਸਾਖ਼ਰਤਾ ਦੀ ਦਰ ਕਈ ਬਰਤਾਨਵੀ ਹਕੂਮਤ ਦੇ ਪ੍ਰਾਂਤਾਂ ਨਾਲੋਂ ਜ਼ਿਆਦਾ ਸੀ।[15] ਪੰਜਾਬ ਵਿੱਚ ਕਾਫੀ ਪ੍ਰਾਰੰਭਕ ਸਕੂਲ ਸਨ ਜਿਹਨਾਂ ਵਿੱਚੋਂ 16 ਲੜਕੀਆਂ ਦੇ ਸਕੂਲ ਲਾਹੌਰ ਵਿੱਚ ਹੀ ਸਨ। ਬੋਰਡ ਨੇ ਦੇਸੀ ਮਦਰਸਿਆਂ ਨੂੰ ਕੰਮ ਕਰਨ ਦੀ ਆਗਿਆ ਦੇ ਦਿੱਤੀ ਤੇ ਇਸ ਤੋਂ ਬਿਨਾਂ ਵੱਡਿਆਂ ਸ਼ਹਿਰਾਂ ਵਿੱਚ ਉਚੇਰੀ ਸਿੱਖਿਆ ਲਈ ਕੇਂਦਰੀ ਸਕੂਲ ਖੋਲ੍ਹੇ। ਇਸ ਨੇ ਸਰਕਾਰੀ ਕੰਮ ਧੰਦੇ ਲਈ ਫਾਰਸੀ ਦੀ ਵਰਤੋਂ ਨਵੇਂ ਮਿਲਾਏ ਇਲਾਕੇ ਵਿੱਚ ਤੇ ਪੂਰਬੀ ਪੰਜਾਬ ਵਿੱਚ ਉਰਦੂ ਦੀ ਵਰਤੋਂ ਜਾਰੀ ਰੱਖਣ ਦਾ ਫ਼ੈਸਲਾ ਕੀਤਾ।

ਬੋਰਡ ਦਾ ਸ਼ਾਸਨ ਬੜਾ ਸ਼ਲਾਘਾਯੋਗ ਸੀ। ਇਸ ਨਾਲ ਉਸ ਮੁਲਕ ਵਿੱਚ ਅਮਨ ਤੇ ਖ਼ੁਸ਼ਹਾਲੀ ਆਈ ਜਿੱਥੇ ਦਸ ਸਾਲ ਗ੍ਰਹਿ-ਯੁੱਧ ਰਿਹਾ ਸੀ। ਅਗਸਤ 1852 ਵਿੱਚ ਬੋਰਡ ਨੇ ਆਪਣੇ ਪਹਿਲੇ ਦੋ ਸਾਲਾਂ ਦੀ ਰਿਪੋਰਟ ਪੇਸ਼ ਕੀਤੀ। ਇਸ ਨੇ ਬੜੇ ਮਾਨ ਨਾਲ ਬਿਆਨ ਕੀਤਾ ਕਿ ਹਿੰਦੁਸਤਾਨ ਵਿੱਚ ਹੁਣੇ ਜਿਹੇ ਅਧਿਕਾਰ ਹੇਠ ਲਿਆਂਦੇ ਇਲਾਕਿਆਂ ਜਿਹੀ ਸ਼ਾਂਤੀ ਹੋਰ ਕਿਧਰੇ ਨਹੀਂ ਹੈ। ਇਸ ਨੇ ਉਹਨਾਂ ਲੋਕਾਂ ਦੀ ਪ੍ਰਸ਼ੰਸਾ ਵੀ ਕੀਤੀ ਜਿਨ੍ਹਾਂ ਦਾ ਪ੍ਰਬੰਧ ਇਸ ਨੇ ਕੀਤਾ। "ਕਿਸੇ ਹੋਰ ਇਲਾਕੇ ਨਾਲੋਂ ਇਹ ਲੋਕ ਘੱਟ ਪੱਖਪਾਤੀ ਹਨ ਤੇ ਇਹਨਾਂ ਵਿੱਚ ਰੋਕ ਪਾਉਣ ਵਾਲੇ ਤੱਤ ਵੀ ਘੱਟ ਹਨ। ਸਿੱਖਾਂ ਵਿੱਚ ਜਨੂਨ ਤੇ ਕੱਟੜਤਾ ਖ਼ਤਮ ਹੋ ਰਹੀ ਹੈ, ਹਿੰਦੂਆਂ ਵਿੱਚ ਵਹਿਮਪ੍ਰਸਤੀ ਵੀ ਘੱਟ ਹੈ ਤੇ ਪੁਜਾਰੀ ਸ਼੍ਰੇਣੀ ਦਾ ਵੀ ਪ੍ਰਭਾਵ ਘੱਟ ਹੈ ਤੇ ਮੁਸਲਮਾਨ ਵੀ ਭਾਰਤ ਦੇ ਕਿਸੇ ਹੋਰ ਹਿੱਸੇ ਵਿੱਚ ਵਸਦੇ ਆਪਣੇ ਸਹਿਧਰਮੀਆਂ ਨਾਲੋਂ ਘੱਟ ਕੱਟੜ ਤੇ ਰਿਵਾਇਤੀ ਸ਼ਰ੍ਹਾਂ ਦੇ ਪਾਬੰਦ ਹਨ।"[16] ਗਵਰਨਰ ਜਨਰਲ ਤੇ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਨੇ ਚੰਗੇ ਨਤੀਜਿਆਂ ਤੇ ਖ਼ੁਸ਼ਹਾਲੀ ਲਈ ਬੋਰਡ ਨੂੰ ਵਧਾਈ ਦਿੱਤੀ।

ਇਸ ਤਬਦੀਲੀ ਦਾ ਸਿੱਖ ਭਾਈਚਾਰੇ ਤੇ ਸਮਾਜ ਉੱਪਰ ਕੀ ਪ੍ਰਭਾਵ ਪਿਆ? ਰਣ-ਭੂਮੀ ਵਿੱਚ ਵਾਰ-ਵਾਰ ਹਾਰ ਨੇ ਤੇ ਇਸ ਜਾਣਕਾਰੀ ਪਿੱਛੋਂ ਕਿ ਕੌਮੀ ਹਿੱਤਾਂ ਨਾਲ

---

15. ਆਰਨੋਲਡ, ਦੀ ਮਾਰਕਵਿਸ ਔਫ ਡਲਹੌਜ਼ੀ ਦਾ ਬਰਤਾਨਵੀ ਭਾਰਤ ਵਿੱਚ ਰਾਜ ਪ੍ਰਬੰਧ, I, ਪੰਨਾ 345
16. ਭਾਰਤ ਦੇ ਵਧੀਆ ਤੇ ਹਿੰਮਤੀ ਮਰਦਾਂ ਨਾਲ ਨਜਿੱਠਣ ਲਈ ਸਾਡੇ ਕੋਲ ਹਿੰਦੁਸਤਾਨੀ ਸਰਕਾਰ ਦੇ ਵਧੀਆ ਵਿਅਕਤੀ ਗਵਰਨਰ ਜਨਰਲ ਦੀ ਸਨੇਹ ਪੂਰਨ ਦਿਲਚਸਪੀ, ਖੁਲ੍ਹਾ ਸਮਾਂ ਮਿਹਨਤ ਤੇ ਪੈਸਾ ਹੈ। ਇਹ ਇਕ ਸ਼ਾਹਾਨਾ ਤਜਰਬਾ ਸੀ ਜੋ ਸ਼ਾਹੀ ਠਾਠ ਬਾਠ ਨਾਲ ਕੀਤਾ ਗਿਆ ਤੇ ਇਸ ਦੇ ਚੰਗੇ ਸਿੱਟੇ ਨਿਕਲੇ ਜਿਹਨਾਂ ਨੂੰ ਹਾਕਮਾਂ ਤੇ ਮਹਿਕੂਮਾਂ, ਰਾਜੇ ਤੇ ਪਰਜਾ ਨੇ ਮਿਲ ਕੇ ਸਾਂਝੇ ਤੌਰ 'ਤੇ ਮਾਣਿਆ। ਉਹੀ I, ਪੰਨਾ 351

ਗਦਾਰੀ ਕੀਤੀ ਗਈ ਹੈ, ਆਮ ਸਿੱਖਾਂ ਵਿੱਚ ਸ਼ਾਹੀ ਪਰਿਵਾਰ ਤੇ ਸਰਦਾਰ ਘਰਾਣਿਆਂ ਤੇ ਕੁਲੀਨਾਂ ਬਾਰੇ ਉਹਨਾਂ ਦਾ ਭਰਮ ਤੋੜ ਦਿੱਤਾ ਤੇ ਉਹ ਨਿਰਾਸ਼ ਹੋ ਗਏ। ਇਸ ਦੇ ਸਿੱਟੇ ਵਜੋਂ, ਭਾਵੇਂ ਭਾਈ ਮਹਾਰਾਜ ਸਿੰਘ ਦਾ ਕਿਤਨਾ ਵੀ ਸਤਿਕਾਰ ਸੀ, ਉਹ ਸਿੱਖ ਜਨਤਾ ਵਿੱਚ ਦਰਬਾਰ ਪ੍ਰਤੀ ਲੜਾਈ ਲੜਨ ਦਾ ਜੋਸ਼ ਪੈਦਾ ਨਾ ਕਰ ਸਕਿਆ। ਜਦੋਂ ਉਸ ਨੂੰ ਗਰਿਫ਼ਤਾਰ ਕਰਕੇ ਸਿੰਗਾਪੁਰ ਜਲਾਵਤਨ ਕਰ ਦਿੱਤਾ ਗਿਆ ਤਾਂ ਸਿੱਖਾਂ ਵਿੱਚ ਉਹਦੀ ਗਰਿਫ਼ਤਾਰੀ ਵਿਰੁੱਧ ਕੋਈ ਗੜਬੜ ਜਾਂ ਅੰਦੋਲਨ ਨਾ ਹੋਇਆ।

ਡਲਹੌਜ਼ੀ ਨੇ ਸ਼ਾਹੀ ਪਰਿਵਾਰ ਨੂੰ ਪੰਜਾਬ 'ਚੋਂ ਬਾਹਰ ਕੱਢ ਦਿੱਤਾ ਤੇ ਸਤਲੁਜ ਤੋਂ ਉਰਾਰ (ਲਾਹੌਰ ਵੱਲ ਦੇ) ਦੇ ਖੇਤਰ ਦੇ ਸਭ ਸਿੱਖ ਸਰਦਾਰ ਖ਼ਤਮ ਕਰ ਦਿੱਤੇ।[17] ਸਿੱਖ ਕਿਸਾਨ ਤੇ ਸਿਪਾਹੀ ਸ਼ੱਕੀ ਹੋ ਗਏ ਤੇ ਉਹਨਾਂ ਨੂੰ ਪੁਲੀਸ ਜਾਂ ਫ਼ੌਜ ਵਿੱਚ ਬਹੁਤ ਥੋੜੀਆਂ ਨੌਕਰੀਆਂ ਦਿੱਤੀਆਂ ਗਈਆਂ ਤੇ ਇਹਨਾਂ ਵਿੱਚ ਵਧੇਰੇ ਕਰਕੇ ਮੁਸਲਮਾਨ ਭਰਤੀ ਕੀਤੇ ਗਏ। ਹੈਰਾਨੀ ਦੀ ਗੱਲ ਨਹੀਂ ਕਿ ਬਰਖ਼ਾਸਤ ਕੀਤੇ ਖ਼ਾਲਸਾ ਸੈਨਿਕ (ਜਿਹਨਾਂ ਵਿੱਚ 40000 ਤਾਂ ਐਂਗਲੋ ਸਿੱਖ ਯੁੱਧਾਂ ਮਗਰੋਂ ਖੁੱਲ੍ਹੇ ਫਿਰ ਰਹੇ ਸਨ) ਅਪਰਾਧ ਕਰਨ ਲੱਗ ਗਏ। ਕੇਂਦਰੀ ਪੰਜਾਬ ਦੇ ਜ਼ਿਲ੍ਹੇ ਵਿੱਚ ਡਾਕੂਆਂ ਦੀ ਭਰਮਾਰ ਹੋ ਗਈ, ਜਿਹਨਾਂ ਵਿੱਚੋਂ ਜ਼ਿਆਦਾ ਸਿੱਖ ਹੀ ਸਨ। ਠੱਗੀ ਆਮ ਹੀ ਹੋ ਗਈ ਤੇ ਠੱਗ ਵਧੇਰੇ ਕਰਕੇ ਮਜ਼੍ਹਬੀ ਸਿੱਖਾਂ ਜਾਂ ਸੈਣੀਆਂ ਵਿੱਚੋਂ ਹੀ ਸਨ। ਠੱਗੀ[18] ਦਾ ਦਮਨ ਕਰਨ ਲਈ ਸਰਕਾਰ ਸੁਪਰਡੈਂਟ ਨਿਯੁਕਤ ਕਰਨ ਲਈ ਮਜਬੂਰ ਹੋ ਗਈ ਤੇ ਆਖ਼ਰ ਇਸ ਨੂੰ ਬੜੀ ਸਖ਼ਤੀ ਨਾਲ ਦਬਾਇਆ ਗਿਆ।

ਇਲਹਾਕ ਦਾ ਸਭ ਤੋਂ ਮਹੱਤਵਪੂਰਨ ਪ੍ਰਭਾਵ ਹਿੰਦੂ ਸਿੱਖਾਂ ਦੇ ਸੰਬੰਧਾਂ 'ਤੇ ਪਿਆ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਜਦ ਤੋਂ ਖਾਲਸਾ ਪੰਥ ਇਕ ਰਾਜਸੀ ਸ਼ਕਤੀ ਬਣਿਆ ਸੀ, ਬਹੁਤ ਸਾਰੇ ਹਿੰਦੂ ਜੋ ਖ਼ਾਲਸਾ ਨੂੰ ਹਿੰਦੂਆਂ ਦਾ ਹਰਾਵਲ ਦਸਤਾ ਹੀ ਸਮਝਦੇ ਸਨ, ਉਹਨਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਸਿੱਖ ਰਾਜ ਦੌਰਾਨ ਸਿੱਖ ਤੇ ਹਿੰਦੂ ਦਾ ਭੇਦ ਸਿਰਫ਼ ਸ਼ਕਲ-ਸੂਰਤ ਦਾ ਫ਼ਰਕ ਹੀ ਸੀ। ਖ਼ਾਲਸਾ ਦਾੜ੍ਹੀ ਕੇਸ ਰੱਖਦਾ ਸੀ, ਹਿੰਦੂ ਨਹੀਂ। ਬਾਕੀ ਗੱਲਾਂ ਵਿੱਚ ਤਾਂ ਬ੍ਰਾਹਮਣੀ ਹਿੰਦੂ ਧਰਮ ਹੀ ਛਾ ਗਿਆ ਸੀ। ਨਵੇਂ ਸਿੱਖ ਸਰਦਾਰ ਹਿੰਦੂ ਰਾਜਪੂਤ ਰਾਜਿਆਂ ਦੀ ਨਕਲ ਕਰਦੇ ਤੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਕਰਦੇ, ਹਿੰਦੂਆਂ ਦੇ ਪਵਿੱਤਰ ਤੀਰਥ ਅਸਥਾਨਾਂ ਦੀ ਯਾਤਰਾ

---

17. 25 ਸਿੱਖ ਸਰਦਾਰਾਂ ਦੀਆਂ ਨਿੱਜੀ ਤੇ ਫ਼ੌਜੀ ਜਾਗੀਰਾਂ ਜ਼ਬਤ ਕਰ ਲਈਆਂ ਗਈਆਂ। ਐਸ.ਸੀ. 68-71 ਮਿਤੀ 26.5.1849. ਸਿੱਖਾਂ ਦਾ ਮੱਧਵਰਗ ਪੜ੍ਹਿਆ ਲਿਖਿਆ ਨਹੀਂ ਸੀ; ਇਸ ਦੇ ਫਲਸਰੂਪ 11 ਵਧੀਕ ਸਹਾਇਕ ਕਮਿਸ਼ਨਰਾਂ ਵਿੱਚ ਇਕ ਸਿੱਖ ਹੀ ਚੁਣ ਕੇ ਨਿਯੁਕਤ ਕੀਤਾ ਜਾ ਸਕਿਆ।
18. ਮਿਸਟਰ ਬਰੇਰਟਨ ਨੇ ਠੱਗ ਭਾਈਚਾਰੇ ਉੱਪਰ ਬੜੀ ਵਿਸਤ੍ਰਿਤ ਰਿਪੋਰਟ ਤਿਆਰ ਕੀਤੀ। ਉਹ ਠੱਗਾਂ ਦੇ ਮੋਢੀ ਵਜੋਂ ਇਕ ਮਜ਼੍ਹਬੀ ਸਿੱਖ ਵਜ਼ੀਰ ਸਿੰਘ ਦਾ ਵਰਨਣ ਕਰਦਾ ਹੈ। ਆਖ਼ਰ ਉਹ ਫੜਿਆ ਗਿਆ ਤੇ ਫਾਂਸੀ ਲਾ ਦਿੱਤਾ ਗਿਆ। ਸ਼ੇਰ ਸਿੰਘ ਨੇ ਠੱਗੀ ਦੇ ਦਮਨ ਲਈ ਸਖ਼ਤ ਕਦਮ ਉਠਾਏ ਪ੍ਰੰਤੂ ਉਹਦੇ ਕਤਲ ਮਗਰੋਂ ਅਰਾਜਕਤਾ ਸਮੇਂ ਠੱਗੀ ਕਾਫ਼ੀ ਵੱਧ ਗਈ। ਐਫ. ਸੀ. 259 ਮਿਤੀ 14.1.1853.

ਕਰਦੇ, ਬ੍ਰਾਹਮਣਾਂ ਨੂੰ ਭੋਜਨ ਛਕਾਉਂਦੇ, ਜੋਤਸ਼ੀਆਂ ਤੇ ਨਜੂਮੀਆਂ ਕੋਲ ਟੇਵੇ ਲੁਆਉਂਦੇ, ਪਤੀਆਂ ਦੀ ਮੌਤ ਤੇ ਵਿਧਵਾਵਾਂ ਨੂੰ ਸਤੀ ਹੋਣ ਲਈ ਮਜਬੂਰ ਕਰਦੇ।

ਕੁਝ ਖ਼ਾਸ ਵਰਗਾਂ ਜਿਵੇਂ ਬੇਦੀਆਂ ਵਿੱਚ ਜਿਸ ਜਾਤੀ ਨਾਲ ਗੁਰੂ ਨਾਨਕ ਦਾ ਸਬੰਧ ਸੀ, ਜਨਮ ਸਮੇਂ ਕੁੜੀਆਂ ਮਾਰਨ ਦਾ ਰਿਵਾਜ ਮੁੜ ਪ੍ਰਚੱਲਤ ਹੋ ਗਿਆ ਸੀ।[19]

ਜਿਉਂ ਹੀ ਸਿੱਖਾਂ ਦੇ ਹੱਥਾਂ ਵਿੱਚੋਂ ਰਾਜ ਦੀ ਸ਼ਕਤੀ ਨਿਕਲੀ, ਹਿੰਦੂਆਂ ਦੀ ਬਹੁਤ ਭਾਰੀ ਗਿਣਤੀ, ਜਿਸ ਨੇ ਸਿੱਖ ਰੀਤੀ ਰਿਵਾਜ ਅਪਣਾਏ ਹੋਏ ਸਨ, ਛੱਡ ਕੇ ਮੁੜ ਸਨਾਤਨੀ ਹਿੰਦੂ ਧਰਮ ਵੱਲ ਪਰਤ ਗਈ। ਉਹਨਾਂ ਦੇ ਨਾਲ ਉਹ ਲੋਕ ਵੀ ਸਿੱਖ ਧਰਮ ਨੂੰ ਛੱਡ ਗਏ ਜਿਹਨਾਂ ਨੇ ਕਈ ਪੀੜ੍ਹੀਆਂ ਤੋਂ ਸਿੱਖ ਧਰਮ ਅਪਣਾਇਆ ਹੋਇਆ ਸੀ। ਲਾਰਡ ਡਲਹੌਜ਼ੀ ਨੇ ਆਪਣੀਆਂ ਦੋ ਸੰਖੇਪ ਜਿਹੀਆਂ ਪੰਜਾਬ ਦੀਆਂ ਯਾਤਰਾਵਾਂ ਵਿੱਚ ਇਸ ਪਰਵਿਰਤੀ ਨੂੰ ਤਾੜ ਲਿਆ। ਗਵਰਨਰ ਜਨਰਲ ਨੇ ਲਿਖਿਆ, "ਉਹਨਾਂ ਦੇ ਮਹਾਨ ਗੁਰੂ ਗੋਬਿੰਦ ਨੇ ਜ਼ਾਤ-ਪਾਤ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਤੇ ਕਾਫ਼ੀ ਹੱਦ ਤੱਕ ਉਹ ਸਫ਼ਲ ਹੋ ਗਿਆ, ਪ੍ਰੰਤੂ ਉਹ ਹੁਣ ਫਿਰ ਹੌਲੀ-ਹੌਲੀ ਪਤਿਤ ਹੋ ਕੇ ਹਿੰਦੂ ਧਰਮ ਵੱਲ ਪਰਤ ਰਹੇ

---

19. ਜਦੋਂ ਜਾਨ ਲਾਰੰਸ ਜਾਲੰਧਰ ਮੰਡਲ ਦਾ ਕਮਿਸ਼ਨਰ ਸੀ ਤਾਂ ਉਸ ਨੂੰ ਇਸ ਰਿਵਾਜ ਬਾਰੇ ਪਤਾ ਲੱਗਾ। ਜਦੋਂ ਉਸ ਨੇ ਉਹਨਾਂ ਦੀ ਜ਼ਮੀਨ ਦੇ ਪਟੇ ਦੁਬਾਰਾ ਦਿੱਤੇ ਤੇ ਉਸ ਨੇ ਉਹਨਾਂ ਨੂੰ ਇਹ ਪ੍ਰਤਿੱਗਿਆ ਕਰਵਾਈ : ਬੇਵਾ ਮੱਤ ਜਲਾਉ। ਬੇਟੀ ਮੱਤ ਮਾਰੋ। ਕੋਹੜੀ ਮੱਤ ਦਬਾਓ। —ਬੋਸਵਰਥ ਸਮਿੱਥ, ਲਾਰਡ ਲਾਰੰਸ ਦੀ ਜੀਵਨੀ, I, ਪੰਨਾ 197
    ਜਾਨ ਲਾਰੰਸ ਦਾ ਜੀਵਨੀਕਾਰ ਵਰਨਨ ਕਰਦਾ ਹੈ ਕਿ ਕੁੜੀ ਮਾਰਨ ਦਾ ਰਿਵਾਜ ਸਿਰਫ਼ ਰਾਜਪੂਤਾਂ ਵਿੱਚ ਹੀ ਪ੍ਰਚੱਲਤ ਨਹੀਂ ਸੀ, ਸਗੋਂ ਬੇਦੀਆਂ ਵਿੱਚ ਵੀ ਸਰਵ-ਵਿਆਪਕ ਸੀ। ....'ਉਹਨਾਂ ਨੇ ਤਾਂ ਇਕ ਵੀ ਕੁੜੀ ਜਿਊਂਦੀ ਨਹੀਂ ਛੱਡੀ ਸੀ।' —ਉਹੀ, I, ਪੰਨਾ 206 ਭਾਵੇਂ ਇਹ ਬਿਆਨ ਅਤਿਕਥਨੀ ਜਾਪਦਾ ਹੈ। ਗੁਰੂ ਗੋਬਿੰਦ ਸਿੰਘ ਨੇ ਜਿਹੜੀਆਂ ਰੀਤਾਂ ਦੀ ਸਮਾਪਤੀ ਕੀਤੀ, ਉਹਨਾਂ ਵਿੱਚ ਕੁੜੀ ਮਾਰਨ ਦੀ ਰਸਮ ਵੀ ਸੀ। ਉਸ ਨੇ ਕੁੜੀਮਾਰਾਂ ਨੂੰ ਧਰਮ 'ਚੋਂ ਛੇਕ ਦਿੱਤਾ ਸੀ ਤੇ ਉਹਨਾਂ ਦਾ ਸਿੱਖ ਗੁਰਦਵਾਰਿਆਂ 'ਚ ਪਰਵੇਸ਼ ਬੰਦ ਕਰ ਦਿੱਤਾ ਸੀ। ਉਸ ਦੇ ਹੁਕਮ ਅਜੇ ਵੀ ਵੱਡੇ ਅੱਖਰਾਂ 'ਚ ਸਵਰਨ ਮੰਦਰ ਦੇ ਨਾਲ ਲਗਵੇਂ ਅਕਾਲ ਤਖ਼ਤ ਦੀ ਡਿਉਢੀ ਤੇ ਦਵਾਰ 'ਤੇ ਉੱਕਰੇ ਹੋਏ ਸਨ।
    ਪੰਜਾਬ ਦੇ ਇਲਹਾਕ ਤੋਂ ਦੋ ਸਾਲ ਮਗਰੋਂ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨੇ ਵੀ ਬੇਦੀਆਂ 'ਚ ਇਸ ਜੁਰਮ ਦੇ ਚਾਲੂ ਰਹਿਣ ਬਾਰੇ ਜਾਣਕਾਰੀ ਦਿੱਤੀ। ਉਸ ਮਗਰੋਂ ਇਹ ਪਤਾ ਲੱਗਾ ਕਿ ਹਿੰਦੂ ਤੇ ਮੁਸਲਮਾਨ ਰਾਜਪੂਤਾਂ ਵਿੱਚ ਇਹ ਹਰ ਥਾਂ, ਲਈਯਾ, ਡੇਰਾ ਇਸਮਾਈਲ ਖ਼ਾਂ, ਪਿਸ਼ਾਵਰ ਤੇ ਹਜ਼ਾਰੇ ਤੋਂ ਬਿਨਾਂ ਪ੍ਰਚੱਲਤ ਹੈ। ਐਫ.ਸੀ. 185-90, ਮਿਤੀ 9.9.1853
    1853 ਦੀ ਦੀਵਾਲੀ ਨੂੰ ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਦਾ ਇਕ ਵੱਡਾ ਇਕੱਠ ਬੁਲਾਇਆ ਗਿਆ ਜਿੱਥੇ ਇਸ ਬਾਰੇ ਚਰਚਾ ਕੀਤੀ ਗਈ ਤੇ ਇਸ ਰਿਵਾਜ ਦੀ ਨਿਖੇਧੀ ਕਰਨ ਲਈ ਮਤੇ ਪਾਸ ਕੀਤੇ ਗਏ। ਉਸ ਪਿੱਛੋਂ ਇਸ ਤਰ੍ਹਾਂ ਦੇ ਸਮਾਗਮ ਵੱਖ-ਵੱਖ ਸ਼ਹਿਰਾਂ ਵਿੱਚ ਕੀਤੇ ਗਏ। ਦਹੇਜ ਦੇਣ ਬਾਰੇ ਵੀ ਸੀਮਾ ਨਿਸ਼ਚਿਤ ਕਰਨ ਲਈ ਨਿਯਮ ਬਣਾਏ ਗਏ ਕਿਉਂਕਿ ਦਹੇਜ ਹੀ ਕੁੜੀਆਂ ਮਾਰਨ ਦਾ ਇਕ ਮੁੱਖ ਕਾਰਨ ਸੀ। ਕੁਝ ਹੀ ਮਹੀਨਿਆਂ ਪਿੱਛੋਂ ਕੁੜੀ ਮਾਰਨ ਦੀ ਪ੍ਰਥਾ ਬੰਦ ਹੋ ਗਈ।

ਹਨ। ਤੇ ਉਹ ਜਿਹੜੇ ਕਿ ਸਿੱਖਾਂ ਦੇ ਤੌਰ 'ਤੇ ਵਿਚਰ ਰਹੇ ਹਨ ਤੇ ਉਹ ਵੀ ਹਰ ਸਾਲ ਹਿੰਦੂ ਬਣ ਰਹੇ ਹਨ, ਏਥੋਂ ਤੱਕ ਕਿ ਸਰ ਜਾਰਜ ਕਲਾਰਕ ਜੋ ਅੱਜਕੱਲ 1847-48 ਵਿੱਚ ਬੰਬਈ ਦਾ ਗਵਰਨਰ ਹੈ ਕਿਹਾ ਕਰਦਾ ਸੀ ਅਗਲੇ 50 ਸਾਲਾਂ ਵਿੱਚ ਸਿੱਖ ਧਰਮ ਖ਼ਤਮ ਹੋ ਜਾਵੇਗਾ। ਇਸ ਵਿਚਾਰ ਨਾਲ ਹੁਣ ਸਹਿਮਤ ਹੋਣਾ ਸੰਭਵ ਨਹੀਂ ਭਾਵੇਂ ਛੇ ਮਹੀਨੇ ਪਹਿਲਾਂ ਨਾਲੋਂ ਇਸ ਦੀ ਸੰਭਾਵਨਾ ਕੁਝ ਵਧੇਰੇ ਹੈ।"[20]

ਬੋਰਡ ਦਾ ਖ਼ਾਤਮਾ—ਹੈਨਰੀ ਲਾਰੰਸ ਤੇ ਜਾਨ ਲਾਰੰਸ ਦੇ ਵਿਚਾਰ ਇਕ ਦੂਸਰੇ ਨਾਲੋਂ ਬੜੇ ਭਿੰਨ ਸਨ ਤੇ ਕਈ ਵਾਰ ਉਹਨਾਂ ਦੇ ਸਬੰਧ ਇਤਨੇ ਵਿਗੜ ਜਾਂਦੇ ਸਨ ਕਿ ਟੁੱਟ ਭੱਜ ਦੀ ਹੱਦ ਤੱਕ ਪਹੁੰਚ ਜਾਂਦੇ ਸਨ। (ਮਿੰਟਗੁਮਰੀ ਨੇ ਆਪ ਮੰਨਿਆ ਕਿ ਉਹ ਦੋ ਸ਼ਕਤੀਸ਼ਾਲੀ ਇੰਜਨਾਂ ਦੀ ਟੱਕਰ ਰੋਕਣ ਵਾਲਾ ਇਕ ਨਿਰਪੱਖ ਵਿਅਕਤੀ ਹੁੰਦਾ ਸੀ।) ਇਹਨਾਂ ਦੇ ਝਗੜਿਆਂ ਵਿੱਚ ਲਾਰਡ ਡਲਹੌਜ਼ੀ ਜਾਨ ਦਾ ਪੱਖ ਲੈਂਦਾ ਸੀ ਤੇ ਅਕਾਰਨ ਹੀ ਹੈਨਰੀ ਨੂੰ ਨੀਵਾਂ ਵਿਖਾਉਂਦਾ ਸੀ।[21] ਇਹ ਟੱਕਰ ਉਦੋਂ ਸਿਖਰ 'ਤੇ ਪਹੁੰਚ ਗਈ ਜਦੋਂ ਦੋਹਾਂ ਭਰਾਵਾਂ ਨੇ ਆਪਣੇ ਤਿਆਗ ਪੱਤਰ ਦੇ ਦਿੱਤੇ। ਲਾਰਡ ਡਲਹੌਜ਼ੀ ਨੇ ਝਟਪੱਟ ਹੀ ਬੋਰਡ ਭੰਗ ਕਰ ਦਿੱਤਾ; ਹੈਨਰੀ ਲਾਰੰਸ ਨੂੰ ਰਾਜਪੂਤਾਨੇ ਤਬਦੀਲ ਕਰ ਦਿੱਤਾ ਤੇ ਜਾਨ ਲਾਰੰਸ ਨੂੰ ਪੰਜਾਬ ਦਾ ਚੀਫ਼ ਕਮਿਸ਼ਨਰ ਨਿਯੁਕਤ ਕਰ ਦਿੱਤਾ। ਇਹ ਤਬਦੀਲੀ ਹਕੀਕੀ ਨਹੀਂ ਕੇਵਲ ਆਕਾਰ ਤੇ ਢਾਂਚੇ ਦੀ ਤਬਦੀਲੀ ਸੀ ਕਿਉਂਕਿ ਜਾਨ ਦੀ ਸਹਾਇਤਾ ਦੋ ਪੂਰੇ ਕਮਿਸ਼ਨਰ ਹੀ ਕਰਦੇ ਰਹੇ। ਮੌਂਟਗੁਮਰੀ ਨਿਆਂਪਾਲਿਕਾ, ਸਿੱਖਿਆ, ਸੜਕਾਂ, ਪੁਲੀਸ, ਸਥਾਨਕ ਤੇ ਨਗਰਪਾਲਿਕਾ ਪ੍ਰਬੰਧ ਦਾ ਮੁਖੀ ਰਿਹਾ ਜਾਰਜ ਐਡਮੋਨਸਟੋਨ ਨੂੰ ਵਿੱਤ ਕਮਿਸ਼ਨਰ ਨਿਯੁਕਤ ਕੀਤਾ ਗਿਆ।

ਇਕ ਵਾਰ ਜਦੋਂ ਜਾਨ ਲਾਰੰਸ ਕੁੱਲ ਇਖਤਿਆਰਾਂ ਦਾ ਮਾਲਕ ਬਣ ਗਿਆ ਤਾਂ ਉਸ ਨੂੰ ਆਪਣੇ ਭਰਾ ਦੀ ਨੀਤੀਆਂ ਦੀ ਸਮਝ ਆਈ, ਜਿਨ੍ਹਾਂ ਦਾ ਉਹ ਵਿਰੋਧ ਕਰਿਆ

---

20. 7 ਮਈ 1849 ਦਾ ਪੱਤਰ, ਬੇਇਰਡ, ਮਾਰਕਵਿਸ ਔਫ ਡਲਹੌਜ਼ੀ ਦੇ ਨਿੱਜੀ ਪੱਤਰ, ਪੰਨਾ 69 "ਖ਼ਾਲਸੇ ਦੀ ਸ਼ਾਨ ਖ਼ਤਮ ਹੁੰਦਿਆਂ ਹੀ ਇਹਦੇ ਸ਼ਰਧਾਲੂ ਘਟ ਗਏ ਹਨ। ਉਹ ਸੈਂਕੜਿਆਂ 'ਚ ਨਾਲ ਰਲੇ ਸਨ ਪਰ ਹਜ਼ਾਰਾਂ ਦੀ ਗਿਣਤੀ ਵਿੱਚ ਸਾਥ ਛੱਡ ਗਏ। ਉਹ ਹਿੰਦੂ ਧਰਮ ਵਿੱਚ ਫਿਰ ਚਲੇ ਗਏ ਹਨ ਤੇ ਉਹਨਾਂ ਦੀ ਔਲਾਦ ਕਦੇ ਫਿਰ ਅੰਮ੍ਰਿਤਸਰ ਆ ਕੇ ਪਾਹੁਲ ਨਹੀਂ ਲਵੇਗੀ।" ਆਰਨੋਲਡ, ਦੀ ਮਾਰਕਵਿਸ ਔਫ ਡਲਹੌਜ਼ੀ ਦਾ ਬਰਤਾਨਵੀ ਭਾਰਤ ਦਾ ਸ਼ਾਸਨ, I, ਪੰਨਾ 386
21. 13 ਜੂਨ 1851 ਦੇ ਪੱਤਰ ਵਿੱਚ ਹੈਨਰੀ ਨੇ ਆਪਣੇ ਭਰਾ ਜਾਨ ਨੂੰ ਲਿਖਿਆ : "ਮੈਨੂੰ ਗਵਰਨਰ ਜਨਰਲ ਦੀ ਸਮਝ ਨਹੀਂ ਆਉਂਦੀ। ...ਜਦ ਅਸੀਂ ਗਲਤ ਹੁੰਦੇ ਤਦ ਵੀ ਝਾੜ ਝੰਬ ਠੀਕ ਕਰਨ ਲਈ ਠੀਕ ਨਹੀਂ ਹੈ, ਪ੍ਰੰਤੂ ਬਕਵਾਸ ਕਰਕੇ, ਦੰਭੀ ਢੰਗ ਨਾਲ ਅਪਮਾਨਤ ਕਰਨਾ ਤਾਂ ਬਹੁਤ ਹੀ ਬੁਰਾ ਹੈ। ਅਸੀਂ ਜੀ ਮਾਰ ਕੇ ਤੇ ਨਿੱਜੀ ਤੌਰ 'ਤੇ ਵੀ ਸਰਕਾਰੀ ਪੱਧਰ 'ਤੇ ਉਸ ਆਦਮੀ ਦੇ ਵਿਚਾਰਾਂ ਨੂੰ ਲਾਗੂ ਕਰਨ ਲਈ ਕੰਮ ਕਰਦੇ ਹਾਂ ਜਿਹੜਾ ਇਸ ਤਰ੍ਹਾਂ ਦਾ ਅਸ਼ਿਸ਼ਟ ਵਿਹਾਰ ਕਰਦਾ ਹੈ ਜੋ ਫਿਰ ਵੀ ਅਣਉੱਚਿਤ ਜਾਪੇ ਜੇਕਰ ਅਸੀਂ ਉਸ ਦੇ ਨੌਕਰ ਵੀ ਹੋਈਏ।" ਐਡਵਰਡਜ਼ ਤੇ ਮੇਰੀਵੇਲ—ਲਾਈਫ਼ ਔਫ ਸਰ ਹੈਨਰੀ ਲਾਰੰਸ, ਪੰਨਾ 441-42

ਕਰਦਾ ਸੀ। ਉਸ ਨੇ ਜਾਗੀਰਾਂ ਤੇ ਲਗਾਨ ਰਹਿਤ ਜ਼ਮੀਨਾਂ ਦਾ ਜਿਹਨਾਂ ਵਿੱਚੋਂ ਅਜੇ 60000 ਦਾ ਨਿਪਟਾਰਾ ਹੋਣਾ ਸੀ, ਉਸ ਵੱਲੋਂ ਫ਼ੈਸਲਾ ਕਾਫੀ ਉਦਾਰਤਾ ਨਾਲ ਕੀਤਾ ਗਿਆ ਜਿਸ ਵੱਲੋਂ ਗਵਰਨਰ ਜਨਰਲ ਵੱਲੋਂ ਤਿੱਖੀ ਪ੍ਰਤਿਕ੍ਰਿਆ ਹੋਈ ਤੇ ਝਾੜ ਪਈ। ਉਸ ਦੇ ਰਾਜ ਪ੍ਰਬੰਧ ਦੀ ਸਭ ਤੋਂ ਵੱਡੀ ਸਫਲਤਾ ਉਸ ਦਾ ਸਿੱਖ ਜਨ ਸਮੂਹ ਦਾ ਮਨ ਜਿੱਤਣ ਦਾ ਕਾਰਜ ਸੀ। ਜਦੋਂ ਉਸ ਨੂੰ ਭਰੋਸਾ ਹੋ ਗਿਆ ਕਿ ਸਿੱਖ ਕਿਰਸਾਣੀ ਦਾ ਸਿੱਖ ਰਾਜ ਦੀ ਪੁਨਰ-ਸਥਾਪਤੀ ਪ੍ਰਤੀ ਕੋਈ ਮੋਹ ਨਹੀਂ ਹੈ ਤਾਂ ਉਸ ਨੇ ਸਿੱਖਾਂ ਨੂੰ ਫ਼ੌਜ ਵਿੱਚ ਭਰਤੀ ਕਰਨ ਦੀ ਆਗਿਆ ਦੇ ਦਿੱਤੀ। ਸਿੱਖ ਕੰਪਨੀ ਦੀ ਫ਼ੌਜ ਵਿੱਚ ਪੂਰੇ ਉਤਸ਼ਾਹ ਤੇ ਜੋਸ਼ ਨਾਲ ਭਰਤੀ ਹੋਏ। ਉਹਨਾਂ ਦੀ ਪਠਾਨਾਂ ਕਬਾਇਲੀਆਂ ਵਿਰੁੱਧ, ਅੰਗਰੇਜ਼ਾਂ ਦੀ ਬਰਮਾ ਵਿਰੁੱਧ ਹੋਈ 1852 ਦੀ ਜੰਗ ਵਿੱਚ ਵਿਖਾਈ ਗਈ ਕਾਰਗੁਜ਼ਾਰੀ ਨੇ ਅੰਗਰੇਜ਼ ਸੈਨਾਪਤੀਆਂ ਨੂੰ ਉਤਸ਼ਾਹਿਤ ਕੀਤਾ ਤੇ ਉਹਨਾਂ ਨੇ ਭਾਰੀ ਗਿਣਤੀ ਵਿੱਚ ਸਿੱਖਾਂ ਨੂੰ ਫ਼ੌਜ ਵਿੱਚ ਭਰਤੀ ਕਰ ਲਿਆ।

ਕਾਂਡ—6

ਸਿੱਖ ਤੇ 1857 ਦਾ ਵਿਦਰੋਹ

1857 ਦੇ ਵਿਦਰੋਹ ਦੇ ਕਾਰਨਾਂ ਦੀ ਖੋਜ ਵੱਖ-ਵੱਖ ਗਵਰਨਰ ਜਨਰਲਾਂ ਜਿਵੇਂ ਅਹਿਮਰਿਸਟ, ਬੈਂਟਿਕ, ਆਕਲੈਂਡ, ਐਲਨਬਰੋਅ ਤੇ ਡਲਹੌਜ਼ੀ ਵੱਲੋਂ ਲਗਾਤਾਰ ਨੇਕ-ਨੀਤੀ ਨਾਲ ਪਰ ਕੁਵੇਲੇ ਤੇ ਬੇਮੌਕੇ ਲਾਗੂ ਕੀਤੇ ਗਏ ਕਦਮਾਂ ਤੋਂ ਕੀਤੀ ਜਾ ਸਕਦੀ ਹੈ। ਇਹਨਾਂ ਕਦਮਾਂ ਨੇ ਰਾਜਕੁਮਾਰਾਂ, ਜ਼ਿਮੀਂਦਾਰਾਂ ਤੋਂ ਲੈ ਕੇ ਕਿਰਸਾਣਾਂ ਤੱਕ ਤੇ ਸਭ ਤੋਂ ਵੱਧ ਸਿਪਾਹੀਆਂ, ਗੱਲ ਕੀ ਹਰ ਵਰਗ 'ਤੇ ਬੁਰਾ ਪ੍ਰਭਾਵ ਪਾਇਆ।

ਜਦੋਂ ਦੇਸ਼ੀ ਹਾਕਮਾਂ ਦੀ ਗੱਦੀ ਦੇ ਵਾਰਿਸ ਪੈਦਾ ਨਾ ਹੋਏ ਤਾਂ ਕਈ ਰਿਆਸਤਾਂ ਨੂੰ ਅੰਗਰੇਜ਼ੀ ਅਧਿਕਾਰ ਵਿੱਚ ਲੈ ਲਿਆ ਗਿਆ। ਨਾਨਾ ਸਾਹਿਬ ਨੂੰ ਪੈਨਸ਼ਨ ਦੇ ਹੱਕ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਰਾਣੀ ਝਾਂਸੀ ਨੂੰ ਦੱਸ ਦਿੱਤਾ ਗਿਆ ਸੀ ਕਿ ਉਹਦੀ ਮੌਤ ਪਿੱਛੋਂ ਉਹਦੀ ਰਿਆਸਤ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕਰ ਲਈ ਜਾਵੇਗੀ। ਇਹ ਦੋਵੇਂ ਮਰਹੱਟਾ ਬਾਗੀਆਂ ਦੇ ਨੇਤਾ ਬਣ ਗਏ।[1] ਵਿਸ਼ਵਾਸਘਾਤ ਤੇ ਧਰੋਹ ਦੀ ਉੱਘੀ ਮਿਸਾਲ ਅਵਧ ਦਾ ਇਲਹਾਕ ਸੀ।[2] ਹਿੰਦੁਸਤਾਨ ਦੇ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ, "ਜੇ ਬਰਤਾਨਵੀ ਸਰਕਾਰ ਅਜਿਹੇ ਰਾਜ ਨੂੰ ਗੱਦੀ ਤੋਂ ਲਾਹ ਸਕਦੀ ਹੈ, ਜੋ ਸਦਾ ਹੀ ਉਹਨਾਂ ਦਾ ਵਫ਼ਾਦਾਰ ਰਿਹਾ ਸੀ ਤਾਂ ਕਿਹੜਾ ਸੁਤੰਤਰ ਰਾਜਾ ਜਾਂ ਨਵਾਬ ਬਚੇਗਾ ਜਾਂ

---

1. ਦੂਸਰੀਆਂ ਮਸ਼ਹੂਰ ਰਿਆਸਤਾਂ ਜਿਹਨਾਂ 'ਤੇ ਕਬਜ਼ਾ ਕੀਤਾ ਗਿਆ ਸੀ ਉਹ ਸੰਭਲਪੁਰ, ਸਿਤਾਰਾ, ਤੰਜੌਰ, ਨਾਗਪੁਰ, ਮੁਰਸ਼ਦਾਬਾਦ ਤੇ ਕਰਨਾਟਕ ਸਨ। ਆਖਰੀ ਰਿਆਸਤ ਬਾਰੇ "ਪ੍ਰਾਈਵੇਟ ਲੈਟਰਜ਼ ਔਫ ਦੀ ਮਾਰਕਵਿਸ ਔਫ ਡਲਹੌਜ਼ੀ" ਵਿੱਚ ਹੇਠ ਲਿਖੀ ਸੂਚਨਾ ਦਰਜ ਹੈ : "ਇਕ ਹਫ਼ਤਾ ਪਹਿਲਾਂ ਕਰਨਾਟਕ ਦਾ ਜਵਾਨ ਨਵਾਬ ਅਚਾਨਕ ਮਰ ਗਿਆ। ਉਸ ਦੇ ਕੋਈ ਲੜਕਾ ਨਹੀਂ ਸੀ ਤੇ ਹੁਣ ਇਹ ਪਦ ਖ਼ਤਮ ਹੋਣ ਦੀ ਸੰਭਾਵਨਾ ਹੈ ਤੇ ਜੇ ਇਸ ਤਰ੍ਹਾਂ ਹੋਇਆ ਤਾਂ ਇਹ ਕੰਪਨੀ ਲਈ ਇਕ ਹੋਰ ਮੁਫ਼ਤ ਵਿੱਚ ਮਿਲੀ ਵਸਤੂ ਵਾਂਗ ਹੋਵੇਗਾ। ਤੇ ਇਹ ਕੰਪਨੀ ਦੀ ਲੁੱਟ ਘਸੁੱਟ ਦੀ ਅਮੁੱਕ ਕੁਦਰਤੋਂ ਤੇ ਅਮਿੱਤ ਅਭਿਲਾਸ਼ਾ ਦਾ ਵਿਸ਼ਾ ਹੋਵੇਗੀ।" (ਪੰਨਾ 359)
2. ਬਾਦਸ਼ਾਹ ਨੇ ਉਸ ਸੰਧੀ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਦੀ ਉਸ ਨੂੰ ਪੇਸ਼ਕਸ਼ ਕੀਤੀ ਗਈ ਸੀ। ਇਸ ਲਈ ਹਿੰਦੁਸਤਾਨ ਦੀ ਸਰਕਾਰ ਨੇ ਅਵਧ ਦੀ ਸਰਕਾਰ 'ਤੇ ਅਧਿਕਾਰ ਕਰ ਲਿਆ ਹੈ। ਬਾਦਸ਼ਾਹ ਨੇ ਆਪਣੀ ਪਰਜਾ ਨੂੰ ਇਹ ਘੋਸ਼ਣਾ ਕਰ ਦਿੱਤੀ ਹੈ ਕਿ ਉਹ ਅੰਗਰੇਜ਼ਾਂ ਦੀ ਆਗਿਆ ਦੀ ਪਾਲਣਾ ਕਰਨ। ਇਸ ਤਰ੍ਹਾਂ ਸਾਡੀ ਕਿਰਪਾਨਿਧਾਨ ਮਹਾਰਾਣੀ ਦੀ ਪਰਜਾ ਵਿੱਚ 50 ਲੱਖ ਵਸੋਂ ਤੇ 1,300,000 ਪੌਂਡ ਦੀ ਆਮਦਨੀ ਦਾ ਵਾਧਾ ਹੋਵੇਗਾ।' ਉਹੀ।

ਸੁਰੱਖਿਅਤ ਰਹੇਗਾ?"[3] ਏਥੋਂ ਤੱਕ ਕਿ ਮੁਗ਼ਲ ਸ਼ਾਹੀ ਪਰਿਵਾਰ ਨੂੰ ਵੀ ਛੱਡਿਆ ਨਾ ਗਿਆ। ਲਾਰਡ ਡਲਹੌਜ਼ੀ ਨੇ ਸਮਰਾਟ ਦੇ ਲਾਡਲੇ ਪੁੱਤਰ ਤੋਂ ਇਹ ਸਹਿਮਤੀ ਲੈ ਲਈ ਸੀ ਕਿ ਉਹਦੇ ਪਿਤਾ ਦੀ ਮੌਤ ਪਿੱਛੋਂ ਦਿੱਲੀ ਦਾ ਲਾਲ ਕਿਲ੍ਹਾ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ। ਭਾਵੇਂ ਸ਼ਾਹੀ ਪਰਿਵਾਰ ਦੀ ਹੁਣ ਕੋਈ ਰਾਜਸੀ ਮਹੱਤਤਾ ਨਹੀਂ ਰਹੀ ਸੀ, ਫਿਰ ਵੀ ਲੋਕਾਂ ਦਾ ਬਾਬਰ ਦੀ ਵੰਸ਼ ਨਾਲ ਜਜ਼ਬਾਤੀ ਸਾਂਝ ਤੇ ਲਗਾਓ ਸੀ ਤੇ ਉਹ ਲਾਲ ਕਿਲ੍ਹੇ ਤੇ ਮਹਿਲ ਵੱਲ ਹੇਰਵੇ ਭਰੇ ਮੋਹ ਨਾਲ ਵੇਖਦੇ ਸਨ।

ਭੂਮੀ ਦੇ ਮਾਲਕਾਂ ਉੱਪਰ ਵੱਡੀਆਂ ਜਾਗੀਰਾਂ ਖ਼ਤਮ ਕਰਨ ਦੇ ਮਨਸੂਬਿਆਂ ਨਾਲ ਤੇ ਉਹਨਾਂ ਦੇ ਹੱਕਾਂ ਤੇ ਦਾਅਵਿਆਂ ਦੇ ਲਿਖਤੀ ਸਬੂਤਾਂ ਦੀ ਮੰਗ ਕਾਰਨ ਬੜਾ ਬੁਰਾ ਪ੍ਰਭਾਵ ਪਿਆ ਕਿਉਂਕਿ ਉਸ ਤੋਂ ਪਹਿਲਾਂ ਮੁਲਕ ਵਿੱਚ ਉਹੋ ਜਿਹਾ ਕੋਈ ਰਿਵਾਜ ਨਹੀਂ ਸੀ।[4]

ਅੰਗਰੇਜ਼ ਅਧਿਕਾਰੀ ਲੋਕਾਂ ਦੇ ਇਤਨਾ ਨੇੜੇ ਵੀ ਨਹੀਂ ਸਨ ਕਿ ਉਹ ਇਹ ਸਮਝ ਸਕਦੇ ਕਿ ਇਹਨਾਂ ਸਾਧਾਰਨ ਤੇ ਦੋਸ਼-ਰਹਿਤ ਕਦਮਾਂ ਨੂੰ ਅਨਪੜ੍ਹ ਜਨਸਮੂਹ ਕਿਵੇਂ ਗਲਤ ਸਮਝ ਲਵੇਗਾ। ਇਸ ਤਰ੍ਹਾਂ ਸਤੀ ਦਾ ਖ਼ਾਤਮਾ, ਵਿਧਵਾ ਵਿਆਹ ਦੀ ਉੱਚਿਤਤਾ ਤੇ ਧਰਮ ਬਦਲਣ ਵਾਲਿਆਂ ਨੂੰ ਪਿਤਰੀ ਜਾਇਦਾਦ ਦੇ ਵਾਰਿਸ ਬਣੇ ਰਹਿਣ ਦੇ ਕਾਨੂੰਨ ਉਸ ਸਮੇਂ[5] ਪਾਸ ਕੀਤੇ ਗਏ ਜਦੋਂ ਈਸਾਈ ਧਰਮ ਪ੍ਰਚਾਰਕ ਬਹੁਤ ਸਾਰੇ ਲੋਕਾਂ ਦਾ ਧਰਮ ਬਦਲਾ ਰਹੇ ਸਨ ਜਿਸ ਨਾਲ ਭਾਰਤੀ ਲੋਕਾਂ ਨੂੰ ਇਹ ਦ੍ਰਿੜ੍ਹ ਵਿਸ਼ਵਾਸ ਹੋ ਗਿਆ ਕਿ ਅੰਗਰੇਜ਼ ਹਾਕਮ ਉਹਨਾਂ ਦਾ ਪੁਰਾਣਾ ਧਰਮ ਤੇ ਰੀਤੀ ਰਿਵਾਜ ਖ਼ਤਮ ਕਰਨਾ ਚਾਹੁੰਦੇ ਸਨ।

ਸਿਪਾਹੀਆਂ ਉੱਪਰ ਮੁਲਕ ਵਿੱਚ ਅੰਗਰੇਜ਼-ਵਿਰੋਧੀ ਜਜ਼ਬੇ ਦਾ ਖ਼ਾਸ ਕਰਕੇ ਬੁਰਾ ਪ੍ਰਭਾਵ ਪਿਆ। ਉਹਨਾਂ ਨੂੰ ਜ਼ਾਤੀ ਪ੍ਰਗਟ ਕਰਨ ਵਾਲੇ ਚਿੰਨ੍ਹਾਂ ਦੀ ਵਰਤੋਂ ਤੋਂ ਮਨਾਹੀ, ਦਾੜ੍ਹੀ ਜਾਂ ਦਸਤਾਰ ਉੱਪਰ ਪਾਬੰਦੀ ਆਪਣੇ ਧਾਰਮਕ ਹੱਕਾਂ ਉੱਪਰ ਉਲੰਘਣਾ ਜਾਪੇ।[6] ਵਹਿਮੀ ਹਿੰਦੂਆਂ ਨੇ ਇਸ ਅਫ਼ਵਾਹ 'ਤੇ ਯਕੀਨ ਕਰ ਲਿਆ ਕਿ ਉਹਨਾਂ ਨੂੰ ਦਿੱਤੇ ਜਾਂਦੇ ਰਾਸ਼ਨ ਵਾਲੇ ਆਟੇ ਵਿੱਚ ਜਾਨਵਰਾਂ ਦੀਆਂ ਹੱਡੀਆਂ ਪੀਹ ਕੇ ਮਿਲਾਈਆਂ ਜਾਂਦੀਆਂ ਹਨ। ਜਦੋਂ 1856 ਦੀ ਪਤਝੜ ਰੁੱਤ ਵਿੱਚ ਪੁਰਾਣੀ ਬੰਦੂਕ "ਬਰਾਊਨ ਬੈੱਸ" ਦੀ ਥਾਂ ਵਧੇਰੇ ਵਧੀਆ "ਐਨਫੀਲਡ ਰਾਈਫਲ" ਦਿੱਤੀ ਗਈ ਤਾਂ ਸਭ ਨੇ ਹੀ ਇਸ ਕਹਾਣੀ

---

3. ਨਾਰਗੋਟ ਤੇ ਫਿਲੋਟ, ਸਿਪਾਹੀ ਤੋਂ ਸੂਬੇਦਾਰ ਪੰਨਾ 112
ਇਕ ਸਮਕਾਲੀ ਅੰਗਰੇਜ਼ ਲੇਖਕ ਵਰਨਨ ਕਰਦਾ ਹੈ ਕਿ "ਅਵਧ ਉੱਪਰ ਅਨਿਆਂਪੂਰਨ ਅਧਿਕਾਰ ਸਾਡੇ ਲਾਭ ਤੇ ਆਕਰਮਣ ਦੇ ਲੰਮੇ ਲਾਲਚੀ ਤੇ ਸ੍ਵੈ-ਹਿੱਤ ਦਾ ਆਖਰੀ ਮਾਅਰਕਾ ਸੀ।" ਸ੍ਰੀਮਤੀ ਹੈਰਿਸ, "ਏ ਲੇਡੀਜ਼ ਡਾਇਰੀ ਔਫ ਦੀ ਸੀਜ ਔਵ ਲਖਨਊ।" ਪੰਨਾ 60
4. ਬੰਬਈ ਦੇ ਇਨਾਮ ਆਯੋਗ ਤੇ ਬੰਗਾਲ ਦੀ ਭੂਮੀ ਬੰਦੋਬਸਤ ਨਾਲ ਦੋਹਾਂ ਪ੍ਰਾਂਤਾਂ ਦੇ ਜ਼ਿਮੀਂਦਾਰਾਂ ਵਿੱਚ ਬਹੁਤ ਬੇਚੈਨੀ ਹੋਈ।
5. ਕਾਨੂੰਨ 1850 ਈ: ਵਿੱਚ ਪਾਸ ਕੀਤਾ ਗਿਆ।
6. ਅਜਿਹੇ ਹੁਕਮ 1806 ਵਿੱਚ ਪਾਸ ਕੀਤੇ ਗਏ ਸਨ ਜਿਸ ਨਾਲ ਵੈਲੋਰ ਵਿੱਚ ਗੰਭੀਰ ਵਿਦਰੋਹ ਹੋਇਆ।

'ਤੇ ਵਿਸ਼ਵਾਸ ਕਰ ਲਿਆ ਕਿ ਕਾਰਤੂਸ ਦੇ ਸਿਰੇ ਤੇ ਜੋ ਚਰਬੀ ਲੱਗੀ ਹੋਈ ਹੈ ਉਹ ਗਊ ਤੇ ਸੂਰ ਦੀ ਚਰਬੀ ਹੈ। ਹਿੰਦੂ ਤੇ ਮੁਸਲਮਾਨ ਸਿਪਾਹੀਆਂ ਨੇ ਫ਼ੈਸਲਾ ਕਰ ਲਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਜਾਂ ਤਾਂ ਉਹ ਨੌਕਰੀਆਂ ਨੂੰ ਲੱਤ ਮਾਰ ਕੇ ਆਪਣੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਲੱਗ ਜਾਣ ਜਾਂ ਨੌਕਰੀਆਂ ਨੂੰ ਚੰਬੜੇ ਰਹਿਣ ਤੇ ਅੰਗਰੇਜ਼ਾਂ ਦੇ ਸੇਵਕ ਬਣ ਜਾਣ।

ਸਿਪਾਹੀਆਂ ਦੀਆਂ ਕਈ ਹੋਰ ਸ਼ਿਕਾਇਤਾਂ ਵੀ ਸਨ। ਉਹਨਾਂ ਦੀ ਤਨਖ਼ਾਹ ਬੜੀ ਘੱਟ ਸੀ। ਉਹ ਵੱਧ ਤੋਂ ਵੱਧ ਸੂਬੇਦਾਰ ਦੇ ਪਦ ਤੱਕ ਤਰੱਕੀ ਕਰ ਸਕਦੇ ਸਨ ਜਿਸ ਦੀ ਤਨਖ਼ਾਹ 60-70 ਰੁਪਏ ਪ੍ਰਤੀ ਮਹੀਨਾ ਸੀ। ਇਸੇ ਪਦ 'ਤੇ ਇਕ ਅੰਗਰੇਜ਼ ਦੀ ਤਨਖ਼ਾਹ ਤਿੰਨ ਗੁਣਾਂ ਹੁੰਦੀ ਸੀ।[7] ਭਰਤੀ ਕਰਨ ਸਮੇਂ ਸਿਪਾਹੀਆਂ ਨੂੰ ਭਰੋਸਾ ਦਿੱਤਾ ਜਾਂਦਾ ਸੀ ਕਿ ਉਹਨਾਂ ਨੂੰ ਸਮੁੰਦਰਾਂ ਪਾਰ ਨਹੀਂ ਭੇਜਿਆ ਜਾਵੇਗਾ। ਫਿਰ ਵੀ ਉਹਨਾਂ ਨੂੰ ਜਾਵਾ ਤੇ ਬਰਮਾ ਭੇਜਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਹੁਕਮ ਅਦੂਲੀ ਕਰਨ ਦਾ ਲਾਭ ਵੀ ਹੋ ਸਕਦਾ ਹੈ, ਇਸ ਦੀ ਇਕ ਮਿਸਾਲ ਤਾਂ ਆਪ ਅੰਗਰੇਜ਼ ਅਫ਼ਸਰਾਂ ਨੇ ਲਾਰਡ ਬੈਂਟਿਕ ਸਮੇਂ ਕਾਇਮ ਕਰ ਦਿੱਤੀ ਸੀ ਜਦੋਂ ਤਨਖ਼ਾਹ ਘਟਾਣ ਦੇ ਸੁਆਲ ਤੇ ਉਹਨਾਂ ਨੇ ਬਗ਼ਾਵਤ ਕਰ ਦੇਣ ਦੀ ਧਮਕੀ ਦੇ ਦਿੱਤੀ ਸੀ। "ਜੇ ਸਾਹਿਬ ਲੋਕ" ਆਪਣੀ ਸਰਕਾਰ ਦੀ ਆਗਿਆ ਦਾ ਉਲੰਘਣ ਕਰਕੇ ਲਲਕਾਰ ਸਕਦੇ ਹਨ ਤਾਂ ਦੇਸੀ ਲੋਕ ਕਿਉਂ ਨਹੀਂ ?

ਭਾਰਤ ਦੇ ਸਭ ਵਰਗ ਹੀ ਜਿਵੇਂ ਰਾਜਕੁਮਾਰ, ਵਪਾਰੀ, ਬੁੱਧੀਜੀਵੀ, ਕਿਸਾਨ, ਕਿਰਤੀ ਜੋ ਕਦੇ ਵੀ ਗੋਰਿਆਂ ਦੇ ਸੰਪਰਕ ਵਿੱਚ ਆਏ ਸਨ, ਉਹਨਾਂ ਦਾ ਅਪਮਾਨ ਕੀਤਾ ਗਿਆ। ਅੰਗਰੇਜ਼, ਦੇਸ਼ ਵਿੱਚ ਪੈਦਾ ਹੋਏ ਐਂਗਲੋ ਇੰਡੀਅਨ ਤੇ ਅੱਧੇ ਭਾਰਤੀ ਅੱਧੇ ਯੂਰੇਸ਼ੀਆਈ ਭਾਵ ਦੋਗਲੇ ਲੋਕ, ਭਾਰਤੀਆਂ ਲਈ "ਸੂਅਰ" ਤੇ "ਕਾਲੇ ਹਬਸ਼ੀ" ਸ਼ਬਦਾਂ ਦੀ ਆਮ ਹੀ ਵਰਤੋਂ ਕਰਦੇ ਸਨ।

ਅਵਧ ਦੇ ਸ਼ਹਿਜ਼ਾਦਾ ਬਰਜਿਸ ਕਾਦਿਰ ਦੇ ਐਲਾਨ ਨੇ ਉਹਨਾਂ ਦੀਆਂ ਸ਼ਿਕਾਇਤਾਂ ਦਾ ਸੰਖੇਪ ਵੇਰਵਾ ਦੇ ਦਿੱਤਾ ਸੀ : "ਸਭ ਹਿੰਦੂ ਤੇ ਮੁਸਲਮਾਨ ਇਸ ਤੱਥ ਤੋਂ ਜਾਣੂੰ ਹਨ ਕਿ ਹਰ ਆਦਮੀ ਨੂੰ ਚਾਰ ਚੀਜ਼ਾਂ ਪਿਆਰੀਆਂ ਹੁੰਦੀਆਂ ਹਨ; ਪਹਿਲਾਂ ਧਰਮ, ਦੂਜਾ ਇੱਜ਼ਤ, ਤੀਸਰਾ ਜੀਵਨ, ਚੌਥੀ ਜਾਇਦਾਦ। ਇਹ ਸਭ ਚੀਜ਼ਾਂ ਦੇਸੀ ਸਰਕਾਰ ਅਧੀਨ ਮਹਿਫ਼ੂਜ਼ ਹਨ। ਅੰਗਰੇਜ਼ ਉੱਪਰ ਦੱਸੀਆਂ ਚਾਰਾਂ ਵਸਤੂਆਂ ਦੇ ਵੈਰੀ ਬਣ ਗਏ ਹਨ।"

1856 ਦੀ ਪੱਤਝੜ ਰੁੱਤ ਮਗਰੋਂ ਮੁਲਕ ਦੇ ਵੱਖ-ਵੱਖ ਭਾਗਾਂ ਵਿੱਚ ਟਾਂਵੀਆਂ-ਟਾਂਵੀਆਂ ਹਿੰਸਕ ਘਟਨਾਵਾਂ ਸ਼ੁਰੂ ਹੋ ਗਈਆਂ ਸਨ ਤੇ ਇਹ ਅਗਲੇ ਸਿਆਲ ਤੇ ਬਸੰਤ ਰੁੱਤ ਵਿੱਚ ਵੀ ਜਾਰੀ ਰਹੀਆਂ ਸਨ। ਪਰ ਜਦੋਂ 10 ਮਈ 1857 ਨੂੰ ਮੇਰਠ ਵਿੱਚ ਸਿਪਾਹੀਆਂ ਨੇ ਆਪਣੇ ਗੋਰੇ ਅਫ਼ਸਰਾਂ ਨੂੰ ਕਤਲ ਕਰ ਦਿੱਤਾ ਤੇ ਉਹ ਬਹਾਦਰਸ਼ਾਹ ਨੂੰ

---

7. ਇਕ ਰਿਟਾਇਰ ਹੋਏ ਅੰਗਰੇਜ਼ ਅਧਿਕਾਰੀ ਨੇ ਲਿਖਿਆ : "ਸਾਰੀ ਭਾਰਤੀ ਫ਼ੌਜ ਦੀ ਗਿਣਤੀ 3,15,520 ਆਦਮੀ ਹੈ ਜਿਨ੍ਹਾਂ ਉੱਪਰ 98,02,233 ਪੌਂਡ ਖ਼ਰਚ ਹੁੰਦਾ ਹੈ। ਇਸ ਵਿੱਚੋਂ 5,668,110 ਪੌਂਡ 51,316 ਯੂਰਪੀ ਅਫ਼ਸਰਾਂ ਅਤੇ ਸਿਪਾਹੀਆਂ 'ਤੇ ਖ਼ਰਚੇ ਜਾਂਦੇ ਸਨ।" 'ਦੀ ਮਿਊਟਿਨੀ ਔਫ ਬੰਗਾਲ ਆਰਮੀ'—ਪੰਨਾ 25
8. ਐਸ.ਐਨ. ਸੇਨ, 1857, ਪੰਨਾ 31

ਹਿੰਦੁਸਤਾਨ ਦਾ ਸਮਰਾਟ ਐਲਾਨ ਕਰਨ ਲਈ ਦਿੱਲੀ ਵੱਲ ਤੁਰ ਪਏ ਤਾਂ ਵਿਦਰੋਹ ਦੀ ਖ਼ਬਰ ਛੇਤੀ ਹੀ ਕੇਂਦਰੀ ਤੇ ਉੱਤਰੀ ਭਾਰਤ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਤੇ ਸਾਰਾ ਮੁਲਕ ਬੰਗਾਲ ਤੋਂ ਲੈ ਕੇ ਦਿੱਲੀ ਤੱਕ ਭਾਂਬੜਾਂ ਵਿੱਚ ਘਿਰ ਗਿਆ। ਸਿਪਾਹੀਆਂ ਨਾਲ ਯੂਰਪੀਨ ਲੋਕਾਂ ਦੀਆਂ ਛਾਉਣੀਆਂ, ਘਰਾਂ, ਗਿਰਜਿਆਂ ਤੇ ਸਰਕਾਰੀ ਥਾਵਾਂ ਜਿਵੇਂ ਡਾਕਖਾਨਿਆਂ ਤੇ ਤਾਰਘਰਾਂ ਉੱਪਰ ਹਮਲਾ ਕਰਨ ਲਈ ਆਮ ਨਾਗਰਿਕ ਵੀ ਸ਼ਾਮਿਲ ਹੋ ਗਏ। ਕੁਝ ਸਮੇਂ ਲਈ ਤਾਂ ਇਹ ਬਗ਼ਾਵਤ ਵਿਦੇਸ਼ੀ ਧਾੜਵੀ ਵਿਰੁੱਧ ਕੌਮੀ ਬਗ਼ਾਵਤ ਦਾ ਰੂਪ ਧਾਰ ਗਈ। ਪ੍ਰੰਤੂ ਛੇਤੀ ਹੀ ਸਪੱਸ਼ਟ ਹੋ ਗਿਆ ਕਿ ਹਿੰਦੂਆਂ ਤੇ ਮੁਸਲਮਾਨ ਬਾਗੀਆਂ ਵਿੱਚ ਨਿਸ਼ਾਨੇ ਤੇ ਮਨੋਰਥ ਦੀ ਸਮਾਨਤਾ ਨਹੀਂ ਸੀ।

ਮੁਸਲਮਾਨ ਮੁਸਲਮਾਨੀ ਰਾਜ ਦੀ ਪੁਨਰ-ਸਥਾਪਨਾ ਦੇ ਇਛੁੱਕ ਸਨ ਤੇ ਹਿੰਦੂ ਮਰਹੱਟਿਆਂ ਦੀ ਹਕੂਮਤ ਚਾਹੁੰਦੇ ਸਨ। ਦੋਵੇਂ ਫ਼ਿਰਕੇ ਸਿਰਫ਼ ਇਕ ਕਾਰਨ ਕਰਕੇ ਇਕੱਠੇ ਸਨ ਕਿ ਉਹ ਸਾਂਝੇ ਵੈਰੀ ਵਿਰੁੱਧ ਲੜ ਰਹੇ ਸਨ।

ਵਿਦਰੋਹ ਦੇ ਆਰੰਭ ਵੇਲੇ ਪੰਜਾਬ—ਬਾਕੀ ਭਾਰਤ ਨਾਲੋਂ ਪੰਜਾਬ ਦੀ ਸਥਿਤੀ ਬਿਲਕੁਲ ਵੱਖਰੀ ਸੀ। ਸਿੱਖ ਜੋ ਸ਼ਾਇਦ ਆਪਣੀ ਹਕੂਮਤ ਦੁਬਾਰਾ ਪ੍ਰਾਪਤ ਕਰ ਲੈਣ ਦਾ ਦਾਅ ਮਾਰ ਜਾਂਦੇ, ਆਗੂ-ਰਹਿਤ ਸਨ। ਮਹਾਰਾਜਾ ਦਲੀਪ ਸਿੰਘ ਨੇ ਸਿੱਖ ਧਰਮ ਤਿਆਗ ਦਿੱਤਾ ਸੀ ਤੇ ਬੜੀ ਦ੍ਰਿੜ੍ਹਤਾ ਨਾਲ ਇਕ ਪੰਜਾਬੀ ਰਾਜਕੁਮਾਰ ਤੋਂ ਅੰਗਰੇਜ਼ ਸਰਦਾਰ ਬਣਨ ਵਿੱਚ ਰੁੱਝਾ ਹੋਇਆ ਸੀ। ਸ਼ੇਰ ਸਿੰਘ ਅਟਾਰੀਵਾਲਾ ਕਲਕੱਤਾ ਵਿੱਚ ਅੰਗਰੇਜ਼ਾਂ ਵੱਲੋਂ ਦਿੱਤੀ ਹੋਈ ਪੈਨਸ਼ਨ ਤੇ ਨਿਗਰਾਨੀ ਅਧੀਨ ਰਹਿ ਰਿਹਾ ਸੀ।[9] ਭਾਈ ਮਹਾਰਾਜ ਸਿੰਘ ਤੇ ਰਾਜਾ ਦੀਨਾ ਨਾਥ ਕੇਵਲ ਉਹ ਹੀ ਉੱਘੇ ਵਿਅਕਤੀ ਸਨ ਜੋ ਪੁਰਾਣੇ ਦਿਨਾਂ ਨੂੰ ਯਾਦ ਕਰਿਆ ਕਰਦੇ ਸਨ, ਮਰ ਗਏ ਸਨ।[10] ਬੇਦੀ ਬਿਕਰਮ ਸਿੰਘ ਜਿਸ ਵੱਲ ਸਿੱਖ ਰਹਿਨੁਮਾਈ ਲਈ ਵੇਖਦੇ ਸਨ ਤੇ ਜੋ ਗੁਰੂ ਨਾਨਕ ਦਾ ਵੰਸ਼ਜ ਸੀ, ਆਪਣੇ ਪਿੰਡ ਊਨਾ ਵਿੱਚ ਜੂਹ-ਬੰਦ ਸੀ।[11]

ਸਿੱਖ ਸਿਪਾਹੀਆਂ ਨੂੰ ਹਿੰਦੁਸਤਾਨੀ ਸਿਪਾਹੀਆਂ ਵਾਲੀ ਕੋਈ ਸ਼ਿਕਾਇਤ ਨਹੀਂ ਸੀ। ਉਹਨਾਂ ਨੂੰ ਖ਼ਾਲਸੇ ਦੀ ਮਰਿਆਦਾ ਅਨੁਸਾਰ ਦਾੜ੍ਹੀ ਰੱਖਣ ਤੇ ਦਸਤਾਰ ਬੰਨ੍ਹਣ ਦੀ ਆਗਿਆ ਸੀ। ਜੇ ਉਹਨਾਂ ਦੀ ਕੋਈ ਬੁਰੀ ਭਾਵਨਾ ਸੀ ਤਾਂ ਹਿੰਦੁਸਤਾਨੀ ਸਿਪਾਹੀਆਂ ਪ੍ਰਤੀ ਸੀ, ਜਿਹਨਾਂ ਨੂੰ ਉਹ ਨਫ਼ਰਤ ਨਾਲ ਪੂਰਬੀਏ ਜਾਂ "ਮਾਤਾ ਦੀਨ" ਕਹਿੰਦੇ ਸਨ ਜੋ

---

9. ਫਿਰ ਵੀ ਅਗਸਤ 1857, ਵਿੱਚ ਇਕ ਪੁਲੀਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਰਾਜਾ ਜੰਗ ਪਿੰਡ ਦੇ ਮੁਖੀਏ ਨੇ ਸ਼ੇਰ ਸਿੰਘ ਅਟਾਰੀਵਾਲੇ ਨਾਲ ਧਰੋਹਪੂਰਨ ਖਤ ਪੱਤਰ ਕੀਤਾ ਸੀ। (ਪੰਜਾਬ ਗੌਰਮਿੰਟ ਰੀਕਾਰਡਜ਼, ਮਿਊਟਿਨੀ ਰਿਪੋਰਟਸ, ਜਿਲਦ VIII, ਭਾਗ I, ਪੰਨਾ 247)
10. 27 ਅਪ੍ਰੈਲ 1857 ਨੂੰ ਰਾਜਾ ਦੀਨਾ ਨਾਥ ਦੀ ਮੌਤ ਨੇ ਇਕ ਪੱਕਾ ਵਿਰੋਧੀ ਖ਼ਤਮ ਕਰ ਦਿੱਤਾ ਸੀ। (ਐਫ ਕੂਪਰ, ਪੰਜਾਬ ਵਿੱਚ ਸੰਕਟ, ਪੰਨਾ 29)
11. ਪੰਜਾਬ ਗੌਰਮਿੰਟ ਰੀਪੋਰਟਸ, ਜਿਲਦ VIII, ਭਾਗ I, ਪੰਨਾ 273. ਡੇਰਾ ਬਾਬਾ ਨਾਨਕ ਦੇ ਬੇਦੀਆਂ ਵਿੱਚ ਵੀ ਕੁਝ ਹਲਚਲ ਸੀ, ਪਰ ਇਸ ਨਾਲ ਕੁਝ ਗੜਬੜ ਨਾ ਹੋਈ। ਉਹੀ, ਪੰਨਾ 294

ਸਿੱਖਾਂ ਨੂੰ ਨੀਵੀਂ ਜ਼ਾਤੀ ਦੇ ਸਮਝ ਕੇ ਰਲਣ-ਮਿਲਣ ਤੋਂ ਘਿਰਣਾ ਕਰਦੇ ਸਨ।[12]

ਪੰਜਾਬੀ ਕਿਸਾਨ, ਸਿੱਖਾਂ ਸਮੇਤ ਚੰਗੀਆਂ ਫ਼ਸਲਾਂ ਕਾਰਨ ਸੰਤੁਸ਼ਟ ਸਨ[13] ਤੇ ਸਰਕਾਰੀ ਲਗਾਨ ਦਾ ਹਿੱਸਾ ਵੀ ਕਾਫ਼ੀ ਉੱਚਿਤ ਸੀ। ਪ੍ਰਬੰਧਕੀ ਬੋਰਡ ਤੇ ਮਗਰੋਂ ਚੀਫ਼ ਕਮਿਸ਼ਨਰ ਜਾਨ ਲਾਰੰਸ ਨੇ ਉਸ ਮੁਲਕ ਵਿੱਚ ਅਮਨ ਸਥਾਪਿਤ ਕਰਕੇ ਚੰਗਾ ਕਾਰਜ ਕੀਤਾ ਸੀ ਜਿੱਥੇ 10 ਸਾਲਾਂ ਤੋਂ ਗੜਬੜ ਤੇ ਕਤਲੋ-ਗਾਰਤ ਦਾ ਬਾਜ਼ਾਰ ਗਰਮ ਰਿਹਾ। ਉਹਨਾਂ ਨੇ ਕਾਨੂੰਨੀ ਵਿਵਸਥਾ ਕਾਇਮ ਕਰ ਦਿੱਤੀ; ਦੀਵਾਨੀ ਤੇ ਫ਼ੌਜਦਾਰੀ ਅਦਾਲਤਾਂ[14] ਵਧੀਆ ਢੰਗ ਨਾਲ ਕੰਮ ਕਰਨ ਲੱਗੀਆਂ ਤੇ ਉਹਨਾਂ ਨੇ ਲੋਕਾਂ ਦੀਆਂ ਧਾਰਮਕ ਤੇ ਜ਼ਾਤੀ ਸੰਵੇਦਨਾਵਾਂ ਨੂੰ ਠੇਸ ਪਹੁੰਚਾਏ ਬਿਨਾਂ ਸਖ਼ਤੀ ਨਾਲ ਰਾਜ ਕੀਤਾ।[15] ਉਹਨਾਂ ਨੇ ਸਮਾਜ ਸੁਧਾਰ ਲਾਗੂ ਕੀਤੇ ਸਨ। ਉਹਨਾਂ ਨੇ ਉਸ ਮੁਲਕ ਵਿੱਚ ਸੜਕਾਂ, ਹਸਪਤਾਲ, ਸਕੂਲ ਤੇ

---

12. ਸਿੱਖਾਂ ਤੇ ਪੂਰਬੀਆਂ ਦੀ ਦੁਸ਼ਮਣੀ ਬਹੁਤ ਉੱਘੀ ਸੀ ਤੇ ਸਿੱਖਾਂ ਨੇ ਇਹ ਗੱਲ ਧੁਮਾ ਦਿੱਤੀ ਸੀ ਕਿ ਪੂਰਬੀਆਂ ਨੂੰ ਆਪਣੇ ਇਲਾਕੇ ਵਿੱਚੋਂ ਲੰਘਣ ਨਹੀਂ ਦੇਣਗੇ। ਇਸ ਲਈ ਇਹ ਪੱਕਾ ਫ਼ੈਸਲਾ ਕਰ ਲਿਆ ਗਿਆ ਸੀ ਕਿ ਹਰ ਫੜੇ ਹਿੰਦੁਸਤਾਨੀ ਲਈ ਇਨਾਮ ਦੀ ਪ੍ਰੇਰਨਾ ਦੇ ਕੇ ਇਸ ਵੈਰ ਦਾ ਫ਼ਾਇਦਾ ਲਿਆ ਜਾਵੇ—ਉਹੀ, ਜਿਲਦ VIII, ਭਾਗ I, ਪੰਨਾ 234. ਖ਼ਾਲਸੇ ਨੂੰ ਪੂਰਬੀਆਂ ਪ੍ਰਤੀ ਅਤਿਅੰਤ ਨਫ਼ਰਤ ਸੀ ਤੇ ਇਸ ਮੌਕੇ ਇਸ ਸੰਙਿਆ ਨੂੰ ਮੁੜ ਵਰਤਣ ਦੀ ਨੀਤੀ ਹੀ ਅਪਣਾ ਲਈ ਗਈ ਸੀ ਕਿਉਂਕਿ ਇਸ ਨੇ ਉਸ ਜਮਾਤ ਲਈ ਨਫ਼ਰਤ ਨੂੰ ਮੁੜ ਜ਼ਿੰਦਾ ਕਰ ਦਿੱਤਾ ਸੀ ਤੇ ਇਸ ਨੇ ਪੰਜਾਬੀਆਂ ਤੇ ਪੂਰਬੀਆਂ ਵਿੱਚ ਪਾੜਾ ਪੈਦਾ ਕਰ ਦਿੱਤਾ ਸੀ ਤੇ ਉਹਨਾਂ ਦਾ ਸਹਿਯੋਗ ਮੁਸ਼ਕਲ ਬਣਾ ਦਿੱਤਾ ਸੀ। —ਕੇਵ ਬਰਾਊਨ, ਪੰਜਾਬ ਤੇ ਦਿੱਲੀ, 1857, I, XVI ਸਿਵਲ ਪ੍ਰਸ਼ਾਸਨ ਵਿੱਚ ਵੀ ਹਿੰਦੁਸਤਾਨੀਆਂ ਦੀ ਗਿਣਤੀ ਵੀ ਉਤਨੀ ਹੀ ਜ਼ਿਆਦਾ ਸੀ, ਜਿਤਨੀ ਫ਼ੌਜ ਵਿੱਚ। ਉਦਾਹਰਨ ਦੇ ਤੌਰ 'ਤੇ ਲਾਹੌਰ ਕਮਿਸ਼ਨਰੀ ਦੇ ਛੇ ਵਧੀਕ ਸਹਾਇਕ ਕਮਿਸ਼ਨਰਾਂ ਵਿੱਚੋਂ ਪੰਜ ਪੂਰਬੀਏ ਸਨ—ਪੰਜਾਬ ਗੌਰਮਿੰਟ ਰੀਕਾਰਡਜ਼, ਮਿਊਟਿਨੀ ਰਿਪੋਰਟਸ, ਜਿਲਦ VIII, ਭਾਗ I, ਪੰਨਾ 227
14. "ਸਮਾਲ ਕਾਜ਼ ਕੋਰਟਸ" ਦੀ ਸੰਸਥਾ ਨੇ ਦੀਵਾਨੀ ਮੁਕੱਦਮਿਆਂ ਦੇ ਛੇਤੀ ਤੇ ਸਸਤੇ ਨਿਪਟਾਰੇ ਨੇ ਤੇ "ਲਿਮਿਟੇਸ਼ਨਜ਼" ਦੇ ਨਵੇਂ ਕਾਨੂੰਨ ਨੇ ਜੋ 1856 ਦਸੰਬਰ ਵਿੱਚ ਪਾਸ ਕੀਤਾ ਗਿਆ ਜਿਸ ਅਨੁਸਾਰ ਬੰਧਕ ਕਰਜ਼ਾਈਆਂ ਵਿਰੁੱਧ ਲਹਿਣੇਦਾਰਾਂ ਵੱਲੋਂ 12 ਤੋਂ ਲੈ ਕੇ 6 ਸਾਲ ਦੇ ਅੰਦਰ-ਅੰਦਰ ਕਾਰਵਾਈ ਕੀਤੀ ਜਾ ਸਕਦੀ ਸੀ, ਇਸ ਨਾਲ ਕਰਜ਼ਾ ਉਗਰਾਹੁਣ ਵਿੱਚ ਬਹੁਤ ਵਾਧਾ ਹੋਇਆ। 1857 ਦੇ ਪਹਿਲੇ ਚਾਰ ਮਹੀਨਿਆਂ ਵਿੱਚ 45953 ਮੁਕੱਦਮੇ ਕੀਤੇ ਗਏ। ਪੰਜਾਬ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਮੁਕੱਦਮੇਬਾਜ਼ੀ 'ਚ ਬਹੁਤ ਵਾਧਾ ਹੋਇਆ। ਕਚਹਿਰੀਆਂ ਵਿੱਚ ਭੀੜ ਵੱਧ ਗਈ ਤੇ ਹਜ਼ਾਰਾਂ ਹੀ ਇਕ ਦੂਸਰੇ ਨੂੰ ਇਸ ਕਾਨੂੰਨੀ ਝਗੜੇ ਵਿੱਚ ਛਲਣ ਵਿੱਚ ਰੁੱਝ ਗਏ। ਪੰਜਾਬ ਪ੍ਰਬੰਧਕੀ ਰਿਪੋਰਟ, 1856-58, ਪੈਰਾ 3
15. 1851 ਵਿੱਚ ਕਰਨਲ ਜੀਵਨ ਸਿੰਘ ਨੂੰ ਇਕ ਸ਼ਰਾਬੀ ਅੰਗਰੇਜ਼ ਸਿਪਾਹੀ ਨੇ ਅੰਮ੍ਰਿਤਸਰ ਵਿੱਚ ਕਤਲ ਕਰ ਦਿੱਤਾ। ਡਲਹੌਜ਼ੀ ਨੇ ਅੰਗਰੇਜ਼ ਸਿਪਾਹੀ ਦੀ ਮੌਤ ਦੀ ਸਜ਼ਾ ਬਦਲਣ ਤੋਂ ਇਨਕਾਰ ਕਰ ਦਿੱਤਾ। ਇਸ ਨੇ ਪੰਜਾਬੀਆਂ 'ਤੇ ਬੜਾ ਪ੍ਰਭਾਵ ਪਾਇਆ ਕਿਉਂਕਿ ਉਹਨਾਂ ਨੂੰ ਇਸ ਮੁਕੱਦਮੇ ਵਿੱਚ ਨਿਰਪੱਖਤਾ ਦੀ ਆਸ ਨਹੀਂ ਸੀ ਜਿਸ ਵਿੱਚ ਗੋਰੇ ਨੇ ਦੇਸੀ ਵਿਅਕਤੀ ਨੂੰ ਹਾਨੀ ਪਹੁੰਚਾਈ ਸੀ।

ਵਿਸਰਾਮ ਘਰ ਬਣਾਏ ਜਿਸ ਨੂੰ ਪਹਿਲਾਂ ਤੁਰਕਾਂ, ਮੰਗੋਲਾਂ, ਪਠਾਨਾਂ, ਅਫ਼ਗਾਨਾਂ ਤੇ ਮਰਹੱਟਿਆਂ ਦੀ ਸਿਲਸਿਲੇਵਾਰ ਲੁੱਟ ਘਸੁੱਟ ਦਾ ਹੀ ਅਨੁਭਵ ਸੀ।

ਜਦੋਂ 10 ਮਈ 1857 ਨੂੰ ਮੇਰਠ ਵਿੱਚ ਗਦਰ ਆਰੰਭ ਹੋਇਆ ਤਾਂ ਉਸ ਵੇਲੇ ਪੰਜਾਬ ਦੀਆਂ ਛਾਉਣੀਆਂ ਵਿੱਚ 60000 ਸਿਪਾਹੀ ਸਨ ਜਿਨ੍ਹਾਂ ਵਿੱਚ ਅੱਧੇ ਤੋਂ ਵੱਧ ਹਿੰਦੁਸਤਾਨੀ ਸਨ। ਅੰਗਰੇਜ਼ ਸਿਪਾਹੀਆਂ ਦੀ ਗਿਣਤੀ ਸਿਰਫ਼ 10 ਹਜ਼ਾਰ ਸੀ।[16] ਪੰਜਾਬ ਵਿਚਲੇ ਹਿੰਦੁਸਤਾਨੀ ਸਿਪਾਹੀ ਵੀ ਕੰਪਨੀ ਦੀ ਫ਼ੌਜ ਵਿਚਲੇ ਦੂਸਰੇ ਸਿਪਾਹੀਆਂ ਵਾਂਗ ਹੀ ਅਸੰਤੁਸ਼ਟ ਸਨ। ਮਾਰਚ ਤੇ ਅਪ੍ਰੈਲ ਵਿੱਚ ਕਈ ਛਾਉਣੀਆਂ ਵਿੱਚ ਖ਼ਾਸ ਕਰਕੇ ਉਹਨਾਂ ਵਿੱਚ ਜਿੱਥੇ ਸਿਪਾਹੀਆਂ ਨੂੰ ਨਵੀਂ ਇਨਫੀਲਡ ਰਾਈਫਲ ਦੀ ਵਰਤੋਂ ਲਈ ਸਿਖਲਾਈ ਦਿੱਤੀ ਜਾਂਦੀ ਸੀ ਰਹੱਸਮਈ ਅੱਗਾਂ ਲੱਗੀਆਂ। ਸੰਖੇਪ ਵਿੱਚ, 1857 ਦੀ ਗਰਮੀ ਦੀ ਰੁੱਤ ਵਿੱਚ ਅੰਗਰੇਜ਼ਾਂ ਨੂੰ ਪੰਜਾਬ ਵਿੱਚ ਪੂਰਬੀਆਂ ਦੇ ਗ਼ੁੱਸੇ ਤੋਂ ਬਚਾਉਣ ਵਾਲੇ ਸਿੱਖ ਹੀ ਸਨ ਜਿਹਨਾਂ ਨਾਲੋਂ ਪੂਰਬੀਆਂ ਦੀ ਗਿਣਤੀ ਤਿਗੁੱਣੀ ਸੀ।[17] ਤੇ ਪੰਜਾਬੀਆਂ ਵਿੱਚੋਂ ਸਿੱਖ ਹੀ ਐਸੇ ਲੋਕ ਸਨ, ਜਿਹਨਾਂ ਤੋਂ ਇਹ ਉਮੀਦ ਸੀ ਕਿ ਉਹ ਮਰਹੱਟਿਆਂ ਜਾਂ ਮੁਗ਼ਲਾਂ ਦੇ ਰਾਜ ਦੀ ਪੁਨਰ-ਸਥਾਪਤੀ ਲਈ ਕੀਤੀਆਂ ਅਪੀਲਾਂ ਤੋਂ ਕੰਨ ਬੰਦ ਕਰ ਲੈਣਗੇ। ਅੰਗਰੇਜ਼ਾਂ ਨੇ ਹਿੰਦੁਸਤਾਨੀ ਹਿੰਦੂਆਂ ਤੇ ਮੁਸਲਮਾਨਾਂ ਨਾਲ ਸਿੱਖਾਂ ਦੀ ਦੁਸ਼ਮਣੀ ਦਾ ਪੂਰਾ ਲਾਭ ਉਠਾਇਆ।[18]

ਸਿਪਾਹੀਆਂ ਨੂੰ ਬੇਹਥਿਆਰ ਕਰਨਾ ਤੇ ਪੰਜਾਬ ਵਿੱਚ ਵਿਦਰੋਹ ਦਾ ਦਮਨ—ਕਿਉਂਕਿ ਬਗ਼ਾਵਤ ਦੀ ਕੋਈ ਯੋਜਨਾ ਤਿਆਰ ਨਹੀਂ ਕੀਤੀ ਗਈ ਸੀ ਇਸ ਲਈ ਪੰਜਾਬ ਵਿਚਲੀਆਂ ਪਲਟਨਾਂ ਨੂੰ ਮੇਰਠ ਤੇ ਦਿੱਲੀ ਵਿੱਚ 10 ਤੇ 11 ਮਈ 1857 ਵਿੱਚ ਹੋਈ ਕਿਸੇ ਘਟਨਾ ਬਾਰੇ ਕੋਈ ਜਾਣਕਾਰੀ ਨਹੀਂ ਸੀ। ਇਸ ਦੇ ਉਲਟ ਮਿੰਟਗੁਮਰੀ ਨੇ (ਜੋ ਜੋਨ ਲਾਰੰਸ ਦੀ ਗ਼ੈਰ ਹਾਜ਼ਰੀ ਵਿੱਚ ਕਾਰਜਕਾਰੀ ਚੀਫ਼ ਕਮਿਸ਼ਨਰ ਸੀ) ਇਹਨਾਂ ਸ਼ਹਿਰਾਂ ਤੋਂ ਤਾਰ ਰਾਹੀਂ, ਵਿਦਰੋਹ, ਬਹਾਦਰਸ਼ਾਹ ਦੇ ਬਾਦਸ਼ਾਹ ਘੋਸ਼ਿਤ ਕੀਤੇ ਜਾਣ ਤੇ ਅੰਗਰੇਜ਼ਾਂ ਦੇ ਕਤਲ ਕੀਤੇ ਜਾਣ ਦੀ ਪੂਰੀ ਸੂਚਨਾ ਪ੍ਰਾਪਤ ਪ੍ਰਾਪਤ ਕਰ ਲਈ ਸੀ। ਮਿੰਟਗੁਮਰੀ ਨੇ ਉੱਚ ਸਿਵਿਲ ਤੇ ਸੈਨਿਕ ਅਧਿਕਾਰੀਆਂ ਦੀ ਮੀਟਿੰਗ ਸਥਿਤੀ ਤੇ ਵਿਚਾਰ ਕਰਨ ਲਈ ਬੁਲਾਈ ਤੇ ਮੀਆਂ ਮੀਰ ਛਾਉਣੀ ਦੇ ਸਿਪਾਹੀਆਂ ਨੂੰ ਬੇ-ਹਥਿਆਰ ਕਰ ਦੇਣ ਦਾ ਫ਼ੈਸਲਾ ਕੀਤਾ।

13 ਮਈ ਦੀ ਸਵੇਰ ਨੂੰ ਦੇਸ਼ੀ ਸਿਪਾਹੀਆਂ ਨੂੰ ਸ਼ਸਤਰ ਦੇ ਦੇਣ ਲਈ ਮਜਬੂਰ ਕਰ ਦਿੱਤਾ ਗਿਆ।[19] ਉਸੇ ਦਿਨ ਪਿਸ਼ਾਵਰ ਵਿੱਚ ਜੰਗੀ ਕੌਂਸਲ ਬੁਲਾਈ ਗਈ। ਜਨਰਲ ਰੀਡ ਨੇ ਪੰਜਾਬ ਵਿੱਚ ਸੈਨਾ ਦੀ ਕਮਾਨ ਸੰਭਾਲ ਲਈ। ਜਿਹਲਮ ਵਿੱਚ ਇਕ ਫਿਰੰਤੂ

---

16. ਪੰਜਾਬ ਗੌਰਮਿੰਟ ਰੀਕਾਰਡਜ਼ ਮਿਊਟਿਨੀ ਰਿਪੋਰਟਸ, ਜਿਲਦ VIII, ਭਾਗ II, ਪੰਨਾ 328
17. ਕੇਵ ਬਰਾਊਨ—ਦੀ ਪੰਜਾਬ ਐਂਡ ਦਿੱਲੀ ਇਨ 1857 I, , ਪੰਨਾ 41
18. ਪੰਜਾਬ ਗੌਰਮਿੰਟ ਰੀਕਾਰਡਜ਼ ਮਿਊਟਿਨੀ ਰਿਪੋਰਟਸ, ਜਿਲਦ VIII, ਭਾਗ I, ਪੰਨਾ 234
19. ਐਸ.ਸੀ. 40 ਮਿਤੀ 29.5.1857

(ਤੁਰਦਾ-ਫਿਰਦਾ) ਦਸਤਾ[20] ਸਥਾਪਿਤ ਕੀਤਾ ਗਿਆ ਤਾਂ ਜੋ 'ਉਹ ਹਰ ਉਸ ਥਾਂ 'ਤੇ ਪਹੁੰਚੇ ਜਿੱਥੇ ਵਿਦਰੋਹ ਦਬਾਉਣ ਦੀ ਲੋੜ ਪਵੇ।'

ਜਾਨ ਲਾਰੈਂਸ ਵਿਦਰੋਹ ਦੇ ਪਹਿਲੇ ਦੋ ਮਹੀਨੇ ਰਾਵਲਪਿੰਡੀ ਰਿਹਾ ਤੇ ਉਸ ਨੇ ਆਪਣੇ ਮਾਤਹਿਤਾਂ ਨਾਲ ਰਾਬਤਾ ਰੱਖਿਆ। ਉਸ ਨੇ ਦਿੱਲੀ ਉੱਪਰ ਮੁੜ ਕਬਜ਼ਾ ਕਰਨ ਨੂੰ ਬਹੁਤ ਮਹੱਤਤਾ ਦਿੱਤੀ। ਇਸ ਮਨੋਰਥ ਲਈ ਉਸ ਨੇ ਸੁਝਾਅ ਦਿੱਤਾ ਕਿ ਪਹਾੜਾਂ ਵਿਚਲੀ ਸੈਨਾ ਅੰਬਾਲੇ ਵੱਲ ਕੂਚ ਕਰੇ ਤੇ ਉਸ ਨੇ ਕਮਾਂਡਰ-ਇਨ-ਚੀਫ਼ (ਸੈਨਾਪਤੀ) 'ਤੇ ਜ਼ੋਰ ਦਿੱਤਾ ਕਿ ਉਹ ਅੰਬਾਲਾ ਦੀ ਛਾਉਣੀ ਵਿਚਲੀ ਫ਼ੌਜ ਨੂੰ ਕਾਰਵਾਈ ਕਰਨ ਲਈ ਖੁੱਲ੍ਹ ਦੇ ਦੇਵੇ। ਇਸ ਮਨੋਰਥ ਲਈ ਉਹਦੀ ਯੋਜਨਾ[21] ਇਹ ਸੀ ਕਿ ਸ਼ੱਕੀ ਫ਼ੌਜੀ ਬੇਹਥਿਆਰ ਕਰ ਦਿੱਤੇ ਜਾਣ। ਨਵੀਆਂ ਪਲਟਨਾਂ ਕਾਇਮ ਕਰ ਦਿੱਤੀਆਂ ਜਾਣ ਤੇ ਭਰਤੀ ਕੀਤੀ ਜਾਵੇ ਤੇ ਪੰਜਾਬ ਵਿੱਚੋਂ ਹਰ ਉਪਲੱਬਧ ਸੈਨਿਕ ਦਿੱਲੀ ਉੱਪਰ ਚੜ੍ਹਾਈ ਕਰਨ ਲਈ ਤੇ ਫ਼ੌਜ ਦੀ ਗਿਣਤੀ ਵਧਾਉਣ ਲਈ ਵਰਤਿਆ ਜਾਵੇ।

ਜਦੋਂ ਲਾਰੰਸ ਦੇ ਦਿਮਾਗ਼ ਵਿੱਚ ਇਹ ਤਜ਼ਵੀਜ਼ਾਂ ਚੱਕਰ ਲਾ ਹੀ ਰਹੀਆਂ ਸਨ ਤਾਂ ਪੰਜਾਬ ਵਿੱਚੋਂ ਫ਼ਿਰੋਜ਼ਪੁਰ ਤੋਂ ਪਹਿਲੇ ਵਿਦਰੋਹ ਦੀਆਂ ਖ਼ਬਰਾਂ ਆ ਗਈਆਂ। ਪਹਿਲਾਂ ਹੀ

---

20. ਇਹ ਤਜ਼ਵੀਜ਼ ਲੈਫ. ਕਰਨਲ ਜੋਨ ਨਿਕਲਸਨ ਨੇ ਦਿੱਤੀ। ਇਸ ਅਸਥਾਈ ਤੇ ਚਲੰਤ ਦਸਤੇ ਨੇ ਜਾਲੰਧਰ ਦੇ ਬਾਗੀਆਂ ਦੇ ਨੱਠ ਜਾਣ ਪਿੱਛੋਂ ਹਰ ਥਾਂ ਬਗ਼ਾਵਤ ਨੂੰ ਕੁਚਲਿਆ ਹੀ ਨਹੀਂ ਸਗੋਂ ਇਸ ਦੀ ਵਰਤੋਂ ਦੇਸੀ ਪਲਟਨਾਂ ਨੂੰ ਬੇਹਥਿਆਰ ਕਰਨ ਲਈ ਵੀ ਕੀਤੀ ਗਈ।

21. ਬੇਕਵਾਇਦ ਫ਼ੌਜ ਤੇ ਪੰਜਾਬ ਦੇ ਵਾਸੀਆਂ ਤੇ ਆਮ ਕਰਕੇ ਹੀ ਭਰੋਸਾ ਕਰੋ; ਬਾਕਾਇਦਾ ਫ਼ੌਜ ਤੇ ਪੂਰੀ ਤਰ੍ਹਾਂ ਅਵਿਸ਼ਵਾਸ ਕਰੋ। ਜਿਸ ਤਰ੍ਹਾਂ ਚਾਹੋ, ਬੇਕਵਾਇਦ ਸੈਨਾਂ ਦੀ ਵਰਤੋਂ ਕਰੋ। ਉਹਨਾਂ ਨੂੰ ਸਰਹੱਦ ਤੋਂ ਲੈ ਕੇ ਆਓ ਜਿੱਥੇ ਉਹਨਾਂ ਨੇ ਚੰਗਾ ਕੰਮ ਕੀਤਾ ਹੈ ਤੇ ਉਹਨਾਂ ਦੀ ਮੁਲਕ ਦੇ ਅੰਦਰੂਨੀ ਹਿੱਸੇ 'ਚ ਵਰਤੋਂ ਕਰੋ ਜਿੱਥੇ ਉਹ ਨਵੀਂ ਕਿਸਮ ਦਾ ਚੰਗਾ ਕੰਮ ਕਰ ਸਕਦੇ ਹਨ। ਹਰ ਵਿਦਮਾਨ ਪਲਟਨ ਦੀ ਗਿਣਤੀ ਵਧਾਓ। ਜਿਵੇਂ ਲੋੜ ਹੋਵੇ, ਨਵੀਆਂ ਪਲਟਨਾਂ ਕਾਇਮ ਕਰੋ ਪ੍ਰੰਤੂ ਅਜਿਹਾ ਕਰਦਿਆਂ ਇਹ ਸਾਵਧਾਨੀ ਵਰਤੋ ਤੇ ਇਹ ਯਾਦ ਰੱਖੋ ਕਿ ਜਿਹੜੇ ਹਥਿਆਰਾਂ ਨਾਲ ਤੁਸੀਂ ਪਲਟਨਾਂ ਨੂੰ ਲੈਸ ਕਰ ਰਹੇ ਹੋ, ਤੁਹਾਡੇ ਵਿਰੁੱਧ ਹੀ ਨਾ ਵਰਤੇ ਜਾਣ। ਜਿੱਥੋਂ ਤੱਕ ਬਾਕਾਇਦਾ ਫ਼ੌਜ ਦਾ ਸਬੰਧ ਹੈ, ਉਹਨਾਂ ਤੇ ਨਜ਼ਰ ਰੱਖੋ, ਉਹਨਾਂ ਨੂੰ ਵੱਖਰਿਆਂ ਕਰਕੇ ਰੱਖੋ। ਉਹਨਾਂ ਨੂੰ ਅੱਡਰੇ ਤੇ ਦੁਰਾਡੇ ਸਰਹੱਦੀ ਕਿਲ੍ਹਿਆਂ ਵਿੱਚ ਭੇਜ ਦੇਵੋ ਜਿੱਥੇ ਉਹਨਾਂ ਵਾਸਤੇ ਕਿਸੇ ਨਾਲ ਸਲਾਹ ਮਸ਼ਵਰਾ ਕਰਕੇ ਕੁਝ ਕਰਨਾ ਔਖਾ ਹੋਵੇਗਾ। ਜੇ ਕਦੇ ਉਹਨਾਂ 'ਚ ਬਗ਼ਾਵਤ ਦੇ ਲੱਛਣ ਦਿਸਣ ਤਾਂ ਉਹਨਾਂ ਤੋਂ ਹਥਿਆਰ ਲੈ ਕੇ ਨਿਸ਼ਸਤਰੀਕਰਨ ਕਰ ਦਿਉ। ਜੇ ਬਗ਼ਾਵਤ ਹੋ ਜਾਵੇ ਤਾਂ ਮੌਕੇ 'ਤੇ ਉਹਨਾਂ ਨੂੰ ਖ਼ਤਮ ਕਰ ਦੇਵੋ। ਜੇ ਉਹ ਭਗੌੜੇ ਹੋ ਜਾਣ ਤਾਂ ਉਹਨਾਂ ਮਗਰ ਸਥਾਨਕ ਲੋਕਾਂ ਨੂੰ ਪਾ ਕੇ ਉਹਨਾਂ ਨੂੰ ਲੱਭ ਲਵੋ। ਸ਼ੁਰੂ ਵਿੱਚ ਉਠਾਏ ਗਏ ਸਖ਼ਤ ਕਦਮਾਂ ਨਾਲ ਮਗਰੋਂ ਹੋਣ ਵਾਲੇ ਖ਼ੂਨ ਖਰਾਬੇ ਤੋਂ ਬਚਾ ਹੋ ਜਾਵੇਗਾ। ਆਪਣੇ ਇਲਾਕੇ ਦੇ ਸਿੱਖ ਸਰਦਾਰਾਂ ਨੂੰ ਮਿਲੋ ਤੇ ਉਹਨਾਂ ਦੀ ਬਹਾਦਰੀ ਤੇ ਹਿੰਦੁਸਤਾਨੀਆਂ ਪ੍ਰਤੀ ਉਹਨਾਂ ਦੀ ਨਫ਼ਰਤ ਦਾ ਲਾਹਾ ਲਵੋ। (ਜਾਨ ਲਾਰੈਂਸ ਦੇ ਸੰਬੋਧਨ ਦਾ ਸਾਰੰਸ਼—ਬੋਸਵਰਥ ਸਮਿੱਥ—ਲਾਈਫ਼ ਔਫ ਲਾਰਡ ਲਾਰੈਂਸ II, ਪੰਨਾ 42-43)

ਚੇਤਾਵਨੀ ਮਿਲੀ ਹੋਣ ਕਰਕੇ ਅੰਗਰੇਜ਼ ਅਧਿਕਾਰੀ ਨੇ ਅਸਲਹਖਾਨੇ ਦੀ ਸੁਰੱਖਿਆ ਦੇ ਕਦਮ ਉਠਾਏ ਤੇ ਵਿਦਰੋਹੀਆਂ ਦਾ ਹਮਲਾ ਪਿਛਾੜ ਦਿੱਤਾ। ਨਾਲ ਦੀ ਨਾਲ ਹੀ ਫਿਲੌਰ, ਗੋਵਿੰਦਗੜ੍ਹ, ਕਾਂਗੜਾ, ਅਟੱਕ ਤੇ ਮੁਲਤਾਨ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ ਗਿਆ ਤੇ ਇਸ ਤਰ੍ਹਾਂ ਸਿਪਾਹੀਆਂ ਦੀ ਫਿਲੌਰ ਨੂੰ ਹਮਲਾ ਕਰਨ ਲਈ ਇਕੱਠੇ ਹੋਣ ਲਈ ਕੇਂਦਰੀ ਬਿੰਦੂ ਬਣਾਉਣ ਦੀ ਯੋਜਨਾ ਅਸਫਲ ਬਣਾ ਦਿੱਤੀ।[22] ਸ਼ਿਮਲੇ ਦੀਆਂ ਪਹਾੜੀ ਛਾਉਣੀਆਂ ਜਟੋਗ, ਡਗਸ਼ਈ ਤੇ ਕਸੌਲੀ ਦੀ ਸਥਿਤੀ ਨੇ ਕੁਝ ਚਿੰਤਾ ਪੈਦਾ ਕਰ ਦਿੱਤੀ। ਗੋਰਖਾ ਪਲਟਨਾਂ ਨੇ ਆਪਣੇ ਅਫ਼ਸਰਾਂ ਦੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਕਸੌਲੀ ਵਿੱਚ ਤਾਂ ਉਹਨਾਂ ਨੇ ਖ਼ਜ਼ਾਨਾ ਹੀ ਲੁੱਟ ਲਿਆ ਸੀ। ਉਹਨਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਸਨ ਤੇ ਉਹਨਾਂ ਨੂੰ ਬੈਰਕਾਂ ਵਿੱਚ ਚਲੇ ਜਾਣ ਲਈ ਮਨਾ ਲਿਆ ਗਿਆ ਸੀ।

ਜਿਉਂ ਹੀ ਮੇਰਠ ਤੇ ਦਿੱਲੀ ਦੇ ਵਿਦਰੋਹਾਂ ਦੀ ਖ਼ਬਰ ਫੈਲੀ ਤਾਂ ਸਤਲੁਜ ਦੇ ਦੱਖਣ ਵਿਚਲੀਆਂ ਰਿਆਸਤਾਂ ਵਿੱਚ ਤੇ ਪੰਜਾਬ ਦੇ ਸ਼ਹਿਰਾਂ ਖ਼ਾਸ ਕਰਕੇ ਅੰਬਾਲਾ, ਪਾਣੀਪਤ ਤੇ ਥਾਨੇਸਰ ਵਿੱਚ ਜਿਵੇਂ ਖੁਲ੍ਹਮ-ਖੁੱਲ੍ਹੇ ਹਿੰਸਕ ਅਪਰਾਧਾਂ ਦੀ ਰੁੱਤ ਹੀ ਆ ਗਈ।[23] ਰੰਘੜਾਂ ਤੇ ਗੁੱਜਰ ਕਬੀਲਿਆਂ ਨੇ ਦਿਨ-ਦਿਹਾੜੇ ਲੁੱਟਣਾ ਸ਼ੁਰੂ ਕਰ ਦਿੱਤਾ।[24] ਹਰਿਆਣੇ ਦੇ ਕੁਝ ਭੂਮੀ ਮਾਲਕ ਸ਼ਹਿਜ਼ਾਦੇ, ਝੱਜਰ ਤੇ ਦਾਦਰੀ ਦੇ ਨਵਾਬ ਤੇ ਬਲਬਗੜ੍ਹ ਦਾ ਰਾਜਾ ਬਾਗੀਆਂ ਨਾਲ ਜਾ ਮਿਲੇ। ਲੁਹਾਰੂ ਦਾ ਨਵਾਬ ਨਿਰਪੱਖ ਰਿਹਾ। ਪੂਰਬੀ ਪੰਜਾਬ ਵਿੱਚ ਭਾਵੇਂ ਕਰਨਾਲ ਤੇ ਮਲੇਰਕੋਟਲਾ ਦੇ ਮੁਸਲਮਾਨ ਨਵਾਬਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਪਰ ਮੁਸਲਮਾਨ ਕਿਸਾਨਾਂ ਦੀ ਹਮਦਰਦੀ ਬਾਗੀਆਂ ਨਾਲ ਹੀ ਸੀ। ਹਿੰਦੂ ਵਧੇਰੇ ਕਰਕੇ ਬੇਲਾਗ ਰਹੇ। ਸਤਲੁਜ ਦੇ ਉੱਤਰ ਵੱਲ ਦੇ ਲੋਕ ਅੰਗਰੇਜ਼ਾਂ ਦੇ ਵਫ਼ਾਦਾਰ ਰਹੇ। ਕੁਝ ਕੁ ਤੋਂ ਬਿਨਾਂ[25] ਸਤਲੁਜ ਦੇ ਆਰ-ਪਾਰ ਭਾਵ ਦੋਹਾਂ ਪਾਸਿਆਂ ਦੇ ਰਾਜੇ ਤੇ ਕਿਸਾਨ ਅੰਗਰੇਜ਼ਾਂ ਦੀ ਖੁਲ੍ਹੀ ਹਿਮਾਇਤ 'ਤੇ ਆ ਗਏ। ਜੀਂਦ, ਪਟਿਆਲਾ, ਨਾਭਾ, ਕਲਸੀਆ ਤੇ ਕਪੂਰਥਲਾ ਦੇ ਰਾਜੇ, ਮਲੌਦ, ਖੇੜੀ, ਭਦੌੜ, ਲੋਧੜਾਂ, ਸਿੰਘਪੁਰੀਏ ਸਰਦਾਰ ਤੇ ਕਰਤਾਰਪੁਰ ਦੇ ਸੋਢੀਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ।

ਪੰਜਾਬ ਦੇ ਦੂਸਰੇ ਪਾਸੇ ਨੌਸ਼ਹਿਰਾ ਤੇ ਮਰਦਾਨ ਵਿੱਚ ਵਿਦਰੋਹ ਨੇ ਅਧਿਕਾਰੀਆਂ ਨੂੰ

---

22. ਕੇਵ ਬਰਾਊਨ, 1857 ਵਿੱਚ ਪੰਜਾਬ ਤੇ ਦਿੱਲੀ, I, ਪੰਨਾ 120
23. ਪੰਜਾਬ ਪ੍ਰਬੰਧਕੀ ਰਿਪੋਰਟ, 1856-58, ਪੈਰਾ 14
24. ਹਰ ਗੁੱਜਰ ਨੇ ਇਸ ਤਰ੍ਹਾਂ ਲੁੱਟ ਮਚਾਈ ਜਿਵੇਂ ਉਹ ਜ਼ਿੰਦਗੀ ਭਰ ਇਸ ਦਾ ਹੀ ਆਦੀ ਰਿਹਾ ਹੋਵੇ। ਫਿਰ ਹਰ ਥਾਂ ਚਿੱਟੇ ਦਿਨ ਲੁੱਟਾਂ ਤੇ ਡਾਕੇ ਹਰ ਪਿੰਡ ਤੇ ਹਰ ਰਸਤੇ 'ਤੇ ਪੈਣੇ ਸ਼ੁਰੂ ਹੋ ਗਏ। ਇਕ ਪੂਰੇ ਦਾ ਪੂਰਾ ਪਿੰਡ ਦੂਸਰੇ ਨਾਲ ਲੜਨ ਲਈ ਆ ਜਾਂਦਾ। ਉਹੀ
25. ਨਾਲਾਗੜ੍ਹ ਤੇ ਰੋਪੜ ਵਿੱਚ ਅਸਫਲ ਵਿਦਰੋਹ ਹੋਇਆ ਜੋ ਤੁਰਤ ਹੀ ਦਬਾ ਦਿੱਤਾ ਗਿਆ। ਮੋਹਰ ਸਿੰਘ ਜੋ ਰੋਪੜ ਦੇ ਰਾਜੇ ਦਾ ਕਾਰਿੰਦਾ ਸੀ, ਉਸ ਵੱਲੋਂ ਗਊ ਹੱਤਿਆ ਰੋਕਣ ਦੀ ਕੋਸ਼ਿਸ਼ ਕਰਨ ਨਾਲ ਕੁਝ ਗੜਬੜ ਹੋ ਗਈ, ਉਸ ਨੂੰ ਫਾਂਸੀ ਲਾ ਦਿੱਤਾ ਗਿਆ। —ਪੰਜਾਬ ਗੌਰਮਿੰਟ ਰੀਕਾਰਡਜ਼, ਮਿਊਟਨੀ ਰਿਪੋਰਟਸ, ਜਿਲਦ VIII, ਭਾਗ I, ਪੰਨਾ 38-39

ਚੌਕਸ ਕਰ ਦਿੱਤਾ। ਪਿਸ਼ਾਵਰ ਵਿੱਚ ਈਦ ਦੇ ਤਿਉਹਾਰ ਸਮੇਂ ਜਵਾਨਾਂ ਉੱਪਰ ਹੜਤਾਲ ਕਰਾਉਣਾ ਦਾ ਸ਼ੱਕ ਹੋ ਗਿਆ ਜਿਸ ਕਾਰਨ ਤਿੰਨ ਦੇਸੀ ਪਲਟਣਾਂ ਨੂੰ ਬੇ-ਹਥਿਆਰ ਕਰ ਦਿੱਤਾ ਗਿਆ। ਮਰਦਾਨ[26] ਦੇ ਸਿਪਾਹੀਆਂ ਨੂੰ ਇਸ ਦਾ ਪਤਾ ਲੱਗ ਗਿਆ ਤੇ ਉਹਨਾਂ 'ਚੋਂ 500 ਸਵਾਤ[27] ਦੌੜ ਗਏ ਜਿੱਥੇ ਉਹਨਾਂ ਨੇ ਆਪਣੀਆਂ ਸੇਵਾਵਾਂ ਵਲੀ ਨੂੰ ਅਰਪਿਤ ਕਰ ਦਿੱਤੀਆਂ।

ਜਾਨ ਲਾਰੈਂਸ ਨੇ ਦੋਹਾਂ ਪਾਸਿਆਂ ਤੋਂ ਪੰਜਾਬ ਦੀ ਨਾਕਾਬੰਦੀ ਕਰ ਦਿੱਤੀ। ਪਠਾਨ ਕਬਾਇਲੀਆਂ[28] ਤੇ ਅਫ਼ਗਾਨਿਸਤਾਨ ਦੇ ਚੰਚਲ ਅਮੀਰ ਦੋਸਤ ਮੁਹੰਮਦ ਨੂੰ ਮੈਦਾਨਾਂ 'ਤੇ ਹਮਲਾ ਕਰਨ ਦੇ ਮੌਕੇ ਦਾ ਲਾਭ ਉਠਾਉਣ ਤੋਂ ਰੋਕਣ ਲਈ ਉੱਤਰ ਪੱਛਮੀ ਸੀਮਾ ਤੇ ਫ਼ੌਜਾਂ ਜਮ੍ਹਾ ਕਰ ਲਈਆਂ ਗਈਆਂ। ਦੱਖਣ ਪੂਰਬੀ ਸਿਰੇ 'ਤੇ ਵੀ ਹਰਿਆਣਾ ਵਿੱਚ ਸੈਨਾ ਬਾਗੀਆਂ ਦਾ ਪੰਜਾਬ ਵਿੱਚ ਦਾਖਲਾ ਰੋਕਣ ਲਈ ਨਿਯੁਕਤ ਕਰ ਦਿੱਤੀ ਗਈ। ਪੰਜਾਬ ਵਿੱਚ ਵੀ ਭਗੌੜਿਆਂ ਨੂੰ ਪਕੜਨ ਲਈ ਵਫ਼ਾਦਾਰ ਪੰਜਾਬੀਆਂ ਤੇ ਅੰਗਰੇਜ਼ਾਂ ਦੇ (ਤੁਰਦੇ-ਫਿਰਦੇ) ਗਸ਼ਤੀ ਦਸਤਿਆਂ ਨੂੰ ਹੁਕਮ ਦੇ ਦਿੱਤਾ ਗਿਆ। ਪੱਤਣਾਂ ਤੇ ਰਖਿਅਕ ਨਿਯੁਕਤ ਕਰ ਦਿੱਤੇ ਗਏ ਤੇ ਜਿੱਥੇ ਦਰਿਆਵਾਂ ਤੇ ਲੰਘਣਾ ਸੁਖਾਲਾ ਸੀ, ਉੱਥੇ ਉੱਚੇ-ਉੱਚੇ ਬੰਨ੍ਹ ਲਾਏ ਗਏ।

ਜਾਲੰਧਰ ਵਿੱਚ ਵਿਦਰੋਹ ਦੀ ਅੱਗ ਭੜਕ ਪਈ ਕਿਉਂਕਿ ਉੱਥੇ ਅਧਿਕਾਰੀ ਦੇਸੀ ਪਲਟਣਾਂ ਨੂੰ ਬੇ-ਹਥਿਆਰ ਕਰਨ ਵਿੱਚ ਢਿੱਲ-ਮੱਠ ਕਰਦੇ ਰਹੇ। ਬਾਗੀ ਫਿਲੌਰ ਵੱਲ ਤੁਰ ਪਏ ਜਿੱਥੇ ਉਹਨਾਂ ਨਾਲ ਦੇਸੀ ਪਿਆਦਾ ਫ਼ੌਜ ਦੀ ਤੀਜੀ ਪਲਟਣ ਮਿਲ ਗਈ ਤੇ ਫਿਰ ਉਹ ਦਿੱਲੀ ਵੱਲ ਤੁਰ ਪਏ।

---

26. 55ਵੀਂ ਪਲਟਨ ਦੇ ਪਿਆਦਾ ਸਿਪਾਹੀਆਂ ਦੇ ਸੌ ਤੋਂ ਵੱਧ ਸਿੱਖਾਂ ਨੇ ਆਪਣੇ ਅਫ਼ਸਰਾਂ ਦੀ ਅਗਵਾਈ ਵਿੱਚ ਬਾਕੀ ਪਲਟਣ ਦੇ ਵਿਰੁੱਧ ਲੜਨ ਲਈ ਸ੍ਵੈ-ਇੱਛਾ ਨਾਲ ਪੇਸ਼ ਕੀਤੀ (ਐਸ.ਸੀ. 5 ਮਿਤੀ 31.7.1857), ਭਾਵੇਂ ਇਸ ਤਜ਼ਵੀਜ਼ ਦੀ ਪ੍ਰਵਾਹ ਨਾ ਕੀਤੀ ਗਈ ਪਰ ਮਗਰੋਂ ਇਹ ਫ਼ੈਸਲਾ ਕੀਤਾ ਗਿਆ ਕਿ ਸਿੱਖਾਂ ਨੂੰ ਹਿੰਦੁਸਤਾਨੀਆਂ ਤੋਂ ਵੱਖ ਕਰਕੇ ਪੰਜਾਬੀ ਮੁਸਲਮਾਨਾਂ ਤੇ ਪਹਾੜੀਆਂ ਨਾਲ ਇਕੱਠੀਆਂ ਪਲਟਨਾਂ ਬਣਾਈਆਂ ਜਾਣ।
27. ਜਿਸ ਦਿਨ ਮੇਰਠ ਵਿੱਚ ਬਗ਼ਾਵਤ ਹੋਈ, ਸਵਾਤ ਵਿੱਚ ਉਸ ਦਿਨ ਗ੍ਰਹਿ ਯੁੱਧ ਛਿੜ ਗਿਆ। ਵਲੀ ਦਾ ਅੰਗਰੇਜ਼ਾਂ ਪ੍ਰਤੀ ਸਹੀ ਝੁਕਾਅ ਨਹੀਂ ਸੀ।
28. ਇਕ ਭਰੋਸੇਯੋਗ ਸਿੱਖ ਸਰਦਾਰ ਨੇ ਅੰਮ੍ਰਿਤਸਰ ਵਿੱਚ ਮੈਜਿਸਟਰੇਟ ਨੂੰ ਕਿਹਾ ਜੇ ਪਿਸ਼ਾਵਰ ਇਕ ਵਾਰ ਹੱਥੋਂ ਨਿਕਲ ਗਿਆ ਤਾਂ ਸਾਰਾ ਪੰਜਾਬ ਹੀ ਭੜਕ ਪਏਗਾ। ਜਦੋਂ ਉਸ ਨੇ ਇਹ ਸ਼ਬਦ ਕਹੇ ਤਾਂ ਉਹ ਸਣ ਦਾ ਪਿੰਨਾ ਆਪਣੀ ਉਂਗਲੀ ਤੇ ਅੰਗੂਠੇ ਨਾਲ ਪਾਸੇ ਤੋਂ ਕੇਂਦਰ ਵੱਲ ਨੂੰ ਘੁੰਮਾਉਣ ਲੱਗਾ। ਐਡਵਰਡਜ਼ ਨੇ ਚੀਫ਼ ਕਮਿਸ਼ਨਰ ਨੂੰ ਲਿਖਿਆ : "ਤੁਸੀਂ ਜਾਣਦੇ ਹੋ ਕਿ ਸਾਡਾ ਕਿਹੜੇ ਸ਼ੈਤਾਨਾਂ ਨਾਲ ਮੁਕਾਬਲਾ ਹੈ, ਉਹਨਾਂ ਉੱਪਰੋਂ ਜਦੋਂ ਪੈਰ ਚੁੱਕ ਲਿਆ ਗਿਆ ਉਹਨਾਂ ਨੇ ਡੰਗ ਮਾਰ ਕੇ ਸਾਨੂੰ ਮਾਰ ਦੇਣਾ ਹੈ।" ਪਰ ਐਡਵਰਡਜ਼ ਤੇ ਉਹਦੇ ਸਾਥੀਆਂ ਦਾ ਪੈਰ ਚੁੱਕਣ ਦਾ ਕੋਈ ਇਰਾਦਾ ਨਹੀਂ ਸੀ, ਸਗੋਂ ਉਹਨਾਂ 'ਤੇ ਪੈਰ ਰੱਖ ਕੇ ਦਬਾਉਣਾ ਹੀ ਉਹਨਾਂ ਦੀ ਯੋਜਨਾ ਸੀ।" ਬੋਸਥਰਥ ਸਮਿੱਥ ਲਾਈਫ਼ ਔਫ ਲਾਰਡ ਲਾਰੈਂਸ, II, ਪੰਨਾ 63

ਜੋਨ ਲਾਰੈਂਸ ਇਸ ਨਤੀਜੇ 'ਤੇ ਪਹੁੰਚਿਆ ਕਿ ਸ਼ੱਕੀ ਪਲਟਣਾਂ ਦੇ ਨਿਸ਼ਸਤਰੀਕਰਨ ਤੇ ਬਹੁਤ ਸਾਰੇ ਬਾਗੀਆਂ ਦੇ ਭਗੌੜੇ ਹੋਣ ਨਾਲ ਦੂਸਰਿਆਂ ਦੀ ਵਫ਼ਾਦਾਰੀ 'ਤੇ ਵੀ ਪ੍ਰਭਾਵ ਪਿਆ ਹੈ। ਉਸ ਨੇ ਹਿੰਦੁਸਤਾਨੀ ਸਿਪਾਹੀਆਂ ਤੋਂ, ਉਹਨਾਂ ਦੇ ਪਹਿਲੇ ਵਤੀਰੇ ਨੂੰ ਧਿਆਨ 'ਚ ਰੱਖੇ ਬਿਨਾਂ ਹੀ ਜਿੱਥੇ ਸੰਭਵ ਹੋਇਆ, ਹਥਿਆਰ ਖੋਹ ਲਏ।

ਇਸ ਨੀਤੀ ਦਾ ਅਨੁਸਰਨ ਕਰਦਿਆਂ ਹੋਇਆਂ ਪੰਜਾਬ ਦੀਆਂ ਛਾਉਣੀਆਂ ਮੁਲਤਾਨ ਤੇ ਫਿਲੌਰ ਸਮੇਤ ਸ਼ਸਤਰਹੀਣ ਕਰ ਦਿੱਤੀਆਂ ਗਈਆਂ। ਇਹ ਕੰਮ ਹਰ ਥਾਂ ਆਰਾਮ ਨਾਲ ਨਾ ਹੋਇਆ। ਜਿਹਲਮ ਵਿੱਚ ਕਾਫ਼ੀ ਖ਼ੂਨ ਖਰਾਬਾ ਹੋਇਆ ਤੇ ਕੁਝ ਬਾਗ਼ੀ ਆਪਣੇ ਮਗਰ ਲੱਗੇ ਹੋਇਆਂ ਤੋਂ ਬਚ ਕੇ ਜੰਮੂ ਵੱਲ ਨਿਕਲ ਗਏ। ਜਿਹਲਮ ਦੀ ਘਟਨਾ ਤੋਂ ਦੋ ਦਿਨ ਪਿੱਛੋਂ ਸਿਪਾਹੀਆਂ ਨੇ ਸਿਆਲਕੋਟ ਵਿੱਚ ਆਪਣੇ ਕੁਝ ਅਫ਼ਸਰਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਤੇ ਦਿੱਲੀ ਵੱਲ ਚਲੇ ਗਏ। ਨਿਕਲਸਨ ਨੇ ਉਹਨਾਂ ਨੂੰ ਰਾਵੀ ਦਰਿਆ ਦੇ ਤ੍ਰਿਮੂ ਘਾਟ 'ਤੇ ਜਾ ਪਕੜਿਆ। ਇਸ ਮਗਰੋਂ ਹੋਏ ਦੋ ਮੁਕਾਬਲਿਆਂ ਵਿੱਚ ਲਗਭਗ ਸਭ ਸਿਪਾਹੀ ਜਾਂ ਤਾਂ ਮਾਰੇ ਗਏ ਜਾਂ ਡੁੱਬ ਗਏ।

ਲਾਹੌਰ ਵਿੱਚ ਸ਼ਸਤਰਹੀਣ ਕੀਤੀ ਪਲਟਣ ਬੇਚੈਨ ਹੋ ਉੱਠੀ। 26ਵੀਂ ਦੇਸੀ ਪਿਆਦਾ ਪਲਟਨ ਨੇ ਅਚਾਨਕ ਹੀ ਆਪਣੇ ਅਫ਼ਸਰਾਂ 'ਤੇ ਹਮਲਾ ਕਰ ਦਿੱਤਾ ਤੇ ਉਹ ਉੱਤਰ ਵੱਲ ਰਾਵੀ ਦੇ ਨਾਲ-ਨਾਲ ਤੁਰ ਪਏ। ਉਹਨਾਂ ਉੱਪਰ ਸਿਪਾਹੀਆਂ ਦੀ ਇਕ ਟੁਕੜੀ 'ਤੇ ਸ਼ਸਤਰਬੱਧ ਪੇਂਡੂਆਂ ਨੇ ਘਾਤ ਲਾ ਕੇ ਹਮਲਾ ਕਰ ਦਿੱਤਾ। ਇਸ ਮੁਕਾਬਲੇ ਵਿੱਚ 150 ਆਦਮੀ ਮਾਰੇ ਗਏ। ਇਸ ਪਲਟਨ ਦੇ ਇਕ ਵੱਡੇ ਭਾਗ ਤੇ ਜਿਸ ਨੇ ਇਕ ਟਾਪੂ ਵਿੱਚ ਸ਼ਰਨ ਲੈ ਲਈ ਸੀ, ਮਗਰੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਫ. ਕੂਪਰ ਦੀ ਅਗਵਾਈ ਵਿੱਚ ਜਾ ਕੇ ਹਮਲਾ ਕੀਤਾ ਗਿਆ। ਪੰਜਾਹ ਡੁੱਬ ਕੇ ਮਰ ਗਏ ਜਾਂ ਦਰਿਆ ਪਾਰ ਕਰਨ ਲਈ ਤਰਨ ਦੀ ਕੋਸ਼ਿਸ਼ ਕਰਦੇ ਹੋਏ ਗੋਲੀ ਨਾਲ ਮਾਰੇ ਗਏ। ਬਾਕੀ ਦੇ ਲਗਭਗ 280 ਗਰਿਫ਼ਤਾਰ ਕਰ ਲਏ ਤੇ ਉਹਨਾਂ ਨੂੰ ਅਜਨਾਲਾ ਪਿੰਡ ਦੇ ਪੁਲੀਸ ਥਾਣੇ ਲਿਜਾਇਆ ਗਿਆ। ਕੂਪਰ ਨੇ ਦਸ ਦਸ ਦੀਆਂ ਟੋਲੀਆਂ ਬਣਾ ਕੇ 237 ਨੂੰ ਗੋਲੀ ਨਾਲ ਉਡਾ ਦਿੱਤਾ। ਦੂਸਰਿਆਂ ਨੇ ਤਹਿਖਾਨੇ ਵਿੱਚੋਂ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ ਜਿੱਥੇ ਉਹਨਾਂ ਨੂੰ ਰੱਖਿਆ ਗਿਆ ਸੀ। ਕੂਪਰ ਨੇ ਰਾਤ ਭਰ ਉਹਨਾਂ ਨੂੰ ਉੱਥੇ ਹੀ ਰਹਿਣ ਦਿੱਤਾ। ਅਗਲੀ ਸਵੇਰ ਉਹਨਾਂ 'ਚੋਂ 45 ਸਾਹ ਘੁੱਟਣ ਕਰਕੇ ਮਰੇ ਪਾਏ ਗਏ।[30]

ਮਗਰੋਂ 42 ਹੋਰ ਗਰਿਫਤਾਰ ਕਰ ਲਏ ਗਏ ਤੇ ਉਹਨਾਂ ਨੂੰ ਤੋਪਾਂ ਨਾਲ ਉਡਾ ਦਿੱਤਾ

---

29. ਦੋ ਦਿਨਾਂ ਦੀ ਲੜਾਈ ਵਿੱਚ 180 ਮਾਰੇ ਗਏ। ਇਕ ਸੌ ਸੋਲ੍ਹਾਂ ਫੜ ਲਏ ਗਏ ਤੇ ਕਤਲ ਕਰ ਦਿੱਤੇ ਗਏ। ਕੂਪਰ, ਪੰਜਾਬ ਵਿੱਚ ਸੰਕਟ, ਪੰਨਾ 128

30 "ਦਰਵਾਜ਼ੇ ਖੋਲ੍ਹੇ ਗਏ ਤਾਂ ਵੇਖਿਆ ਕਿ ਸਭ ਮਰੇ ਪਏ ਸਨ।" ਅਣਜਾਣੇ ਹੀ ਬਲੈਕ ਹੋਲ ਦੁਖਾਂਤ ਦੁਹਰਾਇਆ ਗਿਆ ਸੀ। ਰਾਤ ਨੂੰ ਘੋੜਸਵਾਰਾਂ, ਪੁਲੀਸ, ਤਹਿਸੀਲ ਦੇ ਪਹਿਰੇਦਾਰਾਂ ਤੇ ਜੋਸ਼ੀਲੇ ਪੇਂਡੂਆਂ ਦੇ ਰੌਲੇ-ਰੱਪੇ, ਹਲਚਲ ਤੇ ਸ਼ੋਰ-ਸ਼ਰਾਬੇ ਵਿੱਚ ਕੋਈ ਚੀਕ ਵੀ ਸੁਣਾਈ ਨਾ ਦਿੱਤੀ। ਡਰ, ਸਾਹ ਘੁੱਟਣ, ਥਕੇਵੇਂ, ਗਰਮੀ, ਕਾਰਨ 45 ਮਰ ਗਏ ਤੇ ਉਹਨਾਂ ਨੂੰ ਬਾਹਰ ਚਾਨਣ ਵਿੱਚ ਲਿਆ ਕੇ ਇਕ ਟੋਏ ਵਿੱਚ ਹੋਰਨਾਂ ਨਾਲ ਪਿੰਡ ਦੇ ਭੰਗੀਆਂ ਨੇ ਦਬਾ ਦਿੱਤਾ। ਐਫ ਕੂਪਰ, ਪੰਜਾਬ ਵਿੱਚ ਸੰਕਟ, ਪੰਨਾ 162-163

ਗਿਆ।[31] ਉੱਤਰ-ਪੱਛਮੀ ਸੀਮਾ 'ਤੇ ਵੀ ਉਹੋ ਜਿਹਾ ਦੁਖਾਂਤ ਵਾਪਰਿਆ। ਪਿਸ਼ਾਵਰ ਵਿੱਚ ਅਗਸਤ ਦੇ ਆਖ਼ਰੀ ਹਫ਼ਤੇ ਵਿੱਚ ਸ਼ਸਤਰਹੀਣ ਪਲਟਨ ਦੇ ਸਿਪਾਹੀਆਂ ਨੇ ਬੈਰਕਾਂ ਵਿੱਚ ਨਾਜਾਇਜ਼ ਹਥਿਆਰਾਂ ਦੀ ਤਲਾਸ਼ੀ ਲੈਂਦੇ ਸਿਪਾਹੀਆਂ ਤੇ ਹਮਲਾ ਕਰ ਦਿੱਤਾ। ਪੰਜਾਹ ਬਾਗੀ ਗੋਲੀ ਨਾਲ ਉਡਾ ਦਿੱਤੇ ਗਏ।[32] ਸੈਨਾ ਦੇ ਰਸਦ ਵਿਭਾਗ ਦੇ ਹਾਥੀਆਂ ਨੇ ਬੈਰਕਾਂ ਢਾਹ ਦਿੱਤੀਆਂ।

ਜਿਸ ਤੇਜ਼ੀ ਨਾਲ ਅਸੰਤੁਸ਼ਟ ਪਲਟਨਾਂ ਸ਼ਸਤਰਹੀਣ ਕੀਤੀਆਂ ਗਈਆਂ ਤੇ ਜਿਸ ਤਰ੍ਹਾਂ ਤੁਰਤ ਸ਼ੱਕੀ ਵਫ਼ਾਦਾਰੀ ਵਾਲਿਆਂ ਨਾਲ ਨਿਪਟਿਆ ਗਿਆ ਉਸ ਨਾਲ ਡਰ ਫੈਲ ਗਿਆ ਤੇ ਪੰਜਾਬ ਵਿੱਚ ਵਿਦਰੋਹ ਦੇ ਫੈਲਣ ਦਾ ਡਰ ਖ਼ਤਮ ਹੋ ਗਿਆ। ਸਰਕਾਰ ਦਾ ਮਾਨ ਵੱਧ ਗਿਆ ਤੇ ਮੰਡੀ ਦੀ ਭਾਸ਼ਾ ਵਿੱਚ, 'ਮੋਤੀਆਂ', 'ਚਿੱਟੀ ਖੰਡ', ਤੇ 'ਲਾਲ ਮਿਰਚਾਂ' (ਅੰਗਰੇਜ਼ਾਂ ਲਈ ਵਰਤੇ ਜਾਂਦੇ ਚਿੰਨ੍ਹ) ਦਾ ਭਾਅ ਵਧ ਗਿਆ ਤੇ ਤੇ 'ਲਾਲ ਕਣਕ', "ਭੂਰੇ ਗੁੜ" ਤੇ 'ਕਾਲੀ ਮਿਰਚ" ਦਾ ਭਾਅ ਡਿੱਗ ਗਿਆ।

---

31. ਕੂਪਰ ਨੇ ਜਨਤਾ ਨੂੰ ਬਾਗੀਆਂ ਦੇ ਅਪਰਾਧਾਂ ਬਾਰੇ ਜਾਣਕਾਰੀ ਦਿੱਤੀ ਜੋ ਉਸ ਦੇ ਕਹਿਣ ਅਨੁਸਾਰ ਅੰਗਰੇਜ਼ਾਂ ਦੇ ਨਿਆਂ ਤੇ ਰਹਿਮਦਿਲੀ ਤੇ ਇਸ ਕਰਕੇ ਹੈਰਾਨ ਹੋ ਗਏ ਕਿ ਅੰਗਰੇਜ਼ਾਂ ਨੇ ਗਦਰੀਆਂ ਨਾਲ ਮਿਲਣ ਵਾਲੇ ਬੱਚਿਆਂ, ਇਸਤਰੀਆਂ ਤੇ ਆਦਮੀਆਂ ਦੇ ਸਮੂਹ ਨੂੰ ਮੌਤ ਦੇ ਘਾਟ ਨਾ ਉਤਾਰਿਆ। ਕੂਪਰ, ਪੰਜਾਬ ਵਿੱਚ ਸੰਕਟ, ਪੰਨਾ 163
    ਕੂਪਰ ਦੇ ਕਦਮਾਂ ਦੀ ਲਾਰੈਂਸ ਤੇ ਮਿੰਟਗੁਮਰੀ ਨੇ ਸ਼ਲਾਘਾ ਕੀਤੀ। "ਮੈਂ ਤੁਹਾਨੂੰ 26ਵੀਂ ਦੇਸੀ ਪਿਆਦਾ ਪਲਟਨ ਵਿਰੁੱਧ ਕਾਰਵਾਈ ਤੇ ਵਧਾਈ ਦਿੰਦਾ ਹਾਂ। ਤੁਸੀਂ ਤੇ ਤੁਹਾਡੀ ਪੁਲੀਸ ਨੇ ਬੜੇ ਸਾਹਸ ਤੇ ਸ਼ਕਤੀ ਨਾਲ ਕਾਰਵਾਈ ਕਰਕੇ ਰਾਜ ਦਾ ਭਲਾ ਕੀਤਾ ਹੈ। ਮੈਨੂੰ ਭਰੋਸਾ ਹੈ ਕਿ ਉਹਨਾਂ ਸਿਪਾਹੀਆਂ ਦੀ ਹੋਣੀ ਦੂਸਰਿਆਂ ਲਈ ਚਿਤਾਵਨੀ ਹੋਵੇਗੀ। ਜੋ ਭਗੌੜੇ ਹਨ ਉਹਨਾਂ ਨੂੰ ਭਾਲਣ ਦੀ ਹਰ ਕੋਸ਼ਿਸ਼ ਕੀਤੀ ਜਾਵੇ।
    ਰੋਬਰਟਸ ਵੱਲੋਂ, ਨਿਰਸੰਦੇਹ ਤੁਹਾਨੂੰ ਹੀ ਇਨਾਮ ਵੰਡਣ ਦਾ ਕੰਮ ਸੌਂਪਿਆ ਜਾਵੇਗਾ। ਕ੍ਰਿਪਾ ਕਰਕੇ ਵੇਖਣਾ ਕਿ ਇਹ ਕੰਮ ਯੋਗਤਾ ਅਨੁਸਾਰ ਹੋਵੇ ਤੇ ਹਰ ਕੋਈ ਉਹੋ ਪ੍ਰਾਪਤ ਕਰੇ ਜੋ ਉਸ ਨੂੰ ਦਿੱਤੇ ਜਾਣ ਦੀ ਇੱਛਾ ਹੈ।' ਅਰਧ ਸਰਕਾਰੀ ਪੱਤਰ, ਸਰ ਜੋਨ ਲਾਰੈਂਸ ਤੋਂ ਮਿਤੀ 2 ਅਗਸਤ 1857, ਲਾਹੌਰ।
32. ਐਡਵਰਡਜ਼ ਨੇ ਲਿਖਿਆ : "ਲਗਭਗ ਸਾਰੀ 51ਵੀਂ ਦੇਸੀ ਪਿਆਦਾ ਪਲਟਨ ਫੜ ਕੇ ਗੋਲੀ ਨਾਲ ਉਡਾ ਦਿੱਤੀ ਗਈ ਹੈ। ਸੱਤ ਸੌ ਤੋਂ ਵੱਧ ਪਹਿਲਾਂ ਹੀ ਮਾਰ ਦਿੱਤੇ ਗਏ ਹਨ। ਚਾਰ ਜਾਂ ਪੰਜ ਖੈਬਰ ਰਾਹੀਂ ਖਦੂਮ ਚਲੇ ਗਏ ਹਨ ਜਿੱਥੇ ਹਰੀ ਖੇਲ ਅਨੁਸਾਰ ਉਹ ਉਹਨਾਂ ਨੂੰ ਕਾਬਲ ਜਾਣ ਦੀ ਆਗਿਆ ਹਿੰਦੂਆਂ ਦੇ ਰੂਪ ਵਿੱਚ ਨਹੀਂ ਮੁਸਲਮਾਨ ਬਣਾ ਕੇ ਦੇਣਗੇ। ਇਸ ਲਈ ਉਹਨਾਂ ਨੂੰ ਉੱਥੇ ਹੀ ਮੁਸਲਮਾਨ ਬਣਾ ਲਿਆ ਗਿਆ ਸੀ। ਬੋਸਵਰਥ, ਲਾਈਫ਼ ਔਫ ਲਾਰਡ ਲਾਰੈਂਸ II, ਪੰਨਾ 179
    ਕੂਪਰ ਦਾ ਵਰਨਨ ਜੋ 51ਵੀਂ ਪਲਟਨ ਦੀ ਭਾਲ ਬਾਰੇ ਹੈ, ਜਿਸ ਵਿੱਚ 671 ਆਦਮੀ ਸਨ, ਬੜਾ ਵਿਸਤਰਤ ਹੈ : ਖੜੀਆਂ ਫ਼ਸਲਾਂ ਦੀ ਹਾਂਡ ਕੀਤੀ ਗਈ, ਘਾਟੀਆਂ ਛਾਣ ਮਾਰੀਆਂ ਜਿਵੇਂ ਤਿੱਤਰ ਤੇ ਖਰਗੋਸ਼ ਲੱਭੇ ਜਾ ਰਹੇ ਹੋਣ.....ਬੜੀ ਕਾਮਯਾਬੀ ਨਾਲ ਗਦਰ ਤੋਂ 30 ਘੰਟਿਆਂ ਪਿੱਛੋਂ 659 ਮਾਰ ਦਿੱਤੇ ਗਏ।" ਐਫ. ਕੂਪਰ, ਪੰਜਾਬ ਵਿੱਚ ਸੰਕਟ, ਪੰਨਾ 177.

ਉਪਰ ਬਿਆਨ ਕੀਤੀਆਂ ਘਟਨਾਵਾਂ ਤੇ ਘੁਗਿਆਰਾ ਜ਼ਿਲ੍ਹੇ ਦੇ ਉਦਾਲੇ ਸਤੰਬਰ 1857 ਵਿੱਚ ਖਰਲ ਕਬੀਲੇ ਦੇ ਮੁਸਲਮਾਨਾਂ ਦੇ ਵਿਦਰੋਹ ਤੋਂ ਬਿਨਾਂ ਪੰਜਾਬ ਵਿੱਚ ਉਸ ਵਿਦਰੋਹ ਦਾ ਕੋਈ ਪ੍ਰਭਾਵ ਨਾ ਪਿਆ ਜਿਸ ਨੇ ਸਾਰੇ ਮੁਲਕ ਨੂੰ ਝੰਜੋੜ ਦਿੱਤਾ। ਪੰਜਾਬੀ ਮੁਸਲਮਾਨਾਂ ਨੇ ਵੀ ਆਪਣੇ ਸਹਿਧਰਮੀ ਹਿੰਦੁਸਤਾਨੀਆਂ ਦੇ ਇਹਨਾਂ ਉਪਦੇਸ਼ਾਂ ਵੱਲ ਕੋਈ ਧਿਆਨ ਨਾ ਦਿੱਤਾ ਕਿ ਉਹ ਇਸਲਾਮ ਦਾ ਨਾਸ਼ ਕਰਨ ਵਾਲੇ ਸੂਰ ਖਾਣੇ ਅੰਗਰੇਜ਼ਾਂ ਵਿਰੁੱਧ ਜਹਾਦ ਛੇੜਨ। ਪੰਜਾਬੀ ਹਿੰਦੂਆਂ ਤੇ ਕੁਝ ਸਹੀ ਕਾਰਨਾਂ ਕਰਕੇ ਸਿੱਖਾਂ ਨੇ ਵੀ, ਉਹਨਾਂ ਦੀਆਂ ਪੱਛੜ ਕੇ ਕੀਤੀਆਂ ਬੇਨਤੀਆਂ ਵੱਲ ਕੋਈ ਧਿਆਨ ਨਾ ਦਿੱਤਾ ਕਿ ਉਹ ਗਊ ਮਾਸ ਖਾਣ ਵਾਲਿਆਂ ਵਿਦੇਸ਼ੀਆਂ ਤੋਂ ਤੇ ਕਾਰਤੂਸਾਂ ਵਿੱਚ ਗਊ ਦੀ ਚਰਬੀ ਵਰਤਣ ਵਾਲਿਆਂ ਤੋਂ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਅੱਗੇ ਆਉਣ। ਇਸ ਵਿੱਚ ਕੋਈ ਹੈਰਾਨ ਹੋਣ ਵਾਲੀ ਗੱਲ ਵੀ ਨਹੀਂ ਸੀ ਕਿਉਂਕਿ ਜੋ 1857 ਦੀਆਂ ਗਰਮੀਆਂ ਵਿੱਚ ਆਜ਼ਾਦੀ ਦੀ ਖ਼ਾਤਰ ਲੜਨ ਵਾਲੇ ਦਾਅਵੇਦਾਰ ਬਣੇ ਫਿਰਦੇ ਸਨ ਉਹ 8 ਸਾਲ ਪਹਿਲਾਂ ਪੰਜਾਬੀਆਂ ਨੂੰ ਗ਼ੁਲਾਮ ਬਣਾਉਣ ਲਈ ਫ਼ਿਰੰਗੀਆਂ ਦਾ ਹੱਥਠੋਕਾ ਬਣੇ ਸਨ।

ਪੰਜਾਬੀ ਰਾਜਕੁਮਾਰਾਂ ਤੇ ਅਮੀਰ ਜ਼ਿਮੀਂਦਾਰਾਂ ਦੀ ਵਫ਼ਾਦਾਰੀ ਅੰਗਰੇਜ਼ਾਂ ਲਈ ਪੰਜਾਬ ਤੇ ਬਾਕੀ ਦਾ ਭਾਰਤ ਬਚਾਉਣ ਵਿੱਚ ਨਿਰਣਾਇਕ ਸਿੱਧ ਹੋਈ। ਉਹਨਾਂ ਨੇ ਦਿੱਲੀ ਨੂੰ ਜਾਣ ਵਾਲੀਆਂ ਸੜਕਾਂ ਵੀ ਫ਼ੌਜੀਆਂ, ਸ਼ਸਤਰਾਂ ਤੇ ਖ਼ਜ਼ਾਨੇ ਲਈ ਖੁੱਲ੍ਹੀਆਂ ਰੱਖੀਆਂ। ਉਹਨਾਂ ਨੇ ਧਨ, ਜਨ ਤੇ ਬਾਰੂਦ ਗੋਲੇ ਨਾਲ ਵੀ ਸਹਾਇਤਾ ਕੀਤੀ। ਪੰਜਾਬੀਆਂ ਵਿੱਚੋਂ, ਬਗ਼ਾਵਤ ਦਬਾਉਣ ਲਈ ਸਿੱਖਾਂ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਤੇ ਪ੍ਰਮੁੱਖ ਸੀ। ਪੰਜਾਬੀ ਸੈਨਿਕਾਂ ਨੇ ਅੰਗਰੇਜ਼ਾਂ ਦੇ ਟਿਕਾਣੇ ਤੇ ਪਰਿਵਾਰਾਂ ਦੀ ਰੱਖਿਆ ਅਲਾਹਬਾਦ, ਬਨਾਰਸ[33], ਲਖਨਊ, ਕਾਨ੍ਹਪੁਰ, ਅੱਰਾਹ ਤੇ ਵਿਦਰੋਹ ਦੇ ਦੂਸਰੇ ਕੇਂਦਰਾਂ ਵਿੱਚ ਕੀਤੀ। ਕਿਉਂਕਿ ਮੇਰਠ ਤੇ ਦਿੱਲੀ ਦੇ ਬਾਗੀਆਂ ਨੇ ਮੁਗ਼ਲ ਹਕੂਮਤ ਦੀ ਪੁਨਰ-ਸਥਾਪਨਾ ਦਾ ਐਲਾਨ ਕੀਤਾ ਸੀ, ਸਿੱਖਾਂ ਨੇ ਬਹਾਦਰਸ਼ਾਹ ਦੇ ਐਲਾਨ ਬਾਰੇ ਤਿੱਖੀ ਪ੍ਰਤਿਕਿਰਿਆ ਪ੍ਰਗਟ ਕੀਤੀ ਕਿਉਂ ਸਿੱਖ ਤਾਂ ਆਪਣੇ ਵੱਡ-ਵਡੇਰਿਆਂ ਉੱਪਰ ਮੁਗ਼ਲਾਂ ਦੇ ਜ਼ੁਲਮਾਂ ਦੀਆਂ ਕਹਾਣੀਆਂ ਸੁਣ-ਸੁਣ ਵੱਡੇ ਹੋਏ ਸਨ। ਅੰਗਰੇਜ਼ਾਂ ਨੇ ਸਿੱਖਾਂ ਦੇ ਮੁਗ਼ਲ-ਵਿਰੋਧੀ ਜਜ਼ਬਾਤ ਦਾ ਪੂਰਾ ਲਾਭ ਉਠਾਇਆ। ਸੌ ਸਾਖੀ ਦੇ ਨਵੇਂ ਸੰਸਕਰਨ ਦੀ ਇਸ ਕਹਾਣੀ ਦਾ ਪ੍ਰਚਾਰ ਕੀਤਾ ਗਿਆ ਜਿਸ ਵਿੱਚ ਸਿੱਖਾਂ ਤੇ ਅੰਗਰੇਜ਼ਾਂ ਵੱਲੋਂ ਮਿਲ ਕੇ ਦਿੱਲੀ ਉੱਪਰ ਜਿੱਤ ਦੀ ਭਵਿੱਖਬਾਣੀ ਕੀਤੀ ਗਈ ਸੀ। ਇਸ ਤਰ੍ਹਾਂ ਲੁੱਟ ਕਰਨ ਨੂੰ ਵੀ ਭਵਿੱਖਬਾਣੀ ਅਨੁਸਾਰ ਮਾਨਤਾ ਦਿੱਤੀ ਗਈ ਤੇ ਸਿੱਖ ਬੜੇ ਚਾਅ ਨਾ ਕੰਪਨੀ ਦੀਆਂ ਫ਼ੌਜਾਂ ਨਾਲ ਮਿਲ

33. ਬਾਗੀਆਂ ਨਾਲ ਮਿਲਣ ਵਾਲਾ ਕੋਈ ਇੱਕੜ ਦੁੱਕੜ ਭਟਕਿਆ ਹੋਇਆ ਸਿੱਖ ਹੀ ਸੀ। 3 ਜੂਨ 1857 ਨੂੰ ਬਨਾਰਸ ਵਿੱਚ 37ਵੀਂ ਪਿਆਦਾ ਫ਼ੌਜ ਦੀ ਲੁਧਿਆਣਾ ਦੇ ਸਿੱਖਾਂ ਦੀ ਪਲਟਨ ਨੇ ਵਿਦਰੋਹ ਕੀਤਾ। ਬਹੁਤ ਸਾਰੇ ਮਾਰੇ ਗਏ ਜਾਂ ਫਾਹੇ ਲਾਏ ਗਏ। ਇਸ ਨੇ ਬਨਾਰਸ ਤੋਂ 70 ਮੀਲ ਦੂਰ ਜੀਵਨਪੁਰ ਵਿੱਚ ਵੀ ਵਿਦਰੋਹ ਨੂੰ ਜਨਮ ਦਿੱਤਾ। ਸਿੱਖ ਜਿਹੜੇ ਕਚਹਿਰੀ ਤੇ ਖ਼ਜ਼ਾਨੇ ਦੀ ਰੱਖਿਆ ਕਰ ਰਹੇ ਸਨ, ਉਹ ਵਫ਼ਾਦਾਰ ਰਹੇ। (ਹਿਲਟਨ, ਦੀ ਇੰਡੀਅਨ ਮਿਊਟਿਨੀ, ਪੰਨਾ 73-5)

ਕੇ ਦਿੱਲੀ ਵੱਲ ਕੂਚ ਕਰਨ ਲੱਗੇ।[34]

ਦਿੱਲੀ ਉੱਪਰ ਹਮਲੇ ਸਮੇਂ ਸਿੱਖ ਸਭ ਤੋਂ ਅੱਗੇ ਸਨ ਤੇ ਜਦੋਂ 20 ਸਤੰਬਰ 1857 ਨੂੰ ਦਿੱਲੀ 'ਤੇ ਜਿੱਤ ਪ੍ਰਾਪਤ ਕਰ ਲਈ ਗਈ ਤਾਂ ਸਿੱਖਾਂ ਨੂੰ ਇਜਾਜ਼ਤ ਦੇ ਦਿੱਤੀ ਗਈ ਕਿ ਜੋ ਚੀਜ਼ ਉਹਨਾਂ ਦੇ ਹੱਥ ਆਵੇ, ਉਹ ਲੁੱਟ ਲੈਣ।

ਹਡਸਨ ਨੇ ਆਪਣੇ ਸਿੱਖ ਰਸਾਲੇ ਨਾਲ ਪਹਿਲਾਂ ਬਹਾਦਰਸ਼ਾਹ, ਬੇਗਮ ਜ਼ੀਨਤ ਮਹਲ ਤੇ ਉਹਨਾਂ ਦੇ ਬੇਟੇ ਜਵਾਂ ਬਖਤ ਨੂੰ ਗਰਿਫ਼ਤਾਰ ਕੀਤਾ। ਇਕ ਦਿਨ ਮਗਰੋਂ ਉਹਨਾਂ ਨੇ ਸਮਰਾਟ ਦੇ ਦੋ ਹੋਰ ਪੁੱਤਰ ਤੇ ਇਕ ਪੋਤਰਾ ਗਰਿਫ਼ਤਾਰ ਕੀਤੇ। ਹਡਸਨ ਨੇ ਸਿੱਖਾਂ ਦੀ ਸੁਰੱਖਿਆ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਖੜੀ ਹਥਿਆਰਬੰਦ ਭੀੜ ਦੀ ਕੋਈ ਪਰਵਾਹ ਨਾ ਕੀਤੀ ਤੇ ਤਿੰਨਾਂ ਸ਼ਹਿਜ਼ਾਦਿਆਂ ਨੂੰ ਨੰਗਾ ਕਰਕੇ ਆਪਣੀ ਬੰਦੂਕ ਨਾਲ ਉਡਾ ਦਿੱਤਾ। ਸ਼ਹਿਜ਼ਾਦਿਆਂ ਦੀਆਂ ਲਾਸ਼ਾਂ ਚਾਂਦਨੀ ਚੌਕ ਵਿੱਚ ਲੈ ਗਏ ਤੇ ਗੁਰਦੁਆਰਾ ਸੀਸ ਗੰਜ ਸਾਮ੍ਹਣੇ ਜਾ ਰੱਖੀਆਂ ਜਿੱਥੇ 182 ਸਾਲ ਪਹਿਲਾਂ ਉਹਨਾਂ ਦੇ ਗੁਰੂ ਤੇਗ ਬਹਾਦਰ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਕਤਲ ਕੀਤਾ ਗਿਆ ਸੀ। ਇਸ ਤਰ੍ਹਾਂ ਅੰਗਰੇਜ਼ਾਂ ਵਾਲੀ ਸੌ ਸਾਖੀ ਦੇ ਸੰਸਕਰਨ ਦੀ ਭਵਿੱਖਬਾਣੀ ਪੂਰੀ ਹੋ ਗਈ।

---

34. ਸ਼ੁਰੂ ਵਿੱਚ ਤਾਂ ਜੋਨ ਲਾਰੈਂਸ ਸਿੱਖਾਂ ਤੇ ਭਰੋਸਾ ਨਹੀਂ ਕਰਦਾ ਸੀ। 18 ਮਈ 1857 ਦੇ ਪੱਤਰ ਵਿੱਚ ਉਸ ਨੇ ਲਿਖਿਆ : "ਮੈਂ ਪੁਰਾਣੇ ਸਿੱਖਾਂ ਦੀ ਪਲਟਨ ਕਾਇਮ ਨਹੀਂ ਕਰਨੀ ਚਾਹੁੰਦਾ। ਮੈਨੂੰ ਉਹਨਾਂ ਦੀ ਵਤਨਪ੍ਰਸਤੀ ਚੇਤੇ ਹੈ। ਉਹ ਇਲਹਾਕ ਤੋਂ ਪਹਿਲਾਂ ਤੋਂ ਲੈ ਕੇ ਕਿਵੇਂ 12 ਸਾਲ ਤੋਂ ਬੇਦਿਲ ਰਹੇ ਹਨ ਤੇ ਉਹਨਾਂ ਨੂੰ ਸਾਡੀ ਬਰਬਾਦੀ ਤੋਂ ਹੀ ਲਾਭ ਲੈਣਾ ਹੈ। ਇਸ ਲਈ ਮੈਂ ਪੁਰਾਣੇ ਸਿੱਖਾਂ ਨੂੰ ਭਰਤੀ ਕਰਨ ਲਈ ਸਹਿਮਤੀ ਨਹੀਂ ਦਿਆਂਗਾ। ਸਿੱਖਾਂ ਤੇ ਹਿੰਦੂਆਂ ਵਿੱਚ ਬੜੀ ਸ਼ਕਤੀਸ਼ਾਲੀ ਹਮਦਰਦੀ ਦੀ ਭਾਵਨਾ ਹੈ, ਤੇ ਭਾਵੇਂ ਬੜੀ ਸਾਵਧਾਨੀ ਨਾਲ ਤੇ ਹੌਲੀ-ਹੌਲੀ ਸਿੱਖਾਂ ਦੀ ਭਰਤੀ ਕਰਨ ਲਈ ਸਹਿਮਤ ਹਾਂ, ਪਰ ਮੈਂ ਚਾਹੁੰਦਾ ਹਾਂ ਕਿ ਉਹਨਾਂ ਨੂੰ ਮੁਸਲਮਾਨਾਂ ਤੇ ਪਹਾੜੀਆਂ ਦੀਆਂ ਸਾਂਝੀਆਂ ਪਲਟਣਾਂ ਵਿੱਚ ਭਰਤੀ ਕੀਤਾ ਜਾਵੇ। ਬੋਸਵਰਥ, ਲਾਈਫ ਔਫ ਜੋਨ ਲਾਰੈਂਸ, ਪੰਨਾ 53

ਹੌਲੀ ਹੌਲੀ ਜੌਨ ਲਾਰੈਂਸ ਇਸ ਵਿਚਾਰ ਦਾ ਹੋ ਗਿਆ ਕਿ ਜਾਂ ਤਾਂ ਸਿੱਖਾਂ 'ਤੇ ਪੂਰਨ ਭਰੋਸਾ ਕੀਤਾ ਜਾਵੇ ਜਾਂ ਉਹਨਾਂ ਨਾਲ ਬਾਗੀਆਂ ਜਿਹਾ ਸਲੂਕ ਕੀਤਾ ਜਾਵੇ। ਸਿੱਖਾਂ ਦੀ ਭਰਤੀ ਹੋਣ ਦੀ ਇੱਛਾ ਨੇ ਉਹਦੇ ਭਰਮ ਭੁਲੇਖੇ ਦੂਰ ਕਰ ਦਿੱਤੇ। ਜਿਹੜੇ ਸਿੱਖ ਸਿਪਾਹੀਆਂ ਨੂੰ ਆਪਣੇ ਹਿੰਦੁਸਤਾਨੀ ਹਮਵਤਨਾਂ ਨਾਲ ਮੀਆਂ ਮੀਰ ਦੀ ਛਾਉਣੀ ਵਿੱਚ ਸ਼ਸਤਰਹੀਣ ਕਰ ਦਿੱਤਾ ਗਿਆ ਸੀ, ਵਫ਼ਾਦਾਰੀ ਦਾ ਭਰੋਸਾ ਦੇਣ ਉਪਰੰਤ, ਮੁੜ ਸਿੱਖ ਪਲਟਨਾਂ ਦੇ ਰੂਪ ਵਿੱਚ ਉਹਨਾਂ ਦਾ ਗਠਨ ਕੀਤਾ ਗਿਆ ਸੀ। ਜਿਹੜੇ ਸਿੱਖ ਅੰਬਾਲਾ ਤੋਂ ਦੱਖਣ ਵੱਲ ਦੀਆਂ ਪਲਟਣਾਂ ਨਾਲ ਸੰਬੰਧਿਤ ਸਨ ਤੇ ਹੁਣ ਮਾਝੇ ਵਿੱਚ ਛੁੱਟੀ ਤੇ ਸਨ, ਉਹਨਾਂ ਨੂੰ ਲਾਹੌਰ ਹਾਜ਼ਰ ਹੋਣ ਲਈ ਕਿਹਾ ਗਿਆ ਤੇ ਇਹ ਹੀ ਨਵੀਆਂ ਇਕਾਈਆਂ ਦੇ ਕੇਂਦਰੀ ਬਿੰਦੂ ਬਣੇ। (ਕੇਵ ਬਰਾਊਨ, 1857 ਵਿੱਚ ਪੰਜਾਬ ਅਤੇ ਦਿੱਲੀ I, ਪੰਨਾ 228 ਜੋਨ ਲਾਰੈਂਸ ਨੇ ਦਰਬਾਰ ਦੇ ਰਿਟਾਇਰ ਹੋਏ ਤੋਪਚੀਆਂ ਨੂੰ ਸਦ ਕੇ ਮੁੜ ਨਿਯੁਕਤੀ ਪੱਤਰ ਦਿੱਤੇ। ਉਹ ਖ਼ੁਸ਼ੀ-ਖ਼ੁਸ਼ੀ ਭਰਤੀ ਹੋ ਗਏ। (ਉਹੀ, ਪੰਨਾ 296) ਖੰਦਕ ਖੋਦਣ ਵਾਲਿਆਂ ਤੇ ਸੁਰੰਗਾਂ ਫਟਾਉਣ ਲਈ ਸੜਕਾਂ ਤੇ ਨਹਿਰਾਂ ਬਣਾਉਣ ਲਈ ਕੰਮ ਕਰਦੇ ਮਜ਼੍ਹਬੀ ਕਾਮਿਆਂ ਨੂੰ ਭਰਤੀ ਕੀਤਾ ਗਿਆ।

ਸਿੱਖਾਂ ਨੂੰ ਆਪਣੀਆਂ ਸੇਵਾਵਾਂ ਦੇ ਬੜੇ ਸ਼ਾਨਦਾਰ ਇਨਾਮ ਦਿੱਤੇ ਗਏ। ਰਾਜਿਆਂ ਨੂੰ ਇਲਾਕੇ ਤੇ ਸ਼ਾਨਦਾਰ ਨਿਵਾਸ ਦਿੱਤੇ ਗਏ[35] ਤੇ ਸਾਧਾਰਨ ਲੋਕਾਂ ਨੂੰ ਨੌਕਰੀਆਂ ਤੇ ਲੁੱਟਮਾਰ ਦੇ ਮੌਕੇ ਪ੍ਰਾਪਤ ਹੋਏ।

ਅੰਗਰੇਜ਼ੀ ਫ਼ੌਜ ਵਿੱਚ ਸਿੱਖਾਂ ਦੀ ਭਰਤੀ—ਜਿੱਥੋਂ ਤੱਕ ਸਿੱਖਾਂ ਦਾ ਸਬੰਧ ਸੀ, ਗਦਰ ਦਾ ਇਕ ਮਹੱਤਪੂਰਨ ਸਿੱਟਾ ਇਹ ਹੋਇਆ ਕਿ ਫ਼ੌਜ ਵਿੱਚ ਸਿੱਖਾਂ ਦੀ ਭਰਤੀ ਬੇਰੋਕ-ਟੋਕ ਖੋਲ੍ਹ ਦਿੱਤੀ ਗਈ ਤੇ ਬਰਤਾਨਵੀ ਫ਼ੌਜ ਵਿੱਚ ਭਰਤੀ ਲਈ ਉਹਨਾਂ ਦੀ ਮੰਗ ਬਹੁਤ ਵੱਧ ਗਈ। ਇਹ ਜਿਸ ਤਰ੍ਹਾਂ ਸੰਭਵ ਹੋਇਆ, ਉਹਨਾਂ ਦੀ ਪੜਾ ਵਾਰ ਸੰਖੇਪ ਦੁਹਰਾਈ ਲਾਭਕਾਰੀ ਹੋਵੇਗੀ।

1846 ਵਿੱਚ ਪਹਿਲੇ ਸਿੱਖ ਯੁੱਧ ਸਮੇਂ ਦਰਬਾਰ ਦੀ ਬਰਖ਼ਾਸਤ ਕੀਤੀ ਫ਼ੌਜ ਤੋਂ ਬੇਕਾਇਦਾ ਫ਼ੌਜ ਬਣਾਈ ਗਈ।[36] ਦੂਸਰੇ ਸਿੱਖ ਯੁੱਧ ਦੇ ਖ਼ਾਤਮੇ ਪਿੱਛੋਂ ਇਸ ਫ਼ੌਜ ਦੀ ਗਿਣਤੀ ਵਧਾ ਕੇ ਇਸ ਨੂੰ ਉੱਤਰ-ਪੱਛਮੀ ਸੀਮਾ ਤੇ ਤਬਦੀਲ ਕਰ ਦਿੱਤਾ ਗਿਆ। ਇਸ ਨੂੰ ਹੀ ਪੰਜਾਬ ਦੀ ਬੇਕਵਾਇਦ ਸੈਨਾ ਤੇ ਮਗਰੋਂ ਪੰਜਾਬ ਸੀਮਾ ਸੈਨਾ ਕਿਹਾ ਗਿਆ।

---

35. ਰਾਜਿਆਂ ਨੂੰ ਹੋਰ ਇਲਾਕੇ, ਖ਼ਤਾਬ, ਜਾਗੀਰਾਂ ਦਿੱਤੀਆਂ ਗਈਆਂ। ਪਟਿਆਲਾ ਨੂੰ ਝੱਜਰ ਦਾ ਨਾਰਨੌਲ ਮੰਡਲ, ਭਦੌੜ ਉੱਪਰ ਅਮਲਦਾਰੀ ਤੇ ਦਿੱਲੀ ਵਿੱਚ ਬੇਗਮ ਜ਼ੀਨਤ ਮਹਲ ਦਾ ਘਰ ਦਿੱਤਾ ਗਿਆ। (ਐਫ.ਸੀ. 188 ਮਿਤੀ 2.7.1858)
    ਜੀਂਦ ਨੂੰ ਦਾਦਰੀ ਪਰਗਣਾ, ਕੂਲੇਰਾਂ ਪਰਗਣੇ ਦੇ 13 ਪਿੰਡ ਤੇ ਸ਼ਹਿਜ਼ਾਦਾ ਅਬੂਬਕਰ ਦਾ ਦਿੱਲੀ ਵਿਚਲਾ ਘਰ ਦੇ ਦਿੱਤਾ ਗਿਆ। (ਐਫ.ਸੀ. 189 ਮਿਤੀ 2.7.1858) ਨਾਭੇ ਨੂੰ ਝੱਜਰ ਵਿੱਚ ਬਾਵਲ ਤੇ ਕਾਂਟੀ ਦਿੱਤੇ ਗਏ। (ਐਫ.ਸੀ. 190 ਮਿਤੀ 2.7.1858)
    ਝੱਜਰ ਦੇ ਇਲਾਕੇ ਦੀ ਤਬਦੀਲੀ ਜਾਣ ਬੁੱਝ ਕੇ ਕੀਤੀ ਗਈ ਸੀ। ਇਸ ਦਾ ਮਨੋਰਥ ਅਰਧ-ਸਰਕਾਰੀ ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ : "ਪੰਜਾਬ ਦੇ ਚੀਫ ਕਮਿਸ਼ਨਰ ਦੇ ਸੁਝਾਅ ਅਨੁਸਾਰ ਝੱਜਰ ਦੇ ਇਲਾਕਿਆਂ ਦੀ ਬੜੀ ਦੂਰਦਰਸ਼ਤਾ ਨਾਲ ਚੋਣ ਕੀਤੀ ਗਈ ਹੈ। ਉਸ ਖੇਤਰ ਦੇ ਸ਼ਰਾਰਤੀ ਮੁਸਲਮਾਨ ਵਸੋਂ ਅਤੇ ਅਲਵਰ ਤੇ ਜੈਪੁਰ ਦੀਆਂ ਆਜ਼ਾਦ ਰਿਆਸਤਾਂ ਸਮੇਤ ਜੈਪੁਰ ਦੇ ਅਧੀਨ ਸ਼ੇਖਾਵਤ ਤੇ ਕੱਟੜਾ ਦੇ ਇਲਾਕਿਆਂ ਦੇ ਜੋ ਪਿਛਲੇ ਸੰਕਟ ਸਮੇਂ ਮਿੱਤਰ ਸਿੱਧ ਨਹੀਂ ਹੋਏ, ਦੇ ਵਿਚਕਾਰ ਮਹਾਰਾਜਾ ਪਟਿਆਲੇ ਦੇ ਰੂਪ ਵਿੱਚ ਇਕ ਮਿੱਤਰ ਹਿੰਦੂ ਰਿਆਸਤ ਸਥਾਪਿਤ ਕਰ ਦਿੱਤੀ ਗਈ ਹੈ। ਝੱਜਰ ਦੀ ਸੀਮਾ ਦੀ ਸੁਰੱਖਿਆ ਲਈ ਤਕੜੀ ਸੀਮਾ ਪੁਲੀਸ ਦੀ ਲੋੜ ਪੈਣੀ ਸੀ ਜਿਸ ਦਾ ਫ਼ੌਜ ਵੱਲੋਂ ਸਮਰਥਨ ਜ਼ਰੂਰੀ ਸੀ, ਹੁਣ ਇਹ ਕਾਰਜ ਪਟਿਆਲਾ ਕਰੇਗਾ। ਨਾਭਾ ਨੂੰ ਬਾਵਲ ਤੇ ਕਾਂਟੀ ਦੇ ਇਲਾਕੇ ਮਹਾਰਾਜਾ ਪਟਿਆਲਾ ਨੂੰ ਦਿੱਤੇ ਨਾਰਨੌਲ ਨਾਲ ਲੱਗਦੇ ਸਨ, ਇਸ ਤਰ੍ਹਾਂ ਸਾਡੇ ਦੋ ਸਮਰਥਕ ਸਾਡੀ ਸੀਮਾ ਦੇ ਇਲਾਕਿਆਂ 'ਤੇ ਹਨ ਜਿਹਨਾਂ 'ਤੇ ਅਸੀਂ ਨਿਰਭਰ ਕਰ ਸਕਦੇ ਹਾਂ। ਥਾਨੇਸਰ ਤੇ ਅੰਬਾਲਾ ਦੇ ਜ਼ਿਲ੍ਹਿਆਂ ਦੇ ਜਾਗੀਰਦਾਰਾਂ ਨੂੰ ਲਗਾਨ ਮਾਫ ਕੀਤਾ ਗਿਆ ਤੇ ਉਪਾਧੀਆਂ ਬਖ਼ਸ਼ੀਆਂ ਗਈਆਂ।
36. ਬੇਕਵਾਇਦ ਪਦ "ਬਾਕਵਾਇਦ" ਦੇ ਉਲਟ ਉਹਨਾਂ ਦਲਾਂ ਲਈ ਵਰਤਿਆ ਜਾਂਦਾ ਸੀ ਜਿਹਨਾਂ ਨੂੰ ਜੋ ਸਾਧਾਰਨ ਸਥਾਨਕ ਕੰਮ ਲਈ ਕਾਇਮ ਕੀਤੇ ਜਾਂਦੇ ਸਨ ਤੇ ਜਿਸ ਵਿੱਚ ਦੇਸੀ ਅਫ਼ਸਰਾਂ ਦੀ ਗਿਣਤੀ ਕਾਫ਼ੀ ਹੁੰਦੀ ਸੀ ਤੇ ਕੁਝ ਚੋਣਵੇਂ ਹੀ ਅੰਗਰੇਜ਼ ਅਫ਼ਸਰ ਕਮਾਨ ਅਫ਼ਸਰ ਹੁੰਦੇ ਸਨ। ਉਹਨਾਂ ਨੂੰ ਗੁਰੀਲਾ ਯੁੱਧ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਸੀ।

1849 ਈ: ਵਿੱਚ ਲਾਰਡ ਡਲਹੌਜ਼ੀ ਨੇ, ਕੁਝ ਸੱਚੇ ਖ਼ਾਲਸੇ[37], ਅੰਗਰੇਜ਼ੀ ਫ਼ੌਜ ਵਿੱਚ ਭਰਤੀ ਕਰਨ ਦਾ ਫ਼ੈਸਲਾ ਕੀਤਾ। ਭਾਵੇਂ ਗਿਣਤੀ ਬਹੁਤ ਥੋੜ੍ਹੀ ਸੀ ਫਿਰ ਵੀ ਉਸ ਦੀ ਇਸ ਕਾਰਵਾਈ ਤੇ ਆਲੋਚਨਾ ਹੋਈ।[38]

ਸਿੱਖਾਂ ਦੀ ਭਰਤੀ ਦੇ ਸੁਆਲ ਤੇ ਗਵਰਨਰ ਜਨਰਲ ਸੈਨਾਪਤੀ ਤੇ ਪ੍ਰਬੰਧਕੀ ਬੋਰਡ ਨੇ ਵਿਚਾਰ ਕੀਤੀ। ਬਰਿਗੇਡੀਅਰ ਹੋਗਸਨ ਜਿਸ ਨੇ ਸਿੱਖ ਪਲਟਨ ਦੀ ਕਮਾਨ ਦੀ ਅਗਵਾਈ ਕੀਤੀ ਸੀ, ਉਸ ਨੇ ਇਸ ਬਾਰੇ ਇਕ ਯਾਦ-ਪੱਤਰ ਤਿਆਰ ਕੀਤਾ ਜੋ ਸਿੱਖਾਂ ਦੀ ਭਰਤੀ ਬਾਰੇ ਇਕ ਕਿਸਮ ਦਾ ਮਹਾਨ ਅਧਿਕਾਰ ਪੱਤਰ ਬਣਿਆ। ਇਸ ਵਿੱਚ ਪ੍ਰਸਤੁਤ ਕੀਤਾ ਗਿਆ ਕਿ ਹਾਲ ਦੀ ਘੜੀ ਪੰਜਾਬੀਆਂ ਦੀ ਭਰਤੀ ਹਰ ਪਲਟਨ ਵਿੱਚ 200 ਤੱਕ ਸੀਮਤ ਹੋਵੇ ਜਿਸ ਵਿੱਚ ਅੱਧੇ ਸਿੱਖ ਹੋਣ ਤੇ ਇਸ ਤਰ੍ਹਾਂ 74 ਪਲਟਨਾਂ ਵਿੱਚ ਸਿੱਖਾਂ ਦੀ ਕੁੱਲ ਗਿਣਤੀ 7400 ਹੋਵੇ। ਭਰਤੀ ਹੋਣ ਵਾਲਿਆਂ ਦੀ ਉਮਰ 20 ਤੋਂ ਥੱਲੇ ਹੋਵੇ ਤੇ ਇਸ ਤਰ੍ਹਾਂ ਦਰਬਾਰ ਦੇ ਵਧੇਰੀ ਉਮਰ ਦੇ ਖ਼ਾਲਸਿਆਂ ਦੀ ਭਰਤੀ ਤੇ ਮਨਾਹੀ ਹੋ ਗਈ। ਸਿਪਾਹਗਿਰੀ ਨੂੰ ਸਤਿਕਾਰਯੋਗ ਕਿੱਤਾ ਬਣਾਉਣ ਲਈ ਕੇਵਲ ਜੱਟ ਸਿੱਖ ਹੀ ਭਰਤੀ ਕੀਤੇ ਜਾਣੇ ਸਨ; ਤੇ ਨੀਵੀਂਆਂ ਜ਼ਾਤਾਂ ਦੇ ਸਿੱਖ ਜਿਵੇਂ ਮਜ਼੍ਹਬੀ, ਰਾਮਦਾਸੀਆਂ ਨੂੰ ਸਖ਼ਤੀ ਨਾਲ ਭਰਤੀ ਕਰਨ ਤੇ ਪਾਬੰਦੀ ਲਾ ਦਿੱਤੀ ਗਈ। ਸਭ ਤੋਂ ਮਹੱਤਵਪੂਰਨ ਫ਼ੈਸਲਾ ਇਹ ਲਿਆ ਗਿਆ ਤੇ ਜਿਸ ਦੇ ਸਿੱਖ ਧਰਮ ਦੀ ਅੱਡਰੀ ਪਛਾਣ ਵਿੱਚ ਬੜੇ ਪ੍ਰਭਾਵਸ਼ਾਲੀ ਸਿੱਟੇ ਨਿਕਲੇ ਉਹ ਇਹ ਸੀ ਕਿ ਸਿੱਖਾਂ ਨੂੰ ਭਰੋਸਾ ਦਿੱਤਾ ਗਿਆ ਕਿ ਜੋ ਫ਼ੌਜ ਵਿੱਚ ਭਰਤੀ ਹੋਵੇਗਾ ਉਸ ਦੇ ਸਿੱਖ ਰੀਤੀ ਮਰਿਆਦਾ ਵਿੱਚ ਦਖ਼ਲ-ਅੰਦਾਜ਼ੀ ਨਹੀਂ ਕੀਤੀ ਜਾਵੇਗੀ।

ਨਿਯਮਾਂ ਵਿੱਚ ਇਹ ਵਿਵਸਥਾ ਕੀਤੀ ਗਈ ਸੀ :

"ਸਿੱਖ ਭਾਈਚਾਰੇ ਦੀਆਂ ਧਾਰਮਕ ਪ੍ਰਤਿੱਗਿਆਵਾਂ ਵਿੱਚ ਕਿਸੇ ਹਾਲਤ ਵਿੱਚ ਵੀ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਵੇਗੀ। ਸਿੱਖਾਂ ਨੂੰ ਦਾੜ੍ਹੀ ਰੱਖਣ ਤੇ ਸਿਰ ਤੇ ਕੇਸ ਰੱਖਣ ਦੀ ਆਗਿਆ ਹੋਵੇਗੀ ਜਿਵੇਂ ਉਹਨਾਂ ਦੇ ਧਰਮ ਦਾ ਹੁਕਮ ਹੈ। ਇਹਨਾਂ ਉੱਪਰ ਕਿਸੇ ਕਿਸਮ ਦਾ ਹਮਲਾ ਉਹਨਾਂ ਦੇ ਧਰਮ ਨੂੰ ਬਦਲਣ ਦੀ ਨੀਤ ਸਮਝਿਆ ਜਾਵੇਗਾ ਜਿਸ ਦੇ ਗੰਭੀਰ ਸਿੱਟੇ ਨਿਕਲਣਗੇ ਤੇ ਜਿਸ ਦੇ ਕਾਰਨ ਕੁਦਰਤੀ ਹੀ ਚਿੰਤਾ ਤੇ ਅਵਿਸ਼ਵਾਸ ਪੈਦਾ ਹੋਵੇਗਾ। ਜਿਹਨਾਂ ਨੇ ਬਾਹਰਲੇ ਚਿੰਨ੍ਹ ਹੀ ਅਪਣਾਏ ਹੋਣਗੇ, ਬਰਤਾਨਵੀ ਫ਼ੌਜ ਵਿੱਚ ਭਰਤੀ ਹੋਣ ਪਿੱਛੋਂ ਉਹਨਾਂ ਨੂੰ ਵੀ ਇਹਨਾਂ ਨੂੰ ਤਿਆਗ ਦੇਣ ਦੀ ਆਗਿਆ ਨਹੀਂ ਹੋਵੇਗੀ।"[39]

---

37. ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਭਾਵੇਂ ਸਿੱਖ 'ਪਦ' ਦਰਬਾਰ ਦੇ ਪੁਨਰ ਨਿਯੁਕਤੀ ਦਲਾਂ ਲਈ ਵਰਤਿਆ ਜਾਂਦਾ ਸੀ, ਪਰ ਅਸਲੀਅਤ ਵਿੱਚ ਸਿੱਖ ਬਹੁਤ ਘੱਟ ਹੁੰਦੇ ਸਨ ਤੇ ਉਹ ਵਧੇਰੇ ਕਰਕੇ ਦਰਬਾਰ ਦੀ ਪੰਜਾਬੀ ਫ਼ੌਜ ਦੇ ਮੁਸਲਮਾਨ, ਗੋਰਖੇ ਤੇ ਹਿੰਦੁਸਤਾਨੀ ਹੀ ਹੁੰਦੇ ਸਨ।
38. ਬੇਇਰਡ, ਪ੍ਰਾਈਵੇਟ ਲੈਟਰਜ਼ ਔਫ ਮਾਰਕਵਿਸ ਔਫ ਡਲਹੌਜ਼ੀ, ਪੰਨਾ 84-85
39. ਐਸ.ਸੀ. 38 ਮਿਤੀ 28.2.1851 ਲਾਰਡ ਡਲਹੌਜ਼ੀ ਨੇ ਇਹਨਾਂ ਨਿਯਮਾਂ ਨੂੰ ਆਪਣੀ ਮਨਜ਼ੂਰੀ ਦਿੱਤੀ ਤੇ ਟਿੱਪਣੀ ਕੀਤੀ : "ਜਿਉਂ ਹੀ ਮੈਂ ਹੁਣ ਦੀ ਯਾਤਰਾ ਸਮੇਂ ਪੰਜਾਬ ਆਇਆ ਤਾਂ ਮੈਂ ਸੁਣਿਆ ਕਿ ਸਿੱਖਾਂ ਨੂੰ ਫ਼ੌਜ ਵਿੱਚ ਭਰਤੀ ਕੀਤਾ ਗਿਆ ਹੈ ਤੇ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਮਜ਼੍ਹਬੀਆਂ ਵਿਰੁੱਧ ਭੇਦ-ਭਾਵ ਅਨਿਆਂਪੂਰਨ ਸਮਝਿਆ[40] ਗਿਆ ਕਿਉਂਕਿ ਉਹ ਜੱਟਾਂ ਵਰਗੇ ਹੀ ਚੰਗੇ ਲੜਾਕੇ ਸਨ। ਇਸ ਪਾਸੇ ਸ਼ੁਰੂਆਤ ਉਸ ਸਮੇਂ ਕੀਤੀ ਗਈ ਜਦੋਂ ਉਹਨਾਂ ਨੂੰ ਵੈਰੀ ਪਠਾਨ ਕਬਾਇਲੀਆਂ ਨਾਲ ਭਰੇ ਪਹਾੜਾਂ ਵਿੱਚ ਸੜਕਾਂ ਬਣਾਉਣ ਲਈ ਮਜ਼ਦੂਰਾਂ ਵਜੋਂ ਭਰਤੀ ਕੀਤਾ ਗਿਆ। ਉਹਨਾਂ ਨੇ ਬਾਰੀ ਦੁਆਬ ਨਹਿਰ ਦੀ ਖੁਦਾਈ ਵੀ ਕੀਤੀ। ਮਜ਼੍ਹਬੀਆਂ ਨੂੰ ਮਿੱਟੀ ਵਿੱਚ ਕੰਮ ਕਰਨ ਵਾਲੇ ਸਮਝ ਕੇ ਨਾ ਹਥਿਆਰ ਤੇ ਨਾ ਹੀ ਵਰਦੀ ਦਿੱਤੀ ਜਾਂਦੀ ਸੀ। ਉਹਨਾਂ ਦੀ ਬਾਕਾਇਦਾ ਸਿਪਾਹੀਗੀਰੀ ਦੀ ਪਦ-ਉੱਨਤੀ ਤਾਂ ਗਦਰ ਸਮੇਂ ਹੋਈ।

ਸਿੱਖ ਸਿਪਾਹੀਆਂ ਨੇ ਆਪਣੀ ਸੂਰਬੀਰਤਾ ਦੇ ਗੁਣਾਂ ਤੇ ਵਫ਼ਾਦਾਰੀ ਦਾ ਸਬੂਤ 1852[41] ਵਿੱਚ ਐਂਗਲੋ ਬਰਮੀ ਯੁੱਧ ਵਿੱਚ ਤੇ ਦੋ ਸਾਲ ਮਗਰੋਂ ਉੱਤਰ-ਪੱਛਮੀ ਸੀਮਾ ਤੇ ਮੁਹੰਮਦ ਕਬਾਇਲੀਆਂ ਵਿਰੁੱਧ ਲੜਾਈ ਵਿੱਚ ਦਿੱਤਾ।[42] ਇਸ ਦੇ ਫਲਸਰੂਪ ਜਦੋਂ ਬਗ਼ਾਵਤ ਹੋਈ ਤਾਂ ਅੰਗਰੇਜ਼ ਅਧਿਕਾਰੀਆਂ ਨੂੰ ਭਰੋਸਾ ਸੀ ਕਿ ਸਿੱਖ ਵਿਦਰੋਹੀਆਂ ਨਾਲ ਮਿਲ ਨਹੀਂ ਜਾਣਗੇ ਤੇ ਇਸ ਲਈ ਉਹਨਾਂ ਦੀ ਬਰਖ਼ਾਸਤ ਕੀਤੇ ਗਏ ਪੂਰਬੀਆਂ ਦੀ ਥਾਂ 'ਤੇ ਚੋਣ ਕੀਤੀ ਗਈ। ਉਸ ਸਮੇਂ ਮਜ਼੍ਹਬੀਆਂ ਨੂੰ ਮਜ਼ਦੂਰਾਂ ਦੀ ਮੰਡਲੀ ਤੋਂ ਪਾਇਨੀਅਰਾਂ ਦੇ ਦਲ ਵਜੋਂ ਭਰਤੀ ਕਰਕੇ ਪਦ-ਉੱਨਤੀ ਕੀਤੀ ਗਈ।[43]

ਮਈ 1857 ਦੇ ਸ਼ੁਰੂ ਵਿੱਚ ਹਡਸਨ ਨੇ ਸੈਨਾ ਦੇ ਗੁਪਤਚਰ ਵਿਭਾਗ ਨਾਲ ਕੰਮ ਕਰਨ ਲਈ ਅਤੇ ਕਰਨਾਲ ਤੋਂ ਮੇਰਠ ਤੱਕ ਸੜਕ ਚਲਦੀ ਰੱਖਣ ਲਈ ਘੋੜਸਵਾਰਾਂ ਤੇ ਪਿਆਦਾ ਦਲ ਭਰਤੀ ਕੀਤਾ। ਹਡਸਨ ਨੇ ਪਹਿਲੇ 100 ਸਿੱਖ ਜੀਂਦ ਦੇ ਰਾਜੇ ਤੋਂ ਉਧਾਰੇ ਲਏ। ਫਿਰ ਉਸ ਨੇ ਦਰਬਾਰ ਦੀ ਫ਼ੌਜ ਦੇ ਪੁਰਾਣੇ ਬਰਖ਼ਾਸਤ ਘੋੜਚੜ੍ਹਿਆਂ 'ਚੋਂ ਤਿੰਨ ਰਿਸਾਲੇ ਭਰਤੀ ਕੀਤੇ। ਇਹ ਉਸ ਪ੍ਰਸਿੱਧ ਹਡਸਨ ਰਿਸਾਲੇ ਦਾ ਮੁੱਢ ਸੀ।[44] ਦੂਸਰੇ ਅੰਗਰੇਜ਼ ਅਫ਼ਸਰਾਂ ਨੇ ਆਪਣੇ ਬੇਕਵਾਇਦ ਦਲ ਵੀ ਭਰਤੀ ਕੀਤੇ। ਸਿੱਖ ਦਲਾਂ ਦੇ ਨਾਮ ਨਾਲ ਫਿਰ ਬਰੇਸਿਆਰ, ਰੋਥਨੇ ਤੇ ਰਤਰੇ ਦੇ ਨਾਮ ਜੁੜ ਗਏ।

☜ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਵਰਤਮਾਨ ਨਿਯਮਾਂ ਅਨੁਸਾਰ ਉਹਨਾਂ ਨੂੰ ਦਾੜ੍ਹੀ ਕੱਟਣੀ ਪੈਣੀ ਸੀ ਜਿਸ ਨੂੰ ਸੱਚਾ ਸਿੱਖ ਪ੍ਰਵਾਨ ਨਹੀਂ ਕਰ ਸਕਦਾ। ਇਹ ਅਸੰਭਵ ਹੈ ਕਿ ਉਹ ਇਸ ਤਰ੍ਹਾਂ ਬਿਨਾਂ ਡੂੰਘੀ ਅਸੰਤੁਸ਼ਟਤਾ ਦੇ ਕਰੇਗਾ। ...ਕੋਈ ਸੱਚਾ ਸਿੱਖ ਇਸ ਨੂੰ ਕਦੇ ਪ੍ਰਵਾਨ ਨਹੀਂ ਕਰੇਗਾ। ਇਸ ਗੱਲ ਦੀ ਜਾਣਕਾਰੀ, ਜੇ ਅਜਿਹਾ ਨਿਯਮ ਲਾਗੂ ਕੀਤਾ ਜਾਂਦਾ ਹੈ, ਦੂਸਰਿਆਂ ਸਿੱਖ ਦਲਾਂ ਵਿੱਚ ਫੈਲੇਗੀ ਤੇ ਇਸ ਨਾਲ ਚਿੰਤਾ ਵਧੇਗੀ, ਬੇਚੈਨੀ ਹੋਵੇਗੀ ਜਿਸ ਦੀ ਨਿੰਦਿਆ ਕੀਤੀ ਜਾਣੀ ਚਾਹੀਦੀ ਹੈ। ਇਹ ਪਹਿਲੂ ਤੁਰਤ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ।" ਐਸ.ਸੀ. 39 ਮਿਤੀ 28.2.1851

40. ਐਸ.ਸੀ. 44 ਮਿਤੀ 28.2.1851
41. ਬੇਅਰਡ, ਪ੍ਰਾਈਵੇਟ ਲੈਟਰਜ਼ ਔਫ ਮਾਰਕਵਿਸ ਔਫ ਡਲਹੌਜ਼ੀ, ਪੰਨਾ 200-01.
42. ਉਹੀ, ਪੰਨਾ 321
43. ਮਜ਼੍ਹਬੀਆਂ ਨੂੰ ਭਰਤੀ ਕਰਨ ਦਾ ਸਿਹਰਾ ਨਿਆਂ ਕਮਿਸ਼ਨਰ ਰਾਬਰਟ ਮਿੰਟਗੁਮਰੀ ਨੂੰ ਜਾਂਦਾ ਹੈ। ਮੈਕਮਨ, ਸਿੱਖ ਪਾਇਨੀਅਰਾਂ ਦਾ ਇਤਿਹਾਸ, ਪੰਨਾ 20-2
44. ਆਪਣੀਆਂ ਲਾਲ ਦਸਤਾਰਾਂ ਤੇ ਕਮਰਬੰਦਾਂ ਕਾਰਨ ਹਡਸਨ ਦੇ ਰਿਸਾਲੇ ਨੂੰ ਲਮਢੀਂਗ ਕਿਹਾ ਜਾਂਦਾ ਸੀ।

ਘਟਨਾਵਾਂ ਦੀ ਦਿਸ਼ਾ ਦਾ ਨਿਰੀਖਣ ਕਰਨ ਉਪ੍ਰੰਤ ਤੇ ਮਹਾਰਾਜਾ ਪਟਿਆਲਾ, ਜੀਂਦ ਤੇ ਨਾਭਾ[45] ਨਾਲ ਸਲਾਹ ਕਰਕੇ ਅੰਗਰੇਜ਼ ਅਧਿਕਾਰੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਖ਼ਾਸ ਜ਼ਾਤੀ 'ਤੇ ਭਰੋਸਾ ਰੱਖਣ ਦੀ ਥਾਂ ਸਾਡੀਆਂ ਦੇਸੀ ਫ਼ੌਜਾਂ ਵਿੱਚ ਜਿੱਥੋਂ ਤੱਕ ਸੰਭਵ ਹੋਵੇ[46] ਜ਼ਾਤੀਆਂ ਨੂੰ ਇਕੱਠਿਆਂ ਮਿਲਾ ਕੇ ਰੱਖਿਆ ਜਾਵੇ। ਪ੍ਰੰਤੂ ਸਿੱਖਾਂ ਦੀ ਉਹਨਾਂ ਦੇ ਬਗ਼ਾਵਤ ਨੂੰ[47] ਦਬਾਉਣ ਲਈ ਪਾਏ ਯੋਗਦਾਨ ਕਾਰਨ ਵਿਸ਼ੇਸ਼ ਪ੍ਰਸ਼ੰਸਾ ਕੀਤੀ ਗਈ ਤੇ ਇਨਾਮ ਦਿੱਤੇ ਗਏ।

1858 ਵਿੱਚ ਭਾਰਤੀ ਸੈਨਾ ਦੇ ਪੁਨਰ-ਗਠਨ ਦੇ ਵਿਸ਼ੇ ਦੀ ਸੰਭਾਵਨਾ ਦੀ ਪੜਤਾਲ ਕਰਨ ਲਈ ਜਨਰਲ ਪੀਲ ਅਧੀਨ ਇਕ ਕਮਿਸ਼ਨ ਨਿਯੁਕਤ ਕੀਤਾ ਗਿਆ। ਇਸ ਨੇ ਸਿਫ਼ਾਰਸ਼ ਕੀਤੀ ਕਿ ਦੇਸ਼ੀ ਤੇ ਅੰਗਰੇਜ਼ੀ ਸੈਨਿਕਾਂ ਦਾ ਅਨੁਪਾਤ 2 : 1 ਦਾ ਰੱਖਿਆ ਜਾਵੇ ਤੇ ਤੋਪਖਾਨੇ ਵਿੱਚ ਕੋਈ ਦੇਸੀ ਸਿਪਾਹੀ ਭਰਤੀ ਨਾ ਕੀਤਾ ਜਾਵੇ। ਇਹ ਸਿਫ਼ਾਰਸ਼ਾਂ ਪ੍ਰਵਾਨ ਕਰ ਲਈਆਂ ਗਈਆਂ ਤੇ ਤੁਰਤ ਹੀ ਇਹਨਾਂ 'ਤੇ ਅਮਲ ਸ਼ੁਰੂ ਹੋ ਗਿਆ। ਦੋ ਸਾਲਾਂ ਦੇ ਅੰਦਰ ਹੀ ਦੇਸੀ ਫ਼ੌਜਾਂ ਦੀ ਗਿਣਤੀ 140500 ਹੋ ਗਈ ਤੇ ਯੂਰਪੀਨਾਂ ਦੀ ਗਿਣਤੀ 75,300 ਕਰ ਦਿੱਤੀ ਗਈ ਤੇ 1869 ਤੱਕ ਇਹ ਗਿਣਤੀ 62000 ਯੂਰਪੀਨਾਂ ਦੇ ਮੁਕਾਬਲੇ 122000 ਕਰ ਦਿੱਤੀ ਗਈ। ਫ਼ੌਜ ਦੀ ਬਣਤਰ ਵਿੱਚ ਨਸਲੀ ਤਬਦੀਲੀ ਨੂੰ ਸੈਨਾਪਤੀ ਲਾਰਡ ਰਾਬਰਟ (1885-93) ਨੇ ਸਥਾਈ ਸਰੂਪ ਦਿੱਤਾ। ਸਿੱਖ, ਗੋਰਖ, ਡੋਗਰੇ, ਰਾਜਪੂਤ ਤੇ ਪੰਜਾਬੀ ਮੁਸਲਮਾਨਾਂ ਨੂੰ ਜੰਗਜੂ ਮੰਨ ਲਿਆ ਜਦੋਂ ਪੂਰਬੀਆਂ ਸਮੇਤ ਜਿਹਨਾਂ ਨੇ ਅੰਗਰੇਜ਼ਾਂ ਲਈ ਅਨੇਕਾਂ ਲੜਾਈਆਂ ਜਿੱਤੀਆਂ ਸਨ, ਉਹਨਾਂ ਨੂੰ ਗ਼ੈਰ-ਲੜਾਕੂ ਤੇ ਫ਼ੌਜੀ ਨੌਕਰੀ ਦੇ ਅਯੋਗ ਸਮਝਿਆ ਗਿਆ। ਜੰਗਜੂ ਜ਼ਾਤੀਆਂ ਵਿੱਚ ਸਿੱਖ ਤੇ ਗੋਰਖੇ ਅੰਗਰੇਜ਼ ਅਫ਼ਸਰਾਂ ਦੇ ਚਹੇਤੇ ਸਨ।

ਭਾਰਤ ਅਤੇ ਪੰਜਾਬ ਵਿੱਚ ਪ੍ਰਬੰਧਕੀ ਤਬਦੀਲੀਆਂ—ਵਿਦਰੋਹ ਪਿੱਛੋਂ ਕੋਰਟ ਔਫ ਡਾਇਰੈਕਟਰਜ਼ ਨੇ ਈਸਟ ਇੰਡੀਆ ਕੰਪਨੀ ਸਮਾਪਤ ਕਰ ਦਿੱਤੀ ਤੇ ਇਸ ਦ ਅਧਿਕਾਰ ਪਾਰਲੀਮੈਂਟ ਨੂੰ ਸੌਂਪ ਦਿੱਤੇ। ਪਾਰਲੀਮੈਂਟ ਨੇ ਸਕੱਤਰ ਦੀ ਨਿਯੁਕਤੀ ਕੀਤੀ ਤੇ ਉਸ ਨੂੰ ਅਤੇ ਗਵਰਨਰ ਜਨਰਲ ਨੂੰ ਭਾਰਤ ਦਾ ਰਾਜ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

---

45. ਪਟਿਆਲੇ ਦੇ ਰਾਜੇ ਨੇ ਸਲਾਹ ਦਿੱਤੀ ਕਿ ਦੇਸੀ ਫ਼ੌਜਾਂ ਵਿੱਚ ਪੰਜਾਬੀਆਂ ਦੀ ਗਿਣਤੀ ਤੀਸਰੇ ਹਿੱਸੇ ਤੋਂ ਵੱਧ ਨਹੀਂ ਹੋਣੀ ਚਾਹੀਦੀ ਤੇ ਜੀਂਦ ਦੇ ਰਾਜੇ ਨੇ ਤਾਂ ਇਥੋਂ ਤੱਕ ਕਿਹਾ ਕਿ ਸਿੱਖ ਵਿਸ਼ਵਾਸਯੋਗ ਹੀ ਨਹੀਂ ਹਨ। ਐਸ.ਸੀ. 1 ਤੇ 2 ਮਿਤੀ 29.10.1858
46. ਐਸ.ਸੀ. 1 ਮਿਤੀ 29.10.1858
47. ਸਿੱਖਾਂ ਨੂੰ ਉਸ ਨਾਜ਼ੁਕ ਸਮੇਂ ਭਰਤੀ ਕੀਤਾ ਗਿਆ ਜਦੋਂ ਭਰਤੀ ਕਰਨ ਵਾਲੇ ਸਾਰੇ ਕੇਂਦਰ ਵਿਦਰੋਹੀਆਂ ਦੇ ਅਧੀਨ ਸਨ ਜਾਂ ਉੱਥੇ ਬਗ਼ਾਵਤ ਹੋ ਗਈ ਸੀ। ਉਹਨਾਂ ਨੂੰ ਸਾਮਰਾਜ ਦੇ ਬਚਾਓ ਲਈ ਬੁਲਾਇਆ ਗਿਆ ਤੇ ਉਹਨਾਂ ਨੇ ਆਪਣਾ ਉਦੇਸ਼ ਪੂਰਾ ਕਰ ਦਿੱਤਾ। ਸਾਡੀ ਸਭ ਦੀ ਉਸ ਸੂਝ ਤੇ ਦਲੇਰੀ ਵਾਲੀ ਨੀਤੀ ਪ੍ਰਤੀ ਹਾਰਦਿਕ ਕ੍ਰਿਤੱਗਯਤਾ ਹੈ ਜਿਸ ਨੇ ਉਹਨਾਂ ਨੂੰ ਜੰਗ ਦੇ ਮੈਦਾਨ ਵਿੱਚ ਲਿਆਂਦਾ ਤੇ ਮੈਨੂੰ ਯਕੀਨ ਹੈ ਕਿ ਭਵਿੱਖ ਵਿੱਚ ਵੀ ਉਹਨਾਂ ਨੂੰ ਆਪਣੇ ਹੁਕਮ ਵਿੱਚ ਰੱਖਣ ਦੇ ਉਪਾਅ ਲੱਭੇ ਜਾਣਗੇ। ਐਸ.ਸੀ. 2 ਮਿਤੀ 29.10.1858.

ਜਿੱਥੋਂ ਤੱਕ ਪੰਜਾਬ ਦਾ ਸੰਬੰਧ ਹੈ ਸਭ ਤੋਂ ਮਹੱਤਵਪੂਰਨ ਪ੍ਰਬੰਧਕੀ ਤਬਦੀਲੀ ਹਰਿਆਣਾ ਅਤੇ ਦਿੱਲੀ ਨੂੰ ਪੰਜਾਬ ਨਾਲ ਜੋੜਨ ਦੀ ਕੀਤੀ ਗਈ। ਨਵੇਂ ਜ਼ਿਲ੍ਹਿਆਂ ਵਿੱਚ ਉਹ ਲੋਕ ਰਹਿੰਦੇ ਸਨ ਜੋ ਨਾ ਪੰਜਾਬੀ ਬੋਲਦੇ ਸਨ ਤੇ ਨਾ ਹੀ ਉਹ ਪੰਜਾਬੀਆਂ ਵਰਗੇ ਉੱਦਮੀ ਤੇ ਸਾਹਸੀ ਸਨ। ਉਹਨਾਂ ਦੀ ਜੀਵਨ-ਸ਼ੈਲੀ ਤੇ ਕਦਰਾਂ-ਕੀਮਤਾਂ ਪੰਜਾਬੀਆਂ ਨਾਲੋਂ ਇਤਨੀਆਂ ਹੀ ਭਿੰਨ ਸਨ ਜਿਤਨੀ ਉਹਨਾਂ ਦੀ ਆਰਥਿਕ ਹਾਲਤ। ਬਹੁਤ ਸਾਰਾ ਹਰਿਆਣਾ ਇਕ ਮਾਰੂਥਲ ਸੀ ਤੇ ਦੁੱਖ ਦੀ ਗੱਲ ਇਹ ਸੀ ਕਿ ਉੱਥੇ ਖਾਧ ਪਦਾਰਥਾਂ ਦੀ ਵੀ ਘਾਟ ਸੀ। ਦਿੱਲੀ ਇਕ ਵਪਾਰਕ ਸ਼ਹਿਰ ਸੀ ਜਿਸ ਦੀ ਪੇਂਡੂ ਤੇ ਚਰਾਹਗਾਹਾਂ ਵਾਲੇ ਪੰਜਾਬ ਨਾਲ ਬੜੀ ਘੱਟ ਸਾਂਝ-ਸਮਾਨਤਾ ਸੀ। ਇਸ ਅਣਜੋੜ ਨੇ ਮਗਰੋਂ ਆਉਣ ਵਾਲੀਆਂ ਸਰਕਾਰਾਂ ਲਈ ਕਈ ਮੁਸ਼ਕਲਾਂ ਪੈਦਾ ਕਰ ਦਿੱਤੀਆਂ।

ਪੰਜਾਬ ਦੇ ਪ੍ਰਬੰਧਕੀ ਮੁਖੀ ਦਾ ਦਰਜਾ ਚੀਫ਼ ਕਮਿਸ਼ਨਰ ਤੋਂ ਵਧਾ ਕੇ ਲੈਫਟੀਨੈਂਟ ਗਵਰਨਰ ਦਾ ਕਰ ਦਿੱਤਾ ਗਿਆ। ਜੌਨ ਲਾਰੈਂਸ ਨੇ ਇਹ ਪਦਵੀ ਇਕ ਮਹੀਨੇ ਲਈ ਸੰਭਾਲੀ। ਉਸ ਦਾ ਉੱਤਰਾਧਿਕਾਰੀ ਰਾਬਰਟ ਮਿੰਟਗੁਮਰੀ ਬਣਿਆ।

1861 ਦੇ ਭਾਰਤੀ ਕੌਂਸਲ ਦੇ ਕਾਨੂੰਨ ਅਨੁਸਾਰ ਗਵਰਨਰ ਜਨਰਲ ਦੀ ਕੌਂਸਲ ਵਿੱਚ ਭਾਰਤੀ ਮੈਂਬਰਾਂ ਦੀ ਗਿਣਤੀ ਵਧਾ ਦਿੱਤੀ ਗਈ। ਮਹਾਰਾਜਾ ਪਟਿਆਲਾ ਨੂੰ ਇਸ ਕੌਂਸਲ ਵਿੱਚ ਨਾਮਜ਼ਦ ਕਰਕੇ ਸਿੱਖਾਂ ਵੱਲੋਂ ਵਿਦਰੋਹ ਸਮੇਂ ਨਿਭਾਹੀ ਗਈ ਭੂਮਿਕਾ ਪ੍ਰਤੀ ਕ੍ਰਿਤਗੱਯਤਾ ਪ੍ਰਗਟ ਕੀਤੀ ਗਈ।

ਕਾਂਡ—7

ਜਲ ਸ਼ਕਤੀ[1]

ਵਿਦਰੋਹ ਤੋਂ ਮਗਰੋਂ ਸਰਕਾਰ ਨੇ ਮਾਰੂਥਲ ਨੂੰ ਸੁਧਾਰ ਕੇ ਉਪਜਾਊ ਬਣਾਉਣ ਤੇ ਮੁਲਕ ਵਿੱਚ ਰੇਲਵੇ ਮਾਰਗ ਤੇ ਸੜਕਾਂ ਦਾ ਜਾਲ ਵਿਛਾਉਣ ਦਾ ਕੰਮ ਮੁੜ ਸ਼ੁਰੂ ਕੀਤਾ। ਹਸਲੀ ਨਹਿਰ ਦਾ ਵਿਸਥਾਰ ਕੀਤਾ ਗਿਆ। ਰਾਵੀ ਜਦੋਂ ਮੈਦਾਨ ਵਿੱਚ ਦਾਖ਼ਲ ਹੁੰਦੀ ਹੈ, ਉਸ ਥਾਂ ਤੋਂ ਹੀ ਇਸ ਨੂੰ ਵਰਤੋਂ ਵਿੱਚ ਲਿਆਉਣ ਦਾ ਕਾਰਜ ਸ਼ੁਰੂ ਕੀਤਾ ਗਿਆ ਤੇ ਇਸ ਵਿੱਚੋਂ ਇਕ ਨਹਿਰ ਕੱਢੀ ਗਈ ਜੋ ਅੰਮ੍ਰਿਤਸਰ ਤੇ ਲਾਹੌਰ ਦੇ ਜ਼ਿਲ੍ਹਿਆਂ ਤੋਂ ਪਾਰ ਜਾ ਕੇ ਮੁਲਤਾਨ ਦੇ ਉੱਪਰੋਂ ਫਿਰ ਮੁੱਖ ਨਦੀ ਵਿੱਚ ਜਾ ਪੈਂਦੀ ਸੀ। ਇਹ ਕਾਰਜ 1861 ਵਿੱਚ ਮੁਕੰਮਲ ਹੋਇਆ ਤੇ ਨਹਿਰ ਅਪਰ ਬਾਰੀ ਦੁਆਬ ਕਰਕੇ ਪ੍ਰਸਿੱਧ ਹੋਈ।

ਦਸ ਸਾਲ ਮਗਰੋਂ ਜਮਨਾ ਦਰਿਆ ਵਿੱਚੋਂ ਵੀ ਉਸ ਤਰ੍ਹਾਂ ਨਹਿਰ ਕੱਢੀ ਗਈ। ਪੱਛਮੀ ਜਮਨਾ ਨਹਿਰ ਅੰਬਾਲਾ, ਕਰਨਾਲ, ਹਿਸਾਰ ਤੇ ਰੋਹਤਕ ਦੇ ਦੱਖਣੀ ਜ਼ਿਲ੍ਹਿਆਂ ਦੀ ਸਿੰਚਾਈ ਕਰਦੀ ਸੀ।

1886-88 ਦੇ ਸਾਲਾਂ ਵਿੱਚ ਮੁਲਤਾਨ ਦੇ ਇਰਦ-ਗਿਰਦ ਦੇ ਮਾਰੂਥਲ ਨੂੰ ਸੋਧ ਕੇ ਉਪਜਾਊ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਸਤਲੁਜ ਦਰਿਆ ਤੋਂ ਪਾਣੀ ਲੈ ਕੇ 177000 ਬੰਜਰ ਭੂਮੀ ਵਾਹੀ ਯੋਗ ਬਣਾਈ ਗਈ। ਇਹ ਤਜ਼ਰਬਾ ਸਫਲ ਨਾ ਹੋਇਆ ਕਿਉਂਕਿ ਇਹ ਨਹਿਰ ਬਾਰਾਂ ਮਹੀਨੇ ਪਾਣੀ ਨਹੀਂ ਦੇ ਸਕਦੀ ਸੀ। ਮੁਲਤਾਨ ਵਿੱਚ ਕੀਤੀ ਗ਼ਲਤੀ ਦਾ ਇੰਜਨੀਅਰਾਂ ਤੇ ਨਵੇਂ ਆਬਾਦਕਾਰਾਂ ਦੋਹਾਂ ਨੇ ਉਸ ਸਮੇਂ ਲਾਭ ਉਠਾਇਆ ਜਦੋਂ ਚਾਰ ਸਾਲ ਮਗਰੋਂ 1892 ਵਿੱਚ 10 ਲੱਖ ਏਕੜ ਭੂਮੀ ਦੀ ਚਨਾਬ[2] 'ਚੋਂ ਨਹਿਰ ਕੱਢ ਕੇ ਸਿੰਚਾਈ ਕੀਤੀ ਗਈ। ਚਨਾਬ ਕਾਲੋਨੀ ਦੀ ਸਫਲਤਾ ਮਗਰੋਂ ਉਸੇ ਤਰ੍ਹਾਂ ਦੀ ਹੀ ਸਫਲਤਾ ਮਗਰੋਂ 1892 ਤੇ 1897 ਵਿੱਚ ਜ਼ਿਹਲਮ ਦਰਿਆ ਦੇ ਪਾਣੀ ਨਾਲ ਸ਼ਾਹਪੁਰ ਥਲ ਦੀ ਸਿੰਚਾਈ ਕਰਕੇ ਪ੍ਰਾਪਤ ਹੋਈ। ਸਭ ਸਿੰਚਾਈ ਯੋਜਨਾਵਾਂ ਤੋਂ ਵਧੇਰੇ ਦਲੇਰੀ ਭਰਿਆ ਕਾਰਜ 1905 ਵਿੱਚ ਸ਼ੁਰੂ ਕੀਤੀ ਗਈ ਤੀਹਰੀ ਸਿੰਚਾਈ ਯੋਜਨਾ ਸੀ ਜੋ ਬਾਰ੍ਹਾਂ ਵਰ੍ਹੇ ਮਗਰੋਂ ਪੂਰੀ ਕੀਤੀ ਗਈ। ਇਸ ਯੋਜਨਾ ਦੀ ਵਿਉਂਤ ਮੁੱਖ ਰੂਪ ਵਿੱਚ ਸਰ ਰਾਬਰਟ ਦੇ ਨਾਮ 'ਤੇ ਕਾਇਮ ਕੀਤੇ ਜ਼ਿਲ੍ਹਾ ਮਿੰਟਗੁਮਰੀ ਨੂੰ ਪਾਣੀ ਦੇਣ ਲਈ ਕੀਤੀ ਗਈ ਸੀ। ਕਿਉਂਕਿ ਰਾਵੀ ਦਾ ਪਾਣੀ ਪਹਿਲਾਂ ਹੀ ਅਪਰ ਬਾਰੀ ਦੁਆਬ ਨਹਿਰ ਲਈ ਵਰਤ ਲਿਆ ਗਿਆ ਸੀ ਤੇ ਇਸ ਵਿੱਚ ਫ਼ਾਲਤੂ ਪਾਣੀ ਨਹੀਂ ਸੀ। ਯੋਜਨਾ ਇਹ ਬਣਾਈ ਗਈ ਕਿ

1. "ਜਲ-ਸ਼ਕਤੀ" ਪੰਜਾਬ ਦਾ ਨੀਤੀ ਮੰਤਰ ਸੀ।
2. 1922 ਵਿੱਚ ਲੋਇਰ ਚਨਾਬ ਨਹਿਰ 25 ਲੱਖ ਏਕੜ ਭੂਮੀ ਦੀ ਸਿੰਚਾਈ ਕਰਦੀ ਸੀ। — ਡਾਰਲਿੰਗ—ਦੀ ਪੰਜਾਬ ਪੇਜ਼ੈਂਟ ਇਨ ਪਰੋਸਪੈਰਿਟੀ ਐਂਡ ਡੈਟ, ਪੰਨਾ 150

ਰਾਵੀ ਵਿੱਚ ਜਿਹਲਮ ਤੇ ਚਨਾਬ ਦਰਿਆਵਾਂ ਦਾ ਪਾਣੀ ਲਿਆ ਕੇ ਪਾਇਆ ਜਾਵੇ ਤੇ ਫਿਰ ਮਿੰਟਗੁਮਰੀ ਜ਼ਿਲ੍ਹੇ ਲਈ ਇਹ ਪਾਣੀ ਵਰਤ ਲਿਆ ਜਾਵੇ।

ਆਖ਼ਰ ਜਿਹਲਮ ਨਹਿਰ ਜਿਹਲਮ ਦੇ ਪਾਣੀ ਨਾਲ ਚੱਜ ਦੁਆਬ ਦੀ 350000 ਏਕੜ ਭੂਮੀ ਦੀ ਸਿੰਚਾਈ ਕਰਨ ਪਿੱਛੋਂ ਦਰਿਆ ਚਨਾਬ ਵਿੱਚ ਜਾ ਡਿੱਗਦੀ ਸੀ। ਫਿਰ ਚਨਾਬ 'ਚੋਂ ਅਪਰ ਚਨਾਬ ਨਹਿਰ ਨਿਕਲਦੀ ਸੀ ਤੇ ਉਹ ਰਚਨਾ ਦੁਆਬ ਦੇ ਗੁੱਜਰਾਂਵਾਲਾ ਤੇ ਸ਼ੇਖੂਪੁਰਾ ਦੀ 6,50,000 ਏਕੜ ਭੂਮੀ ਦੀ ਸਿੰਚਾਈ ਕਰਦੀ ਸੀ ਤੇ ਫਿਰ ਰਾਵੀ ਉੱਪਰ ਦੀ 550 ਗਜ਼ ਦਾ ਬੰਨ੍ਹ ਲਾ ਕੇ, ਪੱਧਰੇ ਲਾਂਘੇ ਰਾਹੀਂ ਪਾਣੀ ਦੂਸਰੇ ਪਾਸੇ ਪਹੁੰਚਾਇਆ ਜਾਂਦਾ ਸੀ। ਇਸ ਤੀਹਰੀ ਜਲ ਯੋਜਨਾ ਦਾ ਤੀਸਰਾ ਹਿੱਸਾ, ਲੋਇਰ ਬਾਰੀ ਦੁਆਬ, ਉੱਥੋਂ ਨਿਕਲ ਕੇ ਮਿੰਟਗੁਮਰੀ ਜ਼ਿਲ੍ਹੇ ਵਿੱਚੋਂ ਮੁਲਤਾਨ ਜ਼ਿਲ੍ਹੇ ਵਿੱਚ 134 ਮੀਲ ਜਾ ਕੇ ਫਿਰ ਰਾਵੀ ਵਿੱਚ ਜਾ ਪੈਂਦੀ ਸੀ।[3]

ਇਹਨਾਂ ਨਹਿਰਾਂ ਦੀ ਖੁਦਾਈ ਦੇ ਨਾਲ ਹੀ ਮਾਰੂਥਲਾਂ ਦੀ ਭੂਮੀ ਦਾ ਵੱਡੇ ਪੱਧਰ 'ਤੇ ਪੁਨਰਵਾਸ ਕਰਨ ਦਾ ਕਾਰਜ ਸ਼ੁਰੂ ਹੋ ਗਿਆ। ਉਸ ਸਮੇਂ ਤੱਕ ਦੁਆਬੇ ਬੇਮਿਸ਼ਾਲ ਉਜਾੜ ਤੇ ਵੀਰਾਨ ਦ੍ਰਿਸ਼ ਸਨ ਮੀਲਾਂ ਤੱਕ ਖ਼ੁਸ਼ਕ ਤੇ ਬੰਜਰ ਬੀਆਬਾਨ ਧਰਤੀ ਸੀ, ਕਿਤੇ ਕਿਤੇ ਜੰਗਲੀ ਝਾੜੀਆਂ ਤੇ ਛੋਟੇ-ਛੋਟੇ ਦਰਖ਼ਤ ਸਨ ਪਰ ਉਹਨਾਂ ਵਿੱਚ ਜ਼ਿੰਦਗੀ ਦੀ ਕੋਈ ਧੜਕਣ ਨਹੀਂ ਸੀ।[4] ਏਥੋਂ ਦੇ ਦੁਆਬਿਆਂ ਦੇ ਮੂਲਵਾਸੀਆਂ ਨੂੰ ਜੋ ਆਮ ਤੌਰ 'ਤੇ ਪਸ਼ੂ ਚਾਰਨ ਵਾਲ ਖਾਨਾਬਦੋਸ਼ ਸਨ, ਉਹਨਾਂ ਨੂੰ ਪਿੰਡਾਂ ਵਿੱਚ ਵੱਸਣ ਤੇ ਕਾਨੂੰਨ ਪੱਖੋਂ ਉੱਚਿਤ ਕਿੱਤਿਆਂ ਵਿੱਚ ਆਪਣੀ ਤਾਕਤ ਵਰਤਣ ਲਈ ਮਜਬੂਰ ਕਰ ਦਿੱਤਾ ਗਿਆ।

ਸਿੱਖਾਂ ਲਈ ਜੋ ਖੇਤਰ ਵਿਸ਼ੇਸ਼ ਕਰਕੇ ਚੁਣਿਆ ਗਿਆ ਉਸ ਨੂੰ ਨੀਲੀ ਬਾਰ ਕਿਹਾ ਜਾਂਦਾ ਸੀ ਤੇ ਉਸ ਦੀ ਸਿੰਚਾਈ ਚਨਾਬ ਦੀਆਂ ਨਹਿਰਾਂ[5] ਨਾਲ ਕੀਤੀ ਜਾਂਦੀ ਸੀ।

ਨੌਆਬਾਦਕਾਰੀ ਅਫ਼ਸਰਾਂ ਨੇ ਵਧੀਆ ਕਿਸਾਨਾਂ ਦੀ ਚੋਣ ਕਰਨ ਲਈ ਅੰਮ੍ਰਿਤਸਰ,

---

3. ਤੀਹਰੀ ਜਲ ਯੋਜਨਾ ਦੀ ਵਿਉਂਤ ਸਰ ਜੋਨ ਬੈਨਟਨ ਨੇ ਤਿਆਰ ਕੀਤੀ ਸੀ।
4. ਸਰ ਜੇ ਡਊਈ ਦਾ 7 ਮਈ 1914 ਦਾ ਪਰਚਾ ਜੋ ਰਾਇਲ ਸੁਸਾਇਟੀ ਔਫ ਆਰਟਸ ਲੰਡਨ ਵਿੱਚ ਪੜ੍ਹਿਆ ਗਿਆ। ਉਸ ਸਮੇਂ ਇਕ ਪ੍ਰਚੱਲਤ ਕਥਾ ਸੀ ਕਿ ਲੈਫ. ਗਵਰਨਰ ਤੇ ਉਹਦੇ ਸ੍ਰੇਸ਼ਠ ਅਫ਼ਸਰ ਇਕ ਸ਼ਰਾਬਖਾਨੇ ਗਏ ਤੇ ਉਹਨਾਂ ਨੂੰ ਸੰਦੇਹ ਸੀ ਕਿ ਜੇ ਨਹਿਰਾਂ ਕੱਢ ਵੀ ਦਿੱਤੀਆਂ ਤਾਂ ਕੀ ਕਿਸਾਨ ਉਹਨਾਂ ਖ਼ੁਸ਼ਕ ਜ਼ਮੀਨਾਂ ਵਿੱਚ ਵੱਸਣ ਨੂੰ ਤਿਆਰ ਹੋ ਜਾਣਗੇ। ਉਹਨਾਂ ਨੇ ਇਕ ਬੁੱਢੇ ਪੰਜਾਬੀ ਕਿਸਾਨ ਨੂੰ ਪੁੱਛਿਆ, "ਜਨਾਬ, ਵੇਖੋ ਏਥੇ ਕੋਈ ਮੱਖੀ ਨਹੀਂ ਹੈ। ਜੇ ਤੁਸੀਂ ਖੰਡ ਖਿਲਾਰ ਦਿਉਗੇ ਤਾਂ ਏਥੇ ਮੱਖੀਆਂ ਝੱਟ ਹੀ ਆ ਜਾਣਗੀਆਂ। ਤੇ ਜੇ ਤੁਸੀਂ ਨਹਿਰਾਂ ਕੱਢ ਦੇਵੋਗੇ ਤਾਂ ਤੁਹਾਨੂੰ ਆਬਾਦਕਾਰਾਂ ਦਾ ਘਾਟਾ ਨਹੀਂ ਰਹੇਗਾ।"
5. ਚਨਾਬ 'ਚੋਂ 427 ਮੀਲ ਲੰਬੀਆਂ ਨਹਿਰਾਂ, 2280 ਮੀਲ ਲੰਬੀਆਂ ਕੱਸੀਆਂ, 12000 ਮੀਲ ਲੰਬੇ ਖਾਲੇ ਕੱਢੇ ਗਏ। ਇਹਨਾਂ ਨਾਲ 25 ਲੱਖ ਏਕੜ ਭੂਮੀ ਦੀ ਸਿੰਚਾਈ ਕੀਤੀ ਗਈ। ਮਾਮਲਾ ਖ਼ਰਚ ਦਾ 34% ਸੀ। ਸਿੰਚਾਈ ਅਧੀਨ ਫ਼ਸਲਾਂ ਦੀ ਸਾਲਾਨਾ ਉਪਜ 7.800000 (ਸੱਤ ਕਰੋੜ 80 ਲੱਖ ਰੁਪਏ ਜੋ ਨਹਿਰਾਂ ਤੋਂ ਆਏ ਖ਼ਰਚ ਦਾ ਤਿੰਨ ਗੁਣਾਂ ਸੀ।

ਲੁਧਿਆਣਾ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਨੱਠ ਭੱਜ ਕੀਤੀ। ਨੌਆਬਾਦਕਾਰਾਂ ਦੇ ਤਿੰਨ ਵਰਗ ਬਣਾਏ ਗਏ। ਸਭ ਤੋਂ ਹੇਠਾ ਉਹ ਸਾਧਾਰਨ ਕਿਸਾਨ ਸਨ, ਜਿਹਨਾਂ ਨੂੰ 14 ਤੋਂ 16 ਏਕੜ ਜ਼ਮੀਨ ਮੁਫ਼ਤ ਦਿੱਤੀ ਗਈ। ਅਗਲਾ ਵਰਗ ਉਹਨਾਂ ਜ਼ਿਮੀਂਦਾਰਾਂ ਦਾ ਸੀ ਜਿਹਨਾਂ ਨੂੰ 111 ਤੋਂ 139 ਏਕੜ ਜ਼ਮੀਨ ਪ੍ਰਤੀ ਏਕੜ 6 ਤੋਂ 9 ਰੁਪਏ ਨਜ਼ਰਾਨਾ ਲੈ ਕੇ ਦਿੱਤੀ ਗਈ। ਸਭ ਤੋਂ ਉਪਰਲਾ ਵਰਗ ਸਰਮਾਏਦਾਰਾਂ ਦਾ ਸੀ ਜਿਹਨਾਂ ਨੂੰ 167 ਤੋਂ 556 ਏਕੜ ਭੂਮੀ, 10 ਰੁਪਏ ਤੋਂ 20 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਤੀ ਗਈ। ਨੌਆਬਾਦਕਾਰਾਂ ਨੂੰ ਜੱਦੀ ਪੁਸ਼ਤੀ ਤੇ ਪੱਕੇ ਵਿਰਾਸਤ ਦੇ ਹੱਕ ਦਿੱਤੇ ਗਏ। ਬਹੁ-ਗਿਣਤੀ ਮਾਝੇ ਦੇ ਸਿੱਖ ਆਬਾਦਕਾਰਾਂ ਦੀ ਸੀ ਤੇ ਵਿੱਚ-ਵਿੱਚ ਟਾਂਵੇਂ ਟਾਂਵੇਂ ਗ਼ੈਰ-ਜੱਟ ਕਾਸ਼ਤਕਾਰ ਜਾਤੀਆਂ ਜਿਵੇਂ ਕੰਬੋਆਂ, ਲੁਬਾਣਿਆਂ ਤੇ ਮਜ਼੍ਹਬੀਆਂ ਵਿੱਚੋਂ ਸਨ।

ਆਬਾਦਕਾਰ ਬੜੇ ਉਤਸ਼ਾਹ ਤੇ ਜੋਸ਼ ਨਾਲ ਆਪਣੇ ਕੰਮ ਵਿੱਚ ਰੁੱਝ ਗਏ। ਜਿੱਥੇ ਦੂਰ-ਦੂਰ ਪੀਲੀ ਰੇਤ ਫੈਲੀ ਹੋਈ ਸੀ, ਹੁਣ ਉਸ ਥਾਂ ਤੇ ਦੋ ਕੁ ਸਾਲਾਂ ਵਿੱਚ ਹੱਸਦਾ ਵੱਸਦਾ ਇਲਾਕਾ ਪਿੰਡਾਂ ਤੇ ਅਨਾਜ ਦੇ ਖੇਤਾਂ ਤੇ ਫ਼ਸਲਾਂ ਨਾਲ ਭਰਪੂਰ ਸੀ।[6] ਫ਼ੌਜ ਲਈ ਘੋੜਿਆਂ ਤੇ ਖੱਚਰਾਂ ਦੀ ਭਰਤੀ ਲਈ ਘੋੜਾ ਫਾਰਮ ਬਣਾਏ ਗਏ ਤੇ ਮਗਰੋਂ ਪਸ਼ੂਆਂ ਦੀ ਨਸਲ ਸੁਧਾਰ ਦੇ ਕੇਂਦਰ ਸਥਾਪਿਤ ਕੀਤੇ ਗਏ।

ਨਵੀਆਂ ਜ਼ਮੀਨਾਂ ਵਿੱਚੋਂ ਫ਼ਸਲ ਸੂਬੇ ਦੀਆਂ ਲੋੜਾਂ ਤੋਂ ਵੀ ਵੱਧ ਪੈਦਾ ਹੋਈ ਤੇ ਪਹਿਲੀ ਫ਼ਸਲ ਤਾਂ ਗੁਦਾਮਾਂ ਵਿੱਚ ਸੜਦੀ ਰਹੀ। ਫਿਰ ਰੇਲਾਂ ਤੇ ਸਹਾਇਕ ਸੜਕਾਂ ਬਣਾਉਣ ਲਈ ਤੇਜ਼ੀ ਨਾਲ ਕੰਮ ਸ਼ੁਰੂ ਕੀਤਾ ਗਿਆ। ਇਸ ਪਾਸੇ 1861 ਵਿੱਚ ਲਾਹੌਰ ਨੂੰ ਅੰਮ੍ਰਿਤਸਰ ਨਾਲ ਰੇਲ ਰਾਹੀਂ ਜੋੜਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਅਗਲੇ 30 ਸਾਲਾਂ ਵਿੱਚ ਸੂਬੇ ਵਿੱਚ ਰੇਲਵੇ ਲਾਈਨਾਂ ਦਾ ਜਾਲ ਵਿਛਾ ਕੇ ਨਹਿਰੀ ਨੌਆਬਾਦੀਆਂ ਨੂੰ ਭਾਰਤ ਦੇ ਸ਼ਹਿਰਾਂ ਨਾਲ ਜੋੜ ਦਿੱਤਾ ਗਿਆ ਸੀ। ਕਣਕ, ਕਪਾਹ[7] ਤੇ ਤਿਲ ਦੇ ਬੀਜ ਨਿਰਯਾਤ ਲਈ ਰੇਲ ਰਾਹੀਂ ਬੰਬਈ ਤੇ ਕਰਾਚੀ ਭੇਜੇ ਗਏ ਤੇ ਇਕੱਲੀ ਕਣਕ ਦਾ

---

6. ਵਿੱਤ ਕਮਿਸ਼ਨਰ ਦੇ ਸਮੀਖਿਆ ਪੱਤਰ ਵਿੱਚ ਦਾਅਵਾ ਕੀਤਾ ਗਿਆ : "ਕਾਸ਼ਤਕਾਰੀ ਹੁਣ ਵਧੇਰੇ ਸੁਚੇਤ, ਆਰਾਮਦਾਇਕ ਹੋ ਗਈ ਹੈ ਤੇ ਘਰ ਖੁੱਲ੍ਹੇ ਖੁੱਲ੍ਹੇ ਬਣਾਏ ਜਾਣ ਲੱਗੇ ਹਨ। ਹਰ ਪਿੰਡ ਵਿੱਚ ਚੰਗੇ ਖੂਹ ਹਨ, ਬਹੁਤ ਸਾਰੇ ਪਿੰਡਾਂ ਵਿੱਚ ਮਸਜਿਦਾਂ, ਧਰਮਸ਼ਾਲਾਵਾਂ ਤੇ ਮੁਸਾਫਰਖਾਨੇ ਹਨ। ਛਾਂਦਾਰ ਦਰਖ਼ਤ ਬਹੁਤ ਸ਼ਾਨਦਾਰ ਹਨ। ਬਹੁਤ ਸਾਰੇ ਪਿੰਡ ਸਫ਼ਾਈ ਤੇ ਆਰਾਮ ਦਾ ਨਮੂਨਾ ਹਨ ਤੇ ਲੋਕਾਂ ਨੂੰ ਉਹਨਾਂ ਉੱਪਰ ਤੇ ਆਪਣੇ ਵੱਡੇ-ਵੱਡੇ ਪੱਕੇ ਘਰਾਂ ਤੇ ਮਾਨ ਹੈ। ਇਕ ਲੱਖ ਨੌਆਬਾਦਕਾਰਾਂ ਵਿੱਚ ਕੋਈ ਕੋਈ ਅਪਵਾਦ ਵੀ ਹੋਵੇਗਾ ਪਰ ਆਮ ਪ੍ਰਭਾਵ ਇਹੋ ਹੈ ਕਿ ਹਰ ਪਾਸੇ ਦੌਲਤ, ਆਰਾਮ ਤੇ ਸੰਤੁਸ਼ਟਤਾ ਹੈ ਤੇ ਸਭ ਪਾਸੇ ਸਰਕਾਰ ਪ੍ਰਤੀ ਕ੍ਰਿਤਗੱਯਤਾ ਹੈ। 15 ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਇਸ ਨੌਆਬਾਦੀ ਦੀ ਯੋਜਨਾ ਇਹਨਾਂ ਖ਼ੁਸ਼ਕਿਸਮਤ ਲੋਕਾਂ ਨੂੰ ਅਤਿਅੰਤ ਲਾਭ ਦਿੱਤੇ ਹਨ। ਸਿਵਲ ਤੇ ਮਿਲਟਰੀ ਗਜ਼ਟ 26.5.1909.
7. ਪੰਜਾਬ ਵਿੱਚ ਪਹਿਲਾ ਕਪਾਹ ਦਾ ਕਾਰਖਾਨਾ ਕਾਇਮ ਕਰਨ ਦੀ ਕੋਸ਼ਿਸ਼ ਮਾਰਚ 1883 ਵਿੱਚ ਕੀਤੀ ਗਈ ਜਦੋਂ ਲਾਹੌਰ ਦੇ ਸ਼ਹਿਰੀ ਰਾਜਾ ਹਰਬੰਸ ਸਿੰਘ ਦੀ ਪ੍ਰਧਾਨਗੀ ਹੇਠ ਇਸ ਤੇ ਵਿਚਾਰ ਕਰਨ ਲਈ ਇਕੱਠੇ ਹੋਏ।" ਟ੍ਰਿਬਿਊਨ, 18 ਮਾਰਚ, 1883.

ਹੀ ਦਸ ਲੱਖ ਟਨ ਸਾਲਾਨਾ ਹੋ ਗਿਆ। ਜ਼ਮੀਨ ਦੀ ਕੀਮਤ ਜੋ ਪੰਜਾਬ ਉੱਪਰ ਕਬਜ਼ੇ ਸਮੇਂ 10 ਰੁਪਏ ਪ੍ਰਤੀ ਏਕੜ ਸੀ, ਇਹ ਹੁਣ ਨਵੀਆਂ ਆਬਾਦ ਥਾਵਾਂ 'ਤੇ ਪ੍ਰਤੀ ਏਕੜ 400 ਰੁਪਏ ਪ੍ਰਤੀ ਏਕੜ ਹੋ ਗਈ।[8] ਪੰਜਾਬੀ ਭਾਰਤ ਦੇ ਸਭ ਤੋਂ ਖ਼ੁਸ਼ਹਾਲ ਕਿਸਾਨ ਬਣ ਗਏ ਤੇ ਪੰਜਾਬੀਆਂ ਵਿੱਚੋਂ ਸਿੱਖ ਸਭ ਤੋਂ ਜ਼ਿਆਦਾ ਅਮੀਰ ਹੋ ਗਏ।

ਨਹਿਰਾਂ ਕੱਢੇ ਜਾਣ ਨਾਲ ਖ਼ੁਸ਼ਹਾਲੀ ਆਈ ਤੇ ਸਿੱਖਾਂ ਪ੍ਰਤੀ ਸਾਮਰਾਜੀ ਸੈਨਾ ਵਿੱਚ ਭਰਤੀ ਵਿੱਚ ਤਰਜ਼ੀਹ ਤੇ ਸਤਿਕਾਰ ਦੀ ਭਾਵਨਾ ਕਾਰਨ ਸਿੱਖ ਸਮਾਜ ਦੇ ਭਵਿੱਖ ਤੇ ਜ਼ਾਤ-ਪਾਤ ਦੇ ਢਾਂਚੇ 'ਤੇ ਪ੍ਰਭਾਵ ਪਿਆ। ਸਿੱਖ ਹੋਣ ਕਰਕੇ ਮਿਲੇ ਆਰਥਿਕ ਲਾਭਾਂ ਕਾਰਨ ਸਿੱਖ ਧਰਮ ਦਾ ਹਿੰਦੂ ਧਰਮ ਵਿੱਚ ਮੁੜ ਪਰਤ ਜਾਣ ਤੇ ਸਿੱਖਾਂ ਦੇ ਵਿਖੰਡਨ ਨੂੰ ਠੱਲ੍ਹ ਪੈ ਗਈ। ਇਸ ਦੇ ਉਲਟ 19ਵੀਂ ਸਦੀ ਦੇ ਆਖ਼ਰੀ ਦਹਾਕੇ ਤੇ 20ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸਿੱਖਾਂ ਦੀ ਗਿਣਤੀ ਵਿੱਚ ਅਸਚਰਜਤਾ ਭਰਪੂਰ ਵਾਧਾ ਹੋਇਆ।[9] ਇਹ ਜ਼ਿਆਦਾ ਕਰਕੇ ਸਰਕਾਰੀ ਸਰਪ੍ਰਸਤੀ ਕਾਰਨ ਸੀ ਜਿਸ ਅਨੁਸਾਰ ਫ਼ੌਜ ਵਿੱਚ ਸਿੱਖਾਂ ਲਈ ਨੌਕਰੀਆਂ ਰਾਖਵੀਆਂ ਕੀਤੀਆਂ ਗਈਆਂ ਤੇ ਮਗਰੋਂ ਇਹ ਸਿਵਲ ਪ੍ਰਸ਼ਾਸਨ ਵਿੱਚ ਵੀ ਸਿਰਫ਼ ਕੇਸਧਾਰੀ ਖ਼ਾਲਸੇ ਲਈ ਰਾਖਵੀਆਂ ਰੱਖੀਆਂ ਗਈਆਂ। ਇਸ ਸਰਪ੍ਰਸਤੀ ਨੇ ਸਿੰਘ ਸਭਾ ਲਹਿਰ ਜਾਂ ਧਰਮ ਸ਼ੁੱਧੀ ਜਾਂ ਧਰਮ ਬਦਲਣ ਦੀ ਲਹਿਰ ਦਾ ਰਾਹ ਪੱਧਰਾ ਕਰ ਦਿੱਤਾ। (ਇਸ ਦੀ ਨੌਵੇਂ ਕਾਂਡ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।) ਇਸ ਤਰ੍ਹਾਂ ਲਾਰਡ ਡਲਹੌਜ਼ੀ[10] ਵੱਲੋਂ ਸਿੱਖ ਧਰਮ ਦੇ ਅਲੋਪ ਹੋ ਜਾਣ ਦੀ ਗ਼ਮਗੀਨੀ ਵਾਲੀ ਭਵਿੱਖ ਬਾਣੀ ਨੂੰ ਡਲਹੌਜ਼ੀ ਵੱਲੋਂ ਸ਼ੁਰੂ ਕੀਤੀਆਂ ਗਈਆਂ ਨੀਤੀਆਂ, ਸੈਨਾਪਤੀਆਂ ਤੇ ਪੰਜਾਬ ਦੇ ਪ੍ਰਬੰਧਕਾਂ ਨੇ ਠੱਲ੍ਹ ਪਾਈ ਤੇ ਉਹਦੀ ਹਵਾ ਕੱਢ ਦਿੱਤੀ।

ਸਾਮਰਾਜੀ ਸੈਨਾ ਵਿੱਚ ਸਿੱਖਾਂ ਦਾ ਅਨੁਪਾਤ ਉਹਨਾਂ ਦੀ ਗਿਣਤੀ ਤੇ ਵੱਸੋਂ ਦੇ ਮੁਕਾਬਲੇ ਅਨੁਚਿਤ ਤੇ ਜ਼ਿਆਦਾ ਸੀ। ਪੰਜਾਬ ਵਿੱਚੋਂ ਫ਼ੌਜੀਆਂ ਦੀ ਕੁਲ ਗਿਣਤੀ ਜੋ ਸਦੀ ਦੇ ਅੰਤ ਤੱਕ 42560 ਸੀ, 20,060 ਮੁਸਲਮਾਨ, 11612 ਹਿੰਦੂ ਤੇ 10867 ਸਿੱਖ ਸਨ।[11] ਪੰਜਾਬ ਦੀਆਂ ਰਿਆਸਤਾਂ ਵਿੱਚ ਇਹਨਾਂ ਤੋਂ ਵੱਖਰੇ 4122 ਸਿੱਖ ਫ਼ੌਜੀ ਸਨ। ਦੂਸਰੇ ਸ਼ਬਦਾਂ ਵਿੱਚ ਸਿੱਖ ਜੋ ਪੰਜਾਬ ਦੀ ਵੱਸੋਂ ਦਾ 12% ਤੋਂ ਕੁਝ ਹੀ ਜ਼ਿਆਦਾ ਸਨ, ਉਹਨਾਂ ਦੀ ਫ਼ੌਜ ਵਿੱਚ ਗਿਣਤੀ 25% ਦੇ ਲਗਭਗ ਸੀ। ਸਿੱਖ ਸੈਨਿਕਾਂ ਵਿੱਚੋਂ ਵਧੇਰੇ ਗਿਣਤੀ ਜੱਟ ਸਿੱਖਾਂ ਦੀ ਸੀ ਜੋ ਸਾਮਰਾਜੀ ਸੈਨਾ ਵਿੱਚ 6666 ਤੇ ਦੇਸੀ ਰਿਆਸਤਾਂ ਵਿੱਚ 1845 ਸੀ। ਜੱਟਾਂ ਤੋਂ ਪਿੱਛੋਂ ਮਜ਼੍ਹਬੀ ਆਉਂਦੇ ਸਨ ਜਿਨ੍ਹਾਂ ਦੀ ਗਿਣਤੀ 1626 ਸੀ। ਜੱਟਾਂ ਪ੍ਰਤੀ ਤਰਜੀਹ ਕਾਰਨ ਉਹਨਾਂ ਦਾ ਜ਼ਾਤ-ਵਰਗ ਵਿੱਚ ਸਭ ਤੋਂ ਉੱਪਰ ਤੇ ਉੱਚਾ ਸਥਾਪਿਤ ਹੋ ਗਿਆ। ਸਿੱਖਾਂ ਦਾ ਜ਼ਾਤ-ਪਾਤ ਦੇ ਵਰਗਾਂ ਵਿੱਚ ਉੱਪਰ ਵੱਲ ਗਤੀਸ਼ੀਲਤਾ

8. ਐਚ ਕਾਲਵਰਟ, ਦੀ ਵੈਲਥ ਐਂਡ ਵੈਲਫੇਅਰ ਔਫ ਦੀ ਪੰਜਾਬ, ਪੰਨਾ 219
9. ਵੇਖੋ ਪੱਗ-ਟਿੱਪਣੀ, ਪੰਨਾ 146
10. ਵੇਖੋ, ਪੰਨਾ 96
11. ਪੀ.ਐਚ. ਕੌਲ ਭਾਰਤ ਦੀ ਜਨ-ਗਣਨਾ, 1911 ਜਿਲਦ XIV, ਭਾਗ II, ਸਾਰਣੀਆਂ ਪੰਨਾ 438-39

ਤਾਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ, ਜਦੋਂ ਅੰਮ੍ਰਿਤਧਾਰੀ ਤੇ ਕੇਸਾਧਾਰੀ ਜੱਟ ਸਿੱਖ ਹੀ ਸਨ ਜਿਹਨਾਂ ਕਰਕੇ ਸਿੱਖ ਰਾਜਸੀ ਸ਼ਕਤੀ ਦੇ ਮਾਲਕ ਬਣੇ ਤੇ ਇਸ ਦੇ ਫਲਸਰੂਪ ਹੀ ਉਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਭੂਮੀ ਦੇ ਮਾਲਕ, ਜਾਗੀਰਦਾਰ ਤੇ ਸਰਦਾਰ ਬਣੇ।

ਅੰਗਰੇਜ਼ੀ ਰਾਜ ਸਮੇਂ ਵੀ ਜੱਟਾਂ ਦਾ ਸਿੱਖਾਂ ਵਿੱਚ ਪ੍ਰਮੁੱਖ ਦਰਜਾ ਬਣਿਆ ਰਿਹਾ ਤੇ ਉਹ ਬ੍ਰਾਹਮਣਾਂ ਤੇ ਕਸ਼ੱਤਰੀਆਂ (ਜਿਨ੍ਹਾਂ ਵਿੱਚ ਸਿੱਖ ਗੁਰੂ ਸਾਹਿਬਾਨ ਦਾ ਜਨਮ ਹੋਇਆ) ਤੇ ਵੈਸ਼ਾਂ ਨਾਲੋਂ ਵੀ ਵਧੇਰੇ ਸਤਿਕਾਰਯੋਗ ਬਣ ਗਏ ਸਨ। ਇਹ ਦਰਜਾ ਮੁਸਲਮਾਨ ਤੇ ਹਿੰਦੂ ਜਾਟਾਂ ਨੂੰ ਆਪਣੇ-ਆਪਣੇ ਧਰਮ-ਸੰਗਠਨਾਂ ਤੇ ਸਮਾਜ ਵਿੱਚ ਪ੍ਰਾਪਤ ਨਹੀਂ ਹੋਇਆ ਸੀ।

ਇਸ ਤਰ੍ਹਾਂ ਹੀ ਤਰੱਕੀ ਮਜ਼੍ਹਬੀਆਂ ਤੇ ਰੰਘਰੇਟੇ ਸਿੱਖਾਂ ਨੇ ਵੀ ਕੀਤੀ ਤੇ ਇਹ ਵੀ ਫ਼ੌਜ ਵਿੱਚ ਭਰਤੀ ਹੋਣ ਕਰਕੇ ਤੇ ਜ਼ਮੀਨਾਂ ਪ੍ਰਾਪਤ ਹੋਣ ਕਰਕੇ ਹੀ ਸੰਭਵ ਹੋਈ।[12] ਪਰੰਪਰਾ ਤੋਂ ਬਿਨਾਂ ਉਹਨਾਂ ਜਾਤਾਂ ਦਾ ਅਪਮਾਨ ਇਸ ਕਰਕੇ ਵੀ ਵਧੇਰੇ ਸੀ ਕਿਉਂਕਿ ਉਹਨਾਂ ਨੇ ਚੂਹੜਪੁਣੇ ਤੇ ਚਮਾਰਪੁਣੇ ਦੇ ਕਿੱਤੇ ਅਪਨਾਏ ਹੋਏ ਸਨ ਭਾਵ ਉਹ ਗੰਦ ਢੋਂਦੇ ਤੇ ਮਰੇ ਪਸ਼ੂਆਂ ਦਾ ਚੰਮ ਲਾਹੁੰਦੇ ਸਨ। ਰੁਜ਼ਗਾਰ ਦੇ ਨਵੇਂ ਸਾਧਨ ਮਿਲਣ ਕਾਰਨ, ਇਹਨਾਂ ਜ਼ਾਤੀਆਂ ਦੇ ਬਹੁਤ ਸਾਰੇ ਲੋਕਾਂ ਨੇ ਆਪਣੇ ਪੁਸ਼ਤੈਣੀ ਕਿੱਤੇ ਛੱਡ ਦਿੱਤੇ ਸਨ ਤੇ ਉਹ ਜਾਂ ਤਾਂ ਫ਼ੌਜ ਵਿੱਚ ਭਰਤੀ ਹੋ ਗਏ ਸਨ ਜਾਂ ਕਿਸਾਨ ਬਣ ਗਏ ਸਨ। ਭਾਵੇਂ ਉਹ ਪੂਰੀ ਤਰ੍ਹਾਂ ਨੀਵੀਂ ਜ਼ਾਤੀ ਦਾ ਕਲੰਕ ਮਿਟਾਉਣ ਵਿੱਚ ਸਫ਼ਲ ਤਾਂ ਨਾ ਹੋਏ ਪ੍ਰੰਤੂ ਉਹਨਾਂ ਨੂੰ ਸਿੱਖ ਸਮਾਜ ਹਿੰਦੂਆਂ ਤੇ ਮੁਸਲਮਾਨਾਂ ਵਿਚਲੇ ਅਛੂਤਾਂ ਨਾਲੋਂ ਵਧੇਰੇ ਚੰਗੀ ਤੇ ਆਦਰਯੋਗ ਥਾਂ ਲੈਣ ਵਿੱਚ ਸਫਲਤਾ ਮਿਲ ਗਈ।

---

12. ਸਿੱਖਾਂ ਵਿੱਚ ਜ਼ਾਤ-ਪਾਤ ਦੇ ਢਾਂਚੇ ਦੇ ਵਿਸਥਾਰਪੂਰਵਕ ਵਿਸ਼ਲੇਸ਼ਣ ਖ਼ਾਸ ਕਰਕੇ ਜੱਟਾਂ ਤੇ ਅਛੂਤਾਂ ਦੀ ਉੱਚ-ਵਰਗ ਬਣਨ ਵੱਲ ਤਰੱਕੀ ਲਈ ਵੇਖੋ ਮਾਰੈਨਕੋ ਦੀ ਪੁਸਤਕ "ਉੱਤਰ ਪੱਛਮੀ ਭਾਰਤ ਦੇ ਸਿੱਖਾਂ ਵਿੱਚ ਜ਼ਾਤ ਤੇ ਵਰਗ।"

ਭਾਗ—III

ਸਮਾਜਕ ਤੇ ਧਾਰਮਕ ਸੁਧਾਰ

ਪੂਰਬੀ ਜਗਤ ਦਾ ਮਾਹੌਲ ਸਦਾ ਹੀ ਪੀਰਾਂ ਪੈਗੰਬਰਾਂ ਤੇ ਮੁਕਤੀਦਾਤਿਆਂ ਲਈ ਸਾਜ਼ਗਾਰ ਰਿਹਾ ਹੈ। ਹਰ ਯੁੱਗ ਵਿੱਚ ਅਜਿਹੇ ਵਿਅਕਤੀਆਂ ਦੀ ਕਾਫ਼ੀ ਮਾਤਰਾ ਰਹੀ ਹੈ ਜੋ ਪ੍ਰਮਾਤਮਾ ਦੀ ਨੇੜਤਾ ਜਾਂ ਸੰਪਰਕ ਦਾ ਦਾਅਵਾ ਕਰਦੇ ਰਹੇ ਹਨ। ਕਈ ਤਾਂ ਪ੍ਰਮਾਤਮਾ ਦਾ ਮਨੁੱਖੀ ਆਕਾਰ ਵਿੱਚ ਉਹਦਾ ਅਵਤਾਰ ਹੋਣ ਦਾ ਦਾਅਵਾ ਵੀ ਕਰਦੇ ਸਨ।

ਸਿੱਖਾਂ ਵਿੱਚ ਮਸੀਹੀ ਜਾਂ ਮੁਕਤੀਦਾਤਿਆਂ ਦੀ ਘਾਟ ਨਹੀਂ ਸੀ ਪਰ ਉਹਨਾਂ ਦਾ ਮਸੀਹੀ ਆਦਰਸ਼, ਸਿੱਖੀ ਵੰਨਗੀ ਦਾ ਸੀ। ਗੁਰੂ ਸਾਹਿਬਾਨ ਨੇ ਆਪਣੇ ਪੈਰੋਕਾਰਾਂ (ਸਿੱਖਾਂ) ਨੂੰ ਇਹ ਦ੍ਰਿੜ ਕਰਵਾ ਦਿੱਤਾ ਸੀ ਕਿ ਕੋਈ ਵੀ ਗੁਰੂ ਜਾਂ ਸਾਲਸੀ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਜਦੋਂ ਗੁਰੂ ਗੋਬਿੰਦ ਸਿੰਘ ਨੇ ਇਹ ਐਲਾਨ ਕਰ ਦਿੱਤਾ ਕਿ ਦੇਹਧਾਰੀ ਗੁਰੂ ਦਾ ਸਿਲਸਿਲਾ ਸਮਾਪਤ ਕਰ ਦਿੱਤਾ ਗਿਆ ਹੈ ਤੇ ਹੁਣ ਸਿੱਖ ਅਗਵਾਈ ਤੇ ਸਿੱਖਿਆ ਲਈ "ਆਦਿ ਗ੍ਰੰਥ" ਦੀ ਸ਼ਰਨ ਹੋਣਗੇ ਤਾਂ ਕਈ ਆਗਾਮੀ ਨਸਲਾਂ ਨੇ ਇਸ ਆਦੇਸ਼ ਨੂੰ ਅਣਗੌਲਿਆਂ ਕਰ ਦਿੱਤਾ ਤੇ ਅਵਤਾਰਵਾਦ ਦੇ ਆਡੰਬਰ ਨੂੰ ਧਾਰਮਕਤਾ ਪ੍ਰਦਾਨ ਕਰਨ ਲਈ ਸੌ ਸਾਖੀ ਘੜ ਲਈ ਗਈ।

ਅਗਲੇਰੇ ਪੰਨਿਆਂ 'ਤੇ ਜਿਹੜੇ ਪਹਿਲੇ ਦੋ ਮੱਤਾਂ ਬਾਰੇ ਚਰਚਾ ਕੀਤੀ ਗਈ ਹੈ, ਉਹ ਉਹਨਾਂ ਦੀ ਬਦਲਦੀ ਕਿਸਮਤ, ਭਾਵ ਸਿੱਧੜ ਪੇਂਡੂ ਗੁਰਬਤ ਤੋਂ ਬਾਦਸ਼ਾਹੀ ਅਮੀਰੀ ਤੱਕ ਦੇ ਉਭਾਰ ਤੇ ਫਿਰ ਵਿਦੇਸ਼ੀ ਜਾਤੀ ਦੇ ਅਧੀਨ ਗ਼ੁਲਾਮ ਹੋਣ ਦੀ ਕਹਾਣੀ ਦੀ ਉਪਜ ਹਨ। ਪਹਿਲੇ ਪੜਾਅ ਵਿੱਚ ਤਾਕਤ ਨੇ ਦੌਲਤ ਨੂੰ ਜਨਮ ਦਿੱਤਾ ਤੇ ਦੌਲਤ ਕਾਰਨ ਬੇਦੀਨਤਾ ਪੈਦਾ ਹੋਈ ਤੇ ਦੂਸਰੇ ਪੜਾਅ ਵਿੱਚ ਸ਼ਕਤੀ ਦੇ ਖੁੱਸ ਜਾਣ ਨੇ ਬੀਤ ਚੁੱਕੇ ਸੁਨਹਿਰੀ ਯੁੱਗ ਦੀ ਪੁਨਰ-ਸਿਰਜਣਾ ਦੀ ਲਾਲਸਾ ਪੈਦਾ ਕੀਤੀ। ਨਿਰੰਕਾਰੀ ਤੇ ਨਾਮਧਾਰੀ ਇਸ ਪਰਕਰਨ ਦੀਆਂ ਉਦਾਹਨਾਂ ਹਨ।

ਰਾਧਾ ਸੁਆਮੀ ਇਕ ਵੱਖਰੀ ਗ਼ੈਰ-ਸੰਪਰਦਾਇਕ ਸੰਸਥਾ ਹੈ ਜੋ ਖਾਲਸਈ ਸਿਧਾਂਤਾਂ ਤੋਂ ਬਿਨਾਂ ਹਿੰਦੂ ਧਰਮ ਉੱਪਰ ਪਏ ਸਿੱਖ ਧਰਮ ਦੇ ਪ੍ਰਭਾਵਾਂ ਕਾਰਨ ਪੈਦਾ ਹੋਈ ਹੈ। ਇਹ ਹਿੰਦੂ ਧਰਮ ਤੇ ਸਿੱਖ ਧਰਮ ਦੇ ਇਕ ਕਿਸਮ ਦੇ ਮਿਸ਼ਰਨ ਨੂੰ ਸਪੱਸ਼ਟ ਕਰਦਾ ਹੈ ਜੋ ਦੋਹਾਂ ਫ਼ਿਰਕਿਆਂ ਦੇ ਪੜ੍ਹੇ-ਲਿਖੇ ਲੋਕਾਂ ਵਿੱਚ ਕਾਫ਼ੀ ਮਕਬੂਲ ਤੇ ਪ੍ਰਚੱਲਤ ਹੈ।

ਉੱਪਰ ਵਰਨਨ ਕੀਤੇ ਗਏ ਤਿੰਨਾਂ ਮੱਤਾਂ ਨਾਲੋਂ ਵਧੇਰੇ ਮਹੱਤਵਪੂਰਨ ਉਹ ਸਮਾਜਕ-ਧਾਰਮਕ ਲਹਿਰ ਸੀ ਜੋ ਸਿੰਘ ਸਭਾ ਲਹਿਰ ਦੇ ਨਾਮ ਅਧੀਨ ਮਸ਼ਹੂਰ ਹੋਈ। ਧਾਰਮਕ ਪੱਧਰ ਤੇ ਇਹ ਉਸ ਸਨਾਤਨੀ ਪਰੰਪਰਾ ਦੀ ਪੂਰੀ ਤਰ੍ਹਾਂ ਅਨੁਸਾਰੀ ਰਹੀ ਕਿ "ਗ੍ਰੰਥ ਤੋਂ

ਬਿਨਾਂ ਹੋਰ ਕੋਈ ਗੁਰੂ ਨਹੀਂ ਹੈ" ਤੇ ਸਮਾਜਕ ਪੱਧਰ 'ਤੇ ਇਸ ਨੇ ਨਵੇਂ ਯੁੱਗ ਦੀਆਂ ਚੁਣੌਤੀਆਂ ਦਾ ਮੁਕਾਬਲਾ ਨਵੇਂ ਹਥਿਆਰਾਂ ਨਾਲ ਕੀਤਾ।

ਇਸ ਦਾ ਪਹਿਲਾ ਕੰਮ ਸਿੱਖਾਂ ਨੂੰ ਉੱਤਰ-ਇਲਹਾਕੀ ਸਥਿਤੀ ਅਨੁਸਾਰ ਢਾਲਣਾ ਸੀ। ਇਲਹਾਕ ਨੇ ਸਿੱਖਾਂ ਨੂੰ ਪ੍ਰਮੁੱਖਤਾ ਦੀ ਸਥਿਤੀ 'ਚੋਂ ਕੱਢ ਕੇ ਨਾ ਕੇਵਲ ਅੰਗਰੇਜ਼ਾਂ ਦੇ ਅਧੀਨ ਹੀ ਕਰ ਦਿੱਤਾ ਸਗੋਂ ਇਨ੍ਹਾਂ ਨੂੰ ਮੁਸਲਮਾਨਾਂ ਤੇ ਹਿੰਦੂਆਂ ਦੀ ਅਧੀਨ ਸਥਿਤੀ ਵਿੱਚ ਵੀ ਲਿਆ ਖੜਾ ਕੀਤਾ ਜੋ ਗਿਣਤੀ ਪੱਖੋਂ ਸਿੱਖਾਂ ਨਾਲੋਂ ਕਿਤੇ ਜ਼ਿਆਦਾ ਸਨ। ਇਹ ਸੰਖਿਆਤਮਕ ਤੁੱਛਤਾ ਦਾ ਅਹਿਸਾਸ ਇਸ ਅਸਲੀਅਤ ਨਾਲ ਹੋਰ ਵੀ ਗਹਿਰਾ ਹੋ ਗਿਆ ਕਿਉਂਕਿ ਇਲਹਾਕ ਕਾਰਨ ਪੰਜਾਬ ਦੇ ਹਿੰਦੂ ਤੇ ਮੁਸਲਮਾਨ ਤਾਂ ਆਪਣੇ ਵੱਧ ਪੜ੍ਹੇ ਲਿਖੇ ਪ੍ਰਬੁੱਧ ਸਹਿਧਰਮੀਆਂ ਦੇ ਸਿੱਧੇ ਸੰਪਰਕ ਵਿੱਚ ਆ ਗਏ ਪਰ ਅੰਗਰੇਜ਼ੀ ਕਬਜ਼ੇ ਅਧੀਨ ਸਿੱਖਾਂ ਦਾ ਸੰਪਰਕ ਦਾ ਆਪਣੇ ਮਲਵਈ ਭਰਾਵਾਂ ਨਾਲ ਹੀ ਹੋਇਆ ਜੋ ਉਹਨਾਂ ਤੋਂ ਵੀ ਘੱਟ ਪੜ੍ਹੇ ਲਿਖੇ ਸਨ। ਸਿੱਖਾਂ ਕੋਲ ਆਪਣੇ ਹਾਕਮ ਦਾ ਸਹਾਰਾ ਤੇ ਅਗਵਾਈ ਲੈਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ। ਸਿੰਘ ਸਭਾ ਦੀ ਛਤਰ ਛਾਇਆ ਹੇਠ ਸਿੱਖਾਂ ਨੇ ਸਾਖ਼ਰਤਾ ਦੇ ਉੱਦਮ ਲਈ ਅੰਗਰੇਜ਼ ਅਧਿਕਾਰੀਆਂ ਦੀ ਸਹਾਇਤਾ ਤੇ ਸਹਿਯੋਗ ਪ੍ਰਾਪਤ ਕੀਤਾ।

ਦੂਸਰਾ ਕਾਰਜ ਆਪਣੀ ਵੱਖਰੀ ਪਛਾਣ ਕਾਇਮ ਰੱਖਣਾ ਸੀ। ਇਲਹਾਕ ਨੇ ਉਤਸ਼ਾਹਹੀਣ ਤੇ ਆਗੂ-ਰਹਿਤ ਸਿੱਖ ਜਨਤਾ ਨੂੰ ਈਸਾਈ ਪ੍ਰਚਾਰਕਾਂ ਤੇ ਹਿੰਦੂ ਆਰੀਆ ਸਮਾਜੀਆਂ ਦੀ ਧਰਮ ਸ਼ੁੱਧੀ ਦੀਆਂ ਕਾਰਵਾਈਆਂ ਦੇ ਪ੍ਰਭਾਵ ਹੇਠ ਆਉਣ ਦਾ ਖ਼ਤਰਾ ਪੈਦਾ ਕਰ ਦਿੱਤਾ। ਸਿੰਘ ਸਭਾ ਲਹਿਰ ਨੇ ਇਸ ਵੰਗਾਰ ਦਾ ਟਾਕਰਾ ਸਿੱਖ ਧਰਮ ਤੇ ਪਰੰਪਰਾ ਵਿੱਚ ਰੁਚੀ ਨੂੰ ਪੁਨਰ-ਸੁਰਜੀਤ ਕਰਕੇ ਕੀਤਾ।

ਕਾਂਡ—8

ਧਾਰਮਕ ਲਹਿਰਾਂ

ਨਿਰੰਕਾਰੀ—ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੱਛਮੀ ਪੰਜਾਬ ਤੇ ਡੇਰਾਜਾਤ ਦੇ ਹਿੰਦੂ, ਸਿੱਖ ਧਰਮ ਦੇ ਪ੍ਰਭਾਵ ਹੇਠ ਆ ਗਏ। ਕੁਝ ਕੁ ਨੇ ਤਾਂ ਖੰਡੇ ਦੀ ਪਾਹੁਲ ਛੱਕ ਲਈ ਤੇ ਖ਼ਾਲਸਾ ਸੰਗਠਨ ਵਿੱਚ ਸ਼ਾਮਲ ਹੋ ਗਏ। ਦੂਸਰੇ ਆਪਣੇ ਆਪ ਨੂੰ ਹਿੰਦੂ ਤਾਂ ਦੱਸਦੇ ਰਹੇ ਪਰ ਉਹਨਾਂ ਨੇ ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਤੇ ਵੇਦ-ਮੰਤਰਾਂ ਦਾ ਉੱਚਾਰਨ ਛੱਡ ਕੇ ਗ੍ਰੰਥ ਸਾਹਿਬ ਪੜ੍ਹਨਾ ਤੇ ਗੁਰਦੁਆਰਿਆਂ ਵਿੱਚ ਸਿੱਖ ਸੰਗਤਾਂ ਵਿੱਚ ਸ਼ਾਮਿਲ ਹੋਣਾ ਸ਼ੁਰੂ ਕਰ ਦਿੱਤਾ। ਇਹਨਾਂ ਹਿੰਦੂਆਂ ਵਿੱਚ ਘੱਟੋ-ਘੱਟ ਇਕ ਵਿਅਕਤੀ ਨੂੰ ਕੇਸਾਧਾਰੀ ਸਿੱਖ ਬਣਾਉਣ ਦਾ ਰਿਵਾਜ ਸ਼ੁਰੂ ਹੋ ਗਿਆ। ਇਹ ਅੱਧੇ ਹਿੰਦੂਆਂ ਤੇ ਅੱਧੇ ਸਿੱਖਾਂ ਦਾ ਸਬੰਧ ਖੱਤਰੀਆਂ, ਅਰੋੜਿਆਂ ਤੇ ਬਾਣੀਆਂ ਜ਼ਾਤੀਆਂ ਨਾਲ ਸੀ। ਉਹ ਧਾਰਮਿਕ ਵਿਸ਼ਵਾਸਾਂ ਦੇ ਪਰਿਵਰਤਨ ਦੇ ਬਾਵਜੂਦ ਆਪਣੀ ਜ਼ਾਤੀ ਵਿੱਚ ਹੀ ਵਿਆਹ ਕਰਾਉਂਦੇ ਰਹੇ।

ਦਿਆਲ ਦਾਸ ਜਿਸ ਦੀ ਮੌਤ 1855 ਈ: ਵਿੱਚ ਹੋਈ ਉਹ ਪਿਸ਼ਾਵਰ ਦਾ ਇਕ ਸੁਨਿਆਰਾ ਸੀ ਜੋ ਇਸ ਹਿੰਦੂ-ਸਿੱਖ ਸੰਗਠਨ ਨਾਲ ਸੰਬੰਧਿਤ ਸੀ। ਉਹ ਮੂਰਤੀ ਪੂਜਾ, ਸਾਧੂਆਂ-ਸੰਤਾਂ ਦੇ ਮਾਨ ਸਨਮਾਨ ਕਰਨ ਦਾ ਖੰਡਨ ਕਰਦਾ ਸੀ ਤੇ ਤੀਰਥ ਯਾਤਰਾ 'ਤੇ ਜਾਣ ਤੇ ਬ੍ਰਾਹਮਣਾਂ ਦੀਆਂ ਰੀਤਾਂ ਰਸਮਾਂ ਦਾ ਵਿਰੋਧ ਕਰਦਾ ਸੀ। ਉਸ ਦੀ ਸਿੱਖਿਆ ਦਾ ਸਹੀ, ਸਪੱਸ਼ਟ ਤੇ ਨਿਸਚੇਆਤਮਕ ਨਜ਼ਰੀਆ ਇਹ ਰਿਹਾ ਸੀ ਕਿ ਪਰਮਾਤਮਾ ਨਿਰਾਕਾਰ ਹੈ ਇਸ ਲਈ ਬੁੱਤਾਂ ਤੇ ਸਾਧੂਆਂ ਦੀ ਪੂਜਾ ਵਿਅਰਥ ਤੇ ਨਿਰਾਰਥਕ ਹੈ। ਫਲਸਰੂਪ ਉਸ ਨੇ ਆਪਣੇ-ਆਪ ਨੂੰ ਨਿਰੰਕਾਰੀ ਕਹਿਣਾ ਸ਼ੁਰੂ ਕਰ ਦਿੱਤਾ। ਉਸ ਨੇ ਇਕ ਮੁਹਾਵਰੇਦਾਰ ਕਥਨ ਘੜ ਲਿਆ : ਧਨ ਨਿਰੰਕਾਰ, ਦੇਹਧਾਰੀ ਸਭ ਖੁਆਰ। (ਆਕਾਰ ਰਹਿਤ ਪਰਮਾਤਮਾ ਦੀ ਆਰਾਧਨਾ ਕਰੋ। ਦੇਹ-ਧਾਰੀ ਮਨੁੱਖਾਂ ਦੀ ਪੂਜਾ ਦਾ ਕੋਈ ਲਾਭ ਨਹੀਂ ਹੈ।)

ਦਿਆਲ ਦਾਸ ਛੇਤੀ ਹੀ ਗੁਰੂ ਦੀ ਪਦਵੀ ਪ੍ਰਾਪਤ ਕਰ ਗਿਆ। ਉਸ ਦੇ ਬਹੁਤ ਸਾਰੇ ਪੈਰੋਕਾਰ ਬਣ ਗਏ ਤੇ ਉਹ ਵੀ ਉਸ ਵਾਂਗ ਆਪਣੇ ਆਪ ਨੂੰ ਨਿਰੰਕਾਰੀ ਕਹਿਣ ਲੱਗ ਪਏ। ਉਹਨਾਂ ਦੀ ਵਿਰੋਧਤਾ ਪਹਿਲਾਂ ਤਾਂ ਹਿੰਦੂ ਬ੍ਰਾਹਮਣਾਂ ਨੇ ਕੀਤੀ। ਦਿਆਲ ਦਾਸ ਜਦੋਂ ਪਿਸ਼ਾਵਰ ਤੋਂ ਰਾਵਲਪਿੰਡੀ ਚਲਾ ਗਿਆ ਤਾਂ ਉਸ ਦੀ ਵਿਰੋਧਤਾ ਗੁਰੂ ਨਾਨਕ ਦੇ ਬੇਦੀ ਜਾਨਸ਼ੀਨਾਂ ਨੇ ਕੀਤੀ ਜਿਹਨਾਂ ਦੇ ਉਸ ਜ਼ਿਲ੍ਹੇ ਵਿੱਚ ਬਹੁਤ ਪੈਰੋਕਾਰ ਤੇ ਸ਼ਰਧਾਲੂ ਸਨ।

ਨਿਰੰਕਾਰੀਆਂ ਨੂੰ ਹਿੰਦੂਆਂ ਤੇ ਸਿੱਖਾਂ ਦੋਹਾਂ ਨੇ ਹੀ ਆਪਣੇ ਸਮਾਜ ਵਿੱਚੋਂ ਛੇਕ ਦਿੱਤਾ ਤੇ ਉਹਨਾਂ ਨੂੰ ਆਪਣੇ ਪੂਜਾ ਅਸਥਾਨ ਬਣਾਉਣੇ ਪਏ। ਸਭ ਤੋਂ ਵੱਡਾ ਅਸਥਾਨ ਉਹਨਾਂ ਨੇ ਰਾਵਲਪਿੰਡੀ ਸ਼ਹਿਰ ਤੋਂ ਚਾਰ ਮੀਲ ਬਾਹਰ "ਲੇਈ" ਨਦੀ ਦੇ ਕੰਢੇ ਬਣਾਇਆ। ਜਦੋਂ ਦਿਆਲ ਦਾਸ ਮਰ ਗਿਆ ਤਾਂ ਉਸ ਦੇ ਸੈਂਡਲ (ਚੱਪਲ, ਜੁੱਤੀ) ਹੀ ਪੂਜਾ ਦੀ ਵਸਤੂ

ਬਣ ਗਏ। ਉਹਨਾਂ ਨੂੰ ਗ੍ਰੰਥ ਦੇ ਬਰਾਬਰ ਇਕ ਪੀਹੜੀ ਜਾਂ ਵੇਦੀ 'ਤੇ ਰੱਖਿਆ ਗਿਆ। ਤੇ ਉਹਦੇ ਨਾਮ ਤੇ ਬਣੇ ਮੰਦਰ ਨੂੰ "ਦਿਆਲਸਰ" ਕਿਹਾ ਜਾਣ ਲੱਗਾ। ਇਹੋ ਅਸਥਾਨ ਨਿਰੰਕਾਰੀ ਮੱਤ ਦਾ ਮੁੱਖ ਟਿਕਾਣਾ ਬਣ ਗਿਆ।

ਦਿਆਲ ਦਾਸ ਦਾ ਉੱਤਰਾਧਿਕਾਰੀ ਉਸ ਦੇ ਤਿੰਨ ਪੁੱਤਰਾਂ ਵਿੱਚ ਸਭ ਤੋਂ ਵੱਡਾ ਦਰਬਾਰਾ ਸਿੰਘ ਬਣਿਆ। ਦਰਬਾਰਾ ਸਿੰਘ ਨੇ ਨਿਰੰਕਾਰੀਆਂ ਲਈ ਨਵੇਂ ਕੇਂਦਰ ਬਣਵਾਏ ਤੇ ਆਪਣੇ ਪੈਰੋਕਾਰਾਂ ਦੀ ਜਾਣਕਾਰੀ ਤੇ ਅਗਵਾਈ ਲਈ ਹੁਕਮਨਾਮੇ ਜਾਰੀ ਕਰਨ ਦੀ ਪਿਰਤ ਵੀ ਸ਼ੁਰੂ ਕਰ ਦਿੱਤੀ। ਉਸ ਦਾ ਵੱਡਾ ਯੋਗਦਾਨ ਜਨਮ, ਵਿਆਹ[1] ਤੇ ਮੌਤ ਨਾਲ ਸਬੰਧਿਤ ਰਸਮਾਂ ਨੂੰ ਨਿਸ਼ਚਿਤ ਕਰਨਾ ਸੀ। ਇਹ ਰੀਤਾਂ ਹਿੰਦੂ ਪਰੰਪਰਾਵਾਂ ਤੋਂ ਵੱਖਰੀਆਂ ਸਨ ਕਿਉਂਕਿ ਉਹਨਾਂ ਦਾ ਆਧਾਰ ਹਿੰਦੂ ਧਰਮ ਗ੍ਰੰਥ ਨਹੀਂ ਸਨ ਸਗੋਂ ਉਹਨਾਂ ਦਾ ਆਧਾਰ "ਗ੍ਰੰਥ" ਸੀ। ਦਰਬਾਰਾ ਸਿੰਘ ਦੀ ਮੌਤ 1870 ਈ: ਵਿੱਚ ਹੋਈ ਤੇ ਉਸ ਦਾ ਉੱਤਰਾਧਿਕਾਰੀ ਉਸ ਦਾ ਸਭ ਤੋਂ ਛੋਟਾ ਭਰਾ ਰਤਨ ਚੰਦ ਬਣਿਆ ਜੋ 1909 ਵਿੱਚ ਮਰ ਗਿਆ ਤੇ ਰਤਨ ਚੰਦ ਦਾ ਉੱਤਰਾਧਿਕਾਰੀ ਗੁਰਦਿੱਤ ਸਿੰਘ ਬਣਿਆ ਜੋ 1947 ਈ: ਵਿੱਚ ਮਰ ਗਿਆ। ਨਿਰੰਕਾਰੀਆਂ ਦਾ ਵਰਤਮਾਨ ਮੁਖੀ ਗੁਰਦਿੱਤ ਸਿੰਘ ਦਾ ਪੁੱਤਰ ਹਰਾ ਸਿੰਘ ਹੈ।*

ਇਸ ਮੱਤ ਦੇ ਪੈਰੋਕਾਰਾਂ ਦੀ ਗਿਣਤੀ ਦੇ ਵੱਖ-ਵੱਖ ਅਨੁਮਾਨ ਲਾਏ ਗਏ ਹਨ।[2] ਨਿਰੰਕਾਰੀ ਆਪ ਇਕ ਲੱਖ ਪੈਰੋਕਾਰਾਂ ਦਾ ਦਾਅਵਾ ਕਰਦੇ ਹਨ ਜੋ ਮੁੱਖ ਤੌਰ 'ਤੇ ਅਰੋੜਾ ਜ਼ਰਗਰਾਂ (ਸੁਨਿਆਰਿਆਂ) ਤੇ ਕਸ਼ੱਤਰੀਆਂ ਜ਼ਾਤਾਂ ਦੇ ਗ਼ੈਰ-ਜੱਟ ਸਿੱਖਾਂ ਤੇ ਹਿੰਦੂਆਂ 'ਤੇ ਆਧਾਰਿਤ ਸਨ।[3] 1947 ਈ: ਤੱਕ ਉਹਨਾਂ ਦਾ ਪ੍ਰਭਾਵ ਉੱਤਰ ਪੱਛਮੀ ਸੀਮਾ ਪ੍ਰਾਂਤ ਅਤੇ ਕਸ਼ਮੀਰ ਦੇ ਹਿੰਦੂ-ਸਿੱਖ ਫ਼ਿਰਕਿਆਂ ਤੱਕ ਹੀ ਸੀਮਤ ਸੀ।

ਵੰਡ ਤੋਂ ਪਿੱਛੋਂ "ਦਿਆਲਸਰ" ਛੱਡ ਦਿੱਤਾ ਗਿਆ ਤੇ ਨਵਾਂ ਕੇਂਦਰ ਪਹਿਲਾਂ ਅੰਮ੍ਰਿਤਸਰ ਤੇ ਫਿਰ ਪੰਜਾਬ ਦੀ ਨਵੀਂ ਰਾਜਧਾਨੀ ਚੰਡੀਗੜ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ।

ਨਿਰੰਕਾਰੀਆਂ ਤੇ ਸਨਾਤਨੀ ਸਿੱਖਾਂ ਵਿੱਚ ਵੱਡਾ ਫ਼ਰਕ ਇਹੋ ਹੈ ਕਿ ਨਿਰੰਕਾਰੀ ਦਸ ਸਿੱਖ ਗੁਰੂ ਸਾਹਿਬਾਨ ਤੋਂ ਬਿਨਾਂ ਹੋਰ ਗੁਰੂਆਂ ਦੀ ਪੂਜਾ ਵੀ ਕਰਦੇ ਹਨ। ਨਿਰੰਕਾਰੀ

---

1. ਨਿਰੰਕਾਰੀਆਂ ਦਾ ਦਾਅਵਾ ਹੈ ਕਿ ਉਹ 'ਅਨੰਦ' ਦੀ ਰਸਮ ਸ਼ੁਰੂ ਕਰਨ ਦੇ ਮੋਢੀ ਹਨ ਜੋ ਗ੍ਰੰਥ ਦੀ ਪਰਕਰਮਾ ਕਰਕੇ ਕੀਤੀ ਜਾਂਦੀ ਹੈ। ਅਜਿਹੀਆਂ ਸ਼ਾਦੀਆਂ ਨੂੰ ਕਾਨੂੰਨੀ ਮਾਨਤਾ ਦੇਣ ਲਈ 1909 ਵਿੱਚ "ਅਨੰਦ ਵਿਆਹ ਕਾਨੂੰਨ" ਪਾਸ ਕੀਤਾ ਗਿਆ।

* ਇਸ ਮੱਤ ਦਾ ਮੁਖੀ ਹੁਣ ਡਾ: ਮਾਨ ਸਿੰਘ ਨਿਰੰਕਾਰੀ ਹੈ। ਲੇਖਕ ਵੱਲੋਂ ਨਵੇਂ ਸੰਸਕਰਨ 'ਚ ਇਹ ਸੋਧ ਨਹੀਂ ਕੀਤੀ ਜਾ ਸਕੀ। (ਅਨੁਵਾਦਕ)

2. 1891 ਦੀ ਜਨ-ਗਣਨਾ ਅਨੁਸਾਰ ਨਿਰੰਕਾਰੀਆਂ ਦੀ ਗਿਣਤੀ 50724 ਸੀ ਜਿਸ ਵਿੱਚੋਂ 11817 ਸਿੱਖ ਤੇ 38907 ਹਿੰਦੂ ਸਨ। ਕੈਪਟਨ ਏ. ਐਚ. ਬਿੰਗਲੇ ਆਪਣੀ ਪੁਸਤਕ ਹੈਂਡ ਬੁੱਕ ਫਾਰ ਇੰਡੀਅਨ ਆਰਮੀ" ਵਿੱਚ ਨਿਰੰਕਾਰੀਆਂ ਦੀ ਗਿਣਤੀ 38000 ਲਿਖਦਾ ਹੈ।

3. ਇਹ ਜਾਣਕਾਰੀ ਨਿਰੰਕਾਰੀ ਗੁਰੂ ਦੇ ਪੁੱਤਰ ਡਾ: ਮਾਨ ਸਿੰਘ ਨੇ ਦਿੱਤੀ।

ਦਿਆਲ ਦਾਸ ਤੇ ਉਹਦੇ ਉੱਤਰਾਧਿਕਾਰੀਆਂ ਨੂੰ ਸ੍ਰੀ ਸਤਿਗੁਰੂ, ਸ੍ਰੀ ਹਜ਼ੂਰ ਸਾਹਿਬ ਆਦਿ ਸਨਮਾਨ ਸੂਚਕ ਉਪਾਧੀਆਂ ਨਾਲ ਯਾਦ ਕਰਦੇ ਹਨ ਜਾਂ ਬੁਲਾਉਂਦੇ ਹਨ। ਉਹ ਜੁਝਾਰੂ ਖ਼ਾਲਸੇ ਦਾ ਖੰਡਨ ਕਰਦੇ ਹਨ।[4]

ਨਿਰੰਕਾਰੀ ਬੜੀ ਤੇਜ਼ੀ ਨਾਲ ਆਪਣੀ ਵੱਖਰੀ ਪਛਾਣ ਗੁਆ ਰਹੇ ਹਨ ਤੇ ਕੁਝ ਹੀ ਦਹਾਕਿਆਂ ਵਿੱਚ ਉਹ ਆਪਣੇ ਮੁੱਖ ਧਾਰਾ-ਹਿੰਦੂਆਂ ਜਾਂ ਸਿੱਖਾਂ ਵਿੱਚ ਜਾ ਮਿਲਣਗੇ। ਇਸ ਲਹਿਰ ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਸ ਨੇ ਉਹ ਰਸਮਾਂ ਰੀਤਾਂ ਸ਼ੁਰੂ ਕੀਤੀਆਂ ਜਿਹਨਾਂ ਨੇ ਸਿੱਖਾਂ ਵਿੱਚ ਵੱਖਰੇਪਨ ਤੇ ਅਲਹਿਦਗੀ ਦੀ ਭਾਵਨਾ ਭਰ ਦਿੱਤੀ ਜਿਸ ਕਾਰਨ ਸਿੱਖਾਂ ਦੇ ਹਿੰਦੂ ਧਰਮ ਵਿੱਚ ਜਜ਼ਬ ਹੋਣ ਦੇ ਅਮਲ ਨੂੰ ਠੱਲ੍ਹ ਪੈ ਗਈ।

ਬਿਆਸ ਦੇ ਰਾਧਾ ਸੁਆਮੀ—ਰਾਧਾ ਸੁਆਮੀ ਦਾ ਬਾਨੀ ਆਗਰੇ ਦਾ ਹਿੰਦੂ ਸ਼ਾਹੂਕਾਰ ਸ਼ਿਵ ਦਿਆਲ (1818-78) ਸੀ। ਸ਼ਿਵ ਦਿਆਲ ਉੱਪਰ ਆਦਿ ਗ੍ਰੰਥ ਦਾ ਬਹੁਤ ਪ੍ਰਭਾਵ ਸੀ ਤੇ ਉਸ ਨੇ ਅਜਿਹਾ ਸਿਧਾਂਤ ਪੇਸ਼ ਕੀਤਾ ਜਿਸ ਵਿੱਚ ਹਿੰਦੂ ਧਰਮ ਤੇ ਸਿੱਖ ਧਰਮ ਦੇ ਤੱਤ ਸ਼ਾਮਲ ਸਨ। ਉਸ ਨੇ ਪ੍ਰਮਾਤਮਾ ਨੂੰ ਰਾਧਾ (ਆਤਮਾ ਦਾ ਚਿੰਨ੍ਹ) ਤੇ ਸੁਆਮੀ (ਮਾਲਕ) ਦਾ ਮੇਲ ਦੱਸਿਆ ਤੇ ਇਸ ਤਰ੍ਹਾਂ ਉਹ ਰਾਧਾ ਸੁਆਮੀ ਦਾ ਪੁਜਾਰੀ ਜਾਂ ਉਪਾਸਕ ਬਣਿਆ।[5]

ਸ਼ਿਵ ਦਿਆਲ ਵੱਲ ਬਹੁਤ ਸਾਰੇ ਹਿੰਦੂ ਤੇ ਸਿੱਖ ਆਕ੍ਰਸ਼ਿਤ ਹੋਏ ਤੇ ਇਸ ਤਰ੍ਹਾਂ ਉਹ ਇਸ ਮੱਤ ਦਾ ਪਹਿਲਾ ਗੁਰੂ ਬਣ ਗਿਆ। ਉਸ ਦੀ ਮੌਤ ਮਗਰੋਂ ਰਾਧਾ ਸੁਆਮੀ ਦੇ

---

4. ਚਾਰਾਂ ਵਿੱਚੋਂ ਦੋ ਨਿਰੰਕਾਰੀ ਗੁਰੂਆਂ ਨੇ ਖ਼ਾਲਸਾ ਬਣ ਕੇ ਅੰਮ੍ਰਿਤ ਨਹੀਂ ਛਕਿਆ ਸੀ। ਨਿਰੰਕਾਰੀਆਂ ਆਪਣੀ ਅਰਦਾਸ ਦੇ ਅੰਤ ਤੇ "ਸ੍ਰੀ ਭਗੌਤੀ" ਦੀ ਥਾਂ 'ਤੇ 'ਨਿਰੰਕਾਰ' ਸ਼ਬਦ ਵਰਤਦੇ ਹਨ ਕਿਉਂਕਿ ਉਹਨਾਂ ਅਨੁਸਾਰ "ਭਗਉਤੀ" ਵੀ ਹਿੰਦੂ ਦੇਵੀ ਦਾ ਨਾਮ ਹੈ। ਦੂਸਰਾ ਵੱਡਾ ਅੰਤਰ ਜੋ ਉਹਨਾਂ ਦਾ ਸਨਾਤਨੀ ਸਿੱਖਾਂ ਨਾਲੋਂ ਹੈ, ਉਹ ਹੈ ਪ੍ਰਣਾਮ ਕਰਨ ਦੀ ਵਿਧੀ। ਉਹ ਪਰੰਪਰਾ ਅਨੁਸਾਰ "ਸਤਿ ਸ੍ਰੀ ਅਕਾਲ" ਕਹਿਣ ਦੀ ਥਾਂ "ਧੰਨ ਨਿਰੰਕਾਰ" ਕਹਿੰਦੇ ਹਨ।
5. ਸ਼ਿਵ ਦਿਆਲ ਦੇ ਵਿਸ਼ਵਾਸ ਤੇ ਸਿਧਾਂਤ ਉਹਦੀ ਪੁਸਤਕ "ਸਾਰ ਬਚਨ" ਵਿੱਚ ਹਨ ਜਿਹਨਾਂ ਦਾ ਸੰਖੇਪ ਸਾਰ ਹੇਠਾਂ ਦਿੱਤਾ ਜਾਂਦਾ ਹੈ : "ਮਾਨਵ ਜੋ ਪ੍ਰਮਾਤਮਾ ਦੀ ਰਚਨਾ ਵਿੱਚ ਸਭ ਤੋਂ ਉੱਤਮ ਹੈ ਇਸ ਲਈ ਦੁੱਖਾਂ 'ਚ ਘਿਰਿਆ ਹੋਇਆ ਹੈ ਕਿਉਂਕਿ ਉਹ ਪੂਰਨਤਾ ਪ੍ਰਾਪਤ ਨਹੀਂ ਕਰਦਾ ਜੋ ਉਹ ਕਰ ਸਕਣ ਦੇ ਯੋਗ ਹੈ। ਇਹ ਪੂਰਨਤਾ ਗੁਰੂ ਦੀ ਅਗਵਾਈ ਨਾਲ ਪ੍ਰਾਪਤ ਹੁੰਦੀ ਹੈ ਜੋ ਦੀਖਸ਼ਾ ਦਿੰਦਾ ਹੈ। ਇਹ ਗੁਪਤ ਸਿਧਾਂਤ ਹੈ ਜਿਸ ਅਨੁਸਾਰ ਮਨੁੱਖ ਨੂੰ ਸਰੀਰਕ ਤੇ ਮਾਨਸਿਕ ਅਨੁਸ਼ਾਸਨ ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਜੋ ਉਹ ਸਮਾਧੀ ਲਗਾ ਸਕੇ। ਆਦਮੀ ਦੇ ਸਰੀਰ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਅੱਖਾਂ ਤੋਂ ਉਪਰਲਾ ਭਾਗ ਆਤਮਾ ਦਾ ਨਿਵਾਸ ਅਸਥਾਨ ਹੈ ਤੇ ਅੱਖਾਂ ਤੋਂ ਹੇਠਲੇ ਭਾਗ ਨੂੰ ਮਨ ਕਾਬੂ ਕਰਦਾ ਹੈ। ਪਰਮਾਤਮਾ ਦੀ ਪ੍ਰਾਪਤੀ ਗੁਰੂ ਦਾ ਪ੍ਰਤੀਬਿੰਬ "ਸ਼ਿਵ ਨੇਤਰ" ਭਾਵ ਅੱਖਾਂ ਦੇ ਵਿਚਕਾਰ ਇਕ ਸਥਾਨ 'ਤੇ ਪੁਨਰ ਸਥਾਪਿਤ ਕਰਨ ਤੇ ਸ਼ਬਦ ਜਾਂ ਨਾਮ ਉਚਾਰਨ ਨਾਲ ਹੁੰਦੀ ਹੈ। ਇਸ ਅਭਿਆਸ ਨੂੰ 'ਸੁਰਤ ਯੋਗ' ਕਿਹਾ ਜਾਂਦਾ ਹੈ। ਇਸ ਲਈ "ਸਤਿਸੰਗ" ਜ਼ਰੂਰੀ ਹੈ। ਸੰਸਥਾ ਨੂੰ ਰਾਧਾ ਸੁਆਮੀ ਸਤਿਸੰਗ ਕਿਹਾ ਜਾਂਦਾ ਹੈ।

ਧੜਿਆਂ ਵਿੱਚ ਵੰਡਿਆ ਗਿਆ। ਮੁੱਖ ਕੇਂਦਰ ਤਾਂ ਆਗਰੇ ਹੀ ਰਿਹਾ ਪਰ ਇਕ ਸਾਖ ਸਿੱਖ ਪੈਰੋਕਾਰ ਜੈਮਲ ਸਿੰਘ[7] (1839-1913) ਨੇ ਬਿਆਸ ਦੇ ਕਿਨਾਰੇ ਸ਼ੁਰੂ ਕਰ ਲਈ। ਇਹ ਥਾਂ ਅੰਮ੍ਰਿਤਸਰ ਤੋਂ ਬਹੁਤੀ ਦੂਰ ਨਹੀਂ ਸੀ। ਬਿਆਸ ਦੇ ਰਾਧਾ ਸੁਆਮੀ ਬਹੁਤ ਜਲਦੀ ਆਗਰਾ ਦੇ ਕੇਂਦਰ ਤੋਂ ਵੱਖ ਤੇ ਸੁਤੰਤਰ ਹੋ ਗਏ ਤੇ ਉਹਨਾਂ ਦੇ ਆਪਣੇ ਗੁਰੂ ਬਣੇ ਜੋ ਸਭ ਸਿੱਖ ਹੀ ਸਨ। ਜੈਮਲ ਸਿੰਘ ਦੀ ਮੌਤ ਪਿੱਛੋਂ, ਉਹਦੇ ਚੇਲਿਆਂ ਵਿੱਚ ਇਕ ਸਾਵਨ ਸਿੰਘ ਗਰੇਵਾਲ ਜੋ ਇੰਜਨੀਅਰ ਸੀ ਪੰਜਾਬ ਦੇ ਰਾਧਾ ਸੁਆਮੀਆਂ ਦਾ ਮੁਖੀ ਬਣਿਆ। ਸਾਵਨ ਸਿੰਘ ਨੇ ਬਿਆਸ ਕੇਂਦਰ ਨੂੰ ਬਹੁਤ ਵਧਾਇਆ ਤੇ ਇਸ ਦਾ ਨਾਮ ਡੇਰਾ ਬਾਬਾ ਜੈਮਲ ਸਿੰਘ ਰੱਖਿਆ। ਸਾਵਨ ਸਿੰਘ ਦੇ ਕਾਰਜ-ਕਾਲ ਵਿੱਚ ਰਾਧਾ ਸੁਆਮੀਆਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ। ਸਿੱਖਾਂ ਤੋਂ ਬਿਨਾਂ ਜਿਹੜੇ ਕਿ ਇਹਦੀ ਨਾਭੀ ਸਨ, ਇਸ ਵਿੱਚ ਹਿੰਦੂ, ਮੁਸਲਮਾਨ, ਪਾਰਸੀ, ਈਸਾਈ ਵੀ ਸ਼ਾਮਿਲ ਹੋ ਗਏ। ਸਾਵਨ ਸਿੰਘ ਦੀ ਮੌਤ 1849 ਈ: ਵਿੱਚ ਹੋ ਗਈ। ਉਸ ਦਾ ਉੱਤਰਾਧਿਕਾਰੀ ਖੇਤੀਬਾੜੀ ਦਾ ਇਕ ਰਿਟਾਇਰ ਪ੍ਰੋਫ਼ੈਸਰ ਜਗਤ ਸਿੰਘ ਬਣਿਆ। ਤਿੰਨ ਸਾਲ ਦੀ ਛੋਟੀ ਜਿਹੀ ਅਵਧੀ ਪਿੱਛੋਂ ਜਗਤ ਸਿੰਘ 1951 ਈ: ਵਿੱਚ ਮਰ ਗਿਆ। ਉਸ ਨੇ ਆਪਣਾ ਉੱਤਰਾਧਿਕਾਰੀ ਸਾਵਨ ਸਿੰਘ ਦੇ ਪੋਤਰੇ ਚਰਨ ਸਿੰਘ ਗਰੇਵਾਲ ਨੂੰ ਨਾਮਜ਼ਦ ਕੀਤਾ। ਚਰਨ ਸਿੰਘ ਇਕ ਪੜ੍ਹਿਆ ਲਿਖਿਆ ਤੇ ਜਾਦੂਮਈ ਖਿੱਚ ਦਾ ਮਾਲਕ ਹੈ। ਉਹਦੀ ਅਗਵਾਈ ਵਿੱਚ ਬਿਆਸ ਰਾਧਾ ਸੁਆਮੀ ਇਕ ਮਹੱਤਵਪੂਰਨ ਗਿਣਤੀ ਦਾ ਸੰਗਠਨ ਬਣ ਗਿਆ ਤੇ ਜਿਸ ਦੇ ਲਗਭਗ ਇਕ ਲੱਖ ਲੋਕ ਆਪਣੇ ਗੁਰੂਆਂ ਦੇ ਜਨਮ ਦਿਨ ਮਨਾਉਣ ਲਈ ਇਕੱਤਰ ਹੁੰਦੇ ਹਨ। ਉਹ ਵੱਖ-ਵੱਖ ਕੌਮਾਂ 'ਤੇ ਸੰਪਰਦਾਵਾਂ ਦੇ 10 ਲੱਖ ਆਦਮੀਆਂ ਤੇ ਇਸਤਰੀਆਂ ਦੇ ਪੈਰੋਕਾਰਾਂ ਦਾ ਦਾਅਵਾ ਕਰਦੇ ਹਨ।[8]

---

6. ਸ਼ਿਵ ਦਿਆਲ 1878 ਈ: ਵਿੱਚ ਮਰ ਗਿਆ ਤੇ ਉਸ ਦਾ ਉੱਤਰਾਧਿਕਾਰੀ ਆਗਰੇ ਵਿੱਚ ਰਾਏ ਸਾਲਿਗਰਾਮ ਸਾਹਿਬ ਬਹਾਦਰ (1828-1898) ਬਣਿਆ। ਰਾਏ ਸਾਲਿਗਰਾਮ ਨੇ ਧਾਰਮਕ ਕਵਿਤਾ ਰਚੀ ਜਿਸ ਦੇ ਦੋ ਸੰਗ੍ਰਹਿ "ਪ੍ਰੇਮ ਬਾਣੀ" ਤੇ "ਪ੍ਰੇਮ ਪੱਤਰ" ਵਧੇਰੇ ਪ੍ਰਸਿੱਧ ਹਨ। ਉਸ ਨੇ ਅੰਗਰੇਜ਼ੀ ਵਿੱਚ "ਰਾਧਾ ਸੁਆਮੀ ਸਿਧਾਂਤਾਂ ਦੀ ਵਿਆਖਿਆ" ਵੀ ਲਿਖੀ।

   ਆਗਰਾ ਦੇ ਰਾਧਾ ਸੁਆਮੀਆਂ ਦਾ ਤੀਸਰਾ ਗੁਰੂ ਇਕ ਬੰਗਾਲੀ ਬ੍ਰਾਹਮਣ, ਬ੍ਰਹਮਾ ਸ਼ੰਕਰ ਮਿਸ਼ਰਾ—(1861-1907) ਸੀ। ਮਿਸ਼ਰਾ ਮਗਰੋਂ ਆਗਰਾ ਦੇ ਰਾਧਾ ਸੁਆਮੀਆਂ ਦੇ ਕਈ ਧੜੇ ਬਣ ਗਏ। ਅੱਜਕੱਲ੍ਹ ਉਹਨਾਂ ਦੀ "ਦਿਆਲ ਬਾਗ" ਵਿੱਚ ਪ੍ਰਫੁੱਲਤ "ਉਦਯੋਗਿਕ ਮਿਲਖ" ਹੈ। ਹੁਣ ਆਗਰੇ ਦੇ ਕੇਂਦਰ ਦਾ ਧਾਰਮਕ ਨਾਲੋਂ ਵਧੇਰੇ ਆਰਥਕ ਮਹੱਤਵ ਹੈ।
7. ਜੈਮਲ ਸਿੰਘ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ 'ਘੁਮਾਣ' ਦਾ ਜੱਟ ਸਿੱਖ ਸੀ। ਉਹ ਈਸਟ ਇੰਡੀਆ ਕੰਪਨੀ ਵਿੱਚ ਸਿਪਾਹੀ ਸੀ। ਜਦੋਂ ਉਹ ਆਗਰੇ ਵਿੱਚ ਨਿਯੁਕਤ ਸੀ, ਉਸ ਦੀ ਮੁਲਾਕਾਤ ਸ਼ਿਵਦਿਆਲ ਨਾਲ ਹੋਈ। ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਉਹ ਪੰਜਾਬ ਆ ਗਿਆ ਤੇ ਉਸ ਨੇ ਦਰਿਆ ਬਿਆਸ ਦੇ ਖੱਬੇ ਕਿਨਾਰੇ ਤੇ ਡੇਰਾ ਕਾਇਮ ਕਰ ਲਿਆ।
8. ਰਾਧਾ ਸੁਆਮੀਆਂ ਦੀ ਗਿਣਤੀ ਦੀ ਤਸਦੀਕ ਕਰਨੀ ਸੰਭਵ ਨਹੀਂ ਹੈ ਕਿਉਂਕਿ ਉਹਨਾਂ ਦਾ ਕੋਈ ਵੱਖਰਾ ਮੱਤ ਨਹੀਂ ਹੈ, ਇਸ ਲਈ ਉਹਨਾਂ ਦਾ ਜਨ-ਗਣਨਾ ਵਿੱਚ ਵੀ ਕੋਈ ਇੰਦਰਾਜ਼ ਨਹੀਂ ਹੈ।

ਰਾਧਾ ਸੁਆਮੀਆਂ ਦੇ ਸਨਾਤਨੀ ਸਿੱਖ ਧਰਮ ਨਾਲ ਕੁਝ ਮੂਲ ਮੱਤਭੇਦ ਹਨ। ਉਹ ਜੀਵਤ ਗੁਰੂ ਨੂੰ ਮੰਨਦੇ ਹਨ ਜੋ ਚੇਲਿਆਂ ਨੂੰ ਦੀਖਿਆ ਦਿੰਦਾ ਹੈ[9], ਇਸ ਤਰ੍ਹਾਂ ਉਹ ਗੁਰ-ਭਾਈ ਜਾਂ ਭੈਣਾਂ ਬਣ ਜਾਂਦੇ ਹਨ ਤੇ ਇਕ ਦੂਸਰੇ ਨੂੰ "ਰਾਧਾ ਸੁਆਮੀ" ਕਹਿ ਕੇ ਪ੍ਰਣਾਮ ਕਰਦੇ ਹਨ। ਰਾਧਾ ਸੁਆਮੀ ਮੰਦਰਾਂ ਵਿੱਚ ਗ੍ਰੰਥ ਸਾਹਿਬ ਨਹੀਂ ਹੁੰਦਾ। ਬੱਸ ਇਕ ਚਬੂਤਰਾ ਹੀ ਹੁੰਦਾ ਹੈ ਜਿੱਥੇ ਗੁਰੂ ਬੈਠ ਕੇ ਚੇਲਿਆਂ ਨੂੰ ਪ੍ਰਵਚਨ ਦਿੰਦਾ ਹੈ। ਉਹ ਕੀਰਤਨ ਨਹੀਂ ਕਰਦੇ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਸੰਗੀਤ ਮਨ ਨੂੰ ਸ਼ਬਦਾਂ ਦੇ ਅਰਥਾਂ ਵੱਲੋਂ ਮੋੜ ਕੇ ਸਿਰਫ਼ ਮਨੋਰੰਜਨ ਵੱਲ ਲਿਜਾਂਦਾ ਹੈ। ਭਾਵੇਂ ਬਿਆਸ ਦੇ ਰਾਧਾ ਸੁਆਮੀ ਗੁਰੂ ਤੇ ਉਹਨਾਂ ਦੇ ਸਿੱਖ ਚੇਲੇ ਕੇਸਾਧਾਰੀ ਰਹਿੰਦੇ ਹਨ, ਪਰ ਉਹ "ਖੰਡੇ ਦੀ ਪਾਹੁਲ" ਲੈਣ ਤੇ ਖ਼ਾਲਸੇ ਦੀਆਂ ਪ੍ਰਤਿੱਗਿਆਵਾਂ ਵਿੱਚ ਯਕੀਨ ਨਹੀਂ ਕਰਦੇ।

ਭਾਵੇਂ ਰਾਧਾ ਸੁਆਮੀ ਸਿੱਖ ਧਰਮ ਦੇ ਬਹੁਤ ਦੇਣਦਾਰ ਹਨ ਕਿਉਂਕਿ ਉਹਨਾਂ ਦੇ ਗੁਰੂਆਂ ਦੇ ਪ੍ਰਵਚਨ ਜ਼ਿਆਦਾ ਕਰਕੇ "ਆਦਿ ਗ੍ਰੰਥ" ਵਿੱਚੋਂ ਹੀ ਲਏ ਗਏ ਹਨ ਪਰ ਉਹਨਾਂ ਨੂੰ ਸਿੱਖ ਧਰਮ ਦਾ ਇਕ ਉਪ ਫਿਰਕਾ ਕਹਿਣਾ ਗ਼ਲਤ ਹੋਵੇਗਾ। ਉਹਨਾਂ ਨੂੰ ਸਿੱਖ ਧਾਰਮਕ ਲਹਿਰਾਂ ਨਾਲ ਵਿਚਾਰਨ ਦਾ ਇਕੋ ਇਕ ਉੱਚਿਤਤਾ ਇਹੋ ਹੈ ਕਿ ਉਹਨਾਂ ਦੀ ਸਹਿਜਧਾਰੀਆਂ ਨਾਲ ਨਿਕਟ ਸਮਾਨਤਾ ਹੈ। ਸਹਿਜਧਾਰੀ ਆਮ ਕਰਕੇ ਦਸ ਸਿੱਖ ਗੁਰੂਆਂ ਦੀਆਂ ਸਭ ਸਿੱਖਿਆਵਾਂ ਮੰਨਦੇ ਹਨ ਤੇ ਇਹ ਭਰਮ ਬਣਾਈ ਰੱਖਦੇ ਹਨ ਕਿ ਹੌਲੀ-ਹੌਲੀ ਉਹ ਸਿੰਘ ਸਜ ਜਾਣਗੇ। ਰਾਧਾ ਸੁਆਮੀ ਸਿਰਫ਼ ਪਹਿਲੇ ਪੰਜ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਕਰਦੇ ਹਨ ਜੋ ਆਦਿ ਗ੍ਰੰਥ ਵਿੱਚ ਦਰਜ ਹਨ ਤੇ ਬਾਕੀ ਸਭ ਕੁਝ ਅਪ੍ਰਵਾਨ ਕਰਦੇ ਹਨ। ਉਹਨਾਂ ਦੇ ਮੱਤ ਵੱਲ ਪੜ੍ਹੇ ਲਿਖੇ ਤੇ ਧਾਰਮਕ ਝੁਕਾਅ ਵਾਲੇ ਵਰਗ ਭਾਵ ਹਿੰਦੂ ਧਰਮ ਵੱਲ ਝੁਕਾਅ ਰੱਖਦੇ ਸਿੱਖ ਤੇ ਸਿੱਖ ਧਰਮ ਵੱਲ ਝੁਕਾਅ ਰੱਖਦੇ ਹਿੰਦੂ ਆਕ੍ਰਸ਼ਤ ਹੁੰਦੇ ਹਨ।

ਨਾਮਧਾਰੀ ਜਾਂ ਕੂਕਾ ਲਹਿਰ—ਨਾਮਧਾਰੀ ਮੱਤ ਦੀ ਨੀਂਹ ਉੱਤਰ ਪੱਛਮੀ ਸੀਮਾ ਖੇਤਰ ਦੇ ਹਜ਼ਰੋ ਪਿੰਡ ਦੇ ਬਾਲਕ ਸਿੰਘ ਨੇ ਰੱਖੀ ਸੀ।[10] ਬਾਲਕ ਸਿੰਘ ਨੂੰ ਜਵਾਹਰ ਮੱਲ[11]

---

9. ਰਾਧਾ ਸੁਆਮੀ ਮੱਤ ਧਾਰਨ ਕਰਨ ਲਈ ਕੁਝ ਪ੍ਰਤਿੱਗਿਆਵਾਂ ਲੈਣੀਆਂ ਪੈਂਦੀਆਂ ਹਨ, ਉਦਾਹਰਨ ਦੇ ਤੌਰ 'ਤੇ ਮਾਸ ਸ਼ਰਾਬ ਤੋਂ ਪਰਹੇਜ਼ਗਾਰੀ ਤੇ 2½ ਘੰਟੇ ਰੋਜ਼ ਸਮਾਧੀ ਲਾਉਣੀ ਜ਼ਰੂਰੀ ਹੈ।
10. ਬਾਲਕ ਸਿੰਘ (1797-1862) ਜ਼ਿਲ੍ਹਾ ਅਟੱਕ ਦੇ ਪਿੰਡ ਸਰਵਾਲਾ ਦੇ ਸੁਨਾਰ ਦਾ ਪੁੱਤਰ ਸੀ ਜੋ ਮਗਰੋਂ ਆਪਣਾ ਕਾਰੋਬਾਰ ਹਜ਼ਰੋ ਜਾ ਕੇ ਕਰਨ ਲੱਗਾ। ਉਹ ਬੱਤਰਾ ਗੋਤ ਦਾ ਅਰੋੜਾ ਸੀ।
11. ਜਵਾਹਰ ਮੱਲ ਜੋ ਆਪਣੀ ਭਗਤੀ ਭਾਵਨਾ ਕਾਰਨ "ਸਾਈ ਸਾਹਿਬ" ਵਜੋਂ ਮਸ਼ਹੂਰ ਸੀ, ਹਰੀਪੁਰ ਨੇੜੇ ਪਿੰਡ ਸਰਾਏ ਸਾਲੇਹ ਦੇ ਦਿਆਲ ਚੰਦ ਦਾ ਪੁੱਤਰ ਸੀ। ਦਿਆਲ ਚੰਦ ਭਾਵੇਂ ਵੈਸ਼ਨਵ ਹਿੰਦੂ ਸੀ ਪਰ ਉਹ ਸਿੱਖ ਧਰਮ ਦੇ ਸਿਧਾਂਤਾਂ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਗ੍ਰੰਥ ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਤੇ ਉਹਦੇ ਡੇਰੇ ਤੇ ਬਹੁਤ ਲੋਕ ਆਉਣੇ ਸ਼ੁਰੂ ਹੋ ਗਏ। ਉਹ ਭਗਤ ਵਜੋਂ ਪ੍ਰਸਿੱਧ ਹੋ ਗਿਆ ਤੇ ਉਹਦੇ ਵੰਸ਼ਜ ਜੋ ਕਲਾਲ ਸਨ, ਆਪਣੇ ਆਪ ਨੂੰ 'ਭਗਤ' ਕਹਿਣ ਲੱਗ ਪਏ। 1847 ਵਿੱਚ ਜਵਾਹਰ ਮੱਲ ਨੇ ਰੱਬੀ ਭਗਤੀ ਲਈ "ਜਗਿਆਸੀ ਅਭਿਆਸੀ ਆਸ਼ਰਮ" ਕਾਇਮ ਕੀਤਾ।

ਦੇ ਉਪਦੇਸ਼ਾਂ ਤੋਂ ਪ੍ਰੇਰਨਾ ਮਿਲੀ ਸੀ ਜੋ ਗ਼ਰੀਬੀ ਦੇ ਗੁਣਾਂ ਦਾ ਪ੍ਰਚਾਰ ਤੇ ਧਨ ਦੌਲਤ ਦੀ ਨਿਖੇਧੀ ਕਰਦਾ ਸੀ ਕਿਉਂਕਿ ਧਨ ਦੌਲਤ ਪਰਮਾਤਮਾ ਤੋਂ ਬੇਮੁੱਖ ਕਰਕੇ ਬੇਦੀਨ ਨਾਸਤਕ ਬਣਾ ਦਿੰਦਾ ਹੈ। ਬਾਲਕ ਸਿੰਘ ਵੀ ਉਹਦੇ ਪੱਗ-ਚਿੰਨ੍ਹ 'ਤੇ ਚਲਦਾ ਹੋਇਆ ਸਾਦਾ ਜੀਵਨ ਜਿਊਣ ਤੇ ਰੱਬ ਦਾ ਨਾਮ ਜਪਣ ਤੋਂ ਬਿਨਾਂ ਕਿਸੇ ਧਾਰਮਕ ਰੀਤੀ ਤੇ ਨਾ ਚੱਲਣ ਦਾ ਜ਼ੋਰਦਾਰ ਪ੍ਰਚਾਰ ਕਰਿਆ ਕਰਦਾ ਸੀ, ਇਸ ਲਈ ਉਸ ਨੂੰ ਨਾਮਧਾਰੀ ਕਿਹਾ ਜਾਣ ਲੱਗਾ।[12] ਬਾਲਕ ਸਿੰਘ ਦੇ ਉਪਦੇਸ਼ਾਂ ਨਾਲੋਂ ਵਧੇਰੇ ਉਸ ਦੀ ਸ਼ਖ਼ਸੀਅਤ ਦਾ ਪ੍ਰਭਾਵ ਸੀ ਜਿਸ ਕਾਰਨ ਉਹਦੇ ਪੈਰੋਕਾਰ ਉਸ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਸਮਝਣ ਲੱਗੇ।

ਬਾਲਕ ਸਿੰਘ ਨੇ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਆਪਣੇ ਸਰਗਰਮ ਤੇ ਉਤਸ਼ਾਹੀ ਚੇਲਿਆਂ ਵਿੱਚੋਂ ਰਾਮ ਸਿੰਘ[13] ਤਰਖਾਣ ਨੂੰ ਉੱਤਰਾਧਿਕਾਰੀ ਥਾਪਿਆ। ਨਾਮਧਾਰੀਆਂ ਦਾ ਮੁਖ ਅਸਥਾਨ ਹਜ਼ਰੋ ਤੋਂ ਰਾਮ ਸਿੰਘ ਦੇ ਪਿੰਡ ਲੁਧਿਆਣਾ ਜ਼ਿਲ੍ਹੇ ਦੇ "**ਭੈਣੀ**" ਵਿੱਚ ਤਬਦੀਲ ਕਰ ਦਿੱਤਾ ਗਿਆ।

ਰਾਮ ਸਿੰਘ ਨੇ ਪੂਜਾ ਦੀ ਵਿਧੀ, ਰੂਪ ਤੇ ਵੇਸ਼-ਭੂਸ਼ਾ ਤੇ ਸੰਬੋਧਤ ਕਰਨ ਦੇ ਢੰਗ ਵਿੱਚ ਤਬਦੀਲੀਆਂ ਕੀਤੀਆਂ ਜਿਸ ਕਾਰਨ ਉਸ ਦੇ ਪੈਰੋਕਾਰ ਦੂਸਰੇ ਸਿੱਖਾਂ ਨਾਲੋਂ ਵਿਲੱਖਣ ਹੋ ਗਏ। ਉਹਦੀ ਪੈਰਵੀ ਕਰਦਿਆਂ ਉਹਦੇ ਚੇਲੇ ਵੀ ਸ਼ਬਦ ਉਚਾਰਦਿਆਂ, ਤੇ ਦਰਵੇਸ਼ਾਂ ਵਾਂਗ ਨਚਦਿਆਂ ਇਤਨੇ ਜੋਸ਼ ਵਿੱਚ ਆ ਜਾਂਦੇ ਸਨ ਕਿ ਉਹ ਉੱਚੀਆਂ-ਉੱਚੀਆਂ ਕੂਕਾਂ ਮਾਰਨ ਲੱਗ ਜਾਂਦੇ ਸਨ, ਇਸ ਕਰਕੇ ਉਹ 'ਕੂਕੇ' ਕਰਕੇ ਵੀ ਪ੍ਰਸਿੱਧ ਹੋ ਗਏ। ਕੂਕੇ ਸਿਰਫ਼ ਹੱਥ ਦੇ ਬਣਾਏ ਖੱਦਰ ਦੇ ਕੱਪੜੇ ਹੀ ਪਹਿਣਦੇ ਸਨ; ਉਹ ਆਪਣੇ ਹੀ ਢੰਗ ਨਾਲ ਪਗੜੀ ਬੰਨ੍ਹਦੇ ਸਨ, ਉਹ ਚੁੰਝ ਵਾਲੀ ਪੱਗ ਬੰਨ੍ਹਣ ਦੀ ਥਾਂ ਮੱਥੇ 'ਤੇ ਸਿੱਧੀ ਗੋਲ ਪੱਗ ਬੰਨ੍ਹਦੇ ਸਨ। ਉਹ ਹੱਥਾਂ ਵਿੱਚ ਡਾਂਗਾਂ ਰੱਖਦੇ ਸਨ ਤੇ ਉਹ ਪਰੰਪਰਕ ਸਤਿ ਸ੍ਰੀ ਅਕਾਲ ਦੀ ਥਾਂ "ਸਤਿ ਅਕਾਲ ਪੁਰਖ" ਕਹਿ ਕੇ ਇਕ ਦੂਸਰੇ ਨੂੰ ਪ੍ਰਣਾਮ ਕਰਦੇ ਸਨ। ਭਾਵੇਂ ਬਹੁਤ ਕੂਕੇ, ਰਾਮਗੜ੍ਹੀਏ, ਜੱਟਾਂ, ਮੋਚੀਆਂ, ਮਜ਼੍ਹਬੀਆਂ ਦੇ ਗ਼ਰੀਬ ਪਰਿਵਾਰਾਂ 'ਚੋਂ

---

12. ਨਾਮਧਾਰੀਆਂ ਲਈ ਤਿੰਨ ਵਜੇ ਸਵੇਰੇ ਜਾਗਣਾ ਦਾਤਨ ਇਸ਼ਨਾਨ ਕਰਨਾ ਜ਼ਰੂਰੀ ਸੀ। ਉਹਨਾਂ ਨੂੰ ਸਾਦਗੀ ਤੇ ਸੰਜਮੀ ਜੀਵਨ ਜਿਊਣ ਦਾ ਹੁਕਮ ਸੀ। ਉਹਨਾਂ ਨੂੰ ਕੁੜੀ ਮਾਰਨ ਤੇ ਦਾਜ ਲੈਣ ਦੀ ਸਖ਼ਤ ਮਨਾਹੀ ਸੀ। ਨਾਮਧਾਰੀਆਂ ਨੂੰ ਕਿਰਤ ਕਮਾਈ 'ਤੇ ਰਹਿਣ ਦਾ ਹੁਕਮ ਸੀ ਤੇ ਮੰਗਣ ਉੱਪਰ ਮਨਾਹੀ ਸੀ। ਉਹਨਾਂ ਲਈ ਤੰਬਾਕੂ, ਨਸਵਾਰ ਤੇ ਸ਼ਰਾਬ ਵੀ ਮਨ੍ਹਾ ਸੀ। ਉਹਨਾਂ ਦੇ ਭੋਜਨ ਵਿੱਚ ਮਾਸ ਵੀ ਮਨ੍ਹਾ ਸੀ।
13. ਰਾਮ ਸਿੰਘ (1816-85) ਭੈਣੀ ਪਿੰਡ ਜ਼ਿਲ੍ਹਾ ਲੁਧਿਆਣਾ ਦਾ ਰਾਮਗੜ੍ਹੀਆ ਸੀ। ਉਹ ਦਰਬਾਰ ਦੇ ਤੋਪਖਾਨੇ ਵਿੱਚ ਸੀ। ਜਦੋਂ ਉਸ ਦੀ ਪਲਟਨ ਸਰਹੱਦ ਤੇ ਨਿਯੁਕਤ ਹੋਈ ਤਾਂ ਉਹਦੀ ਬਾਲਕ ਸਿੰਘ ਨਾਲ ਮੁਲਾਕਾਤ ਹੋਈ। ਜਦੋਂ ਸਿੱਖ ਤੋਪਖਾਨਾ ਪਹਿਲੇ ਐਂਗਲੋ ਸਿੱਖ ਯੁੱਧ ਪਿੱਛੋਂ ਬਰਖ਼ਾਸਤ ਕਰ ਦਿੱਤਾ ਗਿਆ, ਰਾਮ ਸਿੰਘ ਆਕੇ ਹਜ਼ਰੋ ਰਹਿਣ ਲੱਗਾ। ਪੰਜਾਬ ਦੇ ਇਲਹਾਕ ਪਿੱਛੋਂ ਉਹ ਭੈਣੀ ਆ ਗਿਆ ਤੇ ਉਸ ਨੇ ਆਪਣਾ ਜੱਦੀ ਕਿੱਤਾ ਸ਼ੁਰੂ ਕਰ ਲਿਆ ਤੇ ਨਾਲ-ਨਾਲ ਉਹ ਬਾਲਕ ਸਿੰਘ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲੱਗ ਪਿਆ।

ਆਉਂਦੇ ਸਨ ਪਰ ਰਾਮ ਸਿੰਘ ਉਹਨਾਂ ਨੂੰ ਇਸ ਤਰ੍ਹਾਂ ਅਨੁਭਵ ਕਰਾਉਂਦੇ ਸਨ ਜਿਵੇਂ ਉਹ ਸਭ ਤੋਂ ਉੱਤਮ ਹੋਣ; ਉਹ ਉਹਨਾਂ ਨੂੰ "ਸੰਤ ਖ਼ਾਲਸਾ" ਕਹਿੰਦੇ ਸਨ ਜਦੋਂ ਕਿ ਦੂਸਰੇ ਮਲੇਛ ਸਨ। ਰਾਮ ਸਿੰਘ ਨੇ ਆਪਣੇ ਪੈਰੋਕਾਰਾਂ ਨੂੰ ਹੁਕਮਨਾਮੇ ਜਾਰੀ ਕੀਤੇ ਜਿਹਨਾਂ ਵਿੱਚ ਸਦਾਚਾਰਕ, ਸਮਾਜਕ, ਸਿਹਤ ਵਿਗਿਆਨ ਤੇ ਰਾਜਨੀਤੀ ਦੀਆਂ ਗੱਲਾਂ ਹੁੰਦੀਆਂ।[14]

ਰਾਮ ਸਿੰਘ ਦੇ ਧਾਰਮਕ ਪ੍ਰਵਚਨਾਂ ਵਿੱਚ ਰਾਜਨੀਤੀ ਦੀ ਚਾਸ਼ਨੀ ਵੀ ਹੁੰਦੀ। ਜਦੋਂ ਉਹ ਪਾਹੁਲ ਛਕਾਉਂਦਾ ਤਾਂ ਅਜਿਹੇ ਮੌਕਿਆਂ ਤੇ ਆਮ ਉਪਦੇਸ਼ਾਂ ਦੇ ਨਾਲ-ਨਾਲ ਉਹ ਸਿੱਖ ਰਾਜਿਆਂ ਤੇ ਜਾਗੀਰਦਾਰਾਂ ਦੀ ਬਦਚਲਨੀ, ਗੁਰੂ ਸਾਹਿਬਾਨਨ ਦੇ ਵੰਸ਼ਜਾਂ ਸੋਢੀਆਂ, ਬੇਦੀਆਂ ਵੱਲੋਂ ਗੁਰਗੱਦੀਆਂ ਲਾ ਕੇ ਬੈਠਣ ਦੀ, ਬੁੱਤ ਪੂਜਾ ਤੇ ਜ਼ਾਤੀਵਾਦ ਦੀ ਵੀ ਨਿਖੇਧੀ ਕਰਿਆ ਕਰਦਾ।[15] ਹਿੰਦੂ ਧਰਮ ਦੀਆਂ ਕਈ ਰੀਤਾਂ ਰਸਮਾਂ ਦੀ ਆਲੋਚਨਾ ਕਰਨ ਦੇ ਬਾਵਜੂਦ, ਉਹ ਗਊ ਦਾ ਸਰਗਰਮ ਰਖਿਅਕ ਬਣ ਗਿਆ।

ਰਾਮ ਸਿੰਘ ਨੇ ਆਪਣੇ ਪੈਰੋਕਾਰਾਂ ਲਈ ਵੱਖਰੇ ਗੁਰਦਵਾਰੇ ਬਣਵਾਏ। ਉਸ ਨੇ ਸੂਬੇ ਨਿਯੁਕਤ ਕੀਤੇ ਜੋ ਧਨ ਉਗਰਾਹ ਕੇ 'ਭੇਟੀ' ਭੇਜਿਆ ਕਰਦੇ ਸਨ। ਉਸ ਨੇ ਨੌਜੁਆਨਾਂ

---

14. **ਸਦਾਚਾਰਕ ਸਿੱਖਿਆ**—ਚੋਰੀ ਨਾ ਕਰੋ, ਯਾਰੀ (ਪਰਨਾਰੀ ਗਮਨ) ਨਾ ਕਰੋ। **ਵਿਅਕਤੀਗਤ**—ਤੰਬਾਕੂ, ਸ਼ਰਾਬ ਤੇ ਕਿਸੇ ਵੀ ਕਿਸਮ ਦਾ ਮਾਸ ਗ੍ਰਹਿਣ ਨਾ ਕਰੋ। ਪਗੜੀ ਸਿੱਧੀ ਮੱਥੇ ਉਦਾਲੇ ਬੰਨ੍ਹੋ। **ਸਮਾਜਕ**—ਨਾ ਕੁੜੀ ਮਾਰੋ ਤੇ ਨਾ ਵੇਚੋ। ਅੱਠ ਸਾਲ ਤੋਂ ਛੋਟੀ ਲੜਕੀ ਦਾ ਵਿਆਹ ਨਾ ਕਰੋ। ਨਾ ਦਾਜ ਲਓ ਤੇ ਨਾ ਦੇਵੋ। (ਰਾਮ ਸਿੰਘ ਨੇ ਆਪਣੇ ਪੈਰੋਕਾਰਾਂ ਦੀਆਂ 1863 ਵਿੱਚ ਖੋਟੇ ਪਿੰਡ ਵਿੱਚ ਸਮੂਹਕ ਸ਼ਾਦੀਆਂ ਕਰਵਾਈਆਂ। ਉਸ ਨੇ ਆਪਣੇ ਪੈਰੋਕਾਰਾਂ ਨੂੰ 13 ਰੁਪੈ ਤੋਂ ਵੱਧ ਸ਼ਾਦੀ 'ਤੇ ਖ਼ਰਚ ਕਰਨ ਤੋਂ ਮਨ੍ਹਾ ਕੀਤਾ। ਨਾ ਰੁਪੈ ਵਿਆਜ ਤੇ ਲਉ ਨਾ ਦੇਵੋ। ਬਲਦਾਂ ਨੂੰ ਖੱਸੀ ਨਾ ਕਰੋ। ਗਊਆਂ ਤੇ ਹੋਰ ਪਸ਼ੂਆਂ ਦੀ ਹੱਤਿਆ ਤੋਂ ਰੱਖਿਆ ਕਰੋ। **ਸਿਹਤ ਸਫ਼ਾਈ**—ਸੂਰਜ ਚੜ੍ਹੇ ਤੋਂ ਪਹਿਲਾਂ ਉੱਠੋ ਤੇ ਰੋਜ਼ ਇਸ਼ਨਾਨ ਕਰੋ। ਅਰਦਾਸ ਕਰੋ ਤੇ ਉੱਨ ਦੀ ਮਾਲਾ ਫੇਰੋ। **ਰਾਜਨੀਤੀ**—ਸਰਕਾਰੀ ਨੌਕਰੀ ਨਾ ਕਰੋ। ਸਰਕਾਰੀ ਸਕੂਲਾਂ ਵਿੱਚ ਬੱਚੇ ਪੜ੍ਹਨ ਨਾ ਭੇਜੋ। ਮੁਕੱਦਮੇ ਅਦਾਲਤਾਂ ਵਿੱਚ ਲਿਜਾਉਣ ਦੀ ਥਾਂ ਪੰਚਾਇਤਾਂ ਵਿੱਚ ਨਿਪਟਾਓ, ਵਿਦੇਸ਼ੀ ਮਾਲ ਨਾ ਵਰਤੋ, ਨਾ ਹੀ ਸਰਕਾਰੀ ਡਾਕ ਸੇਵਾ ਦੀ ਵਰਤੋਂ ਕਰੋ।
15. "ਗੋਬਿੰਦ ਦਾ ਗ੍ਰੰਥ ਹੀ ਸੱਚਾ ਹੈ ਜੋ ਕਲਪਨਾ ਸ਼ਕਤੀ ਨਾਲ ਲਿਖਿਆ ਗਿਆ ਹੈ ਤੇ ਇਹੋ ਹੈ ਪਵਿੱਤਰ ਵਰਤਮਾਨ ਗ੍ਰੰਥ ਹੈ। ਗੋਬਿੰਦ ਸਿੰਘ ਹੀ ਇੱਕੋ ਇਕ ਸੱਚਾ ਗੁਰੂ ਹੈ। ਹਰ ਕੋਈ ਬਿਨਾਂ ਜ਼ਾਤ-ਪਾਤ ਤੇ ਧਰਮ ਦੀ ਭਿੰਨਤਾ ਦੇ ਧਰਮ ਵਿੱਚ ਪ੍ਰਵੇਸ਼ ਕਰ ਸਕਦਾ ਸੀ। ਉਸ ਨੇ ਕਿਹਾ ਕਿ ਸੋਢੀ, ਬੇਦੀ, ਮਹੰਤ, ਬ੍ਰਾਹਮਣ ਤੇ ਇਹਨਾਂ ਵਰਗੇ ਸਭ ਪਖੰਡੀ ਹਨ ਕਿਉਂਕਿ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਗੁਰੂ ਨਹੀਂ ਹੈ। ਦੇਵੀ ਦੁਆਰੇ ਤੇ ਸ਼ਿਵ ਮੰਦਰ ਸਭ ਲੁੱਟ ਦਾ ਸਾਧਨ ਹਨ। ਇਹ ਘਿਰਣਤ ਥਾਵਾਂ ਹਨ ਤੇ ਇਹਨਾਂ ਵਿੱਚ ਕਦੇ ਨਹੀਂ ਜਾਣਾ ਚਾਹੀਦਾ। ਬੁੱਤ ਤੇ ਬੁੱਤ ਪੂਜਾ ਪਰਮਾਤਮਾ ਦਾ ਅਪਮਾਨ ਹੈ ਤੇ ਉਹਨਾਂ ਕਾਰਨ ਮਾਫ਼ੀ ਨਹੀਂ ਮਿਲੇਗੀ। ਧਰਮ ਪਰਿਵਰਤਨ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਦੇ ਗ੍ਰੰਥ ਤੋਂ ਬਿਨਾਂ ਹੋਰ ਕੋਈ ਗ੍ਰੰਥ ਨਹੀਂ ਪੜ੍ਹਨਗੇ।" ਮਿਸਟਰ ਕਿਨਚੰਟ ਦਾ "ਕੂਕਿਆਂ ਦੇ ਵਿਸ਼ਵਾਸ—1863" —ਕੂਕਾ ਮੱਤ ਨਾਲ ਸੰਬੰਧਿਤ ਪੱਤਰ।

ਨੂੰ ਸ਼ਸਤਰਾਂ ਦੀ ਸਿਖਲਾਈ ਦੇਣ ਦਾ ਪ੍ਰਬੰਧ ਵੀ ਕੀਤਾ ਤੇ ਉਸ ਨੇ ਅਰਧ ਸੈਨਿਕ ਦਲ ਵੀ ਬਣਾਇਆ। ਕੂਕਿਆਂ ਦੇ ਆਪਣੇ ਕਾਸਦ ਹੁੰਦੇ ਸਨ ਜੋ ਗੁਪਤ ਸੰਦੇਸ਼ ਲੈ ਕੇ ਜਾਇਆ ਕਰਦੇ ਸਨ।

1863 ਤੱਕ ਰਾਮ ਸਿੰਘ ਦੇ ਪੈਰੋਕਾਰਾਂ ਦੀ ਇਕ ਬੜੀ ਵਿਉਂਤਬੱਧ ਜੱਥੇਬੰਦੀ ਬਣ ਗਈ ਸੀ। ਸੌ ਸਾਖੀ ਦਾ ਇਕ ਨਵਾਂ ਸੰਸਕਰਨ ਪ੍ਰਚੱਲਤ ਕੀਤਾ ਗਿਆ। ਇਸ ਵਿੱਚ ਇਹ ਭਵਿੱਖਬਾਣੀ ਕੀਤੀ ਗਈ ਸੀ ਕਿ ਭੈਣੀ ਪਿੰਡ ਦੇ ਤਰਖਾਣ ਰਾਮ ਸਿੰਘ ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਪੁਨਰ ਜਨਮ ਲੈਣਗੇ, ਉਹ ਅੰਗਰੇਜ਼ਾਂ ਨੂੰ ਹਿੰਦੁਸਤਾਨ 'ਚੋਂ ਕੱਢ ਕੇ ਸਿੱਖ ਰਾਜਵੰਸ਼ ਕਾਇਮ ਕਰਨਗੇ। ਰਾਮ ਸਿੰਘ ਨੇ ਆਪਣੇ ਪੈਰੋਕਾਰਾਂ ਨੂੰ ਹੁਕਮ ਭੇਜਿਆ ਕਿ ਉਹ ਖ਼ਾਸ ਐਲਾਨ ਸੁਣਨ ਲਈ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਪਹੁੰਚਣ। ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਨੂੰ ਅਨੰਦਪੁਰ 'ਚ ਅੰਮ੍ਰਿਤ ਛਕਾਉਣ ਲਈ ਇਸ ਤਰ੍ਹਾਂ ਹੀ ਕੀਤਾ ਸੀ, ਇਸ ਦਾ ਕੂਕਿਆਂ ਉੱਪਰ ਬਹੁਤ ਪ੍ਰਭਾਵ ਪਿਆ। ਰਾਮ ਸਿੰਘ ਅੰਮ੍ਰਿਤਸਰ ਪਹੁੰਚਿਆ ਤੇ ਉਸ ਨੇ ਵੇਖਿਆ ਕਿ ਸ਼ਹਿਰ ਵਿੱਚ ਪੁਲੀਸ ਦਗੜ-ਦਗੜ ਕਰ ਰਹੀ ਹੈ। ਉਹ ਉੱਥੇ ਕੋਈ ਐਲਾਨ ਨਾ ਕਰ ਸਕਿਆ। ਜਦੋਂ ਉਹ ਭੈਣੀ ਮੁੜ ਕੇ ਪਹੁੰਚਿਆ ਤਾਂ ਉਸ ਨੂੰ ਆਪਣਾ ਪਿੰਡ ਛੱਡ ਕੇ ਜਾਣ ਦੀ ਮਨਾਹੀ ਦੀ ਸੂਚਨਾ ਦੇ ਦਿੱਤੀ ਗਈ। ਉਸ ਨੇ ਸ਼ਿਕਾਇਤ ਕੀਤੀ ਕਿ ਸਰਕਾਰੀ ਅਧਿਕਾਰੀ, ਬ੍ਰਾਹਮਣ ਤੇ ਹੋਰ ਕਈ ਲੋਕ ਉਸ 'ਤੇ ਜ਼ੁਲਮ ਕਰ ਰਹੇ ਹਨ...।[16] ਰਾਮ ਸਿੰਘ ਉੱਪਰ ਉਸ ਵੇਲੇ ਤੱਕ ਸਖ਼ਤ ਨਿਗਰਾਨੀ ਰੱਖੀ ਜਾਂਦੀ ਰਹੀ ਜਦ ਤੱਕ ਸਰਕਾਰ ਨੂੰ ਯਕੀਨ ਹੋ ਗਿਆ ਕਿ ਕੂਕੇ ਕੋਈ ਗੜਬੜ ਨਹੀਂ ਕਰਨਗੇ।

1867 ਦੀ ਪਤਝੜ ਰੁੱਤ ਵਿੱਚ ਦੁਸਹਿਰਾ ਦੇ ਤਿਉਹਾਰ ਸਮੇਂ, ਰਾਮ ਸਿੰਘ ਨੇ ਆਪਣੇ 3500 ਪੈਰੋਕਾਰਾਂ ਨਾਲ ਅੰਮ੍ਰਿਤਸਰ ਦੀ ਯਾਤਰਾ ਕੀਤੀ। ਉਸ ਦਾ ਹਰਿਮੰਦਰ ਤੇ ਦੂਸਰੇ ਗੁਰਦਵਾਰਿਆਂ ਵਿੱਚ ਬੜੇ ਸਤਿਕਾਰ ਨਾਲ ਸੁਆਗਤ ਕੀਤਾ ਗਿਆ। ਉਸ ਨੇ 2000 ਸਿੱਖਾਂ ਨੂੰ ਅੰਮ੍ਰਿਤ ਛਕਾਇਆ, ਜਿਹਨਾਂ ਵਿੱਚ ਅਮੀਰ ਘਰਾਣਿਆਂ ਦੇ ਜ਼ਿਮੀਂਦਾਰ ਵੀ ਸ਼ਾਮਲ ਸਨ। ਇਸ ਸਮੇਂ ਤੱਕ ਰਾਮ ਸਿੰਘ ਆਪਣੀ ਇੱਛਾ ਤੋਂ ਬਿਨਾਂ ਹੀ ਇਕ ਧਰਮ ਨਿਰਪੱਖ ਨੇਤਾ ਦਾ ਦਰਜਾ ਪ੍ਰਾਪਤ ਕਰ ਚੁੱਕਾ ਸੀ। ਉਹ ਆਪਣੇ ਅੰਗ-ਰਖਿਅੱਕਾਂ ਨਾਲ ਸਫ਼ਰ ਕਰਦਾ ਤੇ ਹਰ ਰੋਜ਼ ਦਰਬਾਰ ਲਾਉਂਦਾ। ਉਸ ਨੇ ਕਈ ਰਾਜਿਆਂ ਨੂੰ ਤੁਹਫ਼ੇ ਭੇਜੇ ਤੇ ਉਹਨਾਂ ਤੋਂ ਪ੍ਰਾਪਤ ਕੀਤੇ ਤੇ ਇਕ ਦੂਤ ਮੰਡਲ ਨਿਪਾਲ ਵੀ ਭੇਜਿਆ।

ਕੂਕਿਆਂ ਨੂੰ ਸਿੱਖਾਂ ਦੇ ਪੁਨਰਉੱਥਾਨ ਦੀ ਭਵਿੱਖਬਾਣੀ ਦੀ ਚਾਟ ਉੱਤੇ ਲਾਇਆ ਗਿਆ ਸੀ, ਉਹ ਬਹੁਤਾ ਚਿਰ ਸ਼ਾਂਤ ਨਾ ਰਹਿ ਸਕੇ। ਪਰ ਜਦੋਂ ਗੱਲ ਟੱਕਰ ਲੈਣ ਦੀ ਆਈ ਤਾਂ ਗਊ ਦੇ ਮਸਲੇ ਨਾਲ ਉਲਝ ਗਏ ਜੋ ਸਿੱਖ ਜਜ਼ਬਾਤ ਨੂੰ ਪ੍ਰਭਾਵਿਤ ਨਹੀਂ ਕਰਦਾ ਸੀ। ਇਸ ਮਸਲੇ 'ਤੇ ਵੀ ਉਹਨਾਂ ਨੇ ਆਪਣਾ ਗ਼ੁੱਸਾ ਅੰਗਰੇਜ਼ਾਂ ਉੱਪਰ ਕੱਢਣ ਦੀ ਥਾਂ 'ਤੇ ਮੁਸਲਮਾਨ ਕਸਾਈਆਂ 'ਤੇ ਕੱਢਿਆ। ਸਰਕਾਰ ਨਾਲ ਉਹਨਾਂ ਦੀ ਟੱਕਰ ਗਊ ਹੱਤਿਆਂ ਰੋਕਣ ਦੀ ਸਿੱਟੇ ਵਜੋਂ ਹੋਈ।

---

16. ਭਗਤ ਜਵਾਹਰ ਮੱਲ ਨੂੰ ਲਿਖਿਆ ਪੱਤਰ ਅਕਤੂਬਰ 1865 ਹਵਾਲਾ ਡਾ: ਗੰਡਾ ਸਿੰਘ "ਕੂਕਿਆਂ ਦੀ ਵਿਥਿਆ" ਪੰਨਾ 59.

ਕੁਝ ਜਨੂਨੀ ਕੂਕਿਆਂ ਨੇ ਅੰਮ੍ਰਿਤਸਰ ਵਿੱਚ ਤੇ ਮਗਰੋਂ ਰਾਏਕੋਟ ਜ਼ਿਲ੍ਹਾ ਲੁਧਿਆਣਾ ਵਿੱਚ ਕੁਝ ਬੁੱਚੜ ਤੇ ਉਹਨਾਂ ਦੇ ਪਰਿਵਾਰਾਂ ਨੂੰ ਕਤਲ ਕਰ ਦਿੱਤਾ।[17] ਇਸ ਅਪਰਾਧ ਕਾਰਨ 8 ਕੂਕੇ ਫਾਂਸੀ ਲਾ ਦਿੱਤੇ ਗਏ ਤੇ ਦੂਸਰਿਆਂ ਨੂੰ ਲੰਮੀਆਂ ਸਜ਼ਾਵਾਂ ਦੇ ਕੇ ਕੈਦ ਕਰ ਦਿੱਤਾ ਗਿਆ।[18] ਸਰਕਾਰ ਨੇ ਦੁਬਾਰਾ ਰਾਮ ਸਿੰਘ ਉੱਪਰ ਜੂਹ-ਬੰਦੀ ਦੇ ਹੁਕਮ ਲਾ ਕੇ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ ਤੇ ਕੂਕਿਆਂ ਦੇ ਇਕੱਠਾਂ ਦੀ ਧਾਰਮਕ ਤਿਉਹਾਰਾਂ ਤੇ ਮਨਾਹੀ ਕਰ ਦਿੱਤੀ। ਪਰ ਕੂਕਿਆਂ ਦੇ ਜਜ਼ਬਾਤ ਭੜਕ ਉੱਠੇ ਤੇ ਜਨਵਰੀ 1872 ਦੇ ਮਾਘੀ ਮੇਲੇ ਤੇ ਉਹ ਸੈਂਕੜਿਆਂ ਦੀ ਗਿਣਤੀ ਵਿੱਚ ਵਹੀਰਾਂ ਘੱਤ ਕੇ ਭੈਣੀ ਪਹੁੰਚ ਗਏ। ਜਿਹੜੇ ਆਦਮੀ ਫਾਹੇ ਲਾਏ ਗਏ ਸਨ ਉਹਨਾਂ ਦੀ ਵੀਰਤਾ ਦੀ ਵਡਿਆਈ ਵਿੱਚ ਭਾਸ਼ਨ ਦਿੱਤੇ ਗਏ। ਇਹ ਅਫ਼ਵਾਹ ਵੀ ਉਡਾਈ ਗਈ ਕਿ ਸੌ ਸਾਖੀ ਵਿੱਚ ਸਿੱਖ ਰਾਜ ਦੀ ਪੁਨਰ-ਸਥਾਪਨਾ ਦਾ ਸਮਾਂ ਆ ਗਿਆ ਹੈ। ਰਾਮ ਸਿੰਘ ਨੂੰ ਆਪਣੇ ਪੈਰੋਕਾਰਾਂ ਨੂੰ ਵਾਪਸ ਘਰੀਂ ਜਾਣ ਲਈ ਮਨਾਉਣ ਵਾਸਤੇ ਕਾਫ਼ੀ ਮੁਸ਼ਕਲ ਪੇਸ਼ ਆਈ। ਪ੍ਰੰਤੂ ਇਕ ਟੋਲੀ ਨੇ ਆਪਣੇ ਗੁਰੂ ਦੀ ਨਸੀਹਤ ਦੀ ਕੋਈ ਪਰਵਾਹ ਨਾ ਕੀਤੀ ਤੇ ਮਲੇਰਕੋਟਲਾ ਰਿਆਸਤ 'ਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ ਜਿੱਥੇ ਗਊ ਹੱਤਿਆ ਦੀ ਖੁਲ੍ਹ ਸੀ।

ਮਾਲੇਰਕੋਟਲਾ ਦੇ ਰਾਹ ਵਿੱਚ ਉਹਨਾਂ ਨੇ ਹਥਿਆਰ ਲੈਣ ਲਈ ਮਲੌਦ ਦੇ ਸਿੱਖ ਸਰਦਾਰ ਦੇ ਘਰ 'ਤੇ ਧਾਵਾ ਬੋਲ ਦਿੱਤਾ। ਉਹਨਾਂ ਨਾਲ ਸਰਦਾਰ ਦੇ ਨੌਕਰਾਂ ਨੇ ਟੱਕਰ ਲਈ ਤੇ ਜਦੋਂ ਮਲੇਰਕੋਟਲਾ ਵਿੱਚ ਦਾਖ਼ਲ ਹੋਏ ਤਾਂ ਰਿਆਸਤ ਦੀ ਪੁਲੀਸ ਨਾਲ ਮੁਕਾਬਲਾ ਹੋਇਆ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ਐਲ ਕਾਵਨ ਵੀ ਮਗਰ ਪਹੁੰਚ ਗਿਆ ਤੇ ਇਸ ਟੋਲੀ ਦੇ 68 ਕੂਕੇ ਗਰਿਫਤਾਰ ਕਰ ਲਏ ਗਏ। ਕਾਵਨ ਨੇ ਟੀ.ਡੀ. ਫੋਰਸਾਇਥ, ਕਮਿਸ਼ਨਰ ਨੂੰ ਸੂਚਨਾ ਭੇਜ ਦਿੱਤੀ ਤੇ ਬਿਨਾਂ ਕਿਸੇ ਰਸਮੀ ਕਾਰਵਾਈ ਦੇ 66 ਕੈਦੀ ਤੋਪਾਂ ਨਾਲ ਉਡਾ ਦਿੱਤੇ ਗਏ।[19]

---

17. ਨਵੰਬਰ 1871 ਕਮਿਸ਼ਨਰ ਅੰਬਾਲਾ ਮਿਸਟਰ ਜੇ. ਡਬਲਯੂ ਮੈਕਨਾਬ ਨੂੰ ਕੂਕਿਆਂ ਬਾਰੇ ਸੂਚਨਾ ਭੇਜਣ ਲਈ ਕਿਹਾ ਗਿਆ। ਮੈਕਨਾਬ ਦਾ ਯਕੀਨ ਸੀ ਕਿ ਰਾਮ ਸਿੰਘ ਨੇ ਕੂਕਿਆਂ ਨੂੰ ਬੁੱਚੜਾਂ ਦਾ ਕਤਲ ਕਰਨ ਲਈ ਭੜਕਾਇਆ ਸੀ। ਉਸ ਨੇ ਉਸ ਵਿਰੁੱਧ ਫ਼ੌਜਦਾਰੀ ਕਰਨ ਦੀ ਸਿਫ਼ਾਰਸ਼ ਕੀਤੀ। ਮੈਕਨਾਬ ਦੀ ਰਿਪੋਰਟ ਉੱਪਰ ਕੋਈ ਕਾਰਵਾਈ ਨਾ ਕੀਤੀ ਗਈ।
18. ਸ਼ਹਿਨਸ਼ਾਹ ਬਨਾਮ ਫਤਿਹ ਸਿੰਘ ਤੇ ਹੋਰ; ਪੰਜਾਬ ਚੀਫ਼ ਕੋਰਟ ਦਾ ਫ਼ੈਸਲਾ ਮਿਤੀ 9.9.1871 (ਹਵਾਲਾ 53) ਤੇ ਸ਼ਹਿਨਸ਼ਾਹ ਬਨਾਮ ਮਸਤਾਨ ਸਿੰਘ ਆਦਿ, ਪੰਜਾਬ ਚੀਫ਼ ਕੋਰਟ ਦਾ ਫ਼ੈਸਲਾ ਮਿਤੀ 1.8.1871 ਵੇਖੋ ਡਾ: ਗੰਡਾ ਸਿੰਘ ਦਾ ਇਸ ਸਬੰਧੀ ਪੱਤਰ ਦੀ ਸਪੋਕਸਮੈਨ ਮਿਤੀ 29 ਜੂਨ, 1964. ਜੋ ਫਾਹੇ ਲਾਏ ਗਏ ਉਹਨਾਂ ਵਿੱਚ ਪਟਿਆਲੇ ਦਾ ਸਰਦਾਰ ਰਤਨ ਸਿੰਘ ਵੀ ਸੀ ਜਿਸ ਦਾ ਕੂਕਾ ਬਹੁਤ ਆਦਰ ਸਤਿਕਾਰ ਕਰਦੇ ਸਨ ਤੇ ਉਹਨਾਂ ਦਾ ਵਿਸ਼ਵਾਸ ਸੀ ਕਿ ਉਹ ਬੇਕਸੂਰ ਸੀ।
19. ਬਾਗੀਆਂ ਦੀ ਜੁੰਡਲੀ ਕਿਉਂਕਿ ਉਹਨਾਂ ਦੇ ਲੱਛਣਾਂ ਦਾ ਵਰਨ ਕਰਨ ਲਈ ਹੋਰ ਕੋਈ ਸ਼ਬਦ ਢੁੱਕਵਾਂ ਨਹੀਂ ਹੈ ਕਦੇ ਵੀ 125 ਤੋਂ ਵੱਧ ਨਹੀਂ ਹੋਈ ਸੀ। ਇਹਨਾਂ 'ਚੋਂ ਦੋ ਮਲੌਦ ਵਿੱਚ ਮਾਰੇ ਗਏ ਤੇ 4 ਗਰਿਫਤਾਰ ਕਰ ਲਏ ਗਏ, ਕੋਟਲੇ ਵਿੱਚ 8 ਮਾਰੇ ਗਏ ਤੇ 31 ਜ਼ਖਮੀ ਹੋ ਗਏ ਤੇ ਉਹਨਾਂ ਜ਼ਖਮੀਆਂ 'ਚੋਂ 25 ਜਾਂ 26 ਉਸ ਸਮੇਂ ਨੱਠ ਗਏ, ਪ੍ਰੰਤੂ 27 ਜ਼ਖਮੀਆਂ ਸਮੇਤ ਕੁੱਲ 68 ਪਟਿਆਲਾ ਰਿਆਸਤ 'ਚੋਂ ਗਰਿਫਤਾਰ ਕਰ ਲਏ ਗਏ ਹਨ..

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਕੂਕਿਆਂ ਦੇ ਮੁੱਖ ਟਿਕਾਣੇ ਭੈਣੀ ਦੀ ਤਲਾਸ਼ੀ ਲਈ ਗਈ। ਕੁਝ ਕਿਰਪਾਨਾਂ, ਕੁਹਾੜੀਆਂ ਤੇ ਕੁਝ ਸਜਾਵਟੀ ਖੁਖਰੀਆਂ ਹੀ ਮਿਲੀਆਂ। ਰਾਮ ਸਿੰਘ ਤੇ ਉਸ ਦੇ 11 ਪੈਰੋਕਾਰ ਗਰਿਫ਼ਤਾਰ ਕਰ ਲਏ ਗਏ ਤੇ ਜਲਾਵਤਨ ਕਰਕੇ ਬਰਮਾ ਭੇਜ ਦਿੱਤੇ ਗਏ।[20]

ਫੋਰਸਾਇਥ ਫਿਰ ਕਾਵਨ ਕੋਲ ਮਲੇਰਕੋਟਲੇ ਜਾ ਪਹੁੰਚਿਆ ਜਿੱਥੇ 16 ਹੋਰ ਕੂਕੇ ਤੋਪਾਂ ਨਾਲ ਉਡਾਏ ਗਏ। ਫਿਰ ਇਹ ਟੋਲੀ ਮਲੌਦ ਪਹੁੰਚੀ ਜਿੱਥੇ ਕੂਕੇ ਹਿਰਾਸਤ ਵਿੱਚ ਸਨ। ਫੋਰਸਾਇਥ ਨੇ ਤਰਸ ਖਾ ਕੇ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ।[21]

---

੧੯ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
...ਸਾਰੀ ਜੁੰਡਲੀ ਹੀ ਲਗਭਗ ਖ਼ਤਮ ਕਰ ਦਿੱਤੀ ਗਈ ਹੈ.....ਮੈਂ ਤਜਵੀਜ਼ ਕਰਦਾ ਹਾਂ ਕਿ ਇਹਨਾਂ ਕੈਦੀਆਂ ਨੂੰ ਕੱਲ੍ਹ ਦਿਨ ਚੜ੍ਹੇ ਨਾਲ ਤੋਪਾਂ ਨਾਲ ਉੱਡਾ ਦਿੱਤਾ ਜਾਵੇ ਜਾਂ ਫਾਹੇ ਲਾ ਦਿੱਤਾ ਜਾਵੇ। ਉਹਨਾਂ ਦਾ ਅਪਰਾਧ ਮਾਮੂਲੀ ਨਹੀਂ ਹੈ। ਉਹਨਾਂ ਨੇ ਸਿਰਫ਼ ਡਾਕਾ ਹੀ ਨਹੀਂ ਮਾਰਿਆ ਤੇ ਕਤਲ ਹੀ ਨਹੀਂ ਕੀਤੇ, ਉਹਨਾਂ ਨੇ ਤਾਂ ਵਿਦਰੋਹ ਕੀਤਾ ਹੈ। ਉਹਨਾਂ ਨੇ ਸਥਾਪਤ ਹਕੂਮਤ ਦਾ ਹਠੀਲਾ ਵਿਰੋਧ ਕੀਤਾ ਹੈ ਤੇ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਬੜੇ ਸਖ਼ਤ ਉਪਾਅ ਜਲਦੀ ਲੈਣ ਦੀ ਜ਼ਰੂਰਤ ਹੈ। ਮੈਂ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਹਾਂ, ਪਰ ਮੈਨੂੰ ਤਸੱਲੀ ਹੈ ਕਿ ਮੈਂ ਭਲੇ ਲਈ ਇਸ ਤਰ੍ਹਾਂ ਕਰ ਰਿਹਾ ਹਾਂ ਤੇ ਇਹ ਬਗ਼ਾਵਤ ਮੁੱਢ ਵਿੱਚ ਦਬਾ ਦੇਣੀ ਚਾਹੀਦੀ ਹੈ। ("ਕੂਕਾ ਆਉਟਬਰੇਕ ਬਾਰੇ ਪਾਰਲੀਮੈਂਟਰੀ ਪੇਪਰਜ਼, ਪੰਨਾ 11)
ਕਮਿਸ਼ਰ, ਟੀ.ਡੀ. ਫੋਰਸਾਇਥ ਜਿਸ ਨੇ ਕਾਵਨ ਨੂੰ ਪਹਿਲਾਂ ਕਾਹਲੀ ਨਾ ਕਰਨ ਲਈ ਕਿਹਾ ਸੀ, ਹੁਣ ਉਸ ਨੇ ਵੀ ਆਪਣੇ ਨਾਇਬ ਦਾ ਸਮਰਥਨ ਕੀਤਾ। ਉਸ ਨੇ ਲਿਖਿਆ, "ਪਿਆਰੇ ਕਾਵਨ, ਜੋ ਕੁਝ ਤੁਸੀਂ ਕੀਤਾ ਹੈ ਮੈਂ ਉਸ ਨੂੰ ਸਹੀ ਮੰਨਦਾ ਹਾਂ ਤੇ ਸਮਰਥਨ ਕਰਦਾ ਹਾਂ। ਤੂੰ ਬਹੁਤ ਪ੍ਰਸ਼ੰਸਾਯੋਗ ਕੰਮ ਕੀਤਾ ਹੈ। ਮੈਂ ਵੀ ਆ ਰਿਹਾ ਹਾਂ।" 18 ਜਨਵਰੀ, 1872 ਦਾ ਪੱਤਰ, ਉਹੀ, ਪੰਨਾ 53.

20. ਫੋਰਸਾਇਥ ਨੇ ਲਿਖਿਆ : "ਮਲੌਦ ਤੇ ਮਲੇਰਕੋਟਲਾ ਰਿਆਸਤ ਵਿੱਚ ਰਾਮ ਸਿੰਘ ਦੇ ਪੈਰੋਕਾਰਾਂ ਵੱਲੋਂ ਕੀਤੇ ਉਪੱਦਰਾਂ ਵਿੱਚ ਰਾਮ ਸਿੰਘ ਦੇ ਹੱਥ ਹੋਣ ਦੀ ਪੂਰੀ ਤਰ੍ਹਾਂ ਅਜੇ ਪੜਤਾਲ ਨਹੀਂ ਕੀਤੀ ਗਈ ਤੇ ਇਹ ਵੀ ਹਕੀਕਤ ਹੈ ਕਿ ਉਸ ਨੇ ਇਸ ਮੁਕੱਦਮੇ ਦੇ ਮੁੱਖ ਕਾਰਜ ਕਰਤਾਵਾਂ ਲਹਿਣਾ ਸਿੰਘ ਤੇ ਹੀਰਾ ਸਿੰਘ ਵਿਰੁੱਧ ਉਪੱਦਰ ਕਰਨ ਬਾਰੇ ਪੁਲੀਸ ਨੂੰ ਸੂਚਿਤ ਕੀਤਾ ਸੀ। ਪ੍ਰੰਤੂ ਉਹ ਆਪ ਇਕਬਾਲ ਕਰਦਾ ਹੈ ਕਿ ਉਹਦੇ ਪੈਰੋਕਾਰ ਉਹਦਾ ਨਾਮ ਵਰਤਦੇ ਹਨ ਤੇ ਉਹਦੀ ਹਾਜ਼ਰੀ ਵਿੱਚ ਹੀ ਆਪਣੇ ਸਾਥੀਆਂ ਨੂੰ ਕਤਲ ਕਰਨ ਤੇ ਗੜਬੜ ਕਰਨ ਲਈ ਕਹਿੰਦੇ ਹਨ।" 18 ਜਨਵਰੀ 1872 ਨੂੰ ਲਿਖੇ ਪੱਤਰ ਵਿੱਚੋਂ, ਉਹੀ, ਪੰਨਾ 12

21. ਕਾਵਨ ਵੱਲੋਂ ਕੀਤੀ ਵਹਿਸ਼ੀ ਕਾਰਵਾਈ ਦੀ ਐਂਗਲੋ-ਇੰਡੀਅਨ ਅਖ਼ਬਾਰਾਂ ਨੇ ਸਖ਼ਤ ਆਲੋਚਨਾ ਕੀਤੀ। ਭਾਰਤ ਸਰਕਾਰ ਨੇ ਪੜਤਾਲ ਦਾ ਹੁਕਮ ਦੇ ਦਿੱਤਾ ਜਿਸ ਦੇ ਸਿੱਟੇ ਵਜੋਂ ਕਾਵਨ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਤੇ ਫੋਰਸਾਇਥ ਨੂੰ ਪੰਜਾਬ ਤੋਂ ਬਾਹਰ ਤਬਦੀਲ ਕਰ ਦਿੱਤਾ ਗਿਆ। ਵਾਇਸਰਾਇ ਦੇ ਵਿਚਾਰ ਇਹਨਾਂ ਸ਼ਬਦਾਂ ਰਾਹੀਂ ਪ੍ਰਗਟ ਕੀਤੇ ਗਏ : "ਕਾਵਨ ਦਾ ਢੰਗ ਗ਼ੈਰ ਕਾਨੂੰਨੀ ਸੀ। ਇਹ ਜਨਤਕ ਤੌਰ ਤੇ ਹਾਲਾਤ ਨੂੰ ਠੱਲ੍ਹ ਪਾਉਣ ਲਈ ਜ਼ਰੂਰੀ ਨਹੀਂ ਸੀ। ਇਹਨਾਂ ਘਟਨਾਵਾਂ ਦਾ ਸੁਭਾਅ ਇਹਨਾਂ ਨੂੰ ਬਰਬਰਤਾ ਦਰਸਾਉਂਦਾ ਹੈ। 30 ਅਪ੍ਰੈਲ 1872 ਨੂੰ ਪੰਜਾਬ ਸਰਕਾਰ ਨੂੰ ਈ.ਸੀ. ਬੇਇਲੀ ਦਾ ਲਿਖਿਆ ਪੱਤਰ ਉਹੀ ਪੰਨਾ 54-58

ਸਿੱਖਾਂ ਦੀ ਨਾਮਧਾਰੀ ਲਹਿਰ ਦੇ ਧਾਰਮਕ ਪੁਨਰ ਜਾਗਰਨਵਾਦੀ ਪਹਿਲੂ ਨਾਲ ਜਿਤਨੀ ਕੁ ਥੋੜ੍ਹੀ ਬਹੁਤ ਹਮਦਰਦੀ ਸੀ, ਉਹ ਵੀ ਗ਼ਰੀਬ ਮੁਸਲਮਾਨਾਂ ਤੇ ਹਕੂਮਤ ਵਿਰੁੱਧ ਹਿੰਸਕ ਕਾਰਵਾਈਆਂ ਕਰਨ ਕਰਕੇ ਖ਼ਤਮ ਹੋ ਗਈ। ਸਿੱਖ ਪੂਰੀ ਤਰ੍ਹਾਂ ਅੰਗਰੇਜ਼ ਸਮਰਥਕ ਸਨ ਤੇ ਸਿੱਖ ਨੇਤਾਵਾਂ ਨੇ ਪਹਿਲੇ ਹੱਲੇ ਹੀ ਆਪਣੀ ਵਫ਼ਾਦਾਰੀ ਦਾ ਭਰੋਸਾ ਦਿਵਾ ਦਿੱਤਾ। ਮਹਾਰਾਜਾ ਪਟਿਆਲਾ ਨੇ ਆਪਣੀ ਰਿਆਸਤ ਵਿਚਲੇ ਸਾਰੇ ਕੂਕਿਆਂ ਦੀ ਗਰਿਫ਼ਤਾਰੀ ਦਾ ਫੁਰਮਾਨ ਜਾਰੀ ਕਰ ਦਿੱਤਾ।[22] ਸਿੱਖ ਸਰਦਾਰਾਂ ਨੇ ਅੰਮ੍ਰਿਤਸਰ ਵਿੱਚ ਇਕੱਠੇ ਹੋ ਕੇ ਲੈਫ. ਗਵਰਨਰ ਨੂੰ ਮਾਨ-ਪੱਤਰ ਪੇਸ਼ ਕੀਤਾ ਤੇ ਕੂਕਿਆਂ ਨੂੰ "ਭਟਕੇ ਹੋਏ ਤੇ ਸ਼ੈਤਾਨੀ ਫਿਰਕਾ" ਕਿਹਾ, ਜਿਹਨਾਂ ਨੇ ਆਪਣੇ ਬੁਰੇ ਵਿਹਾਰ ਤੇ ਸ਼ੈਤਾਨੀ ਮਨਸੂਬਿਆਂ ਨਾਲ ਸਿੱਖ ਸੰਗਠਨ ਦੀ ਸਰਕਾਰ ਦੀਆਂ ਨਜ਼ਰਾਂ ਵਿੱਚ ਇੱਜ਼ਤ ਘਟਾਈ ਹੈ ਤੇ ਜਿਹੜੀ ਸੇਵਾ ਉਹਨਾਂ ਨੇ ਸਰਕਾਰ ਦੀ 1857 ਵਿੱਚ ਤੇ ਹੋਰ ਥਾਂਈਂ ਕੀਤੀ ਹੈ, ਉਸ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਹੈ।"[23]

ਕੁਝ ਸਾਲ ਜੇਲ੍ਹ ਵਿੱਚ ਰਹਿਣ ਪਿੱਛੋਂ ਰਾਮ ਸਿੰਘ ਨੂੰ ਮੁਲਾਕਾਤ ਕਰਨ ਤੇ ਆਪਣੇ ਪੈਰੋਕਾਰਾਂ ਨਾਲ ਸੰਪਰਕ ਕਰਨ ਦੀ ਆਗਿਆ ਦੇ ਦਿੱਤੀ ਗਈ। ਇਕ ਵਾਰ ਫਿਰ ਉਸ ਨੇ ਪੰਜਾਬ ਵਿੱਚ ਵਿਦਰੋਹ ਉਤੇਜਿਤ ਕਰਨ ਵੱਲ ਰੁਚੀ ਦਿਖਾਈ। ਉਸ ਦੇ ਪੈਰੋਕਾਰਾਂ ਨੇ ਸੌ ਸਾਖੀ[24] ਦੇ ਹੋਰ ਸੰਸਕਰਨ ਲੱਭੇ ਜਿਹਨਾਂ ਵਿੱਚ ਪੰਜਾਬ ਉੱਪਰ ਰੂਸੀ ਹਮਲੇ ਤੇ ਰਾਮ ਸਿੰਘ ਵੱਲੋਂ ਰਾਜਵੰਸ਼ ਦੀ ਸਥਾਪਨਾ ਕਰਨ ਦੀ ਭਵਿੱਖਬਾਣੀ ਕੀਤੀ ਗਈ ਸੀ। ਰਾਮ ਸਿੰਘ ਨੇ ਰੂਸੀ ਸਹਾਇਤਾ[25] ਪ੍ਰਾਪਤ ਕਰਨ ਲਈ ਆਪਣਾ ਦੂਤ ਭੇਜਿਆ, ਪਰ ਕੋਈ ਸਿੱਟਾ ਨਾ ਨਿਕਲਿਆ। ਉਸ ਨੂੰ ਇਹ ਮਹਿਸੂਸ ਹੋ ਗਿਆ ਕਿ ਸਿੱਖ ਆਪਣੇ ਹਾਕਮਾਂ ਵਿਰੁੱਧ ਵਿਦਰੋਹ ਕਰਨ ਲਈ ਤਿਆਰ ਨਹੀਂ ਸਨ। ਰਾਮ ਸਿੰਘ ਨੇ ਸਭ ਉਮੀਦ ਛੱਡ ਦਿੱਤੀ ਤੇ ਆਪਣੇ ਜੋਸ਼ੀਲੇ ਪੈਰੋਕਾਰਾਂ ਦੀਆਂ ਮਨਘੜਤ ਭਵਿੱਖਬਾਣੀਆਂ 'ਤੇ ਵਿਸ਼ਵਾਸ ਕਰਨਾ ਛੱਡ ਦਿੱਤਾ। ਉਸ ਦੇ ਜੇਲ੍ਹ ਵਿੱਚੋਂ ਮਗਰਲੇ ਖਤਾਂ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਆਪ ਨੂੰ ਗੁਰੂ ਨਹੀਂ ਸਗੋਂ ਗੁਰੂ ਦਾ ਰਪਟੀਆ ਸਮਝਦਾ ਸੀ। ਕਦੇ-ਕਦੇ ਜਦੋਂ ਉਸ ਨੂੰ ਆਪਣੇ ਨਾਲ ਕੀਤੇ ਸਲੂਕ ਤੋਂ ਗ਼ੁੱਸਾ ਆਉਂਦਾ ਤਾਂ ਉਹ ਗੁਰੂ ਦੀ ਸਹਾਇਤਾ ਦੀ ਮੰਗ ਕਰਦਾ। ਪਰ ਕਿਤਨੀ ਅਜੀਬ ਗੱਲ ਸੀ ਕਿ ਉਹ ਗਊ ਖਾਣੇ ਗੋਰਿਆਂ ਤੋਂ ਦੇਸ਼ ਦੀ

---

22. ਮਹਾਰਾਜੇ ਦਾ ਫਰਮਾਨ ਮਿਤੀ 19.1.1872
23. ਦੀ ਇੰਗਲਸ਼ਮੈਨ, 23 ਮਾਰਚ 1872
24. ਕਿਹਾ ਜਾਂਦਾ ਹੈ ਕਿ ਇਹ ਸੌ ਸਾਖੀਆਂ ਸਿਰਸਾ ਨੇੜੇ ਇਕ ਛੱਪੜ ਵਿੱਚ ਮਿਲੀਆਂ ਸਨ। ਲੈਫ. ਗਵਰਨਰ ਈਗਰਟਨ ਦੀ ਹਿਦਾਇਤ ਤੇ ਉਹਨਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ। (ਵੇਖੋ ਡੀ.ਈ. ਮੈਕਰੈਕਨ ਆਈ.ਜੀ, ਪੰਜਾਬੀ ਗ੍ਰਹਿ ਵਿਭਾਗ, ਜੁਡੀਸ਼ੀਅਲ ਪ੍ਰੋਸੀਡਿੰਗ ਦੀ ਟਿੱਪਣੀ, ਅਗਸਤ 1882 ਪੰਨਾ 217-218 ਬੀ.
25. ਵੇਖੋ ਪੀ.ਸੀ. ਰਾਏ, ਗੁਰਚਰਨ ਸਿੰਘ ਦਾ ਮਿਸ਼ਨ ਮੱਧ ਏਸ਼ੀਆ ਨੂੰ, ਲੇਖਕ ਵੱਲੋਂ ਛਾਪਿਆ ਕਿਤਾਬਚਾ।

ਸੁਤੰਤਰਤਾ ਲਈ, ਵਿਨਾਸ਼ ਦੀਆਂ ਹਿੰਦੂ ਦੇਵੀਆਂ, ਸ਼ਕਤੀ, ਭਗਉਤੀ ਜਗਦੰਬਾ[26] ਦੀ ਸਹਾਇਤਾ ਲਈ ਬੇਨਤੀ ਕਰਦਾ ਸੀ।

ਰਾਮ ਸਿੰਘ 1885 ਈ: ਨੂੰ ਰੰਗੂਨ ਵਿੱਚ ਮਰ ਗਿਆ ਤੇ ਉਸ ਦਾ ਛੋਟਾ ਭਰਾ ਹਰੀ ਸਿੰਘ ਉਹਦਾ ਉੱਤਰਾਧਿਕਾਰੀ ਬਣਿਆ। ਹਰੀ ਸਿੰਘ ਨੂੰ 21 ਸਾਲ ਹੀ ਭੈਣੀ ਤੋਂ ਬਾਹਰ ਜਾਣ ਦੀ ਆਗਿਆ ਨਾ ਦਿੱਤੀ ਗਈ ਜਿਸ ਸਮੇਂ ਉਹ ਗੁਰੂ ਵਜੋਂ ਕਾਰਜਸ਼ੀਲ ਸੀ। 1906 ਈ: ਵਿੱਚ ਉਹਦੀ ਮੌਤ ਪਿੱਛੋਂ ਪਰਤਾਪ ਸਿੰਘ ਗੱਦੀ 'ਤੇ ਬੈਠਿਆ ਜਿਸ ਦੀ 1961 ਵਿੱਚ ਮ੍ਰਿਤੂ ਹੋਈ। ਉਸ ਮਗਰੋਂ ਵਰਤਮਾਨ ਮੁਖੀ ਜਗਜੀਤ ਸਿੰਘ ਗੱਦੀ 'ਤੇ ਬੈਠਾ।[27]

ਕੂਕਿਆਂ ਦੀ ਗਿਣਤੀ ਬਾਰੇ ਭਰੋਸੇਯੋਗ ਅੰਕੜੇ ਇਕੱਤਰ ਨਹੀਂ ਕੀਤੇ ਗਏ।[28] ਉਹਨਾਂ ਦੇ ਹੁਣ ਦੋ ਕੇਂਦਰ ਹਨ : ਇਕ ਭੈਣੀ ਤੇ ਦੂਸਰਾ ਸਿਰਸਾ ਵਿੱਚ ਜੀਵਨ ਨਗਰ ਜੋ ਹਿਸਾਰ ਜ਼ਿਲ੍ਹੇ ਵਿੱਚ ਹੈ। ਉਹ ਚਾਰ ਪੱਤਰ ਕੱਢਦੇ ਹਨ ਜਿਹਨਾਂ ਵਿੱਚ ਸਤਯੁਗ ਗੁਰਮੁਖੀ ਵਿੱਚ ਹਫ਼ਤਾਵਾਰ ਸਭ ਤੋਂ ਪੁਰਾਣਾ ਹੈ ਤੇ ਸਭ ਤੋਂ ਵੱਧ ਛੱਪਦਾ ਹੈ।[29]

ਕੂਕੇ ਇਕ ਵੱਖਰਾ ਉਪ-ਫਿਰਕਾ ਹੈ ਜਿਸ ਦਾ ਮੁਖ ਸਿੱਖ ਸੰਗਠਨ ਨਾਲ ਕੋਈ ਮੇਲਜੋਲ ਨਹੀਂ ਹੈ। ਉਹਨਾਂ ਦੇ ਆਪਣੇ ਗੁਰਦਵਾਰੇ ਹਨ ਤੇ ਕੋਈ ਖ਼ਾਸ ਮੌਕਿਆਂ ਤੇ ਸਿੱਖਾਂ ਦੇ ਧਾਰਮਕ ਜਲੂਸਾਂ ਵਿੱਚ ਹਾਜ਼ਰ ਹੋਣ ਦੀ ਖੇਚਲ ਕਰਦੇ ਹਨ। ਉਹ ਸਿੱਖਾਂ ਨਾਲ ਸ਼ਾਦੀ ਵੀ ਨਹੀਂ ਕਰਦੇ ਜਦੋਂ ਤੱਕ ਦੂਸਰੀ ਧਿਰ ਉਹਨਾਂ ਦੇ ਮੱਤ 'ਤੇ ਵਿਸ਼ਵਾਸ ਨਹੀਂ ਕਰਦੀ।

ਪ੍ਰੰਤੂ ਕੂਕੇ ਦੂਸਰਿਆਂ ਸਿੱਖਾਂ ਦੇ ਮੁਕਾਬਲੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਧਰਮ ਦੇ ਵਧੇਰੇ ਨਿਸ਼ਠਾਵਾਦੀ ਤੇ ਪੱਕੇ ਅਨੁਸਾਰੀ ਹਨ। ਉਹਨਾਂ ਦੇ ਗੁਰਦਵਾਰਿਆਂ ਵਿੱਚ ਆਡੰਬਰਪੂਰਨ ਪ੍ਰਦਰਸ਼ਨ ਨਹੀਂ ਹੈ ਤੇ ਉਹ ਮੂਰਤੀ ਪੂਜਕ ਤੱਤਾਂ ਜਿਵੇਂ ਸ਼ਾਨਦਾਰ ਚੰਦੋਆ, ਗ੍ਰੰਥ ਉੱਪਰ ਰੁਮਾਲੇ, ਧੂਪਦਾਨੀ ਆਦਿ ਤੋਂ ਰਹਿਤ ਹੁੰਦੇ ਹਨ ਜਿਹਨਾਂ ਦਾ ਸਨਾਤਨੀ

---

26. ਵੇਖੋ ਰਾਮ ਸਿੰਘ ਦੀਆਂ ਜੇਲ੍ਹ ਚਿੱਠੀਆਂ ਜੋ ਗੰਡਾ ਸਿੰਘ ਦੀ "ਕੂਕਿਆ ਦੀ ਵਿਥਿਆ" ਪੰਨਾ 213-14 ਤੇ ਛਪੀਆਂ।
27. ਜਗਜੀਤ ਸਿੰਘ ਦਾ ਕੋਈ ਪੁੱਤਰ ਨਹੀਂ ਤੇ ਉਹਦਾ ਉੱਤਰਾਧਿਕਾਰੀ ਬੀਰ ਸਿੰਘ (ਉਹਦਾ ਛੋਟਾ ਭਰਾ) ਜਾਂ ਬੀਰ ਸਿੰਘ ਦਾ ਪੁੱਤਰ ਦਲੀਪ ਸਿੰਘ ਬਣ ਸਕਦਾ ਹੈ।
28. 1871 ਵਿੱਚ ਕੂਕੇ 10 ਲੱਖ ਮੈਂਬਰਾਂ ਦੀ ਗਿਣਤੀ ਦਾ ਦਾਅਵਾ ਕਰਦੇ ਸਨ। ਪ੍ਰੰਤੂ 1891 ਦੀ ਜਨਗਣਨਾ ਵਿੱਚ ਉਹਨਾਂ ਦੀ ਗਿਣਤੀ 10541 ਦੱਸੀ ਗਈ। 1901 ਵਿੱਚ ਇਹ ਗਿਣਤੀ 13788 ਹੋ ਗਈ ਸੀ। ਹੁਣ ਕੂਕੇ ਆਪਣੀ ਗਿਣਤੀ 5 ਤੋਂ 10 ਲੱਖ ਹੋਣ ਦਾ ਦਾਅਵਾ ਕਰਦੇ ਹਨ ਜਿਹਨਾਂ ਵਿੱਚ ਜ਼ਿਆਦਾ ਕਰਕੇ ਜੱਟ, ਰਾਮਗੜ੍ਹੀਏ, ਅਰੋੜੇ ਤੇ ਮਜ਼੍ਹਬੀ ਸਿੱਖ ਹਨ। ਉਹ ਜ਼ਿਆਦਾ ਕਰਕੇ ਹਿਸਾਰ, ਅੰਮ੍ਰਿਤਸਰ ਤੇ ਲੁਧਿਆਣਾ ਜ਼ਿਲ੍ਹਿਆਂ 'ਚ ਕੇਂਦ੍ਰਿਤ ਹਨ। (ਲੇਖਕ ਦੀ ਗੁਰੂ ਜਗਜੀਤ ਸਿੰਘ ਨਾਲ ਇੰਟਰਵਿਊ)
29. ਕੂਕਿਆਂ ਦੇ ਦੂਸਰੇ ਅਖ਼ਬਾਰ ਰਸਾਲੇ ਨਵੀਂ ਦਿੱਲੀ ਤੋਂ ਗੁਰਮੁਖੀ 'ਚ ਛਪਦਾ ਦੈਨਿਕ "ਨਵਾਂ ਹਿੰਦੁਸਤਾਨ" ਹਿੰਦੀ ਤਿਮਾਹੀ ਦਿੱਲੀਓਂ ਛਪਦਾ "ਨਾਮਧਾਰੀ ਸਮਾਚਾਰ" ਤੇ ਸਮਾਣੇ ਤੋਂ ਪੰਜਾਬੀ ਵਿੱਚ ਛੱਪਦਾ "ਸੱਚ ਮਾਰਗ" ਹੈ।

ਹਲਕਿਆਂ ਵਿੱਚ ਆਮ ਹੀ ਰਿਵਾਜ ਹੈ। ਕੂਕੇ ਆਪ ਵੀ ਸਾਦਾ ਜ਼ਿੰਦਗੀ ਬਤੀਤ ਕਰਦੇ ਹਨ। ਉਹ ਬਹੁਤ ਸਾਦੇ ਕੱਪੜੇ ਪਹਿਨਦੇ ਹਨ ਤੇ ਬੜਾ ਸਖ਼ਤ ਆਚਾਰ ਵਿਹਾਰ ਨਾਲ ਜੀਵਨ ਬਤੀਤ ਕਰਦੇ ਹਨ। ਉਹ ਗੁਰਦਵਾਰਿਆਂ ਵਿੱਚ ਪਾਠ-ਪੂਜਾ ਲਈ ਨੇਮ ਨਾਲ ਜਾਂਦੇ ਹਨ ਤੇ ਉਹ ਆਪਣੇ ਵਸਤਰਾਂ, ਭੋਜਨ, ਪੀਣ ਖਾਣ ਦੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹਨ।

ਉਹਨਾਂ ਦਾ ਭਾਰਤ ਦੀ ਸੁਤੰਤਰਤਾ ਲਹਿਰ ਵਿੱਚ ਵੀ ਯੋਗਦਾਨ ਹੈ। ਰਾਮ ਸਿੰਘ ਪਹਿਲਾ ਵਿਅਕਤੀ ਸੀ ਜਿਸ ਨੇ ਨਾਮਿਲਵਰਤਣ ਤੇ ਸਵਦੇਸ਼ੀ ਦੀ ਵਰਤੋਂ ਸ਼ੁਰੂ ਕੀਤੀ ਸੀ। ਵਿਦੇਸ਼ੀ ਵਸਤੂਆਂ, ਸਰਕਾਰੀ ਸਕੂਲਾਂ, ਕਚਹਿਰੀਆਂ ਤੇ ਡਾਕ ਸੇਵਾ ਦਾ ਤਿਆਗ ਕਰਨ ਤੇ ਖੱਦਰ ਦੇ ਕੱਪੜੇ ਪਹਿਨਣ ਦਾ ਪ੍ਰਚਾਰ ਰਾਮ ਸਿੰਘ ਨੇ ਹੀ 1860 ਈ: ਵਿੱਚ ਸ਼ੁਰੂ ਕੀਤਾ ਸੀ ਜਿਸ ਨੂੰ 60 ਸਾਲ ਮਗਰੋਂ ਮਹਾਤਮਾ ਗਾਂਧੀ ਨੇ ਅਪਣਾਇਆ।

ਕਾਂਡ—9

ਸਿੰਘ ਸਭਾ ਤੇ ਸਮਾਜ ਸੁਧਾਰ

ਪਿਛੋਕੜ : ਈਸਾਈਆਂ ਤੇ ਹਿੰਦੂਆਂ ਦੀਆਂ ਪ੍ਰਚਾਰ ਗਤੀਵਿਧੀਆਂ—ਨਿਰੰਕਾਰੀ, ਰਾਧਾ ਸੁਆਮੀ ਤੇ ਨਾਮਧਾਰੀ ਲਹਿਰਾਂ ਨੇ ਸਿੱਖ ਸਮੂਹ ਤੇ ਕੋਈ ਜ਼ਿਆਦਾ ਪ੍ਰਭਾਵ ਨਾ ਪਾਇਆ। ਪਹਿਲੀ ਲਹਿਰ ਤਾਂ ਉੱਤਰ-ਪੱਛਮ ਦੇ ਸ਼ਹਿਰੀ ਸਿੱਖ ਸਮਾਜ ਤੱਕ ਹੀ ਸੀਮਤ ਰਹੀ, ਦੂਸਰੀ ਦਾ ਸਬੰਧ ਵਧੇਰੇ ਕਰਕੇ ਆਸਤਕਤਾ ਦੀਆਂ ਸਮੱਸਿਆਵਾਂ ਨਾਲ ਹੀ ਸੀ। ਤੀਸਰੀ ਦੀ ਤਾਂ ਹੋਂਦ ਹੀ ਮਲੇਰਕੋਟਲਾ ਦੇ ਪੈਰੇਡ ਮੈਦਾਨ ਵਿੱਚ ਝੁਲਸ ਕੇ ਖ਼ਤਮ ਕਰ ਦਿੱਤੀ ਗਈ ਸੀ। ਤਿੰਨੇ ਲਹਿਰਾਂ ਆਪਣੇ ਸੰਪ੍ਰਦਾਇਕ ਜੁੰਡਲੀਆਂ ਦੇ ਰੂਪ ਵਿੱਚ ਵਿਕਸਿਤ ਹੋਈਆਂ ਤੇ ਆਪਣੇ-ਆਪਣੇ ਵਿਸ਼ੇਸ਼ ਗੁਰੂ ਦੀ ਭਗਤੀ ਤੇ ਆਪਣੇ ਗੁਪਤ ਤੇ ਰਹੱਸਮਈ ਧਾਰਮਕ ਸੰਸਾਰਕਾਂ ਦੀ ਵਰਤੋਂ ਵਿੱਚ ਮਸਤ ਰਹੀਆਂ। ਜਿਹਨਾਂ ਬੁਰਾਈਆਂ ਨੂੰ ਖ਼ਤਮ ਕਰਨ ਲਈ ਇਹ ਲਹਿਰਾਂ ਸ਼ੁਰੂ ਕੀਤੀਆਂ ਗਈਆਂ ਸਨ, ਉਹ ਉਸੇ ਤਰ੍ਹਾਂ ਹੀ ਬੇਰੋਕ ਜਾਰੀ ਰਹੀਆਂ। ਨੀਵੇਂ ਵਰਗਾਂ ਦੇ ਸਿੱਖਾਂ ਨਾਲ ਵਿਤਕਰਾ ਉਵੇਂ ਹੀ ਕੀਤਾ ਜਾਂਦਾ ਰਿਹਾ। ਅਮੀਰ ਲੋਕ ਸ਼ਰਾਬ ਪੀਣ ਤੇ ਵਿਭਚਾਰੀ ਜੀਵਨ ਵਿੱਚ ਗਲਤਾਨ ਰਹੇ। ਬ੍ਰਾਹਮਣਵਾਦੀ ਹਿੰਦੂ ਧਰਮ ਆਪਣੇ ਦੇਵੀ ਦੇਵਤਿਆਂ ਦੇ ਸਰਬਦੇਵ ਮੰਦਰਾਂ; ਸੰਸਕ੍ਰਿਤ ਮੰਤ੍ਰਾਂ ਦੇ ਅਸਪੱਸ਼ਟ ਗੁਣਗੁਣਾਉਣ, ਤੇ ਜੋਤਿਸ਼ੀਆਂ, ਨਜੂਮੀਆਂ, ਪੱਤਰੀ ਬਣਾਉਣ ਵਾਲੇ ਪਾਂਧਿਆਂ ਵਿੱਚ ਪਹਿਲਾਂ ਵਾਂਗ ਹੀ ਵਿਸ਼ਵਾਸ ਕਰਦਾ ਰਿਹਾ। ਸਿੱਖ ਜੋ ਇਹਨਾਂ ਮੱਤਾਂ ਦੀ ਦਸਾਂ ਗੁਰੂਆਂ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨ ਤੇ ਟੀਕਾ-ਟਿੱਪਣੀ ਕਰਦੇ ਸਨ, ਉਹ ਵੀ ਗੁਰੂ ਨਾਨਕ ਤੇ ਗੋਬਿੰਦ ਦੇ ਵੰਸ਼ਜ ਬੇਦੀਆਂ ਤੇ ਸੋਢੀਆਂ ਅੱਗੇ ਡੰਡੌਤ ਕਰਦੇ ਤੇ ਮੱਥਾ ਟੇਕਦੇ ਸਨ ਜਾਂ ਕਿਸੇ ਇਕ ਜਾਂ ਦੂਜੇ ਸੰਤ ਸਾਧੂ ਦਾ ਇਸ ਤਰ੍ਹਾਂ ਸਨਮਾਨ-ਸਤਿਕਾਰ ਕਰਦੇ ਸਨ ਜਿਵੇਂ ਉਹ ਗੁਰੂ ਹੀ ਹੋਵੇ।

ਸਿੱਖਾਂ ਦੇ ਨੈਤਿਕ ਪੱਧਰ ਦੇ ਪਤਨ ਜਿਤਨਾ ਹੀ ਗੰਭੀਰ ਮਸਲਾ ਸਿੱਖਾਂ ਦੀ ਘੱਟ ਰਹੀ ਸੰਖਿਆ ਸੀ। ਜਦੋਂ ਖ਼ਾਲਸੇ ਦੀ ਚੜ੍ਹਦੀ ਕਲਾ ਸੀ ਤਾਂ ਬਹੁਤ ਸਾਰੇ ਹਿੰਦੂਆਂ ਨੇ ਦਾੜ੍ਹੀ-ਕੇਸ ਰੱਖ ਲਏ ਸਨ ਤੇ ਸਿੱਖ ਗੁਰੂ ਸਾਹਿਬਾਨ ਦੀ ਮੂੰਹ-ਰੱਖਣੀ ਮਹਿਮਾ ਕਰਦੇ ਸਨ। ਪੰਜਾਬ ਦੇ ਇਲਹਾਕ ਪਿੱਛੋਂ ਇਹ ਫ਼ਸਲੀ ਬਟੇਰੇ ਫਿਰ ਹਿੰਦੂ-ਛਤਰੀ 'ਤੇ ਜਾ ਬੈਠੇ। ਸੱਚੇ-ਸੁੱਚੇ ਸਿੱਖ ਪਰਿਵਾਰ ਜਿਹਨਾਂ ਦੇ ਅਜਿਹੇ ਹਿੰਦੂਆਂ ਨਾਲ ਬੜੇ ਗੂੜ੍ਹੇ ਪਰਿਵਾਰਕ ਸੰਬੰਧ ਸਨ, ਉਹ ਵੀ ਉਹਨਾਂ ਵਾਂਗ ਹੀ ਜਾ ਰਲੇ ਜਾਂ ਸਫਾ-ਚੱਟ ਸਹਿਜਧਾਰੀ ਬਣ ਗਏ ਕਿਉਂਕਿ ਕੁਝ ਪੀੜ੍ਹੀਆਂ ਪਹਿਲਾਂ ਉਹ ਹਿੰਦੂ ਹੀ ਸਨ ਤੇ ਉਹਨਾਂ ਦਾ ਵਰਤ-ਵਿਹਾਰ ਹਿੰਦੂਆਂ ਨਾਲੋਂ ਟੁੱਟਾ ਨਹੀਂ ਸੀ। ਉਹਨਾਂ ਦੀ ਹਿੰਦੂ ਧਰਮ ਵਿੱਚ ਜਜ਼ਬ ਹੋਣ ਦੀ ਸੰਭਾਵਨਾ ਸੀ ਤੇ ਬੜੀ

ਜਲਦੀ ਹੀ ਉਹਨਾਂ ਦੀ ਇਕ ਵੱਖਰੀ ਸੰਪਰਦਾਇ ਵਜੋਂ ਹੋਂਦ ਖ਼ਤਮ ਹੋ ਜਾਣੀ ਸੀ।[1]

ਸਿੱਖ ਧਰਮ ਦੇ ਵਿਖੰਡਨ ਦਾ ਇਕ ਕਾਰਨ ਤਾਂ ਇਸ ਦੀ ਨਿਹੱਤ, ਜਨਮ ਜ਼ਾਤ, ਸੁਭਾਵਕ ਕਮਜ਼ੋਰੀ ਤਾਂ ਸੀ ਹੀ, ਪਰ ਇਸ ਦੇ ਤਿੰਨ ਹੋਰ ਕਾਰਨ ਵੀ ਸਨ—ਇਕ ਸੀ ਈਸਾਈ ਪ੍ਰਚਾਰਕਾਂ ਦੀਆਂ ਗਤੀਵਿਧੀਆਂ; ਦੂਸਰਾ, ਨਵੀਂ ਹਿੰਦੂ ਸੰਸਥਾ ਆਰੀਆ ਸਮਾਜ ਦੀ ਧਰਮ ਸ਼ੁੱਧੀ ਮੁਹਿੰਮ; ਤੀਸਰਾ ਕਾਰਨ ਉਹ ਤਰਕਸ਼ੀਲਤਾ ਸੀ ਜੋ ਵਿਗਿਆਨ ਸੰਕਲਪਾਂ ਦੀ ਵਰਤੋਂ ਦੇ ਸ਼ੁਰੂ ਹੋਣ ਨਾਲ ਆਈ।

1835 ਈ: ਵਿੱਚ ਲੁਧਿਆਣਾ ਵਿੱਚ ਇਕ ਪਰੈਸ ਬਾਈਟੇਰੀਅਨ (ਪਾਦਰੀ ਸੰਘ ਸ਼ਾਸਨਵਾਦੀ) ਸਥਾਪਿਤ ਕੀਤਾ ਗਿਆ ਸੀ। ਇਲਹਾਕ ਤੋਂ ਤੁਰਤ ਮਗਰੋਂ ਇਸ ਦੀਆਂ ਗਤੀਵਿਧੀਆਂ ਮਾਲਵੇ ਤੋਂ ਮਾਝੇ ਤੱਕ ਫੈਲ ਗਈਆਂ। ਚਰਚ ਪ੍ਰਚਾਰਕ ਸਭਾ ਨੇ ਆਪਣੇ ਕੇਂਦਰ ਅੰਮ੍ਰਿਤਸਰ ਤੇ ਲਾਹੌਰ ਦੇ ਆਲੇ-ਦੁਆਲੇ ਅਤੇ ਪਹਾੜੀ ਜ਼ਿਲ੍ਹਿਆਂ ਵਿੱਚ ਖੋਲ੍ਹ ਲਏ। 'ਦੀ ਸੁਸਾਇਟੀ ਫਾਰ ਦੀ ਪ੍ਰਾਪੇਗੇਸ਼ਨ ਆਫ ਗੌਸਪੈਲ, (ਇੰਜੀਲ ਦੇ ਪ੍ਰਚਾਰ ਲਈ ਸਭਾ) ਦੀ ਸਾਲਵੇਸ਼ਨ ਆਰਮੀ (ਮੁਕਤੀ ਸੈਨਾ), ਦੀ ਮੈਥੋਡਿਸਟ (ਇਕ ਈਸਾਈ ਸੰਪਰਦਾਇ), ਐਪੀਸਕੋਪਾਲੀਅਨ, ਮੋਰੇਵੀਅਨ ਤੇ ਕਈ ਰੋਮਨ ਕੈਥੋਲਿਕ ਧਰਮ ਸੰਘ ਇਕ ਦੂਸਰੇ ਨਾਲ ਨਵ-ਧਰਮੀਆਂ[3] ਨੂੰ ਆਪਣੇ ਧਰਮ ਛੱਡ ਕੇ ਈਸਾਈ ਬਣਾਉਣ ਲਈ ਮੁਕਾਬਲਾ ਕਰਨ ਲੱਗੇ। ਇਹਨਾਂ ਈਸਾਈ ਪ੍ਰਚਾਰਕਾਂ ਦੀ ਅੰਗਰੇਜ਼ ਅਧਿਕਾਰੀ ਬੜੀ ਸਰਗਰਮੀ ਨਾਲ ਸਹਾਇਤਾ ਕਰਦੇ ਸਨ।[4] ਮਹਾਰਾਜਾ ਦਲੀਪ ਸਿੰਘ ਦਾ 1853 ਵਿੱਚ ਈਸਾਈ ਬਣ ਜਾਣਾ ਈਸਾਈ ਮਿਸ਼ਨਰੀਆਂ ਦੀ ਪਹਿਲੀ ਪ੍ਰਾਪਤੀ ਸੀ ਤੇ ਸਿੱਖਾਂ ਲਈ ਇਕ ਦੁਖਦਾਈ

---

1. ਇਹ ਵਿਚਾਰ ਸਰ ਰਿਚਰਡ ਟੈਂਪਲ ਤੇ ਡੈਨਜ਼ਿਲ ਇਬਟਸਨ ਜਿਹੇ ਸਿਆਣੇ ਸੂਝਵਾਨ ਵਿਦਵਾਨ ਨਿਰੀਖਕਾਂ ਦਾ ਸੀ ਜਿਹਨਾਂ ਨੇ 1881 ਦੀ ਜਨ-ਗਣਨਾ ਰਿਪੋਰਟ ਵਿੱਚ ਅੰਕਿਤ ਕੀਤਾ : "ਸਮੁੱਚੇ ਤੌਰ 'ਤੇ ਇਹ ਮੰਨਣ ਦੇ ਕਾਰਨ ਹਨ ਕਿ ਬਾਵਜੂਦ ਕਾਬਲ ਮੁਹਿੰਮ ਦੀ ਪ੍ਰੇਰਨਾ, ਜਿਸ ਵਿੱਚ ਉੱਤਰ ਪੱਛਮੀ ਸੀਮਾ ਦੀਆਂ ਮੁਹਿੰਮਾਂ ਵਿੱਚ ਸਿੱਖਾਂ ਦੀਆਂ ਬਹਾਦਰੀਆਂ ਦੀ ਕਹਾਣੀਆਂ ਦਾ ਪ੍ਰਚਾਰ ਕੀਤਾ ਗਿਆ, ਸਿੱਖ ਧਰਮ ਦਾ ਪਤਨ ਹੋ ਰਿਹਾ ਹੈ।"
2. ਰੈਵ: ਜੋਨ ਨਿਊਟਨ ਤੇ ਰੇਵ: ਸੀ. ਡਬਲਯੂ ਫੋਰਮਨ 1849 ਈ: ਨੂੰ ਲਾਹੌਰ ਆਏ। —ਮੈਕੋਨਾਚੀ, ਰੋਲੈਂਡ ਬੇਟਮੈਨ
3. ਇਮਪੀਰੀਅਲ ਗਜ਼ਟੀਅਰ ਆਫ਼ ਇੰਡੀਆ, 1908, XX, 291-2
4. ਬੇਟਮੈਨ ਦਾ ਜੀਵਨੀ ਲੇਖਕ 19 ਫਰਵਰੀ 1852 ਨੂੰ ਇਕ ਸਭਾ ਸਮਾਗਮ ਦਾ ਵਰਨਨ ਕਰਦਾ ਹੈ ਜਿਸ ਦੀ ਪ੍ਰਧਾਨਗੀ ਕਲਕੱਤਾ ਦੇ ਆਰਕਡੇਕਨ ਪਰਾਟ ਨੇ ਕੀਤੀ ਜਿੱਥੇ ਇਹ ਕਿਹਾ ਗਿਆ ਕਿ "ਹੈਨਰੀ ਤੇ ਜਾਨ ਲਾਰੰਸ, ਰਾਬਰਟ ਮਿੰਟਗੁਮਰੀ, ਡੋਨਾਲਡ, ਮੈਕਲਿਉਡ, ਹਰਬਰਟ ਐਡਵਰਡਜ਼, ਰੇਅਨੱਲ ਟੇਇਲਰ, ਰਾਬਰਟ ਕਸਟ, ਆਰਥਰ, ਰਾਬਰਟਸ, ਵਿਲੀਅਮ ਮਾਰਟਿਨ, ਸੀ. ਆਰ. ਸਾਂਡਰਸ ਆਦਿ ਸਭ ਦੀ "ਪੰਜਾਬ ਚਰਚ ਮਿਸ਼ਨ ਐਸੋਸੀਏਸ਼ਨ" ਸਥਾਪਿਤ ਕਰਨ ਵਿੱਚ ਦਿਲਚਸਪੀ ਹੈ'—(ਮੈਕਨਾਚੀ, ਰੋਲੈਂਡ ਬੇਟਮੈਨ, ਪੰਨਾ 12-13) ਪੰਜਾਬ ਵਿੱਚ ਈਸਾਈ ਧਰਮ ਦੇ ਵਾਧੇ ਦੀ ਜਾਣਕਾਰੀ ਜਨਗਣਨਾ ਰਿਪੋਰਟਾਂ ਤੋਂ ਮਿਲਦੀ ਹੈ ਜੋ 1881 ਵਿੱਚ 3796; 1891 ਵਿੱਚ 19547; 1901 ਵਿੱਚ 37980; 1911 ਵਿੱਚ 163,994; 1921 ਵਿੱਚ 315,931; 1931 ਵਿੱਚ 414,788 ਹੋ ਗਈ।

ਸੱਟ ਸੀ। ਉਸੇ ਸਾਲ ਅੰਮ੍ਰਿਤਸਰ ਵਿੱਚ ਇਕ ਈਸਾਈ ਮਿਸ਼ਨ ਸਕੂਲ ਖੋਲ੍ਹਿਆ ਗਿਆ। ਨਵ-ਧਰਮੀਆਂ ਦੇ ਸੁਭਾਵਿਕ ਉਤਸ਼ਾਹ ਅਨੁਸਾਰ ਜਲਾਵਤਨ ਮਹਾਰਾਜੇ ਨੇ ਵੀ ਇਸ ਦੀ ਸਹਾਇਤਾ ਤੇ ਸਮਰਥਨ ਦੀ ਪੇਸ਼ਕਸ਼ ਕਰ ਦਿੱਤੀ।

ਮਹਾਰਾਜਾ ਦਲੀਪ ਸਿੰਘ ਤੋਂ ਬਿਨਾਂ, ਪਹਿਲਾਂ ਧਰਮ ਬਦਲਣ ਵਾਲਿਆਂ ਵਿੱਚ ਜ਼ਿਆਦਾ ਅਛੂਤ ਜ਼ਾਤੀਆਂ ਦੇ ਸਿੱਖ ਸਨ। ਥੋੜ੍ਹੇ ਹੀ ਸਮੇਂ ਵਿੱਚ ਈਸਾਈ ਸ਼ਬਦ ਇਤਨਾ ਦੋਸ਼ਪੂਰਨ ਬਣ ਗਿਆ ਕਿ ਇਹ "ਚੂਹੜਾ" ਦਾ ਸਮਾਨ-ਅਰਥੀ ਬਣ ਗਿਆ ਜੋ ਪੰਜਾਬੀ ਵਿੱਚ ਆਮ ਅਛੂਤ ਸਫ਼ਾਈ ਸੇਵਕਾਂ ਭੰਗੀਆਂ ਲਈ ਵਰਤਿਆ ਜਾਂਦਾ ਹੈ। ਉਸ ਸਮੇਂ ਨਵ-ਧਰਮੀਆਂ ਨੂੰ ਅਹਿਸਾਸ ਹੋਇਆ ਕਿ ਨਾ ਤਾਂ ਪਾਦਰੀ ਦੀ ਸਰਪ੍ਰਸਤੀ ਤੇ ਨਾ ਹੀ "ਸੋਲਾ ਟੋਪੀ" ਦੀ ਦਿਸਦੀ ਸ਼ਾਨ ਉਹਨਾਂ ਤੋਂ ਅਛੂਤਪੁਣੇ ਜਾਂ ਭਿੱਟ ਦਾ ਦਾਗ਼ ਮਿਟਾ ਸਕੀ। ਉਸ ਪਿੱਛੋਂ ਨੀਵੀਆਂ ਜ਼ਾਤੀਆਂ ਵਿੱਚੋਂ ਧਰਮ ਬਦਲਣ ਵਾਲਿਆਂ ਦੀ ਗਿਣਤੀ ਘੱਟ ਗਈ। ਈਸਾਈ ਪ੍ਰਚਾਰਕਾਂ ਨੇ ਆਪਣਾ ਧਿਆਨ ਅਮੀਰ ਜੱਟਾਂ ਤੇ ਖੱਤਰੀ ਜ਼ਾਤਾਂ ਵੱਲ ਕੀਤਾ। ਕਈ ਉੱਘੇ ਸਿੱਖ ਪਰਿਵਾਰਾਂ ਨੇ ਈਸਾਈ ਧਰਮ ਅਪਣਾ ਲਿਆ।[5] ਪੜ੍ਹੇ-ਲਿਖਿਆਂ ਤੇ ਉੱਚੇ ਕੁਲੀਨ ਸਰਦਾਰ ਘਰਾਣਿਆਂ ਦੇ ਧਰਮ ਪਰਿਵਰਤਨ ਨੇ ਸਿੱਖ ਆਗੂਆਂ ਨੂੰ ਆਪਣੇ ਅਛੂਤ ਭਰਾਵਾਂ ਦੇ ਧਰਮ ਛੱਡ ਕੇ ਜਾਣ ਦੇ ਘਾਟੇ ਨਾਲੋਂ ਵਧੇਰੇ ਚਿੰਤਿਤ ਕਰ ਦਿੱਤਾ।[6]

ਪ੍ਰੰਤੂ ਈਸਾਈ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਨਾਲੋਂ ਪੁਨਰ-ਜਾਗ੍ਰਿਤ ਹਿੰਦੂ ਧਰਮ ਖ਼ਾਸ ਕਰਕੇ ਆਰੀਆ ਸਮਾਜ ਦੀ ਚੁਣੌਤੀ ਜ਼ਿਆਦਾ ਗੰਭੀਰ ਸੀ।

ਆਰੀਆ ਸਮਾਜ ਦੀ ਨੀਂਹ ਸਵਾਮੀ ਦਯਾਨੰਦ[7] ਸਰਸਵਤੀ ਨੇ ਰੱਖੀ ਸੀ ਜਿਸ ਦਾ

---

5. ਵਧੇਰੇ ਉੱਘੇ ਪਰਿਵਾਰਾਂ ਵਿੱਚੋਂ ਸਭ ਤੋਂ ਪ੍ਰਸਿੱਧ ਮਹਾਰਾਜਾ ਕਪੂਰਥਲਾ ਦੇ ਭਰਾ ਰਾਜਾ ਹਰਨਾਮ ਸਿੰਘ ਦਾ ਪਰਿਵਾਰ ਸੀ। ਰਾਜਾ ਹਰਨਾਮ ਸਿੰਘ ਦੇ ਲੜਕੇ ਤੇ ਇਕ ਲੜਕੀ ਉੱਘੀਆਂ ਪਦਵੀਆਂ 'ਤੇ ਪਹੁੰਚੇ। ਅੰਮ੍ਰਿਤ ਕੌਰ ਜੋ ਮਹਾਤਮਾ ਗਾਂਧੀ ਦੀ ਮਿੱਤਰ ਸੀ ਕੇਂਦਰੀ ਸਰਕਾਰ ਵਿੱਚ ਸਿਹਤ ਮੰਤਰੀ ਬਣੀ। ਮਹਾਰਾਜ ਸਿੰਘ ਬੰਬਈ ਦਾ ਗਵਰਨਰ ਬਣਿਆ ਤੇ ਦਲੀਪ ਸਿੰਘ ਪੰਜਾਬ ਹਾਈ ਕੋਰਟ ਦਾ ਜੱਜ। ਸਾਧੂ ਸੁੰਦਰ ਸਿੰਘ ਜੋ ਰਾਮਪੁਰ (ਪਟਿਆਲਾ ਰਿਆਸਤ) ਦਾ ਜੱਟ ਸੀ ਇਸਾਈ ਧਰਮ ਅਪਣਾਉਣ ਵਾਲਾ ਉੱਘਾ ਭਾਰਤੀ ਸੀ। ਉਹ ਰਹੱਸਵਾਦੀ ਸੀ। ਉਸ ਨੇ ਬਹੁਤਾ ਸਮਾਂ ਹਿੰਦੁਸਤਾਨ ਤਿੱਬਤ ਸੜਕ 'ਤੇ ਹੀ ਆਉਂਦਿਆਂ ਜਾਂਦਿਆਂ ਬਤੀਤ ਕੀਤਾ। 1935 ਈ: ਪਿੱਛੋਂ ਉਹ ਅਲੋਪ ਹੋ ਗਿਆ।
6. 1873 ਜਦੋਂ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਚਾਰ ਲੜਕਿਆਂ ਨੇ ਈਸਾਈ ਧਰਮ ਗ੍ਰਹਿਣ ਕਰਨ ਦਾ ਫ਼ੈਸਲਾ ਕੀਤਾ ਤਾਂ ਸਾਰੇ ਪੰਜਾਬ ਅੰਦਰ ਵਿਰੋਧ ਵਿੱਚ ਜਲਸੇ ਹੋਏ। ਸਿੱਖ ਪ੍ਰਚਾਰਕਾਂ ਨੇ ਲੜਕਿਆਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਧਰਮ ਬਦਲਣ ਦੇ ਖ਼ਿਆਲ ਤੋਂ ਰੋਕ ਲਿਆ।
7. ਦਯਾਨੰਦ (1824-83) ਕਾਠੀਆਵਾੜ ਦੇ ਸ਼ਿਵ ਬ੍ਰਾਹਮਣ ਦਾ ਲੜਕਾ ਸੀ। ਉਸ ਨੇ 21 ਸਾਲ ਦੀ ਉਮਰ ਵਿੱਚ ਘਰ ਛੱਡ ਦਿੱਤਾ ਤੇ ਅਗਲੇ 18 ਸਾਲ ਉਸ ਨੇ ਸੰਸਕ੍ਰਿਤ ਦੀਆਂ ਧਰਮ ਪੁਸਤਕਾਂ ਦਾ ਇਕ ਅੰਨ੍ਹੇ ਵਿਦਵਾਨ ਸਵਾਮੀ ਵਿਰਜਾਨੰਦ ਦੀ ਅਗਵਾਈ ਵਿੱਚ ਅਧਿਐਨ ਕੀਤਾ। ਆਪਣੀ ਉਮਰ ਦੇ ਅਗਲੇ 20 ਸਾਲ ਉਸ ਨੇ ਉੱਤਰੀ ਭਾਰਤ ਵਿੱਚ ਪ੍ਰਚਾਰ ਕਰਦਿਆਂ ਲੰਘਾਏ।

ਆਦਰਸ਼ ਸੀ, "ਵੇਦਾਂ ਵੱਲ ਵਾਪਸ ਮੁੜੋ।" ਉਸ ਅਨੁਸਾਰ ਵੇਦ ਇਕ ਸਰਬਸ਼ਕਤੀਮਾਨ ਪਰ ਅਦ੍ਰਿਸ਼ਟ ਪਰਮਾਤਮਾ ਵਿੱਚ ਵਿਸ਼ਵਾਸ ਤੇ ਮਨੁੱਖ ਦੀ ਬਰਾਬਰੀ ਦ੍ਰਿੜ ਕਰਾਉਂਦੇ ਹਨ, ਇਸ ਲਈ ਉਹ ਬੁੱਤ ਪੂਜਾ, ਜ਼ਾਤ-ਪਾਤ ਦਾ ਵਿਰੋਧ ਕਰਦਾ ਸੀ। ਦਯਾਨੰਦ ਇਕ ਸ਼ਕਤੀਸ਼ਾਲੀ ਵਕਤਾ ਸੀ। ਕੁਝ ਹੀ ਸਾਲਾਂ ਵਿੱਚ ਉਸ ਦੀ ਆਵਾਜ਼ ਭਾਰਤ ਦੇ ਕੋਨੇ-ਕੋਨੇ ਵਿੱਚ ਸੁਣਾਈ ਦੇਣ ਲੱਗੀ। ਉਸ ਦੀ ਬੁੱਤ ਪ੍ਰਸਤੀ ਦੀ ਵਿਰੋਧਤਾ, ਏਕੀਸ਼ਵਰਵਾਦ ਤੇ ਬਰਾਬਰੀ ਦੇ ਵਿਚਾਰ ਸਿੱਖਾਂ ਲਈ ਵਿਸ਼ੇਸ਼ ਖਿੱਚ ਰੱਖਦੇ ਸਨ।

1877 ਦੀਆਂ ਗਰਮੀਆਂ ਵਿੱਚ ਦਇਆਨੰਦ ਪੰਜਾਬ ਆਇਆ ਜਿੱਥੇ ਉਸ ਦਾ ਹਿੰਦੂਆਂ ਤੇ ਸਿੱਖਾਂ ਨੇ ਭਰਵਾਂ ਸੁਆਗਤ ਕੀਤਾ। ਉਸ ਨੇ ਲਾਹੌਰ ਵਿੱਚ ਆਰੀਆ ਸਮਾਜ ਦੀ ਸ਼ਾਖ ਕਾਇਮ ਕੀਤੀ। ਉਹਦੀ ਗਤੀਵਿਧੀ ਦਾ ਮੁੱਖ ਕਾਰਜ ਧਰਮ ਸ਼ੁੱਧੀ ਸੀ ਤੇ ਉਸ ਦੇ ਬਹੁਤ ਸਾਰੇ ਹਿੰਦੂ ਸਿੱਖ ਅਨੁਯਾਈ ਬਣ ਗਏ।

ਸਨਾਤਨੀ ਸਿੱਖਾਂ ਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਦਯਾਨੰਦ ਦਾ ਵੇਦਾਂ ਦੀ ਅਭੁੱਲਤਾ ਵਿੱਚ ਵਿਸ਼ਵਾਸ ਉਤਨਾ ਹੀ ਕੱਟੜਤਾ ਭਰਪੂਰ ਹੈ ਜਿਤਨਾ ਮੁਸਲਮਾਨਾਂ ਦਾ ਕੁਰਾਨ ਵਿੱਚ।[8] ਉਹਦੇ ਲਈ ਗ੍ਰੰਥ ਗੌਣ ਮਹੱਤਵ ਵਾਲਾ ਸੀ ਤੇ ਸਿੱਖ ਗੁਰੂ ਘੱਟ ਪੜ੍ਹੇ ਲਿਖੇ ਸਨ, ਉਸ ਨੇ ਨਾਨਕ ਨੂੰ ਦੰਭੀ ਆਖਿਆ। ਦਯਾਨੰਦ ਸਿੱਖ ਧਰਮ-ਸ਼ਾਸਤਰੀਆਂ ਪ੍ਰਤੀ ਘਿਰਨਾ ਨਾਲ ਵੇਖਦਾ ਸੀ ਕਿਉਂਕਿ ਉਹ ਸੰਸਕ੍ਰਿਤ ਨਹੀਂ ਜਾਣਦੇ ਸਨ। ਉਸ ਦੀ ਹਰ ਉਸ ਵਿਅਕਤੀ ਲਈ "ਮਨ ਭਾਉਂਦੀ ਉਕਤੀ ਮਹਾਂਮੂਰਖ" ਸੀ ਜੋ ਉਸ ਦੇ ਮਾਪ 'ਤੇ ਪੂਰਾ ਨਹੀਂ ਉੱਤਰਦਾ ਸੀ। ਦਯਾਨੰਦ ਨੇ ਸੁਰ ਛੇੜ ਦਿੱਤੀ ਤੇ ਉਹਦੇ ਤੇਜ਼ ਤਰਾਰ ਪ੍ਰਸ਼ੰਸਕਾਂ ਨੇ ਪੈਰਵੀ ਕਰਨੀ ਸ਼ੁਰੂ ਕਰ ਦਿੱਤੀ।[9]

---

8. "ਮੈਂ ਵੇਦਾਂ ਨੂੰ ਸ੍ਵੈ-ਪ੍ਰਤੱਖ ਸੱਚਾਈ ਮੰਨਦਾ ਹਾਂ ਜਿਸ ਵਿੱਚ ਨਾ ਕੋਈ ਸ਼ੱਕ ਦੀ ਗੁੰਜਾਇਸ਼ ਹੈ ਤੇ ਕਿਸੇ ਹੋਰ ਗ੍ਰੰਥ ਉੱਪਰ ਨਿਰਭਰਤਾ ਦੀ ਵੀ ਲੋੜ ਨਹੀਂ ਹੈ ਕਿਉਂਕਿ ਉਹ ਤਾਂ ਕੁਦਰਤ ਦੀ, ਪ੍ਰਭੂ ਦੇ ਸੰਸਾਰ ਦੀ ਪ੍ਰਤਿਨਿਧਤਾ ਕਰਦੇ ਹਨ"—ਹੈਂਡਬੁਕ ਆਫ ਆਰੀਆ ਸਮਾਜ, ਪੰਨਾ 35; ਵੇਦਾਂ ਬਾਰੇ ਸਵਾਮੀ ਦਯਾਨੰਦ ਦੇ ਦ੍ਰਿਸ਼ਟੀਕੋਣ ਬਾਰੇ ਮੈਕਸਮੂਲਰ ਦੇ ਵਿਚਾਰ ਬੜੇ ਪ੍ਰਕਾਸ਼ਮਾਨ ਹਨ : "ਸਵਾਮੀ ਦਯਾਨੰਦ ਨਾ ਮੰਨਣਯੋਗ ਵਿਆਖਿਆ ਨਾਲ ਆਪਣੇ-ਆਪ ਨੂੰ ਤੇ ਦੂਸਰਿਆਂ ਨੂੰ ਵੀ ਇਹ ਮਨਾਉਣ ਵਿੱਚ ਸਫਲ ਹੋ ਗਿਆ ਕਿ ਦੁਨੀਆਂ ਵਿੱਚ ਸਮੇਤ ਆਧੁਨਿਕ ਵਿਗਿਆਨਿਕ ਕਾਢਾਂ ਦੇ ਜੋ ਕੁਝ ਵੀ ਮੰਨਣਯੋਗ ਹੈ, ਉਹਨਾਂ ਦੇ ਵੇਦਾਂ ਵਿੱਚ ਵੀ ਸੰਕੇਤ ਮਿਲਦੇ ਹਨ। ਭਾਫ ਦੇ ਇੰਜਨ, ਰੇਲਾਂ, ਭਾਫ਼ ਨਾਲ ਚੱਲਣ ਵਾਲੀਆਂ ਬੇੜੀਆਂ ਬਾਰੇ ਵੈਦਿਕ ਕਵੀਆਂ ਨੂੰ ਘੱਟੋ-ਘੱਟ ਬੀਜ ਰੂਪ ਵਿੱਚ, ਜਾਣਕਾਰੀ ਸੀ, ਕਿਉਂਕਿ ਉਸ ਦੀ ਦਲੀਲ ਸੀ ਕਿ ਵੇਦ ਦਾ ਭਾਵ ਹੈ ਗਿਆਨ, ਤੇ ਫਿਰ ਉਸ ਤੋਂ ਕਿਵੇਂ ਕੋਈ ਚੀਜ਼ ਗੁੱਝੀ ਰਹਿ ਸਕਦੀ ਸੀ ? (ਬਾਇਓਗਰਾਫੀਕਲ ਐਸੇਜ਼ II, 170)
9. ਆਰੀਆ ਸਮਾਚਾਰ, ਜੋ ਸਮਾਜ ਦਾ ਸੰਚਾਰ ਸਾਧਨ ਸੀ, ਉਸ ਵਿੱਚ ਛਪਿਆ ਹੈ :

ਨਾਨਕ ਸ਼ਾਹ ਫਕੀਰ ਨੇ ਨਯਾ ਚਲਾਇਆ ਪੰਥ।
ਇਧਰ ਉਧਰ ਸੇ ਜੋੜਕੇ ਲਿਖ ਮਾਰਾ ਇਕ ਗ੍ਰੰਥ।
ਪਹਿਲੋਂ ਚੇਲੇ ਕਰ ਲੈ ਪਿਛੇ ਬਦਲਾ ਭੇਸ।
ਸਿਰ ਪਰ ਸਾਫਾ ਬਾਂਧ ਕੇ ਰਖ ਲੀਨੇ ਸਭ ਕੇਸ।

(ਗੰਡਾ ਸਿੰਘ, ਏ ਹਿਸਟਰੀ ਆਫ ਦੀ ਖਾਲਸਾ ਕਾਲਜ, ਪੰਨਾ 7)

ਸਿੱਖਾਂ ਨੇ ਦਯਾਨੰਦ ਵੱਲੋਂ ਮੂੰਹ ਮੋੜ ਲਿਆ। ਇਸ ਦੀ ਥਾਂ 'ਤੇ ਉਹਨਾਂ ਨੇ ਈਸਾਈਆਂ ਤੇ ਮੁਸਲਮਾਨਾਂ ਨਾਲ ਮਿਲ ਕੇ ਉਸ ਦੀ ਪੁਸਤਕ "ਸਤਿਆਰਥ ਪਰਕਾਸ਼"[10] 'ਤੇ ਪਾਬੰਦੀ ਲਾਉਣ ਦੀ ਮੰਗ ਕਰ ਦਿੱਤੀ ਕਿਉਂਕਿ ਇਸ ਪੁਸਤਕ ਵਿੱਚ ਤਿੰਨਾਂ ਹੀ ਧਰਮਾਂ ਦੇ ਪੈਗ਼ੰਬਰਾਂ ਦੀ ਨਿੰਦਾ ਕੀਤੀ ਗਈ ਸੀ।

ਈਸਾਈ ਪ੍ਰਚਾਰਕਾਂ ਤੇ ਆਰੀਆ ਸਮਾਜੀਆਂ ਦੀਆਂ ਗਤੀਵਿਧੀਆਂ ਤੋਂ ਬਿਨਾਂ, ਸੂਬੇ ਵਿੱਚ ਹੋਰ ਤਬਦੀਲੀ ਦੀ ਪੌਣ ਰੁਮਕਣ ਲੱਗੀ। ਬੰਗਾਲੀ ਬੁੱਧੀਜੀਵੀਆਂ ਦੀ ਆਮਦ ਸ਼ੁਰੂ ਹੋ ਗਈ ਹੈ ਤੇ ਉਹ ਰਾਜਾ ਰਾਮ ਮੋਹਨ ਰਾਏ (1771-1833) ਤੇ ਉਦਾਰਵਾਦੀ ਹਿੰਦੂ ਧਰਮ ਤੇ ਬ੍ਰਹਮੋ ਸਮਾਜ ਦਾ ਸੰਦੇਸ਼ ਲੈ ਕੇ ਆਏ। ਉਹਨਾਂ ਨੇ ਆਪਣੀ ਸ਼ਾਖ 1864 ਵਿੱਚ ਲਾਹੌਰ ਵਿੱਚ ਕਾਇਮ ਕੀਤੀ ਤੇ ਉਹਨਾਂ ਨੂੰ ਦਿਆਲ ਸਿੰਘ ਮਜੀਠੀਆ[11] ਇਕ ਉੱਘਾ ਵਿਅਕਤੀ ਮਿਲ ਗਿਆ ਜਿਸ ਨੇ ਉਹਨਾਂ ਦਾ ਧਰਮ ਗ੍ਰਹਿਣ ਕਰ ਲਿਆ। ਉਤਨੇ ਹੀ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਥੀਊਸੋਫਿਸਟਸ ਸਨ ਜਿਹਨਾਂ ਵਿੱਚੋਂ ਡਾ: ਐਨੀ ਬੇਸੰਤ ਸਮੇਤ ਬਹੁਤ ਸਾਰਿਆਂ ਨੇ ਪੰਜਾਬ ਵਿੱਚ ਭਾਸ਼ਨ ਦਿੱਤੇ। ਭਾਰਤ ਵਿੱਚ ਤੇ ਹਿੰਦੂ ਧਰਮ ਵਿੱਚ ਜੋ ਦਿਲਚਸਪੀ ਮੈਕਸਮੂਲਰ, ਸਰ ਐਡਵਿਨ ਆਰਨਾਲਡ, ਤੇ ਡਾ: ਮੋਨੀਆਰ ਵਿਲੀਅਮਜ਼ ਦੇ ਗ੍ਰੰਥ ਛਪਣ ਨਾਲ ਪੈਦਾ ਹੋਈ, ਉਹੋ ਦਿਲਚਸਪੀ ਮਗਰੋਂ ਪੰਜਾਬ[12] ਵਿੱਚ

---

10. "ਸਤਿਆਰਥ ਪਰਕਾਸ਼" 1874 ਈ: ਵਿੱਚ ਛਾਪਿਆ ਗਿਆ। ਪੰਜਾਬ ਸਰਕਾਰ ਨੇ ਇਸ ਉੱਪਰ ਪੈਗ਼ੰਬਰ ਮੁਹੰਮਦ ਬਾਰੇ ਅਪਮਾਨਜਨਕ ਹਵਾਲਿਆਂ ਕਰਕੇ ਪਾਬੰਦੀ ਲਾ ਦਿੱਤੀ ਸੀ। ਹੁਣ ਇਸ ਦੀ ਸੋਧੀ ਹੋਈ ਐਡੀਸ਼ਨ ਮਿਲਦੀ ਹੈ।

11. ਦਿਆਲ ਸਿੰਘ ਮਜੀਠੀਆ (ਮੌਤ 1898 ਈ: ਵਿੱਚ ਹੋਈ) ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਮੰਤਰੀ ਲਹਿਣਾ ਸਿੰਘ ਮਜੀਠੀਆ ਦਾ ਲੜਕਾ ਸੀ। ਉਹ ਇੰਡੀਅਨ ਐਸੋਸੀਏਸ਼ਨ ਦਾ ਪ੍ਰਧਾਨ ਬਣਿਆ ਜੋ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਸੰਬੰਧਿਤ ਸੀ। ਉਸ ਨੇ "ਦੀ ਟ੍ਰਿਬਿਊਨ" ਤੇ ਧਨ ਲਾਇਆ, ਇਕ ਟਰੱਸਟ ਕਾਇਮ ਕੀਤਾ ਜਿਸ ਨੇ ਦਿਆਲ ਸਿੰਘ ਕਾਲਜ ਤੇ ਇਕ ਪਬਲਿਕ ਲਾਇਬਰੇਰੀ ਖੋਲ੍ਹੀ। "ਦੀ ਟ੍ਰਿਬਿਊਨ" 1881 ਤੋਂ ਛਪਣਾ ਸ਼ੁਰੂ ਹੋ ਗਿਆ। ਇਸ ਦੀ ਅੱਜ ਤੱਕ ਵੀ ਅੰਗਰੇਜ਼ੀ ਪੜ੍ਹੇ ਪੰਜਾਬੀਆਂ ਵਿੱਚ ਅਜਾਰੇਦਾਰੀ ਹੈ।
12. ਇਹਨਾਂ ਵਿੱਚੋਂ ਵਧੇਰੇ ਉੱਘੇ ਗ੍ਰੰਥ ਸਰ ਰਿਚਰਡ ਟੈਂਪਲ ਦਾ "ਲੀਜੈਂਡਜ਼ ਆਫ ਦੀ ਪੰਜਾਬ, ਨੇਮਜ਼ ਐਂਡ ਨੇਮ ਪਲੇਸਜ਼", ਮਾਹਵਾਰੀ ਰਿਸਾਲਾ 'ਪੰਜਾਬ ਨੋਟਸ ਐਂਡ ਕਵੇਰੀਜ਼", ਬੋਸਵਰਥ ਸਮਿੱਥ ਦੀ "ਲਾਈਫ਼ ਔਫ ਹੈਨਰੀ ਲਾਰੰਸ", ਰੌਸ ਦੀ "ਲੈਂਡ ਔਫ ਫਾਈਵ ਰਿਵਰਜ਼" ਤੇ ਸਭ ਤੋਂ ਉਪ੍ਰੰਤ ਰੁਡਯਾਰਡ ਕਿਪਲਿੰਗ ਦੀਆਂ ਕਹਾਣੀਆਂ, ਜਿਹਨਾਂ ਦਾ ਪਿਛੋਕੜ ਪੰਜਾਬ ਦੀਆਂ ਛਾਉਣੀਆਂ ਹਨ। ਪੰਜਾਬ ਵਿੱਚ ਪੱਛਮ ਦੀ ਦਿਲਚਸਪੀ ਨੇ ਪੰਜਾਬੀਆਂ ਦੀ ਆਪਣੇ ਇਤਿਹਾਸ ਤੇ ਸਭਿਆਚਾਰਕ ਵਿਰਸੇ ਤੇ ਰਿਵਾਇਤਾਂ ਵਿੱਚ ਦਿਲਚਸਪੀ ਪੈਦਾ ਕੀਤੀ। ਜੋ ਕੁਝ ਮੋਨੀਅਰ ਵਿਲੀਅਮ ਨੇ ਭਾਰਤ ਲਈ ਕੀਤਾ, ਡਾ: ਲੈਟਨਰ ਨੇ ਪੰਜਾਬ ਲਈ ਕੀਤਾ। ਉਹ "ਅੰਜੁਮਨ-ਇ-ਪੰਜਾਬ" ਤੇ "ਪੰਜਾਬ ਅਖ਼ਬਾਰ" ਜੋ ਲਾਹੌਰ 'ਚੋਂ ਛੱਪਦੇ ਸਨ, ਉਹਨਾਂ ਦੀ ਰੂਹ ਸੀ। ਉਸ ਨੇ ਲੰਡਨ ਦੇ ਨੇੜੇ ਵੌਕਿੰਗ ਵਿੱਚ ਪੰਜਾਬ ਇਨਸਟੀਚਿਊਟ ਦੀ ਸਥਾਪਨਾ ਕੀਤੀ।

ਲਈ ਜਾਣ ਲੱਗੀ। ਸਿੱਖ ਇਕ ਵਾਰ ਆਪਣੇ ਯੂਰਪੀ ਵਿਆਖਿਆਕਾਰਾਂ ਦੇ ਸਬੰਧ ਵਿੱਚ ਬਦਕਿਸਮਤ ਰਹੇ।

ਇਕ ਜਰਮਨ ਭਾਸ਼ਾ-ਵਿਗਿਆਨੀ ਡਾ: ਅਰਨਸਟ ਟਰੰਪ ਨੂੰ ਇੰਡੀਆ ਆਫਸ ਨੇ ਅੰਗਰੇਜ਼ੀ ਵਿੱਚ ਗ੍ਰੰਥ ਦਾ ਅਨੁਵਾਦ ਕਰਨ ਲਈ ਲਾਇਆ। ਟਰੰਪ ਨੇ ਕੁਝ ਪੰਨਿਆਂ ਦਾ ਅਨੁਵਾਦ ਕਰਨ ਦੀ ਕੋਸ਼ਿਸ਼ ਕੀਤੀ ਪਰ ਫਿਰ ਕੰਮ ਛੱਡ ਦਿੱਤਾ ਕਿਉਂਕਿ ਭਾਸ਼ਾ, ਸੰਸਕ੍ਰਿਤ ਵਿਆਕਰਨ ਦੇ ਨਿਯਮਾਂ ਅਨੁਸਾਰ ਨਹੀਂ ਸੀ ਤੇ ਸਿੱਖ ਧਰਮ-ਸ਼ਾਸਤਰੀਆਂ ਨੇ ਵੀ ਉਸ ਨਾਲ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ। ਟਰੰਪ ਦੀ ਛੋਟੀ ਰਚਨਾ ਦੇ ਛਪਣ ਨਾਲ ਉਪ੍ਰੰਤ ਬਹੁਤ ਨਿਰਾਸਤਾ ਪੈਦਾ ਹੋਈ। ਉਸ ਦੇ ਪ੍ਰਾਕਥਨ ਵਿੱਚ ਗ੍ਰੰਥ ਦੇ ਮੂਲ ਪਾਠ ਬਾਰੇ ਦੁਰ-ਭਾਵਨਾ ਵਾਲੀਆਂ ਟਿੱਪਣੀਆਂ ਸਨ ਤੇ ਉਸ ਦਾ ਅਨੁਵਾਦ, ਗ਼ਲਤ, ਨੀਰਸ ਤੇ ਗੱਦ ਵਰਗਾ ਸੀ। ਪਰ ਇਸ ਵਿੱਚ ਵੀ ਸਿੱਖਾਂ ਤੋਂ ਬਿਨਾਂ ਹੋਰ ਕਿਸ ਦਾ ਕਸੂਰ ਸੀ?

ਸਾਹਿੱਤਕ ਤੇ ਵਿੱਦਿਅਕ ਲਹਿਰ ਹੌਲੀ-ਹੌਲੀ ਜ਼ੋਰ ਤੇ ਗਤੀ ਫੜ ਗਈ। 1870ਵੇਂ ਤੇ 1880ਵੇਂ ਦੇ ਦਹਾਕਿਆਂ ਵਿੱਚ ਪੰਜਾਬ ਵਿੱਚ ਓਰੀਐਂਟਲ ਕਾਲਜ, ਇਕ ਯੂਨੀਵਰਸਿਟੀ ਲਾਇਬਰੇਰੀ, ਅਜਾਇਬ ਘਰ, ਆਰਟਸ ਸਕੂਲ, ਸਾਇੰਸ ਸੰਸਥਾ ਤੇ ਇਕ ਮੈਡੀਕਲ ਕਾਲਜ ਖੋਲ੍ਹੇ ਗਏ। ਹਿੰਦੂਆਂ ਤੇ ਮੁਸਲਮਾਨਾਂ ਨੇ ਆਪਣੇ ਸਕੂਲ ਤੇ ਕਾਲਜ ਖੋਲ੍ਹ ਲਏ, ਸਿੱਖ ਹੀ ਪਿੱਛੇ ਰਹਿ ਗਏ।[13]

ਅੰਮ੍ਰਿਤਸਰ ਤੇ ਲਾਹੌਰ ਦੀਆਂ ਸਿੰਘ ਸਭਾਵਾਂ—ਆਰੀਆ ਸਮਾਜ ਦੀ ਸਥਾਪਨਾ ਤੋਂ ਚਾਰ ਸਾਲ ਪਹਿਲਾਂ, ਅੰਮ੍ਰਿਤਸਰ ਦੇ ਜਨ ਸਾਧਾਰਨ ਨੇ ਇਕ ਸਭਾ ਬੁਲਾਈ ਸੀ ਤੇ ਇਕ ਹਿੰਦੂ ਵਕਤਾ ਦੇ ਸਿੱਖ ਗੁਰੂ ਸਾਹਿਬਾਨ ਵਿਰੁੱਧ ਅਪਮਾਨ ਭਰੇ ਤੇ ਨੀਚ ਸ਼ਬਦ ਵਰਤਣ ਕਰਕੇ ਵਿਰੋਧ ਕੀਤਾ ਸੀ। ਇਹ ਵਿਰੋਧੀ ਜਲਸੇ ਉਸ ਸਭਾ ਵੱਲੋਂ ਕੀਤੇ ਗਏ ਸਨ ਜੋ ਆਪਣੇ ਆਪ ਨੂੰ ਸਿੰਘ ਸਭਾ ਕਹਿੰਦੀ ਸੀ। ਇਸ ਨੂੰ ਅਮੀਰ, ਭਦਰ ਪੁਰਸ਼ਾਂ ਤੇ ਜਗੀਰਦਾਰਾਂ ਤੇ ਸਨਾਤਨੀ ਸਿੱਖਾਂ ਦਾ ਸਮਰਥਨ ਪ੍ਰਾਪਤ ਸੀ।[14] ਸਭਾ ਦੇ ਮਨੋਰਥਾਂ ਤੇ ਉਦੇਸ਼ਾਂ ਵਿੱਚ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਪੁਨਰ ਪ੍ਰਚਲਨ, ਪੰਜਾਬੀ ਵਿੱਚ ਧਾਰਮਿਕ ਸਾਹਿੱਤ ਦੀ ਰਚਨਾ ਤੇ ਅਨਪੜ੍ਹਤਾ ਵਿਰੁੱਧ ਮੁਹਿਮ ਚਲਾਉਣਾ ਸ਼ਾਮਿਲ ਸੀ। ਮੋਢੀ ਆਗੂ ਇਹ ਵੀ ਚਾਹੁੰਦੇ ਸਨ ਕਿ ਉੱਚ-ਅੰਗਰੇਜ਼ ਅਧਿਕਾਰੀ ਉਹਨਾਂ ਦੀ ਸਹਾਇਤਾ ਕਰਨ ਤੇ ਸਿੰਘ ਸਭਾ ਦੇ ਵਿੱਦਿਅਕ ਪਰੋਗਰਾਮਾਂ ਵਿੱਚ ਆਪਣਾ ਸਹਿਯੋਗ ਯਕੀਨੀ ਬਣਾਉਣ। ਸਰਕਾਰਾਂ ਦੀ ਸਰਪ੍ਰਸਤੀ ਪ੍ਰਾਪਤ ਕਰਨ ਲਈ ਸਭਾ ਨੇ ਤਾਜ ਪ੍ਰਤੀ ਵਫ਼ਾਦਾਰੀ ਪ੍ਰਗਟਾਉਣ ਦਾ ਮਤਾ

---

13. "ਉਦਾਰਤਾ ਦੇ ਸਿਧਾਂਤ ਜੋ ਗ੍ਰੰਥ ਸਮਝਾਉਂਦਾ ਹੈ, ਬਹੁਤ ਘੱਟ ਲੋਕ ਜਾਣਦੇ ਹਨ ਪ੍ਰੰਤੂ ਸਿੱਖ ਧਰਮ ਦੇ ਦੁਮੇਲ ਉੱਪਰ ਵਹਿਮ-ਪ੍ਰਸਤੀ ਤੇ ਪੱਖਪਾਤ ਦੇ ਬਦਲ ਛਾਏ ਹੋਏ ਹਨ। ਹੁਣ ਪੰਜਾਬ ਦੇ ਕਈ ਭਾਗਾਂ ਵਿੱਚ ਸਿੰਘ ਸਭਾਵਾਂ ਪੈਦਾ ਹੋ ਗਈਆਂ ਹਨ ਤੇ ਧਰਮ ਦੇ ਆਗੂ ਵੀ ਵਰਤਮਾਨ ਸਥਿਤੀ ਪ੍ਰਤੀ ਚੇਤੰਨ ਹੋ ਗਏ ਹਨ ਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਿੱਖ ਜਾਗ੍ਰਤੀ ਮੁੜ ਪੈਦਾ ਹੋਵੇਗੀ।" ਟ੍ਰਿਬਿਊਨ 7 ਫਰਵਰੀ, 1885
14. ਅੰਮ੍ਰਿਤਸਰ ਸਿੰਘ ਸਭਾ ਦੇ ਨੇਤਾਵਾਂ ਵਿੱਚ, ਖੇਮ ਸਿੰਘ ਬੇਦੀ, ਬਿਕਰਮ ਸਿੰਘ ਆਹਲੂਵਾਲੀਆ ਕਪੂਰਥਲਾ, ਤੇ ਠਾਕਰ ਸਿੰਘ ਸੰਧਾਵਾਲੀਆ ਸ਼ਾਮਲ ਸਨ। ਗਿਆਨੀ ਗਿਆਨ ਜਿਹੇ ਕਈ ਸਿੱਖ ਧਰਮ ਸ਼ਾਸਤਰੀਆਂ ਨੇ ਵੀ ਡੂੰਘੀ ਦਿਲਚਸਪੀ ਲਈ।

ਵੀ ਪਾਸ ਕੀਤਾ।[15] ਅੰਮ੍ਰਿਤਸਰ ਸ੍ਰੀ ਸਿੰਘ ਸਭਾ ਦਾ ਪ੍ਰਧਾਨ ਠਾਕਰ ਸਿੰਘ ਸੰਧਾਵਾਲੀਆ ਸੀ ਤੇ ਗਿਆਨੀ ਗਿਆਨ ਸਿੰਘ ਉਸ ਦਾ ਸਕੱਤਰ ਸੀ। ਸਰਕਾਰ ਨੇ ਇਸ ਸੰਸਥਾ ਦੀ ਵਿਦਿਅਕ ਯੋਜਨਾ ਦੀ ਸਰਪ੍ਰਸਤੀ ਕੀਤੀ।[16]

1879 ਵਿੱਚ ਲਾਹੌਰ ਵਿੱਚ ਇਕ ਹੋਰ ਸਭਾ ਬਣਾਈ ਗਈ। ਇਸ ਸਭਾ ਦੇ ਆਗੂਆਂ ਵਿੱਚ ਮੱਧਵਰਗ ਦੇ ਪੜ੍ਹੇ-ਲਿਖੇ ਤੇ ਉਤਸ਼ਾਹੀ ਗੁੱਟ ਸ਼ਾਮਲ ਸਨ।[17]

ਪੰਜਾਬ ਦਾ ਗਵਰਨਰ, ਸਰ ਰਾਬਰਟ ਈਗਰਟਨ ਇਸ ਦਾ ਸਰਪ੍ਰਸਤ ਬਣਨ ਲਈ ਸਹਿਮਤ ਹੋ ਗਿਆ ਤੇ ਉਸ ਨੇ ਵਾਇਸਰਾਏ, ਲਾਰਡ ਲੈਨਸਡਾਊਨ ਨੂੰ ਸਮਰਥਨ ਦੇਣ

---

15. ਅੰਗਰੇਜ਼ਾਂ ਪ੍ਰਤੀ ਚਾਪਲੂਸੀ ਭਰੀ ਵਫ਼ਾਦਾਰੀ ਦੇ ਝੁਕਾ ਦਾ ਅੰਦਾਜ਼ਾ ਉਸ ਵਿਦਾਇਗੀ ਸੰਦੇਸ਼ ਤੋਂ ਲਾਇਆ ਜਾ ਸਕਦਾ ਹੈ ਜੋ ਸਵਰਨ ਮੰਦਰ ਕਮੇਟੀ ਦੇ ਪ੍ਰਧਾਨ ਮਾਨ ਸਿੰਘ ਤੇ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨਾਂ ਵੱਲੋਂ ਲਾਰਡ ਰਿਪਨ ਨੂੰ ਭੇਜਿਆ ਗਿਆ : "ਸਾਡੀਆਂ ਸੰਸਥਾਵਾਂ ਪੂਰੀ ਤਰ੍ਹਾਂ ਅੰਗਰੇਜ਼ ਭਗਤ ਹਨ। ਇਸ ਦੇ ਉਪਰੰਤ ਅਸੀਂ ਤਹਿ ਦਿਲੋਂ ਬਾਦਸ਼ਾਹ ਸਲਾਮਤ ਦੀ ਸੇਵਾ ਦੇ ਪਾਬੰਦ ਹਾਂ ਤੇ ਇਸ ਤਰ੍ਹਾਂ ਅਸੀਂ ਗੁਰੂ ਦੀ ਇੱਛਾ ਅਨੁਸਾਰ ਕਰਦੇ ਹਾਂ। ਅਸੀਂ ਸਦੀਵੀ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿੰਦੇ ਹਾਂ ਕਿ ਜਿੱਥੇ ਵੀ ਤੇ ਜਦੋਂ ਵੀ ਲੋੜ ਪਵੇ ਅਸੀਂ ਮਲਕਾ ਮੁਅੱਜ਼ਮਾਂ ਦੇ ਪ੍ਰਥਮ ਸੇਵਕ ਹੋਵਾਂਗੇ ਤੇ ਤਾਜ ਦੇ ਮਾਨ ਸਤਿਕਾਰ ਦੀ ਰੱਖਿਆ ਕਰਾਂਗੇ, ਅਸੀਂ ਆਪਣੇ ਆਪ ਨੂੰ ਮਹਾਰਾਣੀ ਦੇ ਲਾਡਲੇ ਪੁੱਤਰ ਸਮਝਦੇ ਹਾਂ। ਭਾਵੇਂ ਅਸੀਂ ਮਹਾਰਾਣੀ ਦੇ ਚਰਨਾਂ ਤੋਂ ਬਹੁਤ ਦੂਰ ਰਹਿੰਦੇ ਹਾਂ ਫਿਰ ਵੀ ਅਸੀਂ ਆਪਣੇ ਆਪ ਨੂੰ ਇੰਗਲੈਂਡ ਦੇ ਲੋਕਾਂ ਦੇ ਭਰਾ ਸਮਝਦੇ ਹਾਂ।" ਟ੍ਰਿਬਿਊਨ, 15 ਨਵੰਬਰ 1889

16. ਜ਼ਿਮੀਂਦਾਰਾਂ ਤੇ ਕੁਲੀਨਾਂ ਨੂੰ ਪੜ੍ਹਾਉਣ ਤੇ ਨੇਤ੍ਰਤਿਵ ਦੀ ਸਿਖਲਾਈ ਦੇਣ ਦੀ ਨੀਤੀ ਲੈਫ: ਗਵਰਨਰ ਸਰ ਚਾਰਲਸ ਐਚੀਸਨ (1882-7) ਨੇ ਸ਼ੁਰੂ ਕੀਤੀ ਸੀ। ਐਚੀਸਨ ਚੀਫ਼ਸ ਕਾਲਜ ਲਾਹੌਰ ਵਿੱਚ, ਗ੍ਰਿਫਨ ਦੀ "ਰਾਜਾਜ਼ ਆਫ਼ ਦੀ ਪੰਜਾਬ" ਵਿੱਚ ਦਿੱਤੀ ਸੂਚੀ ਵਿੱਚ ਰਾਜ-ਘਰਾਣਿਆਂ ਤੇ ਜਾਗੀਰਦਾਰਾਂ ਦੇ ਪੁੱਤ ਹੀ ਦਾਖਲ ਕੀਤੇ ਜਾਂਦੇ ਸਨ। ਇਸੇ ਨੀਤੀ ਦੇ ਵਿਸਥਾਰ ਨੇ ਹੀ ਮੁੱਢਲੇ ਪੜਾਅ ਵਿੱਚ ਸਿੰਘ ਸਭਾ ਦੇ ਨੇਤਾਵਾਂ (ਜੋ ਤਕਰੀਬਨ ਅਮੀਰ ਤੇ ਵਫ਼ਾਦਾਰ ਸਿੱਖ ਵਰਗਾਂ ਵਿੱਚੋਂ ਸਨ) ਦਾ ਅੰਗਰੇਜ਼ ਹਾਕਮਾਂ ਨਾਲ ਸਹਿਯੋਗ ਵਧਾਇਆ।

17. ਉਹ ਸਨ—ਗੁਰਮੁਖ ਸਿੰਘ ਚੰਧੜ, ਦਿੱਤ ਸਿੰਘ ਤੇ ਜਵਾਹਰ ਸਿੰਘ ਕਪੂਰ। ਗੁਰਮੁਖ ਸਿੰਘ ਚੰਧੜ (1849-98) ਕਪੂਰਥਲੇ ਦੇ ਰਾਜ ਮਹਿਲ ਵਿੱਚ ਰਸੋਈਆ ਸੀ। ਉਸ ਨੂੰ ਰਾਜੇ ਨੇ ਵਜ਼ੀਫ਼ਾ ਦਿੱਤਾ ਤੇ ਉਹ ਆਪਣੀ ਪੜ੍ਹਾਈ ਪੂਰੀ ਕਰਕੇ ਲਾਹੌਰ ਦੇ ਓਰੀਐਂਟਲ ਕਾਲਜ ਵਿੱਚ ਪੰਜਾਬੀ ਦਾ ਪਹਿਲਾ ਪ੍ਰੋਫ਼ੈਸਰ ਬਣ ਗਿਆ (1885 ਈ:)। ਉਹ ਹਿਸਟਰੀ ਔਫ ਇੰਡੀਆ ਸਮੇਤ ਕਈ ਪੰਜਾਬੀ ਪੁਸਤਕਾਂ ਦਾ ਲੇਖਕ ਸੀ। ਦਿੱਤ ਸਿੰਘ (1853-1901) ਪਟਿਆਲਾ ਦਾ ਮਜ਼੍ਹਬੀ ਸੀ। ਉਹ ਦਯਾਨੰਦ ਦਾ ਸੁਆਗਤ ਕਰਨ ਵਾਲਿਆਂ ਵਿੱਚ ਸਭ ਤੋਂ ਉਤਾਵਲਾ ਤੇ ਮੋਹਰੀ ਸੀ। ਉਹ ਮਗਰੋਂ ਉਸ ਦਾ ਸਖ਼ਤ ਆਲੋਚਕ ਬਣ ਗਿਆ। ਜਵਾਹਰ ਸਿੰਘ ਕਪੂਰ (1859-1901) ਇਕ ਖੱਤਰੀ ਸਿੱਖ ਸੀ ਜੋ ਉੱਤਰ-ਪੱਛਮੀ ਰੇਲਵੇ ਵਿੱਚ ਕਲਰਕ ਲੱਗਾ ਹੋਇਆ ਸੀ।

ਲਈ ਪਰੇਰਿਆ।[18] ਲਾਹੌਰ ਸਿੰਘ ਸਭਾ ਨੇ ਕਈ ਸ਼ਹਿਰਾਂ ਵਿੱਚ ਆਪਣੀਆਂ ਸ਼ਾਖਾਵਾਂ ਖੋਲ੍ਹੀਆਂ, ਪਿੰਡਾਂ ਵਿੱਚ ਪ੍ਰਚਾਰਕ ਭੇਜੇ, ਸਿੱਖ ਪਲਟਨਾਂ ਨਾਲ ਸੰਪਰਕ ਕੀਤਾ ਤੇ ਪੰਜਾਬੀ ਵਿੱਚ ਪੱਤਰ ਤੇ ਰਿਸਾਲੇ ਛਾਪਣੇ ਸ਼ੁਰੂ ਕਰ ਦਿੱਤੇ।

1883 ਵਿੱਚ ਲਾਹੌਰ ਤੇ ਅੰਮ੍ਰਿਤਸਰ ਸਭਾਵਾਂ ਮਿਲ ਗਈਆਂ। ਅੰਮ੍ਰਿਤਸਰ ਸਭਾ ਦੀ ਸਥਾਪਨਾ ਆਰਾਮਪ੍ਰਸਤ ਪੁਰਾਤਨ ਵਿਚਾਰਾਂ ਦੇ ਬਾਬਾ ਖੇਮ ਸਿੰਘ ਬੇਦੀ ਵਰਗੇ ਲੋਕਾਂ ਨੇ ਕੀਤੀ ਸੀ ਜਿਸ ਨੂੰ ਗੁਰੂ ਨਾਨਕ ਦੀ ਅੰਸ਼ ਹੋਣ ਕਾਰਨ ਗੁਰੂ ਵਾਂਗ ਸਤਿਕਾਰ ਕਰਾਉਣ ਦੀ ਆਦਤ ਪਈ ਹੋਈ ਸੀ। ਲਾਹੌਰ ਦੀ ਸਭਾ ਗਰਮ ਖ਼ਿਆਲੀ ਲੋਕਾਂ ਦੀ ਸੀ ਤੇ ਉਹ 'ਗੁਰੂਡੰਮ" ਦੀ ਸੰਸਥਾ ਦੇ ਵਿਰੁੱਧ ਸੀ। ਦੋਹਾਂ ਧੜਿਆਂ ਦਾ ਗੁਰਦਵਾਰਿਆਂ ਵਿੱਚ ਅਛੂਤਾਂ ਵੱਲੋਂ ਪਾਠ-ਪੂਜਾ ਕਰਨ ਦੇ ਸੁਆਲ ਤੇ ਟਕਰਾਉ ਹੋ ਗਿਆ ਤੇ ਪੁਰਾਤਨਤਾਵਾਦੀਆਂ ਨੇ ਪੁਜਾਰੀਆਂ ਦਾ ਸਮਰਥਨ ਕੀਤਾ ਜੋ ਅਛੂਤਾਂ ਨੂੰ ਕੁਝ ਖ਼ਾਸ ਸਮਿਆਂ 'ਤੇ ਅੰਦਰ ਜਾਣ ਦੀ ਆਗਿਆ ਦੇਣ ਦੇ ਤੇ ਉਹਨਾਂ ਵੱਲੋਂ ਕੋਈ ਭੇਟਾ ਲੈ ਕੇ ਆਉਣ ਤੋਂ ਬਿਨਾਂ, ਹੱਕ ਵਿੱਚ ਸਨ। ਇਹ ਵਿਵਾਦ ਤਲਖੀ ਵਾਲਾ ਹੋ ਗਿਆ। ਰੂੜ੍ਹੀਵਾਦੀ ਲਹਿਰ ਤੋਂ ਵੱਖ ਹੋ ਗਏ ਤੇ ਫਿਰ ਬਿਲਕੁਲ ਵਿਰੁੱਧ ਹੋ ਗਏ।[19]

ਆਰੀਆ ਸਮਾਜ[20] ਦੇ ਤੇਜ਼ੀ ਨਾਲ ਹੋਏ ਵਿਸਥਾਰ ਤੇ ਇਹਦੇ ਬਹੁਤ ਸਾਰੇ ਨੇਤਾਵਾਂ[21] ਦੇ ਸਿੱਖ ਵਿਰੋਧੀ ਝੁਕਾਅ ਨੇ ਸਿੰਘ ਸਭਾ ਲਈ ਇਕ ਚੁਣੌਤੀ ਪੈਦਾ ਕਰ ਦਿੱਤੀ। ਇਸ ਨੇ

---

18. ਪਟਿਆਲਾ ਵਿੱਚ ਇਕ ਸਮਾਗਮ ਵਿੱਚ ਵਾਇਸਰਾਏ ਨੇ ਕਿਹਾ : "ਭਾਰਤ ਸਰਕਾਰ ਦੀ ਇਸ ਲਹਿਰ ਨਾਲ ਦਿਲੀ ਹਮਦਰਦੀ ਹੈ। ਅਸੀਂ ਸਿੱਖਾਂ ਦੇ ਬਹੁਤ ਸਾਰੇ ਸ਼ਲਾਘਾਯੋਗ ਗੁਣਾਂ ਦੇ ਪ੍ਰਸ਼ੰਸਕ ਹਾਂ ਤੇ ਸਾਨੂੰ ਇਹ ਜਾਣ ਕੇ ਖ਼ੁਸ਼ੀ ਹੁੰਦੀ ਹੈ ਕਿ ਬੀਤੇ ਸਮੇਂ ਵਿੱਚ ਅਸੀਂ ਉਹਨਾਂ ਨੂੰ ਇਕ ਸ਼ਕਤੀਸ਼ਾਲੀ ਤੇ ਬਹਾਦਰ ਵੈਰੀ ਵਜੋਂ ਵੇਖਿਆ ਤੇ ਅੱਜ ਉਹਨਾਂ ਨੂੰ ਅਸੀਂ ਮਲਕਾ ਮੁਅੱਜ਼ਮਾ ਦੀ ਸੱਚੇ ਤੇ ਵਫ਼ਾਦਾਰ ਪਰਜਾ ਵਜੋਂ ਉਹਨਾਂ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ। ਟ੍ਰਿਬਿਊਨ 23 ਅਕਤੂਬਰ 1890
19. 1887 ਵਿੱਚ ਖੇਮ ਸਿੰਘ ਬੇਦੀ ਦੇ ਲੜਕੇ ਉਦੈ ਸਿੰਘ ਨੇ ਲਾਹੌਰ ਸਭਾ ਵੱਲੋਂ ਕੱਢੇ ਜਾਂਦੇ ਖਾਲਸਾ ਅਖ਼ਬਾਰ ਵਿਰੁੱਧ ਮਾਨਹਾਨੀ ਦਾ ਮੁਕੱਦਮਾ ਦਾਇਰ ਕਰ ਦਿੱਤਾ। ਅਖ਼ਬਾਰ ਨੇ ਬੇਦੀ ਨੂੰ "ਸ਼ੈਤਾਨ ਦਾ ਗੁਰੂ" ਕਿਹਾ ਸੀ। ਸੰਪਾਦਕ ਨੂੰ ਜੁਰਮਾਨਾ ਕੀਤਾ ਗਿਆ ਸੀ ਤੇ ਕੁਝ ਸਮੇਂ ਲਈ ਅਖ਼ਬਾਰ ਬੰਦ ਕਰਨਾ ਪਿਆ ਸੀ। ਟ੍ਰਿਬਿਊਨ, 7 ਮਾਰਚ 1888
20. ਆਰੀਆ ਸਮਾਜ ਨੇ ਪ੍ਰਾਂਤ ਵਿੱਚ ਬਹੁਤ ਸਕੂਲ ਖੋਲ੍ਹੇ। 1886 ਈ: ਵਿੱਚ ਲਾਹੌਰ ਵਿੱਚ ਡੀ.ਏ.ਵੀ. (ਦਯਾਨੰਦ ਐਂਗਲੋ ਵੈਦਿਕ) ਸਕੂਲ ਖੋਲ੍ਹਿਆ ਗਿਆ।
21. ਨਵੰਬਰ 1888 ਵਿੱਚ ਆਰੀਆ ਸਮਾਜ ਦੀ ਪੰਜਾਬ ਸ਼ਾਖਾ ਦੀ 11ਵੀਂ ਵਰ੍ਹੇ-ਗੰਢ ਸਮੇਂ ਬੁਲਾਰਿਆਂ ਨੇ ਸਿੱਖ ਧਰਮ ਵਿਰੁੱਧ ਫਿਰ ਅਪਮਾਨਜਨਕ ਸ਼ਬਦ ਵਰਤੇ। ਪ੍ਰੋ: ਗੁਰੂਦੱਤ ਨੇ ਕਿਹਾ, "ਜੇ ਸਵਾਮੀ ਜਰਨੈਲ ਬਣਨਾ ਚਾਹੁੰਦਾ ਤਾਂ ਉਹ ਬੋਨਾਪਾਰਟ ਤੋਂ ਹਜ਼ਾਰਾਂ ਗੁਣਾਂ ਵਧੀਆ ਜਰਨੈਲ ਹੁੰਦਾ। ਹਾਂ, ਕੇਸ਼ਬ ਚੰਦਰ ਸੇਨ ਤੇ ਗੁਰੂ ਗੋਬਿੰਦ ਸਿੰਘ ਸਾਡੇ ਸਵਾਮੀ ਦਯਾਨੰਦ ਸਰਸਵਤੀ ਦਾ ਸੌਵਾਂ ਹਿੱਸਾ ਵੀ ਨਹੀਂ ਸਨ। ਸਿੱਖਾਂ ਵਿੱਚ ਭਾਵੇਂ ਕੁਝ ਧਰਮ ਤਾਂ ਹੋਵੇ ਪਰ ਉਹਨਾਂ ਦੇ ਗੁਰੂ ਵਿੱਚ ਕੋਈ ਵਿੱਦਵਤਾ ਨਹੀਂ ਸੀ। ਜੇ ਸਵਾਮੀ ਦਯਾਨੰਦ ਸਰਸਵਤੀ ਨੇ ਗੁਰੂ ਨਾਨਕ ਨੂੰ ਦੰਭੀ ਕਿਹਾ ਸੀ ਤਾਂ ਇਸ ਵਿੱਚ ਕੀ ਗ਼ਲਤ ਸੀ? ਸਵਾਮੀ ਦੇ ਹੱਥਾਂ ਵਿੱਚ ਵੇਦਾਂ ਦਾ ਸੂਰਜ ਸੀ। ਉਸ ਨੂੰ ਕੋਈ ਦਬਾ ਨਹੀਂ ਸਕਦਾ ਸੀ।" —ਗੰਡਾ ਸਿੰਘ, ਹਿਸਟਰੀ ਔਫ ਦੀ ਖ਼ਾਲਸਾ ਕਾਲਜ, ਪੰਨਾ 8.

ਅੰਤ ਆਰੀਆ ਸਮਾਜ ਤੇ ਇਹਦੇ ਸਿੱਖ ਸਮਰਥਕਾਂ ਵਿੱਚ ਵਿਗਾੜ ਪਾ ਦਿੱਤਾ।

ਦੋਵੇਂ ਸਿੰਘ ਸਭਾਵਾਂ ਫਿਰ ਇਕੱਠੀਆਂ ਹੋ ਗਈਆਂ ਤੇ ਉਹਨਾਂ ਨੇ ਆਪਣਾ ਕਾਲਜ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ।[22] ਲਾਹੌਰ ਵਿੱਚ ਹੋਏ ਇਕ ਬਹੁਤ ਵੱਡੇ ਇਕੱਠ ਵਿੱਚ ਇਕ ਯੋਜਨਾ ਤਿਆਰ ਕੀਤੀ ਗਈ। ਸਵਰਨ ਮੰਦਰ ਵੱਲੋਂ ਹੁਕਮਨਾਮਾ ਜਾਰੀ ਕੀਤਾ ਗਿਆ ਜਿਸ ਵਿੱਚ ਸਿੱਖਾਂ ਨੂੰ ਕਾਲਜ ਦੀ ਇਮਾਰਤ ਉਸਾਰਨ ਲਈ ਦਸਵੰਧ ਦੇਣ ਲਈ ਕਿਹਾ ਗਿਆ।[23]

ਅੰਗਰੇਜ਼ ਸ਼ੁਭਚਿੰਤਕਾਂ ਨੇ ਇੰਗਲੈਂਡ ਵਿੱਚ ਧਨ ਇਕੱਠਾ ਕਰਨ ਲਈ ਲੰਡਨ ਵਿੱਚ ਇਕ ਕਮੇਟੀ ਦਾ ਗਠਨ ਕੀਤਾ। ਸਿੱਖ ਰਾਜਿਆਂ ਨੇ ਵਾਇਸਰਾਏ ਤੇ ਸੈਨਾਪਤੀ ਦੀ ਪ੍ਰੇਰਨਾ ਨਾਲ ਬੜੀ ਉਦਾਰਤਾ ਨਾਲ ਚੰਦੇ ਦਿੱਤੇ। ਐਂਗਲੋ ਇੰਡੀਅਨ "ਸਿਵਲ ਐਂਡ ਮਿਲਟਰੀ ਗਜ਼ਟ" ਨੇ ਇਸ ਕੰਮ ਵਿੱਚ ਸਰਗਰਮੀ ਨਾਲ ਸਹਾਇਤਾ ਕੀਤੀ। ਸਾਰੇ ਪ੍ਰਾਂਤ ਤੋਂ ਧਨ ਆਉਣਾ ਸ਼ੁਰੂ ਹੋ ਗਿਆ। 5 ਮਾਰਚ 1892, ਲੈਫਟੀਨੈਂਟ ਗਵਰਨਰ, ਸਰ ਜੇਮਜ਼ ਲਾਇਲ ਨੇ ਅੰਮ੍ਰਿਤਸਰ ਵਿੱਚ ਖ਼ਾਲਸਾ ਕਾਲਜ ਦਾ ਨੀਂਹ-ਪੱਥਰ ਰੱਖਿਆ।[24]

ਇਹ ਜ਼ਰੂਰੀ ਸੀ ਕਿ ਸਿੰਘ ਸਭਾ ਵਰਗੀ ਸੰਸਥਾ ਜਿਸ ਦੀਆਂ ਬਹੁ-ਭਾਂਤੀ ਸਰਗਰਮੀਆਂ ਸਨ, ਉਹ ਕੁਝ ਆਪਣੀਆਂ ਨੀਤੀਆਂ ਵੀ ਬਣਾਉਂਦੀ। ਇਸ ਨੇ 1902 ਵਿੱਚ ਚੀਫ਼ ਖ਼ਾਲਸਾ ਦੀਵਾਨ ਦੀ ਰਚਨਾ ਨਾਲ ਸਪੱਸ਼ਟ ਹੋਂਦ ਇਖ਼ਤਿਆਰ ਕੀਤੀ ਤੇ ਇਸ ਨੇ ਤਾਜ ਪ੍ਰਤੀ ਵਫ਼ਾਦਾਰੀ, ਦੂਸਰੇ ਫ਼ਿਰਕਿਆਂ ਦੇ ਟਾਕਰੇ 'ਤੇ ਸਿੱਖ ਹਿੱਤਾਂ ਦੀ ਰੱਖਿਆ ਕਰਨੀ, ਨੌਕਰੀਆਂ ਖ਼ਾਸ ਕਰਕੇ ਸੈਨਾ ਵਿੱਚ ਸਿੱਖਾਂ ਲਈ ਉੱਚਿਤ ਪ੍ਰਤਿਨਿਧਤਾ

---

22. "ਜਵਾਹਰ ਸਿੰਘ ਕਪੂਰ ਨੇ ਸਿੱਖਾਂ ਦੇ ਇਕੱਠ ਵਿੱਚ ਭਾਸ਼ਨ ਦਿੰਦਿਆਂ ਕਿਹਾ ਕਿ ਆਰੀਆ ਸਮਾਜੀਆਂ ਕੋਲ ਸੰਸਕ੍ਰਿਤ ਤੇ ਵੇਦ ਪੜ੍ਹਾਉਣ ਲਈ ਸੰਸਥਾਵਾਂ ਹਨ, ਮੁਸਲਮਾਨਾਂ ਨੇ ਕੁਰਾਨ ਦੀ ਸਿੱਖਿਆ ਦੇਣ ਦਾ ਪ੍ਰਬੰਧ ਅਲੀਗੜ੍ਹ ਵਿੱਚ ਕੀਤਾ ਹੋਇਆ ਹੈ ਪਰ ਸਿੱਖਾਂ ਕੋਲ ਗੁਰਮੁਖੀ ਤੇ ਗ੍ਰੰਥ ਪੜ੍ਹਾਉਣ ਲਈ ਕੋਈ ਸੰਸਥਾ ਨਹੀਂ ਹੈ।" ਟ੍ਰਿਬਿਊਨ, 15 ਅਗਸਤ 1890
23. ਕਾਲਜ ਦੇ ਅਮਾਨਤਦਾਰਾਂ ਦੀ ਕਮੇਟੀ ਵਿੱਚ ਸਿੱਖ ਤੇ ਅੰਗਰੇਜ਼ ਦੋਵੇਂ ਸ਼ਾਮਲ ਸਨ। ਉਹ ਸਨ ਮਹਾਰਾਜਾ ਨਾਭਾ ਪਰਤਾਪ ਸਿੰਘ, ਸਰ ਅਤਰ ਸਿੰਘ ਭਦੌੜ, ਗੁਰਦਿਆਲ ਸਿੰਘ, ਧਰਮ ਸਿੰਘ, ਪਟਿਆਲਾ ਦਾ ਦੀਵਾਨ ਗੁਰਮੁਖ ਸਿੰਘ, ਮਿਸਟਰ ਬੈੱਲ, ਕਰਨਲ ਹੋਲਰਾਇਡ ਤੇ ਜਨਰਲ ਬਲੈਕ।
24. ਇਕ ਅੰਗਰੇਜ਼ ਡਾ: ਐਸ.ਸੀ. ਓਮਾਨ ਨੂੰ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ। ਪੰਜਾਬ ਹਾਈ ਕੋਰਟ ਦਾ ਚੀਫ ਜਸਟਿਸ ਡਬਲਯੂ. ਐਚ. ਰਤੀਗਨ ਕਾਲਜ ਸੰਸਥਾਪਨ ਕਮੇਟੀ ਦਾ ਪ੍ਰਧਾਨ ਬਣਿਆ ਜਿਸ ਦਾ ਇੰਤਜ਼ਾਮ, ਉਪ-ਪ੍ਰਧਾਨ ਸਰ ਅਤਰ ਸਿੰਘ ਭਦੌੜ ਤੇ ਸਕੱਤਰ ਜਵਾਹਰ ਸਿੰਘ ਕਪੂਰ ਕਰਦੇ ਹਨ।

    ਅੰਗਰੇਜ਼ ਸਰਪ੍ਰਸਤਾਂ ਪ੍ਰਤੀ ਰਿਣ ਦਾ ਅੰਦਾਜ਼ਾ ਕਾਲਜ ਦਾ ਨਾਮ ਰੱਖਣ ਲਈ ਦਿੱਤੀਆਂ ਤਜਵੀਜ਼ਾਂ ਤੋਂ ਲਾਇਆ ਜਾ ਸਕਦਾ ਹੈ। ਮਹਾਰਾਜਾ ਨਾਭਾ ਚਾਹੁੰਦਾ ਸੀ ਕਿ ਇਸ ਦਾ ਨਾਮ "ਲੋਇਲ ਲਾਇਲ ਖ਼ਾਲਸਾ ਕਾਲਜ" ਰੱਖਿਆ ਜਾਵੇ (ਗੁਰਮੁਖ ਸਿੰਘ ਨੂੰ 22 ਦਸੰਬਰ 1899 ਨੂੰ ਲਿਖਿਆ ਪੱਤਰ), ਸੰਸਥਾਪਨ ਕਮੇਟੀ ਨੇ ਇਸ ਦਾ ਨਾਮ ਲਾਇਲ ਖ਼ਾਲਸਾ ਕਾਲਜ ਰੱਖਣ ਤੱਕ ਸੰਤੁਸ਼ਟੀ ਕੀਤੀ ਪਰ ਸਰ ਜੇਮਜ਼ ਦੀ ਆਪਣੀ ਝਿਜਕ ਨੇ ਕਾਲਜ ਦੇ ਨਾਮ ਅੱਗੇ ਲਾਇਲ ਜਾਂ ਲੋਇਲ ਲਗਾਏ ਜਾਣ ਇਸ ਦਾ ਤੋਂ ਬਚਾ ਕਰ ਦਿੱਤਾ।

ਦੇ ਸੰਘਰਸ਼ ਕਰਨ ਦੀ ਪ੍ਰਤਿਗਿਆ ਕੀਤੀ। ਆਰੰਭ ਤੋਂ ਇਸ ਦਾ ਅਤਿਅੰਤ ਪ੍ਰਭਾਵਸ਼ਾਲੀ ਨੇਤਾ ਸੁੰਦਰ ਸਿੰਘ ਮਜੀਠੀਆ ਸੀ।[25]

ਸਿੰਘ ਸਭਾ ਲਹਿਰ ਦਾ ਸਭ ਤੋਂ ਮਹੱਤਵਪੂਰਨ ਪੱਖ ਇਸ ਦਾ ਸਿੱਖਿਆ ਤੇ ਸਾਹਿੱਤ ਪ੍ਰਤੀ ਕਾਰਜ ਸੀ। 1908 ਤੋਂ ਮਗਰੋਂ ਹਰ ਸਾਲ ਸਿੱਖ ਸਮਾਜ ਦੀ ਵਿੱਦਿਅਕ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਤੇ ਹੋਰ ਸਕੂਲ ਖੋਲ੍ਹਣ ਲਈ ਵਿੱਦਿਅਕ ਕਾਨਫ਼ਰੰਸ ਬੁਲਾਈ ਜਾਣ ਲੱਗੀ। ਇਹਨਾਂ ਖ਼ਾਲਸਾ ਸਕੂਲਾਂ ਵਿੱਚ ਗੁਰਮੁਖੀ ਤੇ ਸਿੱਖ ਧਾਰਮਕ ਗ੍ਰੰਥਾਂ ਦੀ ਪੜ੍ਹਾਈ ਲਾਜ਼ਮੀ ਹੁੰਦੀ ਸੀ।[26]

ਸਿੱਖਿਆ ਵਿੱਚ ਹੋਏ ਵਾਧੇ ਨੇ ਕਿਤਾਬਾਂ[27], ਰਸਾਲਿਆਂ, ਕਿਤਾਬਚਿਆਂ ਤੇ ਅਖ਼ਬਾਰਾਂ[28]

---

25. ਸਰ ਸੁੰਦਰ ਸਿੰਘ (1872–1941) ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕਰਦੇ ਮਜੀਠੀਏ ਸਰਦਾਰਾਂ ਦੀ ਸੰਤਾਨ ਸੀ ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਪਿੰਡ ਦਾ ਸ਼ੇਰਗਿੱਲ ਜੱਟ ਸੀ। ਉਹ ਅੰਗਰੇਜ਼ੀ ਰਾਜ ਦਾ ਪੱਕਾ ਸਮਰਥਕ ਸੀ। ਉਹ ਚੀਫ਼ ਖ਼ਾਲਸਾ ਦੀਵਾਨ ਦਾ ਆਰੰਭ ਤੋਂ ਹੀ 1902 ਤੋਂ 1921 ਤੱਕ ਸਕੱਤਰ ਰਿਹਾ ਤੇ 1920 ਤੋਂ ਲੈ ਕੇ ਆਪਣੀ ਮ੍ਰਿਤੂ ਤੱਕ ਖ਼ਾਲਸਾ ਕਾਲਜ ਕਮੇਟੀ ਦਾ ਪ੍ਰਧਾਨ ਰਿਹਾ। ਉਹ ਪ੍ਰਾਂਤਿਕ ਕੌਂਸਲ ਤੇ ਕੇਂਦਰੀ ਅਸੈਂਬਲੀ ਦਾ ਮੈਂਬਰ ਰਿਹਾ ਤੇ ਅਨੇਕਾਂ ਵਾਰ ਮੰਤਰੀ ਰਿਹਾ। ਮਜੀਠੀਆ ਬਹੁਤ ਅਮੀਰ ਜ਼ਿਮੀਂਦਾਰ ਤੇ ਖੰਡ ਉਦਯੋਗ ਦਾ ਧਨਾਢ ਸੀ। ਅਗਲੇ ਪੰਨਿਆਂ 'ਤੇ ਉਸ ਦਾ ਕਈ ਵਾਰ ਉਲੇਖ ਹੋਵੇਗਾ। ਸੁੰਦਰ ਸਿੰਘ ਮਜੀਠੀਆ ਦੇ ਸ੍ਰੇਸ਼ਠ ਸਹਿਯੋਗੀਆਂ ਵਿੱਚ ਸਭਰਾਵਾਂ ਦੇ ਨਾਇਕ ਦਾ ਪੋਤਰਾ ਸਰਦਾਰ ਹਰਬੰਸ ਸਿੰਘ ਅਟਾਰੀ ਤੇ ਅਰਜਨ ਸਿੰਘ ਬਾਗੜੀਆਂ ਸਨ ਜਿਹਨਾਂ ਦਾ ਪਰਿਵਾਰ ਸਿੱਖ ਸਰਦਾਰਾਂ ਤੇ ਰਾਜ ਘਰਾਣਿਆਂ ਦਾ ਸਿੱਖਿਅਕ ਰਿਹਾ।
26. 1856 ਵਿੱਚ ਪੰਜਾਬ ਸਰਕਾਰ ਦੇ ਵਿੱਦਿਆ ਵਿਭਾਗ ਦੀ ਸਥਾਪਨਾ ਕੀਤੀ ਗਈ ਤੇ ਮੰਦਰਾਂ, ਮਸਜਿਦਾਂ ਤੇ ਗੁਰਦਵਾਰਿਆਂ ਨਾਲੋਂ ਸੁਤੰਤਰ ਤੇ ਵੱਖਰੇ ਸਕੂਲ ਖੋਲ੍ਹਣ ਦਾ ਮੁੱਢ ਬੱਝ ਗਿਆ। ਉਸ ਤੋਂ ਪਹਿਲਾਂ ਤਾਂ ਸਕੂਲ ਉਹਨਾਂ ਨਾਲ ਹੀ ਸੰਬੰਧਿਤ ਹੁੰਦੇ ਸਨ। ਪੱਛਮੀ ਪੰਜਾਬ ਵਿੱਚ ਸਰ ਖੇਮ ਸਿੰਘ ਬੇਦੀ ਨੇ ਖਾਲਸਾ ਸਕੂਲ ਖੋਲ੍ਹਣ ਵਿੱਚ ਪ੍ਰਮੁੱਖ ਹਿੱਸਾ ਪਾਇਆ। ਸਿੱਖ ਸਕੂਲ ਅੰਮ੍ਰਿਤਸਰ, ਲਾਹੌਰ, ਫ਼ਿਰੋਜ਼ਪੁਰ ਤੇ ਕੈਰੋਂ, ਘਰਜਾਖ, ਚੂਹੜਚੱਕ ਤੇ ਭਸੌੜ ਜਿਹੇ ਪਿੰਡਾਂ ਵਿੱਚ ਵੀ ਖੋਲ੍ਹੇ ਗਏ। ਸਭ ਤੋਂ ਉੱਘਾ ਸਕੂਲ ਫ਼ਿਰੋਜ਼ਪੁਰ ਵਿੱਚ ਭਾਈ ਤਖ਼ਤ ਸਿੰਘ ਵੱਲੋਂ ਖੋਲ੍ਹਿਆ ਸਿੱਖ ਕੰਨਿਆ ਮਹਾਂਵਿਦਿਆਲਾ ਸੀ।
27. 'ਅੰਜੁਮਨਿ–ਪੰਜਾਬ' ਦੀ ਨੀਂਹ 1865 ਵਿੱਚ ਰੱਖੀ ਗਈ। ਇਸ ਨੇ ਬਹੁਤ ਸਾਰੀਆਂ ਮਸ਼ਹੂਰ ਅੰਗਰੇਜ਼ੀ ਪੁਸਤਕਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ। 1877 ਈ: ਵਿੱਚ ਪੰਜਾਬੀ ਨੂੰ ਲਾਹੌਰ ਓਰੀਐਂਟਲ ਕਾਲਜ ਵਿੱਚ ਇਕ ਵਿਸ਼ੇ ਵਜੋਂ ਚਾਲੂ ਕੀਤਾ ਗਿਆ। 1882 ਈ: ਵਿੱਚ ਸਿੰਘ ਸਭਾ ਨੇ ਪੰਜਾਬੀ ਦਾ ਪ੍ਰਚਾਰ ਕਰਨ ਲਈ ਤੇ ਇਸ ਨੂੰ ਹਰਮਨ ਪਿਆਰਾ ਬਣਾਉਣ ਲਈ "ਪੰਜਾਬੀ ਪ੍ਰਚਾਰਨੀ ਸਭਾ" ਬਣਾਈ।
28. ਸਿੰਘ ਸਭਾ ਲਹਿਰ ਕਾਰਨ ਇਕ ਦਰਜਨ ਤੋਂ ਵੱਧ ਅਖ਼ਬਾਰ ਕੱਢੇ ਗਏ। 'ਸੁਕਾਬੀ ਸੰਬੋਧਨੀ' ਅੰਮ੍ਰਿਤਸਰ 1857 ਨੂੰ; ਅਕਾਲ ਪ੍ਰਕਾਸ਼ ਅੰਮ੍ਰਿਤਸਰ, 1876; ਗੁਰਮੁਖੀ ਅਖ਼ਬਾਰ ਲਾਹੌਰ, 1850, ਖ਼ਾਲਸਾ ਪ੍ਰਕਾਸ਼ ਲਾਹੌਰ 1884; ਸ੍ਰੀ ਗੁਰਮਤਿ ਪ੍ਰਕਾਸ਼, ਰਾਵਲਪਿੰਡੀ 1885; ਪੰਜਾਬੀ ਦਰਪਨ, ਅੰਮ੍ਰਿਤਸਰ, 1885; ਖ਼ਾਲਸਾ ਅਖ਼ਬਾਰ ਲਾਹੌਰ ਤੋਂ 1886 ਨੂੰ ਫਿਰ ਜਾਰੀ ਕੀਤਾ ਗਿਆ, 'ਵਿਦਿਆਰਥੀ' ਵੀ 1886 ਨੂੰ ਲਾਹੌਰ ਤੋਂ ਕੱਢਿਆ ਗਿਆ। 'ਦੀ ਖ਼ਾਲਸਾ ਗਜ਼ਟ' ਤੇ 'ਲੋਇਲ ਗਜ਼ਟ' (ਜੋ ਮਗਰੋਂ ਸ਼ੇਰਿ-ਪੰਜਾਬ ਬਣ ਗਿਆ) ਉਰਦੂ ਵਿੱਚ ਛਾਪੇ ਗਏ।

ਦੀ ਛਪਾਈ ਨੂੰ ਪ੍ਰੇਰਨਾ ਦਿੱਤੀ। ਪੰਜਾਬੀ ਪੱਤਰਕਾਰੀ ਵਿੱਚ ਪਹਿਲਾ ਉੱਦਮ ਹਫ਼ਤਾਵਾਰ 'ਖ਼ਾਲਸਾ ਅਖ਼ਬਾਰ' ਸੀ। 1899 ਖ਼ਾਲਸਾ ਸਮਾਚਾਰ ਕੱਢਣਾ ਸ਼ੁਰੂ ਕੀਤਾ ਗਿਆ ਤੇ ਇਹ ਛੇਤੀ ਹੀ ਸਿੱਖ ਬਰਾਦਰੀ ਦਾ ਉੱਘਾ ਤੇ ਮੋਹਰੀ ਅਧਿਆਤਮਕ ਰਸਾਲਾ ਬਣ ਗਿਆ। ਭਾਈ ਵੀਰ ਸਿੰਘ ਦੀ ਸੰਪਾਦਕੀ ਸਮੇਂ ਇਸ ਦੀ ਵਿਕਰੀ ਵਿੱਚ ਬਹੁਤ ਵਾਧਾ ਹੋਇਆ ਤੇ ਉਹ ਆਪ ਇਕ ਉੱਘਾ ਨਾਵਲਕਾਰ, ਕਵੀ ਤੇ ਧਾਰਮਕ ਲਿਖਤਾਂ ਦਾ ਵਿਆਖਿਆਕਾਰ ਬਣ ਗਿਆ।[29] ਵੀਰ ਸਿੰਘ ਨੇ "ਖ਼ਾਲਸਾ ਟਰੱਟਸ ਸੁਸਾਇਟੀ" ਆਰੰਭ ਕੀਤੀ ਤੇ ਸਿੱਖ ਇਤਿਹਾਸ ਤੇ ਧਰਮ ਦੇ ਵੱਖ-ਵੱਖ ਪੱਖਾਂ 'ਤੇ ਸਾਹਿਤ ਛਾਪਿਆ।

ਗੁਰਮੁਖੀ ਤੇ ਅੰਗਰੇਜ਼ੀ ਵਿੱਚ ਸਿੱਖ ਧਰਮ ਬਾਰੇ ਛਾਪੀਆਂ ਗਈਆਂ ਪੁਸਤਕਾਂ ਦਾ ਹੜ੍ਹ ਆ ਗਿਆ। ਗੁਰਮੁਖੀ ਵਿੱਚ ਗਿਆਨੀ ਗਿਆਨ ਸਿੰਘ ਦਾ "ਪੰਥ ਪਰਕਾਸ਼" ਤੇ "ਤਵਾਰੀਖ਼ ਗੁਰੂ ਖ਼ਾਲਸਾ" ਅਤੇ ਕਾਨ੍ਹ ਸਿੰਘ ਦਾ ਵੱਡ-ਆਕਾਰੀ "ਗੁਰਸ਼ਬਦ ਰਤਨਾਕਰ ਮਹਾਨਕੋਸ਼" ਸਦੀਵੀ ਮਹੱਤਤਾ ਵਾਲੇ ਗ੍ਰੰਥ ਸਨ। ਐਮ.ਏ. ਮੈਕਾਲਿਫ਼ ਦਾ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਗ੍ਰੰਥ ਵੀ ਇਸ ਸਮੇਂ ਹੀ ਛਾਪਿਆ ਗਿਆ।[30]

ਸਿੰਘ ਸਭਾ ਲਹਿਰ ਨੇ ਨਾ ਸਿਰਫ਼ ਸਿੱਖਾਂ ਤੇ ਹਿੰਦੂਆਂ ਵਿੱਚ ਮੁੜ ਰਲ ਜਾਣ ਨੂੰ ਠੱਲ੍ਹ ਪਾਈ ਸਗੋਂ ਹਿੰਦੂਆਂ ਵਿੱਚ ਵੀ ਧਰਮ ਬਦਲਣ ਦੀ ਲਹਿਰ ਚਲਾ ਕੇ ਮੋੜਵੀਂ ਕਾਰਵਾਈ ਕੀਤੀ। ਉੱਤਰੀ ਤੇ ਪੱਛਮੀ ਪੰਜਾਬ ਤੇ ਸਿੰਧ ਦੇ ਹਿੰਦੂਆਂ ਦੀ ਭਾਰੀ ਗਿਣਤੀ ਸਹਿਜਧਾਰੀ ਸਿੱਖ ਬਣ ਗਈ ਤੇ ਸਹਿਜਧਾਰੀ ਸਿੱਖ "ਖ਼ਾਲਸਾ" ਬਣੇ।[31]

ਆਰੀਆ ਸਮਾਜ ਦੇ ਉਭਾਰ ਤੇ ਵਿਸਥਾਰ ਨੇ ਪੰਜਾਬ ਵਿੱਚ ਹਿੰਦੂ-ਸਿੱਖ ਸੰਬੰਧਾਂ ਤੇ ਪੰਜਾਬ ਵਿੱਚ ਅੰਗਰੇਜ਼ ਵਿਰੋਧੀ ਰਾਜਸੀ ਲਹਿਰ ਦੇ ਆਕਾਰ ਤੇ ਝੁਕਾਅ ਉੱਪਰ ਵੀ ਪ੍ਰਭਾਵ ਪਾਇਆ। ਸਿੱਖਾਂ ਨੇ ਆਰੀਆ ਸਮਾਜੀ ਦੀ ਸ਼ੁੱਧੀ ਮੁਹਿੰਮ ਦਾ ਸਖ਼ਤ ਵਿਰੋਧ ਕੀਤਾ। ਜਿਤਨਾ ਜ਼ਿਆਦਾ ਸਮਾਜ ਦਾਅਵਾ ਕਰਦੇ ਕਿ ਸਿੱਖ ਹਿੰਦੂ ਧਰਮ ਦਾ ਹੀ ਇਕ ਮੱਤ ਹੈ ਸਿੱਖ ਉਤਨਾ ਹੀ ਇਸ ਗੱਲ 'ਤੇ ਜ਼ੋਰ ਦਿੰਦੇ ਕਿ ਉਹ ਵੱਖਰੇ ਹਨ। ਇਸ ਕਰਮ ਤੇ ਪ੍ਰਤਿਕਰਮ ਨੇ ਹਿੰਦੂ-ਸਿੱਖਾਂ ਤੇ ਨਿਕਟ ਸਮਾਜਿਕ ਸੰਬੰਧਾਂ ਵਿੱਚ ਤਰੇੜ ਪਾ ਦਿੱਤੀ। ਇਸ ਦਾ ਪ੍ਰਗਟਾਵਾ ਉਸ ਸਮੇਂ ਦੇ ਨਾਭਾ ਦੇ ਮੁੱਖ ਮੰਤਰੀ ਵਿਦਵਾਨ ਕਾਨ੍ਹ ਸਿੰਘ ਦੀ ਰਚਨਾ

---

29. ਵੇਖੋ ਅੰਤਿਕਾ I
30. "ਦੀ ਸਿੱਖ ਰਿਲੀਜਨ 1909 ਵਿੱਚ 6 ਜਿਲਦਾਂ ਵਿੱਚ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪੀ।
31. ਹੇਠ ਲਿਖਿਆਂ ਅੰਕੜਿਆਂ ਤੋਂ ਸਿੱਖਾਂ ਦੀ ਵਸੋਂ ਦੇ ਵਾਧੇ ਦਾ ਪਤਾ ਲੱਗਦਾ ਹੈ :

		ਪ੍ਰਤੀਸ਼ਤ ਵਖਰੇਵਾਂ	
ਸਾਲ	ਸਿੱਖਾਂ ਦੀ ਗਿਣਤੀ	ਸਿੱਖ	ਕੁੱਲ ਵੱਸੋਂ
1881	1,706,165	—	—
1891	18,49,371	+8.4	10.1
1901	21,.02,896	+13.7	+6.8
1911	28,83,729	+37.1	—2.2
1921	31,10,060	+7.8	+5.7

ਪੰਜਾਬ ਜਨ-ਗਣਨਾ ਰਿਪੋਰਟ 1921

"ਹਮ ਹਿੰਦੂ ਨਹੀਂ ਹੈ" ਵਿੱਚ ਹੋਇਆ। ਭਾਵੇਂ ਸਿੰਘ ਸਭਾ ਲਹਿਰ 1920 ਈ: ਵਿੱਚ ਖ਼ਤਮ ਹੋ ਗਈ, ਪ੍ਰੰਤੂ ਹਿੰਦੂ ਧਰਮ ਪ੍ਰਤੀ ਇਸ ਦਾ ਰੱਖਿਆਤਮਕ ਵਤੀਰਾ ਇਕ ਸਦੀਵੀ ਵਿਰਸਾ ਬਣ ਗਿਆ। ਦਯਾਨੰਦ ਦੀਆਂ ਸਿੱਖਿਆਵਾਂ ਵਿੱਚ ਵੀ ਸਿਆਸੀ ਰੰਗਤ ਸੀ।

ਹਿੰਦੂ ਧਰਮ ਨੂੰ ਉੱਤਰ ਵੈਦਿਕ ਕਾਲ ਦੇ ਮੰਦ-ਪ੍ਰਭਾਵਾਂ ਤੋਂ ਸ਼ੁੱਧ ਕਰਨ ਦੀ ਇੱਛਾ ਦੇ ਨਾਲ-ਨਾਲ ਉਹ ਹਿੰਦੂ ਸਮਾਜ ਨੂੰ ਗ਼ੈਰ-ਹਿੰਦੂ ਪ੍ਰਭਾਵਾਂ ਤੋਂ ਵੀ ਮੁਕਤ ਕਰਾਉਣ ਦਾ ਖ਼ਾਹਿਸ਼ਮੰਦ ਸੀ। ਉਸ ਦੀ ਇਸਲਾਮ ਤੇ ਈਸਾਈਆਂ ਦੀ ਆਲੋਚਨਾ ਅਸਲ ਵਿੱਚ ਭਾਰਤੀ ਮੁਸਲਮਾਨਾਂ ਤੇ ਅੰਗਰੇਜ਼ਾਂ ਦੀ ਆਲੋਚਨਾ ਸੀ। ਇਸ ਦੇ ਫਲਸਰੂਪ ਆਰੀਆ ਸਮਾਜ ਵੱਲੋਂ ਹਿੰਦੂ-ਧਰਮ ਦੇ ਉੱਥਾਨ ਨੇ ਮੁਸਲਮਾਨਾਂ ਤੇ ਅੰਗਰੇਜ਼ਾਂ ਪ੍ਰਤੀ ਵਿਰੋਧੀ ਝੁਕਾਅ ਨੂੰ ਜਨਮ ਦਿੱਤਾ ਜੋ ਆਮ ਹੀ ਪੰਜਾਬੀ ਹਿੰਦੂ ਰਾਸ਼ਟਰਵਾਦੀਆਂ ਦੇ ਭਾਸ਼ਣਾਂ ਵਿੱਚ ਵੇਖਿਆ ਜਾ ਸਕਦਾ ਸੀ ਜਿਹਨਾਂ ਵਿੱਚੋਂ ਵਧੇਰੇ ਆਰੀਆ ਸਮਾਜੀ ਸਨ ਜਿਵੇਂ ਲਾਜਪਤ ਰਾਏ[32], ਅਜੀਤ ਸਿੰਘ, ਹੰਸ ਰਾਜ ਤੇ ਬਹੁਤ ਸਾਰੇ ਪੰਜਾਬੀ ਹਿੰਦੂ ਆਤੰਕਵਾਦੀ। ਭਾਰਤੀ ਰਾਸ਼ਟਰੀ ਕਾਂਗਰਸ ਵਿੱਚ ਆਰੀਆ ਸਮਾਜੀਆਂ ਦੇ ਗਲਬੇ ਨੇ ਆਜ਼ਾਦੀ ਲਹਿਰ ਨੂੰ ਹਿੰਦੂ ਪੁਨਰ-ਉਥਾਨ ਦਾ ਇਕ ਅੰਸ਼ ਬਣਾ ਦਿੱਤਾ ਤੇ ਇਹੋ ਸਿੱਖਾਂ ਤੇ ਮੁਸਲਮਾਨਾਂ ਦੇ ਵੱਖਰੇ ਰਹਿਣ ਦਾ ਵੱਡਾ ਕਾਰਨ ਸੀ।[33]

---

32. ਲਾਲਾ ਲਾਜਪਤ ਰਾਏ (1865-1929), ਪੰਜਾਬ ਦਾ ਸਭ ਤੋਂ ਉੱਘਾ ਰਾਸ਼ਟਰਵਾਦੀ ਸੀ ਜੋ ਹਿੰਦੂ-ਸਿੱਖ ਪਰਿਵਾਰ ਵਿੱਚ ਪੈਦਾ ਹੋਇਆ ਸੀ। ਉਹ ਬੜਾ ਸਰਗਰਮ ਆਰੀਆ ਸਮਾਜੀ ਸੀ ਤੇ ਕੁਝ ਸਮਾਂ ਹਿੰਦੂ ਮਹਾਂਸਭਾ ਦਾ ਪ੍ਰਧਾਨ ਵੀ ਰਿਹਾ।
33. ਡਾ: ਗਰਿਸਵੋਲਡ ਦੀ ਟਿੱਪਣੀ ਬਹੁਤ ਪ੍ਰਕਾਸ਼ ਪਾਉਂਦੀ ਹੈ : ਪੰਡਤ ਦਯਾਨੰਦ ਦਾ ਨਾਅਰਾ ਸੀ, "ਵੇਦਾਂ ਵੱਲ ਮੁਹਾਰਾਂ ਮੋੜੋ।" ਇਸ ਧਾਰਮਕ ਨਾਅਰੇ ਵਿੱਚ ਇਕ ਹੋਰ ਨਾਅਰਾ ਜੋ ਸਪੱਸ਼ਟ ਨਹੀਂ ਤਾਂ ਲੁਪਤ ਰੂਪ ਵਿੱਚ ਸੀ ਕਿ ਹਿੰਦੁਸਤਾਨ ਹਿੰਦੂਆਂ ਲਈ ਹੀ ਹੈ। ਜੇ ਇਹਨਾਂ ਦੋਹਾਂ ਨਾਅਰਿਆਂ ਨੂੰ ਮਿਲਾ ਦੇਈਏ ਤਾਂ ਰਾਜਸੀ ਤੇ ਧਾਰਮਕ ਰੂਪ ਵਿੱਚ ਇਹ ਸਿਧਾਂਤ ਸਾਮ੍ਹਣੇ ਆਵੇਗਾ ਕਿ ਭਾਰਤ ਦਾ ਧਰਮ ਤੇ ਭਾਰਤ ਦੇ ਹਾਕਮ ਭਾਰਤੀ ਲੋਕ ਹੀ ਹੋਣੇ ਚਾਹੀਦੇ ਹਨ, ਦੂਸਰੇ ਸ਼ਬਦਾਂ ਵਿੱਚ ਭਾਰਤੀਆਂ ਦਾ ਧਰਮ ਹਿੰਦੂ ਧਰਮ ਹੋਣਾ ਚਾਹੀਦਾ ਹੈ ਤੇ ਭਾਰਤੀ ਹਕੂਮਤ ਜਾਂ ਪ੍ਰਭੂਤਾ ਭਾਰਤੀਆਂ ਹੱਥ ਹੋਣੀ ਚਾਹੀਦੀ ਹੈ। —ਇੰਡੀਅਨ ਏਵੈਂਜਲੀਕਲ ਰੀਵੀਊ, ਜਨਵਰੀ 1892, ਹਵਾਲਾ ਦਿੱਤਾ ਫ਼ਰਕੂਹਾਰ ਨੇ "ਮਾਡਰ ਰਿਲੀਜੀਅਸ ਮੂਵਮੈਂਟਸ ਇਨ ਇੰਡੀਆ"—ਪੰਨਾ 111-12

ਭਾਗ—IV

ਰਾਜਸੀ ਲਹਿਰਾਂ : ਮਾਰਕਸਵਾਦੀ, ਰਾਸ਼ਟਰਵਾਦੀ ਤੇ ਸੰਪਰਦਾਇਕ

ਨਹਿਰਾਂ ਦੇ ਪਰਸਾਰ ਨਾਲ ਮਾਰੂਥਲੀ ਭੂਮੀ ਦੇ ਸੁਧਾਰ ਕਾਰਨ, ਨੌਕਰੀਆਂ ਵਿੱਚ ਸਰਕਾਰੀ ਸਰਪ੍ਰਸਤੀ ਕਰਕੇ ਅਤੇ ਪੱਛਮੀ ਸਿੱਖਿਆ ਦੇ ਸ਼ੁਰੂ ਹੋਣ ਨਾਲ ਸਿੱਖਾਂ ਵਿੱਚ ਆਰਥਕ, ਸਮਾਜਕ ਤੇ ਰਾਜਸੀ ਤਬਦੀਲੀਆਂ ਆਈਆਂ। ਨਹਿਰੀ ਆਬਾਦੀਆਂ ਕਾਰਨ ਜ਼ਮੀਨ 'ਤੇ ਦਬਾਅ ਘਟਿਆ ਤੇ ਕਿਸਾਨਾਂ ਵਿੱਚ ਬੇ-ਮਿਸਾਲ ਖ਼ੁਸ਼ਹਾਲੀ ਆਈ। ਪ੍ਰੰਤੂ ਉਹਨਾਂ ਦੀ ਇਹ ਖ਼ੁਸ਼ਹਾਲੀ ਥੋੜ੍ਹੇ ਸਮੇਂ ਲਈ ਹੀ ਸੀ ਕਿਉਂਕਿ ਥੋੜ੍ਹੇ ਹੀ ਸਾਲਾਂ ਵਿੱਚ ਉਹਨਾਂ ਦੀ ਖੇਤ ਮਾਲਕੀ ਦੇ ਫਿਰ ਟੁਕੜੇ ਹੋ ਗਏ ਤੇ ਜ਼ਮੀਨ ਫਿਰ ਘਾਟੇਵੰਦੀ ਹੋ ਗਈ। ਪੇਂਡੂ ਕਰਜ਼ਾ ਬਹੁਤ ਵੱਧ ਗਿਆ। ਜਿਹੜੇ ਪਰਿਵਾਰ ਪੈਸਾ ਖ਼ਰਚ ਸਕਦੇ ਸਨ ਉਹਨਾਂ ਨੇ ਆਪਣੇ ਛੋਟੇ ਪੁੱਤਰਾਂ ਨੂੰ ਧਨ ਦੀ ਕਮਾਈ ਲਈ ਵਿਦੇਸ਼ਾਂ ਵਿੱਚ ਰੁਜ਼ਗਾਰ ਲੱਭਣ ਲਈ ਭੇਜ ਦਿੱਤਾ। ਇਸ ਤਰ੍ਹਾਂ ਸਿੱਖ ਬਰਮਾ, ਮਲਾਇਆ, ਸਿੰਗਾਪੁਰ, ਥਾਈਲੈਂਡ, ਕੰਬੋਡੀਆ, ਫਿਲਪਾਈਨਜ਼, ਚੀਨ ਵਿੱਚ ਜਾ ਵੱਸੇ। ਏਸ਼ੀਆ ਤੱਟਾਂ 'ਚੋਂ ਵਧੇਰੇ ਸਾਹਸੀ ਤੇ ਉੱਦਮੀ ਸ਼ਾਂਤ ਮਹਾਂਸਾਗਰ ਤੋਂ ਕੈਨੇਡਾ ਤੇ ਸੰਯੁਕਤ ਰਾਜ ਚਲੇ ਗਏ। ਉਸ ਸਮੇਂ ਹੀ ਛੋਟੇ ਵਪਾਰੀਆਂ ਨੇ ਆਪਣੇ ਕਾਰ-ਵਿਹਾਰ ਅਫ਼ਰੀਕਾ ਦੇ ਪੂਰਬੀ ਤੱਟ 'ਤੇ ਸ਼ੁਰੂ ਕਰ ਲਏ। ਅਮਰੀਕਾ ਮਹਾਂਦੀਪ ਵਿੱਚ ਸਿੱਖ ਪ੍ਰਵਾਸੀਆਂ ਨੂੰ ਨਸਲੀ ਵਿਤਕਰੇ ਦਾ ਟਾਕਰਾ ਕਰਨਾ ਪਿਆ ਤੇ ਇਸ ਕਾਰਨ ਉਹਨਾਂ ਵਿੱਚ ਦੂਸਰੇ ਦੇਸ਼ਾਂ ਪ੍ਰਤੀ ਘਿਰਨਾ ਪੈਦਾ ਹੋ ਗਈ ਜਿਸ ਕਾਰਨ ਉਹ ਮਾਰਕਸਵਾਦ ਦੇ ਪਸਾਰ ਲਈ ਬੜੀ ਜ਼ਰਖੇਜ਼ ਭੂਮੀ ਸਾਬਤ ਹੋਏ।

ਅੰਗਰੇਜ਼ੀ ਰਾਜ ਪ੍ਰਤੀ ਜੋਸ਼ ਜੋ ਪਹਿਲੇ ਸੰਸਾਰ ਯੁੱਧ (1914-18) ਵਿੱਚ ਚਰਮ ਸੀਮਾਂ 'ਤੇ ਪਹੁੰਚ ਗਿਆ ਸੀ, ਉਹ ਘੱਟ ਗਿਆ। ਸਿੱਖ ਪ੍ਰਵਾਸੀਆਂ ਨਾਲ ਦੁਰਵਿਹਾਰ ਬਾਰੇ ਕੈਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਕੋਲ ਸਰਕਾਰ ਦਾ ਵਿਰੋਧ ਕਰਨ ਤੋਂ ਇਨਕਾਰ; ਵਿਧਾਨਕ ਸੁਧਾਰ ਤੋਂ ਨਿਰਾਸ਼ਤਾ, ਅਪ੍ਰੈਲ 1919 ਨੂੰ ਅੰਮ੍ਰਿਤਸਰ ਦਾ ਗੋਲੀ ਕਾਂਡ ਤੇ ਜੱਦੀ ਪੁਸ਼ਤੀ ਪੁਜਾਰੀਆਂ ਅਤੇ ਮਹੰਤਾਂ ਤੋਂ ਗੁਰਦਵਾਰਿਆਂ ਦਾ ਕਬਜ਼ਾ ਲੈਣ ਲਈ ਚਲਾਈ ਲਹਿਰ ਨੂੰ ਸਰਕਾਰ ਵੱਲੋਂ ਸਖ਼ਤੀ ਨਾਲ ਦਬਾਉਣ ਕਰਕੇ ਸਿੱਖਾਂ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਗੁੱਸਾ ਪੈਦਾ ਹੋ ਗਿਆ।

ਇਸ ਤੋਂ ਤਿੰਨ ਰਾਜਸੀ ਦਲਾਂ ਦਾ ਜਨਮ ਹੋਇਆ—ਕਮਿਊਨਿਸਟ, ਰਾਸ਼ਟਰਵਾਦੀ ਤੇ ਅਕਾਲੀ। ਪਹਿਲੇ ਸੰਸਾਰ ਯੁੱਧ ਦੇ ਮਗਰੋਂ ਦੇ ਸਾਲਾਂ ਵਿੱਚ ਜਦੋਂ ਲੋਕਾਂ ਦੀ ਸ਼ਾਸਨ ਵਿੱਚ ਭਾਗੀਦਾਰੀ ਵਧਾਉਣ ਦੇ ਕਦਮ ਉਠਾਏ ਗਏ, ਇਹ ਤਿੰਨੇ ਰਾਜਸੀ ਦਲ ਸ਼ਕਤੀ ਲਈ ਘੋਲ ਕਰਨ ਲੱਗੇ, ਉਹਨਾਂ ਵਿੱਚ ਸਭ ਤੋਂ ਪ੍ਰਭਾਵੀ ਤੇ ਸ਼ਕਤੀਸ਼ਾਲੀ ਅਕਾਲੀ ਰਹੇ।

ਕਾਂਡ—10

ਪੇਂਡੂ ਕਰਜ਼ਦਾਰੀ ਤੇ ਕਿਸਾਨ ਅੰਦੋਲਨ

ਪੰਜਾਬ ਕਿਸਾਨ, ਖ਼ੁਸ਼ਹਾਲੀ ਤੇ ਕਰਜ਼ੇ ਵਿੱਚ—ਮਾਰੂਥਲੀ ਭੂਮੀ ਦੇ ਨਹਿਰੀ ਸਿੰਚਾਈ ਨਾਲ ਸੁਧਾਰ ਹੋਣ ਤੇ ਉਪਜ ਦੇ ਮੰਡੀਕਰਨ ਦੀਆਂ ਸਹੂਲਤਾਂ ਕਾਰਨ ਪੰਜਾਬ ਵਿੱਚ ਇਕ ਅਜਿਹਾ ਖ਼ੁਸ਼ਹਾਲੀ ਦਾ ਸਮਾਂ ਆਇਆ, ਜੋ ਪਹਿਲਾਂ ਕਿਸੇ ਨੇ ਕਦੇ ਵੇਖਿਆ ਨਹੀਂ ਸੀ। ਪ੍ਰੰਤੂ ਇਹ ਖ਼ੁਸ਼ਹਾਲੀ ਆਪਣੇ ਨਾਲ ਉਹ ਤਬਦੀਲੀਆਂ ਵੀ ਲਿਆਈ ਜਿਸ ਨੇ ਪੂਰੀ ਤਰ੍ਹਾਂ ਪੰਜਾਬੀ ਜਨ-ਜੀਵਨ ਦਾ ਸਮਾਜਕ ਢਾਂਚਾ ਹੀ ਬਦਲ ਦਿੱਤਾ। ਖੇਤੀ 'ਚੋਂ ਆਮਦਨ ਦੇ ਵਾਧੇ ਦਾ ਸਿੱਧਾ ਸਿੱਟਾ ਇਹ ਨਿਕਲਿਆ ਕਿ ਜ਼ਮੀਨ ਦੀ ਕੀਮਤ ਵਿੱਚ ਵਾਧਾ ਹੋ ਗਿਆ। 1870 ਈ: ਵਿੱਚ 10/- ਰੁਪਏ ਪ੍ਰਤੀ ਏਕੜ ਦੀ ਥਾਂ ਸਦੀ ਦੇ ਬਦਲਣ ਤੇ ਇਹ 100/- ਰੁਪਏ ਪ੍ਰਤੀ ਏਕੜ ਹੋ ਗਈ।[1] ਜ਼ਮੀਨ ਬੜੀ ਕੀਮਤੀ ਵਸਤੂ ਬਣ ਗਈ ਤੇ ਛੋਟੇ ਕਿਸਾਨ ਆਪਣੀ ਖੇਤ ਮਾਲਕੀ ਵੇਚਣ ਦਾ ਲਾਲਚ ਰੋਕ ਨ ਸਕੇ।[2] ਭੂਮੀ-ਹੀਣ ਕਿਸਾਨਾਂ ਦੀ ਗਿਣਤੀ ਖ਼ਤਰਨਾਕ ਹੱਦ ਤੱਕ ਵਧ ਗਈ। 1869[3] ਦੇ ਕਾਲ ਤੇ ਪਸ਼ੂ ਧਨ ਦੀ ਭਾਰੀ ਮ੍ਰਿਤੂ ਦਰ ਕਾਰਨ ਸਮੱਸਿਆ ਹੋਰ ਗੰਭੀਰ ਹੋ ਗਈ। ਕਿਸਾਨ ਮਾਮਲਾ ਨਾ ਦੇ ਸਕੇ ਤੇ ਉਹਨਾਂ ਨੂੰ ਕਰਜ਼ਾ ਲੈਣ ਲਈ ਮਜਬੂਰ ਹੋਣਾ ਪਿਆ।

1870 ਵਿੱਚ ਕਿਸਾਨਾਂ ਦੀ ਕਰਜ਼ਦਾਰੀ ਦਾ ਉਹ ਦੌਰ ਆਰੰਭ ਹੋਇਆ ਜੋ ਪਹਿਲਾਂ ਕਿਸਾਨਾਂ ਨੇ ਕਦੇ ਵੇਖਿਆ ਨਹੀਂ ਸੀ। 1877 ਤੋਂ ਜਿਹੜਾ ਕਿ ਥੁੜਾਂ ਦਾ ਇਕ ਹੀ ਸਾਲ ਸੀ, ਸਥਿਤੀ ਹੋਰ ਗੰਭੀਰ ਹੋ ਗਈ। ਅੰਗਰੇਜ਼ਾਂ ਵੱਲੋਂ ਸ਼ੁਰੂ ਕੀਤੇ ਜਟਿਲ ਕਾਨੂੰਨੀ ਢਾਂਚੇ ਕਾਰਨ ਕਿਰਸਾਨਾਂ ਦੀ ਗ਼ਰੀਬੀ ਤੇ ਸ਼ਾਹੂਕਾਰਾਂ ਤੇ ਵਕੀਲਾਂ ਦੀ ਸਮਰਿਧੀ ਵਿੱਚ ਵਾਧਾ

---

1. ਐਚ. ਕਾਲਵਰਟ, "ਦੀ ਵੈਲਥ ਐਂਡ ਵੈਲਫੇਅਰ ਔਫ ਦੀ ਪੰਜਾਬ, ਪੰਨਾ 219, ਜ਼ਮੀਨ ਦੀ ਕੀਮਤ ਵਧਣੀ ਜਾਰੀ ਰਹੀ। 1925 ਵਿੱਚ ਇਸ ਦੀ ਕੀਮਤ ਪ੍ਰਤੀ ਏਕੜ 438 ਰੁਪਏ ਸੀ, 1933-34 ਵਿੱਚ ਇਹ 477 ਰੁਪਏ ਹੋ ਗਈ।
2. "ਹੌਲੀ-ਹੌਲੀ ਸੁਸਤ ਦਿਮਾਗ਼ ਕਿਸਾਨ ਨੇ ਮਹਿਸੂਸ ਕੀਤਾ ਕਿ ਉਹ ਤਾਂ ਉਹਦੀ ਨਜ਼ਰ ਵਿੱਚ, ਅਸੀਮਤ ਕਰਜ਼ ਲੈ ਸਕਣ ਵਾਲੀ ਵਸਤੂ ਦਾ ਮਾਲਕ ਸੀ ਤੇ ਉਸ ਨੇ ਇਹਦੀ ਪੂਰੀ ਵਰਤੋਂ ਕੀਤੀ।" ਥੋਰਬਰਨ, ਰਿਪੋਰਟ ਔਨ ਇੰਡੈਟਡਨੈਸ ਐਂਡ ਲੈਂਡ ਏਲੀਨੇਸ਼ਨ, ਪੰਨਾ 10। ਤੇ ਇਕ ਵਾਰ ਜਦੋਂ ਕਿਸਾਨ ਨੇ ਕਰਜ਼ ਲੈਣਾ ਸ਼ੁਰੂ ਕਰ ਦਿੱਤਾ, ਉਸ ਨੇ ਸ੍ਵੈ-ਨਿਰਭਰਤਾ ਛੱਡ ਦਿੱਤੀ ਤੇ ਇਹ ਉਹਦੀ ਆਦਤ ਬਣ ਗਈ, ਥੱਸ ਚੜ੍ਹਿਆ ਸੌ ਤੇ ਲੱਥਾ ਭਉ।
3. 1869 ਦੇ ਕਾਲ ਵਿੱਚ ਦੱਖਣ-ਪੂਰਬੀ ਪੰਜਾਬ ਦੇ ਚਾਰ ਜ਼ਿਲ੍ਹਿਆਂ ਵਿੱਚ ਹੀ 6 ਲੱਖ ਪਸ਼ੂ ਮਰ ਗਏ। 1877 ਵਿੱਚ ਪਸ਼ੂਆਂ ਦੀ ਮਹਾਮਾਰੀ ਨੇ ਅੰਬਾਲਾ ਜ਼ਿਲ੍ਹੇ ਦੇ 2/3 ਪਸ਼ੂ ਮਾਰ ਦਿੱਤੇ। 1919-21 ਵਿੱਚ ਛੇ ਵਿੱਚ ਪੰਜ ਫ਼ਸਲਾਂ ਮਾਰੇ ਜਾਣ ਨਾਲ ਸਿਰਸਾ ਵਿੱਚ ਪਸ਼ੂ 40% ਮਰੇ। ਐਮ. ਡਾਰਲਿੰਗ, ਦੀ ਪੰਜਾਬ ਏਜੈਂਟ ਇਨ ਪਰੋਸਪੈਰਿਟੀ ਐਂਡ ਡੈਟ, ਪੰਨਾ 97

ਹੋਇਆ।[4] ਥੋਰਬਰਨ ਨੇ ਲਿਖਿਆ, "ਵਾਹੀ ਖੇਤੀ ਦਾ ਨਫ਼ਾ ਸ਼ਾਹੂਕਾਰ ਲੈ ਜਾਵੇ, ਇਹ ਅਜਿਹੀ ਕ੍ਰਾਂਤੀ ਹੈ, ਜੋ ਭਾਰਤ ਵਿੱਚ ਪਹਿਲਾਂ ਕਦੇ ਕਿਸੇ ਨਹੀਂ ਵੇਖੀ, ਪਰ ਸਾਡੇ ਪ੍ਰਬੰਧ ਨੇ ਇਹੋ ਕੁਝ ਹੀ ਲਿਆਂਦਾ ਹੈ।"[5] ਕਰਜ਼ ਦੇਣਾ ਇਕ ਪ੍ਰਸਿੱਧ ਧੰਦਾ ਬਣ ਗਿਆ।[6]

ਪਹਿਲਾਂ ਸ਼ਾਹੂਕਾਰ ਜ਼ਮੀਨ ਵਰਗੀ ਕਿਸੇ ਚੀਜ਼ 'ਤੇ ਕਰਜ਼ ਦੇਣ ਤੋਂ ਨਫ਼ਰਤ ਕਰਦੇ ਸਨ। ਹੁਣ ਜ਼ਮੀਨ ਦੀ ਮਾਲਕੀ ਦੇ ਬੋਝ ਤੋਂ ਬਿਨਾਂ ਹੀ ਇਸ ਦੀ ਫ਼ਸਲ 'ਤੇ ਕਰਜ਼ਾ ਦੇ ਦਿੰਦੇ ਸਨ। ਉਹਨਾਂ ਦੇ ਵਿਹਾਰ ਬਹੁਤ ਅਨੈਤਿਕ ਸਨ। ਉਹ ਝੂਠਾ ਹਿਸਾਬ-ਕਿਤਾਬ ਰੱਖਦੇ ਸਨ ਤੇ ਇਤਨਾ ਸੂਦ ਲੈਂਦੇ ਸਨ ਜਿਸ ਨਾਲ ਉਹਨਾਂ ਦੀ ਸਾਮੀ ਸਦਾ ਹੀ ਕਰਜ਼ਦਾਰ ਰਹਿੰਦੀ ਸੀ।[7] ਪੇਂਡੂ ਵਾਹੀਕਾਰ ਨੇ ਆਪਣੀ ਹਾਲਤ ਸੁਧਾਰਨ ਲਈ ਕੋਈ ਯਤਨ ਨਾ ਕੀਤਾ। ਜੱਟ ਸਿੱਖ ਨੇ ਆਪਣੇ ਗਮ ਗਲਤ ਕਰਨ ਲਈ ਸ਼ਰਾਬ ਪੀਣ ਦੀ

---

4. ਇਹ ਕਾਨੂੰਨੀ ਕਾਰਵਾਈ 1859 ਵਿੱਚ ਸ਼ੁਰੂ ਹੋਈ ਜਦੋਂ ਰਜਿਸਟਰਡ ਇਕਰਾਰਨਾਮੇ ਤੋਂ ਬਿਨਾਂ ਸਭ ਅਸੁਰੱਖਿਅਤ ਕਰਜ਼ਿਆਂ ਦੀ ਸੀਮਾ 3 ਸਾਲ ਨਿਸ਼ਚਿਤ ਕਰ ਦਿੱਤੀ ਗਈ ਤੇ ਇਸ ਤਰ੍ਹਾਂ ਲਹਿਣੇਦਾਰਾਂ ਨੇ ਕਾਹਲੀ-ਕਾਹਲੀ ਅਦਾਲਤਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਦੀਵਾਲੀ ਜ਼ਾਬਤਾ ਕਾਨੂੰਨ ਨਾਲ ਤੇ 1866 ਲਾਹੌਰ ਵਿੱਚ ਚੀਫ ਕੋਰਟ ਕਾਇਮ ਹੋਣ ਨਾਲ, ਤੇ 1972 ਵਿੱਚ ਐਵੀਡੈਨਸ ਐਕਟ ਤੇ ਕੰਟਰੈਕਟ ਐਕਟ ਪਾਸ ਹੋਣ ਨਾਲ ਚਾਲਾਕ ਵਕੀਲਾਂ ਤੇ ਉਹਨਾਂ ਦੇ ਸਾਇਲਾਂ (ਸ਼ਾਹੂਕਾਰ ਉਹਨਾਂ ਨੂੰ ਕਿਸਾਨਾਂ ਨਾਲੋਂ ਵੱਧ ਫੀਸ ਦੇ ਸਕਦੇ ਸਨ), ਨੂੰ ਮੁਕੱਦਮਾ ਲਮਕਾਉਣ ਦੇ ਮੌਕੇ ਦਿੱਤੇ। 1874-75 ਵਿੱਚ ਕਰਜ਼ਿਆਂ ਸਬੰਧੀ ਝਗੜੇ ਨਬੇੜਨ ਲਈ ਕਾਇਮ ਕੀਤੀਆਂ ਮੁਨਸਫ ਅਦਾਲਤਾਂ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ। ਉਸ ਸਮੇਂ ਤੱਕ ਤਾਂ ਜ਼ਿਲ੍ਹਾ ਅਧਿਕਾਰੀ ਕਿਸਾਨ ਸਮੱਸਿਆਵਾਂ ਦੀ ਤੇ ਮਾਲੀ ਹਾਲਾਤ ਦੀ ਜਾਣਕਾਰੀ ਕਾਰਨ ਝਗੜਿਆਂ ਦਾ ਸਰਲਤਾ, ਸਸਤਾ ਤੇ ਇਨਸਾਫ਼ ਨਾਲ ਨਿਪਟਾਰਾ ਕਰ ਦਿੰਦੇ ਸਨ। ਮੁਨਸਿਫ ਵਧੇਰੇ ਕਰਕੇ ਸ਼ਹਿਰੀ ਹੁੰਦੇ ਸਨ, ਉਹ ਪੇਂਡੂ ਮਾਮਲਿਆਂ ਤੋਂ ਅਨਜਾਣ ਸਨ, ਉਹ ਸਖ਼ਤ ਤੇ ਭ੍ਰਿਸ਼ਟ ਸਿੱਧ ਹੋਏ। (ਥੋਰਬਰਨ, ਰੀਪੋਰਟ ਔਨ ਪੇਜ਼ੈਂਟ ਇਨਡੈਟਡਨੈਸ ਐਂਡ ਲੈਂਡ ਏਲੀਆਨੇਸ਼ਨ ਪੰਨਾ 47
5. ਉਹੀ, ਪੰਨਾ 11
6. 1902 ਤੋਂ 1917 ਤੱਕ ਸ਼ਾਹੂਕਾਰਾਂ ਦੀ ਗਿਣਤੀ ਦੁੱਗਣੀ ਹੋ ਗਈ। 1912 ਵਿੱਚ ਰਜਿਸਟਰਡ ਸ਼ਾਹੂਕਾਰਾਂ ਦੀ ਗਿਣਤੀ ਪੰਜਾਬ ਵਿੱਚ 8400 ਸੀ, 1917 ਤੱਕ ਇਹ 15000 ਤੋਂ ਵੱਧ ਗਈ। ਵੈਲਥ ਐਂਡ ਵੈਲਫੇਅਰ ਔਫ ਦੀ ਪੰਜਾਬ, ਪੰਨਾ 255
   ਪੰਜਾਬ ਵਿੱਚ ਤਿੰਨ ਬਰਾਦਰੀਆਂ ਕਰਜ਼ ਦਿਆ ਕਰਦੀਆਂ ਸਨ। ਪੱਛਮੀ ਜ਼ਿਲ੍ਹਿਆਂ ਵਿੱਚ ਅਰੋੜੇ, ਕੇਂਦਰੀ ਜ਼ਿਲ੍ਹਿਆਂ ਵਿੱਚ ਖੱਤਰੀ ਤੇ ਬਾਣੀਏ, ਦੱਖਣੀ ਜ਼ਿਲ੍ਹਿਆਂ ਵਿੱਚ ਕਰਜ਼ਾ ਦਿਆ ਕਰਦੇ ਸਨ। ਪਹਿਲੀਆਂ ਦੋ ਬਰਾਦਰੀਆਂ ਵਿੱਚ ਤਾਂ ਹਿੰਦੂ ਸਿੱਖ ਬਰਾਬਰ ਸਨ, ਪਰ ਬਾਣੀਏ ਸਭ ਹਿੰਦੂ ਹੀ ਸਨ। ਪੰਜਾਬ ਦੇ ਮੁਸਲਮਾਨਾਂ ਵਿੱਚੋਂ ਕੋਈ ਹੀ ਸੂਦਖੋਰ ਹੁੰਦਾ ਸੀ ਤੇ ਜੱਟ ਭਾਈਚਾਰਾ ਤਾਂ ਕਿਸੇ ਵੀ ਧਰਮ ਵਿੱਚ ਸੂਦ ਤੇ ਕਰਜ਼ ਨਹੀਂ ਦਿੰਦਾ ਸੀ।
7. ਸ਼ਾਹੂਕਾਰਾਂ ਨੂੰ ਬੇਈਮਾਨੀ ਕਰਨ ਦੀ ਵੀ ਲੋੜ ਨਹੀਂ ਹੁੰਦੀ ਸੀ। ਥੋਰਬਰਨ ਨੇ ਲਿਖਿਆ, "ਈਮਾਨਦਾਰ ਮਹਾਜਨ ਕੋਲ ਵੀ ਕਰਜ਼ਾ ਲਾਹ ਸਕਣ ਦੇ ਯੋਗ ਗਾਹਕ ਜਾਂ ਸਾਮੀ ਦਾ ਕਰਜ਼ਾ ਤਿੰਨਾਂ ਸਾਲਾਂ ਵਿੱਚ ਦੁੱਗਣਾ ਹੋ ਜਾਂਦਾ ਸੀ ਤੇ ਉਸ ਦੇ ਅਨਾਜ ਦਾ ਕਰਜ਼ਾ ਦੋ ਸਾਲਾਂ ਵਿੱਚ ਦੁੱਗਣਾ ਹੋ ਜਾਂਦਾ ਸੀ। ਰਿਪੋਰਟ ਔਨ ਪੇਜ਼ੈਂਟ ਇਨਡੈਟਡਨੈਸ ਐਂਡ ਲੈਂਡ ਏਲੀਆਨੇਸ਼ਨਜ਼, ਪੰਨਾ 7. ਪ੍ਰਵਾਨਿਤ ਸੂਦ ਸੀ ਦਾਮ ਡਿਉਢੇ, ਜਿਨਸ ਦੁੱਗਣੀ।

ਪਿਤਾ-ਪੁਰਖੀ ਆਦਤ ਦਾ ਆਸਰਾ ਲਿਆ। ਮਾਲਵਾ ਦੇ ਕੁਝ ਜ਼ਿਲ੍ਹਿਆਂ ਵਿੱਚ ਉਹਨਾਂ ਦਾ ਝੁਕਾਅ ਅਫ਼ੀਮ ਵੱਲ ਹੋ ਗਿਆ।[8] ਇਸ ਨਸ਼ੇ ਦੀ ਆਦਤ ਵਿੱਚ ਵਾਧੇ ਨਾਲ ਜ਼ੁਰਮਾਂ ਵਿੱਚ ਵੀ ਵਾਧਾ ਹੋਇਆ। ਪਰਿਵਾਰਿਕ ਲੜਾਈ ਝਗੜਿਆਂ ਤੇ ਨਹਿਰੀ ਪਾਣੀ ਨਾਲ ਸੰਬੰਧਿਤ ਖਹਿਬੜਬਾਜ਼ੀ ਜੋ ਸਭ ਵਾਹੀਕਾਰ ਬਰਾਦਰੀਆਂ ਵਿੱਚ ਆਮ ਹੀ ਸੀ, ਤੋਂ ਬਿਨਾਂ ਵੀ ਜੱਟ ਸਿੱਖ ਅਕਾਰਨ ਹੀ, ਮਨੋਰਥ ਤੇ ਉਤੇਜਨਾ ਦੇ ਬਿਨਾਂ ਲੜਾਈ ਝਗੜੇ ਕਰਦੇ ਸਨ ਤੇ ਕਚਹਿਰੀਆਂ ਵਿੱਚ ਮੁਕੱਦਮੇ ਭੁਗਤਣ ਲਈ ਵੀ ਕਰਜ਼ਾ ਲੈਂਦੇ ਸਨ।

ਕਰਜ਼ਦਾਰੀ ਦੇ ਹੋਰ ਵੀ ਕਈ ਕਾਰਨ ਸਨ ਜਿਵੇਂ ਵਿਆਹਾਂ ਦੇ ਖ਼ਰਚਿਆਂ ਲਈ, ਲੜਕੀਆਂ ਲਈ ਦਾਜ ਦੇਣ ਲਈ; ਤੇ ਜਿਹਨਾਂ ਜ਼ਿਲ੍ਹਿਆਂ ਵਿੱਚ ਇਸਤਰੀਆਂ ਦੀ ਘਾਟ ਸੀ, ਉੱਥੇ ਤੀਵੀਆਂ ਮੁੱਲ ਲੈਣ ਲਈ ਵੀ ਕਰਜ਼ ਲਿਆ ਜਾਂਦਾ ਸੀ। ਪੰਜਾਬੀ ਕਿਸਾਨ ਭਾਰਤ ਵਿੱਚ ਦੂਸਰੇ ਲੋਕਾਂ ਨਾਲੋਂ ਵਧੇਰੇ ਝਗੜਾਲੂ ਤੇ ਮੁਕੱਦਮੇਬਾਜ਼ ਸਿੱਧ ਹੋਏ ਹਨ।[9] ਅੱਧੀ ਤੋਂ ਥੋੜ੍ਹਾ ਘੱਟ, ਪ੍ਰਾਂਤ ਦੀ ਸਭ ਬਾਲਗ਼ ਵੱਸੋਂ ਕਚਹਿਰੀਆਂ ਵਿੱਚ ਮੁਕੱਦਮੇ ਭੁਗਤਦੀ ਸੀ ਤੇ ਹਰ ਸਾਲ 3-4 ਕਰੋੜ ਰੁਪੈ ਮੁਕੱਦਮਿਆਂ ਤੇ ਖ਼ਰਚਦੀ ਸੀ। ਇਸ ਤੋਂ ਬਿਨਾਂ ਕਰਜ਼ ਲੈਣ ਦੇ ਕੁਝ ਕੁਦਰਤੀ ਕਾਰਣ ਵੀ ਸਨ ਜਿਵੇਂ ਕਿ ਵੱਸੋਂ ਦਾ ਵਾਧਾ। 1855 ਤੋਂ 1881 ਤੱਕ ਪੰਜਾਬ ਦੀ ਵਸੋਂ ਵਿੱਚ 20% ਵਾਧੇ ਦਾ ਅਨੁਮਾਨ ਲਾਇਆ ਗਿਆ ਸੀ।[10] ਜ਼ਮੀਨ ਉੱਪਰ ਦਬਾਅ ਬਹੁਤ ਵੱਧ ਗਿਆ ਤੇ ਖੇਤੀ ਮਾਲਕੀ ਲਾਹੇਵੰਦੀ ਨਾ ਰਹੀ।[11] ਨਹਿਰੀ ਕਾਲੋਨੀਆਂ ਦੇ ਸ਼ਾਂਤੀ ਭਰਪੂਰ ਦਿਨ ਛੇਤੀ ਹੀ ਸਮਾਪਤ ਹੋ ਗਏ ਸਨ।

---

8. ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸਿੱਖ ਸ਼ਰਾਬ, ਅਫ਼ੀਮ ਤੇ ਹਿੰਸਾ ਦੇ ਜੁਰਮਾਂ ਲਈ ਬਦਨਾਮ ਸਨ।
9. 1925 ਵਿੱਚ ਛਾਪੀ ਗਈ ਰਿਪੋਰਟ ਵਿੱਚ ਸਿਵਲ ਜਸਟਿਸ ਕਮੇਟੀ ਨੇ ਪਤਾ ਲਾਇਆ ਕਿ ਆਪਣੀ ਗਿਣਤੀ ਦੇ ਹਿਸਾਬ ਨਾਲ ਪੰਜਾਬੀ ਯੂ.ਪੀ. ਦੇ ਲੋਕਾਂ ਨਾਲੋਂ ਦੁੱਗਣੇ ਮੁਕੱਦਮੇ ਲੜਦੇ ਹਨ। ਲਗਭਗ 25 ਲੱਖ ਲੋਕ ਭਾਵ ਬਾਲਗ਼ ਵੱਸੋਂ ਦਾ 40% ਹਰ ਸਾਲ ਧਿਰਾਂ ਵਜੋਂ ਜਾਂ ਗੁਆਹ ਬਣ ਕੇ ਅਦਾਲਤਾਂ ਵਿੱਚ ਪੇਸ਼ ਹੁੰਦੇ ਹਨ। —ਐਚ ਕਾਲਵਰਟ, ਦੀ ਵੈਲਥ ਐਂਡ ਵੈਲਫੇਅਰ ਔਫ ਦੀ ਪੰਜਾਬ, ਪੰਨਾ 372
10. 1855 ਤੇ 1881 ਵਿੱਚ ਤੀਸਰੀ ਜਨ-ਗਣਨਾ ਦਾ ਸਹੀ ਟਾਕਰਾ ਕਰਨ ਲਈ 1855 ਦੀ ਜਨਗਣਨਾ ਵਿੱਚ ਦੋ ਪ੍ਰਕਾਰ ਦੇ ਹੋਰ ਅੰਕੜੇ ਸ਼ਾਮਿਲ ਕਰਨੇ ਚਾਹੀਦੇ ਹਨ—ਇਸ ਵਿੱਚ ਦਿੱਲੀ ਖੇਤਰ (ਦਿੱਲੀ, ਗੁੜਗਾਉਂ, ਕੁਝ ਭਾਗ ਕਰਨਾਲ ਦਾ, ਹਿਸਾਰ ਤੇ ਰੋਹਤਕ) ਦੇ ਲੈਣੇ ਚਾਹੀਦੇ ਹਨ ਜੋ 1 ਜਨਵਰੀ 1853 ਨੂੰ ਉੱਤਰ ਪੱਛਮੀ ਪ੍ਰਾਂਤ ਦੀ ਸਰਕਾਰ ਵਿੱਚ ਸ਼ਾਮਲ ਸਨ ਤੇ ਭੱਟੀਆਨਾ ਜਾਂ ਸਿਰਸਾ ਦੀ ਜਨ-ਗਣਨਾ, ਜੋ 1852 ਤੋਂ 1865 ਦੀ ਬੰਦੋਬਸਤੀ ਜਨ-ਗਣਨਾ ਪਿੰਡ ਵਾਰ ਕੀਤੀ ਗਈ ਸੀ, ਉਹ ਵੀ ਨਾਲ ਜੋੜਨੀ ਚਾਹੀਦੀ ਹੈ। (ਵੇਖੋ ਇਬਟਸਨ ਦੀ ਰਿਪੋਰਟ, ਔਨ ਦੀ ਪੰਜਾਬ ਸੈਨਸੱਸ, 1881, ਜਿਲਦ I, ਪੰਨਾ 8)
11. ਥੋਰਬਰਨ ਨੇ 1896 ਵਿੱਚ ਸਿਆਲਕੋਟ ਦੇ ਪਿੰਡਾਂ ਬਾਰੇ ਜਾਣਕਾਰੀ ਦਿੰਦਿਆਂ ਲਿਖਿਆ: "ਇਸ ਤੋਂ ਹੋਰ ਵਧੇਰੇ ਸੰਘਣੀ ਵੱਸੋਂ ਨਹੀਂ ਹੋ ਸਕਦੀ। ਖੇਤੀ ਮਾਲਕੀ ਦੀ ਇਤਨੀ ਉਪ-ਵੰਡ ਹੋ ਚੁੱਕੀ ਹੈ ਕਿ ਅੱਧੇ ਮਾਲਕਾਂ ਦੀ ਗੁਜ਼ਾਰਾ ਲਈ ਜ਼ਮੀਨ 5 ਏਕੜ ਤੋਂ ਘਟ ਗਈ ਹੈ ਜੋ ਆਮ ਤੇ ਚੰਗੀ ਫ਼ਸਲ ਵਾਲੇ ਸਾਲਾਂ ਵਿੱਚ ਤਾਂ ਕਾਫੀ ਹੈ ਪਰ ਔੜ ਵਾਲੇ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਭੂਮੀ ਇੰਤਕਾਲ ਦਾ ਕਾਨੂੰਨ, 1900 (ਲੈਂਡ ਈਆਨੇਸ਼ਨ ਐਕਟ, 1900)—ਪੰਜਾਬ ਦੇ ਪੱਛਮੀ ਜ਼ਿਲ੍ਹਿਆਂ ਵਿੱਚ ਹਿੰਦੂ ਸਿੱਖ ਮਹਾਜਨਾਂ ਦੇ ਕਤਲ ਖਿਝੇ ਹੋਏ ਕਰਜ਼ਦਾਰਾਂ ਹੱਥੋਂ ਆਮ ਵਰਤਾਰਾ ਹੀ ਬਣ ਗਏ।[12] ਸਰਕਾਰ ਨੂੰ ਅਸੰਤੁਸ਼ਟ ਕਿਰਸਾਨਾਂ ਤੋਂ ਹੁਣ ਖ਼ਤਰੇ ਦਾ ਅਹਿਸਾਸ ਹੋਇਆ ਖ਼ਾਸ ਕਰਕੇ ਉਸ ਕਿਰਸਾਨੀ ਤੋਂ ਜਿਨ੍ਹਾਂ ਵਿੱਚੋਂ ਫ਼ੌਜ ਲਈ ਬਹੁਤੇ ਜੁਆਨ ਭਰਤੀ ਕਰਦੀ ਹੈ ਤੇ ਜਿਸ ਦੀ ਵਫ਼ਾਦਾਰੀ ਉੱਪਰ ਮੁਲਕ ਦੀ ਅੰਦਰੂਨੀ ਸੁਰੱਖਿਆ ਨਿਰਭਰ ਕਰਦੀ ਹੈ।[13]

ਲੈਂਡ ਐਲੀਆਨੇਸ਼ਨ ਐਕਟ ਸ਼ਾਹੂਕਾਰਾਂ ਦੇ ਧੜੇ ਤੋਂ ਕਿਸਾਨਾਂ ਨੂੰ ਮੁਕਤ ਕਰਾਉਣ ਲਈ ਤਿਆਰ ਕੀਤਾ ਗਿਆ। ਇਸ ਨਾਲ ਡਿਗਰੀਆਂ ਉਗ੍ਰਾਹੁਣ ਲਈ ਜ਼ਮੀਨ ਦੀ ਕੁਰਕੀ 'ਤੇ ਰੋਕ ਲਾ ਦਿੱਤੀ ਤੇ ਉਹ ਰਹਿਣਨਾਮੇ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤੇ ਜਿਹਨਾਂ ਨਾਲ ਜ਼ਮੀਨ ਵੇਚਣ ਦੀ ਸ਼ਰਤ ਲੱਗੀ ਹੋਈ ਸੀ। ਇਸ ਨੇ ਵਿਸ਼ੇਸ਼ ਪ੍ਰਵਾਨਗੀ ਤੋਂ ਬਿਨਾਂ, ਕਾਸ਼ਤਕਾਰ ਜਾਤੀਆਂ ਦੀ ਜ਼ਮੀਨ ਗ਼ੈਰ-ਕਾਸ਼ਤਕਾਰਾਂ ਕੋਲ ਵੇਚਣ ਦੀ ਮਨਾਹੀ ਕਰ

ਔ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਸਾਲ ਵਿੱਚ ਸਿੰਚਾਈ ਸਾਧਨਾਂ ਦੇ ਬਾਵਜੂਦ ਗੁਜ਼ਾਰੇ ਲਈ ਕਾਫ਼ੀ ਨਹੀਂ ਹੈ।" ਪੇਜ਼ੈਂਟ ਇਨਡੈਟਡਨੈਸ ਐਂਡ ਲੈਂਡ ਏਲੀਆਨੇਸ਼ਨਜ਼, ਪੰਨਾ 2
ਕਾਲਵਰਟ ਅਨੁਸਾਰ ਔਸਤਨ ਭੂਮੀ ਮਾਲਕੀ ਪ੍ਰਤੀ ਜੀਅ ਅਨੁਸਾਰ 7-8 ਏਕੜ ਸੀ : 17.9% ਲੋਕਾਂ ਕੋਲ ਇਕ ਏਕੜ ਤੋਂ ਘੱਟ ਜ਼ਮੀਨ ਸੀ, ਉਹਨਾਂ ਦੀ ਖੇਤ ਮਾਲਕੀ 1% ਸੀ। 40.4% ਕੋਲਾ 5 ਏਕੜ ਸਨ ਉਹਨਾਂ ਦੀ ਖੇਤ ਮਾਲਕੀ 11% ਸੀ। 26.2% ਦੀ ਖੇਤ ਮਾਲਕੀ 35.6 ਸੀ। 37% ਕੋਲ 50 ਏਕੜ ਤੋਂ ਵੱਧ ਸਨ, ਉਹਨਾਂ ਦੀ ਖੇਤ ਮਾਲਕੀ ਕੁਲ ਭੂਮੀ ਦਾ 25.7% ਸੀ।
ਐਚ ਕਾਲਵਰਟ, ਦੀ ਵੈਲਥ ਐਂਡ ਵੈਲਫੇਅਰ ਔਫ ਦੀ ਪੰਜਾਬ, ਪੰਨਾ 172-73

12. ਮੁਸਲਮਾਨ ਵਸੋਂ ਦਾ 56% ਸਨ ਤੇ ਉਹਨਾਂ ਸਿਰ 100 ਕਰੋੜ 'ਚੋਂ 50-60 ਕਰੋੜ ਦਾ ਕਰਜ਼ਾ ਸੀ। ਮਿ: ਡਾਰਲਿੰਗ, "ਦੀ ਪੇਜ਼ੈਂਟ ਇਨ ਪ੍ਰਾਸਪੈਰਿਟੀ ਐਂਡ ਡੈਟ", ਪੰਨਾ 19-20
1921 ਦੀ ਜਨਗਣਨਾ ਵਿੱਚ ਸਾਰੀ ਜਾਣਕਾਰੀ ਵਿਸਥਾਰ ਨਾਲ ਨਹੀਂ ਦਿੱਤੀ ਗਈ ਪ੍ਰੰਤੂ ਮੋਟੇ ਤੌਰ 'ਤੇ ਕਾਸ਼ਤਕਾਰਾਂ ਦਾ ਅਨੁਪਾਤ ਦੂਸਰਿਆਂ ਦੇ ਮੁਕਾਬਲੇ ਹੇਠ ਲਿਖੇ ਅਨੁਸਾਰ ਸੀ :

	ਕਾਸ਼ਤਕਾਰ	ਗ਼ੈਰ-ਕਾਸ਼ਤਕਾਰ	ਕੁੱਲ
ਮੁਲਸਮਾਨ	6,728,000	4,716,000	11,444,000
ਹਿੰਦੂ	2,211,000	4,368,000	6,579,000
ਸਿੱਖ	1,508,000	784,000	2,92,000
	10,447,000	98,6800	20,315,000

13. 1895 ਵਿੱਚ ਆਪਣੀ ਟਿੱਪਣੀ ਵਿੱਚ ਜ਼ਮੀਨੀ ਇੰਤਕਾਲਾਂ ਦੀ ਤਜਵੀਜ਼ ਬਾਰੇ ਲੈਫ: ਗਵਰਨਰ ਸਰ ਡੀ. ਫਿਟਜਪੈਟਰਿਕ ਨੇ ਤਾੜਨਾ ਕੀਤੀ ਕਿ ਜੇ ਖੇਤੀ ਮਾਲਕ ਮੁਜਾਰੇ ਜਾਂ ਮਜ਼ਦੂਰ ਬਣ ਗਏ ਤਾਂ ਉਹ ਸਿਆਸੀ ਤੌਰ 'ਤੇ ਗੰਭੀਰ ਖ਼ਤਰਾ ਬਣ ਜਾਣਗੇ।"
ਗੌਰਮਿੰਟ ਔਫ ਇੰਡੀਆ ਰੀਕਾਰਡਜ਼, ਇਨਡੈਟਡਨੈਸ ਐਂਡ ਲੈਂਡ ਟਰਾਂਸਫਰ II, ਪੰਜਾਬ ਕਾਰਸਪੋਡੈਂਨਸ, ਪੰਨਾ 2

ਦਿੱਤੀ। ਇਸ ਅਨੁਸਾਰ ਕਾਸ਼ਤਕਾਰਾਂ ਦੀ ਜ਼ਮੀਨ ਗ਼ੈਰ-ਕਾਸ਼ਤਕਾਰਾਂ ਕੋਲ ਰਹਿਣ ਕਰਨੀ ਵੀ ਗ਼ੈਰ-ਕਾਨੂੰਨੀ ਘੋਸ਼ਿਤ ਕੀਤੀ ਗਈ ਜਦ ਤੱਕ ਰਹਿਣ ਕੀਤੀ ਜ਼ਮੀਨ ਦੀ ਆਪਣੇ ਆਪ ਛੁੱਟਣ ਦੀ ਧਾਰਾ ਨਾਲ ਨਾ ਹੋਵੇ। ਇਹਨਾਂ ਧਾਰਾਵਾਂ ਨੂੰ ਅਮਲ 'ਚ ਲਿਆਉਣਾ ਯਕੀਨੀ ਬਣਾਉਣ ਲਈ ਕਾਨੂੰਨ ਨੇ, ਜ਼ਮੀਨ ਠੇਕੇ 'ਤੇ ਦੇਣ ਲਈ ਹੱਦ ਪੰਜ ਸਾਲ ਲਈ ਸੀਮਤ ਕਰ ਦਿੱਤੀ।

ਇਸ ਕਾਨੂੰਨ ਅਨੁਸਾਰ ਕਾਸ਼ਤਕਾਰਾਂ ਦੇ ਹਿੱਤ ਸੁਰੱਖਿਅਤ ਕਰਨ ਵਿੱਚ ਤਾਂ ਸਫਲਤਾ ਮਿਲ ਗਈ ਪਰ ਇਸ ਨੇ ਜਾਤੀਗਤ ਵਿਤਕਰੇ ਤੇ ਅਲਹਿਦਗੀ ਦੇ ਬੀਜ ਬੀਜ ਦਿੱਤੇ। ਕੌਣ ਕਾਸ਼ਤਕਾਰ ਸੀ ਤੇ ਕੌਣ ਗ਼ੈਰ ਕਾਸ਼ਤਕਾਰ, ਇਸ ਸੁਆਲ ਦਾ ਨਿਪਟਾਰਾ ਜ਼ਮੀਨ ਦੀ ਵਾਸਤਵਿਕ ਮਾਲਕੀ ਨਹੀਂ ਸਗੋਂ ਜ਼ਾਤ ਅਨੁਸਾਰ ਹੁੰਦਾ ਸੀ। ਇਸ ਤਰ੍ਹਾਂ ਸਭ ਜੱਟ, ਰਾਜਪੂਤ ਤੇ ਅਨੁਸੂਚਿਤ ਜਾਤੀਆਂ ਦੇ ਲੋਕ ਕਾਸ਼ਤਕਾਰ ਮੰਨ ਲਏ ਗਏ ਜਦੋਂ ਕਿ ਸਭ ਖੱਤਰੀ, ਅਰੋੜੇ ਤੇ ਬਾਣੀਏ ਗ਼ੈਰ-ਕਾਸ਼ਤਕਾਰ ਕਰਾਰ ਦਿੱਤੇ ਗਏ। ਕਾਨੂੰਨ ਨੇ ਜੱਟ ਮਹਾਜਨਾਂ ਤੇ ਅਰੋੜਾ ਕਾਸ਼ਤਕਾਰ ਵਿੱਚ ਕੋਈ ਛੋਟ ਨਾ ਕੀਤੀ। ਕਈ ਜ਼ਿਲ੍ਹਿਆਂ ਵਿੱਚ ਬ੍ਰਾਹਮਣਾਂ ਨੂੰ ਕਾਸ਼ਤਕਾਰ ਤੇ ਕਈਆਂ ਵਿੱਚ ਉਹਨਾਂ ਨੂੰ ਗ਼ੈਰ-ਕਾਸ਼ਤਕਾਰ ਐਲਾਨਿਆ ਗਿਆ। ਵਿਅਕਤੀਆਂ ਦੀ ਔਕੜਾਂ ਇਤਨੀਆਂ ਨਹੀਂ ਸਨ ਜਿਤਨੀ ਗੰਭੀਰ ਵੱਸੋਂ ਦੀ ਜ਼ਾਤੀ ਦੇ ਆਧਾਰ 'ਤੇ ਵੰਡ ਸੀ। ਮੁਸਲਮਾਨ, ਜਿਹਨਾਂ ਵਿੱਚ ਜ਼ਾਤ-ਪਾਤ ਦੀ ਕੋਈ ਮਹੱਤਤਾ ਨਹੀਂ ਸੀ, ਉਹਨਾਂ 'ਤੇ ਕੋਈ ਖ਼ਾਸ ਪ੍ਰਭਾਵ ਨਾ ਪਿਆ ਨਾ ਹੀ ਇਸ ਦੇ ਵਿਪਰੀਤ ਕਾਰਨਾਂ ਕਰਕੇ ਹਿੰਦੂਆਂ 'ਤੇ। ਹਿੰਦੀ ਬੋਲਦੇ ਹਿੰਦੂ ਜੱਟ ਹਰਿਆਣਾ ਵਿੱਚ ਕੇਂਦਰਿਤ ਸਨ ਤੇ ਉਹਨਾਂ ਦੀ ਪੰਜਾਬੀ ਬੋਲਦੇ ਪੰਜਾਬ ਦੇ ਖੱਤਰੀਆਂ ਤੇ ਅਰੋੜਾ ਹਿੰਦੂਆਂ ਨਾਲ ਘੱਟ ਹੀ ਸਾਂਝ ਸੀ। ਸਭ ਤੋਂ ਅਧਿਕ ਪ੍ਰਭਾਵ ਜਿਸ ਫ਼ਿਰਕੇ 'ਤੇ ਪਿਆ ਉਹ ਸਿੱਖ ਸਨ।

ਉਹਨਾਂ ਨੇ ਜ਼ਾਤ-ਪਾਤ ਦੀਆਂ ਬੰਦਸ਼ਾਂ ਖ਼ਤਮ ਕਰਨ ਲਈ ਕਾਫ਼ੀ ਉੱਦਮ ਕੀਤਾ ਸੀ ਤੇ ਉਹਨਾਂ ਵਿੱਚ ਕਾਫ਼ੀ ਵੱਡੀ ਗਿਣਤੀ ਖੱਤਰੀ ਤੇ ਅਰੋੜੇ ਸਿੱਖਾਂ ਦੀ ਸੀ, ਤੇ ਉਹ ਕਿਉਂਕਿ ਖੇਤੀ ਕਰਦੇ ਸਨ, ਉਹਨਾਂ ਦੀ ਆਪਣੇ ਜੱਟ ਸਿੱਖ ਸਹਿਧਰਮੀਆਂ ਨਾਲ ਆਰਥਕ ਹਿੱਤਾਂ ਦੀ ਸਾਂਝ ਬਣ ਗਈ ਸੀ। ਜ਼ਮੀਨੀ ਇੰਤਕਾਲ ਦੇ ਕਾਨੂੰਨ ਨੇ ਜੱਟ ਸਿੱਖ ਕਿਸਾਨ ਤੇ ਗ਼ੈਰ ਜੱਟ ਸਿੱਖ ਕਿਸਾਨ ਦੇ ਸਬੰਧ ਤੋੜ ਕੇ ਉਹਨਾਂ ਨੂੰ ਵਿਰੋਧੀ ਧਿਰਾਂ ਵਜੋਂ ਲਿਆ ਖੜ੍ਹਾ ਕੀਤਾ। ਸਿੱਟੇ ਵਜੋਂ ਜੱਟ ਸਿੱਖ ਜੱਟ ਹਿੰਦੂ ਤੇ ਜੱਟ ਮੁਸਲਮਾਨ ਦੇ ਵਧੇਰੇ ਨੇੜੇ ਹੋ ਗਿਆ ਤੇ ਅਰੋੜੇ ਤੇ ਖੱਤਰੀ ਸਿੱਖ ਅਰੋੜਾ ਤੇ ਖੱਤਰੀ ਹਿੰਦੂਆਂ ਦੇ ਨੇੜੇ ਹੋ ਗਏ।

ਸਿਆਸੀ ਜੀਵਨ ਵਿੱਚ ਸਿੱਖ ਜੱਟਾਂ ਦੇ ਸਾਂਝੇ ਆਰਥਕ ਹਿਤ ਦੂਸਰੇ ਜੱਟਾਂ ਨਾਲ ਗ਼ੈਰ ਜੱਟ ਸਿੱਖਾਂ ਦੇ ਟਾਕਰੇ 'ਤੇ ਉੱਭਰ ਕੇ ਆਏ। ਆਰਥਕ ਤੇ ਸਿਆਸੀ ਮੱਤਭੇਦਾਂ ਨੇ ਅੰਤ ਵਿੱਚ ਸਮਾਜਕ ਜੀਵਨ ਨੂੰ ਵੀ ਪ੍ਰਭਾਵਿਤ ਕੀਤਾ। ਸਿੱਖ ਜੱਟਾਂ ਨੇ ਗ਼ੈਰ ਜੱਟ ਸਿੱਖਾਂ ਨਾਲੋਂ ਹਿੰਦੂ ਜੱਟਾਂ ਵਿੱਚ ਵਿਆਹ ਕਰਨ ਕਰਾਉਣ ਨੂੰ ਤਰਜ਼ੀਹ ਦਿੱਤੀ ਤੇ ਸਿੱਖ ਖੱਤਰੀਆਂ ਤੇ ਅਰੋੜਿਆਂ ਨੇ ਜੱਟ ਸਿੱਖਾਂ ਨਾਲੋਂ ਬਰਾਬਰ ਦੀਆਂ ਹਿੰਦੂ ਜਾਤੀਆਂ ਵਿੱਚ ਆਪਸੀ ਵਿਆਹ ਕਰਾਉਣ ਨੂੰ ਪਹਿਲ ਦਿੱਤੀ। ਅੰਤ ਵਿੱਚ ਸਿੱਖਾਂ ਵਿੱਚ ਇਕ ਹੋਰ ਤੀਸਰੀ ਜ਼ਾਤ ਮੰਡਲੀ ਅਛੂਤਾਂ ਦੀ ਵੀ ਸੀ। ਸਿੱਖ ਅਛੂਤਾਂ ਨੇ ਅਨੁਭਵ ਕੀਤਾ ਕਿ ਉਹਨਾਂ ਦੀ ਉੱਚ ਜਾਤੀ ਦੇ ਸਿੱਖਾਂ ਨਾਲੋਂ ਹਿੰਦੂ ਅਛੂਤਾਂ ਨਾਲ ਵਧੇਰੇ ਸਾਂਝ ਹੈ। ਉਹਨਾਂ ਨੇ ਅਨੁਸੂਚਿਤ ਜ਼ਾਤੀਆਂ

ਵਾਲੇ ਕਾਨੂੰਨੀ ਅਧਿਕਾਰਾਂ ਦੀ ਮੰਗ ਕੀਤੀ। ਸੰਖੇਪ ਵਿੱਚ ਭੂਮੀ ਇੰਤਕਾਲ ਕਾਨੂੰਨ ਦੇ ਨਾਲ ਧਰਮ ਨਾਲੋਂ ਜ਼ਾਤ ਦਾ ਮਹੱਤਵ ਵੱਧ ਗਿਆ। ਸਿੱਖ ਤਿੰਨ ਜ਼ਾਤ-ਵਰਗਾਂ ਜੱਟਾਂ, ਗ਼ੈਰ ਜੱਟਾਂ (ਜਿਹਨਾਂ ਵਿੱਚ ਬ੍ਰਾਹਮਣ, ਖੱਤਰੀ, ਵੈਸ਼ ਸ਼ਾਮਿਲ ਸਨ) ਤੇ ਅਛੂਤਾਂ (ਮਜ਼੍ਹਬੀਆਂ, ਰਾਮਦਾਸੀਆਂ, ਸਿਕਲੀਗਰਾਂ, ਕਬੀਰਪੰਥੀਆਂ ਆਦਿ ਵਿੱਚ) ਵਿੱਚ ਵੰਡੇ ਗਏ।

1907 ਦਾ ਕਿਸਾਨ ਅੰਦੋਲਨ—ਲੈਂਡ ਏਲੀਨੇਸ਼ਨ ਐਕਟ ਨੇ ਕਾਸ਼ਤ ਵਾਲੀ ਭੂਮੀ ਨੂੰ ਮਹਾਜਨਾਂ ਦੇ ਹੱਥਾਂ ਤੋਂ ਜਾਣੋਂ ਤਾਂ ਬਚਾ ਲਿਆ ਪਰ ਇਸ ਨੇ ਪੇਂਡੂ ਕਰਜ਼ੇ ਦੀ ਸਮੱਸਿਆ ਨੂੰ ਹੱਲ ਨਾ ਕੀਤਾ। ਪੰਜਾਬ ਉੱਪਰ ਕਈ ਕਿਆਮਤਾਂ ਆਈਆਂ। ਕਈ ਜ਼ਿਲ੍ਹਿਆਂ ਵਿੱਚ ਦੋ ਵਾਰ ਕਾਲ ਪਿਆ ਤੇ ਇਕ ਵਾਰ ਸਾਰੇ ਪ੍ਰਾਂਤ ਵਿੱਚ ਗਿਲਟੀਦਾਰ ਪਲੇਗ ਦੀ ਮਹਾਂਮਾਰੀ ਫੈਲੀ ਜਿਸ ਨਾਲ 40 ਲੱਖ ਤੋਂ ਉੱਪਰ ਜਾਨਾਂ ਗਈਆਂ। ਸ਼ਾਸਨ ਇਹਨਾਂ ਆਫਤਾਂ ਪ੍ਰਤੀ ਅਣਭਿੱਜ ਰਿਹਾ। ਇਸ ਨੇ ਮਾਮਲਾ ਮਾਫ ਕਰਨ ਦੀ ਥਾਂ, ਹਰ ਬੰਦੋਬਸਤ[14] ਵਿੱਚ ਇਸ ਨੂੰ ਵਧਾਉਣਾ ਜਾਰੀ ਰੱਖਿਆ ਤੇ ਭੁਗਤਾਨ ਨਾ ਕਰ ਸਕਣ ਵਾਲਿਆਂ ਨੂੰ ਭਾਰੀਆਂ ਸਜ਼ਾਵਾਂ ਦਿੱਤੀਆਂ।

ਬੇਚੈਨੀ ਦਾ ਤੁਰਤ ਕਾਰਨ ਚਨਾਬ ਦੀਆਂ ਨਹਿਰਾਂ ਵਾਲੀ ਨੌ ਆਬਾਦੀ ਵਾਲੀਆਂ ਜ਼ਮੀਨਾਂ ਦੇ ਕਰ ਲਾਉਣ ਦਾ ਬਿੱਲ ਪੇਸ਼ ਕਰਨਾ ਸੀ। ਬਿੱਲ ਇਸ ਧਾਰਨਾ ਕਰਕੇ ਪਾਸ ਕੀਤਾ ਗਿਆ ਕਿ ਜ਼ਮੀਨ ਸਰਕਾਰ ਦੀ ਹੈ ਤੇ ਕਿਸਾਨ ਕੇਵਲ ਮੁਜ਼ਾਰੇ ਸਨ। ਇਹ ਕਿਸਾਨਾਂ ਦੇ ਮਾਲਕੀ-ਹਕੂਕ ਦੀ ਪ੍ਰਚਲੱਤ ਧਾਰਨਾ ਦੇ ਵਿਰੁੱਧ ਸੀ। ਜਿਹੜੀਆਂ ਸਭ ਤੋਂ ਜ਼ਿਆਦਾ ਚੁਭਵੀਆਂ ਤੇ ਦਿਲ-ਦੁਖਾਵੀਆਂ ਧਾਰਾਵਾਂ ਸਨ ਉਹਨਾਂ ਦਾ ਸਬੰਧ ਆਬਦਕਾਰਾਂ ਨੂੰ ਵਸੀਅਤ ਕਰਨ ਦੇ ਹੱਕ ਤੋਂ ਵੰਚਤ ਕਰਨਾ ਤੇ ਉਹਨਾਂ ਨੂੰ ਆਪਣੇ ਖੇਤਾਂ 'ਚੋਂ ਦਰਖਤ ਕੱਟਣ ਦੇ ਹੱਕ 'ਤੇ ਰੋਕ ਲਾਉਣਾ ਸੀ।[15]

ਘਰਾਂ ਦੇ ਨਮੂਨੇ ਤੇ ਸਫ਼ਾਈ ਦੀ ਪੱਧਰ ਬਾਰੇ ਧਾਰਾਵਾਂ ਤਾਂ ਇਤਰਾਜ਼ਯੋਗ ਨਹੀਂ ਸਨ ਪਰ ਉਹ ਧਾਰਾ ਇਤਰਾਜ਼ਯੋਗ ਸੀ ਜਿਸ ਵਿੱਚ ਪ੍ਰਸ਼ਾਸਨ ਨੂੰ ਭੁੱਲ ਚੁੱਕ 'ਦਿੱਤ' ਉੱਪਰ ਕਬਜ਼ਾ ਕਰ ਲੈਣ ਦਾ ਅਧਿਕਾਰ ਸੀ।[16]

ਭਾਰਤੀ ਪ੍ਰੈਸ ਤੇ ਪੰਜਾਬ ਕਾਨੂੰਨਸਾਜ਼ ਅਸੈਂਬਲੀ ਦੇ ਮੈਂਬਰਾਂ ਨੇ ਬਿੱਲ ਦੀ ਸਖ਼ਤ ਆਲੋਚਨਾ ਕੀਤੀ। ਸਿੱਖਾਂ ਵੱਲੋਂ ਬੋਲਦਿਆਂ ਪਰਤਾਪ ਸਿੰਘ ਆਹਲੂਵਾਲੀਆ ਨੇ ਇਤਰਾਜ਼ ਕਰਦਿਆਂ ਕਿਹਾ ਕਿ ਬਿੱਲ ਦਾ ਮਨੋਰਥ ਸਰਕਾਰ ਨੂੰ ਵਿਸਵੇਦਾਰ ਤੇ ਪ੍ਰਬੰਧਕ ਦੋਵੇਂ ਹੀ ਬਣਾ ਦੇਣ ਦਾ ਹੈ। ਇਹ ਮੁਜ਼ਾਰੇ ਦੀ ਕੀਮਤ ਤੇ ਪ੍ਰਬੰਧਕ ਦੇ ਹੱਕਾਂ ਵਿੱਚ ਵਾਧਾ ਕਰਦਾ ਹੈ ਤੇ ਉਹਨਾਂ ਨੂੰ ਦੀਵਾਨੀ ਅਦਾਲਤ ਦੀ ਸੁਰੱਖਿਆ ਤੋਂ ਵੰਚਿਤ ਕਰਦਾ ਹੈ।[17] ਉਸ ਦੇ

---

14. 1891 ਵਿੱਚ ਪੰਜਾਬ ਦਾ ਭੂਮੀ ਲਗਾਨ 1,500,000 ਪੌਂਡ ਸੀ ਜੋ 1906 ਵਿੱਚ 30% ਵੱਧ ਕੇ 1925000 ਪੌਂਡ ਹੋ ਗਿਆ—ਓ ਡੋਨਲ, ਦੀ ਕਾਜਜ਼ ਆਫ ਡਿਸਕਨਟੈਂਟ ਇਨ ਇੰਡੀਆ, ਪੰਨਾ 94.
15. ਬਿੱਲ ਅਨੁਸਾਰ ਆਬਦਕਾਰਾਂ ਲਈ 55 ਦਰਖ਼ਤ ਪ੍ਰਤੀ ਏਕੜ ਲਾਉਣੇ ਲਾਜ਼ਮੀ ਸਨ ਪਰ ਉਹਨਾਂ ਨੂੰ ਬਿਨਾਂ ਆਗਿਆ ਦਰਖ਼ਤ ਵੱਢਣ ਦੇ ਹੱਕ ਤੋਂ ਵਾਂਝਿਆਂ ਕਰ ਦਿੱਤਾ ਗਿਆ।
16. ਐਮ. ਡੇਈ, ਬੰਦੋਬਸਤ ਕਮਿਸ਼ਨਰ, ਪੀ. ਐਲ.ਸੀ.ਈ. 28 ਫਰਵਰੀ 1907
17. ਪੀ.ਐਸ.ਸੀ.ਡੀ. 28 ਫਰਵਰੀ 1907, ਪੰਨਾ 13-15

ਇਤਰਾਜ਼ ਰੱਦ ਕਰ ਦਿੱਤੇ ਗਏ। ਜਦੋਂ ਨੌਆਬਾਦਕਾਰੀ ਬਿੱਲ ਲੋਕਾਂ ਨੂੰ ਅੰਦੋਲਨ ਕਰਨ ਲਈ ਉਤੇਜਤ ਕਰ ਰਿਹਾ ਸੀ ਤਾਂ ਰਾਵਲਪਿੰਡੀ ਜ਼ਿਲ੍ਹੇ ਦੇ ਨਵੇਂ ਬੰਦੋਬਸਤ ਵਿੱਚ ਲਗਾਨ ਦੀ ਦਰ ਵਧਾ ਦਿੱਤੀ ਗਈ ਤੇ ਬਾਰੀ ਦੁਆਬ ਨਹਿਰਾਂ ਦਾ ਆਬੀਆਨਾ ਵੀ ਵਧਾ ਦਿੱਤਾ ਗਿਆ। ਇਸ ਕਾਰਵਾਈ ਤੋਂ ਲਾਇਲਪੁਰ (ਜਿਸ ਨੂੰ ਵਧੇਰੇ ਕਰਕੇ ਸਿੱਖਾਂ ਨੇ ਆਬਾਦ ਕੀਤਾ ਸੀ) ਤੇ ਰਾਵਲਪਿੰਡੀ[18] ਦੇ ਜ਼ਿਲ੍ਹੇ ਜ਼ਿਆਦਾ ਪ੍ਰਭਾਵਿਤ ਹੋਏ।

ਦੁਖੀ ਕਿਰਸਾਣੀ ਨੇ ਪੰਜਾਬ ਨੂੰ ਕ੍ਰਾਂਤੀ ਦੇ ਬੀਜ ਬੀਜਣ ਲਈ ਬੜੀ ਉਪਜਾਊ ਭੂਮੀ ਬਣਾ ਦਿੱਤਾ। ਤੇ ਇਹ ਬੀਜ ਸਾਰੇ ਭਾਰਤ ਤੇ ਅਸਲੀਅਤ ਇਹ ਹੈ ਕਿ ਸਾਰੇ ਏਸ਼ੀਆ ਤੋਂ ਹੀ ਹਵਾ ਦੇ ਝੋਂਕੇ ਵਾਂਗ ਬਹੁਤਾਤ ਵਿੱਚ ਆਇਆ। ਸਿੱਧੜ ਤੇ ਗੰਵਾਰ ਪੰਜਾਬੀ ਜੋ ਯੂਰਪੀਨਾਂ ਨੂੰ ਆਪਣਾ "ਮਾਈ-ਬਾਪ" ਸਮਝਦੇ ਸਨ ਤੇ ਜਿਹਨਾਂ ਦਾ ਉਹ ਪੀਲੇ, ਭੂਰੇ ਤੇ ਕਾਲੇ ਲੋਕਾਂ ਦੀਆਂ ਘਟੀਆ ਨਸਲਾਂ ਉੱਪਰ ਰਾਜ ਕਰਨ ਦਾ ਰੱਬੀ ਹੱਕ ਸਮਝਦੇ ਸਨ, ਨੇ ਰੂਸੀਆਂ ਉੱਪਰ ਜਾਪਾਨੀ ਫ਼ੌਜਾਂ ਦੀ ਜਿੱਤ ਦੀ ਗੂੰਜਾਂ ਪਾਉਂਦੀ ਖ਼ਬਰ ਸੁਣੀ। ਉਹਨਾਂ ਨੇ ਇਹ ਵੀ ਸੁਣਿਆ ਕਿ ਉਹਨਾਂ ਦੇ ਆਪਣੇ ਹਮਵਤਨਾਂ ਨੇ ਸਰਕਾਰ ਨੂੰ 1905 ਦੀ ਬੰਗਾਲ ਦੀ ਵੰਡ (ਬੰਗ-ਭੰਗ) ਰੱਦ ਕਰਨ ਲਈ ਮਜਬੂਰ ਕਰ ਕੇ ਜਿੱਤ ਪ੍ਰਾਪਤ ਕਰ ਲਈ ਹੈ। ਭਾਰਤ ਵਿੱਚ ਦਾਦਾ ਭਾਈ ਨਾਰੋਜੀ ਤੇ ਰਾਨੇਡ ਦੀ ਨਰਮ ਨੀਤੀ ਦੀ ਥਾਂ ਤਿਲਕ ਤੇ ਆਤੰਕਵਾਦੀਆਂ ਨੇ ਗਰਮ ਖਿਆਲੀ ਤੇ ਇਨਕਲਾਬੀ ਢੰਗ ਤਰੀਕੇ ਅਪਣਾ ਲਏ ਸਨ। ਤਿਲਕ ਨੇ ਐਲਾਨ ਕੀਤਾ, "ਸਵਰਾਜ ਸਾਡਾ "ਜਨਮ-ਸਿੱਧ" ਅਧਿਕਾਰ ਹੈ। "ਜੇ ਤੁਸੀਂ ਸਾਨੂੰ ਸਵਰਾਜ ਨਹੀਂ ਦਿਉਗੇ ਤਾਂ ਅਸੀਂ ਤੁਹਾਡੀ ਬੋਟੀ-ਬੋਟੀ ਕਰ ਦਿਆਂਗੇ", ਆਤੰਕਵਾਦੀਆਂ ਨੇ ਕਿਹਾ। ਇਸ ਗੱਲ ਦੀ ਘੱਟ ਹੀ ਸੰਭਾਵਨਾ ਸੀ ਕਿ ਜੋ ਝੱਖੜ ਹਿੰਦੁਸਤਾਨ ਵਿੱਚ ਝੁੱਲ ਗਿਆ ਸੀ, ਉਹ ਪੰਜਾਬ ਤੋਂ ਪਾਸੇ-ਪਾਸੇ ਲੰਘ ਜਾਵੇਗਾ।

ਸ਼ਹਿਰੀ ਸਿਆਸਤਦਾਨਾਂ ਨੇ ਵਿਰੋਧ ਵਿੱਚ ਜਲਸੇ ਜਲੂਸਾਂ ਦੀ ਅਗਵਾਈ ਕੀਤੀ। ਰਾਸ਼ਟਰਵਾਦੀ ਪ੍ਰੈਸ ਨੇ ਉਨ੍ਹਾਂ ਦਾ ਸਮਰਥਨ ਕੀਤਾ ਤੇ ਉਹਨਾਂ ਦੀ ਸਹਾਇਤਾ ਕਰਨ ਦੀ ਤਾਂਘ ਨਾਲ ਉਹਨਾਂ ਦੀਆਂ ਸ਼ਿਕਾਇਤਾਂ ਕਰਨ ਲਈ ਨੌਆਬਾਦਕਾਰੀ ਬਿੱਲ ਨੂੰ ਕਾਲੇ ਭੂਰੇ ਤੇ ਗੋਰੀ ਜ਼ਾਤੀ ਦੇ ਲੋਕਾਂ ਦਾ ਮਸਲਾ ਬਣਾ ਕੇ ਪੇਸ਼ ਕੀਤਾ। ਅੰਗਰੇਜ਼ ਅਧਿਕਾਰੀਆਂ ਨੇ "ਦੀ ਟ੍ਰਿਬਿਊਨ" ਅਤੇ "ਪੰਜਾਬੀ" ਉੱਪਰ "ਹਤੱਕ-ਇੱਜ਼ਤ" ਦੇ ਮੁਕੱਦਮੇ ਦਾਇਰ ਕੀਤੇ। 'ਇੰਡੀਆ' ਤੇ 'ਹਿੰਦੁਸਤਾਨ' ਉੱਪਰ ਸਰਕਾਰ ਨੇ ਬਗ਼ਾਵਤ ਦੇ ਮੁਕੱਦਮੇ ਦਾਇਰ ਕੀਤੇ।[19]

ਮਾਰਚ 1907 ਵਿੱਚ ਸ਼ਹਿਰਾਂ ਤੇ ਪ੍ਰਭਾਵਿਤ ਨੌਆਬਾਦੀਆਂ ਵਿੱਚ ਮਾਹੌਲ ਬਹੁਤ ਤਨਾਅਪੂਰਨ ਹੋ ਗਿਆ। ਹਰ ਇਕ ਦੇ ਬਲ੍ਹਾਂ ਤੇ "ਪਗੜੀ ਸੰਭਾਲ ਜੱਟਾ" ਦਾ ਨਵਾਂ ਗੀਤ ਸੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਲੈਫ. ਗਵਰਨਰ ਸਰ ਚਾਰਲਸ

---

18. ਜ਼ਿਲ੍ਹੇ ਵਿੱਚੋਂ ਭੂਮੀ ਲਗਾਨ 1864 ਵਿੱਚ 27500 ਪੌਂਡ ਤੋਂ ਵੱਧ ਕੇ 1884 ਵਿੱਚ 36000 ਪੌਂਡ ਤੇ 1904 ਵਿੱਚ 45000 ਪੌਂਡ ਹੋ ਗਿਆ—ਓ ਡੋਨਲ—ਦੀ ਕਾਜ਼ਜ਼ ਔਫ ਪਰੈਜ਼ੈਂਟ ਡਿਸਕੰਟੈਂਟ ਇਨ ਇੰਡੀਆ, ਪੰਨਾ 101
19. 'ਹਿੰਦੁਸਤਾਨੀ' ਨੇ ਅੰਗਰੇਜ਼ੀ ਭਾਰਤ ਦੀਆਂ ਦੇਸੀ ਸੈਨਾਵਾਂ ਨੂੰ ਸੰਦੇਸ਼ ਦਿੱਤਾ—"ਬੰਦੇ ਮਾਤਰਮ, ਸਿਪਾਹੀ ਮੱਤ ਬਣੋ" ਭਾਵ ਅੰਗਰੇਜ਼ੀ ਫ਼ੌਜ ਵਿੱਚ ਭਰਤੀ ਨਾ ਹੋਵੋ!" ਸਿਵਲ ਐਂਡ ਮਿਲਟਰੀ ਗਜ਼ਟ—28 ਜੁਲਾਈ 1907

ਰਿਵਾਜ਼ ਦੀ ਵਿਦਾਇਗੀ ਪਾਰਟੀ ਦੇ ਵਿਰੋਧ ਵਿੱਚ ਮੁਜ਼ਾਹਰਾ ਕੀਤਾ।[20] ਵੱਡੇ ਸ਼ਹਿਰਾਂ ਵਿੱਚ ਵਕੀਲਾਂ ਤੇ ਆਰੀਆ ਸਮਾਜੀਆਂ ਨੇ ਵਿਰੋਧ ਵਿੱਚ ਸਮਾਗਮ ਕੀਤੇ।[21]

ਸਿਪਾਹੀਆਂ ਦੇ ਵਿਦਰੋਹ ਦੀ 50ਵੀਂ ਵਰ੍ਹੇ ਗੰਢ ਦੇ ਮੌਕੇ ਤੇ ਸੂਬੇ ਭਰ ਵਿੱਚ ਰੋਸ ਦਿਵਸ ਮਨਾਇਆ ਗਿਆ। ਕਈ ਥਾਵਾਂ 'ਤੇ ਖ਼ਾਸ ਕਰਕੇ ਲਾਇਲਪੁਰ ਵਿੱਚ ਵਿਖਾਵਾਕਾਰੀਆਂ ਨੂੰ ਸਖ਼ਤੀ ਨਾਲ ਖਿੰਡਾਉਣਾ ਪਿਆ। ਲਾਜਪਤ ਰਾਏ, ਅਜੀਤ ਸਿੰਘ ਤੇ ਕੁਝ ਵਕੀਲ ਜਿਹਨਾਂ ਤੇ ਗੜਬੜ ਭੜਕਾਉਣ ਦਾ ਸ਼ੱਕ ਸੀ, ਉਹਨਾਂ ਨੂੰ ਗਰਿਫ਼ਤਾਰ ਕਰ ਲਿਆ ਗਿਆ। ਪਹਿਲੇ ਦੋਵੇਂ ਬਰਮਾ ਵਿੱਚ ਜਲਾਵਤਨ ਕਰ ਦਿੱਤੇ ਗਏ।

ਇਸ ਸਖ਼ਤੀ ਦੇ ਬਾਵਜੂਦ ਬਿੱਲ ਦਾ ਵਿਰੋਧ ਉਸੇ ਤਰ੍ਹਾਂ ਜਾਰੀ ਰਿਹਾ। ਹਕੂਮਤ ਨੇ ਅਨੁਭਵ ਕਰ ਲਿਆ ਕਿ ਇਸ ਕਦਮ ਨੇ ਸਿੱਖ ਸਿਪਾਹੀਆਂ[22] ਵਿੱਚ ਬੇਚੈਨੀ ਪੈਦਾ ਕਰ ਦਿੱਤੀ ਹੈ ਜਿਹਨਾਂ 'ਚੋਂ ਬਹੁਤ ਸਾਰਿਆਂ ਦੇ ਨੌਂ ਆਬਾਦੀਆਂ 'ਚ ਰਿਸ਼ਤੇਦਾਰ ਹਨ, ਇਸ ਲਈ ਗਵਰਨਰ ਜਨਰਲ ਲਾਰਡ ਮਿੰਟੋ ਨੇ ਬਿੱਲ ਨਾਮੰਜ਼ੂਰ ਕਰ ਦਿੱਤਾ। ਭੂਮੀ ਲਗਾਨ ਤੇ ਆਬਿਆਨਾ ਵੀ ਘੱਟ ਕਰ ਦਿੱਤੇ ਗਏ।[23] ਸਮਰਾਟ ਦੇ ਜਨਮ ਦਿਨ ਨੂੰ ਆਮ ਮਾਫੀ ਦੇਣ ਦਾ ਐਲਾਨ ਕਰਨ ਲਈ ਬਹਾਨੇ ਵਜੋਂ ਵਰਤਿਆ ਗਿਆ ਤੇ ਪੰਜਾਬ ਦੇ ਨੇਤਾ ਛੇ ਮਹੀਨਿਆਂ ਮਗਰੋਂ ਬਰਮਾ 'ਚੋਂ ਵਾਪਸ ਆ ਗਏ।[24]

---

20. ਵਿਦਿਆਰਥੀਆਂ ਦੇ ਵਿਖਾਵੇ ਦੇ ਪ੍ਰਬੰਧਕਾਂ ਵਿੱਚ ਤਾਰਾ ਸਿੰਘ ਵੀ ਸੀ ਜੋ ਮਗਰੋਂ ਜਾ ਕੇ ਸਿੱਖ ਰਾਜਨੀਤੀ ਦੀ ਪ੍ਰਮੁੱਖ ਸ਼ਖ਼ਸੀਅਤ ਬਣ ਗਿਆ।
21. ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪਰਸ਼ਾਦ, ਭਾਰਤ ਮਾਤਾ ਸਭਾ ਦੇ ਅਜੀਤ ਸਿੰਘ ਤੇ 'ਇੰਡੀਆ' ਦੇ ਸੰਪਾਦਕ ਪਿੰਡੀ ਦਾਸ ਨੇ ਅੱਗੇ ਵੱਧ ਕੇ ਹਿੱਸਾ ਲਿਆ।
22. ਭਾਰਤ ਸਕੱਤਰ ਮਿਸਟਰ ਮਾਰਲੇ ਨੇ ਪਾਰਲੀਮੈਂਟ ਵਿੱਚ ਭਾਸ਼ਨ ਦਿੰਦਿਆਂ ਕਿਹਾ, "ਅੰਦੋਲਨ ਵਿੱਚ, ਕਿਹਾ ਜਾਂਦਾ ਹੈ, ਸਿੱਖਾਂ ਵੱਲ ਖ਼ਾਸ ਧਿਆਨ ਦਿੱਤਾ ਗਿਆ ਹੈ, ਤੇ ਉਹ ਜਿਵੇਂ ਕਿ ਹਾਊਸ ਨੂੰ ਪਤਾ ਹੈ, ਭਾਰਤ ਦੇ ਸਰਵੋਤਮ ਸਿਪਾਹੀ ਹਨ। ਉਹਨਾਂ ਦੀ ਸਮਾਗਮਾਂ ਵਿੱਚ ਹਾਜ਼ਰੀ ਪ੍ਰਾਪਤ ਕਰਨ ਲਈ, ਉਹਨਾਂ ਦੀ ਹਮਦਰਦੀ ਲੈਣ ਤੇ ਉਹਨਾਂ ਦੇ ਜਜ਼ਬਾਤ ਭੜਕਾਉਣ ਦੀ ਉਚੇਚੀ ਕੋਸ਼ਿਸ਼ ਕੀਤੀ ਗਈ ਹੈ। ਅਜੇ ਤੱਕ ਤਾਂ ਅੰਦੋਲਨ ਵਧੇਰੇ ਕਰਕੇ ਉਹਨਾਂ ਜ਼ਿਲ੍ਹਿਆਂ ਤੱਕ ਸੀਮਤ ਹੈ ਜਿੱਥੇ ਸਿੱਖ ਬਹੁਤਾਤ ਵਿੱਚ ਹਨ।"
    ਇੰਡੀਅਨ ਡੀਬੇਟਸ ਸੈਸ਼ਨ, 1907, ਹਾਊਸ ਔਫ ਕਾਮਨਜ਼, 'ਜੂਨ 1907, ਪੰਨਾ 177, ਪੰਜਾਬ ਸਰਕਾਰ ਦਾ ਵਿਚਾਰ ਸੀ ਕਿ ਅੰਦੋਲਨਕਾਰੀਆਂ ਦੀਆਂ 28 ਮੀਟਿੰਗਾਂ ਵਿੱਚੋਂ ਸਿਰਫ਼ 5 ਦਾ ਸੰਬੰਧ ਹੀ ਕਿਸਾਨਾਂ ਦੀਆਂ ਸ਼ਿਕਾਇਤਾਂ ਨਾਲ ਸੀ, ਬਾਕੀ ਤਾਂ ਜ਼ਿਆਦਾ ਕਰਕੇ ਰਾਜਸੀ ਕਿਸਮ ਦੀਆਂ ਸਨ।
23. ਆਬਿਆਨੇ ਦੀ ਆਮਦਨ ਕਾਫ਼ੀ ਮਹੱਤਵਪੂਰਨ ਸੀ। 70 ਲੱਖ ਪੌਂਡ ਦੀ ਜੋ ਪੂੰਜੀ ਲਗਾਈ ਸੀ ਉਸ ਵਿੱਚੋਂ 1906-07 ਵਿੱਚ ਪੰਜਾਬ ਦੀਆਂ ਨਹਿਰਾਂ ਨੇ 10½ ਪ੍ਰਤੀਸ਼ਤ ਦਾ ਮੁਨਾਫਾ ਦਿੱਤਾ ਜਦਕਿ ਚਨਾਬ ਨਹਿਰਾਂ ਦੀਆਂ ਨੌਂਆਬਾਦੀਆਂ 'ਚੋਂ 22% ਆਮਦਨੀ ਸੀ। ਚਨਾਬ ਦੀਆਂ ਨੌਂ ਆਬਾਦੀਆਂ ਵਿੱਚ ਹੀ ਅੰਦੋਲਨ ਸਭ ਤੋਂ ਸ਼ਕਤੀਸ਼ਾਲੀ ਸੀ। — ਡੋਨਲ, ਦੀ ਕਾਜਜ਼ ਔਫ ਪਰੈਜ਼ੈਂਟ ਡਿਸਕਨਟੈਂਟ ਇਨ ਇੰਡੀਆ, ਪੰਨਾ 98
24. ਗਰਿਫ਼ਤਾਰ ਵਕੀਲਾਂ ਨੂੰ ਜ਼ਮਾਨਤ ਤੇ ਰਿਹਾਅ ਕਰਨ ਤੋਂ ਪਹਿਲਾਂ ਪੰਜ ਮਹੀਨੇ ਜੇਲ੍ਹ ਵਿੱਚ ਰੱਖਿਆ ਗਿਆ। ਕੁਝ ਦਿਨ ਮਗਰੋਂ ਉਹਨਾਂ ਨੂੰ ਜੱਜ ਮਾਰਟੀਨਿਊ ਨੇ ਬਰੀ ਕਰ ਦਿੱਤਾ ਕਿਉਂਕਿ ਸਰਕਾਰੀ ਪੱਖ ਵੱਲੋਂ ਗਵਾਹੀ "ਵੈਰ-ਭਾਵਨਾ ਵਾਲੀ ਵੀ ਸੀ ਤੇ ਭਰੋਸੇਯੋਗ ਵੀ ਨਹੀਂ ਸੀ।" ਉਹੀ, ਪੰਨਾ 100

ਕਾਂਡ—11

ਪਹਿਲਾ ਸੰਸਾਰ ਯੁੱਧ ਤੇ ਇਸ ਦੇ ਸਿੱਟੇ

ਸਿੱਖਾਂ ਦਾ 1914-18 ਦੇ ਯੁੱਧ ਵਿੱਚ ਯੋਗਦਾਨ—1857 ਦੇ ਵਿਦਰੋਹ ਤੋਂ ਪਿੱਛੋਂ ਸਿੱਖ ਅੰਗਰੇਜ਼ ਸੈਨਾ ਦਾ ਇਕ ਮਹੱਤਵਪੂਰਨ ਹਿੱਸਾ ਬਣੇ ਰਹੇ। ਜਦੋਂ ਜੰਗ ਛਿੜ ਗਈ ਤਾਂ ਸਿੱਖਾਂ ਦੀ ਭਰਤੀ ਬੜੀ ਤੇਜ਼ੀ ਨਾਲ ਕੀਤੀ ਗਈ। ਸਿੱਖਾਂ ਦੀ ਗਿਣਤੀ ਜੋ 1915 ਦੇ ਸ਼ੁਰੂ ਵਿੱਚ 35000 ਸੀ ਜੰਗ ਦੇ ਖ਼ਾਤਮੇ ਤੱਕ[1], ਇਕ ਲੱਖ ਹੋ ਗਈ ਤੇ ਇਸ ਤਰ੍ਹਾਂ ਕਾਰਜਸ਼ੀਲ ਸੈਨਾ ਦਾ 1/5 ਹਿੱਸਾ ਬਣ ਗਈ।

ਦੇਸ਼ੀ ਰਾਜਿਆਂ ਦੀਆਂ ਰਿਆਸਤਾਂ ਵਿੱਚੋਂ ਫ਼ੌਜੀ ਭਰਤੀ ਜ਼ਿਆਦਾ ਪ੍ਰਭਾਵਸ਼ਾਲੀ ਸੀ। ਪਟਿਆਲਾ ਜੀਂਦ, ਕਪੂਰਥਲਾ, ਨਾਭਾ, ਫ਼ਰੀਦਕੋਟ ਤੇ ਕਲਸੀਆ ਵਿੱਚੋਂ 60 ਹਜ਼ਾਰ ਫ਼ੌਜੀ ਭਰਤੀ ਕੀਤੇ ਗਏ ਤੇ (ਇਹ ਭਰਤੀ ਕਿਸੇ ਵੀ ਬਰਤਾਨਵੀ ਜ਼ਿਲ੍ਹੇ ਨਾਲ ਮੁਕਾਬਲੇ ਵਿੱਚ ਸਭ ਤੋਂ ਅਧਿਕ ਤੇ ਕਿਸੇ ਹੋਰ ਸ਼ਾਹੀ ਰਿਆਸਤ ਦੇ ਟਾਕਰੇ ਤੋਂ ਚੌਗੁਣੀ ਸੀ) ਇਹ ਭਰਤੀ ਸਭ ਤੋਂ ਅਧਿਕ ਸੀ। ਮਹਾਰਾਜਾ ਪਟਿਆਲਾ, ਜੀਂਦ ਤੇ ਕਪੂਰਥਲਾ ਨੇ ਆਪਣੀਆਂ ਨਿੱਜੀ ਸੇਵਾਵਾਂ ਦੀ ਪੇਸ਼ਕਸ਼ ਵੀ ਕੀਤੀ ਤੇ ਦੂਸਰੇ ਰਾਜਿਆਂ ਨੇ ਨਕਦ ਰੁਪੈ ਤੇ ਸਾਜ਼ੋ ਸਾਮਾਨ ਨਾਲ ਸਹਾਇਤਾ ਕੀਤੀ।

ਸਿੱਖ ਫ਼ੌਜੀ ਯੂਰਪ, ਤੁਰਕੀ ਤੇ ਅਫ਼ਰੀਕਾ ਵਿੱਚ ਜੰਗ ਦੇ ਸਭ ਮੁਹਾਜ਼ਾਂ ਤੇ ਲੜੇ ਤੇ ਆਪਣੀ ਵੀਰਤਾ ਨਾਲ ਆਪਣੀ ਕੌਮ ਦਾ ਮਾਨ ਵਧਾਇਆ। ਉੱਘੀ ਬਹਾਦਰੀ ਲਈ ਭਾਰਤੀਆਂ ਨੂੰ ਮਿਲੇ 22 ਸਨਮਾਨਾਂ 'ਚੋਂ 14 ਸਿੱਖਾਂ ਨੇ ਜਿੱਤੇ। ਪੰਜਾਬ ਦੇ ਸਰਕਾਰੀ ਬਿਰਤਾਂਤਕਾਰ ਨੇ ਜੰਗ ਵਿੱਚ ਸੇਵਾਵਾਂ ਤੇ ਯਤਨਾਂ ਦਾ ਉਲੇਖ ਕਰਦਿਆਂ ਲਿਖਿਆ ਹੈ : "ਇਸ ਵਿੱਚ ਪੂਰਨ ਸੱਚਾਈ ਹੈ ਕਿ ਲਗਭਗ ਪ੍ਰਾਂਤ ਦੇ ਹਰ ਭਾਗ ਵਿੱਚੋਂ ਸਿੱਖ ਵੱਡੀ ਗਿਣਤੀ ਵਿੱਚ ਅੱਗੇ ਆਏ ਤੇ ਉਹਨਾਂ ਨੇ ਆਪਣਾ ਕੀਰਤੀਮਾਨ ਸਥਾਪਿਤ ਕੀਤਾ ਜਿਸ ਵਿੱਚ ਕਿਸੇ ਪ੍ਰਕਾਰ ਦੀ ਟੀਕਾ-ਟਿੱਪਣੀ ਤੇ ਆਲੋਚਨਾ ਦੀ ਗੁੰਜਾਇਸ਼ ਨਹੀਂ ਹੈ।[2]

---

1. ਐਮ.ਐਸ. ਲੇਹ, ਦੀ ਪੰਜਾਬੀ ਐਂਡ ਦੀ ਵਾਰ, ਪੰਨਾ 44
2. ਉਹੀ, ਪੰਨਾ 107-08. ਜੰਗ ਦੇ ਖ਼ਤਮ ਹੋਣ ਪਿੱਛੋਂ ਸਿੱਖ ਅਸੈਂਬਲੀ ਮੈਂਬਰਾਂ ਨੇ ਆਪਣੇ ਫ਼ਿਰਕੇ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸੱਜਣ ਸਿੰਘ ਨੇ ਕਿਹਾ, "ਮੇਰੇ ਫਿਰਕੇ ਨੇ ਲਗਭਗ ਹਰ ਸਿੱਖ ਜ਼ਿਲ੍ਹੇ 'ਚੋਂ ਦੂਸਰੇ ਮੁਸਲਮਾਨ ਤੇ ਹਿੰਦੂ ਫਿਰਕਿਆਂ ਦੇ ਮੁਕਾਬਲੇ ਭਾਰੀ ਗਿਣਤੀ ਵਿੱਚ ਰੰਗਰੂਟ ਭਰਤੀ ਕਰਵਾਏ ਹਨ। ....ਮੇਰੇ ਕੋਲ ਸਹੀ ਅੰਕੜੇ ਤਾਂ ਨਹੀਂ ਹਨ ਪਰ ਪੰਜਾਬ ਦੇ 4 ਲੱਖ ਬਹਾਦਰ ਸਪੂਤਾਂ ਵਿੱਚੋਂ ਜੋ ਸ਼ਹਿਨਸ਼ਾਹ ਲਈ ਲੜਾਈ ਵਿੱਚ ਗਏ 1/3 ਭਾਗ ਸਿੱਖ ਸਨ। ਸਾਨੂੰ ਸਿੱਖਾਂ ਨੂੰ ਇਸ 'ਤੇ ਮਾਨ ਹੈ। ਜੇ ਸਾਨੂੰ ਆਪਣੀ ਵਫ਼ਾਦਾਰੀ ਤੇ ਸਰਕਾਰ ਪ੍ਰਤੀ ਸ਼ਰਧਾ ਤੇ ਮਾਨ ਸੀ ਤਾਂ ਅੱਜ ਇਹ ਮਾਨ ਹੋਰ ਵੀ ਵਧੇਰੇ ਹੈ। ਪੀ.ਐਲ.ਸੀ. ਡੀ. 20, 1918, ਪੰਨਾ 387-88

ਜੰਗ ਦੇ ਸਿੱਟੇ : 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਦਾ ਕਤਲਾਮ—ਕਿਉਂਕਿ ਸਿੱਖਾਂ ਨੇ ਜੰਗ ਵਿੱਚ ਫ਼ੌਜੀਆਂ ਤੇ ਸਾਜ਼ੋਸਾਮਾਨ ਨਾਲ ਭਾਰਤ ਦੇ ਕਿਸੇ ਹੋਰ ਫਿਰਕੇ ਦੇ ਮੁਕਾਬਲੇ ਵਧੇਰੇ ਯੋਗਦਾਨ ਪਾਇਆ ਸੀ, ਇਸ ਲਈ ਇਹ ਹੈਰਾਨੀ ਵਾਲੀ ਗੱਲ ਬਿਲਕੁਲ ਨਹੀਂ ਸੀ ਜੇ ਉਹਨਾਂ ਨੇ ਇਤਹਾਦੀਆਂ ਦੇ ਜਿੱਤ ਵਿੱਚ ਆਪਣੀ ਭੂਮਿਕਾ ਨੂੰ ਬਹੁਤ ਜ਼ਿਆਦਾ ਵਧਾ ਕੇ ਵੇਖਿਆ ਤੇ ਉਹ ਇਹਨਾਂ ਸੇਵਾਵਾਂ ਬਦਲੇ ਖ਼ਾਸ ਰਿਆਇਤਾਂ ਤੇ ਇਨਾਮ ਦੀ ਉਮੀਦ ਵੀ ਕਰਨ ਲੱਗੇ। ਪ੍ਰੰਤੂ ਉਹਨਾਂ ਨੂੰ ਇਹ ਵੇਖ ਕੇ ਦੁੱਖ ਹੋਇਆ ਕਿ ਸਥਾਨਕ ਕਰਮਚਾਰੀ ਤੇ ਪੁਲੀਸ ਉਹਨਾਂ ਨੂੰ "ਵੀਰ ਨਾਇਕ" ਸਮਝਣ ਦੀ ਥਾਂ ਉਹਨਾਂ ਨਾਲ ਪਹਿਲਾਂ ਵਾਂਗ ਹੀ ਆਮ ਪੇਂਡੂ ਗਵਾਰ ਸਮਝ ਕੇ ਸਲੂਕ ਕਰਦੀ ਰਹੀ। ਉਹਨਾਂ ਨੇ ਪਹਿਲੀ ਵਾਰ ਕੈਨੇਡਾ ਤੇ ਅਮਰੀਕਾ ਦੇ ਗੋਰਿਆਂ ਹੱਥੋਂ ਸਿੱਖ ਪਰਵਾਸੀਆਂ ਦੇ ਅਪਮਾਨ ਦੀ ਤੇ ਗ਼ਦਰੀਆਂ ਦੀ ਬਗ਼ਾਵਤ[3] ਦੀ ਅਤੇ ਘਿਨਾਉਣੀਆਂ ਸਾਜ਼ਿਸ਼ਾਂ ਦੇ ਮੁਕੱਦਮਿਆਂ, ਫਾਂਸੀਆਂ, ਦੇਸ਼ ਨਿਕਾਲੇ ਤੇ ਪਿੰਡਾਂ ਵਿੱਚ ਲਗਭਗ ਆਪਣੇ 5000 ਗਦਰੀ ਸਹਿਧਰਮੀਆਂ ਦੀ ਪੂਰੀ ਕਹਾਣੀ ਸੁਣੀ। ਉਹਨਾਂ ਦੇ ਪੇਂਡੂ ਸਾਥੀਆਂ ਨੇ ਹਾਕਮਾਂ ਹੱਥੋਂ ਉਹਨਾਂ ਉੱਪਰ ਸਖ਼ਤੀਆਂ ਬਾਰੇ ਵੀ ਦੱਸਿਆ। ਉਹਨਾਂ ਨੂੰ ਉਸ "ਪੂਰਤੀ ਵਿਧੀ" ਦੀ ਜਾਣਕਾਰੀ ਵੀ ਦਿੱਤੀ ਗਈ ਜਿਸ ਰਾਹੀਂ ਹਰ ਪਿੰਡ ਨੂੰ ਖ਼ਾਸ ਗਿਣਤੀ ਦੇ ਰੰਗਰੂਟ ਜ਼ਬਰੀ ਭਰਤੀ ਕਰਾਉਣ ਦੇ ਹੁਕਮ ਦਿੱਤੇ ਗਏ।[4] ਤੇ ਉਸ ਜ਼ਿਆਦਤੀ ਬਾਰੇ ਵੀ ਦੱਸਿਆ ਗਿਆ ਜੋ ਮਾਇਕ ਸਹਾਇਤਾ ਇਕੱਠੀ ਕਰਨ ਲਈ ਕੀਤੀ ਗਈ।[5] ਕੁਝ ਦੂਸਰੇ ਕਾਰਨਾਂ ਨੇ ਧੁਖ ਰਹੀ ਅੱਗ ਨੂੰ ਹੋਰ ਹਵਾ ਦਿੱਤੀ। ਗਰਮੀ ਰੁੱਤ ਦੀ ਬਾਰਸ਼ ਨਾ ਹੋਈ, ਤੇ ਰਬੀ (ਸਿਆਲੂ ਫ਼ਸਲ) ਬੜੀ ਘੱਟ ਹੋਈ, ਰਹਿਣ-ਸਹਿਣ ਦਾ ਖ਼ਰਚਾ ਪਹਿਲਾਂ ਨਾਲੋਂ ਵੀ ਵੱਧ ਗਿਆ।[6] ਸ਼ਹਿਰੀ ਵਸੋਂ ਨੂੰ ਆਮਦਨ ਕਰ ਲਾਏ ਜਾਣ ਕਾਰਨ ਹੋਰ ਸੱਟ ਝੱਲਣੀ ਪਈ ਕਿਉਂਕਿ ਇਹ ਵਾਧਾ ਕਈ ਹਾਲਤਾਂ ਵਿੱਚ 100% ਤੋਂ 200% ਹੋ ਗਿਆ।[7] ਸਭ ਤੋਂ ਵੱਡੀ ਗੱਲ ਕਿ ਸਾਰੇ ਮੁਲਕ ਵਿੱਚ ਇਨਫਲੂੰਜ਼ਾ ਦੀ ਮਹਾਂਮਾਰੀ ਫੈਲ ਗਈ ਜਿਸ ਨੇ ਭਾਰੀ ਜਾਨੀ ਨੁਕਸਾਨ ਕੀਤਾ। 1918 ਦੇ ਅੰਤ ਤੱਕ

---

3. 12ਵੇਂ ਕਾਂਡ ਵਿੱਚ ਚਰਚਾ ਕੀਤੀ ਗਈ ਹੈ।
4. ਜੰਗ ਦੇ ਅੰਤਲੇ ਸਾਲਾਂ ਵਿੱਚ ਮਨੁੱਖੀ ਸਾਧਨਾਂ ਤੇ ਹੋਰ ਦਬਾਅ ਪਿਆ। ਇਹ ਰੂਸ ਦੇ ਪਤਨ ਤੇ ਉੱਤਰ-ਪੱਛਮੀ ਸੀਮਾ ਤੇ ਮਾਸੂਦ, ਮੁਹੰਮਦ ਤੇ ਮੜੀ ਕਬਾਇਲੀਆਂ ਦੀ ਬਗ਼ਾਵਤ ਕਾਰਨ ਹੋਇਆ।
5. ਬੰਬਈ ਦੇ ਗਵਰਨਰ ਲਾਰਡ ਵਿਲੰਗਡਨ ਨੇ ਦਬਾ ਤੇ ਪ੍ਰੇਰਨਾ ਦੀ ਉਕਤੀ ਦੀ ਵਰਤੋਂ ਕੀਤੀ। ਬੰਬਈ ਦੀ ਪੁਲੀਸ ਨੇ ਕਈ ਵਾਰ ਪੇਂਡੂਆਂ ਉੱਪਰ ਲਾਈ ਰਕਮ ਉਗਰਾਹੁਣ ਲਈ ਖੂਹਾਂ ਤੋਂ ਪਾਣੀ ਲੈਣ 'ਤੇ ਰੋਕ ਲਾ ਦਿੱਤੀ। —ਬੀ.ਜੀ. ਹੋਰਨੀ ਰਾਮ, ਅੰਮ੍ਰਿਤਸਰ ਐਂਡ ਅਵਰ ਡਿਊਟੀ ਟੂ ਇੰਡੀਆ, ਪੰਨਾ 24
6. 1914 ਦੇ ਮੁਕਾਬਲੇ ਕਣਕ ਦੀ ਕੀਮਤ 47%, ਵਿਦੇਸ਼ੀ ਕੱਪੜਾ 175%, ਦੇਸੀ ਕੱਪੜਾ 100%, ਖੰਡ 68% ਵਧ ਗਈ। ਜਰਮਨੀ ਦੀਆਂ ਡੁਬਕਣੀ ਬੇੜੀਆਂ ਨੇ ਆਯਾਤ 'ਤੇ ਰੋਕ ਲਾ ਦਿੱਤਾ। ਕੋਇਲੇ ਦੀ ਘਾਟ ਨੇ ਰੇਲ ਰਾਹੀਂ ਢੋਆ-ਢੁਆਈ ਘਟਾ ਦਿੱਤੀ।
7. ਹੰਟਰ ਕਮੇਟੀ ਰਿਪੋਰਟ, ਡਿਸਆਰਡਰ ਇਨਕੁਆਇਰੀ ਕਮੇਟੀ ਰਿਪੋਰਟ, ਪੰਨਾ 152

ਇਕ ਲੱਖ ਤੋਂ ਵੱਧ ਪੰਜਾਬੀ ਫਲੂ ਦਾ ਸ਼ਿਕਾਰ ਹੋ ਗਏ। ਪ੍ਰਾਂਤ ਵਿੱਚ ਨਿਰਾਸਤਾ ਤੇ ਉਪਰਾਮਤਾ ਦਾ ਮਾਹੌਲ ਪੈਦਾ ਹੋ ਗਿਆ। ਜਦੋਂ ਲੋਕਾਂ ਨੂੰ ਆਪਣੇ ਕਸ਼ਟਾਂ ਨੂੰ ਸਹਿਣ ਤੇ ਸ਼ਾਂਤ ਕਰਨ ਲਈ ਸਹਾਇਤਾ ਤੇ ਭਰੋਸੇ ਦੀ ਮਰਹਮ ਦੀ ਲੋੜ ਸੀ, ਸਰਕਾਰ ਨੇ ਉਹਨਾਂ ਦੇ ਜ਼ਖ਼ਮਾਂ 'ਤੇ ਲੂਣ ਘਸਾ ਦਿੱਤਾ।

ਜੰਗ ਸਮੇਂ ਸਖ਼ਤੀ ਦੇ ਲਾਗੂ ਕੀਤੇ ਕਦਮ ਹਟਾਏ ਨਾ ਗਏ ਸਗੋਂ ਹੋਰ ਸਖ਼ਤ ਕਿਸਮ ਦੇ ਕਾਨੂੰਨ ਲਾਗੂ ਕਰਨ ਦੀ ਵਿਉਂਤ ਕੀਤੀ ਗਈ। ਪੰਜਾਬ ਦੇ ਗਵਰਨਰ ਸਰ ਮਾਈਕਲ ਉਡਵਾਇਰ ਨੇ ਸਵਰਾਜ ਦੇ ਖ਼ਿਆਲ ਨੂੰ ਸ਼ਹਿਰੀ ਬਾਬੂਆਂ ਤੇ ਵਕੀਲਾਂ ਦੇ ਦਿਮਾਗ਼ ਦੀ ਊਟ-ਪਟਾਂਗ ਕਲਪਨਾ ਸਮਝ ਕੇ ਮਖ਼ੌਲ ਉਡਾਉਂਦਾ ਸੀ।[8] ਉਸ ਨੇ ਕੌਮੀ ਨੇਤਾਵਾਂ ਦਾ ਪ੍ਰਾਂਤ ਵਿੱਚ ਦਾਖਲਾ ਬੰਦ ਕਰ ਦਿੱਤਾ ਤੇ ਕ੍ਰਾਂਤੀਕਾਰੀਆਂ ਦੇ ਅਪਰਾਧਾਂ ਦੇ ਟਾਕਰਾ ਕਰਨ ਲਈ ਵਿਚਾਰੇ ਗਏ ਰੌਲਟ ਬਿੱਲਾਂ ਵਿਰੁੱਧ ਅੰਦੋਲਨ ਨੂੰ ਕੁਚਲਣ ਲਈ ਸਖ਼ਤ ਕਦਮ ਉਠਾਏ ਗਏ।[9] ਜਿਹੜੀਆਂ ਤਬਦੀਲੀਆਂ ਉਸ ਨੇ ਤਜ਼ਵੀਜ਼ ਕੀਤੀਆਂ ਉਹਨਾਂ ਵਿਰੁੱਧ ਨਾ ਵਕੀਲ, ਨਾ ਦਲੀਲ, ਨਾ ਅਪੀਲ ਹੋ ਸਕਦੀ ਸੀ। ਫਿਰ ਵੀ ਮਾਰਚ ਵਿੱਚ ਇਹ ਬਿੱਲ ਕਾਨੂੰਨ ਬਣ ਗਏ।[10]

ਮਹਾਤਮਾ ਗਾਂਧੀ ਜੋ ਰੌਲਟ ਬਿੱਲਾਂ ਵਿਰੁੱਧ ਅੰਦੋਲਨ ਦੀ ਅਗਵਾਈ ਕਰ ਰਿਹਾ ਸੀ, ਉਸ ਨੇ ਇਹਨਾਂ ਦਾ ਲੋਕਾਂ ਵੱਲੋਂ ਵਿਰੋਧ ਪ੍ਰਗਟ ਕੀਤੇ ਜਾਣ ਲਈ ਮੁਕੰਮਲ ਹੜਤਾਲ ਦਾ ਸੱਦਾ ਦਿੱਤਾ। ਕਈ ਥਾਂਈਂ ਫ਼ਸਾਦ ਹੋਏ ਤੇ ਪੁਲੀਸ ਗੋਲੀ ਚਲਾਉਣ ਨਾਲ ਕਈ ਮੌਤਾਂ ਹੋਈਆਂ। ਮਹਾਤਮਾ ਨੂੰ ਗਰਿਫ਼ਤਾਰ ਕਰ ਲਿਆ ਗਿਆ।

ਪੰਜਾਬ ਵਿੱਚ ਵਿਰੋਧ ਬੜੇ ਸ਼ਾਂਤਮਈ ਤੇ ਅਨੁਸ਼ਾਸਨੀ ਢੰਗ ਨਾਲ ਕੀਤਾ ਗਿਆ ਪਰ ਪੁਲੀਸ ਨੇ ਬੇਸਮਝੀ ਨਾਲ ਸਥਿਤੀ ਵਿਗਾੜ ਦਿੱਤੀ। ਅੰਮ੍ਰਿਤਸਰ ਵਿੱਚ ਡਾ: ਸੈਫਉਦਦੀਨ ਕਿਚਲਯੂ ਤੇ ਸਤਯਾਪਾਲ ਨੂੰ (ਜੋ ਹਿੰਦੂ-ਮੁਸਲਿਮ ਏਕਤਾ ਲਈ ਬੜੀ ਸਫਲਤਾ ਨਾਲ ਵਿਖਾਵੇ ਦਾ ਪ੍ਰਬੰਧ ਕਰ ਰਹੇ ਸਨ) ਗਰਿਫ਼ਤਾਰ ਕਰ ਲਿਆ ਗਿਆ ਤੇ ਉਹਨਾਂ ਨੂੰ ਫ਼ੁਰਤੀ

---

8. "ਜੇ ਇਹ ਸਪੱਸ਼ਟ ਹੈ ਕਿ ਇਹ ਮੰਗ ਆਮ ਲੋਕਾਂ ਵੱਲੋਂ ਨਹੀਂ ਆਉਂਦੀ ਜਿਨ੍ਹਾਂ ਦੇ ਹਿੱਤਾਂ ਨੂੰ ਖ਼ਤਰਾ ਹੈ ਤੇ ਇਹ ਇਕ ਘੱਟ ਗਿਣਤੀ ਦੇ ਨਿਜੀ ਹਿੱਤਾਂ ਕਾਰਨ ਹੁੰਦੀ ਹੈ ਜੋ ਤਾਕਤ ਤੇ ਪਦਵੀਆਂ ਲਈ ਉਤਾਵਲੇ ਹਨ ਤਾਂ ਅਸੀਂ ਜ਼ਿੰਮੇਵਾਰੀ ਪ੍ਰਤੀ ਵਫ਼ਾਦਾਰ ਹੋ ਕੇ ਲੋਕਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖੀਏ ਨਾ ਕਿ ਸਿਆਸਤਦਾਨਾਂ ਦੇ ਰੌਲੇ ਰੱਪੇ ਨੂੰ ਭਾਵੇਂ ਉਹ ਕਿਤਨੇ ਵੀ ਬਜ਼ਿੱਦ ਤੇ ਸ਼ਰਾਰਤੀ ਹੋਣ।" ਸਰ ਮਾਈਕਲ ਓਡਵਾਇਰ ਹਵਾਲਾ 'ਕਾਂਗਰਸ ਪੰਜਾਬ ਇਨਕੁਆਇਰੀ ਰਿਪੋਰਟ 1919-20, ਪੰਨਾ 14
9. ਸਰ ਸਿਡਨੀ ਰੋਲਟ ਅਧੀਨ ਇਕ ਕਮੇਟੀ ਨੇ 1907 ਤੋਂ ਲੈ ਕੇ ਭਾਰਤ ਵਿੱਚ ਕ੍ਰਾਂਤੀਕਾਰੀ ਅਪਰਾਧਾਂ ਦੀ ਸੂਚੀ ਤਿਆਰ ਕੀਤੀ ਤੇ ਆਮ ਸਾਧਾਰਨ ਕਾਨੂੰਨੀ ਅਮਲ ਦੀ ਥਾਂ ਤੇ ਰਾਜਸੀ ਅੰਦੋਲਨ ਨਾਲ ਨਿਪਟਣ ਲਈ ਕਾਰਜਕਾਰਨੀ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਕੁਝ ਉਪਾਅ ਸੁਝਾਏ।
10. ਇਹ ਸਨ ਭਾਰਤੀ ਫ਼ੌਜਦਾਰੀ ਕਾਨੂੰਨ ਸੋਧ ਬਿੱਲ ਤੇ ਫ਼ੌਜਦਾਰੀ ਕਾਨੂੰਨ (ਅਪਾਤਕਾਲੀ ਸ਼ਕਤੀਆਂ) ਬਿੱਲ। ਇਹ ਫਰਵਰੀ 1919 ਵਿੱਚ ਪੇਸ਼ ਕੀਤੇ ਗਏ ਤੇ ਇਕ ਮਹੀਨੇ ਅੰਦਰ ਹੀ ਪਾਸ ਕਰ ਦਿੱਤੇ ਗਏ।

ਨਾਲ ਧਰਮਸਾਲਾ ਪੁਚਾ ਦਿੱਤਾ।[11] ਉਹਨਾਂ ਦੀ ਜਲਾਵਤਨੀ ਦੀ ਖ਼ਬਰ ਸ਼ਹਿਰ ਵਿੱਚ ਫੈਲ ਗਈ ਤੇ ਸ਼ਹਿਰੀਆਂ ਦਾ ਹਜੂਮ ਵਿਰੋਧ ਪ੍ਰਗਟ ਕਰਨ ਲਈ ਡਿਪਟੀ ਕਮਿਸ਼ਨਰ ਦੇ ਬੰਗਲੇ ਵੱਲ ਤੁਰ ਪਿਆ। ਪੁਲੀਸ ਨੇ ਉਸ ਨੂੰ ਰਾਹ ਵਿੱਚ ਰੋਕ ਲਿਆ, ਉਹਨਾਂ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ। ਅੱਧੀ ਦਰਜਨ ਲੋਕ ਮਾਰ ਦਿੱਤੇ ਤੇ ਤੀਹ ਤੋਂ ਵੱਧ ਜ਼ਖ਼ਮੀ ਕਰ ਦਿੱਤੇ।[12]

ਭੀੜ ਬੇਕਾਬੂ ਹੋ ਗਈ ਤੇ ਗੋਰਿਆਂ ਤੇ ਹਮਲੇ ਕਰਨ ਲੱਗੀ। ਇਸ ਨੇ ਅੰਗਰੇਜ਼ ਮਾਲਕਾਂ ਦੀਆਂ ਬੈਂਕ, ਇਕ ਚਰਚ ਤੇ ਕ੍ਰਿਸ਼ਚੀਅਨ ਰਿਲੀਜੀਅਸ ਟੈਕਸਟ ਬੁੱਕ ਸੁਸਾਇਟੀ ਦੇ ਦਫ਼ਤਰਾਂ, ਤਾਰ ਘਰ ਤੇ ਟਾਊਨ ਹਾਲ ਨੂੰ ਅੱਗ ਲਾ ਦਿੱਤੀ। ਇਸ ਬਲਵੇ ਵਿੱਚ 5 ਅੰਗਰੇਜ਼ ਮਾਰੇ ਗਏ ਤੇ ਇਕ ਅੰਗਰੇਜ਼ ਪਾਦਰੀ 'ਤੇ ਹਮਲਾ ਕੀਤਾ ਗਿਆ। ਡਿਪਟੀ ਕਮਿਸ਼ਨਰ ਦੀ ਬੇਵਕੂਫ਼ੀ ਨੇ ਭਿਆਨਕ ਨਸਲੀ ਹਿੰਸਾ ਨੂੰ ਜਨਮ ਦਿੱਤਾ।

ਜਾਲੰਧਰ ਤੋਂ ਬਰਿਗੇਡੀਅਰ ਜਨਰਲ ਆਰ.ਈ.ਐਚ. ਡਾਇਰ[13] ਫ਼ੌਜ ਤੇ ਜਰਾਬਕਤਰ ਗੱਡੀਆਂ ਲੈ ਕੇ ਪਹੁੰਚ ਗਿਆ। ਅਗਲੀ ਸਵੇਰ ਉਸ ਨੇ ਬਾਜ਼ਾਰ ਵਿੱਚੋਂ ਦੀ ਫ਼ੌਜਾਂ ਦਾ ਮਾਰਚ ਕਰਵਾਇਆ ਤੇ ਉਸ ਦਾ ਸੁਆਗਤ "ਹਿੰਦੂ ਮੁਸਲਮਾਨ ਭਾਈ ਭਾਈ" ਤੇ "ਗਾਂਧੀ ਕੀ ਜੈ" ਦੇ ਨਾਅਰਿਆਂ ਨਾਲ ਹੋਇਆ। ਸ਼ਾਮ ਵੇਲੇ ਉਸ ਨੂੰ ਟੈਲੀਗਰਾਫ ਦੀਆਂ ਤਾਰਾਂ ਦੇ ਰੇਲਵੇ ਪਟੜੀ ਨੂੰ ਜੋੜਨ ਵਾਲੀਆਂ ਪਲੇਟਾਂ ਉਖਾੜੇ ਜਾਣ ਜਿਹੀ ਤਬਾਹਕਾਰੀ ਕਾਰਵਾਈ ਦੀ ਜਾਣਕਾਰੀ ਮਿਲੀ। ਜਨਰਲ ਨੇ ਸੰਕਟ ਸਥਿਤੀ ਦਾ ਐਲਾਨ ਕਰ ਦਿੱਤਾ ਤੇ ਸਭ ਜਲਸੇ ਜਲੂਸ ਗ਼ੈਰ-ਕਾਨੂੰਨੀ ਹੋਣ ਦਾ ਐਲਾਨ ਕਰ ਦਿੱਤਾ। ਇਸ ਦੌਰਾਨ ਸਥਾਨਕ ਕਾਂਗਰਸ ਨੇ ਪਹਿਲਾਂ ਹੀ ਜਲ੍ਹਿਆਂਵਾਲਾ ਬਾਗ਼ ਵਿੱਚ ਵੈਸਾਖੀ ਮੇਲੇ ਕਰਕੇ ਜਲਸੇ ਦਾ ਐਲਾਨ ਕੀਤਾ ਹੋਇਆ ਸੀ। ਸਿੱਖ ਸਵੇਰ ਤੋਂ ਹੀ, (ਜਿਹਨਾਂ ਲਈ ਵੈਸਾਖੀ ਖ਼ਾਲਸੇ ਦਾ ਜਨਮ ਦਿਹਾੜਾ ਵੀ ਸੀ) ਸਵਰਨ ਮੰਦਰ ਪਹੁੰਚਣੇ ਸ਼ੁਰੂ ਹੋ ਗਏ ਸਨ। ਜਿਹੜੇ ਬਾਹਰੋਂ ਪਿੰਡਾਂ ਤੋਂ ਆਏ ਹੋਏ ਸਨ ਤੇ ਜਿਹਨਾਂ ਨੂੰ ਐਲਾਨ ਬਾਰੇ ਕੋਈ ਪਤਾ ਨਹੀਂ ਸੀ, ਉਹ ਆਪਣਾ ਸਮਾਂ ਲੰਘਾਉਣ ਲਈ ਜਲ੍ਹਿਆਂਵਾਲੇ ਬਾਗ਼ ਵਿੱਚ ਦਿਨ ਢਲਦੇ ਦੀ ਉਡੀਕ ਕਰਨ ਲਈ ਚਲੇ ਗਏ। ਸਥਾਨਕ ਕਾਂਗਰਸ ਨੇਤਾਵਾਂ ਨੇ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਪਿਛਲੇ ਦਿਨ ਦੀਆਂ ਘਟਨਾਵਾਂ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ। ਪੇਂਡੂ ਸਿੱਖਾਂ ਲਈ ਤਾਂ ਇਹ ਇਕ ਹੋਰ ਤਮਾਸ਼ਾ ਸੀ।

---

11. ਹੰਟਰ ਕਮੇਟੀ ਰਿਪੋਰਟ, ਡਿਸਆਰਡਰ ਕਮੇਟੀ ਰਿਪੋਰਟ, ਪੰਨਾ 9 "ਮੁਸਲਮਾਨ ਤੇ ਹਿੰਦੂ ਇਕੱਠੇ ਹੋ ਗਏ ਹਨ.....ਮੈਨੂੰ ਇਹਦੀ ਉਮੀਦ ਸੀ......ਵੱਡਾ ਤਮਾਸ਼ਾ ਹੋਣ ਵਾਲਾ ਹੈ।" ਜਨਰਲ ਡਾਇਰ ਨੇ ਜਾਲੰਧਰ ਤੋਂ ਅੰਮ੍ਰਿਤਸਰ ਜਾਣ ਸਮੇਂ ਆਪਣੇ ਪੁੱਤਰ ਨੂੰ ਕਿਹਾ। —ਕੋਲਵਿਨ, ਲਾਈਫ ਔਫ ਜਨਰਲ ਡਾਇਰ, ਪੰਨਾ 163
12. ਕਾਂਗਰਸ ਦੀ ਪੰਜਾਬ ਇਨਕੁਆਇਰੀ ਕਮੇਟੀ ਰਿਪੋਰਟ ਵਿੱਚ ਮ੍ਰਿਤਕਾਂ ਦੀ ਗਿਣਤੀ 20 ਤੇ ਬਹੁਤੇ ਜ਼ਖ਼ਮੀ ਸੀ। ਪੰਨਾ 48
13. ਆਰ. ਈ. ਐਚ. ਡਾਇਰ (1864-1927) ਦਾ ਸਬੰਧ ਉੱਤਰੀ ਭਾਰਤ ਦੇ ਬੀਅਰ ਬਣਾਉਣ ਵਾਲੇ ਇਕ ਉੱਘੇ ਪਰਿਵਾਰ ਡਾਇਰ ਮੀਰਨ ਨਾਲ ਸੀ। ਉਸ ਨੇ ਸਕੂਲ ਦੀ ਪੜ੍ਹਾਈ ਸ਼ਿਮਲੇ ਤੋਂ ਕੀਤੀ ਤੇ ਮਗਰੋਂ ਸੈਂਡਹਰਸਟ ਵਿੱਚ ਵਿੱਦਿਆ ਲਈ। ਉਸ ਨੂੰ 1886 ਈ: ਵਿੱਚ ਕਮਿਸ਼ਨ ਮਿਲਿਆ ਤੇ ਉਸ ਨੇ ਭਾਰਤ ਵਿੱਚ ਹੀ ਵਧੇਰੇ ਨੌਕਰੀ ਕੀਤੀ।

ਜਿਉਂ ਹੀ ਜਨਰਲ ਡਾਇਰ ਨੂੰ ਜਲਸੇ ਦਾ ਪਤਾ ਲੱਗਾ ਉਹ ਪਿਆਦਾ ਪਲਟਨ ਲੈ ਕੇ ਜਲ੍ਹਿਆਂਵਾਲਾ ਬਾਗ਼ ਵੱਲ ਚੱਲ ਪਿਆ। ਉਸ ਨੇ ਬਾਗ਼ ਨੂੰ ਜਾਣ ਤੇ ਬਾਹਰ ਆਉਣ ਵਾਲਾ ਇਕੋ-ਇਕ ਰਾਹ ਰੋਕ ਲਿਆ ਤੇ ਲੋਕਾਂ ਨੂੰ ਖਿੰਡ ਜਾਣ ਦੀ ਇਤਲਾਹ ਦਿੱਤੇ ਬਗ਼ੈਰ ਹੀ ਗੋਲੀ ਚਲਾ ਦਿੱਤੀ। ਉਸ ਨੇ 379 ਆਦਮੀ ਮਾਰ ਦਿੱਤੇ ਤੇ 2000 ਜ਼ਖ਼ਮੀ ਕਰ ਦਿੱਤੇ। ਸ਼ਹਿਰ ਵਿੱਚ ਕਰਫਿਊ ਲਾ ਦਿੱਤਾ ਤੇ ਮਰਿਆਂ ਕੋਲ ਮਰੇ ਹੋਏ ਛੱਡ ਕੇ ਬਿਨਾਂ ਕਿਸੇ ਸਹਾਇਤਾ ਦੀ ਸੰਭਾਵਨਾ ਦੇ, ਉਹ ਆਪਣੇ ਕੈਂਪ ਵਿੱਚ ਆ ਗਿਆ। ਜਦੋਂ ਇਹ ਖ਼ਬਰ ਸਰ ਮਾਈਕਲ ਓਡਵਾਇਰ ਨੂੰ ਪਹੁੰਚਾਈ ਗਈ ਤਾਂ ਉਸ ਨੇ ਇਸ ਕਾਰਵਾਈ ਦਾ ਸਮਰਥਨ ਕੀਤਾ।[14]

ਅੰਮ੍ਰਿਤਸਰ ਵਿੱਚ ਮਾਰਸ਼ਲ ਲਾਅ ਲਾਗੂ ਕਰ ਦਿੱਤਾ ਗਿਆ। ਮਗਰੋਂ ਇਹ ਲਾਹੌਰ, ਗੁੱਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਵਿੱਚ ਲਾਗੂ ਕਰ ਦਿੱਤਾ ਗਿਆ।

ਪੰਜਾਬ ਵਿੱਚ ਮਾਰਸ਼ਲ ਲਾਅ—ਰੌਲਟ ਐਕਟ ਵਿਰੁੱਧ ਹੜਤਾਲ ਤੇ ਕਾਲੇ ਝੰਡਿਆਂ ਨਾਲ ਪੰਜਾਬ ਦੇ ਬਹੁਤ ਸ਼ਹਿਰਾਂ ਵਿੱਚ ਜਲੂਸ ਕੱਢੇ ਗਏ ਤੇ ਕਈ ਸ਼ਹਿਰਾਂ ਵਿੱਚ ਪੁਲੀਸ ਨੇ ਸ਼ਾਂਤਮਈ ਵਿਰੋਧ ਕਰਨ ਵਾਲਿਆਂ ਨੂੰ ਸਖ਼ਤੀ ਨਾਲ ਖਿੰਡਾ ਦਿੱਤਾ। ਜਲ੍ਹਿਆਂਵਾਲਾ ਬਾਗ਼ ਦੀ ਘਟਨਾ ਮਗਰੋਂ, ਵਿਖਾਵੇ ਬਹੁਤ ਹਿੰਸਕ ਰੂਪ ਧਾਰਨ ਕਰ ਗਏ। ਪੁਲ, ਡਾਕਖਾਨੇ ਤੇ ਹੋਰ ਜਨਤਕ ਥਾਵਾਂ ਸਾੜੀਆਂ ਗਈਆਂ, ਤਾਰਾਂ ਤੇ ਟੈਲੀਫ਼ੋਨ ਲਾਈਨਾਂ ਕੱਟ ਦਿੱਤੀਆਂ ਗਈਆਂ। ਰੇਲਵੇ ਪਟੜੀਆਂ ਉਖਾੜ ਦਿੱਤੀਆਂ ਗਈਆਂ ਤੇ ਮੋਰਿਆਂ 'ਤੇ ਹਮਲੇ ਕੀਤੇ ਗਏ। ਫ਼ੌਜ ਨੇ ਸ਼ਾਸਨ ਦਾ ਪ੍ਰਬੰਧ ਸੰਭਾਲ ਲਿਆ ਤੇ ਬਚਿਆ-ਖੁਚਿਆ ਸਿਵਲ ਪ੍ਰਸ਼ਾਸਨ ਵੀ ਠੱਪ ਹੋ ਗਿਆ।

ਜਨਰਲ ਡਾਇਰ ਦੀ ਅੰਮ੍ਰਿਤਸਰ ਵਿੱਚ ਕਾਰਵਾਈ ਨੇ ਸਾਰੇ ਪ੍ਰਾਂਤ ਲਈ ਡਾਇਰਾਰਕੀ (ਗ਼ੈਰ-ਕਾਨੂੰਨੀ ਰਾਜ) ਭਾਵ ਡਾਇਰਵਾਦ ਦੀ ਪ੍ਰਵਿਰਤੀ ਦਾ ਮੁੱਢ ਬੰਨ੍ਹ ਦਿੱਤਾ। ਉਸ ਨੇ ਸ਼ਹਿਰ ਦਾ ਪਾਣੀ ਤੇ ਬਿਜਲੀ ਬੰਦ ਕਰ ਦਿੱਤੀ। ਜਿਸ ਗਲੀ ਵਿੱਚ ਈਸਾਈ ਪਾਦਰੀ ਇਸਤਰੀ ਤੇ ਹਮਲਾ ਹੋਇਆ ਸੀ, ਉਸ ਗਲੀ ਵਿੱਚੋਂ ਗੁਜ਼ਰਨ ਵਾਲਿਆਂ ਨੂੰ ਰੀਂਗਣ ਲਈ ਮਜ਼ਬੂਰ ਕੀਤਾ ਗਿਆ, ਲੋਕਾਂ ਨੂੰ ਬਿਨਾਂ ਮੁਕੱਦਮੇ ਦੇ ਕੋੜੇ ਮਾਰੇ ਗਏ। ਯੂਰਪੀਨਾਂ ਤੋਂ ਬਿਨਾਂ ਬਾਕੀਆਂ ਦੇ ਸਾਈਕਲ, ਗੱਡੇ ਤੇ ਕਾਰਾਂ ਜ਼ਬਤ ਕਰ ਲਏ ਗਏ। ਵਕੀਲਾਂ ਨੂੰ ਜ਼ਬਰਦਸਤੀ ਸਿਪਾਹੀ ਭਰਤੀ ਕੀਤਾ ਗਿਆ ਤੇ ਗਲੀਆਂ 'ਤੇ ਪਹਿਰਾ ਦੇਣ ਲਈ ਲਾਇਆ ਗਿਆ। ਵਿਸ਼ੇਸ਼ ਅਦਾਲਤਾਂ ਕਾਇਮ ਕਰਕੇ 300 ਆਦਮੀਆਂ 'ਤੇ ਸੰਖੇਪ ਜਿਹੇ ਮੁਕੱਦਮੇ ਚਲਾ ਕੇ 30 ਨੂੰ ਫਾਂਸੀ ਲਾ ਦਿੱਤਾ ਗਿਆ ਤੇ ਸੈਂਕੜਿਆਂ ਹੋਰਨਾਂ ਨੂੰ ਲੰਮੀਆਂ ਸਜ਼ਾਵਾਂ ਦਿੱਤੀਆਂ ਗਈਆਂ।

---

14. ਮੈਂ ਜਨਰਲ ਡਾਇਰ ਦੀ ਸਖ਼ਤੀ ਨਾਲ ਵਿਦਰੋਹੀ ਇਕੱਠ ਨੂੰ ਖਿੰਡਾਉਣ ਤੇ ਉਹਨਾਂ ਦੀਆਂ ਹੋਰ ਬਾਗੀਆਨਾ ਕਾਰਵਾਈਆਂ ਰੋਕਣ ਵਿਰੁੱਧ ਕਾਰਵਾਈ ਦਾ ਸਮਰਥਨ ਕੀਤਾ। ....ਕਿਸੇ ਹੋਰ ਨਾਲੋਂ ਸਥਿਤੀ ਬਾਰੇ ਵਧੇਰੇ ਜਾਣਕਾਰੀ ਹੋਣ ਕਾਰਨ ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਬਗ਼ਾਵਤ ਨੂੰ ਦਬਾਉਣ ਦਾ ਉਹਦਾ ਫ਼ੈਸਲਾ ਬਹੁਤ ਸਹੀ ਸੀ ਜਿਸ ਦੀ ਗੰਭੀਰਤਾ ਹੁਣ ਆਮ ਅਨੁਭਵ ਕੀਤੀ ਜਾ ਰਹੀ ਹੈ। ਹੰਟਰ ਕਮੇਟੀ ਰਿਪੋਰਟ, ਡਿਸਆਰਡਰ ਇਨਕੁਆਇਰੀ ਕਮੇਟੀ ਰਿਪੋਰਟ, ਪੰਨਾ 48

ਲਾਹੌਰ ਨੇ ਅੰਮ੍ਰਿਤਸਰ ਨਾਲੋਂ ਵੀ ਵਧੇਰੇ ਕਸ਼ਟ ਵੇਖੇ। ਫ਼ੌਜੀ ਪ੍ਰਬੰਧਕ ਨੇ ਦੁਕਾਨਦਾਰਾਂ ਨੂੰ ਹੁਕਮ ਦਿੱਤਾ ਕਿ ਉਹ ਦੁਕਾਨਾਂ ਖੋਲ੍ਹਣ ਨਹੀਂ ਤਾਂ ਗੋਲੀ ਮਾਰ ਦਿੱਤੀ ਜਾਵੇਗੀ ਤੇ ਫਿਰ ਉਹਨਾਂ ਦੇ ਗੋਦਾਮ ਮੁਫ਼ਤ ਹੀ ਜਨਤਾ ਵਿੱਚ ਵੰਡ ਦਿੱਤੇ। ਦੋ ਤੋਂ ਵੱਧ ਆਦਮੀ ਏਧਰ ਓਧਰ ਨਹੀਂ ਜਾ ਸਕਦੇ ਸਨ। ਅੰਗਰੇਜ਼ ਸੈਨਿਕਾਂ ਲਈ ਬਿਜਲੀ ਦੇ ਪੱਖੇ ਤੇ ਬਿਜਲੀ ਦਾ ਹੋਰ ਸਾਮਾਨ ਜਬਰੀ ਲੈ ਲਿਆ ਗਿਆ। ਬਾਦਸ਼ਾਹੀ ਮਸੀਤ ਜਿੱਥੇ ਜਲਸਾ ਹੋਇਆ ਸੀ ਜੁਮੇ (ਸ਼ੁਕਰਵਾਰ) ਦੀ ਨਮਾਜ ਤੋਂ ਬਿਨਾਂ ਬੰਦ ਕਰ ਦਿੱਤੀ ਗਈ। ਕਈ ਦਿਨ ਜਨਤਕ ਤੌਰ 'ਤੇ ਕੋੜੇ ਮਾਰੇ ਜਾਂਦੇ ਰਹੇ। ਪੜ੍ਹੇ-ਲਿਖੇ ਵਰਗਾਂ 'ਤੇ ਖ਼ਾਸ ਨਜ਼ਰ ਰੱਖੀ ਗਈ। ਲਾਹੌਰ ਦੇ ਕਈ ਕਾਲਜਾਂ ਦੇ ਵਿਦਿਆਰਥੀਆਂ ਨੂੰ, ਜਿਹਨਾਂ ਵਿੱਚੋਂ ਕਈਆਂ ਦੇ ਕਾਲਜ ਚਾਰ ਮੀਲ ਦੀ ਦੂਰੀ 'ਤੇ ਸਨ, ਚਾਰ ਵਾਰ ਹਾਜ਼ਰੀ ਦੇਣ ਦਾ ਹੁਕਮ ਦਿੱਤਾ ਗਿਆ।

ਕਸੂਰ, ਜਿੱਥੇ ਦੋ ਅੰਗਰੇਜ਼ ਕਤਲ ਕਰ ਦਿੱਤੇ ਗਏ ਸਨ, ਨੂੰ ਸਮੂਹਕ ਜੁਰਮਾਨੇ ਲਾਕੇ ਤੇ ਸ਼ੱਕੀਆਂ ਨੂੰ ਕੋੜੇ ਮਾਰ ਕੇ ਸਜ਼ਾ ਦਿੱਤੀ ਗਈ। ਜਿਹੜਾ ਭਾਰਤੀ ਗੋਰੇ ਨੂੰ ਸਲਾਮ ਨਹੀਂ ਕਰਦਾ ਸੀ, ਉਸ ਨੂੰ ਜ਼ਮੀਨ 'ਤੇ ਨੱਕ ਰਗੜਨ ਲਈ ਮਜਬੂਰ ਕੀਤਾ ਜਾਂਦਾ। ਇਕ ਸਥਾਨਕ ਸ਼ਾਇਰ ਨੂੰ ਮਾਰਸ਼ਲ ਲਾਅ ਤੇ ਪ੍ਰਬੰਧਕ ਦੀ ਹਮਾਇਤ ਵਿੱਚ ਨਜ਼ਮ ਲਿਖਣ ਲਈ ਹੁਕਮ ਦਿੱਤਾ ਗਿਆ। ਜਨਤਾ ਦੇ ਮਨ ਵਿੱਚ ਡਰ ਪੈਦਾ ਕਰਨ ਲਈ ਸ਼ਰੇਆਮ ਸੂਲੀਆਂ ਗੱਡੀਆਂ ਗਈਆਂ।

ਗੁੱਜਰਾਂਵਾਲਾ ਤੇ ਗੁਆਂਢ ਦੇ ਪਿੰਡਾਂ 'ਤੇ ਹਵਾਈ ਬੰਬਾਰੀ ਤੇ ਮਸ਼ੀਨਗੰਨਾਂ 'ਚੋਂ ਗੋਲਾਬਾਰੀ ਕੀਤੀ ਗਈ। ਇਕ ਨਿਸ਼ਾਨਾ ਖ਼ਾਲਸਾ ਹਾਈ ਸਕੂਲ ਗੁੱਜਰਾਂਵਾਲੇ 'ਤੇ ਲੱਗਾ ਜਿਸ ਨਾਲ ਬਹੁਤ ਸਾਰੇ ਲੋਕ ਮਾਰੇ ਗਏ ਤੇ ਜ਼ਖ਼ਮੀ ਹੋਏ।

ਹੋਰ ਥਾਵਾਂ ਜਿਹਨਾਂ ਨੂੰ ਪੰਜਾਬ ਵਿੱਚ ਮਾਰਸ਼ਲ ਲਾਅ ਪ੍ਰਬੰਧਕਾਂ ਹੱਥੋਂ ਕਸ਼ਟ ਭੋਗਣੇ ਪਏ, ਉਹਨਾਂ ਵਿੱਚ ਵਜੀਰਾਬਾਦ, ਨਿਜ਼ਾਮਾਬਾਦ, ਅਕਾਲਗੜ੍ਹ, ਰਾਮਨਗਰ, ਹਾਫ਼ਿਜ਼ਾਬਾਦ, ਸ਼ੇਖੂਪੁਰਾ, ਚੂਹੜਕਾਣਾ, ਸਾਂਗਲਾ, ਮੋਮਨ, ਮਾਨਿਆਂਵਾਲਾ, ਨਵਾਂ ਪਿੰਡ, ਜਲਾਲਪੁਰ ਜੱਟਾਂ (ਸਿੱਖਾਂ ਦਾ ਪਿੰਡ) ਮਲਕਵਾਲ, ਲਾਇਲਪੁਰ, ਗੋਜਰਾ ਤੇ ਚੱਕ ਨੰ: 149 (ਸਿੱਖ ਜੱਟਾਂ ਦੀ ਨੌਆਬਾਦੀ) ਤੇ ਗੁਜਰਾਤ ਸਨ। ਇਹਨਾਂ ਸੱਤ ਹਫ਼ਤਿਆਂ ਵਿੱਚ ਜਦੋਂ ਪੰਜਾਬ ਮਾਰਸ਼ਲ ਲਾਅ ਦੇ ਪ੍ਰਬੰਧਕਾਂ ਦੇ ਹੱਥ ਸੀ, ਲਗਭਗ 1200 ਲੋਕ ਮਾਰੇ ਗਏ ਤੇ 3600 ਜ਼ਖ਼ਮੀ ਹੋਏ।[15]

---

15. ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਕਮੇਟੀ ਕਾਇਮ ਕੀਤੀ ਜਿਸ ਨੇ ਜਲ੍ਹਿਆਂਵਾਲਾ ਬਾਗ਼ ਕਤਲਾਮ ਤੇ ਮਾਰਸ਼ਲ ਲਾਅ ਦੀ ਹਕੂਮਤ ਦੀ ਘੋਖਵੀਂ ਪੜਤਾਲ ਕੀਤੀ। ਕਮੇਟੀ ਨੇ ਲੈਫ. ਗਵਰਨਰ ਸਰ ਮਾਈਕਲ ਓਡਵਾਇਰ ਜਨਰਲ ਡਾਇਰ ਤੇ ਸੰਬੰਧਿਤ ਅੰਗਰੇਜ਼ ਅਫ਼ਸਰਾਂ ਦੀ ਸਖ਼ਤ ਨਿੰਦਾ ਕੀਤੀ। ਮਗਰੋਂ ਸਰਕਾਰ ਨੇ ਵੀ ਇਸੇ ਮਨੋਰਥ ਲਈ ਆਪਣੀ ਕਮੇਟੀ ਨਿਯੁਕਤ ਕੀਤੀ। ਇਸ ਦਾ ਪ੍ਰਧਾਨ ਲਾਰਡ ਹੰਟਰ ਸੀ ਤੇ ਇਸ ਦੇ ਤਿੰਨ ਭਾਰਤੀਆਂ ਸਮੇਤ 7 ਹੋਰ ਮੈਂਬਰ ਸਨ। ਹੰਟਰ ਕਮਿਸ਼ਨ ਦੀ ਜਨਰਲ ਡਾਇਰ ਬਾਰੇ ਸਰਵ-ਸੰਮਤੀ ਸੀ ਤੇ ਉਸ ਨੇ ਜਨਰਲ ਦੀ ਬਰਖ਼ਾਸਤਗੀ ਦੀ ਸਿਫ਼ਾਰਸ਼ ਕੀਤੀ। ਦੂਸਰੇ ਸੁਆਲਾਂ ਤੇ ਭਾਰਤੀ ਤੇ ਅੰਗਰੇਜ਼ ਮੈਂਬਰਾਂ ਦੇ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਜਲ੍ਹਿਆਂਵਾਲਾ ਤੇ ਮਾਰਸ਼ਲ ਲਾਅ ਦੇ ਪੰਜਾਬ ਉੱਪਰ ਪ੍ਰਭਾਵ ਬਾਰੇ ਅਤਿਉਕਤੀ ਕਰਨ ਦੀ ਲੋੜ ਨਹੀਂ। ਗਦਰ ਸਮੇਂ ਦੇ ਵਹਿਸ਼ੀ ਦਿਨਾਂ ਵਿਚਲੀ ਜ਼ਾਤੀ ਤਨਾਅ ਤੇ ਟਕਰਾਓ ਦੀ ਯਾਦ ਤਾਜ਼ਾ ਹੋ ਗਈ ਜਦੋਂ ਗੋਰੇ ਹਰ ਕਾਲੇ ਨੂੰ ਆਪਣਾ ਵੈਰੀ ਸਮਝਦੇ ਸਨ। ਉਹ ਲੋਕ ਜਿਨ੍ਹਾਂ ਦੀ ਵਫ਼ਾਦਾਰੀ 'ਤੇ ਕੋਈ ਸ਼ੱਕ ਨਹੀਂ ਸੀ ਤੇ ਜਿਨ੍ਹਾਂ ਨੇ ਫ਼ੌਜ ਵਿੱਚ ਨੌਕਰੀ ਕੀਤੀ ਸੀ, ਉਹਨਾਂ 'ਤੇ ਵੀ ਜ਼ਿਆਦਤੀਆਂ ਕੀਤੀਆਂ ਗਈਆਂ। ਸਰ ਮਾਈਕਲ ਓਡਵਾਇਰ, ਜਿਹੜਾ ਦਾਅਵਾ ਕਰਦਾ ਸੀ ਕਿ ਉਸ ਨੇ ਸਾਮਰਾਜ ਨੂੰ ਬਚਾ ਲਿਆ ਸੀ, ਉਸ ਨੇ ਸਾਰੇ ਭਾਰਤੀਆਂ ਸਮੇਤ ਪੱਕੇ ਸਮਰਥਕ ਸਿੱਖਾਂ ਨੂੰ ਨਾਰਾਜ਼ ਕਰਕੇ ਸਾਮਰਾਜ ਨੂੰ ਸਖ਼ਤ ਹਾਨੀ ਪਹੁੰਚਾਈ।[16]

ਜਨਰਲ ਡਾਇਰ ਨੇ ਸਿੱਖਾਂ ਦਾ ਮਨ ਜਿੱਤਣ ਦੀ ਪੂਰੀ ਵਾਹ ਲਾਈ। ਉਸ ਨੇ ਸਵਰਨ ਮੰਦਰ ਦੇ ਪ੍ਰਬੰਧਕ (ਸਰਬਰਾਹ) ਤੇ ਸੁੰਦਰ ਸਿੰਘ ਮਜੀਠੀਆ ਨੂੰ ਬੁਲਾਇਆ ਤੇ ਉਹਨਾਂ ਨੂੰ ਸਰਕਾਰ ਦੇ ਹੱਕ ਵਿੱਚ ਆਪਣਾ ਅਸਰ ਰਸੂਖ ਵਰਤਣ ਲਈ ਆਖਿਆ। ਉਸ ਨੇ ਸਿੱਖਾਂ ਦੇ ਪਿੰਡਾਂ ਵਿੱਚ ਗਸ਼ਤੀ ਦਲ ਸਿੱਖਾਂ ਨੂੰ ਸ਼ਰਾਰਤੀਆਂ ਦੇ ਪ੍ਰਭਾਵ ਤੋਂ ਦੂਰ ਰੱਖਣ ਲਈ ਤੇ ਇਹ ਸਾਬਤ ਕਰਨ ਲਈ ਭੇਜੇ ਕਿ ਸਰਕਾਰ ਅਜੇ ਵੀ ਬਹੁਤ ਸ਼ਕਤੀਸ਼ਾਲੀ ਸੀ। ਸਵਰਨ ਮੰਦਰ ਦੇ ਪੁਜਾਰੀਆਂ ਨੇ ਜਨਰਲ ਨੂੰ ਪਵਿੱਤਰ ਗੁਰਦਵਾਰੇ ਵਿੱਚ ਬੁਲਾਇਆ ਤੇ ਉਸ ਨੂੰ ਸਿਰੋਪਾ (ਦਸਤਾਰ ਤੇ ਕਿਰਪਾਨ) ਭੇਟ ਕੀਤੀ।

ਮਹਾਤਮਾ ਗਾਂਧੀ ਨੇ ਮਗਰੋਂ ਜਲ੍ਹਿਆਂਵਾਲਾ ਬਾਗ਼ ਤੇ ਉਹਨਾਂ ਥਾਵਾਂ ਦਾ ਦੌਰਾ ਕੀਤਾ ਜਿੱਥੇ ਫ਼ੌਜ ਤੇ ਪੁਲੀਸ ਦੇ ਜ਼ੁਲਮ ਢਾਹੇ ਸਨ। ਉਸ ਨੇ ਵਿਸ਼ਾਲ ਹਜੂਮਾਂ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਦੇਸ਼ ਭਗਤ ਦਾ ਸਭ ਤੋਂ ਵੱਡਾ ਗੁਣ ਨਿਰਭੈ ਹੋਣਾ ਹੈ। ਉਹਦੀ ਪ੍ਰੇਰਨਾ ਨਾਲ ਇਕ ਨਵੀਂ ਸੰਸਥਾ ਸੈਂਟਰਲ ਸਿੱਖ ਲੀਗ ਕਾਇਮ ਹੋ ਗਈ ਜੋ ਰਾਸ਼ਟਰਵਾਦੀ ਸਿੱਖਾਂ ਉੱਪਰ ਆਧਾਰਿਤ ਸੀ ਤੇ ਚੀਫ਼ ਖ਼ਾਲਸਾ ਦੀਵਾਨ ਵਾਲਿਆਂ ਦੀ, ਅੰਗਰੇਜ਼ਾਂ ਦੀ ਚਾਪਲੂਸੀ ਤੇ ਚਮਚਾਗਿਰੀ ਦੇ ਵਿਰੁੱਧ ਸੀ।

☞ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਮੱਤਭੇਦ ਸਨ, ਭਾਰਤੀ ਮੈਂਬਰਾਂ ਨੇ ਆਪਣੀ ਘੱਟ ਗਿਣਤੀ ਦੀ ਰਿਪੋਰਟ ਪੇਸ਼ ਕੀਤੀ। ਇਸ ਬਾਰੇ ਬਰਤਾਨਵੀ ਪਾਰਲੀਮੈਂਟ ਵਿੱਚ ਵੀ ਵਾਦ-ਵਿਵਾਦ ਹੋਇਆ। ਵਿਨਸਟਨ ਚਰਚਲ ਨੇ ਜਨਰਲ ਡਾਇਰ ਦੀ ਕਾਰਵਾਈ ਦੀ ਅਤਿ ਕਠੋਰਤਾ ਨਾਲ ਆਲੋਚਨਾ ਕੀਤੀ। ਉਸ ਨੇ ਕਿਹਾ, 'ਇਹ ਅਜਿਹੀ ਘਟਨਾ ਹੈ ਜਿਸ ਦੀ ਬਰਤਾਨਵੀ ਸਾਮਰਾਜ ਦੇ ਆਧੁਨਿਕ ਇਤਿਹਾਸ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ....ਇਹ ਇੱਕ ਅਸਾਧਾਰਨ, ਸਰਾਸਰ ਗ਼ਲਤ ਤੇ ਡਰਾਉਣੀ ਘਟਨਾ ਹੈ ਅਤੇ ਇਕ ਵੱਖਰੀ, ਬੇਤੁਕੀ ਤੇ ਮਨਹੂਸ ਘਟਨਾ ਹੈ।' ਆਰ, ਫਰਨੀਅਕਸ, ਮੈਸਾਕਰ ਐਟ ਅੰਮ੍ਰਿਤਸਰ, ਪੰਨਾ 153

ਜਨਰਲ ਡਾਇਰ ਦੇ ਸਮਰਥਕ ਵੀ ਸਨ। "ਦੀ ਮੌਰਨਿੰਗ ਪੋਸਟ" ਨੇ ਉਹਦੇ ਲਈ ਚੰਦਾ ਇਕੱਠਾ ਕੀਤਾ ਤੇ ਉਸ ਨੂੰ "ਸਾਮਰਾਜ ਦੇ ਰਾਖੇ" ਵਜੋਂ ਸੁਨਹਿਰੀ ਤਲਵਾਰ ਭੇਟ ਕੀਤੀ। ਜਨਰਲ ਨੂੰ ਅੰਗਰੇਜ਼ ਪਰਸ਼ੰਸਕਾਂ ਨੇ 26317 ਪੌਂਡ ਦੀ ਰਕਮ ਭੇਟ ਕੀਤੀ।

16. ਸਰ ਮਾਈਕਲ ਓਡਵਾਇਰ ਦਾ ਊਧਮ ਸਿੰਘ ਨਾਮ ਦੇ ਇਕ ਸਿੱਖ ਨੇ 13 ਮਾਰਚ 1940 ਨੂੰ ਜਨਤਕ ਜਲਸੇ ਵਿੱਚ ਕਤਲ ਕਰ ਦਿੱਤਾ। ਊਧਮ ਸਿੰਘ ਨੂੰ 13 ਜੂਨ ਨੂੰ ਫ਼ਾਂਸੀ ਲਾਇਆ ਗਿਆ। (ਸਹੀ ਤਾਰੀਖ 31 ਜੁਲਾਈ ਸੀ—ਅਨੁਵਾਦਕ)

ਕਾਂਡ—12

ਦੂਸਰੇ ਦੇਸ਼ਾਂ ਪ੍ਰਤੀ ਘਿਰਨਕ ਮਾਰਕਸਵਾਦ

ਕੈਨੇਡਾ ਤੇ ਸੰਯੁਕਤ ਰਾਜ ਨੂੰ ਸਿੱਖਾਂ ਦਾ ਪਰਵਾਸ—ਵਰਤਮਾਨ ਸਦੀ (ਵੀਹਵੀਂ ਸਦੀ—ਅਨੁਵਾਦਕ) ਦੇ ਮੁੱਢਲੇ ਸਾਲਾਂ ਵਿੱਚ, ਆਰਥਿਕ ਤੰਗੀਆਂ ਦੇ ਸਤਾਏ ਹੋਏ ਸਿੱਖ ਕਿਸਾਨ ਜੋ ਰੁਜ਼ਗਾਰ ਦੀ ਭਾਲ ਵਿੱਚ ਏਸ਼ੀਆਈ ਮੁਲਕਾਂ ਵਿੱਚ ਗਏ ਸਨ, ਥੋੜ੍ਹੀ-ਥੋੜ੍ਹੀ ਗਿਣਤੀ ਵਿੱਚ ਕੈਨੇਡਾ[1] ਤੇ ਸੰਯੁਕਤ ਰਾਜ ਨੂੰ ਪਰਵਾਸ ਕਰਨ ਲੱਗੇ। ਉਹਨਾਂ ਨੂੰ ਆਰਾ ਮਿੱਲਾਂ, ਖਾਣਾਂ ਅਤੇ ਕੈਨੇਡੀਅਨ ਪੈਸਿਫਿਕ ਰੇਲਵੇ ਦੀਆਂ ਰੇਲ-ਪਟੜੀਆਂ ਵਿਛਾਉਣ ਦਾ ਰੁਜ਼ਗਾਰ ਮਿਲ ਗਿਆ। ਭਾਵੇਂ ਉਹਨਾਂ ਦੀ ਮਜ਼ਦੂਰੀ ਗੋਰੇ ਮਜ਼ਦੂਰਾਂ ਨਾਲੋਂ ਘੱਟ ਸੀ ਫਿਰ ਵੀ ਉਹ ਘਰ ਭੇਜਣ ਲਈ ਕਾਫ਼ੀ ਰੁਪਏ ਬਚਾ ਲੈਂਦੇ ਸਨ ਤੇ ਉਹ ਆਪਣੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਉਹਨਾਂ ਕੋਲ ਆਉਣ ਲਈ ਉਤਸ਼ਾਹਿਤ ਕਰਦੇ ਸਨ। 1906 ਦੀ ਪਤਝੜ ਰੁੱਤ ਸਮੇਂ ਵੈਨਕੂਵਰ ਵਿੱਚ ਜਾਂ ਆਸ-ਪਾਸ 1500 ਸਿੱਖ ਕਾਮੇ ਸਨ। ਅਗਲੇ ਕੁਝ ਸਾਲਾਂ ਵਿੱਚ 5000 ਹੋਰ ਸਿੱਖ ਬ੍ਰਿਟਿਸ਼ ਕੋਲੰਬੀਆਂ ਵਿੱਚ ਦਾਖ਼ਲ ਹੋ ਗਏ। ਚੀਨੀਆਂ ਤੇ ਜਾਪਾਨੀਆਂ ਦੀ ਭਾਰੀ ਗਿਣਤੀ ਵਿੱਚ ਪਰਵਾਸ ਨੇ ਪਹਿਲਾਂ ਹੀ ਕੈਨੇਡਾ ਦੇ ਲੋਕਾਂ ਵਿੱਚ ਦੁਰ-ਭਾਵਨਾ ਪੈਦਾ ਕਰ ਦਿੱਤੀ ਹੋਈ ਸੀ, ਹੁਣ ਇਹ ਦੁਰ-ਭਾਵਨਾ ਸਿੱਖਾਂ ਵੱਲ ਮੁੜ ਪਈ ਕਿਉਂਕਿ ਉਹ ਆਪਣੀਆਂ ਦਸਤਾਰਾਂ ਤੇ ਲੰਮੀਆਂ ਦਾੜ੍ਹੀਆਂ ਨਾਲ ਨਿਵੇਕਲੇ ਹੀ ਸਨ ਤੇ ਉਹ ਸਾਥੀ ਏਸ਼ੀਆਈਆਂ ਦੇ ਮੁਕਾਬਲੇ ਘੱਟ ਸਨਿਮਰ ਸਨ।[2]

---

1. ਭਾਰਤੀਆਂ ਦੀ ਮੌਜੂਦਗੀ ਬਾਰੇ ਪਹਿਲੇ ਪਹਿਲ ਸਰਕਾਰੀ ਅਧਿਕਾਰੀਆਂ ਦਾ ਧਿਆਨ 1904 ਈ: ਵਿੱਚ ਗਿਆ ਜਦੋਂ 258 ਹਿੰਦੂਆਂ (ਇਹ ਪਦ ਸਭ ਭਾਰਤੀਆਂ ਲਈ ਕੈਨੇਡਾ ਤੇ ਅਮਰੀਕਾ ਵਿੱਚ ਬਿਨਾਂ ਉਹਨਾਂ ਦੇ ਧਾਰਮਿਕ ਭੇਦ-ਭਾਵ ਦੇ ਵਰਤਿਆ ਜਾਂਦਾ ਹੈ) ਬ੍ਰਿਟਿਸ਼ ਕੋਲੰਬੀਆ ਦੀ ਜਨ-ਗਣਨਾ ਵਿੱਚ ਦਰਜ ਕੀਤਾ ਗਿਆ। ਕੈਨੇਡਾ ਤੇ ਸੰਯੁਕਤ ਰਾਜ ਵਿੱਚ 90% ਤੋਂ ਜ਼ਿਆਦਾ ਭਾਰਤੀ ਪਰਵਾਸੀ ਸਿੱਖ ਸਨ ਤੇ ਇਹਨਾਂ 'ਚੋਂ 90% ਜੋ ਕੈਨੇਡਾ ਗਏ, ਉਹ ਬ੍ਰਿਟਿਸ਼ ਕੋਲੰਬੀਆ ਜਾ ਕੇ ਵੱਸ ਗਏ ਤੇ ਜੋ ਸੰਯੁਕਤ ਰਾਜ ਗਏ ਉਹਨਾਂ ਵਿੱਚੋਂ 90% ਤੋਂ ਵਧੀਕ ਕੈਲੀਫੋਰਨੀਆ ਜਾ ਵੱਸੇ।
2. ਨਸਲੀ ਪੱਖਪਾਤ ਤੇ ਵਿਰੋਧਤਾ ਪੈਦਾ ਕਰਨ ਲਈ ਇਹ ਕਹਾਣੀਆਂ ਫ਼ੈਲਾਈਆਂ ਗਈਆਂ ਕਿ ਪੰਜਾਬੀ ਬਹੁ-ਪਤਨੀਵਾਦੀ ਹਨ, ਜ਼ਾਤ-ਪਾਤ ਦੇ ਹਿਮਾਇਤੀ ਹਨ; ਨਿੱਜੀ ਆਦਤਾਂ ਵਿੱਚ ਗੰਦੇ ਹਨ, ਬਿਮਾਰੀਆਂ ਖ਼ਾਸ ਕਰਕੇ ਕੁਕਰਿਆਂ ਦੇ ਰੋਗੀ ਹਨ ਤੇ ਇਸ ਕਰਕੇ ਇਹ ਉੱਕਾ ਹੀ ਮਿਲਾ ਲੈਣ ਯੋਗ ਨਹੀਂ ਹਨ। ਉਸ ਸਮੇਂ ਇਕ ਗੀਤ ਜੋ ਲੋਕਾਂ 'ਚ ਬੜਾ ਮਸ਼ਹੂਰ ਹੋਇਆ, ਉਸ ਦਾ ਸਿਰਲੇਖ ਸੀ : "ਕਨੇਡਾ ਸਦਾ ਗੋਰਿਆਂ ਲਈ।"

   ਇਹ ਪੱਛਮ ਦੀ ਆਵਾਜ਼ ਪਿਆਰੇ, ਦੁਨੀਆ ਵਾਲੇ ਸੁਣ ਲੈਣ ਸਾਰੇ
   ਸਾਡੇ ਵੱਡਿਆਂ ਨੇ ਦਿੱਤਾ ਅਧਿਕਾਰ ਹੈ ਪਿਆਰ ਨਾਲ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ ਤੇ) ☞

ਸੰਖੇਪ ਵਿੱਚ ਇਉਂ ਕਹੋ ਕਿ ਸਿੱਖ ਕੈਨੇਡਾ ਵਾਸੀਆਂ ਦੀਆਂ ਅੱਖਾਂ ਵਿੱਚ ਖਿੱਚ ਦਾ ਕੇਂਦਰ ਬਣ ਗਿਆ।[2] ਸਿੱਖ ਕਾਮਿਆਂ ਉਪਰ ਵੈਨਕੂਵਰ ਵਿੱਚ ਹਮਲੇ ਰੋਜ਼ਾਨਾ ਜ਼ਿੰਦਗੀ ਦੀ

ੳ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਇਸ ਨੂੰ ਸਾਂਭਣਾ ਹੱਕ ਸਾਡਾ, ਸਾਂਭਾਂਗੇ ਅਸੀਂ ਤਲਵਾਰ ਨਾਲ,
ਅਸੀਂ ਕਾਲੇ ਲੋਕਾਂ ਨੂੰ ਏਥੋਂ ਮਾਰ ਭਜਾਵਾਂਗੇ,
ਅਸੀਂ ਸਭ ਗੋਰੇ ਵੀਰਾਂ ਨੂੰ ਪਿਆਰ ਨਾਲ ਸਦਾਵਾਂਗੇ
ਪਰ ਇਹ ਕਾਲੇ ਭੂਰੇ ਝੂਠੇ ਥਾਂ-ਥਾਂ ਤੁਰ ਫਿਰ ਡੰਗ ਲੰਘਾਉਂਦੇ ਨੇ।
ਕਮਜ਼ੋਰਾਂ ਨੂੰ ਦਬਾਉਂਦੇ ਨੇ, ਲੱਭ ਲੈਣ ਹੋਰ ਟਿਕਾਣਾ ਸਾਨੂੰ ਨਾ ਭਾਉਂਦੇ ਨੇ।
(ਸਭ ਮਿਲਕੇ) : ਆਓ ਸਾਰੇ ਇਕ ਹੋ ਜਾਈਏ, ਤਾਕਤ ਵੱਡਿਆਂ ਦੀ ਦਿਖਾਈਏ,
ਉਹ ਵਤਨ ਜਿੱਤਿਆ ਜਿਸ ਨੂੰ ਕਹਿ ਆਪਣਾ ਉੱਚੇ ਹੋ ਜਾਈਏ,
ਆਓ ਇਸ ਨੂੰ ਸ਼ਕਤੀ ਨਾਲ ਗੋਰਿਆਂ ਲਈ ਬਚਾਈਏ
ਪੂਰਬੀਆਂ ਦੇ ਲਾਲਚ ਅੱਗੇ ਅਸੀਂ ਕਦੇ ਨਹੀਂ ਹਾਰਾਂਗੇ।
ਰੱਬ ਬਚਾਵੇ ਸਾਡੇ ਰਾਜ ਨੂੰ, ਕੈਨੇਡਾ ਸਦਾ ਗੋਰਿਆਂ ਦਾ ਕਹਿ ਸਤਿਕਾਰਾਂਗੇ।

3. ਅਕਤੂਬਰ 1906 ਵਿੱਚ ਇਕ ਭਾਰਤੀ ਦਲ ਨੂੰ ਲਿਆ ਰਿਹਾ ਜਹਾਜ਼ ਵਿਕਟੋਰੀਆ ਵੱਲ ਮੋੜ ਦਿੱਤਾ ਗਿਆ ਕਿਉਂਕਿ ਮੇਅਰ ਨੇ ਇਸ ਨੂੰ ਵੈਨਕੂਵਰ ਦੀ ਬੰਦਰਗਾਹ ਦੀ ਗੋਦੀ ਵਿੱਚ ਉਤਰਨ ਦੀ ਆਗਿਆ ਨਹੀਂ ਦਿੱਤੀ ਸੀ। 18 ਅਕਤੂਬਰ 1806 ਨੂੰ ਵੈਨਕੂਵਰ ਟਾਊਨ ਹਾਲ ਵਿੱਚ ਇਕ ਭਾਰੀ ਜਨਤਕ ਇਕੱਠ ਕੀਤਾ ਗਿਆ ਜਿਸ ਵਿੱਚ ਅੱਗੇ ਤੋਂ ਭਾਰਤੀਆਂ ਦੇ ਪਰਵਾਸ ਵਿਰੁੱਧ ਮਤੇ ਪਾਸ ਕੀਤੇ ਗਏ। ਉਥੇ ਜੋ ਸਿੱਖਾਂ ਦੇ ਪੱਖ ਵਿੱਚ ਮਤੇ ਦੇ ਵਿਰੋਧ ਵਿੱਚ ਆਵਾਜ਼ਾਂ ਉੱਠੀਆਂ ਉਹਨਾਂ ਵਿੱਚੋਂ ਇਕ ਅਵਾਜ਼ ਹੈਨਰੀ ਐਚ ਗਲੈਡਸਟੋਨ (ਇੰਗਲੈਂਡ ਦੇ ਪ੍ਰਸਿੱਧ ਪ੍ਰਧਾਨ ਮੰਤਰੀ ਦਾ ਭਤੀਜਾ) ਦੀ ਸੀ ਜਿਸ ਨੇ 15 ਸਾਲ ਭਾਰਤ ਵਿੱਚ ਨੌਕਰੀ ਕੀਤੀ ਸੀ। ਉਸ ਨੇ ਇਸ ਦੋਸ਼ ਦਾ, ਕਿ ਭਾਰਤੀਆਂ ਦੀਆਂ ਆਦਤਾਂ ਗੰਦੀਆਂ ਹਨ, ਜੁਆਬ ਦਿੰਦਿਆਂ ਕਿਹਾ, "ਸਿੱਖ ਨਿਰਸੰਦੇਹ ਸਫ਼ਾਈ ਪਸੰਦ ਹਨ ਤੇ ਮੈਂ ਉਹਨਾਂ ਨੂੰ ਇਕ ਵਧੀਆ ਮਨੁੱਖੀ ਜ਼ਾਤੀ ਮੰਨਦਾ ਹਾਂ।" ਪੈਸਿਫਿਕ ਮਾਸਿਕ, ਜਿਲਦ 17 (1907) ।

ਡਾ. ਐਸ.ਐਚ. ਲਾਸਨ ਨੇ, ਜੋ ਕੈਨੇਡੀਅਨ ਪੈਸਿਫਿਕ ਰੇਲਵੇ ਸਟੀਮਰਾਂ 'ਮੋਂਟਈਗਲ' ਤੇ "ਤਾਰਤਾਰ" ਜਹਾਜ਼ਾਂ ਦਾ ਸਰਜਨ ਸੀ, ਲਿਖਿਆ : "ਮੈਨੂੰ ਇਹ ਕਰਤੱਵ ਸੌਂਪਿਆ ਗਿਆ ਸੀ ਕਿ ਮੈਂ ਹਾਂਗਕਾਂਗ ਵਿੱਚ ਹਰ ਪ੍ਰਵਾਸੀ ਦੀ ਸਰੀਰਕ ਜਾਂਚ ਕਰਾਂ ਤੇ ਭਾਵੇਂ ਸ਼ੁਰੂ ਵਿੱਚ ਮੈਂ ਉਹਨਾਂ ਪ੍ਰਤੀ ਕਾਫ਼ੀ ਵਿਰੋਧੀ ਵਿਚਾਰ ਰੱਖਦਾ ਸੀ ਪ੍ਰੰਤੂ ਇਹ ਵਿਰੋਧ ਉਸ ਸਮੇਂ ਖ਼ਤਮ ਹੋ ਗਿਆ ਜਦੋਂ ਸੈਂਕੜੇ ਹੀ ਮੇਰੇ ਹੱਥਾਂ ਵਿੱਚੋਂ ਲੰਘੇ ਤੇ ਮੈਂ ਉਹਨਾਂ ਦੀ ਤੁਲਨਾ ਉਹਨਾਂ ਜਹਾਜ਼ ਚਲਾਉਣ ਵਾਲੇ ਗੋਰਿਆਂ ਨਾਲ ਕੀਤੀ ਜੋ ਅੰਧ ਮਹਾਸਾਗਰ ਵਿੱਚ ਮੇਰੇ ਸੰਪਰਕ ਵਿੱਚ ਆਏ। ਮੈਂ ਵਿਸ਼ੇਸ਼ ਤੌਰ 'ਤੇ ਸਿੱਖਾਂ ਦਾ ਜ਼ਿਕਰ ਕਰਦਾ ਹਾਂ ਤੇ ਇਸ ਵਿੱਚ ਜ਼ਰਾ ਵੀ ਅਤਿਕਥਨੀ ਨਹੀਂ ਹੈ ਜਦੋਂ ਮੈਂ ਇਹ ਕਹਿੰਦਾ ਹਾਂ ਕਿ ਉਹ 100% ਯੂਰਪੀ ਜਹਾਜ਼ੀ ਅਮਲੇ ਨਾਲੋਂ ਵਧੇਰੇ ਸਾਫ਼ ਤੇ ਰੋਗ-ਮੁਕਤ ਹਨ ਜਿਨ੍ਹਾਂ ਨਾਲ ਮੇਰਾ ਵਾਹ ਪਿਆ ਹੈ। ਸਿੱਖਾਂ ਨੇ ਮੈਨੂੰ ਸਫ਼ਾਈ ਪਸੰਦ, ਈਮਾਨਦਾਰ ਤੇ ਬਹਾਦਰ ਜਾਤੀ ਵਜੋਂ ਪ੍ਰਭਾਵਿਤ ਕੀਤਾ ਹੈ। ਮੇਰਾ ਹੁਣੇ ਹੁਣੇ ਖਣਿਜ ਪਦਾਰਥਾਂ ਦੇ ਡੇਰਿਆਂ ਵਿੱਚ ਹਜ਼ਾਰਾਂ ਹੀ ਗੋਰਿਆਂ ਬਾਰੇ ਪ੍ਰਭਾਵ ਨੇ, ਜਿਥੇ ਆਚਰਹੀਣਤਾ ਆਮ ਹੈ, ਸਿੱਖਾਂ ਪ੍ਰਤੀ ਸਤਿਕਾਰ ਵਧਾ ਦਿੱਤਾ ਹੈ। (ਦੀ ਇੰਡੀਅਨਜ਼ ਅਪੀਲ ਟੂ ਕੈਨੇਡਾ, ਪੰਨਾ 11, ਆਰ ਕੇ ਦਾਸ, ਹਿੰਦੁਸਤਾਨੀ ਵਰਕਰਜ਼ ਔਨ ਦੀ ਪੈਸਿਫਿਕ ਕੋਸਟ, ਪੰ: 75)

ਵਿਸ਼ੇਸ਼ਤਾ ਬਣ ਗਏ।[4] ਇਮਾਰਤੀ ਲਕੜੀ ਦੇ ਵਪਾਰ ਵਿੱਚ ਮੰਦਵਾੜੇ ਕਾਰਨ ਬੇਰੁਜ਼ਗਾਰੀ ਕਰਕੇ ਕਾਲੇ ਤੇ ਗੋਰੇ ਮਜ਼ਦੂਰਾਂ ਵਿੱਚ ਮੁਕਾਬਲਾ ਬਹੁਤ ਵੱਧ ਗਿਆ। ਗੋਰੇ ਮਜ਼ਦੂਰਾਂ ਦਿਆਂ ਸੰਗਠਨਾਂ ਨੇ ਸੰਘੀ ਸਰਕਾਰ ਨੂੰ ਪਰਵਾਸੀਆਂ ਨੂੰ ਕੱਢ ਦੇਣ ਲਈ ਦਬਾ ਪਾਇਆ। ਇਸ ਦੇ ਸਿੱਟੇ ਵਜੋਂ ਕਦਮ ਉਠਾਏ ਗਏ; 1909 ਵਿੱਚ ਸਿਰਫ਼ 6 ਭਾਰਤੀਆਂ ਨੂੰ ਕੈਨੇਡਾ ਵਿੱਚ ਆਉਣ ਦੀ ਆਗਿਆ ਦਿੱਤੀ ਗਈ।

ਇਹ ਸੱਚਾਈ ਕਿ ਸਿੱਖ ਪ੍ਰਵਾਸੀ ਬਰਤਾਨਵੀ ਪਰਜਾ ਸਨ, ਇਸ ਨੇ ਕੁਝ ਕਾਨੂੰਨੀ ਉਲਝਣਾਂ ਪੈਦਾ ਕਰ ਦਿੱਤੀਆਂ। ਬ੍ਰਿਟਿਸ਼ ਕੋਲੰਬੀਆ ਦੇ ਕਾਨੂੰਨ ਅਨੁਸਾਰ ਸੰਘੀ ਸਰਕਾਰ ਦੀ ਮਨਜ਼ੂਰੀ ਜ਼ਰੂਰੀ ਸੀ; ਸੰਘੀ ਸਰਕਾਰ ਨੂੰ ਯੂ. ਕੇ. ਸਰਕਾਰ ਦੀ ਸਲਾਹ ਲੈਣੀ ਪੈਂਦੀ ਸੀ, ਜੋ ਅੱਗੋਂ ਭਾਰਤ ਸਰਕਾਰ ਦਾ ਪ੍ਰਤਿਕਰਮ ਉਡੀਕਦੀ ਸੀ। ਇਸ ਤਰ੍ਹਾਂ ਭਾਰਤੀਆਂ ਬਾਰੇ ਕੈਨੇਡਾ ਦੀ ਪ੍ਰਵਾਸੀ ਨੀਤੀ ਵੈਨਕੂਵਰ, ਓਟਾਵਾ, ਲੰਡਨ ਤੇ ਕਲਕੱਤਾ ਵਿਚਕਾਰ ਵਿਚਾਰ ਵਟਾਂਦਰੇ ਤੋਂ ਪਿੱਛੋਂ ਤਿਆਰ ਕੀਤੀ ਜਾਂਦੀ ਸੀ। ਪ੍ਰੰਤੂ ਸਾਰੀਆਂ ਸਰਕਾਰਾਂ ਇਸ ਗੱਲ 'ਤੇ ਸਹਿਮਤ ਸਨ ਕਿ ਬ੍ਰਿਟਿਸ਼ ਕੋਲੰਬੀਆ ਸਰਕਾਰ ਦਾ ਭਾਰਤੀ ਪ੍ਰਵਾਸੀਆਂ ਦਾ ਦਾਖ਼ਲਾ ਰੋਕਣ ਦਾ ਪੂਰਾ ਹੱਕ ਹੈ। ਉਹਨਾਂ ਦਾ ਇਕੋ ਇਕ ਫ਼ਿਕਰ ਇਹ ਸੀ ਕਿ ਕੀਤੀ ਗਈ ਕਾਰਵਾਈ ਇਸ ਤਰ੍ਹਾਂ ਦੀ ਹੋਵੇ ਕਿ ਉਸ ਵਿੱਚੋਂ ਨਸਲੀ ਵਿਤਕਰੇ ਦਾ ਸ਼ੱਕ ਨ ਪਵੇ।[5]

1907 ਤੋਂ ਮਗਰੋਂ ਬ੍ਰਿਟਿਸ਼ ਕੋਲੰਬੀਆ ਦੀ ਰਾਜ ਵਿਧਾਨ ਸਭਾ ਨੇ ਭਾਰਤੀਆਂ ਦੇ ਪ੍ਰਵਾਸ ਨੂੰ ਰੋਕਣ ਤੇ ਉਹਨਾਂ ਦੇ ਖ਼ਾਸ ਉਦਯੋਗਾਂ ਵਿੱਚ ਨੌਕਰੀ ਕਰਨ 'ਤੇ ਪਾਬੰਦੀ ਲਾਉਣ ਲਈ ਕਾਨੂੰਨ ਪਾਸ ਕਰ ਦਿੱਤੇ। ਇਹ ਕਾਨੂੰਨ ਅਦਾਲਤਾਂ ਨੇ ਰੱਦ ਕਰ ਦਿੱਤੇ। ਫਿਰ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਪ੍ਰਵਾਸ ਉੱਪਰ ਮੁੱਢ ਤੋਂ ਹੀ ਪਾਬੰਦੀ ਲਾ ਦੇਵੇ।[6]

---

4. ਜੁਲਾਈ 1907 ਵਿੱਚ ਵੈਨਕੂਵਰ ਸ਼ਹਿਰ ਵਿੱਚ ਏਸ਼ੀਆਈਆਂ ਦੇ ਵਿਰੋਧ ਵਿੱਚ ਦੰਗੇ ਹੋਏ। ਇਹ ਵਧੇਰੇ ਕਰਕੇ ਚੀਨੀਆਂ ਤੇ ਜਾਪਾਨੀਆਂ ਦੇ ਵਿਰੁੱਧ ਸਨ ਜਿਸ ਕਾਰਨ 36 ਹਜ਼ਾਰ ਪੌਂਡ ਦੀ ਸੰਪਤੀ ਦਾ ਨੁਕਸਾਨ ਹੋਇਆ। ਸਿੱਖ ਘਰਾਂ ਦੇ ਅੰਦਰ ਰਹਿ ਕੇ ਆਪਣੀ ਸਿਆਣਪ ਨਾਲ ਬਚ ਗਏ।
5. ਪਹਿਲਾਂ ਪ੍ਰਵਾਸੀਆਂ ਨੂੰ ਆਪਣੀ ਇੱਛਾ ਨਾਲ ਕੈਨੇਡਾ ਤੋਂ ਚਲੇ ਜਾਣ ਲਈ ਪ੍ਰੇਰਨਾ ਕੀਤੀ ਗਈ ਤੇ ਉਸ ਦੀ ਥਾਂ ਤੇ ਬ੍ਰਿਟਿਸ਼ਿ ਹਾਡੂਰਸ ਵਿੱਚ ਆਬਾਦ ਹੋਣ ਲਈ ਕਿਹਾ ਗਿਆ। ਇਹ ਵਿਸ਼ਵਾਸ਼ ਕੀਤਾ ਗਿਆ ਕਿ 1907 ਤੇ 1908 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਬੇਰੁਜ਼ਗਾਰੀ ਨੂੰ ਧਿਆਨ 'ਚ ਰੱਖਦਿਆਂ ਇਹ ਤਜਵੀਜ਼ ਦੀ ਅਨੁਕੂਲ ਪ੍ਰਤਿਕਿਰਿਆ ਹੋਵੇਗੀ। ਮੁਖੀ ਸਿੱਖਾਂ ਦੇ ਇਕ ਪ੍ਰਤਿਨਿਧ ਮੰਡਲ ਨੇ ਹਾਡੂਰਸ ਵੇਖਿਆ, ਉਥੋਂ ਦੇ ਹਾਲਤ ਦਾ ਅਧਿਐਨ ਕੀਤਾ ਤੇ ਕਿਹਾ ਕਿ ਉਹਨਾਂ ਦੇ ਦੇਸ਼ਵਾਸੀ ਇਹ ਤਜਵੀਜ਼ਾਂ ਰੱਦ ਕਰਦੇ ਹਨ ਕਿਉਂਕਿ ਹਾਡੂਰਸ ਵਿੱਚ ਮਜ਼ਦੂਰੀ ਘੱਟ ਹੈ ਤੇ ਇਕਰਾਰਨਾਮੇ ਅਨੁਸਾਰ ਸੀਮਾਬੱਧ ਹੈ ਤੇ ਪੌਣ ਪਾਣੀ ਪੰਜਾਬੀਆਂ ਦੇ ਅਨੁਕੂਲ ਨਹੀਂ ਹੈ।
6. ਕੈਨੇਡਾ ਦੇ ਪ੍ਰਧਾਨ ਮੰਤਰੀ ਸਰ ਵਿਲਫਰੇਡ ਲਾਰੀਅਰ ਨੇ ਇਹ ਦੋਸ਼ ਮੁੜ ਦੁਹਰਾਇਆ ਕਿ ਭਾਰਤੀ ਬ੍ਰਿਟਿਸ਼ ਕੋਲੰਬੀਆ ਦੀ "ਪੌਣ ਪਾਣੀ ਵਿੱਚ ਰਹਿਣ ਲਈ ਅਢੁੱਕਵੇਂ ਹਨ ਤੇ ਰਾਜ ਦੇ ਕੁਝ ਭਾਗਾਂ ਦੀ ਉਦਯੋਗਿਕ ਤੇ ਆਰਥਿਕ ਦਸ਼ਾ ਲਈ ਖ਼ਤਰਾ ਹਨ।"

(ਫ਼ੁਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

1908 ਵਿੱਚ ਮੈਕਨਜ਼ੀ ਕਿੰਗ[7] ਨੇ, ਜੋ ਮਗਰੋਂ ਜਾ ਕੇ ਕੈਨੇਡਾ ਦਾ ਪ੍ਰਧਾਨ ਮੰਤਰੀ ਬਣਿਆ, ਕੈਨੇਡਾ ਦੀ ਸਰਕਾਰ ਦਾ ਦ੍ਰਿਸ਼ਟੀਕੋਣ ਸਮਝਾਉਣ ਲਈ ਲੰਡਨ ਤੇ ਕਲਕੱਤਾ ਦੀ ਯਾਤਰਾ ਕੀਤੀ। ਇਸ ਦੇ ਫ਼ਲਸਰੂਪ ਭਾਰਤ ਸਰਕਾਰ ਨੇ ਆਦੇਸ਼ ਜਾਰੀ ਕਰ ਦਿੱਤਾ ਕਿ ਭਾਰਤੀ ਜਹਾਜ਼ੀ ਕੰਪਨੀਆਂ ਅਮਰੀਕੀ ਮਹਾਂਦੀਪ ਵਿੱਚ ਰੁਜ਼ਗਾਰ ਦੀਆਂ ਤੇ ਸਫ਼ਰ ਦੀਆਂ ਸਹੂਲਤਾਂ ਬਾਰੇ ਇਸ਼ਤਿਹਾਰ ਨਾ ਦੇਣ। ਉਸ ਨੇ 1883 ਦੇ ਪ੍ਰਵਾਸੀ ਕਾਨੂੰਨ ਦੀਆਂ ਧਾਰਾਵਾਂ ਵੀ ਲਾਗੂ ਕਰ ਦਿੱਤੀਆਂ ਜਿਸ ਅਨੁਸਾਰ ਭਾਰਤੀਆਂ ਉਪਰ ਕੈਨੇਡਾ ਜਾਣ 'ਤੇ ਰੋਕ ਲਾਈ ਗਈ ਸੀ।[8]

ਕੈਨੇਡਾ ਸਰਕਾਰ ਨੇ ਆਪ ਵੀ ਭਾਰਤੀਆਂ ਦੇ ਪਰਦੇਸ਼ਾਂ 'ਚ ਰਹਿ ਰਹੇ ਨਾਗਰਿਕਾਂ ਦੇ ਕੈਨੇਡਾ ਵਿੱਚ ਪ੍ਰਵੇਸ਼ ਅਧਿਕਾਰਾਂ ਨਾਲ ਨਜਿੱਠਣ ਲਈ ਦੋ "ਆਰਡਰਜ਼ ਇਨ ਕੌਂਸਲ" ਪਾਸ ਕਰ ਦਿੱਤੇ। ਇਕ ਅਨੁਸਾਰ ਇਕ ਇੱਛਤ ਵਿਅਕਤੀ ਕੋਲ ਰੁਪਏ ਦੀ ਹੱਦ 25 ਪੌਂਡ ਤੋਂ 200 ਪੌਂਡ ਕਰ ਦਿੱਤੀ ਗਈ ਹੈ ਤੇ ਦੂਸਰੇ ਹੁਕਮ ਅਨੁਸਾਰ ਗ੍ਰਹਿ ਮੰਤਰੀ ਨੂੰ ਅਧਿਕਾਰ ਦੇ ਦਿੱਤਾ ਗਿਆ ਕਿ ਉਹ ਉਹਨਾਂ ਯਾਤਰੀਆਂ ਦਾ ਦਾਖ਼ਲਾ ਰੋਕ ਦੇਵੇ ਜੇਕਰ ਉਹ ਸਿੱਧੇ ਆਪਣੀ ਜਨਮ ਭੂਮੀ ਜਾਂ ਜਿੱਥੋਂ ਦੇ ਉਹ ਨਾਗਰਿਕ ਹੋਣ, ਸਿੱਧੇ ਜਹਾਜ਼ ਰਾਹੀਂ ਉਥੋਂ ਨਹੀਂ ਆਉਂਦੇ ਜਾਂ ਉਹਨਾਂ ਕੋਲ ਆਪਣੇ ਜਨਮ ਜਾਂ ਨਾਗਿਰਕਤਾ ਵਾਲੇ ਮੁਲਕ ਤੋਂ ਧੁਰ ਦੀਆਂ ਸਿੱਧੀਆਂ ਖ਼ਰੀਦੀਆਂ ਹੋਈਆਂ ਟਿਕਟਾਂ ਨਾ ਹੋਣ।"[9] ਇਹ ਦੋਵੇਂ ਹੁਕਮ ਵਿਸ਼ੇਸ਼ ਕਰਕੇ

---

੬ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਆਰਡਰ-ਇਨ-ਕੌਂਸਲ 2 ਮਾਰਚ 1908। ਸਰ ਵਿਲਫਰੇਡ ਨੇ ਭਾਰਤ ਦੇ ਵਾਇਸਰਾਇ ਲਾਰਡ ਮਿੰਟੋ ਨੂੰ ਲਿਖੇ ਇਕ ਪੱਤਰ ਵਿੱਚ ਕਿਹਾ : ਅਜੀਬ ਗੱਲ ਹੈ ਕਿ ਸਾਡੇ ਲੋਕ ਭਾਰਤੀਆਂ ਨੂੰ ਚੀਨੀਆਂ ਨਾਲੋਂ ਵੀ ਵਧੇਰੇ ਮਾੜਾ ਸਮਝਦੇ ਹਨ। ਇਥੇ ਆਉਣ ਵਾਲੀਆਂ ਸਭ ਪੂਰਬੀ ਜਾਤਾਂ ਨਾਲੋਂ ਉਹ ਸਭ ਤੋਂ ਘੱਟ ਢਲਣਹਾਰ ਹਨ।

ਅਪ੍ਰੈਲ 1908, ਮੋਰਸ ਦੇ ਅਣਛਪੇ ਥੀਸਿਸ "ਇਮੀਗ੍ਰੇਸ਼ਨ ਐਂਡ ਸਟੇਟਸ ਔਫ ਬ੍ਰਿਟਿਸ਼ ਈਸਟ ਇੰਡੀਅਨਜ਼ ਇਨ ਕੈਨੇਡਾ" ਪੰਨਾ 27

7. 1907 ਵਿੱਚ ਉਸ ਕਮਿਸ਼ਨ ਦਾ ਮੁਖੀ ਨਿਯੁਕਤ ਕੀਤਾ ਗਿਆ ਜੋ ਉਹਨਾਂ ਢੰਗਾਂ ਦੀ ਪੜਤਾਲ ਕਰਨ ਲਈ ਬਣਾਇਆ ਗਿਆ ਸੀ, ਜਿਸ ਨਾਲ ਪੂਰਬ ਦੇ ਮਜ਼ਦੂਰਾਂ ਨੂੰ ਕੈਨੇਡਾ ਜਾਣ ਲਈ ਉਤਸ਼ਾਹਿਤ ਕੀਤਾ ਗਿਆ ਸੀ।
8. 1883 ਦੀ ਦੇਸ਼ ਤਿਆਗ ਕਾਨੂੰਨ XXI ਠੇਕੇ ਤੇ ਮਜ਼ਦੂਰਾਂ ਦੇ ਹਿੱਤ ਸੁਰੱਖਿਅਤ ਕਰਨ ਲਈ ਪਾਸ ਕੀਤਾ ਗਿਆ ਸੀ। ਪ੍ਰਵਾਸ ਦੀ ਸਿਰਫ਼ ਉਹਨਾਂ ਮੁਲਕਾਂ ਵਿੱਚ ਹੀ ਆਗਿਆ ਦਿੱਤੀ ਗਈ ਸੀ ਜਿਨ੍ਹਾਂ ਨੇ ਪ੍ਰਵਾਸੀਆਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਕਾਨੂੰਨ ਪਾਸ ਕੀਤੇ ਤੇ ਅਨੁਸੂਚੀ ਵਿੱਚ ਸ਼ਾਮਿਲ ਸਨ। ਕੈਨੇਡਾ ਉਸ ਵਿੱਚ ਨਹੀਂ ਸੀ।
9. ਭਾਰਤ ਸਰਕਾਰ ਦੀ ਪ੍ਰਤਿਕਿਰਿਆ (ਜਿਸ ਕੋਲੋਂ ਸਿੱਖ ਪ੍ਰਵਾਸੀਆਂ ਨੂੰ ਸੁਰੱਖਿਆ ਦੀ ਝਾਕਸੀ) ਦਾ ਅਨੁਮਾਨ ਉਹਨਾਂ ਨੇਮਾਂ ਤੇ ਕਾਨੂੰਨਾਂ ਬਾਰੇ ਵਾਇਸਰਾਏ ਲਾਰਡ ਮਿੰਟੋ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਲਿਖਾ-ਪੜ੍ਹੀ ਤੋਂ ਦੇਖੀ ਜਾ ਸਕਦੀ ਹੈ। ਲਾਰਡ ਮਿੰਟੋ ਨੇ ਲਿਖਿਆ : "ਅਸੀਂ ਕੈਨੇਡਾ ਵੱਲੋਂ ਲਾਈਆਂ ਸ਼ਰਤਾਂ ਦੂਰ-ਦੂਰ ਤੱਕ ਛਾਪ ਕੇ ਪਹੁੰਚਾ ਦਿੱਤੀਆਂ ਹਨ ਜਿਸ ਦਾ ਸਿੱਟਾ ਇਹ ਹੋਇਆ ਕਿ ਪ੍ਰਵਾਸ ਬਿਲਕੁਲ ਬੰਦ ਹੋ ਗਿਆ ਹੈ ਤੇ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਭਾਰਤੀਆਂ ਵਿਰੁੱਧ ਨਿਰਦੇਸ਼ਤ ਕੀਤੇ ਗਏ ਸਨ। ਚੀਨੀਆਂ ਤੇ ਜਾਪਾਨੀਆਂ ਨੂੰ 200 ਪੌਂਡ ਵਾਲੀ ਧਾਰਾ ਤੋਂ ਛੋਟ ਦਿੱਤੀ ਗਈ ਸੀ। ਨਿਰੰਤਰ ਸਫ਼ਰ ਦੀ ਸ਼ਰਤ ਜਾਣ ਬੁੱਝ ਕੇ ਭਾਰਤੀਆਂ ਨੂੰ ਧਿਆਨ ਵਿੱਚ ਰੱਖਕੇ ਲਾਈ ਗਈ ਸੀ ਕਿਉਂਕਿ ਕੋਈ ਕੰਪਨੀ ਭਾਰਤ ਤੋਂ ਕੈਨੇਡਾ ਲਈ ਸਿੱਧੇ ਜਹਾਜ਼ ਨਹੀਂ ਚਲਾਉਂਦੀ ਸੀ ਤੇ ਹਾਂਗਕਾਂਗ, ਸਿੰਘਾਈ ਜਾਂ ਕਿਸੇ ਹੋਰ ਬੰਦਰਗਾਹ ਤੋਂ ਜਹਾਜ਼ ਬਦਲਣਾ ਲਾਜ਼ਮੀ ਸੀ ਤੇ ਭਾਰਤ ਦਾ ਆਪਣਾ ਕੋਈ ਜਹਾਜ਼ ਨਹੀਂ ਸੀ।[10] ਆਰਡਰਜ-ਇਨ-ਕੌਂਸਲ ਨੂੰ ਪ੍ਰਚੱਲਿਤ ਕਾਨੂੰਨ ਵਿੱਚ ਸੋਧ ਕਰਕੇ ਤੇ ਉਹਦੇ ਵਿੱਚ 1910 ਦੇ ਪ੍ਰਵਾਸ ਕਾਨੂੰਨਦੀਆਂ ਨਿਸ਼ੇਧਾਤਮਿਕ ਧਾਰਾਵਾਂ ਸ਼ਾਮਿਲ ਕਰਕੇ ਉਸ ਨੂੰ ਬੰਧਨ ਮੁਕਤ ਕਰ ਦਿੱਤਾ ਗਿਆ। ਪੱਖਪਾਤੀ ਕਾਨੂੰਨ ਕਈ ਸੈਂਕੜੇ ਭਾਰਤੀਆਂ ਨੂੰ ਕੈਨੇਡਾ ਤੋਂ ਚਲੇ ਜਾਣ ਲਈ ਮਜ਼ਬੂਰ ਕੀਤਾ। ਬ੍ਰਿਟਿਸ਼ ਕੋਲੰਬੀਆ ਵਿੱਚ ਭਾਰਤੀ ਵਸੋਂ ਜੋ 1908 ਵਿੱਚ ਪੰਜ ਹਜ਼ਾਰ ਸੀ, 1911 ਵਿੱਚ ਅੱਧੀ ਤੋਂ ਵੀ ਘੱਟ ਰਹਿ ਗਈ।[11]

ਭਾਰਤੀ ਪ੍ਰਵਾਸ ਰੋਕਣ ਪਿੱਛੋਂ ਕੈਨੇਡਾ ਸਰਕਾਰ ਨੂੰ ਉਹਨਾਂ ਭਾਰਤੀਆਂ ਨੂੰ ਬਾਹਰ

ੳ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਸਾਡਾ ਖ਼ਿਆਲ ਹੈ ਕਿ ਮੁੜ ਪ੍ਰਵਾਸ ਸ਼ੁਰੂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਅਸੀਂ ਕੈਨੇਡਾ ਵੱਲੋਂ ਵਰਤੇ ਢੰਗਾਂ 'ਤੇ ਕੋਈ ਇਤਰਾਜ਼ ਨਹੀਂ ਕੀਤਾ ਤੇ ਸਾਡੀ ਇਹਨਾਂ ਸਬੰਧੀ ਕੋਈ ਸੁਆਲ ਉਠਾਉਣ ਦੀ ਨੀਅਤ ਵੀ ਨਹੀਂ ਹੈ। ਇਕ ਮਾਰਚ 1809 ਦਾ ਪੱਤਰ। ਮੋਰਸੀ, 'ਇਮੀਗ੍ਰੇਸ਼ਨ ਐਂਡ ਸਟੇਟਸ ਔਫ ਬ੍ਰਿਟਿਸ਼ ਈਸਟ ਇੰਡੀਅਨਜ਼ ਇਨ ਕੈਨੇਡਾ" ਅਣਛਪਿਆ ਥੀਸਿਸ, ਪੰਨਾ 40-1

10. ਵੈਨਕੂਵਰ ਤੋਂ ਐਮ. ਪੀ. ਮਿਸਟਰ ਐਚ.ਐਚ. ਸਟੀਵਨਜ਼, ਜਿਸ ਨੇ ਭਾਰਤੀ ਪ੍ਰਵਾਸੀਆਂ ਵਿਰੁੱਧ ਕੈਨੇਡਾ ਵਾਸੀਆਂ ਦਾ ਵਿਰੋਧ ਲਾਮਬੰਦ ਕਰਨ ਲਈ ਮੁੱਖ ਭੂਮਿਕਾ ਨਿਭਾਈ, ਉਸ ਨੇ ਮੰਨਿਆ ਕਿ ਜਿਸ ਮੰਤਰੀ ਨੇ ਹੁਕਮ ਦਾ ਖਰੜਾ ਤਿਆਰ ਕੀਤਾ, ਉਹ ਵੀ ਤੇ ਉਸ ਦੀ ਹਕੂਮਤ ਵੀ ਜਾਣਦੀ ਸੀ ਕਿ ਭਾਰਤ ਤੋਂ ਕੋਈ ਜਹਾਜ਼ੀ ਕੰਪਨੀ ਕੈਨੇਡਾ ਨੂੰ ਸਿੱਧੇ ਜਹਾਜ਼ ਨਹੀਂ ਚਲਾਉਂਦੀ ਸੀ ਤੇ ਇਸ ਨਾਲ ਹਿੰਦੂ ਦੇਸ਼ 'ਚ ਨਹੀਂ ਆ ਸਕਣਗੇ ਤੇ ਇਸ ਦੇ ਨਾਲ ਹੀ ਸਰਕਾਰ ਨੂੰ ਇਸ ਹਮਲੇ ਤੋਂ ਵੀ ਮੁਕਤ ਰੱਖਣਗੇ ਕਿ ਇਹ ਹਿੰਦੂਆਂ ਵਿਰੁੱਧ ਕਾਨੂੰਨ ਪਾਸ ਕਰ ਰਹੀ ਹੈ ਜੋ ਬਰਤਾਨਵੀ ਪਰਜਾ ਹਨ।'

ਹਾਊਸ ਔਫ ਕਾਮਨਜ਼ ਡੀਬੇਟਸ, 1914, ਨੰ: 1233

ਆਰਡਰ-ਇਨ ਕੌਂਸਲ ਦਾ ਪਹਿਲਾ ਸ਼ਿਕਾਰ ਉਹ 200 ਭਾਰਤੀ (ਜੋ ਵਧੇਰੇ ਕਰਕੇ ਸਿੱਖ ਹੀ ਸਨ) ਬਣੇ ਜੋ ਮਾਰਚ 1908 ਵਿੱਚ ਮੌਂਟਰੀਅਲ ਰਾਹੀਂ ਵੈਨਕੂਵਰ ਪਹੁੰਚੇ। 18 ਉਹਨਾਂ ਨੂੰ ਰੋਕਿਆ ਗਿਆ ਜੋ ਜਹਾਜ਼ ਤੇ ਹਾਂਗਕਾਂਗ ਤੋਂ ਚੜ੍ਹੇ ਸੀ ਕਿਉਂਕਿ ਇਹ ਸਬੂਤ ਨਾ ਦੇ ਸਕੇ ਕਿ ਉਹ ਅਸਲੀ ਆਦਮੀ ਹੀ ਸਨ ਤੇ ਧੋਖੇਬਾਜ਼ ਨਹੀਂ ਸੀ ਤੇ ਉਹੋ ਆਦਮੀ ਹਨ ਜਿਨ੍ਹਾਂ ਨੇ ਕਲਕੱਤੇ ਤੋਂ ਟਿਕਟ ਖ਼ਰੀਦੀ ਸੀ। ਮੋਰਸੀ, "ਇਮੀਗ੍ਰੇਸ਼ਨ ਐਂਡ ਸਟੇਟਸ ਔਫ ਬ੍ਰਿਟਿਸ਼ ਈਸਟ ਇੰਡੀਅਨਜ਼ ਇਨ ਕੈਨੇਡਾ', ਪੰਨਾ 36

11. 1911 ਦੀ ਜਨਗਣਨਾ ਵਿੱਚ 2342 ਹਿੰਦੂ ਸਨ, ਜਿਨ੍ਹਾਂ ਵਿੱਚੋਂ ਬ੍ਰਿਟਿਸ਼ ਕੋਲੰਬੀਆ ਵਿੱਚ ਸਿਰਫ਼ 27 ਸਨ।

ਕੱਢਣ ਦੇ ਢੰਗ ਤਰੀਕੇ ਲੱਭੇ ਜੋ ਅਵਰੋਧਕ ਕਾਨੂੰਨ ਪਾਸ ਹੋਣ ਤੋਂ ਪਹਿਲਾਂ ਉੱਥੇ ਪਹੁੰਚ ਸਨ। ਨਿਰੰਤਰ ਸਫ਼ਰ ਤੇ 200 ਪੌਂਡ ਵਾਲੀਆਂ ਧਾਰਾਵਾਂ ਪ੍ਰਵਾਸੀਆਂ ਦੀਆਂ ਪਤਨੀਆਂ, ਬੱਚਿਆਂ[12] ਨੂੰ ਉਹਨਾਂ ਦੇ ਪਤੀਆਂ ਤੇ ਪਿਤਾਵਾਂ ਦੇ ਪਾਸ ਜਾਣ ਤੋਂ ਰੋਕਣ ਲਈ ਲਾਗੂ ਕੀਤੀਆਂ ਗਈਆਂ।

1910 ਦਾ ਪ੍ਰਵਾਸ ਕਾਨੂੰਨ ਕੈਨੇਡਾ ਦੀ ਸੁਪਰੀਮ ਕੋਰਟ ਸਾਹਮਣੇ 1913 ਵਿੱਚ ਘੋਖ ਲਈ ਪੇਸ਼ ਕੀਤਾ ਗਿਆ। 30 ਭਾਰਤੀਆਂ ਦੀ ਟੋਲੀ ਜੋ ਵਧੇਰੇ ਕਰਕੇ ਸਿੱਖ ਹੀ ਸਨ, ਪਾਨਾਮਾਮਾਰੂ ਜਾਪਾਨੀ ਜਹਾਜ਼ ਰਾਹੀਂ ਬ੍ਰਿਟਿਸ਼ ਕੋਲੰਬੀਆ ਪਹੁੰਚੀ ਸੀ, ਪ੍ਰਵਾਸੀ ਵਿਭਾਗ ਦੇ ਜਲਾਵਤਨੀ ਦੇ ਹੁਕਮਾਂ ਵਿਰੁੱਧ ਜਿਸਮਾਨੀ ਹਾਜ਼ਰੀ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਈ।[13]

ਫ਼ੈਸਲਾ ਸੁਣਾਏ ਜਾਣ ਦੇ ਦੋ ਹਫ਼ਤਿਆਂ ਅੰਦਰ ਹੀ ਕੈਨੇਡਾ ਦੀ ਸਰਕਾਰ ਨੇ ਇਕ ਨਵਾਂ ਆਰਡ-ਇਨ-ਕੌਂਸਲ ਜਾਰੀ ਕਰ ਦਿੱਤਾ ਜਿਸ ਰਾਹੀਂ ਬ੍ਰਿਟਿਸ਼ ਕੋਲੰਬੀਆ ਦੀ ਕਿਸੇ ਵੀ ਬੰਦਰਗਾਹ ਵਿੱਚ ਸੁਰੱਖਿਅਤ ਜਾਂ ਅਣਸੁਰੱਖਿਅਤ ਸ਼ਿਲਪਕਾਰ ਜਾਂ ਮਜ਼ਦੂਰ ਦੇ ਆਉਣ ਦੀ ਮਨਾਹੀਕਰ ਦਿੱਤੀ।[14] ਇਕ ਮਹੀਨਾ ਮਗਰੋਂ 'ਲਗਾਤਾਰ ਸਫ਼ਰ' ਤੇ 200 ਪੌਂਡ ਵਾਲੀਆਂ ਧਾਰਾਵਾਂ, ਨਵੇਂ ਆਰਡ-ਇਨ-ਕੌਂਸਲ ਅਨੁਸਾਰ ਮੁੜ ਸੁਚੇਤ ਹੋ ਕੇ ਸ਼ਬਦਾਂ

---

12. ਭਾਰਤੀਆਂ ਦੀਆਂ ਪਤਨੀਆਂ ਦਾ ਮਾਮਲਾ 1912 ਵਿੱਚ ਸਾਹਮਣੇ ਆਇਆ ਜਦੋਂ ਵੈਨਕੂਵਰ ਦੇ ਸਿੱਖ ਵਾਸੀ ਭਾਗ ਸਿੰਘ ਤੇ ਬਲਵੰਤ ਸਿੰਘ ਜੋ ਵੈਨਕੂਵਰ ਗੁਰਦੁਆਰਾ ਦੇ ਕ੍ਰਮਵਾਰ ਪ੍ਰਧਾਨ ਤੇ ਗ੍ਰੰਥੀ ਸਨ, ਬ੍ਰਿਟਿਸ਼ਿ ਕੋਲੰਬੀਆ ਵਿੱਚ ਆਪਣੇ ਪਰਿਵਾਰਾਂ ਨਾਲ ਮੁੜ ਪਹੁੰਚੇ। ਆਦਮੀਆਂ ਨੂੰ ਤਾਂ ਦਾਖ਼ਲ ਹੋਣ ਦਿੱਤਾ ਗਿਆ ਪਰ ਉਹਨਾਂਦੀਆਂ ਪਤਨੀਆਂ ਨੂੰ ਕੱਢ ਦਿੱਤਾ ਗਿਆ। ਭਾਰਤੀਆਂ ਨੇ ਹੁਕਮ ਵਿਰੁੱਧ ਅਪੀਲ ਕੀਤੀ ਪ੍ਰੰਤੂ ਸੁਪਰੀਮ ਕੋਰਟ ਦੇ ਫ਼ੈਸਲਾ ਸੁਣਾਉਣ ਤੋਂ ਪਹਿਲਾਂ ਹੀ ਪ੍ਰਵਾਸ ਵਿਭਾਗ ਨੇ ਤਰਸ ਦੇ ਅਧਾਰ 'ਤੇ ਬਿਨਾਂ ਮਿਸਾਲ ਬਣਾਏ ਸਬੰਧਿਤ ਇਸਤਰੀਆਂ ਤੇ ਬੱਚਿਆਂ ਨੂੰ ਕੈਨੇਡਾ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।—ਹਾਊਸ ਔਫ ਕਾਮਨਜ਼ ਡੀਬੇਟਸ, 1912, ਨੰ: 2457
13. ਮੁਦੱਈ ਨਾਰਾਇਣ ਸਿੰਘ ਆਦਿ ਨੰ: 18 ਬ੍ਰਿਟਿਸ਼ ਕੋਲੰਬੀਆ ਲਾਅ ਰਿਪੋਰਟਸ 1913, ਚੀਫ ਜਸਟਿਸ ਹੰਟਰ ਦੇ ਭਾਰਤੀਆਂ ਦੇ ਹੱਕ ਵਿੱਚ ਫ਼ੈਸਲਾ ਸੁਣਾਉਣ ਤੋਂ ਥੋੜ੍ਹਾ ਚਿਰ ਪਹਿਲਾਂ, ਪ੍ਰਵਾਸ ਵਿਭਾਗ ਨੇ ਸ਼ਾਇਦ, ਵਿਚਾਰ ਅਧੀਨ ਅਪੀਲ ਦੇ ਨਤੀਜੇ ਦੀ ਪੇਸ਼ਬੰਦੀ ਕਰਨ ਲਈ ਭਗਵਾਨ ਸਿੰਘ ਗਿਆਨੀ ਨੂੰ ਜੋ ਚੀਨੀ ਤੱਟ ਤੇ ਸਿੱਖ ਅਬਾਦਕਾਰਾਂ ਦਾ ਆਗੂ ਸੀ, ਨੂੰ ਸੁਪਰੀਮ ਕੋਰਟ ਦੇ ਜੱਜ ਵੱਲੋਂ ਦਿੱਤੀ ਆਰਜ਼ੀ ਜਿਸਮਾਨੀ ਹਾਜ਼ਰੀ ਦੀ ਰਿਆਇਤ ਦੇ ਹੁਕਮਨਾਮੇ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਜਲਾਵਤਨ ਕਰ ਦਿੱਤਾ।
14. ਪੀ. ਸੀ. 23624 (1914) ਤੇ ਪੀ. ਸੀ. 2642 (1913) ਕੇਵਲ ਪੂਰਬ ਵਾਸੀ ਜੋ ਬ੍ਰਿਟਿਸ਼ ਕੋਲੰਬੀਆ ਰਾਹੀਂ ਕੈਨੇਡਾ ਦਾਖ਼ਲ ਹੋਏ। ਪੂਰਬ ਵਾਸੀਆਂ 'ਚੋਂ ਸਿਰਫ਼ ਜਾਪਾਨੀਆਂ ਨੂੰ ਉਹਨਾਂ ਦੀ ਸਰਕਾਰ ਨਾਲ ਹੋਏ ਸਿਸ਼ਟ ਸਮਝੌਤੇ ਅਨੁਸਾਰ ਛੋਟ ਦਿੱਤੀ ਗਈ ਸੀ ਪ੍ਰੰਤੂ ਇਹ ਕਾਨੂੰਨ ਚੀਨੀਆ 'ਤੇ ਲਾਗੂ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਕੈਨੇਡਾ ਦੀ ਸਰਕਾਰ ਭਾਰਤੀਆਂ ਵਿਰੁੱਧ ਪੱਖਪਾਤ ਕਰਨ ਵਿੱਚ ਸਫ਼ਲ ਹੋ ਗਈ. ਭਾਵੇਂ ਉਸ ਨੇ ਭਾਰਤੀ ਸ਼ਬਦ ਦੀ ਵਰਤੋਂ ਨਾ ਕੀਤੀ।

ਦੀ ਵਰਤੋਂ ਕਰਕੇ ਲਾਗੂ ਕਰ ਦਿੱਤੀਆਂ ਗਈਆਂ ਤਾਂ ਜੋ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਝਾਂਸੇ ਨਾਲ ਲਾਗੂ ਹੋਣ ਤੋਂ ਬਚਿਆ ਜਾਵੇ। ਕੈਨੇਡਾ 'ਚ ਦਾਖ਼ਲਾ ਪੂਰੀ ਤਰ੍ਹਾਂ ਅਦਿੱਖ ਸਿਆਹੀ ਨਾਲ ਲਿਖ ਕੇ ਦਰਵਾਜ਼ੇ 'ਤੇ ਚਿਪਕਾ ਦਿੱਤਾ, "ਭਾਰਤੀਓ ਬਾਹਰ ਹੀ ਰਹੋ।"

ਸੰਯੁਕਤ ਰਾਜ ਵਿੱਚ ਸਿੱਖਾਂ ਦਾ ਪ੍ਰਵਾਸ ਕੈਨੇਡਾ ਤੋਂ ਹੀ ਉਛਾਲ ਸੀ। 1904 ਤੋਂ ਲੈ ਕੇ 1906 ਤੱਕ ਤਿੰਨ ਸਾਲਾਂ ਵਿੱਚ 600 ਭਾਰਤੀ ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਸਨ, ਸੰਯੁਕਤ ਰਾਜ ਪਹੁੰਚੇ। ਜਿਉਂ-ਜਿਉਂ ਕੈਨੇਡਾ ਦਾ ਪ੍ਰਵਾਸ ਵਿਭਾਗ ਸਖ਼ਤੀ ਕਰਦਾ ਗਿਆ ਸੰਯੁਕਤ ਰਾਜ ਵਿੱਚ ਪ੍ਰਵਾਸੀਆਂ ਦੀ ਗਿਣਤੀ ਵੱਧਦੀ ਗਈ।[15] ਪ੍ਰਵਾਸੀਆਂ ਨੂੰ ਵਾਸ਼ਿੰਗਟਨ, ਓਰੇਗਨ ਤੇ ਕੈਲੇਫੋਰਨੀਆਂ ਵਿੱਚ ਖੇਤ ਮਜ਼ਦੂਰਾਂ ਤੇ ਲੱਕੜੀ ਢੋਣ ਵਾਲਿਆਂ ਵਜੋਂ ਕੰਮ ਮਿਲਿਆ। ਸਿੱਖਾਂ ਦੇ ਛੋਟੇ-ਛੋਟੇ ਸਮੂਹ "ਸਾਨ ਜੋ" ਤੇ "ਸੈਕਰਾਮੈਂਟੋ" ਵਾਦੀਆਂ ਵਿੱਚ ਜਾ ਵੱਸੇ। ਕੁਝ ਹੋਰ ਦੱਖਣ ਵੱਲ ਇੰਮਪੀਰੀਅਲ ਘਾਟੀ ਵੱਲ ਚਲੇ ਗਏ ਜਿੱਥੇ ਪੌਣ ਪਾਣੀ ਪੰਜਾਬ ਵਰਗਾ ਹੀ ਸੀ। ਸੰਯੁਕਤ ਰਾਜ ਸਾਜ਼ਗਾਰ ਹਾਲਾਤ ਬਾਰੇ ਜਾਣਕਾਰੀ ਮਿਲਣ ਤੇ ਹੋਰ ਸਿੱਖਾਂ ਨੇ ਸਿੱਧੇ ਕੈਲੇਫੋਰਨੀਆ ਜਾਣਾ ਸ਼ੁਰੂ ਕਰ ਦਿੱਤਾ। ਪ੍ਰੰਤੂ ਅਮਰੀਕਨ ਗੋਰਿਆਂ ਨੇ ਕੈਨੇਡਾ ਦੇ ਗੋਰਿਆਂ ਨਾਲੋਂ ਵੀ ਵਧੇਰੇ ਹਿੰਸਕ ਪ੍ਰਤੀਕਿਰਿਆ ਪ੍ਰਗਟ ਕੀਤੀ। 1908 ਵਿੱਚ "ਏਸੀਏਟਿਕ ਐਕਸਕਲੂਜਨ ਲੀਗ (ਏਸ਼ੀਆਈਆਂ ਨੂੰ ਬਾਹਰ ਧੱਕਣ ਵਾਲੀ ਸੰਸਥਾ) ਨਾਮ ਦੀ ਸੰਸਥਾ ਨੇ ਪੂਰਬ ਦੇ ਲੋਕਾਂ ਪ੍ਰਤੀ ਮਿੱਥ ਕੇ ਲੁੱਟ ਮਾਰ ਤੇ ਕਤਲ ਕਰਨ ਦੇ ਪ੍ਰਬੰਧ ਕੀਤੇ। ਅਗਲੇ ਦੋ ਸਾਲਾਂ ਵਿੱਚ ਬਹੁਤ ਥੋੜ੍ਹੇ ਭਾਰਤੀ ਅਮਰੀਕਾ ਵਿੱਚ ਦਾਖ਼ਲ ਹੋਏ। ਜਦੋਂ ਇਹ ਨਸਲੀ ਫ਼ਸਾਦ ਕੁਝ ਮੱਠੇ ਹੋਏ ਤਾਂ ਪ੍ਰਵਾਸ ਫਿਰ ਸ਼ੁਰੂ ਹੋ ਗਿਆ ਤੇ 1910 ਤੱਕ ਕੈਲੇਫੋਰਨੀਆ ਵਿੱਚ 6000 ਭਾਰਤੀ ਪਹੁੰਚ ਗਏ। ਇਕ ਵਾਰ ਸਥਾਨਕ ਅਖ਼ਬਾਰਾਂ ਨੇ "ਦਸਤਾਰਧਾਰੀਆਂ ਦੀ ਲਹਿਰ" ਤੇ ਗੁੱਦੜ ਲੋਕਾਂ ਵਿਰੁੱਧ ਜ਼ਾਤੀ ਘ੍ਰਿਣਾ ਨੂੰ ਹਵਾ ਦਿੱਤੀ। ਅਮਰੀਕਾ ਦੀ ਸਰਕਾਰ ਨੇ ਕਾਨੂੰਨੀ ਬਾਰੀਕੀਆਂ ਦੀ ਪ੍ਰਵਾਨ ਨਾ ਕੀਤੀ ਤੇ ਤਿੰਨਾਂ ਵਿੱਚੋਂ ਕਿਸੇ ਇਕ ਕਾਰਨ ਨੂੰ ਆਧਾਰ ਬਣਾ ਕੇ ਭਾਰਤੀਆਂ ਨੂੰ ਬਾਹਰ ਕੱਢ ਦਿੱਤਾ। ਇਹ ਤਿੰਨ ਕਾਰਨ ਸਨ ਕਿ ਉਹਨਾਂ 'ਤੇ ਕੋਈ ਰਾਜਕੀ ਦੋਸ਼ ਹੈ ਜਾਂ ਉਹ ਖ਼ਤਰਨਾਕ ਲਾਗ ਦੀ ਬਿਮਾਰੀ ਦਾ ਸ਼ਿਕਾਰ ਹਨ ਜਾਂ ਉਹਨਾਂ ਨੇ ਵਿਦੇਸ਼ੀਆਂ ਦੇ ਇਕਰਾਰਨਾਮੇ ਦੇ ਕਾਨੂੰਨ ਨੂੰ ਉਲੰਘਿਆ ਹੈ।[16] ਇਸ ਤਰ੍ਹਾਂ ਸਿੱਖਾਂ ਲਈ ਅਮਰੀਕਾ ਵਿੱਚ ਪ੍ਰਵਾਸ ਲਈ ਸਭ ਦਰਵਾਜ਼ੇ ਬੰਦ ਕਰ ਦਿੱਤੇ ਗਏ ਤੇ ਜਿਹੜੇ ਪ੍ਰਵੇਸ਼ ਕਰਨ ਵਿੱਚ ਸਫ਼ਲ ਹੋ ਗਏ ਸਨ ਉਹਨਾਂ ਨੂੰ ਪੁਲਿਸ ਤੇ ਗੋਰੇ ਨਸਲਵਾਦੀਆਂ ਹੱਥੋਂ ਨਿਰੰਤਰ ਪ੍ਰੇਸ਼ਾਨੀ ਉਠਾਉਣੀ ਪਈ।

ਗਦਰ ਪਾਰਟੀ ਦੀ ਸਥਾਪਨਾ—ਕਿਉਂਕਿ ਭਾਰਤੀ ਪ੍ਰਵਾਸੀਆਂ ਦੀ ਬਹੁ-ਗਿਣਤੀ ਸਿੱਖਾਂ ਦੀ ਸੀ, ਆਰੰਭਕ ਪ੍ਰਵਾਸੀ ਸੰਸਥਾਵਾਂ ਦੇ ਕੇਂਦਰ ਸਿੱਖਾਂ ਦੇ ਗੁਰਦੁਆਰੇ ਹੀ ਬਣੇ। 1907 ਵਿੱਚ ਖ਼ਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਵੈਨਕੂਵਰ ਵਿੱਚ ਕੀਤੀ ਗਈ ਤੇ ਇਸ ਦੀਆਂ ਸ਼ਾਖ਼ਾਵਾਂ ਵਿਕਟੋਰੀਆ, ਨਿਊ ਵੈਸਟ ਮਿਨਸਟਰ, ਫਰੇਜ਼ਰ ਮਿਲਜ਼, ਡੰਕਨ

---

15. 1907 ਵਿੱਚ 1072, 1908 ਵਿੱਚ 1710 ਰਿਪੋਰਟ ਔਫ ਦੀ ਕਮਿਸ਼ਨ ਫ਼ਾਰ ਇਮੀਗ੍ਰੇਸ਼ਨ 1919-20, 181-2 ਹਵਾਲਾ-ਆਰ.ਕੇ. ਦਾਸ ਹਿੰਦੁਸਤਾਨੀ ਵਰਕਰਜ਼ ਔਨ ਦੀ ਪੈਸਿਫਿਕ ਕੋਸਟ।
16. ਪੈਸਿਫਿਕ ਮਨਥਲੀ ਜਿਲਦ 17 (1907) ਪੰਨਾ 584

ਕੂੰਬਜ਼ ਤੇ ਓਸ਼ਨ ਫ਼ਾਲਜ਼ ਵਿੱਚ ਕਾਇਮ ਕੀਤੀਆਂ ਗਈਆਂ। ਇਸ ਸੁਸਾਇਟੀ ਨੇ 1909 ਵਿੱਚ ਵੈਨਕੂਵਰ ਗੁਰਦੁਆਰਾ ਬਣਾਇਆ। ਤਿੰਨ ਸਾਲ ਮਗਰੋਂ ਇਕ ਹੋਰ ਗੁਰਦੁਆਰਾ ਵਿਕਟੋਰੀਆ ਵਿੱਚ ਬਣਾਇਆ ਗਿਆ ਤੇ ਹੋਰ ਸ਼ਹਿਰਾਂ ਵਿੱਚ ਵੀ ਛੋਟੇ ਗੁਰਦੁਆਰੇ ਬਣਾਏ ਗਏ। ਸੰਯੁਕਤ ਰਾਜ ਦੀ ਖ਼ਾਲਸਾ ਦੀਵਾਨ ਸੁਸਾਇਟੀ ਨੇ ਇਕ ਗੁਰਦੁਆਰਾ ਸਟਾਕਟਨ ਵਿੱਚ ਬਣਾਇਆ। ਭਾਵੇਂ ਦੀਵਾਨ ਦੇ ਉਦੇਸ਼ ਧਾਰਮਿਕ, ਵਿਦਿਅਕ ਤੇ ਪਰਉਪਕਾਰ ਸਨ ਪਰ ਪ੍ਰਵਾਸ ਨਾਲ ਸਮੱਸਿਆਵਾਂ ਤੇ ਜ਼ਾਤੀ ਭੇਦ ਭਾਵ ਦੀਆਂ ਘਟਨਾਵਾਂ ਨੇ ਇਹਦੀਆਂ ਕਾਰਵਾਈਆਂ 'ਤੇ ਵੀ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ।

ਨਿਰੋਲ ਸਿੱਖ ਦੀਵਾਨ ਦੇ ਨਾਲ-ਨਾਲ ਹੋਰ ਭਾਰਤੀ ਸਭਾਵਾਂ ਵੀ ਭਾਰਤੀ ਕਾਮਿਆਂ ਦੇ ਆਰਥਿਕ ਹਿੱਤਾਂ ਦੀ ਰੱਖਿਆ ਕਰਨ ਲਈ ਤੇ ਪ੍ਰਵਾਸੀ ਅਧਿਕਾਰੀਆਂ ਵਿਰੁੱਧ ਸੰਘਰਸ਼ ਕਰਨ ਲਈ ਹੋਂਦ ਵਿੱਚ ਆ ਗਈਆਂ। ਯੂਨਾਈਟਡ ਇੰਡੀਆ ਲੀਗ ਵੈਨਕੂਵਰ ਵਿੱਚ ਕਾਰਜਸ਼ੀਲ ਸੀ ਤੇ ਹਿੰਦੁਸਤਾਨੀ ਐਸੋਸੀਏਸ਼ਨ ਪੈਸਿਫਿਕ ਸਾਹਿਲ ਤੇ ਅਸਟੋਰੀਆ ਵਿੱਚ ਕਾਇਮ ਕੀਤੀ ਗਈ। ਕਿਉਂਕਿ ਗੁਰਦੁਆਰੇ ਹੀ ਅਜਿਹੀਆਂ ਥਾਵਾਂ ਸਨ ਜਿੱਥੇ ਭਾਰਤੀ ਇਕੱਠੇ ਹੋ ਕੇ ਮਿਲ ਸਕਦੇ ਸਨ ਤੇ ਸਮਾਗਮ ਕਰ ਸਕਦੇ ਸਨ ਇਸ ਲਈ ਉਹ ਰਾਜਸੀ ਗਤੀਵਿਧੀਆਂ, ਹੰਗਾਮਿਆਂ ਦੇ ਕੇਂਦਰ ਬਣ ਗਏ। ਸਿੱਖ ਦੀਵਾਨ ਤੇ ਹੋਰ ਸੰਸਥਾਵਾਂ ਨੇ ਗੁਰਮੁਖੀ, ਉਰਦੂ ਤੇ ਅੰਗਰੇਜ਼ੀ ਵਿੱਚ ਛੋਟੇ ਆਕਾਰ ਦੇ ਅਖ਼ਬਾਰ ਕੱਢਣੇ ਸ਼ੁਰੂ ਕਰ ਦਿੱਤੇ।[17]

ਜ਼ਿਆਦਾ ਸਿੱਖ ਪ੍ਰਵਾਸੀ ਸਾਬਕਾ ਫ਼ੌਜੀ ਜਾਂ ਪੁਲਿਸ ਦੇ ਸਿਪਾਹੀ ਸਨ ਜਿਨ੍ਹਾਂ ਲਈ ਤਾਜ ਦੀ ਵਫ਼ਾਦਾਰੀ ਧਰਮ ਸਿਧਾਂਤ ਵਾਂਗ ਹੀ ਸੀ। ਇਹ ਤਾਂ ਜਦੋਂ (ਲੰਡਨ ਦੇ) ਬੁਕਿੰਗਮ ਮਹਿਲ ਤੇ ਦਿੱਲੀ ਦੀ ਵਾਇਸਰਾਇ ਦੀ ਕੋਠੀ ਹੀ ਜਦੋਂ ਉਹਨਾਂ ਨੂੰ ਹੁੰਗਾਰਾ ਨਾ ਮਿਲਿਆ ਤਾਂ ਉਹਨਾਂ "ਗੋਰਾ" ਤੇ "ਗੋਰੇਸ਼ਾਹੀ" ਨਿੰਦਿਆ ਸੂਚਕ ਸ਼ਬਦ ਵਰਤਣੇ ਸ਼ੁਰੂ ਕੀਤੇ ਤੇ

17. ਇਹਨਾਂ 'ਚੋਂ ਕੋਈ ਵੀ ਪੱਤਰ ਬਹੁਤਾ ਚਿਰ ਨਾ ਚੱਲਿਆ। ਇਸ ਪਾਸੇ ਪਹਿਲਾ ਉੱਦਮ ਤਾਰਕ ਨਾਥ ਦਾਸ ਨਾਮ ਦੇ ਇਕ ਬੰਗਾਲੀ ਨੇ ਸ਼ੁਰੂ ਕੀਤਾ ਤੇ ਕੁਝ ਮਹੀਨੇ ਮਗਰੋਂ ਸੰਪਾਦਕ ਦੀ ਜਲਾਵਤਨੀ ਨਾਲ ਇਹ ਬੰਦ ਹੋ ਗਿਆ। ਹੇਠ ਲਿਖਿਆਂ ਪੱਤਰਾਂ ਤੇ ਅਖ਼ਬਾਰਾਂ ਦੀਆਂ ਕਾਪੀਆਂ ਬਰਕਲੇ ਯੂਨੀਵਰਸਿਟੀ ਵਿੱਚ ਪਈਆਂ ਹਨ—

ਦੇਸ਼ ਸੇਵਕ ਜਿਸ ਨੂੰ ਹਰਨਾਮ ਸਿੰਘ ਤੇ ਗੁਰੂਦੱਤ ਕੁਮਾਰ ਨੇ ਗੁਰਮੁਖੀ ਤੇ ਹਿੰਦੁਸਤਾਨੀ ਵਿੱਚ ਛਾਪਿਆ; ਕਰਤਾਰ ਸਿੰਘ ਅਕਾਲੀ ਨੇ 1911 ਵਿੱਚ ਖ਼ਾਲਸਾ ਹੈਰਲਡ ਮਾਹਵਾਰੀ ਗੁਰਮੁਖੀ ਵਿੱਚ ਵੈਨਕੂਵਰ ਤੋਂ ਛਾਪਿਆ; ਅੰਗਰੇਜ਼ੀ ਵਿੱਚ 'ਆਰੀ ਅਨ' ਦੀ ਸੰਪਾਦਨਾ ਡਾ. ਸੁੰਦਰ ਸਿੰਘ ਨੇ ਕੁਏਕਰਾਂ (ਅਮਰੀਕਾ ਦੀ ਮਿੱਤਰ ਮੰਡਲੀ) ਦੀ ਸਹਾਇਤਾ ਨਾਲ ਸ਼ੁਰੂ ਕੀਤੀ।

ਇਕ ਅੰਗਰੇਜ਼ੀ ਅਖ਼ਬਾਰ ਸੇਠ ਹੁਸੈਨ ਰਹੀਮ ਨੇ 1914 ਵਿੱਚ 'ਹਿੰਦੁਸਤਾਨੀ' ਸੰਪਾਦਿਕ ਕੀਤਾ।

ਡਾ. ਸੁੰਦਰ ਸਿੰਘ ਨੇ ਮਗਰੋਂ "ਕੈਨੇਡਾ ਐਂਡ ਇੰਡੀਆ" ਟੋਰੰਟੋ ਤੋਂ ਸੰਪਾਦਿਕ ਕੀਤਾ ਜੋ 1917 ਤੱਕ ਨਿਕਲਦਾ ਰਿਹਾ। ਕਰਤਾਰ ਸਿੰਘ ਅਕਾਲੀ ਵੀ ਟੋਰੰਟੋ ਚਲਾ ਗਿਆ ਤੇ ਕੁਝ ਸਾਲ "ਦੀ ਥੀਓਸੋਫੀਕਲ ਨਿਊਜ਼" ਕੱਢਦਾ ਰਿਹਾ।

ਲੇਖਕ ਨੂੰ 'ਗਦਰ' ਤੋਂ ਬਿਨਾਂ ਸੰਯੁਕਤ ਰਾਜ ਵਿੱਚ ਭਾਰਤੀ ਪ੍ਰਵਾਸੀਆਂ ਵੱਲੋਂ ਛਾਪੇ ਗਏ ਅਖ਼ਬਾਰਾਂ ਤੇ ਪੱਤਰਾਂ ਦੀ ਕੋਈ ਪਰਤ ਪ੍ਰਾਪਤ ਕਰਨ ਵਿੱਚ ਸਫ਼ਲਤਾ ਨਾ ਮਿਲੀ।

ਉਹਨਾਂ ਨੇ ਲਾਜਪਤ ਰਾਏ ਵਰਗੇ ਵਿਅਕਤੀਆਂ ਦੇ ਗਰਮ ਖ਼ਿਆਲੀ ਵਿਚਾਰਾਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਜੋ ਕੈਨੇਡਾ ਤੇ ਸੰਯੁਕਤ ਰਾਜ ਦੀ ਯਾਤਰਾ 'ਤੇ ਗਏ ਸਨ।

ਕੈਲੇਫੋਰਨੀਆ ਵਿੱਚ ਦਿੱਲੀ ਤੋਂ ਆਇਆ ਹਰਦਿਆਲ[18] ਜੋ ਸਟਾਨਫੋਰਡ ਯੂਨੀਵਰਸਿਟੀ ਵਿੱਚ ਲੈਕਚਰਾਰ ਸੀ, ਕੁਝ ਸਮੇਂ ਲਈ ਪ੍ਰਵਾਸੀ ਭਾਰਤੀਆਂ ਦਾ ਸਿਆਸੀ ਸਲਾਹਕਾਰ ਬਣਿਆ। ਇਕ ਦੋਹਰੀ ਅਗਵਾਨੀ ਉੱਭਰੀ ਪਰ ਪ੍ਰਭਾਵਸ਼ਾਲੀ ਤੇ ਅਸਲੀ ਕੰਟਰੋਲ ਵਧੇਰੇ ਕਰਕੇ ਅਨਪੜ੍ਹ ਸਿੱਖ ਕਾਮਿਆਂ ਦੇ ਹੱਥ ਵਿੱਚ ਹੀ ਰਿਹਾ।[19] ਕਿਉਂਕਿ ਪ੍ਰਵਾਸੀਆਂ ਨੂੰ ਵਕੀਲਾਂ ਤੇ ਸਰਕਾਰੀ ਵਿਭਾਗਾਂ ਨਾਲ ਵਾਹ ਪੈਂਦਾ ਸੀ, ਉਹਨਾਂ ਨੂੰ ਅਜਿਹੇ ਪ੍ਰਤਿਨਿਧਾਂ ਦੀ ਜ਼ਰੂਰਤ ਸੀ ਜੋ ਅੰਗਰੇਜ਼ੀ ਬੋਲ ਸਕਦੇ।[20] ਹਿੰਦੂ ਬੁੱਧੀਜੀਵੀਆਂ ਤੇ ਸਿੱਖ ਕਾਮਿਆਂ ਵਿੱਚ ਮਤਭੇਦ ਅਟੱਲ ਸਨ। ਸਿੱਖ ਹਿੰਦੂਆਂ ਨੂੰ ਅੰਗਰੇਜ਼ੀ ਬੋਲਦੇ ਬਾਬੂ ਕਹਿ ਕੇ ਨਫ਼ਰਤ ਕਰਦੇ ਸਨ ਜਿਨ੍ਹਾਂ ਵਿੱਚ ਨਿਸ਼ਚੇ ਨਾਲ ਡਟੇ ਰਹਿਣ ਦਾ ਹੌਸਲਾ ਨਹੀਂ ਸੀ। ਹਿੰਦੂ-ਸਿੱਖਾਂ ਪ੍ਰਤੀ ਉਹ ਨਫ਼ਰਤ ਪ੍ਰਗਟ ਕਰਦੇ ਸਨ ਜਿਵੇਂ ਵਕੀਲ ਆਮ ਤੌਰ 'ਤੇ ਆਪਣੇ ਗੰਵਾਰ 'ਸਾਇਲਾਂ' ਜਾਂ ਗਾਹਕਾਂ ਨਾਲ ਕਰਦੇ ਹਨ।

ਜਵਾਲਾ ਸਿੰਘ ਤੇ ਹਰਦਿਆਲ ਸਿੰਘ ਨੇ ਉੱਦਮ ਕਰਕੇ ਸਟਾਕਟਨ ਵਿੱਚ ਪ੍ਰਵਾਸੀਆਂ ਦੀ ਇਕ ਸੰਸਥਾ ਕਾਇਮ ਕੀਤੀ ਜਿਸ ਦਾ ਨਾਮ "ਹਿੰਦੁਸਤਾਨੀ ਵਰਕਰਜ਼ ਔਫ ਦੀ ਪੈਸਿਫਿਕ ਕੋਸਟ" ਰੱਖਿਆ। ਉਸ ਸਮੇਂ ਸੋਹਨ ਸਿੰਘ ਭਕਨਾ (ਜਨਮ 1807 ਈ:) ਜੋ ਉਸ ਸਮੇਂ ਓਰੇਗਨ ਦੀ ਆਰਾ ਮਿੱਲ ਵਿੱਚ ਕੰਮ ਕਰਦਾ ਸੀ ਤੇ ਹਰਦਿਆਲ ਕ੍ਰਮਵਾਰ ਪ੍ਰਧਾਨ ਤੇ ਸਕੱਤਰ ਚੁਣੇ ਗਏ। ਜਵਾਲਾ ਸਿੰਘ ਪਿਛੋਕੜ ਵਿੱਚ ਰਿਹਾ ਪ੍ਰੰਤੂ ਸਾਰਾ ਪੈਸਾ ਉਸ ਨੇ ਹੀ ਦਿੱਤਾ ਤੇ ਭਾਰਤੀ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇਣ ਲਈ ਧਨ ਵੀ ਉਸ ਨੇ ਦਿੱਤਾ। ਇਸ ਪਾਰਟੀ ਨੇ ਸਾਨ ਫ਼ਰਾਂਸਿਸਕੋ ਵਿੱਚ ਆਪਣਾ ਨਿਵਾਸ ਅਸਥਾਨ ਖ਼ਰੀਦ ਲਿਆ ਤੇ ਉਥੋਂ ਉਰਦੂ ਵਿੱਚ ਹਫ਼ਤਾਵਾਰ 'ਗਦਰ' ਛਾਪਣਾ ਸ਼ੁਰੂ ਕਰ ਦਿੱਤਾ ਜੋ ਮਗਰੋਂ ਕਈ ਭਾਰਤੀ

---

18. ਹਰਦਿਆਲ (1884-1938) ਦਾ ਦਿੱਲੀ ਦੇ ਕਾਇਸਥ ਪਰਿਵਾਰ ਨਾਲ ਸਬੰਧਿਤ ਸੀ। ਉਸ ਦੀ ਯਾਦ ਸ਼ਕਤੀ ਵਿਲੱਖਣ ਸੀ। ਉਸ ਨੇ ਕਈ ਯੂਨੀਵਰਸਿਟੀ ਕੀਰਤੀਮਾਨ ਸਥਾਪਤ ਕੀਤੇ। ਉਸ ਦੀ "ਮਹਾਨ ਹਰਦਿਆਲ" ਵਜੋਂ ਪ੍ਰਸਿੱਧੀ ਹੋ ਗਈ। ਉਸ ਦੀ ਪੁਸਤਕ "ਹਿੰਟਸ ਔਨ ਸੈਲਫ਼ ਕਲਚਰ" ਤੋਂ ਪ੍ਰਤਿਭਾ ਦੇ ਸੰਕੇਤ ਨਹੀਂ ਮਿਲਦੇ। ਉਹ ਆਪਣੇ ਰਾਜਸੀ ਵਿਚਾਰਾਂ ਵਿੱਚ ਬੇਨੇਮਾ ਸੀ। ਪਹਿਲੇ ਸੰਸਾਰ ਯੁੱਧ ਪਿੱਛੋਂ ਉਹ ਸਵੀਡਨ ਵਿੱਚ ਰਿਹਾ ਤੇ ਉਪਸ਼ਾਲਾ ਵਿੱਚ ਭਾਰਤੀ ਫ਼ਲਸਫ਼ਾ ਪੜ੍ਹਾਉਂਦਾ ਰਿਹਾ ਤੇ ਭਾਰਤ ਵਿੱਚ ਅੰਗਰੇਜ਼ੀ ਰਾਜ ਦੇ ਬਾਰੇ "ਖ਼ਿਮਾ ਜਾਚਨਾ" ਛਾਪੀ।
19. ਬ੍ਰਿਟਿਸ਼ ਕੋਲੰਬੀਆ ਤੋਂ ਭਾਗ ਸਿੰਘ ਪ੍ਰਤਿਨਿਧ ਸੀ, ਕੈਲੇਫੋਰਨੀਆ ਤੋਂ ਜੁਆਲਾ ਸਿੰਘ, (ਉਹ ਇਕ ਪਸ਼ੂ ਫ਼ਾਰਮ ਦਾ ਅਮੀਰ ਮਾਲਕ ਸੀ ਤੇ ਉਹ ਸਟਾਕਟਨ ਦੇ "ਆਲੂ ਸਮਰਾਟ" (ਪੋਟੈਟੋ ਕਿੰਗ) ਵਜੋਂ ਪ੍ਰਸਿੱਧ ਸੀ) ਸੋਹਨ ਸਿੰਘ ਭਕਨਾ, ਸੰਤੋਖ ਸਿੰਘ ਤੇ ਭਗਵਾਨ ਸਿੰਘ ਸਨ।
20. ਬ੍ਰਿਟਿਸ਼ ਕੋਲੰਬੀਆ ਵਿੱਚ ਉਹਨਾਂ ਨੂੰ ਤਾਰਕਨਾਥ ਦਾਸ ਤੇ ਛਗਨ ਲਾਲ ਵਰਮਾ ਉਰਫ਼ ਸੇਠ ਹੁਸੈਨ ਰਹੀਮ ਤੋਂ ਲੈ ਕੇ ਕੈਲੇਫੋਰਨੀਆਂ ਵਿੱਚ ਹਰਦਿਆਲ ਤੋਂ ਅਗਵਾਈ ਮਿਲਦੀ ਸੀ।

ਭਾਸ਼ਾਵਾਂ ਵਿੱਚ ਛਾਪਿਆ ਜਾਣ ਲੱਗਾ। ਪਰ ਸਭ ਤੋਂ ਵੱਡਾ ਪਰਚਾ ਗੁਰਮੁਖੀ ਵਿੱਚ ਕੱਢਿਆ ਗਿਆ। ਉਸ ਮਗਰੋਂ ਪਾਰਟੀ "ਗਦਰ ਪਾਰਟੀ" ਦੇ ਨਾਮ ਨਾਲ ਹੀ ਮਸ਼ਹੂਰ ਹੋ ਗਈ। ਅਖ਼ਬਾਰ ਦੇ ਪਹਿਲੇ ਅੰਕ ਵਿੱਚ ਹੀ ਇਸ ਨੇ ਆਪਣਾ ਉਦੇਸ਼ ਇਹਨਾਂ ਸ਼ਬਦਾਂ ਵਿੱਚ ਸਪੱਸ਼ਟ ਕਰ ਦਿੱਤਾ : "ਅੱਜ ਦੇ ਦਿਨ, ਵਿਦੇਸ਼ੀ ਧਰਤੀ ਤੇ ਪਰ ਆਪਣੇ ਮੁਲਕ ਦੀ ਭਾਸ਼ਾ ਵਿੱਚ ਬਰਤਾਨਵੀ ਰਾਜ ਵਿਰੁੱਧ ਜੰਗ ਸ਼ੁਰੂ ਕੀਤੀ ਜਾਂਦੀ ਹੈ। ਸਾਡਾ ਨਾਮ ਕੀ ਹੈ? ਗਦਰ। ਸਾਡਾ ਕੰਮ ਕੀ ਹੈ? ਗਦਰ। ਗਦਰ ਕਿੱਥੇ ਹੋਵੇਗਾ? ਹਿੰਦੁਸਤਾਨ ਵਿੱਚ। ਉਹ ਸਮਾਂ ਛੇਤੀ ਹੀ ਆਵੇਗਾ ਜਦੋਂ ਰਫ਼ਲਾਂ ਤੇ ਲਹੂ ਕਲਮ ਤੇ ਸਿਆਹੀ ਦੀ ਥਾਂ ਲੈਣਗੇ।"[21]

ਪਰਚੇ ਦੇ ਪਹਿਲੇ ਪੰਨੇ ਦੇ ਹੇਠਲੇ ਪਾਸੇ ਸ਼ਬਦ-ਸੰਕੇਤ ਸੀ : "ਬਰਤਾਨਵੀ ਸਰਕਾਰ ਦਾ ਦੁਸ਼ਮਣ।" ਇਸ ਦੀ ਤੀਸਰੇ ਪਰਚੇ ਵਿੱਚ (ਜੋ ਯੂਰਪ ਵਿੱਚ ਹੋਣ ਵਾਲੀ ਜੰਗ ਬਾਰੇ ਸੀ) ਹੋਰ ਵਿਆਖਿਆ ਕੀਤੀ ਗਈ ਸੀ : "ਜਰਮਨੀ ਵਾਲਿਆਂ ਨੂੰ ਸਾਡੀ ਅਜ਼ਾਦੀ ਲਹਿਰ ਪ੍ਰਤੀ ਬਹੁਤ ਹਮਦਰਦੀ ਹੈ ਕਿਉਂਕਿ ਉਹਨਾਂ ਦਾ ਤੇ ਸਾਡਾ ਅੰਗਰੇਜ਼ ਸਾਂਝਾ ਵੈਰੀ ਹੈ। ਭਵਿੱਖ ਵਿੱਚ ਜਰਮਨੀ ਨੂੰ ਸਾਥੋਂ ਸਹਾਇਤਾ ਮਿਲੇਗੀ ਤੇ ਉਹ ਸਾਨੂੰ ਬਹੁਤ ਸਹਾਇਤਾ ਦੇ ਸਕਦਾ ਹੈ।"[22]

ਕੁਝ ਹੀ ਮਹੀਨਿਆਂ ਵਿੱਚ 'ਗਦਰ' ਕੈਨੇਡਾ, ਜਾਪਾਨ, ਫ਼ਿਲਪਾਈਨ, ਹਾਂਗਕਾਂਗ, ਚੀਨ, ਮਲਾਇਆ ਪ੍ਰਾਦੀਪ, ਸਿੰਗਾਪੁਰ, ਬ੍ਰਿਟਿਸ਼ ਗੀਆਨਾ, ਤ੍ਰਿਨੀਦਾਦ, ਹਾਂਡੂਰਾਸ, ਦੱਖਣੀ ਤੇ ਪੂਰਬੀ ਅਫ਼ਰੀਕਾ ਤੇ ਹੋਰ ਮੁਲਕਾਂ ਵਿੱਚ ਭੇਜਿਆ ਜਾਣ ਲੱਗਾ। ਜਿੱਥੇ ਵੀ ਭਾਰਤੀ ਬਰਾਦਰੀਆਂ ਦੇ ਲੋਕ ਵੱਸੇ ਹੋਏ ਸਨ।

ਗਦਰ ਦੇ ਹਜ਼ਾਰਾਂ ਪਰਚੇ ਭਾਰਤ ਵਿੱਚ ਭੇਜੇ ਗਏ।[23] ਫਿਰ ਇਕ ਅਜਿਹੀ ਘਟਨਾ ਵਾਪਰੀ ਜਿਸ ਨੇ ਸੰਸਾਰ ਭਰ ਦਾ ਧਿਆਨ ਕੈਨੇਡਾ ਵਿੱਚ ਭਾਰਤੀ ਪ੍ਰਵਾਸੀਆਂ ਦੀ ਦੁਰਗਤੀ ਵੱਲ ਖਿੱਚਿਆ। ਇਹ ਘਟਨਾ ਕੈਨੇਡਾ ਦੇ ਸਮੁੰਦਰ ਵਿੱਚ ਕਾਮਾਗਾਟਾ ਮਾਰੂ ਦੇ ਪਹੁੰਚਣ ਦੀ ਸੀ।

ਕਾਮਾਗਾਟਾ ਮਾਰੂ—23 ਮਈ, 1914 ਦੀ ਸਵੇਰ ਨੂੰ ਇਕ ਜਾਪਾਨੀ ਮੁਸਾਫ਼ਰ ਜਹਾਜ਼ ਕਾਮਾਗਾਟਾਮਾਰੂ ਨੇ ਵੈਨਕੂਵਰ ਸ਼ਹਿਰ ਤੇ ਪਹਾੜਾਂ ਵਿਚਕਾਰ ਸਮੁੰਦਰ ਦੀ ਇਕ ਸੰਕੀਰਨ ਵੰਡ (ਖਾੜੀ) ਬੁਰਾਰਡ ਖਾੜੀ ਵਿੱਚ ਜਾ ਲੰਗਰ ਸੁੱਟਿਆ। ਜਹਾਜ਼ ਉਪਰ 376 ਭਾਰਤੀ ਸਨ ਜਿਸ ਵਿੱਚ ਤੀਹ ਮੁਸਾਫ਼ਰਾਂ ਤੋਂ ਬਿਨਾਂ ਬਾਕੀ ਸਭ ਸਿੱਖ ਸਨ। ਉਹਨਾਂ ਦਾ ਆਗੂ ਸਿੰਘਾਪੁਰ ਦਾ ਅਮੀਰ ਵਪਾਰੀ ਗੁਰਦਿੱਤ ਸਿੰਘ ਸੀ। ਗੁਰਦਿੱਤ ਸਿੰਘ ਨੇ ਛੇ ਮਹੀਨੇ ਤੇ ਜਹਾਜ਼ ਕਰਾਇਆ 'ਤੇ ਲਿਆ ਸੀ। ਉਸ ਨੇ ਭਾਰਤ ਤੇ ਰਸਤੇ ਵਿੱਚ ਆਉਂਦੀਆਂ ਬੰਦਰਗਾਹਾਂ ਹਾਂਗਕਾਂਗ, ਸਿੰਘਈ, ਕੋਬੇ ਤੇ ਯੋਕੋਹਾਮਾ ਤੋਂ ਮੁਸਾਫ਼ਰ ਚੜ੍ਹਾਏ।

---

21. ਗਦਰ, 1, ਨਵੰਬਰ, 1913
22. ਉਹੀ, 15, ਨਵੰਬਰ, 1913
23. 'ਗ਼ਦਰ' ਵਿੱਚੋਂ ਬਹੁਤ ਸਾਰੇ ਲੇਖ ਤੇ ਨਜ਼ਮਾਂ ਕਿਤਾਬੀ ਰੂਪ ਵਿੱਚ ਮੁੜ ਛਾਪੀਆਂ ਗਈਆਂ ਜਿਨ੍ਹਾਂ ਵਿੱਚੋਂ ਚਾਰ—(1) ਗਦਰ ਦੀ ਗੂੰਜ (2) ਐਲਾਨ-ਇ-ਜੰਗ (3) ਨਯਾ ਜ਼ਮਾਨਾ (4) ਭਾਰਤ ਵਿੱਚ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ, ਬਹੁਤ ਮਸ਼ਹੂਰ ਹੋਈਆਂ। ਗ਼ਦਰ ਗੂੰਜ ਵਿੱਚੋਂ ਹੇਠਾਂ ਸਾਰੰਸ਼ ਲਏ ਗਏ ਹਨ :

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

"ਕਾਮਾਗਾਟਾ ਮਾਰੂ" ਦੇ ਆਉਣ ਨੂੰ ਬ੍ਰਿਟਿਸ਼ ਕੋਲੰਬੀਆ ਦੇ ਅਖ਼ਬਾਰਾਂ ਵਿੱਚ "ਪੂਰਬੀ ਲੋਕਾਂ ਦਾ ਸ਼ਿੱਦਤ ਭਰਪੂਰ ਹਮਲਾ" ਕਿਹਾ ਗਿਆ। ਜਦੋਂ ਇਹ ਜਹਾਜ਼ ਕੈਨੇਡਾ ਦੇ ਸਮੁੰਦਰ ਵਿੱਚ ਪਹੁੰਚਿਆ ਤਾਂ ਇਸ ਦੀ ਨਾਕਾਬੰਦੀ ਕਰ ਲਈ ਗਈ ਤੇ ਸਿਰਫ਼ 22 ਆਦਮੀਆਂ ਨੂੰ ਹੀ, ਜੋ ਆਪਣੀ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ, ਉਤਰਨ ਦਿੱਤਾ ਗਿਆ। ਬਾਕੀ ਦਿਆਂ ਨੂੰ ਵਾਪਸ ਜਾਣ ਲਈ ਕਹਿ ਦਿੱਤਾ ਗਿਆ। ਗੁਰਦਿੱਤ ਸਿੰਘ ਉਪਰ ਰਹਿੰਦਾ ਕਰਾਇਆ ਤੁਰੰਤ ਅਦਾ ਕਰਨ ਲਈ ਦਬਾ ਪਾਇਆ ਗਿਆ ਨਹੀਂ ਤਾਂ ਜਹਾਜ਼ ਖੋਹ ਲਿਆ ਜਾਵੇਗਾ ਜਾਂ ਜ਼ਬਰਦਸਤੀ ਹਾਂਗਕਾਂਗ ਭੇਜ ਦਿੱਤਾ ਜਾਵੇਗਾ। ਗੁਰਦਿੱਤ ਸਿੰਘ ਦਾ ਇਹ ਰੋਸ, ਕਿ ਉਹ ਰੁਪਏ ਦੀ ਅਦਾਇਗੀ ਮੁਸਾਫ਼ਰਾਂ ਨੂੰ ਇਕ ਇਕਰਾਰਨਾਮੇ ਅਨੁਸਾਰ ਕੈਨੇਡਾ ਵਿੱਚ ਉਤਾਰਨ ਪਿੱਛੋਂ ਤੇ ਜਹਾਜ਼ ਤੇ ਲੱਦਿਆ ਮਾਲ ਵੇਚਣ ਪਿੱਛੋਂ ਹੀ ਦੇ ਸਕੇਗਾ, ਰੱਦ ਕਰ ਦਿੱਤਾ ਗਿਆ।

ਕੈਨੇਡਾ ਵਿੱਚ ਸਿੱਖ ਮਜ਼ਦੂਰਾਂ ਨੇ ਕਰਾਏ ਦੀ ਅਦਾਇਗੀ ਲਈ 22000 ਪੌਂਡ ਇਕੱਠੇ ਕਰ ਲਏ। ਉਹਨਾਂ ਨੇ ਕੈਨੇਡਾ ਦੇ ਲੋਕਾਂ ਨੂੰ ਸਰਕਾਰ ਨੂੰ ਨਿਆਂ ਲਈ ਬੇਨਤੀ ਕੀਤੀ; ਬਾਦਸ਼ਾਹ, ਡਿਊਕ ਔਫ ਕਨਾਟ, ਵਾਇਸਰਾਇ ਭਾਰਤ ਤੇ ਇੰਗਲੈਂਡ ਵਿੱਚ ਭਾਰਤੀ ਨੇਤਾਵਾਂ ਨੂੰ ਤਾਰਾਂ ਭੇਜੀਆਂ। ਪੰਜਾਬ ਦੇ ਕਈ ਸ਼ਹਿਰਾਂ ਵਿੱਚ "ਕਾਮਾਗਾਟਾ ਮਾਰੂ" ਦੇ ਮੁਸਾਫ਼ਰਾਂ ਨਾਲ ਹਮਦਰਦੀ ਪ੍ਰਗਟਾਉਣ ਲਈ ਜਨਤਕ ਸਮਾਗਮ ਕੀਤੇ ਗਏ। ਸ੍ਰੀਮਤੀ ਐਨੀ ਬਸੰਤ ਨੇ ਅੰਗਰੇਜ਼ੀ ਅਖ਼ਬਾਰਾਂ ਵਿੱਚ ਇਹ ਮਾਮਲਾ ਉਠਾਇਆ।[24]

ਬਰਤਾਨੀਆ, ਭਾਰਤ ਤੇ ਕੈਨੇਡਾ ਦੀਆਂ ਸਰਕਾਰਾਂ ਨੇ ਇਸ ਅੰਦੋਲਨ ਜਾਂ ਵਿਰੋਧ

ਅ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

1) ਸਾਨੂੰ ਲੋੜ ਨਾ ਪੰਡਤਾਂ, ਕਾਜ਼ੀਆਂ ਦੀ ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ।
ਜਪ ਤਪ ਦਾ ਵਕਤ ਬਤੀਤ ਹੋਇਆ, ਵੇਲਾ ਆ ਗਿਆ ਤੇਗ ਉਠਾਵਣੇ ਦਾ।
(ਜਿਲਦ 1, ਨੰਬਰ 4)

2) ਹਿੰਦੂ ਤੇ ਮੁਸਲਮਾਨ ਸਿੱਖ ਅਸੀਂ ਸਾਰੇ, ਭਾਰਤ ਦੇ ਪੁੱਤ ਅਸੀਂ ਸਾਰੇ ਹੀ ਕਹਾਂਵਦੇ।
ਸ਼ਰਾ ਤੇ ਮਜ਼੍ਹਬ ਰੱਖ ਲੋ ਕਿਨਾਰਿਆਂ ਤੇ ਦੇਖੀ ਜਾਊ ਪਿੱਛੋਂ, ਕੰਮ ਪੈਹਲਾਂ ਕਤਲਾਮ ਦੇ।
(ਜਿਲਦ 1, ਨੰਬਰ 23)

24. ਲੰਡਨ ਦੇ "ਦੀ ਟਾਈਮਜ਼" ਦੀ ਪ੍ਰਤੀਕਿਰਿਆ ਵਿਸ਼ੇਸ਼ ਸੀ। ਇਸ ਨੇ 4 ਜੂਨ, 1914 ਦੇ ਸੰਪਾਦਕੀ ਲੇਖ ਵਿੱਚ ਲਿਖਿਆ—"ਬਰਤਾਨਵੀ ਨਾਗਰਿਕਤਾ ਜਿਹੇ ਕਥਨਾਂ ਨੂੰ ਪ੍ਰਵੇਸ਼ ਕਰਨ ਲਈ ਜਾਦੂ ਵਾਂਗ ਨਹੀਂ ਵਰਤਿਆ ਜਾ ਸਕਦਾ। ਅੜਿਕਾ ਪਾਉਣ ਵਾਲੀਆਂ ਝੂਠੀਆਂ ਦਲੀਲਾਂ ਜਾਂ ਸ਼ਬਦ ਜਾਲ ਜਾਂ ਬਹੁਤਾ ਕਿਤਾਬੀ ਗਿਆਨ ਭਾਰਤੀਆਂ ਲਈ ਸਹਾਈ ਨਹੀਂ ਹੋ ਸਕੇਗਾ। ਤੇ ਉਸ ਨੂੰ ਅਜਿਹੇ ਕਦਮ ਉਠਾਉਣ ਦਾ ਕੋਈ ਲਾਭ ਨਹੀਂ ਹੋਵੇਗਾ, ਜਿਵੇਂ ਉਸ ਨੇ ਕੈਨੇਡਾ ਦੇ ਦਰਵਾਜ਼ੇ ਤੇ ਜਹਾਜ਼ ਭਰਕੇ ਸੈਂਕੜੇ ਮੁਸਾਫ਼ਰ ਜਾ ਉਤਾਰੇ ਹਨ। 9 ਜੁਲਾਈ 1914 ਦੇ ਸੰਪਾਦਕੀ ਲੇਖ ਵਿੱਚ "ਦੀ ਟਾਈਮਜ਼" ਨੇ ਲਿਖਿਆ, "ਪੂਰਬ ਪੂਰਬ ਹੈ ਤੇ ਪੱਛਮ ਪੱਛਮ ਹੈ" ਤੇ ਭਾਵੇਂ ਅਸੀਂ ਇਹਦਾ ਅਟੱਲ ਉਪਸਿਧਾਂਤ ਪ੍ਰਵਾਨ ਕਰਨ ਤੋਂ ਕਿਤਨਾ ਹੀ ਝਿਜਕੀਏ ਕਿ ਇਹ ਦੋਵੇਂ ਕਦੇ ਇਕ ਨਹੀਂ ਹੋ ਸਕਣਗੇ ਪ੍ਰੰਤੂ ਉਹਨਾਂ ਵਿੱਚ ਅੰਤਰ ਤੋਂ ਮੁਨਕਰ ਹੋਣਾ ਵਿਅਰਥ ਹੋਵੇਗਾ।"

ਵੱਲ ਕੋਈ ਧਿਆਨ ਨਾ ਦਿੱਤਾ।[25] ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਮੰਤਰੀ ਸਰ ਰਿਚਰਡ ਮੈਕ ਬਰਾਈਡ ਨੇ ਸਾਫ਼-ਸਾਫ਼ ਕਹਿ ਦਿੱਤਾ : "ਵੱਡੀ ਗਿਣਤੀ ਵਿੱਚ ਪੂਰਬੀ ਲੋਕਾਂ ਦੇ ਦਾਖ਼ਲੇ ਦੇਣ ਦਾ ਪ੍ਰਭਾਵ ਗੋਰੀਆਂ ਨਸਲਾਂ ਦਾ ਖ਼ਾਤਮਾ ਹੋਵੇਗਾ ਤੇ ਅਸੀਂ ਇਹ ਗੱਲ ਆਪਣੇ ਮਨ ਵਿੱਚ ਰੱਖਣ ਦੀ ਲੋੜ ਅਨੁਭਵ ਕਰਦੇ ਹਾਂ ਕਿ ਅਸੀਂ ਇਸ ਨੂੰ ਗੋਰਿਆਂ ਦਾ ਮੁਲਕ ਹੀ ਬਣਿਆ ਰਹਿਣ ਦੇਈਏ।"[26]

ਵੈਨਕੂਵਰ ਦੇ ਸਿੱਖਾਂ ਦੀ ਸਾਹਿਲੀ ਕਮੇਟੀ "ਕਾਮਾਗਾਟਾ ਮਾਰੂ" ਦਾ ਮੁਕੱਦਮਾ ਅਦਾਲਤ ਵਿੱਚ ਲੈ ਗਈ। ਸੁਪਰੀਮ ਕੋਰਟ ਦੇ ਪੂਰੇ ਬੈਂਚ ਨੇ ਫ਼ੈਸਲਾ ਦਿੱਤਾ ਕਿ ਨਵੇਂ "ਆਰਡਰਜ਼-ਇਨ-ਕੌਂਸਲ ਅਦਾਲਤਾਂ ਨੂੰ ਪ੍ਰਵਾਸ ਵਿਭਾਗ" ਦੇ ਨਿਰਣਿਆਂ ਵਿੱਚ ਦਖ਼ਲ ਦੇਣ 'ਤੇ ਰੋਕ ਲਾਉਂਦੇ ਹਨ।[27]

ਮੁਸਾਫ਼ਰਾਂ ਨੇ ਜਾਪਾਨੀ ਮਲਾਹਾਂ ਤੋਂ ਜ਼ਬਰਦਸਤੀ ਜਹਾਜ਼ ਆਪਣੇ ਅਧਿਕਾਰ ਵਿੱਚ ਕਰ ਲਿਆ ਤੇ ਉਦੋਂ ਤੱਕ ਜਹਾਜ਼ ਤੋਂ ਜਾਣ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਜੰਗੀ ਜਹਾਜ਼ ਨੇ ਗੋਲੀ ਚਲਾਉਣ ਦੀ ਧਮਕੀ ਨਾ ਦੇ ਦਿੱਤੀ। ਦੋ ਮਹੀਨੇ ਕੈਨੇਡਾ ਦੀ ਪ੍ਰਾਹੁਣਾਚਾਰੀ ਪਿੱਛੋਂ ਕਾਮਾਗਾਟਾ ਮਾਰੂ ਪੈਸਿਫ਼ਿਕ ਵਿੱਚ ਚਲਾ ਗਿਆ।[28]

---

25. ਲਾਰਡ ਹਾਰਡਿੰਗ ਦੇ ਮਗਰੋਂ ਦਿੱਤੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਉਸ ਨੂੰ ਭਾਰਤੀ ਪ੍ਰਵਾਸੀਆਂ ਨਾਲ ਕੋਈ ਹਮਦਰਦੀ ਨਹੀਂ ਸੀ। ਕੌਂਸਲ ਵਿੱਚ 8 ਸਤੰਬਰ 1914 ਨੂੰ ਉਸ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਕਾਮਾਗਾਟਾ ਮਾਰੂ ਦਾ ਸਫ਼ਰ ਭਾਰਤ ਸਰਕਾਰ ਦੀ ਜਾਣਕਾਰੀ 'ਤੇ ਮਨਜ਼ੂਰੀ ਤੋਂ ਬਿਨਾਂ ਹੀ ਤੇ ਕੈਨੇਡਾ ਦੇ ਪ੍ਰਵਾਸੀ ਕਾਨੂੰਨ ਦੀ ਉਲੰਘਣਾ ਕਰਕੇ ਕੀਤਾ ਗਿਆ ਸੀ। ਉਸ ਨੇ ਕਾਮਾਗਾਟਾ ਮਾਰੂ ਨੂੰ 4000 ਡਾਲਰ ਦਾ ਰਾਸ਼ਨ ਦੇਣ ਦੀ ਉਦਾਰਤਾ ਦਾ ਜ਼ਿਕਰ ਕੀਤਾ ਤੇ ਆਪਣੇ ਦ੍ਰਿਸ਼ਟੀਕੋਣ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਪ੍ਰਗਟ ਕੀਤਾ, "ਭਾਰਤ ਸਰਕਾਰ ਨੇ ਇਸ ਘਟਨਾ ਨੂੰ ਬੜੇ ਧਿਆਨ ਨਾਲ ਵੇਖਿਆ ਪਰ ਕਿਉਂਕਿ ਇਹ ਨਿਰੋਲ ਕਾਨੂੰਨੀ ਮਸਲਾ ਸੀ, ਇਸ ਲਈ ਇਸ ਵਿੱਚ ਦਖ਼ਲ ਦੇਣ ਦਾ ਕੋਈ ਸੁਆਲ ਹੀ ਨਹੀਂ ਸੀ।" ਗਜ਼ਟ ਔਫ ਇੰਡੀਆ, 19 ਸਤੰਬਰ, 1914, ਪੰ: 973
26. ਦੀ ਟਾਈਮਜ਼, ਲੰਡਨ, 23 ਮਈ, 1914
27. ਮੁਦਈ ਮੁਨਸ਼ੀ ਸਿੰਘ ਨੰ: 20 (1914) ਬ੍ਰਿਟਿਸ਼ ਕੋਲੰਬੀਆ ਲਾਅ ਰਿਪੋਰਟ (ਪੰ: 245) ਜਿਸ ਦਾ ਫ਼ੈਸਲਾ 7 ਜੁਲਾਈ, 1914 ਨੂੰ ਹੋਇਆ।
28. ਕਾਮਾਗਾਟਾ ਮਾਰੂ ਦੇ ਚਲੇ ਜਾਣ ਪਿੱਛੋਂ ਵੈਨਕੂਵਰ ਵਿੱਚ ਹਿੰਸਾ ਦੀ ਲਹਿਰ ਫ਼ੈਲ ਗਈ। ਪ੍ਰਵਾਸ ਵਿਭਾਗ ਨੇ ਯੂਰਪੀਨ ਪੁਲਿਸਮੈਨ ਵਿਲੀਅਮ ਹੋਪਕਿਨਸਨ ਦੀਆਂ ਸੇਵਾਵਾਂ ਗਦਰ ਸੰਸਥਾ ਵਿੱਚ ਫੁੱਟ ਪਾਉਣ ਲਈ ਪ੍ਰਾਪਤ ਕਰ ਲਈਆਂ। ਹੋਪਕਿਨਸਨ ਦਾ ਮੁੱਖ ਸਹਾਇਕ ਬੇਲਾ ਸਿੰਘ ਸੀ। ਬੇਲਾ ਸਿੰਘ ਦੇ ਦੋ ਪਿੱਠੂ ਮਾਰ ਦਿੱਤੇ ਗਏ। ਗੁਰਦੁਆਰੇ ਵਿੱਚ ਇਹਨਾਂ ਕਤਲ ਹੋਏ ਵਿਅਕਤੀਆਂ ਦੇ ਅੰਤਿਮ ਸੰਸਕਾਰਾਂ ਪਿੱਛੋਂ ਬੇਲਾ ਸਿੰਘ ਨੇ ਦੋ ਵਿਅਕਤੀਆਂ ਨੂੰ ਮਾਰ ਦਿੱਤਾ ਤੇ ਕਈ ਹੋਰ ਜ਼ਖ਼ਮੀ ਕਰ ਦਿੱਤੇ। ਬੇਲਾ ਸਿੰਘ ਦੇ ਮੁਕੱਦਮੇ ਵਿੱਚ ਹੋਪਕਿਨਸਨ ਨੇ ਗਵਾਹ ਵਜੋਂ ਪੇਸ਼ ਹੋਣ ਲਈ ਇੱਛਾ ਪ੍ਰਗਟ ਕੀਤੀ। ਹੋਪਕਿਨਸਨ ਨੂੰ ਗੁਰਦੁਆਰੇ ਦੇ ਗ੍ਰੰਥੀ ਮੇਵਾ ਸਿੰਘ ਨੇ ਮਾਰ ਦਿੱਤਾ। ਮੇਵਾ ਸਿੰਘ ਨੂੰ ਮੌਤ ਦੀ ਸਜ਼ਾ ਹੋਈ। ਆਪਣੇ ਫ਼ਾਸੀ ਲੱਗਣ ਤੋਂ ਪਹਿਲਾਂ ਉਸ ਨੇ ਇਕਬਾਲੀਆ ਬਿਆਨ ਦਿੱਤਾ ਜੋ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਕਾਮਾਗਾਟਾ ਮਾਰੂ ਦੀਆਂ ਮੁਸੀਬਤਾਂ ਖ਼ਤਮ ਨਹੀਂ ਹੋਈਆਂ ਸਨ। ਉਹ ਦੇ ਕਿਸੇ ਵੀ ਮੁਸਾਫ਼ਰ ਨੂੰ ਹਾਂਗਕਾਂਗ ਜਾਂ ਸਿੰਗਾਰਪੁਰ (ਜਿੱਥੇ ਕਈਆਂ ਦਾ ਘਰ ਸੀ) ਉਤਰਨ ਨਾ ਦਿੱਤਾ ਗਿਆ। ਇਹ ਜਹਾਜ਼ ਆਖ਼ਰ ਹੁਗਲੀ ਪਹੁੰਚਿਆ ਤੇ ਬਜਬਜ ਬੰਦਰਗਾਹ ਦੀ ਗੋਦੀ ਵਿੱਚ ਆ ਰੁੱਕਿਆ। ਪੁਲਿਸ ਨੇ ਤਲਾਸ਼ੀ ਲਈ ਪਰ ਕੋਈ ਹਥਿਆਰ ਨਾ ਮਿਲਿਆ।[29] ਅਜੇ ਜਹਾਜ਼ ਸਮੁੰਦਰ ਵਿੱਚ ਹੀ ਸੀ, ਜਦੋਂ ਜੰਗ ਛਿੜ ਪਈ ਸੀ ਤੇ ਗੌਰਮਿੰਟ ਕੋਲ ਮੁੜ ਰਹੇ ਪ੍ਰਵਾਸੀਆਂ ਨੂੰ ਰੋਕਣ ਦੇ ਅਧਿਕਾਰ ਆ ਗਏ ਸਨ। ਮੁਸਾਫ਼ਰਾਂ ਨੂੰ, ਪੰਜਾਬ ਨੂੰ ਜਾਣ ਵਾਲੀ ਗੱਡੀ 'ਚੇ ਚੜ੍ਹਨ ਦਾ ਹੁਕਮ ਦਿੱਤਾ ਗਿਆ। ਸਿੱਖਾਂ ਨੇ ਹੁਕਮ ਮੰਨਣ ਤੋਂ ਇਨਕਾਰ[30] ਕਰ ਦਿੱਤਾ ਤੇ ਇਕ ਜਲੂਸ ਦੀ ਸ਼ਕਲ ਵਿੱਚ ਜਹਾਜ਼ ਤੋਂ ਉਤਰਕੇ ਤੇ ਆਪਣੇ ਵਿਚਕਾਰ ਗ੍ਰੰਥ ਲੈ ਕੇ ਤੁਰ ਪਏ। ਪੁਲਿਸ ਤੇ ਫ਼ੌਜ ਦੀ ਟੁਕੜੀ ਨੇ ਉਹਨਾਂ ਨੂੰ ਅੱਗੇ ਜਾਣ ਤੋਂ ਰੋਕ

☞ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਇਸ ਤਰ੍ਹਾਂ ਸੀ :— "ਮੇਰਾ ਧਰਮ ਕਿਸੇ ਨਾਲ ਵੈਰ ਕਰਨਾ ਨਹੀਂ ਸਿਖਾਉਂਦਾ ਭਾਵੇਂ ਉਹ ਕਿਸੇ ਜਾਤੀ, ਧਰਮ, ਸਿਲਸਿਲੇ ਜਾਂ ਸੰਸਥਾ ਦਾ ਹੋਵੇ ਨਾਂ ਹੀ ਮੇਰੀ ਹੋਪਕਿਨਸਨ ਨਾਲ ਕੋਈ ਦੁਸ਼ਮਣੀ ਸੀ। ਮੈਨੂੰ ਪਤਾ ਲੱਗਾ ਕਿ ਉਹ ਮੇਰੇ ਗਰੀਬ ਸਾਥੀਆਂ 'ਤੇ ਬਹੁਤ ਅੱਤਿਆਚਾਰ ਕਰਦਾ ਸੀ---ਮੈਂ ਇਕ ਪੱਕਾ ਸਿੱਖ ਹੋਣ ਦੇ ਨਾਤੇ ਮੈਂ ਆਪਣੇ ਮਾਸੂਮ ਤੇ ਨਿਰਦੋਸ਼ ਦੇਸ਼ ਵਾਸੀਆਂ ਤੇ ਕੈਨੇਡਾ ਦੇ ਰਾਜ ਨਾਲ ਇਹ ਜ਼ਿਆਦਤੀ ਸਹਿਣ ਨਾ ਕਰ ਸਕਿਆ।---ਤੇ ਮੈਂ ਇਕ ਸੱਚੇ ਸਿੱਖ ਵਾਂਗ ਆਪਣਾ ਕਰਤੱਵ ਨਿਭਾਹੁੰਦਿਆਂ, ਰੱਬ ਨੂੰ ਯਾਦ ਕਰਦਿਆਂ ਫ਼ਾਂਸੀ ਵੱਲ ਉਸੇ ਤਰ੍ਹਾਂ ਹੀ ਕਦਮ ਅੱਗੇ ਧਰਾਂਗਾ ਤੇ ਗਲ ਵਿੱਚ ਫ਼ਾਂਸੀ ਦਾ ਫ਼ੰਦਾ, ਰੱਬ ਦੇ ਨਾਮ ਦੀ ਮਾਲਾ ਸਮਝ ਕੇ ਪਾਵਾਂਗਾ।"

ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਫ਼ਾਂਸੀ ਲਟਕਾਇਆ ਗਿਆ। ਮੇਵਾ ਸਿੰਘ ਦੀ ਸ਼ਹਾਦਤ ਦੀ ਬਰਸੀ, ਕੈਨੇਡਾ ਤੇ ਸੰਯੁਕਤ ਰਾਜ ਦੇ ਸਿੱਖ ਹਰ ਸਾਲ ਮਨਾਉਂਦੇ ਹਨ।

29. ਇਹ ਤੱਥ ਮਗਰੋਂ ਲਾਏ ਗਏ ਪੁਲਿਸ ਵੱਲੋਂ ਇਸ ਦੋਸ਼ ਦੇ ਸਬੰਧ ਵਿੱਚ ਬੜਾ ਮਹੱਤਵਪੂਰਨ ਹੈ ਕਿ ਕਾਮਾਗਾਟਾ ਮਾਰੂ ਦੇ ਸਿੱਖਾਂ ਨੇ ਬੰਦੂਕਾਂ ਦੀ ਵਰਤੋਂ ਕੀਤੀ। ਸੀਨੀਅਰ ਸੀ.ਆਈ. ਡੀ. ਅਫ਼ਸਰਾਂ, ਐਫ਼.ਸੀ. ਆਈਸਮੋਂਗਰ ਤੇ ਸਲੇਟਰੀ ਦੀ ਗੁਪਤ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ "ਭਾਵੇਂ ਸਾਮਾਨ ਦੀ ਤਲਾਸ਼ੀ ਵਿੱਚ ਕੋਈ ਰੋਕ ਨਹੀਂ ਪਾਈ ਗਈ ਸੀ ਪਰ ਜਹਾਜ਼ ਵਿੱਚ ਭੀੜ ਭੜੱਕਾ ਹੋਣ ਕਾਰਨ ਪੂਰੀ ਤਰ੍ਹਾਂ ਤਲਾਸ਼ੀ ਲੈਣੀ ਸੰਭਵ ਨਹੀਂ ਸੀ।" "ਐਨਅਕਾਊਂਟ ਔਫ ਦੀ ਗ਼ਦਰ ਕਨਥਪੀਰੇਸੀ", ਪੰਨਾ 81

ਗੁਰਦਿੱਤ ਸਿੰਘ ਆਪ ਲਿਖਦਾ ਹੈ : "ਮੁਸਾਫ਼ਰਾਂ ਕੋਲ ਸਾਰੀਆਂ ਨਜਾਇਜ਼ ਵਸਤੂਆਂ ਜਹਾਜ਼ ਤੋਂ ਸਮੁੰਦਰ ਵਿੱਚ ਸੁੱਟ ਦਿੱਤੀਆਂ ਗਈਆਂ ਜਾਂ ਜਾਪਾਨੀਆਂ ਦੇ ਹਵਾਲੇ ਕਰ ਦਿੱਤੀਆਂ ਗਈਆਂ। ਜਹਾਜ਼ ਦੇ ਮੁਸਾਫ਼ਰਾਂ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ। ਰੱਬ ਦਾ ਸ਼ੁਕਰ ਹੈ ਕਿ ਅਪਰਾਧ 'ਚ ਫਸਾਉਣ ਵਾਲੀ ਕੋਈ ਚੀਜ਼ ਨਾ ਮਿਲੀ। ਗੁਰਦਿੱਤ ਸਿੰਘ, "ਵੋਆਇਜ ਔਫ ਕਾਮਾਗਾਟਾ ਮਾਰੂ", ਪੰਨਾ 31-34

30. ਗੁਰਦਿੱਤ ਸਿੰਘ ਨੇ ਉਹਨਾਂ ਪੁਲਿਸ ਅਧਿਕਾਰੀਆਂ ਨੂੰ ਜਿਨ੍ਹਾਂ ਨੇ ਉਸ ਨੂੰ ਨੋਟਿਸ ਦਿੱਤਾ, ਦੱਸਿਆ ਕਿ "ਉਹਨਾਂ ਦਾ ਜਹਾਜ਼ੀ ਕੰਪਨੀ ਨਾਲ ਝਗੜਾ ਕਲਕੱਤਾ ਵਿੱਚ ਸਾਲਸੀ ਫ਼ੈਸਲੇ ਨਾਲ ਨਿਪਟ ਜਾਏਗਾ। ਜਿਹੜਾ ਕਾਮਾਗਾਟਾ ਮਾਰੂ 'ਤੇ ਉਸ ਦਾ ਸਮਾਨ ਹੈ,

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਦਿੱਤਾ। ਝਗੜਾ ਸ਼ੁਰੂ ਹੋਣ 'ਤੇ ਪੁਲਿਸ ਨੇ ਗੋਲੀ ਚਲਾ ਦਿੱਤੀ ਜਿਸ ਨਾਲ 18 ਆਦਮੀ ਮਾਰੇ ਗਏ ਤੇ 25[31] ਹੋਰ ਜ਼ਖ਼ਮੀ ਹੋ ਗਏ। ਬਾਕੀ ਦੇ ਘੇਰ ਕੇ ਗ੍ਰਿਫ਼ਤਾਰ ਕਰ ਲਏ ਗਏ ਤੇ ਉਹਨਾਂ ਨੂੰ ਪੰਜਾਬ ਭੇਜ ਦਿੱਤਾ ਗਿਆ, ਜਿੱਥੇ ਉਹਨਾਂ ਵਿੱਚੋਂ 200 ਤੋਂ ਵਧੀਕ ਨੂੰ "ਘੁਸਪੈਠ ਦੇ ਕਾਨੂੰਨ" ਅਧੀਨ ਨਜ਼ਰਬੰਦ ਕਰ ਦਿੱਤਾ ਗਿਆ।

ਪੰਜਾਬ ਵਿੱਚ "ਇਨਕਲਾਬ"—ਗਦਰ ਪਾਰਟੀ ਦੇ ਆਗੂਆਂ ਨੇ ਯੂਰਪ ਵਿੱਚ ਜੰਗ ਲਈ ਤਿਆਰੀ ਕਰ ਲਈ ਸੀ। ਕਿਉਂਕਿ ਕੈਨੇਡਾ-ਬਰਤਾਨਵੀ ਸਾਮਰਾਜ ਦਾ ਭਾਗ ਸੀ, ਇਸ ਲਈ ਉਹਨਾਂ ਨੇ ਆਪਣੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਸੰਯੁਕਤ ਰਾਜ ਵਿੱਚ ਪ੍ਰਵਰਤਿਤ ਕਰ ਲਈਆਂ। ਜੰਗ ਦੇ ਐਲਾਨ ਤੋਂ ਇਕ ਹਫ਼ਤਾ ਪਿੱਛੋਂ ਭਾਰਤੀਆਂ ਦਾ ਇਕ ਵੱਡਾ ਜਲਸਾ ਸੇਕਰਾਮੈਂਟੋ ਵਿੱਚ ਹੋਇਆ। ਕਈ ਹਜ਼ਾਰ ਕਾਮਿਆਂ ਨੇ ਭਾਰਤ ਵਿੱਚ ਕ੍ਰਾਂਤੀਕਾਰੀ ਕਾਰਵਾਈਆਂ ਲਈ ਸ੍ਵੈ-ਇੱਛਾ ਨਾਲ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਉਹਨਾਂ ਦੇ ਰਸਤੇ ਦੇ ਕਿਰਾਏ ਲਈ ਰਕਮ ਇਕੱਠੀ ਕੀਤੀ ਗਈ ਤੇ ਭਾਰਤ ਨੂੰ ਜਾ ਰਹੇ ਸਮੁੰਦਰੀ ਜਹਾਜ਼ਾਂ 'ਤੇ ਚੜ੍ਹਣ ਲਈ ਦੌੜ ਲੱਗ ਗਈ।[32] ਇਸ ਨਾਜ਼ੁਕ ਮੌਕੇ 'ਤੇ ਗਦਰ ਪਾਰਟੀ ਆਪਣੇ ਨੇਤਾਵਾਂ ਤੋਂ ਵੰਚਿਤ ਹੋ ਗਈ। ਜਵਾਲਾ ਸਿੰਘ ਤੇ ਸੋਹਨ ਸਿੰਘ ਭਕਨਾ ਨੇ ਭਾਰਤ ਵਿੱਚ ਕ੍ਰਾਂਤੀਕਾਰੀ ਕਾਰਜ ਲਈ ਨਾਮ ਲਿਖਵਾ ਦਿੱਤਾ। ਹਰਦਿਆਲ ਸਿੰਘ ਜੋ ਪਹਿਲਾਂ ਗੜਬੜ ਫ਼ੈਲਾਉਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜ਼ਮਾਨਤ ਹੋਣ ਪਿੱਛੋਂ ਸਵਿਟਰਜ਼ਲੈਂਡ ਭੱਜ ਗਿਆ। ਉਹਨਾਂ ਦੀ ਗੈਰ-ਮੌਜੂਦਗੀ ਵਿੱਚ ਪਾਰਟੀ ਦਾ ਸਾਰਾ ਕੰਮ ਪਿਸ਼ਾਵਰ ਤੋਂ ਇਕ ਪੰਡਿਤ ਰਾਮ ਚੰਦਰ ਦੇ ਹੱਥ ਆ ਗਿਆ।

(ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)
ਉਹ ਵੇਚਿਆ ਜਾਵੇਗਾ ਤੇ ਅਜੇ ਵੀ ਉਸ ਨੇ ਮੁਸਾਫ਼ਰਾਂ ਤੋਂ 25000 ਪੌਂਡ ਲੈਣੇ ਸਨ ਜਿਨ੍ਹਾਂ ਨੂੰ ਕਲਕੱਤਾ ਵਿੱਚ ਆਪਣੇ ਰਿਸ਼ਤੇਦਾਰਾਂ ਤੇ ਮਿੱਤਰਾਂ ਤੋਂ ਰੁਪਏ ਮਿਲਣ ਦੀ ਉਮੀਦ ਹੈ ਤੇ ਜਿਹੜੇ ਆਦਮੀਆਂ ਨੇ 6 ਮਹੀਨੇ ਜਹਾਜ਼ 'ਚ ਗੁਜ਼ਾਰੇ ਹਨ ਉਹਨਾਂ ਨੂੰ ਹਿਸਾਬ-ਕਿਤਾਬ ਚੁਕਤਾ ਕਰਨ ਲਈ ਥੋੜ੍ਹਾ ਹੋਰ ਸਮਾਂ ਚਾਹੀਦਾ ਸੀ। ਬਹੁਤ ਸਾਰੇ ਆਦਮੀ ਕਲਕੱਤਾ ਰਹਿਣਾ ਚਾਹੁੰਦੇ ਸਨ ਕਿਉਂਕਿ ਉਹ ਉੱਥੇ ਨੌਕਰੀ ਕਰਨਾ ਚਾਹੁੰਦੇ ਸਨ ਤੇ ਉਹ ਪਿੰਡਾਂ ਨੂੰ ਵਾਪਸ ਨਹੀਂ ਮੁੜਨਾ ਚਾਹੁੰਦੇ ਸਨ ਕਿਉਂਕਿ ਉਥੇ ਉਹਨਾਂ ਕੋਲ ਕੋਈ ਜ਼ਮੀਨ ਨਹੀਂ ਸੀ।" ਉਹ, ਜਿਲਦ II, ਪੰਨਾ 40-3

31. ਸਰਕਾਰ ਵੱਲੋਂ ਬਿਠਾਏ ਪੜਤਾਲੀਆ ਕਮਿਸ਼ਨ ਨੇ ਮੁਸਾਫ਼ਰਾਂ ਨੂੰ ਦੋਸ਼ੀ ਠਹਿਰਾਇਆ ਤੇ ਪੁਲਿਸ ਨੂੰ ਦੋਸ਼ਾਂ ਤੋਂ ਮੁਕਤ ਕਰ ਦਿੱਤਾ। ਕਮਿਸ਼ਨ ਦੇ ਤਿੰਨ ਮੈਂਬਰ ਅੰਗਰੇਜ਼ ਸਨ ਤੇ ਦੋ ਭਾਰਤੀ। ਸਿਰ ਬਿਜੋਏ ਚੰਦ, ਮਹਾਰਾਜ ਬਰਦਵਾਨ ਭਾਰਤੀ ਰਾਸ਼ਟਰ-ਵਾਦੀਆਂ ਪ੍ਰਤੀ ਹਕਾਰਤ ਭਰੀਆਂ ਟਿੱਪਣੀਆਂ ਕਰਕੇ ਬਦਨਾਮ ਸੀ, ਦੂਸਰਾ ਭਾਰਤੀ ਮੈਂਬਰ ਕਪੂਰਥਲੇ ਦਾ ਦਲਜੀਤ ਸਿੰਘ ਸੀ ਜਿਸ ਨੂੰ ਉਸ ਦੀਆਂ ਸੇਵਾਵਾਂ ਬਦਲੇ "ਨਾਈਟ", ਬਹਾਦਰ ਸੂਰਮੇ ਦੀ ਉਪਾਧੀ ਬਖ਼ਸ਼ੀ ਗਈ।
32. ਓਰੀਗਨ ਦੇ ਅਖ਼ਬਾਰ "ਦੀ ਪੋਰਟਲੈਂਡ ਟੈਲੀਗਰਾਫ਼" ਦੇ 7 ਅਗਸਤ, 1914 ਦੇ ਅੰਕ ਦੀ ਸੁਰਖ਼ੀ ਸੀ : "ਹਿੰਦੂ ਵਤਨ ਇਨਕਲਾਬ ਲਿਆਉਣ ਲਈ ਜਾ ਰਹੇ ਹਨ।"

ਅਸਟੋਰੀਆ (ਓਰੇਗਨ) 7 ਅਗਸਤ, 1914 : "ਇਸ ਸ਼ਹਿਰ ਤੋਂ ਦੱਖਣ ਜਾ ਰਹੀ ਹਰ ਗੱਡੀ ਤੇ ਜਹਾਜ਼ (ਬੇੜੀ) ਵਿੱਚ ਹਿੰਦੂਆਂ ਦੀ ਭਾਰੀ ਗਿਣਤੀ ਹੈ ਤੇ ਜੇ ਇਹ ਨਿਕਾਸ ਕਾਫ਼ੀ ਸਮਾਂ ਜਾਰੀ ਰਿਹਾ ਤੇ ਅਸਟੋਰੀਆ ਪੂਰਬੀ ਭਾਰਤੀਆਂ ਤੋਂ ਖ਼ਾਲੀ ਹੋ ਜਾਵੇਗਾ।"

ਕ੍ਰਾਂਤੀਕਾਰੀਆਂ ਦੀ ਪਹਿਲੀ ਟੋਲੀ ਜਵਾਲਾ ਸਿੰਘ ਦੀ ਅਗਵਾਈ ਵਿੱਚ ਸਾਨਫਰਾਸਿਕੋ ਤੋਂ ਅਗਸਤ 1914 ਵਿੱਚ 'ਕੋਰੀਆ' ਜਹਾਜ਼ ਰਾਹੀਂ ਸਮੁੰਦਰੀ ਰਸਤੇ ਗਈ। ਰਾਮ ਚੰਦਰ ਨੇ ਉਹਨਾਂ ਨੂੰ ਹੇਠ ਲਿਖੇ ਸ਼ਬਦਾਂ ਨਾਲ ਸੰਬੋਧਿਤ ਕੀਤਾ : "ਤੁਹਾਡਾ ਕਰਤੱਵ ਸਪੱਸ਼ਟ ਹੈ। ਮੁਲਕ ਦੇ ਹਰ ਕੋਨੇ ਵਿੱਚ ਬਗ਼ਾਵਤ ਫ਼ੈਲਾ ਦਿਉ। ਅਮੀਰਾਂ ਨੂੰ ਲੁੱਟ ਲਵੋ ਤੇ ਗਰੀਬਾਂ 'ਤੇ ਰਹਿਮ ਕਰੋ। ਇਸ ਤਰ੍ਹਾਂ ਸਭ ਦੀ ਹਮਦਰਦੀ ਪ੍ਰਾਪਤ ਕਰੋ। ਭਾਰਤ ਪਹੁੰਚਣ 'ਤੇ ਤੁਹਾਨੂੰ ਹਥਿਆਰ ਦਿੱਤੇ ਜਾਣਗੇ। ਜੇ ਇੰਝ ਨਾ ਹੋਇਆ ਤਾਂ ਤੁਸੀਂ ਰਫ਼ਲਾਂ ਲਈ ਥਾਣੇ ਲੁੱਟ ਲਵੋ। ਬਿਨਾਂ ਕਿਸੇ ਝਿਜਕ 'ਤੇ ਆਪਣੇ ਆਗੂਆਂ ਦੇ ਹੁਕਮ ਦਾ ਪਾਲਣ ਕਰੋ।"[33]

ਕੈਂਟਨ ਪਹੁੰਚਣ ਤੇ ਕੋਰੀਆ 'ਚ 90 ਹੋਰ ਸ੍ਵੈ-ਸੇਵਕ ਆ ਮਿਲੇ। ਬਰਤਾਨਵੀ ਜਾਸੂਸੀ ਵਿਭਾਗ ਨੂੰ ਗਦਰੀਆਂ ਦੀਆਂ ਯੋਜਨਾਵਾਂ ਦੀ ਜਾਣਕਾਰੀ ਮਿਲ ਗਈ ਸੀ ਤੇ ਜਿਉਂ ਹੀ ਜਹਾਜ਼ ਕਲਕੱਤਾ ਦੀ ਬੰਦਰਗਾਹ ਦੀ ਗੋਦੀ ਵਿੱਚ ਰੁਕਿਆ, ਜਵਾਲਾ ਸਿੰਘ ਸਮੇਤ ਸਭ ਸਰਗਨੇ ਗ੍ਰਿਫ਼ਤਾਰ ਕਰ ਲਏ ਗਏ। ਜਿਹੜੇ ਪੁਲਿਸ ਦੀ ਨਜ਼ਰ ਤੋਂ ਬਚ ਗਏ ਉਹ ਚੁਪ ਚਾਪ ਆਪਣੇ ਪਿੰਡਾਂ ਨੂੰ ਚਲੇ ਗਏ।

ਗਦਰੀ ਕੈਨੇਡਾ, ਸੰਯੁਕਤ ਰਾਜ, ਹਾਂਗਕਾਂਗ, ਸੰਘਈ, ਚੀਨ, ਜਲਡਮਰੂ ਬਸਤੀਆਂ, ਬੋਰਨੀਓ, ਜਾਪਾਨ ਤੇ ਫ਼ਿਲਪਾਈਨਜ਼ 'ਚ ਜੱਥਿਆਂ ਵਿੱਚ ਆਉਂਦੇ ਰਹੇ। ਭਾਰਤ ਵੱਲ ਆਉਂਦਿਆਂ ਉਹਨਾਂ ਨੇ ਰਸਤੇ ਵਿੱਚ ਨਿਯੁਕਤ ਭਾਰਤੀ ਪਲਟਨਾਂ ਨਾਲ ਸੰਪਰਕ ਕੀਤਾ। ਹਾਂਗਕਾਂਗ ਵਿੱਚ 26 ਪੰਜਾਬੀ ਪਲਟਨ ਨਾਲ; ਸਿੰਗਾਪੁਰ ਵਿੱਚ ਮਲਾਇਆ ਸਟੇਟ ਗਾਈਡਜ਼ ਤੇ 5 ਲਾਈਟ ਇਨਫੈਂਕਟਰੀ; ਤੇ ਪੇਨਾਂਗ ਵਿੱਚ ਸਿੱਖ ਸਿਪਾਹੀਆਂ ਦੀ ਇਕ ਟੋਲੀ ਨਾਲ ਉਹਨਾਂ ਨੇ ਸੰਪਰਕ ਕੀਤਾ।

ਜਿਹੜੇ ਜਾਪਾਨੀ ਜਹਾਜ਼ਾਂ ਦੇ ਬੇੜੇ ਗਦਰੀਆਂ ਨੂੰ ਭਾਰਤ ਵਿੱਚ ਲੈ ਕੇ ਆਏ, ਉਹਨਾਂ ਵਿੱਚੋਂ ਮਸ਼ਹੂਰ ਇਕ ਤਾਂ "ਤੋਸ਼ਾ ਮਾਰੂ" ਸੀ ਜੋ ਅਕਤੂਬਰ ਦੇ ਆਖ਼ੀਰ ਵਿੱਚ ਕਲਕੱਤਾ ਪਹੁੰਚਿਆ ਤੇ ਦੂਸਰਾ "ਮਿਸੀਮਾ ਮਾਰੂ" ਜੋ ਕੋਲੰਬੋ ਦੀ ਗੋਦੀ ਵਿੱਚ ਰੁਕਿਆ। "ਤੋਸ਼ਾ ਮਾਰੂ" ਦੀ ਪੁਲਿਸ ਨੇ ਤਲਾਸ਼ੀ ਲਈ ਤੇ ਚਾਰ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। 197 ਮੁਸਾਫ਼ਰ ਪੁਲਿਸ ਸੁਰੱਖਿਆ ਅਧੀਨ ਪੰਜਾਬ ਭੇਜ ਦਿੱਤੇ ਗਏ।

ਭਾਰਤੀ ਪੁਲਿਸ ਦੱਖਣੀ ਭਾਰਤ ਦੀਆਂ ਬੰਦਰਗਾਹਾਂ ਰਾਹੀਂ ਕ੍ਰਾਂਤੀਕਾਰੀਆਂ ਦੇ ਆਉਣ ਦੀ ਸੰਭਾਵਨਾ ਦੀ ਪੇਸ਼ਬੰਦੀ ਨਾ ਕਰ ਸਕੀ। ਇਸ ਤਰ੍ਹਾਂ ਬਹੁਤ ਸਾਰੇ ਪੰਜਾਬ ਪਹੁੰਚ ਗਏ। ਇਹ ਅਨੁਮਾਨ ਲਾਇਆ ਗਿਆ ਸੀ ਕਿ ਦਸੰਬਰ 1914 ਤੱਕ ਲਗਭਗ 1000 ਗਦਰੀ ਭਾਰਤ ਪਹੁੰਚ ਚੁੱਕੇ ਸਨ। ਭਾਰਤ ਵਿੱਚ "ਦਾਖ਼ਲੇ ਦਾ ਅਧਿਆਦੇਸ਼" ਜੋ 5 ਸਤੰਬਰ ਨੂੰ ਲਾਗੂ ਕਰ ਦਿੱਤਾ ਗਿਆ, ਇਸ ਨੇ ਅਧਿਕਾਰੀਆਂ ਨੂੰ ਵਤਨ ਆ ਰਹੇ ਪ੍ਰਵਾਸੀਆਂ ਨੂੰ ਨਜ਼ਰਬੰਦ ਕਰਨ ਦੇ ਅਧਿਕਾਰ ਦੇ ਦਿੱਤੇ।

ਭਾਰਤ ਰੱਖਿਆ ਕਾਨੂੰਨ ਜੋ 19 ਮਾਰਚ 1915 ਨੂੰ ਪਾਸ ਕੀਤਾ ਗਿਆ ਉਸ ਨੇ ਗਵਰਨਰ ਜਨਰਲ ਨੂੰ ਇਹ ਅਧਿਕਾਰ ਦੇ ਦਿੱਤੇ ਕਿ ਉਹ ਕਿਸੇ ਵੀ ਸਿਵਲ ਜਾਂ ਫ਼ੌਜੀ

---

33. ਵਾਅਦਾ ਮੁਆਫ਼ ਗੁਆਹ ਨਵਾਬ ਖ਼ਾਂ ਦੀ ਗਵਾਹੀ, ਆਈਸਮੋਂਗਰ ਤੇ ਸਲੇਟਰੀ, ਐਨ ਅਕਾਊਂਟ ਔਫ਼ ਗ਼ਦਰ ਕਨਸਪੀਰੇਸੀ।

ਅਧਿਕਾਰੀ ਨੂੰ ਇਹ ਅਧਿਕਾਰ ਦੇ ਸਕਦਾ ਹੈ ਕਿ ਉਹ ਕਿਸੇ ਵੀ ਖੇਤਰ ਵਿੱਚ ਸ਼ੱਕੀ ਵਿਅਕਤੀ ਦਾ ਪ੍ਰਵੇਸ਼ ਰੋਕ ਸਕਦਾ ਹੈ ਜਿਸ ਦਾ ਦਾਖ਼ਲਾ ਜਨਤਕ ਹਿੱਤਾਂ ਦੇ ਕਿਸੇ ਤਰ੍ਹਾਂ ਵੀ ਵਿਰੁੱਧ ਹੋਵੇ ਜਾਂ ਕਿਸੇ ਵੀ ਵਿਅਕਤੀ ਨੂੰ ਵਿਸ਼ੇਸ਼ ਖੇਤਰ 'ਚ ਰਿਹਾਇਸ਼ ਰੱਖਣ ਤੋਂ ਵਰਜ ਦੇਵੇ।"

ਇਹ ਕਾਨੂੰਨ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 16 ਵਿੱਚ ਸੰਦੇਹ ਪੂਰਨ ਵਿਅਕਤੀਆਂ ਦੀਆਂ ਗਤੀਵਿਧੀਆਂ ਉਪਰ ਪਾਬੰਦੀ ਲਾਉਣ ਲਈ ਵਰਤਿਆ ਗਿਆ।

ਗਦਰੀਆਂ ਨੂੰ ਇਹ ਜਾਣ ਕੇ ਬੜੀ ਨਿਰਾਸ਼ਤਾ ਹੋਈ ਕਿ ਭਾਰਤ ਵਿੱਚ ਮਾਹੌਲ ਬਿਲਕੁਲ ਹੀ ਕ੍ਰਾਂਤੀ ਲਈ ਅਨੁਕੂਲ ਨਹੀਂ ਸੀ।[34] ਰਾਸ਼ਟਰੀ ਕਾਂਗਰਸ ਦੇ ਨੇਤਾਵਾਂ ਦੀ ਵੀ ਅੰਗਰੇਜ਼ਾਂ ਨਾਲ ਹਮਦਰਦੀ ਸੀ।

ਮਹਾਤਮਾ ਗਾਂਧੀ ਨੇ ਆਪਣੇ ਆਪ ਨੂੰ ਡਾਕਟਰੀ ਸੇਵਾਵਾਂ ਲਈ ਪੇਸ਼ ਕੀਤਾ ਸੀ ਤੇ ਸਗੋਂ ਬਾਲ ਗੰਗਾਧਰ ਵਰਗੇ ਗਰਮ ਖ਼ਿਆਲੀ ਨੇਤਾ ਨੇ ਵੀ ਉਹਨਾਂ ਲੋਕਾਂ ਪ੍ਰਤੀ ਸਖ਼ਤ ਨਾ ਪਸੰਦਗੀ ਜ਼ਾਹਿਰ ਕੀਤੀ ਸੀ ਜੋ ਸਥਿਤੀ ਦਾ ਲਾਭ ਉਠਾਉਣਾ ਚਾਹੁੰਦੇ ਸਨ। ਪੰਜਾਬ ਆਪਣੇ ਚੋਣਵੇਂ ਜਵਾਨ ਲੜਾਈ ਲਈ ਭੇਜ ਰਿਹਾ ਸੀ। ਇਕ ਉੱਘੀ ਸਿੱਖ ਰਾਜਸੀ ਜਥੇਬੰਦੀ, ਚੀਫ਼ ਖ਼ਾਲਸਾ ਦੀਵਾਨ ਨੇ ਤਾਜ ਪ੍ਰਤੀ ਆਪਣੀ ਵਫ਼ਾਦਾਰੀ ਮੁੜ ਦੁਹਰਾਈ ਸੀ ਤੇ ਕਈ ਮਸ਼ਹੂਰ ਸਿੱਖ ਗੁਰਦੁਆਰਿਆਂ ਦੇ ਮਹੰਤਾਂ ਨੇ ਗਦਰੀਆਂ ਨੂੰ ਖ਼ੂਨੀ, ਗੁੰਡੇ, ਪਤਿਤ ਤੇ ਗ਼ੱਦਾਰ ਆਖ ਕੇ ਭੰਡਿਆ ਸੀ।[35]

ਗਦਰੀਆਂ ਨੇ ਕਿਸਾਨਾਂ ਵਿੱਚ ਪੈਰ ਧਰਨ ਲਈ ਸਿਰ ਤੋੜ ਯਤਨ ਕੀਤੇ। ਉਹ ਅੰਮ੍ਰਿਤਸਰ, ਨਨਕਾਣਾ ਸਾਹਿਬ ਤੇ ਤਰਨਤਾਰਨ ਦੇ ਧਾਰਮਿਕ ਤਿਉਹਾਰਾਂ 'ਤੇ ਵੀ ਗਏ ਤੇ ਲੋਕਾਂ ਨੂੰ ਖੁੱਲ੍ਹਮ-ਖੁੱਲ੍ਹਾ ਵਿਦਰੋਹ ਕਰਨ ਲਈ ਉਕਸਾਇਆ। ਉਹਨਾਂ ਨੂੰ ਬਹੁਤ ਘੱਟ ਹੁੰਗਾਰਾ ਮਿਲਿਆ ਤੇ ਆਖ਼ਿਰ ਕ੍ਰਾਂਤੀਕਾਰੀਆਂ ਨੂੰ ਆਪਣੇ ਸਾਧਨ ਤੇ ਵਸੀਲੇ ਆਪ ਲੱਭਣੇ ਪਏ। ਉਹਨਾਂ ਨੇ ਸਭਾਵਾਂ ਕੀਤੀਆਂ ਤੇ ਸਰਕਾਰੀ ਖ਼ਜ਼ਾਨੇ 'ਤੇ ਅਸਲਹ ਖਾਨਿਆਂ 'ਤੇ ਹਮਲਾ ਕਰਕੇ ਲੁੱਟਣ ਦੀਆਂ ਯੋਜਨਾਵਾਂ ਤਿਆਰ ਕੀਤੀਆਂ ਪ੍ਰੰਤੂ 1914 ਦੇ ਅੰਤ

---

34. ਜਦੋਂ ਪ੍ਰਦੇਸ਼ ਵਾਸੀ ਸਤੰਬਰ 1914 ਵਿੱਚ ਦੇਸ਼ ਪਹੁੰਚਣ ਲੱਗੇ ਤਾਂ ਉਹਨਾਂ ਨੂੰ ਉਮੀਦ ਸੀ ਕਿ ਜੇ ਪੰਜਾਬ ਕ੍ਰਾਂਤੀ ਲਈ ਨਾ ਵੀ ਤਿਆਰ ਹੋਊ ਤਾਂ ਏਥੇ ਬੇਚੈਨੀ ਤਾਂ ਹੋਵੇਗੀ। ਪਰ ਇਸ ਪੱਖੋਂ ਵੀ ਨਿਸ਼ਚਿਤ ਤੌਰ 'ਤੇ ਖ਼ਾਸ ਕਰਕੇ ਹਥਿਆਰਾਂ ਪੱਖੋਂ ਉਹ ਬੜੇ ਮਾਯੂਸ ਹੋਏ। ਵਸੋਂ ਦੀ ਭਾਰੀ ਗਿਣਤੀ ਪੂਰੀ ਤਰ੍ਹਾਂ ਵਫ਼ਾਦਾਰ ਤੇ ਸੰਤੁਸ਼ਟ ਸੀ ਭਾਵੇਂ ਉਹ ਪਿਛਲੇ ਮਹੀਨੇ ਸ਼ੁਰੂ ਹੋਈ ਯੂਰਪ ਦੀ ਜੰਗ ਤੋਂ ਪ੍ਰੇਸ਼ਾਨ ਸਨ। "ਆਈਸਮੋਂਗਰ ਤੇ ਸਲੇਟਰੀ-ਐਨਅਕਾਊਂਟ ਆਫ਼ ਗਦਰ ਕਨਸਪੀਰੇਸ਼ੀ" (ਗਦਰ ਸਾਜ਼ਿਸ਼ ਦਾ ਬਿਰਤਾਂਤ)
35. ਕਿਸਾਨਾਂ ਨੂੰ ਗਦਰੀਆਂ ਵੱਲੋਂ ਕੀਤੀਆਂ ਗਈਆਂ ਹਿੰਸਕ ਕਾਰਵਾਈਆਂ ਵਿੱਚ ਕੁਝ ਵੀ ਠੀਕ ਨਾ ਲੱਗਾ। ਉਹਨਾਂ ਲਈ ਤਾਂ ਕ੍ਰਾਂਤੀਕਾਰੀ ਈਮਾਨਦਾਰ ਆਦਮੀਆਂ ਦੇ ਕਾਤਲ ਤੇ ਲੁਟੇਰੇ ਬਣ ਗਏ ਸਨ ਤੇ ਉਹਨਾਂ ਦੀ ਸੰਸਥਾ ਤੇ ਹਥਿਆਰ ਖ਼ਤਰਨਾਕ ਸਨ ਤੇ ਉਹਨਾਂ ਦਾ ਹਰ ਢੰਗ ਨਾਲ ਵਿਰੋਧ ਕਰਕੇ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਸੀ। (ਉਹੀ)

ਤੱਕ ਉਹਨਾਂ ਨੂੰ ਕੁਝ ਥਾਈਂ ਡਾਕੇ ਮਾਰਨ; ਇਕ ਪੁਲਿਸ ਦਾ ਸਿਪਾਹੀ ਤੇ ਇਕ ਪਿੰਡ ਦੇ ਨੰਬਰਦਾਰ ਦਾ ਕਤਲ ਕਰਨ ਵਿੱਚ ਹੀ ਸਫ਼ਲਤਾ ਮਿਲੀ।[36]

1915 ਦੇ ਸ਼ੁਰੂ ਵਿੱਚ ਗਦਰੀਆਂ ਨੇ ਮੁਲਕ ਦੇ ਦੂਸਰੇ ਭਾਗਾਂ ਵਿੱਚ ਆਤੰਕਵਾਦੀਆਂ ਸੰਸਥਾਵਾਂ ਨਾਲ ਸਬੰਧ ਸਥਾਪਤ ਕੀਤੇ। ਜਨਵਰੀ ਵਿੱਚ ਰਾਸਬਿਹਾਰੀ, (1912 ਵਿੱਚ ਲਾਰਡ ਹਾਰਡਿੰਗ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਦਲ ਦਾ ਨੇਤਾ) ਪੰਜਾਬ ਆਇਆ ਤੇ ਉਸ ਨੇ ਕ੍ਰਾਂਤੀ ਦੀ ਵਾਗਡੋਰ ਸੰਭਾਲੀ। ਬੋਸ ਨੇ ਲਾਹੌਰ ਵਿੱਚ 23ਵੀਂ ਰਿਸਾਲੇ ਤੇ ਫ਼ਿਰੋਜ਼ਪੁਰ ਦੀ 26 ਪੰਜਾਬ ਪਲਟਨ ਦੇ ਕੁਝ ਆਦਮੀਆਂ 'ਤੇ ਉਮੀਦ ਲਾਈ ਹੋਈ ਸੀ ਜਿਨ੍ਹਾਂ ਨੇ ਉਸ ਨੂੰ ਬਗ਼ਾਵਤ ਕਰਨ ਲਈ ਸਹਿਮਤੀ ਦਿੱਤੀ ਹੋਈ ਸੀ। ਮੇਰਠ ਦੀ 28ਵੀਂ ਪਾਇਨੀਅਰ ਤੇ 12ਵੇਂ ਰਿਸਾਲੇ ਦਾ ਹੁੰਗਾਰਾ ਵੀ ਉਤਸ਼ਾਹ ਪੂਰਨ ਸੀ। ਬੋਸ ਨੇ ਆਪਣੇ ਪ੍ਰਤੀਨਿਧ ਅੰਬਾਲਾ, ਆਗਰਾ, ਕਾਨ੍ਹਪੁਰ, ਅਲਾਹਬਾਦ, ਬਨਾਰਸ, ਫ਼ੈਜ਼ਾਬਾਦ, ਲਖਨਊ, ਮੁਲਤਾਨ, ਜਿਹਲਮ, ਕੋਹਾਟ, ਰਾਵਲਪਿੰਡੀ, ਮਰਦਾਨ ਤੇ ਪਿਸ਼ਾਵਰ ਦੀਆਂ ਛਾਉਣੀਆਂ ਵਿੱਚ ਵੀ ਭੇਜੇ। ਉਚਿਤ ਰਿਪੋਰਟਾਂ ਮਿਲਣ 'ਤੇ ਉਸ ਨੇ 21 ਫ਼ਰਵਰੀ 1915 ਦਾ ਦਿਨ ਭਾਰਤੀ ਫ਼ੌਜੀਆਂ ਦੇ ਆਮ ਵਿਦਰੋਹ ਲਈ ਨਿਸ਼ਚਿਤ ਕਰ ਦਿੱਤਾ।

ਬੰਬ ਬਣਉਣ ਦੇ ਕਾਰਖ਼ਾਨੇ ਅੰਮ੍ਰਿਤਸਰ, ਝਬੇਵਾਲ (ਲੁਧਿਆਣਾ ਨੇੜੇ) ਤੇ ਲੋਹਟ ਬੱਧੀ ਵਿੱਚ ਲਾਏ ਗਏ। ਕ੍ਰਾਂਤੀਕਾਰੀਆਂ ਨੂੰ ਤਾਰਾਂ ਕੱਟਣ ਤੇ ਰੇਲਾਂ ਲੀਹਾਂ ਤੋਂ ਲਾਹੁਣ ਲਈ ਉਪਕਰਨ ਦਿੱਤੇ ਗਏ। ਤਿਰੰਗੇ ਕੌਮੀ ਝੰਡੇ ਬਣਾਏ ਗਏ ਤੇ ਐਲਾਨ-ਇ-ਜੰਗ ਦੀਆਂ ਹੋਰ ਕਾਪੀਆਂ ਸਾਈਕਲੋ ਸਟਾਈਲ ਕਰਕੇ ਵੰਡੀਆਂ ਗਈਆਂ।

ਇਹ ਬੜੀਆਂ ਧਿਆਨ ਨਾਲ ਬਣਾਈਆਂ ਵਿਉਂਤਾਂ ਵੀ ਪੁਲਿਸ ਨੇ ਨਕਾਰਾ ਕਰ ਦਿੱਤੀਆਂ ਕਿਉਂਕਿ ਉਹ ਇਕ ਗ੍ਰਿਫ਼ਤਾਰ ਕ੍ਰਾਂਤੀਕਾਰੀ ਤੋਂ ਜਾਣਕਾਰੀ ਲੈਣ ਵਿੱਚ ਸਫ਼ਲ ਹੋ ਗਈ। ਬੋਸ ਨੇ ਵਿਦਰੋਹ ਦੀ ਤਾਰੀਖ਼ 21 ਫ਼ਰਵਰੀ ਦੀ ਥਾਂ ਹੋਰ ਪਹਿਲਾਂ 19 ਫ਼ਰਵਰੀ ਨੂੰ ਨਿਸ਼ਚਿਤ ਕਰ ਦਿੱਤੀ। ਇਸ ਤਬਦੀਲੀ ਦੀ ਜਾਣਕਾਰੀ ਜਾਸੂਸ ਨੇ, ਪੁਲਿਸ ਨੂੰ ਪਹੁੰਚਾ ਦਿੱਤੀ ਸੀ, ਜੋ ਬੋਸ ਦੀ ਅੰਦਰੂਨੀ ਕਮੇਟੀ ਅੰਦਰ ਘੁਸਣ 'ਚ ਕਾਮਯਾਬ ਹੋ ਚੁੱਕਾ ਸੀ।

---

36. ਰੌਲਟ ਕਮੇਟੀ ਰਿਪੋਰਟ, ਸੈਡੀਸ਼ਨ ਕਮੇਟੀ ਰਿਪੋਰਟ, ਪੰ: 104-05 ਵਿੱਚ ਕ੍ਰਾਂਤੀਕਾਰੀਆਂ ਦੇ ਹੇਠ ਲਿਖੇ ਅਪਰਾਧਾਂ ਦੀ ਸੂਚੀ ਦਿੱਤੀ ਗਈ :—
    1) ਅਕਤੂਬਰ 16, 1914, ਫ਼ਿਰੋਜ਼ਪੁਰ-ਲੁਧਿਆਣਾ ਰੇਲਵੇ ਲਾਈਨ ਤੇ ਚੌਕੀਮਾਨ ਰੇਲਵੇ ਸਟੇਸ਼ਨ 'ਤੇ ਹਮਲਾ ਕੀਤਾ।
    2) 27 ਨਵੰਬਰ 1914, ਮੋਗਾ ਸਬ-ਡਵੀਜ਼ਨਲ ਖ਼ਜ਼ਾਨਾ ਲੁੱਟਣ ਦੀ ਕੋਸ਼ਿਸ਼ ਕੀਤੀ ਗਈ ਜਿਸ ਵਿੱਚ ਇਕ ਪੁਲਿਸ ਸਬ-ਇਨਸਪੈਕਟਰ ਤੇ ਪਿੰਡ ਦਾ ਜ਼ੈਲਦਾਰ ਮਾਰੇ ਗਏ। (ਦੋ ਕ੍ਰਾਂਤੀਕਾਰੀ ਮਾਰੇ ਗਏ ਤੇ 7 ਗ੍ਰਿਫ਼ਤਾਰ ਕੀਤੇ ਗਏ)।
    3) 17 ਦਸੰਬਰ, 1914 ਨੂੰ ਅੰਬਾਲਾ ਜ਼ਿਲ੍ਹੇ ਵਿੱਚ ਪਿੱਪਲੀ ਦੇ ਮਹਾਜਨ ਦਾ ਘਰ ਲੁੱਟਿਆ ਗਿਆ।
    4) 24-25 ਦਸੰਬਰ, 1914, ਜਲੰਧਰ ਜ਼ਿਲ੍ਹੇ ਵਿੱਚ ਫ਼ਰਾਲਾ ਤੇ ਕਰਨਾਮਾ ਵਿੱਚ ਡਾਕੇ।
    5) 24-25 ਦਸੰਬਰ, 1914, ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਡਾਕੇ।

ਅਸੰਤੁਸ਼ਟ ਪਲਟਨਾਂ ਬੇ-ਹਥਿਆਰ ਕਰ ਦਿੱਤੀਆਂ ਗਈਆਂ। ਸ਼ੱਕੀਆਂ ਉਪਰ ਫ਼ੌਜੀ ਅਦਾਲਤ ਵਿੱਚ ਮੁਕੱਦਮੇ ਚਲਾਏ ਗਏ ਤੇ ਉਹਨਾਂ ਨੂੰ ਫ਼ਾਂਸੀ ਲਾਇਆ ਗਿਆ। ਕ੍ਰਾਂਤੀਕਾਰੀ ਨਿਸਫ਼ਲ ਹੀ ਫ਼ੌਜਾਂ ਦੇ ਬਾਹਰ ਆਉਣ ਦੀ ਤੇ ਬਗ਼ਾਵਤ ਕਰਨ ਦੀ ਉਡੀਕ ਕਰਦੇ ਰਹੇ। ਫਿਰ ਉਹ ਖਿੰਡ-ਪੁੰਡ ਗਏ ਤੇ ਉਹ ਪੁਲਿਸ ਦੇ ਵਿਛਾਏ ਹੋਏ ਜਾਲ ਵਿੱਚ ਫਸ ਗਏ। ਰਾਸ ਬਿਹਾਰੀ ਭੇਸ ਬਦਲ ਕੇ ਪੰਜਾਬ ਛੱਡ ਗਿਆ।

1915 ਦੀਆਂ ਗਰਮੀਆਂ ਤੱਕ, ਗਦਰ ਲਹਿਰ ਖ਼ਤਮ ਹੋ ਗਈ ਸੀ। ਕੁਝ ਸਿਰਲੱਥ ਵਿਅਕਤੀ ਜੋ ਭਗੌੜੇ ਹੋ ਗਏ, ਉਹਨਾਂ ਨੇ ਆਪਣਾ ਗੁੱਸਾ ਜਾਸੂਸਾਂ, ਸਰਕਾਰੀ ਗਵਾਹਾਂ ਤੇ ਕ੍ਰਾਂਤੀਕਾਰੀਆਂ ਨੂੰ ਫੜਾਉਣ ਵਾਲਿਆਂ ਅਤੇ ਪੁਲਿਸ ਨਾਲ ਸਹਿਯੋਗ ਕਰਨ ਵਾਲਿਆਂ ’ਤੇ ਕੱਢਿਆ। ਪਤਝੱੜ ਦੀ ਰੁੱਤ ਤੱਕ ਉਹ ਵੀ ਫੜ ਲਏ ਗਏ ਜਾਂ ਉਹ ਡਰਕੇ ਦੜ ਵੱਟ ਗਏ।[37]

ਇਕ ਹੋਰ ਸਾਜ਼ਿਸ਼ ਜੋ ਮੰਡੀ ਰਿਆਸਤ ’ਚ ਘੜੀ ਗਈ ਸੀ, ਉਹ ਵੀ ਨਿਸਫ਼ਲ ਹੋ ਗਈ। ਛੇ ਆਦਮੀ ਗ੍ਰਿਫ਼ਤਾਰ ਕੀਤੇ ਗਏ, ਮੁਕੱਦਮਾ ਚਲਾਇਆ ਗਿਆ ਤੇ ਵੱਖ-ਵੱਖ ਮਿਆਦ ਲਈ ਕੈਦ ਦੀ ਸਜ਼ਾ ਦਿੱਤੀ ਗਈ।[38]

ਸਿੰਗਾਪੁਰ ਬਗ਼ਾਵਤ—ਸੰਯੁਕਤ ਰਾਜ ਤੇ ਕੈਨੇਡਾ ’ਚੋਂ ਵਾਪਸ ਆ ਰਹੇ ਗਦਰੀਆਂ ਨੇ ਇਕ ਮੁਸਲਮਾਨ ਪਲਟਨ (5ਵੀਂ ਲਾਈਟ ਇਨਫੈਂਟਰੀ) ਨਾਲ ਸੰਪਰਕ ਕਾਇਮ ਕੀਤਾ ਜੋ ਸਿੰਗਾਪੁਰ ਵਿੱਚ ਨਿਯੁਕਤ ਸੀ।[39] 15 ਫ਼ਰਵਰੀ 1915 ਦੇ ਲੌਂਢੇ ਪਹਿਰ, 5ਵੀਂ ਲਾਈਟ ਇਨਫੈਂਟਰੀ ਦੇ ਆਦਮੀਆਂ ਨੇ ਫ਼ੌਜੀ ਜੇਲ੍ਹ ’ਤੇ ਪਹਿਰਾ ਦੇ ਰਹੇ ਸਥਾਨਕ ਰਾਖਵੇਂ ਸੈਨਿਕਾਂ ਤੇ ਧਾਵਾ ਬੋਲ ਦਿੱਤਾ, ਜਰਮਨ ਮਲਾਹਾਂ ਨੂੰ ਜੋ ਐਮਡੈਨ ਦੇ ਕੋਲ ਭੰਡਾਰ ਵਿੱਚ ਜਕੜੇ ਹੋਏ ਸਨ, ਛੁਡਾ ਲਿਆ ਤੇ ਕਿਲ੍ਹੇ ’ਤੇ ਕਬਜ਼ਾ ਕਰ ਲਿਆ।

---

37. “1915 ਅਗਸਤ ਨੂੰ ਵਿਦਰੋਹ ਸ਼ੁਰੂ ਹੋਣ ਦੇ 9 ਮਹੀਨਿਆਂ ਅੰਦਰ ਹੀ ਗਦਰੀਆਂ ਦਾ ਵਿਦਰੋਹ ਦਬਾ ਦਿੱਤਾ ਗਿਆ। ਲਗਭਗ ਉਹਨਾਂ ਦੇ ਸਾਰੇ ਆਗੂ ਤੇ ਉਹਨਾਂ ਦੇ ਬਹੁਤ ਸਰਗਰਮ ਅਨੁਯਾਈ ਸਾਡੇ ਕਬਜ਼ੇ ਵਿੱਚ ਸਨ ਤੇ ਉਹ ਜਾਂ ਸਜ਼ਾ ਦੀ ਉਡੀਕ ਕਰ ਰਹੇ ਸਨ ਜਾਂ ਮਗਰੋਂ ਅਦਾਲਤਾਂ ’ਚ ਮੁਕੱਦਮੇ ਚਲਾਉਣ ਲਈ ਪੇਸ਼ ਕੀਤੇ ਗਏ। ਦੇਸ਼ ਅੰਦਰ ਅਮਨ ਕਾਨੂੰਨ ਕਾਇਮ ਹੋ ਗਿਆ ਤੇ ਸਿੱਖ ਕੌਮ ਨੇ ਆਪਣੀ ਪੱਕੀ ਵਫ਼ਾਦਾਰੀ ਦਿਖਾਈ।” ਸਰ ਮਾਈਕਲ ਓਡਵਾਇਰ, “ਇੰਡੀਆ ਐਜ਼ ਆਈ ਨਿਊ ਇਟ” ਪੰਨਾ 206। ਆਖ਼ਰੀ ਵਾਕ ਉਹਨਾਂ ਵਫ਼ਾਦਾਰ ਸਿੱਖਾਂ ਦੀਆਂ ਕਮੇਟੀਆਂ ਵੱਲ ਸੰਕੇਤ ਕਰਦਾ ਹੈ ਜਿਨ੍ਹਾਂ ਨੇ ਕ੍ਰਾਂਤੀਕਾਰੀਆਂ ਵਿਰੁੱਧ ਸਰਕਾਰ ਦੀ ਸਹਾਇਤਾ ਕੀਤੀ।
38. ਮੰਡੀ ਸਾਜ਼ਿਸ਼ ਕੇਸ ਵੇਖੋ ਕ੍ਰਮ ਸੂਚੀ ਆਈਸਮੋਂਗਰ ਤੇ ਸਲੇਟਰੀ-ਐਨ ਅਕਾਊਂਟ ਔਫ਼ ਦੀ ਗਦਰ ਕਨਸਪੀਰੇਸੀ।
39. ਸਿੰਗਾਪੁਰ ਦੀ ਬਗ਼ਾਵਤ ਦਾ ਗਦਰ ਪਾਰਟੀ ਨਾਲ ਕਿਸੇ ਸਬੰਧ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਹੈ। ਪਰ ਥੋੜ੍ਹਾ ਜਿਹਾ ਸ਼ੱਕ ਜ਼ਰੂਰ ਹੈ ਕਿ ਗਦਰੀ ਖ਼ਾਸ ਕਰਕੇ ਜਗਤ ਸਿੰਘ ਨਾਮ ਦਾ ਵਿਅਕਤੀ ਉਸ ਪਲਟਨ ਵਿੱਚ ਕਾਰਜਸ਼ੀਲ ਰਿਹਾ ਸੀ। ਜਿਸ ਆਦਮੀ ਨੇ 5ਵੀਂ ਲਾਈਟ ਇਨਫੈਂਟਰੀ ’ਤੇ ਪ੍ਰਭਾਵ ਪਾਇਆ, ਉਹ ਇਕ ਅਮੀਰ ਵਪਾਰੀ ਕਾਸਿਮ ਮਨਸੂਰ ਸੀ ਜਿਸ ਉਪਰ ਮਗਰੋਂ ਫ਼ੌਜੀ ਅਦਾਲਤ ਵਿੱਚ ਮੁਕੱਦਮਾ ਚਲਾ ਕੇ ਗੋਲੀ ਮਾਰ ਦਿੱਤੀ ਗਈ। ਪੋਸਬਰ ਜੈਨ ਦਾ ਅਣਛਪਿਆ ਥੀਸਿਸ-‘ਦੀ ਸਿਪੋਏ ਰੀਬਿੱਲੀਅਨ’।

ਵਿਦਰੋਹ ਕਰਨ ਵਾਲਿਆਂ ਦੀ ਗਿਣਤੀ 700 ਤੋਂ ਵੱਧ ਸੀ। ਲੋਕਾਂ ਨੂੰ ਵਿਦਰੋਹ ਲਈ ਭੜਕਾਉਣ ਲਈ ਉਹ ਸ਼ਹਿਰ ਵੱਲ ਤੁਰ ਪਏ। ਰਾਹ ਵਿੱਚ ਉਹ ਮਲਾਇਆ ਸਟੇਟ ਗਾਈਡਜ਼ ਤੇ ਸਥਾਨਕ ਜੇਲ੍ਹ 'ਤੇ ਪਹਿਰੇਦਾਰ ਸਿੱਖਾਂ ਨਾਲ ਲੜ ਪਏ। ਇਸ ਨੇ ਵਿਦਰੋਹ ਨੂੰ ਸਿੱਖ ਬਨਾਮ ਮੁਸਲਿਮ (ਸੰਪ੍ਰਦਾਇਕ) ਰੰਗ ਦੇ ਦਿੱਤਾ। ਇਹ ਵਿਦਰੋਹ ਸਥਾਨਕ ਫ਼ੌਜ, ਪੁਲਿਸ ਤੇ ਬਰਤਾਨਵੀ ਬੇੜੀ ਕੈਡਮਸ ਦੇ ਸਾਂਝੇ ਯਤਨਾਂ ਨਾਲ ਦਬਾ ਦਿੱਤਾ ਗਿਆ। 48 ਘੰਟਿਆਂ ਦੀ ਲੜਾਈ ਵਿੱਚ 44 ਆਦਮੀ ਮਾਰੇ ਗਏ ਜਿਨ੍ਹਾਂ ਵਿੱਚ 8 ਅੰਗਰੇਜ਼ ਅਧਿਕਾਰੀ ਸਨ। ਬਾਗੀ ਕਿਤਨੇ ਮਰੇ, ਉਹਨਾਂ ਬਾਰੇ ਕੋਈ ਲਿਖਤੀ ਪ੍ਰਮਾਣ ਨਹੀਂ ਹੈ ਪੁੱਛ ਮਗਰੋਂ 126 ਉੱਤੇ ਸੰਖੇਪ ਫ਼ੌਜੀ ਅਦਾਲਤ ਰਾਹੀਂ ਮੁਕੱਦਮੇ ਚਲਾਏ ਗਏ ਜਿਨ੍ਹਾਂ ਵਿੱਚ 37 ਫ਼ਾਂਸੀ ਲਾਏ ਗਏ, 41 ਨੂੰ ਉਮਰ ਕੈਦ ਹੋਈ। ਦੰਡਿਤ ਵਿਅਕਤੀਆਂ ਨੂੰ ਸਿੰਗਾਪੁਰ ਵਿੱਚ ਸ਼ਰੇਆਮ ਫ਼ਾਂਸੀ ਲਾਇਆ ਗਿਆ।[40]

ਗਦਰ ਵਿੱਚ ਜਰਮਨੀ ਦੀ ਸ਼ਿਰਕਤ—ਗਦਰ ਲਹਿਰ ਤੋਂ ਘੱਟੋ-ਘੱਟ ਇਕ ਦਹਾਕਾ ਪਹਿਲਾਂ ਤੋਂ ਹੀ ਭਾਰਤੀ ਕ੍ਰਾਂਤੀਕਾਰੀਆਂ ਦੇ ਪ੍ਰਚਾਰ ਕੇਂਦਰ ਲੰਡਨ, ਪੈਰਿਸ ਤੇ ਬਰਲਿਨਵਿੱਚ ਸਥਾਪਤ ਸਨ। ਜਦੋਂ ਯੂਰਪ ਵਿੱਚ ਤਨਾਓ ਵੱਧ ਗਿਆ ਤਾਂ ਇਹ ਸਪੱਸ਼ਟ ਹੋ ਗਿਆ ਕਿ ਜੰਗ ਵਿੱਚ ਜਰਮਨੀ ਇਕ ਪਾਸੇ ਹੋਵੇਗਾ ਤੇ ਦੂਸਰੇ ਪਾਸੇ ਫ਼ਰਾਂਸ ਤੇ ਗਰੇਟ ਬਰਿਟਨ ਹੋਵੇਗਾ। ਭਾਰਤੀ ਕ੍ਰਾਂਤੀਕਾਰੀ ਵੀ ਲੰਡਨ ਤੇ ਪੈਰਿਸ ਨੂੰ ਛੱਡ ਕੇ ਬਰਲਿਨ ਚਲੇ ਗਏ। 1914 ਦੀ ਬਹਾਰ ਰੁੱਤ ਵਿੱਚ ਹਰਦਿਆਲ ਜਰਮਨੀ ਪਹੁੰਚ ਗਿਆ ਤੇ ਉਸ ਨੇ ਆਪਣੇ ਹਮਵਤਨਾਂ ਨੂੰ ਗਦਰ ਸੰਸਥਾ ਬਾਰੇ ਜਾਣਕਾਰੀ ਦਿੱਤੀ ਜਿਸ ਦੇ ਉਸ ਸਮੇਂ 10 ਹਜ਼ਾਰ ਸਰਗਰਮ ਮੈਂਬਰ ਸਨ। 'ਬਰਲਨ-ਭਾਰਤ' ਕਮੇਟੀ ਨੇ ਜਰਮਨ ਸਰਕਾਰ ਕੋਲ ਪਹੁੰਚ ਕੀਤੀ ਕਿ ਉਹ ਜਰਮਨ ਵਿਦੇਸ਼ ਮੰਤਰੀ ਜ਼ਿੰਮੇਰ ਮਾਨ ਨੂੰ ਇਹ ਪ੍ਰੇਰਣਾ ਦੇਣ ਵਿੱਚ ਸਫ਼ਲ ਹੋ ਗਏ ਕਿ ਉਹ ਆਪਣੇ ਸੰਯੁਕਤ ਰਾਜ ਵਿੱਚ ਰਾਜਦੂਤ ਨੂੰ ਇਹ ਹਿਦਾਇਤ ਭੇਜੇ ਕਿ ਉਹ ਗਦਰੀਆਂ ਨੂੰ ਦੇਣ ਲਈ ਹਥਿਆਰ ਤੇ ਧਨ ਦਾ ਪ੍ਰਬੰਧ ਕਰੇ। ਸਾਨ ਫ਼ਰਾਂਸਿਸਕੋ, ਸ਼ਿੰਘਾਈ ਤੇ ਬੈਂਕਾਕ ਵਿਚਲੇ ਜਰਮਨ ਕੌਂਸਲਾਂ ਨੂੰ ਵੀ ਹਿਦਾਇਤ ਕੀਤੀ ਗਈ ਕਿ ਉਹ ਕ੍ਰਾਂਤੀਕਾਰੀਆਂ ਨੂੰ ਸਹਾਇਤਾ ਦੇਣ।

ਜਰਮਨੀ ਦੀ ਸ਼ਮੂਲੀਅਤ ਨੇ ਗਦਰ ਪਾਰਟੀ ਵਿੱਚ ਧੜੇਬੰਦੀ ਪੈਦਾ ਕਰ ਦਿੱਤੀ। ਆਮ ਸਾਧਾਰਨ ਸਿੱਖ ਕਿਰਤੀ ਤੇ ਕਿਸਾਨ ਆਪਣੇ ਕਿਸੇ ਪ੍ਰਵਕਤਾ ਤੋਂ ਬਿਨਾ ਹੀ ਸਨ। ਰਾਮ ਚੰਦਰ ਨੇ, ਜਿਸ ਦੇ ਸਿੱਖਾਂ ਵਿੱਚ ਬਹੁਤ ਘੱਟ ਹਮਾਇਤੀ ਸਨ, ਪਾਰਟੀ ਦਾ ਸਰਵਉੱਚ ਨੇਤਾ ਬਣ ਕੇ ਪਾਰਟੀ ਨੂੰ ਆਪਣੇ ਨਿਯੰਤਰਨ ਅਧੀਨ ਕਰ ਲਿਆ। "ਬਰਲਨ-ਭਾਰਤ ਸਭਾ ਦਾ ਮਨੋਨੀਤ ਮੈਂਬਰ ਹੜੰਬਾ ਲਾਲ ਸੀ ਜਿਸ ਦੀ ਮੁੱਠੀ ਵਿੱਚ ਜਰਮਨੀ ਵੱਲੋਂ ਦਿੱਤਾ ਹੋਇਆ ਸਾਰਾ ਰੁਪਿਆ ਸੀ। ਦੋਹਾਂ ਵਿਰੋਧੀ ਭਾਰਤੀ ਧੜਿਆਂ ਵਿੱਚ ਵੀ ਤੇ ਭਾਰਤੀਆਂ ਤੇ ਜਰਮਨਾਂ ਵਿੱਚ ਗਲਤ-ਫ਼ਹਿਮੀ ਪੈਦਾ ਹੋਈ ਤੇ ਭੁਲੇਖੇ ਵੱਧਣੇ ਸ਼ੁਰੂ ਹੋ ਗਏ।

ਸੰਯੁਕਤ ਰਾਜ ਤੋਂ ਭਾਰਤ ਨੂੰ ਚੋਰੀ ਹਥਿਆਰ ਲਿਜਾਉਣ 'ਚ ਕੋਈ ਸਫ਼ਲਤਾ ਨਾ ਮਿਲੀ। ਇਕ ਕਿਰਾਏ ਦੇ ਜਹਾਜ਼ ਹੈਨਰੀ ਐਸ ਉਪਰ 5 ਹਜ਼ਾਰ ਰਿਵਾਲਵਰ ਭੇਜੇ ਗਏ। ਇਸ ਜਹਾਜ਼ 'ਤੇ ਉਸ ਦੇ ਅਮਲੇ ਨੂੰ ਬਰਤਾਨਵੀ ਨੇਵੀ ਨੇ ਪਕੜ ਲਿਆ। ਹੈਨਰੀ ਐਸ

40. ਉਹੀ।

ਦੀ ਅਸਫ਼ਲਤਾ ਪਿੱਛੋਂ ਹੜੰਬਾ ਲਾਲ ਹਥਿਆਰ ਖ਼ਰੀਦਣ ਲਈ ਜਾਪਾਨ ਜਾਕੇ ਯਤਨ ਕਰਨ ਲੱਗਾ। ਬਰਤਾਨਵੀ ਜਾਸੂਸੀ ਵਿਭਾਗ ਨੇ ਜਾਪਾਨੀ ਸਰਕਾਰ ਨੂੰ ਚੌਕਸ ਕਰ ਦਿੱਤਾ। ਗੁਪਤਾ ਨੂੰ ਕਈ ਮਹੀਨੇ ਲੁਕ ਛਿਪ ਕੇ ਲੰਘਾਉਣੇ ਪਏ ਤੇ ਬਿਨਾ ਕਿਸੇ ਪ੍ਰਾਪਤੀ ਦੇ ਸੰਯੁਕਤ ਰਾਜ ਵਾਪਸ ਚਲਾ ਗਿਆ।

ਜਦੋਂ ਗੁਪਤਾ ਜਾਪਾਨ ਵਿੱਚ ਸੀ ਤਾਂ ਉਸ ਸਮੇਂ ਭਾਰਤ ਨੂੰ ਹਥਿਆਰ ਭੇਜਣ ਦੀ ਇਕ ਹੋਰ ਕੋਸ਼ਿਸ਼ ਕੀਤੀ ਗਈ। ਮਾਰਚ 1915, ਜੰਗੀ ਹਥਿਆਰਾਂ ਨਾਲ ਭਰਿਆ ਜਹਾਜ਼ ਐਨੀ ਲਾਰਸਨ ਸਮੁੰਦਰ ਵਿੱਚ ਠੇਲ੍ਹ ਦਿੱਤਾ ਗਿਆ। ਪੰਜ ਦਿਨ ਮਗਰੋਂ ਇਕ ਤੇਲ ਦੇਣ ਵਾਲੇ ਜਹਾਜ਼ "ਮੈਵਰਿਕ" ਵਿੱਚ 5 ਗਦਰੀ ਸੇਵਾਦਾਰਾਂ ਦੇ ਭੇਸ ਵਿੱਚ ਜਹਾਜ਼ 'ਤੇ ਸਵਾਰ ਹੋ ਕੇ ਅਮਰੀਕਾ ਤੋਂ ਚੱਲ ਪਏ। ਦੋਹਾਂ ਜਹਾਜ਼ਾਂ ਨੇ ਸਮੁੰਦਰ ਵਿੱਚ ਮਿਲਣਾ ਸੀ ਤੇ ਮੇਵਰਿਕ ਨੇ ਹਥਿਆਰ ਤੇ ਅਸਲਾ ਲੈ ਕੇ ਤੇਲ ਦੀਆਂ ਟੈਂਕੀਆਂ ਵਿੱਚ ਡੋਬੋ ਲੈਣੇ ਸਨ ਤੇ ਫਿਰ ਪੂਰਬੀ ਬੰਗਾਲ ਦੇ ਸੁੰਦਰਬਨ ਵਿੱਚ ਕਿਸੇ ਨਿਵੇਕਲੀ ਥਾਂ 'ਤੇ ਅਸਲ੍ਹਾ ਤੇ ਹਥਿਆਰ ਕ੍ਰਾਂਤੀਕਾਰੀਆਂ ਨੂੰ ਸੌਂਪ ਦੇਣੇ ਸਨ।

ਅਮਰੀਕਨ ਤੇ ਬਰਤਾਨਵੀ ਜੰਗੀ ਜਹਾਜ਼ਾਂ ਨੇ ਮੇਵਰਿਕ ਦੀ ਤਲਾਸ਼ੀ ਲਈ ਤੇ ਗਦਰੀਆਂ ਨੂੰ ਫੜੇ ਜਾਣ ਤੋਂ ਬਚਣ ਲਈ ਸਾਰਾ ਗਦਰੀ ਸਾਹਿੱਤ ਸਾੜਨਾ ਪਿਆ। "ਤੇਲ ਵਾਲ ਜਹਾਜ਼" ਨੂੰ "ਡੱਚ ਨੇਵੀ" (ਹਾਲੈਂਡ ਦੀ ਸਮੁੰਦਰੀ ਸੈਨਾ) ਨੇ ਆਪਣੀ ਨਿਗਰਾਨੀ ਵਿੱਚ ਲੈ ਲਿਆ। ਜਦੋਂ ਡੱਚਾਂ ਨੇ ਛੱਡਿਆ ਤਾਂ ਇਸ ਨੂੰ ਅੰਗਰੇਜ਼ਾਂ ਨੇ ਫੜ ਲਿਆ। ਐਨੀ ਲਾਰਸਨ ਨੂੰ ਸੰਯੁਕਤ ਰਾਜ ਦੀ ਸਮੁੰਦਰੀ ਸੈਨਾ ਨੇ ਫੜ ਲਿਆ ਤੇ ਨਜਾਇਜ਼ ਅਸਲਾ ਲਿਜਾਉਣ ਕਾਰਨ ਜ਼ਬਤ ਕਰ ਲਿਆ।

ਜਰਮਨਾਂ ਨੇ ਹਥਿਆਰਾਂ ਨਾਲ ਭਰੇ ਹੋਰ ਪੰਜ ਜਹਾਜ਼ ਭਾਰਤ ਨੂੰ ਭੇਜਣ ਦੀ ਵਿਉਂਤ ਬਣਾਈ ਸੀ ਪਰ "ਹੈਨਰੀ ਐਸ" ਤੇ "ਐਨੀ ਲਾਰਸਨ" ਦੇ ਫੜੇ ਜਾਣ ਮਗਰੋਂ ਤੇ ਭਾਰਤੀਆਂ ਦੇ ਆਪਸੀ ਝਗੜੇ ਕਾਰਨ ਗਦਰੀ ਸੰਸਥਾਵਾਂ ਲਈ ਜਰਮਨਾਂ ਦਾ ਉਤਸ਼ਾਹ ਮੱਠਾ ਪੈ ਗਿਆ। ਅਜੇ ਉਹਨਾਂ ਨੂੰ ਇਸ ਤੋਂ ਵੀ ਭੈੜਾ ਅਨੁਭਵ ਹੋਣਾ ਸੀ। ਫ਼ਰਵਰੀ 1916 ਵਿਚ "ਬਰਲਨ ਭਾਰਤ ਕਮੇਟੀ" ਨੇ "ਜਰਮਨ ਵਿਦੇਸ਼ ਦਫ਼ਤਰ" ਦੀ ਪ੍ਰਵਾਨਗੀ ਨਾਲ ਇਕ ਬੰਗਾਲੀ ਡਾਕਟਰ ਚੰਦਰ ਕਾਂਤ ਚਕਰਵਰਤੀ ਨੂੰ ਗਦਰ ਲਹਿਰ ਦੇ ਸੰਚਾਲਣ ਦੇ ਕੰਮ ਕਾਜ ਲਈ ਭੇਜਿਆ ਤੇ ਉਸ ਨੂੰ ਬਹੁਤ ਸਾਰਾ ਧਨ ਵੀ ਦਿੱਤਾ।

ਚਕਰਵਰਤੀ ਨੇ ਸਾਰੀ ਰਕਮ ਆਪਣੀ ਵਰਤੋਂ ਲਈ ਖ਼ੁਰਦ-ਬੁਰਦ ਕਰ ਲਈ ਤੇ ਜਰਮਨਾਂ ਨੂੰ ਆਪਣੇ ਵੱਲੋਂ ਕੀਤੇ ਜਾ ਰਹੇ ਕੰਮ ਦੀਆਂ ਮਨ-ਘੜਤ ਰਿਪੋਰਟਾਂ ਭੇਜਦਾ ਰਿਹਾ। ਜਦੋਂ ਜਰਮਨਾਂ ਨੂੰ ਸੱਚਾਈ ਦਾ ਪਤਾ ਲੱਗਾ ਤਾਂ ਉਹ ਗ਼ਦਰ ਲਹਿਰ ਤੋਂ ਲਾਂਭੇ ਹੋ ਗਏ ਤੇ ਭਾਰਤੀਆਂ ਪ੍ਰਤੀ ਉਹਨਾਂ ਨੇ ਅਪਮਾਨਜਨਕ ਵਤੀਰਾ ਧਾਰਨ ਕਰ ਲਿਆ। ਇਸ ਤਰ੍ਹਾਂ ਗਦਰੀਆਂ ਦੀ 1917 ਨੂੰ 1857 ਦੇ ਗਦਰ ਦੀ ਡਾਇਮੰਡ ਜੁਬਲੀ ਦੇ ਸਾਲ ਵਜੋਂ ਮਨਾਉਣ ਦੀ ਯੋਜਨਾ ਠੁੱਸ ਹੋ ਗਈ।

ਗਦਰੀਆਂ ਵਿੱਚ ਕਲਹ ਕਲੇਸ਼ ਵੱਧ ਗਿਆ। ਚਕਰਵਰਤੀ ਨੇ ਜਰਮਨਾਂ ਵੱਲੋਂ ਦਿੱਤਾ ਬਹੁਤਾ ਪੈਸਾ ਹਜ਼ਮ ਕਰ ਲਿਆ। ਰਾਮ ਚੰਦਰ ਤੇ ਉਹਦੇ ਮਿੱਤਰਾਂ ਦੇ ਕਬਜ਼ੇ ਵਿੱਚ ਪ੍ਰਵਾਸੀਆਂ ਵੱਲੋਂ ਦਿੱਤੀ ਦਾਨ ਤੇ ਚੰਦੇ ਦੀ ਰਕਮ, ਪਾਰਟੀ ਦਾ ਅਖ਼ਬਾਰ ਤੇ ਦਫ਼ਤਰ ਸੀ। ਜਨ ਸਧਾਰਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਸਮੇਤ ਸਭ ਕੁਝ ਦਾਅ 'ਤੇ ਲਾ ਦਿੱਤਾ ਸੀ,

ਉਹਨਾਂ ਕੋਲ ਕੁਝ ਨਾ ਬਚਿਆ। ਜਿਨ੍ਹਾਂ ਕੋਲ ਕੁਝ ਵੀ ਨਹੀਂ ਸੀ, ਭਾਵ ਜੋ ਗਰੀਬ ਸਨ, ਉਹ ਸਭ ਸਿੱਖ ਹੀ ਸਨ ਤੇ ਦੂਸਰੇ ਸਭ ਹਿੰਦੂ ਸਨ। ਇਸ ਤਰ੍ਹਾਂ ਧਾਰਮਿਕ ਮਤਭੇਦਾਂ ਨੇ ਵੀ ਦਰਾੜ ਤੇ ਅਣਬਣ ਹੋਰ ਵਧਾ ਦਿੱਤੀ।

6 ਅਪ੍ਰੈਲ 1917 ਨੂੰ ਅਮਰੀਕਾ ਵੀ ਜੰਗ ਵਿੱਚ ਸ਼ਾਮਿਲ ਹੋ ਗਿਆ। ਬਰਤਾਨਵੀ ਸਰਕਾਰ ਦੇ ਜ਼ੋਰ ਦੇਣ 'ਤੇ ਸੰਯੁਕਤ ਰਾਜ ਦੀ ਪੁਲਿਸ ਨੇ 17 ਭਾਰਤੀ ਕ੍ਰਾਂਤੀਕਾਰੀਆਂ ਨੂੰ ਜਰਮਨ ਕੌਂਸਲ ਦੇ 18 ਮੁਲਾਜ਼ਮਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਤੇ ਉਹਨਾਂ ਉਪਰ "ਸੰਯੁਕਤ ਰਾਜ ਸਰਕਾਰ" ਦੀ ਨਿਰਪੱਖਤਾ ਭੰਗ ਕਰਨ ਦਾ ਦੋਸ਼ ਆਇਦ ਕਰ ਦਿੱਤਾ।[41]

ਇਕ ਤੋਂ ਬਿਨਾ ਸਾਰੇ ਮੁਲਜ਼ਮ ਦੋਸ਼ੀ ਪਾਏ ਗਏ ਤੇ ਉਹਨਾਂ ਨੂੰ ਵੱਖ-ਵੱਖ ਮਿਆਦ ਦੀ ਕੈਦ ਤੇ ਜ਼ੁਰਮਾਨੇ ਕੀਤੇ ਗਏ। ਮੁਕੱਦਮੇ ਦਾ ਅੰਤ ਇਕ ਨਾਟਕੀ ਘਟਨਾ ਨਾਲ ਹੋਇਆ। ਇਕ ਦੋਸ਼ੀ ਨੇ ਆਖ਼ਰੀ ਦਿਨ ਰੀਵੋਲਵਰ ਕੱਢਿਆ ਤੇ ਰਾਮ ਚੰਦਰ ਨੂੰ ਗੋਲੀ ਮਾਰ ਦਿੱਤੀ। ਹਮਲਾਵਰ ਨੂੰ ਅਦਾਲਤ ਦੇ ਫ਼ੌਜੀ ਅਧਿਕਾਰੀ ਨੇ ਗੋਲੀ ਮਾਰ ਕੇ ਮੌਕੇ 'ਤੇ ਹੀ ਮਾਰ ਦਿੱਤਾ।[42]

ਬ੍ਰਿਟਿਸ਼ ਡੈਫ਼ਨਸ ਆਫ਼ ਇੰਡੀਆ ਐਕਟ 1915 ਰਾਹੀਂ ਪ੍ਰਾਂਤਕ ਸਰਕਾਰਾਂ ਨੂੰ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦੇ ਅਧਿਕਾਰ ਦੇ ਦਿੱਤੇ ਗਏ ਜੋ ਆਮ ਕਾਨੂੰਨੀ ਕਾਰਵਾਈ ਨੂੰ ਲਾਂਭੇ ਰੱਖ ਕੇ ਫ਼ੈਸਲੇ ਕਰ ਸਕਦੀਆਂ ਸਨ ਤੇ ਉਹਨਾਂ ਦਾ ਫ਼ੈਸਲਾ ਅੰਤਿਮ ਹੁੰਦਾ ਸੀ। ਇਹ ਵਿਸ਼ੇਸ਼ ਅਦਾਲਤਾਂ ਗਦਰੀਆਂ ਉੱਪਰ ਮੁਕੱਦਮੇ ਚਲਾਉਣ ਲਈ ਸਥਾਪਤ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚ ਹਰ ਹਾਲਤ ਤਿੰਨ ਜੱਜਾਂ ਵਿੱਚੋਂ ਦੋ ਅੰਗਰੇਜ਼ ਜੱਜ ਹੁੰਦੇ ਸਨ। ਲਾਹੌਰ, ਮੰਡੀ, ਬਨਾਰਸ ਤੇ ਦੂਰ ਦੁਰਾਡੇ ਮਾਂਡਲੇ ਤੇ ਸਿੰਗਾਪੁਰ ਵਿੱਚ ਲੜੀਵਾਰ ਚਲਦੇ ਮੁਕੱਦਮੀਆਂ ਵਿੱਚ ਸੈਂਕੜੇ ਕ੍ਰਾਂਤੀਕਾਰੀਆਂ ਤੇ ਮੁਕੱਦਮੇ ਚਲਾਕੇ ਸਜ਼ਾ ਦਿੱਤੀ

---

41. ਯੂ.ਐਸ.ਏ. ਬਨਾਮ ਫ਼ਰਾਂਨਜ਼ ਬੋਪ ਆਦਿ ਜਾ ਜੱਜ ਡਬਲਯੂ. ਸੀ. ਵਾਨ ਫ਼ਲੀਟ ਸਾਹਮਣੇ ਸੰਯੁਕਤ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਲੰਮਾ ਤੇ ਮਹਿੰਗਾ ਮੁਕੱਦਮਾ ਸੀ। ਇਹ 5 ਮਹੀਨੇ ਚੱਲਿਆ। ਗਵਾਹ ਦੁਨੀਆ ਦੇ ਹਰ ਦੇਸ਼ ਵਿੱਚੋਂ ਬੁਲਾਏ ਗਏ। ਅੰਦਾਜ਼ਨ 30 ਲੱਖ ਡਾਲਰ ਖ਼ਰਚ ਆਇਆ। ਸਾਨ ਫ਼ਰਾਂਸਿਕੋ ਕਰਾਨੀਕਲ 22/4/1918
42. ਇਹ ਕਤਲ ਕਾਰਨ ਕਾਫ਼ੀ ਲੰਬੇ ਸਮੇਂ ਤੱਕ ਗਦਰੀ ਧੜਿਆਂ ਵਿੱਚ ਮਤਭੇਦ ਕਾਇਮ ਰਹੇ "ਦੀ ਸ਼ਾਨ ਫ਼ਰਾਂਸਿਕੋ ਕਾਰਨੀਕਲ" ਨੇ 24-4-1918 ਦੇ ਅੰਕ ਵਿੱਚ ਇਸ ਅਪਰਾਧ ਦਾ ਹੇਠ ਲਿਖੇ ਅਨੁਸਾਰ ਵਰਣਨ ਕੀਤਾ : "ਸਿੰਘ ਵੱਲੋਂ ਕੀਤੇ ਕਾਰਜ ਦਾ ਮੰਤਵ ਸਾਫ਼ ਸੀ। ਭਗਵਾਨ ਸਿੰਘ ਦੇ ਹਿੰਦੂ ਧੜੇ ਅਨੁਸਾਰ ਰਾਮ ਸਿੰਘ (ਰਾਮ ਚੰਦਰ ਦਾ ਕਾਤਲ) ਪਹਿਲਾਂ ਕੈਨੇਡਾ ਵਿੱਚ ਸੈਂਕੜੇ ਏਕੜ ਜ਼ਮੀਨ ਦਾ ਮਾਲਕ ਸੀ ਤੇ ਅਮੀਰਾਂ ਵਿੱਚ ਉਸ ਦਾ ਸ਼ੁਮਾਰ ਹੁੰਦਾ ਸੀ। ਉਸ ਨੇ ਹਿੰਦੂਆਂ (ਹਿੰਦੀਆਂ) ਦੇ ਹਿੱਤ ਲਈ ਹਜ਼ਾਰਾਂ ਹੀ ਡਾਲਰ ਦਿੱਤੇ ਸਨ ਜੋ ਅੱਗੇ ਰਾਮ ਚੰਦਰ ਨੂੰ ਸੌਂਪ ਦਿੱਤੇ ਗਏ। ਨਿੱਜੀ ਗੱਲਬਾਤ ਦੌਰਾਨ ਭਗਵਾਨ ਸਿੰਘ ਧੜੇ ਨੇ ਰਾਮ ਚੰਦਰ ਨੂੰ ਬੇਈਮਾਨ, ਰਿਸ਼ਵਤਖ਼ੋਰ ਆਖਿਆ ਤੇ ਰਾਮ ਸਿੰਘ ਵੱਲੋਂ ਦਿੱਤੇ ਗਏ ਹਜ਼ਾਰਾਂ ਡਾਲਰਾਂ ਵੱਲ ਉਹਦਾ ਧਿਆਨ ਦੁਆਇਆ। ਹਿੰਦੂਆਂ ਅਨੁਸਾਰ ਇਸ ਵਿੱਚੋਂ ਬਹੁਤਾ ਰੁਪਿਆ ਰਾਮ ਚੰਦਰ ਨੇ ਆਪਣੇ ਲਈ ਰੱਖ ਕੇ ਹੜੱਪ ਕਰ ਲਿਆ।" ਇਸ ਵੇਰਵੇ ਦਾ ਸਮਰਥਨ "ਗੈਰ ਅਮਰੀਕੀ ਗਤੀਵਿਧੀਆਂ" ਵਿੱਚ ਵੀ ਕੀਤਾ ਗਿਆ ਹੈ।

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਗਈ। ਇਹਨਾਂ ਵਿੱਚੋਂ ਪੰਜਾਬ ਵਿੱਚ ਜਿਨ੍ਹਾਂ ਤੇ ਮੁਕੱਦਮਾ ਚਲਾਇਆ ਗਿਆ, ਉਹਨਾਂ ਵਿੱਚੋਂ 40 ਨੂੰ ਫ਼ਾਂਸੀ ਦਿੱਤੀ ਗਈ ਤੇ 194 ਨੂੰ ਲੰਮੇ ਸਮੇਂ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।[43] ਇਹਨਾਂ ਤੋਂ ਬਿਨਾ ਬਹੁਤ ਸਾਰੇ ਫ਼ੌਜੀਆਂ ਉਪਰ ਫ਼ੌਜੀ ਅਦਾਲਤਾਂ ਵਿੱਚ ਮੁਕੱਦਮੇ ਚਲਾ ਕੇ ਉਹਨਾਂ ਨੂੰ ਗੋਲੀ ਨਾਲ ਉਡਾਇਆ ਗਿਆ।

ਗਦਰ ਲਹਿਰ ਅਨੇਕ ਕਾਰਨਾਂ ਕਰਕੇ ਅਸਫ਼ਲ ਹੋਈ ਜਿਨ੍ਹਾਂ ਵਿੱਚੋਂ ਹਥਿਆਰਾਂ ਦੀ ਘਾਟ, ਅਨੁਭਵ ਦੀ ਘਾਟ, ਭੈੜਾ ਨੇਤ੍ਰਿਤਵ, ਕ੍ਰਾਂਤੀਕਾਰੀਆਂ ਦੀ ਭੇਤ ਗੁਪਤ ਰੱਖਣ ਵਿੱਚ ਅਸਫ਼ਲਤਾ[44], ਜਰਮਨਾਂ ਤੇ ਗਦਰੀਆਂ ਵਿੱਚ ਮਤਭੇਦ, ਬਰਤਾਨਵੀ ਜਾਸੂਸੀ ਵਿਭਾਗ ਦੀ ਸੁਯੋਗਤਾ ਜਿਸ ਨੇ ਕ੍ਰਾਂਤੀਕਾਰੀਆਂ ਦੀਆਂ ਸਰਵੋਤਮ ਕਮੇਟੀਆਂ ਵਿੱਚ ਜਾਸੂਸ ਘੁਸੇੜ ਦਿੱਤੇ, ਭਾਰਤ ਸਰਕਾਰ ਵੱਲੋਂ ਉਠਾਏ ਗਏ ਸਖ਼ਤ ਕਦਮ ਤੇ ਪੰਜਾਬ ਪੁਲਿਸ ਵੱਲੋਂ ਅਪਨਾਏ ਵਹਿਸ਼ੀਆਨਾ ਢੰਗ ਤਰੀਕੇ ਸਨ ਜਿਨ੍ਹਾਂ ਨੇ ਬਹੁਤ ਸਾਰੇ ਨੇਤਾਵਾਂ ਨੂੰ ਆਪਣੇ ਹੀ ਸਹਿਯੋਗੀਆਂ ਵਿਰੁੱਧ ਸੂਹ ਦੇਣ ਲਈ ਮਜ਼ਬੂਰ ਕਰ ਦਿੱਤਾ ; ਪ੍ਰਮੁੱਖ ਕਾਰਨ ਸਨ। ਪ੍ਰੰਤੂ ਇਸ ਦੀ ਅਸਫ਼ਲਤਾ ਦਾ ਮੁੱਖ ਕਾਰਨ ਇਹ ਸੀ ਕਿ ਪੰਜਾਬੀ ਜਨ ਮਾਨਸ ਵਿਦਰੋਹ ਲਈ ਤਿਆਰ ਨਹੀਂ ਸੀ।

ਅਮੀਰ ਜ਼ਿਮੀਂਦਾਰਾਂ ਨੇ ਗਵਰਨਰ ਨੂੰ ਆਪਣੀ ਵਫ਼ਾਦਾਰੀ ਦਾ ਭਰੋਸਾ ਦਿੱਤਾ ਸੀ ਤੇ ਉਹਨਾਂ ਨੇ ਆਪਣੇ ਜ਼ਿਲ੍ਹਿਆਂ ਵਿੱਚ ਪਰਤ ਰਹੇ ਪ੍ਰਵਾਸੀ ਭਾਰਤੀਆਂ ਦੀਆਂ ਗਤੀਵਿਧੀਆਂ ਉਪਰ ਨਜ਼ਰ ਰੱਖਣ ਲਈ ਤੇ ਉਹਨਾਂ ਨੂੰ ਵਫ਼ਾਦਾਰੀ ਤੇ ਆਗਿਆ ਵਿੱਚ ਰਹਿਣ ਤੇ ਪ੍ਰੇਰਣਾ ਲਈ ਕਮੇਟੀਆਂ ਦੀ ਸਥਾਪਨਾ ਕੀਤੀ। ਸਿੱਖਾਂ ਨਾਲ ਕੈਨੇਡਾ ਤੇ ਸੰਯੁਕਤ ਰਾਜ ਵਿੱਚ ਨਸਲੀ ਵਿਤਕਰੇ ਦੀਆਂ ਚੋਭਾਂ ਨਾਲੋਂ ਗੈਲੀ ਪੋਲੀ ਵਿੱਚ ਭਾਰੀ ਗਿਣਤੀ ਵਿੱਚ ਤੁਰਕੀ ਫ਼ੌਜ ਦੇ ਨਾਲ ਸਿੱਖ ਪਲਟਨ ਦੇ ਸਾਹਸ ਭਰੇ ਤੇ ਦਲੇਰਾਨਾ ਮੁਕਾਬਲੇ ਦੀ ਕਹਾਣੀ ਨੇ ਸਿੱਖ ਯੁਵਕਾਂ ਵਿੱਚ ਜ਼ਿਆਦਾ ਉਤਸ਼ਾਹ ਕਰ ਦਿੱਤਾ।[45]

(ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਲਾਜਪਤ ਰਾਏ ਨੇ ਲਿਖਿਆ : "ਜਿਹੜੇ ਬੰਗਾਲੀ ਕ੍ਰਾਂਤੀਕਾਰੀਆਂ ਨੂੰ ਮੈਂ ਜਾਣਦਾ ਹਾਂ, ਉਹ ਮੁਹਿੰਮ ਦੇ ਸੰਚਾਲਨ ਤੇ ਰੁਪਏ ਇਕੱਠੇ ਕਰਨ ਤੇ ਖ਼ਰਚਣ ਵਿੱਚ ਸਿਧਾਂਤਹੀਣ ਸਨ।---ਪੰਜਾਬੀਆਂ ਵਿੱਚੋਂ ਸਭ ਤੋਂ ਭੈੜੇ ਰਾਮ ਚੰਦਰ ਤੇ ਹਰੀਸ਼ ਚੰਦਰ ਸਨ। ਸਿੱਖ ਸਮੁੱਚੇ ਤੌਰ 'ਤੇ ਈਮਾਨਦਾਰ ਸਨ, ਵਧੇਰੇ ਪਰਸੁਆਰਥੀ ਤੇ ਅਨੁਸ਼ਾਸ਼ਿਤ ਸਨ। ਉਹਨਾਂ ਵਿੱਚੋਂ ਸਭ ਤੋਂ ਭੈੜਾ ਗਿਆਨੀ ਭਗਵਾਨ ਸਿੰਘ ਸੀ ਪਰ ਉਹ ਨਿਰਸੰਦੇਹ ਰਾਮ ਚੰਦਰ, ਚਕਰਵਰਤੀ ਜਾਂ ਗੁਪਤਾ ਦੇ ਮੁਕਾਬਲੇ ਬਹੁਤ ਵਧੀਆ ਸੀ।" (ਆਟੋਬਾਇਓਗਰਾਫ਼ੀਕਲ ਰਾਈਟਿੰਗਜ਼, ਪੰਨਾ 218) ਪ੍ਰੰਤੂ ਰਾਮ ਚੰਦਰ ਦਾ ਨਾਮ ਇੰਡੀਅਨ ਨੈਸ਼ਨਲ ਕਾਂਗਰਸ ਨੇ ਅਧਿਕਾਰਿਤ ਤੌਰ 'ਤੇ ਕ੍ਰਾਂਤੀ ਦੇ ਨਾਇਕਾਂ ਵਿੱਚ ਦਰਜ ਕੀਤਾ ਹੋਇਆ ਹੈ।

43. ਵੇਖੋ, ਆਈਸਮੋਂਗਰ ਤੇ ਸਲੇਟਰੀ, "ਐਨ ਅਕਾਊਂਟ ਔਫ ਗ਼ਦਰ ਕਨਸਪੀਰੇਸੀ" ਦੀ ਭੂਮਿਕਾ।

44. ਆਈਸਮੋਂਗਰ ਤੇ ਸਲੇਟਰੀ, ਐਨ ਅਕਾਊਂਟ ਔਫ ਗ਼ਦਰ ਕਨਸਪੀਰੇਸੀ।

45. ਸਰ ਮਾਈਕਲ ਉਡਵਾਇਰ ਨੇ ਲਿਖਿਆ ਕਿ, "4 ਜੂਨ 1915 ਨੂੰ ਸਿੱਖ ਬਟਾਲੀਅਨ ਵੱਲੋਂ ਬਹਾਦਰੀ ਦਿਖਾਉਣ ਮਗਰੋਂ ਸਿੱਖ ਜ਼ਿਲ੍ਹਿਆਂ ਵਿੱਚ ਫ਼ੌਜ ਭਰਤੀ ਹੋਣ ਲਈ ਵਿਲੱਖਣ ਦੌੜ ਲੱਗ ਗਈ।"

"ਸਿੱਖ ਜਿਨ੍ਹਾਂ ਦੀ ਕੁੱਲ ਵੱਸੋਂ 25 ਲੱਖ ਬਣਦੀ ਹੈ ਤੇ ਜੋ ਬਰਤਾਨਵੀ ਭਾਰਤ ਦੀ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਗ਼ਦਰ ਪਾਰਟੀ ਦਾ ਮਨੋਰਥ ਭਾਰਤ ਵਿੱਚੋਂ ਅੰਗਰੇਜ਼ਾਂ ਨੂੰ ਬਾਹਰ ਕੱਢਣਾ ਸੀ ਪ੍ਰੰਤੂ ਗਦਰੀਆਂ ਹੱਥੋਂ ਨਾ ਤਾਂ ਕੋਈ ਅੰਗਰੇਜ਼ ਮਾਰਿਆ ਗਿਆ ਤੇ ਨਾ ਹੀ ਇਹ ਲਹਿਰ ਅੰਗਰੇਜ਼ੀ ਰਾਜ ਲਈ ਕੋਈ ਖ਼ਤਰਾ ਹੀ ਬਣੀ। ਫਿਰ ਵੀ ਇਤਿਹਾਸਕਾਰਾਂ ਲਈ ਇਸ ਲਹਿਰ ਦੀ ਬਹੁਤ ਮਹੱਤਤਾ ਹੈ। ਇਹ ਪਹਿਲੀ ਧਰਮ-ਨਿਰੇਖ ਲਹਿਰ ਸੀ ਜਿਸ ਦਾ ਮਨੋਰਥ ਹਥਿਆਰਾਂ ਦੀ ਵਰਤੋਂ ਨਾਲ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਸੀ। ਮਹਾਰਾਸ਼ਟਰ ਤੇ ਬੰਗਾਲ ਦੋਹਾਂ ਥਾਵਾਂ 'ਤੇ ਰਾਜਸੀ ਆਤੰਕਵਾਦ ਦਾ ਹਿੰਦੂ ਧਰਮ ਦੀ ਪੁਨਰ-ਜਾਗ੍ਰਿਤੀ ਨਾਲ ਨਿਕਟ ਸਬੰਧ ਸੀ, ਮਹਾਰਾਸ਼ਟਰ ਵਿੱਚ ਇਹਦਾ ਸਬੰਧ ਸ਼ਿਵਾਜੀ ਨਾਲ ਸੀ ਤੇ ਬੰਗਾਲ ਵਿੱਚ ਕਾਲੀ ਦੇਵੀ ਨਾਲ। ਤੇ ਬੰਗਾਲੀਆਂ ਤੇ ਮਹਾਰਾਸ਼ਟਰੀਆਂ ਨੇ ਬੜੀ ਸਖ਼ਤੀ ਨਾਲ ਮੁਸਲਮਾਨਾਂ ਨੂੰ ਆਪਣੇ ਦਲਾਂ 'ਚੋਂ ਬਾਹਰ ਰੱਖਿਆ ਹੋਇਆ ਸੀ। ਭਾਵੇਂ ਗਦਰ ਪਾਰਟੀ ਵਿੱਚ ਬਹੁ-ਗਿਣਤੀ ਸਿੱਖਾਂ ਦੀ ਸੀ ਤੇ ਉਹਨਾਂ ਦਾ ਸਾਹਿੱਤ ਵੀ ਗੁਰਮੁਖੀ ਵਿੱਚ ਛਾਪਿਆ ਜਾਂਦਾ ਸੀ ਤੇ ਇਸ ਦੀਆਂ ਸਭਾਵਾਂ ਵੀ ਗੁਰਦੁਆਰਿਆਂ ਵਿੱਚ ਕੀਤੀਆਂ ਜਾਂਦੀਆਂ ਸਨ, ਪਰ ਇਹਨਾਂ ਦਾ ਸਿੱਖ ਧਰਮ ਦੇ ਪੁਨਰ-ਉੱਥਾਨ ਨਾਲ ਕੋਈ ਸਬੰਧ ਨਹੀਂ ਸੀ। ਗਦਰ ਪਾਰਟੀ ਨੇ ਆਪਣੇ ਵੱਲ ਹਿੰਦੂਆਂ ਤੇ ਮੁਸਲਮਾਨਾਂ ਨੂੰ ਵੀ ਆਕ੍ਰਿਸ਼ਿਤ ਕੀਤਾ ਤੇ ਇਸ ਨੇ ਹੀ ਮੁਲਕ ਵਿਚਲੇ ਦੂਸਰੇ ਕ੍ਰਾਂਤੀਕਾਰੀ ਦਲਾਂ ਨੂੰ ਆਪਣਾ ਧਾਰਮਿਕ ਪੱਖਪਾਤ ਤਿਆਗ ਦੇਣ ਵਿੱਚ ਪ੍ਰਭਾਵਿਤ ਕੀਤਾ।

ਗਦਰ ਲਹਿਰ ਦੇ ਪੈਦਾ ਹੋਣ ਨਾਲ ਸਿੱਖ ਫ਼ਿਰਕੇ ਦੇ ਰਾਜਸੀ ਦ੍ਰਿਸ਼ਟੀਕੋਣ ਵਿੱਚ ਵੀ ਮਹੱਤਵਪੂਰਨ ਤਬਦੀਲੀ ਆਈ। ਇਸ ਨੇ ਅੰਗਰੇਜ਼ੀ ਰਾਜ ਪ੍ਰਤੀ ਪੌਣੀ ਸਦੀ (75 ਸਾਲਾਂ ਦੀ) ਦੀ ਨਿਰਸੰਦੇਹ ਵਫ਼ਾਦਾਰੀ ਦਾ ਭੋਗ ਪਾ ਦਿੱਤਾ। ਭਾਵੇਂ ਇਹ ਬਗ਼ਾਵਤ ਜੰਗ ਤੋਂ ਉਪਜੇ ਜੋਸ਼ ਕਾਰਨ ਦਬ ਗਈ ਸੀ ਤੇ ਲੁਪਤ ਹੋ ਗਈ ਸੀ, ਪ੍ਰੰਤੂ ਇਹ ਉਬਾਲੇ ਖਾਂਦੀ ਰਹੀ ਤੇ ਕੁਝ ਸਾਲਾਂ ਪਿੱਛੋਂ ਅਕਾਲੀ ਅੰਦੋਲਨ ਸਮੇਂ ਬੱਬਰ ਲਹਿਰ ਦੇ ਰੂਪ ਵਿੱਚ ਮੁੜ ਫੁੱਟ ਨਿਕਲੀ। ਅਕਾਲੀ ਆਤੰਕਵਾਦੀ ਜਿਨ੍ਹਾਂ ਨੂੰ ਬੱਬਰ ਅਕਾਲੀ ਕਿਹਾ ਜਾਂਦਾ ਸੀ, ਵਧੇਰੇ ਕਰਕੇ ਗਦਰ ਪਾਰਟੀ ਦੀਆਂ ਸਫ਼ਾਂ ਵਿੱਚੋਂ ਹੀ ਆਏ ਸਨ।

ਗਦਰ ਪਾਰਟੀ ਵਿੱਚ ਵਿਦੇਸ਼ੀ ਡਰ ਯੁਕਤ ਰਾਸ਼ਟਰਵਾਦ ਤੋਂ ਮਾਰਕਸਵਾਦ ਵੱਲ ਤਬਦੀਲੀ ਜੰਗ ਪਿੱਛੋਂ ਹੀ ਵਾਪਰੀ। 1924 ਵਿੱਚ ਬੋਲਸ਼ਵਿਕ ਪ੍ਰਤੀਨਿਧਾਂ ਨੇ ਸੰਯੁਕਤ ਰਾਜ ਤੇ ਕੈਨੇਡਾ ਦੀ ਗਦਰ ਸੰਸਥਾ ਨਾਲ ਅਮਰੀਕੀ ਕਮਿਊਨਿਸਟ ਐਗਨੇਸ ਸਮੇਡਲੇ ਰਾਹੀਂ ਸੰਪਰਕ ਕਾਇਮ ਕੀਤਾ। 1925 ਵਿੱਚ ਗਦਰੀਆਂ ਦਾ ਇਕ ਦਲ ਰੂਸ ਭੇਜਿਆ ਗਿਆ ਜਿੱਥੇ ਉਹਨਾਂ ਨੇ "ਲੈਨਿਨ ਇਨਸਟੀਚਿਊਟ" ਤੇ "ਈਸਟਰਨ ਯੂਨੀਵਰਸਿਟੀ"

(ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)
ਵਸੋਂ ਦਾ 1% ਬਣਦੇ ਹਨ, ਉਹਨਾਂ ਨੇ ਜੰਗ ਦੇ ਚਾਰ ਸਾਲਾਂ ਵਿੱਚ 90 ਹਜ਼ਾਰ ਲੜਾਕੇ ਸੈਨਿਕ ਭਰਤੀ ਕਰਵਾਏ। (ਲੇਹ ਅਨੁਸਾਰ ਗਿਣਤੀ ਵਧੇਰੇ ਸੀ, ਪੰ: 44) ਜੋ ਭਾਰਤ ਦੇ ਕੁੱਲ ਸੈਨਿਕਾਂ ਦਾ 8ਵਾਂ ਹਿੱਸਾ ਬਣਦਾ ਹੈ। ਸੱਚਾਈ ਤਾਂ ਇਹ ਹੈ ਕਿ ਉਹਨਾਂ ਦਾ ਹੁੰਗਾਰਾ ਇਤਨਾ ਜੋਸ਼ ਭਰਪੂਰ ਸੀ ਤੇ ਉਹਨਾਂ ਦੇ ਕਾਰਨਾਮੇ ਇਤਨੇ ਬੀਰਤਾ ਭਰੇ ਸਨ ਤੇ ਉਹਨਾਂ ਨੂੰ ਮਿਲੇ ਇਨਾਮ ਤੇ ਪ੍ਰਸ਼ੰਸਾ ਵੀ ਇਤਨੀ ਉਦਾਰ ਸੀ ਕਿ ਕਈਆਂ ਦੇ ਦਿਮਾਗ਼ ਵਿੱਚ ਇਹ ਖ਼ਿਆਲ ਸਮਾ ਗਿਆ ਕਿ "ਅਸੀਂ ਹੀ ਜੰਗ ਜਿੱਤ ਕੇ ਦਿੱਤੀ ਹੈ।" (ਓਡਵਾਇਰ, ਇੰਡੀਆ ਐਜ਼ ਆਈ ਨੀਊ ਇੱਟ, ਪੰਨਾ 207)

ਵਿੱਚ ਸਿੱਖਿਆ ਪ੍ਰਾਪਤ ਕੀਤੀ। ਦੋ ਸਾਲ ਮਗਰੋਂ ਇਸ ਦਲ ਨੂੰ ਅਫ਼ਗਾਨਿਸਤਾਨ ਦੇ ਰਸਤੇ ਭਾਰਤ ਭੇਜਿਆ ਗਿਆ। ਉਸ ਵੇਲੇ ਤੱਕ ਭਾਰਤ ਵਿੱਚ ਹੋਰ ਗਦਰੀ ਜੋ "ਬਾਬਿਆਂ" ਵਜੋਂ ਮਸ਼ਹੂਰ ਸਨ, ਜੇਲ੍ਹਾਂ 'ਚੋਂ ਬਾਹਰ ਆ ਚੁੱਕੇ ਸਨ ਤੇ ਉਹਨਾਂ ਨੇ ਆਪਣੇ ਪਹਿਲੇ ਸਹਿਯੋਗੀਆਂ ਨਾਲ ਸੰਪਰਕ ਕਾਇਮ ਕਰ ਲਿਆ ਸੀ। ਉਹਨਾਂ ਨੇ ਬ੍ਰਿਟਿਸ਼ ਕੋਲੰਬੀਆ ਤੇ ਕੈਲੇਫੋਰਨੀਆ ਤੋਂ ਸਿਆਸੀ ਪੀੜਤਾਂ ਲਈ ਸਹਾਇਤਾ ਪ੍ਰਾਪਤ ਹੋਈ। ਇਹ ਰੁਪਿਆ "ਦੇਸ਼ ਭਗਤ" ਪਰਿਵਾਰ ਸਹਾਇਕਾ ਸਭਾ ਦੇ ਰਾਹੀਂ ਵੰਡਿਆ ਗਿਆ ਸੀ।

ਮਾਸਕੋ ਤੋਂ ਆਏ ਗਦਰੀਆਂ ਨੇ ਬਾਬਿਆਂ ਨਾਲ ਮਿਲਕੇ ਇਕ ਅਖ਼ਬਾਰ "ਕਿਰਤੀ ਕਿਸਾਨ" ਸ਼ੁਰੂ ਕੀਤਾ ਜਿਸ ਦੇ ਮੁੱਖ ਪੰਨੇ 'ਤੇ ਛਪਿਆ ਹੁੰਦਾ ਸੀ :"ਕਮਿਊਨਿਸਟ ਪਾਰਟੀ ਦੀ ਪੰਜਾਬ ਸ਼ਾਖ਼ਾ ਦਾ ਅਧਿਕਾਰਿਤ ਅਖ਼ਬਾਰ ਜੋ ਤੀਸਰੀ ਇੰਟਰਨੈਸ਼ਨਲ ਨਾਲ ਸਬੰਧਿਤ ਹੈ।"[46] ਕੁਝ ਸਾਲਾਂ ਲਈ ਤੇਜਾ ਸਿੰਘ ਸੁਤੰਤਰ "ਕਿਰਤੀ" ਦਾ ਮੁੱਖ ਸਮਰਥਕ ਸੀ।[47] "ਕਿਰਤੀਆਂ" ਤੇ ਅਧਿਕਾਰਿਤ ਕਮਿਊਨਿਸਟ ਪਾਰਟੀ ਨੇ ਜਿਸ ਦਾ ਨੇਤਾ ਸੋਹਨ ਸਿੰਘ ਜੋਸ਼[48] ਸੀ, ਉਹਨਾਂ ਨੇ ਆਪਸੀ ਸਾਂਝ ਬਣਾਈ ਰੱਖੀ। ਮਾਸਕੋ ਵੱਲੋਂ ਕੈਨੇਡਾ-ਅਮਰੀਕਾ ਦੇ ਗਦਰੀਆਂ ਵੱਲੋਂ ਦਿੱਤੇ ਜਾਂਦੇ ਰੁਪਏ ਨਾਲ ਉਹਨਾਂ ਨੇ ਕੇਂਦਰੀ ਪੰਜਾਬ (ਮਾਝਾ) ਦੇ ਸਿੱਖ ਕਿਸਾਨਾਂ ਵਿੱਚ ਆਪਣਾ ਪ੍ਰਭਾਵ ਫ਼ੈਲਾਇਆ।

---

46. ਡਾ. ਜੇ. ਐਸ. ਬੈਂਸ, ਸਪੋਕਸਮੈਨ, 9 ਫ਼ਰਵਰੀ, 1955, ਤਿਲਕ ਰਾਜ ਚੱਢਾ, ਥੋਟ, 14 ਜੂਨ, 1952।
47. ਤੇਜਾ ਸਿੰਘ ਸਵਤੰਤਰ ਦਾ ਜਨਮ ਗੁਰਦਾਸਪੁਰ ਜ਼ਿਲ੍ਹੇ ਦੇ ਜੱਟ ਸਿੱਖਾਂ ਦੇ ਪਿੰਡ ਅਲੂਣਾ ਵਿੱਚ 1901 ਈ: ਨੂੰ ਹੋਇਆ। ਉਹ ਅਕਾਲੀ ਤੇ ਕਾਂਗਰਸ ਲਹਿਰਾਂ ਵਿੱਚ ਸਰਗਰਮ ਕਾਰਜ ਕਰਮੀ ਸੀ। ਉਸ ਨੇ 5 ਪੰਜ ਸਾਲ ਤੁਰਕੀ ਦੇ ਫ਼ੌਜੀ ਕਾਲਜ ਵਿੱਚ ਬਤੀਤ ਕੀਤੇ ਤੇ ਫਿਰ ਉਸ ਨੇ 1929 ਵਿੱਚ ਕੈਲੇਫੋਰਨੀਆਂ ਦੇ ਗਦਰੀਆਂ ਨਾਲ ਸਬੰਧ ਕਾਇਮ ਕੀਤੇ। ਉਸ ਨੂੰ ਯੂ.ਐਸ. ਸਰਕਾਰ ਨੇ 1931 ਵਿੱਚ ਦੇਸ਼ 'ਚੋਂ ਕੱਢ ਦਿੱਤਾ। ਸਵਤੰਤਰ ਭਾਰਤ ਵਾਪਸ ਆਉਣ ਤੋਂ ਪਹਿਲਾਂ ਦੋ ਸਾਲ ਰੂਸ ਵਿੱਚ ਗੁਜ਼ਾਰੇ। ਉਸ ਨੂੰ 1936 ਈ: ਵਿੱਚ ਗ੍ਰਿਫ਼ਤਾਰ ਕਰ ਲਿਆ ਜਿੱਥੇ ਉਸ ਨੇ ਛੇ ਸਾਲ ਜੇਲ੍ਹ ਵਿੱਚ ਗੁਜ਼ਾਰੇ। ਜੇਲ੍ਹ ਵਿੱਚ ਹੁੰਦਿਆਂ ਹੀ ਉਸ ਨੇ 1937 ਈ: ਵਿੱਚ ਬਿਨਾ ਮੁਕਾਬਲਾ ਪੰਜਾਬ ਅਸੈਂਬਲੀ ਦੀ ਚੋਣ ਜਿੱਤ ਲਈ। 1942 ਈ: ਵਿੱਚ ਰਿਹਾਈ ਪਿੱਛੋਂ ਉਹ ਸੂਬਾ ਕਿਸਾਨ ਸਭਾ ਦਾ ਪ੍ਰਧਾਨ ਚੁਣਿਆ ਗਿਆ ਤੇ ਭਾਰਤੀ ਕਮਿਊਨਿਸਟ ਪਾਰਟੀ ਦਾ ਸੂਬਾ ਕਾਰਜ ਕਰਨੀ ਦਾ ਸੰਯੁਕਤ ਮੈਂਬਰ ਬਣਾਇਆ ਗਿਆ। ਉਸ ਨੂੰ ਅਧਿਕਾਰਿਤ ਪਾਰਟੀ 'ਚੋਂ ਕੱਢ ਦਿੱਤਾ ਗਿਆ ਤੇ ਉਸ ਨੇ 1947 ਵਿੱਚ ਕਮਿਊਨਿਸਟ ਪਾਰਟੀ (ਲਾਲ ਧੜਾ) ਕਾਇਮ ਕਰ ਲਈ। ਕਿਹਾ ਜਾਂਦਾ ਹੈ ਕਿ ਉਹ ਕਈ ਕਤਲਾਂ ਤੇ ਡਾਕਿਆਂ ਨਾਲ ਸੰਬੰਧਿਤ ਸੀ ਤੇ ਉਹ ਬਹੁਤ ਸਾਲ ਭਗੌੜਾ ਰਿਹਾ। ਉਹ 1962 ਦੀ ਸਰਦੀ ਵਿੱਚ ਫਿਰ ਰੂਪੋਸ਼ੀ ਤਿਆਗ ਕੇ ਪ੍ਰਗਟ ਹੋ ਗਿਆ ਪ੍ਰੰਤੂ ਉਹਦੇ ਵਿਰੁੱਧ ਕੋਈ ਦੋਸ਼ ਨਾ ਆਇਦ ਕੀਤਾ ਗਿਆ।
48. ਸੋਹਨ ਸਿੰਘ ਜੋਸ਼ ਦਾ ਜਨਮ 1898 ਈ: ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੇਤਨਪੁਰ ਵਿੱਚ ਹੋਇਆ। ਉਸ ਨੇ ਅਕਾਲੀ ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਕੱਪੜੇ ਦੇ ਕਾਰਖ਼ਾਨੇ ਤੇ ਜਣਗਣਨਾ ਦਫ਼ਤਰ ਦੀ ਨੌਕਰੀ ਕੀਤੀ। 1922 ਵਿੱਚ ਉਹ ਅਕਾਲੀ ਦਲ ਦਾ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਕਮਿਊਨਿਸਟ ਘੁਸਪੈਂਠ ਨੇ ਗ਼ਦਰ ਪਾਰਟੀ ਵਿੱਚ ਫੁੱਟ ਪਾ ਦਿੱਤੀ। ਸੰਯੁਕਤ ਰਾਜ ਤੇ ਕੈਨੇਡਾ ਦੇ ਗਦਰੀ ਜਾਂ ਤਾਂ ਕਮਿਊਨਿਸਟਾਂ ਦੇ ਵਿਰੁੱਧ ਹੋ ਗਏ ਜਾਂ ਪੱਛਮੀ ਸੰਸਾਰ ਵਿੱਚ ਫ਼ੈਲੀ ਕਮਿਊਨਿਸਟ ਵਿਰੋਧੀ ਲਹਿਰ ਵਿੱਚ ਘੁਲਮਿਲ ਗਏ। ਉਹਨਾਂ ਦੇ ਝਗੜੇ ਕਈ ਵਾਰ ਹਿੰਸਕ ਰੂਪ ਧਾਰ ਲੈਂਦੇ ਤੇ ਇਕ ਵਾਰ ਤਾਂ ਹਿੰਦੂਆਂ ਵੱਲੋਂ ਹਿੰਦੂਆਂ ਦੇ ਕੈਲੇਫੋਰਨੀਆ ਰਿਆਸਤ ਵਿੱਚ[49] ਹੋਏ ਦੋ ਦਰਜਨ ਤੋਂ ਵੱਧ ਕਤਲਾਂ ਦਾ ਕੋਈ ਸੁਰਾਗ ਹੀ ਨਾ ਮਿਲਿਆ। ਭਾਰਤ ਦੀ ਅਜ਼ਾਦੀ ਤੱਕ ਇਹ ਕਲਹ ਕਲੇਸ਼ ਜਾਰੀ ਰਹੇ। 1948 ਵਿੱਚ ਪਾਰਟੀ ਦੀ ਸੰਪਤੀ ਸੰਯੁਕਤ ਰਾਜ ਵਿੱਚ ਭਾਰਤੀ ਰਾਜਦੂਤ ਦੇ ਹਵਾਲੇ ਕਰ ਦਿੱਤੀ ਗਈ ਤੇ ਇਸ ਦੇ 30 ਸਾਲਾਂ ਦੇ ਤੂਫ਼ਾਨੀ ਤੇ ਖ਼ਰੂਦੀ ਦੌਰ ਦਾ ਅੰਤ ਹੋ ਗਿਆ।

(ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਸਕੱਤਰ ਸੀ ਤੇ 1925-26 ਵਿੱਚ ਉਸ ਨੂੰ ਅਕਾਲੀ ਸਾਜ਼ਿਸ਼ ਵਿੱਚ ਸਜ਼ਾ ਵੀ ਹੋਈ। ਰਿਹਾਈ ਪਿੱਛੋਂ ਉਸ ਨੇ 'ਕਿਰਤੀ' ਦੀ ਸੰਪਾਦਨਾ ਵਿੱਚ ਸਹਾਇਤਾ ਕੀਤੀ ਤੇ 1928 ਵਿੱਚ ਉਹ "ਭਾਰਤੀ ਕਮਿਊਨਿਸਟ ਪਾਰਟੀ" ਵਿੱਚ ਸ਼ਾਮਿਲ ਹੋ ਗਿਆ। ਉਸ ਨੂੰ ਮੇਰਠ ਸਾਜ਼ਿਸ਼ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਫਿਰ ਉਸ ਨੇ 1929 ਤੋਂ ਲੈ ਕੇ 1933 ਤੱਕ ਚਾਰ ਸਾਲ ਜੇਲ੍ਹ ਵਿੱਚ ਗੁਜ਼ਾਰੇ। ਉਹ ਕਮਿਊਨਿਸਟ ਪਾਰਟੀ ਦੀ ਪੰਜਾਬ ਕਮੇਟੀ ਦਾ 1934 ਤੋਂ 1950 ਤੱਕ ਸਕੱਤਰ ਤੇ ਪਾਰਟੀ ਦੀ ਕੇਂਦਰੀ ਕਮੇਟੀ ਦਾ 1943 ਤੋਂ 53 ਤੱਕ ਮੈਂਬਰ ਰਿਹਾ। ਜੋਸ਼ ਪੰਜਾਬ ਕਮਿਊਨਿਸਟ ਪਾਰਟੀ ਦਾ ਬੜਾ ਉੱਘਾ ਕਮਿਊਨਿਸਟ ਆਗੂ ਹੈ। (ਅਨੁਵਾਦਕ-ਹੁਣ ਉਹ ਅਕਾਲ ਚਲਾਣਾ ਕਰ ਗਿਆ ਹੈ- ਇਹ ਸੁਭਾਵਿਕ ਭੁੱਲਾਂ ਪੁਸਤਕ ਨੂੰ ਸੋਧੇ ਨਾ ਜਾਣ ਕਾਰਨ ਰੜਕਦੀਆਂ ਹਨ।)

49. ਅਣ-ਅਮੈਰਿਕਨ ਐਕਟਿਵਿਟੀਜ਼ ਰਿਪੋਰਟ ਵਿੱਚ ਦਰਜ।

ਕਾਂਡ—13

ਗੁਰਦੁਆਰਾ ਸੁਧਾਰ ਲਹਿਰ

ਸਿੰਘ ਸਭਾ ਲਹਿਰ ਵੱਲੋਂ ਪੈਦਾ ਕੀਤੀ ਜਾਗ੍ਰਤੀ ਨੇ ਸਿੱਖਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰ ਦਿੱਤਾ। ਜਦੋਂ ਪੜ੍ਹੇ-ਲਿਖੇ ਲੋਕਾਂ ਨੇ ਨੌਕਰੀਆਂ ਤੇ ਪ੍ਰਬੰਧਕੀ ਸੰਸਥਾਵਾਂ (ਜ਼ਿਲ੍ਹਾ ਬੋਰਡਾਂ, ਨਗਰ ਪਾਲਿਕਾਵਾਂ, ਪ੍ਰਾਂਤਕ ਤੇ ਕੇਂਦਰੀ ਵਿਧਾਨਕ ਅਸੈਂਬਲੀਆਂ) ਵਿੱਚ ਆਪਣਾ ਹੱਕ ਮੰਗਣਾ ਸ਼ੁਰੂ ਕਰ ਦਿੱਤਾ ਤਾਂ ਆਮ ਲੋਕ ਗੁਰਦੁਆਰਿਆਂ ਉਪਰ ਆਪਣਾ ਅਧਿਕਾਰ ਕਰਨ ਲਈ ਉਤਾਵਲੇ ਹੋ ਗਏ। ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਦੇ ਕੋਈ ਨਿਯਮ ਨਹੀਂ ਸਨ ਤੇ ਉਹਨਾਂ ਵਿੱਚੋਂ ਬਹੁਤੇ ਉਤਨੇ ਹੀ ਹਿੰਦੂ ਮਹੰਤ ਸਨ ਜਿਤਨੇ ਸਿੱਖ ਤੇ ਉਹਨਾਂ ਨੇ ਆਪਣੇ ਮਾਲਕੀ ਹਕੂਕ ਦੇ ਦਾਅਵੇ ਜਤਾਉਣੇ ਸ਼ੁਰੂ ਕਰ ਦਿੱਤੇ। ਕੁਝ ਗੁਰਦੁਆਰਿਆਂ ਜਿਵੇਂ ਸਵਰਨ ਮੰਦਰ ਅੰਮ੍ਰਿਤਸਰ ਤੇ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਨਨਕਾਣਾ ਸਾਹਿਬ ਦੀ ਆਮਦਨ ਲੱਖਾਂ ਰੁਪਏ ਸੀ। ਕਈ ਸਾਲਾਂ ਤੱਕ ਸਿੱਖ ਸਭਾਵਾਂ ਮਹੰਤਾਂ ਵਿਰੁੱਧ ਦੀਵਾਨੀ ਮੁਕੱਦਮੇ ਲੜਦੀਆਂ ਰਹੀਆਂ। ਫਿਰ ਗਦਰ ਲਹਿਰ ਤੇ ਰਾਸ਼ਟਰਵਾਦੀ ਲਹਿਰ ਤੋਂ ਉਤਪੰਨ ਹੋਈ ਬੇਤਾਬੀ ਤੇ ਉਤਸੁਕਤਾ ਨੇ ਸਿੱਖ ਜਨਤਾ ਨੂੰ ਸਿੱਖ ਸਭਾਈਆਂ ਵਾਲੇ ਬੇਨਤੀਆਂ ਕਰਨ ਤੇ ਅਦਾਲਤਾਂ ਰਾਹੀਂ ਫ਼ੈਸਲੇ ਕਰਾਉਣ ਦਾ ਰਸਤਾ ਛੱਡਣ ਲਈ ਪ੍ਰੇਰਿਆ ਤੇ ਨਾਮਿਲਵਰਤਨ ਕਰਨ ਤੇ ਸ਼ਾਂਤਮਈ ਅੰਦੋਲਨ ਚਲਾਉਣ ਲਈ ਤਿਆਰ ਕੀਤਾ ਤੇ ਇਸ ਮਨੋਰਥ ਲਈ ਉਹਨਾਂ ਨੇ ਅਕਾਲੀ ਪਾਰਟੀ ਬਣਾ ਲਈ। ਇਸ ਕਾਰਨ ਉਹਨਾਂ ਦੀ ਟੱਕਰ ਪੰਜਾਬੀ ਹਿੰਦੂਆਂ ਨਾਲ ਸ਼ੁਰੂ ਹੋ ਗਈ ਜੋ ਅਣਜਾਣੇ ਵਿੱਚ ਹੀ ਮਹੰਤਾਂ ਦੇ ਤੇ ਹਕੂਮਤ ਦੇ ਸਮਰਥਕ ਬਣ ਗਏ ਕਿਉਂਕਿ ਸਰਕਾਰ ਮਹੰਤਾਂ ਦਾ ਸਮਰਥਨ ਕਰਨ ਲਈ ਮਜ਼ਬੂਰ ਸੀ ਜੋ ਗੁਰਦੁਆਰਿਆਂ 'ਤੇ ਕਾਬਜ਼ ਸਨ। ਇਸ ਲਹਿਰ ਦੀ ਪੂਰੀ ਮਹੱਤਤਾ ਸਮਝਣ ਲਈ ਸਾਨੂੰ ਗੁਰਦੁਆਰਿਆਂ ਦੀ ਵਿਕਾਸ-ਗਾਥਾ ਤੇ ਸਿੱਖਾਂ ਦੇ ਸਮਾਜਿਕ ਜੀਵਨ ਵਿੱਚ ਇਹਨਾਂ ਦੀ ਮਹੱਤਤਾ ਜਾਣਨ ਦੀ ਲੋੜ ਹੈ।

ਗੁਰਦੁਆਰਾ : ਆਮਦਨ ਤੇ ਪ੍ਰਬੰਧ—ਸ਼ਾਇਦ ਪਹਿਲਾ ਸਿੱਖ ਗੁਰਦੁਆਰਾ ਨਾਨਕ ਨੇ ਆਪਣੀਆਂ ਉਦਾਸੀਆਂ (ਯਾਤਰਾਵਾਂ) ਤੋਂ ਵਾਪਸ ਆਉਣ ਤੇ ਕਰਤਾਰਪੁਰ ਵਿੱਚ ਸਥਾਪਤ ਕੀਤਾ। ਉਸ ਸਮੇਂ ਇਹ ਸਧਾਰਨ ਜਿਹੀ 'ਧਰਮਸ਼ਾਲ' ਸੀ ਜਿੱਥੇ ਉਸ ਦੇ ਪੈਰੋਕਾਰ ਉਸ ਦੇ ਪਰਵਚਨ ਤੇ ਸ਼ਬਦ ਕੀਰਤਨ ਸੁਣਨ ਲਈ ਸੰਗਤ ਰੂਪ ਵਿੱਚ ਇਕੱਠੇ ਹੁੰਦੇ। ਧਰਮਸਾਲ ਨੇ ਛੇਤੀ ਹੀ ਸੰਗਠਨ ਤੇ ਭਾਈਚਾਰਕ ਕੇਂਦਰ ਦਾ ਰੂਪ ਧਾਰ ਲਿਆ ਜੋ ਪਾਠ ਪੂਜਾ ਅਤੇ ਜਨਮ, ਨਾਮ, ਅੰਮ੍ਰਿਤ, ਮੰਗਣੀਆਂ, ਵਿਆਹਾਂ ਤੇ ਮ੍ਰਿਤੂ ਆਦਿ ਸੰਸਕਾਰਾਂ ਤੇ ਰਸਮਾਂ ਰੀਤਾਂ ਤੋਂ ਬਿਨਾ "ਗੁਰੂ ਕਾ ਲੰਗਰ" ਅਤੇ ਸਕੂਲ ਦਾ ਰੂਪ ਧਾਰਨ ਕਰ ਲਿਆ ਜਿੱਥੇ ਸਿੱਖ ਵਰਣਮਾਲਾ ਸਿੱਖਦੇ ਤੇ ਨਿਤਨੇਮ ਕਰਦੇ। ਇਹੋ ਪੰਚਾਇਤ-ਘਰ ਬਣ ਗਈ ਜਿੱਥੇ ਪੰਚ ਝਗੜੇ ਨਿਪਟਾਉਣ ਲਈ ਇਕੱਠੇ ਹੁੰਦੇ ਤੇ ਭਾਈਚਾਰੇ ਨਾਲ ਸਬੰਧਿਤ ਗੱਲਾਂ 'ਤੇ ਵਿਚਾਰ

ਕਰਦੇ। ਇਹ ਕਾਰਜ ਛੋਟੇ ਤੋਂ ਛੋਟੇ ਤੋ ਵੱਡੇ ਤੋਂ ਵੱਡੇ ਪਿੰਡ ਦੇ ਗੁਰਦੁਆਰੇ ਵਿੱਚ ਹੁੰਦੇ। ਪਿੰਡ ਦੇ ਗੁਰਦੁਆਰੇ ਵਿੱਚ ਨਿਰਬਾਹ ਤੇ ਕੰਮ ਕਾਜ ਸਥਾਨਕ ਕਿਸਾਨਾਂ ਦੀ ਢਾਲ ਤੋਂ ਹੁੰਦਾ ਤੇ ਵੱਡੇ ਗੁਰਦੁਆਰਿਆਂ ਦਾ ਖ਼ਰਚਾ ਸੰਗਤ ਦੀ ਭੇਟਾ ਤੋਂ ਪੂਰਾ ਹੁੰਦਾ ਖ਼ਾਸ ਕਰਕੇ ਵੱਡੇ ਤਿਉਹਾਰਾਂ ਸਮੇਂ ਜਦੋਂ ਇਕ ਦਿਨ ਹੀ 50 ਹਜ਼ਾਰ ਯਾਤਰੀਆਂ ਨੂੰ ਲੰਗਰ ਛਕਾਇਆ ਜਾਂਦਾ ਸੀ। ਇਹਨਾਂ ਖ਼ਰਚਿਆਂ ਨੂੰ ਪੂਰਾ ਕਰਨ ਲਈ ਮਿਸਲਾਂ ਦੇ ਸਰਦਾਰ ਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ, ਉਹਦੇ ਪਰਿਵਾਰ ਤੇ ਸਿੱਖ ਰਾਜਿਆਂ ਨੇ ਆਪਣੇ ਮਨ-ਇੱਛਤ ਗੁਰਦੁਆਰਿਆਂ ਨੂੰ ਵੱਡੀਆਂ-ਵੱਡੀਆਂ ਜਾਗੀਰਾਂ ਦਿੱਤੀਆਂ। ਸਵਰਨ ਮੰਦਰ, ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦੇ ਗੁਰਦੁਆਰਿਆਂ ਦੇ ਨਾਮ ਬਹੁਤ ਵੱਡੀਆਂ ਜਾਗੀਰਾਂ ਲੁਆਈਆਂ ਗਈਆਂ। ਨਹਿਰਾਂ ਨਿਕਲਣ ਨਾਲ ਇਹਨਾਂ ਗੁਰਦੁਆਰਿਆਂ ਦੇ ਨਾਮ ਲੱਗੀ ਹੋਈ ਜ਼ਮੀਨ ਵਿੱਚੋਂ ਸ਼ਾਹੀ ਆਮਦਨ ਹੋਣ ਲੱਗੀ। ਨਾਂ ਤੇ ਗੁਰਦੁਆਰਿਆਂ ਦੇ ਪ੍ਰਬੰਧ ਦੇ ਕੋਈ ਨਿਯਮ ਬਣਾਏ ਗਏ ਸਨ ਤੇ ਨਾ ਹੀ ਕਾਰਿੰਦੇ ਜਾਂ ਨਗਰਾਨ ਦੀ ਯੋਗਤਾ ਹੀ ਨਿਰਧਾਰਿਤ ਕੀਤੀ ਗਈ ਸੀ। ਮੁਗਲਾਂ ਦੇ ਅੱਤਿਆਚਾਰੀ ਸਮੇਂ ਵਿੱਚ ਗ੍ਰੰਥੀ ਦਾ ਕੰਮ ਬਹੁਤ ਜੋਖਮ ਵਾਲਾ ਸੀ ਤੇ ਬਹੁਤ ਸਾਰੇ ਮਹੱਤਵਪੂਰਨ ਗੁਰਦੁਆਰੇ ਉਦਾਸੀ ਮੱਤ ਦੇ ਵਿਅਕਤੀਆਂ ਦੇ ਸਪੁਰਦ ਕਰ ਦਿੱਤੇ ਗਏ ਸਨ ਜੋ ਖ਼ਾਲਸਾ ਮੱਤ ਦੀ ਮਰਿਆਦਾ ਅਨੁਸਾਰ ਕੰਮ—ਕਾਰਜ ਨਹੀਂ ਕਰਦੇ ਸਨ ਤੇ ਆਮ ਤੌਰ 'ਤੇ ਸਿਰੋਂ ਮੋਨੇ ਹੋਣ ਕਾਰਨ ਜਦੋਂ ਉਹਨਾਂ ਦੀ ਜਾਨ ਲਈ ਖ਼ਤਰਾ ਹੁੰਦਾ ਤਾਂ ਸਿੱਖ ਧਰਮ ਨਾਲ ਆਪਣੇ ਸਬੰਧ ਤੋਂ ਮੁਨਕਰ ਹੋ ਜਾਂਦੇ। ਮੁਗ਼ਲਾਂ ਦੇ ਰਾਜ ਮਗਰੋਂ ਵੀ ਇਹਨਾਂ ਦੀ ਸਾਂਭ ਸੰਭਾਲ ਉਦਾਸੀਆਂ ਦੇ ਹੱਥ ਰਹੀ। ਗ੍ਰੰਥੀ ਤੇ ਨਿਗਰਾਨ ਦੀ ਦੇਖ ਰੇਖ ਉਹਨਾਂ ਵਿਅਕਤੀਆਂ ਦੇ ਜ਼ਿੰਮੇ ਹੁੰਦੀ ਸੀ ਜੋ ਆਪਣਾ ਜੀਵਨ ਧਰਮ, ਕਰਮ ਤੇ ਸੰਗਠਨ ਦੀ ਸੇਵਾ ਵਿੱਚ ਸਮਰਪਿਤ ਕਰ ਦਿੰਦੇ ਸਨ।

ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਨਵਾਂ ਬੰਦੋਬਸਤ ਦਸਤਾਵੇਜ਼ ਤਿਆਰ ਕੀਤੇ ਗਏ। ਬਹੁਤ ਸਾਰਿਆਂ ਥਾਵਾਂ 'ਤੇ ਗੁਰਦੁਆਰਿਆਂ ਦੇ ਨਾਮ ਲੱਗੀ ਜ਼ਮੀਨ, ਜਾਇਦਾਦ, ਮਹੰਤਾਂ ਦੇ ਨਾਮ ਚੜ੍ਹਾ ਦਿੱਤੀ ਗਈ।[1] ਜਿੱਥੇ ਤਾਂ ਸੰਗਤ ਚੌਕਸ ਸੀ ਉਥੇ ਤਾਂ ਇਹ ਇੰਦਰਾਜ ਨਾਮਾਤਰ ਹੀ ਸੀ ਪਰ ਜਿੱਥੇ ਮਹੰਤਾਂ ਦਾ ਜ਼ੋਰ ਸੀ ਉਥੇ ਦਸਤਾਵੇਜ਼ ਉਹਨਾਂ ਦੇ ਨਾਮ 'ਤੇ ਲਿਖੇ ਜਾਂਦੇ ਤੇ ਉਹ ਆਪਣੀ ਮਰਜ਼ੀ ਨਾਲ ਇਸ ਦੀ ਵਰਤੋਂ ਕਰਦੇ ਤੇ ਜਾਇਦਾਦ ਨੂੰ ਜਿਵੇਂ ਇੱਛਾ ਹੁੰਦੀ, ਵੇਚਦੇ ਵੱਟਦੇ।

---

1. "ਅੰਗਰੇਜ਼ੀ ਰਾਜ ਦੀ ਆਮਦ ਨਾਲ "ਕਬਜ਼ਾ" ਸ਼ਬਦ ਦੀ ਵਿਸ਼ੇਸ਼ ਮਹੱਤਤਾ ਹੋ ਗਈ ਤੇ ਬਦਕਿਸਮਤੀ ਨਾਲ, ਮਾਲਕ ਵਜੋਂ ਕਾਬਜ਼ ਹੋਣ 'ਤੇ ਗੁਰਦੁਆਰਿਆਂ ਦੀ ਧਾਰਮਿਕ ਤੇ ਪਾਠਪੂਜਾ ਦੀ ਸੇਵਾ ਕਰਨ ਵਾਲੇ ਸੇਵਕ ਵਜੋਂ ਹੋਏ ਕਾਬਜ਼ ਵਿੱਚ ਅੰਤਰ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਸਿੱਟਾ ਇਹ ਹੋਇਆ ਕਿ ਪਦਧਾਰੀ ਮਹੰਤ ਧਰਮ ਅਰਥ ਭੇਟਾ ਤੇ ਧਰਮ ਦਾਨ ਉਪਰ ਨਿੱਜੀ ਹੱਕ ਸਮਝਣ ਲੱਗੇ ਤੇ ਜਿਵੇਂ ਅਕਸਰ ਹੁੰਦਾ ਹੈ, ਇਸ ਧਨ ਨੇ ਉਹਨਾਂ ਦੇ ਚਰਿੱਤਰ ਵਿੱਚ ਔਗੁਣ ਭਰ ਦਿੱਤੇ। ਸਿੱਖ ਆਪਣੇ ਸਾਮਰਾਜ ਤੋਂ ਵੰਚਿਤ ਹੋਣ ਮਗਰੋਂ ਇਤਨੇ ਬੇਸੁੱਧ ਹੋ ਚੁੱਕੇ ਸਨ ਕਿ ਉਹ ਆਪਣੇ ਹੱਕਾਂ ਉਪਰ ਨਾਜਾਇਜ਼ ਅਧਿਕਾਰ ਦਾ ਵਿਰੋਧ ਨਾ ਕਰ ਸਕੇ।" (ਮਹਿਤਾਬ ਸਿੰਘ, ਪੀ. ਐਲ. ਸੀ. ਡੀ. 14 ਮਾਰਚ, 1921, ਪੰਨਾ 360)

ਉਦਾਸੀ ਜੋ ਉਤਨੇ ਹੀ ਹਿੰਦੂ ਜਾਪਦੇ ਸਨ ਜਿਤਨੇ ਸਿੱਖ, ਉਹਨਾਂ ਨੂੰ ਹਿੰਦੂ ਸ਼ਰਧਾਲੂਆਂ ਨੂੰ ਆਕ੍ਰਿਸ਼ਤ ਕਰਨ ਲਈ ਗੁਰਦੁਆਰਿਆਂ ਦੇ ਅਹਾਤੇ ਵਿੱਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਸਥਾਪਤ ਕਰ ਦਿੱਤੀਆਂ। ਕਈ ਥਾਵਾਂ 'ਤੇ ਪਵਿੱਤਰ ਪਰਿਕਰਮਾਂ ਦੀ ਦੁਰਵਰਤੋਂ ਵੀ ਹੋਣ ਲੱਗੀ।[2]

ਸਵਰਨ ਮੰਦਰ ਦੇ ਪ੍ਰਬੰਧ ਵਿੱਚ ਸਿੱਖ ਭਾਈਚਾਰੇ ਦੀ ਸਦਾ ਹੀ ਡੂੰਘੀ ਦਿਲਚਸਪੀ ਰਹੀ ਹੈ। ਇਲਹਾਕ ਮਗਰੋਂ ਕਈ ਵਾਰ ਤਾਂ ਮਹੱਤਵਪੂਰਨ ਮਸਲਿਆਂ ਵਿੱਚ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਇਹਦੀ ਦੇਖ-ਭਾਲ ਕਰਦਾ ਤੇ ਬਾਕੀ ਕੰਮਾਂ ਵਿੱਚ ਮਹੰਤ ਆਪਣੀ ਮਰਜ਼ੀ ਕਰਦੇ। ਗਦਰ ਦੇ ਦਮਨ ਤੋਂ ਛੇਤੀ ਮਗਰੋਂ ਹੀ ਮੁਖੀ ਸਿੱਖ ਸਰਦਾਰਾਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਨਵਿਉਂ ਸਿਰਿਉਂ ਸੰਗਠਿਤ ਕਰਨ ਲਈ ਸਰਕਾਰ ਕੋਲ ਬੇਨਤੀ ਕੀਤੀ।

22 ਦਸੰਬਰ 1859 ਨੂੰ ਇਕ ਸਮਾਗਮ ਜੋ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਵਿੱਚ ਹੋਇਆ, 9 ਮੈਂਬਰਾਂ 'ਤੇ ਅਧਾਰਿਤ ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਪ੍ਰੰਤੂ ਜਾਪਦਾ ਹੈ ਕਿ ਕਮੇਟੀ ਨੇ ਬਹੁਤੀ ਦਿਲਚਸਪੀ ਨਾ ਲਈ ਤੇ ਗੁਰਦੁਆਰੇ ਦਾ ਪ੍ਰਬੰਧ ਪਹਿਲਾਂ ਵਾਂਗ ਡਿਪਟੀ ਕਮਿਸ਼ਨਰ[3] ਦੀ ਸਿੱਧੀ ਨਿਗਰਾਨੀ ਹੇਠ ਮੁੱਖ ਪੁਜਾਰੀ ਦੇ ਹੱਥ ਵਿੱਚ ਹੀ ਰਿਹਾ।

---

2. ਜਿਉਂ-ਜਿਉਂ ਨਹਿਰੀ ਆਬਪਾਸ਼ੀ ਤੇ ਭੇਟਾ ਨਾਲ ਗੁਰਦੁਆਰੇ ਦੀ ਜਾਇਦਾਦ ਤੇ ਆਮਦਨ ਵੱਧਣ ਲੱਗੀ, ਮਹੰਤ ਉਤਨੇ ਹੀ ਦੁਰਾਚਾਰੀ ਹੋ ਗਏ। ਉਹਨਾਂ ਉਦਾਲੇ ਬਦਚਲਣ ਲੋਕ ਦੁਰਾਚਾਰੀ ਜ਼ਿੰਦਗੀ ਜਿਉਣ ਲਈ ਚੇਲੇ ਬਣਕੇ ਆਉਣ ਲੱਗੇ। ਬਦ ਇਖ਼ਲਾਕ ਲੋਕਾਂ ਦੇ ਗੁਰਦੁਆਰਿਆਂ ਵਿੱਚ ਆਉਣ ਨਾਲ ਤੇ ਉਹਨਾਂ ਦੇ ਮਹੰਤਾਂ ਨਾਲ ਸਬੰਧਾਂ ਕਾਰਨ ਗੁਰਦੁਆਰਿਆਂ ਵਰਗੇ ਪਵਿੱਤਰ ਤੇ ਧਰਮ ਕਰਮ ਦੇ ਅਸਥਾਨ ਚਕਲਿਆਂ ਵਿੱਚ ਤਬਦੀਲ ਹੋ ਗਏ ਤੇ ਜੂਏਬਾਜ਼ਾਂ, ਸ਼ਰਾਬੀਆਂ, ਚੋਰਾਂ ਤੇ ਡਾਕੂਆਂ ਦੇ ਅੱਡੇ ਬਣ ਗਏ। ਨਾ ਕਿਸੇ ਆਦਮੀ ਦੀ ਇੱਜ਼ਤ ਮਹਿਫੂਜ਼ ਸੀ ਤੇ ਨਾ ਕਿਸੇ ਇਸਤਰੀ ਦੀ ਅਸਮਤ ਸੁਰੱਖਿਅਤ ਸੀ। ਮੁਲਕ ਦੇ ਉੱਚੇ ਪਰਿਵਾਰਾਂ ਦੀਆਂ ਇਸਤਰੀਆਂ ਵੀ ਸਤੀਤਵ ਤੇ ਕਰਤੱਵ ਭੁੱਲ ਕੇ ਕੁਰਾਹੇ ਪੈ ਗਈਆਂ ਸਨ ਤੇ ਉਹਨਾਂ ਨੇ ਨਾਜਾਇਜ਼ ਔਲਾਦ ਨੂੰ ਜਨਮ ਦਿੱਤਾ ਸੀ। ਕੁਆਰੀਆਂ ਕੁੜੀਆਂ ਚੁੱਕ ਲਈਆਂ ਜਾਂਦੀਆਂ ਤੇ ਉਹਨਾਂ ਨਾਲ ਬਲਾਤਕਾਰ ਕੀਤਾ ਜਾਂਦਾ। ਮਹੰਤਾਂ ਨੇ ਮਾਸ਼ੂਕਾਵਾਂ ਤੇ ਰਖੇਲਾਂ ਰੱਖੀਆਂ ਹੋਈਆਂ ਸਨ ਤੇ ਇੰਝ ਕਰਨ ਲਈ ਉਹ ਆਪਣੇ ਧਰਮ ਤੱਕ ਹੀ ਸੀਮਿਤ ਨਹੀਂ ਸਨ। ਉਹਨਾਂ ਦੇ ਵੇਸਵਾਵਾਂ 'ਚੋਂ ਪੁੱਤਰ ਸਨ ਜਿਨ੍ਹਾਂ ਦੇ ਨਾਮ ਉਹ ਗੁਰਦੁਆਰਿਆਂ ਦੀ ਲੱਖਾਂ ਦੀ ਜਾਇਦਾਦ ਲਾ ਦਿੰਦੇ। ਉਹੀ।
3. ਗ੍ਰੰਥੀ ਜਾਂ ਪੁਜਾਰੀ ਦੀ ਕਦੇ ਵੀ ਕੋਈ ਖ਼ਾਸ ਯੋਗਤਾ ਨਿਰਧਾਰਿਤ ਨਹੀਂ ਕੀਤੀ ਗਈ ਸੀ। ਪ੍ਰੰਤੂ ਨੱਜ਼ਾਮ ਨੇ ਆਦੇਸ਼ ਦਿੱਤਾ ਹੋਇਆ ਸੀ ਕਿ ਨਾਦੇੜ (ਨਜ਼ਾਮ ਦੀ ਰਿਆਸਤ ਵਿੱਚ) ਵਿੱਚ ਚੰਗੇ ਚਰਿੱਤਰ ਵਾਲਾ ਅਣਵਿਆਹਿਆ (ਬ੍ਰਹਮਚਾਰੀ) ਜੋ ਸ਼ਰਾਬ ਆਦਿ ਨਹੀਂ ਪੀਂਦਾ ਗੁਰਦੁਆਰੇ ਦਾ ਮੁੱਖ ਪੁਜਾਰੀ (ਮਹੰਤ) ਨਿਯੁਕਤ ਕੀਤਾ ਜਾ ਸਕਦਾ ਸੀ। ਨਾਰਾਇਣ ਸਿੰਘ ਬਨਾਮ ਭਗਤ ਸਿੰਘ (ਦੀਵਾਨੀ ਮੁਕੱਦਮਾ ਨੰਬਰ 807 ਮਿਤੀ 3 ਦਸੰਬਰ 1886) ਮੁਕੱਦਮੇ ਵਿੱਚ ਅਦਾਲਤ ਨੇ ਹੁਕਮ ਦਿੱਤਾ ਸੀ ਕਿ ਨਾਦੀ (ਬ੍ਰਹਮਚਾਰੀ) ਜੋ 35 ਸਾਲ ਤੋਂ ਜ਼ਿਆਦਾ ਉਮਰ ਦਾ ਹੋਵੇ ਤੇ ਦੋਸ਼ ਰਹਿਤ ਚਰਿਤਰ ਦਾ ਮਾਲਕ ਹੋਵੇ, ਉਹੋ ਹੀ ਸਵਰਨ ਮੰਦਰ ਦਾ ਗ੍ਰੰਥੀ ਥਾਪਿਆ ਜਾ ਸਕਦਾ ਸੀ। ਟ੍ਰਿਬਿਊਨ 20 ਜੂਨ, 1886

ਸਿੰਘ ਸਭਾ ਨੇ ਅਛੂਤ ਜ਼ਾਤੀਆਂ ਦੇ ਸਿੱਖਾਂ ਨੂੰ ਗੁਰਦੁਆਰਿਆਂ ਵਿੱਚੋਂ ਬਾਹਰ ਰੱਖਣ ਤੇ ਵੱਡੇ ਗੁਰਦੁਆਰਿਆਂ ਵਿੱਚ ਮੂਰਤੀ ਪੂਜਾ ਦਾ, ਸਭ ਤੋਂ ਪਹਿਲਾਂ ਵਿਰੋਧ ਕੀਤਾ। ਹਜ਼ੂਰ ਸਾਹਿਬ, ਨੰਦੇੜ (ਹੈਦਰਾਬਾਦ ਰਿਆਸਤ) ਦੇ ਪੁਜਾਰੀਆਂ ਨੇ ਜਵਾਬੀ ਕਾਰਵਾਈ ਵਜੋਂ ਸਿੰਘ ਸਭਾ ਦੇ ਮੈਂਬਰਾਂ ਨੂੰ ਧਰਮ 'ਚੋਂ ਛੇਕ ਦਿੱਤਾ ਤੇ ਦੂਸਰੇ ਗੁਰਦੁਆਰਿਆਂ ਦੇ ਪੁਜਾਰੀਆਂ ਨੂੰ ਅਜਿਹਾ ਕਰਨ ਦੀ ਨਸੀਹਤ ਕੀਤੀ। ਇਹ ਫ਼ੁਰਮਾਨ ਲਾਗੂ ਨਾ ਕੀਤਾ ਜਾ ਸਕਿਆ ਕਿਉਂਕਿ ਸਿੰਘ ਸਭਾ ਪੰਜਾਬ ਵਿੱਚ ਬਹੁਤ ਸ਼ਕਤੀਸ਼ਾਲੀ ਹੋ ਚੁੱਕੀ ਸੀ ਪ੍ਰੰਤੂ ਇਸ ਦੇ ਉਲਟ ਸਿੰਘ ਸਭਾ ਵੱਲੋਂ ਦਬਾ ਪਾਏ ਜਾਣ ਪਿੱਛੋਂ ਹਿੰਦੂ ਬੁੱਤ ਦਰਬਾਰ ਸਾਹਿਬ ਦੀ ਪਕਿਰਮਾ ਵਿੱਚੋਂ 1905 ਵਿੱਚ ਹਟਾ ਦਿੱਤੇ ਗਏ। ਸਾਲ ਮਗਰੋਂ ਜਦ ਮਹੰਤ ਮਰ ਗਿਆ ਤਾਂ ਸਿੰਘ ਸਭਾ ਨੇ ਡਿਪਟੀ ਕਮਿਸ਼ਨਰ ਨੂੰ ਇਹ ਗੱਲ ਗ੍ਰਹਿਣ ਕਰਾਉਣ 'ਤੇ ਜ਼ੋਰ ਦਿੱਤਾ ਕਿ ਉਹਦੇ ਉੱਤਰਾਧਿਕਾਰੀ ਦੀ ਨਿਯੁਕਤੀ ਲਈ ਸਿੱਖ ਧਰਮ ਦੇ ਪ੍ਰਤੀਨਿਧੀਆਂ ਨਾਲ ਸਲਾਹ ਮਸ਼ਵਰਾ ਕਰਨ ਦੀ ਲੋੜ ਸੀ।

ਸਿੰਘ ਸਭਾ ਦੇ ਆਗੂ ਵਫ਼ਾਦਾਰ ਤੇ ਸਰਕਾਰ ਪ੍ਰਸਤ ਸਨ ਤੇ ਉਹ ਜੋ ਮੁਕੱਦਮੇ ਦਾਇਰ ਕਰਨ ਜਾਂ ਅਧਿਕਾਰੀਆਂ ਕੋਲ ਬੇਨਤੀਆਂ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਕਰਦੇ ਸਨ। ਗੁਰਦੁਆਰੇ ਦੀ ਜਾਇਦਾਦ ਦੀ ਦੁਰਵਰਤੋਂ ਰੋਕਣ ਲਈ ਤਾਂ ਸਖ਼ਤ ਕਦਮ ਉਠਾਉਣ ਦੀ ਜ਼ਰੂਰਤ ਸੀ। 1912 ਈ: ਵਿੱਚ ਸਥਿਤੀ ਉਸ ਸਮੇਂ ਵਿਗੜ ਗਈ ਜਦੋਂ ਸਰਕਾਰ ਨੇ ਨਵੀਂ ਰਾਜਧਾਨੀ ਉਸਾਰਨ ਲਈ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਦੇ ਨਾਮ ਲੱਗੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਤੇ ਗੁਰਦੁਆਰੇ ਦੀ ਚਾਰ ਦੀਵਾਰੀ ਦੀ ਕੰਧ ਢਾਹ ਦਿੱਤੀ। ਗਰਮ ਖ਼ਿਆਲੀ ਧੜੇ ਨੇ ਮਹੰਤ ਦੇ ਗੁਰਦੁਆਰੇ ਦੀ ਜ਼ਮੀਨ ਸਰਕਾਰ ਨੂੰ ਦੇ ਦੇਣ ਦੇ ਹੱਕ ਨੂੰ ਵੰਗਾਰਿਆ ਤੇ ਗੁਰਦੁਆਰੇ ਦੀ ਚਾਰ ਦੀਵਾਰੀ ਨੂੰ ਢਾਹੇ ਜਾਣ ਨੂੰ ਅਪਵਿੱਤਰ ਕਾਰਜ ਕਿਹਾ। ਮੋਰਚਾ ਲਾਉਣ ਦੀਆਂ ਗੱਲਾਂ ਹੋਣ ਲੱਗੀਆਂ ਪਰ ਜੰਗ ਕਾਰਨ ਇਹ ਅੱਗੇ ਪਾ ਦਿੱਤਾ ਗਿਆ।

1918 ਈ: ਵਿੱਚ ਇਸ ਬਾਰੇ ਮੁੜ ਅੰਦੋਲਨ ਸ਼ੁਰੂ ਕੀਤਾ ਗਿਆ। ਮਾਨਟੇਗੂ-ਚੈਮਸਫੋਰਡ ਸੰਵਿਧਾਨਕ ਤਜਵੀਜ਼ਾਂ ਦੇ ਕਾਰਨ ਪੈਦਾ ਹੋਈ ਨਿਰਾਸ਼ਤਾ ਪਿੱਛੋਂ ਮਾਰਸ਼ਲ ਲਾਅ ਪ੍ਰਬੰਧ ਸਮੇਂ ਵੱਡੀ ਪੱਧਰ 'ਤੇ ਸਰਕਾਰੀ ਆਤੰਕ ਨੇ ਸਿੱਖ ਜਨਤਾ ਨੂੰ ਸਰਕਾਰ ਦੇ ਆਲੋਚਕ ਬਣਾ ਦਿੱਤਾ। ਰਾਸ਼ਟਰੀ ਵਿਚਾਰਧਾਰਾ ਵਾਲੇ ਵਿਅਕਤੀਆਂ ਨੇ ਸਿੱਖ ਮਸਲਿਆਂ ਉੱਪਰ ਸਿੰਘ ਸਭਾ ਦੀ ਅਜਾਰੇਦਾਰੀ ਖ਼ਤਮ ਕਰ ਦਿੱਤੀ ਤੇ 1919 ਦੀਆਂ ਸਰਦੀਆਂ ਵਿੱਚ ਅੰਮ੍ਰਿਤਸਰ ਵਿੱਚ "ਸੈਂਟਰਲ ਸਿੱਖ ਲੀਗ" ਦੀ ਸਥਾਪਨਾ ਕਰ ਦਿੱਤੀ ਗਈ। ਮਗਰੋਂ ਲਾਹੌਰ ਵਿੱਚ ਹੋਏ ਸਮਾਗਮ 'ਚ ਲੀਗ ਨੇ ਅੰਗਰੇਜ਼ਾਂ ਨਾਲ "ਨਾ-ਮਿਲਵਰਤਨ" ਦਾ ਮਤਾ ਪਾਸ ਕਰ ਦਿੱਤਾ ਤੇ ਰਕਾਬ ਗੰਜ ਦੀ ਜ਼ਮੀਨ ਜਿਸ 'ਤੇ ਸਰਕਾਰ ਨੇ ਅਧਿਕਾਰ ਕਰ ਲਿਆ ਸੀ, ਉਪਰ ਜ਼ਬਰਦਸਤੀ ਕਬਜ਼ਾ ਕਰਨ ਦਾ ਫ਼ੈਸਲਾ ਲਿਆ। ਇਹ ਮੰਗ ਵੀ ਕੀਤੀ ਗਈ ਕਿ ਖ਼ਾਲਸਾ ਕਾਲਜ ਦੇ ਪ੍ਰਬੰਧ ਦਾ ਕੰਮ ਵੀ ਸਰਕਾਰੀ ਹੱਥਾਂ 'ਚੋਂ ਲੈ ਕੇ ਸਿੱਖ ਕਮੇਟੀ ਨੂੰ ਸੌਂਪ ਦਿੱਤਾ ਜਾਵੇ।

ਸਰਕਾਰ ਨੇ ਸਿੱਖਾਂ ਨੂੰ ਪਤਿਆਉਣ ਦੀ ਕੋਸ਼ਿਸ਼ ਕੀਤੀ। ਰਕਾਬ ਗੰਜ ਦੀ ਢਾਹੀ ਹੋਈ ਕੰਧ ਦੁਬਾਰਾ ਬਣਾ ਦਿੱਤੀ ਗਈ ਤੇ ਸਰਕਾਰ ਵੱਲੋਂ ਪ੍ਰਾਪਤ ਕੀਤੀ ਗਈ ਜ਼ਮੀਨ ਵੀ ਪ੍ਰਤੀਨਿਧ ਸਿੱਖਾਂ ਦੀ ਕਮੇਟੀ ਨੂੰ ਸੌਂਪ ਦਿੱਤੀ ਗਈ ਜਿਸ ਨੇ ਗੁਰਦੁਆਰੇ ਦਾ ਪ੍ਰਬੰਧ ਸੰਭਾਲ

ਲਿਆ ਸੀ। ਸਿੱਖਾਂ ਨੂੰ ਇਕ ਤਰ੍ਹਾਂ "ਹਥਿਆਰ ਦੇ ਕਾਨੂੰਨ" ਤੋਂ ਵੀ ਛੋਟ ਦੇ ਦਿੱਤੀ ਗਈ ਤੇ ਉਹਨਾਂ ਨੂੰ ਕ੍ਰਿਪਾਨ ਰੱਖਣ ਦੀ ਇਜਾਜ਼ਤ ਦੇ ਦਿੱਤੀ ਗਈ। ਜੇਲ੍ਹ ਵਿਚਲੇ ਸਿੱਖ ਕੈਦੀਆਂ ਨੂੰ ਆਪਣੇ ਧਾਰਮਿਕ ਚਿੰਨ੍ਹ ਰੱਖਣ ਦੀ ਆਗਿਆ ਦੇ ਦਿੱਤੀ ਗਈ ਤੇ ਦੂਸਰੇ ਕੈਦੀ ਜਿਨ੍ਹਾਂ ਨੂੰ ਟੋਪੀ ਪਹਿਨਣੀ ਪੈਂਦੀ ਸੀ, ਦੇ ਮੁਕਾਬਲੇ ਤੇ ਸਿੱਖਾਂ ਨੂੰ ਦਸਤਾਰ ਰੱਖਣ ਦੀ ਖੁੱਲ੍ਹ ਮਿਲ ਗਈ।

ਪ੍ਰੰਤੂ ਇਹਨਾਂ ਰਿਆਇਤਾਂ ਦਾ ਗੁਰਦੁਆਰਿਆਂ ਦੇ ਪ੍ਰਬੰਧ ਉਪਰ ਨਿਯੰਤਰਨ ਰੱਖਣ ਦੇ ਸੁਆਲ 'ਤੇ ਕੋਈ ਪ੍ਰਭਾਵ ਨਾ ਪਿਆ। ਇਸ ਸਬੰਧ ਵਿੱਚ ਅਧਿਕਾਰੀਆਂ ਦਾ ਸਿੱਖਾਂ ਦੀ ਮੰਗ ਪ੍ਰਤੀ ਹੁੰਗਾਰਾ ਬੜਾ ਢਿੱਲਾ ਮੱਠਾ ਸੀ ਤੇ ਉਹ ਸਮੇਂ ਦੇ ਮਿਜ਼ਾਜ਼ ਅਨੁਸਾਰ ਢੀਠਪੁਣੇ ਵਾਲਾ ਤੇ ਸੰਵੇਦਨਾ-ਰਹਿਤ ਸੀ। ਸਰਕਾਰੀ ਦ੍ਰਿਸ਼ਟੀਕੋਣ ਇਹ ਸੀ ਕਿ ਜਿਸ ਵਿਅਕਤੀ ਦੇ ਨਾਮ ਤੇ ਜਾਇਦਾਦ ਜਾਂ ਜ਼ਮੀਨ ਦਾ ਟੁਕੜਾ ਰਜਿਸਟਰਡ ਹੋਵੇ ਉਹੋ ਹੀ ਉਸ ਦਾ ਪ੍ਰਤੱਖ ਮਾਲਕ ਹੁੰਦਾ ਹੈ ਤੇ ਉਸ ਨੂੰ ਦੀਵਾਨੀ ਅਦਾਲਤ ਵਿੱਚ ਕਬਜ਼ਾ ਲੈਣ ਲਈ ਮੁਕੱਦਮਾ ਕਰਕੇ ਹੀ ਬੇਦਖ਼ਲ ਕੀਤਾ ਜਾ ਸਕਦਾ ਸੀ। ਉਹਨਾਂ ਨੂੰ ਇਹ ਖ਼ਿਆਲ ਕਦੇ ਨਾ ਆਇਆ ਕਿ ਗੁਰਦੁਆਰੇ ਦੇ ਮਹੰਤ ਦੀ ਵੀ ਉਹੋ ਸਥਿਤੀ ਹੈ ਜਿਹੋ ਜਿਹੀ ਗਿਰਜੇ ਦੇ ਪਾਦਰੀ ਦੀ ਹੁੰਦੀ ਹੈ ਜਿਸ ਨੂੰ ਕੋਈ ਮਾਲਕੀ ਹੱਕ ਨਹੀਂ ਹੁੰਦਾ। ਬਹੁਤ ਸਾਰੇ ਸਿੱਖਾਂ ਨੇ ਕੋਸ਼ਿਸ਼ ਕੀਤੀ ਸੀ ਤੇ ਦੇਖ ਲਿਆ ਸੀ ਕਿ ਦੀਵਾਨੀ ਮੁਕੱਦਮੇਬਾਜ਼ੀ ਕਿੰਨੀ ਨਿਰਾਰਥਕ ਸੀ। ਜ਼ਮੀਨ ਦੀ ਕੀਮਤ ਅਨੁਸਾਰ ਕੋਰਟ ਫ਼ੀਸ ਲਾਉਣੀ ਪੈਂਦੀ ਸੀ ਤੇ ਵਕੀਲਾਂ ਦੀ ਚਤੁਰਾਈ ਨਾਲ ਮੁਕੱਦਮੇ ਬਹੁਤ ਜ਼ਿਆਦਾ ਸਮੇਂ ਲਈ ਲਮਕਾਏ ਜਾ ਸਕਦੇ ਸਨ। ਇਸ ਨਾਲ ਨਿਰਾਸ਼ਤਾ ਤੇ ਗੁੱਸਾ ਵੱਧਣ ਲੱਗਾ।

ਇਸ ਦੌਰਾਨ ਸਿੱਖਾਂ ਨੇ ਆਪਣੀ ਪ੍ਰਬੰਧਕ ਕਮੇਟੀ ਦੀ ਵਿਉਂਤ ਬਣਾਉਣੀ ਸ਼ੁਰੂ ਕਰ ਦਿੱਤੀ। 15 ਨਵੰਬਰ 1920 ਨੂੰ ਅੰਮ੍ਰਿਤਸਰ ਵਿੱਚ ਅਕਾਲ ਤਖਤ ਤੋਂ ਇਹ ਐਲਾਨ ਕੀਤਾ ਗਿਆ ਕਿ 175 ਮੈਂਬਰਾਂ 'ਤੇ ਅਧਾਰਿਤ ਕਮੇਟੀ ਜਿਸ ਨੂੰ ਐਸ.ਜੀ.ਪੀ. ਸੀ. (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਕਿਹਾ ਜਾਵੇਗਾ, ਸਾਰੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਕਾਇਮ ਕਰ ਦਿੱਤੀ ਗਈ ਹੈ। ਇਸ ਕਮੇਟੀ ਦੇ ਲਈ ਸ੍ਰ. ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ ਤੇ ਭਾਈ ਜੋਧ ਸਿੰਘ ਕ੍ਰਮਵਾਰ ਪ੍ਰਧਾਨ, ਉਪ-ਪ੍ਰਧਾਨ ਤੇ ਸਕੱਤਰ ਚੁਣੇ ਗਏ ਸਨ। ਵਧੇਰੇ ਗਰਮ ਦਲੀਆਂ ਨੇ ਅਰਧ ਸੈਨਿਕ ਸ੍ਵੈ-ਸੇਵਕਾਂ ਦਾ ਦਲ ਕਾਇਮ ਕਰ ਲਿਆ ਜਿਸ ਨੂੰ "ਅਕਾਲੀ ਦਲ" ਕਿਹਾ ਗਿਆ। ਅਕਾਲੀ ਦਲ ਦਾ ਕੰਮ ਆਦਮੀ ਇਕੱਠੇ ਕਰਕੇ ਤੇ ਸਿਖਲਾਈ ਦੇ ਕੇ ਅੜੀਅਲ ਤੇ ਹੱਠੀ ਮਹੰਤਾਂ ਤੋਂ ਗੁਰਦੁਆਰਿਆਂ ਦਾ ਕਬਜ਼ਾ ਲੈਣਾ ਸੀ। ਗੁਰਮੁਖੀ ਵਿੱਚ ਅਕਾਲੀ ਅਖ਼ਬਾਰ ਵੀ ਸ਼ੁਰੂ ਕੀਤਾ ਗਿਆ।[4]

---

4. ਇਸ ਦੇ ਸੰਪਾਦਕ ਮੰਗਲ ਸਿੰਘ ਤੇ ਹੀਰਾ ਸਿੰਘ ਦਰਦ ਮਗਰੋਂ ਸਿੱਖ ਰਾਜਨੀਤੀ ਵਿੱਚ ਬੜੀਆਂ ਉੱਘੀਆਂ ਸ਼ਖ਼ਸੀਅਤਾਂ ਬਣੇ। ਮੰਗਲ ਸਿੰਘ, ਜਿਸ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਗਿੱਲ ਪਿੰਡ ਵਿੱਚ 1896 ਨੂੰ ਹੋਇਆ ਸੀ, ਨੂੰ "ਅਕਾਲੀ" ਵਿੱਚ ਵਿਦਰੋਹੀ ਲਿਖਤਾਂ ਕਾਰਨ ਪੰਜ ਸਾਲ ਦੀ ਸਜ਼ਾ ਹੋਈ। ਉਹ ਮਗਰੋਂ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਸ਼ਾਮਿਲ ਹੋ ਗਿਆ ਤੇ "ਸਰਵ ਪਾਰਟੀ ਸੰਮੇਲਨ" ਵਿੱਚ ਤੇ ਉਸ ਨੇ ਨਹਿਰੂ ਰਿਪੋਰਟ ਤਿਆਰ ਕਰਨ ਸਮੇਂ ਸਿੱਖ ਹਿੱਤਾਂ ਦੀ ਪ੍ਰਤੀਨਿਧਤਾ ਕੀਤੀ। ਉਹ 1934-45 ਤੱਕ ਕੇਂਦਰੀ ਅਸੈਂਬਲੀ ਦਾ ਮੈਂਬਰ ਸੀ। (ਫੁਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਸਿੱਖਾਂ ਦੇ ਇਰਾਦੇ ਤੇ ਸੰਮਤੀ ਦੇ ਦਬਾ ਕਾਰਨ ਮਹੰਤਾਂ ਨੇ ਚੁਣੀਆਂ ਹੋਈਆਂ ਕਮੇਟੀਆਂ ਨੂੰ ਗੁਰਦੁਆਰਾ ਜਾਇਦਾਦਾਂ ਸੌਂਪਣ ਲਈ ਰਜ਼ਾਮੰਦੀ ਦਿਖਾਈ ਤੇ ਤਨਖ਼ਾਹਦਾਰ ਗ੍ਰੰਥੀ ਬਣਨ ਲਈ ਤਿਆਰ ਹੋ ਗਏ। ਪ੍ਰੰਤੂ ਤਰਨਤਾਰਨ ਦੇ ਗੁਰਦੁਆਰੇ ਵਿੱਚ ਹਿੰਸਾ ਹੋਣ ਨਾਲ ਦੋ ਅਕਾਲੀ ਮਾਰੇ ਗਏ ਤੇ ਦਰਜਨ ਤੋਂ ਵੱਧ ਜ਼ਖ਼ਮੀ ਹੋ ਗਏ। ਤਰਨਤਾਰਨ ਤਾਂ ਆਉਣ ਵਾਲੀਆਂ ਘਟਨਾਵਾਂ ਦੀ ਭੂਮਿਕਾ ਹੀ ਸੀ।

ਨਨਕਾਣੇ ਦਾ ਘੱਲੂਘਾਰਾ—ਗੁਰੂ ਨਾਨਕ ਦੀ ਜਨਮ ਭੂਮੀ ਧਰਮ ਦਾਨ ਵਾਲੇ ਸਿੱਖ ਗੁਰਦੁਆਰਿਆਂ ਵਿੱਚ ਸਭ ਤੋਂ ਵੱਧ ਅਮੀਰ ਸੀ। ਉਸ ਸਮੇਂ ਇਹਦਾ ਪ੍ਰਬੰਧ ਉਦਾਸੀ ਮਹੰਤ ਨਾਰਾਇਣ ਦਾਸ ਵੱਲੋਂ ਕੀਤਾ ਜਾ ਰਿਹਾ ਸੀ। ਨਾਰਾਇਣ ਦਾਸ ਜੋ ਗੁਰਦੁਆਰੇ ਵਿੱਚ ਹੀ ਆਪਣੀ ਮਾਸ਼ੂਕਾ ਨਾਲ ਰਿਹਾ ਕਰਦਾ ਸੀ। ਉਹ ਨੱਚਣ ਲਈ ਵੇਸਵਾ ਨੂੰ ਪਵਿੱਤਰ ਗੁਰਦੁਆਰੇ ਦੀ ਪਰਿਕਰਮਾ ਵਿੱਚ ਸੱਦਿਆ ਕਰਦਾ ਸੀ। ਸਥਾਨਕ ਸਿੱਖਾਂ ਨੇ ਉਸ ਨੂੰ ਜ਼ੋਰ ਜ਼ਬਰਦਸਤੀ ਉੱਥੋਂ ਕੱਢ ਦੇਣ ਦੀ ਧਮਕੀ ਦਿੱਤੀ।[5] ਮਹੰਤ ਨੇ ਪੁਲਿਸ ਤੋਂ ਸੁਰੱਖਿਆ ਦੀ ਮੰਗ ਕੀਤੀ ਤੇ ਆਪਣੀ ਰਾਖੀ ਲਈ ਉਸ ਨੇ 400 ਬਦਮਾਸ਼ ਰੱਖ ਲਏ।

20 ਫ਼ਰਵਰੀ 1921 ਨੂੰ ਤੜਕਸਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿੱਚ ਅਕਾਲੀਆਂ ਦਾ ਇਕ ਜੱਥਾ ਗੁਰਦੁਆਰੇ ਵਿੱਚ ਦਾਖ਼ਲ ਹੋਇਆ। ਫਿਰ ਗੁਰਦੁਆਰੇ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਤੇ ਨਾਰਾਇਣ ਦਾਸ ਦੇ ਮੁੰਡਿਆਂ ਨੇ ਤਲਵਾਰਾਂ, ਕੁਹਾੜੀਆਂ ਤੇ ਬੰਦੂਕਾਂ ਨਾਲ ਉਹਨਾਂ 'ਤੇ ਹਮਲਾ ਕਰ ਦਿੱਤਾ। ਮਾਰੇ ਗਏ ਤੇ ਮਰ ਰਹੇ ਅਕਾਲੀਆਂ ਨੂੰ ਧੂਹ ਕੇ ਲਕੜੀਆਂ ਦੇ ਪਹਿਲਾਂ ਹੀ ਇਕੱਠੇ ਕੀਤੇ ਢੇਰ 'ਤੇ ਪਾ ਕੇ ਸਾੜ ਦਿੱਤਾ ਗਿਆ। ਜਦ ਤੱਕ ਪੁਲਿਸ ਤੇ ਸਥਾਨਕ ਲੋਕ ਉੱਥੇ ਪਹੁੰਚੇ, 130 ਆਦਮੀ ਅੱਗ ਦੀਆਂ ਲਾਟਾਂ ਨੇ ਭਸਮ ਬਣਾ ਦਿੱਤੇ ਸਨ।[6]

☞ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਹੀਰਾ ਸਿੰਘ ਦਰਦ ਦੀ ਮੌਤ 1965 ਈ: ਵਿੱਚ ਹੋਈ। ਉਸ ਨੂੰ ਕਈ ਵਾਰ ਕੈਦ ਕੀਤਾ ਗਿਆ। ਉਹ ਮਗਰੋਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਿਲ ਹੋ ਗਿਆ। ਉਸ ਨੇ 'ਫੁਲਵਾੜੀ" ਸੰਪਾਦਤ ਕੀਤਾ ਤੇ ਕਵੀ ਵਜੋਂ ਬਹੁਤ ਮਸ਼ਹੂਰ ਹੋਇਆ।

5. ਨਨਕਾਣਾ ਸਾਹਿਬ ਦੀ ਸਥਿਤੀ ਨੇ ਪਹਿਲਾਂ ਵੀ ਅਧਿਕਾਰੀਆਂ ਦਾ ਧਿਆਨ ਖਿੱਚਿਆ ਸੀ। 16 ਫ਼ਰਵਰੀ 1921 ਨੂੰ (ਘਟਨਾ ਤੋਂ ਚਾਰ ਦਿਨ ਪਹਿਲੇ) ਸਰਕਾਰ ਨੇ ਅਕਾਲੀਆਂ ਦੇ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਸੇਖ ਅਸਗਰ ਅਲੀ ਤੇ ਮਹੰਤ, ਸੰਤਾਂ ਤੇ ਪੁਜਾਰੀਆਂ ਦੇ ਪ੍ਰਤੀਨਿਧ ਲੈਫ਼ਟੀਨੈਂਟ ਕਰਤਾਰ ਸਿੰਘ ਬੇਦੀ ਦੀ ਨਿਯੁਕਤੀ ਦਾ ਅਖ਼ਬਾਰ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਕਰ ਦਿੱਤਾ ਸੀ।
ਲਾਹੌਰ ਦੇ ਕਮਿਸ਼ਨਰ ਵਲੋਂ ਕਰਤਾਰ ਸਿੰਘ ਬੇਦੀ ਨੂੰ ਲਿਖੇ ਪੱਤਰ ਦੀ ਵੀ ਕਾਫ਼ੀ ਇਸ਼ਤਿਹਾਰਬਾਜ਼ੀ ਤੇ ਪ੍ਰਚਾਰ ਹੋਇਆ ਸੀ ਜਿਸ ਰਾਹੀਂ ਉਸ ਨੇ ਮਹੰਤਾਂ ਨੂੰ ਉਹਨਾਂ ਦੇ ਕਾਨੂੰਨੀ ਹੱਕ ਦਾ ਭਰੋਸਾ ਦਿੱਤਾ ਗਿਆ ਸੀ ਜਿਸ ਕਾਰਨ ਮਹੰਤਾਂ ਦਾ ਵਤੀਰਾ ਬਹੁਤ ਸਖ਼ਤ ਹੋ ਗਿਆ ਸੀ। ਪੀ.ਐਲ.ਸੀ.ਡੀ., 5 ਮਾਰਚ, 1921, ਪੰਨਾ 21

6. ਪੀ.ਐਲ.ਸੀ.ਡੀ. 1921, ਪੰਨਾ 304 ਅਕਾਲੀਆਂ ਦੇ ਕਤਲਾਂ ਲਈ ਤਿੰਨ ਆਦਮੀਆਂ ਨੂੰ ਮੌਤ ਦੀ ਸਜ਼ਾ ਹੋਈ ਤੇ ਨਾਰਾਇਣ ਦਾਸ ਸਮੇਤ ਦੋ ਨੂੰ ਉਮਰ ਕੈਦ ਹੋਈ। ਬਾਦਸ਼ਾਹ ਬਨਾਮ ਨਾਰਾਇਣ ਦਾਸ ਆਦਿ ਟ੍ਰਿਬਿਊਨ 3 ਮਾਰਚ, 1922

ਇਸ ਅੱਤਿਆਚਾਰ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫ਼ੈਲ ਗਈ। ਦੂਰ ਦੁਰਾਡੇ ਸ਼ਹਿਰਾਂ ਤੋਂ ਅਕਾਲੀ ਜੱਥੇ ਨਨਕਾਣਾ ਵਿੱਚ ਇਕੱਠੇ ਹੋਣੇ ਸ਼ੁਰੂ ਹੋ ਗਏ। ਲਾਹੌਰ ਦਾ ਕਮਿਸ਼ਨਰ ਜਲਦੀ ਹੀ ਵਾਰਦਾਤ ਵਾਲੀ ਥਾਂ 'ਤੇ ਪਹੁੰਚ ਗਿਆ ਤੇ ਉਸ ਨੇ ਬੜੀ ਫੁਰਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧ ਨੂੰ ਗੁਰਦੁਆਰੇ ਦੀਆਂ ਚਾਬੀਆਂ ਸੌਂਪ ਦਿੱਤੀਆਂ।

ਪੰਜਾਬ ਵਿੱਚ ਉਹੋ ਮਾਹੌਲ ਪੈਦਾ ਹੋ ਗਿਆ ਜੋ ਜਲ੍ਹਿਆਂ ਵਾਲੇ ਕਾਂਡ ਦੇ ਮਗਰੋਂ ਸੀ। ਲਾਹੌਰ, ਅੰਮ੍ਰਿਤਸਰ ਤੇ ਸ਼ੇਖ਼ੂਪੁਰਾ ਦੇ ਜ਼ਿਲ੍ਹਿਆਂ ਵਿੱਚ "ਦੇਸ਼ਧ੍ਰੋਹੀ ਸਮਾਗਮ ਕਾਨੂੰਨ" ਲਾਗੂ ਕਰਦਿੱਤਾ ਗਿਆ ਤੇ ਭੜਕਾਊ ਨੇਤਾ ਗ੍ਰਿਫ਼ਤਾਰ ਕਰ ਲਏ ਗਏ। ਸਰਕਾਰ ਨਾਲ ਨਾ-ਮਿਲਵਰਤਨ ਕਰਨ ਦੇ ਮਤੇ ਕਈ ਪ੍ਰਾਂਤਕ ਜੱਥੇਬੰਦੀਆਂ ਨੇ ਪਾਸ ਕਰ ਦਿੱਤੇ।[8]

1921 ਦੀਆਂ ਗਰਮੀਆਂ ਦੀ ਰੁੱਤ ਸਾਰੇ ਭਾਰਤ ਵਿੱਚ ਬੇਚੈਨੀ ਤੇ ਗੜਬੜ ਦਾ ਸਮਾਂ ਸੀ। ਮਾਲਾਬਾਰ ਵਿੱਚ ਮੋਪਲਿਆਂ ਨੇ ਬਗ਼ਾਵਤ ਕਰ ਦਿੱਤੀ ਸੀ। ਪ੍ਰਿੰਸ ਆਫ਼ ਵੇਲਜ਼ ਦੀ ਯਾਤਰਾ ਕਾਰਨ ਹਰ ਥਾਂ ਹੜਤਾਲਾਂ ਹੋ ਰਹੀਆਂ ਸਨ, ਵਿਦੇਸ਼ੀ ਸ਼ਰਾਬ ਦੀਆਂ ਦੁਕਾਨਾਂ ਤੇ ਧਰਨੇ ਦਿੱਤੇ ਜਾ ਰਹੇ ਸਨ ਤੇ ਵਿਦੇਸ਼ੀ ਵਸਤੂਆਂ ਸਾੜੀਆਂ ਜਾ ਰਹੀਆਂ ਸਨ। ਇਹਨਾਂ ਮੁਜ਼ਾਹਰਿਆਂ ਕਾਰਨ ਲਾਠੀਆਂ ਮਾਰੀਆਂ ਜਾ ਰਹੀਆਂ ਸਨ ਤੇ ਗਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਸਨ। ਬਦਕਿਸਮਤੀ ਨਾਲ ਐਸਾ ਢੋਅ ਢੁੱਕਿਆ ਕਿ ਸਿਆਲੂ ਬਰਸਾਤ ਵੀ ਨਾ ਹੋਈ ਜਿਸ ਦਾ ਪਿੱਛੋਂ ਗਰਮੀ ਦੀ ਰੁੱਤ 'ਤੇ ਪ੍ਰਭਾਵ ਪਿਆ ਸੀ ਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਕਾਲ ਵਰਗੇ ਹਾਲਾਤ ਪੈਦਾ ਹੋ ਗਏ ਸਨ।

ਸਖ਼ਤੀਆਂ ਤੇ ਆਰਥਕ ਮੰਦਹਾਲੀ ਨੇ ਸਿੱਖਾਂ ਵਿੱਚ ਵਿਆਕੁਲਤਾ ਵਧਾ ਦਿੱਤੀ ਤੇ ਉਹ ਅੰਦੋਲਨ ਕਰਨ ਲੱਗੇ।[9] ਜਿਹੜੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰਾਂ ਵਾਂਗ ਸਰਕਾਰ ਨਾਲ ਸਹਿਯੋਗ ਕਰਦੇ ਸਨ ਉਹਨਾਂ ਨੂੰ ਘਿਰਨਾ ਨਾਲ ਝੋਲੀ ਚੁੱਕ ਤੇ ਟੋਡੀ ਆਖਿਆ

---

7. ਕਮਿਸ਼ਨਰ ਕਿੰਗ ਨੇ ਲੈਜਿਸਲੇਟਿਵ ਕੌਂਸਲ ਵਿੱਚ 15 ਮਾਰਚ, 1921 ਨੂੰ ਘਟਨਾ ਬਾਰੇ ਨਿੱਜੀ ਬਿਆਨ ਦਿੰਦਿਆਂ ਕਿਹਾ, "ਬਦਕਿਸਮਤੀ ਨਾਲ ਇਕ ਧਿਰ ਦੀ ਕਾਹਲੀ ਵਿੱਚ ਕੀਤੀ ਕਾਰਵਾਈ ਨੇ ਸਾਡੇ ਅਨੁਮਾਨਾਂ ਨੂੰ ਗ਼ਲਤ ਸਿੱਧ ਕਰ ਦਿੱਤਾ। ਲਛਮਣ ਸਿੰਘ ਦਾ ਜੱਥਾ ਨਨਕਾਣਾ ਸਾਹਿਬ ਅਚਾਨਕ ਹੀ ਚਲਾ ਗਿਆ ਤੇ ਉਸ ਸਮੇਂ ਕੋਈ ਵੀ ਅਧਿਕਾਰੀ ਨਹੀਂ ਸੀ ਜੋ ਇਸ ਭਿਆਨਕ ਘਟਨਾ ਨੂੰ ਰੋਕ ਸਕਦਾ। ਪੀ.ਐਲ.ਸੀ.ਡੀ. 15 ਮਾਰਚ, 1921, ਪੰਨਾ 380-3
8. ਮਹਾਤਮਾ ਗਾਂਧੀ ਵੀ ਨਨਕਾਣੇ ਪਹੁੰਚਿਆ। ਉਸ ਨੇ ਕਿਹਾ, "ਹਰ ਚੀਜ਼ ਇਕੋ ਸੰਕੇਤ ਦਿੰਦੀ ਹੈ ਕਿ "ਇਹ ਡਾਇਰ ਵਾਦ ਦੀ ਦੋਹਰ ਹੈ, ਉਸ ਦਾ ਦੂਸਰਾ ਸੰਸਕਰਨ ਹੈ ਤੇ ਜਲ੍ਹਿਆਂ ਵਾਲੇ ਦੇ ਬਰਬਰ ਕਾਂਡ ਨਾਲੋਂ ਵੀ ਵਧੇਰੇ ਕਰੂਰ, ਸ਼ੈਤਾਨੀ ਤੇ ਵਹਿਸ਼ੀਆਨਾ ਹੈ। "ਦੀ ਟਾਈਮਜ਼, 11 ਮਾਰਚ, 1921
9. ਇਹ ਵੀ ਮੰਨਿਆ ਜਾਂਦਾ ਹੈ ਕਿ ਰਾਸ਼ਟਰੀ ਚੇਤਨਾ ਵੀ ਗੁਰਦਵਾਰਿਆਂ ਤੇ ਧਾਰਮਿਕ ਸਥਾਨਾਂ ਦੇ ਪ੍ਰਬੰਧ ਬਾਰੇ ਬੇਚੈਨੀ ਤੇ ਅਸੰਤੁਸ਼ਟਤਾ ਦਾ ਇਕ ਕਾਰਨ ਸੀ। ਮੀਆਂ ਫਜ਼ਲ ਹੁਸੈਨ ਦਾ ਬਿਆਨ ਪੀ.ਐਲ.ਸੀ.ਡੀ. ਮਾਰਚ 14, 1921, ਪੰਨਾ 350

ਗਿਆ। ਗਰਮ ਖ਼ਿਆਲਾਂ ਦੇ ਨੇਤਾ ਜੋ ਉੱਭਰ ਕੇ ਆਏ ਉਹ ਵੱਖ-ਵੱਖ ਰਾਜਸੀ ਸੋਚ ਤੇ ਧਾਰਮਕ ਜੋਸ਼ ਨਾਲ ਭਰਪੂਰ ਸਨ। ਬਾਬਾ ਖੜਕ ਸਿੰਘ[10] ਮਹਿਤਾਬ ਸਿੰਘ[11] ਤੇ ਤੇਜਾ ਸਿੰਘ ਸਮੁੰਦਰੀ ਮੁੱਖ ਰੂਪ ਵਿੱਚ ਧਾਰਮਕ ਕਾਰਨਾਂ ਤੋਂ ਪ੍ਰੇਰਿਤ ਸਨ। ਮਾਸਟਰ ਤਾਰਾ ਸਿੰਘ[12] ਤੇ ਤਿੰਨੇ ਝਬਾਲੀਏ ਭਰਾ—ਅਮਰ ਸਿੰਘ, ਗੁਰਮੁਖ ਸਿੰਘ ਤੇ ਜਸਵੰਤ ਸਿੰਘ ਜੋ ਬਹੁਗਿਣਤੀ ਦੇ ਪ੍ਰਤਿਨਿਧ ਸਨ ਉਹ ਉਤਨੇ ਹੀ ਧਾਰਮਕ ਤੇ ਰਾਸ਼ਟਰਵਾਦੀ ਸਨ। ਕੁਝ ਕੱਟੜ ਤੇ ਜਨੂਨੀ ਕਿਸਮ ਦੇ ਆਗੂ ਵੀ ਸਨ ਜੋ ਨਿਹੰਗਾਂ ਦੀ ਫ਼ੌਜੀ ਰਵਾਇਤ ਅਨੁਸਾਰ ਸਖ਼ਤੀ ਦਾ ਟਾਕਰਾ ਸਖ਼ਤੀ ਨਾਲ ਕਰਨਾ ਚਾਹੁੰਦੇ ਸਨ। ਇਸ ਦਲ ਨੇ ਆਪਣੀ ਆਤੰਕਵਾਦੀ ਜੱਥੇਬੰਦੀ ਬਣਾ ਲਈ ਤੇ ਇਹ ਦਲ ਬੱਬਰ ਅਕਾਲੀਆਂ ਵਜੋਂ ਪ੍ਰਸਿੱਧ ਹੋ ਗਿਆ।

ਨਵੇਂ ਨੇਤਾਵਾਂ ਨੇ ਲੋਕਾਂ ਦੀਆਂ ਭੜਕੀਆਂ ਹੋਈਆਂ ਭਾਵਨਾਵਾਂ ਦਾ ਪੂਰਾ ਲਾਭ ਉਠਾਇਆ। ਸਿੱਖਾਂ ਨੂੰ ਨਨਕਾਣੇ ਦੇ ਸ਼ਹੀਦਾਂ ਦੇ ਸਤਿਕਾਰ ਵਜੋਂ ਕਾਲੀਆਂ ਦਸਤਾਰਾਂ ਬੰਨ੍ਹਣ ਲਈ ਕਿਹਾ ਗਿਆ। ਮ੍ਰਿਤਕਾਂ ਦੇ ਪਰਿਵਾਰਾਂ ਲਈ ਸਹਾਇਤਾ ਲੈਣ ਲਈ ਤੇ ਸ਼ਹੀਦਾਂ ਦੀ ਯਾਦ ਵਿੱਚ ਸਮਾਰਕ ਬਣਾਉਣ ਲਈ ਨਨਕਾਣੇ ਵਿੱਚ ਇਕ ਹਸਪਤਾਲ ਤੇ ਅੰਮ੍ਰਿਤਸਰ ਵਿੱਚ ਇਕ ਮਿਸ਼ਨਰੀ ਕਾਲਜ ਖੋਲ੍ਹਣ ਲਈ ਇਕ ਸ਼ਹੀਦੀ ਫੰਡ (ਕੋਸ਼) ਕਾਇਮ ਕੀਤਾ ਗਿਆ। ਇਸ ਮੰਤਵ ਲਈ ਸਾਰੇ ਪ੍ਰਾਂਤ ਤੋਂ ਉਗਰਾਹੀ ਕੀਤੀ ਗਈ। ਇਸ ਪ੍ਰਚਾਰ ਦਾ ਅਸਰ ਉਸ ਪਤਝੱੜ ਦੀ ਰੁੱਤ ਵਿੱਚ ਗੁਰੂ ਨਾਨਕ ਆਗਮਨ ਪੁਰਬ ਦੇ ਜਸ਼ਨਾਂ ਵਿੱਚ ਸਾਫ਼ ਝਲਕਦਾ ਸੀ। ਨਨਕਾਣਾ ਸਾਹਿਬ ਵਿੱਚ ਇਕੱਠੇ ਹੋਏ ਸਿੱਖਾਂ ਵਿੱਚੋਂ 20000

---

10. ਖੜਕ ਸਿੰਘ (1867-1963) ਆਹਲੂਵਾਲੀਆ ਸਿਆਲਕੋਟ ਦਾ, ਫ਼ੌਜ ਦਾ ਠੇਕੇਦਾਰ ਸੀ। ਉਹ ਕੁਝ ਸਾਲਾਂ ਲਈ ਸਿੱਖਾਂ ਦਾ ਸ਼ਕਤੀਸ਼ਾਲੀ ਆਗੂ ਭਾਵ ਉਹਨਾਂ ਦਾ ਬੇਤਾਜ ਬਾਦਸ਼ਾਹ ਸੀ। ਭਾਵੇਂ ਉਸ ਨੂੰ ਬਾਬਾ ਕਿਹਾ ਜਾਂਦਾ ਸੀ ਪਰ ਉਸ ਦਾ ਕਮਿਊਨਿਸਟ ਬਾਬਿਆਂ ਨਾਲ ਕੋਈ ਸਬੰਧ ਨਹੀਂ ਸੀ।

11. ਮਹਿਤਾਬ ਸਿੰਘ (1879-1938) ਸ਼ਾਹਪੁਰ ਜ਼ਿਲ੍ਹੇ ਦਾ ਅਰੋੜਾ ਸੀ। ਉਹ ਇਕ ਲਾਇਕ ਵਕੀਲ ਸੀ ਤੇ ਉਸ ਦੀ ਵਕਾਲਤ ਬਹੁਤ ਵਧੀਆ ਚਲਦੀ ਸੀ।

12. ਤਾਰਾ ਸਿੰਘ ਦਾ ਜਨਮ 24 ਜੂਨ 1885 ਨੂੰ ਜ਼ਿਲ੍ਹਾ ਰਾਵਲਪਿੰਡੀ ਦੇ ਪਿੰਡ ਹਰਿਆਲ ਵਿੱਚ ਹੋਇਆ। ਉਹ ਮਲਹੋਤਰਾ ਗੋਤਰ ਦੇ ਇਕ ਹਿੰਦੂ ਦਾ ਪੁੱਤਰ ਸੀ। ਉਹ ਸਕੂਲ 'ਚ ਪੜ੍ਹਨ ਸਮੇਂ ਸਿੱਖ ਬਣ ਗਿਆ ਸੀ। ਉਸ ਨੇ ਪਹਿਲਾਂ ਰਾਵਲਪਿੰਡੀ ਵਿੱਚ ਪੜ੍ਹਾਈ ਕੀਤੀ ਤੇ ਮਗਰੋਂ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੜ੍ਹਿਆ। 1907 ਈ: ਵਿੱਚ ਬੀ.ਏ. ਦੀ ਡਿਗਰੀ ਲੈਣ ਪਿੱਛੋਂ ਉਸ ਨੇ ਅਧਿਆਪਨ ਵਿੱਚ ਡਿਪਲੋਮਾ ਲੈ ਕੇ ਖ਼ਾਲਸਾ ਹਾਈ ਸਕੂਲ ਵਿੱਚ ਅਧਿਆਪਕ ਵਜੋਂ ਨੌਕਰੀ ਕੀਤੀ। ਉਸ ਸਮੇਂ ਤੋਂ 'ਮਾਸਟਰ' ਸ਼ਬਦ ਉਹਦੇ ਨਾਮ ਨਾਲ ਜੁੜ ਗਿਆ। ਉਹ ਅਕਾਲੀ ਲਹਿਰ ਨਾਲ ਆਰੰਭ ਤੋਂ ਹੀ ਜੁੜ ਗਿਆ ਤੇ 1930ਵੇਂ ਦੇ ਦਹਾਕੇ ਸਿੱਖ ਮਾਮਲਿਆਂ ਦੀ ਪਰਬਲ ਸ਼ਖ਼ਸੀਅਤ ਬਣ ਕੇ ਉਭਰਿਆ। ਮਾਸਟਰ ਤਾਰਾ ਸਿੰਘ ਨੇ ਧਰਮ, ਰਾਜਨੀਤੀ ਤੇ ਗਲਪ ਰਚਨਾਵਾਂ ਕੀਤੀਆਂ ਜਿਹਨਾਂ ਵਿੱਚੋਂ "ਬਾਬਾ ਤੇਗਾ ਸਿੰਘ" ਤੇ "ਪ੍ਰੇਮ ਲਗਨ" ਜ਼ਿਆਦਾ ਪ੍ਰਸਿੱਧ ਹਨ। ਉਰਦੂ ਦਾ ਪ੍ਰਭਾਤ ਤੇ ਗੁਰਮੁਖੀ ਵਿੱਚ ਜੱਥੇਦਾਰ ਉਹਦੇ ਵਿਚਾਰਾਂ ਦਾ ਪ੍ਰਚਾਰ ਕਰਦੇ ਹਨ।

ਅਕਾਲੀ ਸਨ ਤੇ 15000 ਵੱਖ-ਵੱਖ ਜੱਥਿਆਂ ਨਾਲ ਸੰਬੰਧਿਤ ਸਨ।[13]

ਚਾਬੀਆਂ ਦਾ ਮੋਰਚਾ—ਅਤਿਅੰਤ ਭੜਕਾਹਟ ਭਰੇ ਮਾਹੌਲ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਧੁਖ ਰਹੀ ਅੱਗ ਨੂੰ ਤੀਲੀ ਲਾ ਦਿੱਤੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਬਾਬਾ ਖੜਕ ਸਿੰਘ ਦੀ ਨੇਕ ਨੀਤੀ ਬਾਰੇ ਸ਼ੱਕੀ ਹੋਣ ਕਰਕੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਦਰਬਾਰ ਸਾਹਿਬ ਦੇ ਤੋਸ਼ਾਖਾਨੇ ਦੀਆਂ ਚਾਬੀਆਂ ਲੈ ਲਈਆਂ ਤੇ ਉਹ ਆਪਣੇ ਨਾਮਜ਼ਦ ਵਿਅਕਤੀ ਨੂੰ ਦੇਣ ਦੀ ਵਿਉਂਤ ਬਣਾ ਲਈ। ਉਸ ਨੇ "ਦੇਸ਼ਧਰੋਹ ਸਮਾਗਮ ਕਾਨੂੰਨ" ਲਾਗੂ ਕਰਕੇ 193 ਨੇਤਾ ਗਰਿਫ਼ਤਾਰ ਕਰ ਲਏ। ਉਹਨਾਂ ਨੇਤਾਵਾਂ ਨੂੰ ਵੱਖ-ਵੱਖ ਸਮੇਂ ਦੀਆਂ ਸਜ਼ਾਵਾਂ ਤੇ ਜੁਰਮਾਨੇ ਕੀਤੇ ਗਏ। ਚਾਬੀਆਂ ਲਏ ਜਾਣ ਨਾਲ ਭਾਰਤ ਵਿੱਚ ਹੀ ਹਲਚਲ ਤੇ ਜੋਸ਼ ਪੈਦਾ ਹੋ ਗਿਆ। ਸਰਕਾਰ ਨੇ ਅਨੁਭਵ ਕੀਤਾ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਚਾਬੀਆਂ ਲੈ ਕੇ ਭੂੰਡਾਂ ਦੇ ਛੱਤੇ ਨੂੰ ਛੇੜ ਲਿਆ ਹੈ ਤੇ ਸਜ਼ਾਵਾਂ ਦੇਣ ਤੋਂ ਕੁਝ ਦਿਨ ਮਗਰੋਂ ਗਵਰਨਰ ਨੇ ਸਭ ਕੈਦੀ ਰਿਹਾਅ ਕਰ ਦਿੱਤੇ ਤੇ ਚਾਬੀਆਂ ਖੜਕ ਸਿੰਘ ਕਮੇਟੀ ਨੂੰ ਸੌਂਪ ਦਿੱਤੀਆਂ। ਮਹਾਤਮਾ ਗਾਂਧੀ ਨੇ ਇਸ ਨੂੰ 'ਪਹਿਲੀ ਫ਼ੈਸਲਾ ਕੁਨ ਜਿੱਤ' ਆਖਿਆ।

ਲੈਫਟੀਨੈਂਟ ਗਵਰਨਰ ਸਰ ਮੈਕਲਾਗਨ, ਕਾਨੂੰਨੀ ਢੰਗ ਰਾਹੀਂ ਗੁਰਦਵਾਰੇ ਹੱਕੀ ਮਾਲਕਾਂ, ਸਿੱਖ ਸੰਗਤ ਦੇ ਹਵਾਲੇ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ। ਮਾਰਚ 1921 ਵਿੱਚ ਸਿੱਖਿਆ ਮੰਤਰੀ ਮੀਆਂ ਫਜ਼ਲ ਹੁਸੈਨ ਨੇ ਗੁਰਦਵਾਰਿਆਂ ਦਾ ਪ੍ਰਬੰਧ ਸੰਭਾਲਣ ਲਈ "ਬੋਰਡ ਆਫ ਕਮਿਸ਼ਨਰ" ਸਥਾਪਿਤ ਕਰਨ ਲਈ ਬਿੱਲ ਪੇਸ਼ ਕੀਤਾ। ਬਿੱਲ ਦੀ ਸਿੱਖ ਵਿਧਾਇਕਾਂ ਨੇ ਵਿਰੋਧਤਾ ਕੀਤੀ। ਉਹਨਾਂ ਨੂੰ ਬੋਰਡ ਵਿੱਚ ਇਕ ਗ਼ੈਰ-ਸਿੱਖ ਮੈਂਬਰ ਦੀ ਹੋਂਦ ਬਾਰੇ ਇਤਰਾਜ਼ ਸੀ ਕਿਉਂਕਿ ਇਸ ਦਾ ਇਕੋ-ਇਕ ਕੰਮ ਤਾਂ ਸਿੱਖਾਂ ਦੇ ਗੁਰਦਵਾਰਿਆਂ ਦਾ ਪ੍ਰਬੰਧ ਕਰਨਾ ਸੀ। ਨਾ ਹੀ ਮੈਂਬਰ ਗੁਰਦਵਾਰੇ ਦੀ ਪਰਿਭਾਸ਼ਾ ਬਾਰੇ ਸਹਿਮਤ ਸਨ ਕਿਉਂਕਿ ਬਹੁਤ ਸਾਰੇ ਉਦਾਸੀਆਂ ਨੇ ਗੁਰਦਵਾਰਿਆਂ ਨੂੰ ਹਿੰਦੂ ਮੰਦਰ ਐਲਾਨ ਕਰ ਛੱਡਿਆ ਸੀ ਤੇ ਇਸ ਤਰ੍ਹਾਂ ਉਹਨਾਂ ਨੂੰ ਹਿੰਦੂਆਂ ਤੇ ਸਿੱਖ ਵਿਰੋਧੀ ਮੈਂਬਰਾਂ ਦਾ ਸਮਰਥਨ ਮਿਲ ਗਿਆ।[14] ਮੀਆਂ ਫਜ਼ਲ ਹੁਸੈਨ ਨੇ ਬਿੱਲ ਨੂੰ ਪਾਸ ਕਰਵਾ ਕੇ ਕਾਨੂੰਨ ਬਣਾ ਦਿੱਤਾ

---

13. ਇਕ ਪੁਲੀਸ ਰਿਪੋਰਟ ਵਿੱਚ ਕਿਹਾ ਗਿਆ, "ਸਮਾਗਮ ਵਿੱਚ ਸ਼ਕਤੀਸ਼ਾਲੀ ਰਾਸ਼ਟਰੀ ਭਾਵਨਾ ਤੇ ਹਕੂਮਤ ਵਿਰੁੱਧ ਨਫ਼ਰਤ ਦੀ ਭਾਵਨਾ ਛਾਈ ਰਹੀ। (ਦੀ ਅਕਾਲੀ ਦਲ—ਸੀ.ਆਈ. ਡੀ. ਰਿਪੋਰਟ, ਪੰਨਾ 6-7) ਇਹ ਮੇਲਾ ਗੁਰਦਿੱਤ ਸਿੰਘ ਕਾਮਗਾਟਾ ਮਾਰੂ ਪ੍ਰਸਿੱਧੀ ਵਾਲੇ ਦੇ ਪੁਲੀਸ ਅੱਗੇ ਨਾਟਕੀ ਢੰਗ ਨਾਲ ਸਮਰਪਣ ਕਰਕੇ ਯਾਦਗਾਰੀ ਬਣ ਗਿਆ।

    ਮਾਸਟਰ ਮੋਤਾ ਸਿੰਘ, ਜਿਸ ਨੂੰ ਕੁਝ ਮਹੀਨੇ ਪਹਿਲਾਂ ਭਗੌੜਾ ਐਲਾਨਿਆ ਗਿਆ ਸੀ, ਹਥਿਆਰਬੰਦ ਅਕਾਲੀਆਂ ਨਾਲ ਆਇਆ, ਸਮਾਗਮ ਵਿੱਚ ਭਾਸ਼ਣ ਦੇ ਕੇ ਅਲੋਪ ਹੋ ਗਿਆ।

14. ਮਹਿਤਾਬ ਸਿੰਘ ਨੇ ਮਹੰਤਾਂ ਉੱਪਰ ਸਖ਼ਤ ਨੁਕਤਾਚੀਨੀ ਕਰਕੇ ਜੁਆਬੀ ਹਮਲਾ ਕੀਤਾ : "ਮਹੰਤ ਇਕ ਅਮਰ-ਵੇਲ ਵਰਗੀ ਜਮਾਤ ਹੈ। ਉਹ, ਗੁਰੂ ਜੀ ਦੇ ਕਥਨ ਅਨੁਸਾਰ ਸ਼ਰਧਾਲੂਆਂ ਵੱਲੋਂ ਦਿੱਤੀ ਪੂਜਾ ਦਾ ਧਾਨ ਖਾ-ਖਾ ਕੇ ਭ੍ਰਿਸ਼ਟ ਹੋ ਗਏ ਹਨ ਤੇ ਇਹ ਪੂਜਾ

(ਫੁਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਤੇ ਇਸ ਤਰ੍ਹਾਂ 1922 ਦਾ "ਸਿੱਖ ਗੁਰਦਵਾਰਾ ਐਂਡ ਸ਼ਰਾਈਨ ਐਕਟ" ਹੋਂਦ ਵਿੱਚ ਆ ਗਿਆ, ਪਰ ਸਿੱਖਾਂ ਨੇ ਇਸ ਕਾਨੂੰਨ ਨੂੰ ਅਣਗੌਲਿਆਂ ਕਰ ਦਿੱਤਾ।

ਐਸ.ਜੀ.ਪੀ.ਸੀ. ਨੇ 21 ਮਈ 1921 ਨੂੰ ਸਰਕਾਰ ਨਾਲ ਅਸਹਿਯੋਗ ਆਰੰਭ ਕਰ ਦਿੱਤਾ ਤੇ ਸਿੱਖਾਂ ਨੂੰ ਅੰਗਰੇਜ਼ੀ ਮਾਲ ਦਾ ਬਾਈਕਾਟ ਕਰਨ ਦੀ ਸਲਾਹ ਤੇ ਪ੍ਰੇਰਨਾ ਦਿੱਤੀ। ਨਰਮ ਖ਼ਿਆਲੀਏ ਐਸ.ਜੀ.ਪੀ.ਸੀ. 'ਚੋਂ ਬਾਹਰ ਹੋ ਗਏ। ਉਸ ਸਮੇਂ ਹੀ ਮਹਿਤਾਬ ਸਿੰਘ ਨੇ ਪੰਜਾਬ ਕੌਂਸਲ ਵਿੱਚ ਡਿਪਟੀ ਸਪੀਕਰ ਦੇ ਅਹੁਦੇ ਤੋਂ ਤਿਆਗ ਪੱਤਰ ਦੇ ਦਿੱਤਾ ਤੇ ਇਸ ਤਰ੍ਹਾਂ ਸਰਕਾਰ ਨੂੰ ਤੇ ਵਿਧਾਨ ਸਭਾ ਨੂੰ ਅਕਾਲੀ ਦ੍ਰਿਸ਼ਟੀਕੋਣ ਸਮਝਣ ਤੋਂ ਵੰਚਿਤ ਕਰ ਦਿੱਤਾ। ਜ਼ਿਲ੍ਹਾ ਅਧਿਕਾਰੀ ਜੋ ਲੈਫ਼ਟੀਨੈਂਟ ਗਵਰਨਰ ਦੇ ਚਾਬੀਆਂ ਦੇ ਮਾਮਲੇ ਬਾਰੇ ਫ਼ੈਸਲੇ ਤੋਂ ਚਿੜੇ ਹੋਏ ਤੇ ਗ਼ੁੱਸੇ ਵਿੱਚ ਸਨ ਅਕਾਲੀਆਂ ਨਾਲ ਸਖ਼ਤੀ ਨਾਲ ਪੇਸ਼ ਆਉਣ ਲੱਗੇ। ਪ੍ਰਾਂਤ ਦੇ 13 ਜ਼ਿਲ੍ਹਿਆਂ ਵਿੱਚ 1200 ਗਰਿਫ਼ਤਾਰੀਆਂ ਕੀਤੀਆਂ ਗਈਆਂ।[15] ਸਭ ਤੋਂ ਮੂੰਹਜ਼ੋਰ ਤੇ ਆਪਹੁਦਰਾ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸੀ ਜਿਸ ਨੇ ਅਕਾਲੀਆਂ ਨਾਲ ਸ਼ਕਤੀ ਪ੍ਰੀਖਿਆ ਕਰਨ ਵਿੱਚ ਤੇਜ਼ੀ ਵਿਖਾਈ।

ਗੁਰੂ ਕਾ ਬਾਗ—ਅੰਮ੍ਰਿਤਸਰ ਤੋਂ 13 ਮੀਲ ਦੂਰ ਗੁਰੂ ਅਰਜਨ ਦੇਵ ਦੀ ਉਸ ਅਸਥਾਨ ਦੀ ਯਾਤਰਾ ਦੀ ਯਾਦ ਵਿੱਚ "ਗੁਰੂ ਕੇ ਬਾਗ" ਦਾ ਗੁਰਦਵਾਰਾ ਬਣਾਇਆ ਗਿਆ ਸੀ। ਗੁਰਦਵਾਰੇ ਦੇ ਨਾਲ ਲਗਵਾਂ ਜ਼ਮੀਨ ਦਾ ਇਕ ਟੁਕੜਾ ਸੀ ਜਿਸ ਵਿੱਚ ਗੁਰਦਵਾਰੇ ਦੇ ਲੰਗਰ ਲਈ ਲੱਕੜੀ ਵਰਤਣ ਵਾਸਤੇ ਕਿੱਕਰਾਂ ਦੇ ਦਰਖ਼ਤ ਲਗਾਏ ਗਏ ਸਨ। ਉਦਾਸੀ ਮਹੰਤ ਨੇ ਅੰਮ੍ਰਿਤ ਛਕ ਕੇ ਚੁਣੀ ਹੋਈ ਕਮੇਟੀ ਦੀ ਅਧੀਨਗੀ ਪ੍ਰਵਾਨ ਕਰ ਲਈ ਸੀ। ਪ੍ਰੰਤੂ ਫਿਰ ਅਚਾਨਕ ਹੀ ਅਕਾਰਨ ਉਸ ਨੇ ਅਗਸਤ 1921 ਦੇ ਪਹਿਲੇ ਹਫ਼ਤੇ ਅਕਾਲੀਆਂ ਵਿਰੁੱਧ ਸ਼ਿਕਾਇਤ ਲਿਖਵਾ ਦਿੱਤੀ ਕਿ ਅਕਾਲੀ ਗੁਰਦਵਾਰੇ ਦੀ ਜ਼ਮੀਨ 'ਚੋਂ ਦਰਖ਼ਤ ਕੱਟ ਰਹੇ ਹਨ। ਪੁਲੀਸ ਨੇ ਅਕਾਲੀਆਂ ਨੂੰ ਗਰਿਫ਼ਤਾਰ ਕਰਕੇ ਉਹਨਾਂ 'ਤੇ ਨਾਜਾਇਜ਼ ਪ੍ਰਵੇਸ਼ ਦਾ ਫ਼ੌਜਦਾਰੀ ਮੁਕੱਦਮਾ ਦਰਜ ਕਰ ਲਿਆ। ਅਕਾਲੀਆਂ ਨੇ "ਸੈਡੀਸੀਅਸ ਮੀਟਿੰਗ ਐਕਟ" ਲਾਗੂ ਹੋਣ ਦੇ ਬਾਵਜੂਦ "ਗੁਰੂ ਕੇ ਬਾਗ" ਵਿੱਚ ਜਲਸਾ ਕਰਨਾ ਸ਼ੁਰੂ ਕਰ ਦਿੱਤਾ। ਪੁਲੀਸ ਨੇ ਸਮਾਗਮ ਵਿੱਚ ਇਕੱਠੇ ਹੋਏ ਲੋਕ ਖਿੰਡਾ ਪੁੰਡਾ ਦਿੱਤੇ ਤੇ ਮਾਸਟਰ ਤਾਰਾ ਸਿੰਘ ਤੇ ਮਹਿਤਾਬ ਸਿੰਘ ਸਮੇਤ ਨੇਤਾਵਾਂ ਨੂੰ ਗਰਿਫ਼ਤਾਰ ਕਰ ਲਿਆ। ਐਸ.ਜੀ.ਪੀ.ਸੀ. ਨੇ ਸਰਕਾਰ ਦੀ ਚੁਣੌਤੀ ਕਬੂਲ ਕਰ ਲਈ।

ਇਕ-ਇਕ ਸੌ ਦੇ ਜੱਥੇ ਬਣਾ ਗਏ। ਉਹ ਪਹਿਲਾਂ ਅਕਾਲ ਤਖ਼ਤ ਉੱਪਰ

☞ (ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)

ਦੇ ਜ਼ਹਿਰ ਨੇ ਉਹਨਾਂ ਨੂੰ ਸ਼ੈਤਾਨ ਬਣਾ ਦਿੱਤਾ ਹੈ। ਜੇ ਸਰਕਾਰ ਸਾਡੀ ਈਮਾਨਦਾਰੀ ਨਾਲ ਸਹਾਇਤਾ ਕਰਨੀ ਚਾਹੁੰਦੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਪ੍ਰੰਤੂ ਅਸੀਂ ਨਿਰਮਲੇ ਜਾਂ ਉਦਾਸੀ ਮੱਤ ਦੇ ਸਾਧੂਆਂ ਨੂੰ ਆਪਣੇ ਧਾਰਮਕ ਮਾਮਲਿਆਂ ਵਿੱਚ ਦਖ਼ਲ ਦੇਣ ਤੇ ਸਾਡੀਆਂ ਧਾਰਮਕ ਭਾਵਾਵਾਂ ਨੂੰ ਠੇਸ ਪਹੁੰਚਾਉਣ ਦੀ ਇਜਾਜ਼ਤ ਨਹੀਂ ਦੇ ਸਕਦੇ। ਪੀ.ਸੀ.ਐਲ.ਡੀ. 5 ਅਪ੍ਰੈਲ 1921, ਪੰਨਾ 544-5

15. ਸਰ ਜਾਨ ਮੇਨਾਰਡ ਨੇ ਇਹ ਅੰਕੜੇ 1586 ਦੱਸੇ ਜੋ ਕਿ ਮਗਰੋਂ ਗਰਿਫ਼ਤਾਰ ਤੇ ਛੱਡੇ ਗਇਆਂ ਨਾਲੋਂ ਵੱਖਰੇ ਸਨ। ਪੀ.ਸੀ.ਐਲ.ਡੀ. 9 ਅਗਸਤ 1922, ਪੰਨਾ 1698

ਅਹਿੰਸਾਵਾਦੀ ਰਹਿਣ ਦੀ ਪ੍ਰਤਿੱਗਿਆ ਲੈਂਦੇ ਤੇ ਉਹ "ਗੁਰੂ ਕੇ ਬਾਗ" ਵੱਲ ਤੁਰ ਪੈਂਦੇ। ਪੁਲੀਸ ਉਹਨਾਂ ਨੂੰ ਝਗੜੇ ਵਾਲੀ ਜ਼ਮੀਨ ਤੋਂ ਬਹੁਤ ਪਿੱਛੇ ਹੀ ਰੋਕ ਲੈਂਦੀ ਤੇ ਉਹਨਾਂ ਨੂੰ ਖਿੰਡ ਪੁੰਡ ਜਾਣ ਦਾ ਹੁਕਮ ਦਿੰਦੀ ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਨੂੰ ਲਾਠੀਆਂ, ਬੂਟਾਂ ਤੇ ਘਸੁੰਨਾਂ ਨਾਲ ਬੜੀ ਨਿਰਦੈਇਤਾ ਨਾਲ ਕੁੱਟਦੀ। ਪੁਲੀਸ ਤੇ ਸ਼ਾਂਤੀ ਪਸੰਦ ਸਤਿਆਗ੍ਰਹੀਆਂ ਵਿਚਕਾਰ ਇਹ ਸੰਘਰਸ਼ ਜਾਰੀ ਰਿਹਾ ਜਿਸ ਨੂੰ ਬਹੁਤ ਸਾਰੇ ਭਾਰਤੀ ਨੇਤਾ ਵੀ ਘੋਖਦੇ ਰਹੇ। ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਪੜਤਾਲੀ ਕਮੇਟੀ ਨਿਯੁਕਤ ਕੀਤੀ ਜਿਸ ਨੇ ਅਕਾਲੀਆਂ ਦੀ ਸ਼ਲਾਘਾ ਕੀਤੀ ਤੇ ਪੁਲੀਸ ਦੀਆਂ ਜ਼ਿਆਦਤੀਆਂ ਦੀ ਨਿੰਦਾ ਕੀਤੀ।[16] ਜਦੋਂ ਸੀ.ਐਫ. ਐਂਡਰੀਊਜ਼ ਨੇ ਮੌਕਾ ਜਾ ਕੇ ਵੇਖਿਆ ਤਾਂ ਉਹ ਅਕਾਲੀਆਂ ਦੇ "ਹਜ਼ਰਤ-ਈਸਾ" ਜਿਹੇ ਸਾਊ ਵਤੀਰੇ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਉਸ ਨੇ ਲੈਫਟੀਨੈਂਟ ਗਵਰਨਰ ਨੂੰ ਪੁਲੀਸ ਦੀ ਬਰਬਰਤਾ ਤੇ ਵਹਿਸ਼ੀ ਕਾਰਵਾਈ ਤੋਂ ਜਾਣੂੰ ਕਰਵਾਇਆ ਤੇ ਉਸ ਨੂੰ ਆਪ ਜਾ ਕੇ ਹਾਲਾਤ ਵੇਖਣ ਦੀ ਪ੍ਰੇਰਨਾ ਦਿੱਤੀ। ਸਰ ਐਡਵਰਡ ਮੈਕਲਾਗਨ 13 ਸਤੰਬਰ ਨੂੰ "ਗੁਰੂ ਕੇ ਬਾਗ" ਪਹੁੰਚਿਆ ਤੇ ਮਾਰ-ਕੁੱਟ ਬੰਦ ਕਰਵਾਈ। ਚਾਰ ਦਿਨ ਮਗਰੋਂ ਪੁਲੀਸ ਵੀ ਉਸ ਥਾਂ ਤੋਂ ਹਟਾ ਲਈ ਗਈ। ਉਸ ਸਮੇਂ ਤੱਕ 5605 ਅਕਾਲੀ ਗਰਿਫ਼ਤਾਰ ਕੀਤੇ ਜਾ ਚੁੱਕੇ ਸਨ ਤੇ 936 ਹਸਪਤਾਲ ਵਿੱਚ ਦਾਖਲ ਕੀਤੇ ਗਏ ਸਨ।[17] ਅਕਾਲੀਆਂ ਨੇ ਝਗੜੇ ਵਾਲੀ ਜ਼ਮੀਨ ਸਮੇਤ ਗੁਰਦਵਾਰੇ ਤੇ ਅਧਿਕਾਰ ਕਰ ਲਿਆ।[18] ਇਹ ਅਕਾਲੀਆਂ ਦੀ ਦੂਸਰੀ ਨਿਰਣਾਇਕ ਤੇ ਸ਼ਾਨਦਾਰ ਜਿੱਤ ਸੀ।[19]

ਗੁਰੂ ਕੇ ਬਾਗ ਦੇ ਮੋਰਚੇ ਨੇ ਸਿੱਖਾਂ ਦੀਆਂ ਧਾਰਮਕ ਭਾਵਨਾ ਨੂੰ ਇਤਨਾ ਉਤੇਜਿਤ

16. ਕਮੇਟੀ ਨੇ ਲਿਖਿਆ : "ਸਾਡਾ ਸਭ ਦਾ ਦ੍ਰਿੜ੍ਹ ਤੇ ਅਟੱਲ ਵਿਚਾਰ ਹੈ ਕਿ ਹਰ ਮੌਕੇ ਹੀ ਅਧਿਕ ਸਖ਼ਤੀ ਕੀਤੀ ਗਈ ਤੇ ਕਈ ਹਾਲਤਾਂ ਵਿੱਚ ਹੀ ਇਹ ਬਹੁਤ ਹੀ ਜ਼ਿਆਦਾ ਹੀ ਸੀ। ਅਸੀਂ ਸਿਆਸੀ ਪੱਖਪਾਤ ਤੋਂ ਨਿਰਲੇਪ ਹੋ ਕੇ ਆਪਣੇ ਵਿਚਾਰ ਪ੍ਰਗਟ ਕਰਦੇ ਹਾਂ ਕਿ ਇਹ ਜ਼ਿਆਦਤੀਆਂ ਪੰਜਾਬ ਸਰਕਾਰ ਲਈ ਬਦਨਾਮੀ ਦਾ ਕਾਰਨ ਹਨ ਤੇ ਕਿਸੇ ਵੀ ਸਭਿਅ ਸਰਕਾਰ ਲਈ ਕਲੰਕ।" ਇਸ ਕਮੇਟੀ ਵਿੱਚ ਇਕ ਅਮਰੀਕਨ ਮਿਸ਼ਨਰੀ ਰੈਵਰੰਡ ਐਸ.ਈ. ਸਟੋਕਸ ਵੀ ਸ਼ਾਮਲ ਸੀ। ਇਸ ਨੇ 100 ਗਵਾਹੀਆਂ ਲਈਆਂ ਤੇ ਆਪਣੀ ਰਿਪੋਰਟ 3 ਜਨਵਰੀ 1924 ਨੂੰ ਸੌਂਪੀ। ਗੁਰੂ ਕਾ ਬਾਗ ਬਾਰੇ ਕਾਂਗਰਸ ਪੜਤਾਲੀਆ ਕਮੇਟੀ ਦੀ ਰਿਪੋਰਟ।
17. ਪੰਜਾਬ ਲੈਜਸਲੇਟਿਵ ਕੌਂਸਲ ਵਿੱਚ ਸਰਕਾਰੀ ਪੱਧਰ ਤੇ 1650 ਗਿਣਤੀ ਦਿੱਤੀ ਗਈ ਜਿਹਨਾਂ ਵਿਰੁੱਧ ਸਖ਼ਤੀ ਵਰਤੀ ਗਈ। ਪੀ.ਐਲ.ਸੀ.ਡੀ. 1 ਨਵੰਬਰ, 1922, ਪੰਨਾ 468
18. ਗੁਰੂ ਕੇ ਬਾਗ ਦੀ ਜ਼ਮੀਨ ਸਰ ਗੰਗਾ ਰਾਮ ਨਾਂ ਦੇ ਹਿੰਦੂ ਸਮਾਜ ਸੇਵਕ ਨੇ ਖ਼ਰੀਦ ਕੇ ਗੁਰਦਵਾਰੇ ਨੂੰ ਸੌਂਪ ਦਿੱਤੀ। ਇਹ ਸਰਕਾਰ ਵੱਲੋਂ ਆਪਣੀ ਇੱਜ਼ਤ ਬਚਾਉਣ ਦਾ ਨਾਟਕ ਸੀ।
19. ਇੰਡੀਅਨ ਨੈਸ਼ਨਲ ਕਾਂਗਰਸ ਨੇ ਦਸੰਬਰ ਜਨਵਰੀ ਵਿੱਚ ਆਪਣੇ ਸਾਲਾਨਾ ਇਜਲਾਸ ਸਮੇਂ ਇਕ ਮਤਾ ਪਾਸ ਕੀਤਾ ਜਿਸ ਵਿੱਚ ਅਕਾਲੀ ਸ਼ਹੀਦਾਂ ਦੀ ਬੇਮਿਸਾਲ ਬਹਾਦਰੀ ਦੇ ਬੜੇ ਮਾਨ ਤੇ ਸ਼ਰਧਾ ਨਾਲ ਸਾਰੀ ਕੌਮ ਦੇ ਲਾਭ ਲਈ ਪੇਸ਼ ਕੀਤੀ ਅਹਿੰਸਾ ਦੀ ਮਹਾਨ ਮਿਸ਼ਾਲ ਦਾ ਉਲੇਖ ਕੀਤਾ ਗਿਆ।

ਕੀਤਾ ਕਿ ਇਲਿਹਾਕ ਤੋਂ ਪਹਿਲਾਂ ਕਦੇ ਵੀ ਸਿੱਖ ਇਤਨੇ ਉਤੇਜਿਤ ਨਹੀਂ ਹੋਏ ਸਨ। ਸਿੱਖਾਂ ਦੇ ਨੇਤਾਵਾਂ ਦੇ ਮੁਕੱਦਮੇ ਵਿੱਚ ਸਿੱਖਾਂ ਨੇ ਡੂੰਘੀ ਦਿਲਚਸਪੀ ਲਈ ਤੇ ਜਦੋਂ ਸਿੱਖਾਂ ਨੂੰ ਸਜ਼ਾ ਭੁਗਤਣ ਲਈ ਜ਼ੇਲ੍ਹਾਂ ਵੱਲ ਲਿਜਾਇਆ ਜਾਂਦਾ ਸੀ, ਰਸਤੇ ਵਿੱਚ ਉਹਨਾਂ ਦਾ ਭਾਰੀ ਹਜੂਮ ਸੁਆਗਤ ਕਰਦੇ।[20]

ਆਤੰਕਵਾਦੀ ਬੱਬਰ ਅਕਾਲੀ—ਸਾਰੇ ਸਿੱਖ ਐਸ.ਜੀ.ਪੀ. ਸੀ ਵੱਲੋਂ ਅਪਣਾਈ ਹੋਈ ਅਹਿੰਸਕ ਨੀਤੀ ਦੇ ਹਿਮਾਇਤੀ ਨਹੀਂ ਸਨ। ਗੁਰੂ ਕੇ ਬਾਗ ਵਿੱਚ ਪੁਲੀਸ ਦੀਆਂ ਜ਼ਿਆਦਤੀਆਂ ਨੇ ਉਹਨਾਂ ਵਿੱਚੋਂ ਕੁਝ ਨੂੰ ਰੂਪੋਸ਼ ਆਤੰਕਵਾਦੀ ਲਹਿਰ ਜੱਥੇਬੰਦ ਕਰਨ ਲਈ ਪ੍ਰੇਰਿਆ।[21] ਇਹ ਆਤੰਕਵਾਦੀ ਵਧੇਰੇ ਕਰਕੇ ਗਦਰੀ ਸਨ ਜਾਂ ਛੁੱਟੀ ਤੇ ਆਏ ਹੋਏ ਫ਼ੌਜੀ। ਇਸ ਲਹਿਰ ਦੇ ਦੋ ਬਹੁਤ ਸਰਗਰਮ ਮੈਂਬਰਾਂ ਵਿੱਚ ਰਿਟਾਇਰਡ ਹਵਾਲਦਾਰ ਮੇਜਰ ਕਿਸ਼ਨ ਸਿੰਘ ਤੇ ਮਾਸਟਰ ਮੋਤਾ ਸਿੰਘ ਸਨ। ਬੱਬਰਾਂ ਨੇ ਹਥਿਆਰ ਲੈਣ ਲਈ ਆਪਣੇ ਪ੍ਰਤਿਨਿਧ ਉੱਤਰ ਪੱਛਮੀ ਸੀਮਾ ਪ੍ਰਾਂਤ ਵਿੱਚ ਤੇ ਭਾਰਤੀ ਰਿਆਸਤਾਂ ਵਿੱਚ ਭੇਜੇ। ਉਹਨਾਂ ਨੇ ਫ਼ੌਜੀਆਂ ਨੂੰ ਵੀ ਅਸਲਹਖਾਨਿਆਂ 'ਚੋਂ ਹਥਿਆਰ ਚੋਰੀ ਕਰਨ ਲਈ ਉਕਸਾਇਆ। ਉਹਨਾਂ ਨੇ ਦੋ ਡੁਪਲੀਕੇਟਰ ਲੈ ਲਏ ਤੇ ਬੱਬਰ ਅਕਾਲੀ ਦੁਆਬਾ ਸੂਚਨਾ ਪੱਤਰ ਕੱਢਣਾ ਸ਼ੁਰੂ ਕੀਤਾ।

ਬੱਬਰਾਂ ਦੀ ਹਿੰਸਕ ਕਾਰਵਾਈ ਭਾਵੇਂ ਥੋੜ੍ਹੇ ਸਮੇਂ ਲਈ ਸੀ ਪਰ ਇਹ ਪਰਬਲ ਤੇ ਪ੍ਰਭਾਵਸ਼ਾਲੀ ਸੀ। ਕੁਝ ਮਹੀਨਿਆਂ ਲਈ ਉਹਨਾਂ ਨੇ ਜਾਲੰਧਰ ਤੇ ਹੁਸ਼ਿਆਰਪੁਰ ਦੇ ਦੁਆਬੇ ਵਿੱਚ ਦਹਿਸ਼ਤ ਫੈਲਾ ਦਿੱਤੀ। ਪੁਲੀਸ ਮੁਕਾਬਲਿਆਂ ਨੇ ਬੱਬਰਾਂ ਦੀ ਧਾਂਕ ਬਿਠਾ ਦਿੱਤੀ ਜਿਹਨਾਂ ਵਿੱਚ ਬਹੁਤੇ ਬੱਬਰਾਂ ਨੇ ਆਪਣੀ ਜ਼ਿੰਦਗੀ ਦੀ ਰਤਾ ਪਰਵਾਹ ਨਾ ਕੀਤੀ।[22] 1923 ਦੀਆਂ ਗਰਮੀਆਂ ਤੱਕ ਹਿੰਸਕ ਲਹਿਰ ਲਗਭਗ ਦਮ ਤੋੜ ਚੁੱਕੀ ਸੀ ਤੇ

---

20. 30 ਅਕਤੂਬਰ 1921 ਨੂੰ ਹਜ਼ਾਰਾਂ ਹੀ ਆਦਮੀ ਤੇ ਇਸਤਰੀਆਂ, ਨੌਸ਼ਹਿਰਾ ਜੇਲ੍ਹ ਨੂੰ ਲਿਜਾ ਰਹੇ ਕੈਦੀਆਂ ਨੂੰ ਜਲ, ਪਾਣੀ ਤੇ ਖਾਣਾ ਖੁਆਉਣ ਲਈ ਗੱਡੀ ਨੂੰ ਰੋਕਣ ਵਾਸਤੇ ਰੇਲ ਪਟੜੀ ਤੇ ਲੇਟ ਗਏ। ਇੰਜਨ ਦੇ ਰੁਕਦਿਆਂ-ਰੁਕਦਿਆਂ ਦੋ ਆਦਮੀ ਇੰਜਣ ਹੇਠ ਕੁਚਲੇ ਗਏ।
21. ਇਕ ਅਸਪੱਸ਼ਟ ਜਿਹਾ ਦਲ ਤਾਂ ਪਹਿਲਾਂ ਹੀ ਬਣ ਗਿਆ ਸੀ। ਮਾਰਚ 1921 ਵਿੱਚ ਜਦੋਂ ਹੁਸ਼ਿਆਰਪੁਰ ਵਿੱਚ ਸਿੱਖ ਵਿੱਦਿਅਕ ਕਾਨਫ਼ਰੰਸ ਹੋਈ ਸੀ ਤਾਂ ਖਾੜਕੂਆਂ ਦੇ ਇਕ ਦਲ ਨੇ ਨਨਕਾਣਾ ਸਾਕੇ ਦੇ ਜ਼ਿੰਮੇਵਾਰਾਂ ਨੂੰ ਕਤਲ ਕਰਨ ਦਾ ਇਰਾਦਾ ਬਣਾਇਆ। ਕਤਲ ਕਰਨ ਦੀ ਸਾਜ਼ਿਸ਼ ਵਿੱਚ ਉਹਨਾਂ 'ਚੋਂ ਸੱਤ ਨੂੰ ਸਜ਼ਾ ਹੋਈ ਤੇ 5 ਭਗੌੜੇ ਹੋ ਗਏ।
22. ਦੋ ਘਟਨਾਵਾਂ ਦੀ ਮਿਸਾਲ ਜ਼ਿਕਰਯੋਗ ਹੈ। 31 ਅਗਸਤ 1923 (ਏਥੇ ਛਾਪੇ ਜਾਂ ਲੇਖਕ ਦੀ ਗਲਤੀ ਕਾਰਨ 1933 ਛਪਿਆ ਹੋਇਆ ਹੈ) ਚਾਰ ਬੱਬਰਾਂ ਨੂੰ ਬੱਬਰ ਅਕਾਲੀ ਦੁਆਬਾ ਦੇ ਕਾਇਮ-ਮੁਕਾਮ ਸੰਪਾਦਕ ਕਰਮ ਸਿੰਘ ਦੀ ਅਗਵਾਈ ਵਿੱਚ ਬਬੇਲੀ ਪਿੰਡ ਕੋਲ ਭਾਰੀ ਪੁਲੀਸ ਬਲ ਤੇ ਸ਼ਸਤਰਧਾਰੀ ਫ਼ੌਜੀਆਂ ਨੇ ਘੇਰਾ ਪਾ ਲਿਆ। ਬੱਬਰਾਂ ਨੇ ਆਤਮ ਸਮਰਪਣ ਤੋਂ ਇਨਕਾਰ ਕਰ ਦਿੱਤਾ ਤੇ ਜਦੋਂ ਉਸ ਝੁੱਗੀ ਨੂੰ ਜਿੱਥੇ ਉਹ ਲੁਕੇ ਹੋਏ ਸਨ, ਅੱਗ ਲਾ ਦਿੱਤੀ ਗਈ ਤਾਂ ਉਹ ਨੰਗੀਆਂ ਤਲਵਾਰਾਂ ਲੈ ਕੇ ਬਾਹਰ ਨਿਕਲ ਤੁਰੇ (ਉਹਨਾਂ ਕੋਲ ਗੋਲੀ ਸਿੱਕਾ ਤੇ ਰਾਈਫ਼ਲਾਂ ਨਹੀਂ ਸਨ) ਤੇ ਪੁਲੀਸ ਉੱਪਰ ਹਮਲਾ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਬਹੁਤ ਸਾਰੇ ਬੱਬਰ ਗਰਿਫ਼ਤਾਰ ਕਰ ਲਏ ਗਏ ਸਨ। ਜਿਹਨਾਂ ਬੱਬਰਾਂ 'ਤੇ ਮੁਕੱਦਮਾ ਚਲਾਇਆ ਗਿਆ ਉਹਨਾਂ 'ਚੋਂ 22 ਵਾਅਦਾ ਮੁਆਫ਼ ਬਣ ਗਏ। ਉਹਨਾਂ ਉੱਪਰ ਲਾਹੌਰ ਜੇਲ੍ਹ ਵਿੱਚ ਹੀ ਗੁਪਤ ਰੂਪ ਵਿੱਚ ਮੁਕੱਦਮਾ ਚਲਾਇਆ ਗਿਆ ਜਿਸ ਦੀ ਪ੍ਰਧਾਨਗੀ ਇਕ ਅੰਗਰੇਜ਼ ਜੱਜ ਨੇ ਕੀਤੀ। ਕਿਸ਼ਨ ਸਿੰਘ ਸਮੇਤ ਛੇ ਬੱਬਰ ਅਕਾਲੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਤੇ 34 ਰਿਹਾਅ ਕਰ ਦਿੱਤੇ ਗਏ ਤੇ ਬਾਕੀਆਂ ਨੂੰ ਵੱਖ-ਵੱਖ ਮਿਆਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਜਿਹਨਾਂ ਨੂੰ ਮੌਤ ਦੀ ਸਜ਼ਾ ਹੋਈ ਉਹਨਾਂ ਨੇ ਅਪੀਲ ਕਰਨ ਜਾਂ ਰਹਿਮ ਲਈ ਬੇਨਤੀ ਕਰਨ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੂੰ ਫਾਂਸੀ ਲਾ ਦਿੱਤਾ ਗਿਆ।[23]

ਸਰਕਾਰ ਤੇ ਅਕਾਲੀਆਂ ਦੋਹਾਂ ਦਾ ਵਤੀਰਾ ਸਖ਼ਤ ਹੋ ਗਿਆ। ਅਕਾਲੀਆਂ ਨੇ ਵਧੇਰੇ ਅੜਬਾਈ ਦਿਖਾਈ ਤੇ ਗੁਰਦਵਾਰਿਆਂ 'ਤੇ ਜ਼ਬਰਦਸਤੀ ਕਬਜ਼ਾ ਕਰ ਲਿਆ। 17 ਫਰਵਰੀ 1923 ਨੂੰ ਮੁਕਤਸਰ ਦੇ ਇਤਿਹਾਸਕ ਗੁਰਦਵਾਰੇ 'ਤੇ ਕਬਜ਼ਾ ਵਰਨਨਯੋਗ ਸੀ। ਪੁਲੀਸ ਵੀ ਕੈਦ ਕੀਤੇ ਅਕਾਲੀਆਂ ਪ੍ਰਤੀ ਵਧੇਰੇ ਬੇਰਹਿਮ ਹੋ ਗਈ। ਲੰਮੇ ਕੇਸਾਂ ਤੋਂ ਫੜ ਕੇ ਧੂਹਣ[24], ਭੁੱਖੇ ਰੱਖ ਕੇ ਕੁੱਟਣ ਦੀਆਂ ਤੇ ਉਹਨਾਂ ਨੂੰ ਸਰਦੀ ਦੀਆਂ ਠੰਡੀਆਂ ਰਾਤਾਂ ਵਿੱਚ ਬਾਹਰ ਸੌਣ ਲਈ ਮਜਬੂਰ ਕਰਨ ਦੀਆਂ ਸ਼ਿਕਾਇਤਾਂ ਆਉਣ ਲੱਗੀਆਂ।[25]

ਕ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਕਰਦਿਆਂ ਪੁਲੀਸ ਦੀਆਂ ਗੋਲੀਆਂ ਨਾਲ ਮਾਰੇ ਗਏ। ਇਸ ਤੋਂ ਵਧੇਰੇ ਨਾਟਕੀ ਵਰਤਾਰਾ ਧੰਨਾ ਸਿੰਘ ਬਹਿਬਲਪੁਰ ਨੇ 25 ਅਕਤੂਬਰ 1923 ਨੂੰ ਕਰ ਵਿਖਾਇਆ। ਉਸ ਨੂੰ ਉਹਦੇ ਇਕ ਸਾਥੀ ਨੇ ਹੀ ਧੋਖਾ ਦੇ ਕੇ ਸੁੱਤੇ ਪਏ ਨੂੰ ਰਾਤ ਸਮੇਂ ਪਕੜਵਾ ਦਿੱਤਾ ਸੀ। ਉਸ ਨੇ ਹੱਥਕੜੀਆਂ ਵਿੱਚ ਜਕੜੇ ਹੋਏ ਨੇ ਹੀ ਆਪਣੀ ਕੱਛ ਵਿੱਚ ਲੁਕੋਇਆ ਬੰਬ ਚਲਾ ਦਿੱਤਾ ਜਿਸ ਨਾਲ ਧੰਨਾ ਸਿੰਘ ਆਪ, 9 ਸਿਪਾਹੀ ਤੇ ਇਕ ਮੱਝ ਮਾਰੀ ਗਈ।

23. ਆਉਣ ਵਾਲੇ ਸਾਲਾਂ ਵਿੱਚ ਬੱਬਰ ਅਕਾਲੀ ਜੁੱਟ ਨੇ ਕਈ ਮਹੱਤਵਪੂਰਨ ਅਪਰਾਧ ਕੀਤੇ। ਪਟਿਆਲਾ ਰਿਆਸਤ ਦੇ ਇਕ ਪਿੰਡ ਵਿੱਚ ਗੁਰੂ ਕੇ ਬਾਗ ਸਮੇਂ ਦੇ ਬਦਨਾਮ ਐਸ.ਜੀ.ਐਮ. ਬੀਟੀ ਨੂੰ ਕਤਲ ਕਰ ਦਿੱਤਾ ਗਿਆ ਤੇ ਉਸ ਕਾਰਨ ਇਕ ਬੱਬਰ ਨੂੰ ਫਾਂਸੀ ਦੇ ਦਿੱਤੀ ਗਈ। ਬੇਲਾ ਸਿੰਘ ਜ਼ਿਆਨ ਜੋ ਆਪਣੇ ਸਹਿਧਰਮੀਆਂ ਨੂੰ ਕਤਲ ਕਰਕੇ ਤੇ ਧੋਖਾ ਦੇ ਕੇ ਵੈਨਕੂਵਰ 'ਚੋਂ ਚੋਰੀ ਨੱਠ ਆਇਆ ਸੀ, ਉਸ ਨੂੰ 1933 ਵਿੱਚ ਉਹਦੇ ਪਿੰਡ ਵਿੱਚ ਹੀ ਟੁਕੜੇ-ਟੁਕੜੇ ਕਰ ਕੇ ਮਾਰ ਦਿੱਤਾ ਗਿਆ।

24. ਪੀ.ਐਲ.ਸੀ.ਡੀ., 1922, ਪੰਨਾ 57-9

25. ਪੰਜਾਬ ਕੌਂਸਲ ਦੇ ਦੋ ਮੈਂਬਰਾਂ ਰਾਜਾ ਨਰੇਂਦਰ ਨਾਥ ਤੇ ਸੇਵਕ ਰਾਮ ਨੇ ਅਟਕ ਜੇਲ੍ਹ ਦੀ ਸਥਿਤੀ ਦੀ ਪੜਤਾਲ ਕੀਤੀ। 80 ਤੋਂ ਵਧੀਕ ਅਕਾਲੀ ਨਮੂਨੀਆ, ਦਮਾ ਤੇ ਸਾਹ ਨਾਲੀ ਦੀ ਸੋਜਸ਼ ਦੇ ਰੋਗਾਂ ਵਿੱਚ ਫਸੇ ਹਸਪਤਾਲ ਵਿੱਚ ਦਾਖਲ ਸਨ। (ਪੀ.ਐਲ.ਸੀ.ਡੀ., 1923, ਪੰਨਾ 989)
ਆਪਣੇ ਸਾਥੀ ਅਕਾਲੀਆਂ ਨਾਲ ਭੈੜੇ ਸਲੂਕ ਤੇ ਗੈਰ-ਸਿੱਖਾਂ ਉੱਪਰ ਟੋਪੀ ਤੇ ਲਾਠੀ ਉੱਪਰ ਲਾਈ ਪਾਬੰਦੀ ਦੇ ਵਿਰੋਧ ਵਿੱਚ, ਬਾਬਾ ਖੜਕ ਸਿੰਘ ਨੇ, ਜੋ ਚਾਰ ਸਾਲ ਲਈ ਬਾ ਮੁਸ਼ੱਕਤ ਕੈਦ ਭੁਗਤ ਰਿਹਾ ਸੀ, ਅਤਿ ਸਰਦੀ ਵਿੱਚ ਕੱਛ ਤੋਂ ਬਿਨਾਂ ਕੋਈ ਵੀ ਚੀਜ਼ ਸਰੀਰ 'ਤੇ ਪਹਿਨਣ ਤੋਂ ਨਾਂਹ ਕਰ ਦਿੱਤੀ। ਉਸ ਨੂੰ ਛੇ ਮਹੀਨੇ ਇਕੱਲੇ ਨੂੰ ਹੀ ਜੇਲ੍ਹ ਵਿੱਚ ਡੱਕੀ ਰੱਖਿਆ।

ਲੈਜਿਸਲੇਟਿਵ ਕੌਂਸਲ (ਵਿਧਾਨ ਪਰਿਸ਼ਦ) ਵਿੱਚ ਅਕਾਲੀ ਕੈਦੀਆਂ ਦੀ ਰਿਹਾਈ ਲਈ ਮਤਾ ਪੇਸ਼ ਕੀਤਾ ਗਿਆ ਤੇ ਇਸ ਨੂੰ ਹਿੰਦੂ ਤੇ ਮੁਸਲਮਾਨ ਗ਼ੈਰ-ਸਰਕਾਰੀ ਮੈਂਬਰਾਂ ਦੀ ਸਹਾਇਤਾ ਨਾਲ ਪਾਸ ਕਰ ਦਿੱਤਾ ਗਿਆ। ਸਰਕਾਰੀ ਬੁਲਾਰੇ ਨੇ ਇਹ ਮੰਨਿਆ ਕਿ ਮਾਰਚ 1923 ਵਿੱਚ ਹਿੰਦੂ-ਮੁਸਲਿਮ ਸੰਪ੍ਰਦਾਇਕ ਫ਼ਸਾਦਾਂ ਵਿੱਚ ਅਕਾਲੀਆਂ ਨੇ ਫ਼ੌਜੀ ਸਹਾਇਤਾ ਆਉਣ ਤੋਂ ਪਹਿਲਾਂ ਅਮਨ ਕਾਨੂੰਨ ਕਾਇਮ ਰੱਖਣ ਵਿੱਚ ਬੜੀ ਸਹਾਇਤਾ ਕੀਤੀ। ਇਸ ਸੇਵਾ ਕਾਰਨ ਲੈਫਟੀਨੈਂਟ ਗਵਰਨਰ ਨੇ ਅਗਸਤ, ਸਤੰਬਰ ਵਿੱਚ 'ਗੁਰੂ ਕਾ ਬਾਗ' ਵਿੱਚ ਗਰਿਫ਼ਤਾਰ ਕੀਤੇ ਗਏ ਇਕ ਹਜ਼ਾਰ ਤੋਂ ਵੱਧ ਅਕਾਲੀਆਂ ਦੀ ਰਿਹਾਈ ਦੇ ਹੁਕਮ ਦੇ ਦਿੱਤੇ।[26]

ਇਸ ਜਿੱਤ ਦੇ ਅਹਿਸਾਸ ਨਾਲ ਅਕਾਲੀਆਂ ਨੇ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਆਰੰਭ ਕਰ ਦਿੱਤੀ। ਇਹ ਕਾਰਜ ਜੋ ਹਰ ਦੋ ਤਿੰਨ ਦਹਾਕਿਆਂ ਪਿੱਛੋਂ ਲੱਖਾਂ ਤੀਰਥ ਯਾਤਰੀਆਂ ਦੇ ਇਸ਼ਨਾਨ ਕਰਨ ਕਰਕੇ ਪਿੱਛੋਂ ਇਕੱਠੀ ਹੋਈ ਗਾਰ ਜਾਂ ਤਲਛਟ ਨੂੰ ਬਾਹਰ ਕੱਢਣ ਲਈ ਕੀਤਾ ਜਾਂਦਾ ਹੈ, ਪੂਰਾ ਕਰਨ ਵਿੱਚ ਇਕ ਮਹੀਨਾ ਲੱਗਾ। ਇਸ ਸਮੇਂ ਭਾਰਤ ਅਤੇ ਵਿਦੇਸ਼ਾਂ ਵਿੱਚ ਲੱਖਾਂ ਸਿੱਖ ਅੰਮ੍ਰਿਤਸਰ ਆਏ। ਸਰਕਾਰ ਵਿਰੁੱਧ ਆਪਣੇ ਜਜ਼ਬਾਤ ਦਾ ਪ੍ਰਚਾਰ ਕਰਨ ਲਈ ਅਕਾਲੀਆਂ ਨੇ ਪੂਰਾ ਲਾਭ ਉਠਾਇਆ।[27] ਉਹ ਆਪਣੇ-ਆਪ ਨੂੰ ਸਿੱਖਾਂ ਦੀ ਇਕੋ-ਇਕ ਨੁਮਾਇੰਦਾ ਜਮਾਤ ਸਮਝਣ ਲੱਗੇ। ਐਸ.ਜੀ.ਪੀ.ਸੀ. ਦਾ ਫ਼ੈਸਲਾ ਗੁਰੂ ਦਾ ਫਰਮਾਨ ਬਣ ਗਿਆ। ਜਦੋਂ ਕਾਰ ਸੇਵਾ ਚਲ ਰਹੀ ਸੀ ਤਾਂ ਸੈਂਟਰਲ ਸਿੱਖ ਲੀਗ ਨੇ ਜਲ੍ਹਿਆਂਵਾਲਾ ਬਾਗ਼ ਵਿੱਚ ਆਪਣਾ ਸਮਾਗਮ ਕੀਤਾ। ਇਸ ਇਜਲਾਸ ਵਿੱਚ ਇਹ ਅਫ਼ਵਾਹ ਫੈਲ ਗਈ ਕਿ ਭਾਰਤ ਸਰਕਾਰ ਨਾਭਾ ਦੇ ਮਹਾਰਾਜੇ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਉਤਾਰਨਾ ਚਾਹੁੰਦੀ ਹੈ। ਕੁਝ ਦਿਨ ਮਗਰੋਂ ਇਹ ਐਲਾਨ ਹੋ ਗਿਆ ਕਿ ਮਹਾਰਾਜੇ ਨੇ ਰਾਜ ਅਧਿਕਾਰ ਤਿਆਗ ਦਿੱਤਾ ਹੈ।

ਜੈਤੋ—ਮਹਾਰਾਜਾ ਨਾਭਾ ਦਾ ਝਗੜਾ ਭਾਰਤ ਸਰਕਾਰ ਨਾਲ ਨਹੀਂ, ਮਹਾਰਾਜਾ ਪਟਿਆਲੇ ਨਾਲ ਸੀ। ਪਰ ਉਸ ਨੇ ਆਪਣੇ ਧਰਮ ਦੇ ਮਾਮਲਿਆਂ ਵਿੱਚ ਦਿਲਚਸਪੀ ਲਈ ਸੀ ਤੇ ਸਰਕਾਰ ਉਹਦੀ ਰਾਸ਼ਟਰੀ ਤੇ ਅਕਾਲੀ ਲਹਿਰਾਂ ਨਾਲ ਹਮਦਰਦੀ ਤੋਂ ਵਾਕਫ਼

---

26. ਇਹ ਅਕਾਲੀਆਂ ਦੀ ਰਿਹਾਈ ਲਈ ਇਹ ਦੂਸਰੀ ਕੋਸ਼ਿਸ਼ ਸੀ। 1922 ਵਿੱਚ ਪਹਿਲੀ ਕੋਸ਼ਿਸ਼ ਸਰਕਾਰ ਦੇ ਸਮਰਥਕਾਂ ਨੇ ਅਸਫਲ ਕਰ ਦਿੱਤੀ ਸੀ। ਪੀ.ਐਲ.ਸੀ.ਡੀ. 8 ਮਾਰਚ 1923, ਪੰਨਾ 1100 ਸਰਕਾਰ ਦੇ ਅਨੁਸਾਰ 1 ਜਨਵਰੀ 1923 ਜੇਲ੍ਹ ਵਿੱਚ ਅਕਾਲੀਆਂ ਦੀ ਗਿਣਤੀ 3957 ਸੀ ਜਿਹਨਾਂ ਵਿੱਚੋਂ 3148 ਨੂੰ ਗੁਰੂ ਕੇ ਬਾਗ ਵਿੱਚ ਸਜ਼ਾ ਹੋਈ ਸੀ। 25 ਅਕਤੂਬਰ 1923 ਨੂੰ ਜਾਨ ਮੇਨਾਰਡ ਨੇ ਗੁਰੂ ਕੇ ਬਾਗ਼ ਦੇ ਕੈਦੀਆਂ ਦੀ ਗਿਣਤੀ 4400 ਤੋਂ ਉੱਪਰ ਦੱਸੀ। ਅੰਤਿਮ ਗਿਣਤੀ 5554 ਸੀ। ਪੀ.ਐਲ.ਸੀ.ਡੀ. 2 ਜਨਵਰੀ 1924, ਪੰਨਾ 124.
27. ਇਹ ਆਮ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਇਕ ਬਾਜ਼ ਜੋ ਕਦੇ-ਕਦੇ ਸਵਰਨ ਮੰਦਰ ਦੇ ਕੇਂਦਰੀ ਕਲਸ਼ 'ਤੇ ਬੈਠਦਾ ਸੀ ਗੁਰੂ ਗੋਬਿੰਦ ਸਿੰਘ ਦਾ ਕਾਸਦ ਸੀ। ਇਸ ਦੰਦ ਕਥਾ ਨੇ ਲੋਕਾਂ ਵਿੱਚ ਜੋਸ਼ ਭਰ ਦਿੱਤਾ ਤੇ ਅਕਾਲੀਆਂ ਦੀ ਲੋਕਪ੍ਰਿਅਤਾ ਵਿੱਚ ਵਾਧਾ ਕਰ ਦਿੱਤਾ ਜਿਹਨਾਂ ਦੀਆਂ ਗਤੀਵਿਧੀਆਂ ਨਾਲ ਇਹ ਕਰਾਮਾਤ ਵੀ ਜੁੜ ਗਈ।

ਸੀ।[28] ਸਰਕਾਰ ਨੇ ਝਗੜੇ ਦੀ ਪੜਤਾਲ ਲਈ ਅਲਾਹਬਾਦ ਹਾਈ ਕੋਰਟ ਦੇ ਜੱਜ ਸਟੀਵਾਰਟ ਨੂੰ ਨਿਯੁਕਤ ਕਰ ਦਿੱਤਾ। ਉਸ ਦੀ ਪੜਤਾਲ ਮਹਾਰਾਜਾ ਨਾਭੇ ਦੇ ਵਿਰੁੱਧ ਸੀ।[29] ਪੁਲਿਟੀਕਲ ਏਜੰਟ ਨੇ ਰਿਪੁਦਮਨ ਸਿੰਘ ਨੂੰ ਆਪਣੇ ਨਾਬਾਲਗ਼ ਪੁੱਤਰ ਦੇ ਹੱਕ ਵਿੱਚ ਗੱਦੀ ਤਿਆਗ ਦੇਣ ਲਈ ਮਨਾ ਲਿਆ। ਐਸ.ਜੀ.ਪੀ.ਸੀ. ਨੇ ਸਿੱਖਾਂ ਨੂੰ 9 ਸਤੰਬਰ 1923 ਨੂੰ ਨਾਭਾ ਦਿਵਸ ਮਨਾਉਣ ਦੀ ਪ੍ਰੇਰਨਾ ਦੇਣ ਲਈ ਇਕ ਮਤਾ ਪਾਸ ਕਰ ਦਿੱਤਾ। ਨਾਭੇ ਦੇ ਸਿੱਖਾਂ ਨੇ ਆਪਣੇ ਗੁਰਦਵਾਰਿਆਂ ਵਿੱਚ ਗ੍ਰੰਥ ਦੇ ਅਖੰਡ-ਪਾਠਾਂ ਦਾ ਆਯੋਜਨ ਕੀਤਾ। ਇਕ ਅਜਿਹੇ ਅਖੰਡ ਪਾਠ ਵਿੱਚ ਜੋ ਜੈਤੋ ਪਿੰਡ ਦੇ ਗੁਰਦਵਾਰਾ ਗੰਗਸਰ ਵਿੱਚ ਰਖਵਾਇਆ ਗਿਆ ਸੀ, ਪੁਲੀਸ ਨੇ ਰੋਕ ਪਾ ਦਿੱਤੀ। ਇਕ ਨਵਾਂ ਮੋਰਚਾ ਲਾ ਦਿੱਤਾ ਗਿਆ। ਜੈਤੋ ਵਿੱਚ ਹਰ ਰੋਜ਼ ਅਮਨ-ਪਸੰਦ ਸੱਤਿਆਗ੍ਰਹਿ ਕਰਨ ਲਈ ਜੱਥੇ ਪਹੁੰਚਣੇ ਸ਼ੁਰੂ

---

28. ਸ਼੍ਰੋ: ਕਮੇਟੀ ਨੂੰ ਹਜ਼ਾਰਾਂ ਤਾਰਾਂ ਮਿਲੀਆਂ ਜਿਸ ਵਿੱਚ ਨਾਭਾ ਮਾਮਲੇ ਦੀ ਪੂਰੀ ਪੜਤਾਲ ਦੀ ਮੰਗ ਕੀਤੀ ਗਈ। ਕਮੇਟੀ ਨੇ ਇਸ ਸਬੰਧ ਵਿੱਚ ਵਾਇਸਰਾਏ ਨੂੰ ਤਾਰ ਭੇਜੀ। ਮਹਾਰਾਜਾ ਨਾਭਾ ਦੀ ਗੁਰਦਵਾਰਾ ਸੁਧਾਰ ਲਹਿਰ ਵਿੱਚ ਡੂੰਘੀ ਹਮਦਰਦੀ ਸੀ ਤੇ ਉਸ ਨੇ ਰਿਕਾਬਗੰਜ ਗੁਰਦਵਾਰੇ ਦੀ ਕੰਧ ਦੇ ਮਾਮਲੇ ਵਿੱਚ ਅੰਦੋਲਨ ਸਮੇਂ ਕਾਫ਼ੀ ਸੇਵਾ ਤੇ ਸਹਾਇਤਾ ਕੀਤੀ ਸੀ। ਅਕਾਲੀ ਲੀਡਰਾਂ ਦੇ ਮੁਕੱਦਮੇ ਵਿੱਚ ਮਹਿਤਾਬ ਸਿੰਘ ਦਾ ਬਿਆਨ I, 711
29. ਜਸਟਿਸ ਸਟੀਵਾਰਟ ਨੇ 3 ਜਨਵਰੀ ਤੋਂ 2 ਮਈ 1923 ਤੱਕ ਅੰਬਾਲੇ ਵਿੱਚ ਪੜਤਾਲ ਕੀਤੀ। ਉਸ ਦੀ ਪੜਤਾਲ ਨੂੰ ਆਮ ਲੋਕਾਂ ਤੋਂ ਗੁਪਤ ਰੱਖਿਆ ਗਿਆ। ਸਿਰਫ਼ ਸਰਕਾਰ ਨੂੰ ਤੇ ਸੰਬੰਧਿਤ ਧਿਰਾਂ ਨੂੰ ਹੀ ਪੜਤਾਲ ਦੀਆਂ ਪਰਤਾਂ ਦਿੱਤੀਆਂ ਗਈਆਂ। ਇਕ ਮਹਾਰਾਜੇ ਵੱਲੋਂ ਦੂਸਰੇ ਮਹਾਰਾਜੇ ਬਾਰੇ ਦੋਸ਼ਾਂ ਤੇ ਪ੍ਰਤਿਦੋਸ਼ਾਂ ਦੀ ਪੂਰੀ ਜਾਣਕਾਰੀ ਉਸ ਸਮੇਂ ਹੀ ਦਿੱਤੀ ਗਈ ਜਦੋਂ ਅਕਾਲੀਆਂ ਨੇ ਤੇ ਉਹਨਾਂ ਦੇ ਮਗਰ ਹੀ ਇੰਡੀਅਨ ਨੈਸ਼ਨਲ ਕਾਂਗਰਸ ਨੇ ਰਿਪੁਦਮਨ ਸਿੰਘ ਨੂੰ ਰਸਮੀ ਤੌਰ 'ਤੇ ਸਮਰਥਨ ਦੇਣ ਦੀ ਪ੍ਰਤਿੱਗਿਆ ਕੀਤੀ। ਪਹਿਲੀ ਜੂਨ 1923 ਨੂੰ ਅੰਮ੍ਰਿਤਸਰ ਵਿੱਚ ਸੈਂਟਰਲ ਸਿੱਖ ਲੀਗ ਦੇ ਇਕ ਸਮਾਗਮ ਵਿੱਚ ਇਸ ਦੇ ਪ੍ਰਧਾਨ ਸੁੰਦਰ ਸਿੰਘ ਲਾਇਲਪੁਰੀ ਨੇ ਨਾਭੇ ਦੀ ਹਿਮਾਇਤ ਕਰਦਿਆਂ ਹੋਇਆਂ ਇਹ ਗੱਲ ਮੰਨੀ ਕਿ ਦੋਵੇਂ ਮਹਾਰਾਜੇ ਬਦਨਾਮ ਸਨ। ਇੰਡੀਅਨ ਨੈਸ਼ਨਲ ਕਾਂਗਰਸ ਦੇ ਦਸੰਬਰ 1923 ਦੇ ਸਮਾਗਮ ਵਿੱਚ ਕੋਕਾਨਾਡਾ ਵਿਖੇ ਇਸ ਦੇ ਪ੍ਰਧਾਨ ਮੌਲਾਨਾ ਮੁਹੰਮਦ ਅਲੀ ਨੇ ਕਿਹਾ, "ਸਾਨੂੰ ਮਹਾਰਾਜੇ ਨਾਲ ਕੋਈ ਹਮਦਰਦੀ ਨਹੀਂ। ਪਰ ਇਹ ਗੱਲ ਪੱਕੀ ਹੈ ਕਿ ਜੋ ਵੀ ਉਹਦੇ ਆਲੋਚਕ ਕਹਿੰਦੇ ਹਨ ਸੱਚ ਵੀ ਹੋਵੇ, ਤਦ ਵੀ ਉਸ ਨੂੰ ਉਹਦੇ ਔਗੁਣਾਂ ਕਰਕੇ ਨਹੀਂ, ਸਗੋਂ ਉਹਦੇ ਗੁਣਾਂ ਕਰਕੇ ਗੱਦੀ ਤੋਂ ਲਾਹਿਆ ਗਿਆ ਹੈ।" ਅਕਾਲੀਆਂ ਨੇ ਨਾਭੇ ਦੇ ਮਾਮਲੇ ਬਾਰੇ ਆਪਣਾ ਪੱਖ ਇਕ ਕਿਤਾਬਚੀ "ਨਾਭੇ ਬਾਰੇ ਸੱਚ" ਵਿੱਚ ਛਾਪਿਆ ਤੇ ਕਿਹਾ ਕਿ ਨਾਭੇ ਪ੍ਰਤੀ ਸਰਕਾਰ ਦੀ ਦੁਸ਼ਮਣੀ ਉਹਦੇ ਮਹਾਰਾਜਾ ਰਿਪੁਦਮਨ ਸਿੰਘ ਦੀ ਕੌਮੀ ਨੇਤਾਵਾਂ ਨਾਲ ਸਬੰਧਾਂ ਕਰਕੇ ਸੀ। ਭੁਪਿੰਦਰ ਸਿੰਘ ਪਟਿਆਲਾ (ਜਿਸ ਦੀ ਮ੍ਰਿਤੂ 1937 ਈ: ਵਿੱਚ ਹੋਈ) ਦਾ ਨਾਮ ਇਸਤਰੀਆਂ ਪ੍ਰਤੀ ਉਹਦੀ ਅਮੁੱਖ ਭੁੱਖ ਤੇ ਲਾਲਸਾ ਸੀ। ਨਾਭੇ ਦਾ ਰਿਪੁਦਮਨ ਸਿੰਘ ਵੀ ਸੰਤ ਨਹੀਂ ਸੀ। ਬਹੁਤ ਸਾਰੇ ਇਲਜ਼ਾਮਾਂ ਤੇ ਜਵਾਬੀ ਇਲਜ਼ਾਮਾਂ 'ਚੋਂ ਇਕ ਦਾ ਲਾਲ ਸਿੰਘ ਦੇ ਕਤਲ ਨਾਲ ਤੇ ਦੂਸਰੇ ਦਾ ਈਸ਼ਰ ਕੌਰ ਨਾਂ ਦੀ ਤੀਵੀਂ ਦੇ ਗੁੰਮ ਹੋ ਜਾਣ ਨਾਲ ਸੰਬੰਧ ਸੀ।

ਹੋ ਗਏ। ਸਰਕਾਰ ਨੇ ਵੀ ਚੁਣੌਤੀ ਪ੍ਰਵਾਨ ਕਰ ਲਈ। ਐਸ.ਜੀ.ਪੀ.ਸੀ. ਤੇ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ ਤੇ 59 ਅਕਾਲੀ ਨੇਤਾ ਗਰਿਫ਼ਤਾਰ ਕਰ ਲਏ ਗਏ।[30] ਉਹਨਾਂ ਉੱਪਰ ਬਾਦਸ਼ਾਹ ਵਿਰੁੱਧ ਜੰਗ ਛੇੜਨ ਦਾ ਦੋਸ਼ ਲਾਇਆ ਗਿਆ ਤੇ ਮੁਕੱਦਮੇ ਲਈ ਲਾਹੌਰ ਭੇਜ ਦਿੱਤੇ ਗਏ। ਸਾਰੇ ਚੋਟੀ ਦੇ ਨੇਤਾਵਾਂ ਦੀ ਕੈਦ ਨਾਲ ਨਾਭਾ ਅੰਦੋਲਨ ਕੁਚਲਿਆ ਨਾ ਜਾ ਸਕਿਆ ਸਗੋਂ ਇਹ ਸਹੀ ਅਰਥਾਂ ਵਿੱਚ ਇਕ ਲੋਕ-ਲਹਿਰ ਦਾ ਰੂਪ ਧਾਰਨ ਕਰ ਗਿਆ। ਜੈਤੋ ਜਾਣ ਵਾਲੇ ਜੱਥੇ ਦਾ ਆਕਾਰ 25 ਤੋਂ ਵੱਧ ਕੇ 100 ਤੋਂ 500 ਤੱਕ ਹੋ ਗਿਆ। ਉਹ ਪੰਜਾਬ ਦੇ ਸਾਰੇ ਭਾਗਾਂ ਤੋਂ ਆਉਂਦੇ ਸਨ ਤੇ ਜਿਹਨਾਂ ਪਿੰਡਾਂ ਵਿੱਚੋਂ ਦੀ ਜੱਥੇ ਲੰਘਦੇ ਸਨ, ਸਭ ਸਿੱਖ ਹਿੰਦੂ ਤੇ ਮੁਸਲਮਾਨ ਉਹਨਾਂ ਦੀ ਸੇਵਾ ਕਰਦੇ, ਸੁਆਗਤ 'ਚ ਹਾਰ ਪਾਉਂਦੇ ਤੇ ਸ਼ੁੱਭ-ਇੱਛਾਵਾਂ ਦਿੰਦੇ। ਇਸ ਮੋਰਚੇ ਨਾਲ ਇੰਡੀਅਨ ਨੈਸ਼ਨਲ ਕਾਂਗਰਸ ਨੇ ਪੂਰਨ ਹਮਦਰਦੀ ਦਿਖਾਈ ਤੇ ਜੈਤੋ ਮੋਰਚੇ ਵਿੱਚ ਗਰਿਫ਼ਤਾਰ ਹੋਣ ਵਾਲਿਆਂ ਵਿੱਚ ਜਵਾਹਰ ਨਾਲ ਵੀ ਸ਼ਾਮਿਲ ਸੀ।

ਜਦੋਂ ਜੈਤੋ ਮੋਰਚਾ ਚੱਲ ਰਿਹਾ ਸੀ ਤਾਂ ਉਸ ਸਮੇਂ ਲਾਹੌਰ ਵਿੱਚ "ਭਾਈ ਫੇਰੂ" ਵਿਖੇ ਮੋਰਚਾ ਲਾ ਦਿੱਤਾ ਗਿਆ ਜਿੱਥੇਂ ਮਹੰਤ ਅਕਾਲੀਆਂ ਨਾਲ ਕੀਤੇ ਹੋਏ ਸਮਝੌਤੇ ਤੋਂ ਮੁਕੱਰ ਗਿਆ ਸੀ ਤੇ ਉਸ ਨੇ ਅਕਾਲੀਆਂ 'ਤੇ ਨਾਜਾਇਜ਼ ਪ੍ਰਵੇਸ਼ ਦਾ ਇਲਜ਼ਾਮ ਲਾ ਦਿੱਤਾ ਸੀ। ਭਾਈ ਫੇਰੂ ਹਰ ਰੋਜ਼ 25 ਅਕਾਲੀ ਗਰਿਫ਼ਤਾਰੀ ਦੇਣ ਲਈ ਜਾਣ ਲੱਗੇ।

ਲਗਾਤਾਰ ਸ਼ਾਂਤਮਈ ਸਤਿਆਗ੍ਰਹਿ ਕਰਨ ਵਾਲੇ ਅਕਾਲੀਆਂ ਦੇ ਜੈਤੋ ਤੇ ਭਾਈ ਫੇਰੂ ਪਹੁੰਚਦੇ ਰਹਿਣ ਤੇ ਸਰਕਾਰ ਬਹੁਤ ਕਰੋਧਿਤ ਹੋ ਉੱਠੀ ਤੇ ਇਸ ਲਹਿਰ ਨੂੰ ਕੁਚਲ ਦੇਣ ਲਈ ਖ਼ਤਰਨਾਕ ਤੇ ਭਿਆਨਕ ਯਤਨ ਸ਼ੁਰੂ ਕਰ ਦਿੱਤੇ। ਜਨਵਰੀ 1924 ਦੇ ਪਹਿਲੇ ਹਫ਼ਤੇ, ਅੰਮ੍ਰਿਤਸਰ ਦੀ ਪੁਲੀਸ ਨੇ ਅਕਾਲ ਤਖ਼ਤ 'ਤੇ ਧਾਵਾ ਬੋਲਿਆ, ਐਸ.ਜੀ.ਪੀ.ਸੀ. ਦੇ ਦਸਤਾਵੇਜ਼ ਫੜ ਲਏ ਤੇ 62 ਹੋਰ ਆਦਮੀਆਂ ਨੂੰ ਗਰਿਫ਼ਤਾਰ ਕਰ ਲਿਆ। ਪੰਜਾਬ ਪੁਲੀਸ ਵੱਲੋਂ ਉਠਾਏ ਗਏ ਕਦਮਾਂ ਕਾਰਨ ਨਾਭਾ ਰਿਆਸਤ ਦੇ ਅਧਿਕਾਰੀਆਂ ਨੂੰ ਹੋਰ ਉਤਸ਼ਾਹ ਮਿਲ ਗਿਆ ਤੇ ਉਹਨਾਂ ਹੋਰ ਸਖ਼ਤੀ ਕਰ ਦਿੱਤੀ। ਅੰਗਰੇਜ਼ ਪ੍ਰਬੰਧਕ ਨੇ ਨਾਭਾ ਰਿਆਸਤ ਦੇ ਅਕਾਲੀਆਂ ਦੀ ਜਾਇਦਾਦ ਜ਼ਬਤ ਕਰ ਲੈਣ ਦੇ ਹੁਕਮ ਜਾਰੀ ਕਰ ਦਿੱਤੇ। ਕਈ ਹਜ਼ਾਰ ਲੋਕਾਂ ਨੂੰ ਪਿੰਡਾਂ ਵਿੱਚ ਜੂਹ-ਬੰਦ ਕਰ ਦਿੱਤਾ ਤੇ ਜੈਤੋ ਆ ਰਹੇ ਜੱਥਿਆਂ ਉੱਪਰ ਵਧੇਰੇ ਸਖ਼ਤੀ ਕਰਨ ਦੇ ਹੁਕਮ ਦੇ ਦਿੱਤੇ। 21 ਫਰਵਰੀ 1924 ਨੂੰ 500 ਅਕਾਲੀਆਂ ਦਾ ਇਕ ਜੱਥਾ ਜੈਤੋ ਪਹੁੰਚਿਆ ਤੇ ਉਸ ਦੇ ਅਧਿਕਾਰੀਆਂ ਵੱਲੋਂ ਚਲੇ ਜਾਣ ਲਈ ਕਹਿਣ ਤੋਂ ਇਨਕਾਰ ਕਰ ਪਿੱਛੋਂ ਗੋਲੀ ਚਲਾਏ ਜਾਣ ਨਾਲ ਕਾਫ਼ੀ ਜਾਨੀ ਨੁਕਸਾਨ

30. ਉਹਨਾਂ ਵਿੱਚ ਮਹਿਤਾਬ ਸਿੰਘ, ਤੇਜਾ ਸਿੰਘ ਸਮੁੰਦਰੀ, ਤੇਜਾ ਸਿੰਘ ਅਕਰਪੁਰੀ, ਭਗਤ ਜਸਵੰਤ ਸਿੰਘ, ਮਾਸਟਰ ਤਾਰਾ ਸਿੰਘ, ਬਾਵਾ ਹਰਿਕਿਸ਼ਨ ਸਿੰਘ, ਗਿਆਨੀ ਸ਼ੇਰ ਸਿੰਘ, ਪ੍ਰੋਫ਼ੈਸਰ ਤੇਜਾ ਸਿੰਘ, ਪ੍ਰੋਫ਼ੈਸਰ ਨਿਰੰਜਨ ਸਿੰਘ, ਸਰਮੁਖ ਸਿੰਘ ਝੱਬਾਲ, ਸੋਹਨ ਸਿੰਘ ਜੋਸ਼, ਗੋਪਾਲ ਸਿੰਘ ਕੌਮੀ ਤੇ ਸੇਵਾ ਸਿੰਘ ਠੀਕਰੀਵਾਲਾ ਸ਼ਾਮਿਲ ਸਨ। ਇਸ ਮੁਕੱਦਮੇ ਦਾ ਸਿੱਖ ਰਾਜਨੀਤੀ ਉੱਪਰ ਭਵਿੱਖ ਵਿੱਚ ਬੜਾ ਨਿਰਣਾਇਕ ਤੇ ਮਹੱਤਵਪੂਰਨ ਪ੍ਰਭਾਵ ਪਿਆ। ਇਹ ਮੁਕੱਦਮਾ 2 ਸਾਲ 3 ਮਹੀਨੇ ਬਿਨਾਂ ਕਿਸੇ ਸਿੱਟੇ ਦੇ ਚਲਿਆ।

ਹੋਇਆ।[31] ਇਸ ਗੋਲੀ ਕਾਂਡ ਨਾਲ ਸਾਰੇ ਭਾਰਤ ਵਿੱਚ ਅਕਾਲੀਆਂ ਨਾਲ ਹਮਦਰਦੀ ਹੋ ਗਈ।[32] ਤੇ ਸਿੱਖ ਆਜ਼ਾਦੀ ਲਹਿਰ ਵੱਲ ਖਿੱਚੇ ਗਏ।

ਸਰਕਾਰ ਨੇ ਅਕਾਲੀਆਂ ਨੂੰ ਅਲੱਗ-ਥਲੱਗ ਕਰਨ ਲਈ ਇਸ ਗੱਲ ਦਾ ਬੜਾ ਪ੍ਰਚਾਰ ਕੀਤਾ ਕਿ ਉਹ ਪੰਜਾਬ ਵਿੱਚ ਸਿੱਖ ਰਾਜ ਦੀ ਸਥਾਪਨਾ ਕਰਨ ਦੀ ਇੱਛਾ ਰੱਖਦੇ ਹਨ। ਇਸ ਦਾ ਉਲਟਾ ਅਸਰ ਹੋਇਆ। ਜਿਹੜੇ ਸਿੱਖ ਇਸ ਲਹਿਰ ਤੋਂ ਨਿਰਲੇਪ ਸਨ, ਉਹਨਾਂ ਨੇ ਵੀ ਮਹਿਸੂਸ ਕੀਤਾ ਕਿ ਉਹਨਾਂ ਦਾ ਕਰਤੱਵ ਬਣਦਾ ਹੈ ਕਿ ਉਹ ਵੀ ਉਸ ਲਹਿਰ ਦਾ ਸਮਰਥਨ ਕਰਨ ਜੋ ਸਿੱਖ ਰਾਜ ਦੀ ਪੁਨਰ-ਸਥਾਪਤੀ ਦੀ ਇਛੱਕ ਹੈ। ਕਿਉਂਕਿ ਸਰਕਾਰ ਦੇ ਦੋਸ਼ ਵਿੱਚ ਕੋਈ ਸੱਚਾਈ ਨਹੀਂ ਸੀ, ਸਿੱਖ ਨੇਤਾ ਤੇ ਕਾਂਗਰਸ ਸਰਕਾਰ ਉੱਪਰ ਛਲ-ਕਪਟ ਦਾ ਦੋਸ਼ ਲਾਉਣ ਵਿੱਚ ਸਫ਼ਲ ਹੋ ਗਏ। ਇਸ ਦੌਰਾਨ ਪੰਜਾਬ ਦੇ ਕੋਨੇ-ਕੋਨੇ ਤੋਂ ਜੱਥੇ ਜੇਤੂ ਅੰਦਾਜ਼ 'ਚ ਅੰਮ੍ਰਿਤਸਰ ਪਹੁੰਚਦੇ ਰਹੇ ਤੇ ਉੱਥੋਂ ਜੈਤੋ ਤੇ ਭਾਈ ਫੇਰੂ ਜਾਂਦੇ ਰਹੇ।

---

31. ਸਰਕਾਰੀ ਪੱਖ ਤੇ ਵੇਰਵੇ ਅਨੁਸਾਰ 21 ਆਦਮੀ ਮਾਰੇ ਗਏ ਤੇ 33 ਜ਼ਖ਼ਮੀ ਹੋ ਗਏ। ਅਕਾਲੀਆਂ ਅਨੁਸਾਰ 100 ਤੋਂ ਵੱਧ ਲੋਕ ਮਰੇ ਤੇ ਜ਼ਖ਼ਮੀਆਂ ਦੀ ਗਿਣਤੀ 200 ਤੋਂ ਵੱਧ ਸੀ।

    ਲੋਕਾਂ ਦੇ ਦਬਾਅ ਕਾਰਨ ਸਰਕਾਰ ਨੂੰ ਜੈਤੋ ਦੇ ਗੋਲੀ ਕਾਂਡ ਦੀ ਪੜਤਾਲ ਕਰਾਉਣ ਹਈ ਮਜਬੂਰ ਹੋਣਾ ਪਿਆ। ਪ੍ਰਾਂਤਕ ਸਿਵਲ ਸੇਵਾ ਦੇ ਅਧੀਨ ਮੈਜਿਸਟ੍ਰੇਟ ਨੇ ਪੁਲੀਸ ਨੂੰ ਜ਼ਿਆਦਤੀ ਵਰਤਣ ਦੇ ਦੋਸ਼ ਤੋਂ ਮੁਕਤ ਕਰ ਦਿੱਤਾ। ਇੰਡੀਆ ਇਨ 1922-23, ਪੰਨਾ 325-31

    ਭਾਵੇਂ ਅਕਾਲੀਆਂ ਵੱਲੋਂ ਮ੍ਰਿਤਕ ਤੇ ਜ਼ਖ਼ਮੀਆਂ ਦੀ ਗਿਣਤੀ ਵਿੱਚ ਅਤਿਕਥਨੀ ਸੀ, ਪ੍ਰੰਤੂ ਉਹਨਾਂ ਦਾ ਇਹ ਕਹਿਣਾ ਸਹੀ ਸੀ ਕਿ ਪੁਲੀਸ ਨੇ ਬਿਨਾਂ ਭੜਕਾਹਟ ਦੇ ਗੋਲੀ ਚਲਾਈ। ਇਸ ਦੀ ਪ੍ਰੋੜ੍ਹਤਾ ਪ੍ਰੋਫ਼ੈਸਰ ਗਿਡਵਾਨੀ ਤੇ ਡਾਕਟਰ ਕਿਚਲਯੂ ਜੋ ਉਸ ਮੌਕੇ ਫੜੇ ਗਏ ਸਨ ਤੇ ਇਕ ਸੁਤੰਤਰ ਗਵਾਹ ਮਿਸਟਰ ਜ਼ਿਮੰਡ ਜੋ ਨਿਊਯਾਰਕ ਟਾਈਮਜ਼ ਦਾ ਪੱਤਰ ਪ੍ਰੇਰਕ ਸੀ, ਨੇ ਵੀ ਕੀਤੀ।

    9 ਫਰਵਰੀ 1924 ਮਹਾਤਮਾ ਗਾਂਧੀ ਨੂੰ ਲਿਖੇ ਪੱਤਰ ਵਿੱਚ ਮਿ: ਜਿਮਾਂਡ ਨੇ ਲਿਖਿਆ : "ਮੈਂ ਹਰ ਮੌਕੇ ਤੇ ਜੱਥੇ ਤੇ ਹਜੂਮ ਨੂੰ ਵੇਖਿਆ। ਮੈਂ ਜੱਥੇ ਜਾਂ ਹਜੂਮ ਵਿੱਚ ਕਿਸੇ ਇਕ ਵਿਅਕਤੀ ਕੋਲ ਇਕ ਵੀ ਬੰਦੂਕ ਨਹੀਂ ਵੇਖੀ ਸੀ। ਜੱਥੇ ਦੇ ਮੈਂਬਰਾਂ ਨੇ ਕਿਰਪਾਨਾਂ ਪਹਿਨੀਆਂ ਹੋਈਆਂ ਸਨ ਤੇ ਭੀੜ ਕੋਲ ਲਾਠੀਆਂ ਸਨ। ਜਿੱਥੇ ਤੱਕ ਮੈਨੂੰ ਪਤਾ ਹੈ ਕਿਸੇ ਕੋਲ ਕੋਈ ਹੋਰ ਹਥਿਆਰ ਨਹੀਂ ਸੀ।

32. 27 ਫਰਵਰੀ 1924 ਨੂੰ ਕੇਂਦਰੀ ਲੈਜਿਸਲੇਟਿਵ ਅਸੈਂਬਲੀ ਦੇ 47 ਮੈਂਬਰਾਂ ਨੇ ਜੈਤੋ ਗੋਲੀ ਕਾਂਡ ਦੇ ਵਿਚਾਰ ਕਰਨ ਲਈ ਕੰਮ-ਰੋਕੂ ਮਤਾ ਪੇਸ਼ ਕੀਤਾ। ਮਤੇ ਨੂੰ ਪੇਸ਼ ਕਰਨ ਵਾਲਿਆਂ ਵਿੱਚ ਮੁਹੰਮਦ ਅਲੀ ਜਿਨੱਾਹ ਤੇ ਮਦਨ ਮੋਹਨ ਮਾਲਵੀਆ ਵੀ ਸਨ।

    ਸਪੀਕਰ ਨੇ ਪ੍ਰਸਤਾਵ ਪੇਸ਼ ਕਰਨ ਦੀ ਆਗਿਆ ਨਾ ਦਿੱਤੀ। ਇਕ ਦਿਨ ਮਗਰੋਂ ਆਲ ਇੰਡੀਆ ਕਾਂਗਰਸ ਦੀ ਵਰਕਿੰਗ ਕਮੇਟੀ ਦੀ ਬੈਠਕ ਦਿੱਲੀ ਵਿੱਚ ਮੁਹੰਮਦ ਅਲੀ ਦੀ ਪ੍ਰਧਾਨਗੀ ਵਿੱਚ ਹੋਈ ਤੇ ਜੈਤੋ ਮੋਰਚੇ ਦੇ ਪੀੜਤਾਂ ਨਾਲ ਮਤਾ ਪਾਸ ਕਰਕੇ ਹਮਦਰਦੀ ਪ੍ਰਗਟ ਕੀਤੀ ਗਈ ਤੇ ਹਰ ਪ੍ਰਕਾਰ ਦੀ ਸਹਾਇਤਾ ਦਾ ਭਰੋਸਾ ਦਿੱਤਾ ਗਿਆ। ਅੰਮ੍ਰਿਤਸਰ ਵਿੱਚ ਕਾਂਗਰਸ ਅਕਾਲੀ ਦਫ਼ਤਰ ਕਾਇਮ ਕਰ ਦਿੱਤਾ ਗਿਆ।

ਸਿੱਖ ਗੁਰਦਵਾਰਾ ਕਾਨੂੰਨ—ਫ਼ੌਜੀਆਂ ਵਿੱਚ ਅਕਾਲੀਆਂ ਪ੍ਰਤੀ ਹਮਦਰਦੀ ਤੋਂ ਫ਼ੌਜੀ ਅਧਿਕਾਰੀ ਬਹੁਤ ਚਿੰਤਿਤ ਸਨ। ਮਾਰਚ 1924 ਵਿੱਚ, ਜਨਰਲ ਸਰ ਬਰਡਵੁੱਡ ਨੇ ਅਕਾਲੀਆਂ ਨਾਲ ਗੱਲਬਾਤ ਸ਼ੁਰੂ ਕੀਤੀ। ਉਸ ਸਮੇਂ ਅਕਾਲੀਆਂ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਜੈਤੋ ਮੋਰਚਾ ਰਿਪੁਦਮਨ ਸਿੰਘ ਦੀ ਬਰਖ਼ਾਸਤਗੀ ਵਿਰੁੱਧ ਨਹੀਂ ਸਗੋਂ ਇਹ ਤਾਂ ਕਿਸੇ ਬਾਹਰਲੀ ਦਖ਼ਲ-ਅੰਦਾਜ਼ੀ ਬਿਨਾਂ ਆਪਣੇ ਗੁਰਦਵਾਰਿਆਂ ਵਿੱਚ ਆਪਣੀਆਂ ਧਾਰਮਕ ਰੀਤੀਆਂ ਨੂੰ ਨਿਬਾਹੁਣ ਦੇ ਹੱਕ ਨੂੰ ਦ੍ਰਿੜ੍ਹ ਕਰਾਉਣ ਤੇ ਦਾਅਵੇ ਨੂੰ ਪ੍ਰਸਤੁਤ ਕਰਨ ਲਈ ਸੀ।[33] ਜਨਰਲ ਬਰਡਵੁੱਡ ਦੇ ਯਤਨ ਮਗਰੋਂ ਰੰਗ ਲਿਆਏ ਜਦ ਮਈ 1924 ਵਿੱਚ ਸਰ ਮੈਕਲਮ ਹੇਲੀ ਪੰਜਾਬ ਦਾ ਲੈਫ. ਗਵਰਨਰ ਬਣਿਆ। ਹੇਲੀ ਬੜਾ ਨਿਪੁੰਨ ਕਰਮਕਾਰੀ ਸੀ। ਉਸ ਨੇ ਸ਼ਾਂਤਮਈ ਅਕਾਲੀ ਸਤਿਆਗ੍ਰਹੀਆਂ ਵਿਰੁੱਧ ਪੁਲੀਸ ਦੀ ਸਖ਼ਤੀ ਵੀ ਜਾਰੀ ਰੱਖੀ ਤੇ ਨਾਲ ਦੀ ਨਾਲ ਨਰਮ ਖ਼ਿਆਲੀਏ ਸਿੱਖਾਂ ਨਾਲ ਸਮਝੌਤੇ ਲਈ ਗੱਲਬਾਤ ਵੀ ਸ਼ੁਰੂ ਕਰ ਦਿੱਤੀ। ਉਸ ਨੇ ਨਰਮ ਖ਼ਿਆਲੀ ਸਿੱਖਾਂ ਨੂੰ ਸਿੱਖ ਜ਼ਿਲ੍ਹਿਆਂ ਵਿੱਚ ਸਥਾਨਕ ਸਿੱਖਾਂ ਦੀਆਂ ਸੁਧਾਰ ਕਮੇਟੀਆਂ ਬਣਾਉਣ ਲਈ ਉਤਸ਼ਾਹਿਤ ਕੀਤਾ। ਉਸ ਨੇ ਸਾਰੇ ਸੂਬੇ ਦਾ ਦੌਰਾ ਕੀਤਾ ਤੇ ਆਪਣੇ ਭਾਸ਼ਣਾਂ ਵਿੱਚ ਸਿੱਖਾਂ ਨੂੰ ਚਿਤਾਵਨੀ ਦਿੱਤੀ ਕਿ ਲਗਾਤਾਰ ਅੰਦੋਲਨ ਨਾਲ ਭਵਿੱਖ ਵਿੱਚ ਫ਼ੌਜ ਵਿੱਚ ਸਿੱਖਾਂ ਦੀ ਭਰਤੀ 'ਤੇ ਮਾੜਾ ਅਸਰ ਪੈ ਸਕਦਾ ਹੈ।

ਹੇਲੀ ਦੇ ਢੰਗ ਕਾਰਗਰ ਸਿੱਧ ਹੋਏ। ਜੱਥੇ ਭਾਵੇਂ ਜਾਂਦੇ ਰਹੇ ਅਤੇ ਜੈਤੋ ਤੇ ਭਾਈ ਫੇਰੂ ਦੇ ਮੋਰਚੇ ਵਿੱਚ ਗਰਿਫ਼ਤਾਰੀਆਂ ਦੀ ਗਿਣਤੀ 10 ਹਜ਼ਾਰ ਤੱਕ ਪਹੁੰਚ ਗਈ, ਪਰ ਸਿੱਖਾਂ ਦੀ ਏਕਤਾ ਨੂੰ ਕਾਫ਼ੀ ਨੁਕਸਾਨ ਪਹੁੰਚਿਆ। ਸਿੱਖ ਸੁਧਾਰ ਕਮੇਟੀ ਦੇ ਇਕ ਜੱਥੇ ਨੂੰ ਜੈਤੋ ਦੇ ਗੁਰਦਵਾਰੇ ਵਿੱਚ ਜਾ ਕੇ ਅਕਤੂਬਰ 1924 ਵਿੱਚ ਬਿਨਾਂ ਦਖ਼ਲ-ਅੰਦਾਜ਼ੀ ਦੇ ਅਖੰਡ ਪਾਠ ਕਰਨ ਦੀ ਆਗਿਆ ਮਿਲ ਗਈ। ਹੇਲੀ ਨੇ ਮੋਰਚੇ ਨੂੰ ਧਾਰਮਕ ਸਿੱਧ ਕਰਨ ਲਈ ਜ਼ਿੰਮੇਵਾਰੀ ਅਕਾਲੀਆਂ ਸਿਰ ਪਾ ਦਿੱਤੀ। ਲੈਜਸਲੇਟਿਵ ਕੌਂਸਲ ਦੇ ਪੰਜ ਮੈਂਬਰਾਂ ਦੀ ਕਮੇਟੀ ਬਣਾ ਕੇ ਹੇਲੀ ਨੇ ਨਵੇਂ ਬਿੱਲ ਦਾ ਖਰੜਾ ਲਾਹੌਰ ਕਿਲ੍ਹੇ ਵਿੱਚ ਕੈਦ ਅਕਾਲੀ ਨੇਤਾਵਾਂ ਕੋਲ ਪੇਸ਼ ਕਰਵਾ ਦਿੱਤਾ। ਬਿੱਲ ਅਕਾਲੀਆਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਦਾ ਸੀ ਤੇ 1925 ਵਿੱਚ ਇਸ ਨੂੰ ਪਾਸ ਕਰਕੇ ਕਾਨੂੰਨ ਬਣਾ ਦਿੱਤਾ ਗਿਆ।[34] ਪ੍ਰੰਤੂ

---

33. ਐਲਾਨ ਨੰ: 1541 ਅਨੁਸਾਰ ਚੀਫ ਖਾਲਸਾ ਦੀਵਾਨ ਹੁਣ ਇਸ ਵਿਚਾਰ ਦਾ ਹੋ ਗਿਆ ਕਿ ਅਕਾਲੀ ਸਿਆਸੀ ਲਾਭਾਂ ਕਾਰਨ ਮੋਰਚੇ ਨੂੰ ਜਾਣ ਬੁੱਝ ਕੇ ਲਮਕਾ ਰਹੇ ਸਨ। ਖ਼ਾਲਸਾ ਐਡਵੋਕੇਟ ਨੇ ਲਿਖਿਆ : "ਸਿੱਖਾਂ ਵਿੱਚ ਇਕ ਧੜਾ ਐਸਾ ਹੈ, ਜੋ ਗੁਰਦਵਾਰਾ ਸੁਧਾਰ ਲਹਿਰ ਨੂੰ, ਸਿੱਖਾਂ ਨੂੰ ਕੁਰਾਹੇ ਪਾਉਣ ਲਈ ਵਰਤ ਰਿਹਾ ਹੈ ਤੇ ਉਹ ਸਮਝੌਤੇ ਵਿੱਚ ਰੋਕ ਪਾ ਰਿਹਾ ਹੈ ਕਿਉਂਕਿ ਇਹ ਨਹੀਂ ਚਾਹੁੰਦਾ ਕਿ ਅੰਦੋਲਨ ਸਮਾਪਤ ਹੋਵੇ।" (ਅਕਾਲੀ ਦੇ ਹਵਾਲੇ ਨਾਲ, 26 ਮਾਰਚ 1924)
34. ਸਿੱਖ ਗੁਰਦਵਾਰਾ ਐਕਟ 1925 (1935 ਗਲਤ ਛਪਿਆ ਹੈ—ਅਨੁਵਾਦਕ) ਦੀਆਂ ਦੋ ਅਨੁਸੂਚੀਆਂ ਸਨ—ਪਹਿਲੀ ਵਿੱਚ 232 ਗੁਰਦਵਾਰੇ ਦਰਜ ਸਨ। 28 ਹੋਰ ਇਸ ਸੂਚੀ ਵਿੱਚ ਗੁਰਦਵਾਰੇ ਵਜੋਂ ਦਰਜ ਕੀਤੇ ਗਏ ਸਨ ਪਰ ਉਹਨਾਂ ਬਾਰੇ ਪੂਰੀ ਪਰਖ-ਪੜਤਾਲ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਹੇਲੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਜਿਹੜੇ ਨੇਤਾ ਆਪਣੀ ਗ਼ਲਤੀ ਸਵੀਕਾਰ ਕਰਨਗੇ ਉਹਨਾਂ ਨੂੰ ਹੀ ਐਸ.ਜੀ.ਪੀ.ਸੀ. ਦਾ ਅਧਿਕਾਰ ਸੌਂਪਿਆ ਜਾਵੇਗਾ।[35]

ਇਕ ਧੜਾ ਜਿਸ ਦਾ ਆਗੂ ਸ: ਮਹਿਤਾਬ ਸਿੰਘ ਸੀ, ਸਹਿਯੋਗ ਕਰਨ ਲਈ ਸਹਿਮਤ ਹੋ ਗਿਆ ਤੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਵੱਡਾ ਧੜਾ, ਜਿਸ ਵਿੱਚ

☙ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਨਹੀਂ ਕੀਤੀ ਗਈ ਸੀ। ਦੂਸਰੀ ਸੂਚੀ ਵਿੱਚ ਉਦਾਸੀਆਂ ਜਾਂ ਨਿਰਮਲਿਆਂ ਦੇ ਅਖਾੜੇ ਸਨ ਜਿਹਨਾਂ ਦੀ ਗਿਣਤੀ 224 ਸੀ ਤੇ ਉਹਨਾਂ ਨੂੰ ਕੁਝ ਸ਼ਰਤਾਂ ਪੂਰੀਆਂ ਕੀਤੇ ਬਿਨਾਂ ਗੁਰਦਵਾਰੇ ਘੋਸ਼ਿਤ ਨਹੀਂ ਕੀਤੇ ਜਾਣਾ ਸੀ। ਕੋਈ ਵੀ ਸਿੱਖ ਇਕ ਸਾਲ ਦੇ ਅੰਦਰ-ਅੰਦਰ ਕਿਸੇ ਵੀ ਸੰਸਥਾ ਨੂੰ (ਉੱਪਰ ਦਿੱਤੀ ਦੂਸਰੀ ਸੂਚੀ ਵਿਚਲੀਆਂ ਥਾਵਾਂ ਨੂੰ ਛੱਡ ਕੇ) ਗੁਰਦਵਾਰਾ ਘੋਸ਼ਿਤ ਕੀਤੇ ਜਾਣ ਲਈ ਪ੍ਰਾਰਥਨਾ ਪੱਤਰ ਦੇ ਸਕਦਾ ਸੀ।

ਇਹ ਜਾਂਚਣ ਲਈ ਕਿ ਕੋਈ ਸੰਸਥਾ ਗੁਰਦਵਾਰਾ ਹੈ ਜਾਂ ਨਹੀਂ ਤੇ ਕਾਬਜ਼ ਆਸ਼ਰਿਤ ਨੂੰ ਕਿਤਨਾ ਮੁਆਵਜ਼ਾ ਦਿੱਤਾ ਜਾਣਾ ਹੈ, ਤਿੰਨ ਜੱਜਾਂ ਦੀ ਅਦਾਲਤ ਸਥਾਪਤ ਕਰ ਦਿੱਤੀ ਗਈ। ਇਸ ਅਦਾਲਤ ਦੇ ਨਿਰਣੇ ਬਾਰੇ ਹਾਈ ਕੋਰਟ ਵਿੱਚ ਅਪੀਲ ਕੀਤੀ ਜਾ ਸਕਦੀ ਸੀ। ਇਸ ਕਾਨੂੰਨ ਅਨੁਸਾਰ ਮਹੰਤਾਂ ਦੇ ਥਾਂ ਤੇ ਕਮੇਟੀਆਂ ਦੀ ਚੋਣ ਕੀਤੀ ਜਾਣੀ ਸੀ। ਕੇਂਦਰੀ ਸੰਸਥਾ ਐਸ.ਜੀ.ਪੀ.ਸੀ. 151 ਮੈਂਬਰਾਂ 'ਤੇ ਆਧਾਰਿਤ ਹੋਣੀ ਸੀ ਜਿਹਨਾਂ ਵਿੱਚ 120 ਚੁਣੇ ਜਾਣੇ ਸਨ, 12 ਸਿੱਖ ਰਿਆਸਤਾਂ ਨੇ ਨਾਮਜ਼ਦ ਕਰਨੇ ਸਨ, 14 ਕੋ-ਆਪਟ ਕੀਤੇ ਜਾਣ ਤੇ ਪੰਜ ਸਿੱਖ ਧਰਮ ਦੇ ਚਾਰ ਤਖ਼ਤਾਂ (ਉਸ ਸਮੇਂ ਚਾਰ ਸਨ ਹੁਣ ਪੰਜ ਤਖ਼ਤ ਹਨ—ਅਨੁਵਾਦਕ) ਦੇ ਪ੍ਰਤਿਨਿੱਧ ਹੋਣੇ ਸਨ। ਸਥਾਨਕ ਗੁਰਦਵਾਰਿਆਂ ਦੀਆਂ ਆਪਣੀਆਂ ਚੁਣੀਆਂ ਹੋਈਆਂ ਪ੍ਰਬੰਧਕ ਕਮੇਟੀਆਂ ਹੋਣੀਆਂ ਸਨ ਤੇ ਉਹਨਾਂ ਵਿੱਚ ਇਕ ਮੈਂਬਰ ਐਸ.ਜੀ.ਪੀ.ਸੀ. ਵੱਲੋਂ ਨਾਮਜ਼ਦ ਵੀ ਹੋਣਾ ਸੀ। ਕਾਨੂੰਨ ਵਿੱਚ ਇਹ ਵੀ ਦੱਸਿਆ ਗਿਆ ਸੀ ਕਿ ਗੁਰਦਵਾਰੇ ਦੀ ਆਮਦਨੀ ਦੀ ਕਿਸ ਤਰ੍ਹਾਂ ਵਰਤੋਂ ਕੀਤੀ ਜਾਣੀ ਸੀ।

ਕਾਨੂੰਨ ਦਾ ਸਭ ਤੋਂ ਮਹੱਤਵਪੂਰਨ ਪੱਖ ਸਿੱਖ ਦੀ ਪਰਿਭਾਸ਼ਾ ਸੀ ਜਿਸ ਅਨੁਸਾਰ ਸਿੱਖ ਉਹ ਸੀ ਜੋ ਦਸ ਗੁਰੂ ਸਾਹਿਬਾਨ ਵਿੱਚ ਤੇ ਗ੍ਰੰਥ ਸਾਹਿਬ ਵਿੱਚ ਇਤਕਾਦ ਰੱਖਦਾ ਹੈ ਤੇ ਪਤਿਤ ਨਹੀਂ ਹੈ। ਆਖ਼ਰੀ ਸ਼ਰਤ ਕੌਂਸਲ ਦੇ ਹਿੰਦੂ ਮੈਂਬਰਾਂ ਲਈ ਘਿਨਾਉਣੀ ਸੀ।

35. "ਮੈਂ ਤੁਹਾਨੂੰ ਫ਼ੈਸਲੇ ਦੀਆਂ ਸ਼ਰਤਾਂ ਇਨਬਿਨ ਪੜ੍ਹ ਕੇ ਸੁਣਾਉਂਦਾ ਹਾਂ। ਪੰਜਾਬ ਸਰਕਾਰ ਉਹਨਾਂ ਸਭ ਲੋਕਾਂ ਨੂੰ ਰਿਹਾਅ ਕਰ ਦੇਵੇਗੀ ਜਾਂ ਮੁਕੱਦਮੇ ਵਾਪਸ ਲੈ ਲਵੇਗੀ (ਜਿਹਨਾਂ ਨੂੰ ਸਜ਼ਾ ਨਹੀਂ ਹੋਈ ਜਾਂ ਜਿਹਨਾਂ ਲੋਕਾਂ ਉੱਪਰ ਹਿੰਸਾ ਦੇ ਅਪਰਾਧ ਕਰਨ ਜਾਂ ਭੜਕਾਉਣ ਦੇ ਮੁਕੱਦਮੇ ਨਹੀਂ ਚੱਲ ਰਹੇ) ਜਿਹਨਾਂ ਨੂੰ ਫ਼ੌਜਦਾਰੀ ਅਦਾਲਤਾਂ ਨੇ ਦੋਸ਼ੀ ਠਹਿਰਾਇਆ ਹੈ ਤੇ ਜਿਹਨਾਂ ਤੇ ਸਿੱਖ ਅੰਦੋਲਨ ਦੇ ਨਾਲ ਸਬੰਧਿਤ ਦੋਸ਼ਾਂ ਕਾਰਨ ਮੁਕੱਦਮੇ ਚੱਲ ਰਹੇ ਹਨ ਜਾਂ ਜਿਹਨਾਂ ਉੱਪਰ ਫ਼ੌਜਦਾਰੀ ਸੰਹਿਤਾਂ (ਸੋਧ) ਕਾਨੂੰਨ ਅਧੀਨ ਦੋਸ਼ ਲੱਗੇ ਹੋਏ ਹਨ ਪਰ ਸ਼ਰਤ ਇਹ ਹੈ (ਤੇ ਉਹ ਬਹੁਤ ਜ਼ਰੂਰੀ ਹੈ) ਕਿ ਉਹ ਇਹ ਦਸਤਖ਼ਤ ਕਰਕੇ ਜ਼ਾਮਨੀ ਦੇਣਗੇ ਕਿ ਉਹ ਹੁਣੇ-ਹੁਣੇ ਸਿੱਖ ਗੁਰਦਵਾਰਿਆਂ ਦੇ ਪ੍ਰਬੰਧ ਤੇ ਬਖ਼ਸ਼ਿਸ਼ਾਂ ਬਾਰੇ ਲਾਗੂ ਕੀਤੇ ਕਾਨੂੰਨ ਦੀਆਂ ਧਾਰਾਵਾਂ ਦਾ ਪਾਲਣ ਕਰਨਗੇ ਤੇ ਉਹ ਜ਼ਬਰਦਸਤੀ, ਗ਼ੈਰ ਕਾਨੂੰਨੀ ਪ੍ਰਵੇਸ਼ ਨਾਲ ਕਬਜ਼ਾ ਨਹੀਂ ਕਰਨਗੇ ਜਾਂ ਗੁਰਦਵਾਰੇ ਨਾਲ ਲੱਗੀ ਜਾਇਦਾਦ ਜੋ ਧਰਮ ਅਰਥ ਦਿੱਤੀ ਗਈ ਹੈ, ਉਸ 'ਤੇ ਕਾਬਜ਼ ਨਹੀਂ ਹੋਣਗੇ।" ਪੀ.ਐਲ.ਸੀ.ਡੀ., 9 ਜੁਲਾਈ, 1923, ਪੰਨਾ 1304.

ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਸ਼ਾਮਲ ਸੀ, ਮਸ਼ਰੂਤ ਰਿਹਾਈ ਨੂੰ ਅਪਮਾਨਜਨਕ ਸਮਝਦਾ ਸੀ ਤੇ ਉਹਨਾਂ ਨੇ ਕੋਈ ਲਿਖਤੀ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਐਕਟ ਲਾਗੂ ਕਰਨ ਤੋਂ ਪਹਿਲਾਂ ਸਾਰੇ ਅਕਾਲੀ ਰਿਹਾਅ ਕੀਤੇ ਜਾਣ। ਕੁਝ ਮਹੀਨਿਆਂ ਮਗਰੋਂ ਉਹਨਾਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ ਤੇ ਜਿਵੇਂ ਉਮੀਦ ਸੀ ਉਹਨਾਂ ਨੇ ਮਹਿਤਾਬ ਸਿੰਘ ਦੇ ਧੜੇ ਦੀ ਮਿਲਵਰਤਨੀਏ ਕਹਿ ਕੇ ਨਿਖੇਧੀ ਕੀਤੀ ਤੇ ਉਹਨਾਂ ਨੂੰ ਸ਼੍ਰੋ: ਗੁ: ਪ੍ਰ: ਕਮੇਟੀ 'ਚੋਂ ਬਾਹਰ ਕਰ ਦਿੱਤਾ। ਅਕਾਲੀ ਏਕਤਾ ਨੂੰ ਕਾਫ਼ੀ ਧੱਕਾ ਲੱਗਾ ਤੇ ਜੈਤੋ ਦਾ ਮੋਰਚਾ ਵੀ ਠੁੱਸ ਹੋ ਗਿਆ।[36] ਜਿਹੜੇ ਅਕਾਲੀਆਂ ਨੇ ਮਹੰਤਾਂ ਤੇ ਸਰਕਾਰ ਵਿਰੁੱਧ ਵਿੱਢੇ ਸਖ਼ਤ ਸੰਘਰਸ਼ ਵਿੱਚ ਜਿੱਤ ਪ੍ਰਾਪਤ ਕਰ ਲਈ ਸੀ, ਹੁਣ ਇਕ ਦੂਸਰੇ ਵਿਰੁੱਧ ਜ਼ਹਿਰ ਉਗਲਣ ਲੱਗੇ।

ਜਿਤਨੇ ਆਦਮੀ ਤੇ ਇਸਤਰੀਆਂ ਜ਼ੇਲ੍ਹਾਂ ਵਿੱਚ ਕੈਦ ਕੀਤੇ ਗਏ ਜਾਂ ਜਿਤਨੇ ਆਦਮੀ ਇਸ ਲਹਿਰ ਵਿੱਚ ਮਰ ਗਏ ਉਹਨਾਂ ਦੀ ਸਹੀ ਗਿਣਤੀ ਨਹੀਂ ਦਿੱਤੀ ਜਾ ਸਕਦੀ। ਸਰਕਾਰ ਦੀ ਗਿਣਤੀ ਤੇ ਅਕਾਲੀਆਂ ਦੀ ਗਿਣਤੀ ਨੇ ਕਦੇ ਵੀ ਮੇਲ ਨਾ ਖਾਧਾ। ਪ੍ਰੋ: ਤਾਰਾ ਸਿੰਘ ਫ਼ਿਰੋਜ਼ਪੁਰੀ ਜਿਸ ਨੇ ਗੁਰਦਵਾਰਾ ਕਾਨੂੰਨ ਉੱਪਰ ਬਹਿਸ ਵਿੱਚ ਹਿੱਸਾ ਲੈਣ ਵਿੱਚ ਮੁੱਖ ਭੂਮਿਕਾ ਨਿਭਾਈ, ਉਸ ਦੇ ਕਥਨ ਨੂੰ ਸਰਕਾਰੀ ਪੱਖ ਨੇ ਕਦੇ ਝੁਠਲਾਉਣ ਜਾਂ ਵੰਗਾਰਨ ਦੀ ਕੋਸ਼ਿਸ਼ ਨਾ ਕੀਤੀ ਤੇ ਉਸ ਦੇ ਕਥਨ ਨੂੰ ਹੀ ਲਗਭਗ ਸਹੀ ਸਮਝਿਆ ਜਾਣਾ ਚਾਹੀਦਾ ਹੈ : "ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਤਰਨਤਾਰਨ, ਨਨਕਾਣਾ ਸਾਹਿਬ, ਗੁਰੂ ਕਾ ਬਾਗ, ਭਾਈ ਫੇਰੂ ਤੇ ਜੈਤੋ ਵਿੱਚ ਜੋ ਕੁਰਬਾਨੀ ਦਿੱਤੀ ਗਈ ਉਸ ਵਿੱਚ 30 ਹਜ਼ਾਰ ਗ੍ਰਿਫ਼ਤਾਰੀਆਂ ਹੋਈਆਂ, 400 ਮਾਰੇ ਗਏ ਤੇ 2000 ਜ਼ਖ਼ਮੀ ਹੋਏ ਤੇ ਰਿਟਾਇਰਡ ਫ਼ੌਜੀਆਂ ਦੀਆਂ ਪੈਨਸ਼ਨਾਂ ਤੇ ਜ਼ਾਇਦਾਦ ਜ਼ਬਤੀ ਸਮੇਤ 15 ਲੱਖ ਰੁਪਏ ਦਾ ਜੁਰਮਾਨਾ ਸ਼ਾਮਿਲ ਹੈ ਤੇ ਸਿਵਲ ਤੇ ਫ਼ੌਜੀ ਭਰਤੀ ਵਿੱਚ ਸਿੱਖਾਂ ਉੱਪਰ ਪਾਬੰਦੀ ਲਾ ਦਿੱਤੀ ਗਈ ਹੈ।[37]

ਚਾਰ ਸਾਲਾਂ ਦੇ ਇਸ ਸਖ਼ਤ ਅੰਦੋਲਨ ਦਾ ਗੰਭੀਰ ਸਿੱਟਾ ਹਿੰਦੂਆਂ ਸਿੱਖਾਂ ਵਿੱਚ ਪਏ ਪਾੜੇ ਵਿੱਚ ਹੋਰ ਵਾਧਾ ਹੋ ਜਾਣਾ ਸੀ ਜਿਸ ਵਿੱਚ ਹਿੰਦੂਆਂ ਨੇ ਅਕਾਲੀਆਂ ਵਿਰੁੱਧ ਉਦਾਸੀ ਮਹੰਤਾਂ ਦਾ ਸਮਰਥਨ ਕੀਤਾ।

ਸਿੱਖਾਂ ਦੇ ਅੱਡਰੇਪਣ ਦਾ ਜੋ ਪ੍ਰਗਟਾਵਾ ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਕਿਤਾਬਚਾ "ਹਮ ਹਿੰਦੂ ਨਹੀਂ ਹੈਂ" ਵਿੱਚ ਕੀਤਾ, ਉਸ ਨੂੰ ਪਹਿਲੇ ਗੁਰਦਵਾਰਾ ਬਿੱਲ ਸਮੇਂ

---

36. ਬਾਬਾ ਖੜਕ ਸਿੰਘ ਨੇ ਇਕ ਹੋਰ ਨਿਰਰਥਕ ਮੋਰਚਾ ਡਸਕਾ ਜ਼ਿਲ੍ਹਾ ਸਿਆਲਕੋਟ ਵਿੱਚ ਲਾ ਦਿੱਤਾ। ਹਿੰਦੂਆਂ ਨਾਲ ਇਸ ਝਗੜੇ ਦਾ ਕਾਰਨ ਗੁਰਦੁਆਰੇ ਨਾਲ ਲੱਗੀ ਜਾਇਦਾਦ ਸੀ।

37. ਪੀ.ਐਲ.ਸੀ.ਡੀ., 7 ਮਈ 1925, ਪੰਨਾ 1105. ਡਾਕਟਰ ਬੀ.ਆਰ. ਅੰਬੇਦਕਰ ਅਨੁਸਾਰ ਅਕਾਲੀ ਅੰਦੋਲਨ ਕਾਰਨ ਸਿੱਖਾਂ ਦਾ ਫ਼ੌਜ ਵਿੱਚ ਅਨੁਪਾਤ 1914 ਦੇ 20% ਦੇ ਮੁਕਾਬਲੇ 1930 ਵਿੱਚ 13% ਰਹਿ ਗਿਆ ਤੇ ਪੰਜਾਬੀ ਮੁਸਲਮਾਨਾਂ ਤੇ ਪਠਾਨਾਂ ਦਾ 1914 ਦੇ 26% ਦੇ ਟਾਕਰੇ ਤੇ 1930 ਵਿੱਚ 34% ਹੋ ਗਿਆ। "ਪਾਕਿਸਤਾਨ ਐਂਡ ਦੀ ਪਾਰਟੀਸ਼ਨ ਔਫ ਇੰਡੀਆ" ਪੰਨਾ 84.

ਮਹਿਤਾਬ ਸਿੰਘ ਨੇ ਆਪਣੇ ਭਾਸ਼ਣ ਵਿੱਚ ਹੋਰ ਵੀ ਦ੍ਰਿੜ੍ਹਤਾ ਨਾਲ ਪੇਸ਼ ਕੀਤਾ : "ਮੈਂ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਜੇ ਸਿੱਖ ਹਿੰਦੂ ਧਰਮ ਦੀ ਬੁੱਕਲ ਵਿੱਚ ਨਹੀਂ ਰਹਿਣਾ ਚਾਹੁੰਦੇ ਤਾਂ ਹਿੰਦੂ ਉਹਨਾਂ ਨੂੰ ਕਿਉਂ ਜੱਫੀ ਵਿੱਚ ਲੈਣ ਲਈ ਜ਼ੋਰ ਜ਼ਬਰਦਸਤੀ ਕਰ ਰਹੇ ਹਨ। ਉਹ ਆਪਣੇ ਧਰਮ ਵਿੱਚ ਅਣਇੱਛਤ ਲੋਕਾਂ ਨੂੰ ਭਾਈਵਾਲ ਬਣਾ ਕੇ ਕੀ ਲਾਭ ਪ੍ਰਾਪਤ ਕਰ ਲੈਣਗੇ ? ਉਹਨਾਂ ਨੂੰ ਵੱਖ ਕਿਉਂ ਨਹੀਂ ਹੋ ਲੈਣ ਦਿੰਦੇ? ਸ੍ਰੀਮਾਨ ਸਾਰੇ ਫਸਾਦ ਦੀ ਜੜ੍ਹ ਇਹੋ ਹੈ। ਹਿੰਦੂ ਕਹਿੰਦੇ ਹਨ ਕਿ ਅਸੀਂ ਤੁਹਾਡੇ ਗੁਰਦਵਾਰਿਆਂ ਦਾ ਪ੍ਰਬੰਧ ਤੁਹਾਡੀ ਖ਼ਾਤਰ ਕਰਾਂਗੇ ਕਿ ਇਹ ਅੰਸ਼ਕ ਰੂਪ ਵਿੱਚ ਤੁਹਾਡੇ ਹਨ ਤੇ ਅੰਸ਼ਕ ਰੂਪ ਵਿੱਚ ਸਾਡੇ ਵੀ ਹਨ। ਅਸੀਂ ਕਹਿੰਦੇ ਹਾਂ ਕਿ ਅਸੀਂ ਆਪਣੇ ਗੁਰਦਵਾਰਿਆਂ ਦਾ ਪ੍ਰਬੰਧ ਆਪ ਕਰਨਾ ਚਾਹੁੰਦੇ ਹਾਂ ਤੇ ਇਹਨਾਂ ਦੀ ਦੇਖਭਾਲ ਵੀ ਕਰਾਂਗੇ ਤੇ ਅਜਿਹਾ ਕਰਨ ਲਈ ਅਸੀਂ ਦ੍ਰਿੜ੍ਹ ਹਾਂ।"[38]

ਹਿੰਦੂ ਅਕਾਲੀਆਂ ਦੀ ਵਿਰੋਧਤਾ ਕਰਦੇ ਹੋਏ ਵੀ ਇਸ ਗੱਲ 'ਤੇ ਪ੍ਰਤਿਰੋਧ ਪ੍ਰਗਟ ਕਰਦੇ ਰਹੇ ਕਿ ਸਿੱਖ ਹਿੰਦੂ ਹੀ ਹਨ। ਪੰਜਾਬੀ ਹਿੰਦੂਆਂ ਦੇ ਇਕ ਆਗੂ ਨੇ ਕਿਹਾ "ਮੈਂ ਸਿੱਖ ਧਰਮ ਨੂੰ ਵਿਸ਼ਿਸ਼ਟ ਤੇ ਉੱਤਮ ਹਿੰਦੂ ਧਰਮ ਹੀ ਸਮਝਦਾ ਹਾਂ।"[39] ਸਿੱਖ ਸਾਡੇ ਹੱਡ ਮਾਂਸ ਦਾ ਹਿੱਸਾ ਹੀ ਹਨ।"[40] ਸਿੱਖ ਵੱਖਰੇ ਸਨ ਜਾਂ ਹਿੰਦੂ ਸਮਾਜਕ ਵਿਵਸਥਾ ਦੀ ਇਕ ਸ਼ਾਖਾ ਸਨ, ਆਉਣ ਵਾਲੇ ਸਮੇਂ ਦਾ ਇਕ ਵੱਡਾ ਮਸਲਾ ਬਣ ਗਿਆ।

ਐਸ.ਜੀ.ਪੀ.ਸੀ. ਇਕ ਤਰ੍ਹਾਂ ਨਾਲ ਸਿੱਖ-ਪਾਰਲੀਮੈਂਟ ਬਣ ਗਈ। ਇਸ ਦੇ ਫ਼ੈਸਲਿਆਂ ਨੂੰ ਪ੍ਰਾਚੀਨ 'ਗੁਰਮਤਿਆਂ' ਦੀ ਪਾਵਨਤਾ ਪ੍ਰਾਪਤ ਹੋ ਗਈ; ਦਲ ਇਸ ਦੀ ਫ਼ੌਜ ਬਣ ਗਿਆ ਤੇ ਗੁਰਦਵਾਰਿਆਂ ਵਿੱਚੋਂ ਹੋਣ ਵਾਲੀ ਆਮਦਨੀ ਜੋ ਸਾਲਾਨਾ ਦਸ ਲੱਖ ਤੋਂ ਵੀ ਉੱਪਰ ਸੀ ਇਸ ਦਾ ਮਾਇਕ ਆਹਾਰ ਤੇ ਆਸਰਾ ਬਣ ਗਈ। ਗੁਰਦਵਾਰਿਆਂ ਦੇ ਪ੍ਰਬੰਧ ਲਈ ਖ਼ਰਚ ਤੇ ਅਦਾਇਗੀ, ਸੈਂਕੜਿਆਂ ਗ੍ਰੰਥੀਆਂ, ਸੇਵਾਦਾਰਾਂ, ਤੇ ਬਣਾਏ ਗਏ ਸਕੂਲਾਂ ਕਾਲਜਾਂ ਦੇ ਅਧਿਆਪਕਾਂ ਤੇ ਪੈਰੋਕਾਰਾਂ ਦੀ ਨਿਯੁਕਤੀ ਤੇ ਸਰਪ੍ਰਸਤੀ ਅਤੇ ਪੰਜਾਬ ਤੋਂ ਬਾਹਰ ਗ੍ਰੰਥੀਆਂ ਤੇ ਪ੍ਰਚਾਰਕ ਕਾਰਜਾਂ ਲਈ ਸਿਖਲਾਈ ਦੇਣ ਦੇ ਪ੍ਰਬੰਧਾਂ ਨੇ ਐਸ.ਜੀ.ਪੀ.ਸੀ.

---

38. ਪੀ.ਐਲ.ਸੀ.ਡੀ., 8 ਅਪ੍ਰੈਲ 1921, ਪੰਨਾ 583
39. ਰਾਜਾ ਨਰੇਂਦਰ ਨਾਥ ਨੇ ਕਿਹਾ : "ਗ੍ਰੰਥ ਸਾਹਿਬ ਵੇਦਾਂ ਤੇ ਉਪਨਿਸ਼ਦਾਂ ਦੀ ਸ੍ਰੇਸ਼ਠ ਤੇ ਆਮ ਭਾਸ਼ਾ ਵਿੱਚ ਸਿੱਖਿਆ ਹੀ ਹੈ। ਮੈਨੂੰ ਹਿੰਦੂਆਂ ਤੇ ਸਿੱਖਾਂ ਦੇ ਨੇੜਲੇ ਸੰਬੰਧਾਂ ਬਾਰੇ ਵਿਸਥਾਰ 'ਚ ਜਾਣ ਦੀ ਲੋੜ ਨਹੀਂ। ਇਹ ਸਭ ਹੀ ਜਾਣਦੇ ਹਨ ਕਿ ਦੋ ਭਰਾਵਾਂ ਵਿੱਚੋਂ ਇਕ ਸਿੱਖ ਹੈ ਤੇ ਇਕ ਹਿੰਦੂ ਤੇ ਹਿੰਦੂ ਸਿੱਖ ਬੇਰੋਕ-ਟੋਕ ਅੰਤਰ-ਜਾਤੀ ਵਿਆਹ ਕਰਦੇ ਹਨ। ਖੱਤਰੀ ਤੇ ਅਰੋੜੇ ਸਿੱਖ ਜੋ ਸ਼ਹਿਰਾਂ ਵਿੱਚ ਰਹਿੰਦੇ ਹਨ ਉਹ ਹਿੰਦੂ ਕਾਨੂੰਨ ਅਨੁਸਾਰ ਚੱਲਦੇ ਹਨ। ਇਸ ਸੰਬੰਧ ਵਿੱਚ ਪ੍ਰਿਵੀ ਕੌਂਸਲ ਦੇ ਫ਼ੈਸਲੇ ਦਾ ਨਿਰੀਖਣ ਕਰਨਾ ਦਿਲਚਸਪ ਰਹੇਗਾ ਜਿਸ ਬਾਰੇ ਨੰ: 84 ਪੀ.ਆਰ. 1903 ਵਿੱਚ ਸੂਚਨਾ ਦਰਜ ਹੈ ਤੇ ਜਿਸ ਵਿੱਚ ਪ੍ਰਿਵੀ ਕੌਂਸਲ ਦੇ ਵਿਦਵਾਨ ਜੱਜਾਂ ਨੇ ਕਿਹਾ ਹੈ ਕਿ ਸਿੱਖ ਹਿੰਦੂ ਹਨ।' ਪੀ.ਐਲ.ਸੀ.ਡੀ. 5 ਅਪ੍ਰੈਲ 1922, ਪੰਨਾ 539
40. ਪੀ.ਐਲ.ਸੀ.ਡੀ. 6 ਜੁਲਾਈ 1925, ਪੰਨਾ 1214 ਸਰ ਗੋਕਲ ਚੰਦ ਜੋ ਮਗਰੋਂ ਪੰਜਾਬ ਸਰਕਾਰ ਦਾ ਇਕ ਮੰਤਰੀ ਬਣਿਆ ਤੇ "ਸਿੱਖ ਧਰਮ ਦਾ ਰੂਪਾਂਤਰਨ" ਪੁਸਤਕ ਦਾ ਲੇਖਕ ਵੀ ਸੀ।

ਨੂੰ "ਰਾਜ ਅੰਦਰ ਰਾਜ" ਬਣਾ ਦਿੱਤਾ। ਇਹਨਾਂ ਦਾ ਸੰਚਾਲਨ ਤੇ ਨਿਗਰਾਨੀ ਸਿੱਖ ਸਿਆਸਤ ਦੀ ਕੇਂਦਰੀ ਧੁਰੀ ਬਣ ਗਈ।

ਅਸਿੱਧੇ ਤੌਰ 'ਤੇ ਅਕਾਲੀ ਲਹਿਰ ਸਿੱਖ ਰਿਆਸਤਾਂ ਵਿੱਚ ਜਾਗ੍ਰਿਤੀ ਦਾ ਕਾਰਨ ਬਣੀ। ਗੁਰਦਵਾਰਿਆਂ ਬਾਰੇ ਝਗੜਾ ਖ਼ਤਮ ਹੋਣ ਪਿੱਛੋਂ ਰਿਆਸਤਾਂ ਦੇ ਅਕਾਲੀ ਮਹਾਰਾਜਿਆਂ, ਮੁੱਖ ਤੌਰ 'ਤੇ ਮਹਾਰਾਜਾ ਭੂਪੇਂਦਰ ਸਿੰਘ ਪਟਿਆਲਾ ਦੀ ਨਿਰੰਕੁਸ਼ਤਾ ਤੇ ਸ਼ਕਤੀ ਦੀ ਦੁਰਵਰਤੋਂ ਵਿਰੁੱਧ ਅੰਦੋਲਨ ਕਰਨ ਲੱਗੇ।

ਭੂਪਿੰਦਰ ਸਿੰਘ ਨੇ ਪ੍ਰਮੁੱਖ ਅੰਦੋਲਨਕਾਰੀ ਨੇਤਾ ਸੇਵਾ ਸਿੰਘ ਠੀਕਰੀਵਾਲੇ ਨੂੰ ਲਾਹੌਰ ਜੇਲ੍ਹ ਤੋਂ ਬਦਲਵਾ ਕੇ ਚੋਰੀ ਦੇ ਸਾਫ਼ ਝੂਠੇ ਮੁਕੱਦਮੇ ਵਿੱਚ ਪਟਿਆਲੇ ਨਜ਼ਰਬੰਦ ਕਰ ਦਿੱਤਾ। ਅਕਾਲੀਆਂ ਨੇ ਠੀਕਰੀਵਾਲੇ ਦਾ ਮੁਕੱਦਮਾ ਆਪਣੇ ਹੱਥ ਵਿੱਚ ਲੈ ਲਿਆ ਤੇ ਭੂਪਿੰਦਰ ਸਿੰਘ ਦੀਆਂ ਆਸ਼ਕਾਨਾ ਕਹਾਣੀਆਂ ਤੇ ਪਟਿਆਲਾ ਪੁਲੀਸ ਦੇ ਜਿਨਸੀ ਅਵੈੜ ਬਾਰੇ ਪ੍ਰਚਾਰ ਮੁਹਿਮ ਛੇੜ ਦਿੱਤੀ। ਮਹਾਰਾਜਾ ਅਕਾਲੀਆਂ ਦੇ ਇਕ ਧੜੇ ਨੂੰ ਆਪਣੇ ਨਾਲ ਮਿਲਾ ਲੈਣ ਵਿੱਚ ਸਫਲ ਹੋ ਗਿਆ[41] ਪ੍ਰੰਤੂ ਉਹ ਪੰਜਾਬੀ ਤੇ ਉਰਦੂ ਅਖ਼ਬਾਰਾਂ ਨੂੰ ਆਪਣੇ ਵਿਰੁੱਧ ਲਿਖਣ ਤੋਂ ਰੋਕਣ ਵਿੱਚ ਅਸਫਲ ਰਿਹਾ।

1928 ਵਿੱਚ ਰਿਆਸਤਾਂ ਦੇ ਅਕਾਲੀ ਹਿੰਦੂ ਰਾਸ਼ਟਰਵਾਦੀਆਂ ਨਾਲ ਮਿਲ ਗਏ ਤੇ ਉਹਨਾਂ ਨੇ ਪਰਜਾ ਮੰਡਲ ਦੀ ਨੀਂਹ ਰੱਖੀ ਜੋ ਮਗਰੋਂ "ਆਲ ਇੰਡੀਆ ਸਟੇਟਸ ਪੀਪਲਜ਼ ਕਾਂਗਰਸ" ਨਾਲ ਸਬੰਧਿਤ ਹੋ ਗਿਆ ਜੋ ਅੱਗੋਂ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਸੰਬੰਧਿਤ ਸੀ। ਸੇਵਾ ਸਿੰਘ ਠੀਕਰੀਵਾਲਾ ਮੰਡਲ ਦੀ ਰੂਹ ਸੀ। ਉਸ ਨੂੰ ਕਈ ਵਾਰ ਗਰਿਫ਼ਤਾਰ ਕੀਤਾ ਗਿਆ ਤੇ ਮਹਾਰਾਜੇ ਦੇ ਜੇਲ੍ਹਰਾਂ ਵੱਲੋਂ ਅਣਮਨੁੱਖੀ ਜ਼ਿਆਦਤੀਆਂ ਕਾਰਨ 1935 ਵਿੱਚ ਉਸ ਦੀ ਮ੍ਰਿਤੂ ਹੋ ਗਈ। ਠੀਕਰੀਵਾਲੇ[42] ਦੇ ਕਤਲ ਕਾਰਨ ਪੰਜਾਬ ਦੀਆਂ ਸਭ ਰਿਆਸਤਾਂ ਵਿੱਚ ਮਹਾਰਾਜੇ ਤੇ ਬਰਤਾਨਵੀ ਸਰਕਾਰ ਵਿਰੁੱਧ ਮੁਹਿਮ ਜ਼ੋਰ ਫੜ ਗਈ।

41. ਪਟਿਆਲਾ ਪੱਖੀ ਧੜੇ ਦੀ ਅਗਵਾਈ ਗਿਆਨੀ ਸ਼ੇਰ ਸਿੰਘ ਤੇ ਜਸਵੰਤ ਸਿੰਘ ਝੱਬਾਲ ਕਰ ਰਹੇ ਸਨ। ਉਹਨਾਂ ਨੇ ਭੂਪਿੰਦਰ ਸਿੰਘ ਵਿਰੁੱਧ ਅੰਦੋਲਨ ਨੂੰ "ਭਰਾ-ਮਾਰੂ ਜੰਗ" ਕਹਿ ਕੇ ਭੰਡਿਆ।
42. ਸੇਵਾ ਸਿੰਘ ਠੀਕਰੀਵਾਲੇ (1878-1935) ਦਾ ਬੁੱਤ ਮਹਿਲ ਨੂੰ ਜਾਂਦੀ ਸੜਕ 'ਤੇ ਲੱਗਾ ਹੋਇਆ ਹੈ। ਇਹ ਬ੍ਰਿਸ਼ਭਾਨ ਦੇ ਇਸ਼ਾਰੇ 'ਤੇ ਉਸ ਸਮੇਂ ਲਗਾਇਆ ਗਿਆ ਸੀ ਜਦੋਂ ਉਹ 1955 ਵਿੱਚ ਪੈਪਸੂ ਦਾ ਮੁੱਖ ਮੰਤਰੀ ਸੀ।
ਠੀਕਰੀ ਵਾਲੇ ਨਾਲ ਸਬੰਧਿਤ ਉੱਘੇ ਵਿਅਕਤੀਆਂ ਵਿੱਚ ਭਗਵਾਨ ਸਿੰਘ ਲੌਂਗੋਵਾਲੀਆ, ਗਿਆਨੀ ਜ਼ੈਲ ਸਿੰਘ, ਪ੍ਰੀਤਮ ਸਿੰਘ ਗੋਜਰਾਂ, (ਜੋ ਮਗਰੋਂ ਸਿੱਖ ਦੇਸ਼ ਦਾ ਸਮਰਥਕ ਬਣਿਆ) ਤੇ ਜਾਗੀਰ ਸਿੰਘ ਜੋਗਾ (ਕਮਿਊਨਿਸਟ) ਸ਼ਾਮਲ ਸਨ।

ਕਾਂਡ—14

ਸੰਵਿਧਾਨਕ ਸੁਧਾਰ ਤੇ ਸਿੱਖ

ਸਿੱਖਾਂ ਦੀ ਰਾਜਨੀਤੀ ਪ੍ਰਤੀ ਅਣਗਹਿਲੀ ਤੇ ਬੇਪਰਵਾਹੀ—ਭਾਰਤ ਦੇ ਸਾਰੇ ਪ੍ਰਾਂਤਾਂ ਦੇ ਟਾਕਰੇ 'ਤੇ ਪੰਜਾਬ ਸ੍ਵੈ-ਸ਼ਾਸਨ ਦੀਆਂ ਯੋਜਨਾਵਾਂ ਪ੍ਰਤੀ ਘੱਟ ਸੰਵੇਦਨਸ਼ੀਲ ਸੀ ਤੇ ਪੰਜਾਬ ਦੇ ਤਿੰਨਾਂ ਫਿਰਕਿਆਂ ਵਿੱਚ ਸਿੱਖ ਸਭ ਤੋਂ ਘੱਟ ਪ੍ਰਭਾਵ ਕਬੂਲ ਕਰ ਰਹੇ ਸਨ। ਪੰਜਾਬੀ ਹਿੰਦੂਆਂ ਤੇ ਮੁਸਲਮਾਨਾਂ ਨੂੰ ਭਾਰਤ ਦੇ ਦੂਸਰੇ ਭਾਗਾਂ ਦੇ ਆਪਣੇ ਪ੍ਰਬੁੱਧ ਸਹਿਧਰਮੀਆਂ ਦੀ ਅਗਵਾਈ ਦਾ ਲਾਭ ਪ੍ਰਾਪਤ ਸੀ। ਸਿੱਖ ਆਪਣੇ ਅਜਿਹੇ ਸਿਆਸੀ ਰਹਿਬਰਾਂ ਤੋਂ ਮਹਿਰੂਮ ਸਨ। ਮਲਵਈ ਜੋ ਬਰਤਾਨਵੀ ਸੁਰੱਖਿਆ ਅਧੀਨ ਸਨ, ਉਹ ਗਿਆਨ ਵਿਹੂਣੇ ਤਾਨਾਸ਼ਾਹਾਂ ਰਾਜਿਆਂ ਤੇ ਜਾਗੀਰਦਾਰਾਂ ਦੇ ਅਧੀਨ ਰਹੇ ਹੋਣ ਕਾਰਨ ਬਿਲਕੁਲ ਹੀ ਅਗਵਾਈ ਦੇਣ ਦੇ ਉੱਕਾ ਹੀ ਸਮਰੱਥ ਨਹੀਂ ਸਨ।

1885 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦੀ ਨੀਂਹ ਰੱਖੇ ਜਾਣ ਨਾਲ ਤੇ 1887 ਵਿੱਚ ਸਰ ਸਯੱਦ ਅਹਿਮਦ ਵੱਲੋਂ "ਯੂਨਾਈਟਡ ਪੈਟਰੀਆਟਿਕ ਐਸੋਸੀਏਸ਼ਨ" ਬਣਾਏ ਜਾਣ ਨਾਲ ਭਾਰਤੀ ਸਿਆਸਤ ਵਿੱਚ ਉਬਾਲ ਆ ਗਿਆ। ਪਰ ਇਸ ਦੇ ਨਾਲ ਹੀ ਫਿਰਕਾਪ੍ਰਸਤ ਸੰਸਥਾਵਾਂ ਵੀ ਸਰਗਰਮ ਹੋ ਗਈਆਂ। ਮੁਸਲਿਮ ਜੱਥੇਬੰਦੀਆਂ ਨੇ ਵਿਸ਼ੇਸ਼ ਹੱਕ ਮੰਗਣ ਤੇ ਉਰਦੂ ਦੀ ਸੁਰੱਖਿਆ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਹਿੰਦੂ ਸੰਸਥਾਵਾਂ ਨੇ ਗਊ ਹੱਤਿਆ 'ਤੇ ਰੋਕ ਲਾਉਣ ਤੇ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਦੇਣ ਦੀ ਮੰਗ ਸ਼ੁਰੂ ਕਰ ਦਿੱਤੀ। ਚੀਫ ਖਾਲਸਾ ਦੀਵਾਨ ਦੇ ਪੜ੍ਹੇ ਲਿਖੇ ਸਿੱਖਾਂ ਨੇ ਮਹਿਸੂਸ ਕੀਤਾ ਕਿ ਸਿੱਖਾਂ ਦੇ ਹੱਕਾਂ ਲਈ ਜਿਵੇਂ ਵੱਖਰੀ ਪ੍ਰਤਿਨਿੱਧਤਾ, ਨੌਕਰੀਆਂ ਵਿੱਚ ਵਿਸ਼ੇਸ਼ ਅਧਿਕਾਰ ਤੇ ਸੁਰੱਖਿਆ, ਆਪਣੀ ਭਾਸ਼ਾ ਦੇ ਵਿਕਾਸ ਤੇ ਜੀਵਨ ਸ਼ੈਲੀ ਦੀ ਸੁਰੱਖਿਆ ਲਈ ਦਬਾਅ ਪਾਉਣਾ ਚਾਹੀਦਾ ਹੈ।

ਪੰਜਾਬ ਲੈਜਿਸਲੇਟਿਵ ਕੌਂਸਲ ਦੀ ਸਥਾਪਨਾ 1893 ਵਿੱਚ ਕੀਤੀ ਗਈ।[1] ਇਹ

---

1. ਭਾਵੇਂ 1861 ਦੇ ਇੰਡੀਅਨ ਕੌਂਸਲ ਐਕਟ ਨੇ ਪ੍ਰਾਂਤਕ ਸੰਵਿਧਾਨਕ ਕੌਂਸਲਾਂ ਦੀ ਸਥਾਪਨਾ ਦਾ ਅਧਿਕਾਰ ਦੇ ਦਿੱਤਾ ਸੀ ਤੇ 1892 ਦੇ ਕਾਨੂੰਨ ਦੇ ਉਹਨਾਂ ਦੇ ਅਧਿਕਾਰ ਹੋਰ ਵਧਾ ਦਿੱਤੇ ਸਨ ਪਰ ਪੰਜਾਬ ਨੂੰ ਇਹ ਕੌਂਸਲ 36 ਸਾਲ ਮਗਰੋਂ ਜਾ ਕੇ ਨਸੀਬ ਹੋਈ। ਇਹੋ ਅਰੁਚੀ ਮਿਉਂਸਪਲ ਤੇ ਜ਼ਿਲ੍ਹਾ ਬੋਰਡ ਦੀ ਸਥਾਪਨਾ ਵਿੱਚ ਪ੍ਰਗਟ ਹੋਈ। ਭਾਵੇਂ ਮਿਉਂਸਿਪਲ ਬੋਰਡ ਐਕਟ 1862 ਵਿੱਚ ਤੇ ਜਿਲ੍ਹਾ ਬੋਰਡ ਐਕਟ 1883 ਵਿੱਚ ਪਾਸ ਕੀਤਾ ਗਿਆ ਸੀ, ਪਰ ਲੋਕਾਂ ਨੇ ਚੋਣਾਂ ਵਿੱਚ ਬੜੀ ਘੱਟ ਦਿਲਚਸਪੀ ਲਈ ਤੇ ਜਿਹੜੇ ਚੁਣੇ ਵੀ ਗਏ ਜਾਂ ਨਾਮਜ਼ਦ ਕੀਤੇ ਗਏ ਉਹਨਾਂ ਨੇ ਸਰਕਾਰ ਦਿਸ਼ਾ ਹੀ ਅਪਣਾਈ। "ਦੀ ਟ੍ਰਿਬਿਊਨ ਪੰਜਾਬ" ਨੇ ਨਗਰਪਾਲਿਕਾ ਦੇ ਮੈਂਬਰਾਂ ਨੂੰ ਅਜਿਹੇ ਆਦਮੀ ਲਿਖਿਆ ਹੈ "ਜੋ ਹੁਕਮ ਖੁਦਾਵੰਦ" ਤੋਂ ਵੱਧ ਕੁਝ ਕਹਿਣਾ ਨਹੀਂ ਜਾਣਦੇ ਸਨ। ਟ੍ਰਿਬਿਊਨ, 14 ਅਪ੍ਰੈਲ 1883

ਲੈਫ. ਗਵਰਨਰ ਵੱਲੋਂ ਨਾਮਜ਼ਦ 9 ਮੈਂਬਰ 'ਤੇ ਆਧਾਰਿਤ ਸੀ ਤੇ ਉਹ ਪ੍ਰਤਿਨਿਧ ਨਾਗਰਿਕਾਂ ਨਾਲੋਂ ਵਧੇਰੇ ਕਰਕੇ ਦਰਬਾਰੀਆਂ ਵਾਂਗ ਸਨ। ਗਵਰਨਰ ਵੀ ਆਪਣੇ ਪੂਰਬਵਾਸੀ ਪੂਰਵਜਾਂ ਵਾਂਗ ਪ੍ਰਮਾਣਿਤ ਵਫ਼ਾਦਾਰੀ ਵਾਲੇ ਅਮੀਰ ਜ਼ਿਮੀਂਦਾਰ ਪਰਿਵਾਰਾਂ ਤੇ ਧਾਰਮਕ ਸੰਸਥਾਵਾਂ ਦੇ ਵਿਅਕਤੀਆਂ ਵਿੱਚ ਘਿਰੇ ਰਹਿਣ ਦੀ ਇੱਛਾ ਕਰਦੇ ਸਨ। ਮੁੱਢਲੇ ਸਾਲਾਂ ਵਿੱਚ ਸਿੱਖ ਦਰਬਾਰੀਆਂ ਦੀ ਚੋਣ ਉਤਲੇ ਵਰਗ ਦੇ ਸਿੱਖ ਸਮਾਜ ਵਿੱਚੋਂ ਕੀਤੀ ਜਾਂਦੀ ਸੀ।[2] ਇਹ ਭਦਰ ਪੁਰਸ਼ ਆਪਣੀ ਅਵਧੀ ਵਿੱਚ ਸ਼ਰਧਾਯੁਕਤ ਚੁੱਪ ਰੱਖਣ ਵਿੱਚ ਹੀ ਵਧੇਰੇ ਉੱਘੇ ਹੋਏ।[3]

ਮਿੰਟੋ ਮਾਰਲੇ ਸੁਧਾਰ—ਪਹਿਲੀ ਵਾਰ ਨਾਮਜ਼ਦਗੀ ਦੇ ਨਾਲ ਚੋਣਾਂ ਦਾ ਸਿਧਾਂਤ ਵਿਧਾਨਕ ਸੰਸਥਾਵਾਂ ਲਈ ਪ੍ਰਤਿਨਿਧਾਂ ਦੀ ਚੋਣ ਲਈ ਉਸ ਸਮੇਂ ਲਾਗੂ ਕੀਤਾ ਗਿਆ ਜਦੋਂ ਗਵਰਨਰ ਜਨਰਲ ਤੇ ਸਟੇਟ ਸਕੱਤਰ ਦੇ ਨਾਮ 'ਤੇ ਸਾਂਝੇ ਦੌਰ ਤੇ 1909 ਦੀ ਮਿੰਟੋ ਮਾਰਲੇ ਸਕੀਮ ਹੋਂਦ ਵਿੱਚ ਆਈ। ਉਸ ਸਮੇਂ ਤੱਕ ਮੁਸਲਮਾਨ ਕੁਝ ਹੱਦ ਤੱਕ ਸਹਿਮਤ ਦਿਖਾਈ ਦਿੰਦੇ ਮਿੰਟੋ ਨੂੰ ਪ੍ਰੇਰਨ ਵਿੱਚ ਸਫਲ ਹੋ ਗਏ (ਉਸ ਨੇ ਅੱਗੋਂ ਮਾਰਲੇ ਨੂੰ ਪਰੇਰਿਆ) ਕਿ ਮੁਸਲਮਾਨਾਂ ਦੀ ਸਹੀ ਪ੍ਰਤਿਨਿਧਤਾ ਪ੍ਰਾਪਤ ਕਰਨ ਲਈ ਵਧੀਆ ਤਰੀਕਾ ਵੱਖਰੀ ਪ੍ਰਤਿਨਿਧਤਾ ਹੈ ਜਿਸ ਵਿੱਚ ਮੁਸਲਮਾਨ ਹੀ ਮੁਸਲਮਾਨਾਂ ਨੂੰ ਵੋਟ ਦੇਣ ਤੇ ਮੁਸਲਮਾਨਾਂ ਨੂੰ ਹਿੰਦੂਆਂ ਦੀ ਅਧਿਕ ਗਿਣਤੀ ਨੂੰ ਘਟਾਉਣ ਲਈ ਮੁਸਲਮਾਨਾਂ ਨੂੰ ਵਧੇਰੇ ਨੁਮਾਇੰਦਗੀ ਮਿਲੇ। ਚੀਫ ਖ਼ਾਲਸਾ ਦੀਵਾਨ ਨੇ ਵੀ ਉਹੋ ਜਿਹੀਆਂ ਰਿਆਇਤਾਂ ਦੀ ਸਿੱਖਾਂ ਲਈ ਮੰਗ ਕੀਤੀ। ਲੈਫਟੀਨੈਂਟ ਗਵਰਨਰ ਨੇ ਦੀਵਾਨ ਦਾ ਸਮਰਥਨ ਕੀਤਾ ਤੇ ਵਾਇਸਰਾਇ ਨੂੰ ਲਿਖਿਆ ਕਿ ਪੰਜਾਬ ਵਿੱਚ ਸਿੱਖ ਭਾਈਚਾਰੇ ਦਾ ਅਤਿਅੰਤ ਮਹੱਤਵ ਹੈ ਤੇ ਇਹ ਵਿਚਾਰ ਕੀਤੀ ਜਾਣੀ ਚਾਹੀਦੀ ਹੈ ਕਿ ਉਹਨਾਂ ਨੂੰ ਉੱਚਿਤ ਪ੍ਰਤਿਨਿਧਤਾ ਦੇਣ ਲਈ ਕੀ ਕਰਨਾ ਚਾਹੀਦਾ ਹੈ ਤੇ ਕਿਹੜੀ ਕਾਰਵਾਈ ਕਰਨੀ ਜ਼ਰੂਰੀ ਹੈ।

ਖ਼ਾਲਸਾ ਦੀਵਾਨ ਦੇ ਨਿਵੇਦਨ ਤੇ ਲੈਫ. ਗਵਰਨਰ ਦੀ ਸਿਫ਼ਾਰਸ਼ 'ਤੇ ਕੋਈ ਵਿਚਾਰ ਨਾ ਕੀਤੀ ਗਈ। ਮਿੰਟੋ ਮਾਰਲੇ ਯੋਜਨਾ ਅਧੀਨ ਮੁਸਲਮਾਨਾਂ ਨੂੰ ਵੱਖਰੀ ਪ੍ਰਤਿਨਿਧਤਾ ਦੇ ਦਿੱਤੀ ਗਈ ਤੇ ਜਿਹਨਾਂ ਰਿਆਸਤਾਂ 'ਚ ਉਹ ਘੱਟ ਗਿਣਤੀ 'ਚ ਸਨ, ਉਹਨਾਂ ਵਿੱਚ ਤੇ ਕੇਂਦਰ ਵਿੱਚ ਵੀ ਉਹਨਾਂ ਨੂੰ ਮਹੱਤਵ ਦਿੱਤਾ ਗਿਆ। ਪਰ ਉਹੋ ਜਿਹੇ

---

2. ਪੰਜਾਬ ਵਿੱਚ ਸਿੱਖ ਮੈਂਬਰਾਂ ਵਿੱਚੋਂ ਬਾਬਾ ਸਰ ਖੇਮ ਸਿੰਘ ਬੇਦੀ, ਭਗਤ ਸਿੰਘ, ਕਪੂਰਥਲਾ ਰਿਆਸਤ ਦਾ ਮੁੱਖ ਸਕੱਤਰ, ਸਰ ਰਣਬੀਰ ਸਿੰਘ ਤੇ ਪਰਤਾਪ ਸਿੰਘ ਆਹਲੂਵਾਲੀਆ ਸਨ। ਨਾਭੇ ਦਾ ਯੁਵਰਾਜ ਰਿਪੂਦਮਨ ਸਿੰਘ ਤੇ ਅਰਜਨ ਸਿੰਘ ਬਾਗੜੀਆ ਨੂੰ ਗਵਰਨਰ ਜਨਰਲ ਦੀ ਕੌਂਸਲ ਵਿੱਚ ਨਾਮਜ਼ਦ ਕੀਤਾ ਗਿਆ। ਰਾਜਕੁਮਾਰ ਨੇ "ਅਨੰਦ ਵਿਆਹ ਬਿੱਲ" ਪੇਸ਼ ਕੀਤਾ ਤੇ ਇਸ ਤਰ੍ਹਾਂ ਸਿੱਖ ਵਿਆਹਾਂ ਲਈ ਹਿੰਦੂ ਰਸਮਾਂ ਪਾਸੇ ਕਰਕੇ ਸਿੱਖ ਵਿਆਹ ਦੀ ਰਸਮ ਨੂੰ ਕਾਨੂੰਨੀ ਸਰੂਪ ਦੇ ਦਿੱਤਾ ਗਿਆ। ਇਹ ਬਿੱਲ 1909 ਈ: ਵਿੱਚ (ਮੂਲ ਪਾਠ ਵਿੱਚ ਗਲਤੀ ਨਾਲ 1509 ਛਪਿਆ ਹੈ) ਪਾਸ ਹੋਇਆ ਜਦੋਂ ਨਾਭੇ ਦੇ ਰਾਜ ਕੁਮਾਰ ਦੀ ਥਾਂ ਸੁੰਦਰ ਸਿੰਘ ਮਜੀਠੀਆ ਨੂੰ ਮੈਂਬਰ ਬਣਾਇਆ ਗਿਆ।
3. ਇਸ ਚੁੱਪ ਨੂੰ 1907 ਈ: ਵਿੱਚ 28 ਫਰਵਰੀ ਨੂੰ ਪਰਤਾਪ ਸਿੰਘ ਆਹਲੂਵਾਲੀਆ ਨੇ ਤੋੜਿਆ ਜਦੋਂ ਉਸ ਨੇ ਬੜੀ ਸਾਵਧਾਨੀ ਨਾਲ ਤਿਆਰ ਕੀਤੇ ਸ਼ਬਦ ਨਹਿਰੀ ਬਸਤੀਆਂ ਦੇ ਬਿੱਲ ਬਾਰੇ ਕੁਝ ਸ਼ਬਦ ਕਹੇ। ਪੀ.ਐਲ.ਸੀ.ਡੀ. 28 ਫਰਵਰੀ 1907

ਅਧਿਕਾਰ ਪੰਜਾਬ ਵਿੱਚ ਸਿੱਖਾਂ ਤੇ ਹਿੰਦੂਆਂ ਲਈ ਪ੍ਰਵਾਨ ਨਾ ਕੀਤੇ ਗਏ। ਸਿੱਟਾ ਇਹ ਹੋਇਆ ਕਿ ਅਗਲੀਆਂ ਚੋਣਾਂ ਵਿੱਚ ਮੁਸਲਮਾਨਾਂ ਤੇ ਹਿੰਦੂਆਂ ਨੇ ਸਿੱਖ ਉਮੀਦਵਾਰਾਂ ਨੂੰ ਰਗੜਾ ਲਾ ਦਿੱਤਾ ਤੇ ਲੈਫ. ਗਵਰਨਰ ਨੂੰ ਸਿੱਖਾਂ ਦੀ ਨਿਰਧਾਰਿਤ ਮਾਤਰਾ ਨਾਮਜ਼ਦਗੀ ਰਾਹੀਂ ਪੂਰੀ ਕਰਨੀ ਪਈ।[5]

ਲਖਨਊ ਸਮਝੌਤਾ : ਮੌਂਟੇਗ੍ਰੂ-ਚੈਮਸਫੋਰਡ ਸੁਧਾਰ ਤੇ ਭਾਰਤ ਸਰਕਾਰ ਦਾ 1919 ਈ: ਦਾ ਕਾਨੂੰਨ—ਸੰਵਿਧਾਨਕ ਸੁਧਾਰਾਂ ਦੀ ਅਮਲੀ ਯੋਜਨਾ ਉਦੋਂ ਵਿਚਾਰ ਅਧੀਨ ਲਿਆਂਦੀ ਗਈ ਜਦੋਂ ਪਹਿਲੇ ਵਿਸ਼ਵ ਯੁੱਧ ਦਾ ਨਤੀਜਾ ਅਨਿਸ਼ਚਿਤ ਸੀ। ਉਸ ਸਮੇਂ ਸਿੱਖ ਮੁੱਖ ਤੌਰ 'ਤੇ ਜੰਗ ਦੀ ਹੋਣੀ ਬਾਰੇ ਤੇ ਮੈਸੋਪੋਟਾਮੀਆ ਪੜਤਾਲੀਆ ਕਮਿਸ਼ਨ ਵਿੱਚ ਰੁੱਝੇ ਹੋਏ ਸਨ ਜੋ ਭਾਰਤੀਆਂ 'ਤੇ ਖ਼ਾਸ ਕਰਕੇ ਸਿੱਖਾਂ ਦੀ ਮੁਹਿੰਮ ਵਿੱਚ ਗਈ ਸੈਨਾ ਨੂੰ ਡਾਕਟਰੀ ਸਹਾਇਤਾ ਦੇ ਢਹਿ ਢੇਰੀ ਹੋਣ ਦੀ ਘੋਖ ਕਰਨ ਬਾਰੇ ਸੀ। ਉਸ ਸਮੇਂ ਭਾਰਤੀ ਰਾਸ਼ਟਰੀ ਕਾਂਗਰਸ ਤੇ ਮੁਸਲਿਮ ਲੀਗ ਦੇ ਪ੍ਰਤਿਨਿਧ ਲਖਨਊ ਵਿੱਚ ਮਿਲੇ ਤੇ ਇਕ ਸਮਝੌਤਾ ਤਿਆਰ ਕਰ ਲਿਆ ਜਿਸ ਅਨੁਸਾਰ ਮੁਸਲਮਾਨਾਂ ਨੂੰ ਉਹਨਾਂ 7 ਰਿਆਸਤਾਂ ਵਿੱਚ ਜਿੱਥੇ ਉਹਨਾਂ ਦੀ ਘੱਟ ਗਿਣਤੀ ਸੀ ਵੱਖਰੇ ਚੋਣ ਹਲਕੇ ਦਿੱਤੇ ਗਏ, ਪੰਜਾਬ ਵਿੱਚ ਉਹਨਾਂ ਨੂੰ ½ ਥਾਵਾਂ ਦਿੱਤੀਆਂ ਗਈਆਂ ਤੇ ਕੇਂਦਰ ਵਿੱਚ ਨਿਰੋਲ ਮੁਸਲਮਾਨ ਮੱਤਦਾਤਾਵਾਂ ਤੋਂ ਚੁਣੀਆਂ ਜਾਣ ਵਾਲੀਆਂ ਦਾ 1/3 ਸੀਟਾਂ ਦਾ ਹਿੱਸਾ ਦਿੱਤਾ ਗਿਆ।[6] ਇਸ ਗੱਲਬਾਤ ਵਿੱਚ ਕਿਸੇ ਸਿੱਖ ਨੂੰ ਸੱਦਿਆ ਨਾ ਗਿਆ ਤੇ ਨਾ ਹੀ ਸਿੱਖ ਦ੍ਰਿਸ਼ਟੀਕੋਣ ਦਾ ਉਚਿੱਤ ਖ਼ਿਆਲ ਰੱਖਿਆ ਗਿਆ। ਲਖਨਊ ਪੈਕਟ ਤੇ ਆਧਾਰਿਤ ਕਿਸੇ ਤਬਦੀਲੀ ਦੀ ਪੇਸ਼ਬੰਦੀ ਕਰਨ ਲਈ ਚੀਫ਼ ਖ਼ਾਲਸਾ ਦੀਵਾਨ ਨੇ ਲੈਫ. ਗਵਰਨਰ ਨੂੰ ਯਾਦ ਪੱਤਰ ਲਿਖ ਕੇ ਧਿਆਨ ਦੁਆਇਆ ਕਿ ਸਿੱਖ ਅਜਿਹਾ ਸੰਵਿਧਾਨ ਪ੍ਰਵਾਨ ਨਹੀਂ ਕਰਨਗੇ ਜਿਸ ਵਿੱਚ ਉਹਨਾਂ ਨੂੰ ਪ੍ਰਾਂਤਕ ਤੇ ਸ਼ਾਹੀ ਕੌਂਸਲ ਅਤੇ ਸਿਵਲ ਪ੍ਰਸ਼ਾਸਨ ਵਿੱਚ ਅਜਿਹਾ ਹਿੱਸਾ ਨਹੀਂ ਦੇਵੇਗਾ ਜੋ ਪੰਜਾਬ ਦੇ ਇਲਹਾਕ ਤੋਂ ਪਹਿਲਾਂ ਉਹਨਾਂ ਦੀ ਸਥਿਤੀ ਉਹਨਾਂ ਦੀ ਮੁਲਕ

---

4. 1909 ਈ: ਚੋਣ ਲਈ ਤਿੰਨ ਸਾਂਝੀਆਂ ਸੀਟਾਂ ਮੁਸਲਮਾਨ ਜਿੱਤ ਗਏ, 1912 ਵਿੱਚ 6 ਸੀਟਾਂ 'ਚੋਂ ਚਾਰ ਸੀਟਾਂ ਹਿੰਦੂਆਂ ਨੇ, ਇਕ ਮੁਸਲਮਾਨਾਂ ਨੇ ਤੇ ਇਕ ਸਿੱਖਾਂ ਨੇ ਜਿੱਤੀ, 1916 ਵਿੱਚ 11 ਚੋਣ ਵਾਲੀਆਂ ਸੀਟਾਂ 'ਚੋਂ ਹਿੰਦੂਆਂ, ਮੁਸਲਮਾਨਾਂ ਨੂੰ ਪੰਜ ਪੰਜ, ਗਿਆਰਵੀਂ ਯੂਰਪੀਨ ਲੈ ਗਏ ਤੇ ਸਿੱਖਾਂ ਨੂੰ ਕੋਈ ਪ੍ਰਤਿਨਿੱਧਤਾ ਹੀ ਨਾ ਮਿਲੀ।
5. ਸੁੰਦਰ ਸਿੰਘ ਮਜੀਠੀਆ ਨੂੰ ਚੀਫ਼ ਖ਼ਾਲਸਾ ਦੀਵਾਨ ਨੇ ਪ੍ਰਤਿਨਿਧ ਵਜੋਂ ਪਹਿਲਾਂ ਨਾਮਜ਼ਦ ਕੀਤੇ ਮੈਂਬਰਾਂ ਪ੍ਰਤਾਪ ਸਿੰਘ ਆਹਲੂਵਾਲੀਆ ਤੇ ਗੁਰਬਖ਼ਸ਼ ਸਿੰਘ ਤੋਂ ਇਲਾਵਾ ਨਾਮਜ਼ਦ ਕੀਤਾ ਗਿਆ। 1913 ਈ: ਵਿੱਚ ਪ੍ਰਤਾਪ ਸਿੰਘ ਆਹਲੂਵਾਲੀਆ ਦੀ ਥਾਂ ਦਲਜੀਤ ਸਿੰਘ ਕਪੂਰਥਲਾ ਨੇ ਲੈ ਲਈ, ਤੇ ਸਿੱਖਾਂ ਦੇ ਹਿੱਸੇ ਦਾ ਚੌਥਾ ਵਿਅਕਤੀ ਲੁਧਿਆਣਾ ਦਾ ਵਕੀਲ ਗੱਜਣ ਸਿੰਘ ਸ਼ਾਮਲ ਕਰ ਲਿਆ ਗਿਆ।
6. ਪਹਿਲਾਂ ਵੀ ਕੇਂਦਰੀ ਅਸੈਂਬਲੀ ਦੇ ਮੈਂਬਰਾਂ ਦੇ ਇਕ ਗੁੱਟ ਨੇ ਵਾਇਸਰਾਇ ਲਾਰਡ ਹਾਰਡਿੰਗ ਨੂੰ ਸੰਵਿਧਾਨਿਕ ਸੁਧਾਰਾਂ ਪ੍ਰਤੀ ਇਕ ਪੱਤਰ ਮੁਖ਼ਾਤਿਬ ਕੀਤਾ ਸੀ, ਇਹਦੇ ਵਿੱਚ ਸਿੱਖਾਂ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਲਖਨਊ ਪੈਕਟ ਵੀ ਇਸ 19 ਮੈਂਬਰੀ ਯਾਦ-ਪੱਤਰ ਦਾ ਉੱਤਰ-ਫਲ ਹੀ ਸੀ।

ਵਿੱਚ ਵਰਤਮਾਨ ਸਥਿਤੀ ਤੇ ਸਾਮਰਾਜ ਪ੍ਰਤੀ ਉਹਨਾਂ ਦੀਆਂ ਪਹਿਲੀਆਂ ਤੇ ਹੁਣ ਕੀਤੀਆਂ ਜਾ ਰਹੀਆਂ ਸੇਵਾਵਾਂ ਦੇ ਅਨੁਕੂਲ ਨਹੀਂ ਹੋਵੇਗਾ। ਆਪਣੀ ਸਥਿਤੀ ਤੇ ਮਹੱਤਵ ਦੇ ਅਨੁਸਾਰ ਪ੍ਰਭਾਵਸ਼ਾਲੀ ਤੇ ਯੋਗ ਨੁਮਾਇੰਦਗੀ ਲਈ ਸਿੱਖਾਂ ਨੇ ਪੰਜਾਬ ਵਿੱਚ ਨਿਯੁਕਤੀਆਂ ਵਿੱਚ ਤੀਸਰੇ ਹਿੱਸੇ ਦੀ ਨਿਆਂਸ਼ੀਲ ਮੰਗ ਰੱਖੀ। ਉਹਨਾਂ ਨੇ ਇਹ ਮੰਗ ਵੀ ਰੱਖੀ ਕਿ ਵਾਇਸਰਾਇ ਤੇ ਸਟੇਟ ਸਕੱਤਰ ਦੀ ਕੌਂਸਲ ਵਿੱਚ ਵੀ ਉਹਨਾਂ ਦਾ ਹਿੱਸਾ ਉੱਚਿਤ ਤੇ ਉਪਰੋਕਤ ਅਨੁਸਾਰ ਨਿਸ਼ਚਿਤ ਸਿਧਾਂਤਾਂ 'ਤੇ ਆਧਾਰਿਤ ਹੋਵੇ।[7]

ਅਗਸਤ 1917 ਵਿੱਚ ਸਟੇਟ ਸੈਕਟਰੀ ਮਿਸਟਰ ਮਾਨਟੇਗੂ ਨੇ ਮਹੱਤਵਪੂਰਨ ਐਲਾਨ ਕੀਤਾ ਕਿ ਬਰਤਾਨਵੀ ਨੀਤੀ ਦਾ ਭਾਰਤੀਆਂ ਨੂੰ ਸ਼ਾਸਨ ਦੀ ਹਰ ਸ਼ਾਖਾ ਨਾਲ ਸੰਬੰਧਿਤ ਕਰਨਾ ਤੇ ਸ੍ਵੈ-ਸ਼ਾਸਨ ਸੰਸਥਾਵਾਂ ਦਾ ਹੌਲੀ-ਹੌਲੀ ਵਿਕਾਸ ਕਰਨਾ ਹੈ ਤਾਂ ਜੋ ਹੌਲੀ-ਹੌਲੀ ਸਿਲਸਿਲੇਵਾਰ ਜ਼ਿੰਮੇਂਵਾਰ ਸਰਕਾਰ ਨੂੰ ਸਾਰਥਕ ਆਕਾਰ ਦਿੱਤਾ ਜਾ ਸਕੇ।[8] ਉਸ ਪਤਝੱੜ ਦੀ ਰੁੱਤ ਵਿੱਚ ਮਾਨਟੇਗੂ ਭਾਰਤ ਦੀ ਯਾਤਰਾ 'ਤੇ ਆਇਆ ਤਾਂ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਨੇ ਉਸ ਨੂੰ ਸਿੱਖ ਦ੍ਰਿਸ਼ਟੀਕੋਣ ਸਮਝਾ ਦਿੱਤਾ। 22 ਨਵੰਬਰ 1917 ਈ: ਨੂੰ ਸਿੱਖਾਂ ਦਾ ਪ੍ਰਤਿਨਿਧ ਮੰਡਲ ਵਾਇਸਰਾਇ ਨੂੰ ਵੀ ਮਿਲਿਆ ਤੇ ਜੰਗ ਸਮੇਂ ਕੀਤੀਆਂ ਸੇਵਾਵਾਂ ਬਦਲੇ 1/3 ਨੁਮਾਇੰਦਗੀ ਲੈਣ ਲਈ ਆਪਣਾ ਦਾਅਵਾ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ।

ਮਾਂਟੇਗੂ ਚੈਮਸਫੋਰਡ ਰਿਪੋਰਟ ਜੋ 1918 ਦੀ ਬਸੰਤ ਰੁੱਤ ਵਿੱਚ ਜਾਰੀ ਕੀਤੀ ਗਈ ਉਸ ਨੇ ਸਿੱਖਾਂ ਨੂੰ ਮੁੜ ਵਿਸ਼ਵਾਸ ਦੁਆ ਦਿੱਤਾ। ਇਸ ਦੇ ਰਚਨਹਾਰਿਆਂ ਨੇ ਮੁਸਲਮਾਨਾਂ ਨੂੰ ਵੱਖਰੀ ਪ੍ਰਤਿਨਿੱਧਤਾ ਦੇ ਸਿਧਾਂਤ ਨਾਲ ਅਸਹਿਮਤੀ ਪ੍ਰਗਟ ਕੀਤੀ ਤੇ ਅਫ਼ਸੋਸ ਪ੍ਰਗਟ ਕੀਤਾ ਕਿ ਇਸ ਨੂੰ ਬਦਲਿਆ ਵੀ ਨਹੀਂ ਜਾ ਸਕਦਾ ਸੀ। ਪਰ ਉਹਨਾਂ ਨੇ ਮਹਿਸੂਸ ਕੀਤਾ ਕਿ ਜੋ ਕੁਝ ਮੁਸਲਮਾਨਾਂ ਨੂੰ ਦਿੱਤਾ ਗਿਆ ਸੀ, ਇਨਸਾਫ਼ ਦੀ ਮੰਗ ਹੈ ਕਿ ਉਹ ਸਿੱਖਾਂ ਨੂੰ ਵੀ ਦਿੱਤਾ ਜਾਵੇ। ਉਹਨਾਂ ਨੇ ਲਿਖਿਆ : "ਪੰਜਾਬ ਵਿੱਚ ਸਿੱਖ ਇਕ ਵੱਖਰੀ ਤੇ ਉੱਘੀ ਕੌਮ ਹਨ। ਉਹ ਭਾਰਤੀ ਫ਼ੌਜ ਲਈ ਬਹਾਦਰ ਤੇ ਉਪਯੋਗੀ ਸੈਨਿਕ ਦਿੰਦੇ ਹਨ, ਪ੍ਰੰਤੂ ਹਰ ਥਾਂ ਹੀ ਘੱਟ ਗਿਣਤੀ ਵਿੱਚ ਹਨ ਤੇ ਪੁਰਾਣਾ ਤਜਰਬਾ ਸਪੱਸ਼ਟ ਕਰਦਾ ਹੈ ਕਿ ਉਹ ਨੁਮਾਇੰਦਗੀ ਤੋਂ ਬਿਨਾਂ ਹੀ ਰਹਿ ਜਾਂਦੇ ਹਨ। ਇਸ ਲਈ ਅਸੀਂ ਇਹ ਤਜ਼ਵੀਜ਼ ਕਰਦੇ ਹਾਂ ਕਿ ਕੇਵਲ ਸਿੱਖਾਂ ਲਈ ਉਹੋ ਵਿਵਸਥਾ ਕੀਤੀ ਜਾਵੇ ਜੋ ਪਹਿਲਾਂ ਮੁਸਲਮਾਨਾਂ ਲਈ ਕੀਤੀ ਜਾ ਚੁੱਕੀ ਹੈ।"[9]

ਚੀਫ਼ ਖ਼ਾਲਸਾ ਦੀਵਾਨ ਨੇ ਆਪਣੇ ਇਕ ਮਤੇ ਵਿੱਚ ਇਹਨਾਂ ਸ਼ਬਦਾਂ ਰਾਹੀਂ ਆਪਣੀ ਪ੍ਰਸੰਨਤਾ ਤੇ ਇਸ ਤਜ਼ਵੀਜ਼ ਦੀ ਪ੍ਰਸ਼ੰਸਾ ਪ੍ਰਗਟ ਕੀਤੀ : "ਗਿਣਤੀ ਦੇ ਆਧਾਰ

---

7. ਚੀਫ਼ ਖ਼ਾਲਸਾ ਦੀਵਾਨ ਦਾ ਪੱਤਰ ਨੰ: 5075 ਮਿਤੀ 26 ਦਸੰਬਰ 1916 ਜੋ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਸੰਬੋਧਿਤ ਸੀ।
8. ਬਹੁਤ ਸਾਰੇ ਬਰਤਾਨਵੀ ਅਧਿਕਾਰੀ ਸ੍ਵੈ-ਸ਼ਾਸਨ ਬਾਰੇ ਇਸ ਕਦਮ ਦੇ ਆਲੋਚਕ ਸਨ। ਸਰ ਮਾਈਕਲ ਉਡਵਾਇਰ ਤਾਂ ਖੁਲ੍ਹਮ-ਖੁਲ੍ਹਾ ਇਸ ਦੇ ਵਿਰੁੱਧ ਸੀ।
9. ਮਾਂਟੇਗੂ ਚੈਮਸਫੋਰਡ ਰਿਪੋਰਟ, ਇੰਡੀਅਨ ਕਾਨਸਟੀਚਿਊਸ਼ਨਲ ਰੀਫਾਰਮਜ਼, ਪੰਨਾ 150

'ਤੇ ਇਕ ਅਲਪ-ਸੰਖਿਅਕ ਫਿਰਕੇ ਨੂੰ ਬਹੁਮੱਤ ਦੇ ਜ਼ੋਰ ਨਾਲ ਪ੍ਰਭਾਵਹੀਣ ਨਹੀਂ ਬਣਾਇਆ ਜਾ ਸਕਦਾ।"[10]

ਮਾਂਟੇਗੂ-ਚੈਮਸਫੋਰਡ ਤਜ਼ਵੀਜਾਂ ਉੱਪਰ ਪੰਜਾਬ ਲੈਜਿਸਲੇਟਿਵ ਕੌਂਸਲ ਵਿੱਚ ਬਹਿਸ ਕੀਤੀ ਗਈ। ਮੀਆਂ ਫਜ਼ਲ ਹੁਸੈਨ ਨੇ ਇਹ ਮਤਾ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਕੌਂਸਲ ਵਿੱਚ ਮੁਸਲਮਾਨਾਂ ਦਾ ਅਨੁਪਾਤ ਲਖਨਊ ਸਮਝੌਤੇ 'ਤੇ ਆਧਾਰਿਤ ਹੋਵੇ। ਗਜਨ ਸਿੰਘ ਨੇ ਤਜਵੀਜ਼ ਪੇਸ਼ ਕੀਤੀ ਕਿ ਉਸ ਵਿੱਚ ਇਹ ਸ਼ਬਦ ਜੋੜੇ ਜਾਣ ਕਿ "ਸਿੱਖਾਂ ਦੇ ਉੱਚਿਤ ਦਾਅਵੇ ਦਾ ਖਿਆਲ ਰੱਖਿਆ ਜਾਵੇ।"[11] ਹਿੰਦੂ ਤੇ ਮੁਸਲਮਾਨ ਦੋਹਾਂ ਫਿਰਕਿਆਂ ਦੇ ਮੈਂਬਰਾਂ ਨੇ ਇਸ ਨੁਕਸਾਨ ਨਾ ਪਹੁੰਚਾਉਣ ਵਾਲੀ ਤਜ਼ਵੀਜ਼ ਦਾ ਵੀ ਵਿਰੋਧ ਕੀਤਾ। ਚੇਅਰਮੈਨ ਨੇ ਸਿੱਖਾਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਵੱਲ ਉਹਨਾਂ ਦਾ ਧਿਆਨ ਦੁਆਇਆ। ਉਸ ਨੇ ਕਿਹਾ : "ਤੁਸੀਂ ਸਾਡੇ ਵਿਚਲੇ ਉਹਨਾਂ ਲੋਕਾਂ ਨੂੰ ਸਹੀ ਸਿੱਧ ਕਰ ਵਿਖਾਇਆ ਹੈ ਜਿਹੜੇ ਇਹ ਉਜ਼ਰ ਕਰਦੇ ਹਨ ਕਿ ਭਾਰਤੀ ਆਪਣਾ ਪ੍ਰਬੰਧ ਆਪ ਕਰ ਸਕਣ ਦੇ ਸੱਚਮੁੱਚ ਹੀ ਅਯੋਗ ਹਨ ਕਿਉਂਕਿ ਉਹ ਫਿਰਕੂ ਸੁਆਲ ਨੂੰ ਨਿਰਪੱਖਤਾ ਨਾਲ ਨਹੀਂ ਵਿਚਾਰ ਸਕਦੇ। ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਜੇ ਸਰਦਾਰ ਗੱਜਣ ਸਿੰਘ ਦੀ ਸੋਧ ਕੌਂਸਲ ਅੱਗੇ ਰੱਖੀ ਜਾਵੇ ਤਾਂ ਇਹ ਪਾਸ ਨਹੀਂ ਹੋ ਸਕੇਗੀ ਕਿਉਂਕਿ ਸਿੱਖ ਗਿਣਤੀ ਵਿੱਚ ਸਿਰਫ਼ ਦੋ ਹੀ ਹਨ। ਪ੍ਰੰਤੂ ਫਿਰ ਵੀ ਇਹ ਸਪੱਸ਼ਟ ਹੈ ਕਿ ਭਾਵੇਂ ਇਹ ਕਿਸੇ ਵੀ ਸ਼ਕਲ ਵਿੱਚ ਹੈ ਮੂਲ ਤੇ ਮੌਲਿਕ ਰੂਪ ਵਿੱਚ ਇਹ ਇਕ ਉੱਚਿਤ ਤੇ ਹੱਕੀ ਦਾਅਵਾ ਹੈ।

---

10. ਚੀਫ ਖ਼ਾਲਸਾ ਦੀਵਾਨ ਦੇ ਮਤੇ ਦਾ, 18 ਸਤੰਬਰ 1918 ਨੂੰ ਗਜਨ ਸਿੰਘ ਵੱਲੋਂ ਹਵਾਲਾ ਦਿੱਤਾ ਗਿਆ। ਪੀ.ਐਲ.ਸੀ.ਡੀ. 21 ਨਵੰਬਰ, 1918, ਪੰਨਾ 527
11. ਗੱਜਣ ਸਿੰਘ ਨੇ "ਉੱਚਿਤ ਦਾਅਵੇ" ਦੇ ਭਾਵ ਦੀ ਵਿਆਖਿਆ ਕੀਤੀ। ਉਸ ਨੇ ਕਿਹਾ, "1911 ਦੀ ਜਨ-ਗਣਨਾ ਦੇ ਅੰਕੜਿਆਂ ਅਨੁਸਾਰ ਸਿੱਖਾਂ ਦੀ ਗਿਣਤੀ ਦੇ ਹਿਸਾਬ ਨਾਲ ਪੰਜਾਬ ਦੀ ਵੱਸੋਂ ਦਾ 12% (ਸਹੀ ਅੰਕੜੇ 2,883,729 ਹਨ ਤੇ ਕੁਲ ਵੱਸੋਂ 241,87750 ਹਨ) ਹਨ। ਪ੍ਰੰਤੂ ਮੁਲਕ ਵਿੱਚ ਮਹੱਤਤਾ ਤੇ ਦਰਜੇ ਪੱਖੋਂ ਤੇ ਨੌਕਰੀਆਂ ਤੇ ਫ਼ੌਜ ਵਿੱਚ ਸਾਮਰਾਜ ਹਿੱਤ ਕੁਰਬਾਨੀਆਂ ਕਾਰਨ ਸਾਡੀ ਸਥਿਤੀ ਇਤਨੀ ਵਿਸ਼ੇਸ਼ ਹੈ ਕਿ ਭਾਰਤ ਦਾ ਕੋਈ ਹੋਰ ਫਿਰਕਾ ਨੇੜੇ ਤੇੜੇ ਵੀ ਨਹੀਂ ਪਹੁੰਚ ਸਕਿਆ ਤੇ ਨਾ ਪਹੁੰਚ ਸਕੇਗਾ। ਸਾਰੀ ਭਾਰਤੀ ਫ਼ੌਜ ਵਿੱਚ ਸਾਡੀ ਗਿਣਤੀ 20% ਹੈ ਜਦਕਿ ਪੰਜਾਬ ਵਿੱਚੋਂ ਭਰਤੀ ਕੀਤੀਆਂ ਜਾਂਦੀਆਂ ਪਲਟਨਾਂ ਵਿੱਚੋਂ ਜੋ ਬਾਦਸ਼ਾਹ ਸਲਾਮਤ ਦੀ ਲੜਾਕੂ ਫ਼ੌਜ ਦਾ 60% ਬਣਦੀ ਹੈ ਅਸੀਂ ਸਮੁੱਚੀ ਮਾਨਵੀ-ਤਾਕਤ ਦਾ 1/3 ਹਿੱਸਾ ਦਿੰਦੇ ਹਾਂ। — ਵਰਤਮਾਨ ਜੰਗ ਵਿੱਚ ਮਿਲੇ ਭਾਰਤੀ ਫ਼ੌਜ ਦੇ ਇਨਾਮਾਂ ਦਾ 1/3 ਹਿੱਸਾ ਸਾਡੀ ਕੌਮ ਨੇ ਜਿੱਤਿਆ ਹੈ। ਅਨੁਪਾਤ ਅਨੁਸਾਰ ਭਾਰਤੀ ਲੜਾਕੂ ਸੈਨਾ ਵਿੱਚ ਸਭ ਤੋਂ ਵੱਧ ਗਿਣਤੀ ਰੰਗਰੂਟਾਂ ਦੀ ਭਰਤੀ ਅਸੀਂ ਦਿੱਤੀ ਹੈ। ਸਾਨੂੰ ਸਾਮਰਾਜ ਪ੍ਰਤੀ ਆਪਣੀਆਂ ਸੇਵਾਵਾਂ ਬਾਰੇ ਵੱਧ ਚੜ੍ਹ ਕੇ ਗੱਲਾਂ ਕਰਨ ਦੀ ਜਾਂ ਸਰਕਾਰ ਤੋਂ ਹੱਕ ਤੇ ਅਧਿਕਾਰ ਮੰਗਣ ਦੀ ਆਦਤ ਨਹੀਂ ਹੈ ਸ਼ਾਇਦ ਇਸੇ ਕਾਰਨ ਇਸ ਮੁਲਕ ਦੇ ਵਿਕਾਸ ਦੀਆਂ ਯੋਜਨਾਵਾਂ ਤੇ ਸੁਧਾਰ ਵਿਉਂਤਾਂ ਵਿੱਚ ਸਿੱਖਾਂ ਨੂੰ ਮੁਲਕਵਾਸੀਆਂ ਦੇ ਦੂਸਰੇ ਖੁਲ੍ਹ ਕੇ ਬੋਲਣ ਵਾਲੇ ਫਿਰਕਿਆਂ ਨਾਲੋਂ ਅਸੀਂ ਘਾਟੇ 'ਚ ਰਹੇ ਹਾਂ। ਪੀ.ਸੀ.ਐਲ.ਡੀ. 21 ਨਵੰਬਰ 1918, ਪੰਨਾ 528.

ਤਰਮੀਮ ਬਾਰੇ ਵੋਟਾਂ ਪਾਈਆਂ ਗਈਆਂ ਤੇ ਜਿਵੇਂ ਉਮੀਦ ਸੀ ਸਿੱਖਾਂ ਦੀ ਗਿਣਤੀ ਸਿਰਫ਼ ਦੋ ਹੋਣ ਕਾਰਨ ਇਹ ਸੋਧ 2 ਦੇ ਮੁਕਾਬਲੇ 6 ਵੋਟਾਂ ਹੋਣ ਕਾਰਨ ਪਾਸ ਨਾ ਹੋ ਸਕੀ।[12] ਗੱਜਣ ਸਿੰਘ ਨੇ ਫਿਰ ਮਤਾ ਪੇਸ਼ ਕੀਤਾ ਕਿ ਕੌਂਸਲ ਵਿੱਚ ਸਿੱਖਾਂ ਲਈ 1/3 ਹਿੱਸਾਂ ਸੀਟਾਂ ਰਾਖਵੀਆਂ ਕੀਤੀਆਂ ਜਾਣ। ਇਸ ਮਤੇ ਦੀ ਵੀ ਉਹ ਦੁਰਗਤੀ ਹੋਈ—ਹਿੰਦੂ ਮੁਸਲਿਮ ਧੜੇ ਨੂੰ ਇਕਜੁੱਟ ਹੋ ਕੇ ਸਿੱਖਾਂ ਵਿਰੁੱਧ ਵੋਟਾਂ ਪਾਈਆਂ। ਇਮਪੀਰੀਅਲ ਕੌਂਸਲ ਵਿੱਚ ਸੁੰਦਰ ਸਿੰਘ ਮਜੀਠੀਏ ਨੂੰ ਵੀ ਕੋਈ ਕਾਮਯਾਬੀ ਨਾ ਮਿਲੀ। ਗ਼ੈਰ-ਸਰਕਾਰ ਹਿੰਦੂ ਮੁਸਲਮਾਨ ਮੈਂਬਰਾਂ ਨੇ ਸਿੱਖਾਂ ਦੀ ਦਲੀਲਾਂ 'ਤੇ ਬੇਨਤੀਆਂ ਦੀ ਕੋਈ ਪਰਵਾਹ ਨਾ ਕੀਤੀ।

ਚੀਫ਼ ਖ਼ਾਲਸਾ ਦੀਵਾਨ ਸਿੱਖ ਹੱਕਾਂ ਬਾਰੇ ਜ਼ੋਰ ਦਿੰਦਾ ਰਿਹਾ।[13] ਇਸ ਨੂੰ ਕੇਵਲ ਪੰਜਾਬ ਸਰਕਾਰ ਤੋਂ ਸਮਰਥਨ ਮਿਲਿਆ ਜਿਸ ਨੇ "ਮੱਤ ਅਧਿਕਾਰ ਕਮੇਟੀ" ਨੂੰ ਹੇਠ ਲਿਖੇ ਸ਼ਬਦਾਂ ਵਿੱਚ ਲਿਖਿਆ : "ਉਹਨਾਂ ਦੀ ਪ੍ਰਾਂਤ ਵਿੱਚ ਪ੍ਰਭਾਵਸ਼ਾਲੀ ਸਥਿਤੀ ਜੋ ਅੰਸ਼ਕ ਰੂਪ ਵਿੱਚ ਇਤਿਹਾਸਕ ਤੇ ਰਾਜਸੀ ਕਾਰਨਾਂ ਕਰਕੇ ਹੈ ਤੇ ਅੰਸ਼ਕ ਰੂਪ ਵਿੱਚ ਉਹਨਾਂ ਦੀ ਸੈਨਿਕ ਗੌਰਵ ਤੇ ਅੰਸ਼ਕ ਰੂਪ ਵਿੱਚ ਉਹਨਾਂ ਦੇ ਉਚੇਰੇ ਵਿੱਦਿਅਕ ਪੱਧਰ ਤੇ ਕੇਂਦਰੀ ਤੇ ਨਹਿਰੀ ਬਸਤੀਆਂ ਦੇ ਜ਼ਿਲ੍ਹਿਆਂ ਵਿੱਚ ਉਹਨਾਂ ਦੀ ਆਰਥਿਕ ਖੁਸ਼ਹਾਲੀ ਕਾਰਨ ਹੈ, ਮੰਗ ਕਰਦੀ ਹੈ ਕਿ ਉਹਨਾਂ ਨੂੰ ਉਹਨਾਂ ਦੀ ਵੱਸੋਂ ਦੇ ਟਾਕਰੇ ਤੇ ਬਹੁਤ ਜ਼ਿਆਦਾ ਪ੍ਰਤਿਨਿਧਤਾ ਦਿੱਤੀ ਜਾਵੇ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਿੱਖਾਂ ਦੀ ਫ਼ੌਜ ਵਿੱਚ ਗਿਣਤੀ 80000 ਤੋਂ ਜ਼ਿਆਦਾ ਹੈ ਜਿਹੜੀ ਦੂਸਰੇ ਫਿਰਕਿਆਂ ਦੇ ਅਨੁਪਾਤ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ ਤੇ ਜੋ ਰਕਮ ਉਹ ਮਾਮਲੇ ਤੇ ਆਬਿਆਨੇ ਦੇ ਰੂਪ ਵਿੱਚ ਅਦਾ ਕਰਦੇ ਹਨ ਉਹ ਵੀ ਉਹਨਾਂ ਦੀ ਗਿਣਤੀ ਨਾਲੋਂ ਕਿਤੇ ਅਧਿਕ ਹੈ।"[14]

ਪੰਜਾਬ ਸਰਕਾਰ ਦੀ ਚਿੱਠੀ ਵਿੱਚ ਇਸ ਤੱਥ ਵੱਲ ਵੀ ਧਿਆਨ ਦੁਆਇਆ ਗਿਆ ਕਿ ਸਿੱਖਾਂ ਦਾ ਮੱਤ-ਦਾਤਾਵਾਂ ਵਿੱਚ ਵੀ ਕਾਫੀ ਵਧੇਰੇ ਅਨੁਪਾਤ ਹੈ ਤੇ ਇਹ ਸੁਝਾਅ ਦਿੱਤਾ ਗਿਆ ਕਿ 26 ਗ਼ੈਰ-ਸਰਕਾਰੀ ਥਾਵਾਂ 'ਚੋਂ ਉਹਨਾਂ ਨੂੰ 5 ਸੀਟਾਂ ਦਿੱਤੀਆਂ ਜਾਣ ਜਿਹੜਾ 19% ਬਣਦਾ ਹੈ। ਮਤ ਅਧਿਕਾਰ ਕਮੇਟੀ ਨੇ ਇਸ ਤਜਵੀਜ਼ ਨੂੰ ਅਣਗੌਲਿਆਂ ਕਰ ਦਿੱਤਾ ਤੇ ਸਿੱਖਾਂ ਲਈ ਵੱਖਰੇ ਹਲਕੇ ਦੀ ਮੰਗ 'ਤੇ ਵਿਚਾਰ ਕੀਤੀ। ਇਹ ਸਿਫ਼ਾਰਸ਼ ਕੀਤੀ ਗਈ ਕਿ ਸਿੱਖਾਂ ਨੂੰ 54 ਗ਼ੈਰ-ਸਰਕਾਰੀ ਸੀਟਾਂ 'ਚੋਂ 8 ਸੀਟਾਂ (ਭਾਵ 15%) ਦਿੱਤੀਆਂ ਜਾਣ। ਚੀਫ਼ ਖ਼ਾਲਸਾ ਦੀਵਾਨ ਨੇ ਮੱਤ ਅਧਿਕਾਰ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ।

---

12. ਮੀਆਂ ਫਜ਼ਲ ਹੁਸੈਨ ਨੇ ਇਕ ਹੋਰ ਨੋਕੀਲਾ ਤੀਰ ਸਿੱਖਾਂ 'ਤੇ ਮਾਰਿਆ। ਉਸ ਨੇ ਕਿਹਾ ਕਿ ਸਿੱਖ ਲਖਨਊ ਸਮਝੌਤੇ ਤੋਂ ਤਾਂ ਪਾਸੇ ਰਹੇ ਕਿਉਂਕਿ ਉਹਨਾਂ ਨੂੰ ਆਪਣੇ ਹੱਕਾਂ ਬਾਰੇ ਕੋਈ ਭਰੋਸਾ ਨਹੀਂ ਸੀ ਸਗੋਂ ਉਹਨਾਂ ਨੂੰ ਤਾਂ ਲਿਹਾਜ਼ਦਾਰੀ ਤੇ ਪੱਖਪਾਤ ਦਾ ਭਰੋਸਾ ਸੀ।
13. ਚੀਫ਼ ਖ਼ਾਲਸਾ ਦੀਵਾਨ ਦਾ ਮਤਾ 7575, 24 ਨਵੰਬਰ, 1918
14. ਹੋਮ-ਜੁਡੀਸ਼ੀਅਲ ਨੰ: 2120 ਮਿਤੀ 23 ਨਵੰਬਰ 1918, ਸਿੱਖ ਪੰਜਾਬ ਦੇ ਭੂਮੀ ਲਗਾਨ ਦਾ 25% ਦਿੰਦੇ ਹਨ ਤੇ ਮਾਲੀਆ ਤੇ ਆਬਿਆਨਾ ਰਲਾ ਕੇ 40% ਅਦਾ ਕਰਦੇ ਹਨ।

ਭਾਰਤ ਸਰਕਾਰ ਦੇ 1919 ਦੇ ਕਾਨੂੰਨ ਨੇ ਸਿੱਖਾਂ ਨੂੰ 33% ਨੁਮਾਇੰਦਗੀ ਨਾ ਦਿੱਤੀ ਜਿਸ ਦੀ ਉਹ ਫ਼ੌਜੀ ਸੇਵਾਵਾਂ ਤੇ ਆਪਣੀ ਆਰਥਿਕ ਮਹੱਤਤਾ ਕਾਰਨ ਉਮੀਦ ਲਾਈ ਬੈਠੇ ਸਨ। ਉਹਨਾਂ ਨੂੰ ਅਸਲ ਵਿੱਚ ਪੰਜਾਬ ਵਿੱਚ ਉਸ ਨਾਲੋਂ ਬਹੁਤ ਘੱਟ ਮਿਲਿਆ ਜੋ ਮੁਸਲਮਾਨਾਂ ਨੂੰ ਉਹਨਾਂ ਪ੍ਰਾਂਤਾਂ ਵਿੱਚ ਮਿਲਿਆ ਜਿੱਥੇ ਉਹ ਘੱਟ ਗਿਣਤੀ ਵਿੱਚ ਸਨ।[15] ਨਵੇਂ ਵਿਧਾਨ ਅਨੁਸਾਰ ਪੰਜਾਬ ਲੈਜਿਸਲੇਟਿਵ ਕੌਂਸਲ ਦੇ 93 ਮੈਂਬਰ ਹੋਣੇ ਸਨ ਜਿਹਨਾਂ ਵਿੱਚੋਂ ਸਿੱਖ ਹਲਕਿਆਂ ਦੇ 15 ਚੁਣੇ ਹੋਏ ਮੈਂਬਰ ਹੋਣੇ ਸਨ[16], ਸੈਂਟਰਲ ਅਸੈਂਬਲੀ ਦੇ 145 ਮੈਂਬਰ ਹੋਣੇ ਸਨ ਜਿਹਨਾਂ ਵਿੱਚ ਸਿੱਖਾਂ ਦੀ ਗਿਣਤੀ ਤਿੰਨ ਹੋਣੀ ਸੀ; ਕੌਂਸਲ ਔਫ ਸਟੇਟਸ ਦੇ 60 ਮੈਂਬਰ ਹੋਣੇ ਸਨ ਜਿਹਨਾਂ ਵਿੱਚ ਇਕ ਸਿੱਖ ਹੋਣਾ ਸੀ।

ਪ੍ਰਾਂਤਕ ਸਰਕਾਰਾਂ ਦੇ ਦੋ ਕਿਸਮ ਦੇ ਪ੍ਰਬੰਧਕ ਵਿਭਾਗ ਹੋਣੇ ਸਨ। ਇਕ ਵਿੱਚ ਨਾਮਜ਼ਦ ਮੈਂਬਰ ਹੋਣੇ ਸਨ ਜਿਹਨਾਂ ਦਾ ਸਬੰਧ ਸੁਰੱਖਿਅਤ ਵਿਸ਼ਿਆਂ ਜਿਵੇਂ ਅਮਨ ਕਾਨੂੰਨ ਤੇ ਮਾਲੀਏ ਨਾਲ ਸੀ ਤੇ ਦੂਸਰੇ ਚੁਣੇ ਹੋਏ ਮੈਂਬਰਾਂ ਵਿੱਚੋਂ ਹੋਣੇ ਸਨ ਜਿਹਨਾਂ ਨੇ "ਸੌਂਪੇ ਗਏ ਵਿਸ਼ਿਆਂ ਦਾ ਪ੍ਰਬੰਧ ਕਰਨਾ ਸੀ।"[17] ਗਵਰਨਰ ਨੇ ਦੋਹਾਂ ਹੀ ਕਾਰਜਕਾਰਨੀਆਂ ਦੀ ਪ੍ਰਧਾਨਗੀ ਕਰਨੀ ਸੀ। ਇਸ ਵਿਵਸਥਾ ਨੂੰ ਦੋਹਰੀ ਸ਼ਾਸਨ ਪ੍ਰਣਾਲੀ (ਦੋ ਅਮਲੀ) ਕਿਹਾ ਗਿਆ।

ਚੀਫ ਖ਼ਾਲਸਾ ਦੀਵਾਨ ਨੇ, ਆਖ਼ਰੀ ਯਤਨ, ਜੋ ਕਿ ਉਸ ਨੂੰ ਛੇ ਮਹੀਨੇ ਪਹਿਲਾਂ ਕਰਨਾ ਚਾਹੀਦਾ ਸੀ, ਬਰਤਾਨਵੀ ਸਰਕਾਰ ਨੂੰ ਆਪਣੇ ਫ਼ੈਸਲੇ 'ਚ ਸੋਧ ਕਰਨ ਲਈ ਪ੍ਰਭਾਵਿਤ ਕਰਨ ਲਈ ਕੀਤਾ। ਚਾਰ ਸਿੱਖਾਂ ਦਾ ਪ੍ਰਤਿਨਿਧ ਮੰਡਲ[18], ਸੰਯੁਕਤ ਪਾਰਲੀਮੈਂਟਰੀ ਕਮੇਟੀ ਦੇ ਰਿਪੋਰਟ ਦੇ ਦੇਣ ਤੋਂ ਇਕ ਹਫ਼ਤਾ ਮਗਰੋਂ ਪਹੁੰਚਿਆ। ਇਸ ਨੂੰ ਇਕੋ ਇਕ ਤਸੱਲੀ ਇਸ ਜਾਣਕਾਰੀ ਮਿਲਣ ਕਾਰਨ ਹੋਈ ਕਿ ਕਮੇਟੀ ਨੇ ਆਪਣੇ ਆਪ ਹੀ ਪੰਜਾਬ ਵਿੱਚ ਸਿੱਖਾਂ ਦੀ ਪ੍ਰਤਿਨਿੱਧਤਾ ਵਿੱਚ ਦੋ ਸੀਟਾਂ ਦਾ ਵਾਧਾ ਕਰ ਦਿੱਤਾ।

---

15. ਸਿੱਖ ਜੋ ਪੰਜਾਬ ਦੀ ਵੱਸੋਂ ਦਾ 12% ਹਨ, ਉਹਨਾਂ ਨੂੰ 18% ਦੀ ਪ੍ਰਤਿਨਿਧਤਾ ਮਿਲੀ ਹੈ ਜਦੋਂ ਕਿ ਮੁਸਲਮਾਨਾਂ ਨੂੰ ਬਿਹਾਰ ਤੇ ਉੜੀਸਾ ਵਿੱਚ 25% ਪ੍ਰਤਿਨਿਧਤਾ ਮਿਲੀ ਹੈ ਜਿੱਥੇ ਉਹਨਾਂ ਦੀ ਵੱਸੋਂ 11% ਹੈ।
16. ਗਵਰਨਰ ਵੱਲੋਂ ਨਾਮਜ਼ਦਗੀ ਦੀ ਵਿਵਸਥਾ ਸੀ। 1920 ਵਿੱਚ ਕੌਂਸਲ ਵਿੱਚ ਤਿੰਨ ਹੋਰ ਸਿੱਖ ਨਾਮਜ਼ਦ ਕੀਤੇ ਗਏ।
17. ਉਹ ਵਿਸ਼ੇ ਜਿਹਨਾਂ ਬਾਰੇ ਸਥਾਨਕ ਗਿਆਨ ਤੇ ਸਮਾਜ ਸੇਵਾ ਦੇ ਵਧੇਰੇ ਮੌਕੇ ਹਨ, ਜਿਹੜੇ ਵਿਸ਼ਿਆਂ ਵਿੱਚ ਭਾਰਤੀਆਂ ਨੇ ਡੂੰਘੀ ਦਿਲਚਸਪੀ ਦਿਖਾਈ ਹੈ, ਜਿਹਨਾਂ ਵਿਸ਼ਿਆਂ ਵਿੱਚ ਗੰਭੀਰ ਤੇ ਠੀਕ ਨਾ ਹੋਣ ਵਾਲੀਆਂ ਗਲਤੀਆਂ ਹੁੰਦੀਆਂ ਹਨ ਤੇ ਉਹ ਵਿਸ਼ੇ ਜਿਹਨਾਂ ਵਿੱਚ ਵਧੇਰੇ ਵਿਕਾਸ ਦੀ ਜ਼ਰੂਰਤ ਹੈ ਜਿਵੇਂ ਸਿੱਖਿਆ, ਖੇਤੀ, ਜਨ ਸਿਹਤ ਤੇ ਸਥਾਨਕ ਸਰਕਾਰ, ਇਹ ਸਭ ਵਿਸ਼ਿਆਂ ਤੇ ਗਵਰਨਰ ਕੋਲ ਨਿਗਰਾਨੀ, ਸੰਚਾਲਨ ਤੇ ਨਿਯੰਤਰਨ ਦੇ ਅਧਿਕਾਰ ਹੋਣਗੇ।
18. ਪ੍ਰਤਿਨਿਧ ਮੰਡਲ ਵਿੱਚ ਸ਼ਿਵਦਿਆਲ ਸਿੰਘ, ਸੋਹਨ ਸਿੰਘ, ਸੇਵਾ ਰਾਮ ਸਿੰਘ ਤੇ ਉੱਜਲ ਸਿੰਘ ਸਨ। ਆਖ਼ਰੀ ਨਾਮ ਵਿਧਾਨਕ ਮਾਮਲਿਆਂ ਤੇ ਸਿੱਖ ਦ੍ਰਿਸ਼ਟੀਕੋਣ ਦਾ ਮੁੱਖ ਵਿਆਖਿਆਕਾਰ ਬਣਿਆ।

ਨਵੇਂ ਵਿਧਾਨ ਅਨੁਸਾਰ ਪਹਿਲੀ ਚੋਣ 1920 ਵਿੱਚ ਹੋਈ। ਗਦਰੀਆਂ ਨਾਲ ਸਲੂਕ, ਜਲ੍ਹਿਆਂਵਾਲੇ ਬਾਗ ਦੀ ਗੋਲਾਬਾਰੀ ਤੇ ਮਾਰਸ਼ਲ ਲਾਅ ਦੇ ਸਮੇਂ ਦੇ ਜ਼ੁਲਮ ਲੋਕਾਂ ਦੇ ਮਨਾਂ ਵਿੱਚ ਅਜੇ ਸਜਰੇ ਸਨ। ਰਾਸ਼ਟਰਵਾਦੀਆਂ ਨੇ ਚੋਣਾਂ ਦਾ ਬਾਈਕਾਟ ਕੀਤਾ। ਸਿੱਖ ਜਨਤਾ ਵਿੱਚ ਚੀਫ ਖ਼ਾਲਸਾ ਦੀਵਾਨ ਦੀ ਸ਼ਾਖ ਖ਼ਤਮ ਹੋ ਗਈ ਸੀ ਤੇ ਉਸ ਦੀ ਥਾਂ 'ਤੇ ਕੋਈ ਹੋਰ ਸਿਆਸੀ ਪਾਰਟੀ ਨਹੀਂ ਆਈ ਸੀ। ਸੀਮਿਤ ਮੱਤ ਅਧਿਕਾਰ ਹੋਣ ਕਾਰਨ ਅਮੀਰਾਂ ਦੀ ਹੀ ਵੋਟ ਹੁੰਦੀ ਸੀ ਤੇ ਉਹੋ ਹੀ ਚੋਣ ਲੜਨ ਲਈ ਖ਼ਰਚ ਕਰ ਸਕਦੇ ਸਨ।[19] ਲੈਫ: ਗਵਰਨਰ ਨੇ ਤਿੰਨ ਹੋਰ ਨਾਮਜ਼ਦ ਕੀਤੇ ਜਿਹਨਾਂ ਵਿੱਚ ਚੀਫ ਖ਼ਾਲਸਾ ਦੀਵਾਨ ਦਾ ਪ੍ਰਤਿਨਿਧ ਸੁੰਦਰ ਸਿੰਘ ਮਜੀਠੀਆ ਵੀ ਸ਼ਾਮਿਲ ਸੀ। ਮਜੀਠੀਏ ਨੂੰ ਗਵਰਨਰ ਦੀ ਕਾਰਜਕਾਰਨੀ ਕੌਂਸਲ ਦਾ ਮੈਂਬਰ ਬਣਾਇਆ ਗਿਆ ਤੇ ਉਸ ਨੂੰ ਮਾਲ ਵਿਭਾਗ ਸੌਂਪਿਆ ਗਿਆ। ਕੇਂਦਰੀ ਅਸੈਂਬਲੀ 'ਚ ਚੁਣੇ ਗਏ ਤਿੰਨ ਸਿੱਖ ਮੈਂਬਰ ਕਿਸੇ ਵੀ ਸਿਆਸੀ ਦਲ ਨਾਲ ਸੰਬੰਧਿਤ ਨਹੀਂ ਸਨ। ਜੋਗਿੰਦਰ ਸਿੰਘ[20] ਜੋ ਕੌਂਸਲ ਆਫ ਸਟੇਟਸ ਦਾ ਮੈਂਬਰ ਚੁਣਿਆ ਗਿਆ ਸੀ ਉਹ ਵੀ ਗ਼ੈਰ-ਸਿਆਸੀ ਆਦਮੀ ਸੀ।

1920 ਦੀਆਂ ਚੋਣਾਂ ਵਿੱਚ ਯੂਨੀਅਨਿਸਟ ਪਾਰਟੀ ਉੱਭਰ ਕੇ ਆਈ ਜਿਸ ਦੇ ਨੇਤਾ ਮੀਆਂ ਫਜ਼ਲ ਹੁਸੈਨ ਤੇ ਚੌਧਰੀ ਛੋਟੂ ਰਾਮ ਸਨ। ਇਹ ਪਾਰਟੀ ਵਧੇਰੇ ਕਰਕੇ ਮੁਸਲਮਾਨ ਜ਼ਿਮੀਂਦਾਰ ਤੇ ਹਰਿਆਣੇ ਦੇ ਹਿੰਦੂ ਜਾਟਾਂ 'ਤੇ ਆਧਾਰਿਤ ਸੀ ਤੇ ਉਹਨਾਂ ਦੀ ਸਾਂਝ ਇਸ ਗੱਲ ਵਿੱਚ ਸੀ ਕਿ ਉਹ ਅੰਗਰੇਜ਼ਾਂ ਪ੍ਰਤੀ ਵਫ਼ਾਦਾਰ ਸਨ ਤੇ ਉਹਨਾਂ ਨੂੰ ਸ਼ਹਿਰੀ ਹਿੰਦੂਆਂ ਤੇ ਸਿੱਖਾਂ ਨਾਲ ਨਫ਼ਰਤ ਸੀ। ਇਹਨਾਂ ਦੀ ਰਚਨਾ ਕਾਸ਼ਤਕਾਰਾਂ 'ਤੇ ਆਧਾਰਿਤ ਸੀ ਤੇ ਇਹਨਾਂ ਦੀ ਨੀਤੀ ਵੀ ਕਾਸ਼ਤਕਾਰ ਹਲਕਿਆਂ ਦੇ ਹਿੱਤਾਂ ਦਾ ਖ਼ਿਆਲ ਰੱਖਣਾ ਸੀ। ਭਾਵੇਂ ਸਿੱਖਾਂ ਦੀ ਬਹੁ-ਗਿਣਤੀ ਜੱਟ ਤੇ ਕਾਸ਼ਤਕਾਰ ਸਨ, ਚੀਫ ਖ਼ਾਲਸਾ ਦੀਵਾਨ ਦੇ ਨੇਤਾਵਾਂ ਨੂੰ ਯੂਨੀਅਨਿਸਟਾਂ ਦਾ ਜਾਤੀ ਪੱਖਪਾਤ ਸਿੱਖ ਧਰਮ ਦੇ ਪ੍ਰਤਿਕੂਲ ਜਾਪਿਆ ਤੇ ਉਹਨਾਂ ਨੇ ਉਸ ਪਾਰਟੀ ਨਾਲ ਮਿਲ ਕੇ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ। ਫਿਰ ਵੀ ਕੁਝ ਸਾਲ ਮਗਰੋਂ ਜੱਟ ਸਿੱਖਾਂ ਦੇ ਇਕ ਧੜੇ ਨੇ ਮਹਿਸੂਸ ਕੀਤਾ ਕਿ ਉਹਨਾਂ ਦੇ ਸਹਿਧਰਮੀ ਖੱਤਰੀ ਤੇ ਅਰੋੜੇ ਜ਼ਿਆਦਾ ਪੜ੍ਹੇ-ਲਿਖੇ ਹੋਣ ਕਾਰਨ ਚੰਗੀਆਂ ਨੌਕਰੀਆਂ ਸਾਂਭੀ ਬੈਠੇ

---

19. ਚੁਣੇ ਹੋਏ ਸਿੱਖਾਂ ਵਿੱਚ ਦੋਹਾਂ ਨੂੰ ਸਿੱਖ ਸੰਗਠਨ ਦੇ ਸਮਰਥਨ ਦੀ ਝਲਕ ਪ੍ਰਤੱਖ ਸੀ। ਮਹਿਤਾਬ ਸਿੰਘ ਲਾਹੌਰ ਤੋਂ ਚੁਣਿਆ ਗਿਆ ਅਕਾਲੀ ਨੇਤਾ ਸੀ ਜੋ ਕੌਂਸਲ ਦਾ ਡਿਪਟੀ ਪਰੈਜ਼ੀਡੈਂਟ ਬਣਿਆ। ਦੂਸਰਾ ਲੁਧਿਆਣੇ ਤੋਂ ਜੱਟ ਸੀ। ਦੋਵੇਂ ਹੀ ਵਕੀਲ ਸਨ।
20. ਜੋਗਿੰਦਰ ਸਿੰਘ (1877-1946), ਬਾਠ ਗੋਤ ਦਾ ਜੱਟ ਸਿੱਖ ਸੀ ਜਿਸ ਦੀਆਂ ਮਿੰਟਗੁਮਰੀ ਤੇ ਉੱਤਰ-ਪਰਦੇਸ਼ ਵਿੱਚ ਜਾਗੀਰਾਂ ਸਨ। ਪੰਜਾਬ ਆਉਣ ਤੋਂ ਪਹਿਲਾਂ ਉਸ ਨੇ ਪਟਿਆਲਾ ਰਿਆਸਤ ਵਿੱਚ ਨੌਕਰੀ ਕੀਤੀ। 1926 ਵਿੱਚ ਉਹ ਪੰਜਾਬ ਵਿੱਚ ਖੇਤੀ ਮੰਤਰੀ ਬਣਿਆ ਤੇ ਉਸ ਮਗਰੋਂ 10 ਸਾਲ ਲਈ ਵੱਖ-ਵੱਖ ਵਿਭਾਗਾਂ ਦਾ ਮੰਤਰੀ ਰਿਹਾ। ਜੁਲਾਈ 1942 ਵਿੱਚ ਉਸ ਨੂੰ ਗਵਰਨਰ ਜਨਰਲ ਦੀ ਕਾਰਜਕਾਰਨੀ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਤੇ ਉਹ ਸਿਹਤ, ਸਿੱਖਿਆ ਤੇ ਮਾਲ ਵਿਭਾਗ ਦਾ ਮੈਂਬਰ ਬਣਿਆ। ਜੋਗਿੰਦਰ ਸਿੰਘ ਨੇ ਅੰਗਰੇਜ਼ੀ ਵਿੱਚ ਕਈ ਪੁਸਤਕਾਂ ਲਿਖੀਆਂ। ਉਹਦੀਆਂ ਰਚਨਾਵਾਂ ਵਿੱਚ 'ਕਮਲਾ' ਤੇ 'ਨੂਰਜਹਾਂ' (ਦੋਵੇਂ ਗਲਪ ਰਚਨਾਵਾਂ) ਹਨ ਤੇ ਕੁਝ ਸਿੱਖ ਧਰਮ ਬਾਰੇ ਵੀ ਰਚਨਾਵਾਂ ਹਨ।

ਹਨ, ਇਸ ਲਈ ਉਹਨਾਂ ਨੇ ਆਪਣੀ ਕਿਸਮਤ ਯੂਨੀਅਨਿਸਟਾਂ ਨਾਲ ਜੋੜ ਲਈ। ਯੂਨੀਅਨਿਸਟਾਂ ਦੇ ਰਾਜ ਪ੍ਰਬੰਧ ਇਕ ਪੰਜਾਬੀ ਲਈ ਮੁਸਲਮਾਨ, ਹਿੰਦੂ ਜਾਂ ਸਿੱਖ ਹੋਣ ਦਾ ਬਹੁਤਾ ਲਾਭ ਨਹੀਂ ਸੀ, ਉਸ ਦੀ ਨੌਕਰੀ ਲਈ ਅਸਲੀ ਤੇ ਉੱਚਿਤ ਯੋਗਤਾ ਤਾਂ ਇਹੋ ਸੀ ਕਿ ਉਹ ਕਾਸ਼ਤਕਾਰ ਵਰਗ ਨਾਲ ਸੰਬੰਧਿਤ ਹੋਵੇ।

ਅਕਾਲੀ ਸਿੱਖਾਂ ਤੇ ਰਾਸ਼ਟਰਵਾਦੀਆਂ ਨੇ ਜਨ ਸਮੂਹ ਵਿੱਚ ਆਪਣਾ ਕਾਫ਼ੀ ਅਸਰ ਰਸੂਖ ਕਾਇਮ ਕਰ ਲਿਆ ਸੀ ਤੇ 1923 ਵਿੱਚ ਉਹ ਪੰਜਾਬ ਵਿਧਾਨ ਸਭਾ ਵਿੱਚ ਕੁਝ ਸੀਟਾਂ ਜਿੱਤਣ ਦੇ ਸਮਰੱਥ ਹੋ ਗਏ ਸਨ। ਫਿਰ ਵੀ ਸੁੰਦਰ ਸਿੰਘ ਮਜੀਠੀਆ ਨੂੰ ਲੈਫਟੀਨੈਂਟ ਗਵਰਨਰ ਦੀ ਕੌਂਸਲ ਵਿੱਚ ਦੁਬਾਰਾ ਨਾਮਜ਼ਦ ਕੀਤਾ ਗਿਆ ਸੀ ਤੇ ਉਸ ਨੂੰ ਦੁਬਾਰਾ ਮਾਲ ਵਿਭਾਗ ਦਾ ਮੰਤਰੀ ਨਿਯੁਕਤ ਕਰ ਦਿੱਤਾ ਗਿਆ ਸੀ।

ਗੋਲਮੇਜ਼ ਕਾਨਫਰੰਸ ਤੇ ਭਾਰਤ ਸਰਕਾਰ ਦਾ 1935 ਦਾ ਕਾਨੂੰਨ : ਸਾਈਮਨ ਕਮਿਸ਼ਨ ਤੇ ਨਹਿਰੂ ਦੀ ਰਿਪੋਰਟ—1927 ਦੀ ਪਤਝੱੜ ਰੁੱਤ ਵਿੱਚ ਬਰਤਾਨਵੀ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਸਰ ਜਾਨ ਸਾਈਮਨ ਦੀ ਪ੍ਰਧਾਨਗੀ ਅਧੀਨ ਭਾਰਤ ਸਰਕਾਰ ਦੇ 1919 ਦੇ ਕਾਨੂੰਨ ਦੇ ਅਮਲ 'ਤੇ ਕਾਰਜ ਦੇ ਨਿਰੀਖਣ ਲਈ ਇਕ ਕਮਿਸ਼ਨ ਨਿਯੁਕਤ ਕੀਤਾ ਗਿਆ। ਇਸ ਵਿੱਚ ਕੋਈ ਵੀ ਭਾਰਤੀ ਸ਼ਾਮਲ ਨਹੀਂ ਕੀਤਾ ਗਿਆ ਸੀ, ਇਸ ਲਈ ਨੈਸ਼ਨਲ ਕਾਂਗਰਸ ਤੇ ਮੁਸਲਿਮ ਲੀਗ ਦੋਹਾਂ ਨੇ ਇਸ ਦੀ ਕਾਰਵਾਈ ਦਾ ਬਾਈਕਾਟ ਕਰ ਦਿੱਤਾ। ਇਸ ਦੇ ਫਲਸਰੂਪ ਜਦੋਂ ਕਮਿਸ਼ਨ ਭਾਰਤ ਪਹੁੰਚਿਆ ਤਾਂ ਇਸ ਦਾ ਕਾਲੀਆਂ ਝੰਡੀਆਂ ਲਾ ਕੇ ਤੇ "ਸਾਈਮਨ ਵਾਪਸ ਜਾਓ" ਦੇ ਨਾਅਰਿਆਂ ਨਾਲ ਸੁਆਗਤ ਕੀਤਾ ਗਿਆ।[21] ਪੰਜਾਬ ਲੈਜਿਸਲੇਟਿਵ ਕੌਂਸਲ ਨੇ ਸਿਕੰਦਰ ਹਯਾਤ ਖ਼ਾਂ ਨੂੰ ਪ੍ਰਧਾਨ ਤੇ ਉਜੱਲ ਸਿੰਘ ਨੂੰ ਸਕੱਤਰ ਥਾਪ ਕੇ ਇਕ ਕਮੇਟੀ ਕਮਿਸ਼ਨ ਅੱਗੇ ਗਵਾਹੀਆਂ ਦੇਣ ਲਈ ਨਾਮਜ਼ਦ ਕੀਤੀ।[22] ਸਿੱਖਾਂ ਦੀ

---

21. ਕਈ ਥਾਂਈ ਪੁਲੀਸ ਨੂੰ ਸਖ਼ਤੀ ਕਰਕੇ ਹਜੂਮ ਖਿੰਡਾਉਣਾ ਪਿਆ। ਅਜਿਹੀ ਇਕ ਭਗਦੜ ਸਮੇਂ ਲਾਹੌਰ ਵਿੱਚ ਲਾਜਪਤ ਰਾਏ ਜ਼ਖ਼ਮੀ ਹੋ ਗਿਆ। ਇਹ ਆਮ ਹੀ ਮੰਨਿਆ ਜਾਂਦਾ ਸੀ ਕਿ ਲਾਲਾ ਲਾਜਪਤ ਉੱਪਰ ਪੰਜਾਬ ਪੁਲੀਸ ਦੇ ਇਨਸਪੈਕਟਰ ਸਾਂਡਰਸ ਨੇ ਹਮਲਾ ਕੀਤਾ ਸੀ। ਮਗਰੋਂ ਸਾਂਡਰਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਉਸ ਦੇ ਕਤਲ ਦੇ ਦੋਸ਼ ਵਿੱਚ ਤਿੰਨ ਨੌਜਵਾਨਾਂ ਭਗਤ ਸਿੰਘ, ਸੁਖਦੇਵ ਸਿੰਘ ਤੇ ਰਾਜਗੁਰੂ ਨੂੰ 23 ਮਾਰਚ 1931 ਨੂੰ ਫਾਂਸੀ ਲਾ ਦਿੱਤਾ ਗਿਆ ਸੀ। ਭਗਤ ਸਿੰਘ ਭਾਰਤ ਦੇ ਕ੍ਰਾਂਤੀਕਾਰੀਆਂ ਦੇ ਇਤਿਹਾਸ ਵਿੱਚ ਸਭ ਤੋਂ ਪ੍ਰਸਿੱਧ ਆਤੰਕਵਾਦੀ ਬਣਿਆ। ਮਹਾਤਮਾ ਗਾਂਧੀ ਨੇ ਲਿਖਿਆ, "ਜਿੱਥੋਂ ਤੱਕ ਮੈਨੂੰ ਯਾਦ ਹੈ ਕਿ ਕਿਸੇ ਵੀ ਵਿਅਕਤੀ ਦੇ ਨਾਮ ਨਾਲ ਇਤਨੀ ਅਤਿਉਕਤੀ ਤੇ ਕਲਪਤ ਕਹਾਣੀਆਂ ਨਹੀਂ ਜੁੜੀਆਂ ਜਿਤਨੀਆਂ ਭਗਤ ਸਿੰਘ ਨਾਲ ਜੁੜੀਆਂ ਹਨ।"
22. ਉਜੱਲ ਸਿੰਘ (ਜਨਮ 1895) ਜੋ ਸ਼ਾਹਪੁਰ ਜ਼ਿਲ੍ਹੇ ਦਾ ਅਰੋੜਾ ਸਿੱਖ ਸੀ, ਮੁਲਤਾਨ ਜ਼ਿਲ੍ਹੇ ਵਿੱਚ ਵੱਡੀਆਂ ਮਿਲਖਾਂ ਦਾ ਮਾਲਕ ਸੀ। ਉਹ ਪੰਜਾਬ ਲੈਜਿਸਲੇਟਿਵ ਕੌਂਸਲ ਲਈ 1926 ਈ: ਵਿੱਚ ਚੁਣਿਆ ਗਿਆ। ਉਹ ਸੱਚਰ ਸਰਕਾਰ ਵਿੱਚ ਵਿੱਤ ਮੰਤਰੀ ਸੀ ਤੇ 1955 ਤੱਕ ਸਿੱਖ ਸਿਆਸਤ ਦੀ ਕੇਂਦਰੀ ਸ਼ਕਤੀ ਰਿਹਾ। 1965 ਈ: ਵਿੱਚ ਉਸ ਨੂੰ ਪੰਜਾਬ ਦਾ ਗਵਰਨਰ ਨਾਮਜ਼ਦ ਕੀਤਾ ਗਿਆ।

ਪ੍ਰਤਿਨਿਧਤਾ[23] ਬਾਰੇ ਇਕ ਯਾਦ-ਪੱਤਰ ਕਮਿਸ਼ਨ ਨੂੰ ਸੌਂਪਿਆ ਗਿਆ। ਇਸ ਵਿੱਚ ਕਿਹਾ ਗਿਆ : "ਸਮੁੱਚੇ ਮੁਲਕ ਦੀ ਤਰੱਕੀ ਲਈ ਸਿੱਖ ਆਪਣੀ ਵੱਖਰੀ ਹਸਤੀ ਪ੍ਰਤੀ ਬੇਤਾਬੀ ਦੇ ਨਾਲ ਸਦਾ ਹੀ ਦੂਸਰੇ ਫਿਰਕਿਆਂ ਨਾਲ ਸਹਿਯੋਗ ਕਰਨ ਲਈ ਤਿਆਰ ਹਨ। ਇਸ ਲਈ ਉਹ ਇਸ ਐਲਾਨ ਦਾ ਸੁਆਗਤ ਕਰਨ ਵਾਲੇ ਸਭ ਤੋਂ ਮੂਹਰੇ ਹੋਣਗੇ ਕਿ ਮੁਲਕ ਵਿੱਚ ਰਾਸ਼ਟਰੀ ਸਰਕਾਰ ਦੇ ਗਠਨ ਸਬੰਧੀ ਜ਼ਾਤ ਜਾਂ ਧਰਮ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਵੇਗਾ। ਉਹ ਯੋਗਤਾ ਦਾ ਸੁਆਗਤ ਕਰਨ ਲਈ ਤਿਆਰ ਹੋਣਗੇ ਬਸ਼ਰਤੇ ਕਿ ਉਹਨਾਂ ਨੂੰ ਕਿਸੇ ਹੋਰ ਫਿਰਕੇ ਲਈ ਰਾਖਵੇਂ ਕਰਨ ਨਾਲ ਵਿਕਾਸ ਕਰਨ ਵਿੱਚ ਕੋਈ ਅੜਿੱਕਾ ਨਾ ਪਵੇ।"[24]

ਜੇ ਵੱਖਰੀ ਪ੍ਰਤਿਨਿਧਤਾ ਜਾਰੀ ਹੀ ਰਹਿਣੀ ਹੈ, ਤਾਂ ਯਾਦ-ਪੱਤਰ ਵਿੱਚ ਮੰਗ ਕੀਤੀ ਗਈ ਕਿ ਪੰਜਾਬ ਲੈਜਿਸਲੇਟਿਵ ਵਿੱਚ ਸੰਪ੍ਰਦਾਇਕ ਅਨੁਪਾਤ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੀ ਜਾਵੇ—40% ਮੁਸਲਮਾਨਾਂ ਲਈ, 30% ਹਿੰਦੂਆਂ ਲਈ ਤੇ 30% ਸਿੱਖਾਂ ਲਈ। ਸਿੱਖਾਂ ਲਈ ਸਿੰਧ (ਜੇਕਰ ਸਿੰਧ ਇਕ ਵੱਖਰਾ ਪ੍ਰਾਂਤ ਬਣਾਇਆ ਗਿਆ) ਦਿੱਲੀ ਤੇ ਉੱਤਰ ਪੱਛਮੀ ਸੀਮਾ ਪ੍ਰਾਂਤਾਂ ਵਿੱਚ ਵੱਖਰੀ ਪ੍ਰਤਿਨਿਧਤਾ ਦੇਣ ਦੀ ਮੰਗ ਕੀਤੀ ਗਈ।

ਜਦੋਂ ਕਮਿਸ਼ਨ ਕੰਮ ਵਿੱਚ ਰੁੱਝਾ ਹੋਇਆ ਸੀ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਵਾਰ ਫਿਰ 1916 ਵਾਂਗ ਅੰਗਰੇਜ਼ੀ ਸਰਕਾਰ ਨੂੰ ਸਾਰੇ ਭਾਰਤੀਆਂ ਲਈ ਪ੍ਰਵਾਨਯੋਗ ਖਰੜਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਫਰਵਰੀ 1928 ਵਿੱਚ ਇਸ ਨੇ ਭਾਰਤੀ ਸੰਵਿਧਾਨ ਦੇ ਸਿਧਾਂਤ ਨਿਰਧਾਰਿਤ ਕਰਨ ਤੇ ਵਿਚਾਰਨ ਲਈ ਸਾਰੀਆਂ ਮਸ਼ਹੂਰ ਭਾਰਤੀ ਪਾਰਟੀਆਂ ਦੇ ਮੈਂਬਰਾਂ ਦੀ ਕਾਨਫ਼ਰੰਸ ਬੁਲਾਈ। ਇਸ ਕਾਨਫ਼ਰੰਸ ਦੀ ਰੂਹ ਮੋਤੀ ਲਾਲ ਨਹਿਰੂ ਸੀ, ਤੇ ਜਵਾਹਰ ਲਾਲ ਇਸ ਦਾ ਸਕੱਤਰ ਸੀ। ਸਿੱਖਾਂ ਦੀ ਪ੍ਰਤਿਨਿਧਤਾ ਮੰਗਲ ਸਿੰਘ ਗਿੱਲ ਨੇ ਕੀਤੀ। ਨਹਿਰੂ ਰਿਪੋਰਟ ਨੇ ਵੱਖਰੀ ਪ੍ਰਤਿਨਿਧਤਾ ਸਮਾਪਤ ਕਰਨ ਦੀ ਸਿਫ਼ਾਰਸ਼ ਕੀਤੀ ਪ੍ਰੰਤੂ ਮੁਸਲਮਾਨਾਂ ਲਈ ਕੇਂਦਰ ਵਿੱਚ ਤੇ ਉਹਨਾਂ ਪ੍ਰਾਂਤਾਂ ਵਿੱਚ ਜਿੱਥੇ ਉਹ ਘੱਟ ਗਿਣਤੀ ਵਿੱਚ ਸਨ, ਸੀਟਾਂ ਦੇ ਰਾਖਵੇਂਕਰਨ ਲਈ ਸਹਿਮਤੀ ਪ੍ਰਗਟ ਕੀਤੀ। ਇਕੋ ਇਕ ਹੋਰ ਥਾਂ ਜਿੱਥੇ ਇਹ ਰਿਆਇਤ ਦਿੱਤੀ ਗਈ ਉਹ ਉੱਤਰ ਪੱਛਮੀ ਸੀਮਾ ਪ੍ਰਾਂਤ ਸੀ। ਮੰਗਲ ਸਿੰਘ ਨੇ ਆਪਣੇ ਰਾਜ ਵਿੱਚ ਤੇ ਕੇਂਦਰ ਵਿੱਚ ਆਪਣੇ ਫਿਰਕੇ ਲਈ ਵਿਸ਼ੇਸ਼ ਹੱਕਾਂ ਦੀ ਮੰਗ ਨਾ ਕੀਤੀ।[25]

---

23. ਯਾਦ ਪੱਤਰ ਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਸ਼ਿਵਦੇਵ ਸਿੰਘ ਓਬਰਾਇ (ਪ੍ਰਧਾਨ ਚੀਫ ਖ਼ਾਲਸਾ ਦੀਵਾਨ ਤੇ ਕੌਂਸਲ ਔਫ ਸਟੇਟਸ ਦਾ ਮੈਂਬਰ) ਹਰਬੰਸ ਸਿੰਘ ਅਟਾਰੀ (ਸਕੱਤਰ ਚੀਫ ਖ਼ਾਲਸਾ ਦੀਵਾਨ), ਰਘਬੀਰ ਸਿੰਘ ਸੰਧਾਂਵਾਲੀਆ, ਸੁੰਦਰ ਸਿੰਘ ਮਜੀਠੀਆ ਤੇ ਮੋਹਨ ਸਿੰਘ ਰਈਸ ਰਾਵਲਪਿੰਡੀ ਸ਼ਾਮਲ ਸਨ। (ਯਾਦ ਪੱਤਰ ਮਈ 1928 ਵਿੱਚ ਇੰਡੀਅਨ ਸਟੇਚਿਯੂਟਰੀ ਕਮਿਸ਼ਨ ਸਾਮ੍ਹਣੇ ਸਿੱਖ ਪ੍ਰਤਿਨਿਧਤਾ ਬਾਰੇ ਰੱਖਿਆ ਜਾਣਾ ਸੀ।)
24. ਉਹੀ, ਪੰਨਾ 2
25. ਕਮੇਟੀ ਦੋ ਮਹੀਨੇ ਬੈਠਕਾਂ ਕਰਦੀ ਰਹੀ। ਪਹਿਲਾਂ ਮੰਗਲ ਸਿੰਘ ਨੇ ਜ਼ੋਰ ਦਿੱਤਾ ਕਿ ਜੇ ਮੁਸਲਮਾਨਾਂ ਨੂੰ ਵੱਖਰੀ ਪ੍ਰਤਿਨਿਧਤਾ ਦਿੱਤੀ ਜਾਣੀ ਹੈ ਤਾਂ ਸਿੱਖ ਪੰਜਾਬ 'ਚ 1/3 ਤੇ ਕੇਂਦਰ ਵਿੱਚ ਪੰਜ ਸੀਟਾਂ ਲੈਣਗੇ। ਜੇ ਰਾਖਵਾਂਕਰਨ ਖ਼ਤਮ ਕੀਤਾ ਗਿਆ ਤਾਂ ਸਿੱਖ ਵੱਸੋਂ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਨਹਿਰੂ ਰਿਪੋਰਟ ਸਿਆਸੀ ਸੌਦੇਬਾਜ਼ੀ ਦੀ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਸਾਧਨਾ ਸੀ। ਪ੍ਰੰਤੂ ਮੁਸਲਮਾਨਾਂ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ ਤੇ ਸਿੱਖਾਂ ਨੇ ਇਸ ਨੂੰ ਅਪਰਵਾਨ ਕਰ ਦਿੱਤਾ। ਬਾਬਾ ਖੜਕ ਸਿੰਘ ਦੀ ਅਗਵਾਈ ਵਾਲਾ ਦਲ ਇਤਨਾ ਗੁੱਸੇ ਵਿੱਚ ਆਇਆ ਕਿ ਉਸ ਨੇ ਭਾਰਤੀ ਰਾਸ਼ਟਰੀ ਕਾਂਗਰਸ ਨਾਲੋਂ ਸਭ ਸਬੰਧ ਹੀ ਤੋੜ ਲਏ। ਦੂਸਰੇ ਧੜੇ ਨੇ ਵੀ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਉਤਨੇ ਹੀ ਜ਼ੋਰਦਾਰ ਢੰਗ ਨਾਲ ਨਹਿਰੂ ਰਿਪੋਰਟ ਦੀਆਂ ਤਜਵੀਜ਼ਾਂ ਰੱਦ ਕਰ ਦਿੱਤੀਆਂ ਪ੍ਰੰਤੂ ਉਹਨਾਂ ਨੇ ਕਾਂਗਰਸ ਨਾਲ ਸਾਂਝ ਰੱਖਣ ਦਾ ਫ਼ੈਸਲਾ ਕਰ ਲਿਆ ਤੇ ਇਸ ਤਰ੍ਹਾਂ ਰਾਸ਼ਟਰੀ ਰਾਜਨੀਤੀ ਦੀ ਮੁੱਖ ਧਾਰਾ ਵਿੱਚ ਹੀ ਰਹੇ। ਨਹਿਰੂ ਰਿਪੋਰਟ ਨੂੰ ਨੈਸ਼ਨਲ ਕਾਂਗਰਸ ਦੇ ਪੁਰਾਲੇਖ ਗ੍ਰਹਿ ਵਿੱਚ ਬੜੇ ਸਤਿਕਾਰ ਨਾਲ ਦਫ਼ਨਾ ਦਿੱਤਾ ਗਿਆ।

ਸਾਈਮਨ ਕਮਿਸ਼ਨ ਅਜੇ ਆਪਣੀਆਂ ਤਜ਼ਵੀਜ਼ਾਂ ਦਾ ਖਰੜਾ ਤਿਆਰ ਹੀ ਕਰ ਰਿਹਾ ਸੀ, ਜਦੋਂ ਲਾਰਡ ਇਰਵਾਨ ਨੇ ਐਲਾਨ ਕਰ ਦਿੱਤਾ ਕਿ ਲੰਡਨ ਵਿੱਚ ਬਰਤਾਨਵੀ ਭਾਰਤ ਤੇ ਭਾਰਤੀ ਰਾਜਿਆਂ ਦੀਆਂ ਰਿਆਸਤਾਂ ਦੇ ਪ੍ਰਤੀਨਿਧਾਂ ਦਾ ਇਕ ਸਮਾਗਮ ਭਾਰਤ ਨੂੰ (ਨੌਆਬਾਦੀ ਦਾ ਦਰਜਾ) ਪ੍ਰਭੂਤਾ ਦੇਣ ਦੇ ਸੁਆਲ 'ਤੇ ਵਿਚਾਰ ਕਰਨ ਲਈ ਬੁਲਾਇਆ ਗਿਆ ਹੈ। ਭਾਰਤੀ ਰਾਸ਼ਟਰੀ ਕਾਂਗਰਸ ਚਾਹੁੰਦੀ ਸੀ ਕਿ ਸਰਕਾਰ ਸਿਰਫ਼ ਇਹ ਵਿਚਾਰ ਕਰਨ ਲਈ ਹੀ ਕਾਨਫ਼ਰੰਸ ਨਾ ਬੁਲਾਵੇ ਕਿ ਇਹ ਵਿਧਾਨ ਕਿਵੇਂ ਦੇਣਾ ਹੈ ਸਗੋਂ ਭਾਰਤ ਨੂੰ ਅਧਿਕਾਰ ਸੌਂਪਣ ਲਈ ਵਿਧਾਨ ਤਿਆਰ ਕਰਨ ਦਾ ਵੀ ਐਲਾਨ ਕਰੇ। ਕਿਉਂਕਿ ਸਰਕਾਰ ਵੱਲੋਂ ਅਜਿਹਾ ਐਲਾਨ ਨਹੀਂ ਕੀਤਾ ਜਾ ਰਿਹਾ ਸੀ, ਕਾਂਗਰਸ ਨੇ ਕਾਨਫ਼ਰੰਸ ਤੋਂ ਗ਼ੈਰ-ਹਾਜ਼ਰ ਰਹਿਣ ਦਾ ਫ਼ੈਸਲਾ ਕਰ ਲਿਆ ਤੇ ਆਪਣੇ ਲਾਹੌਰ ਦੇ ਸਮਾਗਮ ਵਿੱਚ ਦਸੰਬਰ 1929 ਨੂੰ ਨੌਆਬਾਦੀ ਦੇ ਦਰਜੇ ਦੀ ਥਾਂ 'ਤੇ ਪੂਰਨ ਆਜ਼ਾਦੀ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ। ਬਰਤਾਨੀਆਂ ਵਿੱਚ ਸਿਆਸੀ ਹਲਕਿਆਂ ਦੀ ਰਾਏ ਰਾਸ਼ਟਰਵਾਦੀਆਂ ਪ੍ਰਤੀ ਸਖ਼ਤ ਹੋ ਗਈ।

ਮਾਰਚ 1930 ਵਿੱਚ ਮਹਾਤਮਾ ਗਾਂਧੀ ਨੇ ਲੂਣ ਤਿਆਰ ਕਰਨ ਲਈ ਮੁਹਿੰਮ ਛੇੜ ਕੇ ਕਾਨੂੰਨ ਤੋੜਿਆ ਕਿਉਂਕਿ ਲੂਣ ਬਣਾਉਣ ਦੀ ਅਜ਼ਾਰੇਦਾਰੀ ਸਰਕਾਰ ਪਾਸ ਸੀ। ਮਹਾਤਮਾ ਗਾਂਧੀ ਅਤੇ ਹੋਰ ਸਾਰੇ ਕੌਮੀ ਨੇਤਾ ਗਰਿਫ਼ਤਾਰ ਕਰ ਲਏ ਗਏ। ਇਸ ਤਰ੍ਹਾਂ ਸਭ ਤੋਂ ਜ਼ਿਆਦਾ ਮਹੱਤਵਪੂਰਨ ਭਾਰਤੀ ਪਾਰਟੀ ਦਾ ਲੰਡਨ ਕਾਨਫ਼ਰੰਸ ਵਿੱਚ ਪ੍ਰਤੀਨਿਧਤਵ ਨਾ ਹੋ ਸਕਿਆ।

ਮਈ 1930 ਵਿੱਚ ਸਾਈਮਨ ਕਮਿਸ਼ਨ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਜਿਸ ਵਿੱਚ ਕੇਂਦਰ ਵਿੱਚ ਦੋ ਸਦਨੀ ਵਿਧਾਨ ਸਭਾ ਅਤੇ ਸੰਘਟਕ ਪ੍ਰਾਂਤਾਂ ਤੇ ਸ਼ਾਹੀ ਰਿਆਸਤਾਂ ਲਈ ਖ਼ੁਦਮੁਖ਼ਤਾਰੀ ਦੀ ਤਜ਼ਵੀਜ਼ ਪੇਸ਼ ਕੀਤੀ ਗਈ। ਪ੍ਰਾਂਤਾਂ ਲਈ ਇਹ ਸਿਫ਼ਾਰਸ਼ਾਂ ਅੱਗੇ ਵਧੂ ਕਦਮ ਸਨ ਜਿੱਥੇ ਦੋਹਰੀ ਸ਼ਾਸ ਪ੍ਰਣਾਲੀ ਸਮਾਪਤ ਕਰ ਦਿੱਤੀ ਗਈ ਤੇ ਉਹ ਆਪਣੇ

---

* (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਦੇ ਅਨੁਪਾਤ ਨਾਲ ਸੀਟਾਂ ਲੈਣਗੇ ਤੇ ਹੋਰ ਸੀਟਾਂ 'ਤੇ ਮੁਕਾਬਲਾ ਕਰਨਗੇ। ਹਰ ਪ੍ਰਕਾਰ ਦੀ ਪ੍ਰਤਿਨਿੱਧਤਾ ਖ਼ਤਮ ਕਰਨ ਦਾ ਫ਼ੈਸਲਾ ਡਾ: ਅਨੁਸਾਰੀ ਦੀ ਪ੍ਰੇਰਨਾ ਤੇ ਲਿਆ ਗਿਆ। (ਮੰਗਲ ਸਿੰਘ ਗਿੱਲ ਨਾਲ ਲੇਖਕ ਦੀ ਮੁਲਾਕਾਤ)

ਘਰਾਂ ਦੇ ਆਪ ਸੁਆਮੀ ਹੋ ਗਏ। ਇਸ ਵਿੱਚ ਸਿੱਖਾਂ ਨੂੰ ਵੀ ਕੁਝ ਵਿਸ਼ਵਾਸ ਦਿੱਤਾ ਗਿਆ, "ਇਹ ਬੜਾ ਅਨੁਚਿਤ ਹੋਵੇਗਾ ਕਿ ਮੁਸਲਮਾਨਾਂ ਨੂੰ ਤਾਂ ਉਹੋ ਮਹੱਤਵਪੂਰਨ ਹੱਕ ਮਿਲਦਾ ਰਹੇ ਜੋ ਉਹ ਛੇ ਪ੍ਰਾਂਤਾਂ 'ਚ ਮਾਣ ਰਹੇ ਹਨ ਪਰ ਇਸ ਦੇ ਨਾਲ ਹੀ ਹਿੰਦੂ-ਸਿੱਖਾਂ ਦੀ ਵਿਰੋਧਤਾ ਦੇ ਬਾਵਜੂਦ ਮੁਸਲਿਮ ਬਹੁ-ਗਿਣਤੀ ਦੇ ਬੰਗਾਲ ਤੇ ਪੰਜਾਬ ਵਿੱਚ ਇਹ ਬਿਨਾਂ ਮੱਤਦਾਤਾਵਾਂ ਕੋਲ ਜਾਣ ਦੇ, ਤੇ ਬਿਨਾਂ ਕਿਸੇ ਤਬਦੀਲੀ ਦੇ ਲਾਗੂ ਰਹੇ।"[26]

ਇਹਨਾਂ ਸਿਫ਼ਾਰਸ਼ਾਂ ਤੋਂ ਇੰਗਲੈਂਡ ਤੇ ਭਾਰਤ ਵਿਚਲੇ ਅਗਾਂਹਵਧੂ ਸੋਚ ਵਾਲੇ ਲੋਕ ਨਿਰਾਸ਼ ਹੋਏ। ਸਤੰਬਰ ਵਿੱਚ ਵਾਇਸਰਾਏ ਨੇ 66 ਭਾਰਤੀਆਂ ਨੂੰ (ਜਿਹਨਾਂ ਵਿੱਚੋਂ 50 ਬਰਤਾਨਵੀ ਭਾਰਤ ਦੇ ਤੇ 16 ਰਿਆਸਤਾਂ 'ਚੋਂ ਸਨ) ਸਿਫ਼ਾਰਸ਼ਾਂ ਉੱਪਰ ਵਿਚਾਰ ਕਰਨ ਲਈ ਲੰਡਨ ਜਾਣ ਦੇ ਸੱਦਾ-ਪੱਤਰ ਜਾਰੀ ਕੀਤੇ। ਸਿੱਖਾਂ ਦੇ ਨੁਮਾਇੰਦਿਆਂ ਵਿੱਚ ਭੁਪਿੰਦਰ ਸਿੰਘ ਪਟਿਆਲਾ ਤੋਂ ਬਿਨਾਂ (ਜਿਸ ਨੂੰ ਰਾਜਿਆਂ ਦੀ ਸਭਾ ਦਾ ਮੁਖੀ ਹੋਣ ਕਰਕੇ ਸੌਂਪਿਆ ਗਿਆ ਸੀ), ਸੰਪੂਰਨ ਸਿੰਘ ਤੇ ਉੱਜਲ ਸਿੰਘ ਨਿਮੰਤਰਤ ਸਨ। ਅਕਾਲੀ ਜੋ ਅਸਲ ਵਿੱਚ ਮਹੱਤਵਪੂਰਨ ਧਿਰ ਸੀ, ਤੇ ਜੋ ਮੁੱਖ ਤੌਰ 'ਤੇ ਜਥੇਦਾਰਾਂ 'ਤੇ ਆਧਾਰਿਤ ਸੀ ਤੇ ਸੰਵਿਧਾਨਕ ਅਮਲ ਦੀਆਂ ਬਾਰੀਕੀਆਂ ਸਮਝਣ ਦੇ ਅਸਮਰੱਥ ਸਨ, ਇਸ ਚੋਣ ਵਿੱਚ ਰਜ਼ਾਮੰਦ ਹੋ ਗਈ।

ਪਹਿਲੀ ਗੋਲਮੇਜ਼ ਕਾਨਫ਼ਰੰਸ—ਪਹਿਲੀ ਗੋਲਮੇਜ਼ ਕਾਨਫ਼ਰੰਸ ਨਵੰਬਰ 1930 ਵਿੱਚ ਲੰਡਨ ਵਿੱਚ ਪ੍ਰਧਾਨ ਮੰਤਰੀ ਰੈਮਜ਼ੇ ਮੈਕਡੋਨਾਲਡ ਦੀ ਪ੍ਰਧਾਨਗੀ ਵਿੱਚ ਹੋਈ। ਉਸ ਨੇ ਸੰਘਾਤਮਕ ਭਾਰਤ ਬਾਰੇ ਸਾਈਮਨ ਕਮਿਸ਼ਨ ਦੀ ਯੋਜਨਾ ਦੀ ਰੂਪ-ਰੇਖਾ ਦੱਸੀ। ਭੁਪਿੰਦਰ ਸਿੰਘ ਪਟਿਆਲਾ ਤੋਂ ਬਿਨਾਂ ਸਭ ਰਾਜਿਆਂ ਨੇ ਸੰਘ ਵਿੱਚ ਸ਼ਾਮਿਲ ਹੋਣ ਬਾਰੇ ਸਹਿਮਤੀ ਪ੍ਰਗਟ ਕਰ ਦਿੱਤੀ। ਸਭ ਤੋਂ ਵੱਡੀ ਰੁਕਾਵਟ ਤਾਂ ਸੰਪ੍ਰਦਾਇਕ ਪ੍ਰਤੀਨਿੱਧਤਾ ਸੀ। ਸਿੱਖ ਪ੍ਰਤਿਨਿਧ ਸਾਂਝੇ ਚੋਣ ਹਲਕਿਆਂ ਲਈ ਸਹਿਮਤ ਸਨ ਪਰ ਘੱਟ ਗਿਣਤੀਆਂ ਲਈ ਸੀਟਾਂ ਰਾਖਵੀਆਂ ਵੀ ਚਾਹੁੰਦੇ ਸਨ ਪ੍ਰੰਤੂ ਉਹ ਵੱਖਰੇ ਚੋਣਕਾਰਾਂ ਜਾਂ ਚੋਣ ਹਲਕਿਆਂ 'ਤੇ ਆਧਾਰਿਤ ਸੰਪਰਦਾਇਕ ਬਹੁ-ਗਿਣਤੀ ਦੇ ਸਖ਼ਤ ਵਿਰੋਧੀ ਸਨ।[27] ਮੁਸਲਮਾਨ ਕਿਸੇ ਵੀ ਹਾਲਤ ਵਿੱਚ ਸਾਂਝੇ ਚੋਣ ਹਲਕਿਆਂ ਬਾਰੇ ਸਹਿਮਤ ਨਹੀਂ ਸਨ। ਕੇਵਲ ਮੁਸਲਮਾਨਾਂ ਲਈ ਹੀ ਨਹੀਂ ਸਗੋਂ ਸਿੱਖਾਂ, ਭਾਰਤੀ ਈਸਾਈਆਂ ਤੇ ਐਂਗਲੋ ਇੰਡੀਅਨਜ਼ ਲਈ ਵੱਖਰੇ ਹਲਕਿਆਂ ਦੇ ਹੱਕ ਵਿੱਚ ਫ਼ੈਸਲਾ ਹੋ ਗਿਆ।

ਪਹਿਲੀ ਗੋਲਮੇਜ਼ ਕਾਨਫ਼ਰੰਸ ਦੀ ਸਫਲਤਾ ਬਰਤਾਨਵੀ ਸਰਕਾਰ ਤੇ ਸਹਿਭਾਗੀਆਂ ਦੀ ਉਮੀਦ ਤੋਂ ਕਿਤੇ ਜ਼ਿਆਦਾ ਸੀ। ਇਸ ਨਾਲ ਲਾਰਡ ਇਰਵਨ ਨੂੰ ਉਤਸ਼ਾਹ ਮਿਲਿਆ ਤੇ ਉਸ ਨੇ ਮਹਾਤਮਾ ਗਾਂਧੀ ਵੱਲ ਦੋਸਤੀ ਦਾ ਹੱਥ ਵਧਾਇਆ ਤੇ 5 ਮਾਰਚ 1931 ਨੂੰ ਇਕ ਸਮਝੌਤਾ ਹੋਇਆ ਜੋ ਗਾਂਧੀ ਇਰਵਨ ਸਮਝੌਤੇ ਵਜੋਂ ਪ੍ਰਸਿੱਧ ਹੋਇਆ। ਇਸ ਅਨੁਸਾਰ ਰਾਸ਼ਟਰਵਾਦੀ ਜੇਲ੍ਹਾਂ 'ਚੋਂ ਰਿਹਾਅ ਕਰ ਦਿੱਤੇ ਗਏ, ਮਹਾਤਮਾ ਗਾਂਧੀ ਨੇ ਸ਼ਾਂਤਮਈ ਸਤਿਆਗ੍ਰਹਿ ਅੰਦੋਲਨ ਵਾਪਸ ਲੈ ਲਿਆ, ਮਹਾਤਮਾ ਗਾਂਧੀ ਨੇ ਦੂਸਰੀ ਗੋਲਮੇਜ਼ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਪਰਵਾਨ ਕਰ ਲਿਆ। ਉਹ

---

26. ਸਾਈਮਨ ਕਮਿਸ਼ਨ ਰਿਪੋਰਟ, ਇੰਡੀਅਨ ਸਟੇਚਿਯੂਟਰੀ ਕਮਿਸ਼ਨ ਰਿਪੋਰਟ, II, 71
27. ਸਿੱਖਾਂ ਦੀਆਂ ਮੰਗਾਂ 17 ਨੁਕਤਿਆਂ 'ਚ ਸਾਰਣੀਬੱਧ ਕੀਤੇ ਗਏ ਸਨ।

ਭਾਰਤੀ ਰਾਸ਼ਟਰੀ ਕਾਂਗਰਸ ਦਾ ਇਕੋ ਇਕ ਪ੍ਰਤਿਨਿਧ ਸੀ। ਪਹਿਲੀ ਕਾਨਫ਼ਰੰਸ ਦੇ ਪ੍ਰਤਿਨਿਧਾਂ ਨੂੰ ਦੋਬਾਰਾ ਸੱਦਾ-ਪੱਤਰ ਭੇਜ ਦਿੱਤੇ ਗਏ।

ਦੂਸਰੀ ਗੋਲਮੇਜ਼ ਕਾਨਫ਼ਰੰਸ—ਦੂਸਰੀ ਗੋਲਮੇਜ਼ ਕਾਨਫ਼ਰੰਸ ਪ੍ਰਤੀਕੂਲ ਹਾਲਾਤ ਵਿੱਚ ਸ਼ੁਰੂ ਹੋਈ। ਚੋਣਾਂ ਵਿੱਚ ਪ੍ਰਗਤੀਵਾਦੀ ਲੇਬਰ ਸਰਕਾਰ ਹਾਰ ਗਈ ਸੀ ਤੇ ਰਾਮਜ਼ੇ ਮੈਕਡੋਨਾਲਡ ਹੁਣ ਇਕ ਗਠਬੰਧਨ ਸਰਕਾਰ ਦਾ ਮੁਖੀ ਸੀ ਜਿਸ ਵਿੱਚ ਰੂੜ੍ਹੀਵਾਦੀਆਂ ਦੀ ਬਹੁਗਿਣਤੀ ਸੀ। ਵੈਜਵੁਡ ਬੈਨ ਦੀ ਥਾਂ 'ਤੇ ਪ੍ਰਤੀਗਾਮੀ ਸੈਮੀਅਲ ਹੋਰਸ "ਸੈਕਟਰੀ ਆਫ ਸਟੇਟ" ਵਜੋਂ ਆ ਗਿਆ ਸੀ ਤੇ ਦੇਸ਼ ਵਿੱਚ ਸਾਊ ਇਰਵਨ ਦੀ ਥਾਂ ਤੇ ਅੱਖੜ ਵਿਲਿੰਗਡਨ ਵਾਇਸਰਾਇ ਦਾ ਉੱਤਰਾਧਿਕਾਰੀ ਬਣ ਗਿਆ ਸੀ।

ਕਾਨਫ਼ਰੰਸ ਸੰਪ੍ਰਦਾਇਕ ਪ੍ਰਤਿਨਿਧਤਾ ਦੇ ਸੁਆਲ ਵਿੱਚ ਹੀ ਉਲਝ ਕੇ ਰਹਿ ਗਈ। ਮਹਾਤਮਾ ਗਾਂਧੀ ਨੇ ਇਸ ਸੁਆਲ ਨੂੰ ਕਾਨਫ਼ਰੰਸ ਹਾਲ ਤੋਂ ਬਾਹਰ ਬਾਹਰ ਨਿੱਜੀ ਗੱਲਬਾਤ ਰਾਹੀਂ ਹੱਲ ਕਰਨ ਦਾ ਯਤਨ ਕੀਤਾ। ਉਸ ਦੇ ਯਤਨ ਨਾਕਾਮਯਾਬ ਰਹੇ ਕਿਉਂਕਿ ਮਿਸਟਰ ਜਿਨੱਾਹ ਨੇ ਮੁਸਲਮਾਨਾਂ ਲਈ ਵੱਖਰੇ ਚੋਣ ਹਲਕਿਆਂ ਦੀ ਮੰਗ ਛੱਡਣ ਤੋਂ ਇਨਕਾਰ ਕਰ ਦਿੱਤਾ। ਸਿੱਖਾਂ ਵੱਲੋਂ ਉਜੱਲ ਸਿੰਘ ਨੇ ਸਾਂਝੇ ਚੋਣ ਹਲਕਿਆਂ ਦੀ ਪੇਸ਼ਕਸ਼ ਪ੍ਰਵਾਨ ਕਰ ਲੈਣ ਨੂੰ ਮੁੜ ਦੁਹਰਾਇਆ ਪਰ ਜੇ ਵੱਖਰੇ ਚੋਣ ਹਲਕਿਆਂ ਦੀ ਮੰਗ ਕਿਸੇ ਵੀ ਫਿਰਕੇ ਲਈ ਤੇ ਖ਼ਾਸ ਕਰਕੇ ਮੁਸਲਮਾਨਾਂ ਬਾਰੇ ਪ੍ਰਵਾਨ ਕਰ ਲਈ ਗਈ ਤਾਂ ਉਸ ਨੇ ਕਿਹਾ ਕਿ ਉਹ ਸਿੱਖਾਂ ਲਈ ਵੀ ਇਹ ਹੱਕ ਲੈਣ ਤੇ ਬਜ਼ਿੱਦ ਹੋਵੇਗਾ। ਉਸ ਨੇ ਅੱਗੇ ਕਿਹਾ "ਕਿ ਜਦ ਤੱਕ ਸੰਪ੍ਰਦਾਇਕ ਸਵਾਲ ਜਿਹੜਾ ਕਿ ਪੰਜਾਬ ਵਿੱਚ ਸਿੱਖ-ਮੁਸਲਿਮ ਸੁਆਲ ਹੈ, ਹੱਲ ਨਹੀਂ ਹੁੰਦਾ ਤਦ ਸਿੱਖ ਸੰਘਾਤਮਕ ਯੋਜਨਾ ਦੇ ਪਾਬੰਦ ਨਹੀਂ ਹੋਣਗੇ ਜਿਹੜਾ ਕਿ ਇਕ ਖੁਦਮੁਖਤਾਰ ਪ੍ਰਾਂਤ ਹੋਵੇਗਾ।"[28]

ਉੱਜਲ ਸਿੰਘ ਤੇ ਸੰਪੂਰਨ ਸਿੰਘ ਨੇ ਸਿੱਖਾਂ ਲਈ ਪੰਜਾਬ[29] ਵਿੱਚ ਤੇ 30% ਕੇਂਦਰ ਵਿੱਚ 5% ਤੇ ਕੇਂਦਰੀ ਮੰਤਰੀ ਮੰਡਲ ਵਿੱਚ ਘੱਟ-ਘੱਟ ਇਕ ਸਿੱਖ ਮੈਂਬਰ ਦੀ ਪ੍ਰਤਿਨਿਧਤਾ ਦੀ ਮੰਗ ਰੱਖੀ। ਉਜੱਲ ਸਿੰਘ ਨੇ ਪੰਜਾਬ ਦੇ ਪਰਦੇਸ਼ਕ ਗਠਨ ਦੀ ਬਦਲਵੀਂ ਯੋਜਨਾ ਪੇਸ਼ ਕੀਤੀ। ਉਸ ਨੇ ਤਜਵੀਜ਼ ਪੇਸ਼ ਕੀਤੀ ਕਿ ਰਾਵਲਪਿੰਡੀ ਤੇ ਮੁਲਤਾਨ ਮੰਡਲ (ਮਿੰਟਗੁਮਰੀ ਤੇ ਲਾਇਲਪੁਰ ਜ਼ਿਲ੍ਹਿਆਂ ਨੂੰ ਛੱਡ ਕੇ) ਪੰਜਾਬ ਤੋਂ ਵੱਖ ਕਰ ਦਿੱਤੇ ਜਾਣ ਤੇ ਇਹਨਾਂ ਨੂੰ ਉੱਤਰ ਪੱਛਮੀ ਸੀਮਾਂਤ ਪ੍ਰਾਂਤ ਨਾਲ ਲਗਾ ਦਿੱਤਾ ਜਾਵੇ ਜਿਸ ਨਾਲ ਪੰਜਾਬ ਵਿੱਚ ਸੰਪਰਦਾਇਕ ਪ੍ਰਤਿਨਿਧਤਾ ਮੁਸਲਮਾਨਾਂ ਲਈ 43.3%, ਹਿੰਦੂਆਂ ਲਈ 42.3% ਤੇ ਸਿੱਖਾਂ ਲਈ 14.4% ਹੋ ਜਾਵੇਗੀ।

---

28. ਦੂਸਰੀ ਗੋਲਮੇਜ਼ ਕਾਨਫ਼ਰੰਸ, ਘੱਟ ਗਿਣਤੀ ਕਮੇਟੀ 1, ਪੰਨਾ 89
29. ਬਿਹਾਰ ਤੇ ਉੜੀਸਾ ਵਿੱਚ ਮੁਸਲਮਾਨ ਜਿਹੜੇ ਵੱਸੋਂ ਦਾ 11% ਸਨ, ਉਹਨਾਂ ਦੀ ਪ੍ਰਤਿਨਿਧਤਾ 25% ਸੀ ਭਾਵ ਉਹਨਾਂ ਦਾ ਮਹੱਤਵ 130% ਸੀ; ਯੂ.ਪੀ. ਵਿੱਚ ਉਹ ਵੱਸੋਂ ਦਾ 14.8% ਸਨ ਤੇ ਪ੍ਰਤਿਨਿਧਤਾ 30% ਸੀ ਭਾਵ ਉਹਨਾਂ ਦਾ ਮਹੱਤਵ 100% ਸੀ। ਸੀ.ਪੀ. ਵਿੱਚ ਉਹਨਾਂ ਦੀ ਵਸੋਂ 4.4% ਸੀ ਤੇ ਉਹਨਾਂ ਦੀ ਪ੍ਰਤਿਨਿਧਤਾ 15% ਸੀ ਭਾਵ ਮਹੱਤਤਾ 250% ਸੀ। ਐਂਗਲੋ ਇੰਡੀਅਨਜ਼ ਜਿਹਨਾਂ ਦੀ ਪੰਜਾਬ ਵਿੱਚ 0.02% ਵੱਸੋਂ ਸੀ, ਉਹਨਾਂ ਦਾ ਮਹੱਤਵ 4000% ਸੀ। ਯੂਰਪੀਨਾਂ ਦਾ ਮਹੱਤਵ ਤਾਂ ਹੋਰ ਵੀ ਵਧੇਰੇ ਸੀ।

ਇਸ ਤਰ੍ਹਾਂ ਦੇ ਪੰਜਾਬ ਵਿੱਚ ਸਿੱਖ ਕਿਸੇ ਪ੍ਰਕਾਰ ਦੀ ਮਹੱਤਤਾ ਜਾਂ ਵਿਸ਼ੇਸ਼ ਅਧਿਕਾਰ ਦੀ ਮੰਗ ਨਹੀਂ ਕਰਨਗੇ ਤੇ ਕੇਵਲ ਉੱਤਰ ਪੱਛਮੀ ਸੀਮਾਂਤ ਪ੍ਰਾਂਤ ਤੇ ਸਿੰਧ ਵਿੱਚ ਹੀ ਇਹ ਮੰਗ ਕਰਨਗੇ ਜੇਕਰ ਮੁਸਲਮਾਨ ਦੂਸਰੇ ਪ੍ਰਾਂਤਾਂ ਵਿੱਚ ਇਹ ਮੰਗ ਕਰਨਗੇ। ਇਹ ਉਸਾਰੂ ਤੇ ਵਿਸ਼ੇਸ਼ ਤੌਰ 'ਤੇ ਵਿਹਾਰਕ ਤਜਵੀਜ਼[30] ਤੇ ਕਿਸੇ ਨੇ ਕਾਨਫ਼ਰੰਸ ਵਿੱਚ ਧਿਆਨ ਹੀ ਨਾ ਦਿੱਤਾ। ਇਸ ਨੂੰ ਇਕ ਹੋਰ ਅਜਿਹੀ ਤਜਵੀਜ਼ ਦੇ ਨਾਲ ਹੀ, (ਜੋ ਸਿੱਖ ਦ੍ਰਿਸ਼ਟੀਕੋਣ ਤੋਂ ਘੱਟ ਸੰਤੋਖਜਨਕ ਸੀ) ਤੇ ਜੋ ਐਸ.ਡਬਲਯੂ. ਜੀ. ਕੋਰਬੈਟ ਨੇ ਪੇਸ਼ ਕੀਤੀ ਸੀ ਤੇ ਜਿਸ ਅਨੁਸਾਰ ਪੰਜਾਬ ਨਾਲੋਂ ਅੰਬਾਲਾ ਮੰਡਲ ਵੱਖ ਕਰਕੇ ਯੂ.ਪੀ. ਨਾਲ ਲਾਇਆ ਜਾਣਾ ਸੀ, ਰੱਦ ਕਰ ਦਿੱਤਾ ਗਿਆ। ਭਾਰਤੀ ਪ੍ਰਤਿਨਿਧਾਂ ਦੀ ਆਪਸੀ ਸਹਿਮਤੀ ਨਾ ਹੋਣ ਕਾਰਨ ਰਾਮਜ਼ੇ ਮੈਕਡੋਨਾਲਡ ਨੇ ਸਾਂਝੇ ਹਲਕੇ ਬਨਾਮ ਵੱਖਰੇ ਹਲਕੇ ਤੇ ਸੰਪ੍ਰਦਾਇਕ ਪ੍ਰਤਿਨਿਧਤਾ ਦੇ ਅਨੁਪਾਤ ਦੇ ਸੁਆਲਾਂ ਦਾ ਫ਼ੈਸਲਾ ਕਰਨ ਦਾ ਹੱਕ ਸਾਂਭ ਲਿਆ। ਦੂਸਰੀ ਗੋਲਮੇਜ਼ ਕਾਨਫ਼ਰੰਸ ਇਕ ਭਿਆਨਕ ਸਫਲਤਾ ਸੀ।

ਮਹਾਤਮਾ ਗਾਂਧੀ ਵਤਨ ਵਾਪਸ ਆਇਆ ਤਾਂ ਉਸ ਨੇ ਵੇਖਿਆ ਕਿ ਉਸ ਦੇ ਬਹੁਤ ਸਾਰੇ ਸਾਥੀ ਜੇਲ੍ਹਾਂ ਵਿੱਚ ਸਨ। ਯੂ.ਪੀ. "ਕਰ ਨਾ ਦੇਣ" ਦੀ ਮੁਹਿੰਮ ਸ਼ੁਰੂ ਹੋ ਚੁੱਕੀ ਸੀ, ਉੱਤਰ ਪੱਛਮੀ ਸੀਮਾ ਪ੍ਰਾਂਤ ਵਿੱਚ "ਲਾਲ ਕੁੜਤੀ" "ਰੈਡ ਸ਼ਰਟ" ਲਹਿਰ ਸਰਗਰਮੀ ਨਾਲ ਜਾਰੀ ਸੀ ਤੇ ਆਤੰਕਵਾਦੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ। ਮਹਾਤਮਾ ਨੇ ਵਿਲਿੰਗਡਨ ਦੇ ਦਮਨਕਾਰੀ ਤਰੀਕਿਆਂ ਦੀ ਵਿਰੋਧਤਾ ਕੀਤੀ। ਵਿਲਿੰਗਡਨ ਨੇ ਫੁਰਤੀ ਨਾਲ ਮਹਾਤਮਾ ਨੂੰ ਵੀ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਕਮਿਊਨਲ ਅਵਾਰਡ (ਸੰਪ੍ਰਦਾਇਕ ਫ਼ੈਸਲਾ)—16 ਅਪ੍ਰੈਲ 1932 ਨੂੰ ਰਾਮਜ਼ੇ ਮੈਕਡੋਨਾਲਡ ਨੇ ਸੰਪ੍ਰਦਾਇਕ ਪ੍ਰਤੀਨਿਧਤਾ ਬਾਰੇ ਆਪਣਾ ਫ਼ੈਸਲਾ ਦਿੱਤਾ। ਸਭ ਘੱਟ ਗਿਣਤੀਆਂ ਜਿਵੇਂ ਮੁਸਲਮਾਨਾਂ, ਈਸਾਈਆਂ, ਸਿੱਖਾਂ ਤੇ ਅਛੂਤਾਂ ਲਈ ਵੱਖਰੇ ਚੋਣ ਹਲਕਿਆਂ ਦਾ ਹੱਕ ਦਿੱਤਾ ਗਿਆ।[31] ਮੁਸਲਮਾਨਾਂ ਨੂੰ 33-1/3% ਦਾ ਮਹੱਤਵ ਕੇਂਦਰ ਵਿੱਚ ਤੇ ਪੰਜਾਬ ਵਿੱਚ 175 'ਚੋਂ 86 ਸੀਟਾਂ ਦਿੱਤੀਆਂ ਗਈਆਂ। ਸਿੱਖਾਂ ਨੂੰ ਵੀ ਕੁਝ ਮਹੱਤਤਾ ਦਿੱਤੀ ਗਈ ਪਰ ਇਹ ਮੁਸਲਮਾਨਾਂ ਜਿਤਨੀ ਨਹੀਂ ਸੀ। ਉਹਨਾਂ ਦੀ ਸਥਿਤੀ ਇਸ ਤਰ੍ਹਾਂ ਸੀ : ਪੰਜਾਬ ਅਸੈਂਬਲੀ ਵਿੱਚ 175 'ਚੋਂ 33, ਉੱਤਰ ਪੱਛਮੀ ਸੀਮਾਂਤ ਪ੍ਰਾਂਤ ਵਿੱਚ 50 ਵਿੱਚੋਂ 3; ਫੈਡਰਲ ਲੈਜਿਸਲੇਟਿਵ ਅਸੈਂਬਲੀ ਵਿੱਚ 250 ਵਿੱਚੋਂ 6 ਤੇ ਕੌਂਸਲ ਔਫ ਸਟੇਟਸ ਵਿੱਚ 150 'ਚੋਂ 4 ਸੀਟਾਂ ਦਿੱਤੀਆਂ ਗਈਆਂ।

ਸਿੱਖਾਂ ਨੂੰ ਯੂ.ਪੀ. ਤੇ ਸਿੰਧ ਵਿੱਚ ਕੁਝ ਵੀ ਨਾ ਮਿਲਿਆ ਜਿੱਥੇ ਉਹਨਾਂ ਦੀ ਕਾਫ਼ੀ ਵੱਸੋਂ ਸੀ।

---

30. ਵਿਸਥਾਰ ਲਈ ਵੇਖੋ ਦੂਸਰੀ ਗੋਲਮੇਜ਼ ਕਾਨਫ਼ਰੰਸ ਘੱਟ ਗਿਣਤੀ ਕਮੇਟੀ ਅੰਤਿਕਾ, XVIII, ਪੰਨਾ 1435-7
31. ਮਗਰੋਂ ਮਹਾਤਮਾ ਤੇ ਡਾ: ਅੰਬੇਦਕਰ ਵਿਚਕਾਰ ਹੋਏ "ਪੂਨਾ ਸਮਝੌਤੇ" ਵਿੱਚ ਇਸ ਨੂੰ ਵਾਪਸ ਲੈ ਲਿਆ ਗਿਆ। ਸਾਂਝੀਆਂ ਹਿੰਦੂ ਸੀਟਾਂ ਵਿੱਚ ਅਛੂਤਾਂ ਨੂੰ ਭਾਰੀ ਮਹੱਤਵ ਦਿੱਤਾ ਗਿਆ।

ਇਹ ਫ਼ੈਸਲਾ ਸਿੱਖਾਂ ਲਈ ਸਖ਼ਤ ਧੱਕਾ ਸੀ। ਇਸ ਨਾਲ ਮੁਸਲਮਾਨਾਂ ਨੂੰ ਪੰਜਾਬ ਵਿੱਚ ਪੱਕੇ ਤੌਰ 'ਤੇ ਬਹੁ-ਮੱਤ ਪ੍ਰਾਪਤ ਹੋ ਗਿਆ। ਉਜੱਲ ਸਿੰਘ ਤੇ ਸੰਪੂਰਨ ਸਿੰਘ ਨੇ ਅਵਾਰਡ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਸਾਂਝਾ ਬਿਆਨ ਜਾਰੀ ਕਰ ਦਿੱਤਾ ਤੇ ਕਾਨਫ਼ਰੰਸ ਵਿੱਚੋਂ ਬਾਹਰ ਆ ਗਏ।

ਤੀਸਰੀ ਗੋਲਮੇਜ਼ ਕਾਨਫ਼ਰੰਸ—ਤੀਸਰੀ ਕਾਨਫ਼ਰੰਸ ਉਹਨਾਂ ਕਮੇਟੀਆਂ ਦੀਆਂ ਰਿਪੋਰਟਾਂ 'ਤੇ ਵਿਚਾਰ ਕਰਨ ਲਈ ਬੁਲਾਈ ਗਈ ਸੀ ਜੋ ਪਿਛਲੇ ਕਈ ਮਹੀਨਿਆਂ ਤੋਂ ਵਿਚਾਰ ਕਰ ਰਹੀਆਂ ਸਨ। ਸਿਰਫ਼ 146 ਭਾਰਤੀਆਂ ਨੂੰ ਸੱਦਾ ਦਿੱਤਾ ਗਿਆ ਸੀ। ਸਿੱਖ ਨੁਮਾਇੰਦੇ ਤਾਰਾ ਸਿੰਘ ਫਿਰੋਜ਼ਪੁਰੀ ਨੇ ਪੰਜਾਬ ਵਿੱਚ ਸਥਾਈ ਤੇ ਪਰਬਲ ਮੁਸਲਮਾਨੀ ਬਹੁ-ਗਿਣਤੀ ਅਧੀਨ ਪ੍ਰਾਂਤਕ ਖ਼ੁਦਮੁਖ਼ਤਾਰੀ ਦਾ ਵਿਰੋਧ ਕੀਤਾ ਤੇ ਕਿਹਾ ਸੀ ਕਿ ਘੱਟ ਗਿਣਤੀ ਨਾਲ ਸਬੰਧਿਤ ਉਪਾਵਾਂ ਨੂੰ ਉਸ ਫਿਰਕੇ ਦੇ 3/5 ਭਾਗ ਦੇ ਸਮਰਥਨ ਤੋਂ ਬਿਨਾਂ ਪਾਸ ਨਾ ਕੀਤਾ ਜਾਵੇ ਤੇ ਗਵਰਨਰ ਨੂੰ ਕਿਸੇ ਵੀ ਬਿੱਲ ਨੂੰ ਨਾਮਨਜ਼ੂਰ ਕਰਨ ਦਾ ਅਧਿਕਾਰ ਹੋਵੇ। ਉਸ ਨੇ ਨੌਕਰੀਆਂ ਵਿੱਚ ਵਧੇਰੇ ਮਹੱਤਵ ਸੰਘੀ ਲੈਜਿਸਲੇਚਰ ਵਿੱਚ 5% ਪ੍ਰਤਿਨਿਧਤਾ ਤੇ ਸਿੱਖਾਂ ਨੂੰ ਸਿੰਧ ਵਿੱਚ ਪ੍ਰਤਿਨਿਧਤਾ ਦੀ ਵਕਾਲਤ ਕੀਤੀ।[32]

ਮਾਰਚ 1933 ਵਿੱਚ ਕਾਨਫ਼ਰੰਸ ਦੇ ਸਿੱਟੇ, ਇਕ "ਸਫ਼ੈਦ ਪੱਤਰ" ਦੀ ਸ਼ਕਲ ਵਿੱਚ ਛਾਪ ਦਿੱਤੇ ਗਏ। ਬਰਤਾਨਵੀ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੀ ਇਕ ਸਾਂਝੀ ਕਮੇਟੀ ਲਾਰਡ ਲਿਨਲਿਥਗੋ (ਜੋ ਮਗਰੋਂ ਭਾਰਤ ਦਾ ਵਾਇਸਰਾਇ ਬਣਿਆ) ਅਧੀਨ ਭਾਰਤ ਦੇ ਭਵਿੱਖ ਵਿੱਚ ਸ਼ਾਸਨ-ਵਿਵਸਥਾ ਦੇ ਵੇਰਵੇ ਤਿਆਰ ਕਰਨ ਲਈ ਸਥਾਪਿਤ ਕਰ ਦਿੱਤੀ ਗਈ।[33]

ਭਾਰਤ ਸਰਕਾਰ ਦਾ 1935 ਦਾ ਕਾਨੂੰਨ—4 ਅਗਸਤ 1935 ਨੂੰ ਭਾਰਤ ਸਰਕਾਰ ਨੂੰ, ਸ਼ਾਹੀ ਸਹਿਮਤੀ ਤੇ ਪਰਵਾਨਗੀ ਪ੍ਰਾਪਤ ਹੋ ਗਈ। ਇਸ ਅਨੁਸਾਰ ਭਾਰਤੀ ਪ੍ਰਾਂਤਾਂ ਤੇ ਸ਼ਾਹੀ ਰਿਆਸਤਾਂ ਦੇ ਸੰਘ ਦਾ ਪ੍ਰਬੰਧ ਕੀਤਾ ਗਿਆ ਜਿਸ ਅਨੁਸਾਰ ਕੇਂਦਰ ਵਿੱਚ ਦੋ ਸਦਨਾਂ ਵਾਲੀ ਪਾਰਲੀਮੈਂਟ ਭਾਵ "ਸੈਂਟਰਲ ਲੈਜਿਸਲੇਟਿਵ ਅਸੈਂਬਲੀ" ਤੇ "ਕੌਂਸਲ ਔਫ ਸਟੇਟਸ" ਦੀ ਸਥਾਪਨਾ ਕੀਤੀ ਗਈ।

ਵੱਡਿਆਂ ਸੂਬਿਆਂ ਵਿੱਚ ਦੋ ਦੋ ਸਦਨਾਂ ਦਾ ਪ੍ਰਬੰਧ ਕੀਤਾ ਗਿਆ ਸੀ ਤੇ ਬਾਕੀਆਂ ਵਿੱਚ ਪੰਜਾਬ ਸਣੇ ਇਕ-ਇਕ ਵਿਧਾਨ ਸਭਾ ਕਾਇਮ ਕੀਤੀ ਜਾਣੀ ਸੀ। 11.5% ਵਸੋਂ ਨੂੰ ਵੋਟ ਦਾ ਅਧਿਕਾਰ ਦਿੱਤਾ ਗਿਆ ਜਿਸ ਨਾਲ 3 ਕਰੋੜ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਮਿਲਿਆ। ਜਦੋਂ ਪ੍ਰਾਂਤਾਂ ਨੂੰ ਪ੍ਰਭੂਤਾ ਜਾਂ ਮਾਲਕੀ ਪ੍ਰਾਪਤ ਹੋ ਗਈ (ਭਾਵੇਂ ਉੱਥੇ ਵੀ ਗਵਰਨਰਾਂ ਨੂੰ ਦਖ਼ਲ ਦੇਣ ਦੇ ਵਿਸ਼ੇਸ਼ ਅਧਿਕਾਰ ਦਿੱਤੇ ਗਏ), ਕੇਂਦਰੀ ਸਰਕਾਰ ਪਹਿਲਾਂ ਵਾਂਗ ਹੀ ਗਵਰਨਰ ਜਨਰਲ ਦੇ ਅਧੀਨ ਹੀ ਰਹੀ। ਦੋਹਰੀ ਸ਼ਾਸਨ ਪ੍ਰਣਾਲੀ ਜੋ ਪ੍ਰਾਂਤਾਂ ਵਿੱਚ ਖ਼ਤਮ ਕਰ ਦਿੱਤੀ ਗਈ ਸੀ, ਕੇਂਦਰ ਵਿੱਚ ਸ਼ੁਰੂ ਕਰ ਦਿੱਤੀ ਗਈ। ਰੱਖਿਆ ਤੇ

32. ਤੀਸਰੀ ਗੋਲਮੇਜ਼ ਕਾਨਫ਼ਰੰਸ, ਪੰਨਾ 99-102

33. ਇਸ ਕਮੇਟੀ ਵਿੱਚ ਸਲਾਹ ਮਸ਼ਵਰੇ ਲਈ ਕੁਝ ਭਾਰਤੀਆਂ ਨੂੰ ਵੀ ਸੱਦਿਆ ਗਿਆ। ਸਿੱਖਾਂ ਦੀ ਪ੍ਰਤਿਨਿੱਧਤਾ ਬੂਟਾ ਸਿੰਘ ਵਿਰਕ ਨੇ ਕੀਤੀ ਜੋ ਸ਼ੇਖ਼ੂਪੁਰਾ ਦਾ ਵਕੀਲ ਤੇ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਸੀ।

ਵਿਦੇਸ਼ ਵਿਭਾਗ ਰਾਖਵੇਂ ਕਰ ਦਿੱਤੇ ਗਏ ਤੇ ਉਹ ਗਵਰਨਰ ਜਨਰਲ ਦਾ ਵਿਸ਼ੇਸ਼ ਅਧਿਕਾਰ ਬਣ ਗਏ।

ਇੰਡੀਅਨ ਨੈਸ਼ਨਲ ਕਾਂਗਰਸ ਨੇ ਕੇਂਦਰ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਕਾਇਮ ਕਰਨ ਕਰਕੇ ਤੇ ਪ੍ਰਾਂਤਾਂ ਵਿੱਚ ਗਵਰਨਰਾਂ ਨੂੰ ਦਖ਼ਲ ਅੰਦਾਜ਼ੀ ਕਰਨ ਦੇ ਹੱਕ ਦੇਣ ਕਾਰਨ ਭਾਰਤ ਸਰਕਾਰ ਦਾ 1935 ਦਾ ਕਾਨੂੰਨ ਰੱਦ ਕਰ ਦਿੱਤਾ। ਪਰ ਇਸ ਨੇ ਸ਼ਕਤੀ ਪ੍ਰਾਪਤ ਕਰਕੇ ਵਿਧਾਨ ਨੂੰ ਖ਼ਤਮ ਕਰਨ ਦਾ ਇਰਾਦਾ ਕਰ ਲਿਆ। ਮੁਸਲਿਮ ਲੀਗ ਨੇ ਵੀ ਉਹਨਾਂ ਦੀ ਪੈਰਵੀ ਕੀਤੀ ਪ੍ਰੰਤੂ ਪ੍ਰਾਂਤਾਂ ਵਿੱਚ ਇਸ ਯੋਜਨਾ ਨੂੰ ਅਜਮਾਉਣ ਦਾ ਹੱਕ ਰਾਖਵਾਂ ਰੱਖਿਆ ਭਾਵੇਂ ਉੱਥੇ ਇਹ ਯੋਜਨਾ ਦਾ ਬਹੁਤਾ ਲਾਭ ਨਹੀਂ ਸੀ। ਰਾਜਿਆਂ ਨੇ ਪਹਿਲਾਂ ਤਾਂ ਸੰਘਾਤਮਕ ਢਾਂਚਾ ਸਵੀਕਾਰ ਕਰਨ ਵਿੱਚ ਬੜੀ ਫ਼ੁਰਤੀ ਦਿਖਾਈ ਪਰ ਮਗਰੋਂ ਉਹਨਾਂ ਦਾ ਜੋਸ਼ ਠੰਡਾ ਹੋ ਗਿਆ ਜਦੋਂ ਉਹਨਾਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਨੂੰ ਆਪਣੀ ਸਰਵ-ਉੱਚਤਾ ਤੇ ਪ੍ਰਭੁਤਾ ਦਾ ਕੁੱਝ ਤਿਆਗ ਕਰਨਾ ਪਵੇਗਾ। ਸਿੱਖ ਰਾਜਨੀਤਿਕ ਪਾਰਟੀਆਂ ਪਹਿਲਾਂ ਹੀ ਵਿਧਾਨ ਅਸਵੀਕਾਰ ਕਰ ਚੁੱਕੀਆਂ ਸਨ। ਉਹਨਾਂ ਨੇ ਵੀ ਇਸ ਭੰਡੀ ਪ੍ਰਚਾਰ ਦੇ ਰਾਗ ਵਿੱਚ ਆਪਣਾ ਹਿੱਸਾ ਪਾ ਦਿੱਤਾ। ਇਸ ਤਰ੍ਹਾਂ ਸਹੀ ਅਰਥਾਂ ਵਿੱਚ ਭਾਰਤ ਸਰਕਾਰ ਦਾ 1935 ਦਾ ਕਾਨੂੰਨ ਜਨਮ ਤੋਂ ਹੀ ਮਰਿਆ ਹੋਇਆ ਬੱਚਾ ਸੀ।

ਨਵੇਂ ਕਾਨੂੰਨ ਅਧੀਨ ਪਹਿਲੀਆਂ ਚੋਣਾਂ 1936-37 ਵਿੱਚ ਕਰਵਾਈਆਂ ਗਈਆਂ। ਸਿੱਖਾਂ ਕੋਲ ਇਕੋ ਰਾਹ ਸੀ ਕਿ ਉਹ ਜਾਂ ਤਾਂ ਕਾਂਗਰਸ ਦਾ ਸਮਰਥਨ ਕਰਦੇ ਜਾਂ ਯੂਨੀਅਨਿਸਟਾਂ ਦਾ। ਉਹਨਾਂ ਦੋਹਾਂ ਨੂੰ ਰੱਦ ਕੀਤਾ। ਕਾਂਗਰਸ ਨੂੰ ਤਾਂ ਉਹਨਾਂ ਨੇ ਇਸ ਕਾਰਨ ਰੱਦ ਕਰ ਦਿੱਤਾ ਕਿਉਂਕਿ ਇਸ ਦੇ ਵਧੇਰੇ ਨੇਤਾ ਮੁੱਖ ਤੌਰ 'ਤੇ ਸਿੱਖਾਂ ਦੇ ਵਿਰੋਧੀ ਆਰੀਆ ਸਮਾਜੀ ਸਨ। ਯੂਨੀਅਨਿਸਟਾਂ ਨੂੰ ਇਸ ਕਰਕੇ ਰੱਦ ਕੀਤਾ ਗਿਆ ਕਿ ਭਾਵੇਂ ਉਹ ਕਾਸ਼ਤਕਾਰਾਂ ਦੇ ਹਿਮਾਇਤੀ ਸਨ ਜਿਸ ਦਾ ਸਿੱਖ ਕਾਸ਼ਤਕਾਰ ਸਮਰਥਨ ਕਰਦੇ ਸਨ ਪਰ ਉਹ ਮੁੱਖ ਤੌਰ 'ਤੇ ਮੁਸਲਮਾਨ ਜੱਟਾਂ ਦੇ ਹਿੱਤਾਂ ਦੇ ਹੀ ਰਾਖੇ ਸਨ। ਉਹਨਾਂ ਲਈ ਹਿੰਦੂ ਸਿੱਖ ਜੱਟਾਂ ਦੇ ਹਿੱਤ ਗੌਣ ਮਹੱਤਵ ਦੇ ਸਨ। ਉਹ ਕਿਸੇ ਇਕ ਜਾਂ ਦੂਸਰੇ ਦਲ ਨਾਲ ਗੱਠਜੋੜ ਕਰ ਸਕਦੇ ਸਨ ਪਰ ਸਿੱਖ ਨੇਤਾਵਾਂ ਵਿੱਚ ਦੂਰ ਦ੍ਰਿਸ਼ਟਤਾ ਦੀ ਘਾਟ ਸੀ ਤੇ ਉਹਨਾਂ ਦੇ ਸਮਰਥਕ ਵੀ ਕਾਫ਼ੀ ਨਹੀਂ ਸਨ। ਉਹਨਾਂ ਨੇ ਤਾਂ ਸਗੋਂ ਆਪਣੀ ਤਾਕਤ ਅਕਾਲੀ ਤੇ ਅਕਾਲੀ ਵਿਰੋਧੀ ਖ਼ਾਲਸਾ ਨੈਸ਼ਨਲ ਪਾਰਟੀ ਵਿੱਚ ਵੰਡ ਲਈ ਤੇ ਦੋਵਾਂ ਦਾ ਸੂਬੇ ਦੇ ਮਾਮਲਿਆਂ ਵਿੱਚ ਮਹੱਤਵ ਘੱਟ ਗਿਆ ਤੇ ਰਾਸ਼ਟਰੀ ਪੱਧਰ 'ਤੇ ਤਾਂ ਉਹਨਾਂ ਦਾ ਕੋਈ ਵੀ ਮਹੱਤਵ ਨਾ ਰਿਹਾ।

ਬੰਗਾਲ, ਸਿੰਧ ਤੇ ਪੰਜਾਬ ਤੋਂ ਬਿਨਾਂ ਕਾਂਗਰਸ ਹੂੰਝਾ ਫੇਰੂ ਜਿੱਤ ਪ੍ਰਾਪਤ ਕਰ ਗਈ। ਪੰਜਾਬ ਵਿੱਚ ਇਸ ਦੀ ਕਾਰਗੁਜ਼ਾਰੀ ਸਭ ਤੋਂ ਭੈੜੀ ਰਹੀ ਜਿੱਥੇ ਇਸ ਨੂੰ ਸਿਰਫ਼ 10% ਵੋਟਾਂ ਮਿਲੀਆਂ। ਯੂਨੀਅਨਿਸਟ ਪਾਰਟੀ ਨੇ 96 ਸੀਟਾਂ ਜਿੱਤ ਲਈਆਂ। ਖ਼ਾਲਸਾ ਨੈਸ਼ਨਲਿਸਟ ਪਾਰਟੀ ਨੂੰ 15 ਤੋਂ 30 ਦੇ ਵਿਚਕਾਰ ਸੀਟਾਂ ਪ੍ਰਾਪਤ ਹੋਈਆਂ (ਕਿਉਂਕਿ ਕਈ ਮੈਂਬਰ ਆਪਣੀ ਵਫ਼ਾਦਾਰੀ ਬਦਲਦੇ ਰਹਿੰਦੇ ਸਨ। ਬਾਕੀ ਦੀਆਂ ਸੀਟਾਂ ਕਾਂਗਰਸ, ਮੁਸਲਿਮ ਲੀਗ, ਕਮਿਊਨਿਸਟਾਂ ਤੇ ਆਜ਼ਾਦ ਉਮੀਦਵਾਰਾਂ ਨੇ ਜਿੱਤ ਲਈਆਂ। ਸਿਕੰਦਰ

ਹਯਾਤ ਖ਼ਾਂ ਨੇ ਆਪਣੇ ਮੰਤਰੀ ਮੰਡਲ ਵਿੱਚ ਤਿੰਨ ਮੁਸਲਮਾਨ, ਦੋ ਹਿਦੂ ਤੇ ਇਕ ਸਿੱਖ (ਸੁੰਦਰ ਸਿੰਘ ਮਜੀਠੀਆ ਨੂੰ ਲਿਆ। ਪਹਿਲਾਂ ਵਾਂਗ ਹੀ ਪੇਂਡੂ ਜੱਟਾਂ ਦੀ ਤਰਫ਼ਦਾਰੀ ਸਾਫ਼ ਝਲਕਦੀ ਸੀ। 6 ਮੰਤਰੀਆਂ ਵਿੱਚੋਂ ਸਿਰਫ਼ ਇਕ ਹੀ ਸ਼ਹਿਰੀ ਗ਼ੈਰ-ਕਾਸ਼ਤਕਾਰ ਹਿੰਦੂ ਸੀ।

ਯੂਨੀਅਨਿਸਟ ਮੰਤਰੀ-ਮੰਡਲ ਦਾ ਸਮਾਂ ਵੀ ਸੁਖਾਵਾਂ ਨਾ ਲੰਘਿਆ। ਹਿਟਲਰ ਦੇ ਜਰਮਨੀ ਨਾਲ ਨੇੜੇ ਭਵਿੱਖ ਵਿੱਚ ਹੋਣ ਵਾਲੇ ਯੁੱਧ ਦੀਆਂ ਅਫ਼ਵਾਹਾਂ ਨੇ ਅਤੇ ਰਾਸ਼ਟਰਵਾਦੀ ਲਹਿਰ ਦੇ ਵੱਧਦੇ ਉਭਾਰ ਨੇ ਸਿਆਸੀ ਹਵਾ ਦਾ ਰੁੱਖ ਦੱਸ ਦਿੱਤਾ ਸੀ। ਲੋਕ ਜਾਣ ਗਏ ਸਨ ਕਿ ਭਾਰਤ ਛੇਤੀ ਹੀ ਆਜ਼ਾਦ ਹੋਵੇਗਾ ਪਰ ਇਹ ਨਹੀਂ ਜਾਣਦੇ ਸਨ ਕਿ ਇਸ ਦੇ ਮਾਲਕ ਸਿੱਖ ਹੋਣਗੇ ਜਾਂ ਮੁਲਸਮਾਨ।[34]

---


34. ਇਸ ਅਨਿਸ਼ਚਿਤਤਾ ਨੇ ਸੰਦੇਹ ਤੇ ਨਫ਼ਰਤ ਨੂੰ ਵਧਾਇਆ। ਕਈ ਵਾਰ ਘਿਰਨਾ ਤੋਂ ਹਿੰਸਾ ਭੜਕ ਉੱਠਦੀ। ਇਸ ਦੀ ਸਭ ਤੋਂ ਗੰਭੀਰ ਮਿਸਾਲ 1938 ਵਿੱਚ ਸ਼ਹੀਦ ਗੰਜ ਉੱਪਰ ਕਬਜ਼ੇ ਦੀ ਘਟਨਾ ਸੀ (ਬਦਨਾਮ ਨਖਾਸ ਜਿਸ ਦਾ ਜ਼ਿਕਰ ਪਹਿਲੀ ਜਿਲਦ ਵਿੱਚ ਹੈ)। ਮੁਸਲਮਾਨ ਇਸ ਨੂੰ ਮਸੀਤ ਕਹਿੰਦੇ ਸਨ, ਸਿੱਖ ਗੁਰਦਵਾਰਾ ਹੋਣ ਦਾ ਦਾਅਵਾ ਕਰਦੇ ਸਨ। ਸਿੱਖਾਂ ਨੇ ਮੁਕੱਦਮਾ ਹਾਈ ਕੋਰਟ 'ਚੋਂ ਜਿੱਤ ਲਿਆ ਪ੍ਰੰਤੂ ਇਸ ਤੋਂ ਪਹਿਲਾਂ ਕਾਨੂੰਨ ਦੀ ਵਿਰੋਧਤਾ ਕਰਨ ਕਰਕੇ ਕਈ ਮੁਸਲਮਾਨ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋਏ ਤੇ ਹਜ਼ਾਰਾਂ ਕੈਦ ਕੀਤੇ ਗਏ।

ਭਾਗ—V

ਬਟਵਾਰੇ ਦੀ ਸਿਆਸਤ : ਸੁਤੰਤਰਤਾ ਤੇ ਸਿੱਖ ਹੋਮਲੈਂਡ ਦੀ ਮੰਗ

ਮਾਰਚ 1940 ਵਿੱਚ ਮੁਸਲਿਮ ਲੀਗ ਨੇ ਇਕ ਸਰਬ ਸੱਤਾਧਾਰੀ ਮੁਸਲਿਮ ਰਾਜ ਲਈ ਮਤਾ ਪਾਸ ਕੀਤਾ ਜਿਸ ਵਿੱਚ ਪੰਜਾਬ ਸਮੇਤ ਮੁਸਲਿਮ ਬਹੁ ਗਿਣਤੀ ਦੇ ਇਲਾਕੇ ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ ਗਈ। ਇਸ ਮੰਗ ਨਾਲ ਸਿੱਖ ਬੜੇ ਚਿੰਤਾਤੁਰ ਹੋਏ। ਸਦੀਆਂ ਤੋਂ ਮੁਸਲਿਮ-ਸਿੱਖ ਸਬੰਧਾਂ ਦੀ ਪ੍ਰਕਿਰਿਆ ਨੇ ਉਹਨਾਂ ਦੇ ਮਨ ਵਿੱਚ ਮੁਸਲਮਾਨਾਂ ਦੇ ਇਰਾਦਿਆਂ ਪ੍ਰਤੀ ਸ਼ੱਕ ਪੈਦਾ ਕਰ ਦਿੱਤਾ। ਸਿੱਖਾਂ ਦੇ ਲਈ ਇਕੋ ਇਕ ਚਾਰਾ ਇਹੋ ਸੀ ਕਿ ਮੁਸਲਮਾਨਾਂ ਦੀ ਮੰਗ ਦਾ ਵਿਰੋਧ ਕਰਨ ਲਈ ਕਾਂਗਰਸ ਦਾ ਸਾਥ ਦੇਣ ਜਾਂ ਆਪਣੀ ਵੱਖਰੀ ਰਿਆਸਤ ਲਈ ਸੰਘਰਸ਼ ਕਰਨ।

1939-45 ਦੇ ਜੰਗ ਦੇ ਸਾਲਾਂ ਦੌਰਾਨ ਸਿੱਖ ਸਿਆਸਤਦਾਨ ਪਾਕਿਸਤਾਨ ਬਣਾਉਣ ਵਾਲੀ ਲਹਿਰ ਵਿਰੁੱਧ ਹਾਰੀ ਹੋਈ ਬਾਜ਼ੀ ਜਿੱਤਣ ਲਈ ਘੋਲ ਕਰ ਰਹੇ ਸਨ। ਮੁਸਲਮਾਨ ਜਿੱਤ ਗਏ ਤਾਂ ਪੱਛਮੀ ਪਾਕਿਸਤਾਨ ਦੇ ਸਿੱਖਾਂ ਨੂੰ ਆਪਣੇ ਘਰ, ਜ਼ਮੀਨਾਂ, ਗੁਰਦਵਾਰੇ ਛੱਡ ਕੇ ਭਾਰਤ ਪਰਵਾਸ ਕਰਨਾ ਪਿਆ। ਭਾਰਤ ਸਰਕਾਰ ਵੱਲੋਂ ਮਿਲੇ ਸਲੂਕ ਤੋਂ ਅਸੰਤੋਸ਼ ਨੇ ਅਤੇ ਹਿੰਦੂ ਧਰਮ ਦੇ ਪੁਨਰ-ਉਥਾਨ ਨੇ ਸਿੱਖ ਹੋਮਲੈਂਡ ਦੀ ਮੰਗ ਲਈ ਸਿੱਖਾਂ ਨੂੰ ਨਵੀਂ ਸ਼ਕਤੀ ਤੇ ਪ੍ਰੇਰਨਾ ਦਿੱਤੀ।



PUNJABI SUBA

ਕਾਂਡ—15

ਸਿੱਖ ਤੇ ਦੂਸਰਾ ਵਿਸ਼ਵ-ਯੁੱਧ (1939-45)

1939-40 ਦੇ ਸ਼ੋਰ-ਸ਼ਰਾਬੇ ਦੇ ਯੁੱਧ ਸਮੇਂ ਭਾਰਤੀ ਰਾਜਨੀਤੀ—3 ਸਤੰਬਰ 1939 ਨੂੰ ਗਰੇਟ ਬਰਿਟੇਨ (ਬਰਤਾਨੀਆ) ਨੇ ਜਰਮਨੀ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਭਾਰਤ ਵੱਲੋਂ ਵਾਇਸਰਾਇ ਨੇ ਵੀ ਵੈਸਾ ਹੀ ਐਲਾਨ ਕਰ ਦਿੱਤਾ। ਭਾਵੇਂ ਭਾਰਤੀ ਰਾਸ਼ਟਰੀ ਕਾਂਗਰਸ ਫਾਸ਼ੀਵਾਦ ਦਾ ਵਿਰੋਧ ਪ੍ਰਗਟ ਕਰ ਚੁੱਕੀ ਸੀ, ਪਰ ਇਸ ਨੇ ਭਾਰਤੀਆਂ ਦੀ ਸੰਮਤੀ ਤੋਂ ਬਿਨਾਂ ਜੰਗ ਵਿੱਚ ਸ਼ਾਮਲ ਹੋਣ ਦਾ ਵਿਰੋਧ ਕੀਤਾ। ਮੁਸਲਿਮ ਲੀਗ ਨੇ ਵੀ ਵਾਇਸਰਾਏ ਦੇ ਐਲਾਨ ਦੀ ਨੁਕਤਾਚੀਨੀ ਕੀਤੀ। ਪ੍ਰੰਤੂ ਸਰ ਸਿਕੰਦਰ ਹਯਾਤ ਖ਼ਾਂ ਤੇ ਯੂਨੀਅਨਿਸਟ ਪਾਰਟੀ ਦੇ ਮੁਸਲਮਾਨ ਜੋ ਤਕਨਕੀ ਪੱਖੋਂ ਮੁਸਲਿਮ ਲੀਗ ਦੇ ਮੈਂਬਰ ਸਨ, ਉਹਨਾਂ ਨੇ ਬਿਨਾਂ ਸ਼ਰਤ ਖੁੱਲ੍ਹ ਕੇ ਬਰਤਾਨੀਆ ਦੀ ਹਿਮਾਇਤ ਕੀਤੀ। ਸਿੱਖ ਨੇਤਾਵਾਂ ਲਈ ਯੁੱਧ ਨੇ ਜ਼ਮੀਰ ਦਾ ਸੰਕਟ ਪੈਦਾ ਕਰ ਦਿੱਤਾ। ਪਿਛਲੇ 20 ਸਾਲਾਂ ਦੀਆਂ ਘਟਨਾਵਾਂ ਨੇ ਉਹਨਾਂ ਦੀ ਰਾਜ ਪ੍ਰਤੀ ਵਫ਼ਾਦਾਰੀ ਨੂੰ ਫਿੱਕਾ ਪਾ ਦਿੱਤਾ ਸੀ ਪਰ ਉਹ ਇਹ ਵੀ ਨਹੀਂ ਚਾਹੁੰਦੇ ਸਨ ਕਿ ਉਹਨਾਂ ਦਾ ਫ਼ਿਰਕਾ ਸ਼ਸਤਰਬੰਦ ਸੈਨਾ ਵਿੱਚ ਆਪਣੀ ਆਕਰਸ਼ਣ ਭਰੀ ਸ਼ਾਨਦਾਰ ਸਥਿਤੀ ਖ਼ਤਮ ਕਰ ਲਵੇ। ਕਾਂਗਰਸੀਆਂ ਤੇ ਮੁਸਲਿਮ ਲੀਗੀਆਂ ਦੇ ਵਿਪਰੀਤ ਜਿਹਨਾਂ ਦਾ ਆਬਾਦੀ ਦੇ ਲੜਾਕੂ ਵਰਗਾਂ ਉੱਪਰ ਕੋਈ ਪ੍ਰਭਾਵ ਨਹੀਂ ਸੀ, ਸਿੱਖ ਸਿਆਸਤਦਾਨਾਂ ਤੇ ਸਿਆਸੀ ਆਗੂਆਂ ਨੂੰ ਭਰਤੀ ਕਰਾਉਣ ਵਾਲੇ ਵਿਚੋਲਿਆਂ ਵਜੋਂ ਦੋਹਰਾ ਕੰਮ ਕਰਨਾ ਪੈਣਾ ਸੀ।

ਖਿਤਾਬਾਂ ਤੇ ਪਦਵੀਆਂ ਵਾਲੇ ਚੀਫ ਖ਼ਾਲਸਾ ਦੀਵਾਨ ਦੇ ਸਿੱਖ ਸਰਦਾਰਾਂ ਨੇ ਝੱਟਪੱਟ ਹੀ ਬਰਤਾਨੀਆ ਦੀ ਹਮਾਇਤ ਦਾ ਐਲਾਨ ਕਰ ਦਿੱਤਾ। ਕਾਂਗਰਸੀ ਸਿੱਖਾਂ ਨੇ ਵੀ ਕਾਂਗਰਸ ਦੀ ਹਮਦਰਦੀ ਦੀ ਨੀਤੀ ਤਾਂ ਅਪਣਾਈ ਪਰ ਕੋਈ ਸਮਰਥਨ ਨਾ ਦਿੱਤਾ। ਕਮਿਊਨਿਸਟ, ਜਿਹਨਾਂ ਦਾ ਕੇਂਦਰੀ ਜ਼ਿਲ੍ਹਿਆਂ ਵਿੱਚ ਕਾਫ਼ੀ ਪ੍ਰਭਾਵ ਸੀ, ਪਾਰਟੀ ਦੀ ਵਿਚਾਰਧਾਰਾ ਅਨੁਸਾਰ ਯੂਰਪ ਦੀ ਜੰਗ ਨੂੰ ਸਾਮਰਾਜੀਆਂ ਦੀ ਜੰਗ ਕਹਿਣ 'ਤੇ ਡਟੇ ਰਹੇ ਤੇ ਉਹਨਾਂ ਦੇ ਕਾਰਜਕਰਤਾ ਸਿੱਖ ਫ਼ੌਜੀਆਂ ਵਿੱਚ ਜੰਗ ਵਿਰੁੱਧ ਵਿਚਾਰ ਫੈਲਾਉਣ ਵਿੱਚ ਲੱਗੇ ਰਹੇ। ਅਕਾਲੀ, ਜਿਹਨਾਂ ਦਾ ਸਭ ਪਾਰਟੀਆਂ ਰਲਾਉਣ ਦੇ ਬਾਵਜੂਦ ਵੀ, ਇਕੱਲਿਆਂ ਦਾ ਜ਼ਿਆਦਾ ਮਹੱਤਵ ਸੀ, ਉਹ ਸਭ ਤੋਂ ਵਧੇਰੇ ਉਲਝਣ ਵਿੱਚ ਤੇ ਪਰੇਸ਼ਾਨ ਸਨ। ਉਹਨਾਂ ਦੇ ਨੇਤਾਵਾਂ ਨੂੰ ਅੰਗਰੇਜ਼ਾਂ ਪ੍ਰਤੀ ਕੋਈ ਪਿਆਰ ਨਹੀਂ ਸੀ ਕਿਉਂਕਿ ਉਹਨਾਂ ਵਿੱਚੋਂ ਬਹੁਤਿਆਂ ਨੇ ਗੁਰਦਵਾਰਾ ਅੰਦੋਲਨ ਵਿੱਚ ਵੱਖ-ਵੱਖ ਅਰਸੇ ਦੀਆਂ ਸਜ਼ਾਵਾਂ ਭੁਗਤੀਆਂ ਸਨ। ਉਹ ਮੁਸਲਿਮ ਲੀਗ ਤੇ ਅੰਗਰੇਜ਼ ਸਮਰਥਕ ਯੂਨੀਅਨਿਸਟਾਂ ਦੇ ਵੀ ਉਤਨੇ ਹੀ ਵਿਰੋਧੀ ਸਨ। ਪਰ ਉਹ ਸੈਨਾ ਵਿੱਚ ਸਿੱਖਾਂ ਦੀ ਗਿਣਤੀ ਪਹਿਲਾਂ ਵਾਂਗ ਹੀ ਕਾਇਮ ਰੱਖਣੀ ਚਾਹੁੰਦੇ ਸਨ ਕਿਉਂਕਿ ਜਦੋਂ ਹਿਸਾਬ ਕਿਤਾਬ ਨਜਿੱਠਣ ਦਾ ਵੇਲਾ ਆਵੇ ਤਾਂ ਉਹਨਾਂ ਦੀ ਆਪਣੀ ਫ਼ੌ.ਜ ਹੋਵੇ। ਅਕਾਲੀ ਦਲ ਸਰਕਾਰ ਦੀ ਸਹਾਇਤਾ ਕਰਨ ਲਈ ਤੇ

ਵਧੇਰੇ ਸਿੱਖ ਭਰਤੀ ਕਰਾਉਣ ਤੇ ਜ਼ੋਰ ਦਿੰਦੇ ਸਨ ਪਰ ਨਾਲ ਹੀ ਸ਼ਾਸਨ ਨਾਲ ਨਿਗੂਣੀਆਂ ਗੱਲਾਂ ਦੀ ਢੂੱਚਰ ਵੀ ਡਾਹੁੰਦੇ ਸੀ ਜਿਵੇਂ ਕਿ ਰੇਲਵੇ ਸਟੇਸ਼ਨਾਂ ਤੇ ਝਟਕਾ ਪ੍ਰਸ਼ਾਦ ਨਹੀਂ ਮਿਲਦਾ ਜਾਂ ਜੇਲ੍ਹ ਅਧਿਕਾਰੀ ਸਿੱਖ ਕੈਦੀਆਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਨਹੀਂ ਦਿੰਦੇ।

ਅਕਾਲੀਆਂ ਦੇ ਸਮਰਥਨ ਵਿੱਚ ਸਰਗਰਮੀ ਤੇ ਜੋਸ਼ ਦੀ ਘਾਟ ਕਾਰਨ ਤੇ ਸਾਮਰਾਜੀ ਜੰਗ ਦੇ ਦੌਰ ਸਮੇਂ ਕਮਿਊਨਿਸਟਾਂ ਦੇ ਵਿਰੋਧ ਕਾਰਨ ਸਿੱਖ ਕਿਰਸਾਨੀ ਫ਼ੌਜ ਵਿੱਚ ਭਰਤੀ ਹੋਣ ਤੋਂ ਝਿਜਕਦੀ ਰਹੀ ਤੇ ਕੁਝ ਪਲਟਨਾਂ ਵਿੱਚ ਅਸੰਤੁਸ਼ਟਤਾ ਤੇ ਬੇਚੈਨੀ ਵੀ ਫੈਲੀ। ਕੇਂਦਰੀ ਸਿੱਖ ਰਸਾਲੇ ਦੀ ਇਕ ਪਲਟਨ ਨੇ ਸਮੁੰਦਰੋਂ ਪਾਰ ਜਾਣ ਤੋਂ ਇਨਕਾਰ ਕਰ ਦਿੱਤਾ। ਲਗਭਗ 100 ਸੈਨਿਕਾਂ ਨੂੰ ਫ਼ੌਜੀ ਅਦਾਲਤ ਵੱਲੋਂ ਸਜ਼ਾ ਦਿੱਤੀ ਗਈ ਤੇ ਕੁਝ ਫਾਂਸ਼ੀ ਲਾਏ ਗਏ। ਚੌਣਵੀਂ ਪੰਜਾਬ ਪਲਟਨ ਦੇ ਕੁਝ ਸਿੱਖ ਭਗੌੜੇ ਹੋ ਗਏ। 'ਰੋਇਲ ਇੰਡੀਅਨ ਆਰਮ ਸਪਲਾਈ ਕੋਰ" ਦੇ ਸਿੱਖਾਂ ਨੇ ਜੋ ਅਫ਼ਰੀਕਾ ਵਿੱਚ ਨੌਕਰੀ ਕਰ ਰਹੇ ਸਨ, ਸਾਮਾਨ ਲੱਦਣ ਤੋਂ ਇਸ ਬਹਾਨੇ ਇਨਕਾਰ ਕਰ ਦਿੱਤਾ ਕਿ ਉਹ ਕੁਲੀ ਨਹੀਂ ਸਨ। ਇਹਨਾਂ 'ਤੇ ਹੋਰ ਅਜਿਹੀਆਂ ਘਟਨਾਵਾਂ ਨੇ ਅਧਿਕਾਰੀਆਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਸਿੱਖਾਂ ਦੀ ਭਰਤੀ ਉੱਪਰ ਅਸਥਾਈ ਰੋਕ ਲਾ ਦੇਣ। ਸਥਿਤੀ ਦੀ ਪੜਤਾਲ ਕਰਨ ਲਈ ਇਕ ਕਮੇਟੀ ਨਿਯੁਕਤ ਕਰ ਦਿੱਤੀ ਗਈ। ਇਸ ਕਮੇਟੀ ਨੂੰ ਸੈਨਾ ਵਿੱਚ ਕਮਿਊਨਿਸਟ ਘੁਸਪੈਠ ਦੇ ਸਬੂਤ ਵੀ ਮਿਲੇ ਤੇ ਇਸ ਨੂੰ ਸਿੱਖਾਂ ਵਿੱਚ ਇਸ ਕਾਰਨ ਫੈਲੀ ਹੋਈ ਬੇਚੈਨੀ ਦਾ ਵੀ ਪਤਾ ਚਲਿਆ ਕਿ ਸਿੱਖ ਯੂਨੀਅਨਿਸਟ ਮੰਤਰੀ-ਮੰਡਲ ਦੀ ਮੁਸਲਿਮ ਲੀਗ ਨਾਲ ਸਾਂਝ ਤੇ ਤਾਲਮੇਲ ਤੋਂ ਵੀ ਦੁਖੀ ਸਨ ਜੋ ਪੰਜਾਬ ਵਿੱਚ ਮੁਸਲਿਮ ਰਾਜ ਦੀਆਂ ਗੱਲਾਂ ਕਰ ਰਹੀ ਸੀ। ਸਿੱਖਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਗਈਆਂ ਤੇ ਸਿੱਖ ਨੇਤਾਵਾਂ ਨੂੰ ਭਰੋਸਾ ਦਿੱਤਾ ਗਿਆ ਕਿ ਮੁਸਲਮਾਨਾਂ ਨੂੰ ਭਰਮਾਉਣ ਤੇ ਪਤਿਆਉਣ ਲਈ ਸਿੱਖ ਹਿੱਤ ਕੁਰਬਾਨ ਨਹੀਂ ਕੀਤੇ ਜਾਣਗੇ। ਭਰਤੀ ਵਿੱਚ ਤੇਜ਼ੀ ਲਿਆਉਣ ਲਈ ਮਹਾਰਾਜਾ ਪਟਿਆਲਾ ਦੀ ਪ੍ਰਧਾਨਗੀ ਅਧੀਨ "ਖ਼ਾਲਸਾ ਡੀਫੈਂਸ ਆਫ ਇੰਡੀਆ ਲੀਗ" ਦੀ ਸਥਾਪਨਾ ਕੀਤੀ ਗਈ। ਸਿੱਖਾਂ ਦੀ ਭਰਤੀ ਉੱਪਰ ਲਾਈ ਰੋਕ ਖ਼ਤਮ ਕਰ ਦਿੱਤੀ ਗਈ।[1]

ਇਹ ਸਮੱਸਿਆ ਜੰਗੀ ਕੋਸ਼ਿਸ਼ਾਂ ਵਿੱਚ ਅੰਗਰੇਜ਼ਾਂ ਦੇ ਹੱਕ ਜਾਂ ਵਿਰੋਧ ਨਾਲੋਂ ਕਿਤੇ ਗੁੰਝਲਦਾਰ ਸੀ। ਸਿੱਖਾਂ ਨੇ ਆਪਣੇ ਭਾਰਤੀ ਸਾਥੀਆਂ ਨਾਲ ਵੀ ਸਮਝੌਤਾ ਕਰਨਾ ਸੀ,

---

1. ਪੜਤਾਲ ਦਾ ਸੁਝਾਅ ਰੱਖਿਆ ਮੰਤਰਾਲੇ ਦੇ ਸਕੱਤਰ ਸਰ ਚਾਰਲਸ ਓ ਗਿਲਵੀ ਨੇ ਦਿੱਤਾ ਸੀ ਜਿਸ ਨੇ ਪੰਜਾਬ ਵਿੱਚ ਨੌਕਰੀ ਕੀਤੀ ਸੀ। ਇਸ ਕਮੇਟੀ ਵਿੱਚ ਸਿੱਖਾਂ ਨੂੰ ਚੰਗੀ ਤਰ੍ਹਾਂ ਸਮਝਦੇ ਜਾਣਦੇ ਵਿਅਕਤੀ ਨਿਯੁਕਤ ਕੀਤੇ ਗਏ ਜਿਹਨਾਂ ਵਿੱਚ ਬਰਿਗੇਡੀਅਰ ਜਨਰਲ ਏ.ਈ. ਬਾਰਸਟੋ ਨੂੰ (ਪ੍ਰਧਾਨ) ਮੇਜਰ ਏ.ਜੇ. ਐਮ. ਕਿਲਰੋਏ (36 ਸਿੱਖ) ਮੇਜਰ ਏ.ਈ. ਫਾਰਵੈਲ (ਲੁਧਿਆਣਾ ਸਿੱਖ) ਮੇਜਰ ਬਿੱਲੀ ਸ਼ਾਰਟ (47 ਸਿੱਖ) ਤੇ ਕੈਪਟਨ ਨਿਰੰਜਨ ਸਿੰਘ ਗਿੱਲ (ਜੋ ਮਗਰੋਂ ਜਾਪਾਨੀਆਂ ਦੀ ਸਮਰਥਨ ਵਾਲੀ ਆਜ਼ਾਦ ਹਿੰਦ ਫ਼ੌਜ ਵਿੱਚ ਸ਼ਾਮਲ ਹੋ ਗਿਆ)। ਕਮਿਸ਼ਨ ਦੇ ਮੈਂਬਰਾਂ ਨੇ ਇਕੱਲਿਆਂ ਇਕੱਲਿਆਂ ਨੇ ਸਿੱਖ ਜ਼ਿਲ੍ਹਿਆਂ ਦਾ ਦੌਰਾ ਕੀਤਾ ਤੇ ਰਿਟਾਇਰ ਹੋਏ ਸਿੱਖ ਅਫ਼ਸਰਾਂ ਦੇ ਨਾਲ ਸਿੱਖ ਸਿਪਾਹੀਆਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਕੀਤੀ। ਉਹਨਾਂ ਨੇ ਸਿਆਸੀ ਨੇਤਾਵਾਂ ਨਾਲ ਵੀ ਗੱਲਬਾਤ ਕੀਤੀ।

ਜਿਹਨਾਂ ਵਿੱਚੋਂ ਹਿੰਦੂ ਵੀ ਸਨ, ਜੋ ਵਧੇਰੇ ਕਾਂਗਰਸ ਸਮਰਥਕ ਸਨ ਤੇ ਮੁਸਲਮਾਨ ਵੀ ਜਿਹਨਾਂ 'ਚੋਂ ਵਧੇਰੇ ਇਕ ਸੁਤੰਤਰ ਮੁਸਲਿਮ ਰਾਜ ਦੇ ਵਿਚਾਰ ਨਾਲ ਭਾਵਕ ਤੌਰ 'ਤੇ ਉਤੇਜਿਤ ਸਨ। ਆਪਣੇ ਵਤਨਵਾਸੀਆਂ ਨਾਲ ਸਮਝੌਤਾ ਕਰਨ ਸਮੇਂ ਸਿੱਖ ਨੇਤਾ ਕਿਸੇ ਨਿਸ਼ਚਿਤ ਦ੍ਰਿਸ਼ਟੀਕੋਣ ਦੀ ਅਣਹੋਂਦ ਕਾਰਨ ਪਰੇਸ਼ਾਨ ਸਨ ਤੇ ਅਫਰਾ-ਤਫਰੀ 'ਚ ਉਲਝੇ ਹੋਏ ਸਨ। ਜੰਗੀ ਕੋਸ਼ਿਸ਼ਾਂ ਦੀ ਪੈਰਵੀ ਕਰਨ ਵਿੱਚ ਵਾਇਸਰਾਏ ਵੱਲੋਂ ਸਭ ਰਾਜਸੀ ਪਾਰਟੀਆਂ ਦਾ ਸਹਿਯੋਗ ਲੈਣ ਦੇ ਯਤਨ ਨਾਕਾਮ ਹੋ ਗਏ। ਕਾਂਗਰਸੀ ਮੰਤਰੀ-ਮੰਡਲਾਂ ਦੇ ਤਿਆਗ ਪੱਤਰ ਦੇਣ ਤੇ ਸੱਤ ਸੂਬਿਆਂ ਵਿੱਚ ਗਵਰਨਰਾਂ ਨੇ ਸ਼ਾਸਨ ਦੀ ਵਾਗਡੋਰ ਸੰਭਾਲ ਲਈ। ਸਿਰਫ਼ ਚਾਰ ਸੂਬਿਆਂ ਵਿੱਚ ਮੁਸਲਿਮ ਲੀਗ (ਪੰਜਾਬ ਵਿੱਚ ਯੂਨੀਅਨਿਸਟ ਪਾਰਟੀ) ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਸਰਕਾਰ ਦਾ ਕਾਰ-ਵਿਹਾਰ ਚਲਾਉਣ ਦੇ ਸਮਰਥ ਰਹੀ। ਜਦੋਂ ਮੁਸਲਿਮ ਲੀਗ ਨੇ ਬੜੀ ਉਤਸੁਕਤਾ ਨਾਲ ਖ਼ਾਲੀ ਹੋਈ ਥਾਂ ਭਰ ਦਿੱਤੀ, ਕਾਂਗਰਸ ਨੇ ਅਸਹਿਯੋਗ ਦਾ ਫ਼ੈਸਲਾ ਮੁੜ ਦੁਹਰਾਇਆ ਤੇ ਹੋਰ ਵੀ ਅਲੱਗ-ਥਲੱਗ ਹੋ ਗਈ। ਸੁਭਾਸ਼ ਚੰਦਰ ਬੋਸ ਤੇ ਸਰਦੂਲ ਸਿੰਘ ਕਵੀਸ਼ਰ (1963 ਈ: ਵਿੱਚ ਉਸ ਦੀ ਮੌਤ ਹੋ ਗਈ) ਦਾ ਧੜਾ ਮੁੱਖ ਦਲ (ਕਾਂਗਰਸ) ਨਾਲੋਂ ਟੁੱਟ ਕੇ ਅੰਗਰੇਜ਼ਾਂ ਦੀ ਵਧੇਰੇ ਵਿਰੋਧਤਾ ਸੰਗਠਤ ਕਰਨ ਵਿੱਚ ਜੁੱਟ ਗਿਆ। ਕੁਝ ਦਿਨ ਮਗਰੋਂ, ਮੁਸਲਿਮ ਲੀਗ ਨੇ ਆਪਣੇ ਲਾਹੌਰ ਸਮਾਗਮ ਵਿੱਚ ਰਸਮੀ ਤੌਰ 'ਤੇ ਮਤਾ ਪਾਸ ਕਰ ਦਿੱਤਾ ਕਿ ਉਸ ਦਾ ਨਿਸ਼ਾਨਾ ਇਕ ਸੁਤੰਤਰ ਮੁਸਲਿਮ ਰਿਆਸਤ ਸੀ।[2]

ਮਿਸਟਰ ਜਿਨੌਹ ਨੇ ਸਿੱਖਾਂ ਨੂੰ ਵਿਸ਼ਵਾਸ ਦੁਆਇਆ ਕਿ ਉਹਨਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਸੀ। ਸਰ ਸਿਕੰਦਰ ਹਯਾਤ ਖ਼ਾਂ ਜਿਸ ਨੇ ਲਾਹੌਰ ਮਤੇ ਦੇ ਮੂਲ ਖਰੜੇ ਦੀ ਸਰਪ੍ਰਸਤੀ ਕੀਤੀ ਸੀ, ਉਸ ਨੇ ਗ਼ੈਰ-ਮੁਸਲਮਾਨਾਂ ਦੇ ਸ਼ੱਕ-ਸੁਬਹੇ ਦੂਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਕਿਹਾ, "ਅਸੀਂ ਅਜਿਹੇ ਆਜ਼ਾਦੀ ਨਹੀਂ ਚਾਹੁੰਦੇ ਜਿਸ ਵਿੱਚ ਏਥੇ ਮੁਸਲਿਮ ਹਕੂਮਤ ਹੋਵੇ ਤੇ ਓਥੇ ਹਿੰਦੂ ਰਾਜ। ਜੇ ਪਾਕਿਸਤਾਨ ਦਾ ਭਾਵ ਇਹ ਹੈ ਤਾਂ ਮੇਰਾ ਇਸ ਨਾਲ ਕੋਈ ਸਬੰਧ ਨਹੀਂ ਹੈ। ਜੇ ਤੁਸੀਂ ਪੰਜਾਬ ਲਈ ਸਹੀ ਤੇ ਸੱਚੀ ਆਜ਼ਾਦੀ ਚਾਹੁੰਦੇ ਹੋ ਭਾਵ ਇਹ ਕਿ ਜਿਸ ਵਿੱਚ ਹਰ ਫਿਰਕੇ ਨੂੰ ਆਰਥਕ ਤੇ ਪ੍ਰਬੰਧਕ ਖੇਤਰਾਂ ਵਿੱਚ ਸਾਂਝੇ

---

2. ਲਾਹੌਰ ਮਤੇ ਵਿੱਚ 'ਪਾਕਿਸਤਾਨ' ਸ਼ਬਦ ਦੀ ਵਰਤੋਂ ਤਾਂ ਨਹੀਂ ਕੀਤੀ ਗਈ ਸੀ ਪਰ ਇਰਾਦਾ ਸਪੱਸ਼ਟ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਕੋਈ ਵੀ ਸੰਵਿਧਾਨਕ ਯੋਜਨਾ ਇਸ ਮੁਲਕ ਵਿੱਚ ਵਿਵਹਾਰਕ, ਵਾਸਤਵਿਕ ਤੇ ਮੁਸਲਮਾਨਾਂ ਦੇ ਲਈ ਮੰਨਣਯੋਗ ਨਹੀਂ ਹੋਵੇਗੀ ਜਿਸ ਦੀ ਮੂਲ ਸਿਧਾਂਤਾਂ ਅਨੁਸਾਰ ਰੂਪ-ਰੇਖਾ ਨਹੀਂ ਘੜੀ ਜਾਏਗੀ ਜਿਵੇਂ **ਭੂਗੋਲਿਕ ਤੌਰ 'ਤੇ ਜੁੜੀਆਂ ਇਕਾਈਆਂ, ਜਿਨ੍ਹਾਂ ਦੀ ਅੱਗੋਂ ਖੇਤਰਾਂ ਵਿੱਚ ਨਿਸ਼ਾਨਦੇਹੀ ਕੀਤੀ ਹੋਵੇ, ਸਥਾਪਿਤ ਕੀਤੀਆਂ ਜਾਣ ਜਿਹਨਾਂ ਦੀ ਲੋੜ ਅਨੁਸਾਰ ਤਬਦੀਲੀ ਕੀਤੀ ਜਾਵੇ** ਜਿਵੇਂ ਜਿਹੜੇ ਖੇਤਰਾਂ ਵਿੱਚ ਮੁਸਲਿਮ ਬਹੁ-ਗਿਣਤੀ ਹੈ ਜਿਵੇਂ ਉੱਤਰ ਪੱਛਮ ਤੇ ਭਾਰਤ ਦੇ ਪੂਰਬੀ ਖੰਡ ਵੱਖਰੇ ਸੁਤੰਤਰ ਰਾਜਾਂ ਵਿੱਚ ਜੁੱਟ ਕੀਤੇ ਜਾਣ ਜਿਸ ਵਿੱਚ ਮਿਲੀਆਂ ਇਕਾਈਆਂ ਸਵਾਧੀਨ ਤੇ ਪ੍ਰਮੁੱਖ ਹੋਣ। ਲਕੀਰੇ ਹੋਏ ਸ਼ਬਦਾਂ ਦਾ ਭਾਵ ਗ਼ੈਰ-ਮੁਸਲਮਾਨਾਂ ਨੇ ਇਹ ਲਿਆ ਕਿ ਮੁਸਲਿਮ ਲੀਗ ਸਾਰਾ ਪੰਜਾਬ ਨਹੀਂ ਚਾਹੁੰਦੀ ਸਗੋਂ ਅੱਧਾ ਪੂਰਬੀ ਭਾਗ ਬਾਹਰ ਰੱਖਣਾ ਚਾਹੁੰਦੀ ਹੈ ਜਿਸ ਵਿੱਚ ਗ਼ੈਰ ਮੁਸਲਿਮ ਵੱਸੋਂ ਵਧੇਰੇ ਸੀ।

ਤੌਰ ਤੇ ਭਾਈਵਾਲੀ ਪ੍ਰਾਪਤ ਹੋਵੇ ਤਾਂ ਉਹ ਪੰਜਾਬ ਪਾਕਿਸਤਾਨ ਨਹੀਂ ਹੋਵੇਗਾ ਸਗੋਂ ਸਿਰਫ਼ ਪੰਜਾਬ ਹੋਵੇਗਾ, ਪੰਜਾਂ ਦਰਿਆਵਾਂ ਦਾ ਪੰਜਾਬ। ਪੰਜਾਬ ਪੰਜਾਬ ਹੈ ਤੇ ਇਹ ਸਦਾ ਪੰਜਾਬ ਹੀ ਰਹੇਗਾ ਭਾਵੇਂ ਕੋਈ ਕੁਛ ਪਿਆ ਕਹੇ। ਇਹ ਸੰਖੇਪ ਵਿੱਚ ਉਹ ਰਾਜਸੀ ਭਵਿੱਖ ਹੈ ਜੋ ਮੈਂ ਆਪਣੇ ਪ੍ਰਾਂਤ ਤੇ ਮੁਲਕ ਲਈ ਨਵੇਂ ਵਿਧਾਨ ਅਨੁਸਾਰ ਵੇਖ ਰਿਹਾ ਹਾਂ।"[3]

ਸਿੱਖ ਨੇਤਾ ਇਸ ਸ਼ਬਦਾਂ ਦੀ ਜਾਦੂਗਰੀ ਤੋਂ ਪ੍ਰਭਾਵਤ ਨਾ ਹੋਏ। ਇਸ ਦੇ ਵਿਪਰੀਤ ਉਹਨਾਂ ਨੂੰ ਭਰੋਸਾ ਸੀ ਕਿ ਮੁਸਲਿਮ ਯੂਨੀਅਨਿਸਟ, ਮੁਸਲਿਮ ਲੀਗ ਦੇ ਮਿਸਟਰ ਹਾਈਡ ਦਾ ਦੂਸਰਾ ਪਹਿਲੂ ਡਾਕਟਰ ਜੈਕਲ ਹੀ ਹੈ ਤੇ ਸਰ ਸਿਕੰਦਰ ਹਯਾਤ ਖ਼ਾਂ ਬੱਸ ਇਕ ਹੋਰ ਦੁਬਾਜਰਾ ਕਪਟੀ ਸਿਆਸਤਦਾਨ ਸੀ।

ਸਿੱਖ ਬੜੀ ਕਪਟ-ਭਰੀ ਸਥਿਤੀ ਵਿੱਚ ਸਨ। ਉਹਨਾਂ ਨੂੰ ਦੋ ਵਿਰੋਧੀ ਲਹਿਰਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਸੀ। ਇਕ ਦੀ ਅਗਵਾਈ ਸਮੁੱਚੇ ਮੁਲਕ ਦੀ ਸੁਤੰਤਰਤਾ ਲਈ ਕਾਂਗਰਸ ਕਰ ਰਹੀ ਸੀ ਤੇ ਦੂਸਰੀ ਦੀ ਅਗਵਾਈ ਇਕ ਆਜ਼ਾਦ ਮੁਸਲਿਮ ਰਾਜ ਲਈ ਮੁਸਲਿਮ ਲੀਗ ਕਰ ਰਹੇ ਸਨ ਜਿੱਥੇ ਸਿੱਖ ਰਹਿੰਦੇ ਸਨ। ਕਾਂਗਰਸੀ ਨੇਤਾ, ਭਾਵੇਂ ਉਹ ਕਿਤਨਾ ਵੀ ਸਿੱਖਾਂ ਨੂੰ ਆਪਣੇ ਨਾਲ ਰੱਖਣਾ ਚਾਹੁੰਦੇ ਸਨ, ਸਿੱਖਾਂ ਨੂੰ ਉਹ ਅਧਿਕਾਰ ਦੇਣ ਲਈ ਤਿਆਰ ਨਹੀਂ ਸਨ ਜੋ ਉਹਨਾਂ ਨੂੰ ਅੰਗਰੇਜ਼ੀ ਰਾਜ ਅਧੀਨ ਮਿਲੇ ਸਨ। ਇਸ ਦੇ ਉਲਟ, ਰਾਸ਼ਟਰਵਾਦੀ ਵੱਖਰੇ ਚੋਣ ਹਲਕੇ 'ਤੇ ਅਧਿਕਾਰਾਂ ਨੂੰ ਜਿਹਨਾਂ ਦਾ ਆਧਾਰ ਜ਼ਾਤ ਜਾਂ ਧਰਮ ਸੀ, ਉਹਨਾਂ ਨੂੰ ਖ਼ਤਮ ਕਰਨ ਦੀ ਸੋਚ ਰਹੇ ਸਨ। ਲੀਗ ਨੇ ਥੋੜ੍ਹਾ ਜਿਹਾ ਭਰੋਸਾ ਦਿੱਤਾ ਪਰ ਸਿੱਖਾਂ ਨੂੰ ਉਸ ਥੋੜ੍ਹੇ ਜਿਹੇ ਭਰੋਸੇ 'ਤੇ ਵੀ ਕੋਈ ਇਤਬਾਰ ਨਹੀਂ ਸੀ। ਸਿੱਖ ਕਿਹੜਾ ਮਾਰਗ ਅਪਣਾਉਂਦੇ? ਕੀ ਉਹ ਕਾਂਗਰਸ ਤੇ ਲੀਗ ਦੇ ਮੱਤਭੇਦਾਂ ਦੇ ਲਾਭ ਉਠਾ ਕੇ ਦੋਹਾਂ ਤੋਂ ਰਿਆਇਤਾਂ ਲੈਂਦੇ? ਜਾਂ ਕਾਂਗਰਸ ਤੇ ਲੀਗ ਦੋਹਾਂ ਨੂੰ ਅਣਗੌਲਿਆਂ ਕਰਕੇ ਆਪਣੇ ਸੁਤੰਤਰ ਰਾਜ ਲਈ ਯਤਨ ਕਰਦੇ ? ਕਈ ਰਾਜਸੀ ਆਗੂ ਇਕ ਪ੍ਰਕਾਰ ਦੀ ਨੀਤੀ ਦੀ ਵਕਾਲਤ ਕਰਦੇ ਤਾਂ ਦੂਸਰੀ ਧਿਰ ਉਸ ਦਾ ਸਮੁੱਚਾ ਵਿਰੋਧ ਕਰਦੀ। ਹਾਲਾਤ ਇਤਨੀ ਤੇਜ਼ੀ ਨਾਲ ਵਧੇ ਕਿ ਉਹਨਾਂ ਕੋਲ ਮਿਲ ਬੈਠ ਕੇ ਸਥਿਤੀ ਦਾ ਜਾਇਜ਼ਾ ਲੈ ਕੇ ਇਕ ਸਾਂਝਾ ਰਾਜਸੀ ਵਿਚਾਰ ਇਕਮੁੱਠ ਹੋ ਕੇ ਪੇਸ਼ ਕਰਨ ਦਾ ਸਮਾਂ ਹੀ ਨਾ ਰਿਹਾ।

ਭਾਰਤ ਦਾ ਇਹ ਰਾਜਸੀ ਗਤੀਰੋਧ ਯੂਰਪ ਦੀ ਕਲਪਤ ਜੰਗ ਦੀ ਸਮਾਪਤੀ ਨਾਲ ਹੀ ਸਮਾਪਤ ਹੋਇਆ। ਅਪ੍ਰੈਲ 1940 ਵਿੱਚ ਨਾਜ਼ੀਆਂ ਨੇ ਨਾਰਵੇ, ਡੈਨਮਾਰਕ, ਹਾਲੈਂਡ ਬੈਲਜੀਅਮ 'ਤੇ ਅਧਿਕਾਰ ਕਰ ਲਿਆ ਤੇ ਫ਼ਰਾਂਸੀਸੀ ਮੁਕਾਬਲਾ ਖ਼ਤਮ ਹੋ ਗਿਆ। ਬਰਤਾਨੀਆ ਵੀ ਡਨਕਿਰਨ ਵਿੱਚ ਮਸਾਂ ਹੀ ਤਬਾਹੀ ਤੋਂ ਬਚਿਆ। ਮਈ ਵਿੱਚ ਵਿਨਸਟਨ ਚਰਚਲ ਨੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਕਾਰਜ-ਭਾਰ ਸੰਭਾਲ ਲਿਆ ਤੇ ਉਸ ਨੇ ਐਲ.ਐਸ. ਐਮਰੇ ਨੂੰ ਭਾਰਤ ਸਕੱਤਰ ਬਣਾ ਲਿਆ।

ਲਾਰਡ ਲਿਨਲਿਥਗੋ ਨੇ ਭਾਰਤੀ ਅੜਿਕਾ ਹੱਲ ਕਰਨ ਲਈ ਆਪਣੇ ਯਤਨ ਮੁੜ ਸ਼ੁਰੂ ਕਰ ਦਿੱਤੇ। ਅਗਸਤ ਵਿੱਚ ਉਸ ਨੇ ਆਪਣੀ ਕਾਰਜਕਾਰੀ ਕੌਂਸਲ ਦਾ ਵਿਸਥਾਰ ਕਰਨ ਤੇ ਭਾਰਤੀ ਮੈਂਬਰ ਲੈ ਕੇ ਜੰਗੀ ਸਲਾਹਕਾਰ ਕਮੇਟੀ ਕਾਇਮ ਕਰਨ ਦੀ ਪੇਸ਼ਕਸ਼ ਕੀਤੀ। ਉਸ ਨੇ ਜੰਗ ਦੇ ਸਫ਼ਲਤਾਪੂਰਵਕ ਖ਼ਾਤਮੇ ਪਿੱਛੋਂ ਘੱਟ ਗਿਣਤੀਆਂ ਲਈ ਉੱਚਿਤ

3. ਪੀ.ਐਲ.ਸੀ.ਡੀ., 11 ਮਾਰਚ 1941

ਸੁਰੱਖਿਆ ਉਪਾਵਾਂ ਸਮੇਤ ਨਵੇਂ ਸੰਵਿਧਾਨ ਦੀ ਤਜ਼ਵੀਜ਼ ਵੀ ਪੇਸ਼ ਕੀਤੀ। ਕਾਂਗਰਸ ਲੀਗ ਦੋਹਾਂ ਨੇ ਹੀ "ਅਗਸਤ ਪੇਸ਼ਕਸ਼" ਰੱਦ ਕਰ ਦਿੱਤੀ। ਕਾਂਗਰਸ ਨੇ ਤਾਂ ਹੋਰ ਵੀ ਅਗਲਾ ਕਦਮ ਉਠਾ ਕੇ "ਸਿਵਲ ਨਾ ਫੁਰਮਾਨੀ" ਦੀ ਇਕ ਹੋਰ ਲਹਿਰ ਸ਼ੁਰੂ ਕਰ ਦਿੱਤੀ। ਸੁਭਾਸ਼ ਚੰਦਰ ਬੋਸ ਆਪਣੇ ਕਲਕੱਤਾ ਵਾਲੇ ਘਰ ਤੋਂ ਰੂਪੋਸ਼ ਹੋ ਗਿਆ। ਕੁਝ ਹਫ਼ਤੇ ਮਗਰੋਂ ਉਸ ਦੀ ਆਵਾਜ਼ ਜਰਮਨੀ ਦੇ ਰੇਡੀਓ ਤੋਂ ਦੇਸ਼ਵਾਸੀਆਂ ਨੂੰ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰਨ ਲਈ ਪ੍ਰੇਰਨਾ ਦਿੰਦੀ ਸੁਣੀ ਗਈ।

1941 ਦੀਆਂ ਗਰਮੀਆਂ ਵਿੱਚ ਜੰਗ ਇਕ ਗੰਭੀਰ ਦੌਰ 'ਚ ਦਾਖ਼ਲ ਹੋ ਗਈ। ਫਾਸ਼ੀ ਤਾਕਤਾਂ ਨੇ ਯੋਗੋਸਲਾਵੀਆ ਤੇ ਯੂਨਾਨ 'ਤੇ ਹਮਲਾ ਕਰ ਦਿੱਤਾ। ਜਰਮਨੀ ਨੇ ਰੂਸ 'ਤੇ ਹਮਲਾ ਕੀਤਾ ਤੇ ਨਾਜ਼ੀ ਸ਼ਸਤਰਬੱਧ ਫ਼ੌਜ ਨੇ ਰੂਸ ਦੇ ਮਾਰਗ 'ਤੇ ਤੁਰਦਿਆਂ ਰੂਸ ਨੂੰ ਤਕੜਾ ਝਟਕਾ ਦਿੱਤਾ। ਜਨਰਲ ਰੋਮੇਲ ਨੇ ਮੱਧ ਪੂਰਬ ਲਈ ਖ਼ਤਰਾ ਪੈਦਾ ਕਰ ਦਿੱਤਾ। ਯੁਰੋਸ਼ਲਮ ਦੇ ਮੁਫਤੀ ਦੇ ਅਰਬੀ ਪੈਰੋਕਾਰਾਂ ਨੇ ਕੇਂਦਰੀ ਤਾਕਤਾਂ ਦਾ ਸਮਰਥਨ ਕਰ ਦਿੱਤਾ।

ਮਿੱਤਰ ਦੇਸ਼ਾਂ ਨੂੰ ਲਗਾਤਾਰ ਹਾਰਾਂ ਕਾਰਨ ਭਾਰਤ ਵਿੱਚ ਨਿਰਾਸਤਾ ਛਾ ਗਈ। ਬਰਤਾਨੀਆ ਦੇ ਹਥਿਆਰ ਸੁੱਟਣ 'ਚ ਕਿਤਨਾ ਕੁ ਸਮਾਂ ਲੱਗੇਗਾ? ਕੀ ਫਾਸ਼ੀ ਤਾਕਤਾਂ ਭਾਰਤ ਉੱਪਰ ਅਧਿਕਾਰ ਕਰ ਲੈਣਗੀਆਂ? ਕੀ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਗ੍ਰਹਿ ਯੁੱਧ ਹੋਵੇਗਾ ? ਇਹੋ ਜਿਹੇ ਸੁਆਲ ਸਨ ਜੋ ਲੋਕ ਇਕ ਦੂਸਰੇ ਤੋਂ ਪੁੱਛਦੇ ? ਸਿੱਖ ਵੀ ਬੇਚੈਨ ਹੋ ਉੱਠੇ। ਯੂਨੀਅਨਿਸਟ ਰਾਜ-ਪ੍ਰਬੰਧ ਵਿਰੁੱਧ ਖ਼ਾਲਸਾ ਵਿਦਰੋਹ ਦੀਆਂ ਅਫ਼ਵਾਹਾਂ ਗਰਮ ਸਨ। ਬਹੁਤ ਭਾਰੀ ਇਕੱਠ ਵਾਲੇ ਸਮਾਗਮ ਵਿੱਚ ਅੰਮ੍ਰਿਤਸਰ ਵਿੱਚ ਯੂਨੀਅਨਿਸਟ ਮੰਤਰੀ-ਮੰਡਲ ਦੇ ਮੁਸਲਿਮ ਰਾਜ ਦੀ ਨਿਖੇਧੀ ਕਰਨ ਲਈ ਮਤਾ ਪਾਸ ਕੀਤਾ ਗਿਆ। ਇਸ ਤਰ੍ਹਾਂ ਆਪਣੀ ਹਵਾੜ ਕੱਢ ਕੇ ਨੇਤਾ ਫਿਰ ਘਬਰਾਹਟ ਤੇ ਚਿੰਤਾ ਭਰੀ ਚੁੱਪ ਧਾਰਨ ਕਰ ਗਏ।

ਲਾਰਡ ਲਿਨਲਿਥਗੋ ਨੇ ਕਾਂਗਰਸ ਤੇ ਲੀਗ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਛੱਡ ਦਿੱਤੀਆਂ। ਜੁਲਾਈ 1941 ਵਿੱਚ ਉਸ ਨੇ ਆਪਣੀ ਕਾਰਜਕਾਰਨੀ ਕੌਂਸਲ ਦੀ ਗਿਣਤੀ 7 ਤੋਂ ਵਧਾ ਕੇ 12 ਕਰਨ ਦਾ ਐਲਾਨ ਕੀਤਾ ਜਿਹਨਾਂ ਵਿੱਚ 8 ਭਾਰਤੀ ਹੋਣੇ ਸਨ। ਉਸ ਨੇ 30 ਮੈਂਬਰਾਂ ਦੀ "ਡੀਫੈਨਸ ਕੌਂਸਲ" ਦੀ ਸਥਾਪਨਾ ਕੀਤੀ ਤੇ ਇਸ ਵਿੱਚ ਦੋ ਸਿੱਖ ਨਾਮਜ਼ਦ ਕੀਤੇ ਤੇ ਇਕ ਸਾਲ ਮਗਰੋਂ ਸਰ ਜੋਗਿੰਦਰ ਸਿੰਘ ਨੂੰ ਕਾਰਜਕਾਰਨੀ ਸਭਾ ਵਿੱਚ ਸਿੱਖਿਆ ਮੰਤਰਾਲੇ ਦੀ ਜ਼ਿੰਮੇਵਾਰੀ ਸੰਭਾਲਣ ਦਾ ਸੱਦਾ ਦਿੱਤਾ।

ਏਸ਼ੀਆ ਵਿੱਚ ਜੰਗ ਬਾਰੇ ਸਿੱਖਾਂ ਦਾ ਦ੍ਰਿਸ਼ਟੀਕੋਣ—ਪਰਲ ਹਾਰਬਰ ਦੀ 7 ਦਸੰਬਰ 1941 ਦੀ ਘਟਨਾ ਤੋਂ ਕੁਝ ਮਹੀਨੇ ਪਹਿਲਾਂ ਜਾਪਾਨੀ ਪ੍ਰਤਿਨਿਧਾਂ ਨੇ ਥਾਈਲੈਂਡ, ਚੀਨ, ਹਾਂਗਕਾਂਗ, ਕੰਬੋਡੀਆ, ਫਿਲਪਾਈਨ, ਬਰਮਾ, ਮਲਾਇਆ ਤੇ ਸਿੰਗਾਪੁਰ ਵਿੱਚ ਭਾਰਤੀ ਫਿਰਕਿਆਂ ਤੇ ਸੰਗਠਨਾਂ ਨਾਲ ਸੰਪਰਕ ਕਾਇਮ ਕੀਤਾ। ਇਹਨਾਂ ਮੁਲਕਾਂ ਵਿੱਚ ਭਾਰਤੀ ਲੋਕਾਂ ਦੀ ਵਸੋਂ ਦਾ ਅਨੁਮਾਨ 20 ਲੱਖ ਤੋਂ ਉੱਪਰ ਲਾਇਆ ਜਾਂਦਾ ਸੀ ਤੇ ਉਹ ਸਭ ਅੰਗਰੇਜ਼ਾਂ ਦੇ ਵਿਰੋਧੀ ਸਨ। ਭਾਰਤੀ ਸਹਿਯੋਗ ਪ੍ਰਾਪਤ ਕਰਨ ਲਈ ਜਾਪਾਨੀਆਂ ਨੇ ਰਾਸ ਬਿਹਾਰੀ ਬੋਸ ਨੂੰ ਚੁਣਿਆ। ਬੋਸ ਦਾ ਭਾਰਤੀ ਦੇਸ਼-ਭਗਤਾਂ ਵਿੱਚ ਕਾਫ਼ੀ ਸਤਿਕਾਰ ਕੀਤਾ

4. "ਰੱਖਿਆ ਕੌਂਸਲ" ਵਿੱਚ ਮਹਾਰਾਜਾ ਪਟਿਆਲਾ ਤੇ ਨੌਨਿਹਾਲ ਸਿੰਘ ਮਾਨ ਨਾਮਜ਼ਦ ਕੀਤੇ ਗਏ।

ਜਾਂ ਸੀ ਤੇ ਉਹਦੇ ਗਦਰ ਲਹਿਰ ਨਾਲ ਪਹਿਲੇ ਸੰਬੰਧਾਂ ਕਾਰਨ ਸਿੱਖ ਉਹਦੀ ਬਹੁਤ ਇੱਜ਼ਤ ਕਰਦੇ ਸਨ। 1915 ਤੋਂ ਉਹ ਜਾਪਾਨ ਵਿੱਚ ਰਹਿ ਰਿਹਾ ਸੀ ਤੇ ਉੱਥੇ ਉਸ ਨੇ "ਬਲੈਕ ਡਰੈਗਨ ਸੁਸਾਇਟੀ" ਦੇ ਮੁਖੀ ਦੀ ਲੜਕੀ ਨਾਲ ਵਿਆਹ ਵੀ ਕਰਵਾ ਲਿਆ। ਰਾਸ ਬਿਹਾਰੀ ਬੋਸ ਨੇ ਜਾਪਾਨੀ ਸਰਕਾਰ ਨੂੰ ਇਸ ਗੱਲ ਲਈ ਮਨਾ ਲਿਆ ਕਿ ਇੰਗਲੈਂਡ ਨਾਲ ਲੜਾਈ ਦੀ ਸੂਰਤ ਵਿੱਚ ਭਾਰਤੀਆਂ ਨਾਲ ਵੈਰੀ ਮੁਲਕ ਦੀ ਪਰਜਾ ਵਾਲਾ ਸਲੂਕ ਨਹੀਂ ਕੀਤਾ ਜਾਵੇਗਾ ਤੇ ਫ਼ੌਜੀਆਂ ਨੂੰ ਗਰਿਫ਼ਤਾਰ ਨਹੀਂ ਕੀਤਾ ਜਾਵੇਗਾ ਸਗੋਂ ਉਹ ਫ਼ੌਜੀ ਅਮਲਾ ਰਾਸ ਬਿਹਾਰੀ ਬੋਸ ਦੇ ਹਵਾਲੇ ਕੀਤਾ ਜਾਵੇਗਾ। ਜਾਪਾਨੀ ਗੁਪਤਚਰ ਵਿਭਾਗ ਦੇ ਮੇਜਰ ਫੂਜੀਵਾਰਾ ਨੂੰ ਤਾਲਮੇਲ ਅਫ਼ਸਰ ਨਿਯੁਕਤ ਕੀਤਾ ਗਿਆ। ਉਸ ਦੇ ਵਿਭਾਗ ਦਾ ਨਾਮ ਉਸ ਦੇ ਨਾਮ ਅਨੁਸਾਰ "ਫੂਜੀਵਾਰਾ ਕਿਕਾਨ" ਰੱਖਿਆ ਗਿਆ। ਰਾਸ ਬਿਹਾਰੀ ਬੋਸ ਨੇ ਸਿੱਖਾਂ ਨੂੰ ਖ਼ਾਸ ਮਹੱਤਵ ਤੇ ਤਰਜੀਹ ਦਿੱਤੀ।[5]

ਉਸ ਨੇ ਥਾਈਲੈਂਡ ਤੇ ਮਲਾਇਆ ਦੀਆਂ ਸਿੱਖ ਜੱਥੇਬੰਦੀਆਂ ਨਾਲ ਤੇ ਸਿੱਖ ਪਲਟਨਾਂ ਦੇ ਗ੍ਰੰਥੀਆਂ ਨਾਲ ਸੰਪਰਕ ਸਥਾਪਿਤ ਕੀਤੇ।[6]

ਰਾਸ ਬਿਹਾਰੀ ਬੋਸ ਅੱਗੇ ਵਧ ਰਹੀਆਂ ਜਾਪਾਨੀ ਫ਼ੌਜਾਂ ਦੇ ਮਗਰ-ਮਗਰ ਤੁਰਦਾ ਗਿਆ। ਜਿੱਥੇ ਵੀ ਉਹ ਪਹੁੰਚਦਾ ਉਹ "ਭਾਰਤੀ ਸੁਤੰਤਰਤਾ ਲੀਗ" ਦੀ ਸਥਾਪਨਾ ਕਰ ਦਿੰਦਾ।

ਜਾਪਾਨੀ ਸੈਨਾਵਾਂ ਨੇ ਥਾਈ-ਮਲਾਇਆ ਸੀਮਾ ਪਾਰ ਕਰਕੇ ਵਿਰੋਧੀ ਭਾਰਤੀ ਬਰਤਾਨਵੀ ਸੈਨਾਵਾਂ ਨੂੰ ਹਾਰ ਦਿੱਤੀ। ਹਜ਼ਾਰਾਂ ਹੀ ਗਰਿਫ਼ਤਾਰ ਕੀਤੇ ਗਏ ਭਾਰਤੀਆਂ ਵਿੱਚ 1/14 ਪੰਜਾਬ ਪਲਟਨ ਦਾ ਕਪਤਾਨ ਮੋਹਨ ਸਿੰਘ ਸੀ।[7] ਮੋਹਨ ਸਿੰਘ ਨੇ ਆਪਣੀਆਂ ਸੇਵਾਵਾਂ ਵੀ ਜਾਪਾਨੀ ਕਮਾਂਡਰ ਨੂੰ ਪੇਸ਼ਕਸ਼ ਕਰ ਦਿੱਤੀਆਂ।

---

5. ਥਾਈਲੈਂਡ ਵਿੱਚ ਉਹਦੇ ਸਹਿਯੋਗੀ ਅਮਰ ਸਿੰਘ (ਉਸ ਨੇ 20 ਸਾਲਾ ਬਰਤਾਨਵੀ ਜੇਲ੍ਹਾਂ 'ਚ ਬਤੀਤ ਕੀਤੇ ਸਨ) ਤੇ ਗਿਆਨੀ ਪ੍ਰੀਤਮ ਸਿੰਘ, (ਉਹ ਬੈਂਕਾਕ ਵਿੱਚ ਗੁਰਦੁਆਰੇ ਦਾ ਗ੍ਰੰਥੀ ਸੀ) ਤੇ ਯਾਹ ਵਿੱਚ ਰਬੜ ਪੈਦਾ ਕਰਨ ਵਾਲੇ ਕਿਸਾਨ ਚੰਦਾ ਸਿੰਘ ਸਨ। ਇਹ ਵਿਅਕਤੀ ਬੈਂਕਾਕ ਦੀ "ਭਾਰਤ ਕਲਚਰ ਲਾਜ" ਦੇ ਮੈਂਬਰ ਸਨ ਜਿਸ ਦਾ ਸੰਚਾਲਕ ਸੁਆਮੀ ਸਤਯਾਨੰਦ ਪੁਰੀ ਸੀ। ਮਲਾਇਆ ਵਿੱਚ ਬੋਸ ਦਾ ਮੁੱਖ ਸਮਰਥਕ ਬੁੱਧ ਸਿੰਘ ਸੀ ਜੋ "ਮਲਾਇਆ ਦੇ ਗਾਂਧੀ" ਵਜੋਂ ਮਸ਼ਹੂਰ ਸੀ।
6. ਸਿੰਘਾਈ ਦੀ ਕ੍ਰਾਂਤੀਕਾਰੀ ਪਾਰਟੀ ਦੇ ਮੈਂਬਰ ਜੋ ਸਾਰੇ ਹੀ ਸਿੱਖ ਸਨ ਹਾਂਗਕਾਂਗ ਵਿੱਚ ਨਿਯੁਕਤ ਸਿੱਖ ਪਲਟਨਾਂ ਦੇ ਗ੍ਰੰਥੀਆਂ ਨੂੰ ਆਪਣੇ ਵਿਚਾਰਾਂ ਦੇ ਸਮਰਥਕ ਬਣਾਉਣ ਵਿੱਚ ਸਫਲ ਹੋ ਗਏ। 1941 ਦੇ ਸ਼ੁਰੂ ਵਿੱਚ ਸਿੱਖ ਪਿਆਦਾ ਪਲਟਨ ਨਾਲ ਨਿਯੁਕਤ ਗ੍ਰੰਥੀ ਜਲਾਵਤਨ ਕਰਕੇ ਭਾਰਤ ਭੇਜ ਦਿੱਤੇ ਗਏ। ਅਪ੍ਰੈਲ 1941 ਵਿੱਚ ਗਿਆਨੀ ਪ੍ਰੀਤਮ ਸਿੰਘ ਤੇ ਚੰਦਾ ਸਿੰਘ ਨੇ ਤਿੰਨ ਸਿੱਖ ਏਜੰਟ ਮਲਾਇਆ ਭੇਜੇ। ਇਹ ਆਦਮੀ ਗਰਿਫ਼ਤਾਰ ਕਰ ਲਏ ਗਏ ਤੇ ਕੋਟਾਬਾਰੂ ਦੀ ਸੁਪਰੀਮ ਕੋਰਟ ਨੇ ਉਹਨਾਂ ਨੂੰ 10 ਸਾਲ ਦੀ ਸਜ਼ਾ ਦਿੱਤੀ। ਮਗਰੋਂ ਜਾਪਾਨੀਆਂ ਨੇ ਉਹਨਾਂ ਨੂੰ ਸਿੰਗਾਪੁਰ ਜਾ ਕੇ ਛੁਡਾਇਆ।
7. ਮੋਹਨ ਸਿੰਘ, ਉੱਗੋਕੇ ਪਿੰਡ ਜ਼ਿਲ੍ਹਾ ਸਿਆਲਕੋਟ ਘੁੰਮਣ ਜ਼ਾਤ ਦਾ ਜੱਟ ਸਿੱਖ ਸੀ, ਜਿਸ ਦਾ ਜਨਮ 1909 ਵਿੱਚ ਹੋਇਆ। ਉਹ 1927 ਵਿੱਚ ਆਮ ਸਿਪਾਹੀ ਭਰਤੀ ਹੋਇਆ।

ਅਲੋਰ ਸਟਾਰ ਕੈਂਪ ਵਿੱਚ ਭਾਰਤੀ ਜੰਗੀ ਕੈਦੀ ਮੋਹਨ ਸਿੰਘ ਦੇ ਹਵਾਲੇ ਕਰ ਦਿੱਤੇ ਗਏ। ਉਸ ਦੀ ਪਦ-ਉੱਨਤੀ ਕਰਕੇ ਉਸ ਨੂੰ "ਜਨਰਲ" ਬਣਾ ਦਿੱਤਾ ਗਿਆ ਤੇ ਉਹ ਨਵੀਂ ਸਥਾਪਿਤ ਕੀਤੀ "ਆਜ਼ਾਦ ਹਿੰਦ ਫ਼ੌਜ" (ਆਈ.ਐਨ.ਏ. ਇੰਡੀਅਨ ਨੈਸ਼ਨਲ ਆਰਮੀ ਦੇ ਨਾਮ ਦੇ ਪਹਿਲੇ ਅੱਖਰ) ਦਾ ਸੈਨਾਪਤੀ ਬਣਾ ਦਿੱਤਾ ਗਿਆ। ਆਜ਼ਾਦ ਹਿੰਦ ਫ਼ੌਜ ਦੇ ਪਹਿਲੇ ਦਸਤੇ ਨੇ ਸਿੰਗਾਪੁਰ ਉੱਤੇ ਜਾਪਾਨੀ ਹਮਲੇ ਦੀ ਅਗਵਾਈ ਕੀਤੀ ਤੇ ਉਸ ਉੱਪਰ 15 ਜਨਵਰੀ 1942 ਨੂੰ ਅਧਿਕਾਰ ਕਰ ਲਿਆ।

ਸਿੰਗਾਪੁਰ ਵਿੱਚ 45000 ਭਾਰਤੀ ਜੰਗੀ ਕੈਦੀ ਇਕੱਠੇ ਕੀਤੇ ਗਏ। ਜਿਹੜੇ 20 ਹਜ਼ਾਰ ਫ਼ੌਜੀਆਂ ਨੇ ਸ੍ਵੈ-ਇੱਛਾ ਨਾਲ ਆਈ.ਐਨ.ਏ. 'ਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ, ਉਹਨਾਂ ਵਿੱਚ ਕਾਫ਼ੀ ਭਾਰੀ ਮਾਤਰਾ ਸਿੱਖਾਂ ਦੀ ਸੀ।[8]

ਜਨਰਲ ਮੋਹਨ ਸਿੰਘ ਨੇ ਆਪਣਾ ਮੁੱਖ ਦਫ਼ਤਰ ਸਿੰਗਾਪੁਰ ਕਾਇਮ ਕੀਤਾ ਜੋ ਕਿ "ਫੂਜੀਵਾਰਾ ਕਿਕਾਨ" ਦੇ ਦਫ਼ਤਰ ਦੇ ਨਾਲ ਲਗਵਾਂ ਹੀ ਸੀ। ਉਸ ਨੇ ਸੈਗਾਉਂ ਵਿੱਚ ਫੀਲਡ ਮਾਰਸ਼ਲ ਕਾਊਂਟ ਤੇਰੌਚੀ ਨਾਲ ਮੁਲਾਕਾਤ ਕਰਕੇ ਇਹ ਟੋਹ ਲਾਉਣ ਦੀ ਕੋਸ਼ਿਸ਼ ਕੀਤੀ ਕਿ ਜਾਪਾਨੀ ਆਜ਼ਾਦ ਹਿੰਦ ਫ਼ੌਜ ਦੀ ਨਿਸ਼ਚਿਤ ਤੌਰ 'ਤੇ ਕੀ ਭੂਮਿਕਾ ਚਾਹੁੰਦੇ ਸਨ। ਉਸ ਨੂੰ ਕਿਹਾ ਗਿਆ ਕਿ ਰਾਸ ਬਿਹਾਰੀ ਬੋਸ ਨੇ ਟੋਕੀਓ ਵਿੱਚ ਮੀਟਿੰਗ ਬੁਲਾਈ ਹੈ ਜਿੱਥੇ ਇਸ ਬਾਰੇ ਵਿਚਾਰ ਕੀਤੀ ਜਾਵੇਗੀ।

28 ਮਾਰਚ 1942 ਦੀ ਟੋਕੀਓ[9] ਕਾਨਫ਼ਰੰਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ ਲਹਿਰ ਦੇ ਉਦੇਸ਼ ਵਿਦੇਸ਼ੀ ਗਲਬੇ ਤੋਂ ਪੂਰੀ ਸੁਤੰਤਰਤਾ ਹੋਵੇਗਾ ਤੇ ਹਰ ਪ੍ਰਕਾਰ ਦੇ ਨਿਯੰਤਰਨ ਤੋਂ ਮੁਕਤ ਹੋਵੇਗੀ। ਇਕ ਹੋਰ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਇਹ ਵਰਨਨ ਕੀਤਾ ਗਿਆ ਕਿ ਭਾਰਤ ਵਿਰੁੱਧ ਫ਼ੌਜੀ ਕਾਰਵਾਈ ਕੇਵਲ ਆਜ਼ਾਦ ਹਿੰਦ ਫ਼ੌਜ

---

8. ਸਿੱਖ ਅਫ਼ਸਰਾਂ ਵਿੱਚ ਕਰਨਲ ਨਿਰੰਜਨ ਸਿੰਘ ਗਿੱਲ, ਮੇਜਰ ਮਹਾਂਬੀਰ ਸਿੰਘ ਢਿੱਲੋਂ, ਮੇਜਰ ਨ੍ਰਿਪਿੰਦਰ ਸਿੰਘ ਭਗਤ, ਕੈਪਟਨ ਗੁਰਬਖ਼ਸ਼ ਸਿੰਘ ਢਿੱਲੋਂ, ਤੇ ਕੈਪਟਨ ਠਾਕਰ ਸਿੰਘ ਸ਼ਾਮਲ ਸਨ। ਈਸ਼ਰ ਸਿੰਘ ਨਰੂਲਾ ਅਨੁਸਾਰ ਜੋ ਮਗਰੋਂ ਆਰਜ਼ੀ ਸਰਕਾਰ ਦਾ ਵਿੱਤ ਮੰਤਰੀ ਬਣਿਆ, 50% ਤੋਂ ਵਧੀਕ ਆਜ਼ਾਦ ਹਿੰਦ ਫ਼ੌਜ ਦੇ ਸੈਨਿਕ ਸਿੱਖ ਸਨ। ਜਨਰਲ ਮੋਹਨ ਸਿੰਘ ਅਨੁਸਾਰ ਤੀਜਾ ਹਿੱਸਾ ਸਿੱਖ ਸਨ ਤੇ ਬਾਕੀ ਦੋ ਹਿੱਸੇ ਪਠਾਨ, ਡੋਗਰੇ ਤੇ ਹਿੰਦੂ ਜਾਟ ਸਨ। (ਲੇਖਕ ਦੀ 24 ਜੂਨ 1962 ਨੂੰ ਈਸ਼ਰ ਸਿੰਘ ਨਰੂਲਾ ਤੇ ਜਨਰਲ ਮੋਹਨ ਸਿੰਘ ਨਾਲ ਹੋਈ ਮੁਲਾਕਾਤ ਦੇ ਆਧਾਰ ਤੇ)।
   ਨਿਰੰਜਨ ਸਿੰਘ ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਗਿੱਲ ਗੋਤ ਦਾ ਜੱਟ ਸਿੱਖ ਸੀ ਜਿਸ ਦਾ ਜਨਮ 1906 ਈ: ਵਿੱਚ ਹੋਇਆ। ਉਸ ਨੇ ਸੈਂਡਹਰਸਟ ਵਿੱਚ ਸਿੱਖਿਆ ਪ੍ਰਾਪਤ ਕੀਤੀ ਤੇ 1925 ਵਿੱਚ ਸ਼ਾਹੀ ਕਮਿਸ਼ਨ ਪ੍ਰਾਪਤ ਕੀਤਾ। ਪੁਸਤਕ ਵਿੱਚ ਵਰਨਨ ਕੀਤੀਆਂ ਘਟਨਾਵਾਂ ਪਿੱਛੋਂ ਗਿੱਲ ਨੂੰ 1955 ਵਿੱਚ ਈਥੋਪੀਆ ਵਿੱਚ ਤੇ ਮਗਰੋਂ ਥਾਈਲੈਂਡ ਵਿੱਚ ਭਾਰਤੀ ਰਾਜਦੂਤ ਨਿਯੁਕਤ ਕੀਤਾ ਗਿਆ।
9. ਕਾਨਫ਼ਰੰਸ ਦਾ ਆਰੰਭ ਹੀ ਬਦਸ਼ਗਨੀ ਵਾਲਾ ਸੀ। ਗਿਆਨੀ ਪ੍ਰੀਤਮ ਸਿੰਘ ਤੇ ਸੁਆਮੀ ਸਤਿਆਨੰਦ ਪੁਰੀ ਨੂੰ ਲਿਜਾ ਰਿਹਾ ਜਹਾਜ਼ ਤਬਾਹ ਹੋ ਗਿਆ ਤੇ ਇਸ ਦੇ ਸਾਰੇ ਮੁਸਾਫ਼ਿਰ ਮਾਰੇ ਗਏ।

ਵੱਲੋਂ ਹੀ ਅਜਿਹੇ ਸੈਨਿਕ, ਸਮੁੰਦਰੀ ਤੇ ਹਵਾਈ ਸਹਿਯੋਗ ਤੇ ਸਹਾਇਤਾ ਨਾਲ ਕੀਤੀ ਜਾਵੇਗੀ ਜਿਸ ਬਾਰੇ ਇੰਡੀਅਨ ਇੰਡੀਪੈਨਡੈਨਸ ਲੀਗ ਜਾਪਾਨੀ ਅਧਿਕਾਰੀਆਂ ਨੂੰ ਬੇਨਤੀ ਕਰੇਗੀ। ਜਾਪਾਨ ਦੇ ਪ੍ਰਧਾਨ ਮੰਤਰੀ ਟੋਜੋ ਨੇ ਕਾਨਫ਼ਰੰਸ ਬਾਰੇ ਸਲਾਹ ਮਸ਼ਵਰੇ ਵਿੱਚ ਨਿੱਜੀ ਤੌਰ 'ਤੇ ਦਿਲਚਸਪੀ ਲਈ। ਪ੍ਰਤਿਨਿਧ ਫਿਰ ਬੈਂਕਾਕ ਵਿੱਚ ਸਮਾਗਮ ਕਰਨ ਲਈ ਸਹਿਮਤ ਹੋਏ। (ਥਾਈਲੈਂਡ ਦੀ ਚੋਣ ਜੋ ਕਿ ਨਿਰਪੱਖ ਤੇ ਸੁਤੰਤਰ ਮੁਲਕ ਸੀ, ਅਗਲੇ ਸਮਾਗਮ ਦੇ ਸਥਾਨ ਵਜੋਂ, ਜਾਣ ਬੁੱਝ ਕੇ ਕੀਤੀ ਗਈ।)

15 ਜੂਨ 1942 ਵਿੱਚ ਹੋਈ ਬੈਂਕਾਕ ਕਾਨਫ਼ਰੰਸ ਵਿੱਚ ਏਸ਼ਿਆਈ ਮੁਲਕਾਂ ਦੇ ਭਾਰਤੀ ਫਿਰਕਿਆਂ ਦੇ ਪ੍ਰਤਿਨਿਧਾਂ ਨੇ ਭਾਗ ਲਿਆ। ਜਨਰਲ ਮੋਹਨ ਸਿੰਘ ਦੇ ਨਾਲ 30 ਅਫ਼ਸਰ ਸਨ। ਕੇਂਦਰੀ ਤਾਕਤਾਂ ਦੇ ਪ੍ਰਤਿਨਿਧ (ਇਟਲੀ, ਜਰਮਨੀ) ਤੇ ਥਾਈ ਵਿਦੇਸ਼ ਮੰਤਰੀ ਵੀ ਹਾਜ਼ਰ ਸਨ। ਕਾਨਫ਼ਰੰਸ ਵਿੱਚ ਇਹ ਮੰਗ ਦੁਹਰਾਈ ਗਈ ਕਿ ਜਾਪਾਨੀ ਸਰਕਾਰ ਭਾਰਤ ਪ੍ਰਤੀ ਆਪਣੀ ਨੀਤੀ ਦਾ ਕੋਈ ਨਿਸ਼ਚਿਤ ਐਲਾਨ ਕਰੇ।

ਜਾਪਾਨੀ ਸਰਕਾਰ ਨੇ ਬੈਂਕਾਕ ਮਤਿਆਂ ਪ੍ਰਤੀ ਕੋਈ ਅਨੁਕੂਲ ਤੇ ਸੁਖਾਵੀਂ ਪ੍ਰਤਿਕਿਰਿਆ ਨਾ ਪ੍ਰਗਟ ਕੀਤੀ। ਇਸ ਦੇ ਉਲਟ ਕਰਨਲ ਇਵਾਗੁਰੋ ਨੇ, ਜੋ ਕਰਨਲ ਫੂਜੀਵਾਰਾ ਦਾ ਤਾਲਮੇਲ ਅਫ਼ਸਰ ਵਜੋਂ ਉੱਤਰਾਧਿਕਾਰੀ ਸੀ, ਸਾਫ਼ ਹੀ ਕਹਿ ਦਿੱਤਾ ਕਿ ਉਸ ਦੀ ਸਰਕਾਰ ਦਾ ਇਸ ਬਾਰੇ ਹੋਰ ਕੋਈ ਬਿਆਨ ਦੇਣ ਦਾ ਇਰਾਦਾ ਨਹੀਂ ਸੀ। ਕੁਝ ਹੋਰ ਕਾਰਨਾਂ ਕਰਕੇ ਵੀ ਮੋਹਨ ਸਿੰਘ ਨੂੰ ਜਾਪਾਨੀਆਂ ਦੀ ਨੇਕ-ਨੀਤੀ 'ਤੇ ਸ਼ੱਕ ਹੋ ਗਿਆ। ਜਾਪਾਨੀ ਆਜ਼ਾਦ ਹਿੰਦ ਫ਼ੌਜ ਦੇ ਰੇਡੀਓ ਪ੍ਰਸਾਰਨਾਂ ਦਾ ਨਿਰੀਖਣ ਕਰਕੇ ਦੋਸ਼ ਲੱਭਣ ਲੱਗ ਪਏ। ਉਹਨਾਂ ਦਾ ਭਾਰਤੀ ਕੈਦੀਆਂ ਨਾਲ ਵਤੀਰਾ ਕੁਰਖਤ ਤੇ ਸਖ਼ਤ ਹੋ ਗਿਆ। ਵਾਅਦਿਆਂ ਦੇ ਉਲਟ ਉਹਨਾਂ ਨੇ ਬਰਮਾ ਵਿੱਚ ਭਾਰਤੀ ਸ਼ਰਨਾਰਥੀਆਂ ਦੀ ਜਾਇਦਾਦ 'ਤੇ ਕਬਜ਼ਾ ਕਰ ਲਿਆ। ਸਿੰਗਾਪੁਰ ਵਿੱਚ ਜਾਪਾਨੀ ਕਮਾਂਡਰ ਨੇ ਆਜ਼ਾਦ ਹਿੰਦ ਫ਼ੌਜ ਦੇ ਅਮਲੇ ਦਾ ਆਪ ਨਿਯੰਤਰਨ ਸੰਭਾਲ ਲਿਆ ਤੇ ਆਈ.ਐਨ.ਏ. ਦੇ ਪਹਿਲੇ ਸੈਨਾ ਦਲ ਨੂੰ ਜਿੱਚ ਕਰਨਾ ਸ਼ੁਰੂ ਕਰ ਦਿੱਤਾ। ਜਾਪਾਨੀਆਂ ਦੇ ਮੁੱਠੀਏ ਲੱਗੇ ਰਾਸ ਬਿਹਾਰੀ ਬੋਸ ਦੇ ਸਬੰਧ ਮੋਹਨ ਸਿੰਘ ਨਾਲ ਉਤਸਾਹਹੀਣ ਹੋ ਗਏ।

"ਕਾਰਵਾਈ ਕਮੇਟੀ" ਨੇ ਕਰਨਲ ਇਵਾਗੁਰੋ ਨੂੰ ਯਾਦ-ਪੱਤਰ ਦੇ ਕੇ "ਇੰਡੀਅਨ ਇਨਡੀਪੈਨਡੈਨਸ ਲੀਗ", ਕੌਂਸਲ ਆਫ਼ ਐਕਸ਼ਨ ਤੇ ਆਈ.ਐਨ.ਏ. (ਆਜ਼ਾਦ ਹਿੰਦ ਫ਼ੌਜ) ਨੂੰ ਸਰਕਾਰੀ ਤੌਰ 'ਤੇ ਮਾਨਤਾ ਦੇਣ ਤੇ ਭਾਰਤ ਪ੍ਰਤੀ ਜਾਪਾਨੀ ਨੀਤੀ ਦੇ ਸਪੱਸ਼ਟ ਐਲਾਨ ਦੀ ਮੰਗ ਕੀਤੀ। ਇਵਾਗੁਰੋ ਨੂੰ ਗ਼ੁੱਸਾ ਆ ਗਿਆ। ਉਸ ਨੇ ਮੂੰਹ ਤੋੜ ਉੱਤਰ ਦਿੰਦਿਆਂ ਕਿਹਾ, "ਜਦੋਂ ਕੰਮ ਕਰਨਾ ਹੋਵੇ ਤਾਂ ਅਜਿਹੀਆਂ ਕਾਨੂੰਨੀ ਗੱਲਾਂ ਕਰਨ ਦੀ ਲੋੜ ਨਹੀਂ ਹੁੰਦੀ।"

ਦੋਹੀਂ ਪਾਸੀਂ ਸ਼ੱਕ ਵਧਣ ਲੱਗਾ। ਜਾਪਾਨੀਆਂ ਕੋਲ ਮੋਹਨ ਸਿੰਘ ਦੇ ਕੁਝ ਸਹਿਯੋਗੀਆਂ ਉੱਪਰ ਸ਼ੱਕ ਕਰਨ ਦੇ ਕਾਰਨ ਵੀ ਸਨ, ਖ਼ਾਸ ਕਰਕੇ ਕਰਨਲ ਨਿਰੰਜਨ ਸਿੰਘ ਗਿੱਲ ਜਿਸ ਨੂੰ ਬਰਮਾ ਦਾ ਇੰਚਾਰਜ ਬਣਾਇਆ ਗਿਆ ਸੀ। ਇਸ ਦੀ ਹੱਦ ਉਸ ਸਮੇਂ ਹੋ ਗਈ ਜਦੋਂ ਦਸੰਬਰ 1942 ਵਿੱਚ ਗਿੱਲ ਨੂੰ ਗਰਿਫ਼ਤਾਰ ਕਰ ਲਿਆ ਗਿਆ। ਮੋਹਨ ਸਿੰਘ ਨੇ "ਆਜ਼ਾਦ ਹਿੰਦ ਫ਼ੌਜ" ਤੋੜ ਦਿੱਤੀ ਤੇ ਆਪ ਤਿਆਗ ਪੱਤਰ ਦੇ ਦਿੱਤਾ। ਉਸ ਨੂੰ ਵੀ

ਨਜ਼ਰਬੰਦ ਕਰ ਲਿਆ ਗਿਆ।[10] ਇਹਨਾਂ ਆਦਮੀਆਂ ਦੇ ਲਾਂਭੇ ਹੋ ਜਾਣ ਨਾਲ ਸਿੱਖਾਂ ਦਾ ਆਈ.ਐਨ.ਏ. (ਆਜ਼ਾਦ ਹਿੰਦ ਫ਼ੌਜ) ਪ੍ਰਤੀ ਜੋਸ਼ ਮੱਠਾ ਪੈ ਗਿਆ।

ਰਾਸ ਬਿਹਾਰੀ ਬੋਸ ਨੇ ਆਈ.ਐਨ.ਏ. ਦੀ ਪੁਨਰ-ਸਥਾਪਨਾ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਸਭ ਆਦਮੀ ਹੌਸਲਾ ਹਾਰ ਚੁੱਕੇ ਸਨ। ਉਹ ਜੂਨ 1943 ਵਿੱਚ ਚਿੱਤਰਪੱਟ ਤੋਂ ਪਾਸੇ ਹੋ ਗਿਆ ਜਦੋਂ ਸੁਭਾਸ਼ ਚੰਦਰ ਬੋਸ ਜਰਮਨੀ ਤੋਂ ਉੱਥੇ ਪਹੁੰਚ ਗਿਆ। ਸੁਭਾਸ਼ ਨੇ ਇੰਡੀਅਨ ਇੰਡੀਪੈਨਡੈਂਨਸ ਲੀਗ ਦੀ ਸਦਾਰਤ ਸੰਭਾਲ ਲਈ ਤੇ ਉਹ ਆਈ. ਐਨ. ਦਾ ਸਰਵਉੱਚ ਸੈਨਾਪਤੀ ਬਣ ਗਿਆ।

ਸੁਭਾਸ਼ ਚੰਦਰ ਬੋਸ[11] ਨੇ ਸਿੰਗਾਪੁਰ ਵਿੱਚ ਭਾਰੀ ਇਕੱਠ ਕੀਤਾ ਜਿੱਥੇ ਉਸ ਨੇ "ਆਜ਼ਾਦ ਹਿੰਦ" ਦੀ ਆਰਜ਼ੀ ਸਰਕਾਰ ਦੀ ਸਥਾਪਨਾ ਦਾ ਐਲਾਨ ਕੀਤਾ ਜਿਸ ਵਿੱਚ ਉਹ ਰਾਜ ਦਾ ਮੁਖੀ ਬਣਿਆ। ਉਸ ਦੇ ਮੰਤਰੀ ਮੰਡਲ ਵਿੱਚ ਚਾਰ ਮੰਤਰੀ ਤੇ 8 ਫ਼ੌਜ ਦੇ ਪ੍ਰਤਿਨਿਧ ਸਨ। [12]ਆਜ਼ਾਦ ਹਿੰਦ ਦੀ ਆਰਜ਼ੀ ਸਰਕਾਰ ਨੂੰ ਕੇਂਦਰੀ ਤਾਕਤਾਂ ਤੇ ਉਹਨਾਂ ਦੀਆਂ ਪਿਛਲੱਗ ਸਰਕਾਰਾਂ ਨੇ ਮਾਨਤਾ ਦਿੱਤੀ। ਇਸ ਨੇ ਅਮਰੀਕਾ ਤੇ ਸੰਯੁਕਤ ਰਾਜ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ।

ਜਦੋਂ ਜੰਗ ਦਾ ਪਾਸਾ ਬਦਲਿਆ ਤਾਂ ਜਾਪਾਨੀ ਮੋਹਨ ਸਿੰਘ ਦੀ ਆਜ਼ਾਦ ਹਿੰਦ ਫ਼ੌਜ ਦੇ ਮੁਕਾਬਲੇ ਤੇ ਸੁਭਾਸ਼ ਬੋਸ ਦੀ ਆਜ਼ਾਦ ਹਿੰਦ ਫ਼ੌਜ ਨਾਲ ਵਧੇਰੇ ਸਹਿਯੋਗ ਕਰਨ ਲੱਗੇ। ਨੇਤਾ ਜੀ (ਜਿਸ ਨਾਮ ਨਾਲ ਸੁਭਾਸ਼ ਨੂੰ ਸੰਬੋਧਿਤ ਕੀਤਾ ਜਾਣ ਲੱਗਾ) ਜਦੋਂ

---

10. ਬੰਗਲੇ ਵਿੱਚ ਦੋ ਮਹੀਨੇ ਨਜ਼ਰਬੰਦ ਰੱਖਣ ਮਗਰੋਂ ਜਨਰਲ ਮੋਹਨ ਸਿੰਘ ਨੂੰ ਇਕ ਟਾਪੂ ਵਿੱਚ ਲਿਜਾਇਆ ਗਿਆ ਜਿੱਥੇ ਉਸ ਨੂੰ ਦਸੰਬਰ 1943 ਤੱਕ ਰੱਖਿਆ ਗਿਆ। ਫਿਰ ਉਸ ਨੂੰ ਸਮਾਟਰਾ ਭੇਜ ਦਿੱਤਾ ਗਿਆ ਜਿੱਥੇ ਅੰਗਰੇਜ਼ਾਂ ਨੇ ਉਸ ਨੂੰ ਗਰਿਫ਼ਤਾਰ ਕਰ ਲਿਆ। ਉਸ ਨੂੰ ਨਵੰਬਰ 1945 ਵਿੱਚ ਦਿੱਲੀ ਲਿਆਂਦਾ ਗਿਆ ਜਿੱਥੇ ਉਸ ਨੂੰ ਮਈ 1946 ਵਿੱਚ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ। 1962 ਈ: ਵਿੱਚ ਉਹ ਰਾਜ ਸਭਾ ਦਾ ਮੈਂਬਰ ਚੁਣਿਆ ਗਿਆ।
11. ਸੁਭਾਸ਼ ਚੰਦਰ ਬੋਸ (1897-1945) ਦਾ ਜਨਮ ਉੜੀਸਾ ਦੇ ਸ਼ਹਿਰ ਕਟਕ ਵਿੱਚ ਹੋਇਆ। ਉਸ ਨੇ ਕਲਕੱਤਾ ਯੂਨੀਵਰਸਿਟੀ ਤੋਂ ਬੀ.ਏ. ਕੀਤੀ ਤੇ ਕੈਂਬਰਿਜ਼ ਤੋਂ ਟ੍ਰਿਪੋ ਪਾਸ ਕਰਕੇ ਆਈ.ਸੀ.ਐਸ. ਬਣਿਆ। ਭਾਰਤ ਵਾਪਸ ਪਹੁੰਚ ਕੇ ਉਸ ਨੇ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਤੇ "ਸਿਵਲ ਨਾ-ਫੁਰਮਾਨੀ" (ਆਗਿਆ ਭੰਗ ਅੰਦੋਲਨ) ਵਿੱਚ ਸ਼ਾਮਿਲ ਹੋ ਗਿਆ। 1938 ਈ: ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਤੇ ਫਿਰ ਦੁਬਾਰਾ 1939 ਵਿੱਚ ਵੀ ਮਹਾਤਮਾ ਗਾਂਧੀ ਦੀ ਇੱਛਾ ਵਿਰੁੱਧ ਉਸ ਨੂੰ ਕਾਂਗਰਸ ਦਾ ਪ੍ਰਧਾਨ ਚੁਣ ਲਿਆ ਗਿਆ। ਉਹ ਮਹਾਤਮਾ ਦੀ ਅਹਿੰਸਾਵਾਦੀ ਨੀਤੀ ਨਾਲ ਸਹਿਮਤ ਨਹੀਂ ਸੀ। ਉਸ ਨੇ ਗਰਮ ਖ਼ਿਆਲੀਆਂ ਨੂੰ ਨਾਲ ਲੈ ਕੇ "ਫਾਰਵਰਡ ਬਲਾਕ" ਬਣਾ ਲਿਆ। ਉਸ ਨੂੰ ਜੁਲਾਈ 1940 ਵਿੱਚ ਗਰਿਫ਼ਤਾਰ ਕਰ ਲਿਆ ਗਿਆ। ਉਹ ਨਜ਼ਰਬੰਦੀ ਸਮੇਂ ਘਰੋਂ ਨੱਠ ਗਿਆ ਤੇ ਥਲ ਮਾਰਗ ਰਾਹੀਂ ਜਰਮਨੀ ਪਹੁੰਚ ਗਿਆ। ਸ਼ਾਨਦਾਰ ਜੀਵਨੀ ਲਈ ਪੜ੍ਹੋ "ਦੀ ਸਪਰਿੰਗ ਟਾਈਗਰ" ਬਾਈ ਹਿਊ ਟੋਇ।
12. ਆਰਜ਼ੀ ਸਰਕਾਰ ਵਿੱਚ ਦੋ ਫ਼ੌਜੀ ਅਫ਼ਸਰ ਨ੍ਰਿਪਿੰਦਰ ਸਿੰਘ ਭਗਤ ਤੇ ਲੈਫ: ਕਰਨਲ ਗੁਲਜ਼ਾਰਾ ਸਿੰਘ ਤੇ ਬੈਂਕਾਕ ਦਾ ਆਮ ਨਾਗਰਿਕ ਈਸ਼ਰ ਸਿੰਘ ਨਰੂਲਾ ਸਿੱਖ ਸਨ।

ਨਵੰਬਰ 1943 ਵਿੱਚ "ਗ੍ਰੇਟ ਈਸਟ ਏਸ਼ੀਆ ਨੇਸ਼ਨਜ਼ ਕਾਨਫ਼ਰੰਸ" ਵਿੱਚ ਭਾਗ ਲੈਣ ਲਈ ਟੋਕੀਓ ਪਹੁੰਚੇ ਤਾਂ ਉਹਨਾਂ ਦਾ ਭਰਪੂਰ ਤੇ ਸ਼ਾਨਦਾਰ ਸੁਆਗਤ ਕੀਤਾ ਗਿਆ। ਅੰਡੇਮਾਨ ਤੇ ਨਿਕੋਬਾਰ ਦੀਪ ਆਜ਼ਾਦ ਹਿੰਦ ਫ਼ੌਜ ਦੇ ਹਵਾਲੇ ਕਰ ਦਿੱਤੇ ਗਏ। ਸੁਭਾਸ਼ ਬੋਸ ਨੇ ਆਪਣਾ "ਸਦਰ ਮੁਕਾਮ" ਰੰਗੂਨ ਵਿੱਚ ਬਦਲ ਲਿਆ ਤੇ ਆਜ਼ਾਦ ਹਿੰਦ ਫ਼ੌਜ ਨੂੰ ਲੜਾਈ ਲਈ ਭਾਰਤ-ਬਰਮਾ ਸਰਹੱਦ 'ਤੇ ਭੇਜ ਦਿੱਤਾ ਗਿਆ। ਫਰਵਰੀ 1944 ਦੇ ਸ਼ੁਰੂ ਵਿੱਚ ਇਸ ਨੇ ਅੰਗਰੇਜ਼ੀ ਸੈਨਾ ਵਿਰੁੱਧ ਲੜਾਈ ਲੜੀ ਤੇ ਭਾਰਤੀ ਇਲਾਕੇ ਵਿੱਚ ਦਾਖ਼ਲ ਹੋਣ ਵਿੱਚ ਕਾਮਯਾਬ ਹੋ ਗਈ। ਨੇਤਾ ਜੀ ਦੇ ਮੁੱਖ ਦਫ਼ਤਰ ਵਿੱਚ ਬਹੁਤ ਜਸ਼ਨ ਮਨਾਏ ਗਏ।

ਅਗਲੇ ਦੋ ਮਹੀਨਿਆਂ ਵਿੱਚ ਅਰਾਕਾਨ ਮੁਹਾਜ਼ ਤੋਂ ਆਈ.ਐਨ.ਏ. ਨੇ ਇਮਫਾਲ ਜਿੱਤਣ ਲਈ ਆਕ੍ਰਮਣ ਜਾਰੀ ਰੱਖਿਆ। ਮਈ ਤੱਕ ਇਹ ਹਮਲਾ ਹੌਲੀ-ਹੌਲੀ ਰੁੱਕ ਗਿਆ। ਜਦੋਂ ਵਰਖਾ ਰੁੱਤ ਸ਼ੁਰੂ ਹੋਈ ਤਾਂ ਪਹਿਲ ਅੰਗਰੇਜ਼ਾਂ ਦੇ ਹੱਥ ਆ ਗਈ ਤੇ ਆਈ.ਐਨ.ਏ. ਪਿੱਛੇ ਹਟਣ ਲੱਗੀ। ਇਸ ਦੀ ਗਿਣਤੀ ਵਿੱਚ ਘੱਟ ਸੀ, ਭੋਜਨ ਤੇ ਸਾਜ਼ੋ ਸਾਮਾਨ ਵੱਲੋਂ ਇਸ ਦੀ ਹਾਲਤ ਬਹੁਤ ਭੈੜੀ ਸੀ।

ਜਾਪਾਨੀਆਂ ਨੇ ਇਸ ਨੂੰ ਭਾਰੀ ਤੋਪਾਂ, ਵੱਡੇ ਹਥਿਆਰ ਤੇ ਹਵਾਈ ਸੁਰੱਖਿਆ ਤੇ ਸਮਰਥਨ ਨਾ ਦਿੱਤਾ। ਇਮਫਾਲ ਜਿੱਤਣ ਲਈ ਗਈ 6000 ਫ਼ੌਜ ਵਿੱਚੋਂ 1500 ਭਗੌੜੇ ਹੋ ਕੇ ਅੰਗਰੇਜ਼ਾਂ ਨਾਲ ਰਲ ਗਏ ਜਾਂ ਬਿਨਾਂ ਲੜਿਆਂ ਉਹਨਾਂ ਨੇ ਹਥਿਆਰ ਸੁੱਟ ਕੇ ਆਤਮ-ਸਮਰਪਣ ਕਰ ਦਿੱਤਾ। ਹੋਰ 1500 ਭੁੱਖ ਤੇ ਬਿਮਾਰੀ ਨਾਲ ਮਰ ਗਏ। ਜਿਹੜੇ ਵਾਪਸ ਟਿਕਾਣੇ 'ਤੇ ਮੁੜ ਕੇ ਆਏ, ਉਹ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤੇ ਗਏ।

ਆਈ.ਐਨ.ਏ. ਦੀ ਮਾੜੀ ਕਾਰਗੁਜ਼ਾਰੀ ਨੇਤਾ ਜੀ ਲਈ ਬਹੁਤ ਵੱਡੀ ਮਾਯੂਸੀ ਸੀ ਪਰ ਉਸ ਨੇ ਆਸ ਉਮੀਦ ਦਾ ਲੜ ਨਾ ਛੱਡਿਆ। ਜਦੋਂ ਵਰਖਾ ਰੁੱਤ ਖ਼ਤਮ ਹੋਈ ਤਾਂ ਉਸ ਨੇ ਦੋ ਹੋਰ ਪਲਟਨਾਂ ਨੂੰ ਸਿਖਲਾਈ ਦੇ ਕੇ ਤਿਆਰ ਕਰ ਲਿਆ। ਜਨਵਰੀ 1945 ਵਿੱਚ ਆਈ.ਐਨ.ਏ. ਨੇ ਇਰਾਵਦੀ ਨਦੀ ਕਿਨਾਰੇ 14ਵੀਂ ਬਰਤਾਨਵੀ ਸੈਨਾ ਨਾਲ ਦੂਸਰੇ ਗੇੜ ਦੀ ਲੜਾਈ ਲੜੀ। ਇਸ ਦੂਸਰੀ ਸੈਨਾ ਦੀ ਕਾਰਗੁਜ਼ਾਰੀ ਪਹਿਲੀ ਆਈ.ਐਨ.ਏ. ਨਾਲੋਂ ਵੀ ਮਾੜੀ ਸੀ। ਗਦਾਰੀਆਂ ਤੇ ਆਤਮ-ਸਮਰਪਨ ਨਾਲ ਇਸ ਦੀ ਗਿਣਤੀ ਬਹੁਤ ਘੱਟ ਗਈ। ਮਈ ਦੇ ਅੱਧ ਤੱਕ ਆਈ.ਐਨ.ਏ. ਦੇ "ਨਾਇਕਤਵ ਯੁਗ" ਦਾ ਮਹਿਮਾ-ਰਹਿਤ ਅੰਤ ਹੋ ਗਿਆ।

ਨੇਤਾ ਜੀ ਸੁਭਾਸ਼ ਚੰਦਰ ਬੋਸ ਰੰਗੂਨ ਤੋਂ ਸਿੰਗਾਪੁਰ ਪਰਤ ਗਿਆ ਤੇ ਸਿੰਗਾਪੁਰ ਤੋਂ ਬੰਕਾਕ ਚਲਾ ਗਿਆ। 18 ਅਗਸਤ 1945 ਨੂੰ, ਉਸ ਨੂੰ ਟੋਕੀਓ ਲਿਜਾ ਰਿਹਾ ਜਹਾਜ਼ ਤਬਾਹ ਹੋ ਗਿਆ ਤੇ ਇਸ ਤਰ੍ਹਾਂ ਇਕ ਸੋਖ ਤੇ ਅਡੰਬਰੀ ਜੀਵਨ ਦਾ ਅੰਤ ਹੋ ਗਿਆ।

ਮਾਰਚ-ਅਪ੍ਰੈਲ 1942 ਵਿੱਚ ਕ੍ਰਿਪਸ ਮਿਸ਼ਨ—ਜਦੋਂ ਜਾਪਾਨੀ ਫ਼ੌਜਾਂ ਏਸ਼ੀਆ ਵਿੱਚ ਧਾਵੇ ਤੇ ਧਾਵੇ ਕਰਕੇ ਅਧਿਕਾਰ ਜਮਾ ਰਹੀਆਂ ਸਨ ਤਾਂ ਭਾਰਤ ਦੇ ਰਾਜਸੀ ਮਾਹੌਲ ਦਾ ਬੈਰੋਮੀਟਰ ਕੋਈ ਤਬਦੀਲੀ ਪ੍ਰਗਟ ਨਹੀਂ ਕਰ ਰਿਹਾ ਸੀ। ਵਾਇਸਰਾਏ ਨੇ ਕਾਂਗਰਸ ਨੇਤਾਵਾਂ ਨੂੰ ਰਿਹਾਅ ਤਾਂ ਕਰ ਦਿੱਤਾ ਪ੍ਰੰਤੂ ਉਹਨਾਂ ਦਾ ਦਿਲ ਜਿੱਤਣ ਵਿੱਚ ਨਾਕਾਮ ਰਿਹਾ। ਏਥੋਂ ਤੱਕ ਕਿ 1942 ਦੀ ਬਸੰਤ ਰੁੱਤ ਵਿੱਚ ਜਦੋਂ ਜਾਪਾਨੀ ਤੇ ਆਜ਼ਾਦ ਹਿੰਦ ਫ਼ੌਜਾਂ ਦੇ ਦਲ ਭਾਰਤੀ-ਬਰਮੀ ਸੀਮਾ ਉੱਪਰ ਅਡੋਲ ਟਿਕੇ ਹੋਏ ਸਨ ਤੇ ਜਾਪਾਨੀ ਜਹਾਜ਼ਾਂ ਨੇ ਕਲਕੱਤਾ ਅਤੇ ਮਦਰਾਸ ਉੱਪਰ ਬੰਬ ਸੁੱਟੇ ਸਨ ਤਦ ਵੀ ਮੁਸਲਿਮ ਲੀਗ ਤੇ ਕਾਂਗਰਸ

ਨੂੰ ਖ਼ਤਰੇ ਦਾ ਕੋਈ ਇਸ ਦਾ ਅਹਿਸਾਸ ਨ ਹੋਇਆ। ਬਰਤਾਨਵੀ ਸਕਾਰ ਨੇ ਸਰ ਸਟਾਫੋਰਡ ਕ੍ਰਿਪਸ ਨੂੰ ਇਸ ਲਈ ਭਾਰਤ ਭੇਜਿਆ ਕਿ ਉਹ ਭਾਰਤੀਆਂ ਨੂੰ ਸਹਿਯੋਗ ਦੇਣ ਲਈ ਪ੍ਰੇਰਿਤ ਕਰੇ ਕਿਉਂਕਿ ਭਾਰਤ ਵਿੱਚ ਉਹਦੇ ਬਹੁਤ ਪ੍ਰਸ਼ੰਸਕ ਸਨ।

ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ[13], ਸਰ ਜੋਗਿੰਦਰ ਸਿੰਘ ਤੇ ਉਜੱਲ ਸਿੰਘ ਨੂੰ ਸਿੱਖ ਫਿਰਕੇ ਦੇ ਪ੍ਰਤਿਨਿਧ ਚੁਣਿਆ ਗਿਆ। 26 ਮਾਰਚ ਨੂੰ ਸਰਬ-ਦਲ ਸਿੱਖ ਕਾਨਫ਼ਰੰਸ ਦਿੱਲੀ ਵਿੱਚ ਬੁਲਾਈ ਗਈ ਜਿਸ ਵਿੱਚ ਪ੍ਰਤਿਨਿਧਾਂ ਨੂੰ ਮੋਟੀ-ਮੋਟੀ ਸੰਖੇਪ ਜਾਣਕਾਰੀ ਦਿੱਤੀ ਗਈ। ਸਰ ਸਟਾਫੋਰਡ ਦੀਆਂ ਤਜਵੀਜ਼ਾਂ ਦਾ ਖਰੜਾ ਪਹਿਲਾਂ ਹੀ ਭੇਜਿਆ ਜਾ ਚੁੱਕਿਆ ਸੀ। ਇਸ ਵਿੱਚ ਉਹਦੀ ਸਰਕਾਰ ਵੱਲੋਂ ਇਹ ਭਰੋਸਾ ਦਿੱਤਾ ਗਿਆ ਸੀ ਕਿ ਜਦੋਂ ਵੀ ਜੰਗ ਖ਼ਤਮ ਹੋ ਗਈ ਉਸ ਸਮੇਂ ਹੀ ਭਾਰਤ ਦਾ ਨਵਾਂ ਸੰਵਿਧਾਨ ਬਣਾਉਣ ਲਈ ਚੁਣੇ ਹੋਏ ਭਾਰਤੀ ਪ੍ਰਤਿਨਿਧਾਂ ਨੂੰ ਨਿਮੰਤ੍ਰਿਤ ਕੀਤਾ ਜਾਵੇਗਾ। ਇਹ ਵਿਵਸਥਾ ਵੀ ਕੀਤੀ ਗਈ ਸੀ ਕਿ ਜੇ ਕੋਈ ਪ੍ਰਾਂਤ ਭਾਰਤੀ ਸੰਘ ਤੋਂ ਬਾਹਰ ਹੋਣਾ ਚਾਹੇ ਤਾਂ ਉਸ ਨੂੰ ਇਸ ਤਰ੍ਹਾਂ ਕਰਨ ਦੀ ਆਗਿਆ ਹੋਵੇਗੀ। ਕਾਂਗਰਸ ਪਾਰਟੀ ਨੇ ਇਹ ਪੇਸ਼ਕਸ਼ ਰੱਖਿਆ ਵਿਭਾਗ ਦੇ ਇਖਤਿਆਰ ਦੀ ਵੰਡ ਦੇ ਸੁਆਲ ਤੇ ਠੁਕਰਾ ਦਿੱਤੀ। ਮਿਸਟਰ ਜਿਨਾੱਹ ਨੇ ਇਸ ਨੂੰ ਇਸ ਲਈ ਠੁਕਰਾ ਦਿੱਤਾ ਕਿਉਂਕਿ ਉਸ ਅਨੁਸਾਰ ਪਾਕਿਸਤਾਨ ਦੀ ਮੰਗ ਪਰਵਾਨ ਨਹੀਂ ਕੀਤੀ ਗਈ ਸੀ।

ਇਸ ਦੇ ਉਲਟ ਸਿੱਖ ਪ੍ਰਤਿਨਿਧ ਨੇ ਇਹਨਾਂ ਤਜ਼ਵੀਜ਼ਾਂ ਨੂੰ ਪਾਕਿਸਤਾਨ[14] ਦੀ ਮੰਗ ਮੰਨਿਆ ਜਾਣਾ ਸਮਝਿਆ। ਆਪਣੇ ਪੱਤਰ ਵਿੱਚ ਉਹਨਾਂ ਨੇ ਵਰਨਨ ਕੀਤਾ ਕਿ ਸਿੱਖ ਸੰਗਠਨ ਨੂੰ ਅਫ਼ਸੋਸਨਾਕ ਢੰਗ ਨਾਲ ਪਾਕਿਸਤਾਨ ਦੀ ਰਚਨਾ ਤੇ ਪ੍ਰਾਂਤਾਂ ਦੇ ਵੱਖ ਹੋਣ ਦਾ ਪ੍ਰਬੰਧ ਕਰਕੇ ਧੋਖਾ ਦਿੱਤਾ ਗਿਆ ਹੈ। ਇਸ ਵਿੱਚ ਅੱਗੇ ਕਿਹਾ ਗਿਆ ਸੀ,

---

13. ਬਲਦੇਵ ਸਿੰਘ (1902-61) ਪਿੰਡ ਡੁਮਣਾ ਜਿਲ੍ਹਾ ਅੰਬਾਲੇ ਦੀ ਛੋਕਰ ਗੋਤ ਦਾ ਜੱਟ ਸੀ ਜੋ ਅਮੀਰ ਲੋਹਾ ਉਦਯੋਗਪਤੀ ਤੇ ਪ੍ਰਸਿੱਧ ਰਈਸ ਦਾ ਬੇਟਾ ਸੀ। ਉਸ ਦਾ ਸਿੱਖ ਰਾਜਨੀਤੀ ਵਿੱਚ ਪ੍ਰਵੇਸ਼ 1937 ਵਿੱਚ ਪੰਜਾਬ ਅਸੈਂਬਲੀ ਲਈ ਚੁਣੇ ਜਾਣ ਨਾਲ ਹੋਇਆ। ਉਸ ਨੇ ਸਿੱਖ ਨੈਸ਼ਨਲ ਕਾਲਜ ਲਾਹੌਰ ਸਮੇਤ ਕਈ ਸਾਹਸੀ ਕਾਰਜਾਂ ਵਿੱਚ ਅਕਾਲੀ ਪਾਰਟੀ ਦੀ ਆਰਥਕ ਸਹਾਇਤਾ ਕੀਤੀ। 1942 ਵਿੱਚ ਉਸ ਨੇ ਇਕ ਸਮਝੌਤਾ "ਯੂਨੀਅਨਿਸਟ ਪਾਰਟੀ" ਨਾਲ ਕੀਤਾ ਜੋ "ਸਿਕੰਦਰ-ਬਲਦੇਵ" ਸਮਝੌਤੇ ਵਜੋਂ ਮਸ਼ਹੂਰ ਹੋਇਆ ਜਿਸ ਅਨੁਸਾਰ ਅਕਾਲੀਆਂ ਨੇ ਸਿਕੰਦਰ ਹਯਾਤ ਦੀ ਸਰਕਾਰ ਵਿਰੁੱਧ ਕੀਤੀ ਹੜਤਾਲ ਖ਼ਤਮ ਕਰ ਦਿੱਤੀ। ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਬਲਦੇਵ ਸਿੰਘ ਨੂੰ ਦਸੌਂਧਾ ਸਿੰਘ ਦੀ ਥਾਂ ਤੇ ਪੰਜਾਬ ਮੰਤਰੀ ਮੰਡਲ ਵਿੱਚ ਮੰਤਰੀ ਬਣਾਇਆ ਗਿਆ। ਬਲਦੇਵ ਸਿੰਘ ਹਕੂਮਤ ਦੀ ਵਾਗਡੋਰ ਸੌਂਪੇ ਜਾਣ ਦੇ ਸਮਝੌਤੇ ਦੀ ਗੱਲਬਾਤ ਵੇਲੇ ਸਿੱਖ ਪ੍ਰਤਿਨਿਧਿ ਵਜੋਂ ਸ਼ਾਮਲ ਸੀ ਤੇ ਨਹਿਰੂ ਦੀ ਸਰਕਾਰ ਵਿੱਚ ਪਹਿਲਾ ਰੱਖਿਆ ਮੰਤਰੀ ਬਣਿਆ। ਉਹ 1957 ਤੱਕ ਸਿੱਖ ਮਾਮਲਿਆਂ ਦਾ ਮਲਾਹ ਰਿਹਾ; ਫਿਰ ਉਸ ਦੀ ਥਾਂ ਸਵਰਨ ਸਿੰਘ ਨੇ ਮੱਲ ਲਈ।
14. 29 ਮਾਰਚ ਨੂੰ ਹੋਈ ਕਾਨਫਰੰਸ ਵਿੱਚ ਸਰ ਸਟਾਫੋਰਡ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਭਾਰਤੀ ਸੰਘ 'ਚੋਂ ਅਲਹਿਦਾ ਹੋਣ ਦਾ ਮਤਲਬ ਇਹ ਹੈ ਕਿ ਪਾਕਿਸਤਾਨੀ ਦੀ ਮੰਗ ਮੰਨ ਲਈ ਗਈ ਹੈ ਤਾਂ ਉਸ ਨੇ ਸਾਫ ਨਾਂਹ ਵਿੱਚ ਉੱਤਰ ਦਿੱਤਾ।

"ਸਾਨੂੰ ਹੁਣ ਉੱਕਾ ਹੀ ਇਹ ਆਸ ਨਹੀਂ ਰਹੀ ਕਿ ਸਾਡੇ ਵੱਲ ਵੀ ਕੋਈ ਧਿਆਨ ਦਿੱਤਾ ਜਾਵੇਗਾ। ਪ੍ਰੰਤੂ ਅਸੀਂ ਭਾਰਤੀ ਸੰਘ ਨਾਲੋਂ ਪੰਜਾਬ ਦੀ ਅਲਹਿਦਗੀ ਦਾ ਹਰ ਢੰਗ ਨਾਲ ਵਿਰੋਧ ਕਰਾਂਗੇ।"[15]

ਸਿੱਖਾਂ ਨੇ ਹੁਣ ਕਾਂਗਰਸ ਤੇ ਭਰੋਸਾ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਆਮ ਕਾਂਗਰਸੀ ਤੋਂ ਲੈ ਕੇ ਮਹਾਤਮਾ ਗਾਂਧੀ ਤੱਕ ਹਰ ਕਾਂਗਰਸੀ ਨੇ ਪ੍ਰਤਿੱਗਿਆ ਕੀਤੀ ਹੋਈ ਸੀ ਕਿ ਉਹ ਮੁਲਕ ਦੇ ਟੋਟੇ ਕਰਨ ਦੀ ਆਗਿਆ ਨਹੀਂ ਦੇਣਗੇ। ਸਰ ਸਟਾਫੋਰਡ ਕ੍ਰਿਪਸ ਦੇ ਜਾਣ ਤੋਂ ਥੋੜ੍ਹੇ ਦਿਨਾਂ ਪਿੱਛੋਂ ਹੀ ਸਿੱਖਾਂ ਦੇ ਵਿਸ਼ਵਾਸ ਨੂੰ ਭਾਰੀ ਧੱਕਾ ਲੱਗਾ। ਮਦਰਾਸ ਵਿਧਾਨ ਸਭਾ ਦੇ ਕਾਂਗਰਸ ਪਾਰਟੀ ਦੇ ਕੁੱਝ ਮੈਂਬਰਾਂ ਨੇ ਕਿਹਾ ਕਿ ਮੁਸਲਮਾਨਾਂ ਦੇ ਵੱਖਰੇ ਰਾਜ ਦੀ ਮੰਗ ਨੂੰ ਮੰਨ ਲਿਆ ਜਾਵੇ।

ਇਸ ਧੜੇ ਦਾ ਨੇਤਾ ਕਾਂਗਰਸ ਦਾ ਅਤਿਅੰਤ ਸਤਿਕਾਰਤ ਬਜ਼ੁਰਗ ਨੇਤਾ ਸ੍ਰੀ ਰਾਜਗੋਪਾਲਾਚਾਰੀਆ ਸੀ ਜਿਸ ਨੂੰ ਮਹਾਤਮਾ ਗਾਂਧੀ ਦਾ ਵਿਸ਼ਵਾਸ ਵੀ ਪ੍ਰਾਪਤ ਸੀ। ਕਾਂਗਰਸ ਵਰਕਿੰਗ ਕਮੇਟੀ ਨੇ ਇਹ ਮਤਾ ਅਸਵੀਕਾਰ ਕਰ ਦਿੱਤਾ ਤੇ ਰਾਜਗੋਪਾਲਾਚਾਰੀਆ ਨੂੰ ਤਿਆਗ ਪੱਤਰ ਦੇਣ ਲਈ ਮਜਬੂਰ ਕਰ ਦਿੱਤਾ। ਪ੍ਰੰਤੂ ਫਾਨਾ ਠੋਕ ਦਿੱਤਾ ਗਿਆ ਸੀ ਤੇ ਬਸ ਹੁਣ ਤਾਂ ਭਾਰਤ ਦੀ ਏਕਤਾ ਨੂੰ ਤੋੜਨ ਲਈ ਮੁਸਲਿਮ ਲੀਗ ਨੂੰ ਕੇਵਲ ਹਥੌੜੇ ਨਾਲ ਸੱਟ ਮਾਰਨ ਦੀ ਹੀ ਲੋੜ ਸੀ।

ਨੈਸ਼ਨਲ ਕਾਂਗਰਸ ਆਪਣੀ ਜ਼ਿੱਦ ਦੀ ਚਰਮ ਸੀਮਾ ਤੇ 1942 ਅਗਸਤ ਵਿੱਚ ਅੰਗਰੇਜ਼ਾਂ ਵਿਰੁੱਧ "ਭਾਰਤ ਛੱਡੋ" ਅੰਦੋਲਨ ਸ਼ੁਰੂ ਕਰਕੇ ਪਹੁੰਚ ਗਈ। ਮਹਾਤਮਾ ਗਾਂਧੀ ਤੇ ਸਭ ਉੱਘੇ ਕਾਂਗਰਸੀ ਨੇਤਾਵਾਂ ਨੂੰ ਗਰਿਫ਼ਤਾਰ ਕਰ ਲਿਆ ਗਿਆ ਤੇ ਕਾਂਗਰਸ ਨੂੰ ਗੈਰ ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ। ਪੂਰਬੀ ਉੱਤਰ ਪਰਦੇਸ਼ ਤੇ ਬਿਹਾਰ ਵਿੱਚ ਰੇਲ ਲਾਈਨਾਂ ਉਖਾੜਨ ਦੀ ਤੇ ਪੂਰਬੀ ਖੇਤਰ ਵਿੱਚ ਆਵਾਜਾਈ ਦੇ ਸਾਧਨ ਭੰਗ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਰਕਾਰ ਨੂੰ ਇਹ ਮੁਹਿਮ ਕੁਚਲ ਦੇਣ ਵਿੱਚ ਬਹੁਤੀ ਮੁਸ਼ਕਲ ਪੇਸ਼ ਨਾ ਆਈ। ਪੰਜਾਬ ਪੂਰੀ ਤਰ੍ਹਾਂ ਸ਼ਾਂਤ ਰਿਹਾ। ਕਿਸੇ ਨੇ ਕਾਂਗਰਸੀਆਂ ਦੀ ਗਰਿਫ਼ਤਾਰੀ ਦੀ ਬਹੁਤੀ ਪਰਵਾਹ ਵੀ ਨਾ ਕੀਤੀ। ਵਾਇਸਰਾਏ ਨੇ ਜੰਗ ਵਿੱਚ ਸਹਿਯੋਗ ਲੈਣ ਲਈ ਦੂਸਰੀਆਂ ਪਾਰਟੀਆਂ ਦਾ ਰੁਖ ਕੀਤਾ। ਕਮਿਊਨਿਸਟ ਪਾਰਟੀ ਤੋਂ ਪਾਬੰਦੀ ਹਟਾ ਲਈ ਗਈ। ਪੰਜਾਬੀ ਕਮਿਊਨਿਸਟਾਂ ਦੀ ਬਹੁਤ ਭਾਰੀ ਗਿਣਤੀ ਸਿੱਖਾਂ ਦੀ ਹੀ ਸੀ। ਉਹਨਾਂ ਨੇ ਲਾਹੌਰ ਵਿੱਚ ਇਕ ਵੱਡੀ ਇਮਾਰਤ ਲੈ ਕੇ, ਗੁਰਮੁਖੀ ਸਮੇਤ ਕਈ ਭਾਸ਼ਾਵਾਂ ਵਿੱਚ ਪ੍ਰਚਾਰ ਕਰਨ ਲਈ ਸਾਹਿੱਤ ਛਾਪਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਹਫ਼ਤਾਵਾਰ "ਜੰਗਿ-ਆਜ਼ਾਦੀ" ਤੇ ਹੋਰ ਕਿਤਾਬਚਿਆਂ ਵਿੱਚ ਪਾਕਿਸਤਾਨ ਦੀ ਮੁਸਲਿਮ ਮੰਗ ਦੀ ਹਿਮਾਇਤ ਕੀਤੀ।

ਮੁਸਲਿਮ ਲੀਗ ਵੀ ਹੁਣ ਮੈਦਾਨ ਵਿੱਚ ਆ ਗਈ ਸੀ। ਮੁਸਲਮਾਨਾਂ ਦਾ ਵਾਹਦ ਨੇਤਾ ਬਣਨ ਦੀ ਜਿਨੱਾਹ ਦੀ ਇੱਛਾ ਵਿੱਚ ਆਖਰੀ ਰੋਕ ਵੀ ਦਸੰਬਰ 1942 ਵਿੱਚ ਸਰ ਸਿਕੰਦਰ ਹਯਾਤ ਖ਼ਾਂ ਦੀ ਮੌਤ ਨਾਲ ਦੂਰ ਹੋ ਗਈ। 1943 ਦੀਆਂ ਗਰਮੀਆਂ ਵਿੱਚ ਪਾਕਿਸਤਾਨ ਦੇ ਹੱਕ ਵਿੱਚ ਇਕ ਹੋਰ ਹੰਭਲਾ ਉਸ ਸਮੇਂ ਵੱਜਾ ਜਦੋਂ ਮੁਸਲਿਮ ਲੀਗ ਨੂੰ

15. ਮਾਸਟਰ ਤਾਰਾ ਸਿੰਘ ਦਾ 31 ਮਾਰਚ 1942 ਨੂੰ ਸਰ ਸਟਾਫੋਰਡ ਕ੍ਰਿਪਸ ਨੂੰ ਪੱਤਰ।

ਉੱਤਰੀ ਪੱਛਮੀ ਸੀਮਾਂਤ ਪ੍ਰਾਂਤ ਵਿੱਚ ਆਪਣੀ ਸਰਕਾਰ ਬਣਾਉਣ ਵਿੱਚ ਸਫ਼ਲਤਾ ਮਿਲੀ।[16] ਸਿਰਫ਼ ਪੰਜਾਬ ਵਿੱਚ ਹੀ ਸਰ ਖਿਜ਼ਰ ਹਯਾਤ ਖ਼ਾਂ ਟਿਵਾਣਾ ਜੋ ਸਰ ਸਿਕੰਦਰ ਹਯਾਤ ਦਾ ਉੱਤਰ ਅਧਿਕਾਰੀ ਬਣਿਆ ਮੁਸਲਿਮ ਲੀਗ ਦੇ ਉਦੇਸ਼ ਦੇ ਉਲਟ ਸਾਂਝੇ ਪੰਜਾਬ ਦੇ ਵਿਚਾਰ ਦਾ ਸਮਰਥਕ ਬਣ ਕੇ ਡਟਿਆ ਰਿਹਾ। ਮਿਸਟਰ ਜਿਨਾਂਹ ਨੇ ਯੂਨੀਅਨਿਸਟਾਂ ਉੱਪਰ ਆਪਣੀ ਸੰਸਥਾ ਦਾ ਪੂਰਾ ਦਬਾਅ ਪਾਇਆ। ਉਹ ਲਾਹੌਰ ਆਇਆ ਤੇ ਉਸ ਨੇ ਮੰਗ ਕੀਤੀ ਕਿ ਖਿਜ਼ਰ ਹਯਾਤ ਖ਼ਾਂ "ਯੂਨੀਅਨਿਸਟ" ਦਾ ਪਦ ਛੱਡ ਕੇ ਆਪਣੀ ਸਰਕਾਰ "ਮੁਸਲਿਮ ਲੀਗ ਗੱਠਜੋੜ" ਕਹੇ। ਖਿਜ਼ਰ ਨੇ ਇਨਕਾਰ ਕਰ ਦਿੱਤਾ। ਉਸ ਦੇ ਮੁਸਲਿਮ ਲੀਗੀ ਸਮਰਥਕ ਘਟਣੇ ਸ਼ੁਰੂ ਹੋ ਗਏ ਤੇ ਆਖ਼ੀਰ ਉਸ ਦੇ ਮੁੱਠੀ ਭਰ ਯੂਨੀਅਨਿਸਟਾਂ ਨੂੰ ਕਾਂਗਰਸੀਆਂ ਤੇ ਅਕਾਲੀਆਂ ਦੇ ਸਹਾਰੇ 'ਤੇ ਨਿਰਭਰ ਕਰਨਾ ਪਿਆ।

ਇਸ ਦੌਰਾਨ ਸ੍ਰੀ ਰਾਜਗੋਪਾਲਾਚਾਰੀਆ ਨੇ "ਸੰਯੁਕਤ ਭਾਰਤ" ਦੇ ਦਿਲ ਵਿੱਚ ਫਾਨਾ ਹੋਰ ਅੱਗੇ ਧੱਕ ਦਿੱਤਾ। 10 ਜੁਲਾਈ 1944 ਈਸਵੀ ਨੂੰ ਉਸ ਨੇ ਆਪਣਾ ਪ੍ਰਸਿੱਧ ਫਾਰਮੂਲਾ ਛਾਪ ਦਿੱਤਾ ਜਿਸ ਅਨੁਸਾਰ ਕਿਹਾ ਗਿਆ ਕਿ ਮੁਸਲਿਮ ਲੀਗ ਦੇ ਤੁਰਤ ਸੁਤੰਤਰਤਾ ਦੀ ਮੰਗ ਦਾ ਸਮਰਥਨ ਕਰਨ ਦੀ ਹਾਲਤ ਵਿੱਚ, ਉੱਤਰ ਪੂਰਬ ਤੇ ਉੱਤਰ ਪੱਛਮ ਵਿੱਚ ਨਾਲ ਲੱਗਦੇ ਜ਼ਿਲ੍ਹਿਆਂ ਦੀ ਹੱਦਬੰਦੀ ਕਰਨ ਲਈ ਕਮਿਸ਼ਨ ਸਥਾਪਿਤ ਕੀਤਾ ਜਾਵੇਗਾ ਜਿੱਥੇ ਮੁਸਲਮਾਨ ਬਹੁ-ਗਿਣਤੀ ਵਿੱਚ ਹਨ ਉੱਥੇ ਇਹ ਜਾਣਨ ਲਈ ਜਨ-ਮੱਤ ਲਿਆ ਜਾਵੇਗਾ ਕਿ ਉਹ ਵੱਖਰੇ ਰਾਜ ਦੇ ਹਮਾਇਤੀ ਹਨ ਕਿ ਭਾਰਤ ਵਿੱਚ ਰਹਿਣਾ ਚਾਹੁੰਦੇ ਹਨ। ਰਾਜਗੁਪਾਲਾਚਾਰੀਆ ਨੇ ਇਹ ਦਾਅਵਾ ਵੀ ਕੀਤਾ ਕਿ ਮਹਾਤਮਾ ਗਾਂਧੀ (ਉਸ ਨੂੰ 1944 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ) ਉਸ ਨਾਲ ਸਹਿਮਤ ਸੀ। ਇਹਨਾਂ ਦੋਹਾਂ ਵਿਅਕਤੀਆਂ ਦੀ ਕਾਂਗਰਸੀ ਹਲਕਿਆਂ ਵਿੱਚ ਪਦਵੀਆਂ ਤੇ ਦਰਜਾ ਵੇਖਦਿਆਂ ਹੋਇਆਂ ਸਿੱਖਾਂ ਨੇ ਅਨੁਮਾਨ ਲਾ ਲਿਆ ਸੀ ਕਿ ਕਾਂਗਰਸ ਪਾਕਿਸਤਾਨ ਦੀ ਮੰਗ ਮੰਨ ਚੁੱਕੀ ਹੈ।

ਸਿੱਖਾਂ ਨੇ ਰਾਜਾਗੋਪਾਲਾਚਾਰੀ-ਗਾਂਧੀ ਸਹਿਮਤੀ ਦਾ ਸਖ਼ਤ ਵਿਰੋਧ ਕੀਤਾ। 20 ਅਗਸਤ 1944 ਨੂੰ ਅੰਮ੍ਰਿਤਸਰ ਵਿੱਚ ਆਪਣੀ ਇਕ ਮੀਟਿੰਗ ਵਿੱਚ ਜਿੱਥੇ ਸਾਰੀਆਂ ਸਿੱਖ ਪਾਰਟੀਆਂ ਦੇ ਨੇਤਾ ਹਾਜ਼ਰ ਹੋਏ, ਮਹਾਤਮਾ ਗਾਂਧੀ ਦੇ ਨੇਤ੍ਰਿਤਵ ਦੀ ਸਖ਼ਤ ਨੁਕਤਾਚੀਨੀ ਕਰਦੇ ਭਾਸ਼ਨ ਦਿੱਤੇ ਗਏ। ਗਿਆਨੀ ਕਰਤਾਰ ਸਿੰਘ ਨੇ ਕਿਹਾ, "ਸਾਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਹੁਣ ਗਾਂਧੀ ਵੱਲ ਵੇਖਣ ਝਾਖਣ ਦੀ ਆਦਤ ਛੱਡ ਦੇਣੀ ਚਾਹੀਦੀ ਹੈ।"[17]

---

16. ਕਾਂਗਰਸ ਪਾਰਟੀ ਨੇ ਲੀਗ ਨੂੰ 12 ਮਾਰਚ 1945 ਨੂੰ ਕੱਢ ਦਿੱਤਾ, ਪ੍ਰੰਤੂ ਇਸ ਦੀ ਸਥਿਤੀ ਕਦੇ ਵੀ ਮਜ਼ਬੂਤ ਨਾ ਰਹੀ।
17. ਜੇ ਬਰਤਾਨਵੀ ਬੰਦੂਕ ਦੀ ਸਹਾਇਤਾ ਨਾਲ ਪਾਕਿਸਤਾਨ ਸਿੱਖਾਂ ਦੇ ਸਿਰ ਥੋਪ ਦਿੱਤਾ ਗਿਆ ਤਾਂ ਅਸੀਂ ਇਸ ਦੇ ਚੀਥੜੇ ਕਰ ਦਿਆਂਗੇ ਜਿਵੇਂ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਰਾਜ ਨੂੰ ਕੀਤਾ—ਗਿਆਨੀ ਕਰਤਾਰ ਸਿੰਘ, ਸਿਵਲ ਐਂਡ ਮਿਲਟਰੀ ਗਜ਼ਟ, 21 ਅਗਸਤ 1944.

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਮਾਸਟਰ ਤਾਰਾ ਸਿੰਘ ਨੇ ਪਹਿਲੀ ਵਾਰ ਇਹ ਐਲਾਨ ਕੀਤਾ ਕਿ ਸਿੱਖ ਇਕ ਵੱਖਰੀ ਕੌਮ ਹਨ।[18] ਪ੍ਰੰਤੂ ਇਕ ਸੁਤੰਤਰ ਪ੍ਰਭੁਤਾ ਵਾਲੇ ਸਿੱਖ ਰਾਜ ਦੀ ਮੰਗ ਨੂੰ ਵੀ ਇਕ ਅਸੰਭਵ ਮੰਗ ਸਮਝ ਕੇ ਰੱਦ ਕਰ ਦਿੱਤਾ ਗਿਆ। ਉਜੱਲ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੇ ਸਾਫ਼-ਸਾਫ਼ ਕਿਹਾ ਕਿ "ਆਜ਼ਾਦ ਪੰਜਾਬ" ਦੀ ਮੰਗ ਤਾਂ ਕੇਵਲ ਪਾਕਿਸਤਾਨ ਦੀ ਮੰਗ ਦਾ ਮੋੜਵਾਂ ਉੱਤਰ ਹੀ ਸੀ। ਮਾਸਟਰ ਤਾਰਾ ਸਿੰਘ ਨੂੰ ਪੰਜਾਬ ਦੀ ਵੰਡ ਦੇ ਵਿਰੋਧ ਵਾਸਤੇ ਸਿੱਖਾਂ ਨੂੰ ਸੰਗਠਿਤ ਕਰਨ ਦੇ ਅਧਿਕਾਰ ਦੇ ਦਿੱਤੇ ਗਏ ਤੇ 3 ਸਤੰਬਰ "ਰੋਸ ਦਿਵਸ" ਲਈ ਮੁਕੱਰਰ ਕਰ ਦਿੱਤਾ ਗਿਆ।[19] ਤਾਰਾ ਸਿੰਘ ਨੇ ਸਾਂਝਾ ਮੁਹਾਜ਼ ਬਣਾਉਣ ਲਈ ਦੂਸਰੇ ਸਿੱਖ ਦਲਾਂ ਨਾਲ ਪ੍ਰਭਾਵਸ਼ਾਲੀ ਤਾਲਮੇਲ ਕਰਨ ਲਈ ਇਕ ਉਪ-ਕਮੇਟੀ ਦਾ ਗਠਨ ਕਰ ਦਿੱਤਾ।[20]

☜ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਗਿਆਨੀ ਕਰਤਾਰ ਸਿੰਘ (ਜਨਮ 1905) ਢਿੱਲੋਂ ਗੋਤ ਦਾ ਜੱਟ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਨਾਗੋਕੇ ਵਿੱਚ ਪੈਦਾ ਹੋਇਆ ਸੀ ਪਰ ਉਹ ਚਕ 40 ਜ਼ਿਲ੍ਹਾ ਲਾਇਲਪੁਰ ਵਿੱਚ ਜਾ ਵਸਿਆ ਸੀ। ਉਹ 19 ਸਾਲ ਦੀ ਉਮਰ ਵਿੱਚ ਅਕਾਲੀ ਲਹਿਰ ਵਿੱਚ ਸ਼ਾਮਿਲ ਹੋਇਆ। 1937 ਵਿੱਚ ਉਹ ਪੰਜਾਬ ਅਸੈਂਬਲੀ ਲਈ ਚੁਣਿਆ ਗਿਆ। 1946 ਵਿੱਚ ਉਹ ਅਕਾਲੀ ਦਲ ਦਾ ਪ੍ਰਧਾਨ ਬਣਿਆ। ਉਸ ਨੂੰ ਅਕਾਲੀ ਪਾਰਟੀ ਦਾ ਦਿਮਾਗ਼ ਸਮਝਿਆ ਜਾਂਦਾ ਸੀ ਤੇ ਉਹ "ਸਿੱਖ ਰਾਜ" ਦੇ ਵਿਚਾਰ ਦਾ ਮੋਢੀ ਵੀ। ਉਹ ਮਾਸਟਰ ਤਾਰਾ ਸਿੰਘ ਦਾ ਨਿਕਟ ਸਹਿਯੋਗੀ ਸੀ ਤੇ ਕਈ ਵਾਰ ਉਹਦਾ ਕੱਟੜ ਵਿਰੋਧੀ ਬਣ ਜਾਂਦਾ ਸੀ। ਆਜ਼ਾਦੀ ਤੋਂ ਬਾਅਦ ਉਹ ਪੰਜਾਬ ਸਰਕਾਰ ਵਿੱਚ ਕਈ ਵਾਰ ਵਜ਼ੀਰ ਰਿਹਾ। ਪੁਸਤਕ ਵਿੱਚ ਉਹਦੇ ਬਾਰੇ ਕਈ ਥਾਂਈਂ ਸੰਕੇਤ ਆਉਣਗੇ।

18. ਪ੍ਰੰਤੂ ਆਜ਼ਾਦ ਪੰਜਾਬ ਦਾ ਸਤੰਬਰ 1942 ਤੇ ਮਾਰਚ 1943 ਵਿੱਚ ਅਕਾਲੀ ਕਾਨਫ਼ਰੰਸ ਸਮੇਂ ਜ਼ਿਕਰ ਕੀਤਾ ਗਿਆ ਸੀ। ਜੂਨ 1943 ਵਿੱਚ ਮਾਸਟਰ ਤਾਰਾ ਸਿੰਘ ਨੇ ਕਾਨਫ਼ਰੰਸ ਨੂੰ ਸੰਬੋਧਿਤ ਕਰਦਿਆਂ ਹੋਇਆਂ ਕਿਹਾ : "ਆਜ਼ਾਦ ਪੰਜਾਬ ਵਿੱਚ ਸੀਮਾਵਾਂ ਨੂੰ ਨਿਸ਼ਚਿਤ ਕਰਨ ਲਈ ਹਰ ਫਿਰਕੇ ਦੀ ਵਸੋਂ, ਮਿਲਖ ਜਾਇਦਾਦ, ਮਾਮਲਾ ਤੇ ਇਤਿਹਾਸਕ ਪਰੰਪਰਾਵਾਂ ਦਾ ਧਿਆਨ ਰੱਖਿਆ ਜਾਵੇਗਾ। ਜੇ ਨਵੀਂ ਹੱਦਬੰਦੀ ਉੱਪਰਲੇ ਸਿਧਾਂਤਾਂ 'ਤੇ ਕੀਤੀ ਗਈ ਤਾਂ ਆਜ਼ਾਦ ਪੰਜਾਬ ਅੰਬਾਲਾ, ਜਾਲੰਧਰ ਲਾਹੌਰ ਮੰਡਲਾਂ ਤੇ ਮੁਲਤਾਨ ਮੰਡਲ ਵਿੱਚੋਂ ਲਾਇਲਪੁਰ ਜ਼ਿਲ੍ਹਾ ਮੁਲਤਾਨ ਤੇ ਮਿੰਟਗੁਮਰੀ ਜ਼ਿਲ੍ਹਿਆਂ ਦੇ ਕੁਝ ਭਾਗਾਂ 'ਤੇ ਆਧਾਰਿਤ ਹੋਵੇਗਾ।" ਇੰਡੀਅਨ ਐਨੂਅਲ ਰਜਿਸਟਰ, 1943, ਜਿਲਦ I, ਪੰਨਾ 298
19. ਸਿਵਲ ਐਂਡ ਮਿਲਟਰੀ ਗਜ਼ਟ, 21 ਅਗਸਤ 1944. ਵਿਰੋਧ ਦਿਵਸ, ਵਪਾਰਕ ਅਦਾਰੇ ਬੰਦ ਕਰਕੇ, ਜਲੂਸ ਤੇ ਜਲਸੇ ਕਰਕੇ ਮਨਾਇਆ ਗਿਆ, ਪਾਕਿਸਤਾਨ ਦੀ ਮੰਗ ਦੀ ਨਿਖੇਧੀ ਵੀ ਕੀਤੀ ਗਈ।
20. ਸਰ ਤੇਜ ਬਹਾਦਰ ਸਪਰੂ ਤੇ ਮਿਸਟਰ ਜਿਨੱਾਹ ਨੇ ਸੰਪ੍ਰਦਾਇਕ ਮਸਲਾ ਹੱਲ ਕਰਨ ਲਈ ਇਕ ਹੋਰ ਕੋਸ਼ਿਸ਼ ਕੀਤੀ। ਕਿਉਂਕਿ ਮੁਸਲਮਾਨਾਂ ਨੇ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ, ਇਸ ਲਈ ਸਪਰੂ ਕਮੇਟੀ ਦਾ ਕੋਈ ਮਹੱਤਵ ਨਾ ਰਿਹਾ। ਸਿੱਖ ਦਾਅਵੇ ਬਾਰੇ ਉੱਜਲ ਸਿੰਘ ਨੇ ਯਾਦ-ਪੱਤਰ ਤਿਆਰ ਕੀਤਾ ਤੇ ਮਾਸਟਰ ਤਾਰਾ ਸਿੰਘ, ਸੰਪੂਰਨ ਸਿੰਘ, ਗਿਆਨੀ ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ ਤੇ ਊਧਮ ਸਿੰਘ ਨਾਗੋਕੇ ਨੇ ਸਿੱਖ ਦਾਅਵਾ ਬੜੇ ਤਰਕ-ਵਿਤਰਕ ਨਾਲ ਪੇਸ਼ ਕੀਤਾ।

ਜੰਗ ਦਾ ਅੰਤ—7 ਮਈ 1945 ਨੂੰ ਨਾਜ਼ੀ ਜਰਮਨੀ ਨੇ ਹਥਿਆਰ ਸੁੱਟ ਦਿੱਤੇ। ਜਾਪਾਨੀ ਵੀ ਹਰ ਮੁਹਾਜ਼ ਤੇ ਪਿੱਛੇ ਹਟ ਰਹੇ ਸਨ। ਭਾਰਤ ਸਰਕਾਰ ਨੇ ਮਹਿਸੂਸ ਕੀਤਾ ਕਿ ਭਾਰਤੀ ਸਿਆਸਤਦਾਨਾਂ ਨੂੰ ਆਪਣੇ ਪੱਖ ਵਿੱਚ ਕਰਨ ਦਾ ਸਮਾਂ ਆ ਗਿਆ ਹੈ। ਲਾਰਡ ਵੇਵਲ ਨੇ, ਜਿਸ ਨੇ ਬਤੌਰ ਵਾਇਸਰਾਏ ਪਦਵੀ ਸਾਂਭ ਲਈ ਸੀ, ਮਾਸਟਰ ਤਾਰਾ ਸਿੰਘ ਸਮੇਤ 21 ਭਾਰਤੀ ਨੇਤਾਵਾਂ ਨੂੰ ਮਿਲਣ ਲਈ ਸੱਦਾ ਪੱਤਰ ਭੇਜੇ। ਕ੍ਰਿਪਸ ਯੋਜਨਾਵਾਂ ਫਿਰ ਇਸ ਖ਼ਿਆਲ ਨਾਲ ਦੁਬਾਰਾ ਰੱਖੀਆਂ ਗਈਆਂ ਕਿ ਸ਼ਾਇਦ ਉਹ ਲੰਮੇ ਸਮੇਂ ਦੇ ਹੱਲ ਵਿੱਚ ਸਹਾਈ ਹੋਣ ਪ੍ਰੰਤੂ ਤੁਰਤ ਵਿਚਾਰ ਤਾਂ ਨਵੀਂ ਐਗਜ਼ੇਕਟਿਵ ਕੌਂਸਲ ਦਾ ਗਠਨ ਕਰਨਾ ਸੀ ਜੋ ਗਵਰਨਰ ਜਨਰਲ ਤੇ ਕਮਾਂਡਰ ਇਨ ਚੀਫ਼ ਤੋਂ ਬਿਨਾਂ ਸਾਰੇ ਭਾਰਤੀਆਂ ਉੱਪਰ ਹੀ ਆਧਾਰਿਤ ਹੋਣੀ ਸੀ ਤੇ ਬਰਤਾਨਵੀ ਭਾਰਤ ਨਾਲ ਸੰਬੰਧਿਤ ਵਿਦੇਸ਼ ਵਿਭਾਗ ਭਵਿੱਖ ਵਿੱਚ ਭਾਰਤੀਆਂ ਦੇ ਹਵਾਲੇ ਹੀ ਕਰਨਾ ਸੀ।

ਜੂਨ 1945 ਵਿੱਚ ਨੇਤਾ ਸ਼ਿਮਲੇ ਵਿੱਚ ਇਕੱਠੇ ਹੋਏ ਪ੍ਰੰਤੂ ਇਹ ਕਾਨਫ਼ਰੰਸ ਜਿਨੱਾਹ ਦੀ ਇਸ ਜ਼ਿੱਦ ਕਾਰਨ ਅਸਫ਼ਲ ਹੋ ਗਈ ਕਿ ਗਵਰਨਰ ਜਨਰਲ ਦੀ ਐਗਜ਼ੈਕਟਿਵ ਕੌਂਸਲ ਤੇ ਭਾਰਤੀ ਮੁਸਲਮਾਨਾਂ ਦੀ ਪ੍ਰਤਿਨਿਧਤਾ ਸਿਰਫ਼ ਲੀਗ ਹੀ ਕਰੇ ਤੇ ਇਹ ਦਾਅਵਾ ਤਰਕ-ਸੰਗਤ ਨਹੀਂ ਸੀ।

ਸ਼ਿਮਲੇ ਵਿੱਚ ਜਿਨੱਾਹ ਦੇ ਰੁਖ ਨੇ ਬਹੁਤ ਸਾਰੇ ਕਾਂਗਰਸੀ ਨੇਤਾਵਾਂ ਨੂੰ ਇਸ ਗੱਲ ਦਾ ਕਾਇਲ ਬਣਾ ਦਿੱਤਾ ਕਿ ਮੁਸਲਿਮ ਲੀਗ ਨਾਲ ਸਹਿਯੋਗ ਦੀ ਕੋਈ ਵੀ ਕੋਸ਼ਿਸ਼ ਕਰਨੀ ਫ਼ਜ਼ੂਲ ਹੋਵੇਗੀ। ਫਿਰ੍ ਵੀ ਕੁਝ ਇਹ ਸਮਝਦੇ ਸਨ ਕਿ ਮੁਸਲਿਮ ਲੀਗ ਦੀ, ਜੇ ਉਹ ਚਾਹੇ ਤਾਂ ਉਹਦੀ ਅਲਹਿਦਾ ਹੋਣ ਦੀ ਮੰਗ ਮੰਨਣੀ ਹੀ ਪਵੇਗੀ ਬਸ਼ਰਤੇ ਕਿ ਉਹ ਉਹਨਾਂ ਨੂੰ ਆਪਣੇ ਨਾਲ ਨਾ ਖਿੱਚੇ ਜੋ ਅਜਿਹਾ ਨਹੀਂ ਚਾਹੁੰਦੇ।[21] ਦੂਸਰੇ ਸ਼ਬਦਾਂ ਵਿੱਚ ਜੇ ਇਹ ਮੰਗ ਮੰਨ ਲਈ ਜਾਂਦੀ ਹੈ ਤਾਂ ਪੰਜਾਬ ਤੇ ਬੰਗਾਲ ਵੰਡਣਾ ਪਵੇਗਾ ਤੇ ਸਿੱਖਾਂ ਦੀ ਘੰਢੀ ਨੂੰ ਚੀਰਨ ਫਾੜਨ ਵਾਲਾ ਚਾਕੂ ਬੜੀ ਮਜ਼ਬੂਤੀ ਨਾਲ ਉਹਨਾਂ ਦੀ ਧੌਣ 'ਤੇ ਧਰ ਦਿੱਤਾ ਗਿਆ।

---

21. ਜਵਾਹਰ ਲਾਲ ਨਹਿਰੂ 29 ਅਗਸਤ 1945 ਵਿੱਚ ਇਕ ਪ੍ਰੈਸ ਕਾਨਫ਼ਰੰਸ ਵਿੱਚ ਟਰਿਬਿਊਨ, 30 ਅਗਸਤ 1945.

ਕਾਂਡ—16

ਭਾਰਤ ਦੀ ਵੰਡ ਦੀ ਭੂਮਿਕਾ

1945-46 ਦੀਆਂ ਆਮ ਚੋਣਾਂ—ਭਾਰਤ ਦੇ ਇਤਿਹਾਸ ਵਿੱਚ ਸਮਾਜਵਾਦੀ ਸਰਕਾਰ ਭਾਰਤ ਨੂੰ ਅਜ਼ਾਦੀ ਦੇਣ ਲਈ ਦ੍ਰਿੜ ਸੀ ਤੇ ਅਜਿਹੇ ਵਿਅਕਤੀਆਂ ਦੀ ਤਲਾਸ਼ ਲਈ ਉਤਾਵਲੀ ਸੀ ਜਿਸ ਨੂੰ ਸ਼ਾਸ਼ਨ ਦੀ ਵਾਗਡੋਰ ਸੌਂਪੀ ਜਾ ਸਕੇ।

ਮੌਜੂਦਾ ਵਿਧਾਨ ਮੰਡਲ ਦੇ ਮੈਂਬਰ ਇਸ ਭੂਮਿਕਾ ਨਿਭਾਉਣ ਦੇ ਸਮੱਰਥ ਨਹੀਂ ਸਨ ਕਿਉਂਕਿ ਉਹ ਇਸ ਮਹੱਤਵਪੂਰਨ ਵਿਸ਼ੇ 'ਤੇ ਲੋਕਾਂ ਦੇ ਵਿਚਾਰਾਂ ਦੀ ਪ੍ਰਤਿਨਿਧਤਾ ਨਹੀਂ ਕਰਦੇ ਸਨ ਕਿ ਭਾਰਤ ਨੂੰ ਇਕੱਠਾ ਰਖਿਆ ਜਾਵੇ ਜਾਂ ਵੰਡਿਆ ਜਾਵੇ। ਕੇਂਦਰੀ ਅਸੈਂਬਲੀ ਦੀ ਚੋਣ 1934 ਵਿੱਚ ਕੀਤੀ ਗਈ ਸੀ ਤੇ ਪ੍ਰਾਂਤਕ ਵਿਧਾਨਕ ਸਭਾਵਾਂ 1936 ਵਿੱਚ ਚੁਣੀਆਂ ਗਈਆਂ ਸਨ। ਸਿੱਟੇ ਵਜੋਂ ਬਰਤਾਨਵੀ ਸਰਕਾਰ ਨੇ ਤਾਜ਼ਾ ਚੋਣਾਂ ਕਰਾਉਣ ਦਾ ਨਿਰਣਾ ਲਿਆ ਤਾਂ ਜੋ ਚੁਣੇ ਗਏ ਮੈਂਬਰਾਂ ਵਿੱਚੋਂ ਅਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਕਰਨ ਲਈ ਨਵੇਂ ਵਿਧਾਨ-ਸਾਜ਼ ਸਭਾ ਦਾ ਗਠਨ ਕੀਤਾ ਜਾ ਸਕੇ।

ਕਾਂਗਰਸ ਪਾਰਟੀ ਨੇ ਇਸ ਚੋਣ ਦੀ ਮਹੱਤਤਾ ਸਮਝ ਲਈ ਸੀ ਤੇ ਉਸ ਨੇ ਮੱਤਦਾਤਾਵਾਂ ਨੂੰ ਅਜ਼ਾਦ ਤੇ ਸੰਯੁਕਤ ਭਾਰਤ ਦੇ ਸਮਰਥਨ 'ਚ ਵੋਟਾਂ ਪਾਉਣ ਲਈ ਉਤਸ਼ਾਹ ਦਿੱਤਾ। ਇਸ ਨੂੰ ਗੈਰ-ਮੁਸਲਿਮ ਵੋਟਾਂ ਪ੍ਰਾਪਤ ਕਰਨ ਦਾ ਪੂਰਾ ਭਰੋਸਾ ਸੀ ਪਰ ਫਿਰ ਵੀ ਇਹ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੀ ਸੀ। ਇਸ ਨੂੰ ਪਤਾ ਸੀ ਕਿ ਆਈ.ਐਨ.ਏ. ਦੇ ਕਾਰਨਾਮਿਆਂ ਨੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਕਸਾਇਆ ਹੈ। ਇਸ ਲਈ ਨਹਿਰੂ ਨੇ ਸੁਭਾਸ਼ ਚੰਦਰ ਨਾਲ ਆਪਣੇ ਪਹਿਲੇ ਮਤਭੇਦਾਂ ਤੇ ਉਸ ਦੇ ਫਾਸ਼ੀ ਤਾਕਤਾਂ ਨਾਲ ਸਹਿਯੋਗ ਕਰਨ ਕਰਕੇ ਹਿਚਕਚਾਹਟ ਦੇ ਬਾਵਜੂਦ ਆਈ.ਐਨ.ਏ. (ਅਜ਼ਾਦ ਹਿੰਦ ਫ਼ੌਜ) ਦੇ ਯੋਧਿਆਂ ਨੂੰ "ਅਜ਼ਾਦੀ ਦੇ ਘੁਲਾਟੀਏ" ਤੇ "ਸੰਗ੍ਰਾਮੀਏ" ਕਹਿ ਕੇ ਵਡਿਆਇਆ।[1] ਸਰਕਾਰ ਵੀ ਅਚੇਤ ਹੀ ਤਿੰਨ ਅਫ਼ਸਰਾਂ (ਇਕ ਹਿੰਦੂ, ਇਕ ਮੁਸਲਮਾਨ

---

1. "ਤਿੰਨ ਸਾਲ ਪਹਿਲਾਂ ਵੀ ਤੇ ਹੁਣ ਵੀ ਮੈਂ ਇਸ ਵਿਚਾਰ ਦਾ ਹਾਂ ਕਿ ਇਸ ਫ਼ੌਜ ਦੇ ਨੇਤਾਵਾਂ ਤੇ ਦੂਸਰੇ ਲੋਕਾਂ ਨੂੰ ਕਈ ਤਰ੍ਹਾਂ ਨਾਲ ਗਲਤ ਰਾਹੇ ਪਾਇਆ ਗਿਆ ਤੇ ਉਹ ਜਾਪਾਨੀਆਂ ਨਾਲ ਆਪਣੇ ਗੈਰ ਰਸਮੀ ਸਹਿਯੋਗ ਦੇ ਸਿੱਟਿਆਂ ਨੂੰ ਸਮਝ ਨਾ ਸਕੇ।" (ਜਵਾਹਰ ਲਾਲ ਨਹਿਰੂ, ਸਟੇਟਸਮੈਨ, 20 ਅਗਸਤ, 1945)

   ਲਾਰਡ ਵੇਵਲ ਨੇ ਅਜ਼ਾਦ ਹਿੰਦ ਫ਼ੌਜ ਨੂੰ ਖੁੱਲ੍ਹੇਆਮ ਗੱਦਾਰਾਂ ਦਾ ਟੋਲਿਆ ਕਿਹਾ, ਜਿਨ੍ਹਾਂ ਨੇ ਆਪਣੀ ਸੁਗੰਧ ਤੋੜੀ ਸੀ। "ਤੁਹਾਡੇ ਰਾਜਸੀ ਵਿਚਾਰ ਕੁਝ ਵੀ ਹੋਣ, ਜੇ ਤੁਸੀਂ ਉਸਵਿਅਕਤੀ ਦੀ ਪ੍ਰਸੰਸਾ ਨਹੀਂ ਕਰ ਸਕਦੇ ਜੋ ਆਪਣੇ ਹੱਕ ਨਾਲੋਂ ਇੱਜ਼ਤ ਨੂੰ ਪਹਿਲ ਦੇਵੇ, ਜੋ ਮੁਸ਼ਕਿਲ ਦੀ ਘੜੀ ਵਿੱਚ ਵੀ ਆਪਣੀ ਪ੍ਰਤਿੱਗਿਆ ਤੇ ਦ੍ਰਿੜ ਰਹਿੰਦਾ ਹੈ ਤਾਂ ਤੁਹਾਡਾ ਚਰਿੱਤਰ ਬਾਰੇ ਬੜਾ ਗ਼ਲਤ ਵਿਚਾਰ ਹੈ ਜਿਸ ਦੀ ਕੌਮੀ ਉਸਾਰੀ ਲਈ ਜ਼ਰੂਰਤ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਤੇ ਇਕ ਸਿੱਖ) ਉਪਰ ਦੇਸ਼-ਧ੍ਰੋਹੀ ਦਾ ਮੁਕੱਦਮਾ ਚਲਾ ਕੇ ਤੇ ਉਹਨਾਂ ਨੂੰ ਲਾਲ ਕਿਲ੍ਹੇ ਵਿੱਚ ਕੈਦ ਕਰਕੇ ਜੋ 1857 ਦੇ ਗਦਰ ਦਾ ਕੇਂਦਰ ਰਿਹਾ ਸੀ, ਰਾਸ਼ਟਰਵਾਦੀਆਂ ਦੇ ਹੱਥਾਂ ਵਿੱਚ ਖੇਡ ਗਈ। ਨਹਿਰੂ ਨੇ ਨਿੱਜੀ ਤੌਰ 'ਤੇ ਉਹਨਾਂ ਦੀ ਹਿਮਾਇਤ ਦੀ ਯੋਜਨਾ ਤਿਆਰ ਕੀਤੀ ਤੇ ਨਹਿਰੂ ਨੇ ਨਿੱਜੀ ਤੌਰ 'ਤੇ ਉਹਨਾਂ ਦਾ ਸਾਰੇ ਮੁਲਕ ਵਿੱਚ ਦੌਰਾ ਕਰਵਾਇਆ। ਜਿੱਥੇ ਵੀ ਉਹ ਗਏ ਉਹਨਾਂ ਦਾ ਵਿਸ਼ਾਲ ਜਨਸਮੂਹਾਂ ਵੱਲੋਂ "ਜੈ ਹਿੰਦ" ਤੇ "ਦਿੱਲੀ ਚਲੋ" ਦੇ ਨਾਅਰਿਆਂ ਨਾਲ ਭਰਪੂਰ ਸੁਆਗਤ ਕੀਤਾ ਗਿਆ। ਕੁਝ ਹਫ਼ਤਿਆਂ ਮਗਰੋਂ ਚੋਣਾਂ ਹੋ ਗਈਆਂ।

ਭਾਵੇਂ ਕਾਂਗਰਸ ਨੂੰ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਹੋਈ, ਪ੍ਰੰਤੂ ਇਹ ਮੁਸਲਮਾਨਾਂ ਉੱਪਰ ਮੁਸਲਿਮ ਲੀਗ ਦੀ ਪਕੜ ਢਿੱਲੀ ਕਰਨ ਵਿੱਚ ਅਸਫ਼ਲ ਰਹੀ। ਮੁਸਲਿਮ ਲੀਗ ਨੇ ਚੋਣਾਂ ਪਾਕਿਸਤਾਨ ਦੇ ਸੁਆਲ ਤੇ ਲੜੀਆਂ ਤੇ ਕੇਂਦਰੀ ਲੈਜਿਸਲੇਚਰ ਦੀਆਂ ਸਾਰੀਆਂ ਮੁਸਲਿਮ ਸੀਟਾਂ 'ਤੇ ਜਿੱਤ ਹਾਸਿਲ ਕੀਤੀ। ਪ੍ਰਾਂਤਾਂ ਵਿੱਚ ਵੀ ਉੱਤਰ ਪੱਛਮੀ ਸੀਮਾਂਤ ਪ੍ਰਾਂਤ ਤੋਂ ਬਿਨਾ ਇਸ ਨੂੰ ਮੁਸਲਮਾਨ ਮੱਤਦਾਤਾਵਾਂ ਦੀਆਂ 90% ਵੋਟਾਂ ਮਿਲੀਆਂ। ਸਥਿਤੀ ਦਾ ਨਿਚੋੜ ਇਹ ਸੀ ਕਿ ਗੈਰ-ਮੁਸਲਿਮ ਅਖੰਡ ਭਾਰਤ ਚਾਹੁੰਦੇ ਸਨ ਤੇ ਮੁਸਲਮਾਨ ਪਾਕਿਸਤਾਨ ਬਣਾਉਣ ਲਈ ਭਾਰਤ ਦੀ ਵੰਡ ਚਾਹੁੰਦੇ ਸਨ।

ਸਿੱਖਾਂ ਨੇ ਚੋਣਾਂ ਵਿੱਚ ਹਿੱਸਾ ਪਾਕਿਸਤਾਨ ਪ੍ਰਤੀ ਆਪਣਾ ਵਿਰੋਧ ਪ੍ਰਗਟ ਕਰਨ ਲਈ ਲਿਆ। ਕਮਿਊਨਿਸਟਾਂ ਤੋਂ ਬਿਨਾ ਸਭ ਪਾਰਟੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਪੰਥਕ ਬੋਰਡ ਦਾ ਗਠਨ ਕੀਤਾ ਗਿਆ। ਸਿੱਖ ਮੱਤਦਾਤਾਵਾਂ ਨੇ ਪੰਥਕ ਬੋਰਡ ਦਾ ਸਾਥ ਦਿੱਤਾ।[2] ਪਾਕਿਸਤਾਨ ਦਾ ਸਮਰਥਨ ਕਰਨ ਵਾਲੇ ਕਮਿਊਨਿਸਟਾਂ ਦੇ ਇਕੋ ਇਕ ਸਿੱਖ ਦਲ ਦਾ ਚੋਣਾਂ ਵਿੱਚ ਸਫ਼ਾਇਆ ਹੋ ਗਿਆ।

ਪੰਜਾਬ ਵਿੱਚ ਜੋ ਸਥਿਤੀ ਉੱਭਰੀ ਉਹ ਇਸ ਤਰ੍ਹਾਂ ਸੀ : ਕੁੱਲ 175 ਸੀਟਾਂ ਵਿੱਚੋਂ ਮੁਸਲਿਮ ਲੀਗ ਨੂੰ 79, ਕਾਂਗਰਸ ਨੂੰ 51, ਪੰਥਕ ਉਮੀਦਵਾਰਾਂ ਨੂੰ 22, ਯੂਨੀਅਨਿਸਟਾਂ ਤੇ ਅਜ਼ਾਦ ਉਮੀਦਵਾਰਾਂ ਨੂੰ ਦਸ-ਦਸ ਤੇ ਬਾਕੀ ਤਿੰਨਾਂ ਵਿੱਚ ਉੱਪ-ਚੋਣਾਂ ਹੋਈਆਂ।

☜ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਹੁੰਦੀ ਹੈ। ਮੈਂ ਤੁਹਾਨੂੰ ਸਭ ਨੂੰ ਕਹਿੰਦਾ ਹਾਂ ਕਿ ਪਿਛਲੇ 5-6 ਸਾਲਾਂ ਵਿੱਚ ਵਿਖਾਏ ਗਏ ਜਿਹੜੇ ਕਾਰਨਾਮਿਆਂ ਕਾਰਨ ਦੁਨੀਆਂ ਭਾਰਤੀ ਸੈਨਿਕਾਂ ਦੀ ਵਡਿਆਈ ਕਰਦੀ ਹੈ, ਉਹਨਾਂ ਵੱਲੋਂ ਕੈਦ ਤੇ ਔਕੜਾਂ ਵਿੱਚ ਵਿਖਾਈ ਗਈ ਧੀਰਜ ਤੇ ਸ਼ਹਿਨਸ਼ੀਲਤਾ ਵੀ ਉੱਚ ਪਾਏ ਦੀ ਹੈ। ਇਸ ਦੇ ਪ੍ਰਮਾਣ ਵਜੋਂ ਇਕ ਸੈਨਿਕ ਦੇ ਕਰਤੱਵ ਨਿਭਾਉਂਦਿਆਂ ਜੋ ਕੀਮਤ ਉਹਨਾਂ ਨੇ ਆਪਣੀ ਵਫ਼ਾਦਾਰੀ ਦੀ ਅਦਾ ਕੀਤੀ ਹੈ, ਮੈਂ ਤੁਹਾਡੇ ਧਿਆਨ 'ਚ ਲਿਆਉਂਦਾ ਹਾਂ ਕਿ 40 ਹਜ਼ਾਰ ਭਾਰਤ ਦੇ ਜੰਗੀ ਕੈਦੀਆਂ ਵਿੱਚੋਂ ਜੋ ਦ੍ਰਿੜ੍ਹ ਹੋ ਕੇ ਡਟੇ ਰਹੇ, 11000 ਭਾਵ ¼ ਭੁੱਖ, ਬਿਮਾਰੀ ਤੇ ਕਤਲਾਂ ਕਾਰਨ ਮਾਰੇ ਗਏ ਤੇ ਜਿਹੜੇ 20000 ਵੈਰੀ ਨਾਲ ਜਾ ਮਿਲੇ ਉਹਨਾਂ 'ਚ 1500 ਤੋਂ ਭਾਵ 7½% ਹੀ ਮਰੇ। ਲਾਰਡ ਵੇਵਲ, ਸਟੇਟਸਮੈਨ, 11 ਦਸੰਬਰ, 1945.

2. ਚੁਣੇ ਹੋਏ ਮੈਂਬਰਾਂ ਨੇ ਪੰਜਾਬ ਅਸੈਂਬਲੀ 'ਚ ਪੰਥਕ ਦਲ ਦਾ ਗਠਨ ਕੀਤਾ। ਵਿਕਾਸ ਮਹਿਕਮੇ ਦਾ ਵਜ਼ੀਰ ਬਲਦੇਵ ਸਿੰਘ ਉਸ ਦਲ ਦਾ ਨੇਤਾ ਚੁਣਿਆ ਗਿਆ, ਉੱਜਲ ਸਿੰਘ ਤੇ ਸਵਰਨ ਸਿੰਘ ਉਪ-ਨੇਤਾ ਤੇ ਅਜੀਤ ਸਿੰਘ ਸਕੱਤਰ ਚੁਣੇ ਗਏ।

ਮੁਸਲਿਮ ਲੀਗ, ਕਾਂਗਰਸ ਤੇ ਪੰਥਕ ਸਿੱਖਾਂ ਵਿਚਕਾਰ ਸਮਝੌਤੇ ਦੀ ਗੱਲ ਪਾਕਿਸਤਾਨ ਦੇ ਸੁਆਲ 'ਤੇ ਟੁੱਟ ਗਈ। ਆਖ਼ਰਕਾਰ ਸਰ ਖਿਜ਼ਰ ਹਯਾਤ ਖ਼ਾਂ ਨੇ ਕਾਂਗਰਸ ਤੇ ਪੰਥਕ ਸਮਰਥਨ ਨਾਲ ਦੁਬਾਰਾ ਸਰਕਾਰ ਕਾਇਮ ਕਰ ਲਈ।

ਵਜ਼ਾਰਤੀ (ਕੈਬਿਨਿਟ) ਮਿਸ਼ਨ—1946 ਦੀ ਬਸੰਤ ਰੁੱਤ ਵਿੱਚ ਲੇਬਰ ਦਲ ਦੇ ਪ੍ਰਧਾਨ ਮੰਤਰੀ ਮਿਸਟਰ ਐਟਲੀ ਨੇ ਐਲਾਨ ਕੀਤਾ ਕਿ ਕੈਬਿਨਿਟ ਮੰਤਰੀਆਂ ਦੀ ਇਕ ਮੰਡਲੀ ਅਜ਼ਾਦੀ ਬਾਰੇ ਅਗਲੇ ਕਦਮ 'ਤੇ ਚਰਚਾ ਕਰਨ ਲਈ ਭਾਰਤ ਦਾ ਦੌਰਾ ਕਰੇਗੀ। ਇਕ ਮਹੀਨਾ ਮਗਰੋਂ ਹੋਈ ਬਹਿਸ ਵਿੱਚ ਉਸ ਨੇ ਕਿਹਾ, "ਅਸੀਂ ਘੱਟ ਗਿਣਤੀਆਂ ਬਾਰੇ ਖ਼ਬਰਦਾਰ ਹਾਂ ਤੇ ਇਸ ਗੱਲੋਂ ਸਾਵਧਾਨ ਹਾਂ ਕਿ ਘੱਟ ਗਿਣਤੀਆਂ ਭੈ-ਮੁਕਤ ਹੋ ਕੇ ਰਹਿ ਸਕਣ। ਦੂਸਰੇ ਪਾਸੇ ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਘੱਟ ਗਿਣਤੀ ਬਹੁ-ਗਿਣਤੀ ਦੀ ਪ੍ਰਗਤੀ ਵਿੱਚ ਰੋਕ ਪਾਵੇ। (ਇਹਨਾਂ ਸ਼ਬਦਾਂ ਦੇ ਪ੍ਰਤੀ ਉੱਤਰ ਵਿੱਚ ਜਿਨਾਂਹ ਨੇ ਕਿਹਾ ਕਿ ਭਾਰਤ ਦੇ ਮੁਸਲਮਾਨ ਅਲਪ-ਸੰਖਿਅਕ ਨਹੀਂ ਸਗੋਂ ਇਕ ਕੌਮ ਹਨ।) ਐਲਾਨ ਦੇ ਨੌਂ ਦਿਨਾਂ ਪਿੱਛੋਂ ਲਾਰਡ ਪੈਥਿਕ ਲਾਰੰਸ, ਸਰ ਸਟਾਫ਼ੋਰਡ ਕ੍ਰਿਪਸ, ਤੇ ਏ.ਵੀ. ਅਲੈਗਜ਼ੈਂਡਰ 'ਤੇ ਅਧਾਰਿਤ ਵਜ਼ਾਰਤੀ ਮੰਡਲ ਨਵੀਂ ਦਿੱਲੀ ਪਹੁੰਚ ਗਿਆ। ਮੰਡਲ ਦੇ ਨਾਲ ਮੇਜਰ ਸ਼ਾਰਟ ਵੀ ਸੀ ਜਿਸ ਨੇ ਸਿੱਖਾਂ ਦੇ ਮਿੱਤਰ ਤੇ ਸਲਾਹਕਾਰ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ ਸੀ।

ਵਜ਼ਾਰਤੀ ਮੰਡਲ ਨੇ ਪਹਿਲਾਂ ਭਾਰਤੀ ਨੇਤਾਵਾਂ ਦੇ ਨਾਲ ਮੁਲਾਕਾਤ ਕੀਤੀ ਤੇ ਉਹਨਾਂ ਦੇ ਇੱਛਤ ਸੰਵਿਧਾਨ ਬਾਰੇ ਵਿਚਾਰ ਜਾਣੇ। ਉਹਨਾਂ ਦਾ ਮੁੱਖ ਮਨੋਰਥ ਪਾਕਿਸਤਾਨ ਦੀ ਮੰਗ ਬਾਰੇ ਉਹਨਾਂ ਦੀ ਪ੍ਰਤਿਕ੍ਰਿਆ ਜਾਣਨਾ ਸੀ।[3]

ਸਿੱਖਾਂ ਦੀ ਪ੍ਰਤਿਨਿਧਤਾ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਹਰਨਾਮ ਸਿੰਘ (ਲਾਹੌਰ ਤੋਂ ਇਕ ਵਕੀਲ) ਤੇ ਮਗਰੋਂ ਪੰਜਾਬ ਸਰਕਾਰ ਦੇ ਵਿਕਾਸ ਮੰਤਰੀ ਬਲਦੇਵ ਸਿੰਘ ਨੇ ਕੀਤੀ।

---

3. ਮੁਸਲਿਮ ਲੀਗ ਨੇ 7 ਤੋਂ 9 ਅਪ੍ਰੈਲ 1946 ਵਿੱਚ ਦਿੱਲੀ ਵਿੱਚ ਸੰਮੇਲਨ ਕੀਤਾ ਜਿਸ ਵਿੱਚ ਭਾਸ਼ਣ ਦਿੱਤੇ ਗਏ ਤੇ ਲੋਕਾਂ ਨੂੰ ਤਾੜਨਾ ਕੀਤਾ ਗਈ ਕਿ ਜੇ ਪਾਕਿਸਤਾਨ ਦੀ ਮੰਗ ਨਾ ਮੰਨੀ ਤਾਂ ਉਹਨਾਂ ਲਈ ਕਿਹੜੀਆਂ ਮੁਸੀਬਤਾਂ ਆਉਣਗੀਆਂ। ਸਭ ਤੋਂ ਮੂੰਹ ਫੱਟ ਕੇ ਬੇਝਿਜਕ ਬੁਲਾਰਾ ਫ਼ੀਰੋਜ਼ ਖ਼ਾਂ ਨੂਨ ਸੀ। ਉਸ ਨੇ ਕਿਹਾ, "ਨਾ ਤਾਂ ਹਿੰਦੂ ਤੇ ਨਾ ਹੀ ਅੰਗਰੇਜ਼ ਜਾਣਦੇ ਹਨ ਕਿ ਪਾਕਿਸਤਾਨ ਦੀ ਪ੍ਰਾਪਤੀ ਲਈ ਅਸੀਂ ਕਿਸ ਹੱਦ ਤੱਕ ਜਾ ਸਕਦੇ ਹਾਂ। ਅਸੀਂ ਇਕ ਮਹਾਨ ਦੁਖਾਂਤ ਦੀ ਦਹਿਲੀਜ਼ 'ਤੇ ਖੜ੍ਹੇ ਹਾਂ। ਜੇ ਅੰਗਰੇਜ਼ਾਂ ਨੇ ਸਾਡੇ ਤੇ ਸਾਂਝੀ ਸਰਕਾਰ ਠੋਸ ਦਿੱਤੀ ਤਾਂ ਮੁਸਲਮਾਨ ਜੋ ਬਰਬਾਦੀ ਤੇ ਤਬਾਹੀ ਕਰਨਗੇ ਉਸ ਨਾਲ ਹਲਾਕੂ ਤੇ ਚੰਗੇਜ਼ ਖ਼ਾਂ ਦੇ ਕਾਰਨਾਮੇ ਵੀ ਸ਼ਰਮਾ ਜਾਣਗੇ ਤੇ ਇਸ ਦੀ ਜ਼ਿੰਮੇਵਾਰੀ ਬਰਤਾਨੀਆਂ ਦੀ ਹੋਵੇਗੀ।" (ਅਸ਼ਰਫ਼, ਕੈਬਿਨਿਟ ਮਿਸ਼ਨ ਤੇ ਉਸ ਮਗਰੋਂ, ਪੰਨਾ 32-4)। ਗਿਆਨੀ ਕਰਤਾਰ ਸਿੰਘ ਨੇ ਇਸ ਸਮਾਗਮ ਵਿੱਚ ਇਕ ਦਰਸ਼ਕ ਵਜੋਂ ਭਾਗ ਲਿਆ।
4. ਸੈਂਟਰਲ ਅਕਾਲੀ ਦਲ (ਬਾਬਾ ਖੜਕ ਸਿੰਘ ਦਾ ਧੜਾ) ਨੇ ਆਪਣੀ ਪਾਰਟੀ ਵਜੋਂ ਵੱਖਰਾ ਯਾਦ-ਪੱਤਰ ਪੇਸ਼ ਕੀਤਾ। ਇਸ ਨੇ ਜਨ-ਗਣਨਾ ਦੇ ਜਾਅਲੀ ਤੇ ਗਲਤ ਅੰਕੜਿਆਂ ਦਾ ਵਰਣਨ ਕੀਤਾ ਜਿਸ ਨਾਲ ਪੰਜਾਬ ਨੂੰ ਮੁਸਲਿਮ ਬਹੁ-ਗਿਣਤੀ ਵਾਲਾ ਪ੍ਰਾਂਤ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਸਿੱਖਾਂ ਦੇ ਪ੍ਰਤਿਨਿਧ ਪਾਕਿਸਤਾਨ ਦੀ ਵਿਰੋਧਤਾ ਵਿੱਚ ਇਕ-ਜੁੱਟ ਸਨ। ਸਿੱਖ ਪ੍ਰਤੀਨਿਧਾਂ ਨੇ ਵਜ਼ਾਰਤੀ ਮੰਡਲ ਸਾਹਮਣੇ ਉਹ ਸਭ ਦਲੀਲਾਂ ਪੇਸ਼ ਕੀਤੀਆਂ ਜਿਨ੍ਹਾਂ ਕਾਰਨ ਸਿੱਖਾਂ ਦਾ ਮੁਸਲਮਾਨਾਂ ਦੇ ਰਾਜ ਵਿੱਚ ਜਾਂ ਉਸ ਇਲਾਕੇ ਵਿੱਚ ਜੋ ਮੁਸਲਮਾਨਾਂ ਨੂੰ ਸੌਂਪਿਆ ਜਾਣਾ ਸੀ, ਰਹਿਣਾ ਅਸੰਭਵ ਸੀ। ਸਿੱਖਾਂ ਦੇ ਪ੍ਰਤੀਨਿਧ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਸਿੱਖ ਅਖੰਡ ਭਾਰਤ ਦੇ ਸਮਰਥਕ ਸਨ ਪਰ ਜੇ ਪਾਕਿਸਤਾਨ ਦੀ ਮੰਗ ਮੰਨੀ ਗਈ ਤਾਂ ਉਹ ਵੱਖਰੇ ਸਿੱਖ ਰਾਜ ਦਾ ਹਿਮਾਇਤੀ ਹੈ ਜਿਸ ਦਾ ਭਾਰਤ ਜਾਂ ਪਾਕਿਸਤਾਨ ਕਿਸੇ ਵੀ ਸੰਘ ਵਿੱਚ ਸ਼ਾਮਿਲ ਹੋਣ ਦਾ ਅਧਿਕਾਰ ਹੋਵੇਗਾ। ਗਿਆਨੀ ਕਰਤਾਰ ਸਿੰਘ ਨੇ ਮਗਰਲੇ ਕਥਨ ਦੀ ਵਿਆਖਿਆ ਕਰਦਿਆਂ ਕਿਹਾ ਕਿ ਸਿੱਖ ਆਪਣਾ ਅਜਿਹਾ ਸੂਬਾ ਮੰਗਦੇ ਹਨ ਜਿੱਥੇ ਉਹਨਾਂ ਦੀ ਪ੍ਰਭੁਤਾ ਹੋਵੇਗੀ ਜਾਂ ਲਗਭਗ ਪ੍ਰਮੁੱਖ ਸਥਿੱਤੀ ਹੋਵੇਗੀ ਤੇ ਇਸ ਸੂਬੇ ਵਿੱਚ ਸਾਰਾ ਜਲੰਧਰ ਮੰਡਲ ਤੇ ਲਾਹੌਰ ਮੰਡਲ ਹੋਣਗੇ ਤੇ ਇਸ ਨਾਲ ਹੀ ਅੰਬਾਲਾ ਮੰਡਲ ਦੇ ਹਿਸਾਰ, ਕਰਨਾਲ ਤੇ ਸ਼ਿਮਲੇ ਦੇ ਜ਼ਿਲ੍ਹੇ ਅਤੇ ਲਾਇਲਪੁਰ ਤੇ ਮਿੰਟਗੁਮਰੀ ਦੇ ਜ਼ਿਲ੍ਹੇ ਸ਼ਾਮਿਲ ਹੋਣਗੇ। ਬਲਦੇਵ ਸਿੰਘ ਨੇ ਵੀ ਲਗਭਗ ਉਹਨਾਂ ਲੀਹਾਂ 'ਤੇ ਸਿੱਖ ਰਾਜ ਦੀ (ਖ਼ਾਲਿਸਤਾਨ) ਦੀ ਪਰਿਭਾਸ਼ਾ ਕੀਤੀ ਜੋ ਮੁਲਤਾਨ ਤੇ ਰਾਵਲਪਿੰਡੀ ਮੰਡਲਾਂ ਨੂੰ ਕੱਢ ਕੇ ਚਨਾਬ ਦਰਿਆ ਦੇ ਨਾਲ ਉੱਚਿਤ ਸੀਮਾ ਬਣਾਵੇਗੀ ਤੇ ਇਸ ਵਿੱਚ ਅੰਬਾਲਾ, ਜਲੰਧਰ ਤੇ ਲਾਹੌਰ ਮੰਡਲ ਸ਼ਾਮਿਲ ਹੋਣਗੇ।[6]

---

੪. (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)
ਦਿਖਾਇਆ ਗਿਆ ਸੀ। ਇਸ ਨੇ ਪੰਜਾਬ ਦੀ ਵੰਡ ਦੀ ਵਿਰੋਧਤਾ ਕੀਤੀ ਤੇ ਇਸ ਨੇ ਉਹੋ ਮੰਗ ਦੁਹਰਾਈ ਜੋ ਚੀਫ਼ ਖ਼ਾਲਸਾ ਦੀਵਾਨ ਨੇ ਲੋਕਤੰਤਰੀ ਸੰਸਥਾਵਾਂ ਦੀ ਸਥਾਪਨਾ ਦੇ ਸਮੇਂ ਤੋਂ ਹੀ ਕਈ ਵਾਰ ਕੀਤੀ ਸੀ ਤੇ ਜਿਸ ਅਨੁਸਾਰ ਸਿੱਖਾਂ ਦੀ ਪ੍ਰਤਿਨਿਧਤਾ ਪੰਜਾਬ ਵਿੱਚ 33% ਤੇ ਕੇਂਦਰ ਵਿੱਚ 5% ਹੋਣੀ ਸੀ ਤੇ ਇਕ ਸਿੱਖ ਪ੍ਰਤੀਨਿਧ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਿਲ ਹੋਣਾ ਸੀ। ਇਸ ਤੋਂ ਬਿਨਾ, ਇਸ ਨੇ ਕਾਨੂੰਨ ਸਾਜ਼ ਅਸੈਂਬਲੀ ਵਿੱਚ 8% (ਜਿਵੇਂ ਸਪਰੂ ਕਮੇਟੀ ਨੇ ਸ਼ਿਫਾਰਸ਼ ਕੀਤੀ ਸੀ) ਰੱਖਿਆ ਸੇਵਾਵਾਂ ਵਿੱਚ 14% ਵਿੱਚ ਪੱਕਾ ਹਿੱਸਾ, ਯੂ.ਪੀ. ਸਿੰਧ, ਬਿਹਾਰ, ਬੰਗਾਲ ਤੇ ਬੰਬਈ ਵਿੱਚ ਸਿੱਖਾਂ ਲਈ ਪ੍ਰਤਿਨਿਧਤਾ ਤੇ ਉੱਤਰ ਪੱਛਮੀ ਸੀਮਾ ਵਿੱਚ ਸਿੱਖਾਂ ਲਈ ਵਧੇਰੀ ਪ੍ਰਤੀਨਿਧਤਾ ਦੀ ਮੰਗ ਵੀ ਕੀਤੀ। ਕੇਂਦਰੀ ਅਕਾਲੀ ਦਲ ਨੇ ਸਾਂਝੀ ਚੋਣ ਪ੍ਰਣਾਲੀ ਦੀ ਹਿਮਾਇਤ ਕਰਦਿਆਂ ਘੱਟ ਗਿਣਤੀਆਂ ਲਈ ਰਾਖਵੀਆਂ ਸੀਟਾਂ ਮੰਗੀਆਂ ਤੇ ਘੱਟ ਗਿਣਤੀਆਂ ਦੇ ਹੱਕਾਂ ਲਈ ਵਿਸ਼ੇਸ਼ ਟ੍ਰਿਬਿਊਨਲ ਸਥਾਪਤ ਕਰਨ ਦੀ ਮੰਗ ਵੀ ਕੀਤੀ। (ਅਪ੍ਰੈਲ 1946 ਵਿੱਚ ਸੈਂਟਰਲ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਅਮਰ ਸਿੰਘ ਵੱਲੋਂ ਬ੍ਰਿਟਿਸ਼ ਕੈਬਿਨਿਟ ਮਿਸ਼ਨ ਨੂੰ ਪੇਸ਼ ਕੀਤਾ ਗਿਆ ਯਾਦ-ਪੱਤਰ)

5. ਵੀ.ਵੀ. ਮੈਨਨ, "ਟਰਾਂਸਫ਼ਰ ਔਫ ਪਾਵਰ ਇਨ ਇੰਡੀਆ, ਪੰਨਾ 242, ਮਾਰਚ 22, 1946 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਇਕ ਮਤਾ ਪਾਸ ਕੀਤਾ ਜਿਸ ਵਿੱਚ "ਸਿੱਖਸਤਾਨ" ਦੀ ਸਥਾਪਤੀ ਆਪਣਾ ਰਾਜਸੀ ਉਦੇਸ਼ ਦੱਸਿਆ ਗਿਆ। ਇਸ ਵਿੱਚ ਕਿਹਾ ਗਿਆ, "ਕਿਉਂਕਿ ਸਿੱਖ ਪੰਜਾਬ ਨਾਲ ਆਪਣੇ ਪਵਿੱਤਰ ਗੁਰਦੁਆਰਿਆਂ, ਮਿਲਖਾਂ, ਭਾਸ਼ਾ, ਪ੍ਰੰਪਰਾਵਾਂ ਤੇ ਇਤਿਹਾਸ ਕਾਰਨ ਜੁੜੇ ਹੋਏ ਹੋਣ ਕਰਕੇ ਇਸ ਨੂੰ ਆਪਣੀ ਮਾਤਭੂਮੀ ਤੇ ਪਾਵਨ ਧਰਤੀ ਸਮਝਦੇ ਹਨ ਜੋ ਅੰਗਰੇਜ਼ਾਂ ਨੇ ਸਿੱਖਾਂ ਦੇ ਆਖ਼ਰੀ ਰਾਜੇ ਤੋਂ ਉਸ ਦੀ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਜਿਸ ਢੰਗ ਨਾਲ ਸਿੱਖ ਬੁਲਾਰਿਆਂ ਨੇ "ਸਿੱਖ ਰਾਜ" ਦੀ ਮੰਗ ਨੂੰ ਵਰਨਣ ਕਰਨ ਲਈ ਸ਼ਬਦ ਵਰਤੇ ਉਹ ਸੁਭਾਵਿਕ, ਨਿਹਿੱਤ ਤੇ ਮੰਗ ਅਨੁਸਾਰ ਉੱਚਿਤ ਨਹੀਂ ਸਨ ਤੇ ਕੇਵਲ ਪਾਕਿਸਤਾਨ ਦੀ ਮੰਗ ਦੇ ਵਿਰੋਧ ਵਿੱਚ ਦਲੀਲ ਵਜੋਂ ਵਰਤੇ ਗਏ ਸਨ। ਇਸੇ ਕਾਰਨ ਉਹਨਾਂ ਦੀ ਮੰਗ ਨੂੰ ਗੰਭੀਰਤਾ ਨਾਲ ਲੈਣ ਤੇ ਵਿਚਾਰਨ ਦਾ ਮੌਕਾ ਵੀ ਖੁੱਸ ਗਿਆ। ਸਿੱਟੇ ਵਜੋਂ ਕੈਬਿਨਿਟ ਮਿਸ਼ਨ ਨੇ ਸਿਖਸਤਾਨ, ਅਜ਼ਾਦ ਪੰਜਾਬ ਤੇ ਖ਼ਾਲਿਸਤਾਨ ਦੀ ਮੰਗ ਵੱਲ ਕੋਈ ਧਿਆਨ ਨਾ ਦਿੱਤਾ ਤੇ ਇਸ ਵਿਚਾਰ ਨੂੰ ਤੇ ਸਿੱਖਾਂ ਦੇ ਅਤਿਕਥਿਤ ਮਹੱਤਤਾ ਦੇ ਦਾਅਵੇ ਨੂੰ ਭਾਰਤੀ ਰਾਸ਼ਟਰੀ ਕਾਂਗਰਸ ਵਾਂਗ ਹੀ ਮੁਸਲਮਾਨਾਂ ਦੀਆਂ ਅਭਿਲਾਸ਼ਾਵਾਂ ਨੂੰ ਅਸਫ਼ਲ ਬਣਾਉਣ ਲਈ ਇਕ ਕੋਸ਼ਿਸ਼ ਹੀ ਸਮਝਿਆ।

ਭਾਰਤੀ ਨੇਤਾਵਾਂ ਨਾਲ ਵਿਚਾਰ ਚਰਚਾ ਕਰਨ ਪਿੱਛੋਂ ਕੈਬਿਨਿਟ ਮਿਸ਼ਨ ਨੇ ਸ਼ਿਮਲਾ ਕਾਨਫ਼ਰੰਸ ਵਿੱਚ ਵਿਚਾਰੇ ਜਾਣ ਲਈ ਪਰਖ ਮੂਲਕ ਤੇ ਅਜ਼ਮਾਇਸ਼ੀ ਯੋਜਨਾ ਕਾਂਗਰਸ ਤੇ ਮੁਸਲਿਮ ਲੀਗ ਵਿੱਚ ਸਮਝੌਤੇ ਦਾ ਆਧਾਰ ਲੱਭਣ ਦੀ ਕੋਸ਼ਿਸ਼ ਵਜੋਂ ਪੇਸ਼ ਕੀਤੀ। ਇਸ ਯੋਜਨਾ ਵਿੱਚ ਵਿਚਾਰ ਕੀਤੀ ਗਈ ਕਿ ਕੇਂਦਰੀ ਸਰਕਾਰ ਅਧੀਨ ਰੱਖਿਆ, ਵਿਦੇਸ਼ ਤੇ ਸੰਚਾਰ ਸਾਧਨ ਹੋਣਗੇ ਤੇ ਦੂਸਰੇ ਗੈਰ-ਮੁਸਲਿਮ ਤੇ ਉਹਨਾਂ ਦੇ ਅਧੀਨ ਉਹ ਵਿਸ਼ੇ ਹੋਣਗੇ ਜੋ ਕੇਂਦਰ ਦੇ ਅਧੀਨ ਨਹੀਂ ਸਨ। ਨਾਹੀ ਰਿਆਸਤਾਂ ਕੇਂਦਰ ਨਾਲ ਗੱਲਬਾਤ ਕਰਕੇ ਸਮਝੌਤਾ ਕਰਨਗੀਆਂ। ਕਿਉਂਕਿ ਦੋਹਾਂ ਧਿਰਾਂ ਵਿੱਚ ਗੱਲਬਾਤ ਰਾਹੀਂ ਨਜਿੱਠੇ ਨਾ ਜਾਣ ਵਾਲਾ ਤੇ ਨਾ ਭਰੇ ਜਾਣ ਵਾਲਾ ਪਾੜਾ ਸੀ, ਕੈਬਿਨਿਟ ਨੇ 16 ਮਈ ਨੂੰ ਦੋਹਾਂ ਮੁਖ ਦਲਾਂ ਵਿਚਕਾਰ ਸਹਿਮਤੀ ਵਾਲੇ ਖੇਤਰਾਂ 'ਤੇ ਅਧਾਰਿਤ ਤਜਵੀਜ਼ਾਂ ਬਾਰੇ ਬਿਆਨ ਜਾਰੀ ਕਰ ਦਿੱਤਾ ਜਿਸ ਅਨੁਸਾਰ ਉਸ ਨੂੰ ਉਮੀਦ ਸੀ ਕਿ ਭਾਰਤੀ ਭਵਿੱਖ ਵਿੱਚ ਸੰਵਿਧਾਨ ਬਣਾਉਣ ਲਈ ਨਿਰਣਾ ਲੈ ਲੈਣਗੇ। ਇਸ ਅਨੁਸਾਰ ਸਿੱਖਾਂ ਦੇ ਪਾਕਿਸਤਾਨ ਵਿੱਚ ਜ਼ਬਰਦਸਤੀ ਸ਼ਾਮਿਲ ਕੀਤੇ ਜਾਣ ਬਾਰੇ ਵਿਰੋਧ ਨੂੰ ਵੀ ਧਿਆਨ 'ਚ ਰਖਿਆ ਗਿਆ।[6] ਇਸ ਵਿੱਚ ਤਿੰਨ ਪਰਤੀ ਸੰਘ ਨੂੰ ਆਮੁੱਖ ਰਖਿਆ ਗਿਆ ਜਿਸ ਵਿੱਚ ਕੇਂਦਰ ਦੇ ਅਧੀਨ ਵਿਦੇਸ਼, ਰੱਖਿਆ ਤੇ ਸੰਚਾਰ ਸਧਾਨ ਹੋਣੇ ਸਨ, ਪ੍ਰਾਂਤਾਂ ਦੇ ਇਕ ਸਮੂਹ ਨੇ ਸੌਂਪੇ ਹੋਏ ਵਿਸ਼ਿਆਂ ਦਾ ਪ੍ਰਬੰਧ ਕਰਨਾ ਸੀ ਤੇ ਕੁਝ ਪ੍ਰਾਂਤ ਐਸੇ ਸਨ ਜਿਨ੍ਹਾਂ ਨੇ ਬਾਕੀ ਬਚੇ ਹੋਏ ਵਿਸ਼ੇ ਸੰਭਾਲਣੇ ਸਨ। ਦਸ ਸਾਲ ਮਗਰੋਂ ਪ੍ਰਾਂਤ ਜੇ ਚਾਹੁਣ ਤਾਂ ਸੰਵਿਧਾਨ ਉੱਪਰ ਪੁਨਰ-ਵਿਚਾਰ ਕੀਤੇ ਜਾਣ ਦੀ ਮੰਗ ਕਰ ਸਕਦੇ ਸਨ।

☞ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਨਾਬਾਨਗੀ ਸਮੇਂ ਅਮਾਨਤ ਵਜੋਂ ਸਾਂਭਿਆ ਸੀ ਤੇ ਹੁਣ ਜਿਸ ਦੀ ਹੋਂਦ ਵਿੱਚ ਇਕ ਪਾਸੇ ਮੁਸਲਮਾਨਾਂ ਵੱਲੋਂ ਨਿਰੰਤਰ ਪਾਕਿਸਤਾਨ ਦੀ ਹੱਠੀ ਮੰਗ ਕਾਰਨ ਤੇ ਦੂਸਰੇ ਪਾਸੇ ਹਿੰਦੂਆਂ ਵੱਲੋਂ ਇਸ ਨੂੰ ਜ਼ਜ਼ਬ ਕਰ ਲੈਣ ਦਾ ਖ਼ਤਰਾ ਬਣਿਆ ਹੋਇਆ ਹੈ, ਇਸ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਸਿੱਖਾਂ ਦੇ ਧਾਰਮਿਕ, ਸਭਿਆਚਾਰਕ, ਆਰਥਿਕ ਤੇ ਸਿਆਸੀ ਹੱਕਾਂ 'ਤੇ ਉਹਨਾਂ ਦੇ ਪਵਿੱਤਰ ਤੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ ਤੇ ਸੁਰੱਖਿਆ ਦੇ ਨਾਲ-ਨਾਲ ਜਾਇਦਾਦ ਤੇ ਵਸੋਂ ਦੇ ਵਟਾਂਦਰੇ ਦੀ ਵੀ ਮੰਗ ਕਰਦੀ ਹੈ।" (ਟ੍ਰਿਬਿਊਨ 23 ਮਾਰਚ, 1946)

6. ਇਸ ਬਿਆਨ 'ਚ ਕਿਹਾ ਗਿਆ, "ਅਸੀਂ ਪੰਜਾਬ ਤੇ ਬੰਗਾਲ ਦੇ ਉਹ ਜ਼ਿਲ੍ਹੇ ਪਾਕਿਸਤਾਨ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞



Maharajh Sher Singh



Partap Singh Kairon



Swaran Singh
(Photo courtesy Rakesh
Sahai, AGP Photobank)




Master Tara Singh with Sant Fateh Singh



Sant Harchand Singh Longowal
(Photo courtesy Rakesh Sahai,
AGP Photobank)




Sant Bhindranwale
(Photo coutresy Rakesh Sahai,
AGP Photobank)



Giani Zail Singh
(Photo courtesy Rakesh
Sahai, AGP Photobank



Bhai Vir Singh, poet-theologian



Manmohan Singh (Photo courtesy Rajeev Bhatt, The Hindu)



Prakash Singh Badal
(Photo courtesy Punjab
Bhawan, New Delhi)



Captain Amarinder Singh
(Photo courtesy Panjab Bhawan,
New Delhi)



General J.J. Singh
(Photo courtesy Rakesh
Sahai, AGP Photobank



Montek Singh Ahluwalia
(Photo courtesy Planning
Commission, New Delhi)




Amrita Shergill, painter



Gurinder Chadha
(Photo courtesy
The Hindustan Times



S.S. Barnala
(Photo courtesy Andhra Rakesh
Bhawan, New Delhi



Yogi Bhajan
(Photo courtesy
Aquarian Times and
3HO Foundation

ਇਹਨਾਂ ਲੀਹਾਂ 'ਤੇ ਹੀ 16 ਮਈ ਦੀਆਂ ਤਜ਼ਵੀਜ਼ਾਂ ਅਨੁਸਾਰ ਪ੍ਰਾਂਤਕ ਅਸੈਂਬਲੀਆਂ ਦੇ ਚੁਣੇ ਹੋਏ ਮੈਂਬਰਾਂ ਦੀ ਕਾਨੂੰਨਸਾਜ ਅਸੈਂਬਲੀ ਨੂੰ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਹੱਕ ਦਿੱਤਾ। ਮੁਕੰਮਲ ਸਦਨ ਦੇ ਸਮਾਗਮ ਪਿੱਛੋਂ ਇਸ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਣਾ ਸੀ। (ੳ) ਭਾਗ ਵਿੱਚ ਗੈਰ-ਮੁਸਲਿਮ ਬਹੁ-ਗਿਣਤੀ ਪ੍ਰਾਂਤਾਂ ਦੇ ਪ੍ਰਤੀਨਿਧ ਹੋਣੇ ਸਨ। (ਅ) ਭਾਗ ਵਿੱਚ ਪੰਜਾਬ, ਉੱਤਰ-ਪੱਛਮੀ ਸੀਮਾ ਪ੍ਰਾਂਤ, ਸਿੰਧ ਦੇ ਪ੍ਰਤੀਨਿਧ ਸ਼ਾਮਿਲ ਕੀਤੇ ਗਏ ਤੇ (ੲ) ਭਾਗ ਵਿੱਚ ਬੰਗਾਲ ਤੇ ਆਸਾਮ ਦੇ ਪ੍ਰਤੀਨਿਧ ਹੋਣੇ ਸਨ।

ਕੈਬਿਨਿਟ ਮਿਸ਼ਨ ਦਾ ਸੁਝਾਅ ਸੀ ਕਿ ਜਿਸ ਸਮੇਂ ਸੰਵਿਧਾਨ ਦਾ ਖਰੜਾ ਤਿਆਰਕੀਤਾ ਜਾ ਰਿਹਾ ਹੋਵੇ ਤਾਂ ਪ੍ਰਬੰਧਕੀ ਕਾਰਜ ਸਾਰਾ ਹੀ ਭਾਰਤੀ ਹੱਥਾਂ ਵਿੱਚ ਸੌਂਪਿਆ ਜਾਵੇ।

ਨਵੀਆਂ ਤਜਵੀਜ਼ਾਂ ਦਾ ਸੁਆਗਤ ਕਾਂਗਰਸ ਤੇ ਮੁਸਲਿਮ ਲੀਗ ਨੇ ਬੜੀ ਸੋਚ ਸਮਝ ਨਾਲ ਤੇ ਸਾਵਧਾਨੀ ਨਾਲ ਕੀਤਾ। ਜਿਨ੍ਹਾਂ ਨੇ ਇਹ ਤਜਵੀਜ਼ਾਂ ਇਸ ਲਈ ਪ੍ਰਵਾਨ ਕੀਤੀਆਂ ਕਿ ਇਹਨਾਂ ਦਾ ਸਿੱਟਾ ਸੁਤੰਤਰ ਮੁਸਲਿਮ ਰਾਜ ਵਿੱਚ ਹੀ ਨਿਕਲੇਗਾ। ਸਿੱਖਾਂ ਨੇ ਇਹ ਤਜਵੀਜ਼ਾਂ ਉੱਕਾ ਹੀ ਰੱਦ ਕਰ ਦਿੱਤੀਆਂ[7] ਤੇ ਇਹ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਹ ਚੁਸਤੀ, ਚਾਲਾਕੀ ਵਾਲੀ ਪੈਂਤੜੇਬਾਜ਼ੀ ਨਾਲ ਪੰਜਾਬ ਵਿੱਚ ਸ਼ਕਤੀ ਸੰਤੁਲਿਨ ਆਪਣੇ ਹੱਥਾਂ ਵਿੱਚ ਰੱਖ ਸਕਣਗੇ।[8]

(ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਵਿੱਚ ਸ਼ਾਮਿਲ ਕਰਨ ਦਾ ਕੋਈ ਉੱਚਿੱਤਵ ਨਹੀਂ ਸਮਝਦੇ ਜਿਨ੍ਹਾਂ ਦੀ ਭਾਰੀ ਬਹੁ-ਗਿਣਤੀ ਗੈਰ-ਮੁਸਲਿਮ ਹੈ। ਹਰ ਉਹ ਦਲੀਲ ਜਿਹੜੀ ਪਾਕਿਸਤਾਨ ਦੇ ਹੱਕ ਵਿੱਚ ਵਰਤੀ ਜਾ ਸਕਦੀ ਹੈ, ਸਾਡੇ ਵਿਚਾਰ ਅਨੁਸਾਰ, ਗੈਰ ਮੁਸਲਿਮ ਖੇਤਰਾਂ ਨੂੰ ਪਾਕਿਸਤਾਨ ਵਿੱਚੋਂ ਬਾਹਰ ਰੱਖੇ ਜਾਣ ਲਈ ਵੀ ਵਰਤੀ ਜਾ ਸਕਦੀ ਹੈ। ਇਸ ਦਾ ਸਿੱਖਾਂ ਉਪਰ ਵਿਸ਼ੇਸ਼ ਪ੍ਰਭਾਵ ਪਵੇਗਾ।---ਸਾਨੂੰ ਇਹ ਵੀ ਯਕੀਨ ਹੈ ਕਿ ਜਿਹੜਾ ਵੀ ਇਸ ਮਸਲੇ ਦਾ ਹੱਲ ਬੰਗਾਲ ਤੇ ਪੰਜਾਬ ਦੀ ਵੰਡ ਨਾਲ ਨਿਕਲੇਗਾ, ਇਹਨਾਂ ਪ੍ਰਾਂਤਾਂ ਦੀ ਬਹੁਤ ਜ਼ਿਆਦਾ ਗਿਣਤੀ ਦੀਆਂ ਇੱਛਾਵਾਂ ਦੇ ਵਿਰੁੱਧ ਹੋਵੇਗਾ। ਇਸ ਦੇ ਬਿਨਾਂ ਜਿਹੜੀ ਵੀ ਪੰਜਾਬ ਦੀ ਵੰਡ ਹੋਵੇਗੀ ਉਹ ਸਿੱਖਾਂ ਨੂੰ ਵੀ ਅਵੱਸ਼ਕ ਤੌਰ 'ਤੇ ਦੋ ਹਿੱਸਿਆਂ ਵਿੱਚ ਵੰਡ ਦੇਵੇਗੀ, ਜਿਸ ਅਨੁਸਾਰ ਸੀਮਾਂ ਦੇ ਆਰ-ਪਾਰ ਕਾਫ਼ੀ ਵੱਡੀ ਗਿਣਤੀ ਵਿੱਚ ਸਿੱਖ ਰਹਿ ਜਾਣਗੇ।" (ਵੀ.ਪੀ. ਮੈਨਨ, ਟਰਾਂਸਫ਼ਰ ਔਫ ਪਾਵਰ ਇਨ ਇੰਡੀਆ, ਪੰਨਾ 468)

7. ਮਹਾਤਮਾ ਗਾਂਧੀ ਜਿਸ ਨੇ ਪਹਿਲਾਂ ਇਸ ਯੋਜਨਾ ਦੀ ਪ੍ਰਸ਼ੰਸਾ ਕੀਤੀ ਸੀ, ਹੁਣ ਸਿੱਖਾਂ ਦਾ ਸਮਰਥਨ ਕਰਨ ਲੱਗਾ। ਉਸ ਨੇ ਆਪਣੇ ਅਖ਼ਬਾਰ "ਹਰੀਜਨ" ਵਿੱਚ ਲਿਖਿਆ, "ਕੀ ਸਿੱਖਾਂ ਨੂੰ, ਜਿਨ੍ਹਾਂ ਦਾ ਭਾਰਤ ਵਿੱਚ ਪੰਜਾਬ ਹੀ ਇਕੋ ਇਕ ਘਰ ਹੈ, ਆਪਣੀ ਮਰਜ਼ੀ ਦੇ ਵਿਰੁੱਧ ਉਹਨਾਂ ਲੋਕਾਂ ਨਾਲ ਰਹਿਣਾ ਪਵੇਗਾ ਜਿਨ੍ਹਾਂ ਅਧੀਨ ਸਿੰਧ, ਬਲੋਚਿਸਤਾਨ ਤੇ ਸੀਮਾ ਪ੍ਰਾਂਤ ਵੀ ਹੋਣਗੇ।"

8. ਇਹਨਾਂ ਤਜਵੀਜ਼ਾਂ ਬਾਰੇ ਸਿੱਖਾਂ ਦੀ ਪ੍ਰਤੀਕ੍ਰਿਆ 26 ਮਈ ਨੂੰ ਲਾਹੌਰ ਵਿੱਚ ਹੋਏ ਵੱਡੇ ਸਮਾਗਮ ਵਿੱਚ ਪ੍ਰਗਟ ਕੀਤੀ ਗਈ "ਜਿਸ ਵਿੱਚ ਬਰਤਾਨੀਆ ਉੱਪਰ ਸਿੱਖਾਂ ਨਾਲ ਧੋਖਾ ਕਰਨ ਦਾ ਦੋਸ਼ ਲਾਇਆ ਗਿਆ ਤੇ ਅਜਿਹੀਆਂ ਤਜਵੀਜ਼ਾਂ ਪੇਸ਼ ਕਰਨ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਾਇਆ ਗਿਆ ਜਿਸ ਨਾਲ ਬਰਤਾਨੀਆ ਦੇ ਹੱਥ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

10 ਜੂਨ ਨੂੰ ਸਿੱਖ ਸਿਆਸੀ ਦਲਾਂ ਦਾ ਇਕ ਸਾਂਝਾ ਸਮਾਗਮ ਅੰਮ੍ਰਿਤਸਰ ਵਿੱਚ ਹੋਇਆ। ਨਿਰੰਜਨ ਸਿੰਘ ਗਿੱਲ ਦੀ ਡਿਕਟੇਟਰਸ਼ਿਪ[9] ਅਧੀਨ ਇਕ "ਕਾਰਵਾਈ ਕਮੇਟੀ" ਕੈਬਿਨਿਟ ਤਜਵੀਜ਼ਾਂ ਦਾ ਵਿਰੋਧ ਕਰਨ ਲਈ ਸਥਾਪਤ ਕੀਤੀ ਗਈ। ਜਦੋਂ ਵਾਇਸਰਾਏ ਨੇ ਅੰਤ੍ਰਿਮ ਸਰਕਾਰ ਦੇ ਕਾਰਜ-ਕਰਤਾਵਾਂ ਦਾ ਐਲਾਨ ਕੀਤਾ (ਇਹ ਉਸ ਦੀ ਚੌਦਾਂ ਮੈਂਬਰੀ ਕਾਰਜ ਕਾਰਨੀ ਸੀ) ਤਾਂ ਸਿੱਖਾਂ ਦੇ ਨਾਮਜ਼ਦ ਪ੍ਰਤਿਨਿਧ ਬਲਦੇਵ ਸਿੰਘ ਨੂੰ ਸੱਦਾ ਪੱਤਰ ਰੱਦ ਕਰ ਦੇਣ ਲਈ ਮਨਾ ਲਿਆ ਗਿਆ। ਬਲਦੇਵ ਸਿੰਘ ਨੇ ਪ੍ਰਧਾਨ ਮੰਤਰੀ ਐਟਲੀ ਨੂੰ ਸਿੱਖਾਂ ਨਾਲ ਕੀਤੀ ਗਈ ਬੇਇਨਸਾਫ਼ੀ ਬਾਰੇ ਪੱਤਰ ਲਿਖਿਆ। ਐਟਲੀ ਨੇ ਜੁਆਬ ਵਿੱਚ ਲਿਖਿਆ ਕਿ ਯੋਜਨਾ ਨੂੰ ਸਿੱਖਾਂ ਦੇ ਅਨੁਕੂਲ[10] ਬਣਾਉਣ ਲਈ ਬਦਲਿਆ ਨਹੀਂ ਜਾ ਸਕਦਾ ਤੇ ਉਹਨਾਂ ਨੂੰ ਆਪਣੇ ਹਿੱਤਾਂ ਦੀ ਸੁਰੱਖਿਆ ਲਈ ਕਾਨੂੰਨਸਾਜ਼ ਅਸੈਂਬਲੀ ਲਈ ਪ੍ਰਤੀਨਿਧ ਚੁਣ ਕੇ ਤੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿੱਚ ਸਹਿਯੋਗ ਦੇ ਕੇ ਕਰਨੀ ਚਾਹੀਦੀ ਹੈ।

☜ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਮਜ਼ਬੂਤ ਹੋਣ 'ਤੇ ਉਹਦੀ ਭਾਰਤ ਵਿੱਚ ਹਕੂਮਤ ਜਾਰੀ ਰਹਿ ਸਕੇ।" ਉਸ ਸਮੇਂ ਮੋਰਚਾ ਲਾਉਣ ਦੀਆਂ ਗੱਲਾਂ ਵੀ ਕੀਤੀਆਂ ਗਈਆਂ।

ਮਾਸਟਰ ਤਾਰਾ ਸਿੰਘ ਨੇ ਭਾਰਤ ਸਕੱਤਰ ਨੂੰ ਲਿਖਿਆ ਕਿ ਇਹਨਾਂ ਤਜਵੀਜ਼ਾਂ ਨਾਲ ਸਿੱਖਾਂ ਵਿੱਚ ਨਿਰਾਸ਼ਤਾ, ਵਿਰੋਧ ਤੇ ਗੁੱਸੇ ਦੀ ਲਹਿਰ ਦੌੜ ਗਈ ਹੈ। ਉਸ ਨੇ ਅੱਗੇ ਲਿਖਿਆ : "ਜੇ ਕੈਬਿਨਿਟ ਦਾ ਪਹਿਲਾ ਵਿਚਾਰ ਮੁਸਲਮਾਨਾਂ ਨੂੰ ਸੁਰੱਖਿਆ ਦੇਣਾ ਹੈ ਤਾਂ ਸਿੱਖਾਂ ਲਈ ਵੀ ਉਹੋ ਵਿਚਾਰ ਕਿਉਂ ਨਹੀਂ ਧਿਆਨ ਵਿੱਚ ਰਖਿਆ ਗਿਆ।" (ਤਾਰਾ ਸਿੰਘ ਸਟੇਟ ਸਕੱਤਰ ਨੂੰ 25 ਮਈ, 1946)

ਭਾਰਤ ਸਕੱਤਰ ਨੇ ਉੱਤਰ ਵਿੱਚ ਲਿਖਿਆ ਕਿ ਕੈਬਿਨਿਟ ਮਿਸ਼ਨ ਦੀਆਂ ਤਜਵੀਜ਼ਾਂ ਤਿਆਰ ਕਰਦਿਆਂ ਸਿੱਖਾਂ ਦੀ ਚਿੰਤਾ ਨੂੰ ਧਿਆਨ ਵਿੱਚ ਰਖਿਆ ਗਿਆ ਸੀ ਤੇ ਸਾਡੇ ਸਾਹਮਣੇ ਜਿੰਨੇ ਵੀ ਉਪਾਅ ਸਨ ਉਹਨਾਂ ਵਿੱਚੋਂ ਸਭ ਤੋਂ ਵਧੀਆ ਦੀ ਹੀ ਚੋਣ ਕੀਤੀ ਗਈ ਸੀ।

"ਤੁਸੀਂ, ਮੈਨੂੰ ਯਕੀਨ ਹੈ, ਇਹ ਮੰਨੋਗੇ ਕਿ ਜੇ ਭਾਰਤ ਨੂੰ ਦੋ ਸੁਤੰਤਰ ਦੇਸ਼ਾਂ ਵਿੱਚ ਵੰਡਿਆ ਜਾਂਦਾ ਜਾਂ ਪੰਜਾਬ ਦੀ ਵੰਡ ਕੀਤੀ ਜਾਂਦੀ ਤਾਂ ਦੋਹਾਂ ਵਿੱਚ ਕੋਈ ਵੀ ਢੰਗ ਸਿੱਖਾਂ ਨੂੰ ਸਾਡੇ ਸੁਝਾਏ ਸਿੱਟੇ ਤੋਂ ਘੱਟ ਸਵੀਕਾਰ ਯੋਗ ਹੋਣਾ ਸੀ।" (ਸੈਕਟਰੀ ਔਫ ਸਟੇਟ ਟੂ ਤਾਰਾ ਸਿੰਘ, 1 ਜੂਨ, 1946, ਮਾਸਟਰ ਤਾਰਾ ਸਿੰਘ ਦੀਆਂ ਨਿੱਜੀਆਂ ਫ਼ਾਈਲਾਂ 'ਚੋਂ)

9. ਕਾਰਵਾਈ ਸੰਮਤੀ ਵਿੱਚ ਸ਼ਾਮਿਲ ਦੂਸਰੇ ਮੈਂਬਰਾਂ ਵਿੱਚ ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ, ਬਸੰਤ ਸਿੰਘ ਮੋਗਾ, ਉੱਜਲ ਸਿੰਘ, ਇੰਦਰ ਸਿੰਘ, ਦਰਸ਼ਨ ਸਿੰਘ ਫ਼ੇਰੂਮਾਨ, ਅਜੀਤ ਸਿੰਘ, ਪ੍ਰਤੀਮ ਸਿੰਘ ਗੋਜਰਾਂ, ਈਸ਼ਰ ਸਿੰਘ ਮਝੈਲ, ਭਾਈ ਜੋਧ ਸਿੰਘ, ਸਰਮਖ ਸਿੰਘ ਚਮਕ, ਨਿਧਾਨ ਸਿੰਘ ਆਲਮ (ਨਾਮਧਾਰੀ), ਗਿਆਨੀ ਕਰਤਾਰ ਸਿੰਘ ਤੇ ਬਾਵਾ ਹਰਿਕਿਸ਼ਨ ਸਿੰਘ ਸ਼ਾਮਿਲ ਸਨ।

10. 18 ਜੁਲਾਈ 1946 ਨੂੰ ਸਰ ਸਟਾਫੋਰਡ ਕ੍ਰਿਪਸ ਨੇ ਭਾਰਤ ਵਿੱਚ ਵਜ਼ਾਰਤੀ ਮੰਡਲ ਦੇ ਕੰਮ ਬਾਰੇ ਬਰਤਾਨਵੀ ਪਾਰਲੀਮੈਂਟ ਵਿੱਚ ਲੰਬਾ ਬਿਆਨ ਦਿੱਤਾ। ਸਿੱਖਾਂ ਬਾਰੇ ਬੋਲਦਿਆਂ ਉਸ ਨੇ ਕਿਹਾ, "ਸਾਡੇ ਲਈ ਇਹ ਬੜੇ ਦੁੱਖ ਦੀ ਗੱਲ ਹੈ ਕਿ ਸਿੱਖ ਇਹ ਮਹਿਸੂਸ ਕਰਦੇ ਹਨ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਕਾਂਗਰਸ ਦੀ ਕੈਬਿਨਿਟ ਮਿਸ਼ਨ ਦੀਆਂ ਤਜਵੀਜ਼ਾਂ ਨੂੰ ਅਮਲੀ ਰੂਪ ਦੇਣ ਪ੍ਰਤੀ ਰਜ਼ਾਮੰਦੀ ਵਾਸਤਵਿਤ ਨਾਲੋਂ ਵਿਖਾਵੇ ਮਾਤਰ ਜ਼ਿਆਦਾ ਸੀ। ਇਸ ਦੀ ਵਰਕਿੰਗ ਕਮੇਟੀ ਵੱਲੋਂ ਪੁਸ਼ਟੀ ਕਰਨ ਦੇ ਬਾਵਜੂਦ, ਨਹਿਰੂ, ਜੋ ਇਸ ਦਾ ਪ੍ਰਧਾਨ ਬਣ ਚੁੱਕਾ ਸੀ, ਨੇ ਕਿਹਾ ਕਿ ਭਾਵੇਂ ਕਾਂਗਰਸ 16 ਮਈ ਦੀ ਯੋਜਨਾ ਨਾਲ ਸਹਿਮਤੀ ਪ੍ਰਗਟ ਕਰ ਚੁੱਕੀ ਹੈ ਪਰ ਪ੍ਰਾਂਤਾਂ ਨੂੰ ਸਮੂਹਾਂ 'ਚ ਵੰਡਣ ਦੀ ਸਕੀਮ ਨੂੰ ਕਾਂਗਰਸ ਵੱਲੋਂ ਪ੍ਰਵਾਨ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੈ। ਉਹ ਨਵਾਂ ਸੰਵਿਧਾਨ ਤਿਆਰ ਕਰਨ ਲਈ ਵਧੇਰੇ ਉਤਾਵਲਾ ਸੀ ਪਰ ਸੁਝਾਏ ਅਧਾਰ 'ਤੇ ਅੰਤ੍ਰਿਮ ਸਰਕਾਰ ਵਿੱਚ ਸ਼ਾਮਿਲ ਹੋਣ ਲਈ ਤਿਆਰ ਨਹੀਂ ਸੀ। ਜਿਨਾੱਹ ਨੇ ਇਸ ਨੂੰ 16 ਮਈ ਦੀ ਯੋਜਨਾ ਨੂੰ ਰੱਦ ਕਰਨ ਦੀ ਵਿਉਂਤ ਸਮਝਿਆ। ਉਸ ਨੇ ਅੰਤ੍ਰਿਮ ਸਰਕਾਰ ਬਣਾਉਣ ਦੀ ਪੇਸ਼ਕਸ਼ ਕੀਤੀ ਤੇ ਵਾਇਸਰਾਇ ਵੱਲੋਂ ਉਸ ਨੂੰ ਸੱਦਾ ਪੱਤਰ ਦੇਣ ਵਿੱਚ ਇਨਕਾਰ ਕਰਨ ਦੀ ਸੂਰਤ ਵਿੱਚ ਮੁਸਲਿਮ ਲੀਗ ਵੱਲੋਂ ਸਮੁੱਚੀ ਯੋਜਨਾ ਨੂੰ ਹੀ ਰੱਦ ਕਰਵਾ ਦਿੱਤਾ ਗਿਆ। ਮੁਸਲਿਮ ਲੀਗ ਨੇ ਆਪਣੇ ਮੈਂਬਰਾਂ ਨੂੰ ਕਿਹਾ ਕਿ ਉਹ ਬਰਤਾਨਵੀ ਸਰਕਾਰ ਪ੍ਰਤੀ ਵਿਰੋਧ ਪ੍ਰਗਟ ਕਰਨ ਵਾਸਤੇ ਸਭ "ਖ਼ਿਤਾਬ" ਤਿਆਗ ਦੇਣ ਤੇ "ਸਿੱਧੀ ਕਾਰਵਾਈ" ਕਰਨ ਦੀ ਯੋਜਨਾ ਤਿਆਰ ਕਰ ਲਈ।[11]

ਸਿੱਧੀ ਕਾਰਵਾਈ (ਅਗਲੇ ਕਾਂਡ ਵਿੱਚ ਦੱਸਿਆ ਗਿਆ ਹੈ) ਨਾਲ ਮੁਲਕ ਦੇ ਵੱਖ-ਵੱਖ ਭਾਗਾਂ 'ਚ ਹਿੰਸਾ ਭੜਕ ਉੱਠੀ।

ਬੜੀ ਝਿੱਜਕ ਮਗਰੋਂ ਵਾਇਸਰਾਇ ਨੇ ਇਸ ਉਮੀਦ ਨਾਲ ਕਾਂਗਰਸ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਕਿ ਇਹ ਮੁਸਲਿਮ ਲੀਗ ਨੂੰ ਮਨਾ ਲਵੇਗੀ। ਕਾਂਗਰਸ ਜਿਨਾੱਹ ਨੂੰ ਮਨਾਉਣ ਵਿੱਚ ਤਾਂ ਸਫ਼ਲ ਨਾ ਹੋਈ ਪਰ ਇਸ ਨੇ ਸਿੱਖਾਂ ਨੂੰ ਆਪਣਾ ਵਿਰੋਧ

---

੬ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਕਿ ਉਹਨਾਂ ਨਾਲ ਅਜਿਹਾ ਸਲੂਕ ਨਹੀਂ ਕੀਤਾ ਗਿਆ ਜਿਸ ਦੇ ਉਹ ਇਕ ਮਹੱਤਵਪੂਰਨ ਵਰਗ ਹੋਣ ਕਰਕੇ, ਹੱਕਦਾਰ ਹਨ। ਇਹ ਔਕੜ ਇਸ ਕਰਕੇ ਪੈਦਾ ਨਹੀਂ ਹੋਈ ਕਿ ਕੋਈ ਸਿੱਖ ਫ਼ਿਰਕੇ ਦਾ ਘੱਟ ਮਹੱਤਵ ਸਮਝਦਾ ਹੈ ਸਗੋਂ ਇਹ ਤਾਂ ਭੂਗੋਲਿਕ ਹਕੀਕਤਾਂ 'ਚ ਪੈਦਾ ਹੋਈ ਵਾਸਤਵਿਕ ਮਜਬੂਰੀ ਕਾਰਨ ਹੈ। ਸਿੱਖ ਇਹ ਚਾਹੁੰਦੇ ਹਨ ਕਿ ਉਹਨਾਂ ਨਾਲ ਵੀ ਮੁਸਲਮਾਨਾਂ ਦੇ ਅਨੁਰੂਪ ਹੀ ਵਿਸ਼ੇਸ਼ ਸਲੂਕ ਕੀਤਾ ਜਾਵੇ। ਪ੍ਰੰਤੂ ਸਿੱਖ ਮੁਸਲਮਾਨਾਂ ਦੇ 9 ਕਰੋੜ ਦੇ ਮੁਕਾਬਲੇ 55 ਲੱਖ ਲੋਕਾਂ ਦਾ ਅਤਿਅੰਤ ਛੋਟਾ ਫ਼ਿਰਕਾ ਹੈ ਤੇ ਉਹ ਭੂਗੋਲਿਕ ਤੌਰ 'ਤੇ ਇਸ ਤਰ੍ਹਾਂ ਸਥਿਤ ਹਨ ਕਿ ਉਹਨਾਂ ਦੀ ਮੰਗ ਅਨੁਸਾਰ ਐਸਾ ਇਲਾਕਾ ਘੜਿਆ ਜਾਂ ਉਲੀਕਿਆ ਨਹੀਂ ਜਾ ਸਕਦਾ ਜਿੱਥੇ ਉਹ ਬਹੁ-ਗਿਣਤੀ ਵਿੱਚ ਹੋ ਜਾਣ।" (ਸਟੇਟਸਮੈਨ, 19 ਜੁਲਾਈ, 1946)

11. ਜਿਨਾੱਹ ਨੇ ਇਸ ਗੱਲ ਦਾ ਇਸ਼ਾਰਾ ਕੀਤਾ ਕਿ ਉਸ ਦਾ "ਸਿੱਧੀ ਕਾਰਵਾਈ" ਤੋਂ ਕੀ ਭਾਵ ਸੀ। ਉਸ ਨੇ ਕਿਹਾ, "ਇਸ ਦਿਨ ਤੋਂ ਅਸੀਂ ਸਭ ਸੰਵਿਧਾਨਕ ਢੰਗ ਤਰੀਕਿਆਂ ਨੂੰ ਅਲਵਿਦਾ ਕਹਿੰਦੇ ਹਾਂ। ਇਸ ਦਿਨ ਤੋਂ ਅਸੀਂ ਪਿਸਤੌਲ ਹੱਥ ਵਿੱਚ ਫੜ ਲਿਆ ਹੈ ਤੇ ਇਸ ਨੂੰ ਵਰਤਣ ਲਈ ਤਿਆਰ ਹਾਂ।" 16 ਅਗਸਤ ਨੂੰ "ਸਿੱਧੀ ਕਾਰਵਾਈ ਵਾਲੇ ਦਿਨ ਵਜੋਂ ਮਨਾਇਆ ਜਾਣਾ ਸੀ।

ਤਿਆਗ ਦੇਣ ਲਈ ਮਨਾ ਲਿਆ।[12] 2 ਸਤੰਬਰ, 1946 ਨੂੰ ਨਹਿਰੂ ਦੇ ਮੰਤਰੀ ਮੰਡਲ ਨੂੰ ਸਹੁੰ ਚੁੱਕਾ ਦਿੱਤੀ ਗਈ। ਬਲਦੇਵ ਸਿੰਘ ਨੇ ਰੱਖਿਆ ਵਿਭਾਗ ਸਾਂਭ ਲਿਆ। ਕੁਝ ਹਫ਼ਤੇ ਮਗਰੋਂ ਜਦੋਂ ਹਿੰਦੂ-ਮੁਸਲਿਮ ਫ਼ਸਾਦ ਭੜਕ ਉੱਠੇ ਤਾਂ ਲੀਗ ਨੇ ਵੀ ਸਰਕਾਰ ਵਿੱਚ ਸ਼ਾਮਿਲ ਹੋਣ ਦਾ ਫ਼ੈਸਲਾ ਕਰ ਲਿਆ। ਸਰਕਾਰ ਦਾ 26 ਅਕਤੂਬਰ 1946 ਨੂੰ ਪੁਨਰ-ਗਠਨ ਕੀਤਾ ਗਿਆ। ਵਾਇਸਰਾਇ ਨੇ ਸ਼ਾਂਤੀ ਕਾਇਮ ਕਰਨ ਲਈ ਤੇ ਦੋਹਾਂ ਰਾਜਸੀ ਪਾਰਟੀਆਂ ਦੀ ਸਹਿਮਤੀ ਦਾ ਘੇਰਾ ਵਧਾਉਣ ਲਈ ਆਪਣੀਆਂ ਜ਼ੋਰਦਾਰ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਕਾਂਗਰਸ, ਲੀਗ ਦੇ ਨੇਤਾ ਅਤੇ ਬਲਦੇਵ ਸਿੰਘ ਨੂੰ ਲੰਡਨ ਬੁਲਾਇਆ ਗਿਆ। ਇਸ ਸਮਾਗਮ ਦਾ ਮਨੋਰਥ ਕਾਨੂੰਨਸਾਜ਼ ਅਸੈਂਬਲੀ ਵਿੱਚ ਸਾਰੀਆਂ ਧਿਰਾਂ ਦਾ ਸਹਿਯੋਗ ਪ੍ਰਾਪਤ ਕਰਨਾ ਸੀ ਜਿਸ ਵਿੱਚ ਲੀਗ ਨੇ ਸ਼ਾਮਿਲ ਹੋਣ ਦੀ ਅਸਹਿਮਤੀ ਪ੍ਰਗਟ ਕੀਤੀ ਸੀ। ਝਗੜੇ ਦੀ ਜੜ੍ਹ ਪ੍ਰਾਂਤਾਂ ਦੇ ਸਮੂਹ ਬਣਾਉਣ ਦੀ ਆਪੋ ਆਪਣੀ ਵਿਆਖਿਆ ਦਾ ਸੁਆਲ ਸੀ। ਕਾਂਗਰਸ ਕੈਬਿਨਿਟ ਮਿਸ਼ਨ ਦੀ ਵਿਆਖਿਆ ਨੂੰ ਪ੍ਰਵਾਨ ਕਰਨ ਦੇ ਸਮਰੱਥ ਨਹੀਂ ਸੀ ਜਿਸ ਨੂੰ ਮੁਸਲਿਮ ਲੀਗ ਨੇ ਪ੍ਰਵਾਨ ਕਰ ਲਿਆ ਸੀ। ਇਸ ਲਈ ਬਰਤਾਨਵੀ ਸਰਕਾਰ ਵੱਲੋਂ ਵਿਚਾਰ ਵਟਾਂਦਰੇ ਦੇ ਅੰਤ ਤੇ ਇਕ ਬਿਆਨ ਜਾਰੀ ਕੀਤਾ ਗਿਆ ਜਿਸ ਵਿੱਚ ਕਿਹਾ ਗਿਆ ਕਿ ਇਹ ਧਾਰਾਵਾਂ ਯੋਜਨਾ ਦਾ ਅਨਿੱਖੜਵਾਂ ਅੰਗ ਹਨ ਤੇ ਇਹ ਉਮੀਦ ਪ੍ਰਗਟ ਕੀਤੀ ਗਈ ਕਿ ਮੁਸਲਿਮ ਲੀਗ ਵੀ ਸਹੀ ਰਾਹ 'ਤੇ ਆ ਕੇ ਕਾਨੂੰਨਸਾਜ਼ ਅਸੈਂਬਲੀ ਵਿੱਚ ਹਿੱਸਾ ਲੈਣ ਲਈ ਕਾਂਗਰਸ ਵਾਂਗ ਹੀ ਸਹਿਮਤ ਹੋ ਜਾਵੇਗੀ ਤੇ ਵਿਆਖਿਆ ਦਾ ਕਾਰਜ ਸੰਘ ਅਦਾਲਤ ਲਈ ਛੱਡ ਦੇਵੇਗੀ। ਜਦੋਂ ਤਿੰਨ ਦਿਨ ਮਗਰੋਂ ਕਾਨੂੰਨਸਾਜ਼ ਅਸੈਂਬਲੀ ਦਾ ਇਜਲਾਸ ਹੋਇਆ ਤਾਂ ਮੁਸਲਿਮ ਲੀਗ ਦੇ ਮੈਂਬਰ ਇਸ ਵਿੱਚ ਹਾਜ਼ਰ ਨਹੀਂ ਸਨ। ਇਹਨਾਂ ਘਟਨਾਵਾਂ ਨੇ "ਪਾਕਿਸਤਾਨੀ ਜੁੱਟ" ਦੇ ਪ੍ਰਾਂਤਾਂ ਵਿੱਚ ਘੱਟ-ਗਿਣਤੀਆਂ ਦੀ ਘਬਰਾਹਟ ਵਧਾ ਦਿੱਤੀ ਤੇ ਉਹਨਾਂ ਨੇ ਆਸਾਮ, ਬੰਗਾਲ ਤੇ ਪੰਜਾਬ ਵਿੱਚ ਆਪਣੇ ਆਪ ਨੂੰ ਜੱਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਸਿੱਖਾਂ ਨੇ ਪੰਜਾਬ ਵਿੱਚ ਉਹੋ ਜਿਹੇ ਸੁਰੱਖਿਆ ਪ੍ਰਬੰਧਾਂ ਦੀ ਮੰਗ ਕੀਤੀ ਜਿਹੋ ਜਿਹੇ ਮੁਸਲਿਮ ਲੀਗ ਨੂੰ ਕਾਨੂੰਨ ਸਾਜ਼ ਅਸੈਂਬਲੀ ਵਿੱਚ ਪ੍ਰਾਪਤ ਸਨ ਤੇ ਉਹਨਾਂ ਨੇ ਆਪਣੇ ਪ੍ਰਾਂਤ ਦੀ ਨਵੇਂ ਸਿਰੇ ਤੋਂ ਵੰਡ ਦੀ ਮੰਗ ਕਰਨ ਦਾ ਫ਼ੈਸਲਾ ਕਰ ਲਿਆ।[13]

---

12. 14 ਅਗਸਤ 1946 ਨੂੰ ਪੰਥਕ ਬੋਰਡ ਦੇ ਇਕ ਸਮਾਗਮ ਵਿੱਚ ਫ਼ੈਸਲਾ ਕੀਤਾ ਗਿਆ ਕਿ 16 ਮਈ ਦੇ ਬਿਆਨ ਨੂੰ ਪ੍ਰਵਾਨ ਕਰਨ ਵਾਲੀ ਕਾਂਗਰਸ ਦੀ ਬੇਨਤੀ ਦਾ ਉੱਚਿਤ ਹੁੰਗਾਰਾ ਭਰੇਗੀ ਤੇ ਸਵੀਕਾਰ ਕਰ ਲਵੇਗੀ। ਇਸ ਨੇ ਇਸ ਤਰ੍ਹਾਂ ਕੀਤਾ ਜ਼ਰੂਰ ਪਰ ਕਮਿਸ਼ਨ ਦੀਆਂ ਤਜਵੀਜ਼ਾਂ ਬਾਰੇ ਜ਼ਬਰਦਸਤ ਵਿਰੋਧ ਦਾ ਹੱਕ ਰਾਖਵਾਂ ਰੱਖਿਆ। ਬੋਰਡ ਨੇ ਪੰਜਾਬ ਅਸੈਂਬਲੀ ਦੇ ਸਿੱਖ ਮੈਂਬਰਾਂ ਨੂੰ ਸਲਾਹ ਦਿੱਤੀ ਕਿ ਉਹ ਕਾਨੂੰਨਸਾਜ਼ ਅਸੈਂਬਲੀ ਲਈ ਪ੍ਰਤੀਨਿਧਾਂ ਦੀ ਚੋਣ ਕਰਨ।
13. ਕਾਨੂੰਨਸਾਜ਼ ਅਸੈਂਬਲੀ ਲਈ ਚਾਰ ਚੁਣੇ ਗਏ ਸਿੱਖਾਂ ਨੇ, ਜਿਨ੍ਹਾਂ ਨੇ ਪਹਿਲਾਂ ਕਾਰਵਾਈ ਤੋਂ ਵੱਖ ਰਹਿਣ ਦਾ ਫ਼ੈਸਲਾ ਕੀਤਾ ਸੀ, ਹੁਣ ਕਾਂਗਰਸ ਨੇਤਾਵਾਂ ਤੋਂ ਭਰੋਸਾ ਮਿਲਣ 'ਤੇ ਆਪਣੀਆਂ ਸੀਟਾਂ ਗ੍ਰਹਿਣ ਕਰਨ ਲਈ ਸਹਿਮਤ ਹੋ ਗਏ। 17 ਜਨਵਰੀ, 1947 ਨੂੰ ਗਿਆਨੀ ਕਰਤਾਰ ਸਿੰਘ ਤੇ ਉੱਜਲ ਸਿੰਘ ਨੇ ਅਖ਼ਬਾਰ ਨਵੀਸਾਂ ਨੂੰ ਵਿਸਥਾਰ ਨਾਲ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਇਸ ਦੌਰਾਨ ਕਾਂਗਰਸ ਵਰਕਿੰਗ ਕਮੇਟੀ ਨੇ 5 ਜਨਵਰੀ 1947 ਨੂੰ ਇਕ ਮਤਾ ਪਾਸ ਕਰ ਦਿੱਤਾ ਜਿਸ ਵਿੱਚ ਉਸ ਨੇ ਬਰਤਾਨਵੀ ਸਰਕਾਰ ਦੀ ਵਿਵਾਦੀ ਧਾਰਾਵਾਂ ਬਾਰੇ ਵਿਆਖਿਆ ਅਨੁਸਾਰ ਕਾਰਜ ਕਰਨ ਲਈ ਸਹਿਮਤੀ ਪ੍ਰਗਟ ਕੀਤੀ। ਬਾਕੀ ਦੇ ਮਤੇ ਵਿੱਚ ਮਸ਼ਰੂਤ ਧਾਰਾਵਾਂ ਤੋਂ ਮੁਸਲਿਮ ਲੀਗ ਨੇ ਇਹ ਨਤੀਜਾ ਕੱਢਿਆ ਕਿ ਕਾਂਗਰਸ ਦਾ ਕਥਿਤਾ ਸਮਝੌਤੇ ਨੂੰ ਅਮਲ ਵਿੱਚ ਲਿਆਉਣ ਦਾ ਕੋਈ ਇਰਾਦਾ ਨਹੀਂ ਸੀ। ਮੁਸਲਿਮ ਲੀਗ ਨੇ ਕਾਂਗਰਸ 'ਤੇ ਦੋਸ਼ ਲਾਇਆ ਕਿ ਉਹ ਕਾਨੂੰਨਸਾਜ਼ ਅਸੈਂਬਲੀ ਨੂੰ ਇਕ "ਰਹਿੰਦ ਖੂੰਹਦ" ਪਾਰਲੀਮੈਂਟ ਬਣਾਉਣਾ ਚਾਹੁੰਦੀ ਹੈ। ਉਸ ਨੇ ਇਸ ਨੂੰ ਭੰਗ ਕਰਨ ਦੀ ਮੰਗ ਕਰ ਦਿੱਤੀ। ਕਾਂਗਰਸ ਨੇ ਲੀਗ ਦੇ ਕਾਨੂੰਨਸਾਜ਼ ਅਸੈਂਬਲੀ 'ਚੋਂ ਗੈਰ-ਹਾਜ਼ਰ ਰਹਿਣ ਦੀ ਸੂਰਤ ਵਿੱਚ, ਮੁਸਲਿਮ ਲੀਗੀਆਂ ਤੋਂ ਅੰਤ੍ਰਿਮ ਸਰਕਾਰ ਵਿੱਚੋਂ ਤਿਆਗ ਪੱਤਰ ਦੇਣ ਦੀ ਮੰਗ ਕਰ ਦਿੱਤੀ। ਲਾਰਡ ਵੇਵਲ ਨੇ ਭਾਰਤੀ ਨੇਤਾਵਾਂ ਨੂੰ ਚੇਤਾਵਨੀ ਦਿੱਤੀ ਕਿ ਮੁਲਕ ਅੰਦਰ ਝਗੜੇ ਫ਼ਸਾਦ ਇੰਨੇ ਵੱਧ ਗਏ ਹਨ ਕਿ ਪੁਲਿਸ ਤੇ ਸੈਨਾ ਹੁਣ ਨਿਰਪੱਖ ਹੋ ਕੇ ਕਾਰਜ ਕਰਨ ਦੇ ਸਮਰੱਥ ਨਹੀਂ ਰਹੀ।

ਗਤੀਰੋਧ ਹੋ ਜਾਣ ਕਾਰਨ 20 ਜਨਵਰੀ 1947 ਨੂੰ ਐਟਲੀ ਨੇ ਪਾਰਲੀਮੈਂਟ ਵਿੱਚ ਐਲਾਨ ਕਰਦਿੱਤਾ ਕਿ ਬਰਤਾਨਵੀ ਸਰਕਾਰ ਜੂਨ, 1948 ਤੱਕ ਭਾਰਤ ਵਿੱਚੋਂ ਦਸਤਬਰਦਾਰ (ਸੱਤਾ ਛੱਡ ਦੇਵੇਗੀ) ਹੋ ਜਾਵੇਗੀ।

ਲਾਰਡ ਵੇਵਲ ਦੀ ਥਾਂ ਲਾਰਡ ਮਾਊਂਟ ਬੈਟਨ ਵਾਇਸਰਾਇ ਵਜੋਂ ਪਦ ਸੰਭਾਲ ਕੇ ਸੱਤਾ ਸੌਂਪ ਦੇਣ ਦਾ ਪ੍ਰਬੰਧ ਕਰੇਗਾ। ਐਟਲੀ ਨੇ ਆਸ ਪ੍ਰਗਟ ਕੀਤੀ ਕਿ ਜ਼ਰੂਰਤ ਦੋਹਾਂ ਵਿਰੋਧੀ ਧਿਰਾਂ 'ਚ ਜ਼ਿੰਮੇਵਾਰੀ ਪੈਦਾ ਕਰੇਗੀ ਤੇ ਉਹਨਾਂ ਨੂੰ ਸਮਝੌਤੇ 'ਤੇ ਪਹੁੰਚਣ ਲਈ ਮਜਬੂਰ ਕਰੇਗੀ।

ਜਦੋਂ ਸਿਆਸੀ ਪਾਰਟੀਆਂ ਵਿੱਚ ਗੈਰ ਰਸਮੀ ਮੁੱਢਲੀ ਗੱਲਬਾਤ ਚੱਲ ਰਹੀ ਸੀ ਤਾਂ ਭਾਰਤ ਵਿੱਚ ਸੰਪ੍ਰਦਾਇਕ ਹਿੰਸਾ ਨੇ ਗੈਰ੍ਹ ਯੁੱਧ ਦਾ ਰੂਪ ਧਾਰਨ ਕਰ ਲਿਆ। ਸਾਨੂੰ ਇਸ ਦੇ ਕਾਰਨ ਜਾਣਨ ਵੱਲ ਜ਼ਰੂਰ ਧਿਆਨ ਦੇਣ ਲਈ ਪਿੱਛੇ ਪਰਤਣਾ ਪਏਗਾ।

☞ (ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)
ਦੱਸਦਿਆਂ ਕਿਹਾ ਕਿ ਉਹ "ਵੀਟੋ" ਦਾ ਜੋ ਹੱਕ ਮੰਗ ਰਹੇ ਹਨ, ਇਹ ਦਾ ਭਾਵ ਇਹੋ ਹੈ ਕਿ ਸਿੱਖਾਂ ਨੂੰ ਪ੍ਰਭਾਵਿਤ ਕਰਨ ਵਾਲਾ ਕੋਈ ਵੀ ਨਿਰਣਾ ਉਹਨਾਂ ਦੀ ਮਰਜ਼ੀ ਤੋਂ ਬਿਨਾ ਨਾ ਲਿਆ ਜਾਵੇ। ਪੰਜ ਦਿਨ ਮਗਰੋਂ ਗਿਆਨੀ ਕਰਤਾਰ ਸਿੰਘ, ਉੱਜਲ ਸਿੰਘ ਤੇ ਹਰਨਾਮ ਸਿੰਘ ਲਾਰਡ ਵੇਵਲ ਨੂੰ ਮਿਲੇ ਤੇ ਉਸ ਤੋਂ ਮੰਗ ਕੀਤੀ ਕਿ ਉਹਨਾਂ ਨੂੰ ਤਜਵੀਜ਼ ਸ਼ੁਦਾ ਪ੍ਰਾਂਤਾਂ ਦੇ ਸਮੂਹ ਵਿੱਚ 'ਅ' ਸਮੂਹ ਦੇ ਕਾਨੂੰਨਾਂ ਨੂੰ 'ਵੀਟੋ' ਕਰਨ ਦਾ ਅਧਿਕਾਰ ਦਿੱਤਾ ਜਾਵੇ। (ਟ੍ਰਿਬਿਊਨ, 23 ਜਨਵਰੀ, 1947) 5 ਜਨਵਰੀ 1947 ਨੂੰ ਕਾਂਗਰਸ ਨੇ ਆਪਣੇ ਦਿੱਲੀ ਸਮਾਗਮ ਵਿੱਚ ਘੱਟ ਗਿਣਤੀਆਂ ਖ਼ਾਸ ਕਰਕੇ ਸਿੱਖਾਂ ਨੂੰ ਫਿਰ ਭਰੋਸਾ ਦਿੱਤਾ।

ਕਾਂਡ—17

ਨਾਗਰਿਕ (ਗੈਰ ਫ਼ੌਜੀ) ਝਗੜੇ, ਹਿਜਰਤ ਤੇ ਪੁਨਰ-ਵਾਸ

ਆਰੰਭ—ਭਾਰਤ ਵਰਗੇ ਗਰੀਬ ਤੇ ਵੱਧ ਅਬਾਦੀ ਵਾਲੇ ਮੁਲਕ ਵਿੱਚ ਜਿੱਥੇ ਲੋਕ ਧਰਮ, ਸਭਿਆਚਾਰ ਤੇ ਰਹਿਣ-ਸਹਿਣ ਦੇ ਢੰਗਾਂ ਵਿੱਚ ਵੱਖਰੇ-ਵੱਖਰੇ ਹੋਣ, ਉੱਥੇ ਉਹਨਾਂ ਦੇ ਵੱਖ-ਵੱਖ ਗੁੱਟਾਂ ਦੇ ਟਕਰਾਓ ਦੀ ਸੰਭਾਵਨਾ ਬਣੀ ਹੀ ਰਹਿੰਦੀ ਹੈ। ਉੱਤਰ ਵਿੱਚ ਮੁੱਢਲੇ ਇਸਲਾਮੀ ਹਮਲਿਆਂ ਦੇ ਵੇਲੇ ਤੋਂ ਹੀ ਇਕ ਪਾਸੇ ਹਮਲਾਵਰਾਂ ਤੇ ਉਹਨਾਂ ਦੇ ਸਮਰਥਕਾਂ ਤੇ ਦੂਸਰੇ ਪਾਸੇ ਸੁਦੇਸ਼ੀ ਲੋਕਾਂ ਵਿੱਚ ਸੰਪ੍ਰਦਾਇਕ ਝਗੜੇ ਵੱਧਦੇ ਰਹੇ। ਕੁਝ ਪ੍ਰਬੁੱਧ ਹਾਕਮਾਂ ਨੇ ਇਹਨਾਂ ਦੇ ਮੱਤ-ਭੇਦਾਂ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਤੇ ਰਣਜੀਤ ਸਿੰਘ ਜਿਹੇ ਕੁਝ ਆਰਜ਼ੀ ਤੌਰ 'ਤੇ ਥੋੜ੍ਹੇ ਸਮੇਂ ਲਈ ਸਫ਼ਲ ਵੀ ਹੋਏ। ਪ੍ਰੰਤੂ ਬਹੁਤਿਆਂ ਨੇ ਜਾਂ ਤਾਂ ਆਪਣਾ ਧਰਮ ਥੋਪਿਆ ਜਾਂ ਅੰਗਰੇਜ਼ਾਂ ਵਾਂਗ ਇਹਨਾਂ ਮਤਭੇਦਾਂ ਨੂੰ ਬੜੀ ਚਾਲਾਕੀ ਨਾਲ ਆਪਣੇ ਹਿੱਤ ਵਿੱਚ ਵਰਤਿਆ। ਜੇ ਕਦੇ ਬਕਰੀਦ ਦਾ ਤਿਉਹਾਰ, ਜਦੋਂ ਮੁਸਲਮਾਨ ਭੇਡਾਂ-ਬੱਕਰੀਆਂ ਦੀ ਥਾਂ ਗਊਆਂ ਹਲਾਲ ਕਰਦੇ ਸਨ, ਗਊ ਦੀ ਪੂਜਾ ਕਰਨ ਵਾਲੇ ਹਿੰਦੂਆਂ ਸਿੱਖਾਂ ਦੇ ਵਿਰੋਧ ਬਿਨਾਂ ਲੰਘ ਜਾਂਦਾ ਸੀ ਤਾਂ ਇਹ ਖ਼ੁਸ਼ਕਿਸਮਤੀ ਵਾਲੀ ਗੱਲ ਹੁੰਦੀ ਸੀ। ਕੋਈ ਘੱਟ ਹੀ ਮੌਕਾ ਹੁੰਦਾ ਸੀ ਕਿ ਜਦੋਂ ਹਿੰਦੂਆਂ-ਸਿੱਖਾਂ ਦੇ ਸ਼ੋਰੀਲੇ ਜਲੂਸ ਮੁਸਲਮਾਨਾਂ ਨੂੰ ਚਿੜਾਉਣ ਲਈ ਮਸੀਤ ਕੋਲੋਂ ਜਾਣ ਬੁੱਝ ਕੇ ਕੱਢੇ ਜਾਂਦੇ ਸਨ, ਉਹ ਮੁਸਲਮਾਨਾਂ ਦਾ ਗੁੱਸਾ ਭੜਕਾਉਣ ਵਿੱਚ ਕਾਮਯਾਬ ਨਾ ਹੋਣ ਤੇ ਉਹਨਾਂ ਉਪਰ ਪੱਥਰ-ਬਾਜ਼ੀ ਨਾ ਹੋਵੇ।

ਪੰਜਾਬ ਵਿੱਚ 1920 ਤੇ 1930 ਦੇ ਦਹਾਕੇ ਧਾਰਮਿਕ ਝਗੜਿਆਂ ਤੇ ਤਨਾਵਾਂ ਪੱਖੋਂ ਬੜੇ ਮੰਦ-ਭਾਗੇ ਸਨ। ਆਰੀਆ ਸਮਾਜ ਦੀ ਸ਼ੁੱਧੀ ਦੀ ਲਹਿਰ ਦਾ ਮੁਕਾਬਲਾ ਮੁਸਲਮਾਨਾਂ ਦੀ ਤਨਜ਼ੀਮ ਨਾਲ ਸੀ। ਸਿੱਖਾਂ ਤੇ ਮੁਸਲਮਾਨਾਂ ਦੇ ਸਬੰਧ ਸ਼ਹੀਦਗੰਜ ਦੇ ਝਗੜੇ ਕਾਰਨ ਬੜੇ ਤਲਖ਼ ਹੋ ਗਏ ਸਨ ਜਿਸ ਬਾਰੇ ਮੁਸਲਮਾਨ ਦਾਅਵਾ ਕਰਦੇ ਸਨ ਕਿ ਇਹ ਮਸਜਿਦ ਹੈ ਤੇ ਸਿੱਖਾਂ ਦਾ ਦਾਅਵਾ ਸੀ ਕਿ ਇਹ ਗੁਰਦੁਆਰਾ ਸੀ। ਸਿੱਖ ਇਹ ਮੁਕੱਦਮਾ ਜਿੱਤ ਗਏ ਤੇ ਉਹਨਾਂ ਨੇ ਪੁਰਾਣੀ ਮਸਜਿਦ ਦੇ ਬਚੇ-ਖੁਚੇ ਹਿੱਸੇ ਢਾਹ ਦਿੱਤੇ, ਜਿਸ ਨਾਲ ਮੁਸਲਮਾਨਾਂ ਨੂੰ ਬਹੁਤ ਦੁੱਖ ਹੋਇਆ। ਸਿੱਖਾਂ ਦੇ ਲੰਬੀਆਂ ਕਿਰਪਾਨਾਂ ਪਹਿਨਣ ਦੀ ਜ਼ਿੱਦ ਕਾਰਨ ਮੁਸਲਮਾਨ ਹੋਰ ਭੜਕੇ। ਇਹਨਾਂ ਦਹਾਕਿਆਂ ਵਿੱਚ ਸੰਪ੍ਰਦਾਇਕ ਦਲਾਂ ਜਿਵੇਂ ਹਿੰਦੂਆਂ ਦੀ ਆਰ.ਐਸ.ਐਸ., ਮੁਸਲਿਮ ਖਾਕਸਾਰਾਂ, ਤੇ ਸਿੱਖ ਦਲਾਂ ਦਾ ਕਾਫ਼ੀ ਉਭਾਰ ਹੋਇਆ।

ਸੰਪ੍ਰਦਾਇਕ ਹਿੰਸਾ ਪੇਂਡੂ ਖੇਤਰਾਂ ਨਾਲੋਂ ਸ਼ਹਿਰੀ ਖੇਤਰਾਂ ਵਿੱਚ ਵਧੇਰੇ ਸਪੱਸ਼ਟ ਸੀ। ਪਿੰਡ ਵਧੇਰੇ ਕਰਕੇ ਇਕੋ ਹੀ ਫ਼ਿਰਕੇ ਦੇ ਹੁੰਦੇ ਸਨ ਤੇ ਖੁੱਲ੍ਹੇ ਪੇਂਡੂ ਖੇਤਰਾਂ ਵਿੱਚ ਸ਼ਹਿਰ ਦੇ ਭੀੜ ਭੜੱਕੇ ਵਾਲੇ ਬਜ਼ਾਰਾਂ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਲੰਘਣ ਦੀ ਤੇ ਖਹਿਬਾਜ਼ੀ

ਵਰਗੀ ਕੋਈ ਚੀਜ਼ ਨਹੀਂ ਸੀ। ਅਵਿਸ਼ਵਾਸ਼ ਦੀ ਪ੍ਰੰਪਰਾ ਦੇ ਬਾਵਜੂਦ ਪੇਂਡੂ ਭਾਈਚਾਰੇ ਸ਼ਾਂਤੀ ਨਾਲ ਮਿਲਕੇ ਰਹਿੰਦੇ ਸਨ ਤੇ ਉਹਨਾਂ ਨੇ ਇਕਸੁਰਤਾ ਦਾ ਢਾਂਚਾ ਵੀ ਅਪਨਾਇਆ ਹੋਇਆ ਸੀ, ਜਿਸ ਨਾਲ ਸਾਂਝ ਦਾ ਢੌਂਗ ਬਣਿਆ ਰਹਿੰਦਾ ਸੀ। ਪਰ ਪਿੰਡਾਂ ਵਿੱਚ ਇਕ-ਦੂਸਰੇ ਦੀ ਨੀਤੀ ਤੇ ਮਨੋਰਥਾਂ ਬਾਰੇ ਸ਼ੱਕ ਪੂਰੀ ਤਰ੍ਹਾਂ ਕਦੇ ਵੀ ਖ਼ਤਮ ਨਹੀਂ ਹੋਇਆ ਸੀ। ਬਰਾਦਰਾਨਾ ਜੱਫ਼ੀ ਵਿੱਚੋਂ ਖੰਜਰ ਦਾ ਡਰ ਲੁਕਿਆ ਹੁੰਦਾ ਸੀ। ਇਸ ਕਿਸਮ ਦੀ ਮਨੋਸਥਿਤੀ ਨੇ ਹੀ ਜਿਨਾੱਹ ਨੂੰ ਇਹ ਸਿਧਾਂਤ ਗ੍ਰਹਿਣ ਕਰਨ ਦਾ ਅਧਾਰ ਦਿੱਤਾ ਹੈ। ਭਾਰਤੀ ਇਕ ਕੌਮ ਨਹੀਂ ਸਗੋਂ ਮੁਸਲਿਮ ਤੇ ਗੈਰ-ਮੁਸਲਿਮ ਦੋ ਕੌਮਾਂ ਹਨ ਤੇ ਇਹ ਇਸ ਕਿਸਮ ਦੀ ਸੋਚ ਹੀ ਸੀ ਜੋ 1940 ਵਿਆਂ ਵਿੱਚ ਭਾਰਤੀਆਂ ਦੀ ਬੁੱਧੀ ਨੂੰ ਕਾਬੂ ਕਰੀ ਬੈਠੀ ਸੀ।

1946-47 ਦੇ ਫ਼ਿਰਕੂ ਫ਼ਸਾਦ ਪਹਿਲਾਂ ਹੋਏ ਹਰ ਕਿਸਮ ਦੇ ਫ਼ਸਾਦਾਂ ਨਾਲੋਂ ਬਿਲਕੁਲ ਵੱਖਰੇ ਸਨ। ਉਸ ਸਮੇਂ ਤੱਕ ਤਾਂ ਇਕ-ਦੂਸਰੇ 'ਤੇ ਲਾਠੀ ਮਾਰਨੀ ਜਾਂ ਪਿੱਠ ਪਿੱਛੋਂ ਛੁਰਾ ਮਾਰਨਾ ਜਾਂ ਉਪਰਲੀ ਛੱਤ ਤੋਂ ਖੜੋ ਕੇ ਤੇਜ਼ਾਬ ਦੀ ਬੋਤਲ ਸੁੱਟ ਦੇਣ ਦੇ ਛੋਟੇ-ਮੋਟੇ ਝਗੜੇ ਹੀ ਹੁੰਦੇ ਸਨ। ਕਦੇ ਘੱਟ ਹੀ ਬੰਦੂਕਾਂ ਦੀ ਵਰਤੋਂ ਕੀਤੀ ਜਾਂਦੀ ਸੀ। ਲੋਕਾਂ ਦੇ ਸੱਟਾਂ ਲੱਗਦੀਆਂ ਸਨ ਤੇ ਕਈ ਵਾਰ ਉਹ ਜ਼ਖ਼ਮਾਂ ਕਰਕੇ ਮਰ ਵੀ ਜਾਂਦੇ ਸਨ। ਇਸਤਰੀਆਂ ਨਾਲ ਘੱਟ ਹੀ ਛੇੜਛਾੜ ਕਰਕੇ ਉਹਨਾਂ ਨੂੰ ਤੰਗ ਕੀਤਾ ਜਾਂਦਾ ਸੀ। ਬਿਰਧਾਂ ਤੇ ਬੱਚਿਆਂ ਨੂੰ ਉੱਕਾ ਹੀ ਖ਼ਿਮਾ ਕਰ ਦਿੱਤਾ ਜਾਂਦਾ ਸੀ। ਲੜਾਈ-ਝਗੜਾ ਜਾਂ ਤਕਰਾਰ ਮਗਰੋਂ ਸਹੁੰਆਂ ਸੁਗੰਧਾ ਖਾ ਕੇ ਮੁੜ ਕੇ ਲੜਾਈ-ਝਗੜਾ ਨਾ ਕਰਨ ਦਾ ਪਛਤਾਵਾ ਕੀਤਾ ਜਾਂਦਾ ਸੀ।

ਪਰ ਇਸ ਦੇ ਉਲਟ ਜੋ 1946 ਤੇ 1947 ਵਿੱਚ ਵਾਪਰਿਆ, ਉਸ ਨੂੰ ਕਤਲਿ-ਆਮ ਹੀ ਕਿਹਾ ਜਾ ਸਕਦਾ ਹੈ। ਕਿਸੇ ਨਾਲ ਵੀ ਲਿੰਗ ਜਾਂ ਉਮਰ ਕਾਰਨ ਲਿਹਾਜ਼ ਨਾ ਕੀਤਾ ਗਿਆ। ਪਹਿਲਾਂ ਫ਼ਸਾਦ ਗੁੰਡੇ ਹੀ ਕਰਦੇ ਸਨ ਜਿਵੇਂ ਉਹਨਾਂ ਦੀ ਅਜਾਰੇਦਾਰੀ ਹੋਵੇ। 1946-47 ਦੇ ਕਤਲੇਆਮਾਂ ਪਿੱਛੇ ਸਿਆਸਤਦਾਨਾਂ ਦੇ ਦਿਮਾਗ਼ ਸਨ ਤੇ ਸਮਾਜ ਦੇ ਸਾਰੇ ਵਰਗਾਂ ਦੇ ਦਲ ਸਟੇਨਗੰਨਾਂ ਤੇ ਗਰਨੇਡਾਂ ਨਾਲ ਲੈਸ ਹੋ ਕੇ ਇਹਨਾਂ ਨੂੰ ਅਮਲੀ ਜਾਮਾ ਪਹਿਨਾਉਂਦੇ ਸਨ। ਇਸ ਦਾ ਕਾਰਨ ਸਦਾ ਇਕ ਹੀ ਹੁੰਦਾ ਸੀ। ਵਿਰੋਧੀ ਦੂਸਰੀ ਧਿਰ 'ਤੇ ਝਗੜਾ ਛੇੜਨ ਦਾ ਇਲਜ਼ਾਮ ਲਾਉਂਦੇ ਤੇ ਆਪਣੇ ਆਪ ਨੂੰ ਇਸ ਬਹਾਨੇ ਨਿਰਦੋਸ਼ ਠਹਿਰਾਉਂਦੇ ਕਿ ਉਹਨਾਂ ਨੇ ਤਾਂ ਜਵਾਬੀ ਕਾਰਵਾਈ ਕੀਤੀ ਸੀ।[1]

---

1. ਭਵਿੱਖ ਵਿੱਚ ਇਤਿਹਾਸਕਾਰ ਜਦੋਂ ਦਸਤਾਵੇਜ਼ਾਂ ਦੀ ਛਾਣ-ਬੀਨ ਕਰੇਗਾ ਤਾਂ ਉਹ ਕਈ ਆਪਾ ਵਿਰੋਧੀ ਕਥਨਾਂ ਦਾ ਸਾਹਮਣਾ ਕਰੇਗਾ। ਉਹਦੇ ਕੋਲ ਇਕੋ ਇਕ ਰਸਤਾ ਹਿੰਦੂਆਂ-ਸਿੱਖਾਂ ਤੇ ਮੁਸਲਮਾਨਾਂ ਦੀ ਇਸੇ ਵਿਸ਼ੇ 'ਤੇ ਸਾਹਿੱਤ ਦਾ ਨਿਰੀਖਣ ਕਰਨਾ ਹੋਵੇਗਾ ਤੇ ਫਿਰ ਉਸ ਨੂੰ ਅੰਗਰੇਜ਼ਾਂ ਦੀ "ਨਿਰਪੱਖਤਾ" ਬਾਰੇ ਵਿਚਾਰ ਬਣਾਉਣਾ ਪਵੇਗਾ। ਹਿੰਦੂ-ਸਿੱਖਾਂ ਦੇ ਦ੍ਰਿਸ਼ਟੀਕੋਣ ਨੂੰ ਜਾਣਨ ਲਈ ਜੀ.ਡੀ. ਖੋਸਲੇ ਦੀ "Stern Reckoning" (ਕਠੋਰ ਲੇਖਾ ਜੋਖਾ), ਫ਼ਸਾਦਾਂ ਬਾਰੇ ਭਾਰਤ ਸਰਕਾਰ ਦਾ ਵੇਰਵਾ ਵੀ ਵੈਸਾ ਹੀ ਹੈ, ਤੇ ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਛਾਪੀ ਗਈ "1947 ਵਿੱਚ ਸਿੱਖਾਂ ਤੇ ਹਿੰਦੂਆਂ ਉਪਰ ਮੁਸਲਿਮ ਲੀਗ 'ਤੇ ਹਮਲੇ" ਪੜ੍ਹਨੀ ਹੋਵੇਗੀ। ਮੁਸਲਮਾਨਾਂ ਦਾ ਤੇ ਪਾਕਿਸਤਾਨੀ ਪੱਖ ਜਾਣਨ ਲਈ ਵੇਖੋ "ਇੰਟੈਲੀਜੈਂਸ ਰਿਪੋਰਟਸ ਕਨਸਰਨਿੰਗ ਦੀ ਟਰਾਈਬਲ ਰੇਪਰਕਸ਼ਨਜ਼ ਆਨ ਦੀ ਈਵੈਂਟਸ ਇਨ ਦੀ ਪੰਜਾਬ, ਕਸ਼ਮੀਰ ਐਂਡ ਇੰਡੀਆ", (ਪੰਜਾਬ, ਕਸ਼ਮੀਰ

(ਫੁਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਹਿੰਦੂਆਂ ਤੇ ਮੁਸਲਮਾਨਾਂ ਦੇ ਘੋਲ ਵਿੱਚ ਸਿੱਖਾਂ ਦੀ ਸਥਿਤੀ ਅਜੀਬ ਸੀ। ਉਹਨਾਂ ਦਾ ਧਰਮ ਵੱਖਰਾ ਸੀ ਪਰ ਉਹ ਹਿੰਦੂ ਸਮਾਜਿਕ ਵਿਵਸਥਾ ਦਾ ਹਿੱਸਾ ਸਨ। ਉਹ ਪੰਜਾਬ ਦੀ ਕਿਰਸਾਣੀ ਵਿੱਚ ਸਭ ਤੋਂ ਵੱਧ ਅਮੀਰ ਵਰਗ ਦਾ ਹਿੱਸਾ ਸਨ ਤੇ ਉਹ ਜੰਗਜੂ ਪ੍ਰੰਪਰਾ ਵਿੱਚ ਪਲੇ ਪੋਸੇ ਹੋਣ ਕਾਰਨ ਉਹ ਆਪਣੀ 13% ਗਿਣਤੀ ਦੇ ਟਾਕਰੇ ਵਧੇਰੇ ਜੋਸ਼ ਵਿੱਚ ਉਛਾਲੇ ਮਾਰਦੇ ਸਨ। ਸਿੱਖ ਬਹੁਤ ਵਾਰੀ ਸੁਲਹ-ਗਰ ਦੀ ਭੂਮਿਕਾ ਅਦਾ ਕਰਦੇ ਸਨ, ਪਰ ਕਿਉਂਕਿ ਉਹਨਾਂ ਦੀ ਹੇਮਦਰਦੀ ਪ੍ਰਤੱਖ ਤੌਰ 'ਤੇ ਹਿੰਦੂਆਂ ਵੱਲੋਂ ਹੋਣ ਕਰਕੇ ਫ਼ਸਾਦ ਹੋਰ ਵਧੇਰੇ ਭੜਕ ਪੈਂਦੇ ਜਿਸ ਦੇ ਸਿੱਟੇ ਵਜੋਂ ਉਹਨਾਂ ਨੂੰ ਮੁਸਲਮਾਨ ਸੁਭਾਵਿਕ ਹੀ ਆਪਣੇ ਵਿਰੋਧੀ ਸਮਝਣ ਲੱਗ ਪਏ। ਹਰ ਹਾਲਤ ਵਿੱਚ ਮੁਸਲਮਾਨ ਇਹ ਸਮਝਣ ਲੱਗੇ ਕਿ ਪਾਕਿਸਤਾਨ ਵਿੱਚ ਲੋਕਾਂ ਨੇ ਅਮੀਰ ਬਣਨਾ ਹੈ ਤਾਂ ਸਿੱਖ ਜਿਹੜੇ ਵਧੀਆ ਕਣਕ ਪੈਦਾ ਕਰਨ ਵਾਲੀ ਭੂਮੀ ਦੇ ਮਾਲਕ ਹਨ ਉਹਨਾਂ ਨੂੰ ਉਸ ਜ਼ਮੀਨ 'ਚੋਂ ਬੇਦਖ਼ਲ ਕਰਨਾ ਹੋਵੇਗਾ। ਚੌਧਰੀ ਰਹਿਮਤ ਅਲੀ ਨੇ, ਜਿਸ ਨੇ ਸਭ ਤੋਂ ਪਹਿਲਾਂ ਪਾਕਿਸਤਾਨ ਦੀ ਕਲਪਨਾ ਕੀਤੀ ਸੀ, ਸਾਫ਼ ਸਾਫ਼ ਕਥਨ ਕੀਤਾ :—

"ਘੱਟ ਗਿਣਤੀ ਵਾਲੇ ਚੱਕਰ ਤੋਂ ਬਚੋ। ਭਾਵ ਸਾਫ਼ ਹੈ ਕਿ ਭਾਵੇਂ ਸਾਨੂੰ ਅੰਗਰੇਜ਼ ਅਤੇ ਹਿੰਦੂ ਕਿੰਨੀਆਂ ਵੀ ਸੰਵਿਧਾਨਕ ਸੁਰੱਖਿਆਵਾਂ ਦੇਣ, ਅਸੀਂ ਆਪਣੀਆਂ ਘੱਟ ਗਿਣਤੀਆਂ ਨੂੰ ਹਿੰਦੂਆਂ ਦੇ ਦੇਸ਼ਵਿੱਚ ਨਾ ਛੱਡੀਏ ਕਿਉਂਕਿ ਕਿਸੇ ਵੀ ਸੁਰੱਖਿਆ ਨੂੰ ਉਸ ਰਾਸ਼ਟਰੀਅਤਾ ਦਾ ਸਥਾਨ ਨਹੀਂ ਦਿੱਤਾ ਜਾ ਸਕਦਾ ਜਿਹੜਾ ਉਹਨਾਂ ਦਾ ਜਮਾਂਦਰੂ ਹੱਕ ਹੈ। ਨਾ ਹੀ ਸਾਨੂੰ ਹਿੰਦੂ ਤੇ ਸਿੱਖ ਘੱਟ-ਗਿਣਤੀਆਂ ਨੂੰ ਆਪਣੇ ਦੇਸ਼ ਵਿੱਚ ਰੱਖਣਾ ਚਾਹੀਦਾ ਹੈ ਭਾਵੇਂ ਉਹ ਖ਼ੁਦ ਕਿਸੇ ਵੀ ਸੰਵਿਧਾਨਕ ਜ਼ਾਮਨੀ ਤੋਂ ਬਿਨਾ ਜਾਂ ਜ਼ਾਮਨੀ ਨਾਲ ਰਹਿਣ ਲਈ ਤਿਆਰ ਵੀ ਹੋਣ ਕਿਉਂਕਿ ਉਹ ਕਦੇ ਵੀ ਸਾਡਾ ਅੰਗ ਨਹੀਂ ਬਣ ਸਕਦੇ। ਅਸਲੀਅਤ ਇਹ ਹੈ ਕਿ ਆਮ ਹਾਲਾਤ ਵਿੱਚ ਉਹ ਸਾਡੀ ਕੌਮੀ ਪੁਨਰ-ਉਸਾਰੀ ਵਿੱਚ ਅੜਿੱਕਾ ਬਣਨਗੇ ਤੇ ਮੁਸ਼ਕਿਲ ਦੀ ਘੜੀ ਉਹ ਸਾਡੇ ਨਾਲ ਬੇਵਫ਼ਾਈ ਕਰਨਗੇ ਤੇ ਦੁਬਾਰਾ ਸਾਡੀ ਬਰਬਾਦੀ ਕਰਨਗੇ।"[2]

☞ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)
ਤੇ ਭਾਰਤ ਦੀਆਂ ਘਟਨਾਵਾਂ ਦੇ ਕਬਾਇਲੀਆਂ ਉਪਰ ਮੋੜਵਾਂ ਪ੍ਰਭਾਵ ਬਾਰੇ ਗੁਪਤਚਰ ਰਿਪੋਰਟ), ਸਿੱਖ ਯੋਜਨਾ ਉਪਰ ਟਿੱਪਣੀ, (ਨੋਟ ਆਨ ਸਿੱਖ ਪਲੈਨ) ਸਿੱਖਾਂ ਦੀ ਕਾਰਵਾਈ (ਦੀ ਸਿੱਖਸ ਇਨ ਐਕਸ਼ਨ ਤੇ ਦੀ ਆਰ ਐਸ.ਐਸ. ਐਸ.) ਤੇ "ਰਾਸ਼ਟਰੀ ਸੋਇਮ ਸੇਵਕ ਸੰਘ", ਪੜ੍ਹੋ। ਨਿਰਪੱਖ ਵਿਚਾਰਾਂ ਲਈ ਕੈਂਪਬੈਲ ਦੀ ਮਿਸ਼ਨ ਵਿੱਦ ਮਾਊਂਟਬੈਟਨ (ਮਾਊਂਟਬੈਟਨ ਦਾ ਉਦੇਸ਼) ਤੇ ਪੈਂਡਰਲ ਮੂਨ ਦੀ ਡੀਵਾਈਡ ਐਂਡ ਕੁਇੱਟ (ਵੰਡੋ ਤੇ ਨਿਕਲ ਜਾਓ) ਲਿਉਨਾਰਡ ਮੋਸਲੇ ਦੀ 'ਦੀ ਲਾਸਟ ਡੇਜ਼ ਔਫ ਦੀ ਬ੍ਰਿਟਿਸ਼ ਰਾਜ' (ਬਰਤਾਨਵੀ ਰਾਜ ਦੇ ਆਖ਼ਰੀ ਦਿਨ) ਤੇ ਸਰ ਡਬਲਯੂ ਫ਼ਰਾਂਸਿਸ ਟੱਕਰ' ਦੀ ਵ੍ਹਾਈਲ ਮੈਮਰੀ ਸਰਵਜ਼" (ਜਦ ਤੱਕ ਯਾਦ ਰਹੇ) ਤੇ ਆਇਨ ਸਟੀਫ਼ਨ ਦੀ "ਪਾਕਿਸਤਾਨ" ਪੜ੍ਹੋ।

2. ਰਹਿਮਤ ਅਲੀ, "ਦੀ ਮਿੱਲਤ ਐਂਡ ਇਟਸ ਮਿਸ਼ਨ, ਮੁਸਲਿਮ ਲੀਗ ਅਟੈਕ ਔਨ ਸਿੱਖਸ ਐਂਡ ਹਿੰਦੂਜ਼" ਪੰਨਾ 8। ਮੁਸਲਿਮ ਲੀਗ ਸਿੱਖਾਂ ਨੂੰ ਭਰੋਸਾ ਦੇਣ ਦਾ ਕੋਈ ਯਤਨ ਨਾ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਇਸ ਵਿੱਚ ਹੈਰਾਨੀ ਦੀ ਗੱਲ ਨਹੀਂ ਸੀ ਕਿ ਸਿੱਖਾਂ ਦਾ ਪਾਕਿਸਤਾਨ ਬਾਰੇ ਦ੍ਰਿਸ਼ਟੀਕੋਣ ਕਰੜਾ ਤੇ ਦ੍ਰਿੜ੍ਹ ਵੈਰ ਭਾਵਨਾ ਦਾ ਸੀ। ਕਿਉਂਕਿ ਮੁਸਲਿਮ ਬਹੁ-ਗਿਣਤੀ ਪਾਕਿਸਤਾਨ ਦੀ ਮੰਗ ਕਰਦੀ ਸੀ, ਸਿੱਖਾਂ ਦੀ ਪਾਕਿਸਤਾਨ ਦੀ ਵਿਰੋਧਤਾ ਨੂੰ ਮੁਸਲਮਾਨਾਂ ਨਾਲ ਦੁਸ਼ਮਣੀ ਸਮਝਿਆ ਗਿਆ।

ਸਿੱਧੀ ਕਾਰਵਾਈ ਦਾ ਦਿਨ ਤੇ ਇਸ ਦਾ ਪ੍ਰਭਾਵ—ਫ਼ਸਾਦਾਂ ਦੇ ਸਿਲਸਿਲੇ ਵਿੱਚ ਪਹਿਲ ਉਦੋਂ ਸ਼ੁਰੂ ਹੋਈ ਜਦੋਂ ਮੁਸਲਿਮ ਲੀਗ ਨੇ ਕਲਕੱਤਾ ਵਿੱਚ "ਸਿੱਧੀ ਕਾਰਵਾਈ ਦਾ ਦਿਨ" ਆਯੋਜਿਤ ਕੀਤਾ। ਬੰਗਾਲ ਦੇ ਮੁੱਖ ਮੰਤਰੀ ਸੁਹਰਾਵਰਦੀ ਨੇ ਇਸ ਦਿਨ ਸਰਕਾਰੀ ਛੁੱਟੀ ਕਰ ਦਿੱਤੀ ਤੇ ਦੁਪਹਿਰ ਪਿੱਛੋਂ ਮੁਸਲਿਮ ਲੀਗ ਦਾ ਜਨਮ ਹੋਇਆ। ਜਲਸੇ ਤੋਂ ਪਰਤਦੇ ਹੋਏ ਮੁਸਲਮਾਨਾਂ ਦੇ ਹਜੂਮ ਹਿੰਦੂਆਂ ਨਾਲ ਲੜ ਪਏ। ਰਾਜਧਾਨੀ ਵਿੱਚ ਚਾਰ-ਪੰਜ ਦਿਨਾਂ ਲਈ ਸ਼ੁਰੂ ਹੋਈ ਹਿੰਸਾ ਨੇ ਜੀਵਨ ਗਤੀ ਰੋਕ ਦਿੱਤੀ। ਸਰਕਾਰੀ ਅੰਕੜਿਆਂ ਅਨੁਸਾਰ ਇਹਨਾਂ ਕੁਝ ਦਿਨਾਂ ਵਿੱਚ 5 ਹਜ਼ਾਰ ਮਰੇ, 15000 ਜ਼ਖ਼ਮੀ ਹੋਏ ਤੇ ਇਕ ਲੱਖ ਬੇਘਰ ਹੋ ਗਏ।[3] ਫ਼ਸਾਦ ਰੁਕ-ਰੁਕ ਕੇ, ਕਈ ਮਹੀਨਿਆਂ ਤੱਕ ਹੁੰਦੇ ਰਹੇ।

☜ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)
ਕੀਤਾ ਤੇ ਨਾ ਹੀ ਪਾਕਿਸਤਾਨ ਲਈ ਉਹਨਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਉਹਨਾਂ ਨੂੰ ਨਾਲ ਲੈਣ ਦੀ ਕੋਸ਼ਿਸ਼ ਕੀਤੀ। ਇਸ ਦੇ ਉਲਟ ਜਿਨਾਂਹ ਨੇ ਸਪੱਸ਼ਟ ਕਰ ਦਿੱਤਾ ਕਿ ਪਾਕਿਸਤਾਨ ਨਿਰੋਲ ਮੁਸਲਿਮ ਰਾਜ ਹੋਵੇਗਾ। ਅਕਤੂਬਰ 1946 ਨੂੰ ਲੰਦਨ ਵਿੱਚ ਦਿੱਤੇ ਭਾਸ਼ਨ ਵਿੱਚ ਪਾਕਿਸਤਾਨ ਲਈ ਦਾਅਵਾ ਪੇਸ਼ ਕਰਦਿਆਂ ਉਸ ਨੇ ਕਿਹਾ, "ਹਿੰਦੂਆਂ ਨੂੰ ਕੀ ਘਾਟਾ ਪਵੇਗਾ? ਨਕਸ਼ਾ ਵੇਖੋ। ਉਹਨਾਂ ਨੂੰ ਵਧੀਆ ਇਲਾਕੇ ਮਿਲ ਜਾਣਗੇ। ਉਹਨਾਂ ਦੀ ਵਸੋਂ 20 ਕਰੋੜ ਮੁਸਲਮਾਨ ਅਬਾਦੀ ਹੋਵੇਗੀ।" ਪਾਕਿਸਤਾਨ ਕੋਲ ਭਾਰਤ ਦੇ ਵਧੀਆ ਇਲਾਕੇ ਨਹੀਂ ਹੋਣਗੇ। ਸਾਡੀ ਨਿਰੋਲ ਮੁਸਲਮਾਨਾਂ ਦੀ 10 ਕਰੋੜ ਵਸੋਂ ਹੋਵੇਗੀ।" ਮੁਸਲਿਮ ਲੀਗ ਅਟੈਕ ਆਨ ਸਿੱਖਸ ਐਂਡ ਹਿੰਦੂਜ਼", ਪੰਨਾ 13

3. ਕਲਕੱਤਾ ਵਿਚਲੇ ਅੰਗਰੇਜ਼ਾਂ ਦੇ "ਸਟੇਟਸਮੈਨ" ਨੇ ਕਲਕੱਤੇ ਦੇ ਕਤਲੇਆਮ ਦਾ ਸਾਰਾ ਦੋਸ਼ ਮੁਸਲਿਮ ਲੀਗ ਤੇ ਲਾਇਆ।" ਮੁੱਖ ਦੋਸ਼ ਉਹਨਾਂ ਦਾ ਹੀ ਹੈ ਜਿਨ੍ਹਾਂ 'ਤੇ ਅਸੀਂ ਇਹ ਦੋਸ਼ ਲਾਇਆ ਹੈ। ਇਹ ਦੋਸ਼ ਪ੍ਰਾਂਤਕ ਮੁਸਲਿਮ ਲੀਗ ਦੇ ਮੰਤਰੀ ਮੰਡਲ ਦੀ ਤੇ ਖ਼ਾਸ ਕਰਕੇ ਇਕ ਸੁਯੋਗ ਵਿਸ਼ਾਲ ਪ੍ਰਬੰਧਕੀ ਅਨੁਭਵ ਵਾਲੇ ਮੁੱਖ ਮੰਤਰੀ ਸੁਹਰਾਵਰਦੀ ਦਾ ਹੈ ਕਿਉਂਕਿ ਬੰਗਾਲ ਵਿੱਚ ਅਮਨ ਕਾਨੂੰਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਉਸੇ ਦੀ ਹੈ। (ਇਹ ਵਿਚਾਰ ਇਸ ਤਰ੍ਹਾਂ ਸਪੱਸ਼ਟਤਾ ਨਾਲ ਸੰਪਾਦਕ ਆਇਨ ਸਟੀਫ਼ਨ ਨੇ ਆਪਣੀ ਵਿੱਚ 1963 'ਚ ਛਾਪੀ ਪੁਸਤਕ "ਪਾਕਿਸਤਾਨ" ਦੇ ਕਾਂਡ VIII ਵਿੱਚ ਨਹੀਂ ਛਾਪੇ ਸਨ।) ਇਹੋ ਵਿਚਾਰ ਪੈਂਡਰਲ ਮੂਨ, "ਡੀਵਾਈਡ ਐਂਡ ਕੁਇਟ" ਪੰਨਾ 58, ਲਿਉਨਾਰਡ ਮੋਸਲੇ "ਦੀ ਲਾਸਟ ਡੇਜ਼ ਔਫ ਬ੍ਰਿਟਿਸ਼ ਰਾਜ, ਪੰਨਾ 33, ਤੇ ਜਨਰਲ ਸਰ ਫ਼ਰਾਂਸਿਸ ਟੱਕਰ ਨੇ ਆਪਣੀ ਭਾਰਤ ਵਿਰੋਧੀ ਬਦਨਾਮ ਪੁਸਤਕ "ਮੈਮੋਰੀ ਸਰੇਵਜ਼", ਪੰਨਾ 158, ਵਿੱਚ ਵੀ ਪ੍ਰਗਟਾਏ।

ਮੁਸਲਿਮ ਲੀਗ ਦੇ ਅਖ਼ਬਾਰ "ਡਾਨ" ਨੇ ਸਟੇਟਸਮੈਨ ਦੀ ਇਕ ਪਾਸੜ ਪ੍ਰਚਾਰ ਦੀ ਵਿਉਂਤ ਦੀ ਨਿੰਦਿਆ ਕੀਤੀ ਤੇ ਕਿਹਾ ਕਿ ਹਿੰਦੂਆਂ ਨੇ ਸ਼ਾਂਤੀ ਪਸੰਦ ਮੁਸਲਮਾਨਾਂ ਤੇ ਸੁਯੋਜਿਤ ਹਮਲਾ ਕੀਤਾ। ਡਾਨ ਨੇ ਲਿਖਿਆ ਕਿ ਪਹਿਲੇ ਹਫ਼ਤੇ ਵਿੱਚ ਇਕ ਹਿੰਦੂ ਦੇ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

1946 ਵਿੱਚ ਕਲਕੱਤਾ ਵਿਖੇ ਸਿੱਖਾਂ ਦੀ ਗਿਣਤੀ 10-20 ਹਜ਼ਾਰ ਤੋਂ ਜ਼ਿਆਦਾ ਨਹੀਂ ਸੀ, ਜਿਨ੍ਹਾਂ ਵਿੱਚੋਂ ਬਹੁ-ਗਿਣਤੀ ਟੈਕਸੀ ਡਰਾਇਵਰਾਂ ਤੇ ਛੋਟੇ ਦੁਕਾਨਦਾਰਾਂ ਦੀ ਸੀ। ਭਾਵੇਂ ਮੁਸਲਮਾਨ ਉਹਨਾਂ ਨੂੰ ਹਿੰਦੂਆਂ ਦਾ ਜੁਝਾਰੂ ਹਿੱਸਾ ਹੀ ਸਮਝਦੇ ਸਨ ਤੇ ਇਸ ਤਰ੍ਹਾਂ ਉਹਨਾਂ ਨੇ ਉਹਨਾਂ ਨੂੰ ਬਰਬਾਦ ਕਰਨ ਲਈ ਨਿਸ਼ਾਨਾ ਵੀ ਬਣਾਇਆ (ਪਹਿਲੇ ਕੁਝ ਦਿਨਾਂ ਵਿੱਚ ਬਹੁਤ ਸਾਰੇ ਸਿੱਖ ਮਾਰੇ ਵੀ ਗਏ ਸਨ) ਪਰ ਸਿੱਖ ਕਲਕੱਤੇ ਦੇ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦਾ ਵਿਸ਼ਵਾਸ਼ ਜਿੱਤਣ ਵਿੱਚ ਸਫ਼ਲ ਹੋ ਗਏ। ਉਹਨਾਂ ਨੇ ਦੋਹਾਂ ਫ਼ਿਰਕਿਆਂ ਦੇ ਘਿਰੇ ਹੋਏ ਲੋਕਾਂ ਨੂੰ ਛੁਡਾਕੇ ਉਹਨਾਂ ਨੂੰ ਗੁਰਦੁਆਰਿਆਂ ਵਿੱਚ ਸ਼ਰਨ ਦਿੱਤੀ। ਮੁੱਖ ਮੰਤਰੀ ਸੁਹਰਾਵਰਦੀ ਨੇ ਬਿਆਨ ਜਾਰੀ ਕਰਕੇ ਕਲਕੱਤਾ ਦੇ ਸਿੱਖਾਂ ਨੂੰ ਮੁਸਲਿਮ ਵਿਰੋਧੀ ਇਲਜ਼ਾਮਾਂ ਤੋਂ ਮੁਕਤ ਕੀਤਾ ਤੇ ਮੁਸਲਮਾਨਾਂ ਦੇ ਬਚਾਓ ਲਈ ਨਿਭਾਹੀ ਗਈ ਭੂਮਿਕਾ ਲਈ ਉਹਨਾਂ ਦੀ ਸ਼ਲਾਘਾ ਕੀਤੀ।[4]

ਕਲਕੱਤਾ ਦਾ ਕਤਲੇਆਮ ਭਾਰਤ ਦੇ ਕਈ ਭਾਗਾਂ ਵਿੱਚ ਤੇ ਖ਼ਾਸ ਕਰਕੇ ਬੰਬਈ ਤੇ ਅਹਿਮਦਾਬਾਦ ਵਿੱਚ ਫ਼ਸਾਦ ਭੜਕਾਉਣ ਲਈ ਇਕ ਸੰਕੇਤ ਸੀ। ਹੁਣ ਮੁਸਲਿਮ ਲੀਗ ਨੇ ਸਿਰਫ਼ ਕਾਂਗਰਸ ਦੇ ਹੱਥ ਵਿੱਚ ਹਕੂਮਤ ਦੇਣ ਦਾ ਖ਼ਤਰਾ ਅਨੁਭਵ ਕਰਕੇ ਸਰਕਾਰ ਵਿੱਚ ਸ਼ਾਮਿਲ ਹੋਣ ਦਾ ਫ਼ੈਸਲਾ ਕਰ ਲਿਆ। 15 ਅਕਤੂਬਰ 1946 ਨੂੰ ਕੇਂਦਰੀ ਮੰਤਰੀ ਮੰਡਲ ਦਾ ਪੁਨਰ-ਗਠਨ ਕਰਕੇ ਉਸ ਵਿੱਚ ਚਾਰ ਮੁਸਲਿਮ ਲੀਗੀ ਤੇ ਮੁਸਲਿਮ ਲੀਗ ਵੱਲੋਂ ਅਨੁਸੂਚਿਤ ਜ਼ਾਤੀਆਂ 'ਚੋਂ ਇਕ ਨਾਮਜ਼ਦ ਮੈਂਬਰ ਸ਼ਾਮਿਲ ਕੀਤੇ ਗਏ। ਪਰ ਇਸ ਨਾਲ ਹਿੰਸਾ ਵਿੱਚ ਕੋਈ ਫ਼ਰਕ ਨਾ ਪਿਆ, ਇਸ ਦੇ ਉਲਟ ਪੂਰਬੀ ਬੰਗਾਲ ਵਿੱਚ ਫ਼ਸਾਦ ਫੇਰ ਭੜਕ ਪਏ। ਨਵਾਖਲੀ ਤੇ ਟਿਪਰਾਹ ਦੇ ਦੋ ਜ਼ਿਲ੍ਹੇ ਜੋ ਪਰਮੁੱਖ ਤੌਰ 'ਤੇ ਕ੍ਰਮਵਾਰ 81.35% ਤੇ 77% ਮੁਸਲਿਮ ਆਬਾਦੀ ਵਾਲੇ ਸਨ, ਉੱਤੋਂ ਕਰੋਪੀ ਦਾ ਸ਼ਿਕਾਰ ਹਿੰਦੂ ਹੀ ਹੋਏ। ਹਿੰਦੂਆਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਨਾਲ ਦੂਰ ਦੁਰਾਡੇ ਸ਼ਹਿਰਾਂ ਵਿੱਚ ਵੀ ਹਿੰਸਾ ਸ਼ੁਰੂ ਹੋ ਗਈ। ਵਿਰ ਇਹ ਬੇਮਿਸਾਲ ਕ੍ਰੋਧ ਤੇ ਉਗਰਤਾ ਨਾਲ ਬਿਹਾਰ ਵਿੱਚ ਭੜਕੀ ਜਿੱਥੇ ਮੁਸਲਮਾਨਾਂ ਨਾਲੋਂ ਹਿੰਦੂਆਂ ਦੀ ਗਿਣਤੀ ਜ਼ਿਆਦਾ ਸੀ। ਮੁਸਲਮਾਨਾਂ ਦੀਆਂ ਬਿਹਾਰ

ੴ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਮੁਕਾਬਲੇ 4 ਮੁਸਲਮਾਨ ਮਰੇ। ਲਿਆਕਤ ਅਲੀ ਖ਼ਾਂ ਨੇ, ਜੋ ਮੁਸਲਿਮ ਲੀਗ ਦਾ ਜਨਰਲ ਸਕੱਤਰ ਸੀ ਤੇ ਮਗਰੋਂ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਿਆ, 18 ਅਗਸਤ ਨੂੰ ਅਖ਼ਬਾਰਾਂ ਲਈ ਜਾਰੀ ਕੀਤੇ ਬਿਆਨ ਵਿੱਚ ਕਿਹਾ, "ਹਿੰਦੂਆਂ ਨੇ ਮੁਸਲਿਮ ਲੀਗ ਵਜ਼ਾਰਤ ਨੂੰ ਬਦਨਾਮ ਕਰਨ ਲਈ ਕਲਕੱਤਾ ਨੂੰ ਵਿਚਾਰਪੂਰਨ ਹਿੰਸਕ ਕਾਰਵਾਈਆਂ ਵਿੱਚ ਡਬੋ ਦਿੱਤਾ। ਉਸ ਨੇ ਕਿਹਾ ਕਿ 16 ਅਗਸਤ ਦੀ ਸ਼ਾਮ ਨੂੰ ਹਸਪਤਾਲ ਵਿੱਚ ਦਾਖ਼ਲ ਹੋਏ ਲੋਕਾਂ ਦੇ ਵੇਰਵੇ ਦੱਸਦੇ ਹਨ ਕਿ ਜ਼ਖ਼ਮੀਆਂ ਤੇ ਮ੍ਰਿਤਕਾਂ ਦੀ ਭਾਰੀ ਬਹੁ-ਗਿਣਤੀ ਮੁਸਲਮਾਨਾਂ ਦੀ ਸੀ। ਜਿਨਾੱਹ ਨੇ ਵੀ ਬਿਆਨ ਦਿੱਤਾ—"ਸਾਡੇ ਉਪਰ ਕਾਂਗਰਸੀ ਸਮਰਥਕਾਂ ਨੇ ਹਮਲਾ ਕੀਤਾ ਕਿਉਂ ਉਹ ਸਾਡਾ ਕੀਤਾ ਪ੍ਰਚਾਰ ਖ਼ਤਮ ਕਰਨਾ ਚਾਹੁੰਦੇ ਸਨ ਤੇ ਗੜਬੜ ਕਰਕੇ ਸਾਡੇ ਹਿੱਤ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਸਨ ਤੇ ਫਿਰ ਸਾਡੇ 'ਤੇ ਦੋਸ਼ ਮੜ੍ਹਨਾ ਚਾਹੁੰਦੇ ਸਨ।" (ਮਿਸਟਰ ਅਸ਼ਰਫ਼, "ਕੈਬਿਨਿਟ ਮਿਸ਼ਨ ਤੇ ਮਗਰੋਂ", ਪੰਨਾ 410)

4. ਵੇਖੋ ਅੰਤਿਕਾ 5

ਵਿੱਚ ਹੋਈਆਂ ਮੌਤਾਂ ਦਾ ਅੰਦਾਜ਼ਾ 10 ਹਜ਼ਾਰ ਲਾਇਆ ਗਿਆ। ਗੜ੍ਹਮੁਕੇਤਸਵਰ ਵਿੱਚ ਕਤਲੇਆਮ ਤੇ ਮਾਰਧਾੜ ਵੀ ਓਨੀ ਹੀ ਭਿਆਨਕ ਸੀ ਜਿੱਥੇ ਇਕ ਦਿਨ ਵਿੱਚ ਹੀ ਸੈਂਕੜੇ ਮੁਸਲਮਾਨ ਕਿਸਾਨਾਂ ਨੂੰ ਕਤਲ ਕਰ ਦਿੱਤਾ ਗਿਆ।

ਕਲਕੱਤਾ, ਪੂਰਬੀ ਬੰਗਾਲ, ਬਿਹਾਰ, ਯੂ.ਪੀ. ਜਾਂ ਮੱਧਭਾਰਤ ਵਿੱਚ ਬਹੁਤ ਘੱਟ ਸਿੱਖ ਇਹਨਾਂ ਫ਼ਸਾਦਾਂ ਵਿੱਚ ਉਲਝੇ ਜਾਂ ਸ਼ਾਮਿਲ ਹੋਏ। ਪਹਿਲੀ ਵਾਰ ਸਿੱਖ 1946–47 ਦੀਆਂ ਸਰਦੀਆਂ ਵਿੱਚ ਹਜ਼ਾਰਾ (ਉੱਤਰ-ਪੱਛਮੀ ਸੀਮਾ ਪ੍ਰਾਂਤ) ਵਿੱਚ ਹਿੰਸਾ ਦੀ ਘੁੰਮਣਘੇਰੀ ਵਿੱਚ ਫਸੇ, ਜਿੱਥੇ ਮੁਸਲਮਾਨਾਂ ਦੀ ਵਸੋਂ 95% ਸੀ। ਮੁਸਲਮਾਨ ਜੋ ਬਿਹਾਰ ਵਿੱਚ ਆਪਣੇ ਸਹਿਯੋਗੀਆਂ ਦੇ ਕਤਲਾਂ ਤੋਂ ਭੜਕੇ ਹੋਏ ਸਨ, ਉਹਨਾਂ ਨੇ ਸਿੱਖਾਂ ਤੋਂ ਬਦਲਾ ਲਿਆ। ਉੱਤਰ-ਪੱਛਮੀ ਸੀਮਾ ਪ੍ਰਾਂਤ (ਅਤੇ ਰਾਵਲਪਿੰਡੀ, ਕੈਂਬਲਪੁਰ ਤੇ ਮੁਲਤਾਨ ਦੇ ਜ਼ਿਲ੍ਹੇ ਜਿੱਥੇ ਮਗਰੋਂ ਹਿੰਸਾ ਭੜਕੀ) ਦੇ ਸਿੱਖ ਵਧੇਰੇ ਕਰਕੇ ਡਰਪੋਕ ਤੇ ਕਾਇਰ ਖੱਤਰੀ ਤੇ ਅਰੋੜਾ ਦੁਕਾਨਦਾਰ ਸਨ ਤੇ ਉਹ ਉਸ ਜੁਝਾਰਵਾਦ ਦਾ ਦਾਅਵਾ ਨਹੀਂ ਕਰਦੇ ਸਨ, ਜਿਸ ਕਾਰਨ ਉਹਨਾਂ ਦੇ ਜੱਟ ਸਹਿ ਧਰਮੀ ਉੱਘੇ ਸਨ। ਦਸੰਬਰ 1946 ਵਿੱਚ ਹਜ਼ਾਰਾ ਵਿੱਚ ਬਹੁਤ ਸਾਰੇ ਸਿੱਖ ਪਿੰਡ ਤਬਾਹ ਕਰ ਦਿੱਤੇ ਗਏ। ਸਿੱਖ ਸ਼ਰਨਾਰਥੀ ਕੇਂਦਰੀ ਤੇ ਪੂਰਬੀ ਪੰਜਾਬ ਵਿੱਚ ਆਉਣੇ ਸ਼ੁਰੂ ਹੋ ਗਏ ਤੇ ਆਪਣੇ ਨਾਲ ਹੀ ਕਤਲਾਂ, ਬਲਾਤਕਾਰੀਆਂ, ਅਗਵਾ ਕਰਨ ਤੇ ਜ਼ਬਰਦਸਤੀ ਧਰਮ ਬਦਲਣ ਦੀਆਂ ਕਹਾਣੀਆਂ ਲੈ ਕੇ ਆਏ।

ਪ੍ਰਧਾਨ ਮੰਤਰੀ ਐਟਲੀ ਨੇ ਨਹਿਰੂ ਤੇ ਜਿਨਾਹ ਨੂੰ ਨਿੱਜੀ ਤੌਰ 'ਤੇ ਬੇਨਤੀ ਕੀਤੀ ਕਿ ਉਹ ਸ਼ਾਂਤੀ ਸਥਾਪਨਾ ਵਿੱਚ ਤੇ ਕਾਨੂੰਨਸਾਜ਼ ਅਸੈਂਬਲੀ ਦੀ ਸਥਾਪਨਾ ਲਈ ਹਕੂਮਤ ਦੇ ਸ਼ਾਂਤੀਪੂਰਵਕ ਤਬਾਦਲੇ ਲਈ ਸਹਿਯੋਗ ਦੇਣ।

ਭਾਰਤੀ ਨੇਤਾਵਾਂ ਨੇ ਵੀ ਲੋਕਾਂ ਨੂੰ ਹਿੰਸਕ ਕਾਰਵਾਈਆਂ ਤੋਂ ਦੂਰ ਰਹਿਣ ਲਈ ਬੇਨਤੀ ਕੀਤੀ ਪਰ ਕਿਸੇ ਨੇ ਉਹਨਾਂ ਦੀਆਂ ਅਪੀਲਾਂ ਦੀ ਕੋਈ ਪ੍ਰਵਾਹ ਨਾ ਕੀਤੀ। ਇਸ ਦੇ ਉਲਟ ਇਸ ਐਲਾਨ ਨੇ, ਕਿ ਬਰਤਾਨੀਆ ਛੇਤੀ ਹੀ ਹਕੂਮਤ ਛੱਡ ਦੇਵੇਗਾ, ਅੱਗ ਹੋਰ ਭੜਕਾ ਦਿੱਤੀ ਤੇ ਫ਼ਸਾਦ ਹੋਰ ਤੇਜ਼ੀ ਨਾਲ ਸ਼ੁਰੂ ਕਰ ਦਿੱਤੇ ਗਏ।

ਪੰਜਾਬ ਵਿੱਚ ਗ੍ਰਹਿ-ਯੁੱਧ—1946 ਤੱਕ ਖਿਜ਼ਰ ਹਯਾਤ ਖ਼ਾਂ, ਜਿਸ ਨੂੰ ਮੁਸਲਿਮ ਲੀਗ ਵਿੱਚੋਂ ਜੂਨ 1944 ਵਿੱਚ ਕੱਢ ਦਿੱਤਾ ਗਿਆ ਸੀ, ਯੂਨੀਅਨਿਸਟ ਮੁਸਲਮਾਨਾਂ, ਹਿੰਦੂਆਂ, ਸਿੱਖਾਂ ਤੇ ਦੂਸਰੀਆਂ ਪਾਰਟੀ ਦੇ ਸਹਿਯੋਗ ਨਾਲ ਥੋੜ੍ਹੀ ਜਿਹੀ ਬਹੁ-ਗਿਣਤੀ ਕਾਰਨ ਤਲਵਾਰ ਦੀ ਧਾਰ 'ਤੇ ਹਕੂਮਤ ਚਲਾਉਣ ਦੇ ਯੋਗ ਹੋਇਆ। ਪ੍ਰੰਤੂ ਪੰਜਾਬ ਸਰਕਾਰ ਫ਼ਿਰਕੂ ਜ਼ਜ਼ਬਾਤ ਦੇ ਵੱਧ ਰਹੇ ਹੜ੍ਹ ਦੇ ਅੱਗੇ ਹਾਰੀ ਹੋਈ ਲੜਾਈ ਲੜ ਰਹੀ ਸੀ। 24 ਜਨਵਰੀ 1947 ਵਿੱਚ ਇਸ ਨੇ ਇਕ ਹੁਕਮ ਪਾਸ ਕਰ ਦਿੱਤਾ ਜਿਸ ਅਨੁਸਾਰ ਹਿੰਦੂ ਆਰ.ਐਸ.ਐਸ., ਅਕਾਲੀ ਦਲ, ਮੁਸਲਿਮ ਲੀਗ ਦੇ ਨੈਸ਼ਨਲ ਗਾਰਡਾਂ ਦੀਆਂ ਨਿੱਜੀ ਸੇਵਾਵਾਂ ਤੇ ਪਾਬੰਦੀ ਲਾ ਦਿੱਤੀ ਗਈ। ਲੀਗ ਨੂੰ ਮੌਕਾ ਮਿਲ ਗਿਆ ਤੇ ਉਸ ਨੇ ਹੁਕਮ ਦੀ ਉਲੰਘਣਾ ਕਰਨ ਲਈ ਵਿਸ਼ਾਲ ਪ੍ਰਬੰਧ ਕਰ ਲਿਆ। ਕੁਝ ਦਿਨਾਂ ਪਿੱਛੋਂ ਪਾਬੰਦੀ ਹਟਾ ਲਈ ਗਈ ਤੇ ਉਲੰਘਣਾ ਦੇ ਦੋਸ਼ੀ ਮੁਸਲਿਮ ਨੇਤਾ ਰਿਹਾਅ ਕਰਦਿੱਤੇ ਗਏ। ਇਹ ਇਕ ਨਮੋਸ਼ੀ ਭਰਿਆ ਪਲਾਇਨ ਸੀ ਜਿਸਦਾ ਅੰਤ ਪੂਰਨ ਤੌਂ ਮੰਦਭਾਗੇ ਆਤਮ ਸਮਰਪਣ ਵਿੱਚ ਹੋਇਆ। 2 ਮਾਰਚ, 1946 ਨੂੰ ਖਿਜ਼ਰ ਹੱਯਾਤ ਖ਼ਾਂ ਨੇ ਆਪਣੀ ਸਰਕਾਰ ਦਾ ਤਿਆਗ ਪੱਤਰ ਦੇ ਦਿੱਤਾ। ਲਾਹੌਰ ਵਿੱਚ ਪੰਜਾਬ ਵਿਧਾਨ ਸਭਾ ਦੇ ਭਵਨ ਦੇ ਬਾਹਰ ਖੜੀ

ਖ਼ਲਬਲੀ ਤੇ ਭੜਕਾਹਟ ਸੀ। ਮਾਸਟਰ ਤਾਰਾ ਸਿੰਘ ਨੇ ਇਕੱਠੇ ਹੋਏ ਹਜੂਮ ਸਾਹਮਣੇ ਮਿਆਨ 'ਚੋਂ ਤਲਵਾਰ ਕੱਢੀ ਤੇ "ਪਾਕਿਸਤਾਨ ਮੁਰਦਾਬਾਦ" ਦਾ ਨਾਅਰਾ ਲਾਇਆ। ਦੋ ਦਿਨ ਮਗਰੋਂ ਹਿੰਦੂ-ਸਿੱਖ ਵਿਦਿਆਰਥੀਆਂ ਦੇ ਜਲੂਸ ਦੀ ਲਾਹੌਰ ਦੇ ਬਜ਼ਾਰਾਂ ਵਿੱਚ ਮੁਸਲਮਾਨਾਂ ਦੇ ਹਜੂਮ ਨਾਲ ਟੱਕਰ ਹੋਈ। ਰਾਜਧਾਨੀ ਵਿੱਚ ਫ਼ਸਾਦਾਂ ਦੀ ਖ਼ਬਰ ਅੰਮ੍ਰਿਤਸਰ, ਰਾਵਲਪਿੰਡੀ, ਗੁਜਰਾਤ, ਮੁਲਤਾਨ ਤੇ ਕੈਂਬਲਪੁਰ ਵਿੱਚ ਗੜਬੜ ਦਾ ਸੰਕੇਤ ਸੀ।

ਮਾਰਚ ਦੇ ਫ਼ਸਾਦਾਂ ਦਾ ਸਭ ਤੋਂ ਵੱਧ ਸ਼ਿਕਾਰ ਸਿੱਖ ਹੀ ਬਣੇ। ਚੋਰੀ ਨਾਲ ਕਾਤਲਾਨਾ ਹਮਲਾ ਕਰਨਾ, ਤੇਜ਼ੀ ਨਾਲ ਸ਼ਿਕਾਰ ਦੇ ਛੁਰਾ ਮਾਰ ਕੇ ਦੌੜਨ ਦਾ ਇਹੋ ਕਾਰਨ ਹੋ ਸਕਦਾ ਸੀ ਕਿ ਸਿੱਖ ਦੀ ਹਿੰਦੂ ਜਾਂ ਮੁਸਲਮਾਨ ਨਾਲੋਂ ਪਛਾਣ ਕਰਨੀ ਸੌਖੀ ਹੁੰਦੀ ਸੀ ਕਿਉਂਕਿ ਜੇ ਹਿੰਦੂ ਜਾਂ ਮੁਸਲਮਾਨ ਆਪਣੇ ਖ਼ਾਸ ਲਿਬਾਸ ਵਿੱਚ ਨਾ ਹੋਣ ਤਾਂ ਉਹਨਾਂ ਨੂੰ ਤਾਂ ਇਹ ਵੇਖਣ ਲਈ ਨੰਗਿਆਂ ਕਰਨਾ ਪੈਂਦਾ ਸੀ ਕਿ ਉਹਦੀ ਸੁਨਤ ਹੋਈ ਹੈ ਜਾਂ ਨਹੀਂ ਤੇ ਫਿਰ ਹੀ ਉਹਦੇ ਬਾਰੇ ਕੋਈ ਕਦਮ ਉਠਾਇਆ ਜਾ ਸਕਦਾ ਸੀ। ਸਿੱਖਾਂ ਨੂੰ ਬਹੁਤ ਬੁਰੀ ਮਾਰ ਪਈ।[5] ਮਾਰਚ ਦੇ ਫ਼ਸਾਦਾਂ ਨੇ ਸਾਬਤ ਕਰ ਦਿੱਤਾ ਕਿ ਅਕਾਲੀ ਦਲ, ਅਕਾਲ ਫ਼ੌਜ ਜਾਂ ਅਕਾਲ ਸੈਨਾਵਾਂ ਜਿਹੀਆਂ ਕਥਿਤ ਸੈਨਾਵਾਂ ਕਾਗਜ਼ੀ ਸੰਸਥਾਵਾਂ ਸਨ ਤੇ ਉਹਨਾਂ ਦੇ ਨੇਤਾ ਕਾਗਜ਼ੀ ਸ਼ੇਰ ਸਨ।

ਇਸ ਮਾਰਧਾੜ ਵਿੱਚ ਪੁਲਿਸ ਦਾ ਸੰਪ੍ਰਦਾਇਕ ਝੁਕਾ ਇਕ ਖ਼ਾਸ ਕਾਰਨ ਸੀ। ਪੰਜਾਬ ਪੁਲਿਸ ਦਾ 74% ਹਿੱਸਾ ਮੁਸਲਮਾਨ ਸਨ।[6] ਇਹਨਾਂ ਨਿਯਮਤ ਪੁਲਿਸੀਆਂ ਤੋਂ ਬਿਨਾ ਜੰਗ ਦੇ ਮੁੱਢਲੇ ਸਾਲਾਂ ਵਿੱਚ ਸਿਕੰਦਰ ਹਯਾਤ ਖ਼ਾਂ ਵੱਲੋਂ ਕਾਇਮ ਕੀਤੀ 6000 ਪੁਲਿਸ ਵੱਖਰੀ

5. ਰਾਵਲਪਿੰਡੀ ਜ਼ਿਲ੍ਹੇ ਦਾ ਸਿੱਖ ਪਿੰਡ ਕਹੂਟਾ ਤਬਾਹੀ ਦੀ ਸਭ ਤੋਂ ਭੈੜੀ ਮਿਸਾਲ ਸੀ। ਲਾਰਡ ਮਾਊਂਟ ਬੈਟਨ ਨੇ ਆਪਣੇ ਦਲ ਨਾਲ ਇਸ ਦਾ ਅਪ੍ਰੈਲ ਵਿੱਚ ਦੌਰਾ ਕੀਤਾ। ਉਸ ਦਾ ਪ੍ਰੈੱਸ ਅਧਿਕਾਰੀ ਲਿਖਦਾ ਹੈ—"ਮਲਬੇ ਦੇ ਢੇਰ 'ਚੋਂ ਲੰਘਦੇ ਸਮੇਂ ਅਸੀਂ ਵੇਖਿਆ ਕਿ ਤਬਾਹੀ ਇੰਨੀ ਮੁਕੰਮਲ ਸੀ ਜਿਵੇਂ ਜੰਗ ਸਮੇਂ ਬੰਬਾਂ ਦਾ ਮੀਂਹ ਵਰ੍ਹਿਆ ਹੋਵੇ। ਇਹ ਸੰਪ੍ਰਦਾਇਕ ਦੰਗੇ ਜਿਸ ਵਿੱਚ ਸਿੱਖਾਂ ਦੀ ਤੇ ਉਹਨਾਂ ਦੀ ਰੋਜ਼ੀ ਰੋਟੀ ਵੀ ਮੁਸਲਮਾਨਾਂ ਹੱਥੋਂ ਭਿਆਨਕ ਤਬਾਹੀ ਹੋਈ ਤੇ ਹਮਲਾ ਕਰਨ ਵਾਲਿਆਂ ਦੀ ਪੈੜ ਕੱਢਣੀ ਬੜੀ ਔਖੀ ਹੋ ਰਹੀ ਸੀ। ਉਸ ਖੇਤਰ ਦੇ ਮੁਸਲਮਾਨ ਆਪਣੇ ਆਪ ਵਿੱਚ ਬਹੁਤ ਖ਼ੁਸ਼ ਸਨ।" (ਕੈਂਪਬੈਲ ਜੌਨਸਨ, ਮਿਸ਼ਨ ਵਿਦ ਮਾਊਂਟਬੈਟਨ, ਪੰਨਾ 79)

6 ਮਾਰਚ 1947, ਉੱਜਲ ਸਿੰਘ ਦੀ ਅਗਵਾਈ ਵਿੱਚ ਇਕ ਪ੍ਰਤੀਨਿਧ ਮੰਡਲ ਗਵਰਨਰ ਸਰ ਐਵਿਨ ਜੈਨਕਿਨਸ ਨੂੰ ਮਿਲਿਆ, ਤੇ ਉਸ ਤੋਂ ਸ਼ਹਿਰੀ ਹਿੰਦੂਆਂ ਤੇ ਸਿੱਖਾਂ ਦੀ ਸੁਰੱਖਿਆ ਲਈ ਕਸਬਿਆਂ ਤੇ ਸ਼ਹਿਰਾਂ ਵਿੱਚ ਫ਼ੌਜ ਦੀ ਨਿਯੁਕਤੀ ਦੀ ਮੰਗ ਕੀਤੀ। (ਟ੍ਰਿਬਿਊਨ, 7 ਮਾਰਚ, 1947)

12 ਅਪ੍ਰੈਲ 1947 ਨੂੰ ਭੀਮ ਸੇਨ ਸੱਚਰ ਤੇ ਸਵਰਨ ਸਿੰਘ ਨੇ ਦੋ ਵੱਖ-ਵੱਖ ਮੰਤਰੀ ਮੰਡਲ ਬਣਾਕੇ ਪੰਜਾਬ ਦੀ ਵੰਡ ਮੁਸਲਮਾਨਾਂ ਤੇ ਗ਼ੈਰ ਮੁਸਲਮਾਨ ਖੇਤਰਾਂ ਵਿੱਚ ਕਰਨ ਦੀ ਮੰਗ ਕੀਤੀ। (ਟ੍ਰਿਬਿਊਨ 13 ਅਪ੍ਰੈਲ, 1947)

6. ਪੰਜਾਬ ਪੁਲਿਸ ਦੀ ਕੁੱਲ ਗਿਣਤੀ 24,095 ਸੀ ਜਿਸ ਵਿੱਚੋਂ 17848 ਮੁਸਲਮਾਨ, 6167 ਹਿੰਦੂ-ਸਿੱਖ ਤੇ 80 ਯੂਰਪੀਨ ਜਾਂ ਐਂਗਲੋ-ਇੰਡੀਅਨ ਸਨ।

ਸੀ। ਇਹ ਵਧੀਕ ਪੁਲਿਸ ਜ਼ਿਆਦਾ ਕਰਕੇ ਮੁਸਲਮਾਨਾਂ ਦੀ ਹੀ ਸੀ ਤੇ ਗੈਰ-ਮੁਸਲਮਾਨਾਂ ਨੂੰ ਸ਼ੱਕ ਸੀ ਕਿ ਇਹ ਪਾਕਿਸਤਾਨ ਵਾਸਤੇ ਫ਼ੌਜ ਦਾ ਮੁੱਢ ਸੀ।

ਇਹ ਫ਼ਸਾਦ ਸਿੱਖਾਂ ਲਈ ਸਖ਼ਤ ਉਤੇਜਨਾ ਸੀ। ਜੋ ਭੈ ਉਹਨਾਂ ਦੇ ਨਾਮ ਨਾਲ ਜੁੜਿਆ ਸੀ, ਖ਼ਤਮ ਹੋ ਚੁੱਕਿਆ ਸੀ। ਉਹਨਾਂ ਦੀ ਜੁਝਾਰੂ ਤੇ ਜੰਗਜੂ ਵੀਰਤਾ ਪਤਨ ਉਨਮੁਖ ਤੇ ਨਿੱਘਰੀ ਹੋਈ ਜਾਤੀ ਦੀ ਅਤਿਕਥਨੀ ਹੀ ਸੀ। ਇਸ ਅਪਮਾਨ ਨੇ ਸਿੱਖ ਮਨਾਂ ਵਿੱਚ ਮੁਸਲਮਾਨਾਂ ਦੇ ਵਿਰੁੱਧ ਕਠੋਰਤਾ ਭਰ ਦਿੱਤੀ। ਉਹ ਹੁਣ ਸਮਝੌਤੇ ਦੀ ਥਾਂ ਬਦਲਾ ਲੈਣ ਦੇ ਰਉਂ ਵਿੱਚ ਸਨ। ਮੁੱਖ ਸਕੱਤਰ ਦੀ ਰਿਪੋਰਟ ਅਨੁਸਾਰ ਸਿੱਖ ਇਸ ਸੰਪ੍ਰਦਾਇਕ ਸਮੱਸਿਆ ਦੇ ਹੱਲ ਲਈ ਵੰਡ ਤੋਂ ਘੱਟ ਰਤਾ ਵੀ ਕਿਸੇ ਚੀਜ਼ ਲਈ ਤਿਆਰ ਨਹੀਂ ਸਨ ਤੇ ਉਹ ਝਗੜੇ ਬਿਖੇੜੇ ਲਈ ਆਪਣੇ ਆਪ ਨੂੰ ਜੱਥੇਬੰਦ ਕਰ ਰਹੇ ਸਨ। ਇਸ ਰਿਪੋਰਟ ਵਿੱਚ ਅੱਗੇ ਲਿਖਿਆ ਸੀ, "ਉਹਨਾਂ ਦੀ ਯੋਜਨਾ ਵਿੱਚ ਸਾਰਾ ਪੰਜਾਬ ਸ਼ਾਮਿਲ ਹੈ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਸ ਵਿੱਚ ਸਿੱਖ ਰਿਆਸਤਾਂ ਵੀ ਸ਼ਾਮਿਲ ਹਨ। ਸਿੱਖਾਂ ਨੂੰ ਸੰਗਠਿਤ ਕੀਤਾ ਜਾ ਰਿਹਾ ਹੈ। ਜੋ ਪਹਿਲਾਂ ਹਥਿਆਰਬੰਦ ਨਹੀਂ ਹਨ ਉਹਨਾਂ ਨੂੰ ਹਥਿਆਰਬੰਦ ਕੀਤਾ ਜਾ ਰਿਹਾ ਹੈ। ਉਹਨਾਂ ਵਿੱਚ ਮੌਖਿਕ ਤੇ ਲਿਖਤੀ ਸਾਧਨਾਂ ਰਾਹੀਂ ਪ੍ਰਚਾਰ ਕਰਕੇ ਉਹਨਾਂ ਨੂੰ ਭੜਕਾਇਆ ਜਾ ਰਿਹਾ ਹੈ। ਉਹਨਾਂ ਨੂੰ ਸੋਚੇ ਸਮਝੇ ਢੰਗ ਨਾਲ, ਮੁਸਲਮਾਨਾਂ ਪ੍ਰਤੀ ਉਹਨਾਂ ਦੀ ਨਫ਼ਰਤ ਨੂੰ, ਮੁਸਲਮਾਨਾਂ ਹੱਥੋਂ ਉਹਨਾਂ ਦੇ ਸਹਿਧਰਮੀਆਂ ਉਪਰ ਹੋਏ ਜ਼ੁਲਮਾਂ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਵਧਾਇਆ ਜਾ ਰਿਹਾ ਹੈ। ਸਿੱਖਾਂ ਬਾਰੇ ਮਹੱਤਵਪੂਰਨ ਸੁਆਲ ਇਹ ਨਹੀਂ ਕਿ ਉਹ ਜੇ ਉਹ ਲੜਨਗੇ ਤੇ ਕਦੋਂ ਲੜਨਗੇ? ਸੁਆਲ ਇਹ ਹੈ ਕਿ ਕੀ ਸਿੱਖ ਨੇਤਾ ਜਿਵੇਂ ਉਹ ਕਰ ਰਹੇ ਹਨ ਉਹ ਆਪਣੇ ਅਨੁਯਾਈਆਂ ਨੂੰ ਕਾਬੂ ਹੇਠ ਰੱਖ ਕੇ ਅਨੁਸ਼ਾਸ਼ਣ ਰੱਖ ਸਕਣਗੇ।"[7]

13 ਅਪ੍ਰੈਲ 1947 ਦੀ ਵਿਸਾਖੀ ਨੂੰ ਤਾਰਾ ਸਿੰਘ ਤੇ 280 ਜੱਥੇਦਾਰਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਪ੍ਰਤਿੱਗਿਆ ਕੀਤੀ ਕਿ ਉਹ ਆਪਣੇ ਫ਼ਿਰਕੇ ਲਈ ਜਾਨਾਂ ਵਾਰ ਦੇਣਗੇ। ਉਸ ਦਿਨ ਤੋਂ ਸਿੱਖਾਂ ਨੇ ਸ਼ਹਿਰੀ ਤੇ ਪਿੰਡਾਂ ਵਿੱਚ ਬੇਜਾਨ ਹੋਏ ਜੱਥਿਆਂ ਨੂੰ ਕ੍ਰਿਆਸ਼ੀਲ ਕਰਕੇ ਉਹਨਾਂ ਨੂੰ ਕ੍ਰਿਪਾਨਾਂ ਤੇ ਜੇ ਸੰਭਵ ਹੋ ਸਕਿਆ, ਬੰਦੂਕਾਂ ਨਾਲ ਲੈਸ ਕੀਤਾ।[8] ਅਚਾਨਕ ਹੀ ਨਿਹੰਗਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ। ਆਰ.ਐਸ. ਐਸ. ਤੇ ਸਿੱਖ ਰਿਆਸਤਾਂ ਨਾਲ ਸੰਪਰਕ ਕਾਇਮ ਕੀਤਾ ਗਿਆ। ਹਰਿਮੰਦਰ ਸਾਹਿਬ ਤੇ ਦੂਸਰੇ ਗੁਰਦੁਆਰਿਆਂ ਦੀ ਸੁਰੱਖਿਆ ਲਈ ਅਜ਼ਾਦ ਹਿੰਦ ਫ਼ੌਜ ਦੇ ਮੈਂਬਰ ਭਰਤੀ ਕੀਤੇ ਗਏ।

---

7. ਸਿੱਖ ਯੋਜਨਾ ਬਾਰੇ ਪੱਤਰ ਪੰਨਾ, 7-8
8. ਜਿਵੇਂ ਆਮ ਵਰਨਣ ਕੀਤਾ ਗਿਆ, "ਸਿੱਖ ਸਾਜ਼ਿਸ਼" ਦੀਆਂ ਮੁੱਖ ਸ਼ਖ਼ਸ਼ੀਅਤਾਂ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ (ਜੋ 16 ਅਪ੍ਰੈਲ ਨੂੰ ਅਕਾਲੀ ਦਲ ਦਾ ਪ੍ਰਧਾਨ ਬਣ ਗਿਆ ਸੀ), ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਜੱਥੇਦਾਰ ਮੋਹਨ ਸਿੰਘ, ਸੋਹਨ ਸਿੰਘ ਜਲਾਲ ਉਸਮਾਂ, ਸਰਮੁਖ ਸਿੰਘ ਚਮਕ, ਅਮਰ ਸਿੰਘ ਦੁਸਾਂਝ, ਜਨਰਲ ਮੋਹਨ ਸਿੰਘ ਤੇ ਕਰਨਲ ਨਿਰੰਜਨ ਸਿੰਘ ਗਿੱਲ ਸਨ। ਮੁੱਢਲੇ ਪੜਾ ਤੇ ਸਿੱਖ ਜੱਥਿਆਂ ਨੂੰ ਗਿਆਨੀ ਹਰਬੰਸ ਸਿੰਘ ਆਨੰਦਪੁਰ ਨੇ ਸੰਗਠਿਤ ਕੀਤਾ ਜੋ ਕਤਲ ਦੇ ਇਲਜ਼ਾਮ ਵਿੱਚ ਭਗੌੜਾ ਸੀ। (ਗਿਆਨੀ ਨੂੰ ਮਗਰੋਂ ਗ੍ਰਿਫ਼ਤਾਰ ਕਰਕੇ ਫ਼ਾਂਸੀ ਲਾ ਦਿੱਤਾ ਗਿਆ ਸੀ।)

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਪੰਜਾਹ ਲੱਖ ਰੁਪਿਆ, ਰੱਖਿਆ ਫ਼ੰਡ ਇਕੱਠਾ ਕਰਨ ਲਈ ਮੁਹਿੰਮ ਚਲਾਈ ਗਈ।[9] 22 ਮਾਰਚ 1947 ਨੂੰ ਲਾਰਡ ਮਾਊਂਟਬੈਟਨ ਨੇ ਲਾਰਡ ਵੇਵਲ ਤੋਂ ਵਾਇਸਰਾਏ ਵਜੋਂ ਕਾਰਜ-ਭਾਰ ਸੰਭਾਲ ਲਿਆ। ਉਸਦਾ ਕਾਰਜ ਬਰਤਾਨਵੀ ਹੱਥਾਂ 'ਚੋਂ ਜਿੰਨੀ ਜਲਦੀ ਸੰਭਵ ਹੋ ਸਕੇ, ਤਾਕਤ ਭਾਰਤੀ ਹੱਥਾਂ ਵਿੱਚ ਸੌਂਪਣੀ ਸੀ। ਉਸ ਨੇ ਆਪਣਾ ਕੰਮ, ਵੱਖ-ਵੱਖ ਦਲਾਂ ਦੇ ਨੇਤਾਵਾਂ ਨੂੰ ਮਿਲਕੇ ਉਹਨਾਂ ਦੇ ਵਿਚਾਰ ਵੱਖ-ਵੱਖ ਉਪਾਵਾਂ ਬਾਰੇ ਜਾਣ ਕੇ ਕਿ ਕੀ ਉਹ ਸੰਯੁਕਤ ਭਾਰਤ ਦੇ ਹੱਕ ਵਿੱਚ ਹਨ ਜਾਂ ਪਾਕਿਸਤਾਨ ਚਾਹੁੰਦੇ ਹਨ, ਸ਼ੁਰੂ ਕਰ ਦਿੱਤਾ। ਉਸ ਨੇ ਪ੍ਰਾਂਤਕ ਗਵਰਨਰਾਂ ਨਾਲ ਵੀ ਸਲਾਹ ਮਸ਼ਵਰਾ ਕੀਤਾ। ਸਰ ਈਵਨਜ਼ ਜਿਨਕਿਨਸ ਨੇ ਉਸ ਨੂੰ ਸੁਚੇਤ ਕੀਤਾ ਕਿ ਫ਼ਿਰਕਾਪ੍ਰਸਤੀ ਦੇ ਆਧਾਰ 'ਤੇ ਪੰਜਾਬ ਦੀ ਵੰਡ ਤਬਾਹਕੁਣ ਹੋਵੇਗੀ ਕਿਉਂਕਿ ਹਰ ਜ਼ਿਲ੍ਹੇ ਵਿੱਚ ਮੁਸਲਮਾਨ, ਹਿੰਦੂ ਤੇ ਸਿੱਖ ਬਹੁਤ ਚੰਗੀ ਤਰ੍ਹਾਂ ਮਿਸ਼ਰਤ ਹਨ।

ਪ੍ਰੰਤੂ ਮੁਲਕ ਵਿੱਚ ਆਮ ਲੋਕ ਵੰਡ ਦੇ ਹੱਕ ਵਿੱਚ ਸਨ। ਕੇਂਦਰੀ ਵਿਧਾਨ ਮੰਡਲ, ਪੰਜਾਬ ਅਸੈਂਬਲੀ ਤੇ ਕਾਨੂੰਨਸਾਜ਼ ਅਸੈਂਬਲੀ ਦੇ ਸਿੱਖ ਤੇ ਹਿੰਦੂ ਮੈਂਬਰ ਦਿੱਲੀ ਵਿੱਚ ਇਕੱਠੇ ਹੋਏ ਤੇ ਉਹਨਾਂ ਨੇ ਪੰਜਾਬ ਦੀ ਵੰਡ ਵਸੋਂ ਤੇ ਜਾਇਦਾਦ ਦੇ ਅਧਾਰ 'ਤੇ ਨਿਆਂ ਪੂਰਵਕ ਤੇ ਉਚਿਤ ਢੰਗ ਨਾਲ ਕਰਨ ਦਾ ਮਤਾ ਪਾਸ ਕਰ ਦਿੱਤਾ। ਅਕਾਲੀਆਂ ਤੇ ਕਮਿਊਨਿਸਟਾਂ (ਜੋ ਪਾਕਿਸਤਾਨ ਦੇ ਸਮਰਥੱਕ ਸਨ) ਨੇ ਸਿੱਖ ਰਾਜ, ਖ਼ਾਲਿਸਤਾਨ ਦਾ ਦਾਅਵਾ ਪੇਸ਼ ਕਰ ਦਿੱਤਾ।

ਲਾਰਡ ਮਾਊਂਟਬੈਟਨ ਆਪਣੀ ਸਰਕਾਰ ਨੂੰ ਸਥਿਤੀ ਤੋਂ ਜਾਣੂ ਕਰਾਉਣ ਲਈ ਤੇ ਆਪਣੇ ਲਈ ਨਵਾਂ ਆਦੇਸ਼ ਲੈਣ ਲਈ ਇੰਗਲੈਂਡ ਮੁੜ ਗਿਆ। ਬਰਤਾਨਵੀ ਸਰਕਾਰ ਨੇ ਸਹਿਮਤੀ ਪ੍ਰਗਟ ਕਰ ਦਿੱਤੀ ਤੇ ਕਿਹਾ ਕਿ ਜੇ ਭਾਰਤੀਆਂ ਦੀ ਇਹੋ ਇੱਛਾ ਹੈ ਤਾਂ ਦੇਸ਼ ਦੀ ਵੰਡ ਕਰ ਦਿੱਤੀ ਜਾਵੇ। ਪੰਜਾਬ ਤੇ ਬੰਗਾਲ ਵਿੱਚ ਇਸ ਵਿਧੀ ਦੀ ਸਿਫ਼ਾਰਸ਼ ਕੀਤੀ ਗਈ ਕਿ ਉਹਨਾਂ ਦੀਆਂ ਸਬੰਧਿਤ ਵਿਧਾਨ ਸਭਾਵਾਂ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਜਾਵੇ—ਇਕ ਵਿੱਚ ਮੁਸਲਿਮ ਬਹੁ-ਗਿਣਤੀ ਦੇ ਜ਼ਿਲ੍ਹੇ ਹੋਣ ਤੇ ਦੂਸਰੇ ਲੋਕਾਂ ਲਈ ਬਾਕੀ ਦਾ ਪ੍ਰਾਂਤ। ਹਰ ਭਾਗ ਵੰਡ ਦੇ ਹੱਕ ਜਾਂ ਵਿਰੁੱਧ ਵਿੱਚ ਵੋਟ ਪਾਵੇਗਾ। ਜੇ ਕਿਸੇ ਭਾਗ ਨੇ ਵੀ ਵੰਡ ਦੇ ਹੱਕ ਵਿੱਚ ਵੋਟ ਪਾਈ ਤਾਂ ਹੱਦਬੰਦੀ ਲਈ ਕਮਿਸ਼ਨ ਕਾਇਮ ਕਰ ਦਿੱਤਾ ਜਾਵੇਗਾ।

☜ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਆਈ.ਐਨ. ਏ. (ਅਜ਼ਾਦ ਹਿੰਦ ਫ਼ੌਜ) ਦੇ ਸਿੱਖਾਂ ਨੇ ਆਪਣਾ ਮੁੱਖ ਦਫ਼ਤਰ ਸੁਰਜੀਤ ਸਿੰਘ ਮਜੀਠੀਆ ਦੇ ਨਿਵਾਸ, "ਮਜੀਠਾ ਹਾਊਸ" ਵਿੱਚ ਕਾਇਮ ਕੀਤਾ ਹੋਇਆ ਸੀ। ਮਗਰੋਂ ਸੁਰਜੀਤ ਸਿੰਘ ਜੋ ਸੁੰਦਰ ਸਿੰਘ ਮਜੀਠੀਆ ਦਾ ਲੜਕਾ ਸੀ, ਨਿਪਾਲ ਵਿੱਚ ਭਾਰਤ ਦਾ ਰਾਜਦੂਤ ਬਣਿਆ ਤੇ ਫਿਰ ਕਾਂਗਰਸ ਵੱਲੋਂ ਲੋਕ ਸਭਾ ਦਾ ਮੈਂਬਰ ਚੁਣਿਆ ਗਿਆ ਤੇ ਉੱਪ-ਰੱਖਿਆ ਮੰਤਰੀ ਬਣਿਆ।

9. ਅਕਾਲੀਆਂ ਨੇ ਅਸਲ ਵਿੱਚ 10-12 ਲੱਖ ਇਕੱਠਾ ਕਰ ਲਿਆ ਸੀ। ਬਲਦੇਵ ਸਿੰਘ ਪੰਜਾਬ ਗਵਰਨਰ ਦੀ ਹਾਜ਼ਰੀ ਵਿੱਚ ਲਾਰਡ ਮਾਊਂਟਬੈਟਨ ਦੇ ਰੂਬਰੂ ਹੋਇਆ ਤੇ ਉਸ ਨੂੰ ਮਾਊਂਟਬੈਟਨ ਨੇ ਪੁੱਛਿਆ ਕਿ ਕੀ ਉਹ ਸਿੱਖ ਰਖਿਆ ਫ਼ੰਡ ਦਾ ਖ਼ਜ਼ਾਨਚੀ ਸੀ। ਉਸ ਨੇ ਇਸ ਬਾਰੇ ਇਨਕਾਰ ਕਰ ਦਿੱਤਾ। (ਜਾਨ ਕੈਂਪਬੈਲ, ਮਿਸ਼ਨ ਵਿਦ ਮਾਊਂਟਬੈਟਨ, ਪੰਨਾ 66)

ਲਾਰਡ ਮਾਊਂਟਬੈਟਨ ਨੇ ਭਾਰਤ ਆ ਕੇ ਭਾਰਤੀ ਨੇਤਾਵਾਂ ਸਾਹਮਣੇ ਵੰਡ ਬਾਰੇ ਵੋਟਾਂ ਪੁਆਉਣ ਦੀ ਯੋਜਨਾ ਰੱਖੀ। ਉਸ ਨੇ ਆਪਣੇ ਪ੍ਰਾਰੰਭਿਕ ਭਾਸ਼ਨ ਵਿੱਚ ਸਿੱਖਾਂ ਦੀ ਸਥਿਤੀ ਬਾਰੇ ਖ਼ਾਸ ਸੰਕੇਤ ਦਿੱਤਾ ਜਿਨ੍ਹਾਂ ਦੇ ਭਵਿੱਖ ਬਾਰੇ (ਲਾਰਡ ਮਾਊਂਟਬੈਟਨ ਅਨੁਸਾਰ) ਬਰਤਾਨਵੀ ਪਾਰਲੀਮੈਂਟ ਦੇ ਮੈਂਬਰਾਂ ਨੂੰ ਬਹੁਤ ਚਿੰਤਾ ਸੀ।[10] ਵਾਇਸਰਾਇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਸ ਨੇ ਕਈ ਵਾਰ ਸਿੱਖ ਨੇਤਾਵਾਂ ਨੂੰ ਪੁੱਛਿਆ ਹੈ ਕਿ ਕੀ ਉਹ ਸੱਚਮੁੱਚ ਹੀ ਪੰਜਾਬ ਦੀ ਵੰਡ ਚਾਹੁੰਦੇ ਹਨ ਜਿਸ ਨਾਲ ਨਿਸ਼ਚਿਤ ਤੌਰ 'ਤੇ ਸਿੱਖ ਵਸੋਂ ਦੋ ਹਿੱਸਿਆਂ ਵਿੱਚ ਵੰਡੀ ਜਾਏਗੀ ਤੇ ਹਰ ਇਕ ਨੇਤਾ ਨੇ ਇਸ ਗੱਲ ਦਾ ਵਿਸ਼ਵਾਸ਼ ਦਿੱਤਾ ਹੈ ਕਿ ਉਹ ਪਾਕਿਸਤਾਨ ਵਿੱਚ ਰਹਿਣ ਨਾਲੋਂ ਪੰਜਾਬ ਦੀਵੰਡ ਨੂੰ ਤਰਜੀਹ ਦੇਣਗੇ।

ਕਾਂਗਰਸ ਤੇ ਮੁਸਲਿਮ ਲੀਗ ਤਾਂ ਸਿਧਾਂਤਕ ਰੂਪ ਵਿੱਚ ਤਜਵੀਜ਼ਾਂ ਨਾਲ ਸਹਿਮਤ ਹੋ ਗਈਆਂ। ਬਲਦੇਵ ਸਿੰਘ ਦੇ ਵਿਚਾਰ ਉਸ ਨੇ ਪਹਿਲਾਂ ਹੀ ਜਾਣ ਲਏ ਸਨ। ਹੁਣ ਤਾਂ ਉਸ ਨੇ ਇਹੋ ਕਹਿਣਾ ਹੈ ਕਿ "ਹੱਦਬੰਦੀ ਕਮਿਸ਼ਨ" ਦੀਆਂ ਸ਼ਰਤਾਂ ਤਿਆਰ ਕਰਦੇ ਸਮੇਂ ਸਿੱਖਾਂ ਦੀ ਸਥਿਤੀ ਨੂੰ ਧਿਆਨ 'ਚ ਰਖਿਆ ਜਾਵੇ।[11]

3 ਜੂਨ ਦੀ ਰਾਤ ਨੂੰ ਵਾਇਸਰਾਇ ਨੇ ਸਿੱਖਾਂ ਦੀ ਤਕਦੀਰ ਬਾਰੇ ਬੜੀ ਭਾਵੁਕਤਾ ਨਾਲ ਪ੍ਰਸਾਰਨ ਵਿੱਚ ਜ਼ਿਕਰ ਕਰਦਿਆਂ ਕਿਹਾ, "ਅਸੀਂ ਸਿੱਖਾਂ ਦੀ ਸਥਿਤੀ ਬਾਰੇ ਬੜੇ ਧਿਆਨ ਨਾਲ ਵਿਚਾਰ ਕੀਤੀ ਹੈ। ਇਹ ਬਹਾਦਰ ਫ਼ਿਰਕਾ ਪੰਜਾਬ ਦੀ ਵਸੋਂ ਦਾ 1/8 ਭਾਗ ਹੈ ਪਰ ਇਹ ਇਸ ਤਰ੍ਹਾਂ ਖਿੱਲਰੇ ਹੋਏ ਹਨ ਕਿ ਕਿਸੇ ਤਰ੍ਹਾਂ ਵੀ ਇਸ ਪ੍ਰਾਂਤ ਦੀ ਵੰਡ ਕਰੀਏ, ਉਹ ਵਿਭਾਜਤ ਹੋ ਜਾਣਗੇ। ਸਾਨੂੰ ਸਭ ਨੂੰ ਜੋ ਸਿੱਖ ਭਾਈਚਾਰੇ ਦੇ ਭਲੇ ਦੇ ਦਿਲੋਂ ਖ਼ਾਹਿਸ਼ਮੰਦ ਹਾਂ, ਇਸ ਗੱਲ ਦਾ ਅਫ਼ਸੋਸ ਹੈ ਕਿ ਪੰਜਾਬ ਦੀ ਵੰਡ ਜਿਸ ਦੀ ਉਹਨਾਂ ਆਪ ਮੰਗ ਕੀਤੀ ਹੈ, ਉਹਨਾਂ ਨੂੰ ਕਿਵੇਂ ਵੀ ਵਿਭਾਜਤ ਹੋਣ ਤੋਂ ਬਚਾ ਨਹੀਂ ਸਕਦੀ। ਇਹ ਹੱਦਬੰਦੀ ਕਮਿਸ਼ਨ ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਹੱਦ ਤੱਕ ਵਿਭਾਜਤ ਹੁੰਦੇ ਹਨ

---

10. ਸਿੱਖਾਂ ਦੀ ਸਥਿਤੀ ਨੇ ਬਰਤਾਨੀਆ ਦੇ ਪਾਰਲੀਮੈਂਟ ਮੈਂਬਰਾਂ ਵਿੱਚ ਹਮਦਰਦੀ ਪੈਦਾ ਕਰ ਦਿੱਤੀ। ਆਰ.ਏ. ਬਟਲਰ ਨੇ ਹਾਊਸ ਔਫ ਕਾਮਨਜ਼ ਵਿੱਚ ਕਿਹਾ, "ਅੰਗਰੇਜ਼ਾਂ ਦੇ ਸਿੱਖਾਂ ਨਾਲ ਅਤਿਅੰਤ ਖੁਸ਼ਗਵਾਰ ਸਬੰਧ ਰਹੇ ਹਨ ਤੇ ਸੰਸਾਰ ਦੀਆਂ ਸਭ ਬਹਾਦਰ ਕੌਮਾਂ 'ਚੋਂ ਸ਼ਾਇਦ ਉਹਨਾਂ ਦੀ ਪ੍ਰਸਿੱਧੀ ਸਭ ਤੋਂ ਵਧੇਰੇ ਹੈ। ਇਕੋ ਇਕ ਢੰਗ ਜਿਸ ਨਾਲ ਉਹਨਾਂ ਦੀ ਹਾਲਤ ਸੁਧਾਰੀ ਜਾ ਸਕਦੀ ਹੈ, ਉਹ ਇਹ ਹੈ ਕਿ ਹੱਦਬੰਦੀ ਕਮਿਸ਼ਨ ਸਿੱਖਾਂ ਦੀ ਵੱਧ ਤੋਂ ਵੱਧ ਗਿਣਤੀ ਨੂੰ ਇਕ ਸਮੂਹ ਵਿੱਚ ਸੰਗ੍ਰਹਿਤ ਕਰ ਦੇਵੇ।" (ਟ੍ਰਿਬਿਊਨ, 16 ਜੁਲਾਈ 1947)
11. ਸਿੱਖ ਨੇਤਾ ਨਿਰੰਤਰ ਇਕ-ਦੂਸਰੇ ਨਾਲ ਵਿਚਾਰ ਵਟਾਂਦਰੇ ਕਰਦੇ ਰਹੇ। ਦੋ ਜੂਨ 1947 ਨੂੰ ਦਿੱਲੀ ਵਿੱਚ ਅਕਾਲੀ ਦਲ ਦੀ ਕਾਰਜਕਾਰਨੀ ਦੀ ਇਕੱਤਰਤਾ ਹੋਈ। ਇਸ ਵਿੱਚ ਗਿਆਨੀ ਕਰਤਾਰ ਸਿੰਘ (ਪ੍ਰਧਾਨ), ਮਾਸਟਰ ਤਾਰਾ ਸਿੰਘ, ਅਮਰ ਸਿੰਘ ਦੁਸਾਂਝ, ਪ੍ਰੀਤਮ ਸਿੰਘ ਗੋਜਰਾਂ, ਮੰਗਲ ਸਿੰਘ ਗਿੱਲ, ਸਵਰਨ ਸਿੰਘ, ਉੱਜਲ ਸਿੰਘ ਤੇ ਬਲਦੇਵ ਸਿੰਘ ਨੇ ਭਾਗ ਲਿਆ। ਬਲਦੇਵ ਸਿੰਘ ਨੇ ਇਸ ਗੱਲਬਾਤ ਦੀ ਜਾਣਕਾਰੀ ਦਿੱਤੀ। ਨੇਤਾਵਾਂ ਨੇ ਵੰਡ ਦੀ ਮੰਗ 'ਤੇ ਜ਼ੋਰ ਦਿੰਦਿਆਂ ਮਤਾ ਪਾਸ ਕੀਤਾ ਕਿ ਸਿੱਖਾਂ ਦੀ ਯਕਜਿਹਤੀ ਲਈ ਚਨਾਬ ਦਰਿਆ ਨੂੰ ਹੱਦ ਬਣਾਇਆ ਜਾਵੇ। (ਹਿੰਦੁਸਤਾਨ ਟਾਈਮਜ਼ 3 ਜੂਨ, 1947) ਉਹੋ ਜਿਹੀਆਂ ਮੀਟਿੰਗਾਂ ਲਾਹੌਰ ਵਿੱਚ ਵੀ ਬੁਲਾਈਆਂ ਗਈਆਂ।

ਤੇ ਉਸ ਕਮਿਸ਼ਨ ਵਿੱਚ, ਨਿਰਸੰਦੇਹ, ਸਿੱਖਾਂ ਦੀ ਪ੍ਰਤੀਨਿਧਤਾ ਵੀ ਹੋਵੇਗੀ।"[12]

ਅਗਲੇ ਦਿਨ ਉਸ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਕਿਹਾ—

"ਇਸ ਯੋਜਨਾ ਦੀਆਂ ਦੋ ਮੁੱਖ ਧਿਰਾਂ ਹਨ—ਕਾਂਗਰਸ ਤੇ ਮੁਸਲਿਮ ਲੀਗ, ਪਰ ਇਕ ਹੋਰ ਫ਼ਿਰਕਾ ਵੀ ਹੈ ਜਿਸ ਦੀ ਗਿਣਤੀ ਤਾਂ ਬਹੁਤ ਥੋੜ੍ਹੀ ਹੈ ਪਰ ਉਸ ਦੀ ਮਹੱਤਤਾ ਬਹੁਤ ਅਧਿਕ ਹੈ। ਉਹ ਹਨ ਸਿੱਖ, ਉਹਨਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਮੈਨੂੰ ਜਾਣਕਾਰੀ ਮਿਲੀ ਹੈ ਕਿ ਸਿੱਖ ਭਾਈਚਾਰੇ ਦੀ ਬੇਨਤੀ 'ਤੇ ਹੀ ਕਾਂਗਰਸ ਨੇ ਪੰਜਾਬ ਦੇ ਬਟਵਾਰੇ ਦਾ ਮਤਾ ਪੇਸ਼ ਕੀਤਾ ਹੈ ਤੇ ਤੁਹਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਉਸ ਮਤੇ ਰਾਹੀਂ ਉਹਨਾਂ ਨੇ ਪੰਜਾਬ ਨੂੰ ਬਹੁ-ਗਿਣਤੀ ਮੁਸਲਿਮ ਤੇ ਗ਼ੈਰ-ਮੁਸਲਿਮ ਖੇਤਰਾਂ ਵਿਚਕਾਰ ਵੰਡੇ ਜਾਣ ਦੀ ਇੱਛਾ ਵਿਅਕਤ ਕੀਤੀ ਹੈ। ਇਸ ਲਈ ਉਸ ਮਤੇ ਅਨੁਸਾਰ ਹੀ ਜਿਸ ਦਾ ਸਿੱਖਾਂ ਨੇ ਸਮਰਥਨ ਕੀਤਾ ਹੈ, ਬਟਵਾਰੇ ਦਾ ਪ੍ਰਬੰਧ ਕੀਤਾ ਗਿਆ ਹੈ। ਜਦੋਂ ਇਹ ਸੁਝਾਅ ਦਿੱਤਾ ਗਿਆ ਤਾਂ ਮੈਨੂੰ ਇਸ ਸਮੁੱਚੇ ਵਿਸਥਾਰ ਬਾਰੇ ਕੋਈ ਜਾਣਕਾਰੀ ਨਹੀਂ ਸੀ, ਪਰ ਜਦੋਂ ਮੈਂ ਨਕਸ਼ਾ ਮੰਗਵਾ ਕੇ ਸਿੱਖ ਵਸੋਂ ਦੀ ਇਸ ਤਜਵੀਜ਼ ਅਨੁਸਾਰ ਵਸੋਂ ਦਾ ਖਿਲਾਰ ਦੇਖਿਆ ਤਾਂ ਮੈਂ ਇਹ ਜਾਣ ਕੇ ਹੈਰਾਨ ਹੋ ਗਿਆ ਕਿ ਸਿੱਖ ਭਾਈਚਾਰਾ ਦੋ ਬਰਾਬਰ ਦੇ ਭਾਗਾਂ ਵਿੱਚ ਵੰਡਿਆ ਜਾ ਚੁੱਕਾ ਹੈ। ਮੈਂ ਇਧਰ ਵੀ ਤੇ ਉਧਰ ਇੰਗਲੈਂਡ ਵਿੱਚ ਇਸ ਬਾਰੇ ਕਾਫ਼ੀ ਸਮਾਂ ਸੋਚ ਵਿਚਾਰ ਕੀਤੀ ਹੈ ਕਿ ਕਿਸ ਤਰ੍ਹਾਂ ਉਹ ਹੱਲ ਲੱਭਿਆ ਜਾਵੇ ਜਿਸ ਨਾਲ ਫ਼ਿਰਕੇ ਨੂੰ ਵੱਧ ਤੋਂ ਵੱਧ ਇਕ ਪਾਸੇ ਰਖਿਆ ਜਾਵੇ ਤੇ ਜਿਸ ਨਾਲ ਉਸ ਸੁਖ਼ਾਲੇ ਤੇ ਸਰਬ-ਪੱਖੀ ਸਿਧਾਂਤ ਦਾ ਤਿਆਗ ਨਾ ਕੀਤਾ ਜਾਵੇ ਜਿਸ ਹੱਲ ਦੀ ਇਕ ਧਿਰ ਮੰਗ ਕਰੇ ਤੇ ਦੂਸਰੀ ਧਿਰ ਉਸ ਨੂੰ ਪ੍ਰਵਾਨ ਕਰ ਲਵੇ। ਮੈਂ ਕੋਈ ਜਾਦੂਗਰ ਤਾਂ ਨਹੀਂ ਹਾਂ ਤੇ ਮੈਨੂੰ ਅਜਿਹਾ ਕੋਈ ਕਰਾਮਾਤੀ ਹੱਲ ਨਹੀਂ ਲੱਭਿਆ।[13]

ਲਾਰਡ ਮਾਊਂਟਬੈਟਨ ਨੂੰ ਪੁੱਛਿਆ ਗਿਆ ਕਿ ਉਸ ਸਿਧਾਂਤ ਦਾ ਮੂਲ ਅਧਾਰ ਜਿਸ ਅਨੁਸਾਰ ਪ੍ਰਾਂਤਾਂ ਦਾ ਬਟਵਾਰਾ ਕੀਤਾ ਜਾਣਾ ਹੈ, ਧਰਮ ਹੋਵੇਗਾ ਜਾਂ ਦੂਸਰੇ ਆਧਾਰਾ ਜਿਵੇਂ ਜਾਇਦਾਦ ਤੇ ਆਰਥਿਕ ਵਿਵਹਾਰਕਤਾ ਵੀ, ਸੰਕੇਤਕ ਸ਼ਰਤਾਂ ਵਜੋਂ ਸ਼ਾਮਿਲ ਕੀਤੇ ਜਾਣਗੇ। ਮਾਊਂਟਬੈਟਨ ਨੇ ਉੱਤਰ ਦਿੱਤਾ ਕਿ ਇਸ ਗੱਲ ਦੀ ਉਮੀਦ ਨਹੀਂ ਰੱਖਣੀ ਚਾਹੀਦੀ ਹੈ ਕਿ ਲੇਬਰ ਸਰਕਾਰ ਜਾਇਦਾਦਾਂ ਨੂੰ ਧਿਆਨ 'ਚ ਰੱਖ ਕੇ ਬਟਵਾਰੇ ਦੀ ਸੰਮਤੀ ਦੇਵੇਗੀ।[14]

ਕੋਈ ਵੀ ਖ਼ਿਆਲ ਜੋ ਸਿੱਖ ਨੇਤਾਵਾਂ ਦੇ ਦਿਮਾਗ਼ ਵਿੱਚ ਸੀ ਕਿ ਉਹ ਆਪਣੇ ਪੱਖ ਨੂੰ ਆਪਣੀ ਜ਼ਮੀਨਾਂ ਤੇ ਉਹਨਾਂ ਦੇ ਮਾਮਲੇ ਦੇ ਜ਼ੋਰ 'ਤੇ ਮਜ਼ਬੂਤੀ ਨਾਲ ਪੇਸ਼ ਕਰ ਸਕਣਗੇ, ਇਸ ਬਿਆਨ ਨਾਲ ਦੂਰ ਹੋ ਜਾਣਾ ਚਾਹੀਦਾ ਸੀ। ਪ੍ਰੰਤੂ ਉਹ ਆਪਣਿਆਂ ਮਨਪਸੰਦ ਭਰਮ-ਭੁਲੇਖਿਆਂ ਵਿੱਚ ਅਟੱਲ ਰਹੇ। ਕੁਝ ਦਿਨ ਮਗਰੋਂ ਲਾਹੌਰ ਵਿੱਚ ਸਰਵ-ਪਾਰਟੀ ਸੰਮੇਲਨ ਹੋਇਆ ਜਿਸ ਵਿੱਚ ਉਹਨਾਂ ਨੇ ਇਹ ਮਤਾ ਪਾਸ ਕਰ ਦਿੱਤਾ ਕਿ ਉਹ

---

12. 3 ਜੂਨ 1947 ਆਲ ਇੰਡੀਆ ਰੇਡੀਓ ਤੋਂ ਲਾਰਡ ਮਾਊਂਟਬੈਟਨ ਦਾ ਪ੍ਰਸਾਰਨ।
13. ਇਹ ਵਾਰ ਵਾਰ ਨਹੀਂ ਦੁਹਰਾਇਆ ਜਾ ਸਕਦਾ ਕਿ ਸਿੱਖਾਂਨੇ ਵੰਡ ਜਾਂ ਮੁਸਲਿਮ ਬਹੁਗਿਣਤੀ ਦੇ ਦਬਾ ਦੋਹਾਂ 'ਚੋਂ ਘੱਟ ਭੈੜੇ ਸਮਾਧਾਨ ਦੀ ਚੋਣ ਕੀਤੀ।
14. ਕੈਂਪਬੈਲ ਜੋਨਸਨ, ਮਿਸ਼ਨ ਵਿਦ ਮਾਊਂਟਬੈਟਨ, ਪੰਨਾ 109

ਅਜਿਹੀ ਹੱਦਬੰਦੀ ਪ੍ਰਵਾਨ ਨਹੀਂ ਕਰਨਗੇ ਜੋ ਸਿੱਖ ਫ਼ਿਰਕੇ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਨਹੀਂ ਰੱਖੇਗੀ।[15]

ਪੰਜਾਬ (ਤੇ ਬੰਗਾਲ) ਦੇ ਬਟਵਾਰੇ ਦਾ ਅਮਲ ਸਿੱਧਾ ਹੀ ਸ਼ੁਰੂ ਕਰਦਿੱਤਾ ਗਿਆ। ਪੰਜਾਬ ਵਿਧਾਨ ਸਭਾ ਬੁਲਾਈ ਗਈ ਤੇ ਨਿਰੰਤਰ ਹੀ ਸਾਰੇ ਮੁਸਲਮਾਨ ਮੈਂਬਰ ਬਟਵਾਰੇ ਦੇ ਵਿਰੁੱਧ ਤੇ ਹਿੰਦੂ ਤੇ ਸਿੱਖ ਬਟਵਾਰੇ ਦੇ ਹੱਕ ਵਿੱਚ ਵੋਟ ਪਾਉਂਦੇ ਰਹੇ।[16]

ਸਰ ਰੈਡਕਲਿਫ਼ ਦੀ ਪ੍ਰਧਾਨਗੀ ਹੇਠ ਹੱਦਬੰਦੀ ਕਮਿਸ਼ਨਾਂ ਦੀ ਨਿਯੁਕਤੀ ਕਰ ਦਿੱਤੀ ਗਈ। ਹਰ ਕਮਿਸ਼ਨ ਵਿੱਚ ਚਾਰ ਜੱਜ ਸ਼ਾਮਿਲ ਸਨ ਜਿਨ੍ਹਾਂ ਵਿੱਚ ਦੋ ਮੁਸਲਮਾਨ ਤੇ ਦੋ ਦੂਸਰਿਆਂ ਵਿੱਚੋਂ ਸਨ। ਸਿੱਖ ਮੈਂਬਰ ਪੰਜਾਬ ਹਾਈਕੋਰਟ ਦਾ ਜੱਜ ਤੇਜਾ ਸਿੰਘ ਸੀ। ਕਮਿਸ਼ਨ ਨੂੰ ਹਿਦਾਇਤ ਸੀ ਕਿ ਉਹ ਮੁਸਲਿਮ ਬਹੁ-ਗਿਣਤੀ ਦੇ ਨਾਲ-ਨਾਲ ਮਿਲਦੇ ਖੇਤਰਾਂ ਨੂੰ ਨਿਰਧਾਰਤ ਕਰੇ ਤੇ ਅਜਿਹਾ ਕਰਦੇ ਸਮੇਂ ਹੋਰ ਪਹਿਲੂਆਂ ਦਾ ਖ਼ਿਆਲ ਵੀ ਰੱਖੇ।

ਸਿੱਖਾਂ ਨੇ ਆਪਣੀ ਵਸੋਂ ਦੀ ਸਥਿਤੀ ਦੇ ਇਲਾਵਾ ਗੁਰਦੁਆਰਿਆਂ, ਘਰਾਂ ਤੇ ਪੱਛਮੀ ਪੰਜਾਬ ਵਿੱਚ ਆਪਣੀਆਂ ਜ਼ਮੀਨਾਂ ਦੀ ਸੁਰੱਖਿਆ ਲਈ ਹੱਦ ਬੰਦੀ ਕਮਿਸ਼ਨ ਵੱਲੋਂ ਦੂਸਰੇ ਪਹਿਲੂਆਂ ਦੀ ਮੱਦ ਨੂੰ ਧਿਆਨ ਵਿੱਚ ਰੱਖਣ ਉਪਰ ਟੇਕ ਲਾਈ ਹੋਈ ਸੀ। ਹੱਦਬੰਦੀ ਕਮਿਸ਼ਨ ਕੋਲ 32 ਸਿੱਖ ਮੈਂਬਰਾਂ ਦੇ ਦਸਤਖ਼ਤਾਂ ਵਾਲਾ ਯਾਦ ਪੱਤਰ ਪੇਸ਼ ਕੀਤਾ ਗਿਆ। ਇਸ ਵਿੱਚ ਜਨਗਣਨਾ ਰਿਪੋਰਟ ਦੀਆਂ ਗਲਤੀਆਂ, ਮੁਸਲਮਾਨ ਵਸੋਂ ਦੀ ਕਾਫ਼ੀ ਵੱਡੀ ਗਿਣਤੀ ਵਿੱਚ ਅਸਥਿਰਤਾ (ਜਿਵੇਂ ਟੱਪਰੀਵਾਸ); ਪੱਛਮੀ ਪੰਜਾਬ ਵਿੱਚ ਨਹਿਰੀ ਅਬਾਦੀਆਂ ਦੀਆਂ ਉਪਜਾਊ ਭੂਮੀ ਉਪਰ ਸਿੱਖਾਂ ਦੀ ਮਾਲਕੀ ਤੇ ਉਹਨਾਂ ਦੇ ਕੁਝ ਬਹੁਤ ਹੀ ਮਹੱਤਵਪੂਰਨ ਗੁਰਦੁਆਰਿਆਂ ਦੀ ਸਥਿਤੀ ਆਦਿ ਕਮਿਸ਼ਨ ਦੇ ਧਿਆਨ ਵਿੱਚ ਲਿਆਂਦੇ

---

15. ਸਿੱਖਾਂ ਦੀ ਇਸ ਯੋਜਨਾ ਬਾਰੇ ਪ੍ਰਤਿਕ੍ਰਿਆ ਤੇ ਉਹਨਾਂ ਦੇ ਗੁੱਸੇ ਦਾ ਅਨੁਮਾਨ ਮੁੱਖ ਸਕੱਤਰ ਦੀ ਰਿਪੋਰਟ ਤੋਂ ਲਾਇਆ ਜਾ ਸਕਦਾ ਹੈ—ਵੰਡ ਦੀ ਸਾਹਮਣੇ ਆਈ ਤਜਵੀਜ਼ ਦੋਹਾਂ ਖੇਤਰਾਂ ਵਿੱਚ ਸਿੱਖਾਂ ਨੂੰ ਘੱਟ ਗਿਣਤੀ ਬਣਾ ਦਿੰਦੀ ਹੈ।--ਇਸ ਲਈ ਉਹ ਆਪਣੀਆਂ ਮੰਗਾਂ ਮੁੜ ਪੇਸ਼ ਕਰਨ ਵਿੱਚ ਤੇ ਆਪਣੀ ਤਾਕਤ ਨੂੰ ਪੁਨਰ-ਗਠਨ ਕਰਨ ਵਿੱਚ ਲੱਗੇ ਹੋਏ ਹਨ। ਉਹਨਾਂ ਦਾ ਯਤਨ ਦੋਹਾਂ ਪੱਖਾਂ ਵਿੱਚ ਸਹੀ ਹੈ। ਉਹ ਆਪਣੀ ਉਮੀਦ ਕਾਂਗਰਸ ਅਤੇ ਹੱਦਬੰਦੀ ਕਮਿਸ਼ਨ 'ਤੇ ਲਾਈ ਬੈਠੇ ਹਨ ਪ੍ਰੰਤੂ ਉਹਨਾਂ ਦੇ ਆਖ਼ਰੀ ਗਸ਼ਤੀ ਪੱਤਰ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦਾ ਪੰਥ ਦੀ ਸ਼ਕਤੀ ਵਿੱਚ ਨਾ ਤਾਂ ਵਿਸ਼ਵਾਸ਼ ਘਟਿਆ ਹੈ ਤੇ ਨਾ ਹੀ ਉਹਨਾਂ ਨੇ ਗੋਡੇ ਟੇਕੇ ਹਨ। ਗਸ਼ਤੀ ਪੱਤਰ ਵਿੱਚ ਵਰਨਣ ਕੀਤਾ ਗਿਆ ਹੈ ਕਿ ਪਾਕਿਸਤਾਨ ਦਾ ਭਾਵ ਹੈ ਸਿੱਖ ਪੰਥ ਦੀ ਮੁਕੰਮਲ ਤਬਾਹੀ ਤੇ ਸਿੱਖ ਖ਼ੁਦਮੁਖ਼ਤਾਰ ਸਵਾਧੀਨ ਰਾਜ ਤੇ ਦ੍ਰਿੜ੍ਹ ਹਨ ਜਿਸ ਦੀਆਂ ਹੱਦਾਂ ਚਨਾਬ ਤੇ ਜਮਨਾ ਹੋਣ। ਦਲ ਸਭ ਸਿੱਖਾਂ ਨੂੰ ਇਸ ਆਦਰਸ਼ ਲਈ ਦਲ ਦੇ ਝੰਡੇ ਹੇਠ ਲੜਨ ਦਾ ਆਦੇਸ਼ ਦਿੰਦਾ ਹੈ।' ਨੋਟ ਔਨ ਦੀ ਸਿੱਖ ਪਲੈਨ, ਪੰਨਾ 25 ।
16. ਪ੍ਰਾਰੰਭਿਕ ਸੰਮੇਲਨ ਵਿੱਚ ਨਵੀਂ ਕਾਨੂੰਨਸਾਜ਼ ਅਸੈਂਬਲੀ ਵਿੱਚ ਸ਼ਾਮਿਲ ਹੋਣ ਦੇ ਹੱਕ ਵਿੱਚ 91 ਵੋਟਾਂ ਤੇ 77 ਵਿਰੋਧ ਵਿੱਚ ਪਈਆਂ। ਫਿਰ ਮੁਸਲਿਮ ਬਹੁਗਿਣਤੀ ਦੇ ਪੱਛਮੀ ਪੰਜਾਬ ਦੇ ਖੇਤਰ ਵਿੱਚ ਪੰਜਾਬ ਦੀ ਵੰਡ ਦੇ ਵਿਰੋਧ ਵਿੱਚ 69 ਤੇ ਹੱਕ ਵਿੱਚ 27 ਵੋਟਾਂ ਪਈਆਂ। ਆਖ਼ਰ ਪੂਰਬੀ ਪੰਜਾਬ ਦੇ ਗੈਰ-ਮੁਸਲਿਮ ਜ਼ਿਲ੍ਹਿਆਂ ਵਿੱਚ 50 ਨੇ ਹੱਕ ਵਿੱਚ ਤੇ 22 ਨੇ ਵੰਡ ਦੇ ਵਿਰੋਧ ਵਿੱਚ ਵੋਟਾਂ ਪਾਈਆਂ।

ਗਏ। ਯਾਦ-ਪੱਤਰ ਵਿੱਚ ਕਿਹਾ ਗਿਆ ਕਿ ਹੱਦਬੰਦੀ ਰੇਖਾ ਦਰਿਆ ਚਨਾਬ ਨੂੰ ਬਣਾਇਆ ਜਾਵੇ ਜਿਸ ਵਿੱਚ ਥੋੜ੍ਹੀ ਬਹੁਤ ਤਬਦੀਲੀ ਕਰਨ ਨਾਲ 90% ਸਿੱਖ ਵਸੋ ਇਕ-ਜੁੱਟ ਇਕਾਈ ਵਜੋਂ ਪੂਰਬੀ ਪੰਜਾਬ ਵਿੱਚ ਰੱਖੀ ਜਾ ਸਕੇਗੀ।[17]

ਮੁਸਲਮਾਨ ਪ੍ਰਤੀਨਿਧਾਂ ਵੱਲੋਂ ਨਾ ਸਿਰਫ਼ ਲਾਹੌਰ, ਮੁਲਤਾਨ ਤੇ ਰਾਵਲਪਿੰਡੀ ਮੰਡਲ ਉੱਪਰ ਵੀ ਤੇ ਜਲੰਧਰ ਤੇ ਅੰਬਾਲਾ ਮੰਡਲਾਂ ਦੀਆਂ ਕਈ ਤਹਿਸੀਲਾਂ 'ਤੇ ਵੀ ਦਾਅਵਾ ਕੀਤਾ ਗਿਆ।

ਮੁਸਲਿਮ ਤੇ ਗੈਰ-ਮੁਸਲਿਮ ਜੱਜਾਂ ਦੇ ਸੀਮਾ ਰੇਖਾ ਬਾਰੇ ਵਿਚਾਰ ਬਿਲਕੁਲ ਵੱਖਰੇ-ਵੱਖਰੇ ਸਨ ਤੇ ਨਿਰਣਾ ਸਮੁੱਚੇ ਤੌਰ 'ਤੇ ਸਰ ਰੈਡ ਕਲਿਫ਼ 'ਤੇ ਨਿਰਭਰ ਕਰਦਾ ਸੀ। ਉਸ ਨੇ ਪੂਰਬੀ ਪੰਜਾਬ ਨੂੰ 13 ਜ਼ਿਲ੍ਹੇ ਦੇ ਦਿੱਤੇ ਜਿਸ ਵਿੱਚ ਅੰਬਾਲਾ ਤੇ ਜਲੰਧਰ ਮੰਡਲਾਂ ਦੇ ਜ਼ਿਲ੍ਹੇ, ਅੰਮ੍ਰਿਤਸਰ ਦਾ ਜ਼ਿਲ੍ਹਾ, ਲਾਹੌਰ ਤੇ ਗੁਰਦਾਸਪੁਰ ਦੀਆਂ ਕੁਝ ਤਹਿਸੀਲਾਂ ਸ਼ਾਮਿਲ ਸਨ। ਉਸ ਨੇ ਸਤਲੁਜ, ਬਿਆਸ ਤੇ ਰਾਵੀ ਦੇ ਉਪਰਲੇ ਪ੍ਰਭਾਵ ਖੇਤਰ ਵੀ ਪੂਰਬੀ ਪੰਜਾਬ ਨੂੰ ਦੇ ਦਿੱਤੇ। ਬਾਕੀ ਦੇ ਪ੍ਰਾਂਤ ਦਾ 62% ਖੇਤਰ ਤੇ 55% ਵਸੋਂ ਪਾਕਿਸਤਾਨ ਦੇ ਹਵਾਲੇ ਕਰ ਦਿੱਤੀ ਗਈ।

ਰੈਡਕਲਿਫ਼ ਦਾ ਨਿਰਣਾ ਹਿੰਦੂਆਂ ਤੇ ਮੁਸਲਮਾਨਾਂ ਲਈ ਤਾਂ ਨਿਆਂ ਪੂਰਨ ਸੀ। ਸਿੱਖ ਹੀ ਇਕ ਐਸਾ ਫ਼ਿਰਕਾ ਸੀ ਜਿਨ੍ਹਾਂ ਨਾਲ ਦੂਸਰੇ ਫ਼ਿਰਕਿਆਂ ਨਾਲ ਅਨਿਆਂ ਕੀਤੇ ਬਿਨਾ ਨਿਆਂ ਨਹੀਂ ਕੀਤਾ ਜਾ ਸਕਦਾ ਸੀ। ਉਹਨਾਂ ਦੀ ਸਭ ਤੋਂ ਵੱਧ ਉਪਜਾਊ ਭੂਮੀ, 150 ਤੋਂ ਵੱਧ ਇਤਿਹਾਸਕ ਗੁਰਦੁਆਰੇ ਤੇ ਉਹਨਾਂ ਦੀ ਅੱਧੀ ਵਸੋਂ ਵੰਡ-ਰੇਖਾ ਤੋਂ ਪਾਰ ਪਾਕਿਸਤਾਨ ਵਿੱਚ ਰਹਿ ਗਈ ਸੀ। ਜਦੋਂ ਸੀਮਾ ਕਮਿਸ਼ਨ ਵਿਚਾਰ-ਚਰਚਾ ਕਰ ਰਿਹਾ ਸੀ ਤਾਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਲਗਾਤਾਰ ਵਿਗੜਨੀ ਸ਼ੁਰੂ ਹੋ ਗਈ। ਮਾਰਚ ਦੇ ਫ਼ਸਾਦਾਂ ਤੋਂ ਮਗਰੋਂ ਹੀ ਝੁਜਾਰੂ ਜੱਥੇਬੰਦੀਆਂ ਨੇ ਹਥਿਆਰ ਇਕੱਠੇ ਕਰਨੇ ਤੇ ਭਰਤੀ ਕਰਨੀ ਸ਼ੁਰੂ ਕਰ ਦਿੱਤੀ ਹੋਈ ਸੀ। ਜਦੋਂ ਮੁਸਲਮਾਨ[18] ਉੱਤਰ-ਪੱਛਮੀ ਸੀਮਾ ਪ੍ਰਾਂਤ

---

17. ਹੱਦਬੰਦੀ ਕਮਿਸ਼ਨ ਨੂੰ ਸਿੱਖ ਯਾਦ-ਪੱਤਰ, ਜੁਲਾਈ 1947. ਇੰਡੀਅਨ ਨੈਸ਼ਨਲ ਕਾਂਗਰਸ ਨੇ ਹੱਦਬੰਦੀ ਕਮਿਸ਼ਨ ਨੂੰ ਵੱਖਰਾ ਯਾਦ ਪੱਤਰ ਪੇਸ਼ ਕੀਤਾ।
18. ਮੁਸਲਮਾਨਾਂ ਨੇ ਦੰਗੇ ਫ਼ਸਾਦਾਂ ਲਈ ਹਥਿਆਰਾਂ ਦੇ ਜਖ਼ੀਰੇ ਦਸੰਬਰ 1946 ਤੋਂ ਹੀ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਇਕ ਗੁਪਤ ਭੰਡਾਰ (ਸੰਦੂਕ) ਕਾਇਮ ਕੀਤਾ ਗਿਆ ਜਿਸ ਵਿੱਚ ਉੱਤਰ-ਪੱਛਮੀ ਸੀਮਾ ਤੋਂ ਖ਼ਰੀਦੇ ਹੋਏ ਹਥਿਆਰ ਜਮ੍ਹਾ ਕੀਤੇ ਜਾਂਦੇ। ਇਹ 1949 ਵਿੱਚ ਮਮਦੋਟ ਦੇ ਖਾਨ ਵਿਰੁੱਧ ਪਾਕਿਸਤਾਨ ਸਰਕਾਰ ਵੱਲੋਂ ਕੀਤੀ ਗਈ ਪੜਤਾਲ ਤੋਂ ਵੀ ਸਿੱਧ ਹੋ ਗਿਆ ਸੀ। ਇਸ ਸੱਚਾਈ ਨੂੰ ਪੜਤਾਲੀਆ ਕਾਰਵਾਈ ਦੇ ਹੇਠਾਂ ਦਿੱਤੇ ਸਾਰ ਤੋਂ ਪ੍ਰਮਾਣਿਤ ਕੀਤਾ ਜਾਂਦਾ ਹੈ—

  "ਅਮਦੋਟ ਪੜਤਾਲ ਕਮੇਟੀ ਦੇ ਸੁਆਲਾਂ ਦਾ ਉੱਤਰ ਦਿੰਦਿਆਂ ਬਚਾਓ ਪੱਖ ਦੇ ਵਕੀਲ ਚੌਧਰੀ ਮੁਹੰਮਦ ਹਸਨ ਸਾਬਕਾ ਐਮ.ਐਲ.ਏ. ਨੇ ਤਸਦੀਕ ਕੀਤਾ ਕਿ ਅਕਤੂਬਰ 1946 ਵਿੱਚ ਪੰਜਾਬ ਪ੍ਰਦੇਸ਼ਕ ਮੁਸਲਿਮ ਲੀਗ ਤੇ ਉੱਘੇ ਮੁਸਲਿਮ ਲੀਗੀ ਨੇਤਾਵਾਂ ਨੇ ਮਮਦੋਟ ਬੰਗਲੇ ਵਿੱਚ ਗੁਪਤ ਸੰਮੇਲਨ ਕੀਤਾ। ਉਸ ਵਿੱਚ ਖਾਨ ਮਮਦੋਟ, ਮੀਆਂ ਅਬਦੁਲ ਬਾਰੀ ਤੇ ਗਵਾਹ ਹਾਜ਼ਰ ਸਨ।

(ਫ਼ੁਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਦੇ ਕਬਾਇਲੀ ਖੇਤਰਾਂ ਤੇ ਬਹਾਵਲਪੁਰ ਰਿਆਸਤ ਵਿੱਚੋਂ ਹਥਿਆਰ ਇਕੱਠੇ ਕਰਨ ਵਿੱਚ ਲੱਗੇ ਹੋਏ ਸਨ, ਸਿੱਖਾਂ ਨੇ ਹਥਿਆਰ ਸਿੱਖ ਰਿਆਸਤਾਂ ਖ਼ਾਸ ਕਰਕੇ ਪਟਿਆਲਾ, ਕਪੂਰਥਲਾ ਤੇ ਫ਼ਰੀਦਕੋਟ ਤੋਂ ਇਕੱਠੇ ਕਰ ਲਏ। ਸਿੱਖਾਂ ਦੀ ਜੁਝਾਰੂ ਸ਼ਕਤੀ ਦਾ ਗਠਨ ਮੁਖ ਰੂਪ ਵਿੱਚ ਪਿੰਡਾਂ ਵਿੱਚ ਜੱਥੇ ਬਣਾ ਕੇ ਉਹਨਾਂ ਨੂੰ ਕਿਰਪਾਨਾਂ ਤੇ ਨੇਜ਼ਿਆਂ ਨਾਲ ਲੈਸ ਕਰਨਾ ਸੀ।[19]

ਇਹ ਸਾਫ਼ ਦਿਖਾਈ ਦੇ ਰਿਹਾ ਸੀ ਕਿ ਜਦੋਂ ਵੀ ਵੰਡ ਦੀ ਰੇਖਾ ਉਲੀਕ ਦਿੱਤੀ ਗਈ, ਸਾਰੇ ਫ਼ਿਰਕੇ ਇਕ-ਦੂਸਰੇ ਨਾਲ ਜੰਗ ਵਿੱਚ ਉਲਝ ਜਾਣਗੇ ਤੇ ਆਖ਼ਰ ਵਸੋਂ ਦਾ

☜ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਇਹ ਸੰਮੇਲਨ ਉਦੋਂ ਹੋਇਆ ਜਦੋਂ ਕਲਕੱਤਾ ਤੇ ਬੰਬਈ ਵਿੱਚ ਫ਼ਸਾਦ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਏ ਸਨ। ਇਸ ਸੰਮੇਲਨ ਵਿੱਚ ਫ਼ੈਸਲਾ ਕੀਤਾ ਗਿਆ ਕਿ ਇਕ ਗੁਪਤ ਫ਼ੰਡ ਜਿਸ ਨੂੰ ਗੁਪਤ 'ਸੰਦੂਕ' ਕਿਹਾ ਗਿਆ ਸੀ, ਸਥਾਪਿਤ ਕੀਤਾ ਜਾਵੇ, ਜਿਸ ਨਾਲ ਜੀਪਾਂ, ਟਰੱਕ, ਲੋਹੇ ਦੀਆਂ ਜੈਕਟਾਂ, ਹਥਿਆਰ, ਅਸਲਾਹ ਤੇ ਕੰਬਲ ਖ਼ਰੀਦੇ ਜਾਣ।"

ਗਵਾਹ ਨੇ ਬਿਆਨ ਜਾਰੀ ਰੱਖਦਿਆਂ ਕਿਹਾ, "ਫ਼ਲਸਰੂਪ ਇਕ ਹੋਰ ਮੀਟਿੰਗ ਕੀਤੀ ਗਈ ਜਿਸ ਵਿੱਚ ਰਾਣਾ ਨਸੁਰੱਲਾ ਖ਼ਾਂ ਨੂੰ ਖ਼ਾਨ ਮਮਦੋਟ ਨੇ ਹਿਦਾਇਤ ਕੀਤੀ ਕਿ ਉਹ ਆਪਣੇ ਭਰਾ ਰਾਣਾ ਜ਼ਫ਼ਰੁੱਲਾ ਖ਼ਾਂ ਰਾਹੀਂ 100 ਲੋਹ-ਜੈਕਟਾਂ ਖ਼ਰੀਦ ਲਵੇ। ਉਥੇ ਮੀਟਿੰਗ ਵਿੱਚ ਬੇਗਮ ਸ਼ਾਹ ਨਵਾਜ਼ ਨੂੰ ਕਿਹਾ ਗਿਆ ਕਿ ਉਹ ਆਪਣੀ ਬੇਟੀ ਮਰਹੂਮ ਮਿਸ ਮੁਮਤਾਜ਼ ਸ਼ਾਹ ਨਵਾਜ਼ ਰਾਹੀਂ ਬੰਬ (ਹੱਥ-ਗੋਲੇ ਜਾਂ ਗਰਨੇਡ) ਖ਼ਰੀਦਣ ਦਾ ਪ੍ਰਬੰਧ ਕਰੇ। ਹੋਰ ਸੁਆਲਾਂ ਦਾ ਉੱਤਰ ਦਿੰਦਿਆਂ ਗੁਆਹ ਨੇ ਗਵਾਹੀ ਦਿੰਦਿਆਂ ਕਿਹਾ ਕਿ ਇਹ ਵੀ ਸਹੀ ਹੈ ਕਿ ਸਰਦਾਰ ਰਸੀਦ ਅਹਿਮਦ ਤੇ ਬੇਗਮ ਸ਼ਾਹ ਨਵਾਜ਼ ਦਾ ਜੁਆਈ ਮੁਹੰਮਦ ਅਕਬਰ ਖ਼ਾਂ ਨੂੰ ਸੀਮਾ ਪ੍ਰਾਂਤ 'ਚੋਂ ਹਥਿਆਰ ਤੇ ਅਸਲਾਹ ਖ਼ਰੀਦ ਕੇ ਲੋਕਾਂ ਵਿੱਚ ਵੰਡਣ ਲਈ ਕਿਹਾ ਗਿਆ ਸੀ। ਮੁਦਾੱਲਾ ਨੇ ਲੋੜੀਂਦਾ ਧਨ ਦਿੱਤਾ ਜਿਸ ਨਾਲ ਫ਼ੌਜੀ ਗੁਦਾਮਾਂ ਵਿੱਚੋਂ 7 ਹਜ਼ਾਰ ਲੋਹ ਟੋਪ ਖ਼ਰੀਦੇ ਗਏ।" ਡਾਨ, 22 ਅਕਤੂਬਰ 1949

ਨਵਾਬ ਮਮਦੋਟ ਇਹ ਸਾਬਤ ਕਰਨ ਵਿੱਚ ਸਫ਼ਲ ਹੋ ਗਿਆ ਕਿ ਉਸ ਨੇ ਇਹ ਰੁਪਿਆ ਮੁਸਲਮਾਨਾਂ ਨੂੰ ਸ਼ਸ਼ਤਰਾਂ ਨਾਲ ਲੈਸ ਕਰਨ 'ਤੇ ਖ਼ਰਚ ਦਿੱਤਾ ਸੀ। ਉਸ ਨੂੰ ਫ਼ੰਡਾਂ ਦੀ ਦੁਰਵਰਤੋਂ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ।

19. 14 ਜੂਨ 1947 ਨੂੰ ਲਾਰਡ ਮਾਊਂਟਬੈਟਨ ਦੇ ਪ੍ਰੈੱਸ ਸਕੱਤਰ ਨੇ ਲਿਖਿਆ—"ਅਸੀਂ ਸਿੱਖਾਂ ਦੇ ਗੜ੍ਹ ਵਿੱਚ ਹਾਂ ਤੇ ਪ੍ਰਬਲ ਮਾਹੌਲ ਤਨਾਅ ਤੇ ਕੁਸ਼ਗਣੀ ਦੇ ਸੰਕੇਤ ਦਿੰਦਾ ਹੈ। ਉਹਨਾਂ ਨੂੰ ਪ੍ਰਤੀਤ ਹੋ ਰਿਹਾ ਹੈ ਕਿ ਮੁਲਕ ਦੀ ਵੰਡ ਦਾ ਮਤਲਬ ਸਿੱਖਾਂ ਦਾ ਅਟੱਲ ਤੇ ਸੱਚਮੁੱਚ ਵਿਭਾਜਨ ਹੈ ਤੇ ਉਹ ਮਹਿਸੂਸ ਕਰਦੇ ਹਨ ਕਿ ਹਿੰਦੂਆਂ ਦੀ ਮੌਕਾਪ੍ਰਸਤੀ ਤੇ ਮੁਸਲਮਾਨਾਂ ਦੀਆਂ ਇੱਛਾਵਾਂ ਖ਼ਾਤਿਰ ਉਹਨਾਂ ਦੀ ਬਲੀ ਦੇ ਦਿੱਤੀ ਗਈ ਹੈ। ਹੱਦਬੰਦੀ ਕਮਿਸ਼ਨ ਦੀ ਕੋਈ ਜਾਦੂਗਰੀ ਉਹਨਾਂ ਦੇ ਵਿਭਾਜਨ ਨੂੰ ਨਹੀਂ ਰੋਕ ਸਕਦੀ। ਉਹਨਾਂ ਦੀ ਪ੍ਰਤਿਕ੍ਰਿਆ ਇਸੇ ਅਨੁਸਾਰ ਹੈ ਤੇ ਉਹਨਾਂ ਦੇ ਨੇਤਾਵਾਂ ਨੇ ਸਿਆਸੀ ਸੰਘਰਸ਼ ਵਿੱਚ ਹੁਣ ਪੁਰਾਣੇ ਢੰਗ ਅਪਨਾ ਲਏ ਹਨ। ਉਹਨਾਂ ਦੀ ਅਗਵਾਈ ਮਾਸਟਰ ਤਾਰਾ ਸਿੰਘ ਜਿਹੇ ਬੇਲਗਾਮ ਨੇਤਾਵਾਂ ਤੇ ਅਜ਼ਾਦ ਹਿੰਦ ਫ਼ੌਜ ਦੇ ਨੌਜਵਾਨ ਅਫ਼ਸਰ ਕਰ ਰਹੇ ਹਨ। ਸਾਡੇ ਸਾਮ੍ਹਣੇ ਹਾਲਾਤ ਨਾਸਾਜ਼ ਹਨ" ਕੈਂਪਬੈਲ ਜੋਨਸਨ, ਮਿਸ਼ਨ ਵਿਦ ਮਾਊਂਟਬੈਟਨ, ਪੰਨਾ 118

ਤਬਾਦਲਾ ਕਰਨਾ ਪਵੇਗਾ।[20] ਇਸ ਸਮੱਸਿਆ ਦਾ ਸਮਾਧਾਨ ਕਰਨ ਲਈ "ਵਿਭਾਜਨ

---

20. ਲਾਰਡ ਮਾਊਂਟਬੈਟਨ ਨੂੰ 10 ਜੁਲਾਈ 1947 ਨੂੰ ਸਰ ਐਵਨ ਜਿਨਕਿਨਜ਼ ਦਾ ਗਿਆਨੀ ਕਰਤਾਰ ਸਿੰਘ ਨਾਲ ਉਸ ਦੀ ਮੁਲਾਕਾਤ ਬਾਰੇ ਲਿਖਿਆ ਪੱਤਰ ਬੜਾ ਪ੍ਰਕਾਸ਼ ਪਾਉਂਦਾ ਹੈ। "ਗਿਆਨੀ ਸਿੱਖਾਂ ਦੇ ਇਰਾਦੇ ਬਾਰੇ ਬੜਾ ਸਪੱਸ਼ਟ ਹੈ। ਜੋ ਕੁਝ ਉਸ ਨੇ ਕਿਹਾ ਉਹ ਮੇਰੇ ਵਿਚਾਰ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਜੇ ਹੱਦਬੰਦੀ ਕਮਿਸ਼ਨ ਦਾ ਫ਼ੈਸਲਾ ਉਹਨਾਂ ਦੇ ਹੱਕ ਵਿੱਚ ਨਾ ਹੋਇਆ ਜਾਂ ਜੇ ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਨਵੀਆਂ ਸਰਕਾਰਾਂ ਫ਼ੈਸਲੇ ਤੋਂ ਪਹਿਲਾਂ ਸਥਾਪਤ ਕਰ ਦਿੱਤੀਆਂ ਗਈਆਂ ਤਾਂ ਉਹ ਗੜਬੜ ਕਰਨਗੇ।"
ਸਰ ਐਵਨਜ਼ ਨੇ ਪੱਤਰ ਨਾਲ ਇਕ ਟਿੱਪਣੀ ਨੱਥੀ ਕਰ ਦਿੱਤੀ ਜਿਸ ਵਿੱਚ ਕਿਹਾ ਗਿਆ: "ਗਿਆਨੀ ਕਰਤਾਰ ਸਿੰਘ ਅੱਜ ਮੈਨੂੰ ਮਿਲਣ ਆਇਆ। ਉਸ ਨੇ ਕਿਹਾ ਕਿ ਉਹ ਮੈਨੂੰ ਭਾਰਤੀ ਸੁਤੰਤਰਤਾ ਬਿੱਲ ਤੇ ਹੱਦਬੰਦੀ ਕਮਿਸ਼ਨ ਬਾਰੇ ਮਿਲਣ ਆਇਆ ਹੈ। ਉਸ ਨੇ ਕਿਹਾ ਕਿ ਪੰਜਾਬ ਵਿੱਚ ਵੱਸੋਂ ਦਾ ਵੱਡੇ ਪੈਮਾਨੇ 'ਤੇ ਤਬਾਦਲਾ ਕਰਨਾ ਪਵੇਗਾ। ਕੀ ਅੰਗਰੇਜ਼ ਇਹ ਲਾਗੂ ਕਰਵਾ ਸਕਣਗੇ? ਉਸ ਨੇ ਸ਼ੱਕ ਕੀਤਾ ਕਿ ਉਹ ਐਸਾ ਕਰ ਸਕਣਗੇ ਤੇ ਜੇ ਸਿੱਖਾਂ ਦੀ ਇਕਜੁੱਟਤਾ ਦਾ ਖ਼ਿਆਲ ਨਾ ਰੱਖਿਆ ਗਿਆ ਤਾਂ ਲੜਾਈ ਅਟੱਲ ਹੈ। ਅੰਗਰੇਜ਼ ਕਈ ਸਾਲਾਂ ਤੋਂ ਕਹਿੰਦੇ ਆ ਰਹੇ ਹਨ ਕਿ ਉਹ ਘੱਟ ਗਿਣਤੀਆਂ ਦੀ ਰੱਖਿਆ ਕਰਨਗੇ। ਕੀ ਸਿੱਟਾ ਨਿਕਲਿਆ? ਵਰਤਮਾਨ ਸਥਿਤੀ ਅੰਗਰੇਜ਼ਾਂ ਵੱਲੋਂ ਸਾਫ਼ ਵਿਸ਼ਵਾਸਘਾਤ ਸੀ।
"ਮੈਂ ਉੱਤਰ ਦਿੱਤਾ, ਮੈਂ ਅਨੁਭਵ ਕਰਦਾ ਹਾਂ ਕਿ ਸਿੱਖ ਅਸੰਤੁਸ਼ਟ ਹਨ ਪਰ ਜਦੋਂ ਵੀ ਕਿਸੇ ਮੁਲਕ ਨੂੰ ਆਜ਼ਾਦੀ ਮਿਲਦੀ ਹੈ, ਕੁਝ ਵਰਗ ਜਿਹਨਾਂ ਨੂੰ ਪਹਿਲਾਂ ਸੁਰੱਖਿਆ ਮਿਲੀ ਹੁੰਦੀ ਹੈ, ਘਾਟੇ 'ਚ ਰਹਿੰਦੇ ਹਨ ਪਰ ਨਾਲ ਹੀ ਮੈਂ ਕਿਹਾ ਕਿ ਵਰਤਮਾਨ ਸਥਿਤੀ ਬਾਰੇ ਸਿੱਖਾਂ ਦਾ ਆਪਣਾ ਹੀ ਕਸੂਰ ਸੀ। ਗਿਆਨੀ ਨੇ ਆਪ ਹੀ ਵੰਡ 'ਤੇ ਜ਼ੋਰ ਪਾਇਆ ਸੀ ਤੇ ਬਲਦੇਵ ਸਿੰਘ ਨੇ ਯੋਜਨਾ ਸਵੀਕਾਰ ਕਰ ਲਈ। ਗਿਆਨੀ ਨੇ ਉੱਤਰ ਦਿੱਤਾ ਕਿ ਕਿਸੇ ਨੇ ਵੀ ਨਹੀਂ ਸੋਚਿਆ ਸੀ ਕਿ ਵੰਡ ਸਿਰਫ਼ ਵੱਸੋਂ ਦੇ ਆਧਾਰ 'ਤੇ ਕੀਤੀ ਜਾਵੇਗੀ। ਸਿੱਖਾਂ ਦਾ ਆਪਣੀਆਂ ਜ਼ਮੀਨਾਂ ਬਾਰੇ ਉਤਨਾ ਹੀ ਹੱਕ ਸੀ ਜਿਤਨਾ ਹਿੰਦੂਆਂ ਤੇ ਮੁਸਲਮਾਨਾਂ ਦਾ ਸੀ। ਉਹ ਆਪਣਾ ਨਨਕਾਣਾ ਸਾਹਿਬ ਦਾ ਗੁਰਦਵਾਰਾ, ਘੱਟੋ-ਘੱਟ ਇਕ ਨਹਿਰੀ ਸਿਸਟਮ ਤੇ ਪੱਛਮੀ ਪੰਜਾਬ 'ਚੋਂ ਪੂਰਬੀ ਪੰਜਾਬ ਵਿੱਚ ਆਪਣੀ ਵੱਸੋਂ ਦਾ 3/4 ਭਾਗ ਲਿਆਉਣ ਦੇ ਪ੍ਰਬੰਧ ਜ਼ਰੂਰ ਕੀਤੇ ਜਾਣ ਦੀ ਇੱਛਾ ਕਰਦੇ ਹਨ। ਜਾਇਦਾਦ ਤੇ ਵਸੋਂ ਨੂੰ ਵਟਾਂਦਰੇ ਸਮੇਂ ਜ਼ਰੂਰ ਧਿਆਨ 'ਚ ਰੱਖਣਾ ਚਾਹੀਦਾ ਹੈ ਕਿਉਂਕਿ ਉਹ ਮੁਸਲਮਾਨਾਂ ਨਾਲੋਂ ਜ਼ਿਆਦਾ ਅਮੀਰ ਹਨ। ਗਿਆਨੀ ਨੇ ਕਿਹਾ ਜਦ ਤੱਕ ਬਾਦਸ਼ਾਹ ਸਲਾਮਤ ਦੀ ਸਰਕਾਰ, ਵਾਇਸਰਾਏ ਤੇ ਦਲਾਂ ਦੇ ਨੇਤਾ ਇਹ ਅਨੁਭਵ ਨਹੀਂ ਕਰਦੇ ਕਿ ਸਿੱਖਾਂ ਦਾ ਮਸਲਾ ਮਹੱਤਵਪੂਰਨ ਹੈ ਤਾਂ ਗੜਬੜ ਹੋਵੇਗੀ ਤੇ ਸਿੱਖ ਲੜਨ ਲਈ ਮਜ਼ਬੂਰ ਹੋਣਗੇ। ਸਿੱਖਾਂ ਨੂੰ ਅਹਿਸਾਸ ਹੈ ਕਿ ਉਹਨਾਂ ਦੀ ਸਥਿਤੀ ਮਾੜੀ ਹੈ ਪਰ ਉਹਨਾਂ ਨੂੰ ਕ੍ਰਾਂਤੀਕਾਰੀਆਂ ਵਾਂਗ ਲੜਨਾ ਪਵੇਗਾ, ਅਧਿਕਾਰੀ ਕਤਲ ਕਰਨੇ ਪੈਣਗੇ, ਰੇਲਵੇ ਪਟੜੀਆਂ ਉਖਾੜਨੀਆਂ ਪੈਣਗੀਆਂ ਤੇ ਨਹਿਰੀ ਹੈਡਵਰਕਸ ਤਬਾਹ ਕਰਨੇ ਪੈਣਗੇ, ਆਦਿ। ਪਰ ਮੈਂ ਵਾਰ-ਵਾਰ ਕਿਹਾ ਕਿ ਇਹ ਅਹਿਮਕਾਨਾ ਨੀਤੀ ਹੋਵੇਗੀ। ਇਸ ਦੇ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਸੰਮਤੀ" ਕਾਇਮ ਕਰ ਦਿੱਤੀ ਗਈ। "ਇਕ ਹੱਦਬੰਦੀ ਫ਼ੌਜ" ਮੇਜਰ ਜਨਰਲ ਰੀਜ਼ ਦੇ ਅਧੀਨ ਕਾਇਮ ਕਰ ਦਿੱਤੀ, ਜਿਸ ਦੇ ਸਹਾਇਕ ਬ੍ਰਿਗੇਡੀਅਰ ਦਿਗੰਬਰ ਸਿੰਘ ਬਰਾੜ (ਭਾਰਤ) ਤੇ ਕਨਰਲ ਆਯੂਬ ਖ਼ਾਂ (ਜੋ ਮਗਰੋਂ ਪਾਕਿਸਤਾਨ ਦਾ ਰਾਸ਼ਟਰਪਤੀ ਬਣਿਆ) ਸਨ। ਉਹਨਾਂ ਅਧੀਨ ਫੌਜ ਦੀਆਂ 2½ ਡਵੀਜ਼ਨਾਂ (ਟੁਕੜੀਆਂ) ਸਨ ਤੇ ਉਹਨਾਂ ਨੂੰ ਸਿਆਲਕੋਟ, ਲਾਇਲਪੁਰ, ਮਿੰਟਗੁਮਰੀ, ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਫ਼ਿਰੋਜ਼ਪੁਰ ਤੇ ਲੁਧਿਆਣੇ ਦੇ ਜ਼ਿਲ੍ਹਿਆਂ ਦੀ ਅਬਾਦੀ ਦੀ ਨਕਲੋ ਹਰਕਤ ਤੇ ਆਵਾਜ਼ਾਈ ਦੇ ਨਿਯੰਤਰਣ ਦਾ ਕਾਰਜ ਸੌਂਪ ਦਿੱਤਾ ਗਿਆ।

15 ਅਗਸਤ 1947 ਨੂੰ ਜਦੋਂ ਭਾਰਤ ਨੇ ਆਪਣੀ ਸੁਤੰਤਰਤਾ ਦਾ ਜਸ਼ਨ ਮਨਾਇਆ ਇਕ ਕਰੋੜ ਪੰਜਾਬੀ ਇਕ ਦੂਸਰੇ ਦਾ ਗਲ਼ ਵੱਢ ਰਹੇ ਸਨ। ਪੂਰਬੀ ਪੰਜਾਬ ਵਿੱਚ ਮੁਸਲਿਮ ਪੁਲੀਸ ਭੰਗ ਕਰ ਦਿੱਤੀ ਗਈ ਸੀ ਤੇ ਮੁਸਲਮਾਨ ਸਿੱਖਾਂ ਦੇ ਲੁਟੇਰੇ ਦਲਾਂ 'ਤੇ ਆਰ.ਐਸ.ਐਸ.ਐਸ. ਦੀ ਰਜ਼ਾਕਾਰ ਸੈਨਾ ਦੇ ਰਹਿਮ 'ਤੇ ਰਹਿ ਗਏ ਸਨ। ਸਤੰਬਰ 1947

☜ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)

ਇਹ ਅਹਿਮਕਾਨਾ ਨੀਤੀ ਹੋਵੇਗੀ। ਇਸ ਦੇ ਉੱਤਰ ਵਿੱਚ ਗਿਆਨੀ ਨੇ ਕਿਹਾ ਕਿ ਜੇ ਬਰਤਾਨੀਆ 'ਤੇ ਹਮਲਾ ਹੋਇਆ ਤਾਂ ਮੇਰੀ ਭਾਵਨਾ ਵੀ ਉਹਦੇ ਵਾਂਗ ਹੀ ਹੋਵੇਗੀ—ਸਿੱਖਾਂ ਬਾਰੇ ਮੁਸਲਮਾਨ ਹੁਣ ਸਮਝੌਤੇ ਬਾਰੇ ਪ੍ਰਚਾਰ ਕਰ ਰਹੇ ਹਨ ਪਰ ਉਹਨਾਂ ਦੀ ਨੀਤੀ ਉਸ ਸ਼ਿਕਾਰੀ ਵਾਲੀ ਹੈ ਜੋ ਚਾਹੁੰਦਾ ਹੈ ਕਿ ਉਹਨਾਂ ਪਰਿੰਦਿਆਂ ਨੂੰ ਨਾ ਛੇੜੇ ਜਿਹਨਾਂ ਦਾ ਉਹ ਸ਼ਿਕਾਰ ਕਰਨਾ ਚਾਹੁੰਦਾ ਹੈ। ਉਹਦਾ ਵਿਸ਼ਵਾਸ ਸੀ ਕਿ ਮੁਲਮਾਨ ਪੱਛਮੀ ਪੰਜਾਬ ਦੇ ਸਿੱਖਾਂ ਨੂੰ ਵਿਸ਼ਵਾਸ 'ਚ ਲੈ ਕੇ ਮਗਰੋਂ ਉਹਨਾਂ ਨੂੰ ਖ਼ਤਮ ਕਰ ਦੇਣਗੇ।

ਸਰ ਐਵਨਜ਼ ਜਿਨਕਿਨਜ਼ ਨੇ ਖ਼ਤ ਖ਼ਤਮ ਕਰਦਿਆਂ ਲਿਖਿਆ : ਅੰਤ ਗਿਆਨੀ ਨੇ ਕਿਹਾ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਜੋ ਮੈਂ ਉਹਨਾਂ ਦੀ ਸਹਾਇਤਾ ਲਈ ਕਰ ਸਕਦਾਂ ਹਾਂ, ਕਰਾਂ। ਉਸ ਨੇ ਕਿਹਾ ਕਿ ਮੈਂ ਯਕੀਨਨ ਨਹੀਂ ਚਾਹਾਂਗਾ ਕਿ ਪੰਜਾਬ ਵਿੱਚ ਹੰਝੂਆਂ ਤੇ ਲਹੂ ਦੀਆਂ ਨਦੀਆਂ ਵਹਿਣ। ਜੇ ਸਮੱਸਿਆ ਦਾ ਉੱਚਿਤ ਹੱਲ ਨਾ ਲੱਭਿਆ ਗਿਆ ਤਾਂ ਯਕੀਨਨ ਅੱਥਰੂਆਂ ਤੇ ਲਹੂ ਦੀਆਂ ਨਦੀਆਂ ਵਹਿਣਗੀਆਂ। ਗਿਆਨੀ ਸਾਡੀ ਗੱਲਬਾਤ ਦੌਰਾਨ ਸਥਿਰ ਰਿਹਾ ਪਰ ਆਪਣੀ ਬੇਨਤੀ ਕਰਨ ਸਮੇਂ ਰੋਣਹਾਕਾ ਹੋ ਗਿਆ। ਇਹ ਸਿੱਖਾਂ ਵੱਲੋਂ ਦਿੱਤੀ ਹੋਈ ਆਖ਼ਰੀ ਚਿਤਾਵਨੀ ਸੀ। ਨਿਰਸੰਦੇਹ ਉਹ ਘਬਰਾਏ ਹੋਏ ਤੇ ਨਾਖ਼ੁਸ਼ ਹਨ। ਮੈਂ ਨਹੀਂ ਸਮਝਦਾ ਕਿ ਉਹਨਾਂ ਵਿੱਚ ਇਕ ਸਦੀ ਪਹਿਲਾਂ ਪੁਆੜਾ ਪਾ ਸਕਣ ਵਾਲੀ ਸ਼ਕਤੀ ਨਹੀਂ ਰਹੀ।

13 ਜੁਲਾਈ ਨੂੰ ਜੈਨਕਿਨਜ਼ ਨੇ ਇਕ ਹੋਰ ਪੱਤਰ ਵਿੱਚ ਮਾਊਂਟਬੈਟਨ ਨੂੰ ਸਥਿਤੀ ਦੀ ਗੰਭੀਰਤਾ ਬਾਰੇ ਜ਼ੋਰਦਾਰ ਚਿਤਾਵਨੀ ਦਿੱਤੀ। ਉਸ ਨੇ ਕਿਹਾ, " ਸੰਪ੍ਰਦਾਇਕਤਾ ਦੀ ਸਥਿਤੀ ਅਵਿਸ਼ਵਾਸ ਦੀ ਹੱਦ ਤੱਕ ਬੜੀ ਭੈੜੀ ਤੇ ਗੰਭੀਰ ਹੈ। ਸਿੱਖਾਂ ਦਾ ਯਕੀਨ ਹੈ ਕਿ ਉਹਨਾਂ ਨੂੰ ਪੱਛਮੀ ਪੰਜਾਬ ਵਿੱਚੋਂ ਬੇਦਖਲ ਕਰਕੇ ਕਤਲ ਕਰ ਦਿੱਤਾ ਜਾਵੇਗਾ ਤੇ ਪੂਰਬੀ ਪੰਜਾਬ ਵਿੱਚ ਹਿੰਦੂ ਤੇ ਕਾਂਗਰਸੀ ਉਹਨਾਂ ਨੂੰ ਦਬਾ ਕੇ, ਗਲ ਘੁੱਟ ਕੇ ਮਾਰ ਦੇਣਗੇ। ਉਹ ਤੁਰਤ ਹੀ ਹਿੰਸਕ ਵਿਦਰੋਹ ਕਰ ਦੇਣਗੇ।" ਲਿਉਨਾਰਡ ਮੋਸਲੇ, "ਦੀ ਲਾਸਟ ਡੇਜ਼ ਔਫ ਦੀ ਬਰਿਟਿਸ਼ ਰਾਜ" ਪੰਨਾ 205–07

ਵਿੱਚ ਸਿੱਖ ਹਿੰਸਾ ਸਿਖਰ ਤੇ ਪਹੁੰਚ ਗਈ ਸੀ।[21] ਸੀਮਾ ਬਲ ਦੇ ਜਨਰਲ ਰੀਜ਼ ਨੇ ਸੂਚਿਤ ਕੀਤਾ : "20-30 ਵਿਅਕਤੀਆਂ ਤੋਂ ਲੈ ਕੇ 500-600 ਆਦਮੀਆਂ 'ਤੇ ਨਿਰਭਰ ਜੱਥੇ ਸਨ। ਜਦੋਂ ਕੋਈ ਮੁਹਿੰਮ ਕਿਸੇ ਛੋਟੇ ਜਿਹੇ ਕਾਰਜ ਲਈ ਹੁੰਦੀ ਤਾਂ ਜੱਥੇ ਉਤਨੇ ਕੁ ਆਦਮੀਆਂ ਦੇ ਹੁੰਦੇ ਜਿਤਨੇ ਉਹ ਆਰੰਭ 'ਚ ਹੁੰਦੇ ਸਨ, ਪਰ ਜੇ ਕੋਈ ਕਾਰਵਾਈ ਕਿਸੇ ਪਿੰਡ 'ਤੇ ਹਮਲਾ ਕਰਨ ਬਾਰੇ ਹੁੰਦੀ ਜਾਂ ਗੱਡੀ ਜਾਂ ਕਾਫਲਾ ਲੁੱਟਣਾ ਹੁੰਦਾ ਤਾਂ ਸਥਾਨਕ ਪਿੰਡਾਂ ਦੇ ਲੋਕ ਵੀ ਹਮਲਾਵਰਾਂ ਨਾਲ ਰਲ ਜਾਂਦੇ ਤੇ ਗਿਣਤੀ ਹਜ਼ਾਰ ਤੱਕ ਹੋ ਜਾਂਦੀ। ਉਹਨਾਂ ਦੇ ਨੇਤਾ ਨਿਸ਼ਚਿਤ ਉੱਘੇ ਹੁੰਦੇ ਸਨ, ਉਹਨਾਂ ਦੇ ਹੈਡਕੁਆਰਟਰ ਬਦਲਦੇ ਰਹਿੰਦੇ ਤੇ ਸੰਦੇਸ਼ਵਾਹਕ ਪੈਦਲ, ਘੋੜਿਆਂ ਜਾਂ ਮੋਟਰਾਂ 'ਤੇ ਪਹੁੰਚਦੇ। ਪਿੰਡਾਂ 'ਤੇ ਹਮਲੇ ਕਰਨ ਤੋਂ ਬਿਨਾਂ, ਹਮਲੇ ਘਾਤ ਲਾ ਕੇ ਵੀ ਕੀਤੇ ਜਾਂਦੇ। ਕਾਫਲਿਆਂ ਜਾਂ ਗੱਡੀਆਂ ਦੇ ਜਾਣ ਦੀ ਸੂਚਨਾ ਪ੍ਰਾਪਤ ਕਰਨੀ ਔਖੀ ਨਹੀਂ ਸੀ ਹੁੰਦੀ। ਕਿਉਂਕਿ ਫ਼ਸਲਾਂ ਕਾਫੀ ਉੱਚੀਆਂ ਸਨ ਇਸ ਕਰਕੇ ਘਾਤ ਲਾ ਕੇ ਸ਼ਰਨਾਰਥੀਆਂ ਦੇ ਦਲਾਂ 'ਤੇ ਹਮਲਾ ਕਰਨਾ ਔਖਾ ਨਹੀਂ ਸੀ। ਹਮਲਾ ਕਰਨ ਵਾਲੇ ਆਖ਼ਰੀ ਪਲ ਤੱਕ ਲੁਕੇ ਰਹਿੰਦੇ ਤੇ ਫਿਰ ਉਹ ਉੱਤਰ ਪੱਛਮੀ ਸੀਮਾ ਦੇ ਢੰਗ ਅਨੁਸਾਰ ਉਲਟੇ ਪਾਸੇ ਉਡੀਕ ਵਿੱਚ ਬੈਠੇ ਜ਼ੋਰਦਾਰ ਧਾਵਾ ਕਰਕੇ ਹਮਲਾ ਕਰ ਦਿੰਦੇ। ਉਹਨਾਂ ਦੇ ਨਾਲ ਰੱਖਿਆ ਕਰਕੇ ਲਿਜਾ ਰਹੀ ਸੈਨਾ ਦੀ ਉਹਨਾਂ ਨੂੰ ਇਕੱਠੇ ਰੱਖਣ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ, ਸ਼ਰਨਾਰਥੀ ਘਬਰਾਹਟ ਵਿੱਚ ਖਿੰਡ ਪੁੰਡ ਜਾਂਦੇ ਤੇ ਘਾਤ ਲਾ ਕੇ ਬੈਠੇ ਦਲ ਉਹਨਾਂ 'ਤੇ ਤਲਵਾਰਾਂ ਤੇ ਨੇਜ਼ਿਆਂ ਨਾਲ ਟੁੱਟ ਪੈਂਦੇ। ਹਮਲਾ ਕਰਨ ਵਾਲੇ ਉਹਨਾਂ 'ਚ ਪੂਰੀ ਤਰ੍ਹਾਂ ਰਲ ਮਿਲ ਜਾਂਦੇ ਜਿਹਨਾਂ ਤੇ ਆਕ੍ਰਮਣ ਕੀਤਾ ਗਿਆ ਹੁੰਦਾ ਤੇ ਰਖਿਅੱਕ ਆਪਣੇ ਸਪੁਰਦ ਲੋਕਾਂ ਦੀ ਰਖਿਆ ਕਰਨ ਵਿੱਚ ਨਾਕਾਮਯਾਬ ਰਹਿ ਜਾਂਦੇ।"[22]

ਭਾਰਤ ਤੇ ਪਾਕਿਸਤਾਨ ਵਿੱਚ ਦੋਹੀਂ ਪਾਸੀਂ ਭਿਆਨਕ ਜ਼ੁਲਮ ਢਾਹੇ ਗਏ। ਪੈਦਲ ਤੁਰ ਤੁਰ ਥੱਕੇ ਹੋਏ ਸ਼ਰਨਾਰਥੀਆਂ ਤੇ ਉਦੋਂ ਤੱਕ ਹਮਲੇ ਕੀਤੇ ਜਾਂਦੇ ਜਦ ਤੱਕ ਸੜਕਾਂ ਲਾਸ਼ਾਂ ਨਾਲ ਨਾ ਭਰ ਜਾਂਦੀਆਂ। ਗੱਡੀਆਂ 'ਤੇ ਹਮਲੇ ਕੀਤੇ ਗਏ ਤੇ ਲਾਸ਼ਾਂ ਨਾਲ ਭਰੇ ਡੱਬੇ ਕਤਲ ਹੋਏ ਮੁਸਾਫ਼ਰਾਂ ਨਾਲ ਸਰਹੱਦੋਂ ਪਾਰ ਭੇਜੇ ਜਾਂਦੇ। ਬੀਮਾਰ ਤੇ ਬਿਰਧਾਂ ਨੂੰ ਤੇ ਏਥੋਂ ਤੱਕ ਕਿ ਮਾਸੂਮਾਂ ਨੂੰ ਵੀ ਬਖ਼ਸ਼ਿਆ ਨਾ ਗਿਆ।

ਕਈ ਵਾਰ ਜੁਆਨ ਇਸਤਰੀਆਂ ਨੇ ਇਸ ਕਰਕੇ ਛੱਡ ਲਿਆ ਜਾਂਦਾ ਕਿਉਂਕਿ ਉਹਨਾਂ ਦਾ ਅਪਹਰਨ ਕਰਕੇ ਉਹਨਾਂ ਨੂੰ ਨਾਲ ਲਿਜਾਣਾ ਹੁੰਦਾ ਸੀ। ਸੰਸਾਰ ਦੇ ਇਤਿਹਾਸ ਵਿੱਚ ਵੱਸੋਂ ਦਾ ਇਤਨਾ ਭਾਰੀ ਤਬਾਦਲਾ ਇਤਨੇ ਖ਼ੂਨ ਖਰਾਬੇ ਨਾਲ ਕਦੇ ਨਹੀਂ ਹੋਇਆ

---

21. ਮਾਊਂਟਬੈਟਨ ਨੇ ਸਿੱਖਾਂ ਦੇ ਪਰਯੋਜਨ ਬਾਰੇ ਪੁੱਛਿਆ। ਕੀ ਉਹਨਾਂ ਦਾ ਮਨੋਰਥ ਸਿੱਖ ਰਾਜ ਕਾਇਮ ਕਰਨਾ ਸੀ ? ਵੀ.ਪੀ. (ਮੈਨਨ) ਨੇ ਉੱਤਰ ਦਿੱਤਾ,"ਨਹੀਂ।" ਸਿਆਸੀ ਤੌਰ 'ਤੇ ਉਹ ਹਾਰ ਚੁੱਕੇ ਹਨ। ਉਹਨਾਂ ਨੂੰ ਤਾਂ ਸਗੋਂ ਜਾਲੰਧਰ ਮੰਡਲ ਵੀ ਨਹੀਂ ਮਿਲਿਆ। ਉਹਨਾਂ ਦਾ ਪ੍ਰਯੋਜਨ ਤਾਂ ਬਦਲਾ ਲੈਣਾ ਹੀ ਸੀ। 5 ਸਤੰਬਰ 1947 ਕੈਂਪਬੈਲ ਜੋਨਸਨ, ਮਿਸ਼ਨ ਵਿਦ ਮਾਊਂਟਬੈਟਨ, ਪੰਨਾ 191.
22. ਲੈਫ. ਕਰਨਲ, ਜੀ.ਆਰ. ਸਟੀਵਨਜ਼ ਹਿਸਟਰੀ ਔਫ ਦੀ ਫੋਰਥ ਇੰਡੀਅਨ ਡਿਵੀਜ਼ਨ।

ਸੀ।[23] ਫਿਰ ਪੂਰੇ ਜ਼ੋਰ ਨਾਲ ਬਾਰਸ਼ਾਂ ਸ਼ੁਰੂ ਹੋ ਗਈਆਂ। ਦਰਿਆਵਾਂ ਵਿੱਚ ਪਾਣੀ ਚੜ੍ਹ ਗਿਆ। ਸੜਕਾਂ ਪਾਣੀ 'ਚ ਰੁੜ੍ਹ ਗਈਆਂ, ਪੁਲ ਬਹਿ ਗਏ, ਰੇਲ ਪਟੜੀਆਂ ਵੀ ਟੁੱਟ ਗਈਆਂ। ਸ਼ਰਨਾਰਥੀਆਂ ਦੇ ਕੈਂਪਾਂ ਵਿੱਚ ਹੈਜ਼ਾ ਫੁੱਟ ਪਿਆ। ਹੜ੍ਹਾਂ ਨੇ ਧਰਤੀ 'ਤੋਂ ਲਹੂ ਦੇ ਨਿਸ਼ਾਨ ਮਿਟਾ ਦਿੱਤੇ।

ਹਿਜਰਤ ਤੇ ਪੂਰਬੀ ਭਾਰਤ ਵਿੱਚ ਪੁਨਰਵਾਸ—1946-47 ਦੀਆਂ ਸਰਦੀਆਂ ਵਿੱਚ ਉੱਤਰ-ਪੱਛਮੀ ਸੀਮਾ ਪ੍ਰਾਂਤ ਤੋਂ ਸਿੱਖ ਸ਼ਰਨਾਰਥੀ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵੱਲ ਸਫ਼ਰ ਕਰਕੇ ਆਉਣੇ ਸ਼ੁਰੂ ਹੋ ਗਏ। ਮਾਰਚ 1947 ਵਿੱਚ ਸ਼ੁਰੂ ਹੋਏ ਹਿੰਸਾ ਦੇ ਦੂਸਰੇ ਦੌਰ ਨੇ ਇਹ ਸਿੱਧ ਕਰ ਦਿੱਤਾ ਕਿ ਲਾਹੌਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿੱਚ ਵੀ ਮੁਸਲਮਾਨ ਲੁਟੇਰੇ ਹਿੰਦੂ ਸਿੱਖ ਬਦਮਾਸ਼ਾਂ ਨਾਲੋਂ ਬਿਹਤਰ ਹਾਲਤ ਵਿੱਚ ਸਨ, ਉਹਨਾਂ ਦਾ ਹੱਥ ਉੱਪਰ ਸੀ। ਸ਼ਰਨਾਰਥੀਆਂ ਨੇ ਆਪਣਾ ਸਫ਼ਰ ਦੱਖਣ ਪੂਰਬੀ ਜ਼ਿਲ੍ਹਿਆਂ ਵੱਲ ਜਾਰੀ ਰੱਖਿਆ ਜਿੱਥੇ ਉਹਨਾਂ ਦੇ ਸਹਿਧਰਮੀਆਂ ਦੀ ਅਧਿਕਤਾ ਕਾਰਨ ਉਹਨਾਂ ਵਿੱਚ ਸੁਰੱਖਿਆ ਦਾ ਅਹਿਸਾਸ ਸੀ।

ਅਗਸਤ ਵਿੱਚ ਫ਼ਸਾਦ ਗ੍ਰਹਿ ਯੁੱਧ ਦਾ ਰੂਪ ਧਾਰ ਗਏ। ਲੋਕਾਂ ਨੇ ਆਪਣਾ ਸਾਮਾਨ ਫਿਰ ਬੰਨ੍ਹਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਆਗੂਆਂ ਦੇ ਅਗਲੇ ਹੁਕਮ ਦੀ ਉਡੀਕ ਕਰਨੀ ਸ਼ੁਰੂ ਕਰ ਦਿੱਤੀ। ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ (ਦੋਵੇਂ ਹੀ ਵੰਡ ਯੋਜਨਾ ਦੇ ਮੋਢੀ) ਨੇ ਪਹਿਲਾਂ ਤਾਂ ਪੱਛਮੀ ਪੰਜਾਬ ਦੇ ਸਿੱਖਾਂ ਨੂੰ ਜਿੱਥੇ ਜਿੱਥੇ ਉਹ ਹਨ ਉੱਥੇ ਟਿਕੇ ਰਹਿਣ ਦੀ ਨਸੀਹਤ ਕੀਤੀ ਤੇ ਪਾਕਿਸਤਾਨ ਨਾਲ ਸਮਝੌਤਾ ਕਰਨ ਲਈ ਕਿਹਾ। ਮਹਾਤਮਾ ਗਾਂਧੀ ਨੇ ਓਹੋ ਜਿਹੀਆਂ ਅਪੀਲਾਂ ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਭਾਰਤ ਵਿੱਚ ਟਿਕੇ ਰਹਿਣ ਲਈ ਕੀਤੀਆਂ। ਪਰ ਸੂਬੇ ਵਿੱਚ ਜੋ ਹਿੰਸਾ ਦੀ ਲਹਿਰ ਫੈਲੀ ਹੋਈ ਸੀ ਉਸ ਨੇ ਪਾਕਿਸਤਾਨ ਦੇ ਹਿੰਦੂਆਂ ਸਿੱਖਾਂ ਨੂੰ ਹਿੰਦੁਸਤਾਨ ਆਉਣ ਲਈ ਤੇ ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਪਾਕਿਸਤਾਨ ਜਾ ਕੇ ਸ਼ਰਨ ਲੈਣ ਲਈ ਮਜਬੂਰ ਕਰ ਦਿੱਤਾ। ਦੁਵੱਲੀ ਆਵਾਜਾਈ ਬੜੀ ਵੱਡੀ ਪੱਧਰ 'ਤੇ ਹੋਣੀ ਸ਼ੁਰੂ ਹੋ ਗਈ।[24] ਸਤੰਬਰ ਦੇ ਪਹਿਲੇ ਹਫ਼ਤੇ ਵਿੱਚ

---

23. ਪੰਜਾਬ ਵਿੱਚ ਇਹਨਾਂ ਫ਼ਸਾਦਾਂ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ ਦੇ ਵੱਖ-ਵੱਖ ਅਨੁਮਾਨ ਹਨ। ਪੈਂਡਰਲ ਮੂਨ ਜੋ ਬਹਾਵਲਪੁਰ ਤੇ ਨਾਲ ਲਗਵੇਂ ਪਾਕਿਸਤਾਨੀ ਜ਼ਿਲ੍ਹਿਆਂ ਵਿੱਚ ਮੌਤਾਂ ਦੀ ਸਹੀ ਗਿਣਤੀ ਦੀ ਜਾਣਕਾਰੀ ਦਾ ਦਾਅਵਾ ਕਰਦਾ ਹੈ ਤੇ ਜਿਸ ਨੇ ਪੱਛਮੀ ਪੰਜਾਬ ਦੇ ਗਵਰਨਰ ਨਾਲ ਆਪਣੀ ਜਾਣਕਾਰੀ ਦਾ ਆਦਾਨ-ਪ੍ਰਦਾਨ ਕੀਤਾ ਇਸ ਨਤੀਜੇ 'ਤੇ ਪਹੁੰਚਿਆ ਕਿ ਪਾਕਿਸਤਾਨ ਵਿੱਚ 60 ਹਜ਼ਾਰ ਲੋਕ ਮਾਰੇ ਗਏ ਤੇ ਥੋੜ੍ਹੇ ਜਿਹੇ ਜ਼ਿਆਦਾ ਪੂਰਬੀ ਪੰਜਾਬ ਵਿੱਚ ਮਾਰੇ ਗਏ। ਉਸ ਨੇ ਆਪਣੇ ਪਹਿਲੀ 2 ਲੱਖ ਮੌਤਾਂ ਦੀ ਗਿਣਤੀ ਨੂੰ ਅਤਿਕਥਨੀ ਦੱਸਿਆ। ਪੈਂਡਰਲ ਮੂਨ, "ਵੰਡੋ ਤੇ ਚਲੇ ਜਾਓ", ਪੰਨਾ 293
24. ਸਰ ਫਰਾਂਸਿਸ ਮੂਡੀ (ਪੱਛਮੀ ਪੰਜਾਬ ਦਾ ਗਵਰਨਰ ਸੀ) ਨੇ 5 ਸਤੰਬਰ 1947 ਨੂੰ ਲਾਇਲਪੁਰ ਦੀਆਂ ਸਿੱਖ ਆਬਾਦੀਆਂ ਖਾਲੀ ਕਰਾਉਣ ਦੀ ਅਵੱਸ਼ਕਤਾ ਬਾਰੇ ਜਿਨਾਂਹ ਨੂੰ ਲਿਖਿਆ : "ਮੈਂ ਹਰ ਇਕ ਨੂੰ ਇਹ ਕਹਿ ਰਿਹਾ ਹਾਂ ਕਿ ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਸਿੱਖ ਸੀਮਾ ਤੋਂ ਪਾਰ ਕਿਸ ਤਰ੍ਹਾਂ ਜਾਂਦੇ ਹਨ, ਵੱਡੀ ਗੱਲ ਤਾਂ ਇਹ ਹੈ

(ਫ਼ੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

"ਸੈਨਿਕ ਨਿਕਾਸ ਸੰਸਥਾ" ਕਾਇਮ ਕਰ ਦਿੱਤੀ ਗਈ। ਪਾਕਿਸਤਾਨੀ ਪੰਜਾਬ ਤੋਂ ਭਾਰਤੀ ਪੰਜਾਬ ਆਉਣ ਲਈ ਚਾਰ ਮੁੱਖ ਰਾਹ ਸਨ—ਨਾਰੋਵਾਲ-ਡੇਰਾ ਬਾਬਾ ਨਾਨਕ, ਲਾਹੌਰ-ਅੰਮ੍ਰਿਤਸਰ, ਕਸੂਰ-ਫ਼ਿਰੋਜ਼ਪੁਰ ਤੇ ਮਿੰਟਗੁਮਰੀ-ਫ਼ਾਜ਼ਲਕਾ। "ਸਨਿਕ ਨਿਕਾਸ ਸੰਸਥਾ" ਤੇ "ਸੀਮਾ ਸੈਨਾ" ਨੇ ਵਿਰੋਧੀ ਦਿਸ਼ਾਵਾਂ 'ਚੋਂ ਆ ਜਾ ਰਹੇ ਕਾਫ਼ਲਿਆਂ ਦੀ ਟੱਕਰ ਘਟਾਉਣ ਦੀ ਤੇ ਰਾਹਾਂ 'ਚ ਉਹਨਾਂ ਉਪਰ ਗੁੰਡਿਆਂ ਦੇ ਹਮਲੇ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ। ਭਾਰਤ ਸਰਕਾਰ ਨੇ ਗ਼ੈਰ-ਮੁਸਲਿਮ ਸ਼ਰਨਾਰਥੀਆਂ ਲਈ ਕੈਂਪ ਲਗਾਏ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਕੁਰਖਸ਼ੇਤਰ ਵਿੱਚ ਸੀ। ਅਕਤੂਬਰ 1947 ਵਿੱਚ ਪੱਛਮੀ ਪੰਜਾਬ ਵਿੱਚੋਂ ਭਾਰਤੀ ਕੈਂਪਾਂ 'ਚ ਆਉਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ 72 ਲੱਖ ਤੋਂ ਉੱਪਰ ਸੀ।

ਨਵੀਆਂ ਸਰਕਾਰਾਂ ਨੂੰ ਸਮੱਸਿਆ ਦੀ ਅਸਲੀਅਤ ਤੇ ਸਥਿਤੀ ਬਾਰੇ ਸਹੀ ਜਾਣਕਾਰੀ ਨਹੀਂ ਸੀ। ਕੀ ਇਹ ਹਿਜਰਤ ਪੱਕੀ ਸੀ? ਜਾਂ ਕੀ ਲੋਕ ਆਪਣੇ ਜੱਦੀ ਘਰਾਂ ਨੂੰ ਮੁੜ ਜਾਣਗੇ? ਇਸ ਅਨਿਸ਼ਚਿਤਤਾ ਦੇ ਵਿੱਚ ਵੀ ਭਾਰਤੀ ਹਾਕਮਾਂ ਨੇ ਪੁਨਰਵਾਸ ਦੇ ਕਾਰਜ ਨੂੰ ਹੱਲ ਕਰਨ ਲਈ ਪ੍ਰਸੰਸਾਯੋਗ ਫ਼ੁਰਤੀ ਦਿਖਾਈ। 8000 ਪਟਵਾਰੀਆਂ ਤੇ ਹੋਰ ਪੇਂਡੂ ਕਰਮਚਾਰੀਆਂ ਤੇ ਅਧਾਰਿਤ ਅਮਲੇ ਦਾ "ਪੁਨਰਵਾਸ ਵਿਭਾਗ" ਜਲੰਧਰ ਵਿੱਚ ਕਾਇਮ ਕਰ ਦਿੱਤਾ ਗਿਆ। ਇਸ ਸਮੱਸਿਆ ਨਾਲ ਨਜਿੱਠਣ ਲਈ ਦੋ ਜਵਾਨ ਸਿਵਲ ਅਧਿਕਾਰੀ ਤਰਲੋਕ ਸਿੰਘ ਤੇ ਮਹਿੰਦਰ ਸਿੰਘ ਰੰਧਾਵਾ ਨਿਯੁਕਤ ਕਰ ਦਿੱਤੇ ਗਏ। ਤਰਲੋਕ ਸਿੰਘ ਨੇ "ਭੂਮੀ ਪੁਨਰਵਾਸ ਕਿਤਾਬਚਾ" ਤਿਆਰ ਕੀਤਾ ਜਿਸ ਵਿੱਚ ਅਪਨਾਈ ਜਾਣ ਵਾਲੀ ਨੀਤੀ ਦੀ ਰੂਪ ਰੇਖਾ ਸੀ। ਸਰਕਾਰ ਨੇ ਮੁਸਲਮਾਨ ਹਿਜਰਤਕਾਰਾਂ ਦੇ ਘਰਾਂ 'ਤੇ ਅਧਿਕਾਰ ਕਰ ਲਿਆ। ਸੀਮਾ ਪਾਰ ਤੋਂ ਆ ਰਹੇ ਹਿੰਦੂ-ਸਿੱਖ ਸ਼ਰਨਾਰਥੀਆਂ 'ਤੇ ਜੋ ਪਹਿਲਾਂ ਹੀ ਸ਼ਰਨਾਰਥੀ ਕੈਂਪਾਂ ਵਿੱਚ ਸਨ, ਉਹਨਾਂ ਨੂੰ ਪਿੰਡ ਤੇ ਸ਼ਹਿਰ ਸ਼ਪੱਸ਼ਟ ਰੂਪ ਵਿੱਚ ਨਿਸ਼ਚਿਤ ਕਰ ਦਿੱਤੇ ਗਏ। ਹਰ ਪਰਿਵਾਰ ਨੂੰ, ਬਿਨਾ ਇਹ ਵਿਚਾਰੇ ਕਿ ਪਾਕਿਸਤਾਨ ਵਿੱਚ ਉਹ ਕਿੰਨੀ ਜ਼ਮੀਨ ਛੱਡ ਆਇਆ ਸੀ, ਦਸ ਕਿੱਲਿਆਂ ਦੀ ਜੋਤ ਅਲਾਟ ਕਰ ਦਿੱਤੀ ਗਈ ਤੇ ਬੀਜ ਤੇ ਖੇਤੀ ਦੇ ਸੰਦ ਖ਼ਰੀਦਣ ਲਈ ਕਰਜ਼ੇ ਦਿੱਤੇ ਗਏ।

ਸਿਆਲ ਦੀ ਫ਼ਸਲ ਇਕੱਠੀ ਕਰਨ ਤੱਕ ਸਪੱਸ਼ਟ ਹੋ ਗਿਆ ਕਿ ਵਸੋਂ ਦਾ ਇਹ ਤਬਾਦਲਾ ਪੱਕਾ ਸੀ। ਕੱਚੀਆਂ ਅਲਾਟ ਹੋਈਆਂ ਜ਼ਮੀਨਾਂ ਪੱਕੀਆਂ ਕਰ ਦਿੱਤੀਆਂ ਗਈਆਂ ਤੇ ਜੋ ਕੁਝ ਮੁਸਲਮਾਨ ਛੱਡ ਗਏ ਸਨ ਉਸ ਨਾਲ ਹੀ ਸ਼ਰਨਾਰਥੀਆਂ ਦਾ ਘਾਟਾ ਪੂਰਾ ਕੀਤਾ ਗਿਆ ਭਾਵ ਮੁਜਰਾਈ ਦਿੱਤੀ ਗਈ। ਇਹ ਕੋਈ ਸੌਖਾ ਕੰਮ ਨਹੀਂ ਸੀ ਕਿਉਂਕਿ ਪੱਛਮੀ ਪੰਜਾਬ ਤੇ ਉੱਤਰ ਪੱਛਮੀ ਸੀਮਾ ਪ੍ਰਾਂਤ ਤੋਂ ਆਏ ਹੋਏ ਹਿੰਦੂਆਂ ਸਿੱਖਾਂ ਦੀ ਗਿਣਤੀ ਪੰਜਾਬ 'ਚੋਂ ਗਏ ਮੁਸਲਮਾਨਾਂ ਤੋਂ ਸਿਰਫ਼ ਜ਼ਿਆਦਾ ਹੀ ਨਹੀਂ ਸੀ ਜੋ 4286755 ਦੇ ਮੁਕਾਬਲੇ 4351477 ਸੀ, ਸਗੋਂ ਮੁਸਲਮਾਨ ਜੋ ਜ਼ਮੀਨ ਛੱਡ ਗਏ ਸਨ ਉਹਦੇ ਟਾਕਰੇ

☜ (ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)

ਕਿ ਉਹਨਾਂ ਤੋਂ ਜਲਦੀ ਤੋਂ ਜਲਦੀ ਪਿੱਛਾ ਛੁਡਾ ਲਿਆ ਜਾਵੇ। ਅਜੇ ਵੀ ਇਹ ਸੰਕੇਤ ਹਨ ਕਿ ਲਾਇਲਪੁਰ ਵਿੱਚ 3 ਲੱਖ ਸਿੱਖ ਫਿਰਦੇ ਹਨ ਪਰ ਅਖ਼ੀਰ ਉਹਨਾਂ ਨੂੰ ਜਾਣਾ ਪਵੇਗਾ। ਜੀ.ਡੀ. ਖੋਸਲਾ, "ਕਠੋਰ ਸੱਚਾਈ", ਪੰਨਾ 314-316 "ਸਿੱਖਾਂ ਅਤੇ ਹਿੰਦੂਆਂ ਉੱਪਰ ਮੁਸਲਿਮ ਲੀਗ ਦਾ ਹਮਲਾ" ਪੰਨਾ 138

ਤੇ ਹਿੰਦੂ-ਸਿੱਖ 67 ਲੱਖ ਏਕੜ ਵਧੀਆ ਕਿਸਮ ਦੀ ਜ਼ਮੀਨ ਛੱਡ ਕੇ ਆਏ ਸਨ। ਇਸ ਦੇ ਨਾਲ ਇਹ ਮੁਸ਼ਕਿਲ ਵੀ ਸੀ ਕਿ ਕਰਨਾਲ ਵਰਗੇ ਕਈ ਜ਼ਿਲ੍ਹਿਆਂ ਵਿੱਚ ਮੁਸਲਮਾਨਾਂ ਦੀ ਮਾਲਕੀ ਦੀ ਜ਼ਮੀਨ ਹਿੰਦੂ-ਰਾਹਕਾਂ ਕੋਲ ਸੀ ਜੋ ਕੁਦਰਤੀ ਹੀ ਸ਼ਰਨਾਰਥੀਆਂ ਨੂੰ ਦੇਣ ਲਈ ਤਿਆਰ ਨਹੀਂ ਸਨ।

ਤਰਲੋਕ ਸਿੰਘ ਨੇ ਸਥਾਈ ਪੁਨਰਵਾਸ ਲਈ ਇਕ ਯੋਜਨਾ ਤਿਆਰ ਕੀਤੀ। ਕਿਉਂਕਿ ਜ਼ਮੀਨ ਦੀ ਉਪਜਾਊ ਸ਼ਕਤੀ ਵੱਖ-ਵੱਖ ਸੀ, ਉਸ ਨੇ ਬਣਦਾ ਮੁਆਵਜ਼ਾ ਦੇਣ ਲਈ "ਸਟੈਂਡਰਡ ਏਕੜਾ" ਦਾ ਫ਼ਾਰਮੂਲਾ ਅਪਨਾਇਆ ਜਿਸ ਅਨੁਸਾਰ ਉਹ ਭੂਮੀ ਜੋ 10-11 ਮਨ ਕਣਕ ਪੈਦਾ ਕਰਦੀ ਸੀ, ਉਸ ਨੂੰ ਸਟੈਂਡਰਡ ਏਕੜ ਕਰਾਰ ਦੇ ਦਿੱਤਾ। ਇਕ ਸਟੈਂਡਰਡ ਏਕੜ ਨੂੰ ਇਕ ਰੁਪਏ ਦੇ ਬਰਾਬਰ ਮਿਥਿਆ ਗਿਆ ਤੇ ਜ਼ਮੀਨ ਨੂੰ ਸਟੈਂਡਰ ਏਕੜ ਦੇ ਭਾਗ ਬਣਾ ਕੇ ਆਨਿਆਂ ਅਨੁਸਾਰ ਵੰਡ ਦਿੱਤਾ ਗਿਆ। ਸਟੈਂਡਰਡ ਏਕੜਾਂ ਦੇ ਹਿਸਾਬ 40 ਲੱਖ ਇਕਾਈਆਂ ਛੱਡ ਕੇ ਅਸੀਂ ਹਿੰਦੂਆਂ-ਸਿੱਖਾਂ ਦੀ ਭਰਪਾਈ 25 ਲੱਖ ਇਕਾਈਆਂ ਨਾਲ ਕਰਨੀ ਪਈ। ਜ਼ਮੀਨ ਦੀ ਵੰਡ ਨੂੰ ਪੱਖਪਾਤ ਰਹਿਤ ਤੇ ਨਿਆਂ ਉਚਿਤ ਕਰਨ ਲਈ ਦਰਜਾ ਵਾਰ ਕਟੌਤੀ ਕੀਤੀ ਗਈ, ਜਿਸ ਅਨੁਸਾਰ ਥੋੜ੍ਹੀ ਮਾਲਕੀ ਵਾਲੇ ਜ਼ਿਮੀਂਦਾਰ ਨੂੰ ਬਹੁਤ ਘੱਟ ਨੁਕਸਾਨ ਹੋਇਆ ਤੇ ਅਮੀਰ ਜ਼ਿਮੀਂਦਾਰਾਂ ਨੂੰ ਮੁਕਾਬਲਤਨ ਜ਼ਿਆਦਾ ਘਾਟਾ ਝੱਲਣਾ ਪਿਆ।

ਵੰਡ ਨਾਲ ਪੰਜਾਬ ਦੇ ਸਿਆਸੀ, ਸਮਾਜਿਕ ਤੇ ਆਰਥਿਕ ਢਾਂਚੇ 'ਚ ਮਹੱਤਵਪੂਰਨ ਤਬਦੀਲੀਆਂ ਵਾਪਰੀਆਂ। ਸਿੱਖ ਜੋ ਬਹੁਤ ਅਮੀਰ ਤਬਕਾ ਸਨ ਭਾਰਤ ਦੇ ਦੂਸਰੇ ਫ਼ਿਰਕਿਆਂ ਦੀ ਪੱਧਰ 'ਤੇ ਆ ਗਏ। ਇਹ ਗੱਲ ਵਪਾਰਕ ਤੇ ਖੇਤੀ ਕਰਦੇ ਵਰਗਾਂ ਤੇ ਇਕੋ ਜਿਹੀ ਲਾਗੂ ਹੋਈ। ਪੱਛਮੀ ਪੰਜਾਬ ਦੇ ਕਿਸਾਨ ਜੋ ਵੱਡੇ-ਵੱਡੇ ਮੁਰੱਬਿਆਂ ਦੇ ਮਾਲਕ ਸਨ, ਉਹ ਪੁਨਰਵਾਸ ਦੀ ਪ੍ਰਕਿਰਿਆ ਅਧੀਨ ਪੂਰਬੀ ਵਿੱਚ ਪੰਜਾਬ 30 ਏਕੜ ਜ਼ਮੀਨ ਦੀ ਵੱਧ ਤੋਂ ਵੱਧ ਹੱਦ ਦਾ ਕਾਨੂੰਨ ਬਣਾਏ ਜਾਣ ਕਾਰਨ, ਘਾਟੇ 'ਚ ਰਹੇ। ਸ਼ਹਿਰੀ ਸਿੱਖਾਂ ਨੂੰ ਕਿਸਾਨਾਂ ਨਾਲੋਂ ਵੀ ਜ਼ਿਆਦਾ ਮਾਰ ਪਈ। ਸਿੱਖ ਜੋ ਸ਼ਹਿਰੀ ਜਾਇਦਾਦ ਪਾਕਿਸਤਾਨ ਵਿੱਚ ਛੱਡ ਕੇ ਆਏ ਸਨ, ਉਹ ਦੇ ਮੁਕਾਬਲੇ ਮੁਸਲਮਾਨਾਂ ਦੀ ਜਾਇਦਾਦ ਤਾਂ ਬਹੁਤ ਥੋੜ੍ਹੀ ਸੀ। ਇਸ ਤੋਂ ਬਿਨਾਂ ਸਿੱਖ ਵਪਾਰੀ ਨੂੰ ਹਿੰਦੂ ਸਰਨਾਰਥੀ ਤੇ ਪਹਿਲਾਂ ਤੋਂ ਹੀ ਸਥਾਪਤ ਹਿੰਦੂ ਵਪਾਰੀਆਂ ਤੇ ਦੁਕਾਨਦਾਰਾਂ ਦਾ ਮੁਕਾਬਲਾ ਕਰਨਾ ਪੈਂਦਾ ਸੀ।

ਜਾਤ-ਪਾਤ ਦੀਆਂ ਹੱਦਾਂ ਵੀ ਘੱਟ ਗਈਆਂ। 1947 ਵਿੱਚ ਕੱਚੇ ਤੌਰ 'ਤੇ ਅਲਾਟ ਕੀਤੀ ਇਕੋ ਜਿੰਨੀ ਜ਼ਮੀਨ ਕਾਰਨ ਭੰਗੀ, ਮੋਚੀ, ਘੁਮਿਆਰ ਤੇ ਜੁਲਾਹੇ ਵੀ ਜੱਟ ਤੇ ਰਾਜਪੂਤ ਕਿਸਾਨਾਂ ਦੇ ਬਰਾਬਰ ਦੀ ਪੱਧਰ 'ਤੇ ਆ ਗਏ। 30 ਏਕੜ ਦੀ ਹੱਦ 'ਤੇ ਸਾਂਝੀ ਖੇਤੀ ਨੇ ਬਰਾਬਰੀ ਦੇ ਅਮਲ ਵਿੱਚ ਹੋਰ ਤੇਜ਼ੀ ਲਿਆਂਦੀ।

ਬਿਪਤਾ ਤੇ ਮੰਦਹਾਲੀ ਦੀਆਂ ਕੁਝ ਕਲਿਆਣਕਾਰੀ ਵਿਸ਼ੇਸ਼ਤਾਵਾਂ ਵੀ ਸਨ। ਭੂਮੀ ਦੀ ਮਾਲਕੀ ਘੱਟ ਜਾਣ ਕਾਰਨ ਜ਼ਿਮੀਂਦਾਰ ਜ਼ਮੀਨ ਰਾਹਕਾਂ ਨੂੰ ਦੇਣ ਦੀ ਥਾਂ ਆਪ ਕਾਸ਼ਤ ਕਰਨ ਲੱਗ ਪਏ। ਇਸ ਤਰ੍ਹਾਂ ਬਿਸਵੇਦਾਰੀ ਪ੍ਰਥਾ ਖ਼ਤਮ ਹੋ ਗਈ। ਕਿਸਾਨਾਂ ਨੇ ਆਪਣੀ ਬਚਾਈ ਪੂੰਜੀ ਟਰੈਕਟਰ ਖ਼ਰੀਦਣ, ਟਿਊਬਵੈੱਲ ਲਾਉਣ 'ਤੇ ਖੇਤੀ ਦੇ ਨਵੇਂ ਢੰਗ ਅਪਨਾਉਣ ਵਿੱਚ ਲਾਈ। ਪਿੰਡਾਂ ਵਿੱਚ ਖੇਤੀ ਸਹਿਕਾਰਤਾ, ਵਧੀਆ ਬੀਜ ਭੰਡਾਰ ਤੇ

ਖ਼ਾਦ ਗੋਦਾਮ ਆਮ ਹੀ ਹੋ ਗਏ। ਪਸ਼ੂ ਪਾਲਣ ਵੱਲ ਵਧੇਰੇ ਧਿਆਨ ਦਿੱਤਾ ਜਾਣ ਲੱਗਾ। "ਕਮਿਊਨਿਟੀ ਪ੍ਰੋਜੈਕਟ ਲਹਿਰ" ਦੇ ਸ਼ੁਰੂ ਕੀਤੇ ਜਾਣ ਨਾਲ "ਮੁੱਖ ਪਿੰਡਾਂ" ਵਿੱਚ ਬਣਾਵਟੀ ਢੰਗ ਨਾਲ ਵੀਰਜ ਸੇਚਨ, ਪਸ਼ੂ ਚਿਕਿਤਸਾ ਸੇਵਾਵਾਂ, ਮਾੜੀ ਨਸਲ ਦੇ ਸਾਨ੍ਹਾਂ ਨੂੰ ਖਸੀ ਕਰਨਾ ਤੇ ਦੁੱਧ ਵਪਾਰ ਆਮਦਨ ਦੇ ਚੰਗੇ ਸਾਧਨ ਬਣ ਗਏ। ਇਕ ਹੋਰ ਨਵਾਂ ਧੰਦਾ ਮੁਰਗੀ ਪਾਲਣ ਦਾ ਸ਼ੁਰੂ ਹੋ ਗਿਆ, ਜਿਸ ਨੂੰ ਪਹਿਲਾਂ ਅਣਗੌਲਿਆਂ ਕੀਤਾ ਜਾਂਦਾ ਸੀ। ਬਹੁਤ ਸਾਰੇ ਕਿਸਾਨਾਂ ਨੇ ਵਿਦੇਸ਼ਾਂ ਵਿੱਚ ਆਯਾਤ ਕੀਤੇ ਜਾਨਵਰ ਪਾਲਣੇ ਸ਼ੁਰੂ ਕਰ ਦਿੱਤੇ। ਇਹਨਾਂ ਸਾਰੇ ਖੇਤੀ ਸਹਿ-ਧੰਦਿਆਂ 'ਚ ਸਿੱਖ ਕਿਸਾਨ ਨੇ ਅਗਵਾਈ ਕੀਤੀ, ਕੁਝ ਹੀ ਸਾਲਾਂ ਵਿੱਚ ਪੂਰਬੀ ਪੰਜਾਬ ਘਾਟੇ ਦੀ ਥਾਂ 'ਤੇ ਵਾਫ਼ਰ ਤੇ ਅਧਿਕਤਾ ਦਾ ਖੇਤਰ ਬਣ ਗਿਆ। ਪੰਜਾਬ ਦੇ ਕਿਸਾਨ ਦਾ ਪ੍ਰਭਾਵ ਪੰਜਾਬੋਂ ਬਾਹਰ ਵੀ ਮਹਿਸੂਸ ਕੀਤਾ ਗਿਆ। ਜ਼ਮੀਨ ਦੀ ਥੁੜ ਕਾਰਨ ਬਹੁਤ ਸਾਰੇ ਕਿਸਾਨ ਉੱਤਰ ਪ੍ਰਦੇਸ਼ ਦੇ ਮਲੇਰੀਏ ਵਾਲੇ ਤਰਾਈ ਖੇਤਰ ਤੇ ਮੱਧ ਪ੍ਰਦੇਸ਼ ਦੇ ਤੇ ਰਾਜਸਥਾਨ ਦੇ ਝਾੜ-ਬੂਟ ਵਾਲੇ ਖੇਤਰਾਂ ਵਿੱਚ ਵਸਾਏ ਗਏ। ਸਿੱਖ ਸ਼ਰਨਾਰਥੀਆਂ ਨੇ ਆਪਣੇ ਵੱਡ-ਵਡੇਰਿਆਂ ਵਾਂਗ ਜੰਗਲ ਸਾਫ਼ ਕਰਕੇ ਤੇ ਬੰਜਰ ਜ਼ਮੀਨਾਂ ਨੂੰ ਵਾਹੀ ਯੋਗ ਬਣਾ ਕੇ ਆਪਣੀ ਹਿੰਮਤ ਦਿਖਾਈ। ਸਿੱਖ ਵਪਾਰੀ ਜਮਾਤਾਂ ਨੇ ਵੀ ਕਿਸਾਨਾਂ ਵਾਂਗ ਹੀ ਆਪਣੇ ਕਿੱਤੇ ਵਿੱਚ ਪੁਨਰ ਸਥਾਪਤ ਹੋ ਕੇ ਉਹੋ ਹਿੰਮਤ ਦਿਖਾਈ। ਬਹੁਤ ਸਾਰੇ ਅਤਿਅੰਤ ਗਰੀਬ ਹੋ ਗਏ ਸਨ, ਅਮੀਰ ਦੁਕਾਨਦਾਰਾਂ ਨੂੰ ਗਲੀਆਂ ਵਿੱਚ ਫ਼ੇਰੀਆਂ ਲਾ-ਲਾ ਕੇ ਮਾਲ ਵੇਚਣ ਤੋਂ ਆਪਣਾ ਕੰਮ ਨਵੇਂ ਸਿਰਿਉਂ ਸ਼ੁਰੂ ਕਰਨਾ ਪਿਆ। ਲੜਕੀਆਂ ਨੇ ਟਾਂਗੇ ਚਲਾਉਣੇ ਸ਼ੁਰੂ ਕੀਤੇ, ਉਹਨਾਂ ਦੇ ਛੋਟੇ ਭਰਾਵਾਂ ਨੇ ਬੂਟ ਪਾਲਿਸ਼ ਕਰਨ ਦਾ ਧੰਦਾ ਅਪਨਾਇਆ। ਪਰ ਕਦੇ ਵੀ ਸਿਖ ਆਦਮੀ, ਇਸਤਰੀ ਜਾਂ ਬੱਚਾ ਗਲੀਆਂ ਵਿੱਚ ਮੰਗਦਾ ਨਹੀਂ ਵੇਖਿਆ ਗਿਆ ਸੀ। ਤੇ ਇਕ ਵਾਰ ਫਿਰ ਸਿੱਖਾਂ ਨੂੰ ਆਪਣੇ ਹਮਵਤਨਾਂ ਤੋਂ ਸਿਦਕੀ ਤੇ ਸਿਰੜੀ ਹੋਣ ਦਾ ਮਾਨ-ਸਤਿਕਾਰ ਮਿਲਿਆ।

ਸਿੱਖਾਂ ਦੀ ਰਾਜਸੀ ਨੁਹਾਰ ਵਿੱਚ ਤਬਦੀਲੀ ਵੀ ਮਹੱਤਵਪੂਰਨ ਸੀ। ਨਿਕਾਸ ਨਾਲ ਪੱਛਮੀ ਪੰਜਾਬ ਦੇ ਸਿੱਖ ਨੇਤਾਵਾਂ ਦੇ ਸਮਰਥਕਾਂ ਦੇ ਖਿੰਡ-ਪੁੰਡ ਜਾਣ ਨਾਲ ਉਹਨਾਂ ਦੀ ਸਥਿਤੀ ਕਮਜ਼ੋਰ ਹੋ ਗਈ। ਮਾਸਟਰ ਤਾਰਾ ਸਿੰਘ ਦੀ ਲੋਕਾਂ ਵਿੱਚ ਪਕੜ ਬਣੀ ਰਹੀ ਕਿਉਂਕਿ ਉਹ ਦੁਖਿਆਰੇ ਸ਼ਰਨਾਰਥੀਆਂ ਦਾ ਬੁਲਾਰਾ ਬਣ ਗਿਆ ਪ੍ਰੰਤੂ ਦੂਸਰੇ ਜਿਵੇਂ ਗਿਆਨੀ ਕਰਤਾਰ ਸਿੰਘ ਤੇ ਸ਼ਹਿਰੀ ਗੈਰ ਜੱਟ ਜਿਵੇਂ ਉੱਜਲ ਸਿੰਘ ਤੇ ਹੁਕਮ ਸਿੰਘ[25] ਰਾਜ ਕਰ ਰਹੀ ਪਾਰਟੀ ਨਾਲ ਆਪਣੇ ਭਵਿੱਖ ਦੀ ਸੁਰੱਖਿਆ ਲਈ ਸਹਿਯੋਗ ਕਰਨ ਲਈ ਮਜ਼ਬੂਰ ਹੋ ਗਏ। ਇਹਨਾਂ ਦੇ ਮੁਕਾਬਲੇ ਪੂਰਬੀ ਪੰਜਾਬ ਦੇ ਜ਼ਿਲ੍ਹਿਆਂ ਦੇ ਸਿਆਸਤਦਾਨ ਵਧੇਰੇ ਸ਼ਕਤੀ ਤੇ ਰੁਤਬੇ ਪ੍ਰਾਪਤ ਕਰ ਗਏ। ਉੱਤਰ ਸੁਤੰਤਰਤਾ ਕਾਲ ਵਿੱਚ ਪ੍ਰਤਾਪ ਸਿੰਘ

---

25. ਹੁਕਮ ਸਿੰਘ (ਜਨਮ 1895) ਜੋ ਮਿੰਟਗੁਮਰੀ ਦਾ ਅਰੋੜਾ ਵਕੀਲ ਸੀ, ਵੰਡ ਪਿੱਛੋਂ ਅਕਾਲੀ ਰਾਜਨੀਤੀ ਵਿੱਚ ਉੱਘਾ ਹੋਇਆ। ਉਸ ਨੇ ਗਿਆਨੀ ਕਰਤਾਰ ਸਿੰਘ ਤੇ ਮਾਸਟਰ ਤਾਰਾ ਸਿੰਘ ਨਾਲ ਮਿਲਕੇ ਪਹਿਲਾਂ ਪੰਜਾਬੀ ਸੂਬੇ ਦੀ ਮੰਗ ਰੱਖੀ। ਉਹ ਲੋਕ ਸਭਾ ਲਈ ਚੁਣਿਆ ਗਿਆ ਤੇ ਉਸ ਨੂੰ ਡਿਪਟੀ ਸਪੀਕਰ ਬਣਾ ਦਿੱਤਾ ਗਿਆ। ਉਹ 1961 ਵਿੱਚ ਸੂਬੇ ਦੀ ਸਰਗਰਮ ਹਮਾਇਤ ਤੋਂ ਪਿੱਛੇ ਹਟ ਗਿਆ ਤੇ 1962 ਵਿੱਚ ਉਸ ਨੂੰ ਕਾਂਗਰਸ ਦੇ ਸਮਰਥਨ ਨਾਲ ਸਪੀਕਰ ਬਣਾ ਦਿੱਤਾ ਗਿਆ।

ਕੈਰੋਂ[26], ਸਵਰਨ ਸਿੰਘ[27] ਤੇ ਗਿਆਨ ਸਿੰਘ ਰਾੜੇਵਾਲਾ[28] ਨੇਤਾ ਬਣਕੇ ਉੱਭਰੇ। ਹਿਜਰਤ ਦਾ ਸਭ ਤੋਂ ਮਹੱਤਵਪੂਰਨ ਪ੍ਰਭਾਵ ਪੂਰਬੀ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਸਿੱਖਾਂ ਦੀ ਵਸੋਂ ਦਾ ਇਕੱਠੇ ਹੋਣਾ ਸੀ। ਭਾਵੇਂ ਸਿੱਖ ਪ੍ਰਵਾਸੀ ਸਾਰੇ ਭਾਰਤ ਵਿੱਚ ਫ਼ੈਲਗਏ ਤੇ ਹਜ਼ਾਰਾਂ ਵਿਦੇਸ਼ਾਂ ਵਿੱਚ ਚਲੇ ਗਏ ਪ੍ਰੰਤੂ 3/4 ਸਿੱਖ, 'ਸਿੱਖੀ ਦਾ ਪੰਗੂੜਾ' ਮਾਲਵੇ ਵਿੱਚ ਹੀ ਰਹੇ। ਇਹਨਾਂ ਕਾਰਨਾਂ ਕਰਕੇ ਤੇ ਕੁਝ ਹੋਰ ਕਾਰਨਾਂ ਕਰਕੇ ਜਿਨ੍ਹਾਂ ਦਾ ਅਗਲੇ ਕਾਂਡਾਂ ਵਿੱਚ ਜ਼ਿਕਰ ਕੀਤਾ ਗਿਆ ਹੈ ਸਿੱਖ ਰਾਜ ਦੀ ਮੰਗ ਪੁਨਰ-ਸੁਰਜੀਤ ਹੋਈ।[29]

---

26. ਪ੍ਰਤਾਪ ਸਿੰਘ ਕੈਰੋਂ (1901-65) ਕੈਰੋਂ ਪਿੰਡ ਦਾ ਢਿੱਲੋਂ ਜੱਟ ਸੀ। ਉਸ ਨੇ ਮਿਸੀਗਨ ਯੂਨੀਵਰਸਿਟੀ ਤੋਂ ਰਾਜਨੀਤੀ ਸ਼ਾਸ਼ਤਰ ਦੀ ਡਿਗਰੀ ਪ੍ਰਾਪਤ ਕੀਤੀ। ਉਹ 1929 ਈ: ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਇਆ ਤੇ 1932 ਵਿੱਚ ਪੰਜ ਸਾਲ ਲਈ ਕੈਦ ਕੀਤਾ ਗਿਆ। ਉਹ 1936 ਵਿੱਚ ਤੇ ਫਿਰ 1946 ਵਿੱਚ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ। ਉਹ ਕਾਨੂੰਨਸਾਜ਼ ਅਸੈਂਬਲੀ ਦਾ ਮੈਂਬਰ ਸੀ। ਉਹ 1947-49 ਵਿੱਚ ਭਾਰਗੋ ਦੇ ਮੰਤਰੀ ਮੰਡਲ ਵਿੱਚ ਤੇ 1952-56 ਵਿੱਚ ਸੱਚਰ ਮੰਤਰੀ ਮੰਡਲ ਵਿੱਚ ਵਜ਼ੀਰ ਰਿਹਾ। ਉਹ 1956 ਵਿੱਚ ਪੰਜਾਬ ਦਾ ਮੁੱਖ ਮੰਤਰੀ ਬਣਿਆ। ਕੈਰੋਂ ਨੇ "ਸੂਬੇ ਦੀ ਮੰਗ" ਦੀ ਵਿਰੋਧਤਾ ਕੀਤੀ। ਸੂਬੇ ਦੀ ਪ੍ਰਾਪਤੀ ਲਈ ਚਲਾਈਆਂ ਦੋ ਲਹਿਰਾਂ ਨੂੰ ਅਸਫ਼ਲ ਬਣਾਉਣ ਤੇ ਦਬਾਉਣ ਲਈ ਉਹੋ ਜ਼ਿੰਮੇਵਾਰ ਸੀ। ਉਹ ਅਸਾਧਾਰਨ ਹਿੰਮਤ ਤੇ ਗੈਰ ਪ੍ਰੰਪਰਕ, ਸਾਸ਼ਨ ਪ੍ਰਬੰਧਕ ਸ਼ਕਤੀ ਦਾ ਮਾਲਕ ਸੀ। 1964 ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਨਿਆਇਕ ਪੜਤਾਲ ਪਿੱਛੋਂ ਉਸ ਨੂੰ ਤਿਆਗ ਪੱਤਰ ਦੇਣਾ ਪਿਆ। ਉਸ ਨੂੰ 6 ਫ਼ਰਵਰੀ 1965 ਵਿੱਚ ਕਤਲ ਕਰ ਦਿੱਤਾ ਗਿਆ।
27. ਸਵਰਨ ਸਿੰਘ (ਜਨਮ 1907) ਪਿੰਡ ਸ਼ੰਕਰ ਜ਼ਿਲ੍ਹਾ ਜਲੰਧਰ ਦਾ ਪੁਰੇਵਾਲ ਜੱਟ ਵਕੀਲ ਸੀ। ਉਹ 1946 ਵਿੱਚ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਤੇ ਉਸ ਨੂੰ ਵਿਕਾਸ ਮੰਤਰੀ ਬਣਾਇਆ ਗਿਆ। ਉਹ ਵੰਡ ਪਿੱਛੋਂ ਵੀ ਸਰਕਾਰ 'ਚ ਸ਼ਾਮਿਲ ਰਿਹਾ। 1952 ਵਿੱਚ ਉਹ ਨਹਿਰੂ ਮੰਤਰੀ ਮੰਡਲ ਵਿੱਚ "ਵਰਕਸ, ਹਾਊਸਿੰਗ ਤੇ ਸਪਲਾਈ ਮੰਤਰੀ" ਬਣਿਆ। 1957 ਵਿੱਚ ਉਹ ਅਸਪਾਤ, ਖਣਿਜ ਤੇ ਊਰਜਾ ਮੰਤਰੀ ਬਣਿਆ। 1962 ਵਿੱਚ ਉਸ ਨੂੰ ਰੇਲ ਮੰਤਰੀ ਬਣਾਇਆ ਗਿਆ। 1963 ਵਿੱਚ ਖ਼ੁਰਾਕ ਤੇ ਖੇਤੀ ਮੰਤਰੀ ਤੇ 1969 ਵਿੱਚ ਉਹ ਲਾਲ ਬਹਾਦਰੀ ਸ਼ਾਸ਼ਤਰੀ ਦੇ ਮੰਤਰੀ ਮੰਡਲ ਵਿੱਚ ਵਿਦੇਸ਼ ਮੰਤਰੀ ਬਣਿਆ।
28. ਗਿਆਨੀ ਸਿੰਘ ਰਾੜੇਵਾਲਾ (ਜਨਮ 1901) ਪਟਿਆਲਾ ਰਿਆਸਤ ਦੇ ਪਿੰਡ ਰਾੜਾ ਦਾ ਚੀਮਾ ਜੱਟ ਸੀ। ਉਹ ਪੈਪਸੂ ਦਾ ਮੁੱਖ ਮੰਤਰੀ ਸੀ ਤੇ 1962 ਤੱਕ ਕੈਰੋਂ ਦੇ ਮੰਤਰੀ ਮੰਡਲ ਵਿੱਚ ਰਿਹਾ ਤੇ ਮਗਰੋਂ ਕੈਰੋਂ ਦਾ ਮੁਖ ਵਿਰੋਧੀ ਬਣ ਗਿਆ।
29. ਪੂਰਬੀ ਪੰਜਾਬ ਵਿਧਾਨ ਸਭਾ ਦੇ ਕੁਝ ਸਿੱਖ ਮੈਂਬਰਾਂ ਨੇ ਕਾਨੂੰਨਸਾਜ਼ ਅਸੈਂਬਲੀ ਨੂੰ 13 ਮੰਗਾਂ ਪੇਸ਼ ਕੀਤੀਆਂ। ਉਹਨਾਂ ਨੇ ਪੂਰਬੀ ਪੰਜਾਬ ਵਿਧਾਨ ਸਭਾ ਵਿੱਚ 50% ਨੁਮਾਇੰਦਗੀ ਤੇ ਪੰਜਾਬ ਗਵਰਨਰ ਤੇ ਮੁੱਖ ਮੰਤਰੀ ਬਦਲਵੇਂ ਤੌਰ 'ਤੇ ਹਿੰਦੂ-ਸਿੱਖ ਲਾਏ ਜਾਣ ਦੀ, ਰਾਜ ਸੇਵਾਵਾਂ ਵਿੱਚ 40% ਪ੍ਰਤੀਨਿਧਤਾ, ਕੇਂਦਰੀ ਵਿਧਾਨ ਸਭਾ ਵਿੱਚ 5% ਨੁਮਾਇੰਦਗੀ ਤੇ ਕੇਂਦਰ ਵਿੱਚ ਘੱਟੋ-ਘੱਟ ਇਕ ਮੰਤਰੀ ਤੇ ਇਕ ਉਪ-ਮੰਤਰੀ ਬਣਾਏ ਜਾਣ ਦੀ ਮੰਗ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਪੂਰਬੀ ਪੰਜਾਬ ਦੀ ਸਰਕਾਰ ਆਰਜ਼ੀ ਤੌਰ 'ਤੇ ਸ਼ਿਮਲੇ ਨੂੰ ਰਾਜਧਾਨੀ ਬਣਾ ਕੇ ਕਾਇਮ ਕੀਤੀ ਗਈ। ਸਰ ਚੰਦੂ ਲਾਲ ਤ੍ਰਿਵੇਦੀ ਨੂੰ ਗਵਰਨਰ ਨਿਯੁਕਤ ਕੀਤਾ ਗਿਆ। ਗੋਪੀ ਚੰਦ ਭਾਰਗਵ ਨੂੰ ਭਾਰਤੀ ਪਾਸੇ ਆਏ ਵਿਧਾਨਕਾਰਾਂ ਨੇ ਮੁੱਖ ਮੰਤਰੀ ਚੁਣ ਲਿਆ।

1948 ਵਿੱਚ ਪੰਜਾਬ ਦੀ ਸਿੱਖ ਰਿਆਸਤਾਂ ਤੇ ਮਲੇਰਕੋਟਲਾ ਤੇ ਨਾਲਾਗੜ੍ਹ ਨੂੰ ਮਿਲਾ ਕੇ ਪੈਪਸੂ ਬਣਾ ਦਿੱਤਾ ਗਿਆ। ਮਹਾਰਾਜਾ ਯਾਦਵੇਂਦਰ ਸਿੰਘ ਜਿਸ ਨੇ ਰਾਜਿਆਂ ਨੂੰ ਭਾਰਤੀ ਸੰਘ ਵਿੱਚ ਮਿਲਣ ਲਈ ਪ੍ਰੇਰਨ ਵਿੱਚ ਮੁੱਖ ਭੂਮਿਕਾ ਨਿਭਾਹੀ ਸੀ, ਉਸ ਨੂੰ ਰਾਜ ਪ੍ਰਮੁੱਖ ਬਣਾਇਆ ਗਿਅ ਤੇ ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਬਣਿਆ। ਪੈਪਸੂ ਵਿੱਚ ਸਿੱਖਾਂ ਦੀ ਬਹੁਗਿਣਤੀ ਸੀ।

ਪੈਪਸੂ ਥੋੜ੍ਹੇ ਤੇ ਅਸਥਿਰ ਸਮੇਂ ਲਈ ਹੀ ਰਿਹਾ। ਇਥੇ ਅਕਾਲੀਆਂ ਤੇ ਕਾਂਗਰਸ ਦੀ ਤਾਕਤ ਸਾਵੀਂ ਸੀ। ਗਿਆਨ ਸਿੰਘ ਰਾੜੇਵਾਲੇ ਦੀ ਥਾਂ ਕਾਂਗਰਸ ਵਿਧਾਨਕਾਰ ਰਘਬੀਰ ਸਿੰਘ ਮੁੱਖ ਮੰਤਰੀ ਬਣਿਆ ਤੇ ਉਹਦੀ ਮੌਤ ਪਿੱਛੋਂ ਬ੍ਰਿਸ਼ਭਾਨ ਮੁੱਖ ਮੰਤਰੀ ਬਣਿਆ। ਸਿੱਖ ਵਸੋਂ ਦੇ ਇਕ ਥਾਂ ਇਕੱਤਰ ਹੋਣ ਕਾਰਨ ਤੇ ਅਕਾਲੀ ਝੁਕਾਵਾਂ ਕਾਰਨ ਸਰਕਾਰ ਨੇ 1956 ਵਿੱਚ ਪੈਪਸੂ ਖ਼ਤਮ ਕਰਕੇ ਪੰਜਾਬ ਵਿੱਚ ਮਿਲਾ ਦਿੱਤਾ।

1952 ਦੀਆਂ ਪਹਿਲੀਆਂ ਆਮ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਪੰਜਾਬ ਵਿੱਚ ਬਹੁਮਤ ਮਿਲ ਗਿਆ। ਭੀਮ ਸੇਨ ਸਚੱਰ ਮੁੱਖ ਮੰਤਰੀ ਬਣਿਆ। ਉਹਦੀ ਇਸ ਵਜ਼ਾਰਤ ਸਮੇਂ ਪੰਜਾਬ ਦੀ ਨਵੀਂ ਰਾਜਧਾਨੀ ਹਿਮਾਲਾ ਪਰਬਤ[30] ਦੀ ਪੱਬੀ ਵਿੱਚ ਚੰਡੀਗੜ੍ਹ ਵਿਖੇ ਬਣਾਈ ਗਈ। 1956 ਵਿੱਚ ਸਚੱਰ ਨੂੰ ਹਟਾ ਕੇ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਬਣ ਗਿਆ। 1957 ਤੇ 1962 ਵਿੱਚ ਕਾਂਗਰਸ ਪਾਰਟੀ ਫਿਰ ਚੋਣਾਂ ਜਿੱਤ ਗਈ ਤੇ ਕੈਰੋਂ, ਜੂਨ 1964 ਵਿੱਚ ਇਸ ਪਦ ਤੋਂ ਲਾਂਭੇ ਕੀਤੇ ਜਾਣ ਤੱਕ, ਬੜੀ ਮਜ਼ਬੂਤੀ ਨਾਲ ਹਕੂਮਤ ਕਰਦਾ ਰਿਹਾ।

---

੨੯ (ਪਿਛਲੇ ਸਫ਼ੇ ਦਾ ਬਾਕੀ ਫ਼ੁੱਟਨੋਟ)
ਮੰਗ ਕੀਤੀ। ਦਸਤਖ਼ਤ ਕਰਨ ਵਾਲਿਆਂ ਨੇ ਕਿਹਾ ਕਿ ਜੇ ਉਹਨਾਂ ਦੀਆਂ ਇਹ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਵੱਖਰੇ ਸਿੱਖ ਰਾਜ ਦੀ ਮੰਗ ਕਰਨਗੇ। (ਸਟੇਟਸਮੈਨ, 9 ਨਵੰਬਰ, 1948)

30. ਚੰਡੀਗੜ੍ਹ ਦੀ ਰੂਪ-ਰੇਖਾ ਵਿਦੇਸ਼ੀ ਮਾਹਿਰਾਂ ਲਾ ਕਾਰਬੂਜ਼ੇ, ਜੀਨਾਰ, ਮੈਕਸਵੈਲ ਫ਼ਰਾਈ ਤੇ ਉਹਦੀ ਪਤਨੀ ਜੇਨ ਡਰਿਊ ਨੇ ਤਿਆਰ ਕੀਤੀ।

ਕਾਂਡ—18
ਆਪਣਾ ਰਾਜ

ਸਿਖ ਮਨਾਂ ਵਿਚੋਂ ਪਰੁਭਤਾ ਸੰਪੰਨ ਸਿਖ ਰਾਜ ਦਾ ਸੰਕਲਪ ਕਦੇ ਵੀ ਬਹੁਤਾ ਦੂਰ ਨਹੀਂ ਰਿਹਾ। ਗੁਰੂ ਗੋਬਿੰਦ ਸਿੰਘ ਦੇ ਦਿਨਾਂ ਤੋਂ ਹੀ ਸਿਖ ਸੰਗਤ "ਰਾਜ ਕਰੇਗਾ ਖਾਲਸਾ" ਦੇ ਸ਼ਬਦ ਹਰ ਰੋਜ਼ ਆਪਣੀ ਰੋਜ਼ਾਨਾ ਅਰਦਾਸ ਪਿੱਛੋਂ ਉਚਾਰਦੀ ਰਹੀ ਹੈ। ਇਸ ਇੱਛਾ ਦੀ ਪੂਰਤੀ ਲਈ ਅਣਗਿਣਤ ਸਿੱਖਾਂ ਨੇ ਆਪਣੀਆਂ ਜਾਨਾਂ ਵਾਰੀਆਂ। ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਕਾਇਮ ਹੋਣ ਨਾਲ ਉਹਨਾਂ ਦਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਸਿੱਖਾਂ ਦੀ ਕਿਸਮਤ ਵਿੱਚ ਰਾਜ ਕਰਨਾ ਹੀ ਲਿਖਿਆ ਹੈ। ਰਾਜ ਦਾ ਪਤਨ ਇੱਕ ਆਰਜ਼ੀ ਧੱਕਾ ਹੀ ਸੀ। ਤੇ ਸ਼ੁਰੂ ਸ਼ੁਰੂ ਵਿੱਚ ਅੰਗਰੇਜ਼ਾਂ ਪ੍ਰਤੀ ਵਫਾਦਾਰੀ ਦੇ ਬਾਵਜੂਦ ਜਦੋਂ ਭਾਰਤ ਲਈ "ਹੋਮ ਰੂਲ" ਦੀ ਚਰਚਾ ਹੁੰਦੀ ਸੀ, ਸਿੱਖ ਨੇਤਾਵਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ:" ਜੇ ਅੰਗਰੇਜ਼ਾਂ ਨੇ ਜਾਣਾ ਹੀ ਹੈ ਤਾਂ ਉਚਿਤ ਇਹੋ ਹੈ ਕਿ ਉਹ ਪੰਜਾਬ ਸਿੱਖਾਂ ਦੇ ਹਵਾਲੇ ਕਰਕੇ ਜਾਣ ਜਿਹਨਾਂ ਤੋਂ ਉਹਨਾਂ ਨੇ ਗਲਤ ਢੰਗ ਨਾਲ ਖੋਹਿਆ ਹੈ।"

ਸਿੱਖਾਂ ਨੇ ਸਰਕਾਰ ਦੇ ਬਦਲਦੇ ਸੰਕਲਪਾਂ ਤੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਾਰਾਂ ਦਾ ਸਾਮ੍ਹਣਾ ਕਰਨਾ ਪਿਆ। ਅੰਗਰੇਜ਼ਾਂ ਨੇ ਬਹੁਗਿਣਤੀ ਦੇ ਰਾਜ ਦਾ ਸੰਕਲਪ ਲਿਆਂਦਾ ਜਿਸਦਾ ਭਾਵ ਇਹ ਸੀ ਕਿ ਗਿਣਤੀ ਦੇ ਮੁਕਾਬਲੇ ਸਾਹਸ ਤੇ ਮਿਲਖ ਜਾਇਦਾਦ ਦਾ ਕੋਈ ਮਹੱਤਵ ਨਹੀਂ ਸੀ। ਤੇ ਗਿਣਤੀ ਦੇ ਪੱਖੋਂ ਤਾਂ ਪੰਜਾਬ ਵਿੱਚ ਸਿੱਖ ਵਸੋਂ ਮਸਾਂ 12-13% ਸੀ ਤੇ ਭਾਰਤ ਦੀ ਕੁਲ ਵਸੋਂ ਵਿੱਚ ਸਿੱਖ ਇਕ ਪ੍ਰਤੀਸ਼ਤ ਸਨ। ਜੇ ਰਾਜ ਕਰਨ ਦਾ ਅਧਿਕਾਰ ਸਿਰਾਂ ਦੀ ਗਿਣਤੀ ਨਾਲ ਨਿਰਧਾਰਿਤ ਕੀਤਾ ਜਾਣਾ ਹੈ ਤਾਂ ਤੇ ਫਿਰ ਭਾਰਤ ਦੇ ਬਹੁਤੇ ਹਿੱਸੇ ਤੇ ਹਿੰਦੂ ਰਾਜ ਕਰਨਗੇ ਤੇ ਮੁਸਲਿਮ ਬਹੁਗਿਣਤੀ ਦੇ ਖੇਤਰ ਸਣੇ ਪੰਜਾਬ ਦੇ ਮੁਸਲਮਾਨਾਂ ਦੇ ਅਧੀਨ ਹੋਣਗੇ। ਸਿੱਖਾਂ ਦੀ ਸਾਰੀ ਤਾਕਤ ਇਸ ਪਾਸੇ ਲੱਗੀ ਹੋਈ ਸੀ ਕਿ ਪੰਜਾਬ ਉੱਪਰ ਰਾਜ ਕਰਨ ਦੇ ਮੁਸਲਮਾਨਾਂ ਦੇ ਮਨਸੂਬੇ ਨੂੰ ਅਸਫਲ ਬਣਾਉਣ।

ਸਿੱਖ ਨੇਤਾਵਾਂ ਦੀ ਪਹਿਲੀ ਚਾਲ ਇਹ ਸੀ ਕਿ ਉਹ ਲੋਕ-ਤੰਤਰੀ ਦਲੀਲ ਦੀ ਮੁਸਲਮਾਨਾਂ ਵਿਰੁੱਧ ਵਰਤੋਂ ਕਰਨ। ਉਹਨਾਂ ਨੇ ਸਾਂਝੇ ਚੋਣ ਹਲਕਿਆਂ ਦੀ ਮੰਗ ਲਈ ਹਿੰਦੂਆਂ ਦਾ ਸਾਥ ਦਿੱਤਾ ਤੇ ਘੱਟ ਗਿਣਤੀਆਂ ਦੇ ਖਾਸ ਅਧਿਕਾਰਾਂ ਦੇ ਖਾਤਮੇ ਦੀ ਮੰਗ ਕੀਤੀ ਕਿਉਂਕਿ ਉਹਨਾਂ ਦੇ ਖ਼ਿਆਲ ਇਸ ਤਰ੍ਹਾਂ ਮੁਸਲਮਾਨਾਂ ਦੀ ਫਿਰਕਾ ਪ੍ਰਸਤੀ ਕਮਜ਼ੋਰ ਹੋ ਜਾਵੇਗੀ। ਜਦੋਂ ਮੁਸਲਮਾਨ ਵਖਰੇ ਚੋਣ ਹਲਕੇ ਤੇ ਅਧਿਕਾਰ ਲੈਣ ਵਿੱਚ ਕਾਮਯਾਬ ਹੋ ਗਏ ਤਾਂ ਸਿੱਖਾਂ ਨੇ ਆਪਣੇ ਲਈ ਵੀ ਉਹ ਅਧਿਕਾਰ ਤੇ ਰਿਆਇਤਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਉਹਨਾਂ ਦਾ ਮਹੱਤਵ ਹਿੰਦੂਆਂ ਨਾਲ ਮਿਲਣ ਮਗਰੋਂ ਮੁਸਲਮਾਨਾਂ ਨਾਲੋਂ ਵਧੇਰੇ ਹੋ ਜਾਵੇ। ਉਹਨਾਂ ਨੇ ਆਪਣੇ ਢੰਗ ਤਰੀਕੇ ਵੀਹ ਸਾਲ ਲਈ ਅਪਣਾਏ ਤੇ ਫਿਰ ਉਹਨਾਂ ਨੂੰ ਅਹਿਸਾਸ ਹੋ ਗਿਆ ਕਿ ਕੋਈ ਵੀ ਸਰਕਾਰ ਮੁਸਲਮਾਨਾਂ ਦੀ ਬਹੁ-ਗਿਣਤੀ ਨੂੰ ਘੱਟ ਗਿਣਤੀ ਵਿੱਚ ਤਬਦੀਲ ਨਹੀਂ ਕਰ ਸਕਦੀ। ਫਿਰ ਵਿਰੋਧ ਦਾ ਤੀਸਰਾ ਰਾਹ ਲੱਭ

ਲਿਆ ਗਿਆ ਜਿਸ ਅਨੁਸਾਰ ਪੰਜਾਬ ਦੀ ਦੁਬਾਰਾ ਹੱਦਬੰਦੀ ਕਰਨ ਦੀ ਤੇ ਗੈਰ ਮੁਸਲਿਮ ਬਹੁ-ਗਿਣਤੀ ਵਾਲੇ ਖੇਤਰਾਂ ਨਾਲੋਂ ਮੁਸਲਿਮ ਬਹੁ-ਗਿਣਤੀ ਵਾਲੇ ਪੱਛਮ ਦੇ ਖੇਤਰਾਂ ਨੂੰ ਅੱਡ ਕਰਨ ਦੀ ਮੰਗ ਕੀਤੀ ਗਈ। ਇਸ ਤਜਵੀਜ਼ ਉਪਰ ਕਿਸੇ ਨੇ ਵੀ ਧਿਆਨ ਨਾ ਦਿੱਤਾ।[1]

1935 ਦੇ ਗੌਰਮਿੰਟ ਐਕਟ ਔਫ ਇੰਡੀਆ ਨੇ ਸਿੱਖਾਂ ਦੇ ਡਰ ਭੈ ਨੂੰ ਸਹੀ ਸਾਬਤ ਕਰ ਦਿੱਤਾ। ਪੰਜਾਬ ਨੂੰ ਵੀ ਭਾਰਤ ਦੇ ਦੂਸਰੇ ਸੂਬਿਆਂ ਵਾਂਗ ਖੁਦਮਪਤਾਰੀ ਮਿਲ ਗਈ। ਮੁਸਲਿਮ ਪ੍ਰਭਾਵ ਵਾਲੀ ਯੂਨੀਅਨਿਸਟ ਪਾਰਟੀ ਹੱਥ ਰਾਜ ਦੀ ਵਾਗਡੋਰ ਆ ਗਈ ਤੇ ਉਸਨੇ ਆਪਣੀ ਵਧੀ ਹੋਈ ਤਾਕਤ ਨਾਲ ਸਿੱਖ ਪ੍ਰਤੀਨਿਧਤਾ ਨੂੰ ਉਹਨਾਂ ਦੀ ਗਿਣਤੀ ਅਨੁਸਾਰ ਘਟਾਉਣ ਦੀ ਨੀਤੀ ਨੂੰ ਜਾਰੀ ਰੱਖਿਆ।

ਸਿੱਖ ਰਾਜ ਦਾ ਸੰਕਲਪ ਮੁੜ ਸੁਰਜੀਤ ਕੀਤਾ ਗਿਆ। ਜਿਉਂ ਹੀ ਮੁਸਲਮਾਨਾਂ ਦੀ ਪਾਕਿਸਤਾਨ ਲਈ ਮੰਗ ਉਭਰੀ, ਇਹ ਸੰਕਲਪ ਵੀ ਜ਼ੋਰ ਫੜ ਗਿਆ। ਬਰਤਾਨੀਆਂ ਵਲੋਂ ਸੱਤਾ ਤਿਆਗ ਦੇਣ ਦੇ ਪਹਿਲੇ ਸੰਕਟਮਈ ਸਾਲਾਂ ਵਿੱਚ, ਸਿੱਖ ਨੇਤਾ ਹੌਸਲੇ ਨਾਲ ਸਿੱਖ ਰਾਜ ਦੀ ਮੰਗ ਕਰਨ ਦੀ ਥਾਂ (ਜਿਸਦੀ ਸਿੱਖ ਜਨਤਾ ਮੰਗ ਕਰਦੀ ਸੀ) ਕਾਂਗਰਸ ਨੇਤਾਵਾਂ ਦੀ ਅਗਵਾਈ ਪਰਵਾਨ ਕਰਦੇ ਰਹੇ ਤੇ ਅਜਿਹੇ ਵਿਚਾਰ ਕੇਵਲ ਪਾਕਿਸਤਾਨ ਦੀ ਮੰਗ ਦਾ ਵਿਰੋਧ ਕਰਨ ਲਈ ਪੇਸ਼ ਕਰਦੇ ਰਹੇ। ਇਤਿਹਾਸਕ, ਆਰਥਕ, ਦਰਿਆਈ ਨਕਸ਼ੇ ਤੇ ਭੂਗੋਲਕ ਪੱਖੋਂ ਵਿਚਾਰਾਂ ਨੂੰ ਗੈਰ ਮੁਸਲਿਮ ਪੰਜਾਬ ਦਾ ਆਕਾਰ ਵਧਾਕੇ ਦੱਸਣ ਲਈ ਪੇਸ਼ ਕੀਤਾ ਗਿਆ ਤਾਂ ਜੋ ਬਾਕੀ ਬਚਿਆ ਪੰਜਾਬ ਇੱਕ ਮਜ਼ਾਕ ਬਣਕੇ ਰਹਿ ਜਾਏ। ਕਿਸੇ ਨੇ ਵੀ ਇਸ ਪਹੁੰਚ ਨੂੰ ਗੰਭੀਰਤਾ ਨਾਲ ਨਾ ਲਿਆ।[2]

ਜਿਉਂ ਹੀ ਪੰਜਾਬ ਦੇ ਬਟਵਾਰੇ ਦੀ ਤਾਰੀਖ ਨੇੜੇ ਆਈ, ਸਿੱਖ ਨੇਤਾ ਦੁਬਿਧਾ ਵਿੱਚ ਪੈ ਗਏ ਕਿ ਉਹ ਭਾਰਤ ਜਾਂ ਪਾਕਿਸਤਾਨ ਵਿਚੋਂ ਕਿਸ ਨਾਲ ਜਾਣ। ਜਿੰਨਾਹ ਨੇ ਉਹਨਾਂ ਨੂੰ ਕਿਹਾ ਕਿ ਜੇ ਉਹਨਾਂ ਪਾਕਿਸਤਾਨ ਵਿੱਚ ਮਿਲਣ ਦੀ ਇੱਛਾ ਪ੍ਰਗਟ ਕੀਤੀ ਤਾਂ ਉਹ ਉਹਨਾਂ ਦੀ ਜਾਨ, ਮਾਲ ਜਾਇਦਾਦ, ਧਰਮ ਦੀ ਆਜ਼ਾਦੀ ਤੇ ਜੋ ਅਧਿਕਾਰ ਉਹਨਾਂ ਨੂੰ

---

1. ਇਹ 1931 ਵਿੱਚ ਦੂਸਰੀ ਗੋਲਮੇਜ਼ ਕਾਨਫ਼ਰੰਸ ਸਮੇਂ ਕੀਤਾ ਗਿਆ। ਵੇਖੋ ਘੱਟ ਗਿਣਤੀ ਕਮੇਟੀ, III ਅੰਤਿਕਾ XVII ਪੰ. 1435-37
2. ਜੰਗ ਦੇ ਖਾਤਮੇ ਤੇ ਕਮਿਊਨਿਸਟਾਂ ਨੇ ਸਿੱਖ ਹੋਮਲੈਂਡ ਯੋਜਨਾ ਤਿਆਰ ਕੀਤੀ ਸੀ। ਇਹ 1945-46 ਦੀਆਂ ਚੋਣਾਂ ਦੇ ਆਰੰਭ ਵੇਲੇ ਹੀ ਸੀ ਤੇ ਇਹ ਸਿੱਖ ਜਨਤਾ ਨੂੰ ਪਤਿਆਉਣ ਲਈ ਤਿਆਰ ਕੀਤੀ ਗਈ ਸੀ ਕਿਉਂਕਿ ਸਿੱਖ ਕਮਿਊਨਿਸਟਾਂ ਨਾਲ ਉਹਨਾਂ ਦੇ ਪਾਕਿਸਤਾਨ ਦੀ ਮੰਗ ਦੇ ਗਰਮਜੋਸ਼ੀ ਨਾਲ ਸਮਰਥਨ ਤੋਂ ਗੁੱਸੇ ਸਨ। ਸਿੱਖ ਹੋਮਲੈਂਡ ਦੀ ਸਕੀਮ "ਜੀ ਅਧਿਕਾਰੀ" ਨੇ ਤਿਆਰ ਕੀਤੀ ਸੀ ਜਿਸ ਨੇ ਦੋ ਸਾਲ ਪਹਿਲਾਂ ਇਸ ਮੰਗ ਨੂੰ ਇਹ ਕਹਿਕੇ ਰੱਦ ਕਰ ਦਿੱਤਾ ਸੀ ਕਿ ਇਹ ਅਗਾਂਹਵਧੂ ਰਾਸ਼ਟਰਵਾਦੀ ਸਿੱਖਾਂ ਦੀ ਮੰਗ ਨਹੀਂ ਹੋ ਸਕਦੀ।

   25 ਜਨਵਰੀ 1943 ਵਿੱਚ ਅਧਿਕਾਰੀ ਨੇ ਪ੍ਰੋ. ਮਿਸਰਾ ਨੂੰ ਇਕ ਖਤ ਵਿੱਚ ਲਿਖਿਆ ਕਿ ਆਜ਼ਾਦ ਪੰਜਾਬ ਦੀ ਮੰਗ ਤਰੱਕੀ ਪਸੰਦ ਸਿੱਖ ਰਾਸ਼ਟਰਵਾਦੀਆਂ ਦੀ ਮੰਗ ਨਹੀਂ ਹੈ। ਇਹ ਪੰਜਾਬ ਵਿੱਚ ਮੁਸਲਮਾਨਾਂ ਦੀ ਖੁਦਮੁਖਤਾਰੀ ਦੀ ਮੰਗ ਦਾ ਮੋੜਵਾਂ ਉੱਤਰ ਜਾਂ ਤੋੜ ਹੈ। ਇਹ ਸਿੱਖਾਂ ਦੇ ਹਿਤ ਵਿੱਚ ਨਹੀਂ ਕਿ ਉਹ ਪੰਜਾਬ ਦੇ ਮੁਸਲਮਾਨਾਂ ਦੀ ਮੰਗ ਮੰਨ ਲੈਣ ਤੇ ਉਹ ਆਪਣੀ ਖੁਦ-ਮੁਖਤਾਰੀ ਦੀ ਮੰਗ ਮੰਨਵਾ ਲੈਣ।'

ਅੰਗਰੇਜ਼ਾਂ ਸਮੇਂ ਮਿਲੇ, ਉਹਨਾਂ ਦੀ ਸੁਰੱਖਿਆ ਦੀ ਜ਼ਾਮਨੀ ਦੇਵੇਗਾ।[3] ਦੂਸਰੇ ਪਾਸੇ ਕਾਂਗਰਸ ਦੇ ਨੇਤਾਵਾਂ ਨੇ ਜਿਹਨਾਂ ਨਾਲ ਉਹਨਾਂ ਦੇ ਮੁਸਲਿਮ ਲੀਗ ਦੇ ਨੇਤਾਵਾਂ ਨਾਲੋਂ ਵਧੇਰੇ ਨਿਕਟਵਰਤੀ ਸੰਬੰਧ ਸਨ, ਕਈ ਵਾਰ ਤਸੱਲੀ ਦਿਵਾਈ ਕਿ ਭਾਰਤ ਨੂੰ ਉਹ ਆਪਣਾ ਘਰ (ਵਤਨ) ਸਮਝਣ। ਮਾਰਚ 1931 ਵਿੱਚ ਗੁਰਦਵਾਰਾ ਸੀਸਗੰਜ ਵਿੱਚ ਬੋਲਦਿਆਂ ਮਹਾਤਮਾ ਗਾਂਧੀ ਨੇ ਕਿਹਾ, "ਸਿੱਖ ਮਿੱਤਰਾਂ ਨੂੰ ਕੋਈ ਐਸਾ ਡਰ ਨਹੀਂ ਹੋਣਾ ਚਾਹੀਦਾ ਕਿ ਕਾਂਗਰਸ ਉਹਨਾਂ ਨਾਲ ਧੋਖਾ ਕਰੇਗੀ ਕਿਉਂਕਿ ਜਦੋਂ ਵੀ ਉਸਨੇ ਐਸਾ ਕੀਤਾ ਉਸ ਨਾਲ ਕਾਂਗਰਸ ਤੇ ਮੁਲਕ ਦੀ ਵੀ ਬਰਬਾਦੀ ਹੋਵੇਗੀ। ਇਸਦੇ ਉਪਰੰਤ ਸਿੱਖ ਇਕ ਮਹਾਨ ਕੌਮ ਹਨ। ਜੇ ਮੌਕਾ ਆ ਵੀ ਜਾਵੇ ਤਾਂ ਉਹ ਜਾਣਦੇ ਹਨ ਕਿ ਕਿਵੇਂ ਸ਼ਸਤਰਦਾਰੀ ਹੋਕੇ ਆਪਣੇ ਹੱਕਾਂ ਦੀ ਰਖਵਾਲੀ ਕੀਤੀ ਜਾਂਦੀ ਹੈ।"[4]

ਜਿਸ ਸਮੇਂ ਬਰਤਾਨਵੀ ਹੱਥਾਂ ਵਿਚੋਂ ਹਕੂਮਤ ਭਾਰਤੀ ਹੱਥਾਂ ਵਿੱਚ ਦੇਣ ਦੀ ਗੱਲ ਬਾਤ ਚੱਲ ਰਹੀ ਸੀ ਤਾਂ ਜਵਾਹਰ ਲਾਲ ਨਹਿਰੂ ਨੇ ਜੁਲਾਈ 1946 ਵਿੱਚ ਕਾਂਗਰਸ ਵਰਕਿੰਗ ਕਮੇਟੀ ਦੀ ਇੱਕ ਮੀਟਿੰਗ ਵਿੱਚ ਬੋਲਦਿਆਂ ਸਿੱਖਾਂ ਨੂੰ ਹੋਰ ਵੀ ਭਰੋਸਾ ਦਿੰਦਿਆ ਐਲਾਨ ਕੀਤਾ ਕਿ, "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਅਧਿਕਾਰਾਂ ਦੇ ਹੱਕਦਾਰ ਹਨ। ਮੈਨੂੰ ਇਸ ਵਿੱਚ ਕੋਈ ਗ਼ਲਤ ਗੱਲ ਨਹੀਂ ਜਾਪਦੀ ਜੇ ਉਹਨਾਂ ਲਈ ਵੀ ਉੱਤਰ ਵਿੱਚ ਇਕ ਖਿੱਤਾ ਜਾਂ ਖੇਤਰ ਹੋਵੇ ਜਿੱਥੇ ਸਿੱਖ ਵਧੇਰੇ ਚਮਕ ਦਮਕ ਤੇ ਠਾਠ ਨਾਲ ਰਹਿ ਸਕਣ।"[5]

ਸਿੱਖ ਨੇਤਾਵਾਂ ਨੇ ਫੈਸਲਾ ਕਰ ਲਿਆ ਕਿ ਉਹ ਆਪਣੇ ਫਿਰਕੇ ਦਾ ਭਵਿੱਖ ਜਿੱਨਾਹ ਦੇ ਇਕਰਾਰਾਂ ਤੇ ਪ੍ਰਤਿਗਿਆਵਾਂ ਦੇ ਕੋਲ ਗਿਰਵੀ ਨਹੀਂ ਰੱਖਣਗੇ ਜਿਸਨੇ ਉੱਤਰ-ਪੱਛਮੀ ਪੰਜਾਬ ਦੇ ਮੁਸਲਮਾਨਾਂ ਨੂੰ ਸਿੱਖਾਂ ਦੀ ਮਾਰ ਧਾੜ ਤੇ ਘਰਾਂ ਤੋਂ ਉਜਾੜ ਕੇ ਬਾਹਰਰ ਕੱਢਣ ਤੋਂ ਨਹੀਂ ਰੋਕਿਆ ਸੀ। ਸਦੀਆਂ ਦੇ ਸਿੱਖਾਂ ਮੁਸਲਮਾਨਾਂ ਦੇ ਵੈਰ ਨੇ ਵੀ ਜਿੱਨਾਹ ਨਾਲ ਸਮਝੌਤੇ ਉਪਰ ਆਪਣਾ ਭੈੜਾ ਪ੍ਰਭਾਵ ਪਾਇਆ। ਸਿੱਖ ਹਿੰਦੂਆਂ ਨਾਲ ਵਧੇਰੇ ਸੁਰੱਖਿਅਤ ਅਨੁਭਵ ਕਰਦੇ ਸਨ ਜਿਹਨਾਂ ਨਾਲ ਮੁਸਲਮਾਨਾਂ ਦੇ ਨਾਲੋਂ ਉਹਨਾਂ ਦੀਆਂ ਵਧੇਰੇ ਸਾਂਝਾ ਸਨ। ਜਦੋਂ ਆਖੀਰ ਬਟਵਾਰੇ ਦੀ ਰੇਖਾ ਖਿੱਚੀ ਗਈ ਤਾਂ ਲਗਭਗ ਅੱਧੀ ਸਿੱਖ ਆਬਾਦੀ ਹੱਦ ਤੋਂ ਪਾਰ ਪਾਕਿਸਤਾਨ ਵਿੱਚ ਰਹਿ ਗਈ ਤੇ ਉਸ ਨੇ ਆਪਣੇ ਘਰ ਘਾਟ, ਮਿਲਖਾ ਜਾਇਦਾਦਾਂ ਛੱਡ ਛਡਾਕੇ ਅਨਿਸਚਿਤ ਭਵਿੱਖ ਲੈਕੇ ਭਾਰਤ ਵੱਲ ਸਫ਼ਰ ਕੀਤਾ। ਜਿਹੜੇ ਪਾਕਿਸਤਾਨ ਛੱਡਣ ਤੋਂ ਝਿਜਕਦੇ ਰਹੇ ਉਹਨਾਂ ਨੂੰ ਕਤਲ ਕਰਕੇ ਮਾਰਧਾੜ ਨਾਲ ਕੱਢ ਦਿੱਤਾ ਗਿਆ।

ਵੰਡ ਵੇਲੇ ਦੀ ਅਰਾਜਕਤਾ ਵਿੱਚ ਕੁਝ ਸਿੱਖ ਪੂਰਬੀ ਪੰਜਾਬ ਵਿੱਚ ਆਪਣੀ ਹਕੂਮਤ ਕਾਇਮ ਕਰਨ ਲਈ ਉਤਸਾਹਿਤ ਹੋ ਗਏ। ਸੌ ਸਾਖੀ ਦੀ ਇਕ ਹੋਰ ਜਿਲਦ ਕਿਧਰੋਂ ਕੱਢ ਲਿਆਂਦੀ ਗਈ ਜਿਸ ਵਿੱਚ 1947 ਈ. ਵਿੱਚ (ਸੰਮਤ 1890 ਵਿੱਚ)* ਪਟਿਆਲਾ ਦੇ

---

3. ਜਿੱਨਾਹ, ਮਹਾਰਾਜਾ ਪਟਿਆਲਾ ਤੇ ਹਰਦਿੱਤ ਸਿੰਘ ਮਲਿਕ ਆਈ.ਸੀ.ਐਸ. ਪਰਧਾਨ ਮੰਤਰੀ ਪਟਿਆਲਾ ਰਾਜ ਨੂੰ ਹਰਦਿਤ ਸਿੰਘ ਮਲਕ ਦੇ ਭਰਾ ਸਰ ਟੀ.ਐਸ. ਮਲਿਕ ਦੇ ਘਰ ਨਵੀਂ ਦਿੱਲੀ ਵਿੱਚ ਮਿਲਿਆ। ਵੇਖੋ ਗੋਪਾਲ ਸਿੰਘ, ਏ ਹਿਸਟਰੀ ਔਫ ਦੀ ਸਿੱਖ ਪੀਪਲ।
4. ਯੰਗ ਇੰਡੀਆ, 16 ਮਾਰਚ 1931।
5. ਦੀ ਸਟੇਟਸਮੈਨ, 1 ਜੁਲਾਈ 1946

* 1890 ਸੰਮਤ ਦੀ ਥਾਂ 1990 ਚਾਹੀਦਾ ਹੈ ਤੇ ਈਸਵੀ ਸੰਮਤ 1947 ਦੀ ਥਾਂ 1943 ਹੋਣਾ ਚਾਹੀਦਾ ਹੈ। ਛਪਾਈ ਦੀ ਗ਼ਲਤੀ ਹੈ।

ਯਾਦਵਿੰਦਰ ਸਿੰਘ ਲਈ ਤਾਜ ਦੀ ਭਵਿੱਖਬਾਣੀ ਕੀਤੀ ਗਈ ਸੀ। ਮੋਤੀ ਬਾਗ ਮਹਿਲ ਵਿੱਚ "ਵਿਸ਼ਾਲ ਪਟਿਆਲਾ' ਦੀ ਹੀ ਆਮ ਚਰਚਾ ਸੀ। ਵਧੇਰੇ ਹਕੀਕਤ ਪਸੰਦ ਮਹਾਰਾਜਾ ਫਰੀਦਕੋਟ ਨੇ ਮਹਾਰਾਜਾ ਪਟਿਆਲੇ ਤੋਂ ਬਿਨਾਂ ਹੀ ਸਿੱਖ ਰਾਜ ਦੀ ਸਥਾਪਨਾ ਦਾ ਪ੍ਰਚਾਰ ਕੀਤਾ। ਆਜ਼ਾਦ ਹਿੰਦ ਫੌਜ ਦੇ ਸਿੱਖਾਂ ਨੇ ਆਪ ਫ਼ੌਜੀ ਰਾਜ ਪਲਟਾ ਕਰਨ ਦੀਆਂ ਡੀਂਗਾਂ ਮਾਰੀਆਂ। ਰਾਜਿਆਂ ਦੀਆਂ ਕਲਪਨਾਵਾਂ ਵਾਂਗ ਉਹਨਾਂ ਦੀਆਂ ਸੋਚਾਂ ਵੀ ਉਹਨਾਂ ਦੇ ਦਿਮਾਗ ਦੇ ਵਾਸ਼ਪਾਂ ਦੀ ਰਚਨਾ ਸਨ। ਉਹ ਸਪਨੇ ਹੀ ਲੈਂਦੇ ਸਨ ਤੇ ਸਾਹਸ ਘੱਟ ਹੀ ਕਰਦੇ ਸਨ।

ਬਟਵਾਰੇ ਨਾਲ ਇੱਕ ਨਵੀਂ ਸਥਿਤੀ ਪੈਦਾ ਹੋ ਗਈ। ਪੱਛਮੀ ਪੰਜਾਬ ਤੋਂ ਆਏ ਸਿੱਖ ਕਾਸ਼ਤਕਾਰ ਤੇ ਜਿਮੀਂਦਾਰ ਪਰਵਾਸੀ ਘੱਗਰ ਦਰਿਆ ਤੱਕ ਜਾ ਕੇ ਰੁਕ ਗਏ ਜਿਸਦਾ ਸਿੱਟਾ ਇਹ ਹੋਇਆ ਕਿ ਪੂਰਬੀ ਪੰਜਾਬ ਦੀਆਂ ਕੁਝ ਤਹਿਸੀਲਾਂ ਤੇ ਸਿੱਖ ਰਿਆਸਤਾਂ ਦੇ ਖੇਤਰਾਂ ਵਿੱਚ ਸਿੱਖਾਂ ਦੀ ਬਹੁ-ਗਿਣਤੀ ਹੋ ਗਈ।[6]

ਪਹਿਲੀ ਵਾਰ ਲੋਕ-ਤੰਤਰੀ ਲੀਹਾਂ ਤੇ ਸਿੱਖ ਰਾਜ ਦੀ ਮੰਗ ਦਾ ਤਰਕ-ਆਧਿਰਤ ਸਮਰਥਨ ਕੀਤਾ ਜਾ ਸਕਦਾ ਸੀ। ਆਜਾਦੀ ਮਗਰੋਂ ਦੀ ਹਾਲਤ ਨੇ ਬਹੁਤ ਸਾਰੇ ਸਿੱਖਾਂ ਦੇ ਮਨ ਵਿੱਚ ਆਪਣੇ ਆਪ ਨੂੰ ਹਿੰਦੂਆਂ ਨਾਲ ਜੋੜੇ ਜਾਣ ਦੇ ਫੈਸਲਾ ਦੀ ਸੂਝ ਤੇ ਸੰਦੇਹ ਪੈਦਾ ਕਰ ਦਿੱਤਾ। ਜ਼ਮੀਨ ਤੇ ਸ਼ਹਿਰੀ ਜਾਇਦਾਦ ਜੋ ਮੁਸਲਮਾਨ ਛੱਡ ਗਏ ਸਨ, ਉਹਦੇ ਲਈ ਹਫੜਾ ਦਫੜੀ ਨੇ ਦੋਹਾਂ ਫਿਰਕਿਆਂ ਵਿੱਚ ਤੇ ਮੁਸਲਮਾਨਾਂ ਵਲੋਂ ਛੱਡੀ ਹੋਈ ਜ਼ਮੀਨ ਜੋ ਹਰਿਆਣੇ ਦੇ ਹਿੰਦੂਆਂ ਦੇ ਕਬਜ਼ੇ ਹੇਠ ਸੀ, ਉਸ ਕਾਰਨ ਉਹਨਾਂ ਨਾਲ ਪਰਵਾਸੀ ਸਿੱਖਾਂ ਦੇ ਸੰਬੰਧ ਵਿਗੜ ਗਏ।

ਸਿੱਖ ਪਰਵਾਸੀ ਸ਼ਾਸਨ ਵਲੋਂ ਮੁੜ ਵਸੇਬੇ ਲਈ ਕਰਜ਼ੇ ਮਨਜ਼ੂਰ ਕਰਨ ਵਿੱਚ ਲੱਗਦੀ ਦੇਰੀ ਕਰਕੇ ਵੀ ਗੁੱਸੇ ਵਿੱਚ ਸਨ। ਸਭ ਤੋਂ ਜ਼ਿਆਦਾ ਮਾਰ ਪੱਛਮੀ ਪੰਜਾਬ ਦੇ ਵਪਾਰੀ ਵਰਗ ਦੇ ਲੋਕਾਂ ਨੂੰ ਪਈ। ਉਹਨਾਂ ਦੀ ਪੂੰਜੀ ਰੁੜ੍ਹ ਗਈ ਸੀ। ਪੂਰਬੀ ਪੰਜਾਬ ਵਿੱਚ ਮੁਸਲਮਾਨ ਵਪਾਰੀ ਤੇ ਦੁਕਾਨਦਾਰਰ ਨਹੀਂ ਸੀ ਜਿਹਨਾਂ ਦੀ ਥਾਂ ਉਹ ਆ ਮੱਲਦੇ। ਤੇ ਸਰਕਾਰ ਦੀ ਇਹ ਸਥਿਤੀ ਹੀ ਨਹੀਂ ਸੀ ਕਿ ਉਹਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਕਾਫੀ ਪੈਸਾ ਦੇ ਸਕਦੀ। ਬਹੁਤ ਜ਼ਿਆਦਾ ਮਾਣ-ਮੱਤੇ ਹੋਣ ਕਾਰਨ ਉਹ ਮੰਗ ਵੀ ਨਹੀਂ ਸਕਦੇ ਸਨ, ਪ੍ਰੰਤੂ ਉਹਨਾਂ ਦੇ ਅਭਿਮਾਨ ਨੇ ਉਹਨਾਂ ਨੂੰ ਸਰਕਾਰ ਪ੍ਰਤੀ ਬਹੁਤ ਗੁੱਸੇ ਨਾਲ ਭਰ ਦਿੱਤਾ ਜੋ ਕਦੇ ਵੀ ਉਹਨਾਂ ਲਈ ਕੁਝ ਨ ਕਰ ਸਕੀ ਤੇ ਉਹ ਹਿੰਦੂਆਂ ਨਾਲ ਵੀ ਗੁੱਸਾ ਕਰਨ ਲੱਗੇ ਜਿਹਨਾਂ ਦੀਆਂ ਮੁਸੀਬਤਾਂ ਉਹਨਾਂ ਨੇ ਹੀ ਘਟਾਈਆਂ ਸਨ। ਉਹ ਆਪਣੇ ਆਪ ਨੂੰ ਪੁੱਛਦੇ : "ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ, ਹਿੰਦੂਆਂ ਨੂੰ ਹਿੰਦੁਸਤਾਨ, ਪਰ ਸਿੱਖਾਂ ਨੂੰ ਕੀ ਮਿਲਿਆ?" ਅਜਿਹੀ ਦਿਮਾਗੀ ਸਥਿਤੀ ਵਿੱਚ ਵਿਰੋਧ ਦੀ ਧੁਖ ਰਹੀ ਅੱਗ ਨੂੰ ਤਕਦੀਰ ਵਿਰੁੱਧ ਭੜਕਾਕੇ ਸਿੱਖ ਰਾਜ ਦੇ ਸੁਪਨੇ ਲੈਣੇ ਔਖੇ ਨਹੀਂ ਸਨ।

ਸਿੱਖਾਂ ਨਾਲ ਨਜਿੱਠਦਿਆਂ ਸਰਕਾਰ ਨੇ ਘੱਟ ਹੀ ਸੂਝ ਸਿਆਣਪ ਵਰਤੀ। ਸੜਕੀ ਆਵਾਜਾਈ ਜਿਸ ਉਪਰ ਸਿੱਖਾਂ ਦੀ ਅਜ਼ਾਰੇਦਾਰੀ ਸੀ, ਉਸ ਦਾ ਕੌਮੀ ਕਰਨ ਕਰ ਦਿੱਤਾ ਗਿਆ। ਉੱਤਰ ਪ੍ਰਦੇਸ਼, ਮੱਧ ਪਰਦੇਸ਼ ਤੇ ਰਾਜਸਥਾਨ ਵਿੱਚ ਆਕੇ ਵੱਸੇ ਹੋਏ ਸਿੱਖਾਂ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਗਿਆ ਜੋ ਬਲਵਾਨ ਤੇ ਓਪਰੇ ਲੋਕਾਂ ਪ੍ਰਤੀ ਸੁਭਾਵਕ ਸੀ। ਕਲਕੱਤਾ ਵਿੱਚ ਉਹਨਾਂ ਦੇ ਟੈਕਸੀਆਂ ਤੇ ਬੱਸ ਸੇਵਾਵਾਂ ਉਪਰ ਕਬਜ਼ਾ ਪੂਰਬੀ ਪਾਕਿਸਤਾਨ

---

6. 1951 ਵਿੱਚ ਹਿੰਦੂ ਸਿਖਾਂ ਦੀ ਵਸੋਂ ਦਾ ਤਨਾਸਬ ਮੂਲ ਪੁਸਤਕ ਦੇ ਪੰਨਾ 291 ਤੇ ਸਾਰਨੀ ਦਿੱਤੀ ਹੈ।

ਪਾਕਿਸਤਾਨ ਤੋਂ ਆ ਰਹੇ ਪਰਵਾਸੀ ਹਿੰਦੂਆਂ ਨੂੰ ਰੁਜ਼ਗਾਰ ਦੇਣ ਲਈ ਖਤਮ ਕਰਨਾ ਪਿਆ। ਵੱਖਰੇ ਚੋਣ-ਹਲਕਿਆਂ ਤੇ ਸੰਪਰਦਾਇਕ ਰਿਆਇਤਾਂ ਦੇ ਖਾਤਮੇ ਨਾਲ ਤੇ ਨੌਕਰੀ ਵਿੱਚ ਆਉਣ ਲਈ ਲਿਖਤੀ ਮੁਕਾਬਲੇ ਦੀਆਂ ਪ੍ਰੀਖਿਆਵਾਂ (ਸਮੇਤ ਰਖਿਆ ਸੈਨਾਵਾਂ ਦੇ ਅਫਸਰਾਂ ਦੀਆਂ ਪਦਵੀਆਂ ਤੇ) ਉਪਰ ਜ਼ੋਰ ਦੇਣ ਕਾਰਨ ਸਿੱਖਾਂ ਤੇ ਬੜਾ ਮਾੜਾ ਪ੍ਰਭਾਵ ਪਿਆ। ਇਸਨੇ ਰਖਿਆ ਸੈਨਾਵਾਂ ਤੇ ਸਿਵਲ ਪ੍ਰਸ਼ਾਸਨ ਵਿੱਚ ਪਤਿਤਪੁਣੇ ਵਿੱਚ ਵਾਧਾ ਕਰ ਦਿੱਤਾ। ਬਹੁਤ ਸਾਰੇ ਸਿਵਲ ਪ੍ਰਸ਼ਾਸਨ ਤੇ ਫੌਜੀ ਕਰਮਚਾਰੀਆਂ ਨੇ ਵੇਖ ਲਿਆ ਕਿ ਇਕ ਧਰਮ ਨਿਰਪੇਖ ਵਿੱਚ ਉਹਨਾਂ ਨੂੰ ਨੌਕਰੀ ਬਚਾਉਣ ਲਈ ਕੇਸਾਧਾਰੀ ਬਣੇ ਰਹਿਣ ਦੀ ਲੋੜ ਨਹੀਂ ਤੇ ਨਾ ਹੀ ਘੋਨ ਮੋਨ ਹੋਣ ਨਾਲ ਉਹਨਾਂ ਦੀ ਤਰੱਕੀ 'ਚ ਕੋਈ ਰੋਕ ਪੈਂਦੀ ਹੈ। ਰੂੜ੍ਹੀਵਾਦੀ ਸਿੱਖਾਂ ਨੇ ਇਸ ਨੂੰ ਚਾਲਾਕ ਹਿੰਦੂ ਸਰਕਾਰ ਦੀ ਇਕ ਚਾਲ ਹੀ ਸਮਝਿਆ।

1948 ਵਿੱਚ ਸਰਕਾਰ ਨੇ ਦੋ ਕਦਮ ਐਸੇ ਉਠਾਏ ਜਿਸ ਨਾਲ ਸਿੱਖ ਰਾਜ ਦਾ ਸੰਕਲਪ ਵਧਿਆ ਫੁੱਲਿਆ। ਪੰਜਾਬ ਦੀਆਂ ਰਿਆਸਤਾਂ ਨੂੰ ਮਿਲਾਕੇ ਪੈਪਸੂ ਬਣਾ ਦਿੱਤਾ ਗਿਆ। ਪੈਪਸੂ ਦਾ ਰਾਜ ਪ੍ਰਮੁਖ, ਸੁਜੀਲਾ ਸੁਣੱਖਾ ਸਿੱਖ ਮਹਾਰਾਜਾ ਯਾਦਵਿੰਦਰ ਸਿੰਘ ਬਣਾਇਆ ਗਿਆ ਤੇ ਇਕ ਸਿੱਖ ਕੁਲੀਨ ਗਿਆਨ ਸਿੰਘ ਰਾੜੇ ਵਾਲਾ ਮੁਖ ਮੰਤਰੀ ਬਣਿਆ। ਇਸ ਰਾਜ ਦੀ ਬਹੁ ਗਿਣਤੀ ਵੀ ਸਿੱਖਾਂ ਦੀ ਹੀ ਸੀ। ਸਿੱਖ ਰਿਆਸਤ ਦੇ ਵਿਚਾਰ ਨੂੰ ਹਕੀਕਤ ਵਿੱਚ ਬਦਲਣ ਲਈ ਹੁਣ ਇਸਦੇ ਨਾਲ ਸਿਰਫ਼ ਸਿੱਖ ਬਹੁ-ਗਿਣਤੀ ਵਾਲੇ ਜ਼ਿਲੇ ਜੋੜਨ ਦੀ ਹੀ ਲੋੜ ਸੀ।

ਦੂਸਰਾ ਕਦਮ ਸਰਕਾਰ ਨੇ 1957 ਵਿੱਚ ਉਠਾਇਆ ਜਿਸ ਕਾਰਨ ਸਿੱਖਾਂ ਨੂੰ ਉਹ ਬਹਾਨਾ ਮਿਲ ਗਿਆ ਜਿਸਦੀ ਉਹ ਉਡੀਕ ਵਿੱਚ ਹੀ ਸਨ। ਪੰਜਾਬ ਨੂੰ ਦੋ ਭਾਸ਼ੀ ਰਾਜ ਐਲਾਨ ਕਰ ਦਿੱਤਾ ਗਿਆ।

ਪੰਜਾਬੀ ਤੇ ਹਿੰਦੀ ਦੋਵੇਂ ਹੀ ਇਸ ਦੀਆਂ ਸਰਕਾਰੀ ਭਾਸ਼ਾਵਾਂ ਬਣਾ ਦਿੱਤੀਆਂ ਗਈਆਂ। ਸਿੱਖਾਂ (ਇਹਨਾਂ ਗੱਲਾਂ ਤੇ ਅਕਾਲੀ ਸਿੱਖਾਂ ਦੇ ਬੁਲਾਰੇ ਬਣੇ) ਨੇ ਬੜੀ ਫੁਰਤੀ ਭਾਸ਼ਾ ਦੇ ਸੁਆਲ ਤੇ ਆਪਣਾ ਵਿਰੋਧ ਪਰਗਟ ਕੀਤਾ।[7] ਉਹਨਾਂ ਨੇ ਦਲੀਲ ਦਿੱਤੀ ਕਿ

---

7. ਭਾਰਤੀ ਰਾਸ਼ਟਰੀ ਕਾਂਗਰਸ ਭਾਸ਼ਾਈ ਪ੍ਰਾਂਤਾਂ ਦੇ ਸਿਧਾਂਤ ਪ੍ਰਤੀ ਵਚਨਬੱਧ ਸੀ। ਪ੍ਰੰਤੂ ਸੁਤੰਤਰਤਾ ਤੋਂ ਪਿੱਛੋਂ ਇਹਦੇ ਦ੍ਰਿਸਟੀਕੋਣ ਵਿੱਚ ਤਬਦੀਲੀ ਆ ਗਈ ਜਿੱਥੋਂ ਤੱਕ ਇਹਦਾ ਪੰਜਾਬੀ ਤੇ ਸਿੱਖਾਂ ਨਾਲ ਸੰਬੰਧ ਸੀ। ਕਾਨੂੰਨ ਸਾਜ਼ ਅਸੈਂਬਲੀ ਨੇ ਜਸਟਿਸ ਦਾਰ ਦੇ ਅਧੀਨ ਪੰਜਾਬ ਨੂੰ ਛੱਡਕੇ ਬਾਕੀ ਰਾਜਾਂ ਦੀ ਮੁੜ ਹੱਦਬੰਦੀ ਕਰਨ ਦੀਆਂ ਸੰਭਾਵਨਾ ਦਾ ਪਤਾ ਲਾਉਣ ਲਈ ਕਮੇਟੀ ਕਾਇਮ ਕੀਤੀ। ਕਮਿਸ਼ਨ ਨੇ ਕਿਸੇ ਵੀ ਤਬਦੀਲੀ ਵਿਰੁੱਧ ਫੈਸਲਾ ਦਿੱਤਾ ਤੇ ਉਪਰੋਕਤ ਮਿਥੀ ਹੋਈ ਸ਼ਰਤ ਦੇ ਬਾਵਜੂਦ ਵਿਚਾਰ ਪ੍ਰਗਟ ਕੀਤਾ, "ਭਾਸ਼ਾਈ ਆਧਾਰ ਤੇ ਪ੍ਰਾਂਤ ਬਣਾਉਣ ਨਾਲ ਹੋਰਨੀਂ ਥਾਈਂ ਵੀ ਵਖਰੇ ਭਾਸ਼ਾਈ ਗੁੱਟ ਬਣਾਉਣ ਦੀ ਮੰਗ ਜ਼ੋਰ ਫੜੇਗੀ। ਸਿੱਖਾਂ ਜਾਟਾਂ ਤੇ ਹੋਰਨਾਂ ਵਲੋਂ ਪਹਿਲਾਂ ਹੀ ਇਸ ਤਰ੍ਹਾਂ ਦੇ ਦਾਅਵੇ ਕੀਤੇ ਜਾ ਰਹੇ ਹਨ ਤੇ ਇਸ ਤਰ੍ਹਾਂ ਦੀਆਂ ਮੰਗਾਂ ਸਮੇਂ ਨਾਲ ਹੋਰ ਤੀਬਰ ਹੋ ਜਾਣਗੀਆਂ ਤੇ ਜੇ ਇੱਕ ਵਾਰ ਭਾਸ਼ਾਈ ਆਧਾਰ ਤੇ ਪ੍ਰਾਂਤ ਬਣਾਉਣ ਬਾਰੇ ਫੈਸਲਾ ਹੋ ਗਿਆ ਤੇ ਇਕ ਭਖਦਾ ਮਸਲਾ ਬਣ ਜਾਏਗਾ।" ਦਾਰ ਕਮਿਸ਼ਨ ਰਿਪੋਰਟ ਪੰ. 120 ਦਾਰ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਕਾਨੂੰਨਸਾਜ਼ ਅਸੈਂਬਲੀ ਵਲੋਂ ਸਥਾਪਿਤ ਹੋਰ ਇੱਕ ਕਮੇਟੀ ਨੇ ਵੀ ਪ੍ਰੋੜ੍ਹਤਾ ਕਰ ਦਿੱਤੀ। ਜੇ ਵੀ ਪੀ (ਜਵਾਹਰ ਲਾਲ, ਵਲਭ ਭਾਈ ਪਟੇਲ ਤੇ ਪਟਾਭੀ ਸੀਤਾ ਰਮਈਆ) ਨੇ ਦਾਰ ਕਮਿਸ਼ਨ ਦੇ ਨਿਰਣਿਆਂ ਤੇ ਪੁਨਰ ਵਿਚਾਰ ਕੀਤੀ ਤੇ ਵਿਚਾਰ ਪ੍ਰਗਟਾਏ:" ਭਾਵੇਂ ਅਜਿਹੀਆਂ ਤਜਵੀਜ਼ਾਂ ਕਿਤਨੀਆਂ ਹੀ ਲਾਹੇਵੰਦ ਹੋਣ, ਸਾਡਾ ਪੱਕਾ ਵਿਚਾਰ ਹੈ ਕਿ ਇਸ ਵੇਲੇ ਉੱਤਰੀ ਭਾਰਤ ਦੇ ਪ੍ਰਾਂਤਾਂ ਦੀ ਹੱਦਬੰਦੀ ਨਾਲ ਕੋਈ ਤਬਦੀਲੀ ਜਾਂ ਛੇੜਛਾੜ

(ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਹਰਿਆਣੇ ਨੂੰ ਛੱਡਕੇ ਪੰਜਾਬ ਵਿੱਚ ਜੋ ਭਾਸ਼ਾ ਬੋਲੀ ਜਾਂਦੀ ਹੈ, ਉਹ ਪੰਜਾਬੀ ਹੈ ਤੇ ਪੰਜਾਬੀ ਦਾ ਵਧੇਰੇ ਸਾਹਿਤ ਵੀ (ਸੂਫੀਆਂ ਦੇ ਕਲਾਮ ਤੋਂ ਬਿਨਾਂ) ਗੁਰਮੁਖੀ ਲਿੱਪੀ ਵਿੱਚ ਹੈ। ਇਸ ਲਈ ਹਰਿਆਣਾ ਜੋ 1857 ਦੇ ਵਿਦ੍ਰੋਹ ਮਗਰੋਂ ਪੰਜਾਬ ਨਾਲ ਟਾਂਕ ਦਿੱਤਾ ਗਿਆ ਸੀ ਤੇ ਵਧੇਰੇ ਕਰਕੇ ਅਣ-ਉਪਜਾਊ ਰੇਤਲਾ ਖੇਤਰ ਹੈ, ਵੱਖ ਕਰਕੇ ਪੂਰਬ ਦੇ ਗੁਆਂਢੀ ਪ੍ਰਾਂਤਾਂ ਨਾਲ ਜੋੜਿਆ ਜਾਵੇ ਤੇ ਗੁਰਮੁਖੀ ਲਿਪੀ ਵਿੱਚ ਪੰਜਾਬੀ ਨੂੰ ਰਾਜ ਦੀ ਇੱਕੋ ਇੱਕ ਸਰਕਾਰੀ ਭਾਸ਼ਾ ਬਣਾਇਆ ਜਾਵੇ। ਇਹ ਸਾਫ ਸੀ ਕਿ ਪੰਜਾਬੀ ਸੂਬਾ ਵਿੱਚ (ਜਿਵੇਂ ਇਸਨੂੰ ਕਿਹਾ ਜਾਣ ਲੱਗਾ) ਸਿੱਖ ਵਸੋਂ ਦੀ ਬਹੁ-ਗਿਣਤੀ ਹੋਵੇਗੀ ਤੇ ਪੰਜਾਬੀ ਬੋਲੀ ਤੇ ਸਾਹਿੱਤ ਦਾ ਆਧਾਰ ਸਿੱਖਾਂ ਦੀਆਂ ਪਵਿੱਤਰ ਧਾਰਮਕ ਰਚਨਾਵਾਂ ਹੋਣਗੀਆਂ। ਅਸਲ ਵਿੱਚ ਸੂਬੇ ਦੀ ਮੰਗ ਤਾਂ ਸਿੱਖ ਬਹੁਗਿਣਤੀ ਰਾਜ ਦੀ ਮੰਗ ਸੀ, ਭਾਸ਼ਾ ਤਾਂ ਖੰਡ ਵਿੱਚ ਕੌੜੀ ਗੋਲੀ ਲਪੇਟਣ ਵਾਂਗ ਸੀ।[8]

---

੭ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਨਾ ਕੀਤੀ ਜਾਵੇ। ਇਸ ਦਾ ਕਦੇ ਵੀ ਇਹ ਭਾਵ ਨਹੀਂ ਸੀ ਕਿ ਰਾਜਾਂ ਦੀ ਪੁਨਰ-ਹੱਦਬੰਦੀ ਅਣਉਚਿੱਤ ਜਾਂ ਬੇਫਾਇਦਾ ਹੈ। ਸਾਡਾ ਵਿਸ਼ਵਾਸ ਹੈ ਕਿ ਇਸ ਮੰਗ ਵਿੱਚ ਵਜ਼ਨ ਹੈ ਤੇ ਆਖੀਰ ਵਿੱਚ ਕੁਝ ਰੱਦੋਬਦਲ ਕਰਨਾ ਜ਼ਰੂਰੀ ਹੋਵੇਗਾ।"

8. 8. ਕੁਝ ਸਮੇਂ ਲਈ ਅਕਾਲੀ ਤੇ ਸਰਕਾਰ ਵੀ ਛਲ ਤੋਂ ਕੰਮ ਲੈਂਦੇ ਰਹੇ ਤੇ ਸਮਸਿਆਂ ਨੂੰ ਭਾਸ਼ਾਈ ਰੰਗ ਦਿੱਤਾ ਗਿਆ। ਪੰਜਾਬ ਸਰਕਾਰ ਨੇ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਤੇ ਦੇਵਨਾਗਰੀ ਲਿਪੀ ਵਿੱਚ ਹਿੰਦੀ ਪ੍ਰਾਇਮੀ ਸਕੂਲਾਂ ਵਿੱਚ ਲਾਜ਼ਮੀ ਕਰ ਦਿੱਤੀ। ਮੁੱਖ ਮੰਤਰੀ ਭੀਮ ਸੈਨ ਸੱਚਰ ਦੇ ਫਾਰਮੂਲੇ ਨੇ ਇਹ ਦੋਸ਼ ਤਾਂ ਰੱਦ ਕਰ ਦਿੱਤਾ ਕਿ ਪਜਾਬੀ ਨੂੰ ਸਕੂਲਾਂ ਵਿੱਚ ਦੂਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ। ਅਕਾਲੀ ਖੁਲ੍ਹ ਕੇ ਭਾਸ਼ਾਈ ਦਲੀਲ ਨੂੰ ਪੂਰੀ ਤਰ੍ਹਾਂ ਤਿਆਗੇ ਬਿਨਾਂ ਸਿੱਖ ਬਹੁਗਿਣਤੀ ਵਾਲੇ ਰਾਜ ਦੇ ਹਾਮੀ ਹੋ ਗਏ ਤੇ ਨਾਲ ਹੀ ਉਹਨਾਂ ਪੰਜਾਬ ਨੂੰ ਇੱਕ ਭਾਸ਼ੀ ਰਾਜ ਬਣਾਉਣ ਦੀ ਮੰਗ ਕਰ ਦਿੱਤੀ। ਸੱਚਰ ਫਾਰਮੂਲੇ ਅਧੀਨ ਪੰਜਾਬ ਨੂੰ ਪੰਜਾਬੀ ਬੋਲਦੇ ਹਿੰਦੀ ਬੋਲਦੇ ਤੇ ਦੋ ਭਾਸ਼ੀ ਤਿੰਨ ਖੇਤਰਾਂ ਵਿੱਚ ਵੰਡ ਦਿੱਤਾ ਗਿਆ। ਪਹਿਲਾ ਭਾਗ ਅੰਮ੍ਰਿਤਸਰ, ਜਾਲੰਧਰ, ਗੁਰਦਾਸਪੁਰ, ਫਿਰੋਜਪੁਰਰ, ਲੁਧਿਆਣਾ ਤੇ ਹੁਸ਼ਿਆਰਪੁਰ ਤੇ ਆਧਾਰਿਤ ਸੀ ਤੇ ਅੰਬਾਲਾ ਜਿਲੇ ਦੀਆਂ ਰੋਪੜ ਤੇ ਖਰੜ ਤਹਿਸੀਲਾਂ, ਚੰਡੀਗੜ੍ਹ ਨੂੰ ਛੱਡਕੇ ਸ਼ਾਮਿਲ ਸਨ। ਹਿੰਦੀ ਬੋਲਦੇ ਇਲਾਕਿਆਂ ਵਿੱਚ ਪੰਜ ਜ਼ਿਲੇ ਰੋਹਤਕ, ਗੁੜਗਾਉਂ, ਕਰਨਾਲ, ਕਾਂਗੜਾ ਤੇ ਤਹਿਸੀਲ ਸਿਰਸਾ ਤੋਂ ਬਿਨਾਂ ਹਿਸਾਰ ਤੇ ਅੰਬਾਲਾ ਦੀਆਂ ਜਗਾਧਰੀ ਤੇ ਨਾਰਾਇਣ ਗੜ੍ਹ ਤਹਿਸੀਲਾਂ ਸ਼ਾਮਲ ਸਨ। ਬਾਕੀ ਦੇ ਇਲਾਕੇ ਸਰਸਾ, ਅੰਬਾਲਾਂ, ਚੰਡੀਗੜ੍ਹ ਤੇ ਸਿਮਲਾ ਨੂੰ ਦੋ ਭਾਸ਼ੀ ਐਲਾਨਿਆ ਗਿਆ। ਇਹ ਪ੍ਰਬੰਧ ਕੀਤਾ ਗਿਆ ਕਿ ਆਪਣੇ ਆਪਣੇ ਖੇਤਰਾਂ ਵਿੱਚ ਦਸਵੀਂ ਤੱਕ ਸੰਬੰਧਿਤ ਭਾਸ਼ਾ ਹੀ ਸਿੱਖਿਆ ਦਾ ਮਾਧਿਅਮ ਹੋਵੇਗੀ ਤੇ ਦੂਸਰੀ ਭਾਸ਼ਾ ਪ੍ਰਇਮੀ ਦੀ ਆਖਰੀ ਜਮਾਤ ਤੋਂ ਦਸਵੀਂ ਤੱਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ ਜਾਵੇਗੀ। ਲੜਕੀਆਂ ਨੂੰ ਇਹ ਅਠਵੀਂ ਤੱਕ ਪੜ੍ਹਾਈ ਜਾਵੇਗੀ। ਇਹ ਪ੍ਰਬੰਧ ਵੀ ਕੀਤਾ ਗਿਆ ਕਿ ਜਿਹੜੇ ਬੱਚਿਆਂ ਦੀ ਮਾਤ-ਭਾਸ਼ਾ ਖੇਤਰੀ ਭਾਸ਼ਾ ਤੋਂ ਬਿਨਾਂ ਕੋਈ ਹੋਰ ਹੈ ਜੇਕਰ ਉਹਨਾਂ ਦੀ ਗਿਣਤੀ ਸਕੂਲ ਵਿੱਚ 40 ਜਾਂ ਜਮਾਤ ਵਿੱਚ 10 ਹੈ ਤਾਂ ਉਹਨਾਂ ਨੂੰ ਉਹਨਾਂ ਦੀ ਭਾਸ਼ਾ ਵਿੱਚ ਸਿਖਿਆ ਦਿੱਤੀ ਜਾਵੇਗੀ।

ਸਿਖਿਆ ਦੇ ਮਨੋਰਥ ਅਨੁਸਾਰ ਪੈਪਸੂ ਨੂੰ ਵੀ ਦੋ ਭਾਗਾਂ ਵਿੱਚ ਵੰਡਿਆ ਗਿਆ। ਹਿੰਦੀ ਬੋਲਦੇ ਇਲਾਕੇ ਵਿੱਚ ਮਹਿੰਦਰਗੜ੍ਹ ਤੇ ਕੋਹਿਸਤਾਨ ਜਿਸ ਵਿੱਚ (ਡੇਰਾ ਬੱਸੀ ਨੂੰ ਛੱਡਕੇ) ਛਛਰੌਲੀ ਤਹਿਸੀਲ ਵੀ ਸੀ, ਜੀਂਦ ਤੇ ਨਿਰਵਾਣਾ ਤਹਿਸੀਲਾਂ ਸ਼ਾਮਿਲ ਸਨ। ਬਾਕੀ ਸਾਰਾ ਰਾਜ ਪੰਜਾਬੀ ਖੇਤਰ ਸੀ। ਇੱਕ ਖੇਤਰ ਵਿੱਚ ਦੇਵਨਾਗਰੀ ਲਿਪੀ ਵਿੱਚ ਹਿੰਦੀ ਤੇ ਦੂਸਰੇ ਵਿੱਚ ਗੁਰਮੁਖੀ ਲਿਪੀ ਵਿੱਚ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਬਣਾਇਆ ਗਿਆ ਤੇ ਦੋਹਾਂ ਖੇਤਰਾਂ ਵਿੱਚ ਦੂਸਰੀ ਭਾਸ਼ਾ ਚੋਥੀ ਤੋਂ ਉੱਪਰ ਲਾਜ਼ਮੀ ਕਰ ਦਿੱਤੀ ਗਈ। ਪੰਜਾਬ ਵਿੱਚ ਮਾਧਿਅਮ ਦੀ ਚੋਣ ਦਾ ਕੋਈ ਅਜਿਹਾ ਪ੍ਰਬੰਧ ਨਹੀਂ ਸੀ।

ਸਾਰਨੀ 18.1

(ਨੋਟ : ਭਾਰਤੀ ਗਣਰਾਜ ਜਨ-ਗਣਨਾ ਕਮਿਸ਼ਨਰ, ਜਨ ਗਣਨਾ (ਭਾਰਤ) 1951 ਜਿਲਦ-VIII , ਭਾਗ-II ਏ, ਪੰ. 298-300। ਪੰਜਾਬ ਤੇ ਪੈਪਸੂ 1956 ਵਿੱਚ ਮਿਲਾ ਦਿੱਤੇ ਗਏ ਤੇ ਉਹਨਾਂ ਦੇ ਕੁਝ ਜ਼ਿਲੇ ਵੀ।

ਉੱਤਰ ਪੂਰਬੀ ਜ਼ਿਲੇ	ਹਿੰਦ%	ਸਿੱਖ%	ਉੱਤਰੀ ਦੱਖਣ ਪੂਰਬੀ ਜ਼ਿਲੇ	ਹਿੰਦੂ%	ਸਿਖ%
(ੳ) ਪੰਜਾਬ					
ਹੁਸ਼ਿਆਰਪੁਰ	73.2	26.2	ਹਿਸਾਰ	91.3	7.7
ਜਲੰਧਰ	42.6	56.5	ਰੋਹਤਕ	98.5	0.7
ਲੁਧਿਆਣਾ	37.4	61.7	ਗੁੜਗਾਉਂ	82.1	0.7
ਫ਼ਿਰੋਜਪੁਰ	38.7	59.7	ਕਰਨਾਲ	90.3	8.9
ਅੰਮ੍ਰਿਤਸਰ	27.7	70.7	ਅੰਬਾਲਾ	72.2	24.6
ਗੁਰਦਾਸਪੁਰ	45.5	46.6			
(ਅ) ਪੈਪਸੂ			(ਅ) ਪੈਪਸੂ		
ਪਟਿਆਲਾ	52.1	47.1	ਸੰਗਰੂਰ	65.4	33.4
ਬਰਨਾਲਾ	21.0	71.0	ਮਹਿੰਦਰਗੜ੍ਹ	99.0	0.6
ਬਠਿੰਡਾ	21.6	78.1	ਮਹਿੰਦਰਗੜ੍ਹ		
ਕਪੂਰਥਲਾ	35.5	63.6	ਕੋਹਿਸਤਾਨ	89.	9.0
ਫਤਿਹਗੜ੍ਹ ਸਾਹਿਬ	33.6	65.2			

	ਹਿੰਦੂ	ਸਿੱਖ	ਹੋਰ
ਪੰਜਾਬ	63.5	33.4	3.1
ਪੈਪਸੂ	48.8	48.8	1.9
ਪੰਜਾਬ ਤੇ ਪੈਪਸੂ	62.3	35.00	2.7

ਤੇਲਗੂ ਭਾਸ਼ਾਈ ਲੋਕਾਂ ਵਲੋਂ ਗੜਬੜ ਕਰਨ ਪਿਛੋਂ ਆਂਧਰਾ ਪਰਦੇਸ਼ ਬਣਾਏ ਜਾਣ ਤੇ ਮਰਾਠੀ ਬੋਲਦੇ ਰਾਜ ਦੀ ਮੰਗ ਨੇ ਸਿੱਖਾਂ ਨੂੰ ਵੀ ਪੰਜਾਬੀ ਸੂਬੇ ਦੀ ਮੰਗ ਲਈ ਉਤਸਾਹਿਤ ਕਰ ਦਿੱਤਾ।[9] ਇਸ ਨਾਜ਼ਕ ਮੋੜ ਤੇ ਪੰਜਾਬੀ ਹਿੰਦੂਆਂ ਦੀਆਂ ਆਰੀਆ

---

9. ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਮਨੋਰਥ-ਪੱਤਰ ਜਾਰੀ ਕਰ ਦਿੱਤਾ ਤੇ ਕਿਹਾ: "ਲੋਕ-ਰਾਜ ਦੀ ਅਸਲੀ ਪਰਖ ਇਹ ਹੈ ਕਿ ਘੱਟ ਗਿਣਤੀਆਂ ਮਹਿਸੂਸ ਕਰਨ ਕਿ ਉਹ ਸੱਚਮੁਚ ਹੀ ਸੁਤੰਤਰ ਹਨ ਤੇ ਆਪਣੇ ਦੇਸ਼ ਦੇ ਨਿਰਮਾਣ ਵਿੱਚ ਬਰਾਬਰ ਦੀਆਂ ਭਾਈਵਾਲ ਹਨ ਤੇ ਸਿੱਖਾਂ ਨੂੰ ਇਹ ਅਹਿਸਾਸ ਕਰਾਉਣ ਲਈ ਜਰੂਰੀ ਹੈ ਕਿ ਇਕ ਪੰਜਾਬੀ ਬੋਲਣ ਵਾਲਾ ਤੇ ਸਭਿਆਚਾਰ ਵਾਲਾ ਖੇਤਰ ਹੋਵੇ। ਇਹ ਕੇਵਲ ਵੰਡ ਤੋਂ ਪਹਿਲਾਂ ਕਾਂਗਰਸ ਵਲੋਂ ਦਿੱਤੇ ਵਚਨਾਂ ਤੇ ਭਰੋਸਿਆਂ ਉਪਰ ਹੀ ਆਧਾਰਿਤ ਨਾ ਹੋਵੇ ਸਗੋਂ ਵਿਸ਼ਵਵਿਆਪੀ ਭਾਸ਼ਾਈ ਆਧਾਰ ਤੇ ਪ੍ਰਾਂਤਾਂ ਦੇ ਨਿਰਮਾਣ ਅਨੁਸਾਰ ਵੀ ਹੋਵੇ। ਸ਼੍ਰੋਮਣੀ ਅਕਾਲੀ ਦਲ ਸਾਰੇ ਭਾਰਤ ਵਿੱਚ ਭਾਸ਼ਾਈ ਤੇ ਸਭਿਆਚਾਰਕ ਆਧਾਰ ਤੇ ਪ੍ਰਾਂਤ ਬਣਾਉਣ ਦੇ ਹੱਕ ਵਿੱਚ ਹੈ ਤੇ ਇਹ ਵੀ ਜ਼ੋਰ ਦਿੰਦਾ ਹੈ ਕਿ ਸਿੱਖਾਂ ਲਈ ਨਵਾਂ ਪੰਜਾਬ ਜ਼ਿੰਦਗੀ ਮੌਤ ਦਾ ਸੁਆਲ ਹੈ। ਤੀਸਰਾ ਇਹ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਭਰੋਸਾ ਹੈ ਕਿ ਪੰਜਾਬੀ ਬੋਲਦੇ ਪ੍ਰਾਂਤ ਨਾਲ ਸਿੱਖਾਂ ਨੂੰ ਲੋੜੀਂਦੀ ਸੁਰੱਖਿਆ ਮਿਲੇਗੀ। ਇਹ ਪੰਜਾਬੀ ਬੋਲਦੀ, ਭਾਰਤ ਅੰਦਰ, ਖੁਦਮੁਖਤਾਰ ਇਕਾਈ ਦੇ ਹੱਕ ਵਿੱਚ ਹਨ।" ਸਪੋਕਸਮੈਨ 20 ਅਗਸਤ 1951.

ਸਮਾਜ ਨਾਲ ਸੰਬੰਧਿਤ ਸੰਸਥਾਵਾਂ ਨੇ ਖਾਸ ਕਰਕੇ ਅਤੇ ਇਸ ਦੀ ਬਰਾਬਰ ਦੀ ਸਿਆਸੀ ਸਾਖਾ ਜਨ ਸਿੰਘ ਨੇ ਬੜੀ ਸ਼ੱਕੀ ਭੂਮਿਕਾ ਨਿਬਾਹੀ। ਉਹਨਾਂ ਨੇ 1951 ਦੀ ਜਨ-ਗਣਨਾ ਸਮੇਂ ਪੰਜਾਬੀ ਬੋਲਣ ਵਾਲੇ ਹਿੰਦੂਆਂ ਨੂੰ ਪੰਜਾਬੀ ਤਿਆਗਣ ਤੇ ਹਿੰਦੀ ਨੂੰ ਆਪਣੀ ਮਾਤ ਭਾਸ਼ਾ ਲਿਖਵਾਉਣ ਦੀ ਪਰੇਰਨਾ ਦੇਣ ਲਈ ਮੁਹਿੰਮ ਸ਼ੁਰੂ ਕਰ ਦਿੱਤੀ। ਇਹ ਮੁਹਿੰਮ 1961 ਦੀ ਜਣਗਣਨਾ ਸਮੇਂ ਹੋਰ ਵੀ ਤੀਬਰਤਾ ਨਾਲ ਸ਼ੁਰੂ ਕੀਤੀ ਗਈ। ਸ਼ਾਇਦ ਉਹ ਸਿੱਖਾਂ ਦੇ ਧਾਰਮਕ ਕੱਟੜਵਾਦ ਤੋਂ ਡਰੇ ਹੋਏ ਸਨ ਤੇ ਮਹਿਸੂਸ ਕਰਦੇ ਸਨ ਕਿ ਸਿੱਖ ਭਾਸ਼ਾਈ ਆਧਾਰ ਤੇ ਪ੍ਰਾਂਤ ਦੀ ਪੁਨਰ ਹੱਦ ਬੰਦੀ ਦੀ ਮੰਗ ਆਪਣੇ ਲਾਭ ਹਿੱਤ ਨਾ ਕਰ ਲੈਣ। ਇਸ ਕਾਰਵਾਈ ਨੇ ਦੋਹਾਂ ਫਿਰਕਿਆਂ ਵਿੱਚ ਪਾੜਾ ਹੋਰ ਵਧਾ ਦਿੱਤਾ।[10]

1953 ਦੀਆਂ ਸਰਦੀਆਂ ਵਿੱਚ ਭਾਰਤ ਸਰਕਾਰ ਨੇ ਰਾਜਾਂ ਦੇ ਪੁਨਰ-ਗਠਨ ਲਈ ਹੱਦ ਬੰਦੀ ਕਮਿਸ਼ਨ ਨਿਯੁਕਤ ਕਰ ਦਿੱਤਾ। ਭਾਵੇਂ ਉਸ ਸਮੇਂ ਸਭ ਤੋਂ ਝਗੜੇ ਵਾਲੀ ਸਮੱਸਿਆ ਪੰਜਾਬ ਦੀ ਸੀ, ਇਸ ਕਮਿਸ਼ਨ ਵਿੱਚ ਇੱਕ ਵੀ ਸਿੱਖ ਨਿਯੁਕਤ ਨਾ ਕੀਤਾ ਗਿਆ।[11] ਪੰਜਾਬੀ ਸੂਬੇ ਦਾ ਦਾਅਬਾ ਅਕਾਲੀਆਂ ਨੇ ਹੀ ਪੇਸ਼ ਕੀਤਾ। ਬਹੁਤ ਸਾਰੀਆਂ ਹਿੰਦੂ ਸੰਸਥਾਵਾਂ ਨੇ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਵਿੱਚ ਮਿਲਾਉਣ ਦੀ ਮੰਗ ਕਰਕੇ ਇਸ ਦਾ ਵਿਰੋਧ ਕੀਤਾ ਜਿਸ ਵਿੱਚ ਹਿੰਦੂਆਂ ਦੀ ਗਿਣਤੀ ਵਧੇਰੇ ਸੀ। ਇਸ ਤਰ੍ਹਾਂ ਉਹਨਾਂ ਨੇ ਮਹਾਂ ਪੰਜਾਬ ਦੀ ਮੰਗ ਕਰ ਦਿੱਤੀ। ਕਮਿਸ਼ਨ ਜਿਸ ਨੇ ਆਪਣੀ ਰਿਪੋਰਟ ਦੋ ਸਾਲ ਬਾਅਦ ਦਿੱਤੀ, ਉਸ ਨੇ ਪੰਜਾਬੀ ਬੋਲਦੇ ਸੂਬੇ ਦੀ ਮੰਗ ਇਸ ਕਰਕੇ ਰੱਦ ਕਰ ਦਿੱਤੀ ਕਿ ਵਰਤਮਾਨ ਸਥਿਤੀ ਤੇ ਪ੍ਰਬੰਧ ਵਿੱਚ ਤਬਦੀਲੀ ਵਿੱਚ ਲੋੜੀਂਦੀ ਘੱਟੋ ਘੱਟ ਸਹਿਮਤੀ ਨਹੀਂ ਸੀ।[12]

ਮਾਸਟਰ ਤਾਰਾ ਸਿੰਘ ਨੇ ਇਸ ਰਿਪੋਰਟ ਨੂੰ ਸਿੱਖਾਂ ਦੀ ਬਰਬਾਦੀ ਆਖਿਆ। ਉਸ ਨੇ ਉਚਿੱਤ ਤੌਰ ਤੇ ਕਿਹਾ ਕਿ ਜੇ ਸਿੱਖ ਨਾ ਹੁੰਦੇ ਤਾਂ ਪੰਜਾਬੀ ਨੂੰ ਵੀ ਸੰਵਿਧਾਨ ਵਿੱਚ

---

10. 'ਹਿੰਦੂ ਆਪਣੀ ਬੇਗਾਨਗੀ ਅਸੁਰੱਖਿਆ ਤੇ ਨਿਰਾਸ਼ਾ ਦੇ ਆਪ ਜ਼ਿੰਮੇਵਾਰ ਹਨ "ਹਿਮਾਚਲ ਯੂਨੀਵਰਸਿਟੀ ਦਾ ਪ੍ਰੋ. ਗੋਪਾਲ ਸਿੰਘ ਲਿਖਦਾ ਹੈ।" ਪੰਜਾਬ ਨੂੰ ਆਪਣੀ ਮਾਤ ਭਾਸ਼ਾ ਵਜੋਂ ਤਿਆਗ ਕੇ, ਉਹ ਆਪਣੀ ਜੜ੍ਹਾਂ ਨਾਲੋਂ ਟੁੱਟ ਗਏ ਹਨ ਤੇ ਇਸ ਤਰ੍ਹਾਂ ਉਹ ਪੰਜਾਬੀ ਸਮਾਜ, ਇਤਿਹਾਸ ਤੇ ਸਭਿਆਚਾਰ ਤੋਂ ਬਿਗਾਨੇ ਹੋ ਗਏ ਹਨ, ਇਸ ਤਰ੍ਹਾਂ ਉਹਨਾਂ ਨੇ ਸਿੱਖਾਂ ਨੂੰ ਹੀ ਪੰਜਾਬੀ ਸਭਿਆਚਾਰ ਤੇ ਇਤਿਹਾਸ ਦਾ ਦਾਅਵੇਦਾਰ ਬਣਾ ਦਿੱਤਾ ਹੈ। ਉਹ ਪੰਜਾਬ ਵਿੱਚ ਉਸ ਦਰਖਤ ਵਾਂਗ ਲਟਕ ਰਹੇ ਹਨ ਜਿਸਦੀਆਂ ਜੜ੍ਹਾਂ ਜਮੀਨ ਵਿੱਚ ਨਹੀਂ ਹੁੰਦੀਆਂ ਜਿਸ ਜ਼ਮੀਨ ਵਿੱਚ ਉਹ ਰਹਿੰਦੇ ਹਨ।---1949-51 ਦੇ ਦਿਨਾਂ ਵਿੱਚ ਸਵਰਗਵਾਸੀ ਲਾਲਾ ਜਗਤ ਨਾਰਾਇਣ ਜਿਹੇ ਆਰੀਆ ਸਮਾਜੀਆਂ ਨੇ, ਜੋ ਉਸ ਸਮੇਂ ਕਾਂਗਰਸ ਦਾ ਜਨਰਲ ਸਕੱਤਰ ਸੀ, ਹਿੰਦੂਆਂ ਨੂੰ 1951 ਦੀ ਜਨਗਣਨਾ ਵਿੱਚ ਆਪਣੀ ਮਾਤ ਭਾਸ਼ਾ ਲਿਖਵਾਉਣ ਲਈ ਪਰੇਰਿਆ। ਉਸ ਨੇ 1979-80 ਤੇ ਫਿਰ 1981 ਦੀ ਜਨਗਣਨਾ ਸਮੇਂ ਵੀ ਇਸ ਤਰ੍ਹਾਂ ਹੀ ਕੀਤਾ। ਦਿਲਚਸਪ ਗੱਲ ਹੈ ਕਿ ਹਿੰਦੀ ਦੇ ਬਹੁਤੇ ਸਮਰਥਕ ਆਜ਼ਾਦੀ ਪਿੱਛੋਂ ਕਾਂਗਰਸ ਵਿੱਚ ਸਨ ਤੇ ਉਹ ਹਿੰਦੀ ਸੁਰੱਖਸ਼ਾ ਸਮਿਤੀ ਤੇ ਹਿੰਦੀ ਸੰਗਠਨ ਦੇ ਨੇਤਾ ਸਨ ਜਿਵੇਂ ਪਟਿਆਲੇ ਦਾ ਪਵਨ ਕੁਮਾਰ।" ਪੰਜਾਬ ਟੁਡੇ ਪੰ, 27-8।
11. ਇਹਦੇ ਮੈਂਬਰ ਐਸ ਫਜ਼ਲਅਲੀ, ਐਚ.ਐਨ. ਕਨਜ਼ਰੂ ਤੇ ਕੇ.ਐਮ. ਪਾਨੀਕਰ ਸਨ।
12. ਰਾਜ ਪੁਨਰ ਹੱਦ ਬੰਦੀ ਕਮਿਸ਼ਨ ਰਿਪੋਰਟ।

ਪਰਵਾਨਿਤ ਦੂਸਰੀਆਂ ਭਾਰਤੀ ਭਾਸ਼ਾਵਾਂ ਵਾਂਗ ਆਪਣਾ ਸੂਬਾ ਮਿਲ ਗਿਆ ਹੁੰਦਾ। ਪੰਜਾਬੀ ਸੂਬੇ ਦੀ ਮੰਗ ਨੂੰ ਸਵੀਕਾਰ ਨਾ ਕਰਨਾ ਸਿੱਖਾਂ ਨਾਲ ਵਿਤਕਰਾ ਕਰਨ ਬਰਾਬਰ ਸੀ। ਉਸ ਨੇ ਸ਼ਾਂਤਮਈ ਸਤਿਆਗ੍ਰਹਿ ਸ਼ੁਰੂ ਕਰਨ ਦੀ ਧਮਕੀ ਦਿੱਤੀ। ਹਿੰਦੂਆਂ ਨੇ ਵੀ "ਆਰੀਆ-ਸਮਾਜ" ਤੇ ਜਨ ਸਿੰਘ ਪਾਰਟੀਆਂ ਦੀ ਅਗਵਾਈ ਵਿੱਚ "ਹਿੰਦੀ ਬਚਾਉ" ਮੁਹਿੰਮ ਛੇੜ ਦਿੱਤੀ। ਪੰਜਾਬ ਦੇ ਕਈ ਸ਼ਹਿਰਾਂ ਵਿੱਚ ਸੰਪਰਦਾਇਕ ਤਨਾਓ ਕਾਰਨ ਫਸਾਦ ਭੜਕ ਉੱਠੇ।[14]

ਸਰਕਾਰ ਇਸ ਅਣਸੁਖਾਵੀਂ ਅਸਲੀਅਤ ਪ੍ਰਤੀ ਸੁਚੇਤ ਹੋ ਗਈ ਕਿ ਸਿੱਖਾਂ ਦੇ ਪ੍ਰਤਿਨਿਧ ਸਿੱਖ ਰਾਜ ਦੀ ਮੰਗ ਪ੍ਰਤੀ ਵਿੱਚ ਫਿਰ ਸਰਗਰਮ ਹੋ ਗਏ ਹਨ ਤੇ ਹਕੀਕਤ ਵਿੱਚ ਪੈਪਸੂ ਸਿੱਖਸਤਾਨ ਦਾ ਕੇਂਦਰ ਬਣ ਗਿਆ। ਇਸਨੇ ਪੈਪਸੂ ਤੇ ਪੰਜਾਬ ਨੂੰ ਮਿਲਾ ਦੇਣ ਦਾ ਫੈਸਲਾ ਕਰ ਦਿੱਤਾ ਤਾਂ ਜੋ ਉਸ ਰਾਜ ਵਿੱਚ ਹਿੰਦੂ ਪੱਕੇ ਤੌਰ ਤੇ ਸਿੱਖਾਂ ਦੀ 35% ਆਬਾਦੀ ਦੇ ਮੁਕਾਬਲੇ 65% ਦੀ ਬਹੁ-ਗਿਣਤੀ ਵਿੱਚ ਹੋ ਜਾਣ।

ਕਈ ਤਰ੍ਹਾਂ ਦੇ ਅਕਾਲੀ ਨੇਤਾ ਫਿਰ ਝਾਂਸੇ ਵਿੱਚ ਆ ਗਏ ਤੇ ਉਹਨਾਂ ਨੇ ਸਮਝਿਆ ਕਿ ਪੰਜਾਬੀ ਸੂਬੇ ਦੀ ਸਥਾਪਨਾ ਲਈ ਇਹ ਅਗਲਾ ਕਦਮ ਸੀ।[15] ਉਹ ਸਮੁੱਚੇ ਤੌਰ ਤੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਕੁਝ ਮਹੀਨਿਆਂ ਪਿੱਛੋਂ ਸੱਚਾਈ ਉਹਨਾਂ ਦੇ ਸਾਮ੍ਹਣੇ ਆ ਗਈ। ਪੈਪਸੂ ਦੇ ਖਾਤਮੇ ਵਿੱਚ ਸਹਿਮਤ ਹੋਕੇ ਉਹ ਸੂਬੇ ਦੀ ਪ੍ਰਾਪਤੀ ਤੋਂ ਹੋਰ ਦੂਰ ਹੋ ਗਏ।

ਇੱਕ ਜੁੱਟਤਾ ਵਿਖਾਉਣ ਦੀ ਥਾਂ ਸਿੱਖ ਅਫ਼ਸੋਸਨਾਕ ਹੱਦ ਤੱਕ ਇੱਕ ਨਾ ਹੋ

---

13. ਦੀ ਸਪੋਕਸਮੈਨ, 19 ਅਕਤੂਬਰ, 1955

14. ਪੰਜਾਬ ਸਰਕਾਰ ਨੇ ਨਾਅਰੇ ਲਾਉਣ ਤੇ ਪਾਬੰਦੀ ਲਾ ਦਿੱਤਾ। ਅਕਾਲੀਆਂ ਨੇ ਇਸਨੂੰ ਸ਼ਹਿਰੀ ਆਜ਼ਾਦੀ ਤੇ ਰੋਕ ਸਮਝਕੇ ਵਿਰੋਧ ਕੀਤਾ ਜਿਸ ਕਾਰਨ 12000 ਤੋਂ ਵੱਧ ਗ੍ਰਿਫਤਾਰੀਆਂ ਹੋਈਆਂ। ਸੂਬੇ ਦੇ ਹੱਕ ਤੇ ਵਿਰੋਧ ਵਿੱਚ ਲਾਏ ਗਏ ਨਾਅਰਿਆਂ ਵਿੱਚ ਦੋ ਨਾਅਰੇ ਉਹਨਾਂ ਦੇ ਦ੍ਰਿਸ਼ਟੀਕੋਣ ਦਾ ਸਾਰ ਪੇਸ਼ ਕਰਦੇ ਹਨ "ਹਿੰਦੀ, ਹਿੰਦੂ ਹਿੰਦੂਸਤਾਨ" ਦਾ ਨਾਅਰਾ ਹਿੰਦੂਆਂ ਦਾ ਸੀ। ਧੋਤੀ ਟੋਪੀ ਜਮਨਾ ਪਾਰ" ਦਾ ਨਾਅਰਾ ਸਿੱਖ ਲਾਉਂਦੇ ਸਨ। ਇਸ ਅੰਦੋਲਨ ਵਿੱਚ ਗ੍ਰਿਫ਼ਤਾਰ ਨੇਤਾਵਾਂ ਵਿੱਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਤੇ ਹੁਕਮ ਸਿੰਘ ਸ਼ਾਮਲ ਸਨ।

15. ਇਹ ਭੁਲੇਖਾ ਰਿਜਨਲ ਫਾਰਮੂਲੇ ਨਾਲ ਪਾਇਆ ਗਿਆ ਜਿਸ ਅਨੁਸਾਰ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਦੋ ਗੁੱਟਾਂ ਵਿੱਚ ਵੰਡ ਦਿੱਤਾ ਗਿਆ। ਇਕ ਵਿੱਚ ਪੰਜਾਬੀ ਬੋਲਦੇ ਇਲਾਕਿਆਂ ਦੇ ਤੇ ਦੂਸਰੇ ਵਿੱਚ ਹਿੰਦੀ ਬੋਲਦੇ ਇਲਾਕਿਆਂ ਦੇ ਮੈਂਬਰ ਸਨ। ਇਹ ਤੈਅ ਹੋਇਆ ਕਿ ਕੋਈ ਵੀ ਕਦਮ ਜੋ ਉਸ ਖੇਤਰ ਨਾਲ ਸੰਬੰਧਿਤ ਹੋਵੇਗਾ ਪਹਿਲਾਂ ਉਸ ਖੇਤਰ ਦੇ ਮੈਂਬਰਾਂ ਕੋਲ ਪ੍ਰਾਰੰਭਕ ਵਿਚਾਰ ਲਈ ਲਿਆਂਦਾ ਜਾਵੇਗਾ। ਅਕਾਲੀ ਇਤਨੇ ਸਿੱਧੜ ਨਿਕਲੇ ਕਿ ਉਹਨਾਂ ਨੇ ਇਹ ਸਮਝਿਆ ਕਿ ਪੈਪਸੂ ਦੀ ਸਮਾਪਤੀ ਤੇ ਰਿਜਨਲ ਫਾਰਮੂਲਾ ਪੰਜਾਬੀ ਸੂਬੇ ਦੀ ਜੰਗ ਵਿੱਚ ਪਹਿਲੀ ਜਿੱਤ ਸੀ। ਸੱਚਰ-ਫਾਰਮੂਲੇ ਅਨੁਸਾਰ ਜ਼ਿਲਾ ਪੱਧਰ ਤੇ ਹੇਠਾਂ ਹਰ ਖੇਤਰ ਵਿੱਚ ਉਸ ਖੇਤਰ ਦੀ ਭਾਸ਼ਾ ਵਰਤੀ ਜਾਣੀ ਸੀ। ਅਸਲ ਵਿੱਚ ਪੰਜਾਬੀ ਗੁਰਮੁਖੀ ਲਿਪੀ ਵਿੱਚ ਤੇ ਹਿੰਦੀ ਦੇਵਨਾਗਰੀ ਭਾਸ਼ਾ ਵਿੱਚ ਲਾਗੂ ਕਰਕੇ ਪੰਜਾਬ ਨੂੰ ਦੋ ਭਾਸ਼ੀ ਸੂਬਾ ਬਣਾ ਦਿੱਤਾ ਗਿਆ। ਪੰਜਾਬੀ ਤੇ ਹਿੰਦੀ ਦੇ ਵਿਭਾਗ ਸਥਾਪਿਤ ਕਰ ਦਿੱਤੇ ਗਏ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਲਈ ਕਦਮ ਉਠਾਏ ਗਏ। (ਇਹ ਪਟਿਆਲਾ ਵਿੱਚ 1962 ਵਿੱਚ ਖੋਲ੍ਹੀ ਗਈ।)

ਸਕੇ। ਪੰਜਾਬੀ ਸੂਬੇ ਦੀ ਮੰਗ ਵਿੱਚ ਮਾਸਟਰ ਤਾਰਾ ਸਿੰਘ ਦੇ ਮੁੱਖ ਸਮਰਥਕ ਗਿਆਨੀ ਕਰਤਾਰ ਸਿੰਘ ਤੇ ਹੁਕਮ ਸਿੰਘ ਸਨ, ਦੋਵੇਂ ਹੀ ਪੱਛਮੀ ਪੰਜਾਬ ਤੋਂ ਆਏ ਸਨ ਤੇ ਉਹਨਾਂ ਨੂੰ ਆਪਣੇ ਸਿਆਸੀ ਭਵਿੱਖ ਬਾਰੇ ਵੀ ਪੂਰਾ ਭਰੋਸਾ ਨਹੀਂ ਸੀ। ਦੋਵੇਂ ਚੁੱਪ ਚਾਪ ਹੋਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇੱਕ ਪੰਜਾਬ ਸਰਕਾਰ ਵਿੱਚ ਵਜ਼ੀਰ ਬਣ ਗਿਆ ਤੇ ਦੂਸਰਾ ਕੁਝ ਸਮੇਂ ਮਗਰੋਂ ਲੋਕ-ਸਭਾ ਦਾ ਸਪੀਕਰ ਬਣ ਗਿਆ। ਕਾਂਗਰਸ ਦੀ ਵੀ ਉਸ ਵੇਲੇ ਖੁਸ਼ਕਿਸਮਤੀ ਸੀ ਕਿ ਉਸ ਨੂੰ ਪ੍ਰਤਾਪ ਸਿੰਘ ਕੈਰੋਂ ਵਰਗਾ ਮੁਖ ਮੰਤਰੀ ਮਿਲਿਆ ਜੋ ਗਤੀਸ਼ੀਲ ਤੇ ਸ਼ਕਤੀਵਾਨ ਸੀ ਤੇ ਅਕਾਲੀਆਂ ਦਾ ਕੱਟੜ ਵਿਰੋਧੀ ਵੀ ਸੀ।

ਪੰਜਾਬੀ ਸੂਬੇ ਦੀ ਮੁਹਿੰਮ ਚਲਾਉਣ ਵਾਲਾ ਮਾਸਟਰ ਤਾਰਾ ਸਿੰਘ ਇਕੱਲਾ ਹੀ ਰਹਿ ਗਿਆ ਸੀ। ਸਿੱਖ ਮੱਤਦਾਤਾਵਾਂ ਨੇ ਉਸ ਨੂੰ ਆਪਣਾ ਸਮਰਥਨ ਦਿੱਤਾ। 1957 ਦੀਆਂ ਆਮ ਚੋਣਾਂ ਵਿੱਚ ਭਾਵੇਂ ਕਾਂਗਰਸ ਨੂੰ ਬਹੁਗਿਣਤੀ ਮਿਲ ਗਈ ਸੀ ਪ੍ਰੰਤੂ ਅਕਾਲੀ ਸਿੱਖ ਬਹੁ-ਗਿਣਤੀ ਸਿੱਖ ਹਲਕਿਆਂ ਵਿੱਚ ਜੇਤੂ ਰਹੇ ਸਨ।[16] ਦੋ ਸਾਲ ਮਗਰੋਂ ਮਾਸਟਰ ਤਾਰਾ ਸਿੰਘ, ਕਾਂਗਰਸ, ਕਮਿਊਨਿਸਟਾਂ ਤੇ ਪੰਜਾਬੀ ਸੂਬਾ ਵਿਰੋਧੀ ਤੱਤਾਂ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਹਰਾਉਣ ਤੇ 140 ਸੀਟਾਂ ਤੋਂ 136 ਸੀਟਾਂ ਜਿੱਤਣ ਵਿੱਚ ਸਫਲ ਰਿਹਾ ਤੇ ਇਸ ਤਰ੍ਹਾਂ ਸਿੱਧ ਕਰ ਦਿੱਤਾ ਕਿ ਸਿੱਖਾਂ ਦੀ ਬਹੁ-ਗਿਣਤੀ ਪੰਜਾਬੀ ਸੂਬੇ ਦੀ ਹਿਮਾਇਤ ਕਰਦੀ ਹੈ।

ਇਸ ਜਿੱਤ ਮਗਰੋਂ ਉਤਸ਼ਾਹਿਤ ਹੋਕੇ ਮਾਸਟਰ ਤਾਰਾ ਸਿੰਘ ਨੇ 30 ਅਪ੍ਰੈਲ 1960 ਨੂੰ ਹੁਣ ਜਾਂ ਕਦੇ ਵੀ ਨਹੀਂ ਦਾ ਮਤਾ ਪਾਸ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਦਲ ਆਪਣੀ ਯੋਜਨਾ ਦੀ ਵਿਉਂਤਬੰਦੀ ਕਰ ਸਕਦਾ, ਮੁਖ ਮੰਤਰੀ ਕੈਰੋਂ ਨੇ ਮਾਸਟਰ ਤਾਰਾ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ। ਮਾਸਟਰ ਤਾਰਾ ਸਿੰਘ ਨੇ ਅੰਦੋਲਨ ਚਲਾਉਣ ਲਈ ਗ੍ਰੰਥੀ ਤੇ ਸਮਾਜਕ ਕਾਰਜਕਰਤਾ ਸੰਤ ਫਤਿਹ ਸਿੰਘ ਨੂੰ ਡਿਕਟੇਟਰ ਨਿਯੁਕਤ ਕਰ ਦਿੱਤਾ। ਸੰਤ ਫਤਿਹ ਸਿੰਘ ਨੇ ਵੱਡੀ ਪੱਧਰ ਤੇ ਸ਼ਾਂਤਮਈ ਸਤਿਆ ਗ੍ਰੈਹ ਚਲਾਇਆ। ਅਕਾਲੀ ਦਲ ਅਨੁਸਾਰ 57000 ਤੇ ਸਰਕਾਰੀ ਅੰਕੜਿਆਂ ਅਨੁਸਾਰ 23000 ਅਕਾਲੀ ਇਸ ਅੰਦੋਲਨ 'ਚ ਜੇਹਲਾਂ ਵਿੱਚ ਗਏ। ਗੱਲ ਹੋਰ ਵੀ ਵਿਗੜ ਗਈ ਜਦੋਂ ਫਤਿਹ ਸਿੰਘ ਨੇ ਮਰਨਵਰਤ ਰੱਖ ਲਿਆ। ਸ਼ਾਂਤਮਈ ਮੋਰਚਾ ਤੇ ਮਰਨ ਵਰਤ 9 ਜਨਵਰੀ 1961 ਨੂੰ ਸਰਕਾਰ ਵਲੋਂ ਇਹ ਭਰੋਸਾ ਦੇਣ ਤੇ ਖ਼ਤਮ ਕਰ ਦਿੱਤੇ ਗਏ ਕਿ ਸਿੱਖਾਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਕੀਤੀ ਜਾਵੇਗੀ।[17]

---

16. ਅਕਾਲੀਆਂ ਨੂੰ ਪੰਜਾਬ ਅਸੈਂਬਲੀ ਵਿੱਚ 19 ਸੀਟਾਂ ਮਿਲੀਆਂ। ਉਹ ਸਾਰੇ ਸਿੱਖ ਬਹੁ-ਗਿਣਤੀ ਦੇ ਹਲਕਿਆਂ ਵਿੱਚ ਜੇਤੂ ਰਹੇ। ਬ੍ਰਿਸ਼ਭਾਨ ਜੋ ਪੈਪਸੂ ਦਾ ਮੁਖ ਮੰਤਰੀ ਰਿਹਾ ਸੀ ਤੇ ਪੈਪਸੂ ਦੇ ਮਿਲਾਉਣ ਦਾ ਸਮਰਥਕ ਸੀ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਹੱਥੋਂ ਹਾਰ ਗਿਆ ਜੋ ਮਗਰੋਂ ਅਕਾਲੀ ਦਲ ਦਾ ਨੇਤਾ ਬਣ ਗਿਆ।
17. ਆਪਣੀ ਆਮ ਸਾਫਗੋਈ ਨਾਲ ਮਾਸਟਰ ਜੀ ਨੇ ਮੰਨਿਆ ਕਿ ਪੰਜਾਬੀ ਸੂਬੇ ਦੀ ਮੰਗ ਸਿੱਖ ਧਰਮ ਦੀ ਸੁਰਖਿਆ ਤੇ ਸਿੱਖਾਂ ਦੀ ਦਸ਼ਾ ਸੁਧਾਰਨ ਲਈ ਹੈ। ਭਾਸ਼ਾਈ ਮਸਲਾ ਤਾਂ ਗੌਣ ਸੀ। ਉਸ ਨੇ ਕਿਹਾ, "ਤੁਸੀਂ ਭਾਵੇਂ ਪੰਜਾਬੀ ਨੂੰ ਸਾਰੇ ਭਾਰਤ ਦੀ ਭਾਸ਼ਾ ਬਣਾ ਦਿਉ ਇਸ ਨਾਲ ਮਸਲਾ ਹੱਲ ਹੋ ਜਾਵੇਗਾ?" ਤਾਰਾ ਸਿੰਘ ਨੇ ਮੰਗ ਬਾਰੇ ਵਿਸਥਾਰ ਨਾਲ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਸਰਕਾਰ ਨਾਲ ਗੱਲਬਾਤ ਦਾ ਕੋਈ ਸਿੱਟਾ ਨਾ ਨਿਕਲਿਆ। ਨਹਿਰੂ ਨੇ ਇਹ ਦਲੀਲ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਪੰਜਾਬੀ ਭਾਸ਼ੀ ਰਾਜ ਦੀ ਮੰਗ ਨਾ ਮੰਨਣਾ ਸਿੱਖਾਂ ਨਾਲ ਵਿਤਕਰਾ ਹੈ। ਖਿਝ ਵਿੱਚ ਆਕੇ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬਾ ਦੀ ਮੰਗ ਮਨਾਉਣ ਲਈ ਮਰਨ ਵਰਤ ਰੱਖ ਲਿਆ। ਉਸ ਨੇ ਆਪਣਾ ਵਰਤ 15 ਅਗਸਤ 1961 ਨੂੰ ਸਵਰਨ ਮੰਦਰ ਭਵਨ ਸਮੂਹ ਵਿੱਚ ਰੱਖਿਆ।[18] ਸਰਕਾਰ ਨਾ ਝੁਕੀ। ਤਰਤਾਲੀ ਦਿਨਾਂ ਬਿਨਾਂ ਭੋਜਨ ਖਾਣ ਪਿੱਛੋਂ ਬਜ਼ੁਰਗ ਯੋਧੇ ਦਾ ਹੌਂਸਲਾ ਟੁੱਟ ਗਿਆ ਤੇ ਉਸ ਨੇ ਆਪੇ ਸਹੇੜੀ ਬਿਪਤਾ ਛੱਡ ਦਿੱਤੀ।

ਮਾਸਟਰ ਤਾਰਾ ਸਿੰਘ ਨੇ ਆਪਣੀ ਜਾਣ ਤਾਂ ਬਚਾ ਲਈ ਪਰ ਉਹਦੇ ਸਿਆਸੀ ਜੀਵਨ ਦੀ ਮੌਤ ਹੋ ਗਈ। ਇਸ ਨਾਲ ਸਿੱਖ ਬਹੁ-ਗਿਣਤੀ ਦੇ ਰਾਜ ਦੀ ਮੰਗ ਨੂੰ ਸਖ਼ਤ ਧੱਕਾ ਲੱਗਾ। ਉਸ ਨੂੰ ਅਕਾਲ ਤਖ਼ਤ[19] ਤੇ ਤਲਬ ਕੀਤਾ ਗਿਆ ਤੇ ਉਸ ਤੇ ਸਿੱਖੀ ਸ਼ਹੀਦੀ ਪਰੰਪਰਾ ਨੂੰ ਕਲੰਕਿਤ ਕਰਨ ਦਾ ਦੋਸ਼ ਲਾਇਆ ਗਿਆ। ਉਸ ਨੂੰ ਸਿੱਖ ਸੰਗਤ ਦੇ ਪੰਜ ਦਿਨ ਜੋੜੇ ਸਾਫ਼ ਕਰਨ ਦੀ "ਤਨਖਾਹ" ਲਾਈ ਗਈ।

ਭਾਵੇਂ ਉਸ ਨੇ ਪਰਾਸਚਤ ਕਰ ਲਿਆ ਸੀ ਤਾਂ ਵੀ ਉਸ ਦੇ ਫਿਰਕੇ ਨੇ ਉਸ ਨੂੰ ਮਾਫ਼

(ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਦੱਸਦਿਆਂ ਕਿਹਾ, ਕਿ ਸਿੱਖ ਬਹੁ-ਗਿਣਤੀ ਨਾਲ ਰਾਜ ਵਿੱਚ ਉਹਨਾਂ ਦੀ ਦਸ਼ਾ ਬਿਹਤਰ ਹੋਵੇਗੀ, ਇਸ ਨਾਲ ਸਰਕਾਰ ਦਾ ਗੁਰਦਵਾਰਿਆਂ ਵਿੱਚ ਦਖਲ ਬੰਦ ਹੋਵੇਗਾ; ਪੰਜਾਬੀ ਭਾਸ਼ਾ ਦੀ ਸਥਿਤੀ ਬਿਹਤਰ ਹੋਵੇਗੀ ਤੇ ਗੁਰਮੁਖੀ ਇਸ ਦੀ ਇੱਕੋ ਇੱਕ ਲਿੱਪੀ ਹੋਵੇਗੀ। ਇਸ ਬਿਆਨ ਨਾਲ ਤਾਰਾ ਸਿੰਘ ਤੇ ਫਤਿਹ ਸਿੰਘ ਦੇ ਮੱਤਭੇਦ ਉਭਰੇ। ਜਦੋਂ ਸੰਤ ਫਤਿਹ ਸਿੰਘ ਨੇ ਕਿਹਾ ਕਿ ਸਾਡੀ ਮੰਗ ਭਾਸ਼ਾਈ ਹੈ ਤਾਂ ਮਾਸਟਰ ਤਾਰਾ ਸਿੰਘ ਨੇ ਸਪੱਸ਼ਟ ਕਰਦਿਆਂ ਕਿਹਾ, "ਸੰਤ ਫਤਿਹ ਸਿੰਘ ਧਾਰਮਕ ਵਿਅਕਤੀ ਹੈ। ਉਹ ਸਿਆਤਦਾਨ ਨਹੀਂ ਹੈ। ਉਸ ਨੂੰ ਗੁਮਰਾਹ ਕੀਤਾ ਗਿਆ ਹੈ।" ਸਟੇਟਸਮੈਨ, 16 ਜਨਵਰੀ 1961।

18. ਵਰਤ ਸਮੇਂ ਤਾਰਾ ਸਿੰਘ ਨੇ ਆਪਣੀ ਸਥਿਤੀ ਸਪੱਸ਼ਟ ਕਰਦਿਆਂ ਬਿਆਨ ਦਿੱਤਾ 'ਜੇ ਅਸੀਂ ਖੁਲ੍ਹੇ ਦਿਲ ਨਾਲ ਸਮੱਸਿਆ ਤੇ ਵਿਚਾਰ ਕਰੀਏ ਤਾਂ ਸਥਿਤੀ ਤਿੰਨ ਫਿਕਰਿਆਂ 'ਚ ਸਪੱਸ਼ਟ ਕੀਤੀ ਜਾ ਸਕਦੀ ਹੈ :
    I. ਇਹ ਰਾਸ਼ਟਰੀ ਸਿਧਾਂਤ ਪਰਵਾਨ ਕੀਤਾ ਗਿਆ ਹੈ ਕਿ ਲੋਕਾਂ ਨੂੰ ਸੁਤੰਤਰਤਾ ਦੀ ਝਲਕ ਦਾ ਅਨੁਭਵ ਦੇਣ ਲਈ ਰਾਜਾਂ ਨੂੰ ਭਾਸ਼ਾਈ ਸਾਂਝ ਦੇ ਆਧਾਰ ਤੇ ਬਣਾਇਆ ਜਾਵੇ ਜਿਸ ਨਾਲ ਇੱਕ ਰਾਜ ਵਿੱਚ ਇਕ ਭਾਸ਼ਾ ਦੇ ਵਿਕਾਸ ਲਈ ਪੂਰੇ ਮੌਕੇ ਮਿਲਣ।
    II. ਇਹ ਸਿਧਾਂਤ ਭਾਰਤ ਦੇ ਦੂਸਰੇ ਭਾਗਾਂ ਵਿੱਚ ਲਾਗੂ ਕੀਤਾ ਜਾ ਚੁੱਕਾ ਹੈ ਤੇ ਪੰਜਾਬ ਵਿੱਚ ਵੀ ਸਰਕਾਰੀ ਮਾਹਿਰ ਮਹਿਸੂਸ ਕਰਦੇ ਹਨ ਕਿ ਇਹ ਪੰਜਾਬੀ ਬੋਲਦਾ ਖਿੱਤਾ ਹੈ।
    III. ਪੰਜਾਬੀ ਬੋਲਦੇ ਇਲਾਕੇ ਦੀ ਮੰਗ, ਜੇ ਥੋੜੀ ਬਹੁਤ ਤਬਦੀਲੀ ਦੀ ਲੋੜ ਪਵੇ, ਨੂੰ ਰਾਜ ਦਾ ਦਰਜਾ ਇਸ ਕਰਕੇ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਹਿੰਦੂ ਇਸ ਨਾਲ ਸਹਿਮਤ ਨਹੀਂ ਹਨ।'

19. ਤਾਰਾ ਸਿੰਘ ਨੇ ਦਲੀਲ ਦਿੱਤੀ, 'ਜੇ ਮੈਂ ਕੋਈ ਗਲਤੀ ਕੀਤੀ ਹੈ ਤਾਂ ਮੈਨੂੰ ਦੱਸੋ। ਜੇ ਮੈਂ ਸਹੀ ਕੰਮ ਕੀਤਾ ਹੈ ਤਾਂ ਮੇਰੇ ਨਾਲ ਤੁਰੋ, ਮੇਰਾ ਸਾਥ ਦਿਉ। ਜੇ ਮੈਂ ਗੱਦਾਰੀ ਕੀਤੀ ਹੈ ਤਾਂ ਮੈਨੂੰ ਸਜ਼ਾ ਦਿਓ।' ਦੀ ਸਪੋਕਸਮੈਨ, 6 ਨਵੰਬਰ 1961.

ਨਾ ਕੀਤਾ। (ਕੁਝ ਮਹੀਨੇ ਮਗਰੋਂ ਅਕਾਲੀ ਦਲ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੋਹਾਂ 'ਚੋਂ ਉਸ ਨੂੰ ਵੋਟਾਂ 'ਚ ਹਾਰ ਦੇ ਦਿੱਤੀ ਗਈ ਸੀ। ਸੰਤ ਫਤਿਹ ਸਿੰਘ ਸਿੱਖਾਂ ਦਾ ਨੇਤਾ ਬਣ ਗਏ ਸਨ। ਸਿੱਖ ਰਾਜ ਦੇ ਹਿਮਾਇਤੀਆਂ ਉੱਪਰ ਜਿੱਤ ਦਾ ਸਰਕਾਰ ਨੇ ਲਾਭ ਉਠਾਇਆ।[20] ਪੰਜਾਬ ਦੇ ਸਿੱਖਾਂ ਦੀ ਸ਼ਿਕਾਇਤਾਂ ਸੁਨਣ ਲਈ ਸਰਕਾਰ ਨੇ ਐਸ.ਆਰ. ਦਾਸ ਦੀ ਪਰਧਾਨਗੀ ਅਧੀਨ ਤਿੰਨ-ਮੈਂਬਰੀ ਆਯੋਗ ਨਿਯੁਕਤ[21] ਕੀਤਾ। ਅਕਾਲੀਆਂ ਨੇ ਕਮਿਸ਼ਨ ਦੇ ਮੈਂਬਰਾਂ ਅਤੇ ਇਸ ਦੀ ਨਿਯੁਕਤੀ ਦੀਆਂ ਸ਼ਰਤਾਂ ਤੇ ਬੇਭਰੋਸਗੀ ਪਰਗਟ ਕੀਤੀ ਤੇ ਇਸ ਦੀ ਕਾਰਵਾਈ ਦਾ ਬਾਈਕਾਟ ਕਰਨ ਲਈ ਕਿਹਾ। ਸਾਰੇ ਸਿੱਖ ਸਮਾਜ ਨੇ ਦਾਸ ਕਮਿਸ਼ਨ ਦੀ ਸਾਰੀ ਕਾਰਵਾਈ ਨਾਲ ਕੋਈ ਸੰਬੰਧ ਨਾ ਰੱਖਕੇ ਬੇਮਿਸਾਲ ਇਕ ਜੁੱਟਦਾ ਪਰਗਟਾਈ।[22]

1962 ਦੀਆਂ ਆਮ ਚੋਣਾਂ ਨੇ ਸਥਿਤੀ ਵਿੱਚ ਕੋਈ ਸੁਧਾਰ ਨਾ ਲਿਆਂਦਾ।[23]

---

20. ਪੰਜਾਬ ਅਸੈਂਬਲੀ ਵਿੱਚ ਮੁਖ ਮੰਤਰੀ ਨੇ ਸਭ ਵਿੱਚ ਵਿਚਾਲੇ ਵਾਲਿਆਂ ਨੂੰ ਸਿੱਖ ਰਾਜ ਦੀ ਮੰਗ ਨਾਲੋਂ ਸਾਫ਼ ਨਾਤਾ ਤੋੜਨ ਲਈ ਕਿਹਾ। ਕੇਂਦਰ ਵਿੱਚ ਹੁਕਮ ਸਿੰਘ ਜੋ ਸਿੱਖ ਸੂਬੇ ਦੀ ਮੰਗ ਕਰਨ ਵਾਲੇ ਮੋਢੀਆਂ ਵਿੱਚੋਂ ਸੀ, ਉਸ ਨੇ ਆਪਣੀਆਂ ਪਿਛਲੀਆਂ ਭੁੱਲਾਂ ਮੰਨੀਆਂ। 'ਜੇ ਕੋਈ ਇਸ ਕਾਰਵਾਈ ਲਈ ਦੋਸ਼ੀ ਹੈ ਤਾਂ ਉਹ ਮੈਂ ਹਾਂ। ਜੇ ਕਿਸੇ ਨੂੰ ਫਾਹੇ ਲਾਇਆ ਜਾਣਾ ਹੈ ਤਾਂ ਮੈਨੂੰ ਲਾਉ।" ਸਪੋਕਸਮੈਨ, 4 ਸਤੰਬਰ, 1961
21. ਕਮਿਸ਼ਨ ਦੇ ਮੈਂਬਰਾਂ ਵਿੱਚ ਪਰਧਾਨ ਐਸ.ਆਰ ਦਾਸ, ਜੋ ਸੁਪਰੀਮ ਕੋਰਟ ਦਾ ਸਾਬਕ ਚੀਫ ਜਸਟਿਸ ਸੀ, ਸੀ ਪੀ ਰਾਮਾ ਸਵਾਮੀ ਆਇਰ ਤੇ ਐਮ ਸੀ ਛਾਗਲਾ (ਬੰਬਈ ਦਾ ਰਹਿ ਚੁੱਕਾ ਚੀਫ ਜਸਟਿਸ, ਯੂ.ਐਸ. ਏ. ਵਿੱਚ ਭਾਰਤੀ ਰਾਜਦੂਤ, ਇੰਡੀਅਨ ਹਾਈ ਕਮਿਸ਼ਨਰ ਲੰਡਨ ਤੇ ਮਗਰੋਂ ਸਿੱਖਿਆ ਮੰਤਰੀ) ਸਨ।

22. ਸਰਕਾਰ ਦੇ ਹੱਕ ਵਿੱਚ ਕਮਿਸ਼ਨ ਦੇ ਸਾਮ੍ਹਣੇ ਜੋ ਪੰਜ ਆਦਮੀ ਭੁਗਤੇ ਉਹਨਾਂ ਵਿਚ ਕੌਮੀ ਏਕਤਾ ਦਾ ਸੰਪਾਦਕ ਰਾਜਿੰਦਰ ਸਿੰਘ ਭਾਟੀਆ, ਲਿਬਰੇਟਰ (ਬੰਦ ਹੋ ਚੁੱਕਾ) ਦੇ ਸੰਪਾਦਕ ਵਜੋਂ ਸਿੱਖ ਰਾਜ ਦਾ ਹਿਮਾਇਤੀ ਰਹਿ ਚੁੱਕਾ ਡਾ. ਗੋਪਾਲ ਸਿੰਘ ਦਰਦੀ ਵੀ ਸਨ। ਉਸੇ ਦਰਦੀ ਨੇ ਦਾਸ ਕਮਿਸ਼ਨ ਅੱਗੇ ਉਹਨਾਂ ਰਿਆਇਤਾਂ ਦੀ ਸੂਚੀ ਰੱਖੀ ਜੋ ਸਿੱਖਾਂ ਨੂੰ ਨਹਿਰੂ ਸਰਕਾਰ ਅਧੀਨ ਪਰਾਪਤ ਸਨ। ਦਰਦੀ (ਜਨਮ 1917) ਨੂੰ ਰਾਜਯ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਤੇ ਫਿਰ ਉਸ ਨੂੰ ਬਲਗਾਰੀਆ ਤੇ ਫਿਰ ਦੱਖਣੀ ਅਮਰੀਕਾ ਵਿੱਚ ਰਾਜਦੂਤ ਬਣਾਕੇ ਭੇਜਿਆ ਗਿਆ। ਉਸ ਨੂੰ ਉੱਚ ਅਧਿਕਾਰਾਂ ਵਾਲੀ ਘੱਟ ਗਿਣਤੀ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਉਹ ਉਹਨਾਂ ਮੁੱਠੀ ਭਰ ਲੋਕਾਂ ਵਿੱਚ ਸੀ ਜਿਸ ਨੇ ਸਵਰਨ ਮੰਦਰ ਵਿੱਚ ਫੌਜ ਭੇਜਣ ਦੀ ਹਿਮਾਇਤ ਕੀਤੀ। ਉਸਨੂੰ ਗੋਆ ਦਾ ਉਪ-ਰਾਜਪਾਲ ਬਣਾਇਆ ਗਿਆ। ਦਰਦਗੀ ਸਿੱਖਾਂ ਬਾਰੇ ਲਿਖੀਆਂ ਅਨੇਕਾਂ ਪੁਸਤਕਾਂ ਦਾ ਲੇਖਕ ਹੈ, ਜਿਹਨਾਂ ਵਿੱਚ ਚਾਰ ਜਿਲਦਾਂ ਵਿੱਚ ਗ੍ਰੰਥ ਸਾਹਿਬ ਦਾ ਅਨੁਵਾਦ ਵੀ ਸ਼ਾਮਲ ਹੈ।
23. ਪੰਜਾਬ ਵਿੱਚ ਅਕਾਲੀਆਂ ਨੂੰ 21 ਸੀਟਾਂ ਮਿਲੀਆਂ, ਲੋਕ ਸਭਾ ਵਿੱਚ ਤਿੰਨ। ਕੈਰੋਂ ਆਪਣੀ ਸੀਟ ਵੀ 34 ਵੋਟਾਂ ਦੇ ਫ਼ਰਕ ਨਾਲ ਮਸਾਂ ਹੀ ਬਚਾ ਸਕਿਆ। ਜਿੱਤਣ ਵਾਲੇ ਉੱਘੇ ਵਿਅਕਤੀਆਂ ਵਿੱਚ ਸ੍. ਕਪੂਰ ਸਿੰਘ ਲੋਕ-ਸਭਾ ਲਈ ਚੁਣੇ ਗਏ ਜੋ 1948 ਵਿੱਚ ਮੁਅੱਤਲ ਹੋਣ ਤੱਕ ਆਈ.ਸੀ.ਐਸ ਦਾ ਸਦੱਸਵੀ ਸੀ। ਸੂਬੇ ਬਾਰੇ ਸਾਹਿੱਤ ਲਿਖਣ ਵਾਲਿਆਂ ਵਿਚੋਂ ਉਹ ਵਧੇਰੇ ਉੱਘਾ ਸੀ। ਗੁਰਨਾਮ ਸਿੰਘ ਪੰਜਾਬ ਹਾਈ ਕੋਰਟ ਦਾ ਜੱਜ ਵਿਧਾਨ ਸਭਾ ਲਈ ਚੁਣਿਆ ਗਿਆ ਤੇ ਉਹ ਵਿਰੋਧੀ ਪਾਰਟੀ ਦਾ ਆਗੂ ਬਣਿਆ।

ਕਾਂਗਰਸ ਪਾਰਟੀ ਮਿਸ਼ਰਤ ਹਲਕਿਆਂ ਵਿੱਚ ਜਿੱਤ ਗਈ ਪਰ ਪੰਜਾਬੀ ਸੂਬੇ ਦੇ ਸਮਰਥਕ ਸਿੱਖਾਂ ਦੀਆਂ ਬਹੁ-ਗਿਣਤੀ ਵੋਟਾਂ ਲੈ ਗਏ। ਅਕਾਲੀਆਂ ਦੀ ਪੰਜਾਬੀ ਸੂਬੇ ਬਾਰੇ ਇੱਕ ਹੋਰ ਜੱਦੋ-ਜਹਿਦ ਕਰਨ ਤੋਂ ਪਹਿਲਾਂ ਚੀਨੀਆਂ ਨੇ ਭਾਰਤ ਦੀ ਸੀਮਾਂ ਤੇ ਹਮਲਾ ਕਰ ਦਿੱਤਾ।[24] ਸਿੱਖਾਂ ਨੇ ਆਪਣਾ ਅੰਦੋਲਨ ਮੁਲਤਵੀ ਕਰ ਦਿੱਤਾ ਤੇ ਉਹ ਬੜੇ ਉਤਸ਼ਾਹ ਨਾਲ ਮੁਲਕ ਦੀ ਸੁਰਖਿਆ ਲਈ ਅੱਗੇ ਵਧੇ।

27 ਮਈ 1964 ਵਿੱਚ ਆਪਣੀ ਮੌਤ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨੇ ਸਿੱਖ ਜਨਤਾ ਦੇ ਜਜ਼ਬਾਤਾਂ ਦੀ ਥਾਹ ਪਾ ਲਈ ਸੀ ਤੇ ਉਸ ਨੂੰ ਪੰਜਾਬੀ ਸੂਬੇ ਦੀ ਵਿਰੋਧਤਾ ਕਰਨ ਵਿੱਚ ਹੁਣ ਕੋਈ ਸਿਆਣਪ ਨਾ ਦਿਖਾਈ ਦਿੱਤੀ। ਰਾਜਪੁਰਾ ਵਿੱਚ ਇੱਕ ਭਾਸ਼ਣ ਦਿੰਦਿਆਂ ਉਸ ਨੇ ਇਹ ਗੱਲ ਮੰਨੀ ਕਿ ਪੰਜਾਬੀ ਪੰਜਾਬ ਦੀ ਪ੍ਰਮੁੱਖ ਭਾਸ਼ਾ ਹੈ ਤੇ ਉਸ ਨੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਹਿਦਾਇਤ ਕੀਤੀ ਕਿ ਉਹ ਪੰਜਾਬ ਨੂੰ ਇੱਕ ਭਾਸ਼ੀ ਘੋਸ਼ਿਤ ਕਰੇ।[25] ਉਸ ਸਮੇਂ ਕੈਰੋਂ ਦੀ ਸਥਿਤੀ ਡਾਵਾਂ ਡੋਲ ਸੀ। ਉਸ ਵਿਰੁੱਧ ਭ੍ਰਿਸ਼ਟਾਚਾਰ ਤੇ ਕੁੰਬਾ ਪਰਵਰੀ ਦੇ ਇਲਜ਼ਾਮ ਲਗਾਏ ਗਏ ਸਨ। ਉਸ ਨੇ ਮਹਿਸੂਸ ਕੀਤਾ ਕਿ ਅਕਾਲੀਆਂ ਨੂੰ ਕੋਈ ਵੀ ਦਿੱਤੀ ਰਿਆਇਤ ਨੂੰ, ਉਹਦੀ ਕਮਜ਼ੋਰੀ ਸਮਝਿਆ ਜਾਵੇਗਾ ਤੇ ਉਸ ਦੀ ਮੁੱਖ ਮੰਤਰੀ ਦੀ ਗੱਦੀ ਲਈ ਇਹ ਖਤਰਾ ਬਣ ਜਾਏਗੀ। ਕੈਰੋਂ ਨੇ ਨਹਿਰੂ ਨੂੰ ਭਰੋਸਾ ਦਿੱਤਾ ਕਿ ਸੂਬੇ ਬਾਰੇ ਮੋਰਚੇ ਨੂੰ ਸਿੱਖਾਂ ਦਾ ਨਹੀਂ ਸਿਰਫ਼ ਅਕਾਲੀਆਂ ਦਾ ਸਮਰਥਨ ਹੈ ਤੇ ਉਹਨਾਂ ਵਿੱਚ ਲੜਨ ਦੀ ਸ਼ਕਤੀ ਨਹੀਂ ਹੈ।

ਨਹਿਰੂ ਦੇ ਉਤਰਾਧਿਕਾਰੀ ਤੇ ਉਸ ਦੇ ਗ੍ਰਹਿ ਮੰਤਰੀ ਗੁਲਜਾਰੀ ਲਾਲ ਨੰਦਾ ਨੇ ਨਹਿਰੂ ਦੀ "ਨਾ-ਮਾਨੂੰ" ਵਾਲੀ ਨੀਤੀ ਹੀ ਜਾਰੀ ਰੱਖੀ। ਸਥਿਤੀ ਉਸ ਸਮੇਂ ਬਦਲ ਗਈ ਜਦੋਂ ਕੈਰੋਂ ਨੂੰ ਭ੍ਰਿਸ਼ਟਾਚਾਰ ਤੇ 'ਕੁਨਬਾ ਪਰਵਰੀ' ਦਾ ਦੋਸ਼ੀ ਪਾਇਆ ਗਿਆ ਤੇ ਉਸ ਨੂੰ ਤਿਆਗ ਪੱਤਰ ਦੇਣ ਲਈ ਮਜਬੂਰ ਹੋਣਾ ਪਿਆ। ਵਿਦੇਸ਼ ਮੰਤਰੀ ਸਵਰਨ ਸਿੰਘ ਦੀ ਸਲਾਹ ਤੇ ਲਾਲ ਬਹਾਦਰ ਸ਼ਾਸਤਰੀ ਨੇ ਇਕ ਛੋਟੇ ਜਿਹੇ ਸ਼ਹਿਰ ਦੇ ਇੱਕ ਬੇਪਛਾਣ ਸਿਆਸਤਦਾਨ ਰਾਮ ਕਿਸ਼ਨ[26] ਨੂੰ ਮੁਖ ਮੰਤਰੀ ਦੀ ਗੱਦੀ ਤੇ ਬਿਠਾ ਦਿੱਤਾ।

ਸੰਤ ਫਤਿਹ ਸਿੰਘ ਦੀ ਅਗਵਾਈ ਵਿੱਚ ਪੰਜਾਬੀ ਸੂਬਾ ਮੋਰਚਾ ਜ਼ੋਰ ਫੜ ਗਿਆ। ਪਾਕਿਸਤਾਨ ਰੇਡੀਓ ਵਲੋਂ ਸਿੱਖ ਰਾਜ ਦੀ ਮੰਗ ਦੇ ਸਮਰਥਨ ਵਿੱਚ ਰੋਜ਼ਾਨਾ ਸੀਮਾਂ ਤੋਂ ਪਾਰ, ਪਰਸਾਰਨ ਨਾਲ ਵੀ ਇਸ ਅੰਦੋਲਨ ਨੂੰ ਉਤਸ਼ਾਹ ਮਿਲਿਆ। ਭਾਰਤ ਪਾਕਿਸਤਾਨ ਵਿੱਚ ਖਿਚਾਅ ਵੱਧ ਗਿਆ, ਸੀਮਾ ਉੱਪਰ ਝੜਪਾਂ ਨੇ ਬਾਕਾਇਦਾ ਯੁੱਧ ਦਾ ਰੂਪ ਲੈ ਲਿਆ। ਇੱਕ ਸਤੰਬਰ 1965 ਨੂੰ ਪਾਕਿਸਤਾਨੀ ਫ਼ੌਜ ਨੇ ਜੰਮੂ ਕਸ਼ਮੀਰ ਰਿਆਸਤ ਵਿੱਚ ਛੰਭ ਜੌੜੀਆਂ ਤੋਂ ਅੰਤਰ-ਰਾਸ਼ਟਰੀ ਸੀਮਾ ਪਾਰ ਕਰ ਲਈ। ਪੰਜ ਦਿਨ ਮਗਰੋਂ ਭਾਰਤੀ

---

24. ਲੜਾਈ ਵਿੱਚ ਪੰਜਾਬੀਆਂ ਦੀ ਆਦਮੀਆਂ ਤੇ ਸਾਜ਼ੋਸਾਮਾਨ ਵਿੱਚ ਭੂਮਿਕਾ ਬਾਕੀ ਸਾਰੇ ਭਾਰਤ ਦੇ ਬਰਾਬਰ ਸੀ। ਪੰਜਾਬੀਆਂ ਦੇ ਕਿਸੇ ਜ਼ਿਲੇ ਨਾਲੋਂ ਕੋਈ ਇਕੱਲਾ ਸੋਨੇ ਵਿੱਚ ਵੱਧ ਯੋਗਦਾਨ ਵਾਲਾ ਜ਼ਿਲ੍ਹਾ ਰਾਜਸਥਾਨ ਦਾ ਗੰਗਾ ਨਗਰ ਸੀ। ਗੰਗਾਨਗਰ ਵਿੱਚ ਵਧੇਰੇ ਸਿੱਖ ਸ਼ਰਨਾਰਥੀ ਵੱਸੇ ਹੋਏ ਹਨ।
25. ਪੀ.ਸੀ. ਜੋਸ਼ੀ ਪੰਜਾਬੀ ਸੂਬਾ, ਏ ਸਿਮਪੋਜ਼ੀਅਮ (ਗੋਸ਼ਟੀ) ਪੰ. 69
26. ਰਾਮ ਕਿਸ਼ਨ (ਜਨਮ 1919) ਝੰਗ ਦਾ ਮੂਲ ਵਾਸੀ ਸੀ। ਉਹ 1952 ਵਿੱਚ ਪੰਜਾਬ ਵਿਧਾਨ ਸਭਾ ਲਈ ਮੈਂਬਰ ਚੁਣਿਆ ਗਿਆ ਸੀ ਤੇ 1962 ਵਿੱਚ ਉਹ ਕੈਰੋਂ ਅਧੀਨ ਮੰਤਰੀ ਬਣਿਆ। ਉਹ ਜੁਲਾਈ 1964 ਤੋਂ ਜੁਲਾਈ 1965 ਤੱਕ ਪੰਜਾਬ ਦਾ ਮੁੱਖ ਮੰਤਰੀ ਰਿਹਾ।

ਫੌਜ ਨੇ ਸੀਮਾਂ ਪਾਰ ਕਰਕੇ ਲਾਹੌਰ ਵੱਲ ਹਮਲਾ ਕਰਨ ਲਈ ਕੂਚ ਕਰ ਦਿੱਤਾ।

ਅਕਾਲੀਆਂ ਨੇ ਇਸ ਸਥਿਤੀ ਦਾ ਕੋਈ ਲਾਭ ਨਾ ਉਠਾਇਆ ਸਗੋਂ ਸਰਕਾਰ ਨੂੰ ਬਿਨਾਂ ਸ਼ਰਤ ਪੂਰਾ ਸਮਰਥਨ ਦਿੱਤਾ। ਇੱਕ ਵਾਰ ਫਿਰ ਸਿੱਖ ਸੈਨਕਾਂ ਨੇ ਪਾਕਿਸਤਾਨੀਆਂ ਨਾਲ ਲੋਹਾ ਲਿਆ ਤੇ ਸਿੱਖ ਕਿਸਾਨਾਂ ਨੇ ਲੜ ਰਹੇ ਫ਼ੌਜੀਆਂ ਨੂੰ ਰਣ ਖੇਤਰ ਵਿੱਚ ਰਸਦ ਪਾਣੀ ਪਹੁੰਚਾਇਆ। ਜਿਹੜੇ ਉੱਘੇ ਸੈਨਕਾਂ ਨੇ ਇਸ 22 ਦਿਨ ਦੇ ਯੁੱਧ ਵਿੱਚ ਨਾਮਣਾ ਖੱਟਿਆ, ਉਹਨਾਂ ਵਿੱਚ ਲੈਫ: ਜਨਰਲ ਹਰਬਖਸ਼ ਸਿੰਘ ਸੀ। ਭਾਰਤੀ ਸੀਮਾਂ ਉੱਪਰ ਪਾਕਿਸਤਾਨੀ ਟੈਂਕਾਂ ਦੇ ਹਮਲੇ ਨੂੰ ਰੋਕਣ ਦਾ ਸਿਹਰਾ ਉਸਦੇ ਸਿਰ ਹੈ। ਭਾਰਤ ਦੇ ਸਾਰੇ ਰਾਜਾਂ ਵਿਚੋਂ ਜੰਗੀ ਸਹਾਇਤਾ ਲਈ ਪੰਜਾਬ ਦਾ ਸਭ ਤੋਂ ਵੱਧ ਯੋਗਦਾਨ ਸੀ ਤੇ ਭਾਰਤ ਦੇ ਸਭ ਤੋਂ ਵੱਧ ਸਹਾਇਤਾ ਦੇਣ ਵਾਲਿਆਂ ਜ਼ਿਲਿਆਂ ਵਿੱਚ ਗੰਗਾ ਨਗਰ ਦਾ ਪਹਿਲਾ ਨੰਬਰ ਸੀ ਜਿਸ ਦੀ ਬਹੁ ਗਿਣਤੀ ਵੀ ਸਿੱਖ ਕਿਸਾਨਾਂ ਦੀ ਹੈ। ਇਸ ਤਰ੍ਹਾਂ ਚਾਲਾਕੀ ਨਾਲ ਸਿੱਖਾਂ ਦੀ ਬੇਵਫਾਈ ਦੇ ਇਲਜ਼ਾਮ ਫੈਲਾਉਣ ਵਾਲਿਆਂ ਦੇ ਮੂੰਹ ਆਪਣੇ ਆਪ ਬੰਦ ਹੋ ਗਏ।[27]

---

27. ਕੇਂਦਰੀ ਸਰਕਾਰ ਨੇ ਸ਼ਾਸਤਰੀ ਅਧੀਨ ਜਿਵੇਂ ਇਸ ਸਮੱਸਿਆ ਨਾਲ ਨਜਿੱਠਿਆ, ਉਸ ਬਾਰੇ ਹੁਕਮ ਸਿੰਘ ਕਿਹਾ ਸੀ, "ਕਈ ਸਾਲ ਇਸ ਮੌਲਕ ਭਾਸ਼ਾਈ ਹੱਕ ਦਾ ਵਿਰੋਧ ਕਰਨ ਪਿੱਛੋਂ ਪ੍ਰਧਾਨ ਮੰਤਰੀ ਸ਼ਾਸਤਰੀ ਨੇ ਅਕਤੂਬਰ 1965 ਵਿੱਚ ਮੇਰੀ ਪ੍ਰਧਾਨਗੀ ਅਧੀਨ ਲੋਕ ਸਭਾ ਮੈਂਬਰਾ ਦੀ ਇਕ ਕਮੇਟੀ ਪੰਜਾਬੀ ਸੂਬੇ ਦੀ ਸਮੱਸਿਆ ਬਾਰੇ ਰਿਪੋਰਟ ਤਿਆਰ ਕਰਨ ਲਈ ਨਿਯੁਕਤ ਕੀਤੀ। ਇਸ ਤਰ੍ਹਾਂ 1965 ਵਿੱਚ ਪਾਕਿਸਤਾਨ ਨਾਲ ਜੰਗ ਸਮੇਂ ਸਿੱਖਾਂ ਨਾਲ ਕੀਤੇ ਵਾਅਦੇ ਅਨੁਸਾਰ ਕੀਤਾ ਗਿਆ। ਸਰਕਾਰ ਦੀ ਉਸ ਵੇਲੇ ਮਨਸ਼ਾ ਮੇਰੇ ਫਿਰਕੇ ਵਿਰੁੱਧ ਮੇਰੀ ਵਰਤੋਂ ਕਰਨਾ, ਮੈਥੋਂ ਵਿਰੋਧੀ ਰਿਪੋਰਟ ਲੈਕੇ, 18 ਸਾਲ ਦੀ ਲੰਬੀ ਜੱਦੋ-ਜਹਿਦ ਤੇ ਪਰੇਸ਼ਾਨ ਕਰਨ ਵਾਲੀ ਦੇਰੀ ਪਿੱਛੋਂ ਇਸਨੂੰ ਰੱਦ ਕਰਨ ਦੀ ਸੀ। ਜਦੋਂ ਮੇਰੀ ਰਿਪੋਰਟ ਤਿਆਰ ਸੀ ਤਾਂ ਸ਼੍ਰੀਮਤੀ ਇੰਦਰਾਗਾਂਧੀ ਮਿਸਟਰ ਚਵਾਨ ਕੋਲ ਗਈ ਤੇ ਕਿਹਾ ਕਿ ਉਸ ਨੇ ਸੁਣਿਆ ਹੈ ਕਿ ਸਰਦਾਰ ਹੁਕਮ ਸਿੰਘ ਪੰਜਾਬੀ ਸੂਬੇ ਦੇ ਹੱਕ ਵਿੱਚ ਰਿਪੋਰਟ ਦੇਣ ਜਾ ਰਹੇ ਹਨ, ਉਸ ਨੂੰ ਰੋਕਿਆ ਜਾਣਾ ਚਾਹੀਦਾ ਹੈ।---ਲਾਲ ਬਹਾਦਰ ਨੇ ਜਵਾਹਰ ਲਾਲ ਨਹਿਰੂ ਵਾਲੀ ਨੀਤੀ ਅਪਣਾਈ ਹੋਈ ਸੀ ਤੇ ਉਹ ਨਹਿਰੂ ਵਾਂਗ ਹੀ ਪੰਜਾਬੀ ਸੂਬੇ ਦੀ ਮੰਗ ਦਾ ਵਿਰੋਧੀ ਸੀ। ਜਦੋਂ ਉਸ ਨੂੰ ਮਿਸਜ਼ ਗਾਂਧੀ ਨੇ ਜ਼ੋਰ ਦੇ ਕੇ ਹੁਕਮ ਸਿੰਘ ਨੂੰ ਰੋਕਣ ਲਈ ਕਿਹਾ ਤਾਂ ਉਸ ਨੇ ਸਮਾਂ ਵਿਅਰਥ ਨਾ ਗੁਆਇਆ। ਸ਼ਾਸਤਰੀ ਨੇ ਗੁਲਜ਼ਾਰੀ ਲਾਲ ਨੰਦਾ ਨੂੰ ਜੋ ਉਸ ਸਮੇਂ ਗ੍ਰਹਿ ਮੰਤਰੀ ਸੀ, ਆਪਣੀ ਰਿਹਾਇਸ਼ ਤੇ ਬੁਲਾਇਆ ਤੇ ਉਸ ਰਿਪੋਰਟ ਬਾਰੇ ਆਪਣਾ ਡਰ ਦੱਸਿਆ।

ਮਿਸਜ ਗਾਂਧੀ, ਮਿਸਟਰ ਸ਼ਾਸਤਰੀ ਤੇ ਮਿ. ਨੰਦਾ ਨੇ ਮੈਨੂੰ ਰਿਪੋਰਟ ਨਾ ਦੇਣ ਤੋਂ ਹਰ ਤਰ੍ਹਾਂ ਨਾਲ ਰੋਕਿਆ। ਪਰ ਜਦੋਂ ਕੋਈ ਚਾਲ ਸਫਲ ਨਾ ਹੋਈ ਤਾਂ ਕਾਂਗਰਸ ਵਰਕਿੰਗ ਕਮੇਟੀ ਨੇ ਪਾਰਲੀਮੈਂਟਰੀ ਕਮੇਟੀ ਦੀ ਰਿਪੋਰਟ ਤੋਂ ਪਹਿਲਾਂ ਹੀ ਇੱਕ ਅਸਪੱਸ਼ਟ ਜਿਹਾ ਮਤਾ 9 ਮਾਰਚ ਨੂੰ ਸੂਬੇ ਦੇ ਪੁਨਰ-ਗਠਨ ਦੀ ਸਹਿਮਤੀ ਦਿੰਦਿਆਂ ਪਾਸ ਕਰ ਦਿੱਤਾ। ਕਮੇਟੀ ਨੇ ਇੱਕ ਹਫਤਾ ਮਗਰੋਂ 15 ਮਾਰਚ 1966 ਨੂੰ ਆਪਣੀ ਰਿਪੋਰਟ ਤੇ ਦਸਤਖਤ ਕੀਤੇ। ਇਹ ਇਸ ਕਮੇਟੀ ਨੂੰ ਉਲੰਘ ਕੇ ਇਸ ਦੀ ਮਹੱਤਤਾ ਘਟਾਉਣ ਦੀ ਕੋਸ਼ਿਸ਼ ਸੀ।

ਪਾਰਲੀਮੈਂਟਰੀ ਕਮੇਟੀ ਨੇ ਇਹ ਸਿੱਟੇ ਕਢੇ : (i) ਵਰਤਮਾਨ ਪੰਜਾਬ ਰਾਜ ਨੂੰ ਭਾਸ਼ਾਈ ਆਧਾਰ ਤੇ ਪੁਨਰ-ਗਠਿਤ ਕੀਤਾ ਜਾਵੇ (ii) ਪੰਜਾਬੀ ਖੇਤਰ ਜੋ ਪੰਜਾਬੀ ਰਿਜਨਲ ਕਮੇਟੀ ਦੀ 1957 ਦੀ ਪਹਿਲੀ ਸੂਚੀ ਅਨੁਸਾਰ ਹੈ, ਉਹੋ ਹੀ ਇਕ ਭਾਸ਼ੀ ਪੰਜਾਬੀ ਸੂਬੇ ਦਾ ਆਧਾਰ ਬਣੇ।

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ)

ਜੰਗ ਖ਼ਤਮ ਹੋਣ ਪਿੱਛੋਂ ਇੰਦਰਾਗਾਂਧੀ ਦੀ ਪਰਾਧਾਨਗੀ ਆਸੀਨ ਪੰਜਾਬੀ ਸੂਬੇ ਦੀ ਮੰਗ ਤੇ ਵਿਚਾਰ ਕਰਨ ਲਈ ਮੰਤਰੀ ਮੰਡਲ ਦੀ ਉਪ ਕਮੇਟੀ ਨਿਯੁਕਤ ਕੀਤੀ ਗਈ।[28] ਇਸਨੇ ਭਾਸ਼ਾਈ ਆਧਾਰ ਤੇ ਪੰਜਾਬ ਦੀਆਂ ਪੁਨਰ ਰੱਦ ਬੰਦੀ ਕਰਨ ਦੀ ਸਿਫ਼ਾਰਸ਼ ਕੀਤੀ। ਦਸ ਜਨਵਰੀ 1966 ਨੂੰ ਤਾਂਸ਼ਕੰਦ ਵਿੱਚ ਸ਼ਾਸਤਰੀ ਦੀ ਅਚਾਨਕ ਮੌਤ ਨਾਲ ਕੇਂਦਰੀ

☜ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਸਰਕਾਰ ਨੇ ਕਮੇਟੀ ਦੀ ਰਿਪੋਰਟ ਤੋਂ ਬਾਹਰ ਬਾਹਰ ਹੀ ਇਸਦੀ ਪੇਸ਼ਬੰਦੀ ਕਰ ਲਈ। ਸ਼ਾਹ ਕਮਿਸ਼ਨ ਦੇ ਵਾਰ ਵਾਰ ਹਵਾਲਿਆਂ ਨੂੰ ਪੰਜਾਬ ਦੇ ਵਿਰੁੱਧ ਵਰਤਿਆ ਗਿਆ। 1961 ਦੀ ਜਣ-ਗਣਨਾ ਨੂੰ ਤੇ ਪਿੰਡ ਦੀ ਥਾਂ ਤਹਿਸੀਲ ਨੂੰ ਆਧਾਰ ਬਣਾਉਣ ਦਾ ਮਨੋਰਥ ਸਿੱਖਾਂ ਨੂੰ ਸਜ਼ਾ ਦੇਣਾ ਸੀ। 1961 ਦੀ ਜਨ-ਗਣਨਾ ਵਿੱਚ ਭਾਸ਼ਾ ਦਾ ਵੇਰਵਾ ਤਾਂ ਸੰਪਰਰਦਾਇਕ ਲੀਹਾਂ ਅਨੁਸਾਰ ਸੀ ਜਿਸ ਵਿੱਚ ਪੰਜਾਬੀ ਬੋਲਦੇ ਹਿੰਦੂਆਂ ਨੇ ਹਿੰਦੀ ਨੂੰ ਆਪਣੀ ਮਾਤ-ਭਾਸ਼ਾ ਲਿਖਵਾਇਆ ਸੀ। ਇਸ ਤਰ੍ਹਾਂ ਹੱਦ ਬੰਦੀ ਭਾਸ਼ਾ ਦੇ ਆਧਾਰ ਤੇ ਨਹੀਂ ਫਿਰਕਾ-ਪ੍ਰਸਤੀ ਦੀਆਂ ਲੀਹਾਂ ਤੇ ਹੋਣੀ ਸੀ। ਇਸ ਤਰ੍ਹਾਂ ਉਚਿਤੱਤਾ ਤੇ ਨਿਆਂ ਦੀ ਅਣਦੇਖੀ ਕੀਤੀ ਗਈ। ਦੋਹਾਂ ਫਿਰਕਿਆਂ ਵਿੱਚ ਤਨਾਅ ਵਧਿਆ। ਜੇ ਪੰਜਾਬੀ ਸੂਬਾ 1961 ਦੇ ਝੂਠੇ ਇੰਦਰਾਜ ਅਨੁਸਾਰ ਨਹੀਂ ਸਗੋਂ ਭਾਸ਼ਾਈ ਆਧਾਰ ਤੇ ਬਣਾਇਆ ਗਿਆ ਹੁੰਦਾ ਤਾਂ ਅੱਤਵਾਦੀ ਲਹਿਰ ਨੇ ਜਨਮ ਨਹੀਂ ਲੈਣਾ ਸੀ। ਹਿੰਦੂ-ਸਿੱਖਾਂ ਵਿੱਚ ਇਹ ਖਿੱਚੋ ਤਾਣ ਉਸ ਸਮੇਂ ਤੱਕ ਵਧਦੀ ਹੀ ਰਹੇਗੀ ਜਦ ਤਕ ਫਿਰਕਾ ਪ੍ਰਸਤ ਹਿੰਦੂ ਪੰਜਾਬੀ ਨੂੰ ਆਪਣੀ ਮਾਤਭਾਸ਼ਾ ਸਵੀਕਾਰ ਕਰਨ ਲਈ ਕਦਮ ਨਹੀਂ ਉਠਾਉਂਦੇ। —ਹੁਕਮ ਸਿੰਘ, "ਸਿੱਖਾਂ ਨਾਲ ਬੇਵਫਾਈ" ਜਿਸਦਾ ਹਵਾਲਾ "ਹਿੰਦੂ-ਸਿੱਖ ਕਨਫਲਿਕਟ-ਕਾਜਜ਼ ਐਂਡ ਕਿਊਰ (ਟਰਾਂਸ ਏਸੀਆਟਿਕ ਇੰਡੀਆ ਟਾਈਮਜ਼, ਲੰਡਨ, 1983, ਪੰਛ 21-22)

28. ਪੰਜਾਬ ਤੇ ਸਿੱਖਾਂ ਨਾਲ ਆਪਣੇ ਵਤੀਰੇ ਵਿੱਚ ਸ਼੍ਰੀਮਤੀ ਗਾਂਧੀ ਨੇ ਇੱਕ ਦੂਰ-ਦ੍ਰਿਸ਼ਟੀ ਵਾਲੇ ਰਾਜਸੀ ਨੇਤਾ ਦੀ ਥਾਂ ਇੱਕ ਛੋਟੇ ਜਿਹੇ ਸਿਆਸੀ ਕਾਰਕੁਨ ਦੀ ਦੋਗਲੀ ਨੀਤੀ ਅਪਣਾਈ। ਸੂਬੇ ਦੀ ਮੰਗ ਪਰਵਾਨ ਕਰਦੀ ਦਿਖਾਈ ਦਿੰਦੀ ਸ਼੍ਰੀਮਤੀ ਗਾਂਧੀ ਨੇ ਪਹਿਲਾਂ ਪੰਜਾਬ ਤੋਂ ਇਹਦੀ ਰਾਜਧਾਨੀ ਚੰਡੀਗੜ੍ਹ ਖੋਹੀ ਤੇ ਮਗਰੋਂ ਇਸ ਦੇ ਬਦਲੇ ਪੰਜਾਬ ਉੱਪਰ ਫਾਜ਼ਲਕਾ ਅਬੋਹਰ ਹਰਿਆਣੇ ਨੂੰ ਦੇਣ ਦੀ ਸ਼ਰਤ ਲਾ ਦਿੱਤੀ ਭਾਵੇਂ ਇਹ ਪੰਜਾਬੀ ਬਹੁਗਿਣਤੀ ਵਾਲੇ ਸਨ ਤੇ ਉਹ ਹਰਿਆਣੇ ਦਾ ਨਾਲ ਲਗਵੇਂ ਵੀ ਨਹੀਂ ਸਨ। ਇਸਦਾ ਪ੍ਰਗਟਾਵਾ ਹੁਕਮ ਸਿੰਘ ਨੇ ਆਪਣੀ ਮੌਤ ਤੋਂ ਪਹਿਲਾਂ ਲਿਖੇ ਇੱਕ ਲੇਖ ਵਿੱਚ ਕੀਤਾ ਜੋ 11 ਅਪ੍ਰੈਲ 1983 ਨੂੰ ਇੰਡੀਅਨ ਐਕਸਪ੍ਰੈਸ ਵਿੱਚ ਛਪਿਆ। ਸ਼੍ਰੀਮਤੀ ਗਾਂਧੀ ਨੇ ਬੜੀ ਨਿਲੱਜਤਾ ਨਾਲ ਦੋਗਲੀ ਨੀਤੀ ਦੇ ਦੋਸ਼ ਨੂੰ ਮੰਨਦਿਆਂ ਇਸ ਨੂੰ ਹਿੰਦੂਆਂ ਦਾ ਸਮਰਥਨ ਲੈਣ ਖਾਤਰ ਸਹੀ ਠਹਿਰਾਇਆ। ਉਸ ਨੇ ਆਪਣੀਆਂ ਯਾਦਾਂ "ਮਾਈ ਟਰੁੱਥ" ਵਿੱਚ ਲਿਖਿਆ "ਮੈਂ ਚਵਾਨ ਪਾਸ ਗਈ ਤੇ ਕਿਹਾ ਕਿ ਮੈਂ ਸੁਣਿਆ ਹੈ ਕਿ ਲੋਕ ਸਭਾ ਸਪੀਕਰ ਸਰਕਾਰ ਹੁਕਮ ਸਿੰਘ ਪੰਜਾਬੀ ਸੂਬੇ ਦੇ ਸਮਰਥਨ ਵਿੱਚ ਰਿਪੋਰਟ ਦੇ ਰਹੇ ਹਨ। ਉਹਨਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਮੈਂ ਵੀ ਬਹੁਤ ਚਿੰਤਤ ਸੀ। ਮੈਂ ਕਈ ਲੋਕਾਂ ਕੋਲ ਗਈ 'ਅਕਾਲੀ ਮੰਗ ਮੰਨ ਲੈਣ ਦਾ ਮਤਲਬ ਉਸ ਦ੍ਰਿਸ਼ਟੀਕੋਣ ਦਾ ਤਿਆਗ ਸੀ ਜਿਸ ਤੇ ਕਾਂਗਰਸ ਵਚਨਬੱਧ ਸੀ ਤੇਇਹ ਹਿੰਦੂ ਸਮਰਥਕਾਂ ਨਾਲ ਬਣਾਏ ਜਾਣ ਵਾਲੇ ਸੂਬੇ ਵਿੱਚ ਧੋਖਾ ਦੇਣ ਵਾਲੀ ਗੱਲ ਹੋਵੇਗੀ। ਜੇ ਅਜਿਹਾ ਨਹੀਂ ਕਰਦੇ ਤਾਂ ਸਿੱਖ ਅੰਦੋਲਨ ਦਾ ਸਾਮ੍ਹਣੇ ਕਰਨਾ ਪਵੇਗਾ, ਜੋ ਹਿੰਸਕ ਹੋਵੇਗਾ।"

ਕੇਂਦਰੀ ਸਰਕਾਰ ਦਾ ਪੰਜਾਬੀ ਸੂਬੇ ਦੇ ਸੰਕਲਪ ਦੀ ਵਿਰੋਧਤਾ ਦਾ ਕਾਂਡ ਖਤਮ ਹੋ ਗਿਆ। ਇੰਦਰਾ ਗਾਂਧੀ ਜੋ ਸ਼ਾਸਤਰੀ ਦੀ ਉਤਰਾਧਿਕਾਰੀ ਵਜੋਂ ਪ੍ਰਧਾਨ ਮੰਤਰੀ ਬਣੀ ਤੇ ਜੋ ਮੁੱਢ ਵਿੱਚ ਆਪਣੇ ਪਿਤਾ ਵਾਂਗ ਹੀ ਸੂਬੇ ਦੀ ਵਿਰੋਧੀ ਸੀ, ਉਸ ਨੇ ਆਪਣੀ ਪਾਰਟੀ ਦੇ ਮਹਾਂਰਥੀਆਂ ਦੇ ਪੰਜਾਬੀ ਸਬੇ ਪ੍ਰਤੀ ਝੁਕਾਅ ਨੂੰ ਭਾਂਪ ਲਿਆ। ਉਸ ਨੇ ਇਨਸਾਫ਼ ਪਸੰਦ ਤੇ ਨਿਰਪੱਖ ਦਿਖਾਈ ਦਿੰਦਿਆਂ ਵੀ ਅਜਿਹਾ ਪੈਂਤੜਾ ਅਪਣਾਇਆ ਤੇ ਐਸੀਆਂ ਗੋਟਾਂ ਸੁੱਟੀਆਂ ਤੇ ਚਾਲਾਂ ਚਲੀਆਂ ਕਿ ਪੰਜਾਬੀ ਸੂਬਾ ਸਰਕਾਰ ਕਦੇ ਸਥਿਰ ਨ ਰਹੇ। 10 ਮਾਰਚ 1966 ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇੱਕ ਮਤਾ ਪਾਸ ਕਰ ਦਿੱਤਾ ਜਿਸ ਅਨੁਸਾਰ ਵਰਤਮਾਨ ਪੰਜਾਬ ਰਾਜ 'ਚੋਂ ਪੰਜਾਬੀ ਭਾਸ਼ੀ ਰਾਜ ਬਣਾਏ ਜਾਣ ਦੀ ਹਮਾਇਤ ਕੀਤੀ ਗਈ। ਸਰਕਾਰ ਨੂੰ ਲੋੜੀਂਦੇ ਕਦਮ ਉਠਾਉਣ ਲਈ ਬੇਨਤੀ ਕੀਤੀ ਗਈ।

ਇਸ ਮਤੇ ਦੀ ਸਖ਼ਤ ਵਿਰੋਧਤਾ ਹੋਈ। ਪਰ ਕਾਂਗਰਸ ਪਰਧਾਨ ਕਾਂਗਰਸ ਜੋ ਬਾਦਸ਼ਾਹ ਗਰ ਕਰਕੇ ਪ੍ਰਸਿੱਧ ਸੀ ਤੇ ਜਿਸਨੇ ਸ਼੍ਰੀਮਤੀ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਇਆ ਸੀ, ਉਸ ਦੇ ਨਾਲ ਬਹੁ-ਮੱਤ ਸੀ।[29] ਉਸ ਨੇ ਦਲੀਲ ਦਿੱਤੀ ਕਿ "ਪੰਜਾਬੀਆਂ ਨੂੰ ਉਸ ਰਾਸ਼ਟਰੀ ਸਿਧਾਂਤ ਦੇ ਲਾਭ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ਜਿਸ ਦਾ ਆਨੰਦ ਭਾਰਤ ਦੇ ਦੂਸਰੇ ਰਾਜਾਂ ਦੇ ਲੋਕ ਮਾਨ ਰਹੇ ਹਨ ਤੇ ਆਪਣੇ ਭਾਸ਼ਾਈ ਰਾਜਾਂ ਵਿੱਚ ਰਹਿਕੇ ਕਾਰਜ ਕਰ ਰਹੇ ਹਨ?" ਵਾਈ ਬੀ ਚਵਾਨ ਜੋ ਸਿੱਖਾਂ ਦੀ ਪਾਕਿਸਤਾਨ ਵਿਰੁੱਧ ਜੰਗ ਵਿੱਚ ਬਿਨਾਂ ਸ਼ਰਤ ਤੋਂ ਦਿੱਤੀ ਹਿਮਾਇਤ ਤੋਂ ਪੂਰਾ ਵਾਕਫ ਸੀ, ਉਸ ਨੇ ਵੀ ਪੂਰਾ ਸਮਰਥਨ ਦਿੱਤਾ। ਉਸ ਨੇ ਕਿਹਾ, 'ਕਿ ਪੰਜਾਬੀ ਸੂਬੇ ਦੀ ਮੰਗ ਬਾਰੇ ਫ਼ੈਸਲੇ ਵਿੱਚ ਇਸ ਦੀ ਭੂਗੋਲਕ ਸਥਿਤੀ ਕਰਕੇ ਹੋਰ ਦੇਰੀ ਨਹੀਂ ਕੀਤੀ ਜਾ ਸਕਦੀ।"[30] ਪਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮੰਨਣਾ ਪਿਆ। ਉਸ ਨੇ ਕਿਹਾ ਕਿ ਵਰਕਿੰਗ ਕਮੇਟੀ ਨੇ ਮਤਾ ਪਾਸ ਕਰ ਦਿੱਤਾ ਹੈ ਤੇ ਹੁਣ ਸਰਕਾਰ ਨੂੰ ਤਾਂ ਇਹ ਲਾਗੂ ਕਰਨਾ ਹੀ ਪੈਣਾ ਹੈ।"[31]

ਇੰਡੀਅਨ ਨੈਸ਼ਨਲ ਕਾਂਗਰਸ ਦੇ ਫ਼ੈਸਲੇ ਨੂੰ ਭਾਰਤ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੇ ਭਾਰਤੀ ਜਨਸੰਘ ਤੋਂ ਬਿਨਾਂ ਪਰਵਾਨ ਕਰ ਲਿਆ। ਉਸ ਨੇ ਕਾਂਗਰਸ ਮਤੇ ਦੀ ਨਿਖੇਧੀ ਕਰਦਿਆਂ ਦੇਸ਼ ਦੀ ਏਕਤਾ ਤੇ ਯਕ-ਜਹਿਤੀ ਦੀਆਂ ਸਮਰਥਕ ਸ਼ਕਤੀਆਂ ਲਈ ਭਾਰੀ ਧੱਕਾ ਆਖਿਆ। ਉਸ ਸਮੇਂ ਜਨ ਸੰਘ ਵਿੱਚ ਪੰਜਾਬੀ ਹਿੰਦੂਆਂ ਦਾ ਬੋਲ ਬਾਲਾ ਸੀ। ਇਸ ਦਾ ਪ੍ਰਧਾਨ ਬਲਰਾਜ ਮਧੋਕ, ਤੇ ਪੰਜਾਬ ਇਕਾਈ ਦਾ ਪ੍ਰਧਾਨ ਡਾ. ਬਲਦੇਵ ਪਰਕਾਸ਼ ਸੂਬੇ ਦੇ ਵਿਰੋਧ ਵਿੱਚ ਬਹੁਤ ਕੂਕਦੇ ਸਨ। ਪਾਰਟੀ ਨੇ ਜਨਤਕ ਮੁਜ਼ਾਹਰੇ ਕੀਤੇ। ਪੰਜਾਬ ਦੇ ਸ਼ਹਿਰਾਂ ਖ਼ਾਸ ਕਰਕੇ ਪਾਣੀਪਤ ਵਿੱਚ ਲੁੱਟਮਾਰ, ਅੱਗਾਂ ਲਾਉਣਾ ਤੇ

---

29. ਮੁਰਾਰ ਜੀ ਡੇਸਾਈ, ਜੋ ਮਗਰੋਂ ਉਪ ਪ੍ਰਧਾਨ ਮੰਤਰੀ ਬਣੇ, ਨੇ ਮੰਗ ਨੂੰ ਫਿਰਕਾਦਾਰਾਨਾ ਦੱਸਿਆ। ਉਸ ਦੇ ਸਮਰਥਕਾਂ ਵਿੱਚ ਬਿਜੂ ਪਟਨਾਇਕ, ਉੜੀਸਾ ਦਾ ਸਾਬਕਾ ਮੁੱਖ ਮੰਤਰੀ (ਜਿਸ ਨੂੰ ਕਮਿਸ਼ਨ ਨੇ ਭ੍ਰਿਸ਼ਟਾਚਾਰ ਦਾ ਦੋਸ਼ੀ ਪਾਇਆ ਸੀ) ਤੇ ਕੇਂਦਰੀ ਮੰਤਰੀ ਮੰਡਲ ਦਾ ਇੱਕ ਮੰਤਰੀ ਡਾ. ਰਾਮ ਸੁਭਾਗ ਸਿੰਘ ਸਨ। ਵੇਖੋ ਪੀ.ਸੀ. ਜੋਸ਼ੀ (ਸੰਪਾਦਕ) ਪੰਜਾਬੀ ਸੂਬਾ, ਏ ਸਿਮਪੋਜ਼ੀਅਮ, ਪੰ. 32।
30. ਹਿੰਦੁਸਤਾਨ ਟਾਈਮਜ਼, ਨਿਊ ਦਿਹਲੀ, 10 ਮਾਰਚ 1956
31. ਉਹੀ

ਖ਼ੂਨ ਖ਼ਰਾਬਾ ਹੋਇਆ। ਭਾਵੇਂ ਇਹ ਵਿਰੋਧ ਹਿੰਸਕ ਹੀ ਸੀ ਪਰ ਸੂਬਾ ਵਿਰੋਧੀ ਲਹਿਰ ਥੋੜ੍ਹਾ ਚਿਰ ਹੀ ਚੱਲੀ ਕਿਉਂਕਿ ਹਰਿਆਣੇ ਤੇ ਹਿਮਾਚਲ ਦੇ ਹਿੰਦੀ ਬੋਲਦੇ ਲੋਕ ਵੀ ਇਹਦੇ ਹਿਮਾਇਤੀ ਸਨ। ਸਿਰਫ਼ ਪੰਜਾਬੀ ਹਿੰਦੂ ਹੀ ਸਮੇਂ ਦੀ ਤੋਰ ਨਾਲ ਕਦਮ ਮਿਲਾਕੇ ਨਹੀਂ ਚੱਲ ਰਿਹਾ ਸੀ। ਛੇਤੀ ਹੀ ਉਹਨਾਂ ਨੂੰ ਇਹ ਸੱਚਾਈ ਸਪੱਸ਼ਟ ਹੋ ਗਈ ਕਿ ਆਪਣੀ ਮਾਤਭਾਸ਼ਾ ਤੋਂ ਮੁਨਕਰ ਹੋਕੇ ਉਹ ਆਪਣੀਆਂ ਜੜ੍ਹਾਂ ਕੱਟ ਰਹੇ ਹਨ ਕਿਉਂਕਿ ਪੰਜਾਬੀ ਬੋਲਦੇ ਲੋਕ ਹੋਣ ਕਾਰਨ ਉਹ ਹਰਿਆਣਾ ਤੇ ਹਿਮਾਚਲ ਦੇ ਹਿੰਦੀ ਬੋਲਦੇ ਇਲਾਕਿਆਂ ਵਿੱਚ ਅਜਨਬੀ ਹੋ ਜਾਣਗੇ।

ਜਸਟਿਸ ਜੇ.ਸੀ. ਸ਼ਾਹ, ਐਸ ਦੱਤ ਤੇ ਐਮ.ਐਮ. ਫਿਲਿੱਪ ਤੇ ਆਧਾਰਿਤ ਹੱਦਬੰਦੀ ਕਮਿਸ਼ਨ ਦੀ 23 ਅਪ੍ਰੈਲ 1966 ਨੂੰ ਇਹ ਵੇਖਣ ਲਈ ਸਥਾਪਨਾ ਕੀਤੀ ਗਈ ਕਿ ਉਹ ਵਰਤਮਾਨ ਪੰਜਾਬ ਰਾਜ ਦੇ ਹਿੰਦੀ ਤੇ ਪੰਜਾਬੀ ਖੇਤਰਾਂ ਵਿੱਚ ਜੇ ਤਬਦੀਲੀ ਦੀ ਲੋੜ ਹੋਵੇ, ਪੰਜਾਬ ਤੇ ਹਰਿਆਣੇ ਵਿੱਚ ਭਾਸ਼ਾਈ ਇਕਸਾਰਤਾ ਦੀ ਸਿਫ਼ਾਰਸ਼ ਕਰੇ। ਸੰਕੇਤਕ ਸ਼ਰਤਾਂ ਇਸ ਤਰ੍ਹਾਂ ਘੜੀਆਂ ਗਈਆਂ ਕਿ ਪੰਜਾਬੀ ਸੂਬੇ ਨੂੰ ਉਹਦੇ ਉਚਿੱਤ ਹੱਕ ਤੋਂ ਵੀ ਵੰਚਿਤ ਕੀਤਾ ਜਾ ਸਕੇ। ਉਦਾਹਰਨ ਦੇ ਤੌਰ ਤੇ ਕਮਿਸ਼ਨ ਨੂੰ 1961 ਦੀ ਜਨ-ਗਣਨਾ ਨੂੰ ਸਾਮ੍ਹਣੇ ਰੱਖਣ ਲਈ ਕਿਹਾ ਗਿਆ ਜਦੋਂ ਕਿ ਸਭ ਜਾਣਦੇ ਸਨ ਕਿ ਪੰਜਾਬੀ ਹਿੰਦੂਆਂ ਦੇ ਇੱਕ ਬਹੁਤ ਵੱਡੇ ਵਰਗ ਨੇ ਆਪਣੀ ਮਾਤ ਭਾਸ਼ਾ ਬਾਰੇ ਗ਼ਲਤ ਉੱਤਰ ਦਰਜ ਕਰਵਾਏ ਸਨ।[33] ਜੋ ਕਿ ਭਰੋਸੇ ਯੋਗ ਨਹੀਂ ਸੀ। ਦੂਸਰੀ ਉਦਾਹਰਨ ਇਹ ਵੀ ਸੀ ਕਿ ਪਿੰਡ ਨੂੰ ਇਕਾਈ ਮੰਨਣ ਦੀ ਥਾਂ ਜਿਵੇਂ ਕਿ ਪਹਿਲਾਂ ਤੋਂ ਪਰੰਪਰਾ ਚਲੀ ਆ ਰਹੀ ਸੀ, ਕਮਿਸ਼ਨ ਨੂੰ ਅਜਿਹੀਆਂ ਸਿਫ਼ਾਰਸ਼ਾਂ ਕਰਨ ਲਈ ਕਿਹਾ ਗਿਆ ਜਿਸ ਨਾਲ ਤਹਿਸੀਲ ਨਾ ਵੰਡਣੀ ਪਏ। ਅਸਲੀ ਪੁਆੜੇ ਦੀ ਜੜ੍ਹ ਚੰਡੀਗੜ੍ਹ ਸੀ ਜੋ ਖਰੜ ਤਹਿਸੀਲ ਵਿੱਚ ਸੀ। 1961 ਦੀ ਜਣ-ਗਣਨਾ ਅਨੁਸਾਰ ਚੰਡੀਗੜ੍ਹ ਦੀ ਹਿੰਦੀ ਬੋਲਦੀ ਵਸੋਂ ਦੀ ਗਿਣਤੀ 55.2% ਸੀ। ਜਸਟਿਸ ਸ਼ਾਹ ਤੇ ਫਿਲਿਪ ਨੂੰ ਚੰਡੀਗੜ੍ਹ ਹਰਿਆਣੇ ਨੂੰ ਸੌਂਪ ਦੇਣ ਵਿੱਚ ਕੋਈ ਮਨੋਸੰਤਾਪ ਜਾਂ ਧੁਖਧੁਖੀ ਨਹੀਂ ਸੀ। ਐਸ. ਦੱਤ ਨੇ ਸਿਫ਼ਾਰਸ਼ ਨਾਲ ਅਸਹਿਮਤੀ ਪਰਗਟ ਕੀਤੀ ਤੇ ਸਿਫ਼ਾਰਸ਼ ਕੀਤੀ ਕਿ ਇਹ ਪੰਜਾਬ ਨੂੰ ਦਿੱਤਾ ਜਾਵੇ। ਬਹੁ-ਗਿਣਤੀ ਦੀ ਰਿਪੋਰਟ ਜਿਸ ਵਿੱਚ ਚੰਡੀਗੜ੍ਹ, ਜੋ ਵਿਸ਼ੇਸ਼ ਕਰਕੇ ਪੰਜਾਬ ਦੀ ਰਾਜਧਾਨੀ ਦੇ ਤੌਰ ਤੇ ਹੀ ਬਣਾਇਆ ਗਿਆ ਸੀ, ਹਰਿਆਣੇ ਨੂੰ ਸੌਂਪਣ ਲਈ ਕਿਹਾ ਗਿਆ ਜਿਸ ਤੇ ਬਹੁਤ ਰੌਲਾ-ਰੱਪਾ ਪਿਆ।

---

32. ਪੀ.ਸੀ. ਜੋਸ਼ੀ (ਸੰਪ.) ਪੰਜਾਬੀ ਸੂਬਾ, ਦੇ ਸਿੰਮਪੋਜ਼ੀਅਮ, ਪੰ. 86
33. 1955 ਵਿੱਚ ਵੀ ਰਾਜਾਂ ਦੇ ਹੱਦ ਬੰਦੀ ਕਮਿਸ਼ਨ ਨੇ ਹਿੰਦੂ ਫਿਰਕੇ ਦੇ ਇੱਕ ਵੱਡੇ ਵਰਗ ਵਲੋਂ ਪੰਜਾਬੀ ਭਾਸ਼ਾ ਨੂੰ ਮਾਤ ਭਾਸ਼ਾ ਮੰਨਣ ਤੋਂ ਇਨਕਾਰ ਕਰਨ ਦਾ ਉਲੇਖ ਕੀਤਾ ਸੀ। ਇਸ ਕਾਰਨ ਪਿਛਲੀ ਜਣਗਣਨਾ ਸਮੇਂ ਹਿੰਦੀ ਪੰਜਾਬੀ ਬੋਲਦੇ ਲੋਕਾਂ ਦਾ ਵੱਖਰਾ ਸਾਰਨੀਕਰਨ ਖ਼ਤਮ ਕਰਨਾ ਪਿਆ। 1951 ਦੀਆਂ ਚੋਣਾਂ ਪਿੱਛੋਂ ਭਾਰਤੀ ਗ੍ਰਹਿ ਮੰਤਰੀ ਨੇ ਲੋਕ ਸਭਾ ਵਿੱਚ ਕਿਹਾ : "ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਭਾਸ਼ਾਈ ਇੰਦਰਾਜ ਆਮ ਤੌਰ 'ਤੇ ਗ਼ਲਤ ਹੁੰਦੇ ਹਨ ਕਿ ਉਹਨਾਂ ਦੀ ਭਾਸ਼ਾ ਹਿੰਦੀ ਹੈ ਜਾਂ ਪੰਜਾਬੀ।" 1961 ਦੀ ਜਨ-ਗਣਨਾ ਵਿੱਚ ਇਹ ਮੁਹਿੰਮ ਹੋਰ ਵੀ ਸ਼ਕਤੀਸ਼ਾਲੀ ਤੇ ਤੇਜ਼ ਹੋ ਗਈ ਸੀ।

ਕੇਂਦਰੀ ਸਰਕਾਰ ਨੇ ਆਪਣੇ ਬੁਣੇ ਹੋਏ ਜਾਲ 'ਚੋਂ ਨਿਕਲਣ ਦਾ ਇਹ ਰਾਹ ਲੱਭਿਆ ਕਿ ਚੰਡੀਗੜ੍ਹ ਨੂੰ ਕੇਂਦਰੀ ਇਲਾਕਾ ਮੰਨ ਲਿਆ ਜਾਵੇ ਤੇ ਦੋਵੇਂ ਰਿਆਸਤਾਂ ਇਸਨੂੰ ਆਪਣੀ ਰਾਜਧਾਨੀ ਬਣਾਕੇ ਵਰਤਣ। ਇਸ ਤਰ੍ਹਾਂ ਪੰਜਾਬੀ ਸੂਬੇ ਦੀ ਮੰਗ ਤਾਂ ਮੰਨ ਲਈ ਗਈ ਪਰ ਇਸਦੀ ਇਕੱਲੇ ਦੀ ਆਪਣੀ ਕੋਈ ਰਾਜਧਾਨੀ ਨਾ ਰਹੀ। ਪੰਜਾਬ ਨੂੰ 20254 ਵਰਗ ਮੀਲ ਇਲਾਕਾ ਦਿੱਤਾ ਗਿਆ ਜਿਸ ਵਿੱਚ ਜਾਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫ਼ਿਰੋਜ਼ਪੁਰ, ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਕਪੂਰਥਲਾ ਤੇ ਕੁਝ ਭਾਗ ਗੁਰਦਾਸਪੁਰ, ਅੰਬਾਲਾ ਤੇ ਸੰਗਰੂਰ ਦੇ ਸ਼ਾਮਲ ਸਨ। ਇਸਦੀ ਵਸੋਂ 115,84 ਲੱਖ ਦੀ ਜਿਸ 'ਚੋਂ 56-60% ਸਿੱਖ ਸਨ।

ਹਰਿਆਣਾ ਨੂੰ 16835 ਵਰਗ ਮੀਲ ਇਲਾਕਾ ਮਿਲਿਆ। ਉਸਦੀ ਵਸੋਂ 7527 ਲੱਖ ਸੀ ਜਿਸ ਵਿੱਚ ਸਿੱਖਾਂ ਦੀ ਵਸੋਂ 5% ਸੀ। ਹਿਮਾਚਲ 10215 ਵਰਗ ਮੀਲ ਤੇ ਆਧਾਰਿਤ ਸੀ। ਇਸਦੀ ਵਸੋਂ 1196 ਲੱਖ ਸੀ ਜਿਸ ਵਿੱਚ ਸਿੱਖ ਵਸੋਂ 2% ਸੀ।

ਭਾਵੇਂ ਨਵੀਆਂ ਹੱਦਾਂ ਪੂਰੀ ਤਰ੍ਹਾਂ ਲੋਕਾਂ ਦੀ ਭਾਸ਼ਾਈ ਵੰਡ ਅਨੁਸਾਰ ਨਹੀਂ ਸੀ ਫਿਰ ਵੀ ਪੰਜਾਬੀ ਸੂਬੇ ਦੀ ਸਥਾਪਨਾ ਨਾਲ ਇੱਕ ਰਾਜ ਵਿੱਚ ਸਿੱਖਾਂ ਦੀ 80% ਵਸੋਂ ਇੱਕ ਥਾਂ ਇਕੱਠੀ ਕਰਨ ਵਿੱਚ ਸਫਲਤਾ ਮਿਲ ਗਈ। ਇੱਕੋ ਇੱਕ ਹੋਰ ਥਾਂ ਜਿੱਥੇ ਸਿੱਖ ਸਮੂਹਕ ਰੂਪ ਵਿੱਚ ਟਿੱਕੇ ਹੋਏ ਸਨ, ਉਹ ਭਾਰਤ ਦੀ ਰਾਜਧਾਨੀ ਦਿੱਲੀ ਸੀ ਜਿੱਥੇ 3 ਲੱਖ ਤੋਂ ਵਧੀਕ ਗਿਣਤੀ ਨਾਲ ਸਿੱਖ ਦਿੱਲੀ ਦੀ ਕੁਲ ਵਸੋਂ ਦਾ 7% ਸਨ।

ਸੂਬੇ ਨੇ ਇਹਦੇ ਵਿਰੋਧੀਆਂ ਦੇ ਤੌਖਲੇ ਗਲਤ ਸਿੱਧ ਕਰ ਦਿੱਤੇ। ਹਿੰਦੂਆਂ ਤੇ ਸਿੱਖਾਂ ਵਿੱਚ ਤਨਾਓ ਵੱਧਣ ਦੀ ਥਾਂ, ਅਚਾਨਕ ਫਿਰਕੂ ਜਜ਼ਬਾਤਾਂ ਵਿੱਚ ਸੁਖਾਵਾਂਪਨ ਆ ਗਿਆ ਤੇ ਕਈਆਂ ਸਾਲਾਂ ਦੇ ਮੋਰਚਿਆਂ ਤੇ ਪ੍ਰਤੀ ਉੱਤਰ ਵਜੋਂ ਲਾਏ ਮੋਰਚਿਆਂ ਦਾ ਪੈਦਾ ਕੀਤਾ ਜਜ਼ਬਾਤੀ ਸੰਕਟ ਟਲ ਗਿਆ। ਦੋਹਾਂ ਫਿਰਕਿਆਂ ਦੇ ਗਰਮਖਿਆਲੀਏ ਅਲੱਗ ਥਲੱਗ ਪੈ ਗਏ। ਇਸ ਨਾਲ ਪ੍ਰਭੁਤਾ ਸੰਪਨ ਸਿੱਖ ਰਾਜ ਦੀ ਮੰਗ ਦੀ ਹਵਾ ਵੀ ਨਿਕਲ ਗਈ। ਆਪਣੇ ਫਿਰਕੇ ਦੀ ਭਾਰੀ ਬਹੁ-ਗਿਣਤੀ ਦੇ ਜਜ਼ਬਾਤ ਨੂੰ ਵਿਅਕਤ ਕਰਦਿਆਂ ਸੰਤ ਫਤਿਹ ਸਿੰਘ ਨੇ ਕਿਹਾ, "ਪੰਜਾਬੀ ਸੂਬਾ ਸਾਡੀ ਆਖਰੀ ਮੰਗ ਹੈ।" ਉਸ ਨੇ ਅੱਗੇ ਕਿਹਾ, "ਮੇਰਾ ਖਿਆਲ ਹੈ ਕਿ ਅਕਾਲੀਆਂ ਦੇ ਘੱਟ ਰਹੇ ਧੜੇ ਦੀ ਮਾਸਟਰ ਤਾਰਾ ਸਿੰਘ ਵਲੋਂ ਇਹ ਮੰਗ ਫਜ਼ੂਲ ਸੀ ਤੇ ਅਮਲੀ ਰੂਪ ਵਿੱਚ ਇਹ ਹੁਣ ਠੁੱਸ ਹੋ ਗਈ ਹੈ।"[34]

ਇਸ ਦੇ ਨਾਲ ਇਸ ਨੇ ਪੰਜਾਬੀ ਹਿੰਦੂਆਂ ਵਿੱਚ ਸਿੱਖ ਵਿਰੋਧੀ ਤੇ ਸੂਬਾ ਵਿਰੋਧੀ ਅੰਸ਼ਾਂ ਦੇ ਆਪੇ ਬਣਾਈ ਮਹੱਤਤਾ ਦੀ ਫੂਕ ਕੱਢ ਦਿੱਤੀ ਹੈ। ਇਹ ਭਾਰਤੀ ਜਨ ਸੰਘ ਦੀ ਲੋਕ-ਪ੍ਰੀਯਤਾ ਵਿੱਚ ਆਏ ਨਾਟਕੀ ਨਿਘਾਰ ਤੋਂ ਪਰਗਟ ਹੁੰਦਾ ਸੀ। ਇਹ ਬੱਸ ਕੇਵਲ ਪੰਜਾਬ ਨੂੰ ਦੋਭਾਸ਼ੀ ਸੂਬਾ ਬਣਾਈ ਰੱਖਣ ਤੇ ਸਕੂਲ ਵਿੱਚ ਮਾਂ ਪਿਓ ਨੇ ਆਪਣੇ ਬੱਚਿਆਂ ਨੂੰ ਕਿਹੜੀ ਭਾਸ਼ਾ ਪੜ੍ਹਾਉਂਦੀ ਹੈ, ਉਹਦੀ ਮੰਗ ਲਈ ਅੰਦੋਲਨ ਕਰਨ ਜੋਗੀ ਹੀ ਰਹਿ ਗਈ ਸੀ।

ਰਾਜ ਦੇ ਪੁਨਰ-ਗਠਨ ਵਿੱਚ ਸਹਾਇਤਾ ਦੇਣ ਲਈ ਪੰਜਾਬ ਵਿੱਚ ਗਵਰਨਰੀ ਰਾਜ

---

34. ਪੀ.ਸੀ. ਜੋਸ਼ੀ (ਸੰ.) ਪੰਜਾਬੀ ਸੂਬਾ-ਇਕ ਗੋਸ਼ਟੀ, ਪੰ. 120

ਲਾਗੂ ਕਰ ਦਿੱਤਾ ਗਿਆ ਤੇ ਧਰਮਵੀਰ ਆਈ.ਏ. ਐਸ ਨੂੰ ਗਵਰਨਰ ਬਣਾ ਕੇ ਭੇਜਿਆ ਗਿਆ। ਜਿਉਂ ਹੀ ਹੱਦਬੰਦੀ ਪੂਰੀ ਹੋ ਗਈ ਹੈ ਤਿੰਨਾ ਹੀ ਨਵੇਂ ਰਾਜਾਂ ਵਿੱਚ ਨਵੀਆਂ ਸਰਕਾਰਾਂ ਕਾਇਮ ਕਰ ਦਿੱਤੀਆਂ ਗਈਆਂ।[35] ਰਾਮ ਕਿਸ਼ਨ ਦੀ ਥਾਂ ਤੇ ਗੁਰਮੁਖ ਸਿੰਘ ਮੁਸਾਫ਼ਿਰ ਮੁਖ ਮੰਤਰੀ ਬਣਾ ਦਿੱਤੇ ਗਏ। ਭਗਵਤ ਦਿਆਲ ਸ਼ਰਮਾ ਤੇ ਡਾ. ਪਰਮਾਰ ਕ੍ਰਮਵਾਰ ਹਰਿਆਣਾ ਤੇ ਹਿਮਾਚਲ ਦੇ ਮੁੱਖ ਮੰਤਰੀ ਬਣਾਏ ਗਏ।

ਇਹ ਕੋਈ ਕੁਦਰਤੀ ਹੀ ਨਹੀਂ ਸੀ ਕਿ ਜਿਉਂ ਹੀ ਪੰਜਾਬ ਦੀ ਭਾਸ਼ਾ ਦੇ ਆਧਾਰ ਤੇ ਵੰਡ ਕੀਤੀ ਗਈ ਤਾਂ ਇਸ ਸੂਬੇ ਵਿੱਚ ਨਵੇਂ ਬਣਾਏ ਤਿੰਨਾ ਹੀ ਰਾਜਾਂ ਨੇ ਖੇਤੀ, ਬਾਗਬਾਨੀ ਤੇ ਉਦਯੋਗ ਵਿੱਚ ਬੜੀ ਤਰੱਕੀ ਕੀਤੀ। ਪੰਜਾਬੀ ਸੂਬੇ ਨੇ ਖੇਤੀ ਦੇ ਢੰਗਾਂ ਦੇ ਆਧੁਨੀਕਰਨ ਵਿੱਚ ਸਾਰੇ ਭਾਰਤ ਦੀ ਅਗਵਾਨੀ ਕੀਤੀ ਤੇ ਉਸ ਦੇ ਮਗਰੇ ਮਗਰ ਹਰਿਆਣਾ ਤੁਰਿਆ। ਏਥੋਂ ਤੱਕ ਕਿ ਪਹਾੜਾਂ ਵਿੱਚ ਘਿਰਿਆ ਹਿਮਾਚਲ ਪਰਦੇਸ਼ ਵੀ ਆਲੂਆਂ ਤੇ ਫਲਾਂ ਦੀ ਖੇਤੀ ਦਾ ਭੰਡਾਰੀ ਬਣਨ ਵਿੱਚ ਸਾਰੇ ਮੁਲਕ ਤੋਂ ਅੱਗੇ ਨਿਕਲ ਗਿਆ।[36]

ਫਰਵਰੀ 1967 ਵਿੱਚ ਆਮ ਚੋਣਾਂ ਹੋਈਆਂ। ਅਕਾਲੀਆਂ, ਜਨਸੰਘ ਤੇ ਕਮਿਊਨਿਸਟਾਂ ਤੇ ਆਧਾਰਿਤ ਸਾਂਝੇ ਫਰੰਟ ਨੇ 104 ਦੀ ਅਸੈਂਬਲੀ ਵਿਚੋਂ 53 ਸੀਟਾਂ ਲੈਕੇ ਬਹੁ-ਗਿਣਤੀ ਪ੍ਰਾਪਤ ਕਰ ਲਈ ਤੇ ਕਾਂਗਰਸ ਨੂੰ ਹਰਾ ਦਿੱਤਾ ਜਿਸਨੂੰ ਸਿਰਫ਼ 43 ਸੀਟਾਂ ਹੀ ਮਿਲੀਆਂ। ਕਾਂਗਰਸ ਦੇ ਹਾਰਨ ਵਾਲੇ ਉਮੀਦਵਾਰਾਂ ਵਿੱਚ ਮੁਖ ਮੰਤਰੀ ਮੁਸਾਫ਼ਿਰ ਵੀ ਸੀ ਜਿਸਨੂੰ ਨਵੇਂ ਉੱਠ ਰਹੇ ਕਮਿਊਨਿਸਟ ਆਗੂ ਸਤਿਆਪਾਲ ਡਾਂਗ ਨੇ ਹਰਾ ਦਿੱਤਾ।[37]

---

35. ਗੁਰਮੁਖ ਸਿੰਘ ਮਸਾਫਿਰ (1899-1984) ਦਾ ਜਨਮ ਅਧਵਾਲ ਵਿੱਚ ਜ਼ਿਲਾ ਕੈਂਬਲਪੁਰ ਵਿੱਚ ਚੱਢਾ ਖੱਤਰੀਆਂ ਦੇ ਘਰ ਹੋਇਆ। "ਮੁਸਾਫਿਰ" ਉਹਦਾ ਕਵੀ ਵਜੋਂ ਉਪਨਾਮ (ਤੁਖੱਲਸ) ਸੀ। ਉਹ 1930 ਵਿੱਚ ਅਕਾਲ ਤਖਤ ਦਾ ਜੱਥੇਦਾਰ ਬਣਿਆ ਤੇ 1932 ਵਿੱਚ ਸ੍ਰ. ਗੁ, ਪ੍ਰ. ਕਮੇਟੀ ਦਾ ਸਕੱਤਰ ਰਿਹਾ। ਉਸਨੇ 1942-45 ਦੀ ਭਾਰਤ ਛੱਡੋ ਲਹਿਰ ਵਿੱਚ ਹਿੱਸਾ ਲਿਆ ਤੇ ਕੈਦ ਕੱਟੀ। ਉਹ 1947 ਵਿੱਚ ਕਾਨੂਨਸਾਜ਼ ਅਸੈਂਬਲੀ ਦਾ ਮੈਂਬਰ ਸੀ ਤੇ 1952 ਤੋਂ 10 ਸਾਲ ਲਈ ਪੰਜਾਬ ਪਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਰਿਹਾ। 1957 ਵਿੱਚ ਉਹ ਅੰਮ੍ਰਿਤਸਰ ਤੋਂ ਲੋਕ-ਸਭਾ ਦਾ ਮੈਂਬਰ ਚੁਣਿਆ ਗਿਆ ਤੇ ਬਾਅਦ ਵਿੱਚ ਰਾਜਯ ਸਭਾ ਦਾ ਮੈਂਬਰ ਵੀ ਬਣਿਆ।
36. ਇਸ ਸੁਖਾਵੀਂ ਤਬਦੀਲੀ ਲਈ ਅੰਕੜੇ ਮੂੰਹ ਬੋਲਦੇ ਹਨ। 1971-72 ਵਿੱਚ ਪੰਜਾਬੀਆਂ ਦੀ ਪਰਚਲਤ ਕੀਮਤਾਂ ਦੇ ਆਧਾਰ ਤੇ ਜੀ ਪ੍ਰਤੀ ਆਮਦਨ 995 ਸੀ ਜੋ ਕਿਸੇ ਵੀ ਰਿਆਸਤ ਨਾਲੋਂ ਵੱਧ ਤੇ ਭਾਰਤ ਦੀ ਔਸਤ 645 ਨਾਲੋਂ ਬਹੁਤ ਜ਼ਿਆਦਾ ਸੀ। ਹਰਿਆਣਾ 829 ਨਾਲ ਦੂਸਰੇ ਨੰਬਰ ਤੇ ਸੀ। ਏਥੋਂ ਤੱਕ ਕਿ ਹਿਮਾਚਲ ਵੀ ਜੋ ਸਭ ਤੋਂ ਗਰੀਬ ਰਾਜਾਂ ਵਿੱਚ ਗਿਣਿਆ ਜਾਂਦਾ ਸੀ, ਉਸ ਦੀ ਸਥਿਤੀ ਵਿੱਚ ਵੀ ਸੁਧਾਰ ਆਇਆ ਤੇ ਉਹਦੀ ਆਮਦਨੀ ਪ੍ਰਤੀ ਜੀ ਪ੍ਰਤੀ ਸਾਲ 563 ਹੋ ਗਈ।
37. ਸਤਯ ਪਾਲ ਡਾਂਗ (ਜਨਮ 1923) ਪਿੰਡ ਰੋਜਰਾ ਜ਼ਿਲਾ ਲਾਇਲਪੁਰ ਵਿੱਚ ਪੈਦਾ ਹੋਇਆ ਸੀ ਜੋ ਹੁਣ ਪਾਕਿਸਤਾਨ ਵਿੱਚ ਰਹਿ ਗਿਆ ਹੈ। ਉਹ ਗੁਰਨਾਮ ਸਿੰਘ ਦੇ ਮੰਤਰੀ ਮੰਡਲ ਵਿੱਚ ਖ਼ੁਰਾਕ ਮੰਤਰੀ ਸੀ।

ਸਾਂਝੇ ਮੋਰਚੇ ਨੇ ਗੁਰਨਾਮ ਸਿੰਘ ਨੂੰ ਮੁੱਖ ਮੰਤਰੀ ਚੁਣਿਆ।[38] ਉਹਦੇ ਮੰਤਰੀ ਮੰਡਲ ਦੇ ਸਹਿਯੋਗੀਆਂ ਵਿੱਚ ਡਾ. ਬਲਦੇਵ ਪਰਕਾਸ਼ (ਜੋ ਕੁਝ ਚਿਰ ਪਹਿਲਾਂ ਤੱਕ ਪੰਜਾਬੀ ਸੂਬੇ ਦਾ ਕੱਟੜ ਵਿਰੋਧੀ ਰਿਹਾ ਸੀ) ਲੱਛਮਣ ਸਿੰਘ ਗਿੱਲ, (ਜੋ ਉਹਦੇ ਜਿਤਨਾ ਹੀ ਪੰਜਾਬੀ ਸੂਬੇ ਦਾ ਕੱਟੜ ਸਮਰਥਕ ਸੀ) ਤੇ ਸਤਯਪਾਲ ਡਾਂਗ ਸ਼ਾਮਲ ਸਨ।

ਇਹ ਛੇਤੀ ਹੀ ਜ਼ਾਹਰ ਹੋ ਗਿਆ ਕਿ ਜਿਹੜੇ ਅਕਾਲੀ ਪੰਜਾਬੀ ਸੂਬੇ ਦੇ ਸੁਆਲ ਤੇ ਸਿੱਖ ਜਨਤਾ ਦਾ ਸਮਰਥਨ ਪ੍ਰਾਪਤ ਕਰ ਲੈਂਦੇ ਸਨ, ਹੁਣ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਪਿੱਛੋਂ ਭੰਬਲ ਭੂਸੇ ਵਿੱਚ ਸਨ ਕਿ ਉਹ ਹੁਣ ਅੱਗੋਂ ਕੀ ਕਰਨ। ਸੰਤ ਫਤਿਹ ਸਿੰਘ ਜੋ ਅਕਾਲੀਆਂ ਦੇ ਸਭ ਤੋਂ ਵੱਡੇ ਧੜੇ ਦਾ ਆਗੂ ਸੀ ਉਸ ਨੇ ਐਲਾਨ ਕਰ ਦਿੱਤਾ ਕਿ ਜਿਹੜੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ ਹਨ, ਉਹਨਾਂ ਨੂੰ ਭਾਸ਼ਾਈ ਲੀਹਾਂ ਦੇ ਆਧਾਰ ਤੇ ਦੁਬਾਰਾ ਹੱਦਬੰਦੀ ਕਰਕੇ ਪੰਜਾਬ ਵਿੱਚ ਸ਼ਾਮਲ ਕੀਤਾ ਜਾਵੇ ਤੇ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ। ਛੋਟੇ ਪਰ ਵਧੇਰੇ ਰੌਲਾ ਪਾਉਣ ਵਾਲੇ ਮਾਸਟਰ ਤਾਰਾ ਸਿੰਘ ਦੇ ਧੜੇ ਨੇ ਤਾਂ ਇਹ ਗੱਲ ਨਸ਼ਰ ਹੀ ਕਰ ਦਿੱਤੀ ਕਿ ਉਹਨਾਂ ਨੇ ਭਾਸ਼ਾ ਨੂੰ ਤਾਂ ਐਸੇ ਰਾਜ ਦੀ ਪ੍ਰਾਪਤੀ ਲਈ ਵਰਤਿਆ ਹੈ ਜਿਸ ਵਿੱਚ ਸਿੱਖਾਂ ਦੀ ਬਹੁ-ਗਿਣਤੀ ਹੋਵੇ ਜਿਸ ਵਿੱਚ ਉਹ ਸਿੱਖ ਰਿਵਾਇਤਾਂ ਤੇ ਪਛਾਣ ਨੂੰ ਕਾਇਮ ਰੱਖ ਸਕਣ। ਪ੍ਰੰਤੂ ਉਹ ਵੀ ਪੂਰੀ ਤਰ੍ਹਾਂ ਆਪਣੀ ਮੰਗ ਨੂੰ ਵਿਸਥਾਰ ਨਾਲ ਸਪੱਸ਼ਟ ਨ ਕਰ ਸਕੇ। ਇਸ ਬਹੁਤੀ ਤਿੱਖੀ ਸੁਰ ਵਾਲੇ ਧੜੇ 'ਚੋਂ ਇੱਕ ਹੋਰ ਗਰਮ ਖਿਆਲੀ ਧੜਾ ਪੈਦਾ ਹੋ ਗਿਆ ਜੋ ਆਜ਼ਾਦ ਸਿੱਖ ਰਾਜ ਕਾਇਮ ਕਰਨ ਦੀ ਪ੍ਰਤਿਗਿਆ ਕਰੀ ਬੈਠਾ ਸੀ।[39]

ਕਿਸੇ ਵੀ ਆਰਥਕ, ਸਮਾਜਕ ਤੇ ਰਾਜਸੀ ਉਦੇਸ਼ਾਂ ਦੀ ਅਣਹੋਂਦ ਕਾਰਨ ਤੇ ਜਿਹਨਾਂ ਧੜਿਆਂ ਨਾਲ ਪੰਜਾਬੀ ਸਿਆਸਤਦਾਨ ਸੰਬੰਧਿਤ ਸਨ ਉਹਨਾਂ ਪ੍ਰਤੀ ਵਫ਼ਾਦਾਰ ਨਾ ਹੋਣ ਕਾਰਨ, ਨਿੱਜੀ ਉਨੱਤੀ ਹੀ ਉਹਨਾਂ ਦਾ ਮੁੱਖ ਨਿਸ਼ਾਨਾ ਤੇ ਪ੍ਰੇਰਨਾ ਬਣ ਗਈ। ਆਉਣ ਵਾਲੇ ਸਾਲਾਂ ਵਿੱਚ ਉਹ ਦਲਬਦਲੀ ਤੇ ਪਾਰਟੀ ਬਾਜ਼ੀ ਵਿੱਚ ਉਲਝ ਗਏ। ਸਭ ਤੋਂ ਪਹਿਲਾਂ ਕਾਂਗਰਸ ਪਾਰਟੀ ਦੇ ਆਗੂ ਗਿਆਨ ਸਿੰਘ ਰਾੜੇ ਵਾਲਾ ਨੇ ਮਾਸਟਰ ਤਾਰਾ ਸਿੰਘ ਦੇ ਧੜੇ ਦੇ ਨੇਤਾ ਲਛਮਣ ਸਿੰਘ ਗਿੱਲ ਨੂੰ ਨਾਲ ਗੰਢਕੇ 8 ਮਾਰਚ 1967 ਤੋਂ ਲੈਕੇ 25

38. ਗੁਰਨਾਮ ਸਿੰਘ (1899-1973) ਦਾ ਜਨਮ ਨਾਰੰਗਵਾਲ ਜ਼ਿਲਾ ਲੁਧਿਆਣਾ ਵਿੱਚ ਹੋਇਆ। ਉਹ ਇੱਕ ਵਕੀਲ ਸੀ ਜੋ 1959 ਵਿੱਚ ਪੰਜਾਬ ਹਾਈ ਕੋਰਟ ਜਾਂ ਜੱਜ ਰਿਟਾਇਰ ਹੋਣ ਪਿੱਛੋਂ ਰਾਜਨੀਤੀ ਵਿੱਚ ਆਇਆ। ਉਸ ਦੀ ਮੌਤ ਇੱਕ ਹਵਾਈ ਹਾਦਸੇ ਵਿੱਚ ਹੋ ਗਈ ਸੀ।
39. ਇਸ ਧੜੇ ਦਾ ਆਗੂ ਮਗਰੋਂ ਜਗਜੀਤ ਸਿੰਘ ਚੌਹਾਨ ਬਣਿਆ। 1962 ਵਿੱਚ ਕੈਰੋਂ ਨੇ ਆਜ਼ਾਦ ਉਮੀਦਵਾਰ ਵਜੋਂ ਉਹਦਾ ਸਮਰਥਨ ਗਿਆਨੀ ਕਰਤਾਰ ਸਿੰਘ ਵਿਰੁੱਧ ਕੀਤਾ ਸੀ। ਉਹ 1967 ਦੀ ਚੋਣ ਜਿੱਤ ਗਿਆ ਤੇ ਡਿਪਟੀ ਸਪੀਕਰ ਬਣ ਗਿਆ। ਉਹ ਅਕਾਲੀ ਪਾਰਟੀ 'ਚ ਸ਼ਾਮਲ ਹੋ ਗਿਆ ਤੇ ਕੁਝ ਚਿਰ ਲਈ ਲਛਮਣ ਸਿੰਘ ਗਿੱਲ ਦੇ ਮੰਤਰੀ ਮੰਡਲ ਵਿੱਚ ਵਿੱਤ ਮੰਤਰੀ ਵੀ ਰਿਹਾ। 1969 ਵਿੱਚ ਗਿੱਲ ਦੇ ਧੜੇ ਨੂੰ ਚੋਣਾਂ 'ਚ ਹਾਰ ਪਿੱਛੋਂ, ਚੌਹਾਨ ਨੇ ਅਕਾਲੀ ਦਲ ਫੇਰੂਮਾਨ ਕਾਇਮ ਕਰ ਲਿਆ ਤੇ ਫਿਰ ਸੰਤ ਅਕਾਲੀ ਦਲ ਦਾ ਸਕੱਤਰ ਵੀ ਰਿਹਾ। ਉਹ ਦੁਬਾਰਾ ਇੰਗਲੈਂਡ ਗਿਆ ਤੇ ਉਸ ਨੇ ਸਿੱਖਾਂ ਦਾ ਦਾਅਵਾ ਯੂ.ਐਸ. ਵਿੱਚ ਪੇਸ਼ ਕਰਨ ਲਈ ਵਿਦੇਸ਼ੀ ਦੂਤ ਘਰਾਂ ਨਾਲ ਸੰਪਰਕ ਕਾਇਮ ਕੀਤਾ।

ਨਵੰਬਰ 1967 ਤੱਕ ਅੱਠ ਮਹੀਨਿਆਂ ਦੇ ਗੁਰਨਾਮ ਸਿੰਘ ਮੰਤਰੀ ਮੰਡਲ ਦੀ ਸਰਕਾਰ ਉਲਟਾ ਦਿੱਤੀ। ਗਿੱਲ 27 ਨਵੰਬਰ 1967 ਤੋਂ ਲੈਕੇ 23 ਅਗਸਤ 1968 ਤੱਕ ਨੌ ਮਹੀਨੇ ਲਈ ਮੁੱਖ ਮੰਤਰੀ ਰਿਹਾ। ਕਿਉਂਕਿ ਉਹ ਮਾਸਟਰ ਤਾਰਾ ਸਿੰਘ ਦੇ ਦਲ ਨਾਲ ਸੰਬੰਧਿਤ ਸੀ, ਉਸ ਨੇ ਆਪਣੇ ਸਰਪਰਸਤ ਨੂੰ ਸ਼੍ਰੋ. ਗੁ. ਪ੍ਰੰ. ਕਮੇਟੀ ਤੇ ਕਬਜ਼ਾ ਕਰਨ 'ਚ ਸਹਾਇਤਾ ਕੀਤੀ ਜਿਸਦਾ ਕਦੇ ਉਹ ਸਕੱਤਰ ਰਿਹਾ ਸੀ। ਉਸ ਨੇ ਸੰਤ ਧੜੇ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਕੇ ਸੰਤ ਫਤਿਹ ਸਿੰਘ ਦੇ ਖਾਸ ਆਦਮੀ (ਸੱਜਾ ਹੱਥ) ਸੰਤ ਚੰਨਣ ਸਿੰਘ ਨੂੰ ਗਿਰਫ਼ਤਾਰ ਕਰਵਾ ਦਿੱਤਾ। ਇਸਦੇ ਨਾਲ ਹੀ ਉਸਨੇ ਦੋਹਾਂ ਸਦਨਾਂ ਵਿੱਚ "ਸਰਕਾਰੀ ਭਾਸ਼ਾ ਐਕਟ" ਪਾਸ ਕਰਕੇ ਸਿੱਖਾਂ ਵਿੱਚ ਵਾਹ ਵਾਹ ਖੱਟ ਲਈ। ਇਸ ਕਾਨੂੰਨ ਪਾਸ ਹੋਣ ਨਾਲ ਪੰਜਾਬੀ ਜਿਲਾ ਪੱਧਰ ਦੇ ਪਰਸ਼ਾਸਨ ਦੀ ਭਾਸ਼ਾ ਬਣ ਗਈ। ਗਿੱਲ ਨੇ ਇਹ ਡੀਂਗ ਮਾਰੀ ਕਿ ਉਸ ਨੇ ਪੰਜਾਬੀ ਲਈ ਉਹ ਕੰਮ ਕਰ ਦਿਖਾਇਆ ਹੈ ਜੋ ਮਹਾਰਾਜਾ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਹੁੰਦਿਆਂ ਵੀ ਨਹੀਂ ਕਰ ਸਕਿਆ ਸੀ।

ਲਛਮਣ ਸਿੰਘ ਗਿੱਲ ਦਾ ਸਮਾਂ ਹੁੱਲੜਬਾਜ਼ੀ ਲਈ ਉੱਘਾ ਰਿਹਾ। ਅਸੈਂਬਲੀ ਨੂੰ 11 ਮਾਰਚ 1968 ਨੂੰ ਰਾਜਪਾਲ ਦੇ ਆਦੇਸ਼ ਨਾਲ ਅਣਮਿਥੇ ਸਮੇਂ ਲਈ ਉਠਾ ਦਿੱਤਾ ਗਿਆ। 22 ਨਵੰਬਰ 1967 ਨੂੰ ਮਾਸਟਰ ਤਾਰਾ ਸਿੰਘ ਦੀ ਮ੍ਰਿਤੂ ਨਾਲ ਉਹਦਾ ਮੁਖ ਸਹਾਰਾ ਖ਼ਤਮ ਹੋ ਗਿਆ ਸੀ ਤੇ (ਗੜੇ ਵਾਲਾ ਦੀ ਅਗਵਾਈ ਵਿਚਲੀ) ਕਾਂਗਰਸ ਮੈਂਬਰਾਂ ਦੀ ਦਲ ਬਦਲੀ ਨਾਲ ਉਹਦੇ ਸਮਰਥਕ ਘੱਟ ਗਿਣਤੀ ਵਿੱਚ ਰਹਿ ਗਏ ਤੇ ਉਸ ਨੂੰ ਮਜਬੂਰ ਹੋਕੇ ਅਸਤੀਫ਼ਾ ਦੇਣਾ ਪਿਆ। ਪੰਜਾਬ ਉੱਪਰ ਰਾਸਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ।

13 ਅਗਸਤ 1968 ਤੋਂ 17 ਫਰਵੀ 1969 ਤੱਕ ਦੇ ਪੰਜ ਮਹੀਨਿਆਂ ਲਈ ਰਾਜਪਾਲ ਡੀ.ਸੀ. ਪਾਵਟੇ ਨੇ ਦੋ ਸਲਾਹਕਾਰਾਂ ਦੀ ਸਹਾਇਤਾ ਨਾਲ ਰਾਜ ਕਾਜ ਚਲਾਇਆ। 1969 ਦੀਆਂ ਮੱਧਕਾਲੀਨ ਚੋਣਾਂ ਨੇ ਪੰਜਾਬ ਦੀਆਂ ਰਾਜਸੀ ਪਾਰਟੀਆਂ ਵਿੱਚ ਪਰਚਲਤ ਧੜੇਬੰਦੀ ਜ਼ਾਹਰ ਕਰ ਦਿੱਤੀ। ਪੰਜਾਬ ਪਦੇਸ਼ ਕਾਂਗਰਸ ਇਕਾਈ ਉੱਪਰ ਰਾੜੇ ਵਾਲੇ ਦੀ ਚੌਧਰ ਨੂੰ ਗਿਆਨੀ ਜ਼ੈਲ ਸਿੰਘ ਨੇ ਸਫਲਤਾ ਸਹਿਤ ਵੰਗਾਰ ਪਾਈ। ਰਾੜੇਵਾਲਾ ਨੇ ਦੁਬਾਰਾ ਅਕਾਲੀ ਦਲ 'ਚ ਸ਼ਾਮਲ ਹੋਣ ਲਈ ਕਾਂਗਰਸ ਤੋਂ ਤਿਆਗ ਪੱਤਰ ਦੇ ਦਿੱਤਾ।

ਅਕਾਲੀ ਵੀ ਵੰਡੇ ਹੋਏ ਸਨ। ਆਗੂ ਰਹਿਤ ਮਾਸਟਰ ਤਾਰਾ ਸਿੰਘ ਧੜੇ ਦਾ ਪਿੰਡਾਂ ਵਿੱਚ ਕੋਈ ਸਮਰਥਕ ਹੀ ਨਾ ਰਿਹਾ। ਸ਼ਹਿਰਾਂ ਤੇ ਕਸਬਿਆਂ ਵਿੱਚ ਉਹਨਾਂ ਦੀ ਗਿਣਤੀ ਕਾਫੀ ਘੱਟ ਗਈ। ਆਪਣੀ ਕਮਜ਼ੋਰੀ ਅਨੁਭਵ ਕਰਦਿਆਂ ਤਾਰਾ ਸਿੰਘ ਧੜੇ ਦੇ ਅਕਾਲੀ ਫਤਿਹ ਸਿੰਘ ਧੜੇ ਦੇ ਗੌਣ ਭਾਈਵਾਲ ਬਣਕੇ ਚੋਣ ਲੜਨ ਲਈ ਸਹਿਮਤ ਹੋ ਗਏ। ਸੰਤ ਫਤਿਹ ਸਿੰਘ ਜਨ ਸੰਘ ਤੇ ਕਮਿਊਨਿਸਟਾਂ ਦਾ ਸਹਿਯੋਗ ਪ੍ਰਾਪਤ ਕਰਨ ਵਿੱਚ ਸਫਲ ਹੋ ਗਿਆ। ਉਸ ਨੇ ਇਹ ਸਪੱਸ਼ਟ ਐਲਾਨ ਕਰਕੇ ਉਹਨਾਂ ਨੂੰ ਸੰਤੁਸ਼ਟ ਕਰ ਦਿੱਤਾ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਪਿੱਛੋਂ ਉਹ ਹੱਦਬੰਦੀ ਦੀ ਹੋਰ ਤਬਦੀਲੀ ਦੀ ਇੱਛਾ ਨਹੀਂ ਕਰਦਾ ਤੇ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਤੇ ਪੰਜਾਬ ਦੀ ਸੰਪਰਕ ਭਾਸ਼ਾ ਵੀ ਪਰਵਾਨ ਕਰਵਾ ਦਿੱਤਾ।

1969 ਫਰਵਰੀ ਵਿੱਚ ਜੋ ਚੋਣਾਂ ਹੋਈਆਂ ਉਹ ਸੰਤ ਫਤਿਹ ਸਿੰਘ ਲਈ ਵੱਡੀ ਜਿੱਤ

ਸਨ। ਪਹਿਲੀ ਵਾਰ ਅਕਾਲੀ ਵਿਧਾਨ ਸਭਾ ਵਿੱਚ ਇੱਕ ਵੱਡੀ ਪਾਰਟੀ ਬਣਕੇ ਉੱਭਰੇ।[40] ਇਸਨੇ 140 ਵਿੱਚੋਂ 43, ਕਾਂਗਰਸ ਨੇ 38, ਤੇ ਜਨ ਸੰਘ ਨੇ 8 (ਇਸਦਾ ਨੇਤਾ ਬਲਦੇਵ ਪ੍ਰਕਾਸ਼ ਚੋਣ ਹਾਰ ਗਿਆ ਸੀ), ਸੀਟਾਂ ਜਿੱਤੀਆਂ ਤੇ ਬਾਕੀ ਦੀਆਂ ਸੀਟਾਂ ਕਮਿਊਨਿਸਟਾਂ, ਸੋਸ਼ਲਿਸਟਾਂ ਤੇ ਆਜ਼ਾਦ ਮੈਂਬਰਾਂ ਨੇ ਜਿੱਤੀਆਂ। ਗੁਰਨਾਮ ਸਿੰਘ ਦੁਬਾਰਾ ਅਕਾਲੀ ਪਾਰਟੀ ਦਾ ਆਗੂ ਚੁਣ ਲਿਆ ਗਿਆ ਤੇ ਉਸ ਨੂੰ ਫਿਰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਗਿਆ।

ਭਾਵੇਂ ਗੁਰਨਾਮ ਸਿੰਘ ਨੇ ਸੰਪਰਦਾਇਕ ਇਕਸੁਰਤਾ, ਪੰਜਾਬ ਇਕੱਲੇ ਲਈ ਚੰਡੀਗੜ੍ਹ ਦੀ ਪ੍ਰਾਪਤੀ, ਪੱਛੜੀਆਂ ਸ਼੍ਰੇਣੀਆਂ ਦਾ ਉਧਾਰ, ਪਿੰਡਾਂ ਦਾ ਬਿਜਲੀਕਰਨ ਜਿਹੇ 10 ਨੁਕਾਤੀ ਪ੍ਰੋਗਰਾਮ ਦਾ ਐਲਾਨ ਕੀਤਾ ਪਰ ਉਸਨੇ ਕਾਂਗਰਸ ਤੇ ਵਿਰੋਧੀਆਂ ਵਿਰੁੱਧ ਵਿਕਾਸ ਨਾਲੋਂ ਬਦਲੇ ਦੀ ਭਾਵਨਾ ਨਾਲ ਵਧੇਰੇ ਉਤਸ਼ਾਹ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਕਿਉਂਕਿ ਸ਼ਹਿਰਾਂ ਵਿੱਚ ਕਾਂਗਰਸ ਦੀ ਸਥਿਤੀ ਕਾਫ਼ੀ ਮਜਬੂਤ ਸੀ, ਇਸ ਲਈ ਉਸ ਨੇ 47 ਨਗਰ ਪਾਲਿਕਾਵਾਂ ਦੀਆਂ ਚੋਣਾਂ ਅੱਗੇ ਪਾ ਦਿੱਤੀਆਂ ਤੇ ਜਾਲੰਧਰ ਨਗਰ ਪਾਲਕਾ ਜਿੱਥੇ ਕਾਂਗਰਸ ਦਾ ਬਹੁਮੱਤ ਸੀ, ਉਸ ਨੂੰ ਭੰਗ ਕਰ ਦਿੱਤਾ। ਉਸ ਨੇ ਲਛਮਣ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਦੀ ਮੁੱਖ ਮੰਤਰੀ ਦੇ ਅਲਪ ਕਾਲ ਸਮੇਂ ਦੇ ਕੰਮਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲਾਏ।[41] ਜਿਹੜੇ ਉਸ ਨੇ ਉਸਾਰੂ ਕਦਮ ਉਠਾਏ ਉਹਨਾਂ ਵਿੱਚ ਵਿਧਾਨ ਪ੍ਰੀਸ਼ਦ ਖ਼ਤਮ ਕਰਨਾ ਸ਼ਾਮਿਲ ਸੀ।

ਬਾਹਰੋਂ ਕਾਂਗਰਸ ਵਿਰੋਧੀ ਦਿਸਦੇ ਗੁਰਨਾਮ ਸਿੰਘ ਨੇ ਅੰਦਰੋਂ ਅੰਦਰੀਂ ਕਾਂਗਰਸ ਨੇਤਾਵਾਂ ਨਾਲ ਗਾਂਢ ਸਾਂਢ ਕਰਨੀ ਸ਼ੁਰੂ ਕਰ ਦਿੱਤੀ। ਉਸ ਨੂੰ ਇਹ ਮੌਕਾ ਉਦੋਂ ਹੱਥ ਲੱਗਾ ਜਦੋਂ 1969 ਵਿੱਚ ਭਾਰਤੀ ਗਣਤਰਾਜ ਦੇ ਰਾਸ਼ਟਰਪਤੀ ਦੀ ਚੋਣ ਸਮੇਂ ਕਾਂਗਰਸ ਦੇ ਦੋਹਾਂ ਧੜਿਆਂ ਵਿੱਚ ਟੱਕਰ ਹੋ ਗਈ। ਗੁਰਨਾਮ ਸਿੰਘ ਨੇ ਇੰਦਰਾਗਾਂਧੀ ਦੇ ਉਮੀਦਵਾਰ ਵੀ.ਵੀ. ਗਿਰੀ ਦੇ ਸਮਰਥਨ ਦਾ ਭਰੋਸਾ ਦਿੱਤਾ ਜੋ ਥੋੜ੍ਹੀ ਜਿਹੀ ਬਹੁ-ਗਿਣਤੀ ਵੋਟਾਂ ਨਾਲ ਜਿੱਤ ਗਿਆ।

ਸੰਤ ਫਤਿਹ ਸਿੰਘ ਦੇ ਧੜੇ ਅਤੇ ਮਾਸਟਰ ਭਾਗ ਸਿੰਘ ਦੇ ਪੈਰੋਕਾਰਾਂ ਵਿੱਚ ਟਕੱਰ ਨੇ ਗੁਰਨਾਮ ਸਿੰਘ ਦੀ ਸਥਿਤੀ ਬਹੁਤ ਖਰਾਬ ਕਰ ਦਿੱਤੀ। ਤਾਰਾ ਸਿੰਘ ਦੇ ਪੈਰੋਕਾਰਾਂ ਨੇ ਸੰਤ ਫਤਿਹ ਸਿੰਘ ਵਿਰੁੱਧ ਪਰਚਾਰ ਮੁਹਿੰਮ ਸ਼ੁਰੂ ਕਰ ਦਿੱਤੀ ਤੇ ਉਸ ਉੱਪਰ ਮਰਨ ਵਰਤ ਤੋੜਨ ਤੇ ਜੇ ਚੰਡੀਗੜ੍ਹ ਪੰਜਾਬ ਨੂੰ ਨਾ ਦਿੱਤਾ ਗਿਆ ਤਾਂ 27 ਦਸੰਬਰ 1966 ਨੂੰ ਆਤਮਦਾਹ

---

40. ਥੋੜ੍ਹੇ ਜਿਹੇ ਸਮੇਂ ਵਿੱਚ ਹੀ ਗੁਰਨਾਮ ਸਿੰਘ ਬਹੁਮਤ ਪ੍ਰਾਪਤ ਕਰਨ ਲਈ ਕਾਂਗਰਸ ਦੇ ਕਾਫੀ ਮੈਂਬਰ ਤੋੜਨ ਵਿੱਚ ਕਾਮਯਾਬ ਹੋ ਗਿਆ।
41. ਗਿੱਲ ਨੇ ਗੁਰਨਾਮ ਸਿੰਘ ਵਿਰੁੱਧ ਚੋਣ ਅਪੀਲ ਕਰਕੇ ਮੋੜਵਾਂ ਵਾਰ ਕੀਤਾ। ਪਰ ਗਿੱਲ ਦੀ 16 ਅਪ੍ਰੈਲ 1969 ਨੂੰ ਹੋਈ ਮੌਤ ਨੇ ਸਭ ਬਖੇੜੇ ਨਿਬੇੜ ਦਿੱਤੇ। ਗਿੱਲ ਦਾ ਜਨਮ 1917 ਨੂੰ ਚੂਹੜਚੱਕ ਪਿੰਡ (ਫ਼ਿਰੋਜ਼ਪੁਰ) ਦੇ ਜੱਟ ਪਰਿਵਾਰ 'ਚ ਹੋਇਆ। 1937 ਵਿੱਚ ਕਾਂਗਰਸ 'ਚ ਸ਼ਾਮਲ ਹੋਇਆ। 1947 ਵਿੱਚ ਉਹ ਰਾਸਟਰੀ ਕਾਰਵਾਈਆਂ ਕਾਰਨ ਤੇ ਵਾਰ ਜੇਹਲ ਗਿਆ। 1962-67 ਤੱਕ ਉਹ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਉਪ ਨੇਤਾ ਰਿਹਾ।

ਕਰਨ ਦੇ ਪ੍ਰਣ ਤੋਂ ਭੱਜ ਜਾਣ ਕਰਕੇ ਬੇਈਮਾਨੀ ਤੇ ਅੱਵਗਿਆ ਕਰਨ ਦੇ ਦੋਸ਼ ਲਾਏ। ਜਦੋਂ ਦੋਹਾਂ ਧੜਿਆਂ ਵਲੋਂ ਇੱਕ ਦੂਸਰੇ ਤੇ ਇਲਜ਼ਾਮ ਤ੍ਰਾਸ਼ੀ ਤੇ ਮੋੜਵੀਂ ਦੂਸ਼ਣਬਾਜ਼ੀ ਕੀਤੀ ਜਾ ਰਹੀ ਸੀ ਤਾਂ ਦਰਸ਼ਨ ਸਿੰਘ ਫੇਰੂਮਾਨ ਨੇ ਅੰਮ੍ਰਿਤਸਰ ਦੀ ਕੇਂਦਰੀ ਜੇਹਲ 'ਚੋਂ ਜਿੱਥੇ ਉਸਨੂੰ ਤਿੰਨ ਦਿਨ ਪਹਿਲਾਂ ਲਿਆਂਦਾ ਗਿਆ ਸੀ, 15 ਅਗਸਤ 1969 ਨੂੰ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਫੇਰੂ ਮਾਨ ਨੇ ਆਪਣੀ ਪ੍ਰਤਿਗਿਆ ਪੂਰੀ ਕੀਤੀ ਤੇ 74 ਦਿਨਾਂ ਦੀ ਭੁੱਖ ਹੜਤਾਲ ਪਿੱਛੋਂ 27 ਅਕਤੂਬਰ 1969[42] ਨੂੰ ਪ੍ਰਾਣ ਤਿਆਗ ਦਿੱਤੇ। ਉਸਦੇ ਸਸਕਾਰ ਸਮੇਂ ਭਾਰੀ ਹਜੂਮ ਨੇ ਗੁਰਨਾਮ ਸਿੰਘ ਦੀ ਸਰਕਾਰ ਤੇ ਸੰਤ ਫਤਿਹ ਸਿੰਘ ਵਿਰੁੱਧ ਨਾਅਰੇ ਲਾਏ।

ਕੁਝ ਸਮੇਂ ਲਈ ਗੁਰਨਾਮ ਸਿੰਘ ਨੇ ਸੰਤ ਫਤਿਹ ਸਿੰਘ ਦਾ ਸਮਰਥਨ ਕੀਤਾ ਤੇ ਚੰਡੀਗੜ੍ਹ ਪੰਜਾਬ ਵਾਸਤੇ ਮੰਗ ਕਰਨ ਲਈ ਸਿੱਖ ਹਿੱਤਾਂ ਦੇ ਰਖਵਾਲੇ ਵਜੋਂ ਉਹਦਾ ਅਕਸ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ। ਹਿੰਦੂ-ਸਿੱਖ ਤਨਾਓ ਫਿਰ ਇੱਕ ਵਾਰ ਉਭੱਰਿਆ। ਹਰਿਆਣਾ ਵਿੱਚ ਹਿੰਦੂ ਕਾਲਜ ਦੇ ਵਿਦਆਰਤੀਆਂ ਨੇ ਸਿੱਖਾਂ ਵਿਰੁੱਧ ਹੁੱਲੜਬਾਜ਼ੀ ਕੀਤੀ। ਗੁਰਨਾਮ ਸਿੰਘ ਤੇ ਸੰਤ ਫਤਿਹ ਸਿੰਘ ਦਾ ਸੰਤ ਦੀ ਇਸ ਮੰਗ ਤੇ ਵਿਗਾੜ ਹੋ ਗਿਆ ਕਿ ਗੁਰਨਾਮ ਸਿੰਘ ਤੇ ਸਾਰੇ ਅਕਾਲੀ ਵਿਧਾਇਕ ਵਿਧਾਨ ਸਭਾ ਤੋਂ ਤਿਆਗ ਪੱਤਰ ਦੇ ਦੇਣ। ਗੁਰਨਾਮ ਸਿੰਘ ਨੇ ਇਨਕਾਰ ਕਰ ਦਿੱਤਾ। ਸੰਤ ਫਤਿਹ ਸਿੰਘ ਨੇ ਉਸ ਦੀ ਨਿੰਦਿਆ ਕੀਤਾ ਤੇ ਸਿੱਖ ਜਨਤਾ ਦਾ ਵਿਸ਼ਵਾਸ ਜਿੱਤਣ ਦੀ ਸਿਰਤੋੜ ਕੋਸ਼ਿਸ਼ ਕੀਤੀ। ਉਸਨੇ 26 ਜਨਵਰੀ 1970 ਇੱਕ ਵਾਰ ਫਿਰ ਮਰਨ ਵਰਤ ਰੱਖਿਆ ਤੇ ਪ੍ਰਤਿੱਗਿਆ ਕੀਤੀ ਕਿ ਜੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਾ ਕੀਤਾ ਗਿਆ ਤਾਂ ਉਹ ਆਪਣੀ ਜਾਨ ਦੇ ਦੇਵੇਗਾ।

ਹੁਣ ਸ੍ਰੀਮਤੀ ਗਾਂਧੀ ਨੇ ਦਖਲ ਦਿੱਤਾ। ਉਸ ਨੇ 29 ਜਨਵਰੀ 1970 ਨੂੰ ਇੱਕ ਵਾਰ ਫਿਰ ਉਹ ਫੈਸਲਾ ਦਿੱਤਾ ਜਿਸ ਬਾਰੇ ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਪੰਜਾਬ ਪ੍ਰਤੀ ਅਨਉੱਚਤ ਸੀ ਤੇ ਇਹ ਕਈ ਸਾਲਾਂ ਵਾਸਤੇ ਸਮੱਸਿਆ ਬਣਿਆ ਰਹੇਗਾ। ਉਸਨੇ ਚੰਡੀਗੜ੍ਹ ਤਾਂ ਪੰਜਾਬ ਨੂੰ ਦਿੱਤਾ ਪਰ ਬਿਨਾਂ ਮੰਗਿਆ ਹੀ ਫਾਜ਼ਲਕਾ ਤਹਿਸੀਲ ਤੇ ਅਬੋਹਰ (ਕਪਾਹ ਉਗਾਉਣ ਵਾਲੇ ਉਪਜਾਊ ਇਲਾਕੇ) ਅਤੇ ਹਰਿਆਣੇ ਲਈ ਵੱਖਰੀ ਰਾਜਧਾਨੀ ਬਣਾਉਣ ਲਈ 10 ਕਰੋੜ ਰੁਪੈ ਹਰਿਆਣੇ ਨੂੰ ਦੇ ਦਿੱਤੇ। ਫਾਜ਼ਲਕ-ਆਬੋਹਰ ਖੇਤਰ ਦੇ 115 ਵਿੱਚੋਂ ਘੱਟੋ-ਘੱਟ 60 ਪਿੰਡਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਵਾਈ ਸੀ ਤੇ ਇਹ ਖੇਤਰ ਹਰਿਆਣੇ ਦੇ ਨਾਲ ਵੀ ਨਹੀਂ ਲੱਗਦੇ ਸਨ। ਇਸ ਮੁਸ਼ਕਲ ਨੂੰ ਹੱਲ ਕਰਨ ਲਈ ਉਸ ਨੇ ਇਹ ਤਜਵੀਜ਼ ਕੀਤਾ ਕਿ ਪੰਜਾਬ ਤੇ ਰਾਜਸਥਾਨ ਦੀ ਅੰਤਰ-ਰਾਜੀ ਸੀਮਾ ਦੇ ਨਾਲ ਮੁਕਤਸਰ ਤਹਿਸੀਲ ਦੇ ਪਿੰਡ ਕੰਦੂ ਖੇੜਾ ਦਾ ਇੱਕ ਫਰਲਾਂਗ ਭੂਮੀ ਦਾ

---

42. ਦਰਸ਼ਨ ਸਿੰਘ ਫੇਰੂਮਾਨ (1886-1969) ਭਾਰਤ ਤੇ ਮਲਾਇਆ ਵਿੱਚ ਅੰਗਰੇਜ਼ ਵਿਰੋਧੀ ਕਾਰਵਾਈਆਂ ਵਿੱਚ ਸ਼ਾਮਲ ਰਿਹਾ। ਉਸ ਨੇ 15 ਸਾਲ ਜੇਹਲ 'ਚ ਗੁਜ਼ਾਰੇ। ਉਹ ਕਈ ਸਾਲ ਸ਼੍ਰੋ. ਗੁ. ਪ੍ਰੰ. ਕਮੇਟੀ ਦਾ ਮੈਂਬਰ ਤੇ ਦੋ ਵਾਰ ਇਸਦਾ ਜਨਰਲ ਸਕੱਤਰ ਰਿਹਾ। ਉਹ 1962-64 ਵਿੱਚ ਰਾਜਯ ਸਭਾ ਦਾ ਮੈਂਬਰ ਰਿਹਾ। 1959 ਵਿੱਚ ਉਹ ਮੋਢੀ ਮੈਂਬਰ ਵਜੋਂ ਸਵਤੰਰ ਪਾਰਟੀ ਵਿੱਚ ਰਲ ਗਿਆ।

ਟੋਟਾ ਹਰਿਆਣੇ ਨੂੰ ਤਬਦੀਲ ਕਰ ਦਿੱਤਾ ਜਾਵੇ। ਇਸ ਤਰ੍ਹਾਂ ਉਸ ਨੇ ਪੰਜਾਬ ਤੇ ਹਰਿਆਣਾ ਦੀ ਸਿਆਸਤ ਵਿੱਚ ਉਹ ਅਸੰਗਤ ਤੱਤ ਮਿਲਾ ਦਿੱਤਾ ਜਿਹੜਾ ਛੇਤੀ ਹੀ ਨਾਸੂਰ ਬਣ ਗਿਆ। ਸਾਰਿਆਂ ਮੂਲ ਰਾਜਾਂ ਵਿਚੋਂ ਪੰਜਾਬ ਹੀ ਐਸਾ ਰਾਜ ਸੀ ਜਿਸ ਨੇ ਆਪਣੀ ਰਾਜਧਾਨੀ ਕਿਸੇ ਹੋਰ ਨਾਲ ਵੀ ਸਾਂਝੀ ਰੱਖਣੀ ਸੀ ਤੇ ਜਿਸਦੇ ਇਲਾਕੇ ਵਿੱਚੋਂ ਲਾਂਘਾ ਵੀ ਦਿੱਤਾ ਜਾਣਾ ਸੀ।

ਦੋਵੇਂ ਗੁਰਨਾਮ ਸਿੰਘ ਤੇ ਸੰਤ ਫਤਿਹ ਸਿੰਘ ਚੰਡੀਗੜ੍ਹ ਦੀ ਪ੍ਰਾਪਤੀ ਦਾ ਦਾਅਵਾ ਕਰਦੇ ਸਨ। ਦੋਹਾਂ ਦੇ ਸੰਬੰਧ ਬੇਹੱਦ ਖਰਾਬ ਹੋ ਗਏ। ਜਿਉਂ ਜਿਉਂ ਫਤਿਹ ਸਿੰਘ ਦੇ ਸਮਰਥਕ ਗੁਰਨਾਮ ਸਿੰਘ ਦਾ ਸਾਥ ਛੱਡਣ ਲੱਗੇ, ਗੁਰਨਾਮ ਸਿੰਘ ਨੇ ਸਹਾਇਤਾ ਲੈਣ ਲਈ ਕਾਂਗਰਸ ਦਾ ਰੁਖ ਕੀਤਾ। ਕਾਂਗਰਸੀਆਂ ਨੇ ਉਹਦੀ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ ਤੇ 25 ਮਾਰਚ 1970 ਨੂੰ ਹਾਰ ਪਿੱਛੋਂ ਉਹਦੀ ਵਜ਼ਾਰਤ ਦਾ ਭੋਗ ਪੈ ਗਿਆ। ਅਕਾਲੀਆਂ ਨੇ ਉਸ ਨੂੰ ਪਾਰਟੀ 'ਚੋਂ ਕੱਢਕੇ ਉਹਦੇ ਜ਼ਖ਼ਮਾਂ ਤੇ ਲੂਣ ਛਿੜਕ ਦਿੱਤਾ।[43]

ਰਾਜ-ਪ੍ਰਬੰਧ ਸੰਭਾਲਣ ਦੀ ਕਾਂਗਰਸੀ ਕੋਸ਼ਿਸ਼ ਨੂੰ ਅਕਾਲੀਆਂ ਨੇ ਨਾਕਾਮ ਕਰ ਦਿੱਤਾ। ਪਰਕਾਸ਼ ਸਿੰਘ ਬਾਦਲ[44] 54 ਵਿਧਾਇਕ ਇਕੱਠੇ ਕਰ ਕੇ ਗਵਰਨਰ ਦੀ ਰਿਹਾਇਸ਼ ਵਿੱਚ ਜਲੂਸ ਦੀ ਸ਼ਕਲ ਵਿੱਚ ਲੈ ਗਿਆ ਤੇ ਨਵੇਂ ਮੁੱਖ ਮੰਤਰੀ ਵਜੋਂ ਆਪਣਾ ਦਾਅਵਾ ਪੇਸ਼ ਕਰ ਦਿੱਤਾ। ਮਾਰਚ 27, 1970 ਉਸ ਨੂੰ ਇੱਕ ਹੋਰ ਅਕਾਲੀ ਤੇ ਜਨਸੰਘ ਪਾਰਟੀ ਦੇ ਨੇਤਾ ਨਾਲ ਆਪਣੇ ਪਦ ਦੀ ਸਹੁੰ ਚੁਕਾਈ ਗਈ।[45]

ਨਵੇਂ ਮੁੱਖ ਮੰਤਰੀ ਨੂੰ ਸੰਭਾਵੀ ਦਲ ਬਦਲੂਆਂ ਤੇ ਆਪਣੇ ਸਮਰੱਥਕਾਂ ਨੂੰ ਖ਼ੁਸ਼ ਰੱਖਣ ਲਈ ਪੂਰੀ ਵਾਹ ਲਾਉਣੀ ਪਈ ਤੇ ਜਦੋਂ ਇਹ ਸੰਭਵ ਨਾ ਹੋਇਆ ਤਾਂ ਉਸ ਨੇ ਵਿਧਾਨਕ ਗਤੀਵਿਧੀਆਂ ਨੂੰ ਪਾਸੇ ਰੱਖਕੇ (ਆਰਡੀਨੈਨਸਜ਼) ਅਧਿਆ ਦੇਸ਼ਾਂ ਰਾਹੀਂ ਰਾਜ ਪ੍ਰਬੰਧ ਨੂੰ ਚਲਾਉਣ ਦਾ ਯਤਨ ਕੀਤਾ। ਗਵਰਨਰ ਨੇ ਇਸ ਤਰ੍ਹਾਂ ਕਰਨ ਤੋਂ ਇਨਕਾਰ ਕਰ ਦਿੱਤਾ।

ਮਾਰਚ 1971 ਦੀਆਂ ਲੋਕ-ਸਭਾ ਚੋਣਾਂ ਨੇ ਸਿੱਖ ਜਨਤਾ ਦੀ ਅਕਾਲੀਆਂ ਨਾਲ

---

43. ਗੁਰਨਾਮ ਸਿੰਘ ਨੂੰ ਆਸਟਰੇਲੀਆ 'ਚ ਉਚ-ਆਯੁਕਤ ਮਨੋਨੀਤ ਕਰ ਦਿੱਤਾ ਗਿਆ। ਕਾਰਜ-ਭਾਰ ਸੰਭਾਲਣ ਤੋਂ ਥੋੜੇ ਦਿਨ ਪਿੱਛੋਂ ਹੀ 31 ਮਈ 1973 ਨੂੰ ਦਿੱਲੀ ਨੇੜੇ ਹਵਾਈ ਹਾਦਸੇ ਵਿੱਚ ਉਹ ਮਾਰਿਆ ਗਿਆ। ਡੀ.ਸੀ. ਪਾਵਟੇ। ਮਾਈ ਡੇਜ਼ ਐਜ਼ ਗਵਰਨਰ, ਪੰ. 138।

44. ਪਰਕਾਸ਼ ਸਿੰਘ ਬਾਦਲ (ਜਨਮ 1927) ਅਬੁਲਖੁਰਾਣਾ ਜ਼ਿਲਾ ਫਿਰੋਜ਼ਪੁਰ ਦਾ ਅਮੀਰ ਜ਼ਿਮੀਂਦਾਰ ਹੈ। (ਇਹ ਸਹੀ ਨਹੀਂ, ਉਹਦਾ ਪਿੰਡ ਬਾਦਲ ਹੈ—ਅਨੁਵਾਦਕ)। ਉਹ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ ਤੇ ਕਈ ਸਾਲ ਸ੍ਰੋ. ਗੁ. ਪ੍ਰ. ਕਮੇਟੀ ਦਾ ਮੈਂਬਰ ਰਿਹਾ। ਉਹ 1957 ਵਿੱਚ ਤੇ ਫਿਰ 1969 ਵਿੱਚ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਤੇ ਵਜ਼ੀਰ ਬਣਿਆ। ਉਹ ਤਿੰਨ ਵਾਰ (ਹੁਣ ਚਾਰ ਵਾਰ ਬਣ ਚੁੱਕਿਆ ਹੈ: ਅਨੁਵਾਦਕ) ਪੰਜਾਬ ਦਾ ਮੁੱਖ ਮੰਤਰੀ ਤੇ ਥੋੜੇ ਸਮੇਂ ਲਈ ਲੋਕ-ਸਭਾ ਦਾ ਮੈਂਬਰ ਰਿਹਾ। 1957 ਵਿੱਚ ਉਹ ਕਾਂਗਰਸੀ ਵਜੋਂ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਸੀ ਤੇ ਮੁਖ ਮੰਤਰੀ ਬਣਨ ਤੋਂ ਪਹਿਲਾਂ ਉਹ ਪੰਜਾਬੀ ਸੂਬਾ ਮੋਰਚੇ ਵਿੱਚ ਗ੍ਰਿਫਤਾਰ ਹੋਇਆ ਸੀ।

45. ਡੀ.ਸੀ. ਪਾਵਟੇ, ਮਾਈ ਡੇਜ਼ ਐਜ਼ ਗਵਰਨਰ, ਪੰ. 139

ਪ੍ਰਤਿਬੱਧਤਾ ਦਾ ਪੂਰੀ ਤਰ੍ਹਾਂ ਭਾਂਡਾ ਭੰਨ ਦਿੱਤਾ ਤੇ ਭੁਲੇਖਾ ਦੂਰ ਕਰ ਦਿੱਤਾ। ਲੋਕ-ਸਭਾ ਦੀਆਂ 13 ਸੀਟਾਂ ਤੋਂ 10 ਉੱਪਰ ਕਾਂਗਰਸ ਦਾ ਕਬਜ਼ਾ ਹੋ ਗਿਆ, ਇੱਕ ਕਮਿਊਨਿਸਟਾਂ ਨੇ ਜਿੱਤ ਲਈ ਤੇ ਅਕਾਲੀਆਂ ਦੇ ਹੱਥ ਇੱਕ ਹੀ ਸੀਟ ਆਈ। ਇਸ ਹਾਰ ਨੇ ਅਕਾਲੀਆਂ ਵਿੱਚ ਫੁੱਟ ਪਾ ਦਿੱਤੀ ਤੇ ਬਾਦਲ ਦੇ ਸਮਰਥਕਾਂ 'ਚੋਂ ਦਲਬਦਲੀ ਹੋਣੀ ਸ਼ੁਰੂ ਹੋ ਗਈ। ਇੱਕ ਪਾਸੇ ਜਨਸੰਘ ਤੇ ਦੂਸਰੇ ਪਾਸੇ ਗੁਰਨਾਮ ਸਿੰਘ ਦੀ ਅਗਵਾਈ ਵਾਲੇ ਗਰਮ ਖਿਆਲੀ ਅਕਾਲੀਆਂ ਨੇ ਉਹਦੀ ਸਥਿਤੀ ਅਸੁਰੱਖਿਅਤ ਤੇ ਅਸਥਿਰ ਕਰ ਦਿੱਤੀ। 15 ਮਹੀਨੇ ਦੀ ਸੌਦੇਬਾਜ਼ੀ ਤੇ ਪੈਂਤੜੇਬਾਜ਼ੀ ਕਾਰਨ ਬਾਦਲ ਹਾਰ ਗਿਆ ਤੇ ਉਸਨੇ 13 ਜੂਨ 1971 ਨੂੰ ਤਿਆਗ ਪੱਤਰ ਦੇ ਦਿੱਤਾ।

ਇੱਕ ਵਾਰ ਫਿਰ ਪੰਜਾਬ ਵਿੱਚ ਪਰਧਾਨਗੀ ਰਾਜ ਲਾਗੂ ਹੋ ਗਿਆ। ਰਾਜਪਾਲ ਤੇ ਉਹਦੇ ਸਲਾਹਕਾਰਾਂ ਨੇ ਪ੍ਰਾਂਤ ਵਿੱਚ ਆਮ ਵਰਗੇ ਹਾਲਾਤ ਕਾਇਮ ਕਰਨ ਲਈ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ। ਬਾਦਲ ਨੇ ਅਮੀਰ ਕਿਸਾਨਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਇਕ ਕਦਮ ਰਾਹੀਂ ਮਾਲੀਆ ਮਾਫ ਕਰ ਦਿੱਤਾ ਸੀ। ਇਸ ਨਾਲ ਸਰਕਾਰ ਨੂੰ ਪ੍ਰਤੀ ਸਾਲ ਸਾਢੇ 3 ਕਰੋੜ ਦਾ ਘਾਟਾ ਪਿਆ। ਗਵਰਨਰ ਨੇ 5 ਏਕੜ ਤੋਂ ਘੱਟ ਦੇ ਭੂਮੀ ਮਾਲਕਾਂ ਨੂੰ ਤਾਂ ਮਾਮਲੇ ਤੋਂ ਛੋਟ ਦਿੱਤੀ ਪਰ ਜ਼ਿਆਦਾ ਭੂਮੀ ਦੇ ਮਾਲਕਾਂ ਤੇ ਮੁੜ ਮਾਮਲਾ ਲਗਾ ਦਿੱਤਾ। ਬਾਦਲ ਮੰਤਰੀ ਮੰਡਲ ਵਲੋਂ ਕੀਤੇ ਮਨਮਰਜ਼ੀ ਨਾਲ ਪੇਂਡੂ ਅਧਿਆਪਕਾਂ ਦੇ ਤਬਾਦਲੇ, ਮਨਸੂਖ ਕਰ ਦਿੱਤੇ ਗਏ, ਵਿਦਆਰਥੀਆਂ ਤੇ ਕਮਿਊਨਿਸਟ ਨਕਸਲੀ ਕਾਰਜ ਕਰਤਾਵਾਂ ਦੀਆਂ ਕਾਰਵਾਈਆਂ ਉੱਪਰ, ਤੇ ਵੱਡੇ ਪੈਮਾਨੇ ਤੇ ਪਾਕਿਸਤਾਨ ਤੋਂ ਹਸ਼ੀਸ਼, ਅਫੀਮ ਸੋਨੇ, ਤੇ ਸ਼ਰਾਬ ਦੀ ਤਸਕਰੀ ਉੱਪਰ ਰੋਕਥਾਮ ਕੀਤੀ ਗਈ।

ਵਿਰੋਧੀ ਪਾਰਟੀ ਜਿਸਨੇ ਬਾਦਲ ਤੇ ਉਹਦੇ ਅਕਾਲੀ ਸਹਿਯੋਗੀਆਂ ਨਾਲ ਬਹੁਤ ਕਿੜਾਂ ਕੱਢਣੀਆਂ ਸਨ, ਉਸਤੇ ਭ੍ਰਿਸ਼ਟਾਚਾਰ ਦੇ ਬਹੁਤ ਦੋਸ਼ ਲਾਏ। ਉਹਨਾਂ ਦੋਸ਼ਾਂ ਦੀ ਪੜਤਾਲ ਕਰਨ ਲਈ ਉਸ ਵਿਰੁੱਧ ਰਾਜਸਥਾਨ ਦੇ ਰਿਟਾਇਰਡ ਚੀਫ ਜਸਟਿਸ ਦੁਰਗਾ ਸ਼ੰਕਰ ਦੇ ਅਦੀਨ ਪੜਤਾਲੀਆਂ ਕਮਿਸ਼ਨ ਬਿਠਾਇਆ ਗਿਆ। ਬਾਦਲ ਨੇ ਇਸ ਚਾਲ ਨੂੰ ਨਾਕਾਮ ਕਰਨ ਲਈ ਇਹ ਮੰਗ ਕੀਤੀ ਕਿ ਇਹ ਆਯੋਗ ਗੁਰਨਾਮ ਸਿੰਘ ਦੇ ਮੰਤਰੀ ਮੰਡਲ ਦੀਆਂ ਬੇਕਾਇਦਗੀਆਂ ਦੀ ਪੜਤਾਲ ਵੀ ਕਰੇ।

ਜਦੋਂ ਇਹ ਦੋਸ਼ ਤੇ ਪ੍ਰਤਿਦੋਸ਼ ਲਗਾਏ ਜਾ ਰਹੇ ਸਨ, ਤਾਂ ਉਸ ਸਮੇਂ ਭਾਰਤ ਪਾਕਿਸਤਾਨ ਵਿੱਚ ਤਨਾਅ ਨੇ ਯੁੱਧ ਦਾ ਰੂਪ ਧਾਰ ਲਿਆ। ਬੰਗਾਲ ਵਿੱਚ ਭਾਰਤੀ ਫੌਜ ਨੇ ਲੈਫ-ਜਨਰਲ ਜਗਜੀਤ ਸਿੰਘ ਅਰੋੜਾ ਦੀ ਅਗਵਾਈ ਵਿੱਚ ਬੰਗਲਾ ਦੇਸ਼ ਦੀ ਮੁਕਤੀ ਵਾਹਿਨੀ ਦੇ ਗੁਰੀਲਿਆਂ ਦੀ ਸਹਾਇਤਾ ਨਾਲ ਪਾਕਿਸਤਾਨ ਦਾ ਪੂਰਬੀ ਭਾਗ ਵਿੱਚ ਭੰਗ ਪਾ ਦਿੱਤਾ। ਪੰਜਾਬ ਨੂੰ ਪਾਕਿਸਤਾਨ ਦੇ ਜ਼ੋਰਦਾਰ ਹਮਲੇ ਦਾ ਮੁਕਾਬਲਾ ਸਹਿਣ ਕਰਨਾ ਪਿਆ। ਫ਼ਾਜ਼ਿਲਕਾ, ਹੁਸੈਨੀਵਾਲਾ, ਡੇਰਾ ਬਾਬਾ ਨਾਨਕ ਤੇ ਸ਼ੱਕਰਗੜ੍ਹ ਨੇੜੇ ਖ਼ੂਨੀ ਲੜਾਈਆਂ ਲੜੀਆਂ ਗਈਆਂ। ਹੁਸੈਨੀਵਾਲਾ ਤੇ ਵਿਸ਼ਾਲ ਲੋਹੇ ਦਾ ਪੁਲ, ਪਾਕਿਸਤਾਨੀ ਫ਼ੌਜਾਂ ਨੂੰ ਪੁਲ ਪਾਰ ਕਰਕੇ ਆਉਣ ਤੋਂ ਰੋਕਣ ਲਈ, ਉਡਾਉਣਾ ਪਿਆ।

14 ਦਿਨ ਦੀ ਜੰਗ ਭਾਰਤ ਦੀ ਸ਼ਾਨਦਾਰ ਜਿੱਤ ਨਾਲ ਖ਼ਤਮ ਹੋਈ। ਇਸ ਦਾ ਸਿਹਰਾ ਸ਼੍ਰੀਮਤੀ ਇੰਦਰਾਗਾਂਧੀ ਨੂੰ ਹੀ ਗਿਆ। ਉਸ ਨੂੰ "ਭਾਰਤ ਰਤਨ" ਦਾ ਸਨਮਾਨ ਦਿੱਤਾ ਗਿਆ ਤੇ ਉਸ ਦੀ ਲੋਕ-ਪ੍ਰਿਅਤਾ ਬੇਮਿਸਾਲ ਤੇ ਅਛੋਹ ਸਿਖਰਾਂ ਛੋਹ ਗਈ। ਉਸ ਨੂੰ ਜਾਪਿਆ ਸੀ ਕਿ ਲੋਕਾਂ ਦੇ ਉਮਾਹ ਤੇ ਜੋਸ਼ ਕਾਰਨ ਜੋ ਸਾਰੇ ਮਲੁਕ ਵਿੱਚ ਵੇਖਣ ਨੂੰ

ਮਿਲਿਆ ਹੈ ਤੇ ਜਿਸ ਨਾਲ ਉਸਦੀ ਸ਼ਾਨ ਤੇ ਮਾਨ ਵਧਿਆ ਹੈ, ਉਹ ਭਾਰਤ ਤੇ ਸਿਆਸੀ ਨਕਸ਼ੇ ਤੋਂ ਵਿਰੋਧੀਆਂ ਪਾਰਟੀਆਂ ਦਾ ਸਫਾਇਆ ਕਰ ਸਕਦੀ ਸੀ।

ਪੰਜਾਬ ਵਿੱਚ ਲੜਾਈ ਪਿੱਛੋਂ ਸਥਿਤੀ ਬਾਕੀ ਭਾਰਤ ਨਾਲੋਂ ਵੱਖਰੀ ਨਹੀਂ ਸੀ। ਪੰਜਾਬ ਵਿੱਚ ਜਿਹੜੀ ਵਿਰੋਧੀ ਪਾਰਟੀ ਦਾ ਕੁਝ ਮਹੱਤਵ ਸੀ, ਉਹ ਅਕਾਲੀ ਪਾਰਟੀ ਸੀ। ਅਕਾਲੀ ਸਿਰਫ਼ ਵੱਖ ਵੱਖ ਲੜਾਕੇ ਧੜਿਆਂ ਵਿੱਚ ਹੀ ਵੰਡੇ ਹੋਏ ਨਹੀਂ ਸਨ ਸਗੋਂ ਨਾ ਤਾਂ ਸੰਤ ਫਤਿਹ ਸਿੰਘ ਦੇ ਵੱਡੇ ਧੜੇ ਨੇ ਤੇ ਨਾਂ ਹੀ ਮਾਸਟਰ ਤਾਰਾ ਸਿੰਘ ਦੇ ਛੋਟ ਧੜੇ ਨੇ, ਜਿਸ ਢੰਗ ਨਾਲ ਉਹਨਾਂ ਨੇ ਹਕੂਮਤ ਦਾ ਕੰਮ-ਕਾਜ ਚਲਾਇਆ ਸੀ, ਲੋਕਾਂ ਤੋਂ ਕੋਈ ਭੱਲ ਜਾਂ "ਵਾਹ-ਵਾਹ" ਖੱਟੀ ਸੀ।

ਮਾਸਟਰ ਤਾਰਾ ਸਿੰਘ ਮਰ ਚੁੱਕਾ ਸੀ ਤੇ ਸੰਤ ਫਤਿਹ ਸਿੰਘ ਦੀ ਬਦਨਾਮੀ ਹੋ ਚੁੱਕੀ ਸੀ। ਸੰਤ ਫਤਿਹ ਸਿੰਘ ਦੀ ਦਿੱਲੀ ਦੇ ਗੁਰਦਵਾਰਿਆਂ ਉੱਪਰ ਸਰਕਾਰ ਦੇ ਕਬਜ਼ਾ ਕਰਨ ਵਿਰੁੱਧ ਜਜ਼ਬਾਤ ਭੜਕਾਉਣ ਦੀ ਕੋਸ਼ਿਸ (ਜਿੱਥੇ ਅਕਾਲੀ ਪ੍ਰਬੰਧਕ ਬਹੁਤ ਭਾਰੀ ਧਨ ਦੀ ਹੇਰਾਫੇਰੀ ਤੇ ਗਬਨ ਦੇ ਦੋਸ਼ੀ ਪਾਏ ਗਏ ਸਨ) ਦਾ ਉਹਦੀ ਉਮੀਦ ਅਨੁਸਾਰ ਕੋਈ ਹੁੰਗਾਰਾ ਨਾ ਮਿਲਿਆ। ਸੰਤ ਨੂੰ 15 ਅਗਸਤ 1972 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਅੰਦੋਲਨ ਦੇ ਫ਼ਲਸਰੂਪ 9000 ਹੋਰ ਅਕਾਲੀ ਜੇਹਲਾਂ ਵਿੱਚ ਭੇਜੇ ਗਏ। ਇਸਨੇ ਅੰਸ਼ਕ ਰੂਪ ਵਿੱਚ ਤਾਂ ਸੰਤ ਨੂੰ ਅਕਾਲੀ ਨੇਤਾ ਵਜੋਂ ਪੁਨਰ-ਸਥਾਪਿਤ ਕਰ ਦਿੱਤਾ ਪ੍ਰੰਤੂ ਇਸ ਨਾਲ ਲੋਕਾਂ ਦਾ ਉਹਦੇ ਪ੍ਰਤੀ ਵਿਸ਼ਵਾਸ ਤੇ ਭਰੋਸਾ ਨਾ ਵਧਿਆ।

1972 ਦੀਆਂ ਆਮ ਚੋਣਾਂ ਨੇ ਅਕਾਲੀਆਂ ਦਾ ਸਿਆਸੀ ਸੰਗਠਨ ਖੇਰੂ ਖੇਰੂ ਕਰ ਦਿੱਤਾ। ਕਾਂਗਰਸ 66 ਸੀਟਾਂ ਜਿੱਤ ਗਈ ਤੇ ਉਹਨਾਂ ਦੇ ਸਹਿਯੋਗੀ ਕਮਿਊਨਿਸਟਾਂ ਨੂੰ 10, ਮਾਰਕਸੀਆਂ ਨੂੰ 1, ਆਜ਼ਾਦਾਂ ਨੂੰ 3 ਸੀਟਾਂ ਮਿਲੀਆਂ। ਅਕਾਲੀਆਂ ਨੂੰ 104 'ਚੋਂ ਸਿਰਫ਼ 24 ਸੀਟਾਂ ਮਿਲੀਆਂ। ਕਾਂਗਰਸ ਹੁਣ ਅਕਾਲੀਆਂ ਤੋਂ ਪਿੱਛਾ ਛੁੜਾ ਸਕਦੀ ਸੀ। 17 ਮਾਰਚ 1972 ਨੂੰ ਗਿਆਨੀ ਜ਼ੈਲ ਸਿੰਘ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ।[46]

ਗਿਆਨੀ ਜ਼ੈਲ ਸਿੰਘ ਦਾ ਪੰਜ ਸਾਲ ਦਾ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਮਾਂ ਪੰਜਾਬ ਵਿੱਚ ਸਭ ਤੋਂ ਅਧਿਕ ਸਥਿਰਤਾ ਵਾਲਾ ਸੀ। ਭਾਵੇਂ ਉਹ ਜੱਟਾਂ ਦੀ ਬਹੁਲਤਾ ਤੇ ਪਰਬਲਤਾ ਵਾਲੀ ਰਿਆਸਤ ਵਿੱਚ ਇੱਕ ਰਾਮਗੜ੍ਹੀਆਂ ਸੀ, ਉਹ ਜੱਟਾਂ ਨੂੰ ਇੱਕ ਦੂਸਰੇ ਨਾਲ ਲੜਾਉਣ ਵਿੱਚ ਸਫਲ ਰਿਹਾ।

ਉਸ ਨੂੰ ਪਰਧਾਨ ਮੰਤਰੀ ਇੰਦਰਾ ਗਾਂਧੀ ਦਾ ਵਿਸ਼ਵਾਸ ਪ੍ਰਾਪਤ ਸੀ। ਉਹ ਰਾਜ ਦੀ ਸਰਕਾਰ ਨੂੰ ਸੁਯੋਗਤਾ ਨਾਲ ਚਲਾਉਣ ਵਿੱਚ ਉਸ ਸਮੇਂ ਵੀ ਸਫ਼ਲ ਰਿਹਾ ਜਦੋਂ ਇੰਦਰਾ

---

46. ਗਿਆਨੀ ਜ਼ੈਲ ਸਿੰਘ ਫਰੀਦਕੋਟ ਦੇ ਪਿੰਡ ਸੰਧਵਾਂ ਵਿੱਚ 1916 ਨੂੰ ਰਾਮਗੜ੍ਹੀਆਂ ਦੇ ਘਰ ਪੈਦਾ ਹੋਇਆ। ਉਸ ਨੇ ਸਾਬਕਾ ਫ਼ਰੀਦਕੋਟ ਰਿਆਸਤ ਵਿੱਚ ਪਰਜਾ ਮੰਡਲ ਦੀ ਨੀਂਹ ਰੱਖੀ। ਰਾਜੇ ਵਿਰੁੱਧ ਅੰਦੋਲਨ ਕਰਨ ਕਰਕੇ ਉਸ ਨੂੰ 5 ਸਾਲ ਦੀ ਕੈਦ ਹੋਈ। ਉਹ ਪੈਪਸੂ ਸਰਕਾਰ ਵਿੱਚ ਮੰਤਰੀ, ਪੈਪਸੂ ਕਾਂਗਰਸ ਕਾਂਗਰਸ ਦਾ ਪਰਧਾਨ ਤੇ ਮਗਰੋਂ ਪੰਜਾਬ ਪਰਦੇਸ ਕਾਂਗਰਸ ਕਮੇਟੀ ਦਾ ਪਰਧਾਨ ਰਿਹਾ। ਉਹ 1956-62 ਤੱਕ ਰਾਜਯ ਸਭਾ ਦਾ ਮੈਂਬਰ ਰਿਹਾ ਤੇ 1970 ਵਿੱਚ ਪੰਜਾਬ ਵਿਧਾਨ ਸਭਾ ਲਈ ਮੈਂਬਰ ਚੁਣਿਆ ਗਿਆ। ਉਹ 1972 ਤੋਂ 77 ਤੱਕ ਪੰਜਾਬ ਦਾ ਮੁੱਖ-ਮੰਤਰੀ ਰਿਹਾ। 1980 ਤੋਂ 82 ਵਿੱਚ ਕੇਂਦਰੀ ਗ੍ਰਹਿ-ਮੰਤਰੀ ਤੇ 1982 ਤੋਂ 87 ਤੱਕ ਭਾਰਤ ਦਾ ਰਾਸ਼ਟਰਪਤੀ ਰਿਹਾ।

ਗਾਂਧੀ ਐਮਰਜੈਂਸੀ ਲਾਈ ਸੀ ਤੇ ਉਸ ਦੇ ਵਿਰੁੱਧ ਅਕਾਲੀਆਂ ਨੇ ਨਾ ਮਿਲਣ ਵਰਤਣ ਅੰਦੋਲਨ ਛੇੜ ਰੱਖਿਆ ਹੋਇਆ ਸੀ। ਪ੍ਰੰਤੂ ਉਸ ਦੀ ਮੁੱਖ ਭੂਮਿਕਾ ਸਿੱਖ ਰਾਜਨੀਤੀ ਤੋਂ ਬੜੀ ਦ੍ਰਿੜ੍ਹਤਾ ਤੇ ਸਿਰੜ ਨਾਲ ਅਕਾਲੀਆਂ ਦੀ ਚੌਧਰ ਨੂੰ ਵੰਗਾਰਨਾ ਸੀ। ਉਸ ਨੇ ਅਨੁਭਵ ਕਰ ਲਿਆ ਸੀ ਕਿ ਜਦ ਤਕ ਸ੍ਰੋ. ਗੁ. ਪ੍ਰ. ਕਮੇਟੀ ਅਕਾਲੀਆਂ ਦੇ ਕਬਜ਼ੇ ਵਿੱਚ ਹੈ, ਉਹਨਾਂ ਕੋਲ ਫੰਡ ਹਨ ਤੇ ਹਜਾਰਾਂ ਹੀ ਗਰੰਥੀਆਂ, ਸੇਵਾਦਾਰਾਂ ਤੇ ਰਾਗੀਆਂ ਦੀ ਨਿਯੁਕਤੀ ਦੀ ਤਾਕਤ ਹੈ, ਸਕੂਲਾਂ, ਕਾਲਜਾਂ ਤੇ ਹਸਪਤਾਲਾਂ ਨੂੰ ਚਲਾਉਣ ਵਾਲੀਆਂ ਪਰਬੰਧਕ ਕਮੇਟੀਆਂ ਉਹਨਾਂ ਦੀ ਸਰਪਰਸਤੀ ਵਿੱਚ ਹਨ, ਉਦੋਂ ਤੱਕ ਉਹ ਰਾਜ ਵਿੱਚ ਅਤਿਅੰਤ ਸ਼ਕਤੀਸ਼ਾਲੀ ਰਹਿਣਗੇ। ਉਸ ਨੇ ਅਕਾਲੀਆਂ ਤੋਂ ਸ੍ਰੋ. ਗੁ. ਪ੍ਰ. ਕਮੇਟੀ ਖੋਹਣ ਦੀ ਜ਼ਿੰਮੇਵਾਰੀ ਲਈ। ਉਹ ਜਾਣਦਾ ਸੀ ਕਿ ਇਸ ਦਾ ਇੱਕੋ ਇੱਕ ਢੰਗ ਇਹ ਸੀ ਕਿ ਉਹ ਸਿੱਖ ਜਨਤਾ ਨੂੰ ਸਾਬਤ ਕਰੇ ਕਿ ਭਾਵੇਂ ਉਹ ਧਰਮ ਨਿਰੱਖਤਾ ਲਈ ਪ੍ਰਤਿਬੱਧ ਕਾਂਗਰਸੀ ਹੈ, ਪਰ ਉਹ ਅਕਾਲੀ ਨੇਤਾਵਾਂ ਨਾਲੋਂ ਵਧੀਆ ਸਿੱਖ ਹੈ ਤੇ ਉਸ ਨੂੰ ਸਿੱਖ ਧਰਮ ਬਾਰੇ ਉਹਨਾਂ ਨਾਲੋਂ ਵਧੇਰੇ ਜਾਣਕਾਰੀ ਹੈ। ਇਹ ਕਿਤਨੀ ਵਿਰੋਧਾਭਾਸੀ ਗੱਲ ਹੈ ਕਿ ਉਹਦੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਹੀ ਪੰਜਾਬ ਵਿੱਚ ਬੇਮਿਸਾਲ ਖੁਸ਼ਹਾਲੀ ਆਈ ਤੇ ਉੱਨਤੀ ਹੋਈ, ਉਹਦੇ ਕਾਰਜਕਾਲ ਵਿੱਚ ਸਿੱਖ ਮੂਲਵਾਦ ਜਾਂ ਕੱਟੜਵਾਦ ਦਾ ਜਨਮ ਹੋਇਆ ਜਿਸ ਨਾਲ ਸਿੱਖਾਂ ਤੇ ਦੂਸਰੇ ਧਰਮਾਂ ਦੇ ਦੇਸ਼ਵਾਸੀਆਂ ਨਾਲ ਸੰਬੰਧਾਂ ਦਾ ਸਾਰਾ ਆਧਾਰ ਹੀ ਬਦਲ ਗਿਆ ਜਿਸ ਕਾਰਨ ਪੰਜਾਬ ਦੀ ਹੋਰ ਖੁਸ਼ਹਾਲੀ 'ਚ ਰੁਕਾਵਟ ਪਈ।

ਕਾਂਡ—19

ਆਰਥਕ ਖੁਸ਼ਹਾਲੀ ਤੇ ਧਾਰਮਕ ਮੂਲਵਾਦ

ਨੈਤਿਕਤਾ ਉਪਰ ਜ਼ੋਰ ਦੇਣ ਦੀ ਥਾਂ ਸੰਸਕਾਰਾਂ ਤੇ ਰੀਤਾਂ-ਕਰਮ ਕਾਂਡਾਂ, ਵੱਲ ਪਰੰਪਰਾਗਤ ਧਰਮਾਂ ਦਾ ਮੁਹਾਣ ਵਿਸ਼ਵ-ਵਿਆਪਕ ਵਰਤਾਰਾ ਬਣ ਗਿਆ ਹੈ। ਜੇ ਇਸ ਦੇ ਅਭਿਵਿਅੰਜਨ ਜਾਂ ਪਰਗਟਾ ਵਿੱਚ ਕੋਈ ਫਰਕ ਹੈ ਤਾਂ ਵਿਸ਼ੇਸ਼ ਖੇਤਰਾਂ ਦੀਆਂ ਪਰਚਲਤ ਹਾਲਤਾਂ ਕਾਰਨ ਹੈ। ਈਸਾਈ ਧਰਮ ਵਿੱਚ ਵੀ ਅਜਿਹੇ ਧਰਮ ਅਵਲੰਬੀਆਂ ਦੀ ਘਾਟ ਨਹੀਂ ਜੋ ਆਪਣੇ ਧਰਮ-ਗ੍ਰੰਥ ਨੂੰ ਖੁਦਾਈ ਹੁਕਮ ਮੰਨਦੇ ਹਨ, ਇਸਲਾਮ ਵਿੱਚ ਵਹਾਬੀ ਤੇ ਖੁਮੈਨੀਦੇ ਅਨੁਯਾਈ ਕੁਰਾਨ ਤੇ ਹਦੀਸ ਦੀ ਭਾਵਨਾ ਨਾਲੋਂ ਸ਼ਬਦਾਂ ਤੇ ਬਹੁਤਾ ਜੋਰ ਦਿੰਦੇ ਹਨ। ਭਾਰਤ ਵੀ ਧਾਰਮਕ ਮੂਲਵਾਦ ਦੇ ਉਭਾਰ ਤੋਂ ਬੇਲਾਗ ਨਹੀਂ ਰਿਹਾ। ਭਾਰਤ ਦੀ 85% ਤੋਂ ਵਧੀਕ ਹਿੰਦੂ ਵਸੋਂ ਜੋ ਹਿੰਦੂ ਧਰਮ ਦੇ ਕਿਸੇ ਨਾ ਕਿਸੇ ਮੱਤ ਜਾਂ ਸਰੂਪ ਨੂੰ ਮੰਨਦੀ ਹੈ, ਇਸ ਨੇ ਰਾਜਸੀ ਸੁਤੰਤਰਤਾ ਆਉਣ ਦੇ ਨਾਲ ਅਨੁਭਵ ਕੀਤਾ ਹੈ ਕਿ ਹੁਣ ਭਾਰਤ ਦੀ ਧਾਰਮਕ ਤੇ ਸਭਿਆਚਾਰਕ ਪਛਾਣ ਪੁਨਰ-ਨਿਸਚਿਤ ਕਰਾਉਣ ਦਾ ਸਮਾਂ ਆ ਗਿਆ ਹੈ। ਭਾਰਤ ਦੇ ਨਵੇਂ ਹਾਕਮ ਜਿਹਨਾਂ ਨੇ ਇਸ ਨੂੰ ਧਰਮ-ਨਿਰਪੇਖ ਬਣਾਉਣ ਲਈ ਚੁਣਿਆ (ਭਾਰਤੀ ਪਰਿਭਾਸ਼ਕ ਸ਼ਬਦਾਵਲੀ ਅਨੁਸਾਰ ਇਹਦਾ ਭਾਵ ਅਧਰਮੀ ਜਾਂ ਬੇਦੀਨ ਹੋਣਾ ਨਹੀਂ ਸਗੋਂ ਅਜਿਹਾ ਪ੍ਰਬੰਧ ਹੈ ਜੋ ਸਭ ਧਰਮਾਂ ਨੂੰ ਬਰਾਬਰ ਸਤਿਕਾਰ ਦਿੰਦਾ ਹੈ।) ਉਹਨਾਂ ਨੇ ਫੇਰ ਵੀ ਹਿੰਦੂ ਪੁਨਰ-ਜਾਗ੍ਰਤੀ ਦਾ ਪੂਰਾ ਸਮਰਥਨ ਕੀਤਾ ਤੇ ਉਤਸਾਹਿਤ ਕੀਤਾ। ਇਹ ਇਸ ਤਰ੍ਹਾਂ ਸੀ ਜਿਵੇਂ ਕਈ ਬਾਹਾਂ ਵਾਲੀ ਦੁਰਗਾ ਦੀ ਪੱਥਰ ਦੀ ਮੂਰਤੀ ਸਜੀਵ ਹੋ ਗਈ ਹੋਵੇ ਤੇ ਆਪਣੇ ਬਹੁਤ ਸਾਰੇ ਹੱਥਾਂ ਵਿੱਚ ਹਥਿਆਰ ਫੜਕੇ ਚਲਾ ਰਹੀ ਹੋਵੇ। ਸੰਸਕ੍ਰਿਤ ਦਾ ਪੁਨਰ ਉਥਾਨ ਤੇ ਪੁਰਾਤਨ ਧਾਰਮਕ ਗ੍ਰੰਥਾਂ ਦਾ ਅਧਿਐਨ ਆਰੰਭ ਹੋ ਗਿਆ; ਸ਼ਹਿਰਾਂ ਤੇ ਕਸਬਿਆਂ ਵਿੱਚ ਵੈਦਿਕ ਫਲਸਫ਼ੇ ਦੀ ਮਹਿਮਾ ਲਈ "ਪਰਚਾਰਨੀ ਸਭਾਵਾਂ" ਹੋਂਦ ਵਿੱਚ ਆ ਗਈਆਂ। ਪੱਛਮੀ ਪਦਾਰਥਵਾਦੀ ਸੰਸਾਰ ਨੂੰ ਹਿੰਦੂ ਧਰਮ ਦਾ ਆਤਮ ਤੇ ਰੂਹਾਨੀ ਸੰਦੇਸ਼ ਦੇਣ ਲਈ ਸੁਵਾਮੀ, ਸੰਤ ਅਵਤਾਰ ਤੇ ਹੋਰ ਕਈ ਪਰਕਾਰ ਦੇ ਸਾਧੂ ਆਪਣੇ ਆਪਣੇ ਆਸ਼ਰਮਾਂ ਵਿੱਚੋਂ ਬਾਹਰ ਨਿਕਲ ਤੁਰੇ। ਯੋਗ ਨੂੰ ਸਰਵੋਤਮ ਸਰੀਰਕ ਅਭਿਆਸ ਤੇ ਪ੍ਰਮਾਤਮਾ ਵਿੱਚ ਲਿਵਲੀਨ ਦਾ ਇੱਕ ਸਾਧਨ ਸੱਭ ਲਿਆ ਗਿਆ। ਸੁਦੇਸ਼ ਚਕਿਤਸਾ ਵਿਗਿਆਨ ਭਾਵ ਆਯੁਰਵੇਦ ਦੀ ਪੁਨਰ-ਸੁਰਜੀਤੀ ਹੋ ਗਈ। ਪੁਰਾਣੇ ਮੰਦਰਾਂ ਦੀ ਮੁਰੰਮਤ ਕੀਤੀ ਗਈ ਤੇ ਨਵੇਂ ਬਣਾਏ ਗਏ। ਸਰਕਾਰੀ ਨਿਯੰਤਰਨ ਅਧੀਨ ਸੰਚਾਰ ਸਾਧਨਾਂ ਜਿਵੇਂ ਆਕਾਸ਼ਬਾਣੀ ਤੇ ਦੂਰ-ਦਰਸ਼ਨ ਨੇ ਬਹੁਤ ਜ਼ਿਆਦਾ ਮੂਲਵਾਨ ਸਮਾਂ ਭਜਨ, ਧਾਰਮਕ ਪਰਵਚਨਾਂ ਤੇ ਹਿੰਦੂ ਮਿਥਿਹਾਸ ਚੋਂ ਨਾਟਕ ਮੁੜ ਖੇਡਣ ਲਈ ਸਮ੍ਰਪਿਤ ਕੀਤਾ।

ਇਸ ਨਾਲ ਰਾਸ਼ਟਰੀਆ ਸੇਇਮ ਸੰਘ ਤੇ ਸ਼ਿਵ-ਸੈਨਾ ਜਿਹੀਆਂ ਅਰਧ-ਨੈਤਿਕ ਹਿੰਦੂ ਸੰਥਾਵਾਂ ਵਿੱਚ ਨਵਾਂ ਜੋਸ਼ ਪੈਦਾ ਹੋਇਆ। ਇਹਨਾਂ ਗਤੀਵਿਧੀਆਂ ਕਾਰਨ ਮੁਸਲਮਾਨ,

ਈਸਾਈ ਤੇ ਸਿੱਖ ਘੱਟ-ਗਿਣਤੀਆਂ ਦੇ ਮਨਾਂ ਵਿੱਚ ਆਪਣੇ ਭਵਿੱਖ ਬਾਰੇ ਤੌਖਲੇ ਪੈਦਾ ਕਰ ਦਿੱਤੇ। ਇਸਲਾਮ ਤੇ ਈਸਾਈ ਧਰਮ ਜਿਹਨਾਂ ਨੂੰ ਗ਼ੈਰ-ਭਾਰਤੀ (ਵਿਦੇਸ਼ੀ) ਧਰਮ ਕਹਿਕੇ ਬਦਨਾਮ ਕੀਤਾ ਗਿਆ ਸੀ ਤੇ ਜੋ ਆਪਣੇ ਵਿਦੇਸ਼ੀ ਸਹਿਧਰਮੀਆਂ ਤੋਂ ਸਹਾਰਾ ਲੈਂਦੇ ਰਹੇ ਸਨ, ਉਹ ਵੀ ਆਪਣੇ ਰੰਗ ਢੰਗ ਤੇ ਪੈਂਤੜੇ ਵਿੱਚ ਉਦਮਸ਼ੀਲ ਤੇ ਆਕ੍ਰਮਣਕਾਰੀ ਹੋ ਗਏ। ਸਿੱਖਾਂ ਦੀ ਸਥਿਤੀ ਬੜੀ ਚਿੰਤਾਜਨਕ ਸੀ। ਉਹਨਾਂ ਦੀ ਵਸੋਂ ਅਤਿਅੰਤ ਘੱਟ ਗਿਣਤੀ ਵਿੱਚ ਸੀ ਤੇ ਉਹ ਦੋ ਪ੍ਰਤੀਸਤ ਤੋਂ ਵੀ ਘੱਟ ਸਨ। ਬਹੁਤ ਸਾਰੇ ਹਿੰਦੂ ਉਹਨਾਂ ਨੂੰ ਹਿੰਦੂ ਧਰਮ ਦਾ ਝੁਜਾਰੂ ਅੰਗ ਹੀ ਸਮਝਦੇ ਸਨ ਜਿਹੜੇ ਹਿੰਦੂ ਧਰਮ ਨਾਲੋਂ ਸਿਰਫ਼ ਖਾਲਸੇ ਦੇ ਬਾਹਰੀ ਚਿੰਨ੍ਹਾਂ, ਆਦਮੀ ਦੇ ਲੰਮੇ ਕੇਸਾਂ ਤੇ ਦਾਹੜੀਆਂ ਕਾਰਨ ਹੀ ਵੱਖਰੇ ਸਨ। ਹਿੰਦੂ ਧਰਮ ਦਾ ਮੰਤਵ ਸਿੱਖ ਧਰਮ ਅਤੇ ਖਾਲਸੇ ਦੇ ਸਰੂਪ ਨੂੰ ਚੁਣੌਤੀ ਦੇਣ ਦਾ ਕੋਈ ਭਾਵ ਨਹੀਂ ਸੀ। ਇਹ ਚੁਣੌਤੀ ਤਾਂ ਸਿੱਖ ਧਰਮ ਨੂੰ ਆਧੁਨਿਕਤਾ ਤੇ ਹਰੀ ਕ੍ਰਾਂਤੀ ਨਾਲ ਆਈ ਖੁਸ਼ਹਾਲੀ ਕਾਰਨ ਮਿਲੀ। ਹਰ ਰੋਜ਼ ਨੌਜੁਆਨ ਸਿੱਖ ਦਾੜ੍ਹੀ ਕੇਸਾਂ ਦੀ ਲੋੜ ਬਾਰੇ ਕਿੰਤੂ ਪ੍ਰੰਤੂ ਕਰਨ ਲੱਗੇ ਤੇ ਇਹਨਾਂ ਨੂੰ ਭੂਤ ਕਾਲ ਦੀ ਨਿਸ਼ਾਨੀ ਸਮਝਣ ਲੱਗੇ। ਜ਼ਿਆਦਾ ਪੜ੍ਹੇ ਲਿਖੇ ਤੇ ਅਮੀਰ ਪਰਿਵਾਰਾਂ ਵਿੱਚ ਪਤਿਤਪੁਣੇ ਦੀ ਗਿਣਤੀ ਤੇ ਘਟਨਾਵਾਂ ਬਹੁਤ ਜ਼ਿਆਦਾ ਵੱਧਣ ਲੱਗੀਆਂ। ਬਹੁਤੇ ਲੋਕਾਂ ਨੂੰ ਜਾਪਣ ਲੱਗਾ ਕਿ ਨੇੜੇ ਹੀ ਭਵਿੱਖ ਵਿੱਚ ਇਹ ਧਰਮ ਹਿੰਦੂ ਧਰਮ ਵਿੱਚ ਜਜ਼ਬ ਹੋ ਜਾਵੇਗਾ ਜਾਂ ਜੈਨੀਆਂ ਤੇ ਬੋਧੀਆਂ ਵਾਂਗ ਸਿੱਖ ਧਰਮ ਮੰਨਣ ਵਾਲੇ ਹਿੰਦੂਆਂ ਦੀ ਇੱਕ ਸ਼ਾਖ ਹੀ ਬਣ ਜਾਵੇਗਾ। ਕੱਟੜਪੰਥੀ ਖਾਲਸੇ ਨੂੰ ਇਸ ਰੁਝਾਨ ਨੇ ਬੜਾ ਸੰਤਾਪ ਦਿੱਤਾ। ਇਹ ਉਹਨਾਂ ਸਿਆਸਤਾਨਾਂ ਦੇ ਅਨੁਕੂਲ ਵੀ ਨਹੀਂ ਸੀ ਜਿਹਨਾਂ ਦੀ ਸਿਆਸੀ ਹੋਂਦ ਸਿੱਖਾਂ ਦੇ ਵੱਖਰੇਪਨ ਦੇ ਆਸਰੇ ਹੀ ਸੀ।

ਵੰਡ ਪਿੱਛੋਂ ਪੰਜਾਬ ਉਪਰ ਸਰਸਰੀ ਝਾਤ ਮਾਰਿਆਂ, ਤੇ ਇਸ ਦੇ ਅਮੀਰ ਤਬਦਲੇ ਦੇ ਉਸ ਇਲਾਕੇ 'ਚੋਂ ਪਰਵਾਸ ਕਰਨ ਨਾਲ ਜੋ ਕਦੇ ਉਹਨਾਂ ਦਾ ਵਤਨ (ਮਾਤ-ਭੂਮੀ) ਹੁੰਦਾ ਸੀ, ਪਤਾ ਲੱਗੇਗਾ ਕਿ ਕਿਵੇਂ ਵੱਖ ਵਾਦ ਦੇ ਬੀਜ ਬੀਜੇ ਗਏ ਤੇ ਕੱਟੜਵਾਦ ਦੀ ਪੁਨਰ-ਸੁਰਜੀਤੀ ਕੀਤੀ ਗਈ।

ਭੂਮੀ-ਮਾਲਕ ਸਿੱਖ ਪਰਵਾਸੀਆਂ ਨੂੰ ਜੋ ਵਧੇਰੇ ਕਰਕੇ ਜੱਟ ਸਿੱਖ, ਸ਼ਿਲਪਕਾਰ ਤੇ ਨੀਵੀਆਂ ਜਾਤੀਆਂ ਦੇ ਮਜ਼ਦੂਰ ਸਨ, ਉਹਨਾਂ ਨੂੰ ਪੂਰਬੀ ਪੰਜਾਬ ਵਿੱਚ ਨਿਸ਼ਚਿਤ ਸੀਮਾਂਵਾਂ ਵਿੱਚ ਰੋਕਿਆ ਗਿਆ। ਇਸਤੋਂ ਵਧੀਕ ਉਛਾਲ ਦੀ ਰਾਜਸਥਾਨ ਦੇ ਜ਼ਿਲਾ ਗੰਗਾ ਨਗਰ ਤੇ ਉੱਤਰ ਪਰਦੇਸ਼ ਦੇ ਤਰਾਈ ਖੇਤਰ ਵਿੱਚ ਵਿਵਸਥਾ ਕਰ ਦਿੱਤੀ ਗਈ। ਸਿੱਖ ਵਪਾਰੀ ਤੇ ਦੁਕਾਨਦਾਰ ਬਰਾਦਰੀਆਂ ਆਪਣੇ ਬਰਾਬਰ ਦੇ ਹਿੰਦੂਆਂ ਵਾਂਗ ਆਪਣਾ ਪ੍ਰਬੰਧ ਆਪ ਕਰਕੇ ਉਹਨਾਂ ਸ਼ਹਿਰਾਂ ਤੇ ਕਸਬਿਆਂ ਵਿੱਚ ਵੱਸ ਗਏ ਜਿਹਨਾਂ ਵਿੱਚ ਉਹਨਾਂ ਨੂੰ ਆਪਣੇ ਕਿੱਤੇ ਦੀ ਚੰਗੀ ਸੰਭਾਵਨਾ ਜਾਪੀ। ਇਸ ਖਿਲਾਰੇ ਵਿੱਚ ਭੂਮੀ ਪਤੀ ਵਰਗ ਤਾਂ ਇੱਕ ਥਾਂ ਇਕੱਠੇ ਕਰ ਦਿੱਤੇ ਗਏ ਪਰ ਵਪਾਰੀ ਵਰਗ ਅੱਡੋ ਅੱਡ ਥਾਵਾਂ ਵਿੱਚ ਵੰਡੇ ਗਏ ਤੇ ਖਿੱਲਰ ਪੁੱਲਰ ਗਏ। ਜੱਟ ਸਿੱਖ ਜਿਹਨਾਂ ਕਦੇ ਵੀ ਗੈਰ-ਕਾਸ਼ਤਕਾਰ ਜਾਤੀਆਂ ਨੂੰ ਬਹੁਤੀ ਇੱਜ਼ਤ ਨਾਲ ਨਹੀਂ ਵੇਖਿਆ ਸੀ, ਉਹ ਉਹਨਾਂ ਨੂੰ ਖੁਲ੍ਹਮ ਖੁਲ੍ਹਾ ਦੂਸਰੇ ਦਰਜੇ ਦੇ ਸਿੱਖਾਂ ਵਜੋਂ ਨਫਰਤ ਨਾਲ ਵੇਖਦੇ ਸਨ। ਪਰਤਾਪ ਸਿੰਘ ਕੈਰੋਂ ਤਾਂ ਖੁਲ੍ਹੇ-ਆਮ ਉਹਨਾਂ ਨੂੰ "ਭਾਪਾ" ਕਿਹਾ ਕਰਦਾ ਸੀ। ਇਹ ਘਟੀਆ ਦੱਸਣ ਲਈ ਇੱਕ "ਕੁ ਨਾਂ" ਸੀ ਜੋ ਬ੍ਰਾਹਮਣਾਂ ਖੱਤਰੀ ਤੇ ਅਰੋੜੇ ਮੂਲ ਦੇ ਸਿੱਖਾਂ ਲਈ ਵਰਤਿਆ ਜਾਂਦਾ ਸੀ। ਇਹ ਇਸ ਤੱਥ

ਦੇ ਬਾਵਜੂਦ ਸੀ ਜਦੋਂ ਕਿ ਸਾਰੇ ਸਿੱਖ ਗੁਰੂ ਅਤੇ ਬੰਦਾ ਸਿੰਘ ਬੈਰਾਗੀ ਸਭ ਖੱਤਰੀ ਸਨ। ਪੰਜਾਬੀ ਸਿੱਖਾਂ ਦੀ ਅਗਵਾਈ ਵਪਾਰੀ ਵਰਗ ਦੇ ਹੱਥੋਂ ਨਿਕਲ ਕੇ ਭੂਮੀ-ਪਤੀ ਹੱਥਾਂ ਵਿੱਚ ਚਲੀ ਗਈ। ਤੇ ਭੂਮੀ ਮਾਲਕਾਂ ਵਿਚੋਂ ਵੀ ਇਹ ਉਹਨਾਂ ਦੇ ਹੱਥ ਆ ਗਈ ਜੋ ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਇਸ ਪਾਸੇ ਦੇ ਵਸਨੀਕ ਸਨ। ਇਹ ਪਰਵਾਸੀਆਂ ਦੇ ਹੱਥ ਨਾ ਰਹੀ ਜੋ ਉਧਰੋਂ ਆਕੇ ਵੱਖ ਵੱਖ ਜ਼ਿਲਿਆਂ ਵਿੱਚ ਖਿੱਲਰ ਪੁੱਲਰ ਗਏ। ਇਸ ਪਰਕਿਰਿਆ ਵਿੱਚ ਹੌਲੀ ਹੌਲੀ ਮਾਝੇ ਤੇ ਦੁਆਬੇ ਦੀ ਮਹਤੱਤਾ ਘੱਟ ਗਈ ਤੇ ਲੁਧਿਆਣਾ, ਪਟਿਆਲਾ, ਫਰੀਦਕੋਟ ਤੇ ਫਿਰੋਜ਼ਪੁਰ ਦੇ ਮਲਵਈ ਸਿੱਖਾਂ ਦੀ ਚੜ੍ਹਤਲ ਹੋ ਗਈ। ਆਜ਼ਾਦੀ ਪਿੱਛੋਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੇਤਾ ਮਲਵਈ ਜੱਟ ਹੀ ਸਨ। ਅਕਾਲੀ ਦਲ ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਵੀ ਉਹਨਾਂ ਦੇ ਅਧੀਨ ਹੀ ਸੀ। ਸਿੱਖ ਸ਼ਹਿਰੀ ਤਬਕਾ ਹਾਸ਼ੀਏ ਤੇ ਸੁੱਟ ਦਿੱਤਾ ਗਿਆ ਤੇ ਉਹਨਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਦਿੱਲੀ ਬਣ ਗਿਆ।

ਹਰੀ ਕ੍ਰਾਂਤੀ—ਸਿਆਸੀ ਝਗੜਿਆਂ ਦੀ ਇਸ ਰੂਪ ਰੇਖਾ ਦੇ ਨਾਲ ਚੁੱਪ ਚਾਪ ਇਕ ਕ੍ਰਾਂਤੀ ਵੀ ਸ਼ੁਰੂ ਹੋ ਗਈ। ਇਸਦਾ ਮੁੱਖ ਕੇਂਦਰ ਪੰਜਾਬ ਖੇਤੀ ਵਿਸ਼ਵਵਿਦਿਆਲਾ ਲੁਧਿਆਣਾ ਸੀ ਜੋ 1962 ਵਿੱਚ ਕਾਇਮ ਕੀਤਾ ਗਿਆ। ਇਸ ਥਾਂ ਤੇ ਮਹਿਮਾਨ ਨਾਰਵੇ-ਅਮਰੀਕੀ ਖੇਤੀ ਵਿਗਿਆਨੀ ਨੌਰਮਨ ਬੋਰਲਾਗ[1] ਤੇ ਉਸ ਦੇ ਦਲ ਨੇ ਮੈਕਸੀਕਨ ਕਣਕ ਦੀ ਬੌਣੀ ਕਿਸਮ ਤਿਆਰ ਕੀਤੀ ਤੇ ਇਸਦਾ ਬੀਜ ਕਿਰਸਾਣੀ ਭਾਈਚਾਰੇ ਤੱਕ ਪਹੁੰਚਾਇਆ। ਨਵੇਂ ਕਿਸਮ ਦੇ ਬੀਜਾਂ ਨਾਲ ਨਵੇਂ ਖੇਤੀ ਦੇ ਢੰਗਾਂ ਟਰੈਕਟਰਾਂ, ਅਨਾਜ ਵੱਢਣ ਵਾਲੀਆਂ ਤੇ ਗਾਹੁਣ ਵਾਲੀਆਂ ਮਸ਼ੀਨਾਂ, ਰਸਾਇਣਕ ਖਾਦਾਂ ਤੇ ਕੀੜੇ ਮਾਰ ਦੁਆਈਆਂ ਦੀ ਵਰਤੋਂ ਸ਼ੁਰੂ ਹੋ ਗਈ। ਪੰਜਾਬ ਜਿਸ ਵਿੱਚ ਪਹਿਲਾਂ ਹੀ ਨਹਿਰੀ ਪਾਣੀ ਨਾਲ ਸਿੰਚਾਈ ਦਾ ਕਾਫੀ ਪਰਬੰਧ ਸੀ, ਇਸ ਦੇ ਭਾਖੜਾ ਨੰਗਲ ਦੀ ਪਣ-ਬਿਜਲੀ ਦੇ ਨਾਲ ਜਾਂ ਡੀਜ਼ਲ ਨਾਲ ਚੱਲਣ ਵਾਲੇ ਭਾਰੀ ਗਿਣਤੀ ਵਿੱਚ ਟਿਊਬ ਵੈੱਲ ਲਗਾਏ। ਪੰਜਾਬ ਦੀ ਖੇਤੀ ਉਪਜ ਵਿੱਚ 1960ਵਿਆਂ ਵਿੱਚ ਸ਼ਾਨਦਾਰ ਵਾਧਾ ਹੋਇਆ। ਪਹਿਲਾਂ ਪ੍ਰਤੀ ਏਕੜ ਝਾੜ ਦੁੱਗਣਾ ਤੇ ਫਿਰ ਤਿਗੁਣਾ ਹੋ ਗਿਆ। ਕਣਕ ਦੀ ਭਰਵੀਂ ਫਸਲ ਮਗਰੋਂ ਤਾਇਵਾਨ ਵਿੱਚੋਂ ਲਿਆਂਦੇ ਵਿਕਸਿਤ ਚੌਲਾਂ ਦੇ ਬੀਜਾਂ ਨਾਲ ਚਾਵਲ ਦੀ ਭਰਪੂਰ ਫਸਲ ਹੋਈ। ਇਸ ਤਰ੍ਹਾਂ ਹੀ ਕਪਾਹ ਤੇ ਗੰਨੇ ਦੀ ਖੇਤੀ ਵਿੱਚ ਭਾਰੀ ਵਾਧਾ ਹੋਇਆ। ਇਸ ਤਰ੍ਹਾਂ ਹਰੀ ਕ੍ਰਾਂਤੀ ਦੀ ਮਸ਼ਹੂਰੀ ਹੋ ਗਈ। ਇਸਦੇ ਪਰਚਾਰਕ ਤੇ ਲਾਭ ਪਾਤਰ ਸਿੱਖ ਕਿਸਾਨ ਹੀ ਸਨ ਜਿਹਨਾਂ ਕੋਲ ਪੰਜਾਬ ਦੀ ਵਾਹੀ ਹੇਠ 90% ਤੋਂ ਉੱਪਰ ਭੂਮੀ ਸੀ।

ਹਰੀ ਕ੍ਰਾਂਤੀ ਸ਼ੁਰੂ ਕਰਨ ਲਈ ਲੁਧਿਆਣੇ ਦੀ ਚੋਣ ਸਹੀ ਟਿਕਾਣੇ ਵਜੋਂ ਕੀਤੀ ਗਈ। ਇਹ ਸਿੰਧ-ਗੰਗਾ ਮੈਦਾਨ ਦੇ ਅਤਿਅੰਤ ਉਪਜਾਊ ਖੇਤਰ ਵਿੱਚ ਸਥਿਤ ਸੀ, ਇਸ ਭੋਇੰ ਦੀ ਖੁਦਾਈ ਕਰਕੇ ਇਸ ਦੀ ਦੂਸਰੀ ਤਹਿ ਤੋਂ ਪਾਣੀ ਆਸਨੀ ਨਾਲ ਲਿਆ ਜਾ

---

1. ਨੌਰਮਨ ਅਰਨੈਸਟ ਬੋਰਲਾਗ (ਜਨਮ 1914) ਮਿਨੀਸੋਟਾ ਯੂਨੀਵਰਸਿਟੀ ਵਿੱਚ (ਮਾਈਕਰੋ ਬਿਆਲੋਜਿਸਟ) ਅਣੂ ਵਿਗਿਆਨੀ ਸੀ। ਉਸ ਨੇ ਮੈਕਸੀਕੋ ਵਿੱਚ ਮੱਕੀ ਤੇ ਕਣਕ ਸੁਧਾਰ ਕੇਂਦਰਾਂ ਵਿੱਚ ਤੇ ਹੋਰ ਕਈ ਸੰਸਥਾਵਾਂ ਤੇ ਯੂਨੀਵਰਸਿਟੀਆਂ ਵਿੱਚ ਲੁਧਿਆਣੇ ਆਉਣ ਤੋਂ ਪਹਿਲਾਂ 14 ਸਾਲ ਗੁਜ਼ਾਰੇ। ਉਸ ਨੂੰ 1970 ਵਿੱਚ "ਨੋਬਲ ਇਨਾਮ" ਦਿੱਤਾ ਗਿਆ।

ਸਕਦਾ ਸੀ। ਵੱਡੇ ਪੱਧਰ ਤੇ 1961 ਵਿੱਚ ਇਥੋਂ ਦੀ ਜ਼ਮੀਨ ਦੀ ਚੱਕ ਬੰਦੀ ਹੋ ਚੁੱਕੀ ਸੀ। ਭਾਵੇਂ ਇਹ ਸੰਘਣੀ ਵਸੋਂ ਵਾਲਾ ਖੇਤਰ ਸੀ (773 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ) ਪਰ ਇਹਦੀ 65% ਵਸੋਂ ਗੈਰ-ਖੇਤੀ ਧੰਦਿਆਂ ਵਿੱਚ ਲੱਗੀ ਹੋਈ ਸੀ। ਸ਼ਹਿਰ ਜੁਰਾਬਾਂ ਬੁਨੈਣਾਂ (ਹਉਜ਼ਰੀ) ਸਾਈਕਲਾਂ, ਮੋਟਰਾਂ ਦੇ ਫਾਲਤੂ ਪੁਰਜ਼ੇ, ਮਸ਼ੀਨੀ ਉਪਕਰਨਾਂ ਦੀਆਂ ਭਾਂਤ-ਭਾਂਤ ਇਕਾਈਆਂ ਕਾਰਨ ਭਾਰਤ ਦੇ ਲਘੂ ਉਦਯੋਗ ਦੀ ਰਾਜਧਾਨੀ ਵਜੋਂ ਪ੍ਰਸਿੱਧੀ ਪ੍ਰਾਪਤ ਕਰ ਗਿਆ ਸੀ। ਪੇਂਡੂ ਖੇਤਰ ਸੜਕਾਂ ਰਾਹੀਂ ਹਰ ਮੌਸਮ ਵਿੱਚ ਸ਼ਹਿਰ ਦੇ ਉਦਯੋਗਿਕ ਕੇਂਦਰਾਂ ਨਾਲ ਜੁੜਿਆ ਰਹਿੰਦਾ ਸੀ। ਜ਼ਮੀਨ ਉਪਰੋਂ ਵਸੋਂ ਦਾ ਦਬਾਓ ਵੀ ਮੁਕਾਬਲਤਨ ਘੱਟ ਸੀ ਕਿਉਂਕਿ ਅੱਧੇ ਤੋਂ ਜ਼ਿਆਦਾ (55%) ਵਾਹੀ ਯੋਗ ਰਕਬਾ ਵੀਹ ਏਕੜ ਤੋਂ ਵਧੇਰੇ ਮਾਲਕੀ ਵਾਲੇ ਕਿਸਾਨਾਂ ਪਾਸ ਸੀ। ਉਹ ਕਿਰਸਾਣੀ ਵਸੋਂ ਦਾ 37% ਸਨ। 43% ਲੋਕਾਂ ਕੋਲ 10 ਤੋਂ 20 ਏਕੜ ਭੂਮੀ ਸੀ। ਦਸ ਏਕੜ ਤੋਂ ਘੱਟ ਜ਼ਮੀਨ ਵਾਲੇ ਮਾਲਕਾਂ ਦੀ ਗਿਣਤੀ ਕੇਵਲ 20% ਸੀ। ਲੁਧਿਆਣੇ ਦੀ ਪੇਂਡੂ ਖੇਤਰ ਦੇ ਲੋਕਾਂ ਦੀ ਸਾਖਰਤਾ ਦਰ 42% ਸੀ ਜਿਹੜੀ ਪੰਜਾਬ ਦੇ ਦੂਸਰਿਆਂ ਜ਼ਿਲਿਆਂ ਦੇ ਮੁਕਾਬਲੇ ਸਭ ਤੋਂ ਵੱਧ ਸੀ। ਸਭ ਤੋਂ ਉਪਰੰਤ ਲਗਭਗ ਸਾਰਾ ਕਿਸਾਨ ਵਰਗ ਸਿੱਖਾਂ ਦਾ ਸੀ ਤੇ ਉਹ ਅਗਾਂਹ ਵਧੂ ਸਨ।

1965 ਵਿੱਚ ਖੇਤੀ ਮੰਤਰਾਲੇ ਨੇ ਲੁਧਿਆਣਾ ਜਿਲੇ ਦੀ ਚੋਣ "ਸੰਘਣੀ ਖੇਤੀ ਦੀ ਯੋਜਨਾ ਦੇ ਖੇਤਰ" (ਆਈ ਏ.ਏ. ਪੀ-ਇਨਸਟੈਨਸਵ ਐਗਰੀਕਲਚਰਲ ਏਰੀਆਜ਼ ਪਰੋਗਰਾਮ) ਦੀ ਪਰਖ ਲਈ ਕੀਤੀ। ਫੋਰਡ ਸੰਸਥਾ ਨੇ ਪਹਿਲਾਂ ਹੀ ਇੱਕ ਵਿਸ਼ਾਲ ਤੇ ਸਮੁੱਚਾ ਪਰਸਤਾਵ ਤਿਆਰ ਕੀਤਾ ਸੀ ਜਿਸ ਵਿੱਚ ਆਸਾਨ ਕਰਜ਼ੇ ਦੀਆਂ ਸਹੂਲਤਾਂ, ਰਸਾਇਣਕ ਖਾਦਾਂ ਦੀ ਵਰਤੋਂ, ਬੀਜਾਂ ਦੀਆਂ ਨਵੀਆਂ ਕਿਸਮਾਂ, ਕੀੜੇ ਮਾਰ ਦਵਾਈਆਂ, ਉਚਿੱਤ ਮੁੱਲ ਦੀ ਪਰੇਰਨਾ ਤੇ ਮੰਡੀਕਰਨ ਦੀਆਂ ਸਹੂਲਤਾਂ ਸ਼ਾਮਿਲ ਸਨ। ਇਹਨਾਂ ਸਭ ਨੂੰ "ਆਈ.ਏ.ਏ.ਪੀ." ਅਧੀਨ ਲੁਧਿਆਣੇ ਵਿੱਚ ਅਮਲੀ ਰੂਪ ਦਿੱਤਾ ਗਿਆ। ਭਾਵੇਂ ਸਮੁੱਚੇ ਨਤੀਜੇ ਬੜੇ ਲਾਭਕਾਰੀ ਸਨ ਪਰ ਇਸ ਨਾਲ ਕਾਸ਼ਤਕਾਰਾਂ ਦੇ ਵੱਖ ਵੱਖ ਵਰਗਾਂ ਵਿੱਚ ਆਰਥਕ ਪਾੜਾ ਪੈ ਗਿਆ। ਵੱਡੇ ਭੂਮੀ ਮਾਲਕਾਂ ਨੂੰ ਕਰਜ਼ੇ ਦੀ ਵਧੇਰੇ ਸਹੂਲਤ ਹੋਣ ਕਰਕੇ, ਉਹ ਟਰੈਕਟਰ ਖ਼ਰੀਦਣ, ਟਿਊਬਵੈਲ ਲਾਉਣ ਤੇ ਆਧੁਨਿਕ ਉਪਕਰਨ ਵਰਤਣ ਕਰਕੇ ਖੇਤੀ ਦੀ ਉਪਜ ਤਿੰਨ ਗੁਣਾਂ ਕਰਨ ਵੱਚ ਸਫਲ ਹੋ ਗਏ। ਮੱਧ ਵਰਗ ਦੇ ਭੂਮੀ ਮਾਲਕ ਥੋੜ੍ਹੇ ਸਾਧਨਾਂ ਕਾਰਨ ਅਜੇ ਮਸਾਂ ਸ਼ੁਰੂ ਕਰਨ ਜੋਗੇ ਹੀ ਹੋਏ ਸਨ। ਜਿਹਨਾਂ ਕੋਲ 10 ਏਕੜ ਤੋਂ ਵੀ ਘੱਟ ਭੂਮੀ ਸੀ, ਉਹਨਾਂ ਨੂੰ ਖੇਤੀ ਆਰਥਕ ਤੌਰ ਤੇ ਅਵਿਵਹਾਰਕ ਤੇ ਘਾਟੇ ਦਾ ਧੰਦਾ ਜਾਪੀ ਤੇ ਉਹਨਾਂ ਨੇ ਮਜਬੂਰ ਹੋਕੇ ਜ਼ਮੀਨਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਮੁੱਢਲੇ ਪੜਾਵਾਂ ਵਿੱਚ ਕਿਰਤੀ ਤੇ ਮਜ਼ਦੂਰ ਜ਼ਿਮੀਂਦਾਰਾਂ ਤੋਂ ਵਧੇਰੇ ਉਜਰਤ ਲੈਣ ਵਿੱਚ ਕਾਮਯਾਬ ਰਹੇ। ਸਦੀਆਂ ਤੋਂ ਬਣੇ ਦੋਹਾਂ ਵਰਗਾਂ ਦੇ ਸੰਬੰਧ, ਜਿਸ ਅਨੁਸਾਰ ਕਿਰਤੀ ਆਮ ਤੌਰ ਤੇ ਫਸਲ ਦਾ 1/20 ਹਿੱਸਾ ਲੈਂਦਾ ਰਿਹਾ ਸੀ, ਉਹ ਟੁੱਟਣੇ ਸ਼ੁਰੂ ਹੋ ਗਏ ਤੇ ਉਸਦੀ ਥਾਂ ਤੇ ਸੌਦੇ ਬਾਜ਼ੀ ਸ਼ੁਰੂ ਹੋ ਗਈ ਤੇ ਨਕਦ ਅਦਾਇਗੀ ਦੀ ਮੰਗ ਕੀਤੀ ਜਾਣ ਲੱਗੀ। ਜਿਉਂ ਜਿਉਂ ਖੇਤੀ ਦਾ ਮਸ਼ੀਨੀਕਰਨ ਹੋਣ ਲੱਗਾ, ਜ਼ਿਮੀਂਦਾਰਾਂ ਨੇ ਕਾਮਿਆਂ ਤੋਂ ਬਿਨਾਂ ਹੀ ਕੰਮ ਚਲਾਉਣਾ ਸ਼ੁਰੂ ਕੀਤਾ। ਪੀੜ੍ਹੀਆਂ ਤੋਂ ਪਰਿਵਾਰਕ ਸਰਪਰਸਤੀ ਤੇ ਤਾਬੇਦਾਰੀ ਦੇ ਸੰਬੰਧ ਹੁਣ ਵਿਰੋਧ ਵਿੱਚ ਬਦਲ ਗਏ। ਅਮੀਰ ਜ਼ਿਮੀਂਦਾਰ ਹੋਰ ਅਮੀਰ ਹੋ ਗਏ ਤੇ ਜਿਹੜੇ ਹਾਸ਼ੀਏ ਤੇ ਬੈਠੇ ਸਨ ਉਹ ਹੋਰ ਗਰੀਬ ਹੋ ਗਏ। ਤੇ ਭੂਮੀ-ਹੀਣਾਂ ਦੀ ਹੁਣ ਜ਼ਮੀਨ ਤੇ ਲੋੜ

ਹੀ ਨਾ ਰਹੀ। ਇਹ ਅਨੁਮਾਨ ਲਾਇਆ ਗਿਆ ਸੀ ਕਿ ਖੇਤੀ ਦੇ ਮਸ਼ੀਨੀਕਰਨ ਨਾਲ ਜਿੱਥੇ ਕਿਰਤੀ ਬੇਰੁਜ਼ਗਾਰ ਹੋ ਜਾਣਗੇ ਇਸ ਨਾਲ ਭੂਮੀ ਹੀਣ ਲਈ ਟਰੈਕਟਰ ਡਰਾਈਵਰਾਂ ਤੇ ਮਕੈਨਿਕਾਂ ਵਜੋਂ ਹੋਰ ਕਿੱਤੇ ਤੇ ਕੰਮ ਮਿਲ ਜਾਣਗੇ ਪ੍ਰੰਤੂ ਇਸ ਤਰ੍ਹਾਂ ਨਾ ਹੋਇਆ ਕਿਉਂਕਿ ਬਹੁਤੇ ਕਿਸਾਨ ਆਪ ਹੀ ਆਪਣੇ ਟਰੈਕਟਰ ਚਲਾਉਣ ਲੱਗੇ ਤੇ ਆਪਣੀਆਂ ਗੱਡੀਆਂ ਦੀ ਦੇਖ ਭਾਲ ਵੀ ਕਰਨ ਲੱਗੇ। ਬੇਰੁਜ਼ਗਾਰ ਭੂਮੀ-ਹੀਣਾਂ ਦੀ ਗਿਣਤੀ ਵੱਧ ਗਈ। ਏਥੋਂ ਤੱਕ ਕਿ ਮੁਰਗੀ ਪਾਲਣ ਤੇ ਦੁੱਧ ਵਪਾਰ ਦੇ ਸਹਾਇਕ ਧੰਦੇ ਵੀ ਅਮੀਰਾਂ ਨੇ ਕਰਨੇ ਸ਼ੁਰੂ ਕਰ ਦਿੱਤੇ। ਖੁਸ਼ਹਾਲੀ ਦੇ ਨਾਲ-ਨਾਲ ਜਮਾਤੀ ਸੰਘਰਸ਼ ਦੇ ਬੀਜ ਵੀ ਬੀਜ ਦਿੱਤੇ ਗਏ।

1969 ਵਿੱਚ ਗ੍ਰਹਿ ਮੰਤਰਾਲੇ ਨੇ ਇੱਕ ਰਿਪੋਰਟ "ਵਰਤਮਾਨ ਖੇਤੀ ਸੰਘਰਸ਼ ਦੇ ਕਾਰਨ ਤੇ ਪ੍ਰਕਿਰਤੀ" ਛਾਪੀ ਜਿਸ ਵਿੱਚ ਇਹ ਉਲੇਖ ਕੀਤਾ ਗਿਆ ਕਿ 80% ਅੰਦੋਲਨ ਭੂਮੀ-ਹੀਣਾਂ ਵਲੋਂ ਭੂਮੀ ਮਾਲਕਾਂ ਵਿਰੁੱਧ ਕੀਤੇ ਗਏ ਹਨ। "ਹਰੀ ਕ੍ਰਾਂਤੀ" ਦੇ ਇੱਕ ਅਧਿਐਨ ਵਿੱਚ ਫਰੈਂਕਲ ਸੰਕੇਤ ਦਿੰਦੀ ਹੈ ਕਿ ਇਸ ਤੱਥ ਦੇ ਪ੍ਰਮਾਣ ਹਨ ਕਿ ਜਿਉਂ ਜਿਉਂ ਆਰਥਕ ਅਸਮਾਨਤਾ ਵਧਦੀ ਹੈ ਉਸਦੇ ਨਾਲ ਨਾਲ ਹੀ ਸਮਾਜਕ ਅਸੰਤੋਸ਼ ਨੂੰ ਗਰਮ ਦਲ ਪਿੰਡਾਂ ਵਿੱਚ ਜਮਾਤੀ ਸੰਘਰਸ਼ ਚਲਾਉਣ ਲਈ ਸਿਆਸੀ ਹਿੰਸਾ ਵਿੱਚ ਤਬਦੀਲ ਕਰ ਦੇਣਗੇ।[2] ਲੁਧਿਆਣਾ ਦਾ ਵਿਸੇਸ਼ ਹਵਾਲਾ ਦਿੰਦਿਆਂ ਉਹ ਲਿਖਦੀ ਹੈ, "ਕਿ ਜਿੱਥੇ ਵੱਡੇ ਕਿਸਾਨ ਜੋ 15-20 ਏਕੜ ਜਾਂ ਜ਼ਿਆਦਾ ਭੂਮੀ ਦੇ ਮਾਲਕ ਹਨ ਤੇ ਜਿਹਨਾਂ ਨੇ ਬਚਤ ਰਾਹੀਂ ਪੈਸਾ ਜਮਾ ਕਰ ਲਿਆ ਹੈ ਜਾਂ ਰਿਣ ਰਾਹੀਂ ਪੂੰਜੀ ਪ੍ਰਾਪਤ ਕੀਤੀ ਹੈ ਉਸਨੂੰ ਛੋਟੇ ਸਿੰਚਾਈ ਤੇ ਸੁਧਰੇ ਹੋਏ ਉਪਕਰਨਾਂ ਲਈ ਵਰਤਿਆ ਹੈ ਉਹਨਾਂ ਨੂੰ ਤਕਨੀਕਾਂ ਦੇ ਵੱਡੇ ਪੈਮਾਨੇ ਤੇ ਲਾਭ ਹੋਏ ਹਨ ਹਾਲਾਂਕਿ ਇਹ ਲਾਭ ਸਭ ਨੂੰ ਇੱਕੋ ਜਿਤਨੇ ਨਹੀਂ ਮਿਲੇ। ਸ਼ਾਇਦ ਹੇਠਲੀ ਪੱਧਰ ਦੇ 20% ਕਿਸਾਨਾਂ ਨੂੰ ਜਿਹਨਾਂ ਕੋਲ 10 ਏਕੜ ਤੋਂ ਵੀ ਘੱਟ ਜ਼ਮੀਨ ਹੈ ਤੇ ਉਹਨਾਂ ਦੀ ਆਰਥਿਕ ਸਥਿਤੀ ਵਿੱਚ ਕਾਫੀ ਨਿਘਾਰ ਆਇਆ ਹੈ ਕਿਉਂਕਿ ਉਹ ਛੋਟੇ ਸਿੰਚਾਈ ਉਪਕਰਨਾਂ ਉੱਪਰ ਤੇ ਹੋਰ ਅਖੰਡ ਇੱਕ-ਵਾਰਗੀ ਨਿਵੇਸ਼ ਲਈ ਲੋੜੀਂਦੀ ਪੂੰਜੀ ਦੀ ਥੋੜ ਕਾਰਨ ਪੈਸਾ ਲੱਗਾ ਨਹੀਂ ਸਕਦੇ ਜਿਹਨਾਂ ਦੀ ਨਵੀਆਂ ਤਕਨੀਕਾਂ ਦੀ ਲਾਭਕਾਰੀ ਵਰਤੋਂ ਲਈ ਅਵੱਸ਼ਕਤਾ ਹੈ।[3]

ਹਰੀ ਕ੍ਰਾਂਤੀ ਦੇ ਨਾਲ ਹੀ ਮੱਧ ਪੂਰਬ ਤੇ ਪੱਛਮੀ ਦੇਸ਼ਾਂ ਵਿੱਚ ਪਰਵਾਸ ਕਰਨ ਦਾ ਰਾਹ ਵੀ ਖੁਲ੍ਹ ਗਿਆ। ਸਦੀ ਦੇ ਸ਼ੁਰੂ ਤੋਂ ਹੀ ਛੋਟੇ ਪਰਿਵਾਰ ਤੇ ਤਬਕੇ ਕੈਨੇਡਾ, ਸੰਯੁਕਤ ਰਾਜ, ਇੰਗਲੈਂਡ, ਆਸਟਰੇਲੀਆ, ਪੂਰਬੀ ਅਫਰੀਕਾ ਦੇ ਮੁਲਕਾਂ ਵਿੱਚ ਵੱਸੇ ਹੋਏ ਸਨ। ਕਾਮਨਵੈਲਥ ਦੇ ਨਾਗਰਿਕ ਹੋਣ ਦਾ ਲਾਭ ਲੈਕੇ ਹਜਾਰਾਂ ਸਿੱਖ ਇੰਗਲੈਂਡ, ਕੈਨੇਡਾ ਤੇ ਆਸਟਰੇਲੀਆ ਪਰਵਾਸ ਕਰ ਗਏ ਤੇ ਨਾਗ੍ਰਿਕਤਾ ਪ੍ਰਾਪਤ ਕਰ ਲਈ। ਦੂਸਰੇ ਜਾ ਸਕਦੇ ਸਨ, ਉਹ ਸੰਯੁਕਤ ਰਾਜ ਚਲੇ ਗਏ। ਬਹੁਤ ਸਾਰਿਆਂ ਨੂੰ ਖਾੜੀ ਦੇ ਅਰਬ ਦੇਸ਼ਾਂ ਅਤੇ ਮੱਧ ਪੂਰਬ ਵਿੱਚ ਰੁਜ਼ਗਾਰ ਮਿਲਿਆ। ਜਿਹੜੇ ਪੈਸੇ ਉਹਨਾਂ ਆਪਣੇ ਘਰੀਂ ਭੇਜੇ, ਉਹਨਾਂ

---

2. ਐਫ. ਆਰ ਫਰੈਂਕਲ, ਇੰਡੀਆ'ਸ ਗਰੀਨ ਰੈਵੋਲੂਸ਼ਨ, (ਭਾਰਤ ਦੀ ਹਰੀ ਕ੍ਰਾਂਤੀ-ਆਰਥਕ ਲਾਭ ਤੇ ਰਾਜਸੀ ਕੀਮਤ) (ਪ੍ਰਿਨਸਟਨ, ਐਨ.ਜੇ.) ਪ੍ਰਿਨਸਟਨ, ਯੂਨੀਵਰਸਿਟੀ ਪ੍ਰੈਸ, 1971, ਪੰ. 10)
3. ਉਹੀ, ਪੰ. 191-2

ਨਾਲ ਉਹਨਾਂ ਨੇ ਪੁਰਾਣੇ ਕਰਜੇ ਲਾਹੇ ਆਪਣੇ ਘੱਟ ਖੁਸ਼ਕਿਸਮਤ ਗੁਆਂਢੀਆਂ ਦੀ ਜ਼ਮੀਨ ਖਰੀਦੀ ਤੇ ਨਵੇਂ ਘਰ ਬਣਾਏ। ਉਹਨਾਂ ਨੇ ਆਪਣੇ ਬੱਚਿਆਂ ਨੂੰ ਸਕੂਲਾਂ ਤੇ ਕਾਲਜਾਂ ਵਿੱਚ ਪੜ੍ਹਾਇਆ। ਉਹਨਾਂ ਨੇ ਰੇਡੀਓ, ਟੀ.ਵੀ. ਸੈਟ, ਟੈਲੀਫੋਨ, ਸੁਣਨ ਵਾਲੇ ਤੇ ਦ੍ਰਿਸ਼ ਉਪਕਰਨ, ਫਰਿਜ ਤੇ ਵਾਤਾਨੁਕੂਲ ਖਰੀਦੇ। ਉਹਨਾਂ ਦੇ ਲੜਕਿਆਂ ਨੇ ਮੋਟਰ ਸਾਈਕਲ ਚਲਾਉਣੇ ਸਿੱਖੇ। ਅਮੀਰ ਕਿਸਾਨਾਂ ਦੀ ਇਤਨੀ ਚੰਗੀ ਦਸ਼ਾ ਕਦੇ ਨਹੀਂ ਹੋਈ ਸੀ ਜਿਤਨੀ ਉਹਨਾਂ ਦੀ ਸੱਠਵਿਆਂ ਤੇ ਸੱਤਰਵਿਆਂ ਵਿੱਚ ਹੋਈ। ਜੀਵਨ ਪੱਧਰ ਉੱਚਾ ਹੋਣ ਦੇ ਨਾਲ ਨਾਲ, ਉਹਨਾਂ ਦੀਆਂ ਭਵਿੱਖ ਬਾਰੇ ਆਸਾਂ ਉਮੀਦਾਂ ਵੀ ਵੱਧਣ ਲੱਗੀਆਂ। ਸੰਖੇਪ ਵਿੱਚ ਹਰੀ ਕ੍ਰਾਂਤੀ ਆਪਣੇ ਨਾਲ ਉੱਚੀਆਂ ਉਮੰਗਾਂ ਵੀ ਲਿਆਈ।

ਹਰੀ ਕ੍ਰਾਂਤੀ ਦੇ ਕੁਝ ਹੋਰ ਪੱਖ ਵੀ ਹਨ ਜਿਹਨਾਂ ਬਾਰੇ ਵੀ ਚਰਚਾ ਕਰਨ ਦੀ ਲੋੜ ਹੈ। ਜ਼ਮੀਨ ਦੀ ਕੀਮਤ ਇਹਦੀ ਉਪਜਾਊ ਸ਼ਕਤੀ ਨਾਲੋਂ ਕਿਤੇ ਜ਼ਿਆਦਾ ਹੋ ਗਈ। ਕਾਸ਼ਤਕਾਰ ਭਾਈਚਾਰੇ ਲਈ ਜ਼ਮੀਨ ਦੀ ਮਲਕੀਅਤ ਸਨਮਾਨ ਤੇ ਇੱਜ਼ਤ ਦਾ ਸਭ ਤੋਂ ਜ਼ਰੂਰੀ ਤੇ ਮਹੱਤਵਪੂਰਨ ਚਿੰਨ੍ਹ ਰਹੀ ਹੈ। ਜੋ ਕੁਝ ਵੀ ਕਿਸਾਨਾਂ ਨੇ ਬਾਹਰਲੇ ਮੁਲਕਾਂ ਦੀ ਕਮਾਈ 'ਚੋਂ ਪ੍ਰਾਪਤ ਕੀਤਾ, ਉਜਰਤ 'ਚ ਬਚਾਇਆ ਜਾਂ ਟੈਕਸੀਆਂ, ਤੇ ਟਰੱਕ ਚਲਾ ਕੇ ਕਮਾਈ ਕੀਤੀ ਉਹ ਉਹਨਾਂ ਨੇ ਮੁੱਖ ਤੌਰ ਤੇ ਹੋਰ ਜ਼ਮੀਨ ਖਰਦੀਣ ਲਈ ਖ਼ਰਚ ਦਿੱਤਾ। ਜਦੋਂ ਕਿ ਜ਼ਮੀਨ ਦੀ ਕੀਮਤ ਲੱਖ ਰੁਪੈ ਤੋਂ ਵੀ ਵੱਧ ਹੋ ਗਈ ਤੇ ਇਸਦੀ ਉਪਜ ਇਸ ਪੈਸੇ ਦੇ ਬੈਂਕ ਵਿਆਜ ਨਾਲੋਂ ਜਾਂ ਵਪਾਰ 'ਚ ਲਾਉਣ ਨਾਲੋਂ ਕਿਤੇ ਘੱਟ ਹੁੰਦੀ। ਜਿਹੜਾ ਰੁਪਿਆ ਇਸ ਪਾਸੇ ਤੋਂ ਬਚ ਜਾਂਦਾ ਉਹੋ ਹੀ ਆਸ ਪਾਸ ਲਘੂ ਉਦਯੋਗਾਂ ਵਿੱਚ ਲਾ ਦਿੱਤਾ ਗਿਆ। ਇਸ ਤਰ੍ਹਾਂ ਆਰਥਕ ਵਾਧੇ ਦੀ ਸੰਭਾਵਨਾ ਦਾ ਯੋਗ ਬੜਾ ਸੌੜਾ ਹੀ ਰਿਹਾ।

ਇਸਦੇ ਨਾਲ ਹੀ, ਕਿਸਾਨਾਂ ਦੇ ਪੁੱਤਰ ਜੋ ਕਾਲਜਾਂ ਵਿੱਚ ਪੜ੍ਹਨ ਗਏ ਉਹ ਖੇਤੀ ਵਿੱਚ ਕੰਮ ਕਰਨ ਨੂੰ ਘ੍ਰਿਣਾ ਕਰਨ ਲੱਗੇ ਤੇ ਆਰਾਮਦੇਹ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਨੂੰ ਤਰਜੀਹ (ਪਹਿਲ) ਦੇਣ ਲੱਗੇ। ਉਹ ਵਿਹਲੇ ਰਹਿਕੇ ਨਵੇਂ ਕਮਾਏ ਧਨ ਨੂੰ ਖਤਮ ਕਰਨ ਨੂੰ ਪਹਿਲ ਦੇਣ ਲੱਗੇ। ਅਮੀਰ ਕਿਸਾਨਾਂ ਨੇ ਮਿਹਨਤ ਮਜ਼ਦੂਰੀ ਵਾਸਤੇ ਯੂ.ਪੀ. ਤੇ ਬਿਹਾਰ ਦੇ ਹਿੰਦੂ ਕਿਰਤੀਆਂ ਨੂੰ ਰੱਖਣਾ ਸ਼ੁਰੂ ਕੀਤਾ ਜੋ ਹਜ਼ਾਰਾਂ ਦੀ ਗਿਣਤੀ ਵਿੱਚ ਹਰ ਹਾੜੀ ਸਾਉਣੀ ਪੰਜਾਬ ਵਿੱਚ ਆਉਣ ਲੱਗੇ। ਪੜ੍ਹੇ ਲਿਖੇ ਸਿੱਖਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ। ਆਜ਼ਾਦੀ ਦੇ ਸਮੇਂ ਤਾਂ ਪੰਜਾਬ ਵਿੱਚ ਸਿਰਫ਼ ਇੱਕ ਯੂਨੀਵਰਸਿਟੀ ਤੇ ਬਹੁਤ ਥੋੜੇ ਕਾਲਜ ਹੁੰਦੇ ਸਨ, ਮਗਰੋਂ ਜਦੋਂ ਪੰਜਾਬੀ ਸੂਬਾ ਬਣਾਇਆ ਗਿਆ ਉਸੇ ਵਿੱਚ 1970 ਤੱਕ ਚਾਰ ਯੂਨੀਵਰਸਿਟੀਆਂ ਤੇ 170 ਕਾਲਜ ਹੋ ਗਏ ਤੇ ਉਹਨਾਂ 'ਚੋਂ ਹਰ ਸਾਲ ਸੈਂਕੜੇ ਗਰੇਜੂਏਟ ਪਾਸ ਹੋ ਕੇ ਨਿਕਲਣ ਲੱਗੇ।

ਇਸ ਅਨੋਖੀ ਤੇ ਬੇਮਿਸਾਲ ਖੁਸ਼ਹਾਲੀ ਨਾਲ ਉਹ ਬੁਰਾਈਆਂ ਵੀ ਆ ਗਈਆਂ ਜੋ ਖੁਸ਼ਹਾਲੀ ਤੇ ਦੌਲਤ ਨਾਲ ਪੈਦਾ ਹੋ ਜਾਂਦੀਆਂ ਹਨ। ਸ਼ਰਾਬ ਤੇ ਅਫੀਮ, ਹਸ਼ੀਸ਼ ਤੇ ਹਿਰੋਇਨ ਦੇ ਨਸ਼ੀਲੇ ਪਦਾਰਥਾਂ ਦਾ ਸੇਵਨ ਬਹੁਤ ਵੱਧ ਗਿਆ। ਸਿੱਖ ਯੁਵਕਾਂ ਨੂੰ ਆਪਣੇ ਆਪ ਨੂੰ ਮਾਡਰਨ ਬਣਾਉਣ ਲਈ (ਨਵੇਂ ਜਮਾਨੇ ਅਨੁਸਾਰ ਹੋਣ ਲਈ) ਦਾੜ੍ਹੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਤੇ ਧਾਰਮਕ ਰਹਿਤ ਮਰਿਆਦਾ ਦੀਆਂ ਬੰਦਸ਼ਾਂ ਦੀ ਉਲੰਘਣਾ ਕਰਕੇ ਤੰਬਾਕੂ ਨੋਸ਼ੀ ਸ਼ੁਰੂ ਕਰ ਦਿੱਤੀ। ਪਵਿੱਤਰ ਧਾਰਮਕ ਗ੍ਰੰਥਾਂ ਤੇ ਗਿਆਨ ਭਰਪੂਰ ਪੁਸਤਕਾਂ ਪੜ੍ਹਨ ਦੀ ਥਾਂ ਤੇ ਉਹਨਾਂ ਅਸ਼ਲੀਲ ਫਿਲਮਾਂ ਤੇ ਲੱਚਰ ਸਾਹਿੱਤ ਪੜ੍ਹਨਾ

ਸ਼ੁਰੂ ਕਰ ਦਿੱਤਾ। ਪਿੰਡਾਂ ਦੇ ਗੁਰਦਵਾਰਿਆਂ ਤੇ ਪਿੰਡਾਂ ਦੀਆਂ ਸਭਾਵਾਂ ਸੱਥਾਂ ਨਾਲੋਂ ਸਿਨਮੇ ਜਾਣ ਵਾਲਿਆਂ ਤੇ ਵਿਡੀਓ ਕੈਸਟਾਂ ਵੇਖਣ ਵਾਲਿਆਂ ਦੀ ਭੀੜ ਕਿਤੇ ਜ਼ਿਆਦਾ ਹੋ ਗਈ।

ਹਰੀ ਕ੍ਰਾਂਤੀ ਤੇ ਬਾਹਰੋਂ ਆ ਰਹੇ ਪੈਸੇ ਦਾ ਸ਼ਾਂਤੀ ਭਰਿਆ ਸਮਾਂ ਬਹੁਤਾ ਚਿਰ ਨਾ ਰਿਹਾ। ਖੁਸ਼ਹਾਲੀ ਤੇ ਅੱਯਾਸ਼ੀ ਦੀ ਮੌਜ ਮਸਤੀ ਦੇ ਅਤੀਭੋਗ ਪਿੱਛੋਂ ਮੰਦੇ ਤੇ ਤੋਟ ਦੇ ਪਰਭਾਵ ਪੈਣੇ ਸ਼ੁਰੂ ਹੋਏ। ਜ਼ਮੀਨ ਦੀ ਉਪਜ ਅਧਿਕਤਮ ਸੀਮਾ ਤੇ ਪਹੁੰਚ ਕੇ ਫਿਰ ਬਰਾਬਰ ਜਾਂ ਖੜੋਤ ਦੀ ਪੱਧਰ ਤੇ ਆ ਗਈ ਤੇ ਹੁਣ ਨਵੇਂ ਬੀਜਾਂ, ਉਤਪਾਦਨ ਵਧਾਊ ਰਸਾਇਣਕ ਖਾਦਾਂ ਤੇ ਕੀੜੇ ਮਾਰ ਦਵਾਈਆਂ ਦੀ ਵਰਤੋਂ ਨਾਲ ਇਸ ਨੂੰ ਵਧਾਈ ਜਾਣ ਦੀ ਹੋਰ ਕੋਈ ਉਮੀਦ ਨਹੀਂ ਸੀ। ਹਰ ਨਵੀਂ ਪੀੜ੍ਹੀ ਨਾਲ ਜ਼ਮੀਨ ਦਾ ਵਿਭਾਜਨ ਹੁੰਦਾ ਰਿਹਾ ਤੇ ਫਿਰ ਲੜਕਿਆਂ ਲੜਕੀਆਂ ਵਿੱਚ ਅੱਗੋਂ ਵੰਡੀ ਜਾਂਦੀ ਰਹੀ ਤੇ ਫਿਰ ਜ਼ਮੀਨ ਆਰਥਕ ਪੱਖੋਂ ਲਾਭਕਾਰੀ ਨਾ ਰਹੀ ਤੇ ਅਮੀਰ ਕਿਸਾਨਾਂ ਕੋਲ ਵੇਚਣੀ ਪਈ। ਜਿਉਂ ਜਿਉਂ ਵਿਦੇਸ਼ੀ ਮੁਲਕਾਂ ਨੇ ਰਾਹਦਾਰੀਆਂ ਤੇ ਰੁਜ਼ਗਾਰ ਦੇ ਆਗਿਆ ਪੱਤਰ ਦੇਣ ਤੇ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ ਤਿਉਂ ਤਿਉਂ ਬਾਹਰੋਂ ਧੰਨ ਆਉਣਾ ਘੱਟ ਗਿਆ। ਸਕੂਲਾਂ ਕਾਲਜਾਂ ਵਿੱਚ ਪੜ੍ਹਕੇ ਨਿਕਲੇ ਸਿੱਖ ਯੁਵਕਾਂ ਨੇ ਵੇਖਿਆ ਕਿ ਉਹਨਾਂ ਦੇ ਕਰਨ ਵਾਲਾ ਜ਼ਮੀਨ ਤੇ ਵੀ ਕੋਈ ਕੰਮ ਨਹੀਂ, ਬਾਹਰ ਵਿਦੇਸ਼ਾਂ ਵਿੱਚ ਵੀ ਉਹ ਜਾ ਨਹੀਂ ਸਕਦੇ ਤੇ ਉਹਨਾਂ ਨੂੰ ਸਗੋਂ ਲੈਣ ਲਈ ਪੰਜਾਬ ਵਿੱਚ ਕੋਈ ਉਦਯੋਗ ਵੀ ਨਹੀਂ ਸੀ। ਜਿਵੇਂ ਜਿਵੇਂ ਭੂਮੀ ਹੀਣ ਕਿਸਾਨਾਂ ਦੀ ਗਿਣਤੀ ਵਧੀ, ਉਸ ਤਰ੍ਹਾਂ ਹੀ ਪੜ੍ਹੇ ਲਿਖੇ ਬੇਰੁਜਗਾਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ।[4] ਉਹ ਇੱਕ ਪਾਸੇ ਮਾਰਕਸੀਆਂ ਦੇ ਵਿਚਾਰ ਸੁਣਦੇ ਤੇ ਦੂਸਰੇ ਪਾਸੇ ਧਰਮ-ਪ੍ਰਚਾਰਕਾਂ ਵੱਲ ਵੀ ਧਿਆਨ ਦਿੰਦੇ। ਪਹਿਲੇ ਪੜਾਅ ਤੇ ਤਾਂ ਧਰਮ ਮਾਰਕਸੀਆਂ ਨੂੰ ਮਾਤ ਦੇ ਗਿਆ ਕਿਉਂਕਿ ਇਹ ਆਪਣੇ ਆਪ ਨੂੰ ਨੈਤਿਕਤਾ ਤੇ ਉੱਚੇ ਆਚਰਣ ਦੀ ਸਿਖਿਆ ਦੇਣ ਵਾਲੇ ਬਿੰਬ ਵਜੋਂ ਸਾਕਾਰ ਕਰਨ ਵਿੱਚ ਸਫਲ ਹੋਇਆ ਭਾਵੇਂ ਮਗਰਲੇ ਪੜਾਵਾਂ 'ਚ ਇਸਦੇ ਸਿੱਟੇ ਬਿਲਕੁਲ ਵੱਖਰੇ ਨਿਕਲੇ।

ਸਿੱਖ ਧਰਮ ਦੀ ਪੁਨਰ-ਜਾਗ੍ਰਿਤੀ ਹਰੀ ਕ੍ਰਾਂਤੀ ਦੇ ਨਾਲ ਹੀ ਸ਼ੁਰੂ ਹੋਈ। ਜਿਸ

---

4. ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਨੇ 1987 ਵਿੱਚ "ਪੰਜਾਬ ਵਿੱਚ 1984-85 ਦੇ ਸਾਲ ਵਿੱਚ ਪੇਂਡੂ ਰੁਜਗਾਰ" ਬਾਰੇ ਇੱਕ ਅਧਿਐਨ ਛਾਪਿਆ। ਇਸ ਦੀਆਂ ਖੋਜਾਂ ਬੜੀਆਂ ਸਪੱਸ਼ਟ ਸਨ (i) 1984 ਤੇ 85 ਵਿੱਚ 35.55% ਪੜ੍ਹੇ ਲਿਖੇ ਬੇਰੁਜ਼ਗਾਰ ਸਨ। (ii) ਨੌਕਰੀ ਦੀ ਚਾਹਤ ਰੱਖਣ ਵਾਲਿਆਂ 'ਚੋਂ 16.74 ਨੇ 5 ਸਾਲ ਤੇ 40.50% ਨੇ ਦੋ ਤੋਂ ਵੱਧ ਸਾਲ ਨੌਕਰੀ ਦੀ ਭਾਲ 'ਚ ਲਾ ਛੱਡੇ। (iii) ਆਮ ਪੰਜਾਬੀ ਨੂੰ ਸਾਲ 'ਚ 323 ਦਿਨ ਹੀ ਰੁਜ਼ਗਾਰ ਮਿਲਦਾ ਹੈ। (iv) ਸਹਾਇਕ ਧੰਦੇ ਸਾਲ 'ਚ ਸਿਰਫ਼ 93 ਦਿਨ ਲਈ ਹੀ ਮਿਲਦੇ ਹਨ। (v) 38% ਕਾਮੇ ਸਾਲ 'ਚ 200 ਦਿਨ ਤੇ ਉਹ ਵੀ ਦਿਨ ਵਿੱਚ 5 ਘੰਟੇ ਕੰਮ ਕਰਦੇ ਹਨ।

ਨਤੀਜਾ ਕੱਢਿਆ ਗਿਆ ਕਿ 15-30 ਦੇ ਵਰਗ ਵਿੱਚ ਬਹੁਤ ਹੀ ਬੇਰੁਜ਼ਗਾਰੀ ਹੈ। ਪੜ੍ਹੇ ਲਿਖਿਆਂ ਚੋਂ ਦਸਵੀਂ ਪਾਸ ਵਰਗ 'ਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ ਜਿੱਥੇ ਕੇਵਲ 50% ਨੂੰ ਹੀ 200 ਘੰਟੇ ਮਹੀਨਾ ਕੰਮ ਮਿਲਦਾ ਹੈ। 8.40% ਤਾਂ ਲਗਭਗ ਬੇਰੁਜ਼ਗਾਰ ਹਨ ਤੇ ਉਹਨਾਂ ਨੂੰ ਪ੍ਰਤੀ ਦਿਨ ਦੋ ਘੰਟੇ ਕੰਮ ਮਿਲਦਾ ਹੈ।

ਵਿਅਕਤੀ ਨੇ ਇਸ ਨੂੰ ਸ਼ੁਰੂ ਕੀਤਾ, ਉਹ ਗਿਆਨੀ ਜ਼ੈਲ ਸਿੰਘ ਸੀ। ਉਸ ਦੇ ਮਨੋਰਥ ਰਾਜਸੀ ਸਨ। ਉਹ ਅਕਾਲੀ ਦਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚੋਂ ਲਾਂਭੇ ਕਰਕੇ ਰਾਜ ਦੀ ਸਿਆਸਤ 'ਚੋਂ ਉਸ ਦੀ ਮਹੱਤਤਾ ਘਟਾਉਣੀ ਚਾਹੁੰਦਾ ਸੀ। ਅਕਾਲੀਆਂ ਨੇ ਸਿੱਖ ਧਰਮ ਦੀ ਰੱਖਿਆ ਤੇ ਪ੍ਰਚਾਰ ਉਪਰ ਉੱਪਰ ਆਪਣੀ ਅਜ਼ਾਰਾਦਾਰੀ ਬਣਾਈ ਹੋਈ ਸੀ। ਜ਼ੈਲ ਸਿੰਘ ਨੇ ਰਾਜ ਦਾ ਮੁੱਖ ਮੰਤਰੀ ਹੁੰਦਿਆ (1972-77) ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਭਾਵੇਂ ਉਹ ਉਸ ਕਾਂਗਰਸ ਦਾ ਮੈਂਬਰ ਸੀ ਜੋ ਧਰਮ-ਨਿਰੱਖਤਾ ਲਈ ਵਚਨਬੱਧ ਹੈ, ਪਰ ਉਹ ਅਕਾਲੀਆਂ ਨਾਲੋਂ ਵੀ ਵਧੇਰੇ ਸ਼ਰਧਕ ਸੀ। ਸਿੱਖ ਪਛਾਣ ਦੀ ਲਹਿਰ ਤਾਂ 1967 ਤੇ 1969 ਤੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਗੁਰੂ ਗੋਬਿੰਦ ਸਿੰਘ ਦੀ ਤੀਸਰੀ ਸ਼ਤਾਬਦੀ ਤੇ ਗੁਰੂ ਨਾਨਕ ਦੀ ਪੰਜਵੀਂ ਸ਼ਤਾਬਦੀ ਦੇ ਜਸ਼ਨ ਅੰਤਰ-ਰਾਸ਼ਟਰੀ ਪੱਧਰ ਤੇ ਮਨਾਏ ਗਏ। ਗਿਆਨੀ ਨੇ ਇਸ ਲਹਿਰ ਨੂੰ 1973 ਵਿੱਚ ਸਿੰਘ ਸਭਾ ਦੀ ਨੀਂਹ ਰੱਖ ਕੇ ਤੇ 1975 ਵਿੱਚ ਗੁਰੂ ਤੇਗ਼ ਬਹਾਦਰ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਮਨਾ ਕੇ ਹੋਰ ਵੀ ਹੱਲਾ ਸ਼ੇਰੀ ਦਿੱਤੀ ਜਾਂ ਭੁਣਕਾ ਮਾਰਿਆ। ਇਸਦੇ ਮਗਰੋਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਦੂਸਰੀ ਜਨਮ ਸ਼ਤਾਬਦੀ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਗਿਆਨੀ ਜ਼ੈਲ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸਥਾਪਨਾ ਦਾ ਵੀ ਜ਼ਿੰਮੇਵਾਰ ਸੀ। ਰਾਜ ਦੇ ਕਈ ਹਸਪਤਾਲਾਂ ਦਾ ਪੁਨਰ ਨਾਮ-ਕਰਣ ਗੁਰੂ ਸਾਹਿਬਾਂ ਦੇ ਨਾਮ ਤੇ ਕੀਤਾ ਗਿਆ। ਉਸ ਨੇ ਸਾਰੇ ਰਾਜ ਵਿੱਚ ਕੀਰਤਨ ਦਰਬਾਰ ਆਯੋਜਿਤ ਕੀਤੇ, ਸਰਕਾਰੀ ਸਮਾਗਮਾਂ ਦਾ ਆਰੰਭ ਅਰਦਾਸ ਨਾਲ ਕੀਤਾ ਜਾਣ ਲੱਗਾ। ਆਨੰਦਪੁਰ ਤੋਂ ਪਟਿਆਲਾ* ਤੱਕ ਦੀ 400 ਕਿਲੋਮੀਟਰ ਸੜਕ ਦਾ ਨਾਮ ਗੁਰੂ ਗੋਬਿੰਦ ਸਿੰਘ ਮਾਰਗ ਰਖਿਆ ਗਿਆ। ਇੱਕ ਘੋੜਿਆਂ ਦੇ ਕਾਫਲੇ ਨੇ ਇਸ ਸੜਕ ਤੇ ਅੱਗੇ ਅੱਗੇ ਅਗਵਾਈ ਕੀਤੀ। ਕਿਹਾ ਜਾਂਦਾ ਹੈ ਕਿ ਇਹ ਘੋੜੇ ਗੁਰੂ ਗੋਬਿੰਦ ਸਿੰਘ ਦੇ ਘੋੜਿਆਂ ਦੀ ਨਸਲ ਵਿਚੋਂ ਸੀ, ਪੇਂਡੂ ਲੋਕ ਬੜੇ ਸਤਿਕਾਰ ਨਾਲ ਉਹਨਾਂ ਘੋੜਿਆਂ ਦੀ ਲਿੱਦ ਘਰਾਂ ਵਿੱਚ ਲੈਕੇ ਗਏ। ਗੁਰੂ ਗੋਬਿੰਦ ਸਿੰਘ ਦੇ ਇੱਕ ਸਾਹਿਬਜ਼ਾਦੇ ਦੇ ਨਾਮ ਤੇ ਇੱਕ ਸ਼ਹਿਰ ਦਾ ਨਾਮ ਸ਼ਹੀਦ ਬਾਬਾ ਅਜੀਤ ਸਿੰਘ ਨਗਰ ਰੱਖਿਆ ਗਿਆ। ਗਿਆਨੀ ਜ਼ੈਲ ਸਿੰਘ ਨੇ ਉਸ ਵੇਲੇ ਵੀ ਧਾਰਮਕ ਉਤਸ਼ਾਹ ਦਿਖਾਇਆ ਜਦੋਂ ਅਕਾਲੀਆਂ ਨੇ ਜਨਤਾ ਪਾਰਟੀ ਦੇ ਸਹਿਯੋਗ ਨਾਲ ਉਸ ਤੋਂ ਸਰਕਾਰ ਦੀ ਵਾਗ ਡੋਰ ਸਾਂਭ ਲਈ। ਉਸਨੇ ਸਿੱਖ ਧਰਮ ਦੇ ਸੰਤਾਂ ਪ੍ਰਤੀ ਸ਼ਰਧਾ ਭਾਵਨਾ ਦਿਖਾਉਣੀ ਸ਼ੁਰੂ ਕਰ ਦਿੱਤੀ ਤੇ ਧਰਮ ਦੀ ਪੁਨਰ-ਉਥਾਪਨਾ ਦੀ 'ਗੁਰਜ' ਉਹਨਾਂ ਹੱਥ ਫੜਾ ਦਿੱਤੀ।

ਜਰਨੈਲ ਸਿੰਘ ਭਿੰਡਰਾਂਵਾਲਾ : ਸੰਤਾਂ ਦੀ ਗੱਦੀ ਅਤੇ ਸੰਤ ਪ੍ਰਥਾ ਦਾ ਹਰ ਥਾਂ ਸਤਿਕਾਰ ਹੈ। ਲੋਕ ਉਹਨਾਂ ਦੇ ਡੇਰਿਆਂ ਵੱਲ ਰੂਹਾਨੀ ਸ਼ਾਂਤੀ ਤੇ ਸੰਸਾਰਕ ਸਮੱਸਿਆਵਾਂ ਤੇ ਕਸ਼ਟਾਂ ਦੇ ਨਿਵਾਰਨ ਹਿੱਤ ਆਉਂਦੇ ਹਨ। ਬਹੁਤ ਸਾਰੇ ਸੰਤ ਆਪਣੀ ਪਵਿੱਤਰਤਾ ਤੇ ਭਗਤੀ ਭਾਵ ਕਰਕੇ ਪ੍ਰਸਿੱਧ ਹੋਏ ਹਨ ਤੇ ਉਹਾਂ ਦੇ ਰਿਣੀ ਸ਼ਰਧਾਲੂਆਂ ਨੇ ਉਹਨਾਂ ਦੇ ਡੇਰਿਆਂ ਲਈ ਭਾਰੀ ਦਾਨ ਵੀ ਦਿੱਤੇ ਹਨ।

---

* ਪਟਿਆਲਾ ਠੀਕ ਨਹੀਂ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਪਟਿਆਲਾ ਆਨੰਦਪੁਰ ਤੋਂ 400 ਕਿਲੋਮੀਟਰ ਨਹੀਂ ਹੈ। ਪਟਿਆਲੇ ਦੀ ਥਾਂ ਤੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਹੋਣਾ ਚਾਹੀਦਾ ਹੈ।

ਇਹਨਾਂ ਸਾਲਾਂ ਵਿੱਚ ਨਵੀਂ ਨਵੀਂ ਉੱਘੀ ਹੋਈ ਸੰਸਥਾ "ਦਮਦਮੀ ਟਕਸਾਲ" ਸੀ। 1906 ਵਿੱਚ ਟਕਸਾਲ ਮੋਗਾ ਤਹਿਸੀਲ ਦੇ ਭਿੰਡਰ ਪਿੰਡ ਵਿੱਚ ਤਬਦੀਲ ਕਰ ਦਿੱਤੀ ਗਈ ਸੀ। ਉਸ ਮਗਰੋਂ ਇਸ ਦੇ ਅਹੁਦੇਦਾਰਾਂ ਨੂੰ ਭਿੰਡਰਾ ਵਾਲੇ ਕਿਹਾ ਜਾਣ ਲੱਗਾ।[5]

ਭਿੰਡਰਾਂ ਦੀ ਦਮਦਮੀ ਟਕਸਾਲ ਸੰਤ ਗੁਰਬਚਨ ਸਿੰਘ ਸਮੇਂ ਬਹੁਤ ਮਾਨ-ਪ੍ਰਤਿਸ਼ਠਤਾ ਪ੍ਰਾਪਤ ਕਰ ਗਈ। ਜਦੋਂ ਗੁਰਬਚਨ ਸਿੰਘ ਅਕਾਲ ਚਲਾਣਾ ਕਰ ਗਿਆ ਤਾਂ ਉਸ ਦੇ ਦੋ ਪੈਰੋਕਾਰਾਂ ਮੋਹਨ ਸਿੰਘ ਤੇ ਕਰਤਾਰ ਸਿੰਘ ਵਿਚਕਾਰ ਗੱਦੀ (ਉਤਰਾਧਿਕਾਰਤਾ) ਨੂੰ ਲੈਕੇ ਝਗੜਾ ਹੋ ਗਿਆ। ਮੋਹਨ ਸਿੰਘ ਨੇ ਇੱਕ ਅਕਾਲੀ ਮੰਤਰੀ ਦੇ ਸਮਰਥਨ ਨਾਲ ਭਿੰਡਰ ਟਕਸਾਲ ਦਾ ਪਰਬੰਧ ਸੰਭਾਲ ਲਿਆ। ਉਸ ਦੇ ਪ੍ਰਤੀਪੱਖੀ ਨੇ ਆਪਣੀ ਟਕਸਾਲ ਅੰਮ੍ਰਿਤਸਰ ਨੇੜੇ ਚੌਂਕ ਮਹਿਤਾ ਵਿੱਚ ਕਾਇਮ ਕਰ ਲਈ। ਜਦੋਂ ਅਗਸਤ 1971 ਵਿੱਚ ਕਰਤਾਰ ਸਿੰਘ ਇੱਕ ਕਾਰ ਦੁਰਘਟਨਾ ਵਿੱਚ ਮਾਰਿਆ ਗਿਆ ਤਾਂ ਸੰਗਤ ਨੇ ਕਰਤਾਰ ਸਿੰਘ ਦੇ ਚਹੇਤੇ ਸੇਵਕ ਜਰਨੈਲ ਸਿੰਘ ਨੂੰ ਸਰਬ-ਸੰਮਤੀ ਨਾਲ ਉਸ ਦੇ ਪੁੱਤਰ ਅਮਰੀਕ ਸਿੰਘ ਨਾਲੋਂ ਤਰਜੀਹ ਦੇਕੇ ਉਸਦਾ ਉੱਤਰਾਧਿਕਾਰੀ ਚੁਣ ਲਿਆ। ਉਸ ਦੀ ਚੋਣ ਦਾ ਵਿਰੋਧ ਕਰਨ ਦੀ ਥਾਂ ਅਮਰੀਕ ਸਿੰਘ ਜਰਨੈਲ ਸਿੰਘ ਦਾ ਸਹਿਯੋਗੀ ਤੇ ਵਿਸ਼ਵਾਸ ਪਾਤਰ ਬਣ ਗਿਆ ਤੇ ਮਗਰੋਂ ਉਹ "ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ" ਦਾ ਮੁਖੀ ਬਣ ਗਿਆ।

ਜਰਨੈਲ ਸਿੰਘ ਦਾ ਜਨਮ 1947 ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ 'ਰੋਡੇ' ਪਿੰਡ ਵਿੱਚ ਹੋਇਆ। ਉਹ 8 ਬੱਚਿਆਂ ਦੇ ਪਰਿਵਾਰ ਵਿੱਚ ਸਭ ਤੋਂ ਛੋਟਾ ਸੀ। ਉਸ ਦਾ ਪਿਤਾ ਜੋਗਿੰਦਰ ਸਿੰਘ, ਆਰੰਭ ਵਿੱਚ, ਇੱਕ ਗਰੀਬ ਬਰਾੜ ਜੱਟ ਸੀ। ਗਰੀਬੀ ਤੇ ਧਾਰਮਕ ਜੋਸ਼ ਦੇ ਕਾਰਨ ਹੀ ਜੋਗਿੰਦਰ ਸਿੰਘ ਨੇ ਆਪਣਾ ਸੱਤ ਸਾਲਾਂ ਪੁੱਤਰ ਮਹਿਤਾ ਚੌਂਕ ਦੀ ਦਮਦਮੀ ਟਕਸਾਲ ਨੂੰ ਭੇਟ ਕਰ ਦਿੱਤਾ। ਜਰਨੈਲ ਸਿੰਘ ਨੇ ਬਹੁਤ ਥੋੜ੍ਹੀ ਸਕੂਲ ਸਿਖਿਆ ਪ੍ਰਾਪਤ ਕੀਤੀ। ਉਸਨੇ ਗ੍ਰੰਥ ਵਿਚਲੇ ਕੁਝ ਸ਼ਬਦ (ਬਾਣੀ) ਹੀ ਜ਼ੁਬਾਨੀ ਯਾਦ ਕੀਤੇ ਤੇ ਸਿੱਖ ਇਤਿਹਾਸ ਦਾ ਪ੍ਰਾਰੰਭਕ ਗਿਆਨ ਪ੍ਰਾਪਤ ਕੀਤਾ। ਇਸ ਨਾਲ ਉਸ ਦਾ ਵਧੇਰੇ ਕਰਕੇ ਅਨਪੜ੍ਹ ਤੇ ਅੱਧ ਪੜ੍ਹੇ ਸਿੱਖ ਕਿਸਾਨਾਂ ਨਾਲ ਸਾਂਝ-ਸੰਪਰਕ ਸਥਾਪਿਤ ਹੋ ਗਿਆ ਜੋ ਉਹਦੀ ਬੋਲੀ ਚੰਗੀ ਤਰ੍ਹਾਂ ਸਮਝਦੇ ਸਨ। ਉਸ ਦਾ ਕੰਮ ਸਿੱਧਾ ਹੀ ਸੀ। ਉਹ ਕਹਿੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਵਲੋਂ ਸ਼ੁਰੂ ਕੀਤਾ ਸਾਦਾ ਤੇ ਕਰੜੀ ਘਾਲਣਾ ਵਾਲਾ ਜੀਵਨ ਬਤੀਤ ਕਰੋ ਤੇ ਆਧੁਨਕਤਾ ਦੀਆਂ ਬੁਰਾਈਆਂ ਤੋਂ ਬਚੋ। ਉਹ ਪਿੰਡਾਂ ਵਿੱਚ ਜਾਕੇ ਲੋਕਾਂ ਨੂੰ ਸ਼ਰਾਬ, ਨਸ਼ੀਲੇ ਪਦਾਰਥਾਂ, ਤੰਬਾਕੂ ਪੀਣ ਅਤੇ ਸਿੱਖ ਧਰਮ ਦੇ ਪਵਿੱਤਰ ਦਾੜ੍ਹੀ ਕੇਸ ਕਟਾਉਣ ਤੋਂ ਮਨ੍ਹਾ ਕਰਦਾ।

ਜਿਹੜੇ ਇਸ ਤਰ੍ਹਾਂ ਕਰਨ ਲਈ ਸਹਿਮਤ ਹੋ ਜਾਂਦੇ ਉਹਨਾਂ ਨੂੰ ਉਹ ਸੰਗਤ ਦੀ ਹਾਜ਼ਰੀ ਵਿੱਚ ਅੰਮ੍ਰਿਤ ਛਕਾਉਂਦੇ।

---

5. ਪਟਿਆਲਾ ਜ਼ਿਲੇ ਵਿੱਚ ਦਮਦਮਾ ਸਾਹਿਬ ਤਲਵੰਡੀ ਸਾਬੋ ਵਿੱਚ ਉਹ ਸਥਾਨ ਸੀ ਜਿੱਥੇ ਸਿੱਖਾਂ ਦੇ ਆਖ਼ਰੀ ਗੁਰੂ ਆਪਣੇ ਮਗਰ ਲੱਗੇ ਵੈਰੀਆਂ ਤੋਂ ਬਚਦੇ ਬਚਾਉਂਦੇ ਆਕੇ ਰੁਕੇ ਸਨ, ਸਾਹ ਲਿਆ ਸੀ। ਏਥੇ ਹੀ ਉਹਨਾਂ ਪਵਿੱਤਰ ਗ੍ਰੰਥ ਦੀ ਆਖਰੀ ਜਿਲਦ ਤਿਆਰ ਕੀਤੀ ਸੀ। ਇਸ ਸਥਾਨ ਦਾ ਪਹਿਲਾ ਮੁਖੀ ਬਾਬਾ ਦੀਪ ਸਿੰਘ ਸੀ ਜੋ ਹਰਿਮੰਦਰ ਦੀ ਬੇਹੁਰਮਤੀ ਕਰਨ ਵਾਲੇ ਇੱਕ ਦੁਰੱਾਨੀ ਨੂੰ ਮਾਰਕੇ ਸ਼ਹੀਦ ਹੋ ਗਿਆ ਸੀ। ਉਸ ਦਾ ਸਮਾਰਕ ਸਵਰਨ ਮੰਦਰ ਦੀ ਦੱਖਣੀ ਪਰਿਕਰਮਾ ਵਿੱਚ ਹੈ।

ਉਸ ਦੇ ਜ਼ਬਰਦਸਤ ਸਮਰਥਕ ਉਹ ਇਸਤਰੀਆਂ ਤੇ ਬੱਚੇ ਸਨ ਜਿਹਨਾਂ ਨੇ ਆਪਣੇ ਸ਼ਰਾਬੀ ਤੇ ਅਫੀਮੀ ਪਤੀਆਂ, ਭਰਾਵਾਂ ਤੇ ਪਿਉਆਂ ਹੱਥੋਂ ਕਸ਼ਟ ਉਠਾਏ ਸਨ। ਭਿੰਡਰਾਂਵਾਲੇ ਦੀ ਅੰਮ੍ਰਿਤ ਸੰਚਾਰ ਮੁਹਿੰਮ ਅਤਿਅੰਤ ਸਫਲ ਹੋਈ। ਹਜ਼ਾਰਾਂ ਦੀ ਗਿਣਤੀ ਵਿੱਚ ਨੌਜੁਆਨਾਂ ਨੇ ਸ਼ਰਾਬ, ਤੰਬਾਕੂ ਤੇ ਨਸ਼ਿਆਂ ਤੋਂ ਤੋਬਾ ਕੀਤੀ ਤੇ ਅੰਮ੍ਰਿਤ ਛਕਿਆ। ਵੀਡੀਓ ਕੈਸਟਾਂ ਤੇ ਸਿਨਮਾ ਘਰ ਜਿਹਨਾਂ 'ਚ ਅਸ਼ਲੀਲ ਤੇ ਲੱਚਰ ਫਿਲਮਾਂ ਦਿਖਾਈਆਂ ਜਾਂਦੀਆਂ ਸਨ, ਉਹਨਾਂ ਨੂੰ ਵੇਖਣ ਜਾਣ ਦੀ ਥਾਂ ਨੌਜੁਆਨਾਂ ਨੇ ਗੁਰਦਵਾਰਿਆਂ ਵੱਲ ਰੁੱਖ ਕੀਤਾ। ਲੋਕਾਂ ਨੇ ਸਿਰਫ਼ ਉਹ ਰੁਪਿਆ ਹੀ ਨਾ ਬਚਾਇਆ ਜੋ ਪਹਿਲਾਂ ਅੱਯਾਸ਼ੀ 'ਚ ਰੋੜ੍ਹ ਦਿੰਦੇ ਸਨ, ਸਗੋਂ ਉਹ ਆਪਣੇ ਖੇਤਾਂ ਵਿੱਚ ਜ਼ਿਆਦਾ ਸਮਾਂ ਮਿਹਨਤ ਕਰਦੇ ਤੇ ਵਧੀਆ ਫ਼ਸਲਾਂ ਪੈਦਾ ਕਰਨ ਲੱਗੇ। ਉਹ ਜਰਨੈਲ ਸਿੰਘ ਦੇ ਬਹੁਤ ਸ਼ੁਕਰਗੁਜ਼ਾਰ ਹੋਏ, ਜਿਸਦਾ ਉਹ ਹੁਣ "ਬਾਬਾ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਾ" ਕਹਿਕੇ ਸਤਿਕਾਰ ਕਰਨ ਲੱਗੇ।

ਭਿੰਡਰਾਂਵਾਲੇ ਨੇ ਧਰਮ ਪ੍ਰਚਾਰਕ ਤੋਂ ਆਪਣੀ ਭੂਮਿਕਾ ਝਗੜੇ ਨਿਪਟਾਉਣ ਵਾਲੇ ਸਾਲਸ ਦੀ ਬਣਾ ਲਈ। ਉਹ ਕਿਸਾਨ ਜੋ ਸਾਲਾਂ ਬੱਧੀ ਮੁਕੱਦਮੇਬਾਜ਼ੀ ਵਿੱਚ ਉਲਝੇ ਰਹੇ ਤੇ ਵਕੀਲਾਂ ਨੂੰ ਫੀਸਾਂ ਭਰਦੇ ਰਹੇ, ਉਹ ਉਸ ਤੋਂ ਸਹਾਇਤਾ ਲੈਣ ਲਈ ਆਏ। ਉਹਨਾਂ ਲੜਕੀਆਂ ਦੇ ਮਾਪੇ ਉਹਦੇ ਦਖ਼ਲ ਦੀ ਇੱਛਾ ਕਰਦੇ ਜਿਹਨਾਂ ਦੀਆਂ ਲੜਕੀਆਂ ਨੂੰ ਦਾਜ ਲੈਣ ਬਦਲੇ ਤੰਗ ਕੀਤਾ ਜਾਂਦਾ ਸੀ। ਉਸਦੇ ਅੰਗ ਰੱਖਿਅਕ ਤੇ ਸ਼ਸਤਰਧਾਰੀ ਪੈਰੋਕਾਰ ਇਹ ਯਕੀਨੀ ਬਣਾਉਣ ਲਈ ਦ੍ਰਿੜ੍ਹ ਰਹਿੰਦੇ ਕਿ ਉਹਦੇ ਦਿੱਤੇ ਫੈਸਲੇ ਤੇ ਅਮਲ ਹੁੰਦਾ। ਦੂਸਰੇ ਧਰਮ ਪਰਚਾਰਕਾਂ ਦੇ ਮੁਕਾਬਲੇ ਜਿਹੜੇ ਸਿਰਫ ਜਾਤ-ਪਾਤ ਤੇ ਭੇਦ ਭਾਵ ਰਹਿਤ ਸਿੱਖ ਆਦਰਸ਼ ਦੀਆਂ ਮੂੰਹ-ਰੱਖਣੀਆਂ ਗੱਲਾਂ ਹੀ ਕਰਦੇ ਸਨ, ਭਿੰਡਰਾਂਵਾਲੇ ਨੇ ਉੱਚੀਆਂ ਤੇ ਨੀਵੀਆਂ ਜਾਤਾਂ ਵਿੱਚ ਕੋਈ ਭੇਦਭਾਵ ਨਾ ਸਮਝਿਆ ਤੇ ਅਖੌਤੀ ਅਛੂਤਾਂ ਨੂੰ ਆਪਣੇ ਸੰਗਠਨ ਤੇ ਭਾਈਚਾਰੇ ਦੇ ਮੈਂਬਰ ਬਣਾਇਆ।

ਭਿੰਡਰਾਂਵਾਲੇ ਦੀ ਪ੍ਰਸਿੱਧੀ ਫੈਲਣ ਲੱਗੀ। ਉਸ ਦਾ ਕੱਦ ਲੰਬਾ, ਸਰੀਰ ਗਠਵਾਂ, ਨੱਕ ਲੰਬਾ, ਅੱਖਾਂ ਡੂੰਘੀਆਂ ਤੇ ਕੁਝ ਢੂੰਡਦੀਆਂ ਸੰਦੇਹ-ਗ੍ਰਸਤ ਸਨ। ਉਸਦੀ ਲੰਬੀ ਦਾੜ੍ਹੀ ਉਸਦੀ ਧੁੰਨੀ ਤੱਕ ਜਾਂਦੀ ਸੀ ਤੇ ਉਸ ਦੀ ਛਾਤੀ ਤੇ ਗੋਲੀਆਂ ਨਾਲ ਭਰੀ ਤੇ ਲਟਕਾਈ ਪੇਟੀ ਤੇ ਆਪਣੇ ਕੂਲ੍ਹਿਆਂ ਕੋਲ ਲਮਕਦੇ ਦੋਹੀਂ ਪਾਸੀਂ ਪਸਤੌਲਾਂ ਨਾਲ ਹੋਰ ਵੀ ਪ੍ਰਭਾਵਸ਼ਾਲੀ ਹੋ ਜਾਂਦੀ। ਆਪਣੇ ਹੱਥ ਵਿੱਚ ਉਹ ਚਾਂਦੀ ਦਾ ਤੀਰ ਗੁਰੂ ਗੋਬਿੰਦ ਸਿੰਘ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਅੰਦਾਜ਼ ਵਿੱਚ ਰੱਖਦਾ। ਉਹ ਸਿੱਖਾਂ ਨੂੰ ਬੜੇ ਜ਼ੋਰਦਾਰ ਢੰਗ ਨਾਲ ਸ਼ਸਤਰਧਾਰੀ ਹੋਣ ਦੀ ਨਸੀਹਤ ਕਰਦਾ ਜਿਸਦਾ ਭਾਵ ਇਹ ਸੀ ਕਿ ਉਹ ਪਰੰਪਰਾਗਤ ਕਿਰਪਾਨ ਦੇ ਨਾਲ ਨਾਲ ਪਿਸਤੌਲ, ਰੀਵਾਲਵਰ ਤੇ ਰਫਲਾਂ ਵੀ ਰੱਖਣ ਤੇ ਘੋੜਿਆਂ ਦੀ ਅਸਵਾਰੀ ਕਰਨ ਦੀ ਥਾਂ ਜਿਵੇਂ ਉਹਨਾਂ ਦੇ ਪੂਰਵਜ਼ ਕਰਦੇ ਸਨ, ਉਹ ਮੋਟਰਸਾਈਕਲਾਂ ਦੀ ਅਸਵਾਰੀ ਕਰਨ। ਉਹ ਕੋਈ ਵੱਡਾ ਵਕਤਾ ਤਾਂ ਨਹੀਂ ਸੀ ਪਰ ਉਸ ਦੀ ਅੱਖੜ ਤੇ ਪੇਂਡੂ ਬੋਲੀ ਹਿੰਦੂਆਂ ਪ੍ਰਤੀ ਅਪਮਾਨਜਨਕ ਤੇ ਨਿਰਾਦਰੀ ਭਰਪੂਰ ਹਵਾਲਿਆਂ ਨਾਲ ਭਰੀ ਹੁੰਦੀ ਸੀ ਜਿਹਨਾਂ ਨੂੰ ਉਹ ਧੋਤੀਆਂ ਵਾਲੇ ਤੇ ਟੋਪੀਆਂ ਵਾਲੇ ਆਖਦਾ। ਤੇ ਉਸ ਦਾ ਸ਼੍ਰੀਮਤੀ ਗਾਂਧੀ ਨੂੰ "ਬ੍ਰਾਹਮਣੀ" ਤੇ ਪੰਡਤਾਂ ਦੀ ਧੀ" ਕਹਿਣਾ ਉਹਦੇ ਸਰੋਤਿਆਂ ਨੂੰ

ਬਹੁਤ ਚੰਗਾ ਲੱਗਦਾ। ਉਹ ਪੱਤਰਕਾਰਾਂ ਲਈ ਵਧੀਆਂ ਮਸਾਲਾ ਸੀ। ਉਸ ਦੀ ਪ੍ਰਸਿੱਧੀ ਇੱਕ ਤੁਰਸ਼ਭਾਸ਼ੀ ਸੰਤ-ਸਿਪਾਹੀ ਵਜੋਂ ਹੋ ਗਈ।

ਸਿੱਖ ਮੂਲਵਾਦ ਦੀ ਜਿਸਦਾ ਭਿੰਡਰਾਂਵਾਲਾ ਇੱਕ ਮਸੀਹਾ ਬਣ ਕੇ ਉਭਰਿਆ, ਦੂਸਰੇ ਧਰਮਾਂ ਦੀਆਂ ਅਜਿਹੀਆਂ ਲਹਿਰਾਂ ਨਾਲ ਕਾਫੀ ਸਾਂਝ ਸੀ। ਦੂਸਰੀਆਂ ਥਾਵਾਂ ਵਾਂਗ ਪੰਜਾਬ ਵਿੱਚ ਵੀ 1960 ਵਿਆਂ ਤੇ 1970ਵਿਆਂ ਵਿੱਚ ਅਨਿਸਚਿਤ ਭਵਿੱਖ ਦਾ ਖ਼ਤਰਾ ਪੇਂਡੂ ਸਿੱਖ ਵਰਗਾਂ ਦੇ ਇੱਕ ਆਧਾਰ ਰਹਿਤ ਵਰਗ ਦੇ ਇੱਕ ਹਿੱਸੇ ਨੂੰ ਘੁਣ ਵਾਂਗ ਖਾ ਰਿਹਾ ਸੀ, ਜਿਸਦਾ ਕੋਈ ਵੀ ਨਿਆਂ ਯੁਕਤ ਇਲਾਜ ਨਹੀਂ ਜਾਪਦਾ ਸੀ। ਇਸ ਤੂਫਾਨੀ ਸਮੁੰਦਰ ਦੇ ਜਵਾਰਭਾਟੇ ਵਿੱਚ ਤੇ ਟਕਰਾਉਂਦੀਆਂ ਲਹਿਰਾਂ ਵਿੱਚ ਭਿੰਡਰਾਂਵਾਲਾ ਇੱਕ ਚਾਨਣਮੁਨਾਰੇ ਵਾਂਗ ਸੀ ਜੋ ਧਰਮ ਤੇ ਵਿਸ਼ਵਾਸ ਦੀ ਮਜ਼ਬੂਤ ਚੱਟਾਨ ਤੇ ਉਸਰਿਆ ਹੋਣ ਕਰਕੇ ਵਧ ਰਹੇ ਅੰਧਕਾਰ ਨੂੰ ਚੀਰਦੀਆਂ ਹੋਈਆਂ ਚਾਨਣ ਦੀਆਂ ਰਿਸ਼ਮਾਂ ਬਖੇਰ ਰਿਹਾ ਸੀ। ਉਸਨੂੰ ਧਰਮ ਸ਼ਾਸਤਰਾਂ ਦੇ ਸੂਖਮ ਤੇ ਰਹੱਸਮਈ ਪਹਿਲੂਆਂ ਤੇ ਗੋਹਝਾਂ ਦੀ ਕੋਈ ਬਹੁਤੀ ਜਾਣਕਾਰੀ ਤਾਂ ਨਹੀਂ ਸੀ ਤੇ ਨਾਂ ਹੀ ਕੋਈ ਚਿੰਤਾ ਸੀ, ਉਸ ਨੇ ਤਾਂ ਸਾਫ਼-ਸਾਫ਼ ਆਪਣੀ ਇੱਕ ਸੂਚੀ ਬਣਾਈ ਹੋਈ ਸੀ ਕਿ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ ਹੈ। ਉਹ ਪਵਿੱਤਰ ਗ੍ਰੰਥ ਵਿੱਚੋਂ ਉਹ ਪੰਕਤੀਆਂ ਲੈਂਦਾ ਜੋ ਉਹਦੇ ਲਈ ਢੁੱਕਵੀਆਂ ਸਨ ਤੇ ਦੂਸਰੀਆਂ ਨੂੰ ਜਾਂ ਤਾਂ ਅਣਗੌਲੀਆਂ ਛੱਡ ਦਿੰਦਾ ਜਾਂ ਆਪਣੀ ਮਰਜ਼ੀ ਦੇ ਤੋੜ ਮਰੋੜ ਕੇ ਅਰਥ ਕੱਢਦਾ ਤੇ ਵਿਆਖਿਆ ਕਰਦਾ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਨਫ਼ਰਤ ਪ੍ਰੇਮ ਪਿਆਰ ਦੇ ਮੁਕਾਬਲੇ ਵਧੇਰੇ ਤਾਕਤਵਰ ਜਜ਼ਬਾ ਹੈ, ਉਸ ਦੀ ਨਫ਼ਰਤ ਦੀ ਸੂਚੀ ਵਧੇਰੇ ਸਪੱਸ਼ਟਤਾ ਤੇ ਨਿੱਡਰਤਾ ਨਾਲ ਬਣਾਈ ਹੋਈ ਸੀ। ਉਹਦੀ ਸਭ ਤੋਂ ਅਧਿਕ ਨਫਰਤ ਉਹਨਾਂ 'ਪਤਿਤਾਂ' ਪ੍ਰਤੀ ਸੀ ਜੋ ਖਾਲਸਈ ਚਿੰਨ੍ਹ ਦੀ, ਕੇਸ-ਦਾੜ੍ਹੀਆਂ ਕਟਵਾ ਕੇ, ਬੇਅਦਬੀ ਕਰਦੇ ਸਨ, ਤੰਬਾਕੂ, ਸ਼ਰਾਬ ਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਸਨ। ਪ੍ਰੰਤੂ ਇਹਨਾਂ ਪਤਿਤਾਂ ਦਾ ਬਚਾ ਹੋ ਸਕਦਾ ਸੀ ਜਾਂ ਉਹਨਾਂ ਨੂੰ ਬਖ਼ਸ਼ਿਆ ਜਾਂਦਾ ਸੀ ਜੋ ਸੁਧਰਨ ਲਈ ਸਹਿਮਤ ਹੋ ਜਾਂਦੇ ਸਨ ਤੇ ਅੰਮ੍ਰਿਤ ਛੱਕ ਲੈਂਦੇ ਸਨ। ਉਹਦੀ ਸੂਚੀ ਤੇ ਅਗਲਾ ਨੰਬਰ ਸੰਤ ਨਿਰੰਕਾਰੀਆਂ ਦਾ ਆਉਂਦਾ ਸੀ ਜਿਹਨਾਂ ਦੇ ਕਾਫ਼ੀ ਗਿਣਤੀ ਵਿੱਚ ਸਿੱਖ ਪੈਰੋਕਾਰ ਸਨ। ਉਹਨਾਂ ਨੇ ਇਕ ਮਨੁੱਖ ਨੂੰ ਗੁਰੂ ਮੰਨਣ ਦਾ ਬੱਜਰ ਪਾਪ ਕੀਤਾ ਹੋਇਆ ਸੀ ਜਦੋਂ ਕਿ ਸਿੱਖ ਧਰਮ ਵਿੱਚ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਮਾਨਵ ਨੂੰ ਗੁਰੂ ਸਵੀਕਾਰਨਾ ਧਰਮ ਦੇ ਮੂਲ ਸਿਧਾਂਤਾਂ ਵਿਰੁੱਧ ਹੈ। ਸੰਤ ਨਿਰੰਕਾਰੀਆਂ ਨੇ ਆਪਣੀ ਧਰਮ ਪੁਸਤਕਾਂ 'ਯੁਗ ਪੁਰਸ਼' ਤੇ ਅਵਤਾਰ ਬਾਣੀ" ਤਿਆਰ ਕੀਤੀਆਂ ਹੋਈਆਂ ਸਨ। ਉਹਨਾਂ ਨੂੰ ਮਾਫੀ ਨਹੀਂ ਦਿੱਤੀ ਜਾ ਸਕਦੀ ਸੀ ਜਾਂ ਬਖ਼ਸ਼ਿਆ ਨਹੀਂ ਜਾ ਸਕਦਾ ਸੀ ਤੇ ਉਹਨਾਂ ਨੂੰ ਮਾਰ ਮੁਕਾਉਣਾ ਹੀ ਜ਼ਰੂਰੀ ਸੀ। ਆਖ਼ਰ ਤੇ ਹਿੰਦੂਆਂ ਦੀ ਵਾਰੀ ਆਉਂਦੀ ਸੀ ਜੋ ਕਿ ਅਤਿਅੰਤ ਦੁਖਦਾਈ ਹੱਦ ਤੱਕ ਸਿੱਖ ਧਰਮ ਦੇ ਨੇੜੇ ਵੀ ਸਨ ਤੇ ਗਿਣਤੀ ਪੱਖੋਂ ਵੀ ਇਤਨੇ ਜ਼ਿਆਦਾ ਸਨ ਕਿ ਉਹਨਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਸੀ। ਉਹਨਾਂ ਨਾਲ ਨਜਿੱਠਣ ਦਾ ਇੱਕੋ ਇੱਕ ਰਸਤਾ ਇਹ ਸੀ ਕਿ ਉਹਨਾਂ ਨੂੰ ਬੁਜ਼ਦਿਲ ਜਨਾਨੜੇ, ਵਿਲਾਸੀ, ਅਸੈਨਕ ਤੇ ਘਟੀਆ ਨਸਲ ਦੇ ਅਤੇ ਬਿਨਾਂ ਕਿਸੇ ਅਸੂਲ ਕਾਨੂੰਨ ਦੇ ਕਹਿਕੇ ਉਹਨਾਂ ਨਾਲ ਨਫ਼ਰਤ ਕੀਤੀ ਜਾਵੇ। ਕੀ ਗੁਰੂ ਗੋਬਿੰਦ ਸਿੰਘ ਨੇ ਇਹ ਐਲਾਨ ਨਹੀਂ ਕੀਤਾ ਸੀ ਕਿ ਇਕ ਸਿੱਖ ਸਵਾ ਲੱਖ ਬਰਾਬਰ ਹੈ ਤੇ ਇਕ ਆਦਮੀ ਵੀ ਫੌਜ ਹੁੰਦਾ ਹੈ?

ਭਿੰਡਰਾਂਵਾਲੇ ਨੇ ਕਿਹਾ ਕਿ ਇੱਕ ਸਿੱਖ ਤਾਂ ਬੜੀ ਆਸਾਨੀ ਨਾਲ 35 ਹਿੰਦੂਆਂ ਦਾ ਟਾਕਰਾ ਕਰ ਸਕਦਾ ਹੈ।[6]

ਭਿੰਡਰਾਵਾਲੇ ਅਨੁਸਾਰ ਆਧੁਨਿਕਤਾ ਇੱਕ ਬੁਰਾਈ ਹੈ। ਸਿੱਖਾਂ ਨੂੰ ਹਰ ਹਾਲਤ ਵਿੱਚ ਆਪਣੇ ਜੰਗਜੂ ਪੁਰਖਿਆਂ ਤੇ ਵੱਡ ਵਡੇਰਿਆਂ ਵਾਂਗ ਸਾਦਾ ਜ਼ਿੰਦਗੀ ਬਤੀਤ ਕਰਨੀ ਚਾਹੀਦੀ ਹੈ। ਉਹਨਾਂ ਦੀ ਦਿੱਖ ਵੀ ਉਹਨਾਂ ਵਾਂਗ ਹੀ ਹੋਣੀ ਚਾਹੀਦੀ ਹੈ। ਉਹਨਾਂ ਦੇ ਦਾੜ੍ਹੇ ਪਰਕਾਸ਼ ਕੀਤੇ ਹੋਣੇ ਚਾਹੀਦੇ ਹਨ ਤੇ ਉਹਨਾਂ ਨੂੰ ਬੰਨ੍ਹ ਕੇ ਠੋਡੀ ਹੇਠ ਤੁੰਨਿਆ ਨਹੀਂ ਹੋਣਾ ਚਾਹੀਦਾ। ਉਹਨਾਂ ਨੂੰ ਲੰਮੇ ਕਮੀਜ਼ (ਕੁੜਤੇ) ਪਾਉਣੇ ਚਾਹੀਦੇ ਹਨ, ਉਹਨਾਂ ਨੂੰ ਗੋਡਿਆਂ ਤੋਂ ਹੇਠਾਂ ਤੱਕ ਲੰਬੇ ਕਛਹਿਰੇ ਪਹਿਨਣੇ ਚਾਹੀਦੇ ਹਨ। ਸਿੱਖ ਇਸਤਰੀਆਂ ਨੂੰ ਵੀ ਹਿੰਦੂ ਇਸਤਰੀਆਂ ਵਾਂਗ ਸਾੜੀਆਂ ਨਹੀਂ ਪਹਿਨਣੀਆਂ ਚਾਹੀਦੀਆਂ। ਉਹਨਾਂ ਨੂੰ ਆਪਣੇ ਮੱਥੇ ਤੇ ਬਿੰਦੀਆਂ ਵੀ ਨਹੀਂ ਲਾਉਣੀਆਂ ਚਾਹੀਦੀਆਂ। ਉਹਨਾਂ ਨੂੰ ਸਲਵਾਰ ਕਮੀਜ਼ ਪਹਿਨਣੀਆਂ ਚਾਹੀਦੀਆਂ ਹਨ। ਉਸਦਾ ਨਵਾਂ ਖਾਲਸਾ "ਸਾਬਤ ਸੂਰਤ ਗੁਰ ਸਿੱਖ" ਤੇ ਬਾਕੀ ਸਾਰੇ ਲੋਕ ਬੇਦੀਨੇ ਹਨ ਤੇ ਉਹਨਾਂ ਨੂੰ ਰੱਬ ਦੀ ਮਾਰ ਪਵੇ। ਉਹਦਾ ਨਵ-ਨਿਰਮਤ ਖ਼ਾਲਸਾ ਗੁਰੂ ਜੀ ਦੀ ਤੂਫ਼ਾਨੀ ਫ਼ੌਜ ਹੋਵੇਗੀ ਜੋ ਆਪਣੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਕੀੜਿਆਂ ਵਾਂਗ ਮਸਲ ਦੇਵੇਗੀ। ਇਹ ਸਿਰ ਚੜ੍ਹਨ ਵਾਲਾ ਨਸ਼ਾ ਸੀ ਜੋ ਸਾਧਾਰਨ ਜੱਟ ਕਿਸਾਨਾਂ ਨੂੰ ਭਿੰਡਰਾਂਵਾਲਾ ਪਿਲਾਂਦਿਆਂ ਕਰਦਾ ਸੀ।

ਜਦੋਂ ਸਿਆਸਤਦਾਨਾਂ ਨੇ ਵੇਖਿਆ ਕਿ ਭਿੰਡਰਾਂਵਾਲੇ ਦੀ ਬਹੁਤ ਪ੍ਰਸਿੱਧੀ ਹੋ ਗਈ ਹੈ ਤਾਂ ਉਹਨਾਂ ਨੇ ਉਸ ਵੱਲ ਵਧੇਰੇ ਹੀ ਧਿਆਨ ਦੇ ਕੇ ਖੁਸ਼ਾਮਦ ਕਰਨੀ ਸ਼ੁਰੂ ਕਰ ਦਿੱਤੀ। ਫਿਰ ਇਸ ਪੇਂਡੂ ਧਾਰਮਕ ਪ੍ਰਚਾਰਕ ਵਿੱਚ ਇਤਨਾ ਹੰਕਾਰ ਭਰ ਗਿਆ ਕਿ ਉਹ ਬਹੁਤ ਹੀ ਆਕੜ ਗਿਆ ਤੇ ਅੱਖਾਂ ਵਿਖਾਉਣ ਲੱਗਾ ਤੇ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਅਜਿੱਤ ਹੈ, ਉਸ ਨੂੰ ਕੋਈ ਹਰਾ ਨਹੀਂ ਸਕਦਾ।

ਦਲ ਗਤ ਰਾਜਨੀਤੀ ਵਿੱਚ ਇੱਕ ਮੋਹਰੇ ਵਜੋਂ ਉਸ ਨੂੰ ਸੰਭਾਵੀ ਸ਼ਕਤੀ ਦੇ ਤੌਰ ਤੇ ਵਰਤੋਂ ਕਰਨ ਦਾ ਸਭ ਤੋਂ ਪਹਿਲਾਂ ਵਿਚਾਰ ਗਿਆਨੀ ਜ਼ੈਲ ਸਿੰਘ, ਉਹਦੇ ਮੁੱਖ ਵਿਰੋਧੀ ਦਰਬਾਰਾ ਸਿੰਘ ਤੇ ਉਹਨਾਂ ਰਾਹੀਂ ਸ੍ਰੀਮਤੀ ਗਾਂਧੀ ਦੇ ਅਕਾਂਖਿਆਂ ਭਰਪੂਰ ਪੁੱਤਰ ਸੰਜੇ ਗਾਂਧੀ ਨੂੰ ਆਇਆ। ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਜਨਤਾ ਸਰਕਾਰ ਨੇ ਜ਼ੈਲ ਸਿੰਘ ਦੇ ਕਾਰਜਕਾਲ ਵਿੱਚ ਸ਼ਕਤੀ ਦੀ ਦੁਰਵਰਤੋਂ ਕਾਰਨ ਪੜਤਾਲੀਆਂ ਕਮਿਸ਼ਨ ਬਣਾਇਆ ਹੋਇਆ ਸੀ। ਪਰਦੇਸ਼ਕ ਕਾਂਗਰਸ ਕਮੇਟੀ ਦਾ ਪਰਧਾਨ ਹੁੰਦਿਆਂ ਉਸ ਨੇ ਵੀ ਇਹ ਨਿਸ਼ਾਨਾ ਮਿੱਥ ਲਿਆ ਸੀ ਕਿ ਉਹ ਅਕਾਲੀਆਂ ਨੂੰ ਗਦੀਓਂ ਲਾਹਕੇ ਤੇ ਸ੍ਰੋ. ਗੁ. ਪ੍ਰ. ਕਮੇਟੀ ਵਿਚੋਂ ਉਹਨਾਂ ਦੀ ਸ਼ਕਤੀ ਕਮਜੋਰ ਕਰਕੇ ਕਮਿਸ਼ਨ ਦੀ ਖੋਜ ਪੜਤਾਲ ਨੂੰ ਬੇਅਸਰ ਕਰ ਦੇਵੇਗਾ। ਦਰਬਾਰਾ ਸਿੰਘ ਤੇ ਜ਼ੈਲ ਸਿੰਘ ਦੋਹਾਂ ਨੇ ਹੀ ਭਿੰਡਰਾਂਵਾਲੇ ਦੀ ਚਾਪਲੂਸੀ ਕੀਤੀ ਤੇ ਉਸ ਨੂੰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀਆਂ 1979 ਦੀਆਂ

---

6. ਇਹ ਤਾਂ ਇੱਕ ਨੂੰ 100 ਤਾਂ ਕੀ 35-35 ਹੀ ਆਉਂਦੇ ਹਨ। 36 ਕਰੋੜ ਨੂੰ ਵੰਡੀਏ ਤਾਂ ਇਕ ਸਿੱਖ ਨੂੰ 35 ਹਿੰਦੂ ਹੀ ਆਉਂਦੇ ਹਨ, 36 ਵੀ ਨਹੀਂ। ਫਿਰ ਤੁਸੀਂ ਕਿਵੇਂ ਕਹਿੰਦੇ ਹੋ ਕਿ ਤੁਸੀਂ ਕਮਜ਼ੋਰ ਹੋ ? ਲੇਖਕ ਕੋਲ ਉਸ ਦੇ ਭਾਸ਼ਨ ਵਾਲੀ ਟੇਪ ਹੈ। ਇਸ ਦਾ ਹਵਾਲਾ ਪੰਜਾਬ ਅੰਦੋਲਨ ਦੇ ਵ੍ਹਾਈਟ ਪੇਪਰ" ਤੇ ਪੰ. 163 ਤੇ ਵੀ ਹੈ।

ਚੋਣਾਂ ਵਿੱਚ ਅਕਾਲੀਆਂ ਵਿਰੁੱਧ ਅਮਰੀਕ ਸਿੰਘ ਸਮੇਤ ਆਪਣੇ ਉਮੀਦਵਾਰ ਖੜੇ ਕਰਨ ਲਈ ਪ੍ਰੇਰਿਆ ਤੇ ਉਤਸਾਹਿਤ ਕੀਤਾ। ਭਿੰਡਰਾਂਵਾਲੇ ਵੱਲੋਂ ਖੜੇ ਕੀਤੇ 40 ਉਮੀਦਵਾਰਾਂ 'ਚੋਂ ਸਿਰਫ ਚਾਰ ਹੀ ਜਿੱਤੇ, ਬਾਕੀ ਸਭ ਹਾਰ ਗਏ। ਇਸ ਤੋਂ ਸਾਫ ਜ਼ਾਹਰ ਸੀ ਕਿ ਉਹ ਇਕ ਪਰਚਾਰਕ ਵਜੋਂ ਭਾਵੇਂ ਕਿਤਨਾ ਹੀ ਮਸ਼ਹੂਰ ਸੀ, ਸਿੱਖ ਰਾਜਨੀਤੀ ਵਿੱਚ ਉਹਦੀ ਬਹੁਤੀ ਪੁੱਛ-ਗਿੱਛ ਨਹੀਂ ਸੀ। ਪ੍ਰੰਤੂ ਉਸ ਦੀ ਰਾਜਸੀ ਸ਼ਕਤੀ ਨੂੰ ਕਾਂਗਰਸ ਤੇ ਅਕਾਲੀ ਧੜਿਆਂ ਨੇ ਤਾੜ ਲਿਆ ਸੀ। ਇਹਨਾਂ ਤਾਕਤਵਰ ਸਿਆਸੀ ਧਿਰਾਂ ਵਲੋਂ ਉਸ ਨੂੰ ਆਪਣੇ ਵੱਲ ਖਿੱਚਣ ਤੇ ਮੁਕਾਬਲੇ ਵਿੱਚ ਬਿਦ ਬਿਦ ਕੇ ਆਉਣ ਵਿੱਚ ਭਿੰਡਰਾਂਵਾਲੇ ਨੂੰ ਕੀ ਘਾਟਾ ਸੀ?[7]

13 ਅਪ੍ਰੈਲ 1978 ਤੱਕ ਭਿੰਡਰਾਂਵਾਲੇ ਦਾ ਨਾਮ ਪੰਜਾਬ ਤੋਂ ਬਾਹਰ ਕੋਈ ਨਹੀਂ ਜਾਣਦਾ ਸੀ। ਉਸ ਦਿਨ ਤੋਂ ਲੈਕੇ 6 ਸਾਲ ਮਗਰੋਂ ਜੂਨ 1984 ਵਿੱਚ ਉਹਦੀ ਮੌਤ ਵਾਲੇ ਦਿਨ ਤੱਕ ਉਹਦਾ ਨਾਮ ਰਾਸ਼ਟਰੀ ਅਖ਼ਬਾਰਾਂ ਦੇ ਮੁੱਖ ਪੰਨਿਆਂ ਤੇ ਛਾਇਆ ਰਿਹਾ। ਉਸ ਨੇ ਬਾਗੀ ਸੰਤ ਨਿਰੰਕਾਰੀ ਉਪ-ਮੱਤ ਵਿਰੁੱਧ, ਜੋ ਬਾਬਾ ਗੁਰਬਚਨ ਸਿੰਘ ਦੀ ਗੁਰਗੱਦੀ ਦੇ ਅਧਿਕਾਰ ਹੇਠ ਸੀ, ਨਿਖੇਧੀ ਤੇ ਭੰਡੀ ਪਰਚਾਰ ਦਾ ਐਲਾਨ ਕਰ ਦਿੱਤਾ ਹੋਇਆ ਸੀ।[8]

ਸਰਕਾਰ ਉੱਪਰ 'ਯੁਗ ਪੁਰਸ਼' ਤੇ "ਅਵਤਾਰ ਬਾਣੀ" ਉੱਪਰ ਪਾਬੰਦੀ ਲਾਉਣ ਦੀਆਂ ਬੇਨਤੀਆਂ ਦਾ ਕੋਈ ਅਸਰ ਨਾ ਹੋਇਆ। ਭਿੰਡਰਾਂਵਾਲੇ ਨੇ ਫਿਰ ਨਿਰੰਕਾਰੀਆਂ ਨੂੰ ਖ਼ਤਮ ਕਰਨ ਦਾ ਬੀੜਾ ਉਠਾ ਲਿਆ। ਜਦੋਂ ਨਿਰੰਕਾਰੀਆਂ ਨੇ ਐਲਾਨ ਕੀਤਾ ਕਿ ਪੰਜਾਬ ਦੇ ਨਵੇਂ ਸਾਲ 13 ਅਪ੍ਰੈਲ ਨੂੰ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਆਪਣਾ ਵਾਰਸ਼ਿਕ ਸਮਾਗਮ ਕਰਨਗੇ ਤਾਂ ਭਿੰਡਰਾਂਵਾਲੇ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਉਹਨਾਂ ਨੂੰ ਅਜਿਹਾ ਨਹੀਂ ਕਰਨ ਦੇਵੇਗਾ। ਬਾਦਲ ਅਧੀਨ ਅਕਾਲੀ ਜਨਤਾ ਸਰਕਾਰ ਨੇ ਤਾਂ ਸੰਤ ਨਿਰੰਕਾਰੀਆਂ ਨੂੰ ਸਮਗਾਮ ਕਰਨ ਤੋਂ ਨਾ ਤਾਂ ਮਨ੍ਹਾ ਕੀਤਾ ਤੇ ਨਾ ਹੀ ਭਿੰਡਰਾਂਵਾਲੇ ਨੂੰ

7. ਕੁਲਦੀਪ ਨੱਯਰ ਅਨੁਸਾਰ ਸ਼੍ਰੀਮਤੀ ਗਾਂਧੀ ਦਾ ਛੋਟਾ ਪੁੱਤਰ ਸੰਜੈ ਗਾਂਧੀ ਨੇ ਜੋ ਸਿਆਸੀ ਜੋੜ ਤੋੜ ਵਿੱਚ ਬਹੁਤ ਸਰਗਰਮੀ ਨਾਲ ਲੱਗਾ ਹੋਇਆ ਸੀ, ਅਕਾਲੀਆਂ ਵਿਰੁੱਧ ਤਿਆਰ ਕਰਨ ਲਈ ਜੈਲ ਸਿੰਘ ਵਲੋਂ ਸੁਝਾਏ ਗਏ ਦੋ ਸੰਤਾਂ ਦੇ ਨਾਵਾਂ 'ਚੋਂ ਵਧੇਰੇ ਲੜਾਕੇ ਭਿੰਡਰਾਂਵਾਲੇ ਦੀ ਚੋਣ ਲਈ ਸਹਿਮਤੀ ਦਿੱਤੀ ਸੀ। ਦੂਸਰਾ ਉਸ ਨੂੰ ਕੋਈ ਹੌਸਲੇ ਵਾਲਾ ਨਹੀਂ ਜਾਪਿਆ ਸੀ। ਸੰਜੈ ਗਾਂਧੀ ਦੇ ਮਿੱਤਰ ਕਮਲ ਨਾਥ ਮੈਂਬਰ ਪਾਰਲੀਮੈਂਟ ਨੇ ਨੱਯਰ ਨੂੰ ਦੱਸਿਆ "ਅਸੀਂ ਭਿੰਡਰਾਂਵਾਲੇ ਨੂੰ ਕਦੇ ਕਦੇ ਰੁਪੈ ਭੇਜ ਦਿੰਦੇ (ਪੰਜਾਬ ਦਾ ਦੁਖਾਂਤ ਪੰ. 31) ਭਿੰਡਰਾਂਵਾਲੇ ਨੇ ਹੀ ਗੁਰਦਿਆਲ ਸਿੰਘ ਢਿੱਲੋਂ, ਆਰ ਐਲ ਭਾਟੀਆ ਤੇ ਸ੍ਰੀਮਤੀ ਭਿੰਡਰ (ਪਤਨੀ ਪੰਜਾਬ ਪੁਲੀਸ ਕਮਿਸ਼ਨਰ) ਜਿਹੇ ਕਾਂਗਰਸੀ ਉਮੀਦਵਾਰਾਂ ਦੀ ਚੋਣ ਮੁਹਿੰਮ ਵਿੱਚ ਸਹਾਇਤਾ ਕੀਤੀ।

8. ਇਹ ਉਪਮੱਤ ਬੂਟਾ ਸਿੰਘ ਦੀ ਅਗਵਾਈ ਵਿੱਚ ਮੁੱਖ ਸੰਸਥਾ ਵਿਚੋਂ ਵੱਧਕੇ "ਸੰਤ-ਨਿਰੰਕਾਰੀ" ਕਹਾਉਣ ਲੱਗ ਪਿਆ। ਉਹਨਾਂ ਦੇ ਮੁੱਖ ਸੰਸਥਾ ਨਾਲੋਂ ਜ਼ਿਆਦਾ ਪੈਰੋਕਾਰ ਹੋ ਗਏ। ਬੂਟਾ ਸਿੰਘ ਦਾ ਉੱਤਰਾਧਿਕਾਰੀ ਅਵਤਾਰ ਸਿੰਘ ਬਣਿਆ। 1963 ਵਿੱਚ ਅਵਤਾਰ ਸਿੰਘ ਦੀ ਮੌਤ ਪਿਛੋਂ ਉਹਦਾ ਲੜਕਾ ਗੁਰਬਚਨ ਸਿੰਘ ਗੁਰੂ ਬਣਾ ਦਿੱਤਾ ਗਿਆ। 1980 ਵਿੱਚ ਉਹਦੇ ਕਤਲ ਹੋ ਜਾਣ ਪਿਛੋਂ ਹਰਦੇਵ ਸਿੰਘ ਮੱਤ ਦਾ ਮੁਖੀ ਬਣਿਆ। 10 ਜੂਨ 1978 ਨੂੰ ਅਕਾਲ ਤਖਤ ਦੇ ਹੁਕਮਨਾਮੇ ਰਾਹੀਂ ਸੰਤ ਨਿਰੰਕਾਰੀਆਂ ਨੂੰ ਸਿੱਖ ਧਰਮ 'ਚੋਂ ਛੇਕ ਦਿੱਤਾ ਗਿਆ।

ਸਮਾਗਮ ਵਿੱਚ ਖਲਲ ਪਾਉਣ ਤੋ ਰੋਕਣ ਲਈ ਕੋਈ ਪੇਸ਼ਬੰਦੀ ਕੀਤੀ ਭਾਵ ਪਹਿਲਾਂ ਕੋਈ ਕਦਮ ਨਾ ਉਠਾਇਆ। ਅਖੰਡ ਕੀਰਤਨੀ ਜੱਥੇ ਤੇ ਭਿੰਡਰਾਵਾਲਿਆਂ ਦੇ ਪੈਰੋਕਾਰਾਂ ਦੇ ਜੱਥੇ ਨੂੰ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚੋਂ ਲੰਘਕੇ ਸੰਤ ਨਿਰੰਕਾਰੀਆਂ ਦੇ ਸਮਾਗਮ ਵਾਲੇ ਸਥਾਨ ਤੇ ਜਾਣ ਦੀ ਆਗਿਆ ਦਿੱਤੀ ਗਈ। ਸੰਤ ਨਿਰੰਕਾਰੀ ਪਹਿਲਾਂ ਹੀ ਝਗੜੇ ਲਈ ਤਿਆਰ ਸਨ। ਜੋ ਝਪਟ ਸ਼ੁਰੂ ਹੋਈ ਉਸ ਵਿੱਚ 17 ਆਦਮੀ ਜੋ ਬਹੁਤ ਕਰਕੇ ਫੌਜਾ ਸਿੰਘ ਸਮੇਤ ਅਖੰਡ ਕੀਰਤਨੀ ਜੱਥੇ ਦੇ ਹੀ ਸਨ, ਮਾਰੇ ਗਏ। ਭਿੰਡਰਾਵਾਲਾਂ ਸਵਰਨ ਮੰਦਰ ਵਿੱਚ ਹੀ ਰਹਿ ਗਿਆ ਸੀ। ਫੌਜਾ ਸਿੰਘ ਦੀ ਵਿਧਾ ਅਮਰਜੀਤ ਕੌਰ ਨੇ ਭਿੰਡਰਾਵਾਲੇ ਤੇ ਦੋਸ਼ ਲਾਇਆ ਤੇ ਉਸ ਨੂੰ ਕਾਇਰ ਕਿਹਾ। ਪ੍ਰੰਤੂ ਪੁਲੀਸ ਨੇ ਉਹਦਾ ਨਾਮ ਉਹਨਾਂ ਵਿਅਕਤੀਆਂ ਵਿੱਚ ਦਰਜ ਕਰ ਲਿਆ ਜਿਹਨਾਂ ਉੱਪਰ ਝਗੜੇ ਨੂੰ ਭੜਕਾਉਣ ਦਾ ਸ਼ੱਕ ਸੀ। ਜਿਹੜਾ ਮੁੱਕਦਮਾ ਚਲਿਆ, ਉਸ ਵਿੱਚ ਸਾਰੇ ਨਿਰੰਕਾਰੀ ਇਸ ਆਧਾਰ ਤੇ ਬਰੀ ਕਰ ਦਿੱਤੇ ਗਏ ਕਿ ਉਹਨਾਂ ਨੇ ਸ੍ਵੈ-ਰੱਖਿਆ ਲਈ ਕਾਰਵਾਈ ਕੀਤੀ ਸੀ।

ਭਿੰਡਰਾਂਵਾਲੇ ਨੇ ਖੁਲ੍ਹ-ਮ-ਖੁਲ੍ਹਾ ਹਿੰਸਕ ਕਾਰਵਾਈਆਂ ਦੀ ਹਿਮਾਇਤ ਕਰਨੀ ਸ਼ੁਰੂ ਕਰ ਦਿੱਤੀ। 24 ਅਪ੍ਰੈਲ 1980 ਨੂੰ ਬਾਬਾ ਗੁਰਬਚਨ ਸਿੰਘ ਨਿਰੰਕਾਰੀ ਤੇ ਉਹਦਾ ਅੰਗ-ਰੱਖਿਅਕ ਉਹਨਾਂ ਦੇ ਹੈਡਕੁਆਰਟਰ ਦਿੱਲੀ ਵਿੱਚ ਗੋਲੀ ਨਾਲ ਉਡਾ ਦਿੱਤੇ ਗਏ। ਕਾਤਲ ਬਚਕੇ ਨਿਕਲ ਗਏ। ਸੀ.ਬੀ.ਆਈ. ਨੇ ਰਪਟ ਵਿੱਚ 20 ਆਦਮੀਆਂ ਦੇ ਨਾਮ ਲਿਖਵਾਏ ਜਿਸ ਵਿੱਚ ਬਹੁਤੇ ਭਿੰਡਰਾਵਾਲੇ ਦੇ ਚੇਲੇ ਸਨ ਤੇ ਭਿੰਡਰਾਵਾਲੇ ਉੱਪਰ 'ਕਤਲ ਦੀ ਸਾਜ਼ਿਸ਼' ਘੜਨ ਦਾ ਦੋਸ਼ ਲਾਇਆ ਗਿਆ। ਗਿਆਨੀ ਜ਼ੈਲ ਸਿੰਘ ਜੋ ਉਸ ਸਮੇਂ ਗ੍ਰੈਹ ਮੰਤਰੀ ਸੀ, ਉਸਨੇ ਪੁਲੀਸ ਵਲੋਂ ਭਿੰਡਰਾਵਾਲੇ ਦੀ ਸ਼ਮੂਲੀਅਤ ਦੀ ਕਹਾਣੀ ਨੂੰ ਰੱਦ ਕਰ ਦਿੱਤਾ। ਦਰਬਾਰਾ ਸਿੰਘ ਜੋ ਉਸ ਸਮੇਂ ਪੰਜਾਬ ਦਾ ਮੁੱਖ ਮੰਤਰੀ ਸੀ, ਉਸ ਨੇ ਵੀ ਭਿੰਡਰਾਵਾਲੇ ਵਿਰੁੱਧ ਕਾਰਵਾਈ ਕਰਨ ਦੀ ਲੋੜ ਨਾ ਸਮਝੀ।[9]

---

9. ਪ੍ਰਸਿੱਧ ਪੱਤਰਕਾਰ, ਅਰੁਨ ਸ਼ੋਰੀ, ਜੋ ਮਗਰੋਂ ਇੰਡੀਅਨ ਐਕਸਪ੍ਰੈਸ ਦਾ ਮੁੱਖ ਸੰਪਾਦਕ ਬਣਿਆ, ਉਸ ਨੇ 10 ਜੁਲਾਈ 1981 ਨੂੰ ਲਿਖਿਆ, ਭਾਵੇਂ ਸੀ. ਬੀ. ਆਈ ਨੇ ਗੁਰਬਚਨ ਸਿੰਘ ਦੇ ਕਤਲ ਦਾ ਭੇਦ ਲੱਭ ਲਿਆ ਹੈ ਪਰ ਇਹ ਪੱਕੀ ਗੱਲ ਹੈ ਕਿ ਕਾਤਲ ਕਦੇ ਵੀ ਫੜੇ ਨਹੀਂ ਜਾਣਗੇ ਕਿਉਂਕਿ ਉਹ ਅੰਮ੍ਰਿਤਸਰ ਜ਼ਿਲੇ (ਪੰਜਾਬ) ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਰਨ ਵਿੱਚ ਪਹੁੰਚ ਗਏ ਸਨ। ਇਸ ਦੇ ਬਿਨਾਂ ਪੰਜਾਬ ਪੁਲੀਸ ਦੋਸ਼ੀਆਂ ਨੂੰ ਫੜ ਕੇ ਆਪਣੇ ਆਪ ਨੂੰ ਇਸ ਕੇਸ ਵਿੱਚ ਉਲਝਾਉਣਾ ਨਹੀਂ ਚਾਹੁੰਦੀ।

   ਦਿੱਲੀ ਦੇ ਉਪ ਰਾਜਪਾਲ ਵਲੋਂ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਵਾਰ-ਵਾਰ ਬੇਨਤੀਆਂ ਕਰਨ ਅਤੇ ਸੀ.ਬੀ.ਆਈ. ਦੇ ਡਾਇਰੈਕਟਰ ਵਲੋਂ ਪੰਜਾਬ ਸਰਕਾਰ ਨੂੰ ਪੱਤਰ ਲਿਖਣ ਦਾ ਕੋਈ ਲਾਭ ਨਾ ਹੋਇਆ। ਵਰਤਮਾਨ ਸਮੇਂ ਦੇ ਉਪ ਰਾਜਪਾਲ ਐਸ.ਐਲ ਖੁਰਾਣਾ ਨੇ ਫਿਰ ਪੰਜਾਬ ਦੇ ਮੁੱਖ ਮੰਤਰੀ ਨੂੰ ਸ਼ੱਕੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਦੀ ਵਾਕਲਤ ਕਰਦਿਆਂ ਲਿਖਿਆ ਹੈ। ਦਸ ਦਿਨ ਪਹਿਲਾਂ ਡਾਇਰੈਕਟਰ ਸੀ.ਬੀ.ਆਈ. ਨੇ ਪੰਜਾਬ ਨੂੰ ਦੋਸ਼ੀਆਂ ਦੀ ਗ੍ਰਿਫ਼ਤਾਰੀ ਕਰਨ ਤੇ ਉਹਨਾਂ ਤੋਂ ਹਥਿਆਰ ਲੈ ਲੈਣ ਲਈ ਲਿਖਿਆ ਹੈ। ਪ੍ਰੰਤੂ ਰਾਜ ਸਰਕਾਰ ਨੇ ਪੱਤਰਾਂ ਦਾ ਕੋਈ ਉੱਤਰ ਹੀ ਨਹੀਂ ਦਿੱਤਾ। ਸੀ.ਬੀ.ਆਈ. ਨੇ ਪੜਤਾਲ ਪੂਰੀ ਕਰ ਲਈ ਹੈ ਤੇ ਗਿਆਰਾਂ ਸ਼ੱਕੀਆਂ ਨੂੰ ਭਗੌੜੇ ਐਲਾਨਿਆ ਹੋਇਆ ਹੈ। 'ਇਲਸਟਰੇਟਡ ਵੀਕਲੀ ਔਫ ਇੰਡੀਆ', 17-23 ਜੂਨ 1984, ਪੰਨਾ-11

ਇਕ ਸਾਲ ਮਗਰੋਂ 9 ਸਤੰਬਰ 1981 ਨੂੰ ਹਿੰਦ ਸਮਾਚਾਰ ਅਖਬਾਰ ਸਮੂਹ ਸਮੇਤ ਪੰਜਾਬੀ 'ਚ ਛਪਦੇ 'ਜਗਬਾਣੀ' ਮਾਲਕ ਲਾਲਾ ਜਗਤ ਨਾਰਾਇਣ ਨੂੰ ਜੀ.ਟੀ. ਰੋਡ (ਜਰਨੈਲੀ ਸੜਕ) ਤੇ ਗੋਲੀਆਂ ਨਾਲ ਉਡਾ ਦਿੱਤਾ ਗਿਆ। ਪੰਜਾਬ ਕਾਂਗਰਸ ਪਾਰਟੀ ਦਾ ਸੈਕਟਰੀ ਹੁੰਦਿਆਂ ਹੋਇਆਂ ਉਸ ਨੇ ਪੰਜਾਬੀ ਹਿੰਦੂਆਂ ਨੂੰ ਪਰੇਰਿਆ ਸੀ ਕਿ ਉਹ ਹਿੰਦੀ ਨੂੰ ਆਪਣੀ ਮਾਤ-ਭਾਸ਼ਾ ਲਿਖਾਉਣ, ਉਸ ਨੇ ਸੰਤ ਨਿਰੰਕਾਰੀਆਂ ਦੇ ਹੱਕ ਵਿੱਚ ਲਿਖਿਆ ਸੀ ਤੇ ਭਿੰਡਰਾਂਵਾਲੇ ਨਾਲ ਨਿਪਟਣ ਵਿਚ ਬੁਜ਼ਦਿਲੀ ਵਿਖਾਉਣ ਲਈ ਅਕਾਲੀ ਤੇ ਕਾਂਗਰਸ ਸਰਕਾਰਾਂ ਦੀ ਆਲੋਚਨਾ ਕੀਤੀ ਸੀ। ਐਫ.ਆਈ.ਆਰ. (ਰਪਟ) ਵਿੱਚ ਸ਼ੱਕੀਆਂ ਦੀ ਸੂਚੀ ਵਿੱਚ ਭਿੰਡਰਾਂਵਾਲੇ ਦਾ ਨਾਮ ਵੀ ਸ਼ਾਮਲ ਸੀ। ਉਸ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਮੁਖ ਮੰਤਰੀ ਦਰਬਾਰਾ ਸਿੰਘ ਨੇ ਆਕਾਸ਼ਬਾਣੀ ਤੇ ਐਲਾਨ ਕਰ ਦਿੱਤਾ ਕਿ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਲਈ 'ਵਾਰੰਟ' ਜਾਰੀ ਕਰ ਦਿੱਤੇ ਗਏ ਹਨ। ਉਸ ਸਮੇਂ ਭਿੰਡਰਾਂਵਾਲਾ ਹਰਿਆਣਾ ਦੇ ਪਿੰਡ 'ਚੰਦੋ ਕਲਾਂ' ਵਿੱਚ ਸੀ। ਹਰਿਆਣਾ ਪੁਲੀਸ ਨਹੀਂ ਸਮਝਦੀ ਸੀ ਕਿ ਉਸਨੂੰ ਗ੍ਰਿਫ਼ਤਾਰ ਕਰਨਾ ਉਸ ਦਾ ਕੰਮ ਸੀ। ਉਸ ਦਾ ਕਾਫ਼ਲਾ ਪੁਲੀਸ ਕਾਰ ਦੀ ਅਗਵਾਈ ਵਿੱਚ ਬੜੇ ਆਰਾਮ ਨਾਲ ਹਰਿਆਣੇ ਵਿਚੋਂ ਹੁੰਦਾ ਹੋਇਆ ਪੰਜਾਬ ਤੱਕ 300 ਮੀਲ ਦਾ ਸਫ਼ਰ 7 ਦਿਨਾਂ ਵਿੱਚ ਕਰਕੇ ਆਪਣੇ ਸਦਰ ਮੁਕਾਮ ਚੌਕ ਮਹਿਤਾ ਪੁਹੰਚਿਆ। ਭਿੰਡਰਾਂਵਾਲੇ ਨੇ ਖੁਦ ਪੰਜਾਬ ਪੁਲੀਸ ਸਾਮ੍ਹਣੇ ਗ੍ਰਿਫ਼ਤਾਰੀ ਲਈ ਪੇਸ਼ ਹੋਣ ਦੇ ਸਮੇਂ ਤੇ ਸਸਥਾਨ ਬਾਰੇ ਐਲਾਨ ਕੀਤਾ। ਇਹ ਗਰਿਫ਼ਤਾਰੀ 20 ਸਤੰਬਰ 1981 ਨੂੰ ਪ੍ਰਸ਼ੰਸਕਾਂ ਦੇ ਇਕੱ ਵੱਡੇ ਇਕੱਠ ਵਿੱਚ ਦਿੱਤੀ ਗਈ ਜਿਸ ਵਿੱਚ ਸੰਤ ਲੌਂਗੋਵਾਲ, ਟੋਹੜਾ ਤੇ ਦਿੱਲੀ ਦੇ ਜੱਥੇਦਾਰ ਸੰਤੋਖ ਸਿੰਘ ਸ਼ਾਮਲ ਸਨ। ਉਸ ਦੇ ਪੈਰੋਕਾਰਾਂ ਦੀ ਪੁਲੀਸ ਨਾਲ ਝੜਪ ਹੋਈ, ਜਿਸ ਵਿੱਚ 17 ਆਦਮੀ ਮਾਰੇ ਗਏ। ਭਿੰਡਰਾਂਵਾਲੇ ਨੂੰ ਪੁਲੀਸ ਦੀ ਨਜ਼ਰਬੰਦੀ ਵਿੱਚ ਰੱਖਣ ਦੀ ਥਾਂ ਤੇ ਪੁਲੀਸ ਨੇ ਉਸ ਨੂੰ ਇਕ 'ਆਰਾਮ ਘਰ' ਵਿੱਚ ਰੱਖਿਆ ਜੋ ਸਰਕਾਰ ਦੇ ਮੰਤਰੀਆਂ ਤੇ ਸੀਨੀਅਰ ਅਧਿਕਾਰੀਆਂ ਲਈ ਰਾਖਵਾਂ ਹੁੰਦਾ ਹੈ। ਅਕਾਲੀ ਨੇਤਾਵਾਂ ਦੇ ਜ਼ੋਰ ਦੇਣ ਤੇ ਉਸ ਨੂੰ ਕੁਝ ਦਿਨ ਮਗਰੋਂ 15 ਅਕਤੂਬਰ ਨੂੰ ਰਿਹਾ ਕਰ ਦਿੱਤਾ ਗਿਆ। ਇਹ ਗਿਆਨੀ ਜ਼ੈਲ ਸਿੰਘ ਗ੍ਰੈਹ ਮੰਤਰੀ ਦੇ ਦਖ਼ਲ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ ਸੀ ਤੇ ਉਸ ਨੇ ਵੀ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਮਨਜ਼ੂਰੀ ਲੈਣ ਪਿੱਛੋਂ ਹੀ ਅਜਿਹਾ ਕੀਤਾ ਸੀ। ਭਿੰਡਰਾਂਵਾਲਾ ਇੱਕ ਨਾਇਕ ਬਣ ਕੇ ਉਭਰਿਆ। ਉਸ ਨੇ ਬਾਬਾ ਗੁਰਬਚਨ ਸਿੰਘ ਤੇ ਲਾਲਾ ਜਗਤ ਨਾਰਾਇਣ ਦੇ ਕਤਲ ਵਿੱਚ ਕਿਸੇ ਪ੍ਰਕਾਰ ਦਾ ਹੱਥ ਹੋਣ ਤੋਂ ਇਨਕਾਰ ਕੀਤਾ ਪ੍ਰੰਤੂ ਉਹਨਾਂ ਦੇ ਕਤਲਾਂ ਦਾ ਉਤਸ਼ਾਹ ਨਾਲ ਸਮਰਥਨ ਕੀਤਾ ਤੇ ਖੁਲ੍ਹੇ ਆਮ ਕਿਹਾ, "ਜਿਹਨਾਂ ਨੇ ਵੀ ਇਹ ਕਾਰਨਾਮੇ ਸਿਰੇ ਚਾੜ੍ਹੇ ਹਨ ਉਹਨਾਂ ਦਾ ਅਕਾਲ ਤਖਤ ਵਲੋਂ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਜੇ ਉਹ ਮੇਰੇ ਕੋਲ ਆਉਣ ਤਾਂ ਮੈਂ ਉਹਨਾਂ ਨੂੰ ਸੋਨੇ ਦੇ ਬਰਾਬਰ ਤੋਲ ਕੇ ਇਨਾਮ ਦਿਆਂਗਾ।"

9 ਨਵੰਬਰ 1981 ਨੂੰ ਚੌਕ ਮਹਿਤਾ ਵਿੱਚ ਇੱਕ ਧਮਾਕਾ ਹੋਇਆ ਜਿਸ ਨਾਲ ਤਿੰਨ ਨਿਵਾਸੀ ਮਾਰੇ ਗਏ। ਤਿੰਨ ਘੰਟਿਆਂ ਲਈ ਪੁਲਿਸ ਨੂੰ ਭਿੰਡਰਾਂਵਾਲੇ ਨੇ ਅੰਦਰ ਨਾ ਵੜਨ ਦਿੱਤਾ ਤੇ ਫਿਰ ਆਪਣੀ ਪਸੰਦ ਦੇ ਅਫਸਰਾਂ ਨੂੰ ਹੀ ਅੰਦਰ ਆਉਣ ਦੀ ਆਗਿਆ ਦਿੱਤੀ।

ਗ੍ਰੈਹ ਮੰਤਰੀ ਜ਼ੈਲ ਸਿੰਘ ਨੇ ਮੁੱਖ ਮੰਤਰੀ ਦਰਬਾਰਾ ਸਿੰਘ ਉੱਪਰ ਕੋਈ ਕਾਰਵਾਈ ਨਾ

ਕਰਨ ਦਾ ਇਲਜ਼ਾਮ ਲਾਇਆ। 22 ਦਸੰਬਰ 1981 ਨੂੰ ਜੱਥੇਦਾਰ ਸੰਤੋਖ ਸਿੰਘ ਦਿੱਲੀ ਦਾ ਉਸ ਦੇ ਵਿਰੋਧੀ ਨੇ ਕਤਲ ਕਰ ਦਿੱਤਾ। ਉਸ ਦੀ ਅੰਤੇਸ਼ਠੀ ਸੰਬੰਧੀ ਰਸਮਾਂ ਵਿੱਚ ਭਿੰਡਰਾਂਵਾਲਾ ਹਾਜ਼ਰ ਸੀ। ਉਸ ਸਮੇਂ ਗਿਆਨੀ ਜ਼ੈਲ ਸਿੰਘ, ਮੰਤਰੀ ਬੂਟਾ ਸਿੰਘ ਤੇ ਰਾਜੀਵ ਗਾਂਧੀ ਵੀ ਹਾਜ਼ਰ ਸਨ। ਕੁਝ ਮਹੀਨੇ ਮਗਰੋਂ ਮਾਰਚ 1982 ਵਿੱਚ ਭਿੰਡਰਾਂਵਾਲਾ ਨੇ ਆਪਣੇ ਸ਼ਸਤਰਧਾਰੀ ਪੈਰੋਕਾਰਾਂ ਦਾ ਟਰੱਕ ਭਰਕੇ ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕੀਤਾ। ਹੁਣ ਦਰਬਾਰਾ ਸਿੰਘ ਦੀ ਜ਼ੈਲ ਸਿੰਘ ਉੱਪਰ ਇਹ ਇਲਜ਼ਾਮ ਲਾਉਣ ਦੀ ਵਾਰੀ ਸੀ ਕਿ ਉਸ ਨੇ ਜਾਣ ਬੁਝਕੇ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਤੇ ਉਸ ਦੇ ਪੈਰੋਕਾਰਾਂ ਦੇ ਹਥਿਆਰ ਨਹੀਂ ਖੋਹੇ ਜਿਹਨਾਂ ਵਿਚੋਂ ਬਹੁਤ ਗੈਰ-ਲਾਇਸੈਂਸੀ ਸਨ।

ਲਗਭਗ ਸਾਲ ਮਗਰੋਂ ਕੇਂਦਰੀ ਸਰਕਾਰ ਨੇ ਮਹਿਸੂਸ ਕੀਤਾ ਕਿ ਉਹ ਭਿੰਡਰਾਵਾਲੇ ਨੂੰ ਆਪਣੇ ਲਾਭ ਲਈ ਵਰਤ ਨਹੀਂ ਸਕੇਗੀ ਤੇ ਉਸ ਨੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਹਿਦਾਇਤ ਕੀਤੀ ਕਿ ਉਹ ਭਿੰਡਰਾਂਵਾਲੇ ਵਿਰੁੱਧ ਕੋਈ ਸਖਤ ਤੇ ਨਿਰਣਾਇਕ ਕਦਮ ਉਠਾਏ। ਉਸ ਸਮੇਂ ਤੱਕ ਭਿੰਡਰਾਵਾਲੇ ਨੇ ਆਪਣੀਆਂ ਹੋਰ ਕਾਰਵਾਈਆਂ ਦੇ ਨਾਲ ਨਾਲ ਹਿੰਦੂਆਂ ਨੂੰ ਵੀ ਆਪਣਾ ਨਿਸ਼ਾਨਾ ਬਣਾ ਲਿਆ ਸੀ। ਗਊਆਂ ਦੇ ਸਿਰ ਹਿੰਦੂ ਮੰਦਰਾਂ ਵਿੱਚ ਸੁੱਟੇ ਜਾਣ ਲੱਗੇ ਤੇ ਬੁੱਤ ਤੋੜੇ ਜਾਣ ਲੱਗੇ। ਬਦਲੇ ਦੀ ਕਾਰਵਾਈ ਵਜੋਂ ਹਿੰਦੂਆਂ ਨੇ ਵੀ ਸਿੱਖ ਗੁਰਦਵਾਰਿਆਂ ਦੀਆਂ ਪਰਿਕਰਮਾਂ ਵਿੱਚ ਸਿਗਰਟ ਸੁੱਟ ਕੇ, ਗ੍ਰੰਥ ਦੀਆਂ ਬੀੜਾਂ ਸਾੜ ਕੇ, ਗੁਰੂ ਰਾਮਦਾਸ ਦਾ ਚਿੱਤਰ ਤੋੜਕੇ ਤੇ ਅੰਮਿਰਤਸਰ ਰੇਲਵੇ ਸਟੇਸਨ ਤੇ ਸਵਰਨ ਮੰਦਰ ਦਾ ਪ੍ਰਤਿਰੂਪ ਤੋੜਕੇ ਅਪਵਿੱਤਰ ਕਾਰਜ ਕਰਨੇ ਸ਼ੁਰੂ ਕੀਤੇ। ਭਿੰਡਰਾਂਵਾਲੇ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਤੰਬਾਕੂ ਤੇ ਪਾਬੰਦੀ ਲਾਉਣ ਦੀ ਮੰਗ ਕਰਦਿਆਂ ਇੱਕ ਵੱਡਾ ਜਲੂਸ ਕਢਿਆ। ਸਥਾਨਕ ਹਿੰਦੂਆਂ ਨੇ ਵੀ ਇਹ ਨਾਅਰਾ ਲਾਉਂਦਿਆਂ ਜਲੂਸ ਕੱਢਿਆ : "ਭਿੰਡਰਾਵਾਲੇ ਨੇ ਅਨੁਭਵ ਕੀਤਾ ਕਿ ਅੰਮ੍ਰਿਤ ਪ੍ਰਚਾਰ' ਨਾਲੋਂ ਦੋਹਾਂ ਫਿਰਕਿਆਂ ਵਿੱਚ ਨਫਰਤ ਫੈਲਾਉਣਾ' ਹਿੰਦੂਆਂ ਨਾਲੋਂ ਸਿੱਖਾਂ ਦੀ ਵੱਖਰੀ ਪਛਾਣ ਕਾਇਮ ਕਰਨ ਲਈ ਵਧੇਰੇ ਕਾਰਗਰ ਹੈ। ਉਹ ਹਿੰਦੂਆਂ ਪ੍ਰਤੀ ਆਪਣੇ ਹਵਾਲਿਆਂ ਵਿੱਚ ਹੋਰ ਵਧੇਰੇ ਹਮਲਾਵਰ ਰੁਖ ਅਪਣਾਉਣ ਲੱਗਾ। ਉਸ ਨੇ ਇਹ ਵੀ ਤਾੜ ਲਿਆ ਕਿ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਹੁਣ ਉਸ ਨਾਲੋਂ ਸੰਬੰਧ ਤੋੜਨ ਲਈ ਕਾਹਲੇ ਸਨ ਤੇ ਉਹ ਉਸ ਵਿਰੁੱਧ ਸਖਤ ਕਾਰਵਾਈ ਕਰਕੇ ਸਰਕਾਰ ਪ੍ਰਤੀ ਆਪਣੀ ਵਫਾਦਾਰੀ ਦਿਖਾਉਣੀ ਚਾਹੁੰਦੇ ਸਨ। ਉਸਨੇ ਉਹਨਾਂ ਨੂੰ ਇੰਦਰਾ ਦੇ 'ਚਮਚੇ' ਤੇ ਦੁਮੱ-ਛੱਲੇ ਕਹਿਕੇ ਭੰਡਿਆਂ ਤੇ ਕਿਹਾ ਕਿ ਇਹ ਸਿੱਖ ਤਾਂ ਇੰਦਰਾਂ ਦੀਆਂ ਜੁੱਤੀਆਂ ਚੱਟ ਕੇ ਆਪਣੇ ਢਿੱਡ ਭਰਦੇ ਹਨ।[10]

19 ਜੁਲਾਈ 1982 ਨੂੰ ਉਹਦੇ ਨੇੜਲੇ ਸਹਿਯੋਗੀਆਂ ਅਮਰੀਕ ਸਿੰਘ ਤੇ ਥਾੜਾ ਸਿੰਘ ਦੀ ਗਰਿਫ਼ਤਾਰੀ ਨੇ ਉਹਦੇ ਮਨ ਵਿੱਚ ਕੋਈ ਭੁਲੇਖਾ ਨਾ ਰਹਿਣ ਦਿੱਤਾ ਕਿ ਪੁਲੀਸ ਛੇਤੀ ਹੀ ਉਸਨੂੰ ਵੀ ਗ੍ਰਿਫਤਾਰ ਕਰ ਲਵੇਗੀ।[11] ਉਹ ਚੌਂਕ ਮਹਿਤਾ ਤੋਂ ਸਵਰਨ ਮੰਦਰ ਚਲਾ ਗਿਆ। ਅਕਾਲੀਆਂ ਨੇ ਜਿਹਨਾਂ ਦਾ "ਨਹਿਰ ਰੋਕੋ" ਅੰਦੋਲਨ ਪਟਿਆਲਾ ਜ਼ਿਲੇ ਵਿੱਚ ਕਪੂਰੀ* ਦੇ ਅਸਥਾਨ ਤੇ ਠੀਕ ਨਹੀਂ ਚਲ ਰਿਹਾ ਸੀ, ਉਸ ਨੂੰ ਜੀ ਆਇਆਂ ਕਿਹਾ

---

10. 30 ਅਪ੍ਰੈਲ 1983, ਪੰ. 21

11. ਅਮਰੀਕ ਸਿੰਘ ਤੇ ਥਾੜਾ ਸਿੰਘ ਮਗਰੋਂ ਰਿਹਾ ਕਰ ਦਿੱਤੇ ਗਏ।

* ਖੁਸ਼ਵੰਤ ਸਿੰਘ ਨੇ ਪੱਟੀ ਲਿਖਿਆ ਹੈ, ਜੋ ਗਲਤ ਹੈ। ਸਹੀ ਅਸਥਾਨ ਕਪੂਰੀ ਹੈ।

ਤੇ ਉਸ ਨੇ ਸਵਰਨ ਮੰਦਰ ਸਮੂਹ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰਾਂ ਦੇ ਨਾਲ ਲਗਵੇਂ ਗੁਰ ਨਾਨਕ ਨਿਵਾਸ ਵਿੱਚ ਰਿਹਾਇਸ਼ ਕਰ ਲਈ। ਉਹਨਾਂ ਨੇ ਆਪਣੀਆਂ ਮੰਗਾਂ ਵਿੱਚ ਅਮਰੀਕ ਸਿੰਘ ਤੇ ਥਾੜਾ ਸਿੰਘ ਦੀ ਰਿਹਾਈ ਦੀ ਮੰਗ ਵੀ ਸ਼ਾਮਿਲ ਕਰ ਲਈ। ਭਿੰਡਰਾਂਵਾਲੇ ਨੇ ਸੰਤ ਲੌਂਗੋਵਾਲ ਨੂੰ ਧਰਮ-ਯੁੱਧ ਮੋਰਚੇ ਦਾ ਡਿਕਟੇਟਰ ਪਰਵਾਨ ਕਰ ਲਿਆ ਜੋ 4 ਅਗਸਤ 1982 ਨੂੰ ਸ਼ੁਰੂ ਕੀਤਾ ਗਿਆ ਸੀ।

ਭਿੰਡਰਾਂਵਾਲੇ ਦੇ ਸਵਰਨ ਮੰਦਰ ਵਿੱਚ ਆ ਜਾਣ ਨਾਲ ਹੀ ਮੱਠੇ ਪੈ ਰਹੇ ਅਕਾਲੀ ਮੋਰਚੇ 'ਚ ਨਵਾਂ ਉਤਸ਼ਾਹ ਹਰ ਗਿਆ। (ਵਧੇਰੇ ਵਿਸਥਾਰ ਲਈ ਅਗਲਾ ਕਾਂਡ ਵੇਖੋ।) ਉਹ ਕਦੇ ਵੀ ਵਿਰੋਧ ਕਰਨ ਲਈ ਗਾਂਧੀਵਾਦੀ ਢੰਗਾਂ ਤਰੀਕਿਆਂ ਦਾ ਅਨੁਸਾਰੀ ਨਹੀਂ ਸੀ ਪਰ ਹੁਣ ਉਸ ਨੇ ਹਿੰਸਾ ਦਾ ਰਾਹ ਤਿਆਗੇ ਬਿਨਾਂ ਹੀ ਆਪਣਾ ਨਾਮ ਸ਼ਾਂਤਮਈ ਮੋਰਚੇ ਨਾਲ ਜੋੜ ਦਿੱਤਾ। ਦੂਸਰੇ ਪਾਸੇ ਅਕਾਲੀਆਂ ਨੇ ਉਸ ਸਖ਼ਤ ਵਤੀਰੇ ਦਾ ਪਰਦਰਸ਼ਨ ਕੀਤਾ ਜੋ ਉਹਨਾਂ ਪੁਰਖਾਂ ਇਸਤਰੀਆਂ ਦੇ ਵਾਰਸ਼ਾਂ ਲਈ ਅਣਉਚਿਤ ਸੀ ਜਿਹਨਾਂ ਨੇ ਗੁਰਦੁਆਰਿਆਂ ਤੇ ਕਬਜ਼ਾ ਕਰਨ ਲਈ ਸ਼ਾਂਤਮਈ ਸਤਿਆ ਗ੍ਰੈਹਾਂ ਨਾਲ ਬਹਾਦਰੀ ਨਾਲ ਮੋਰਚੇ ਜਿੱਤੇ ਸਨ। ਧਰਮ ਯੁੱਧ ਮੋਰਚੇ ਦੇ ਸ੍ਵੈ-ਸੇਵਕਾਂ ਨੂੰ ਕੁਝ ਮਹੀਨੇ ਜੇਹਲ 'ਚ ਰਹਿਣ ਤੋਂ ਬਿਨਾਂ ਹੋਰ ਕੋਈ ਬੇਆਰਾਮੀ ਨਹੀਂ ਹੋਈ (ਕਈ ਵਾਰ ਤਾਂ ਉਹ ਕੁਝ ਘੰਟੇ ਹੀ ਰਹੇ।) ਉਹਨਾਂ ਦੇ ਆਗੂਆਂ ਨੇ ਭਿੰਡਰਾਂਵਾਲੇ ਦੇ ਸਮਰਥਕਾਂ ਵਲੋਂ ਲੁੱਟ ਮਾਰ ਦੀਆਂ ਕਾਰਵਾਈਆਂ ਤੇ ਚੁੱਪ ਵੱਟੀ ਰੱਖੀ। ਸੰਤ ਲੌਂਗੋਵਾਲ ਨੇ ਕਿਹਾ, "ਸਰਕਾਰ ਨੂੰ ਮਾਰਨ ਲਈ ਤਾਂ ਉਹ ਸਾਡਾ ਡੰਡਾ ਹੈ।"[12] ਜਿਹਨਾਂ ਲੋਕਾਂ ਨੂੰ ਭਿੰਡਰਾਂਵਾਲਾ ਪਸੰਦ ਨਹੀਂ ਕਰਦਾ ਸੀ, ਉਹਨਾਂ ਤੇ ਉਹਦਾ ਡੰਡਾ ਅੰਧਾਧੁੰਦ ਵਰ੍ਹਦਾ। ਸਵਰਨ ਮੰਦਰ ਵਿੱਚ ਰਿਹਾਇਸ਼ ਲਿਜਾਣ ਤੋਂ ਕੁਝ ਦਿਨ ਮਗਰੋਂ ਹੀ 22-3 ਜੁਲਾਈ 1982 ਨੂੰ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ ਗਈ।

4 ਅਗਸਤ ਨੂੰ ਇੰਡੀਅਨ ਏਅਰਲਾਈਨਜ਼ ਦਾ ਇਕ ਜਹਾਜ਼ ਜਿਸ ਵਿੱਚ 126 ਮੁਸਾਫਰ ਸਨ ਅਗਵਾ ਕਰਕੇ ਪਾਕਿਸਤਾਨ ਲਿਜਾਇਆ ਗਿਆ। ਇਸ ਨੂੰ ਪਾਕਿਸਤਾਨ ਉੱਤਰਨ ਦੀ ਆਗਿਆ ਨਾ ਦਿੱਤੀ ਗਈ। ਇਹ ਫਿਰ ਅੰਮ੍ਰਿਤਸਰ ਵਾਪਸ ਲਿਆਂਦਾ ਗਿਆ ਜਿੱਥੇ ਅਗਵਾਕਾਰਾਂ ਨੇ ਆਤਮ-ਸਮਰਪਣ ਕਰ ਦਿੱਤਾ। ਦੋ ਹਫ਼ਤੇ ਪਿੱਛੋਂ, 20 ਅਗਸਤ ਨੂੰ ਇੱਕ ਹੋਰ ਜਹਾਜ਼ ਅਗਵਾ ਕ ਲਿਆ ਗਿਆ। ਇਸ ਨੂੰ ਲਾਹੌਰ ਉਤਰਨ ਦੀ ਆਗਿਆ ਨਾ ਦਿੱਤੀ ਗਈ ਤੇ ਜਦੋਂ ਇਹ ਆਖਰ ਉਤਰਿਆ ਤਾਂ ਅਗਵਾ ਕਾਰ ਨੂੰ ਗੋਲੀ ਮਾਰ ਦਿੱਤੀ ਗਈ। ਉਸੇ ਦਿਨ ਮੁੱਖ ਮੰਤਰੀ ਦੀ ਜਾਨ ਲੈਣ ਦੀ ਇੱਕ ਹੋਰ ਕੋਸ਼ਿਸ਼ ਕੀਤੀ ਗਈ ਪਰ ਉਹ ਬਿਨਾਂ ਕਿਸੇ ਚੋਟ ਦੇ ਬਚ ਗਿਆ ਪਰ ਉਹਦੇ ਨਾਲ ਦੇ 18 ਹੋਰ ਜਿਹਨਾਂ ਵਿੱਚ ਸਿਖਿਆ ਮੰਤਰੀ ਵੀ ਸੀ, ਜ਼ਖ਼ਮੀ ਹੋ ਗਏ।

11 ਸਤੰਬਰ ਨੂੰ ਅਕਾਲੀ ਸ੍ਵੈ-ਸੇਵਕਾਂ ਦੀ ਲੱਦੀ ਬਸ ਜੋ ਜੇਹਲ ਨੂੰ ਜਾ ਰਹੀ ਸੀ, ਬਿਨਾਂ ਆਦਮੀ ਵਾਲੇ ਫਾਟਕ ਤੇ ਰੇਲ ਗੱਡੀ ਨਾਲ ਟਕਰਾ ਗਈ ਜਿਸ ਕਾਰਨ 34 ਮਰ ਗਏ ਤੇ 21 ਜ਼ਖ਼ਮੀ ਹੋ ਗਏ। ਅਕਾਲੀ ਨੇਤਾਵਾਂ ਨੇ ਸਰਕਾਰ ਤੇ ਜਾਣ ਬੁਝ ਕੇ ਕਤਲ ਕਰਨ ਦਾ ਦੋਸ਼ ਲਾਇਆ ਤੇ ਇਕ ਮਹੀਨਾ ਮਗਰੋਂ ਦਿੱਲੀ ਦੇ ਪਾਰਲੀਮੈਂਟ ਭਵਨ ਦੇ

12. ਲੇਖਕ ਨਾਲ ਮੁਲਾਕਾਤ, 4 ਅਗਸਤ 1982।

ਸਾਮ੍ਹਣੇ ਮ੍ਰਿਤਕਾਂ ਦੀ ਰਾਖ ਲੈਕੇ ਜਲੂਸ ਕੱਢਿਆ ਤੇ ਪੁਲਸ ਨਾਲ ਟੱਕਰ ਲਈ। ਕਦੇ ਹੀ ਕੋਈ ਦਿਨ ਕਤਲਾਂ, ਬੈਂਕ ਡਾਕਿਆਂ ਤੇ ਸਰਕਾਰੀ ਅਸਲਾਹ ਖਾਨਿਆਂ 'ਚੋਂ ਹਥਿਆਰ ਲੁੱਟਣ ਬਿਨਾਂ ਲੰਘਦਾ। ਸਭ ਤੋਂ ਬੇਬਾਕੀ ਤੇ ਨਿੱਡਰਤਾ ਭਰਿਆ ਅਪਰਾਧ 25 ਅਪ੍ਰੈਲ 1983 ਦੀ ਸਵੇਰ ਨੂੰ ਕੀਤਾ ਗਿਆ ਜਦੋਂ ਹਰਿਮੰਦਰ 'ਚੋਂ ਅਰਦਾਸ ਕਰਕੇ ਨਿਕਲਦੇ ਡੀ.ਆਈ.ਜੀ. ਪੁਲੀਸ ਏ.ਐਸ. ਅਟਵਾਲ ਨੂੰ ਪਰਵੇਸ਼ ਦੁਆਰ 'ਚੋਂ ਬਾਹਰ ਨਿਕਲਦੇ ਹੀ ਗੋਲੀ ਨਾਲ ਉਡਾ ਦਿੱਤਾ ਗਿਆ। ਇਸ ਕਤਲ ਨੂੰ ਡਿਊਟੀ ਦੇ ਰਹੇ ਕਈ ਵੀਹਾਂ ਪੁਲਸੀਆਂ ਤੇ ਸੈਂਕੜੇ ਸ਼ਰਧਾਲੂਆਂ ਨੇ ਵੇਖਿਆ। ਕਾਤਲ ਬੜੇ ਆਰਾਮ ਨਾਲ ਬਾਜ਼ਾਰ 'ਚੋ ਲੰਘਕੇ ਫਿਰ ਹਰਿਮੰਦਰ ਸਮੂਹ ਵਿੱਚ ਜਾ ਵੜੇ ਤੇ ਕਿਸੇ ਨੇ ਵੀ ਪਿੱਛਾ ਕਰਕੇ ਉਹਨਾਂ ਨੂੰ ਫੜਨ ਦਾ ਸਾਹਸ ਨਾ ਕੀਤਾ। ਹਿੰਸਕ ਕਾਰਵਾਈਆਂ ਘੱਟਣ ਤੱਕ ਮੋਰਚਾ ਮੁਲਤਵੀ ਕਰਨ ਦੀ ਥਾਂ ਅਕਾਲੀਆਂ ਨੇ ਇੱਕ ਹੋਰ ਮੋਰਚਾ ਲਾ ਦਿੱਤਾ। ਨਹਿਰ ਰੋਕੋ ਮਗਰੋਂ 4 ਅਪ੍ਰੈਲ 1983 ਨੂੰ "ਰਾਸਤਾ ਰੋਕੋ" ਤੇ 17 ਜੂਨ ਨੂੰ "ਰੇਲ ਰੋਕੋ" ਤੇ 29 ਅਗਸਤ ਨੂੰ "ਕੰਮ ਰੋਕੋ" ਨਵੇਂ ਮੁਹਾਜ਼ ਖੋਲ੍ਹ ਦਿੱਤੇ ਗਏ। ਉਸ ਸਮੇਂ ਹੀ ਮੌਤ ਦੇ ਘਾਟ ਉਤਾਰੇ ਜਾਣ ਵਾਲਿਆਂ ਦੀਆਂ ਸੂਚੀਆਂ ਜਾਰੀ ਕਰ ਦਿੱਤੀਆਂ ਗਈਆਂ।[13] ਨਿਸ਼ਾਨੇ ਉੱਪਰ ਦੈਨਿਕ 'ਪਰਤਾਪ' ਜਾਲੰਧਰ ਦਾ ਸੰਪਾਦਕ ਵਿਰੇਂਦਰ ਸੀ। ਉਸ ਦੇ ਸਿਰਨਾਵੇਂ ਤੇ ਭੇਜੇ ਗਏ ਪਾਰਸਲ ਨਾਲ ਉਸਦੇ ਦੋ ਮੁਲਾਜ਼ਮ ਮਾਰੇ ਗਏ।[14]

ਇਹ ਨਿਰੰਤਰ ਹੋ ਰਹੇ ਕਤਲਾਂ ਵਿੱਚ ਸਭ ਤੋਂ ਕਾਇਰਤਾਪੂਰਨ ਕੁਕਰਮ ਅੰਮ੍ਰਿਤਸਰ ਤੋਂ ਦਿੱਲੀ ਜਾ ਰਹੀ ਬੱਸ ਦਾ ਢਿਲਵਾਂ ਪਿੰਡ ਕੋਲ ਅਗਵਾ ਕਰਕੇ 6 ਹਿੰਦੂ ਮੁਸਾਫਰਾਂ ਨੂੰ ਬੱਸ 'ਚੋਂ ਲਾਹ ਕੇ ਗੋਲੀ ਮਾਰਨ ਦਾ ਅਪਰਾਧ ਸੀ। ਇਹ ਸਪਸ਼ਟ ਹੋ ਗਿਆ ਸੀ ਕਿ ਇਸ ਵਧ ਰਹੀ ਹਿੰਸਾ ਨੂੰ ਦਰਬਾਰਾ ਸਿੰਘ ਸਰਕਾਰ ਰੋਕ ਸੱਕਣ ਦੇ ਸਮਰਥ ਨਹੀਂ ਸੀ। ਅਗਲੇ ਦਿਨ 6 ਅਕਤੂਬਰ 1983 ਨੂੰ ਉਹਦੀ ਸਰਕਾਰ ਬਰਤਰਫ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ।

ਭਿੰਡਰਾਂਵਾਲੇ ਨੇ ਦਰਬਾਰਾ ਸਿੰਘ ਦੇ ਪਤਨ ਨੂੰ ਆਪਣੀ ਜਿੱਤ ਸਮਝਿਆ ਤੇ ਉਹ ਭਾਸ਼ਣਾਂ ਅਤੇ ਬੋਲ-ਬੁਲਾਰੇ 'ਚ ਹੋਰ ਵੀ ਅਰੋਕ ਤੇ ਅਸੰਜਮੀ ਹੋ ਗਿਆ। ਸਵਰਨ ਮੰਦਰ ਸਮੂਹ ਵਿੱਚ ਵੱਖ-ਵੱਖ ਧੜਿਆਂ ਵਿੱਚ ਵੀ ਤਨਾਅ ਵੱਧਣਾ ਸ਼ੁਰੂ ਹੋ ਗਿਆ। ਇੱਕ ਪਾਸੇ ਸੰਤ ਲੌਂਗੋਵਾਲ ਸਨ ਜੋ ਘੱਟ ਬੋਲਣ ਵਾਲਿਆਂ ਦੀ ਬਹੁ ਗਿਣਤੀ ਦੀ ਪ੍ਰਤਿਨਿਧਤਾ ਕਰਦੇ ਸਨ ਜਿਹਨਾਂ ਵਿੱਚ ਪਰਕਾਸ਼ ਸਿੰਘ ਬਾਦਲ ਦੇ ਸਮਰਥਕ ਸਨ ਜੋ ਹਿੰਸਾ ਦਾ ਵਿਰੋਧ ਕਰਦੇ ਸਨ ਤੇ ਸਰਕਾਰ ਨਾਲ ਕਿਸੇ ਸਮਝੌਤੇ ਦੇ ਹਾਮੀ ਸਨ। ਦੂਸਰੇ ਪਾਸੇ ਭਿੰਡਰਾਂਵਾਲਾ ਤੇ ਉਤਨੇ ਹੀ ਹਿੰਸਕ ਬੱਬਰ ਖਾਲਸਾ ਤੇ ਅਖੰਡ ਕੀਰਤਨੀ ਜੱਥੇਵਾਲੇ ਸਨ ਜੋ ਇੱਕ ਦੂਸਰੇ ਦੇ ਵੀ ਕੱਟੜ ਵਿਰੋਧੀ ਸਨ ਪ੍ਰੰਤੂ ਉਹ ਸਿੱਖ ਰਾਜ ਸਥਾਪਿਤ ਕਰਨ ਦੇ ਜੋਸ਼ ਨਾਲ ਉਬਲ

13. ਭਿੰਡਰਾਂਵਾਲੇ ਦੇ ਸਮਰਥਕ ਤੇ ਬੱਬਰ ਖਾਲਸਾ ਤੋਂ ਬਿਨਾਂ ਅੱਤਵਾਦੀਆਂ ਦੇ ਹੋਰ ਕਈ ਦਲ ਕਾਇਮ ਹੋ ਚੁੱਕੇ ਸਨ।

14. ਸੰਤ ਲੌਂਗੋਵਾਲ ਤੇ ਦੂਸਰੇ ਅਕਾਲੀ ਨੇਤਾਵਾਂ ਨੇ ਇਸ ਕਤਲਾਮ ਤੇ ਅਫਸੋਸ ਪਰਗਟ ਕੀਤਾ। ਲੌਂਗੋਵਾਲ ਨੇ ਨਿਰਦੋਸ਼ਾਂ ਦੇ ਕਾਤਲਾਂ ਨੂੰ ਪੰਥ 'ਚੋਂ ਛੇਕਣ ਲਈ ਅਕਾਲ ਤਖਤ ਦੇ ਜੱਥੇਦਾਰ ਨੂੰ ਪ੍ਰੇਰਨ ਵਿੱਚ ਟੌਹੜੇ ਨੇ ਅੜੰਗਾ ਪਾ ਦਿੱਤਾ ਜਿਸ ਦਾ ਵਿਚਾਰ ਸੀ ਕਿ ਸਪੱਸ਼ਟ ਨਿਖੇਧੀ ਸਮੁੱਚੇ ਸਿੱਖਾਂ ਦੀ ਨਿਖੇਧੀ ਹੋਵੇਗੀ। ਲੌਂਗੋਵਾਲ ਨੇ ਇਸ ਘਟਨਾ ਤੇ ਕੇਵਲ ਅਫ਼ਸੋਸ ਹੀ ਪ੍ਰਗਟ ਕੀਤਾ।

ਰਹੇ ਸਨ। ਜੇ ਉਹ ਸਿੱਖ ਜਨਤਾ ਨੂੰ ਆਪਣੇ ਦ੍ਰਿਸ਼ਟੀਕੋਣ ਨਾਲ ਸਹਿਮਤ ਕਰਨ ਵਿੱਚ ਸਫਲ ਨਾ ਹੋਏ ਤਾਂ ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਪੰਜਾਬੀ ਹਿੰਦੂਆਂ ਨੂੰ ਡਰਾਕੇ ਪੰਜਾਬ ਛੱਡ ਦੇਣ ਲਈ ਮਜਬੂਰ ਕਰ ਦੇਣਗੇ ਤੇ ਇਸ ਤਰ੍ਹਾਂ ਭਾਰਤ ਦੇ ਦੂਸਰੇ ਭਾਗਾਂ ਦੇ ਹਿੰਦੂਆਂ ਵਿੱਚ ਗੁੱਸਾ ਲਿਆ ਕੇ ਤੇ ਉਤੇਜਿਤ ਕਰ ਕੇ ਸਿੱਖਾਂ ਨੂੰ ਉਥੋਂ ਕੱਢ ਦੇਣ ਲਈ ਤੇ ਪੰਜਾਬ ਆਉਣ ਲਈ ਉਹ ਮਜਬੂਰ ਕਰ ਦੇਣਗੇ। ਜੇ ਇਸ ਤਰ੍ਹਾਂ ਕਰਕੇ ਉਹ ਸਿੱਖਾਂ ਦਾ ਅਨੁਪਾਤ 60 ਤੇ ਹਿੰਦੂਆਂ ਦੇ 40 ਤੋਂ ਸਿੱਖਾਂ ਦਾ ਅਨੁਪਾਤ 80-% ਕਰਨ ਵਿੱਚ ਸਫਲ ਹੋ ਗਏ ਤਾਂ ਉਹ ਘੱਟੋ ਘੱਟ ਕਾਨੂੰਨੀ ਤੌਰ ਤੇ ਨਾ ਸਹੀ ਯਥਾਰਥਕ ਰੂਪ ਵਿੱਚ ਖਾਲਿਸਤਾਨ ਪ੍ਰਾਪਤ ਕਰ ਲੈਣਗੇ।

ਜਦੋਂ ਭਿੰਡਰਾਂਵਾਲੇ ਨੂੰ ਲੌਂਗਵਾਲ ਦਲ ਦੇ ਅਕਾਲੀਆਂ ਨਾਲ ਨਫ਼ਰਤ ਸੀ ਅਤੇ ਉਹ ਬਾਦਲ ਦੇ ਪਰਾਣਾਂ ਦਾ ਵੈਰੀ ਸੀ, ਪਰ ਉਹ ਬੱਬਰ ਖਾਲਸਾ ਤੇ ਅਖੰਡ ਕੀਰਤਨੀ ਜੱਥੇ ਤੋਂ ਡਰਦਾ ਸੀ। ਤਿੰਨ ਮਹੀਨਿਆਂ ਲਈ ਤਿੰਨੇ ਧੜੇ ਹੀ ਸ੍ਰੋ. ਗੁ. ਪ੍ਰ. ਕਮੇਟੀ ਦੇ ਦਫ਼ਤਰਾਂ ਦੇ ਨਾਲ ਲੱਗਦੀ ਸਰਾਂ ਵਿੱਚ ਸਵਰਨ ਮੰਦਰ ਸਮੂਹ ਦੇ ਚੜ੍ਹਦੇ ਪਾਸੇ ਰਹੇ। ਉਹਨਾਂ ਦਾ ਆਪਸ ਵਿੱਚ ਕਈ ਵਾਰ ਗਾਲ੍ਹ-ਮੰਦਾ ਤੇ ਧੱਕਾ ਮੁੱਕੀ ਵੀ ਹੋ ਜਾਂਦਾ ਸੀ। ਸੰਤ ਲੌਂਗੋਵਾਲ ਨੇ ਧਮਕੀ ਦਿੱਤੀ ਕਿ ਜੇ ਭਿੰਡਰਾਂਵਾਲੇ ਨੂੰ ਹਰਿਮੰਦਰ 'ਚੋਂ ਨਾ ਕੱਢਿਆ ਗਿਆ ਤਾਂ ਉਹ ਏਥੋਂ ਚਲਾ ਜਾਵੇਗਾ। ਭਿੰਡਰਾਂਵਾਲੇ ਨੇ ਉਥੋਂ ਜਾਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਸਨੂੰ ਪਤਾ ਸੀ ਕਿ ਉਹ ਜੇ ਇੱਕ ਵਾਰ ਧਰਮ ਸਥਾਨ ਦੀ ਆਪਣੀ ਸ਼ਰਨਗਾਹ 'ਚੋਂ ਚਲਾ ਗਿਆ ਤਾਂ ਪੁਲਸ ਉਸ ਨੂੰ ਗ੍ਰਿਫ਼ਤਾਰ ਕਰ ਲਵੇਗੀ। ਟੌਹੜੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਨਾਤੇ ਸਵਰਨ ਮੰਦਰ ਵਿੱਚ ਸ਼ਾਂਤੀ ਰੱਖਣ ਦੀ ਜ਼ਿੰਮੇਵਾਰੀ ਸੀ।

ਉਸ ਨੇ ਨਾ ਚਾਹੁੰਦੇ ਹੋਏ ਗਿਆਨੀ ਕਿਰਪਾਲ ਸਿੰਘ ਤੇ ਦਬਾ ਪਾਇਆ ਕਿ ਉਹ ਭਿੰਡਰਾਂਵਾਲੇ ਤੇ ਉਹਦੇ ਸਾਥੀਆਂ ਨੂੰ ਅਕਾਲ ਤਖਤ ਦੀਆਂ ਉਪਰਲੀਆਂ ਦੋ ਮਨਜ਼ਲਾਂ ਤੇ ਚਲੇ ਜਾਣ ਦੀ ਆਗਿਆ ਦੇ ਦੇਵੇ ਕਿਉਂ ਜੋ ਉਹ ਹੀ ਉਸ ਸਮੇਂ ਅਕਾਲ ਤਖਤ ਦਾ ਜੱਥੇਦਾਰ ਸੀ। ਭਿੰਡਰਾਂਵਾਲਾ ਆਪਣੇ ਬੰਦੂਕਚੀਆਂ ਦੇ ਅਮਲੇ ਫੈਲੇ ਨਾਲ ਨਾਲ ਅਕਾਲ ਤਖਤ ਤੇ ਚਲਾ ਗਿਆ ਜਿਹਨਾਂ ਵਿੱਚ ਮੇਜਰ ਜਰਲ ਸੁਬੇਗ ਸਿੰਘ ਵੀ ਸ਼ਾਮਿਲ ਸੀ ਜਿਸ ਨੇ ਉਹਦੇ ਪੈਰੋਕਾਰਾਂ ਨੂੰ ਨਵੀਨ ਹਥਿਆਰਾਂ ਦੀ ਸਿਖਲਾਈ ਦੇਣ ਲਈ ਸਹਿਮਤੀ ਪਰਗਟ ਕੀਤੀ।[15] ਉਹਨਾਂ ਦੇ ਨਾਲ ਹੀ ਇਕ ਹੋਰ ਰਿਟਾਇਰਡ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਵੀ ਸੀ।

ਭਿੰਡਰਾਂਵਾਲੇ ਨੇ ਅਕਾਲ ਤਖ਼ਤ ਦੀ ਕਿਲ੍ਹਾ ਬੰਦੀ ਕਰਨੀ ਤੇ ਹਥਿਆਰ ਇੱਕਠੇ

---

15. ਸੁਬੇਗ ਸਿੰਘ ਇੱਕ ਜੱਟ ਸਿੱਖ ਸੀ ਜਿਸਨੇ 1971 ਦੀ ਹਿੰਦ-ਪਾਕ ਲੜਾਈ ਵਿੱਚ ਬਹੁਤ ਪ੍ਰਸਿੱਧਤਾ ਖੱਟੀ ਸੀ ਜਦੋਂ ਉਸ ਨੇ ਮੁਕਤੀ ਵਾਹਿਣੀ ਦੇ ਗੁਰੀਲਿਆਂ ਨੂੰ ਸਿਖਲਾਈ ਦਿੱਤੀ ਸੀ। ਪ੍ਰੰਤੂ ਜਦੋਂ ਉਹਦੀ ਨਿਯੁਕਤੀ ਮੱਧ ਪਰਦੇਸ਼ ਵਿੱਚ ਹੋਈ, ਤਾਂ ਉਸ ਉੱਪਰ ਫ਼ੌਜੀ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ, ਉਸ ਨੂੰ ਭ੍ਰਿਸ਼ਟਾਚਾਰ ਦਾ ਦੋਸ਼ੀ ਪਾਇਆ ਗਿਆ, ਉਸ ਨੂੰ ਪਦਵੀ ਤੋਂ ਲਾਹਕੇ ਬਰਖਾਸਤ ਕਰ ਦਿੱਤਾ ਗਿਆ। ਉਹ ਅਕਾਲੀ ਧਰਮ ਯੁੱਧ ਮੋਰਚੇ 'ਚ ਸ਼ਾਮਿਲ ਹੋ ਗਿਆ ਤੇ ਫਿਰ ਉਹ ਭਿੰਡਰਾਂਵਾਲੇ ਦਾ ਮੁਖ ਸੈਨਿਕ ਸਲਾਹਕਾਰ ਬਣ ਗਿਆ। ਉਹ ਨੀਲਾ ਤਾਰਾ ਸਾਕਾ ਵਿੱਚ ਮਾਰਿਆ ਗਿਆ।

ਕਰਨੇ ਸ਼ੁਰੂ ਕਰ ਦਿੱਤੇ। ਉਸ ਨੂੰ ਕੇਵਲ ਭਾਰਤ ਸਰਕਾਰ ਦੀਆਂ ਸੈਨਾਵਾਂ ਨਾਲ ਹੀ ਟੱਕਰ ਨਹੀਂ ਲੈਣੀ ਪੈਣੀ ਸੀ ਸਗੋਂ ਬੱਬਰ ਖਾਲਸਾ ਤੇ ਜੁਝਾਰੂ ਅਕਾਲੀਆਂ ਨਾਲ ਵੀ ਮੁਕਾਬਲਾ ਕਰਨਾ ਪੈਣਾ ਸੀ। ਉਸ ਨੇ ਸੰਤ ਲੌਂਗੋਵਾਲ ਪ੍ਰਤੀ ਆਪਣੀ ਨਾ ਪਸੰਦਗੀ ਤੇ ਘਿਰਣਾ ਨੂੰ ਪਰਗਟ ਕਰ ਦਿੱਤਾ ਜਦੋਂ ਉਸ ਨੂੰ ਦੂਸਰਾ ਗਾਂਧੀ ਤੇ ਉਹਦੇ ਨਿਵਾਸ ਨੂੰ ਗਾਂਧੀ ਨਿਵਾਸ ਆਖਿਆ ਤੇ ਆਪਣੇ ਨਿਵਾਸ ਨੂੰ ਸ਼ਕਤੀ ਨਿਵਾਸ ਆਖਿਆ। ਭਿੰਡਰਾਂਵਾਲਾਂ ਤੇ ਸੰਤ ਲੌਂਗੋਵਾਲ ਆਪਣੇ ਵੱਖਰੇ ਵੱਖਰੇ ਰਾਹਾਂ ਤੇ ਚੱਲਦੇ ਰਹੇ। 12 ਅਪ੍ਰੈਲ 1984 ਨੂੰ ਸਾਬਕਾ ਐਮ.ਐਲ.ਏ. ਹਰਬੰਸ ਲਾਲ ਖੰਨਾ ਤੇ ਜਨਤਾ ਪਾਰਟੀ ਦਾ ਜ਼ਿਲਾ ਪਰਧਾਨ ਅੰਮ੍ਰਿਤਸਰ ਵਿੱਚ ਮਾਰ ਦਿੱਤਾ ਗਿਆ। ਅਗਲੇ ਦਿਨ ਉਹਦੇ ਦਾਹ ਸੰਸਕਾਰ ਸਮੇਂ 3 ਅਪ੍ਰੈਲ ਨੂੰ ਪੰਜਾਬੀ ਸਾਹਿੱਤ ਦੇ ਪ੍ਰੋਫੈਸਰ ਵਿਸ਼ਵਨਾਥ ਤਿਵਾੜੀ ਮੈਂਬਰ ਪਾਰਲੀਮੈਂਟ ਨੂੰ ਚੰਡੀਗੜ੍ਹ ਵਿੱਚ ਉਹਦੇ ਘਰ ਵਿੱਚ ਹੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ।[16] ਅਪ੍ਰੈਲ 14 ਨੂੰ ਸੁਰਿੰਦਰ ਸਿੰਘ ਸੋਢੀ ਜਿਸਨੂੰ ਭਿੰਡਰਾਂਵਾਲਾ ਆਪਣਾ ਭਰਾ ਆਖਿਆ ਕਰਦਾ ਸੀ, ਉਹਦੀ ਇੱਕ ਇਸਤਰੀ ਸਾਥਣ ਨੇ ਹਰਿਮੰਦਰ ਦੇ ਬਾਹਰ ਚਾਹ ਦੀ ਦੁਕਾਨ ਤੇ ਮਾਰ ਦਿੱਤਾ। ਅਗਲੇ ਦਿਨ ਉਸ ਇਸਤਰੀ ਦੀ ਟਕੜੇ ਟਕੜੇ ਹੋਈ ਲਾਸ਼ ਗੰਦੇ ਨਾਲੇ 'ਚੋਂ ਮਿਲੀ। ਭਿੰਡਰਾਂਵਾਲੇ ਨੇ ਸੋਢੀ ਦੇ ਕਤਲ ਦਾ ਬਦਲਾ 24 ਘੰਟਿਆਂ ਅੰਦਰ ਲੈ ਲੈਣ ਦੀ ਫੜ ਮਾਰੀ।

12 ਮਈ 1984 ਨੂੰ ਰਮੇਸ਼ ਚੰਦਰ, ਜੋ ਆਪਣੇ ਪਿਤਾ ਜਗਤ ਨਾਰਾਇਣ ਮਗਰੋਂ ਹਿੰਦ ਸਮਾਚਾਰ ਸਮੂਹ ਦਾ ਸੰਪਾਦਕ ਬਣਿਆ, ਉਸ ਨੂੰ ਉਹਦੇ ਦਫ਼ਤਰ ਵਿੱਚ ਜਲੰਧਰ ਵਿੱਚ ਹੀ ਕਤਲ ਕਰ ਦਿੱਤਾ ਗਿਆ।[17] ਇਸ ਖ਼ਿਆਲ ਨਾਲ ਕਿ ਉਹ ਸਾਹਸ ਪੂਰਵਕ ਤੇ ਧੜੱਲੇਦਾਰ ਕਾਰਵਾਈਓਂ ਦੂਸਰਿਆਂ ਨਾਲੋਂ ਪਿੱਛੇ ਨਾ ਰਹਿ ਜਾਵੇ, ਸੰਤ ਲੌਂਗੋਵਾਲ ਨੇ ਐਲਾਨ ਕਰ ਦਿੱਤਾ ਕਿ ਸਿੱਖ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਦੇ ਸਮੇਂ 3 ਜੂਨ 1984 ਤੋਂ ਨਾ ਮਿਲ-ਵਰਤਣ ਅੰਦੋਲਨ ਸ਼ੁਰੂ ਕਰਨਗੇ। ਉਹ ਸਰਕਾਰ ਨੂੰ ਮਾਮਲਾ, ਆਬਿਆਨਾ ਤੇ ਬਿਜਲੀ ਦੇ ਬਿੱਲ ਨਹੀਂ ਦੇਣਗੇ ਤੇ ਪੰਜਾਬ ਤੋਂ ਬਾਹਰ ਅਨਾਜ ਜਾਣਾ ਬੰਦ ਕਰ ਦੇਣਗੇ। ਆਪਣੇ ਨਵੇਂ ਸਲਾਹਕਾਰਾਂ ਦੀ ਸਲਾਹ ਤੇ ਸ਼੍ਰੀਮਤੀ ਗਾਂਧੀ ਨੇ ਫ਼ੈਸਲਾ ਕਰ ਲਿਆ ਕਿ ਹੁਣ ਅਕਾਲੀਆਂ ਤੇ ਭਿੰਡਰਾਂਵਾਲੇ ਨਾਲ ਲੇਖਾ ਚੁਕਾਉਣ ਦਾ ਮੌਕਾ ਆ ਗਿਆ ਹੈ।

---

16. ਡਾ ਤਿਵਾੜੀ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਪੰਜਾਬੀ ਸਾਹਿੱਤ ਦੀ "ਭਾਈ ਵੀਰ ਸਿੰਘ ਸਿੰਘ ਚੇਅਰ' ਦਾ ਮੁਖੀ ਸੀ। ਉਸ ਨੇ ਸ਼੍ਰੀਮਤੀ ਦੇ ਆਪਾਤ ਕਾਲ ਰਾਜ ਦੀ ਸ਼ਲਾਘਾ ਵਿੱਚ ਇਕ ਪੁਸਤਕ ਲਿਖੀ। ਉਸ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਉਸ ਦਾ ਸਟੈਨੋਗ੍ਰਾਫਰ ਮਨਮੋਹਨ ਸਿੰਘ 3 ਅਗਸਤ 1978 ਨੂੰ ਗਿਆਨੀ ਜ਼ੈਲ ਸਿੰਘ ਦੀ ਅਸ਼ੀਰਵਾਦ ਨਾਲ ਕਾਇਮ ਕੀਤੇ ਗਏ ਦਲ ਖਾਲਸਾ ਦਾ ਮੁੱਖ ਕਾਰਜ ਕਰਤਾ ਸੀ। ਬਾਅਦ ਵਿੱਚ ਇਹ ਦਲ ਆਤੰਕਵਾਦੀਆਂ ਨਾਲ ਮਿਲ ਗਿਆ।
17. ਜਿਹੜੇ ਹੋਰ ਉੱਘੇ ਵਿਅਕਤੀਆਂ ਦੇ ਇਸ ਸਮੇਂ ਕਤਲ ਕੀਤੇ ਗਏ, ਉਹਨਾਂ ਵਿੱਚ ਸਕਾਡਰਨ ਲੀਡਰ ਪਰਮਜੀਤ ਸਿੰਘ, ਤੇ ਐਡੀਟਰ "ਪ੍ਰੀਤ ਲੜੀ" ਦੇ ਸੰਪਾਦਕ ਦੇ 22 ਫਰਵਰੀ 1984 ਨੂੰ ਕਤਲ ਸ਼ਾਮਲ ਸਨ। 21 ਮਈ 1984 ਨੂੰ ਬੱਸ ਵਿੱਚੋਂ ਕੱਢ ਕੇ ਹਿੰਦੂ ਮੁਸਾਫ਼ਰ ਵੀ ਮਾਰੇ ਗਏ ਸਨ।

ਕਾਂਡ—20

ਆਨੰਦਪੁਰ ਸਾਹਿਬ ਦਾ ਮਤਾ ਤੇ ਹੋਰ ਅਕਾਲੀ ਮੰਗਾਂ

ਇਹ ਸਮਝਣ ਲਈ ਕਿ ਕਿਹੜੀ ਚੀਜ਼ ਨੇ ਅਕਾਲੀਆਂ ਤੇ ਸਰਕਾਰ ਨੂੰ ਟਕਰਾਓ ਤੇ ਮਾਰਗ ਤੇ ਤੋਰਿਆ, ਇਹ ਜ਼ਰੂਰੀ ਹੈ ਕਿ ਅਕਾਲੀਆਂ ਦੀਆਂ ਪਿਛਲੇ ਕੁਝ ਸਾਲਾਂ ਦੀਆਂ ਮੰਗਾਂ ਤੇ ਉਹਨਾਂ ਪ੍ਰਤੀ ਸਰਕਾਰ ਦੇ ਹੁੰਗਾਰੇ ਜਾਂ ਪ੍ਰਤਿਕਿਰਿਆ ਦੀ ਜਾਂਚ ਪੜਤਾਲ ਕੀਤੀ ਜਾਵੇ। ਪੰਜਾਬੀ ਸੂਬੇ ਦੀ ਮੰਗ 1966 ਵਿੱਚ ਪਰਵਾਨ ਕਰ ਲਈ ਗਈ ਸੀ ਪਰ ਚੰਡੀਗੜ੍ਹ ਕੇਂਦਰੀ ਇਲਾਕਾ ਬਣਾ ਦਿੱਤਾ ਗਿਆ ਜਿਸਨੂੰ ਪੰਜਾਬ ਤੇ ਹਰਿਆਣਾ ਦੋਹਾਂ ਨੇ ਸਾਂਝੇ ਤੌਰ ਤੇ ਆਪਣੀ ਆਪਣੀ ਰਾਜਧਾਨੀ ਦੇ ਤੌਰ ਤੇ ਵਰਤਣਾ ਸੀ। ਨਾਲ ਲਗਵੇਂ ਪੰਜਾਬੀ ਪਿੰਡ ਅਜੇ ਵੀ ਗੁਆਂਢੀ ਰਾਜਾਂ ਵਿੱਚ ਸਨ। ਕੇਂਦਰੀ ਸਰਕਾਰ ਦਾ ਨਹਿਰੀ ਹੈਡਵਰਕਸ ਤੇ ਨਿਯੰਤਰਨ ਸੀ ਤੇ ਉਹੋ ਹੀ "1960 ਦੀ ਸਿੰਧੂ ਜਲ ਸੰਧੀ" ਅਨੁਸਾਰ ਭਾਰਤ ਲਈ ਸਤਲੁਜ, ਬਿਆਸ ਤੇ ਰਾਵੀ ਦੇ ਰਹਿ ਗਏ ਪਾਣੀ ਦੀ ਮਨਮਰਜ਼ੀ ਨਾਲ ਵੰਡ ਕਰਦੀ ਸੀ। ਸਰਕਾਰ ਦੀ ਇਹਨਾਂ ਮੁੱਖ ਸਮੱਸਿਆਵਾਂ ਨੂੰ ਹਲ ਕਰਨ 'ਚ ਕੀਤੀ ਜਾ ਰਹੀ ਢਿੱਲ-ਮੱਠ ਨੇ ਸਿੱਖਾਂ ਨੂੰ ਇੱਕ ਬਹਾਨਾ ਦੇ ਦਿੱਤਾ ਜਿਸ ਕਰਕੇ ਉਹ ਸਰਕਾਰ ਨੂੰ "ਸਿੱਖ ਵਿਰੋਧੀ" ਕਹਿਣ ਲੱਗ ਪਏ। ਉਹਨਾਂ ਦੇ ਮਨ ਵਿੱਚ ਵਿਤਕਰੇ ਦੀ ਪੱਕੀ ਗੰਢ ਬੱਝ ਗਈ ਤੇ ਉਹਨਾਂ ਦੀਆਂ ਮੰਗਾਂ ਤੇ ਸ਼ਿਕਾਇਤਾਂ ਦੀ ਸੂਚੀ ਵੱਧਦੀ ਗਈ। ਆਪਣੇ ਵਲੋਂ, ਕੇਂਦਰੀ ਸਰਕਾਰ ਵੀ ਜੋ ਕੁਝ ਉਸ ਤੋਂ ਉਚਿਤ ਰੂਪ ਵਿੱਚ ਮੰਗਿਆ ਜਾ ਰਿਹਾ ਸੀ, ਉਸ ਨੂੰ ਲਟਕਾਉਣ ਦੇ ਢੰਗ ਤਰੀਕੇ ਅਪਣਾਉਂਦੀ ਰਹੀ ਤੇ ਇਸ ਤਰ੍ਹਾਂ ਅਕਾਲੀਆਂ ਨੂੰ ਵਾਰ-ਵਾਰ ਸ਼ਾਂਤਮਈ ਵਿਰੋਧ ਕਰਨ ਲਈ ਤੇ ਮੋਰਚੇ ਲਾਉਣ ਲਈ ਮਜਬੂਰ ਕਰਦੀ ਰਹੀ ਜੋ ਕਈ ਵਾਰ ਹਿੰਸਕ ਰੂਪ ਵੀ ਧਾਰਨ ਕਰ ਜਾਂਦੇ। ਸ਼ਾਂਤਮਈ ਮੋਰਚਿਆਂ ਦੇ ਨਾਲ-ਨਾਲ ਆਤੰਕਵਾਦ ਵੀ ਵਧਿਆ ਜਿਸ ਦਾ ਦਮਨ ਪੁਲੀਸ ਨੇ ਬਰਬਰਤਾ ਪੂਰਨ ਸਖ਼ਤੀ ਨਾਲ ਕੀਤਾ ਤੇ ਬਹੁਤੀ ਵਾਰ ਨਿਰੋਦਸ਼ ਲੋਕਾਂ ਨੂੰ ਫਰਜ਼ੀ ਪੁਲਸ ਮੁਕਾਬਲਿਆਂ ਵਿੱਚ ਤੇ ਸ਼ੱਕੀਆਂ ਨੂੰ ਤਸੀਹੇ ਦੇ ਕੇ ਮਾਰਿਆ। ਪੁਲਸ ਦੇ ਢੰਗ ਤਰੀਕੇ ਨੁਕਸ ਦਾਇਕ ਸਿੱਧ ਹੋਏ ਕਿਉਂਕਿ ਇਸ ਸਖਤੀ ਨਾਲ ਆਤੰਕਵਾਦੀ ਦਲਾਂ ਵਿੱਚ ਵਧੇਰੇ ਲੋਕ ਸ਼ਾਮਿਲ ਹੋ ਗਏ।

ਸਭ ਤੋਂ ਵਿਸਥਾਰਪੂਰਵਕ ਤੇ ਸਰਬੰਗੀ ਪ੍ਰਸਿੱਧ ਮੰਗ ਪੱਤਰ ਜੋ ਸਿੱਖਾਂ ਵਲੋਂ ਤਿਆਰ ਕੀਤਾ ਗਿਆ ਉਹ 1973 ਦਾ ਆਨੰਦਪੁਰ ਸਾਹਿਬ ਦਾ ਮਤਾ ਹੈ। ਘੱਟੋ ਘੱਟ ਇਸ ਦੇ ਤਿੰਨ ਪਾਠਾਂਤਰ ਹਨ ਜੋ ਪਰਚਲਤ ਹਨ ਤੇ ਜਿਨ੍ਹਾਂ ਦੀ ਅਕਾਲੀ ਨੇਤਾ ਵੱਖ ਵੱਖ ਵਿਆਖਿਆ ਕਰਦੇ ਹਨ। ਕਈ ਤਾਂ ਸੰਤ ਫਤਿਹ ਸਿੰਘ ਵਾਂਗ ਇਸ ਵਿਚਾਰ ਦੇ ਸਨ ਕਿ ਪੰਜਾਬੀ ਸੂਬਾ ਹੀ ਸੀ ਜਿਸਦੀ ਉਹ ਪੰਜਾਬੀ ਬੋਲਦੇ ਨਾਲ ਲਗਵੇਂ ਪਿੰਡਾਂ ਤੇ ਚੰਡੀਗੜ੍ਹ ਸਮੇਤ ਮੰਗ ਕਰਦੇ ਸਨ, ਜਿਹੜੀ ਮੰਗ ਕਾਫੀ ਹੱਦ ਤੱਕ 1966 ਵਿੱਚ ਪੰਜਾਬੀ ਸੂਬੇ ਦੀ ਮੰਗ ਪਰਵਾਨ ਕਰਕੇ ਪੂਰੀ ਕਰ ਦਿੱਤੀ ਗਈ ਸੀ। ਕੁਝ ਦੂਸਰੇ ਆਨੰਦਪੁਰ ਸਾਹਿਬ ਦੀ ਵਿਆਖਿਆ ਭਾਰਤੀ ਸੰਘ ਅਧੀਨ ਇੱਕ ਸਿੱਖ ਪਰਬਲਤਾ ਵਾਲੇ ਖੁਦ ਮੁਖਤਾਰ ਰਾਜ ਵਜੋਂ ਕਰਦੇ ਹਨ। ਤੇ ਕੁਝ ਹੋਰ ਇਸ ਨੂੰ ਇਕ ਸੁਤੰਤਰ, ਪਰੁਭਤਾ ਵਾਲੇ ਖੁਦ ਮੁਖਤਾਰ ਰਾਜ ਵਜੋਂ ਤੋੜ ਮਰੋੜ ਕੇ ਪੇਸ਼ ਕਰਦੇ ਹਨ ਜਿਸ ਨੂੰ ਉਹ ਖ਼ਾਲਿਸਤਾਨ ਕਹਿੰਦੇ ਹਨ।

ਸਿੱਖ ਮੰਗਾਂ ਨੂੰ ਰਸਮੀ ਮਤੇ ਦੇ ਰੂਪ ਵਿੱਚ ਤਿਆਰ ਕਰਨ ਵਾਲੀ ਪਰੇਰਕ ਸ਼ਖਸੀਅਤ ਔਕਸਫੋਰਡ ਯੂਨੀਵਰਸਿਟੀ ਦੀ ਉਪਜ ਕਪੂਰ ਸਿੰਘ ਸੀ ਜੋ ਕੁਝ ਸਾਲਾਂ ਲਈ ਆਈ.ਸੀ. ਐਸ ਅਧਿਕਾਰੀ ਵੀ ਰਿਹਾ ਸੀ। ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਬਰਤਰਫੀ ਪਿੱਛੋਂ ਉਹ ਸਰਕਾਰ ਦਾ ਕੱਟੜ ਆਲੋਚਕ ਬਣ ਗਿਆ। ਉਹ ਅਕਾਲੀ ਪਾਰਟੀ 'ਚ ਸ਼ਾਮਲ ਹੋ ਗਿਆ ਤੇ ਉਹਨਾਂ ਦੇ ਦਿਮਾਗ਼ ਵਜੋਂ ਪ੍ਰਸਿੱਧ ਹੋ ਗਿਆ ਤੇ ਅਕਾਲੀ ਪਾਰਟੀ ਦੀ ਟਿਕਟ ਤੇ ਲੋਕ-ਸਭਾ ਲਈ ਚੁਣਿਆ ਗਿਆ। ਉਸਨੇ ਆਪਣੀ ਨਿਜੀ ਸ਼ਿਕਾਇਤ ਨੂੰ ਸਮੁੱਚੀ ਕੌਮ ਦੀ ਸ਼ਿਕਾਇਤ ਬਣਾ ਦਿੱਤਾ ਤੇ ਕਦੀ ਵੀ ਸਰਕਾਰ ਉਪਰ ਸਿੱਖਾਂ ਵਿਰੁੱਧ ਵਿਤਕਰੇ ਤੇ ਪੱਖਪਾਤ ਦੇ ਇਲਜ਼ਾਮ ਲਾਉਣੋਂ ਨਾ ਹਟਿਆ। ਇਹ ਉਹ ਹੀ ਸੀ ਜਿਸਨੇ ਸਿਖਾਂ ਦੇ "ਇੱਕ ਵੱਖਰੀ ਵਿਸ਼ੇਸ਼ ਤੇ ਖੁਦਮੁਖਤਾਰ ਤੇ ਪਰੁਭਤਾ ਸੰਪੰਨ ਕੌਮ" ਹੋਣ ਦਾ ਐਲਾਨ ਕੀਤਾ ਤੇ ਆਪਣੀ ਪਾਰਟੀ ਨੂੰ "ਖੁਦ ਮੁਖਤਾਰ ਰਾਜਸੀ ਦਰਜੇ" ਦੀ ਮੰਗ ਮੰਗਣ ਲਈ ਪ੍ਰੇਰਤ ਕੀਤਾ।[1] ਉਸ ਨੇ ਇਸ ਦੇ ਮੰਤਵ ਤੇ ਤੱਤ ਉਸ ਸਮੇਂ ਦੇ ਅਕਾਲੀ ਦਲ ਦੇ ਮੁਖੀ ਸੰਤ ਫਤਿਹ ਸਿੰਘ ਨੂੰ ਸਮਝਾਏ। ਉਸਨੂੰ ਪੰਜਾਬੀ ਤੋਂ ਬਿਨਾਂ ਹੋਰ ਕਿਸੇ ਭਾਸ਼ਾ ਦੀ ਸਮਝ ਨਹੀਂ ਸੀ, ਉਸ ਨੇ ਸਿਰ ਹਿਲਾ ਕੇ ਹਾਮੀ ਭਰ ਦਿੱਤੀ। ਕਪੂਰ ਸਿੰਘ ਦਾ ਖਰੜਾ ਇਸ ਵਿਚਾਰ ਤੇ ਆਧਾਰਿਤ ਸੀ ਕਿ ਸਿਖ 'ਰਾਜ ਜਾਤੀ" (ਰਾਜ ਕਰਨ ਲਈ ਚੁਣੇ ਹੋਏ) ਹੋਣ ਕਾਰਨ ਉਹਨਾਂ ਨੇ ਰਾਜ ਕਰਨਾ ਹੀ ਹੈ। ਮਾਸਟਰ ਤਾਰਾ ਸਿੰਘ ਦੇ ਵਿਚਾਰ ਵੀ ਕੁਝ ਹੱਦ ਤਕ ਮਿਲਦੇ ਜੁਲਦੇ ਸਨ ਜਿਸ ਨੇ ਕਿਹਾ ਸੀ ਕਿ ਸਿੱਖ ਜਾਂ ਤਾਂ ਰਾਜੇ ਬਣ ਸਕਦੇ ਹਨ ਜਾਂ ਬਾਗੀ। ਜਦੋਂ 1973 ਵਿੱਚ ਆਨੰਦਪੁਰ ਦਾ ਮਤਾ ਪਾਸ ਕੀਤਾ ਗਿਆ ਤਾਂ ਇਸ ਵੱਲ ਬਹੁਤਿਆਂ ਦਾ ਧਿਆਨ ਨਾ ਗਿਆ। ਕਪੂਰ ਸਿੰਘ ਨੂੰ ਇਕ ਤਲਖ ਤੇ ਵਹਿਮੀ ਸੁਭਾਅ ਦਾ ਜੁਝਾਰੂ ਪੈਂਤੜੇਬਾਜ਼ੀ ਵਾਲਾ ਵਿਅਕਤੀ ਸਮਝਿਆ ਜਾਂਦਾ ਸੀ ਜੋ ਕੁਝ ਹੱਦ ਤਕ ਉਹ ਇਕ ਆਪ-ਮਤਾ, ਬੇਮੁਹਾਰਾ ਸਿਆਸਤਦਾਨ ਸੀ। ਅਗਲੇ ਤਿੰਨ ਸਾਲ ਅਗਸਤ 1977 ਤੱਕ ਇਸ ਮਤੇ ਦੀ ਕਿਸੇ ਨੇ ਕੋਈ ਗੱਲ ਨਾ ਕੀਤੀ। ਉਸ ਸਮੇਂ ਅਕਾਲੀ ਦਲ ਦੇ ਸਕੱਤਰ ਗਿਆਨੀ ਅਜਮੇਰ ਸਿੰਘ ਨੇ "ਪਾਰਟੀ ਦੀ ਨਵੀਂ ਨੀਤੀ ਯੋਜਨਾ" ਦਾ ਇੱਕ ਹੋਰ ਪਾਠਾਂਤਰ ਜਾਰੀ ਕਰ ਦਿੱਤਾ। ਇਹ ਨੀਤੀ ਯੋਜਨਾ ਕਪੂਰ ਸਿੰਘ ਦੇ ਮੂਲ ਖਰੜੇ ਤੇ ਆਧਾਰਿਤ ਸੀ ਤੇ ਹੋਰਨਾਂ ਤੋਂ ਬਿਨਾਂ ਪਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ ਪੰਜਾਬ), ਗੁਰਚਰਨ ਸਿੰਘ ਟੌਹੜਾ[2] (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਰਧਾਨ),

---

1. ਜਸਵੰਤ ਸਿੰਘ ਮਾਨ, 'ਸਮ ਡਾਕੂਮੈਂਟਸ ਔਨ ਦੀ ਡੀਮਾਂਡ ਫੌਰ ਦੀ ਸਿੱਖ ਹੋਮਲੈਂਡ, ਚੰਡੀਗੜ੍ਹ, 1969, ਪੰਨਾ 35.
2. ਗੁਰਚਰਨ ਸਿੰਘ ਦਾ ਜਨਮ 1919 ਵਿੱਚ ਟੌਹੜਾ ਪਿੰਡ ਵਿੱਚ ਗਿੱਲ ਜੱਟ ਪਰਿਵਾਰ 'ਚ ਹੋਇਆ। ਉਸ ਨੇ ਦਸਵੀਂ ਜਮਾਤ ਤੱਕ ਪੜ੍ਹਾਈ ਕੀਤੀ ਪਰ ਦਸਵੀਂ ਦੀ ਪ੍ਰੀਖਿਆ ਨਾ ਦਿੱਤੀ। ਅਕਾਲੀ ਦਲ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਉਸ ਨੇ ਰਾਜਸੀ ਜੀਵਨ ਇਕ ਕਮਿਊਨਿਸਟ ਵਜੋਂ ਸ਼ੁਰੂ ਕੀਤਾ। ਉਹ 1967-72 ਤਕ ਪਾਰਲੀਮੈਂਟ ਦਾ ਮੈਂਬਰ ਰਿਹਾ ਤੇ ਦੁਬਾਰਾ 1977 ਵਿੱਚ ਫਿਰ ਚੁਣਿਆ ਗਿਆ। ਉਹ ਤਿੰਨ ਵਾਰ ਰਾਜਯ ਸਭਾ ਦਾ ਮੈਂਬਰ ਵੀ ਰਿਹਾ ਤੇ ਵੀਹ ਸਾਲ ਉਹ ਲਗਾਤਾਰ ਸ਼੍ਰੋ. ਗੁ. ਪ੍ਰ. ਕਮੇਟੀ ਦਾ ਪ੍ਰਧਾਨ ਚੁਣਿਆ ਜਾਂਦਾ ਰਿਹਾ। ਉਹ ਕਈ ਵਾਰ ਜੇਹਲ ਵੀ ਗਿਆ।

ਸੁਰਜੀਤ ਸਿੰਘ ਬਰਨਾਲਾ[3] ਤੇ ਬਲਵੰਤ ਸਿੰਘ[4] ਆਧਾਰਿਤ ਕਮੇਟੀ ਨੇ ਇਸ ਨੂੰ ਆਖਰੀ ਸ਼ਕਲ ਦਿੱਤੀ। ਇਹ 28-29 ਅਕਤੂਬਰ 1978 ਨੂੰ 18ਵੀਂ ਆਲ-ਇੰਡੀਆ ਅਕਾਲੀ ਕਾਨਫਰੰਸ" ਵਿੱਚ ਲੁਧਿਆਣਾ ਵਿਖੇ ਪੇਸ਼ ਕੀਤਾ ਗਿਆ ਜਿਸਦੀ ਪਰਧਾਨਗੀ ਜਗਦੇਵ ਸਿੰਘ ਤਲਵੰਡੀ[5] ਨੇ ਕੀਤੀ ਸੀ। ਇਸ ਦਾ ਪ੍ਰਸਤਾਵ ਟੌਹੜੇ ਨੇ ਪੇਸ਼ ਕੀਤਾ, ਤਾਈਦ ਬਾਦਲ ਨੇ ਕੀਤੀ ਤੇ ਇਹ ਬਿਨਾਂ ਵਿਰੋਧ ਦੇ ਪਾਸ ਹੋ ਗਿਆ। ਜਨਤਾ ਪਾਰਟੀ ਦੇ ਨੇਤਾ ਚੰਦਰ ਸ਼ੇਖਰ ਨੇ, ਜੋ ਉਸ ਸਮੇਂ ਹਾਜ਼ਰ ਸੀ, ਇਸ ਬਾਰੇ ਕੁਝ ਨਾ ਕਿਹਾ। ਕਾਂਗਰਸੀ ਨੇਤਾਵਾਂ ਨੇ ਵੀ ਇਸ ਬਾਰੇ ਕੋਈ ਪ੍ਰਤਿਕਰਮ ਪ੍ਰਗਟ ਨਾ ਕੀਤਾ।

ਮਾਰਕਸੀ ਕਮਿਊਨਿਸਟ ਪਾਰਟੀ ਜੋ ਪੱਛਮੀ ਬੰਗਾਲ ਵਿੱਚ ਰਾਜ ਕਰਦੀ ਸੀ ਤੇ ਜੋ ਵਧੇਰੇ ਖੁਦ ਮੁਖਤਾਰੀ ਲਈ ਦੁਹਾਈ ਪਾ ਰਹੀ ਸੀ, ਉਸਨੂੰ ਪੰਜਾਬ ਵਿੱਚ ਅਕਾਲੀਆਂ ਲਈ ਉਹ ਜਿਹੀ ਮੰਗ ਵਿੱਚ ਕੁਝ ਵੀ ਗਲਤ ਨਾ ਜਾਪਿਆ। ਬੀ.ਜੇ.ਪੀ. ਤੋਂ ਬਿਨਾਂ ਸੀ.ਪੀ.ਆਈ. ਪਾਰਟੀ ਹੀ ਇੱਕੋ ਇੱਕ ਪਾਰਟੀ ਸੀ ਜਿਸ ਨੇ ਇਸ ਮੰਗ ਨੂੰ ਇਹ ਕਹਿਕੇ ਰੱਦ ਕਰ ਦਿੱਤਾ ਕਿ ਜਿਵੇਂ ਅਕਾਲੀ ਖੁਦਮੁਖਤਾਰੀ ਦੀ ਮੰਗ ਕਰ ਰਹੇ ਹਨ ਇਸ ਨਾਲ ਮੁਲਕ ਦਾ ਵਿਭਾਜਨ ਹੋ ਜਾਵੇਗਾ।

---

3. ਸੁਰਜੀਤ ਸਿੰਘ ਦਾ ਜਨਮ ਧਾਲੀਵਾਲ ਜੱਟਾਂ ਦੇ ਘਰ 1925 ਵਿੱਚ ਪਿੰਡ ਅਟੇਲੀ ਜ਼ਿਲਾ ਗੁੜਗਾਉਂ ਵਿੱਚ ਹੋਇਆ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਉਸ ਨੇ ਕੁਝ ਸਾਲ ਵਕਾਲਤ ਕੀਤੀ। ਉਹ ਅਕਾਲੀ ਟਿਕਟ ਤੇ ਪੰਜਾਬੀ ਅਸੈਂਬਲੀ ਲਈ ਚੁਣਿਆ ਗਿਆ। ਗੁਰਨਾਮ ਸਿੰਘ ਮੰਤਰੀ ਮੰਡਲ ਵਿੱਚ ਉਹ ਵਿਦਿਆ ਮੰਤਰਾਲੇ ਦਾ ਮੰਤਰੀ ਸੀ। ਉਸ ਨੇ ਸੰਕਟ ਕਾਲ ਵਿੱਚ 18 ਮਹੀਨੇ ਜੇਹਲ ਕੱਟੀ। 1977 ਵਿੱਚ ਉਹ ਸੰਗਰੂਰ ਤੋਂ ਲੋਕ-ਸਭਾ ਲਈ ਚੁਣਿਆ ਗਿਆ ਤੇ ਜਨਤਾ ਸਰਕਾਰ ਵਿੱਚ ਖੇਤੀ ਮੰਤਰੀ ਬਣਿਆ। ਉਸ ਨੂੰ ਸੰਵਿਧਾਨ ਸਾੜਨ ਦੇ ਦੋਸ਼ ਵਿੱਚ ਨਾਸ਼ਾ (ਕੌਮੀ ਸੁਰੱਖਿਆ ਕਾਨੂੰਨ) ਅਧੀਨ 9 ਮਹੀਨੇ ਨਜ਼ਰਬੰਦ ਕੀਤਾ ਗਿਆ। ਲੌਂਗੋਵਾਲ ਦੇ ਕਤਲ ਤੋਂ ਪਿੱਛੋਂ ਉਹ ਅਕਾਲੀ ਦਲ ਦਾ ਪ੍ਰਧਾਨ ਚੁਣਿਆ ਗਿਆ। ਉਹ 1985-87 ਦੇ ਸਮੇਂ ਪੰਜਾਬ ਦਾ ਮੁੱਖ ਮੰਤਰੀ ਰਿਹਾ। ਉਹ ਇਕ ਪ੍ਰਤਿਭਾਵਾਨ ਭੂ-ਦ੍ਰਿਸ਼ ਚਿੱਤਰਕਾਰ ਹੈ।
4. ਬਲਵੰਤ ਸਿੰਘ ਦਾ ਜਨਮ 1929 ਈ. ਵਿੱਚ ਕਪੂਰਥਲਾ ਜ਼ਿਲੇ ਦੇ ਪਿੰਡ ਸੈਦਪੁਰ ਵਿੱਚ ਕੰਬੋਜ ਪਰਿਵਾਰ ਵਿੱਚ ਹੋਇਆ। ਉਹ ਐਮ.ਏ. ਅਰਥ ਸ਼ਾਸਤਰ ਤੇ ਐਲ.ਐਲ.ਬੀ. ਸੀ। ਉਸ ਨੇ ਆਪਣਾ ਸਿਆਸੀ ਜੀਵਨ ਕਾਂਗਰਸੀ ਵਜੋਂ ਆਰੰਭ ਕੀਤਾ ਤੇ ਪਹਿਲੀ ਚੋਣ ਹਾਰਨ ਪਿਛੋਂ ਉਹ 1962 ਵਿੱਚ ਜਿੱਤ ਗਿਆ। ਮਗਰੋਂ ਉਹ ਅਕਾਲੀ ਦਲ ਵਿੱਚ ਰਲ ਗਿਆ। ਉਹ ਪੰਜਾਬ ਦਾ ਵਿੱਤ ਮੰਤਰੀ ਰਿਹਾ। ਆਮ ਕਰਕੇ ਉਸ ਨੂੰ ਚਾਲਾਕ ਪਰ ਗ਼ੈਰ-ਭਰੋਸੇ ਯੋਗ ਸਮਝਿਆ ਜਾਂਦਾ ਰਿਹਾ ਹੈ ਜਿਸਦੀ ਵਧੇਰੇ ਦਿਲਚਸਪੀ ਪੈਸੇ ਇਕੱਠੇ ਕਰਨ ਵਿੱਚ ਸੀ।
5. ਜਗਦੇਵ ਸਿੰਘ ਦਾ ਜਨਮ 1927 ਵਿੱਚ ਲੁਧਿਆਣਾ ਜ਼ਿਲੇ ਦੇ ਪਿੰਡ ਤਲਵੰਡੀ ਵਿੱਚ ਗਿੱਲ ਜੱਟਾਂ ਦੇ ਘਰ ਹੋਇਆ। ਉਹ ਛੇਵੀਂ ਤੱਕ ਪੜ੍ਹਿਆ ਸੀ। 1970 ਵਿੱਚ ਉਹ ਗੁਰਨਾਮ ਸਿੰਘ ਦੇ ਮੰਤਰੀ ਮੰਡਲ ਵਿੱਚ ਵਜ਼ੀਰ ਸੀ ਤੇ ਮਗਰੋਂ ਬਾਦਲ ਵਜ਼ਾਰਤ ਵਿੱਚ 1976 ਵਿੱਚ ਉਹ ਲੋਕ ਸਭਾ ਦਾ ਮੈਂਬਰ ਚੁਣਿਆ ਗਿਆ। ਮਗਰੋਂ ਉਹ ਰਾਜਸਭਾ ਦਾ ਮੈਂਬਰ ਬਣਿਆ। ਉਹ ਖਾਲਿਸਤਾਨ ਦੀ ਮੰਗ ਦਾ ਹਿਮਾਇਤੀ ਹੈ।

ਮਤੇ ਦੇ ਅਸਲ ਤੇ ਸਹੀ ਸ਼ਬਦਾਂ ਬਾਰੇ ਮੱਤਭੇਦ ਖਤਮ ਨਾ ਹੋਇਆ ਤੇ ਅਕਾਲੀਆਂ ਦੇ ਵੱਖ-ਵੱਖ ਧੜਿਆਂ ਨੇ ਇਹਦੀਆਂ ਧਾਰਾਵਾਂ ਦੀ ਉਸ ਤਰ੍ਹਾਂ ਹੀ ਵਿਆਖਿਆ ਕੀਤੀ ਜਿਵੇਂ ਉਹਨਾਂ ਨੂੰ ਇਹ ਢੁੱਕਦਾ ਸੀ। ਸੰਤ ਲੌਂਗੋਵਾਲ[6] ਨੇ ਮਤੇ ਦਾ ਅਸਲੀ ਤੇ ਪਰਮਾਣਕ ਪਾਠਾਂਤਰ ਭਾਰਤੀ ਪਾਰਲੀਮੈਂਟ[7] ਦੇ ਦੋਹਾਂ ਸਦਨਾਂ ਨੂੰ ਭੇਜਿਆ। ਸੰਖੇਪ ਜਿਹੀ ਭੂਮਿਕਾ ਵਿੱਚ ਉਸਨੇ ਇਹ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਵਲੋਂ ਵਾਰ ਵਾਰ ਤੇ ਬੁਰੀ ਨੀਯਤ ਨਾਲ ਸੰਵਿਧਾਨਕ ਸੋਧਾਂ ਕਰਕੇ ਰਾਜਾਂ ਦੀਆਂ ਸ਼ਕਤੀਆਂ ਘਟਾਉਣ ਦੇ ਵਿਰੁੱਧ ਹੋਰ ਵਧੇਰੇ ਅਯੋਗ ਦਖਲ ਦੇ ਖ਼ਤਰੇ ਤੋਂ ਭਾਰਤ ਦੇ ਸਹੀ ਸੰਘੀ ਢਾਂਚੇ ਨੂੰ ਸੁਰੱਖਿਆਤ ਰੱਖਣ ਦਾ ਉਪਾਅ ਹੈ। ਉਸ ਨੇ ਸਾਫ਼ ਇਨਕਾਰ ਕੀਤਾ ਕਿ ਮਤੇ ਦਾ ਮਨੋਰਥ ਇੱਕ ਵੱਖਰੇ ਜਾਂ ਇੱਕ ਖੁਦ ਮੁਖਤਾਰ ਸਿੱਖ ਰਾਜ ਦੀ ਸਥਾਪਨਾ ਹੈ। ਇਹਦਾ ਮਨੋਰਥ ਤਾਂ ਕੇਂਦਰ-ਰਾਜ ਸੰਬੰਧਾਂ ਦਾ ਵਧੇਰੇ ਤਾਲਮੇਲ ਕਾਇਮ ਰਖਣਾ ਹੈ।

ਆਨੰਦਪੁਰ ਦਾ ਮੱਤਾ ਮਹੱਤਵਪੂਰਨ ਸਿਆਸੀ ਪਾਰਟੀ ਦੇ ਦ੍ਰਿਸ਼ਟੀਕੋਣ ਤੋਂ ਸਿੱਖ ਮਗੰਾਂ ਦਾ "ਮਹਾਨ ਅਧਿਕਾਰ ਪੱਤਰ" ਬਣ ਗਿਆ। ਇਸਦੀ ਭੂਮਿਕਾ ਵਿੱਚ ਇਹ ਗੱਲ ਜ਼ੋਰ ਨਾਲ ਕਹੀ ਗਈ ਹੈ ਕਿ "ਸ਼੍ਰੋਮਣੀ ਅਕਾਲੀ ਦਲ" ਸਿੱਖ-ਪੰਥ ਦੀ ਪ੍ਰਮੁੱਖ ਪਾਰਟੀ ਹੈ ਤੇ ਇਸ ਲਈ ਇਹ ਸਿੱਖਾਂ ਦੀ ਪ੍ਰਤਿਨਿਧਤਾ ਕਰਨ ਤੇ ਅਗਵਾਈ ਦੇਣ ਦੇ ਸਮਰੱਥ ਹੈ।

ਇਸ ਦੇ ਧਾਰਮਕ ਉਦੇਸ਼ ਫਰਜ਼ੀ ਧਾਰਮਕ ਸ਼ਬਦਾਵਲੀ ਵਿੱਚ ਲਪੇਟ ਕੇ ਇਸ ਤਰ੍ਹਾਂ ਬਿਆਨ ਕੀਤੇ ਗਏ ਹਨ। ਕਿਹਾ ਗਿਆ ਹੈ ਕਿ ਇਹ ਉਦੇਸ਼, "ਸਿੱਖੀ ਸਿਧਾਂਤਾਂ ਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ, ਨਾਸਕਤਾ ਦੀ ਨਿਖੇਧੀ ਕਰਨਾ, ਗ਼ਰੀਬੀ ਤੇ ਬਿਮਾਰੀ ਦਾ, ਅਨਪੜ੍ਹਤਾ ਤੇ ਜ਼ਾਤ ਪਾਤ ਦਾ, ਸਿੱਖ ਪਵਿੱਤਰ ਗ੍ਰੰਥਾਂ ਵਿੱਚ ਦਿੱਤੇ ਆਦੇਸ਼ਾਂ ਮੁਤਾਬਕ, ਖ਼ਾਤਮਾ ਕਰਨਾ ਹੈ।" ਇਹਦੇ ਉਦੇਸ਼ਾਂ ਵਿੱਚ "ਪੰਥ ਦੀ ਆਜ਼ਾਦ ਹਸਤੀ ਦੀ ਸਥਾਪਨਾ ਨੂੰ ਸਾਕਾਰ ਕਰਨਾ ਜਿੱਥੇ ਸਿੱਖ ਜ਼ਜ਼ਬਾਤ ਦਾ ਪੂਰਨ ਪਰਗਟਾਵਾ ਹੋਵੇ, ਸ਼ਾਮਲ ਹਨ। ਇਹਦੇ ਪਿੱਛੇ ਕੋਈ ਹੋਰ ਧਾਰਮਕ ਉਦੇਸ਼ ਵੀ ਹਨ।" ਮੁੱਖ ਨਿਸ਼ਾਨਾਂ ਸਿੱਖਾਂ ਨੂੰ ਈਸ਼ਵਰ ਭਗਤੀ

---

6. ਹਰਚੰਦ ਸਿੰਘ (1934-85) ਗਿਦੜਿਆਨੀ (ਜ਼ਿਲਾ ਸੰਗਰੂਰ) ਪਿੰਡ ਦਾ ਦਹੀਆ ਜੱਟ ਸੀ। ਉਸਨੇ ਬੜੀ ਘੱਟ ਸਕੂਲੀ ਵਿਦਿਆ ਪ੍ਰਾਪਤ ਕੀਤੀ ਸੀ ਤੇ ਮਾਸਟਰ ਤਾਰਾ ਸਿੰਘ ਵਲੋਂ 1960 'ਚ ਸਿਆਸਤ ਵਿੱਚ ਲਿਆਉਣ ਤੋਂ ਪਹਿਲਾਂ ਉਹ ਪੇਂਡੂ ਗ੍ਰੰਥੀ ਤੇ ਸਾਧਾਰਨ ਅਕਾਲੀ ਕਾਰਕੁਨ ਸੀ। ਉਹ ਪੰਜਾਬ ਅਸੈਂਬਲੀ ਲਈ 1967 ਵਿੱਚ ਚੁਣਿਆ ਗਿਆ। 1975-77 'ਚ ਐਮਰਜੈਂਸੀ ਸਮੇਂ ਉਸ ਨੂੰ ਮੋਰਚੇ ਦਾ ਤੇ ਫਿਰ ਧਰਮ-ਯੁੱਧ ਮੋਰਚੇ ਦਾ ਡਿਕਟੇਟਰ ਬਣਾਇਆ ਗਿਆ।
7. ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਜਿਵੇਂ ਮਤੇ ਵਿੱਚ ਪੰਜਾਬ ਦੀਆਂ ਹੱਦਾਂ ਪੁਨਰ-ਨਿਰਧਾਰਤ ਕਰਨ ਦੀ ਗੱਲ ਕੀਤੀ ਗਈ ਹੈ ਤਾਂ ਸਿੱਖਾਂ ਦੀ ਵਸੋਂ 60% ਤੋਂ ਘੱਟ ਕੇ ਸ਼ਾਇਦ 50% ਰਹਿ ਜਾਏ ਕਿਉਂਕਿ ਮੰਗੇ ਗਏ ਇਲਾਕੇ ਭਾਵੇਂ ਪੰਜਾਬੀ ਬੋਲਦੇ ਹਨ ਪਰ ਉਹਨਾਂ ਦੀ ਬਹੁਤੀ ਵਸੋਂ ਹਿੰਦੂਆਂ ਦੀ ਹੈ। ਜਦੋਂ ਅਕਾਲੀ ਨੇਤਾਵਾਂ ਨੇ ਉਸ ਸਮੇਂ ਦੇ ਪਰਧਾਨ ਮੰਤਰੀ ਮੁਰਾਰੀ ਜੀ ਡਿਸਾਈ ਤੇ ਉਪ ਪ੍ਰਧਾਨ ਮੰਤਰੀ ਚਰਨ ਸਿੰਘ ਕੋਲ ਇਹ ਪਹੁੰਚ ਕੀਤੀ ਕਿ ਉਹ ਸਿੱਖਾਂ ਨੂੰ ਘੱਟ ਗਿਣਤੀ ਘੋਸ਼ਿਤ ਕਰਨ ਤਾਂ ਉਹਨਾਂ ਕਿਹਾ ਕਿ ਉਹ ਸਿੱਖਾਂ ਨੂੰ ਹਿੰਦੂਆਂ ਦਾ ਸਮੁੱਚਾ ਅੰਗ ਸਮਝਦੇ ਹਨ। (ਵੇਖੋ ਅੰਤਿਕਾ)

ਗ੍ਰਹਣ ਕਰਾਉਣਾ ਹੈ।" ਇਸਦੀ ਪ੍ਰਾਪਤੀ ਧਰਮ-ਸ਼ਾਸਤਰੀਆਂ, ਰਾਗੀਆਂ ਨੂੰ ਸਿਖਲਾਈ ਦੇ ਕੇ, ਧਾਰਮਕ ਸਾਹਿੱਤ ਛਾਪਕੇ ਤੇ ਅੰਮ੍ਰਿਤ ਪਰਚਾਰ ਕਰਕੇ ਕੀਤੀ ਜਾਵੇਗੀ। ਧਾਰਮਕ ਉਦੇਸ਼ਾਂ ਵਾਲਾ ਵਿਵਾਦ-ਪੂਰਨ ਭਾਗ ਸਿਰਫ਼ ਉਹੋ ਹੀ ਹੈ ਜਿਸ ਵਿੱਚ ਨੂੰ 'ਸਰਵ-ਭਾਰਤੀ ਗੁਰਦਾਵਰਾ' ਕਾਨੂੰਨ ਪਾਸ ਕਰਕੇ ਭਾਰਤ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਸ੍ਰੋ. ਗੁ. ਪ੍ਰ. ਕਮੇਟੀ ਦੇ ਅਧਿਕਾਰ ਹੇਠ ਲਿਆਉਣਾ ਤੇ ਸੰਸਾਰ ਭਰ ਦੇ ਗੁਰਦੁਆਰਿਆਂ ਦੇ ਪ੍ਰਬੰਧ ਉੱਪਰ ਮਹੱਤਵਪੂਰਨ ਅਧਿਕਾਰ ਪ੍ਰਾਪਤ ਕਰਨਾ ਹੈ ਤਾਂ ਜੋ ਧਾਰਮਕ ਪ੍ਰਚਾਰ ਰਾਹੀਂ ਸਭ ਨੂੰ ਪ੍ਰਭਾਵਸ਼ਾਲੀ ਲਾਹਾ ਮਿਲ ਸਕੇ। ਇਸ ਵਿੱਚ ਇਹ ਵੀ ਮੰਗ ਕੀਤੀ ਗਈ ਹੈ ਕਿ ਗੁਰੂ ਨਾਨਕ ਦੇ ਜਨਮ ਸਥਾਨ ਤੇ ਹੋਰ ਗੁਰਦੁਆਰੇ ਜੋ ਪੰਥ ਤੋਂ ਖੋਹ ਲਏ ਗਏ, ਉਹਨਾਂ ਦੇ ਦਰਸ਼ਨ ਕਰਨ ਲਈ ਖੁਲ੍ਹਾ ਲਾਂਘਾ ਹੋਵੇ। (ਕਪੂਰ ਸਿੰਘ ਨੇ ਨਨਕਾਣਾ ਸਾਹਿਬ ਲਈ ਉਹ ਦਰਜਾ ਮੰਗਿਆ ਜੋ ਰੋਮ ਵਿੱਚ ਪੋਪ ਦੇ ਨਿਵਾਸ ਸਥਾਨ ਦਾ ਹੈ।)

ਧਰਮ-ਆਧਾਰਿਤ ਸ਼ਬਦਾਵਲੀ ਦੀ ਵਰਤੋਂ ਧਰਮ ਆਧਾਰਿਤ ਪਾਰਟੀ ਵੱਲੋਂ ਕੁਝ ਕੁ ਉਚਿਤਤਾ ਤਾਂ ਹੋ ਸਕਦੀ ਹੈ ਪਰ ਰਾਜਸੀ ਨਿਸ਼ਾਨਿਆਂ ਲਈ ਇਹਦੀ ਵਰਤੋਂ ਦਾ ਕੋਈ ਆਧਾਰ ਨਹੀਂ ਹੈ। ਸਭ ਤੋਂ ਵਿਵਾਦ-ਗ੍ਰਸਤ ਭੂਮਿਕਾ ਦਾ ਉਹ ਉਪ-ਭਾਗ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਪੰਥ ਦੇ ਰਾਜਸੀ ਉਪਦੇਸ਼ ਨਿਸਚਿਤ ਰੂਪ ਵਿੱਚ ਦਸਵੇਂ ਗੁਰੂ ਦੇ ਨਿਰਦੇਸ਼ਾਂ ਤੇ ਆਧਾਰਿਤ ਹਨ ਜੋ ਸਿੱਖ ਇਤਿਹਾਸ ਦੇ ਪੰਨਿਆਂ ਅਤੇ ਸਿੱਖ ਮਾਨਸਿਕਤਾ ਵਿੱਚ ਉੱਕਰੇ ਹੋਏ ਹਨ। ਉਹ ਨਿਸ਼ਾਨਾ ਹੈ—"ਰਾਜ ਕਰੇਗਾ ਖਾਲਸਾ" ਜਿਸ ਅਨੁਸਾਰ ਸਿੱਖਾਂ ਦਾ ਬੋਲਬਾਲਾ ਹੋਵੇਗਾ। ਭਾਵੇਂ ਇਹ ਉਮਦੀ ਇਸ ਤਰ੍ਹਾਂ ਵਿਆਖਿਆ ਕੀਤੀ ਗਈ ਸੀ ਕਿ ਇਸ ਦਾ ਭਾਵ "ਪੰਥ ਦੀ ਆਜ਼ਾਦ ਹਸਤੀ ਸਾਕਾਰ ਕਰਨ ਤੋਂ ਬਿਨਾਂ" ਹੋਰ ਕੁਝ ਨਹੀਂ, ਪ੍ਰੰਤੂ ਬਹੁਤ ਸਾਰੇ ਗੈਰ-ਅਕਾਲੀਆਂ ਨੂੰ ਇਸ ਵਿਆਖਿਆ ਤੇ ਯਕੀਨ ਨਾ ਬੱਝਾ। ਉਹਨਾਂ ਨੂੰ ਤਾਂ ਇਹ ਧਰਮ-ਨਿਰਪੇਖ ਭਾਰਤ ਵਿੱਚ ਧਰਮ-ਤੰਤਰ ਸਥਾਪਿਤ ਕਰਨ ਦਾ ਯਤਨ ਜਾਪਿਆ।

ਇਸ ਮਤੇ ਵਿਚਲੀਆਂ ਸਿਆਸੀ ਮੰਗਾਂ, ਪੰਜਾਬ 'ਚੋਂ ਬਾਹਰ ਰਹਿ ਗਏ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਿਲ ਕਰਨ, ਰਾਜ ਦੀਆਂ ਹੱਦਾਂ ਪੁਨਰ ਨਿਰਧਾਰਿਤ ਕਰਨ ਅਤੇ ਕੇਂਦਰੀ ਸਰਕਾਰ ਦੇ ਅਧਿਕਾਰ ਰੱਖਿਆ, ਵਿਦੇਸ਼ੀ ਮਾਮਲੇ, ਡਾਕ ਤਾਰ ਵਿਭਾਗ, ਰੇਲਾਂ, ਸਿੱਕਾ ਜਾਰੀ ਕਰਨ ਤੇ ਪੰਜਾਬ ਤੋਂ ਬਾਹਰ ਰਹਿ ਗਈਆਂ ਸਿੱਖ ਘਟ-ਗਿਣਤੀਆਂ ਦੀ ਸੁਰੱਖਿਆ ਤੱਕ ਸੀਮਤ ਹਨ।

ਮਤੇ ਵਿੱਚ ਕੇਂਦਰੀ ਸਰਕਾਰ ਦੀ ਵਿਦੇਸ਼ ਨੀਤੀ ਨੂੰ ਹਾਨੀਕਾਰਕ ਤੇ ਬੇਫ਼ਾਇਦਾ ਕਹਿਕੇ ਨਿੰਦਿਆ ਕੀਤੀ ਗਈ ਹੈ ਤੇ ਸਰਕਾਰ ਨੂੰ ਨਸੀਹਤ ਕੀਤੀ ਗਈ ਕਿ ਉਹ ਸਭ ਗੁਆਂਢੀ ਦੇਸ਼ਾਂ ਨਾਲ ਖ਼ਾਸ ਕਰਕੇ ਜਿਹਨਾਂ ਵਿੱਚ ਸਿੱਖ ਵਸਦੇ ਹਨ ਜਾਂ ਜਿੱਥੇ ਸਿੱਖਾਂ ਦੇ ਪਵਿੱਤਰ ਧਰਮ ਅਸਥਾਨ ਹਨ, ਚੰਗੇ ਸੰਬੰਧ ਬਣਾਕੇ ਰੱਖੇ। ਇਹ ਇਸ਼ਾਰਾ ਮੁੱਖ ਰੂਪ ਵਿੱਚ ਪਾਕਿਸਤਾਨ ਵੱਲ ਸੀ। ਇਸ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਰੱਖਿਆ ਸੇਵਾਵਾਂ ਵਿੱਚ ਸਿੱਖਾਂ ਦਾ ਅਨੁਪਾਤ ਪਹਿਲਾਂ ਵਾਂਗ ਹੀ ਕਾਇਮ ਰੱਖਿਆ ਜਾਵੇ ਤੇ ਹਰ ਵਿਅਕਤੀ ਨੂੰ ਬਿਨਾਂ ਲਾਇਸੈਂਸ ਹਥਿਆਰ ਰੱਖਣ ਦੀ ਆਗਿਆ ਹੋਵੇ।

ਆਰਥਿਕ ਨੀਤੀ ਵਾਲੇ ਮਤੇ 'ਚੋਂ ਅਕਾਲੀਆਂ ਦੇ ਵਰਗ ਹਿੱਤਾਂ ਦੀ ਝਲਕ ਮਿਲਦੀ

ਹੈ। ਉਹਨਾਂ ਨੇ ਮੰਗ ਕੀਤੀ ਕਿ ਭੂਮੀ ਮਾਲਕ ਦੀ ਉਪਰਲੀ ਹੱਦ 17 ਏਕੜ ਤੋਂ ਵਧਾਕੇ 30 ਏਕੜ ਕੀਤੀ ਜਾਵੇ ਤੇ ਖੇਤੀ ਉਪਜ ਦੀਆਂ ਕੀਮਤਾਂ ਨਿਰਧਾਰਿਤ ਕਰਨ ਲਈ ਵਿਚੋਲਗੀ ਦੀ ਵਿਵਸਥਾ ਖਤਮ ਕੀਤੀ ਜਾਵੇ ਤੇ ਕੀਮਤਾਂ ਆਮ ਕਿਸਾਨ ਦੀ ਉਪਜ ਤੇ ਆਏ ਖਰਚ ਦੇ ਆਧਾਰ ਤੇ ਨਿਰਧਾਰਿਤ ਕੀਤੀਆਂ ਜਾਣ। ਇਹ ਕੀਮਤਾਂ ਕੇਂਦਰੀ ਸਰਕਾਰ ਵਲੋਂ ਨਹੀਂ ਰਾਜ ਸਰਕਾਰ ਵਲੋਂ ਅਗਾਊਂ ਹੀ ਨਿਸਚਿਤ ਕੀਤੀਆਂ ਜਾਣ। ਸਰਕਾਰ ਖੁਦ ਅਨਾਜ ਦਾ ਥੋਕ ਵਪਾਰ ਸੰਭਾਲੇ ਤੇ ਅਨਾਜ ਦੀ ਬੇਰੋਕ ਟੋਕ ਆਵਾਜਾਈ, ਸਾਰੇ ਮੁਲਕ ਨੂੰ ਇਕੋ ਹੀ "ਖੁਰਾਕ-ਖੇਤਰ" ਬਣਾਕੇ ਯਕੀਨੀ ਬਣਾਵੇ।

ਕਿਸਾਨਾਂ ਲਈ ਵਧੇਰੇ ਜ਼ਮੀਨ ਤੇ ਖੁਲ੍ਹੀ ਮੰਡੀ ਵਿੱਚ ਆਪਣੀ ਫਸਲ ਦੀ ਵੱਧ ਤੋਂ ਵੱਧ ਮੰਗ ਕਰਦਿਆਂ, ਮਤੇ ਵਿੱਚ ਇਹ ਮੰਗ ਵੀ ਕੀਤੀ ਗਈ ਕਿ ਸਾਰੇ ਮੂਲ ਉਦਯੋਗਾਂ ਨੂੰ ਸਰਕਾਰੀ ਖੇਤਰ ਵਿੱਚ ਲਿਆਂਦਾ ਜਾਵੇ ਤੇ ਸਾਰੇ ਉਪਭੋਗਤਾ ਉਦਯੋਗਾਂ ਨੂੰ ਜਿਹਨਾਂ ਦਾ ਸੰਬੰਧ ਜ਼ਰੂਰੀ ਵਸਤਾਂ ਨਾਲ ਹੋਵੇ, ਉਹਨਾਂ ਦਾ ਰਾਸ਼ਟਰੀਕਰਨ ਕੀਤਾ ਜਾਵੇ। ਮਤੇ ਵਿੱਚ ਮਜ਼ਦੂਰਾਂ ਪ੍ਰਤੀ ਵੀ ਪੱਖਪਾਤ ਦੀ ਰੁਚੀ ਦਿਖਾਈ ਦਿੰਦੀ ਹੈ। ਉਦਯੋਗਾਂ ਦੇ ਮਜ਼ਦੂਰਾਂ ਲਈ ਮਤੇ ਵਿੱਚ ਲੋੜ ਅਨੁਸਾਰ ਘੱਟੋ ਘੱਟ ਉਜਰਤ ਦੇਣ ਵਿੱਚ ਉਦਾਰਤਾ ਦੀ ਮੰਗ ਕੀਤੀ ਗਈ ਹੈ ਪਰ ਖੇਤੀ ਮਜ਼ਦੂਰਾਂ ਦੇ ਵਾਸਤੇ ਘੱਟੋ ਘੱਟ ਮਜ਼ਦੂਰੀ ਦੀ ਨਜਰਸ਼ਾਨੀ ਕਰਨ ਲਈ ਕਿਹਾ ਗਿਆ ਹੈ ਤੇ ਲੋੜ ਪੈਣ ਤੇ ਹੀ ਵਧਾਉਣ ਲਈ ਕਿਹਾ ਗਿਆ।

ਇਹ ਮਹੱਤਵਪੂਰਨ ਹੈ ਕਿ ਜਦੋਂ ਥੀਨ ਡੈਮ ਦੀ ਤੇਜ਼ੀ ਨਾਲ ਤਕਮੀਲ ਦੀ ਮੰਗ ਕੀਤੀ ਗਈ ਹੈ ਤੇ ਐਟਮੀ ਤਾਕਤ ਨਾਲ ਹਰ ਬਿਜਲੀ ਘਰ ਸਮੇਤ ਹੋਰ ਕਾਰਖਾਨੇ ਕਾਇਮ ਕਰਨ ਦੀ ਗੱਲ ਕੀਤੀ ਗਈ ਹੈ ਪਰ ਇਸਨੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਕੁਝ ਨਾ ਕਿਹਾ ਜੋ ਮਗਰੋਂ ਜਾਕੇ ਅਕਾਲੀ ਦਲ ਦੀ ਕੇਂਦਰ ਸਰਕਾਰ ਤੇ ਗੁਆਂਢੀ ਰਾਜਾਂ ਦੇ ਸੰਬੰਧ ਵਿੱਚ ਇੱਕ ਵੱਡੀ ਮੰਗ ਬਣ ਕੇ ਉਭਰੀ।

ਜਦੋਂ ਬਹੁਤ ਸਾਰੇ ਅਕਾਲੀਆਂ ਨੇ ਇਸ ਗੱਲ ਤੋਂ ਸਾਫ ਇਨਕਾਰ ਕੀਤਾ ਕਿ ਅਨੰਦਪੁਰ ਦਾ ਮਤਾ ਵੱਖਵਾਦ ਦੇ ਬੀਜ ਬੀਜਦਾ ਹੈ ਪਰ ਸਦਾ ਹੀ ਛੋਟੇ ਛੋਟੇ ਧੜੇ ਐਸੇ ਸਨ ਜੋ ਸਦਾ ਇਸ ਗੱਲ ਤੇ ਦ੍ਰਿੜ੍ਹਤਾ ਨਾਲ ਜ਼ੋਰ ਦਿੰਦੇ ਸਨ ਕਿ ਇਸ ਗੱਲ ਤੇ ਆਧਾਰਿਤ ਹੈ ਕਿ ਸਿੱਖ ਇਕ ਵੱਖਰੀ ਕੌਮ ਹਨ ਤੇ ਉਹਨਾਂ ਦਾ ਹੱਕ ਹੈ ਕਿ ਉਹਨਾਂ ਦਾ ਆਪਣਾ ਖੁਦ-ਮੁਖਤਾਰ ਰਾਜ ਹੋਵੇ। ਵੱਖਵਾਦੀਆਂ ਨੂੰ ਅਚਾਨਕ ਹੀ ਕਿਸੇ ਹੋਰ ਪਾਸਿਉਂ ਸਮਰਥਨ ਮਿਲ ਗਿਆ। ਮਾਰਚ 1981 ਵਿੱਚ ਚੀਫ ਖਾਲਸਾ ਦੀਵਾਨ ਨੇ ਗੰਗਾ ਸਿੰਘ ਢਿਲੋਂ ਨੂੰ ਸਿੱਖ ਵਿਦਿਅਕ ਕਾਨਫਰੰਸ ਦੇ ਮੌਕੇ ਤੇ ਭਾਸ਼ਨ ਦੇਣ ਲਈ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ। ਉਸ ਨੇ ਉੱਥੇ ਦੂਸਰੇ ਭਾਰਤੀਆਂ ਨਾਲੋਂ ਸਿੱਖਾਂ ਨੂੰ ਇੱਕ ਵੱਖਰੀ ਕੌਮ ਦੱਸਿਆ ਤੇ ਸਮਾਗਮ ਵਿੱਚ ਹਾਜਰ ਲੋਕਾਂ ਨੂੰ ਇਹ ਪਰੇਰਨਾ ਦਿੱਤੀ ਕਿ ਉਹ ਸੰਯੁਕਤ ਰਾਸ਼ਟਰ ਤੋਂ ਸਿੱਖਾਂ ਲਈ ਸਹਿਯੋਗੀ ਦਰਜੇ ਦੀ ਮੰਗ ਕਰਨ। ਚੀਫ ਖ਼ਾਲਸਾ ਦੀਵਾਨ ਨੇ ਇਕ ਮਹੀਨੇ ਮਗਰੋਂ ਇਕ ਹੋਰ ਮਤਾ ਪਾਸ ਕੀਤਾ ਜਿਸ ਵਿੱਚ ਪਹਿਲੇ ਮਤੇ ਨੂੰ ਦੀਵਾਨ ਦੇ ਮਨੋਰਥਾਂ ਵਿਰੁੱਧ ਦੱਸਕੇ ਰੱਦ ਕਰ ਦਿੱਤਾ। ਪਰੰਤੂ ਸ਼ਰਾਰਤ ਤਾਂ ਹੋ ਹੀ ਗਈ ਸੀ ਕਿਉਂਕਿ ਸਭ ਤੋਂ ਪੁਰਾਣੀ ਤੇ ਸਭ ਤੋਂ ਵਧੇਰੇ ਸਤਿਕਾਰਿਤ ਸਮਾਜਕ-ਰਾਜਸੀ ਸੰਸਥਾ ਨੇ ਅਣਜਾਣੇ ਹੀ ਵੱਖ ਵਾਦ ਦੇ ਸਿਧਾਂਤ ਦੇ ਪਰਚਾਰ ਲਈ ਆਪਣਾ

ਸਮਾਰੋਹ ਅਸਥਾਨ ਵਰਤਣ ਦੀ ਆਗਿਆ ਦੇ ਦਿੱਤੀ ਸੀ।[8]

ਜਦੋਂ ਅਕਾਲੀਆਂ ਹੱਥ ਹਕੂਮਤ ਸੀ ਜਿਵੇਂ ਅਨੰਦਪੁਰ ਦਾ ਰਸਮੀ ਮਤਾ ਪਾਸ ਕਰਨ ਵੇਲੇ ਉਹਨਾਂ ਦੀ ਹਕੂਮਤ ਸੀ, ਤੇ ਫਿਰ ਜਨਤਾ ਹਕੂਮਤ ਸਮੇਂ ਵੀ ਉਹਨਾਂ ਨੇ ਮਤੇ ਦੀ ਪਰਵਾਨਗੀ ਲਈ ਕੇਂਦਰੀ ਸਰਕਾਰ ਤੇ ਦਬਾਅ ਨਾ ਪਾਇਆ। ਉਹਨਾਂ ਨੇ ਆਪਣੇ ਪੁਰਾਵਿਸ਼ੇਸ਼ਕੀ" ਭੱਥੇ ਵਿੱਚ ਇਸ ਹਥਿਆਰ ਨੂੰ ਲੁਕਾ ਕੇ ਨਹੀਂ ਰੱਖਿਆ ਸੀ, ਜਦੋਂ ਵੀ ਉਹ ਹਕੂਮਤ ਤੋਂ ਲਾਂਭੇ ਹੁੰਦੇ ਉਹ ਇਸ ਨੂੰ ਬਾਹਰ ਕੱਢ ਕੇ ਘੁਮਾਉਣ ਲੱਗ ਜਾਂਦੇ ਤੇ ਇਸ ਦੀ ਅਪਰਵਾਨਗੀ ਨੂੰ ਅੰਦੋਲਨ ਲਈ ਉਚਿੱਤ ਸ਼ਿਕਾਇਤ ਵਜੋਂ ਵਰਤਦੇ। ਜਦੋਂ ਉਹਨਾਂ ਲਈ ਢੁੱਕਵਾਂ ਮੌਕਾ ਹੁੰਦਾ ਉਹ ਇਸ ਨੂੰ ਵਧੇਰੇ ਅਧਿਕਾਰਾਂ ਦੀ ਮੰਗ ਕਰਨ ਲਈ ਕਮਿਊਨਿਸਟ ਪਾਰਟੀਆਂ, ਜਨਤਾ ਪਾਰਟੀ ਤੇ ਹੋਰ ਖੇਤਰੀ ਦਲਾਂ ਡੀ.ਐਮ.ਕੇ., ਏ.ਆਈ.ਡੀ.ਐਮ.ਕੇ. ਤੇ ਤੇਲਗੂ ਦੇਸ਼ਮ ਵਾਂਗ ਹੀ ਵਰਤਦੇ। ਉਹਨਾਂ ਦੀ ਮੰਗ ਵਿੱਚ ਇਕ ਰੁਕਾਵਟ ਇਹ ਸੀ ਕਿ ਉਹ ਸਿੱਖਾਂ ਦੀ ਨਿਰੋਲ ਪਾਰਟੀ ਹੋਣ ਕਰਕੇ ਪੰਜਾਬੀ ਹਿੰਦੂਆਂ ਦਾ ਸਮਰਥਨ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰਦੇ ਸਨ ਤੇ ਇਸ ਤਰ੍ਹਾਂ ਉਹਨਾਂ ਦੀ ਮੰਗ ਨੂੰ ਫਿਰਕਾ ਪ੍ਰਸਤੀ ਦੀ ਰੰਗਤ ਦੇ ਕੇ ਬਦਨਾਮ ਕਰ ਦਿੱਤਾ ਗਿਆ। ਸਿੱਖਾਂ ਨੂੰ ਵੱਖਰੀ ਕੌਮ ਕਹਿਣਾ ਵੀ ਦੂਸਰਿਆਂ ਲਈ ਉਤੇਜਨਾ ਭਰਪੂਰ ਤੇ ਚਿੜਾਉਣ ਵਾਲੀ ਗੱਲ ਸੀ। ਭਾਵੇਂ ਅਕਾਲੀ ਨੇਤਾਵਾਂ ਨੇ ਇਹ ਦੱਸਣ ਦੀ ਕਿਤਨੀ ਵੀ ਕੋਸ਼ਿਸ਼ ਕੀਤੀ ਕਿ ਵੱਖਰੀ ਕੌਮ ਤੋਂ ਉਹਨਾਂ ਦਾ ਭਾਵ ਵੱਖਰਾ ਧਰਮ ਹੈ ਜਾਂ ਵੱਖਰੀ ਧਾਰਮਕ ਪਛਾਣ ਹੈ ਤੇ ਉਹ ਕੋਈ ਵੱਖਰੀ ਕੌਮ ਨਹੀਂ ਹਨ, ਪਰ ਉਹਨਾਂ ਦੀ ਪਾਰਟੀ ਵਿੱਚ ਹੀ ਕਈ ਹੋਰ ਲੋਕ ਸਨ ਜੋ ਇਹ ਗੱਲ ਦਾ ਕੋਈ ਲੁਕਾ ਨਹੀਂ ਰੱਖਦੇ ਸਨ ਕਿ ਆਨੰਦਪੁਰ ਦਾ ਮਤਾ ਆਪਣੀ ਵੱਖਰੀ ਕੌਮ ਵਜੋਂ ਪਛਾਣ ਸਥਾਪਿਤ ਕਰਨ ਦੀ ਇੱਛਾ ਦਾ ਪਰਗਟਾਵਾ ਹੈ।

ਸ਼੍ਰੀਮਤੀ ਗਾਂਧੀ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਅਕਾਲੀ ਜਦੋਂ ਤਾਕਤ ਵਿੱਚ ਹੁੰਦੇ ਹਨ ਤਾਂ ਉਹ ਗੱਦੀ ਲੱਥੇ ਹੋਣ ਵੇਲੇ ਨਾਲੋਂ ਬਿਲਕੁਲ ਵੱਖਰੀ ਖਸਲਤ ਦੇ ਮਾਲਕ ਬਣ ਜਾਂਦੇ ਸਨ। ਜੇ ਉਹਨਾਂ ਨੂੰ ਪੰਜਾਬ ਉਪਰ ਹਕੂਮਤ ਕਰਨ ਦੀ ਖੁਲ੍ਹ ਹੋਵੇ ਜਾਂ ਉਹਨਾਂ ਨਾਲ ਸਾਂਝ ਹੋਵੇ ਤਾਂ ਉਹ ਕੇਂਦਰੀ ਸਰਕਾਰ ਨਾਲ ਸਹਿਯੋਗ ਕਰਨ ਲਈ ਤਿਆਰ ਰਹਿੰਦੇ ਸਨ। ਜਦੋਂ ਉਹ ਹਕੂਮਤ ਤੋਂ ਲਾਂਭੇ ਕਰ ਦਿੱਤੇ ਜਾਂਦੇ ਸਨ ਤਾਂ ਉਹ ਅੰਦੋਲਨ ਸ਼ੁਰੂ ਕਰਨ ਲਈ ਸ਼ੇਰ ਬਣ ਜਾਂਦੇ ਤੇ ਸਰਕਾਰ ਲਈ ਮੁਸ਼ਕਲਾਂ ਖੜੀਆਂ ਕਰ ਦਿੰਦੇ। ਜਦੋਂ ਸ਼੍ਰੀਮਤੀ ਗਾਂਧੀ ਨੇ 1980 ਦੀਆਂ ਲੋਕ-ਸਭਾ ਚੋਣਾ ਜਿੱਤ ਲਈਆਂ ਤਾਂ ਬਾਦਲ ਨੇ ਉਸਨੂੰ ਕਹਿਲਾ ਭੇਜਿਆ ਕਿ ਜੇ ਪੰਜਾਬ ਵਿੱਚ ਉਹਦੀ ਸਰਕਾਰ ਨੂੰ ਨਾ ਛੇੜਿਆ ਜਾਵੇ ਤਾਂ ਉਹ ਕੇਂਦਰ ਨਾਲ ਸਹਿਯੋਗ ਕਰਨ ਲਈ ਤਿਆਰ ਸੀ। ਸ਼੍ਰੀਮਤੀ ਗਾਂਧੀ ਨੇ ਉਸ ਦੀ ਪੇਸ਼ਕਸ਼ ਠੁਕਰਾ ਦਿੱਤੀ। ਉਸ ਨੇ ਤਾਂ ਅਕਾਲੀਆਂ ਨਾਲ ਹਿਸਾਬ ਕਿਤਾਬ ਚੁਕਤਾ ਕਰਨਾ ਸੀ ਕਿਉਂਕਿ ਉਹਨਾਂ ਨੇ

---

8. ਗੁਰਤੇਜ ਸਿੰਘ ਬਰਾੜ ਨੇ, ਜੋ ਆਈ.ਏ.ਐਸ. ਦਾ ਇੱਕ ਉੱਚ ਅਧਿਕਾਰੀ ਸੀ, ਜਨਤਕ ਇਕੱਠ ਵਿੱਚ ਕਿਹਾ,"ਸਿੱਖ ਕੌਮ ਦਾ ਸਿਧਾਂਤ ਸਿੱਖਾਂ ਵਿੱਚ ਗੁਰੂ ਨਾਨਕ ਦੇ ਸਮੇਂ ਤੋਂ ਹੈ।" ਉਸ ਨੇ ਗੱਲ ਜਾਰੀ ਰੱਖਦਿਆਂ ਕਿਹਾ,"ਸੰਤ ਜਰਨੈਲ ਸਿੰਘ ਭਿੰਡਰਾਵਾਲ਼ੇ ਸਿੱਖਾਂ ਦੀ ਅਗਵਾਈ ਕਰਨ ਵਾਲੇ ਤੇ ਸੱਚਾਈ ਤੇ ਨੇਕੀ ਦੇ ਪੰਧ ਤੇ ਅਗਵਾਈ ਦੇਣ ਵਾਲੇ ਹੋਰ ਵੀ ਹੋਣੇ ਚਾਹੀਦੇ ਹਨ। ਇੰਡੀਆ ਟੂਡੇ "30 ਅਪ੍ਰੈਲ 1983" ਪੰ. 20. ਬਰਾੜ ਨੂੰ 1982 ਅਗਸਤ ਵਿੱਚ ਬਰਤਰਫ ਕਰ ਦਿੱਤਾ ਗਿਆ ਸੀ ਤੇ ਉਹ ਭਿੰਡਰਾਂਵਾਲੇ ਨਾਲ ਰਲ ਗਿਆ।

ਜੈ ਪਰਕਾਸ਼ ਨਾਰਾਇਣ ਦਾ ਸਮਰਥਨ ਕੀਤਾ ਸੀ ਤੇ ਉਹਨਾਂ ਨੇ ਉਸ ਵਲੋਂ ਲਾਈ ਗਈ ਐਮਰਜੈਂਸੀ ਵਿਰੁੱਧ ਸ਼ਾਂਤਮਈ ਅੰਦੋਲਨ ਜਾਰੀ ਰੱਖਿਆ ਸੀ ਜੋ ਉਸ ਨੇ ਮੁਲਕ ਵਿੱਚ 26 ਜੂਨ 1975 ਨੂੰ ਸ਼ੁਰੂ ਕਰਕੇ 18 ਮਹੀਨੇ ਲਾਈ ਰੱਖੀ ਸੀ। ਉਸ ਨੂੰ ਜਨਤਕ ਸਮਰਥਨ ਪ੍ਰਾਪਤ ਸੀ ਤੇ ਪੰਜਾਬ ਵਿਧਾਨ ਸਭਾ ਲਈ ਚੋਣਾਂ ਵਿੱਚ ਬਹੁ ਗਿਣਤੀ ਪ੍ਰਾਪਤ ਕਰਨ ਤੇ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਬਣਾਉਣ ਵਿੱਚ ਉਸਨੂੰ ਕੋਈ ਮੁਸ਼ਕਲ ਨਾ ਆਈ।[9]

ਅਕਾਲੀਆਂ ਨੂੰ ਪਤਾ ਸੀ ਕਿ ਚੋਣਾਂ ਵਿੱਚ ਵੋਟਾਂ ਦੀ ਗਿਣਤੀ ਮਿਣਤੀ ਕਾਂਗਰਸ ਨੂੰ ਗੱਦੀਓਂ ਲਾਹੁਣ ਲਈ ਉਹਨਾਂ ਦੇ ਨਾਲ ਨਹੀਂ ਹੈ ਇਸ ਲਈ ਉਹਨਾਂ ਨੇ ਹਕੂਮਤ ਲਈ ਮੁਸ਼ਕਲਾਂ ਪੈਦਾ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਗਸਤ 1980 ਤੇ ਸਤੰਬ 1981 ਦੇ ਵਿਚਕਾਰ ਉਹਨਾਂ ਨੇ ਲਗਾਤਾਰ ਸੱਤ ਅੰਦੋਲਨ ਕੀਤੇ ਤੇ 25000 ਸੈ੍-ਸੇਵਕਾਂ ਦੀ ਗ੍ਰਿਫਤਾਰੀ ਦਿੱਤੀ। ਜਦੋਂ ਕੇਂਦਰੀ ਸਰਕਾਰ ਨੇ ਉਹਨਾਂ ਨੂੰ ਆਪਣੀਆਂ ਮੰਗਾਂ ਦੱਸਣ ਲਈ ਕਿਹਾ ਤਾਂ ਉਹਨਾਂ ਨੇ 45 ਮੰਗਾਂ ਦੀ ਸੂਚੀ ਭੇਜ ਦਿੱਤੀ।[10] ਕਈ ਤਾਂ ਮਹੱਤਵਪੂਰਨ ਸਨ। ਪੰਜਾਬ ਨੂੰ ਚੰਡੀਗੜ੍ਹ ਨਹੀਂ ਦਿੱਤਾ ਗਿਆ ਸੀ। (ਬਾਦਲ ਜਦੋਂ ਮੁੱਖ ਮੰਤਰੀ ਸੀ ਉਸਨੇ ਉਸ ਸਮੇਂ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ ਲਈ ਦਬਾਅ ਨਹੀਂ ਪਾਇਆ ਸੀ।) ਰਾਜ ਦੀਆਂ ਹੱਦਾਂ ਪੁਨਰ-ਨਿਰਧਾਰਿਤ ਨਹੀਂ ਕੀਤੀਆਂ ਗਈਆਂ ਸਨ ਤੇ ਕਈ ਪੰਜਾਬੀ ਬੋਲਦੇ ਪਿੰਡ ਗੁਆਂਢੀ ਰਾਜਾਂ ਵਿੱਚ ਰਹਿ ਗਏ ਸਨ। ਪੰਜਾਬ ਦੀ ਦਰਿਆਈ ਪਾਣੀਆਂ ਦੀ ਨਿਆਂ ਸੰਗਤ ਵੰਡ ਮੰਨੀ ਨਹੀਂ ਗਈ ਸੀ। ਪੰਜਾਬ ਵਿੱਚ ਕੋਈ ਭਾਰੀ ਉਦਯੋਗ ਨਹੀਂ ਸੀ ਤੇ ਪੰਜਾਬ ਨੂੰ ਬੜੀ ਘੱਟ ਕੇਂਦਰੀ ਸਹਾਇਤਾ ਮਿਲਦੀ ਸੀ। ਸੈਨਾ ਵਿੱਚ ਸਿੱਖਾਂ ਦਾ ਅਨੁਪਾਤ ਤੇਜ਼ੀ ਨਾਲ ਘੱਟ ਰਿਹਾ ਸੀ। ਪੰਜਾਬੀ ਕਿਸਾਨਾਂ ਨੂੰ ਉੱਤਰ ਪ੍ਰਦੇਸ਼ ਵਿਚੋਂ ਬੇਦਖਲ ਕੀਤਾ ਜਾ ਰਿਹਾ ਸੀ। ਸਰਵ-ਭਾਰਤੀ ਗੁਰਦੁਆਰਾ ਕਾਨੂੰਨ ਨਹੀਂ ਬਣਾਇਆ ਗਿਆ ਸੀ। ਸਿੱਖਾਂ ਦੇ ਧਾਰਮਕ ਮਾਮਲਿਆਂ ਤੇ ਗੁਰਦੁਆਰਾ ਪ੍ਰਬੰਧ ਵਿੱਚ ਸਰਕਾਰੀ ਦਖਲ ਦਿੱਤਾ ਜਾ ਰਿਹਾ ਸੀ। ਪਹਿਲੀ ਵਾਰ ਸਿੱਖ "ਪਰਸਨਲ ਲਾਅ" ਦੀ ਅਪਰਵਾਨਗੀ ਨੂੰ ਇਕ ਸ਼ਿਕਾਇਤ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਸੂਚੀ ਵਿੱਚ ਕੁਝ ਨਿਗੂਣੇ ਧਾਰਮਕ ਮਹੱਤਵ ਦੀਆਂ ਮੰਗਾਂ ਵੀ ਸ਼ਾਮਲ ਸਨ ਜਿਵੇਂ ਕਿ ਅੰਮ੍ਰਿਤਸਰ ਨੂੰ ਵੀ ਕੁਰੂਖਸ਼ੇਤਰ, ਹਰਦੁਆਰ ਤੇ ਵਾਰਾਣਸੀ ਵਾਂਗ ਪਵਿੱਤਰ ਸ਼ਹਿਰ ਘੋਸ਼ਿਤ ਕੀਤਾ ਜਾਵੇ ਜਿੱਥੇ ਤੰਬਾਕੂ ਤੇ ਸ਼ਰਾਬ ਦੀ ਵਿਕਰੀ ਮਨ੍ਹਾ ਹੋਵੇ, ਸਵਰਨ ਮੰਦਰ ਦਾ ਧਾਰਮਕ ਸ਼ਬਦ ਗਾਇਣ ਦੇ ਪਰਸਾਰਨ ਲਈ ਆਪਣਾ ਕੇਂਦਰ ਹੋਵੇ। ਫਲਾਇੰਗ ਮੇਲ ਦਾ ਨਾਮ ਹਰਿਮੰਦਰ ਐਕਸਪ੍ਰੈਸ ਰੱਖਿਆ ਜਾਵੇ।[11] ਜਦੋਂ ਇਹਨਾਂ

---

9. ਦਰਬਾਰਾ ਸਿੰਘ ਦਾ ਜਨਮ 1916 ਵਿੱਚ ਪਿੰਡ ਜੰਡਿਆਲਾ (ਜ਼ਿਲਾ ਜਲੰਧਰ ਵਿੱਚ) ਜੌਹਲ ਜੱਟਾਂ ਦੇ ਘਰ ਹੋਇਆ। ਉਹ 1942 ਵਿੱਚ "ਭਾਰਤ ਛੋੜੋ ਲਹਿਰ" ਵਿੱਚ ਸ਼ਾਮਲ ਹੋਇਆ ਤੇ ਤਿੰਨ ਸਾਲ ਜੇਹਲ ਵਿੱਚ ਰਿਹਾ। ਉਹ ਕਾਂਗਰਸ ਟਿਕਟ ਤੇ ਪੰਜਾਬ ਵਿਧਾਨ ਸਭਾ ਲਈ ਚੁਣਿਆ ਗਿਆ ਤੇ ਮਗਰੋਂ ਵੀ ਉਸ ਹਲਕੇ ਤੋਂ ਕਈ ਵਾਰ ਜਿੱਤਿਆ। ਉਹ 1980 ਤੋਂ 6 ਅਕਤੂਬਰ 1983 ਤੱਕ ਪੰਜਾਬ ਦਾ ਮੁੱਖ ਮੰਤਰੀ ਰਿਹਾ। ਫਿਰ ਉਹ ਰਾਜਯ ਸਭਾ ਲਈ ਚੁਣਿਆ ਗਿਆ।
10. ਵੇਖੋ ਅੰਤਿਕਾ?
11. ਇਸ ਮੰਗ ਦੀ ਉਚਿੱਤਤਾ ਦਸਦਿਆਂ ਕਿਹਾ ਗਿਆ ਕਿ ਹਿੰਦੂਆਂ ਦੇ ਤੀਰਥ ਅਸਥਾਨਾਂ ਦੇ ਨਾਂ ਤੇ 15 ਗੱਡੀਆਂ ਚਲਦੀਆਂ ਹਨ ਪਰ ਸਿੱਖਾਂ ਦੇ ਧਰਮ ਅਸਥਾਨਾਂ ਦੇ ਨਾਮ ਤੇ ਇੱਕ ਗੱਡੀ ਵੀ ਨਹੀਂ ਸੀ।

ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਗਿਆ ਤਾਂ ਅਕਾਲੀਆਂ ਨੇ "ਧਰਮ ਯੁੱਧ ਮੋਰਚਾ" ਲਾਉਣ ਦਾ ਫੈਸਲਾ ਕੀਤਾ ਤੇ ਸੰਤ ਲੌਂਗੋਵਾਲ ਨੂੰ ਇਸ ਦਾ ਪ੍ਰਬੰਧ ਕਰਨ ਲਈ ਨਿਯੁਕਤ ਕਰ ਦਿੱਤਾ। ਇਹ "ਧਰਮ ਯੁੱਧ ਕਿਉਂ?" ਨਾਮ ਦੀ ਇੱਕ ਚੁਪੱਤਰੀ ਵਿੱਚ ਉਹਨਾਂ ਨੇ ਆਪਣੇ ਮਨੋਰਥਾਂ ਦਾ ਇਸ ਤਰ੍ਹਾਂ ਵਰਣਨ ਕੀਤਾ: "ਸਿੱਖ ਭਾਰਤ ਸਰਕਾਰ ਵਿਰੁੱਧ ਮੋਰਚਾ ਲਾਉਣ ਲਈ ਇਸ ਕਰਕੇ ਮਜਬੂਰ ਹੋਏ ਹਨ ਕਿਉਂਕਿ ਰਾਜ ਕਰ ਰਹੀ ਪਾਰਟੀ ਨੂੰ ਆਜ਼ਾਦੀ ਮਿਲਣ ਸਮੇਂ ਕੀਤੇ ਆਪਣੇ ਸਾਰੇ ਵਾਅਦੇ ਹੀ ਨਹੀਂ ਭੁਲਾਏ ਸਗੋਂ ਜਾਣ ਬੁਝ ਕੇ ਲਗਾਤਾਰ ਉਸ ਵੇਲੇ ਤੋਂ ਹੀ ਈਰਖਾ ਵੱਸ ਸਿੱਖਾਂ ਨੂੰ ਦੂਸਰੇ ਦਰਜੇ ਦੇ ਸ਼ਹਿਰੀ ਬਣਾ ਦਿੱਤਾ ਹੈ।"[12]

ਸ਼੍ਰੀਮਤੀ ਗਾਂਧੀ ਨੇ ਧਰਮ ਯੁੱਧ ਮੋਰਚੇ ਨੂੰ ਗੰਭੀਰਤਾ ਨਾਲ ਨਾ ਵਿਚਾਰਿਆ। ਦਰਬਾਰਾ ਸਿੰਘ ਨੇ ਵੀ ਭਰੋਸਾ ਦਿੱਤਾ ਕਿ ਉਹ ਇਸ ਨਾਲ ਨਿਪਟ ਲਵੇਗਾ। ਉਹਨਾਂ ਵਿਚੋਂ ਕਿਸੇ ਨੇ ਵੀ ਇਹ ਨਾ ਸੋਚਿਆ ਕਿ ਉਹ ਜਿਤਨਾ ਹੀ ਅਕਾਲੀ ਮੰਗਾਂ ਪ੍ਰਤੀ ਟਾਲਮਟੋਲ ਕਰਨਗੇ, ਉਤਨਾ ਹੀ ਨਰਮ ਖਿਆਲੀ ਅਕਾਲੀ ਉੱਗਰ ਵਿਚਾਰਾਂ ਵਾਲੇ ਤੇ ਖਾਲਿਸਤਾਨੀਆਂ ਦੇ ਦਬਾਅ ਹੇਠ ਆ ਜਾਣਗੇ।

ਅਕਤੂਬਰ 1981 ਵਿੱਚ ਅਕਾਲੀਆਂ ਨੇ ਆਪਣੀਆਂ ਮੰਗਾਂ ਘਟਾਕੇ 15 ਮੰਗਾਂ ਦੀ ਸੂਚੀ ਪੇਸ਼ ਕੀਤੀ।[13] ਇਸ ਵਿੱਚ ਉਹਨਾਂ ਨੇ ਇਹ ਗੱਲ ਦੁਹਰਾਈ ਕਿ "ਆਨੰਦਪੁਰ ਸਾਹਿਬ ਦਾ ਮਤਾ" ਵੱਧਵਾਦੀ ਨਹੀਂ ਹੈ ਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ "ਇਸ ਦੀ ਪਰਵਾਨਗੀ ਰਾਜਾਂ ਦੀ ਉਨੱਤੀ ਤੇ ਕੇਂਦਰੀ ਦੀ ਖੁਸ਼ਹਾਲੀ ਦੀ ਜ਼ਾਮਨ ਹੋਵੇਗੀ।"[14] ਇਸ ਸੂਚੀ ਵਿੱਚ ਭਿੰਡਰਾਂਵਾਲੇ ਦੀ ਰਿਹਾਈ ਦੀ ਮੰਗ ਵੀ ਸੀ ਜੋ ਉਸ ਸਮੇਂ ਜੇਹਲ ਵਿੱਚ ਸੀ। "ਪੰਜਾਬ ਐਂਡ ਸਿੰਧ ਬੈਂਕ" ਜਿਸਦਾ ਰਾਸ਼ਟਰੀਕਰਨ ਕੀਤਾ ਜਾ ਚੁੱਕਾ ਸੀ, ਉਸਦੀ ਥਾਂ ਤੇ ਨਵੀਂ ਬੈਂਕ ਖੋਲ੍ਹਣ ਲਈ ਲਾਇਸੈਂਸ (ਆਗਿਆ ਪੱਤਰ) ਦੀ ਮੰਗ ਕੀਤੀ ਗਈ ਸੀ ਤੇ ਉਹਨਾਂ ਗੁਆਂਢੀ ਰਾਜਾਂ ਵਿੱਚ ਜਿੱਥੇ ਪੰਜਾਬੀ ਸਚਮੁੱਚ ਹੀ ਸਭ ਤੋਂ ਵੱਧ ਬੋਲੀ ਜਾਂਦੀ ਦੂਸਰੀ ਭਾਸ਼ਾ ਸੀ, ਉਸ ਲਈ ਹਿਮਾਚਲ, ਹਰਿਆਣਾ ਰਾਜਸਥਾਨ ਤੇ ਦਿੱਲੀ ਵਿੱਚ ਦੂਸਰੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਕੀਤੀ ਗਈ ਸੀ।[15] ਅਸਲੀਅਤ ਇਹ ਸੀ ਕਿ ਨਾ ਤਾਂ

---

12. ਸਤਿੰਦਰ ਸਿੰਘ, ਖਾਲਿਸਤਾਨ, ਪੰ. 54।
13. ਵੇਖੋ ਅੰਤਿਕਾ।
14. ਵੇਖੋ ਅੰਤਿਕਾ।
15. 1984 ਜਨਵਰੀ ਵਿੱਚ ਹੀ ਅਕਾਲੀਆਂ ਨੇ ਵੱਖਰੇ ਸਿੱਖ ਪਰਸਨਲ ਲਾਅ ਲਈ ਸੰਵਿਧਾਨ ਦੀ 25 ਧਾਰਾ 'ਚ ਸੋਧ ਦੀ ਮੰਗ ਕਰਕੇ ਇਸਨੂੰ ਤਰਤੀਬ ਦਿੱਤੀ। ਉਹਨਾਂ ਦਾ ਮਨੋਰਥ "ਹਿੰਦੂ ਵਿਆਹ ਕਾਨੂੰਨ" ਤੇ "ਹਿੰਦੂ ਵਿਰਾਸਤ ਕਾਨੂੰਨ" ਨੂੰ ਸਿੱਖਾਂ ਤੇ ਲਾਗੂ ਕਰਨ ਤੋਂ ਛੁਟਕਾਰਾ ਪਾਉਣਾ ਸੀ। ਸਿੱਖਾਂ ਦਾ ਆਪਣਾ "ਆਨੰਦ ਵਿਆਹ ਕਾਨੂੰਨ" ਸੀ, ਅਕਾਲੀ ਨੇਤਾਵਾਂ ਦਾ ਵਿਚਾਰ ਸੀ ਕਿ ਲੜਕੀਆਂ ਨੂੰ ਆਪਣੇ ਪਿਤਾ ਦੀ ਜਾਇਦਾਦ 'ਚੋਂ ਭਰਾਵਾਂ ਦੇ ਬਰਾਬਰ ਹੱਕ ਦੇਣ ਦੀ ਥਾਂ, ਉਹਨਾਂ ਨੂੰ ਵਿਆਹ ਪਿੱਛੋਂ ਸੁਹਰੇ ਦੀ ਜਾਇਦਾਦ 'ਚੋਂ ਬਰਾਬਰ ਦਾ ਹਿੱਸਾ ਮਿਲਣਾ ਚਾਹੀਦਾ ਹੈ। ਉਹਨਾਂ ਦਾ ਇਤਰਾਜ਼ ਧਾਰਾ 25 ਦੀ ਉਪਧਾਰਾ 2 ਦੀ ਲਾਈ ਹੋਈ ਵਿਆਖਿਆ ਦੀ ਸ਼ਬਦਾਵਲੀ ਵਿਰੁੱਧ ਵੀ ਸੀ। ਭਾਵੇਂ ਇਹ ਕਾਫੀ ਵਿਆਖਿਆਤਮਕ ਸੀ ਤੇ ਇਸ ਵਿੱਚ ਦੱਸਿਆ ਗਿਆ ਸੀ ਕਿਰਪਾਨ ਦੀ ਸੰਭਾਲ ਤੇ ਪਹਿਨਣ ਦਾ ਭਾਵ ਇਹ ਲਿਆ ਜਾਵੇਗਾ ਕਿ ਉਹ ਸਿੱਖ ਧਰਮ ਮੰਨਦਾ ਹੈ, ਜੈਨ ਜਾਂ ਬੁੱਧ ਧਰਮ ਤੇ ਇਸ ਅਨੁਸਾਰ ਹੀ ਹਿੰਦੂ ਧਰਮਾਂ ਦੇ ਅਰਥ ਲਏ ਜਾਣਗੇ।

45 ਤੇ ਨਾ ਹੀ 15 ਮੰਗਾਂ ਵਿੱਚ ਕੋਈ ਐਸੀ ਮੰਗ ਸੀ ਜਿਸਨੂੰ ਵੱਖ ਵਾਦੀ ਜਾਂ ਅਸੰਵਿਧਾਨਕ ਕਹਿਕੇ ਤੋੜ ਮਰੋੜ ਕੇ ਪੇਸ਼ ਕੀਤਾ ਜਾ ਸਕਦਾ। ਕਿਸੇ ਵੀ ਸੂਚੀ ਵਿੱਚ ਆਨੰਦਪੁਰ ਸਾਹਿਬ ਦੇ ਮਤੇ ਵਿਚਲੇ ਸ਼ਬਦਾਂ ਦੀ ਚੋਣ ਵਿੱਚ ਵੀ ਕੋਈ ਸਮਾਨਤਾ ਨਹੀਂ ਸੀ ਜਿਹਨਾਂ ਰਾਹੀਂ ਵੱਖਰੀ ਪਛਾਣ ਜਾਂ ਸਰਵ-ਉੱਚਤਾ ਦੀ ਗੱਲ ਕਹੀ ਗਈ ਹੋਵੇ। ਸਿਰਫ ਇਸ ਗੱਲ ਦੀ ਲੋੜ ਸੀ ਕਿ ਅਕਾਲੀਆਂ ਨਾਲ, ਸੰਬੰਧਿਤ ਸਰਕਾਰਾਂ ਤੇ ਕੇਂਦਰ ਵਿੱਚ ਕਿਸੇ ਸੁਹਿਰਦਤਾਪੂਰਨ ਸਮਝੌਤੇ ਤੇ ਪਹੁੰਚਣ ਲਈ ਸੌਦੇਬਾਜ਼ੀ ਜਾਂ ਲੈਣ ਦੇਣ ਕੀਤਾ ਜਾਂਦਾ। ਪ੍ਰੰਤੂ ਸ੍ਰੀਮਤੀ ਗਾਂਧੀ ਨੂੰ ਕੋਈ ਵੀ ਸਮਝੌਤਾ ਰਾਸ ਨਹੀਂ ਆਉਂਦਾ ਸੀ, ਜਿਸ ਨੂੰ ਹਿੰਦੂਆਂ ਦੀ ਕੀਮਤ ਤੇ ਸਿੱਖਾਂ ਪ੍ਰਤੀ ਰਿਆਇਤ ਸਮਝਕੇ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ। ਉਸ ਦੀ ਅੱਖ ਤਾਂ ਦ੍ਰਿੜ੍ਹਤਾ ਨਾਲ ਆਪਣੀ ਪਾਰਟੀ ਲਈ ਗੁਆਂਢੀ ਰਾਜਾਂ ਵਿੱਚ ਹੋਣ ਵਾਲੀਆਂ ਚੋਣਾਂ ਦੀਆਂ ਸੰਭਾਵਨਾਂ ਉਪਰ ਟਿਕੀ ਹੋਈ ਸੀ। ਤੇ ਉਸ ਸਮੇਂ ਹਰਿਆਣਾ ਵਿੱਚ ਚੋਣਾਂ ਹੋਣ ਵਾਲੀਆਂ ਸਨ।

"ਪੰਜਾਬ ਅੰਦੋਲਨ ਬਾਰੇ ਸਰਕਾਰੀ ਰਿਪੋਰਟ" ਵਿੱਚ ਸਰਕਾਰ ਨੇ ਇਹ ਦੱਸਣ ਦੀ ਪੂਰੀ ਵਾਹ ਲਾਈ ਕਿ ਉਹ ਅਕਾਲੀਆਂ ਨੂੰ ਮਨਾਉਣ ਲਈ ਪੂਰਾ ਪਿੱਛੇ ਹਟੀ ਹੈ ਪਰ ਅਕਾਲੀਆਂ ਨੇ ਹਰ ਵਾਰ ਆਪਣਾ ਇਰਾਦਾ ਬਦਲ ਬਦਲ ਕੇ ਉਸ ਦੇ ਯਤਨਾਂ ਨੂੰ ਅਸਫਲ ਬਣਾ ਦਿੱਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਕੇਂਦਰ ਦੇ ਸਰਕਾਰੀ ਤੇ ਅਕਾਲੀ ਨੇਤਾਵਾਂ ਨਾਲ 16 ਨਵੰਬਰ 1981 ਤੋਂ ਲੈਕੇ 2 ਫਰਵਰੀ 1984 ਤੱਕ ਹੋਈਆਂ 26 ਮੁਲਾਕਾਤਾਂ, ਤਿੰਨ ਪ੍ਰਧਾਨ ਮੰਤਰੀ ਨਾਲ, ਚਾਰ ਕੇਂਦਰੀ ਮੰਤਰੀ-ਮੰਡਲ ਨਾਲ ਤੇ 9 ਗੁਪਤ ਤੇ 10 ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੀ ਹਾਜ਼ਰੀ 'ਚ ਹੋਈਆਂ ਮੁਲਾਕਾਤਾਂ ਦੀ ਸੂਚੀ ਨਾਲ ਨੱਥੀ ਕਰ ਦਿੱਤੀ। ਅਕਾਲੀ ਨੇਤਾ ਲਗਭਗ ਲੌਂਗੋਵਾਲ, ਟੌਹੜਾ, ਬਾਦਲ, ਬਰਨਾਲਾ ਬਲਵੰਤ ਸਿੰਘ ਤੇ ਕਦੇ ਕਦੇ 'ਕੌਮੀ ਏਕਤਾ' ਦਾ ਸੰਪਾਦਕ ਰਾਜਿੰਦਰ ਸਿੰਘ ਭਾਟੀਆ ਤੇ ਰਵੀਇੰਦਰ ਸਿੰਘ ਉਹੋ ਹੀ ਰਹੇ ਪਰ ਸਰਕਾਰ ਵਾਰੀ ਵਾਰੀ ਮੰਤਰੀ ਮੰਡਲ ਦੇ ਮੰਤਰੀਆਂ ਤੇ ਸਰਵੁੱਚ ਅਧਿਕਾਰੀਆਂ ਨੂੰ ਮੈਦਾਨ 'ਚ ਅੱਗੇ ਲਿਆਉਂਦੀ ਰਹੀ। ਵਿਰੋਧੀ ਦਲ ਦੇ ਕਈ ਨੇਤਾ ਸਮੇਤ ਕਸ਼ਮੀਰ ਦੇ ਮੁੱਖ ਮੰਤਰੀ ਫਾਰੂਕ ਅਬਦੁੱਲਾ, ਐਲ.ਕੇ. ਅਡਵਾਨੀ, ਮਧੂ ਦੰਡਵਤੇ, ਸਵਰਨ ਸਿੰਘ ਵਰਗੇ ਬਜ਼ੁਰਗ ਤੇ ਪਟਿਆਲਾ ਤੇ ਅਮਰੇਂਦਰ ਸਿੰਘ ਜਿਹੇ ਨਵੇਂ ਨੇਤਾ ਵੀ ਸ਼ਾਮਿਲ ਹੋਏ। ਦੋਹਾਂ ਧਿਰਾਂ ਦਾ ਸਮਝੌਤਾ ਕਰਾਉਣ ਲਈ ਬਹੁਤਾ ਸਰਗਰਮ ਕਮਿਊਨਿਸਟ ਮੈਂਬਰ ਪਾਰਲੀਮੈਂਟ ਤੇ ਪਾਰਟੀ ਦੇ ਪੋਲਿਟਬਿਊਰੋ ਦਾ ਮੈਂਬਰ ਹਰ ਕਿਸ਼ਨ ਸਿੰਘ ਸੁਰਜੀਤ ਸੀ। ਗ਼ੈਰ-ਸਰਕਾਰੀ ਸ੍ਰੋਤ ਦੱਸਦੇ ਹਨ ਕਿ 5 ਮੌਕਿਆਂ ਤੇ ਸਮਝੌਤੇ ਦੀਆਂ ਸ਼ਰਤਾਂ ਨੂੰ ਲਗਭਗ ਅੰਤਿਮ ਛੋਹਾਂ ਦੇ ਦਿੱਤੀਆਂ ਗਈਆਂ ਸਨ ਤੇ ਇਹ ਅਕਾਲੀ ਨਹੀਂ ਸਗੋਂ ਸ਼੍ਰੀਮਤੀ ਗਾਂਧੀ ਹੀ ਸੀ ਜੋ ਵਚਨ ਕਰਕੇ ਪਿੱਛੇ ਹਟੀ ਸੀ। ਇਹਨਾਂ ਵਿਚੋਂ ਇੱਕ ਸਮਝੌਤਾ ਸ਼੍ਰੀਮਤੀ ਗਾਂਧੀ ਵਲੋਂ 2 ਨਵੰਬਰ 1982 ਨੂੰ ਸਵਰਨ ਸਿੰਘ ਤੇ ਹਰਕਿਸ਼ਨ ਸਿੰਘ ਸੁਰਜੀਤ ਨੇ ਤਿਆਰ ਕੀਤਾ ਸੀ। ਇਹ ਸਹਿਮਤੀ ਹੋ ਗਈ ਸੀ ਕਿ ਸਮਝੌਤੇ ਦਾ ਐਲਾਨ ਅਗਲੇ ਦਿਨ ਲੋਕ ਸਭਾ ਵਿੱਚ ਕਰ ਦਿੱਤਾ ਜਾਵੇਗਾ। ਅਗਲੇ ਦਿਨ ਜੋ ਐਲਾਨ ਕੀਤਾ ਗਿਆ ਉਹ ਅਕਾਲੀ ਨੇਤਾਵਾਂ ਨਾਲ ਕੀਤੇ ਸਮਝੌਤੇ ਨਾਲੋਂ ਵੱਖਰਾ ਸੀ

ਤੇ ਅਕਾਲੀ ਨੇਤਾਵਾਂ ਨੇ ਤੁਰਤ ਹੀ ਇਸਨੂੰ ਵਿਸ਼ਵਾਸਘਾਤ ਕਹਿਕੇ ਰੱਦ ਕਰ ਦਿੱਤਾ। ਸਵਰਨ ਸਿੰਘ ਨੇ ਵੀ ਟਿੱਪਣੀ ਕੀਤੀ ਕਿ 'ਨਾਂ ਤਾਂ ਇਹ ਸਮਝੌਤੇ ਦੀ ਭਾਵਨਾ ਹੈ ਤੇ ਨਾ ਹੀ ਭਾਸ਼ਾ।''[16] ਦੋ ਹਫਤੇ ਮਗਰੋਂ 18 ਨਵੰਬਰ ਨੂੰ ਪੀ.ਸੀ.ਐਲਗਜ਼ੈਂਡਰ ਜੋ ਪ੍ਰਧਾਨ ਮੰਤਰੀ ਦਾ ਮੁੱਖ ਨਿੱਜੀ ਸਕੱਤਰ ਸੀ, ਉਹਦੇ ਘਰ ਇਹ ਹੋਰ ਸਮਝੌਤਾ ਕੀਤਾ ਗਿਆ, ਉਸ ਬਾਰੇ ਵੀ ਸ਼੍ਰੀਮਤੀ ਗਾਂਧੀ ਨੇ ਐਨ ਆਖਰੀ ਮੌਕੇ ਤੇ ਆਪਣਾ ਮਨ ਬਦਲ ਲਿਆ।[17] ਵਿਰੋਧੀ ਪਾਰਟੀਆਂ ਦੇ ਜ਼ੋਰ ਦੇਣ ਤੇ ਗੱਲਬਾਤ ਫਿਰ 1983 ਦੇ ਆਰੰਭ ਵਿੱਚ ਸ਼ੁਰੂ ਕੀਤੀ ਗਈ।

ਇਹਨਾਂ ਤ੍ਰੈ-ਪੱਖੀ ਮੀਟਿੰਗਾਂ ਵਿੱਚ ਜਿੱਥੇ ਮੰਤਰੀ ਮੰਡਲੀ ਕਮੇਟੀ ਦੇ ਮੈਂਬਰ ਵੀ ਹਾਜ਼ਰ ਸਨ, ਅਕਾਲੀ 17 ਹਿੰਦੀ ਬੋਲਦੇ ਪਿੰਡ ਹਰਿਆਣਾ ਨੂੰ ਦੇਣ ਲਈ ਸਹਿਮਤ ਹੋ ਗਏ। ਗੱਲ ਬਾਤ ਇਸ ਕਾਰਨ ਟੁੱਟ ਗਈ ਕਿਉਂਕਿ ਸਰਕਾਰੀ ਪ੍ਰਤਿਨਿਧਿ ਇਸ ਗੱਲ ਤੇ ਅੜ ਗਏ ਕਿ 1970 ਦੇ ਸ਼੍ਰੀਮਤੀ ਗਾਂਧੀ ਦੇ ਫੈਸਲੇ ਨੂੰ ਪੂਰੀ ਤਰ੍ਹਾਂ ਪਰਵਾਨ ਕੀਤਾ ਜਾਵੇ ਜਿਸਦਾ ਭਾਵ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਗੱਲ ਤਾਂ ਹੀ ਮੰਨੀ ਜਾਏਗੀ ਜੇ ਅਕਾਲੀ ਫਾਜਲਕਾ ਤੇ ਅਬੋਹਰ ਹਰਿਆਣੇ ਨੂੰ ਦੇਣ ਲਈ ਸਹਿਮਤ ਹੋਣਗੇ। ਇਹ ਗੱਲ ਫਿਰ 20 ਅਪ੍ਰੈਲ 1983 ਨੂੰ ਹੋਈ ਗੱਲਬਾਤ ਦੇ ਗੇੜ ਵਿੱਚ ਵੀ ਦੁਹਰਾਈ ਗਈ। ਅਕਾਲੀ ਚੰਡੀਗੜ੍ਹ ਦੇ ਨਾਲ ਲਗਵੇਂ ਖੇਤਰ ਦੇ ਪਿੰਡ ਹਰਿਆਣਾ ਨੂੰ ਦੇਣ ਲਈ ਤਿਆਰ ਸਨ ਪਰ ਉਹ ਅਬੋਹਰ ਤੇ ਫਾਜ਼ਲਕਾ ਦੇਣ ਲਈ ਤਿਆਰ ਨਹੀਂ ਸਨ ਕਿਉਂਕਿ ਨਾਂ ਤਾਂ ਉਹ ਹਰਿਆਣੇ ਦੇ ਨਾਲ ਲਗਵੇਂ ਸਨ ਤੇ ਨਾਂਹੀ ਉਹ ਹਿੰਦੀ ਬੋਲਦੇ ਸਨ। ਸ਼੍ਰੀਮਤੀ ਗਾਂਧੀ, ਇਸ ਗੱਲ ਤੋਂ ਚਿੜ ਗਈ ਸੀ ਕਿ ਅਕਾਲੀ ਨੇਤਾਵਾਂ ਤੇ ਵਿਰੋਧੀ ਦਲਾਂ ਨੇ ਸਰਕਾਰੀ ਪ੍ਰਤਿਨਿਧਾਂ ਤੋਂ ਬਿਨਾਂ ਹੀ ਸਰਬਸੰਮਤੀ ਨਾਲ ਕੋਈ ਸਮਝੌਤਾ ਤਿਆਰ ਕਰ ਲਿਆ ਸੀ। ਸ਼੍ਰੀਮਤੀ ਗਾਂਧੀ ਨੇ ਸਰਬਸੰਮਤੀ ਦਾ ਫ਼ੈਸਲਾ ਰੱਦ ਕਰ ਦਿੱਤਾ। "ਕੀ ਮੈਂ ਹਰਿਆਣਾ ਦੀ ਧਰਤੀ ਪੰਜਾਬ ਨੂੰ ਦੇ ਦਿਆਂ? ਇਹ ਮੇਰੀ ਜ਼ਮੀਨ ਹੈ ?' ਉਸ

---

16. ਦੀ ਪੰਜਾਬ ਕਰਾਈਸਿਸ ਐਂਡ ਰਿਸਪੋਨਸ, ਪੰ. 237।

17. ਇਹ ਫ਼ੈਸਲਾ ਹੋਇਆ ਕਿ ਅਕਾਲੀ ਨੇਤਾ ਕਾਂਗਰਸ (ਆਈ) ਐਮ.ਪੀ. ਅਮਰੇਂਦਰ ਸਿੰਘ ਤੇ ਕੇਂਦਰੀ ਗ੍ਰਹਿ ਸਕੱਤਰ ਟੀ.ਐਨ. ਚਤੁਰਵੇਦੀ ਨਾਲ 8.30 ਵਜੇ ਸ਼ਾਮ ਨੂੰ ਅੰਮ੍ਰਿਤਸਰ ਜਹਾਜ਼ ਰਾਹੀਂ ਤੁਰ ਜਾਣਗੇ। ਚਤੁਰਵੇਦੀ ਅੰਮ੍ਰਿਤਸਰ ਵਿੱਚ ਅਕਾਲੀ ਦਲ ਪ੍ਰਧਾਨ ਨੂੰ ਫ਼ੈਸਲਾ ਪੜ੍ਹ ਕੇ ਸੁਣਾਏਗਾ ਤੇ ਅੱਧੀ ਰਾਤ ਤੱਕ ਸਮਝੌਤੇ ਦਾ ਐਲਾਨ ਕਰ ਦਿੱਤਾ ਜਾਵੇਗਾ। ਬਲਵੰਤ ਸਿੰਘ ਨੇ ਪੰਜਾਬ ਸਰਕਾਰ ਦੇ ਦਿੱਲੀ ਵਿੱਚ ਮਹਿਮਾਨ ਘਰ (ਕਪੂਰਥਲਾ ਹਾਊਸ) ਤੋਂ ਸੰਤ ਲੌਂਗੋਵਾਲ ਨੂੰ ਫੋਨ ਕੀਤਾ ਤੇ ਉਸ ਦੀ ਮਨਜ਼ੂਰੀ ਲੈ ਲਈ। ਅਕਾਲੀ ਨੇਤਾ ਆਪਣੇ ਕਮਰੇ ਖਾਲੀ ਕਰਕੇ ਗ੍ਰਹਿ ਸਕੱਤਰ ਦੀ ਉਡੀਕ ਕਰਨ ਲੱਗੇ ਜਿਸਨੇ ਉਹਨਾਂ ਨੂੰ ਹਵਾਈ ਅੱਡੇ ਤੇ ਲਿਜਾਣਾ ਸੀ। ਜਦੋਂ ਉਹਨਾਂ ਨੂੰ 9 ਵਜੇ ਤੱਕ ਕੋਈ ਸੂਚਨਾ ਨਾ ਮਿਲੀ ਤਾਂ ਅਮਰੇਂਦਰ ਸਿੰਘ ਨੇ ਪ੍ਰਧਾਨ ਮੰਤਰੀ ਨਿਵਾਸ ਤੇ ਸੰਪਰਕ ਕੀਤਾ ਜਿੱਥੇ ਮੰਤਰੀ ਮੰਡਲ ਦੀ ਰਾਜਸੀ ਮਾਮਲਿਆਂ ਦੀ ਕਮੇਟੀ ਦੀ ਬੈਠਕ ਚਲ ਰਹੀ ਸੀ ਤੇ ਉਸ ਨੂੰ ਕਿਹਾ ਗਿਆ ਕਿ ਕੁਝ ਅੜਿੱਕਾ ਪੈ ਗਿਆ ਹੈ।—ਦੀ ਪੰਜਾਬ ਕਰਾਇਸਿਸ ਐਂਡ ਰਿਸਪੋਨਸ, ਪੰ. 237

ਨੇ 21 ਜੂਨ 1983 ਨੂੰ ਕਿਹਾ।[18] ਅਤਿਅੰਤ ਉਪਰਾਮਤਾ ਮਗਰੋਂ ਅਕਾਲੀਆਂ ਨੇ ਕੇਂਦਰੀ ਸਰਕਾਰ ਨੂੰ ਪਰੇਸ਼ਾਨ ਕਰਨ ਦਾ ਫੈਸਲਾ ਕਰ ਲਿਆ ਕਿ ਉਹ ਹੁਣ ਸੰਸਾਰ ਨੂੰ ਦੱਸ ਦੇਣਗੇ ਕਿ ਉਹਨਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ਜਾ ਰਿਹਾ ਸੀ। ਉਹਨਾਂ ਨੇ ਅਗਲੇ ਮਹੀਨੇ ਹੋਣ ਵਾਲੀਆਂ ਏਸ਼ੀਆਈ ਖੇਡਾਂ ਸਮੇਂ ਸ੍ਵੈ-ਇੱਛਤ ਦਲ ਸਰਕਾਰ ਵਿਰੋਧੀ ਨਾਅਰੇ ਲਾਉਣ ਲਈ ਭੇਜਣ ਦਾ ਪ੍ਰਬੰਧ ਕਰ ਲਿਆ। ਸ਼੍ਰੀਮਤੀ ਗਾਂਧੀ ਦੀ ਇਸ ਧਮਕੀ ਬਾਰੇ ਪ੍ਰਤਿਕਿਰਿਆ ਨੇ ਤੇ ਖੇਡਾਂ ਸਮੇਂ ਗੜਬੜ ਨੂੰ ਰੋਕਣ ਲਈ ਵਰਤੇ ਢੰਗ ਤਰੀਕਿਆਂ ਨੇ ਸਭ ਸਿੱਖਾਂ ਵਿੱਚ ਬਹੁਤ ਗੁੱਸਾ ਭਰ ਦਿੱਤਾ। ਹਰਿਆਣਾ ਦੇ ਮੁੱਖ ਮੰਤਰੀ ਨੇ ਆਪਣੀ ਪੁਲੀਸ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਕਿ ਦਿੱਲੀ ਨੂੰ ਸੜਕ ਜਾਂ ਰੇਲ ਰਾਹੀਂ ਜਾਣ ਵਾਲੇ ਹਰ ਸਿੱਖ ਨੂੰ ਰੋਕ ਕੇ ਤਲਾਸ਼ੀ ਲਈ ਜਾਵੇ ਤੇ ਪੁੱਛ-ਗਿੱਛ ਕੀਤੀ ਜਾਵੇ। ਜਿਹਨਾਂ ਨੂੰ ਜ਼ਲੀਲ ਕੀਤਾ ਗਿਆ ਉਹਨਾਂ ਵਿੱਚ ਬਾਵਰਦੀ ਫੌਜੀ[19] ਤੇ ਕਾਂਗਰਸ ਪਾਰਟੀ ਦੇ ਲੋਕ ਸਭਾ ਦੇ ਮੈਂਬਰ ਵੀ ਸ਼ਾਮਲ ਸਨ। ਪਹਿਲੀ ਵਾਰ ਸਿੱਖਾਂ ਨਾਲ ਇੱਕ ਫਿਰਕੇ ਦੇ ਰੂਪ ਵਿੱਚ ਭੇਦ-ਭਾਵ ਤੇ ਵਿਤਕਰਾ ਕੀਤਾ ਗਿਆ ਤੇ ਇਸ ਵਾਰ ਇਹ ਅਕਾਲੀ ਜਾਂ ਖਾਲਿਸਤਾਨੀ ਨਹੀਂ ਸਨ ਸਗੋਂ ਸਰਕਾਰ ਦੇ ਚਹੇਤੇ ਸਨ ਜਿਹਨਾਂ ਨਾਲ ਦੂਸਰੇ ਭਾਰਤੀਆਂ ਨਾਲੋਂ ਵੱਖਰਾ ਸਲੂਕ ਕੀਤਾ ਗਿਆ।

ਸ਼੍ਰੀਮਤੀ ਗਾਂਧੀ ਅਕਾਲੀਆਂ ਨਾਲ ਸਿਆਸਤ ਖੇਡਦੀ ਰਹੀ। 27 ਫਰਵਰੀ 1984 ਨੂੰ ਉਸਨੇ ਨਵੀਂ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਆਪਣੇ ਸਮਰਥੱਕਾਂ ਦੇ ਇਕੱਠ ਵਿੱਚ ਬੜਾ ਵਧੀਆ ਸੰਕੇਤ ਦਿੱਤਾ ਤੇ ਐਲਾਨ ਕੀਤਾ ਕਿ ਉਸਨੇ ਅਕਾਲੀਆਂ ਵਲੋਂ ਪੇਸ਼ ਕੀਤੀਆਂ ਤਿੰਨ ਧਾਰਮਕ ਮੰਗਾਂ ਮੰਨ ਲਈਆਂ ਹਨ। ਭਾਵੇਂ ਉਹ ਅਕਾਲੀਆਂ ਨਾਲ ਗੱਲਬਾਤ ਕਰ ਰਹੀ ਸੀ ਪਰ ਉਹ ਚਾਹੁੰਦੀ ਸੀ ਕਿ ਇਹਨਾਂ ਦਾ ਸਿਹਰਾ ਕਾਂਗਰਸੀ ਸਿੱਖਾਂ ਦੇ ਸਿਰ ਬੱਝੇ।[20] ਫਿਰ ਫਰਵਰੀ 1984 ਵਿੱਚ ਸਰਕਾਰ, ਅਕਾਲੀਆਂ ਤੇ ਵਿਰੋਧੀ ਦਲਾਂ ਦੇ ਨੇਤਾਵਾਂ ਦੀ ਤਿੰਨ-ਧਿਰੀ ਗੱਲਬਾਤ ਦੇ ਸਮੇਂ ਜਦੋਂ ਇਹ ਲੱਗ ਰਿਹਾ ਸੀ ਕਿ ਸਭ ਧਿਰਾਂ ਹੀ ਸਮਝੌਤੇ ਉਪਰ ਦਸਤਖਤ ਕਰਨ ਲਈ ਤਿਆਰ ਸਨ, ਹਰਿਆਣਾ ਦੇ ਸ਼ਹਿਰਾਂ ਵਿੱਚ ਸਿੱਖ ਵਿਰੋਧੀ ਦੰਗੇ ਭੜਕਾਏ ਗਏ ਜਿਸ ਨਾਲ ਅਕਾਲੀ ਗੱਲ ਬਾਤ ਵਿੱਚੇ ਛੱਡਣ

---

18. ਉਹੀ, ਪੰ. 238
19. ਇਹਨਾਂ ਵਿੱਚ ਰਿਟਾਇਰਡ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਤੇ ਨਰਿੰਦਰ ਸਿੰਘ ਸ਼ਾਮਲ ਸਨ ਜੋ ਮਗਰੋਂ ਭਿੰਡਰਾਂਵਾਲੇ ਨਾਲ ਜਾਕੇ ਰਲ ਗਏ। ਜਿਹਨਾਂ ਹੋਰਨਾਂ ਨੂੰ ਰੋਕ ਕੇ ਪੁੱਛ ਪੜਤਾਲ ਕੀਤੀ ਗਈ ਉਹਨਾਂ ਵਿੱਚ ਰਿਟਾਇਰਡ ਏਅਰ ਮਾਰਸ਼ਲ ਅਰਜਨ ਸਿੰਘ ਤੇ ਰਿਟਾਇਰਡ ਜਨਰਲ ਜਗਜੀਤ ਸਿੰਘ ਅਰੋੜਾ (ਜੋ ਮਗਰੋਂ ਅਕਾਲੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਤੇ ਰਾਜ ਸਭਾ ਦਾ ਮੈਂਬਰ ਚੁਣਿਆ ਗਿਆ) ਵੀ ਸ਼ਾਮਲ ਸਨ। ਜਿਹੜੇ ਹੋਰਨਾਂ ਨੂੰ ਰੋਕ ਕੇ ਪੁੱਛ ਪੜਤਾਲ ਕੀਤੀ ਗਈ ਉਹਨਾਂ ਵਿੱਚ ਰਾਜ ਸਭਾ ਦੀ ਕਾਂਗਰਸ ਮੈਂਬਰ ਅਮਰਜੀਤ ਕੌਰ ਤੇ ਉਹਦਾ ਪਤੀ ਵੀ ਸਨ।
20. ਉਸ ਸਮੇਂ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੁਖੀ ਹਰਬੰਸ ਸਿੰਘ ਮਨਚੰਦਾ ਸੀ। ਉਸ ਨੂੰ 28 ਮਾਰਚ 1984 ਨੂੰ ਗੋਲੀ ਮਾਰ ਦਿੱਤੀ ਗਈ ਸੀ।

ਲਈ ਮਜਬੂਰ ਹੋ ਗਏ।[21] ਅਕਾਲੀਆਂ ਦੇ ਅੰਮ੍ਰਿਤਸਰ ਚੰਡੀਗੜ੍ਹ ਤੇ ਦਿੱਲੀ ਦੇ ਨਿਰਾਰਥਕ ਚੱਕਰਾਂ ਨੇ ਸੰਤ ਲੋਗੋਂਵਾਲ ਨੂੰ ਬੜਾ ਜਿੱਚ ਕੀਤਾ।ਇਕ ਪਾਸੇ ਬਰਫ ਦੀ ਸਿਲ ਬਣੀ ਹੋਈ, ਟਾਲਮਟੋਲ ਕਰਦੀ ਤੇ ਮਤਲਬੀ ਇੰਦਰਾਂ ਗਾਂਧੀ ਸੀ ਤੇ ਦੂਸਰੇ ਪਾਸੇ ਉਹਦੀ ਧੌਣ ਨੂੰ ਹੱਥ ਪਾ ਰਿਹਾ ਤੇ ਅੱਗ ਦੇ ਗੋਲੇ ਉਗਲੱਛ ਰਿਹਾ ਭਿੰਡਰਾਵਾਲਾ ਸੀ। ਉਸ ਨੇ ਅਤਿਅੰਤ ਰੋਹ ਤੇ ਖਿਝ ਨਾਲ ਬਿਆਨ ਜਾਰੀ ਕਰ ਦਿੱਤਾ:"ਮੈਂ ਸ਼੍ਰੀਮਤੀ ਗਾਂਧੀ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਡੇ ਸਬਰ ਦਾ ਪਿਆਲਾ ਭਰ ਗਿਆ ਹੈ। ਉਸ ਨੂੰ ਅੱਗ ਨਾਲ ਖੇਡਣਾ ਬੰਦ ਕਰ ਦੇਣਾ ਚਾਹੀਦਾ ਹੈ।"[22]

ਉਸ ਸਮੇਂ ਹੀ ਉਸ ਨੇ "ਇੱਕ ਲੱਖ ਮਰਜੀਵੜੇ" ਭਰਤੀ ਕਰਨ ਦਾ ਐਲਾਨ ਕਰ ਦਿੱਤਾ ਜੋ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਜਾਨਾਂ ਕੁਰਬਾਨ ਕਰ ਦੇਣਗੇ। ਅਕਾਲੀ ਤੇਜ਼ੀ ਨਾਲ ਉਸ ਮੋੜ ਵੱਲ ਵਧ ਰਹੇ ਸਨ ਜਿੱਥੋਂ ਪਿੱਛੇ ਮੁੜਨਾ ਸੰਭਵ ਨਹੀਂ ਸੀ।[23]

---

21. 31 ਜੁਲਾਈ 1984 ਦੇ ਇੰਡੀਆ ਟੂਡੇ ਅਨੁਸਾਰ ਜਦੋਂ 25 ਮਈ 1984 ਨੂੰ ਭਾਰਤ ਸਰਕਾਰ ਦੇ ਨੁਮਾਇੰਦਿਆਂ ਤੇ ਅਕਾਲੀ ਨੇਤਾਵਾਂ ਵਿਚਕਾਰ ਆਖਰੀ ਵਾਰ ਗੁਪਤ ਵਾਰਤਾ ਹੋ ਰਹੀ ਸੀ (ਪੰਜਾਬ ਵਿੱਚ ਫੌਜ ਭੇਜਣ ਤੋਂ ਇੱਕ ਹਫਤਾ ਪਹਿਲਾਂ) ਤੇ ਸਮਝੌਤੇ ਤੇ ਪਹੁੰਚਣ ਵਿੱਚ ਅਸਫਲਤਾ ਹੋਈ ਸੀ ਤਾਂ ਕੇਂਦਰੀ ਸਰਕਾਰ ਦੇ ਤਿੰਨ ਮੰਤਰੀਆਂ ਪੀ.ਵੀ. ਨਰਸਿਮਹਾ ਰਾਓ, ਪਰਨਾਬ ਮੁਖਰਜੀ ਤੇ ਸ਼ਿਵ ਸ਼ੰਕਰ ਨੇ ਮੁਲਕ ਦੀ ਸਰਵੋਤਮ ਗੁਪਤ ਏਜੰਸੀ ਰਾਅ ਨਾਲ ਸਲਾਹ ਕਰਕੇ ਪ੍ਰਧਾਨ ਮੰਤਰੀ ਨੂੰ ਪੰਜਾਬ ਵਿੱਚ ਫੌਜ ਭੇਜਣ ਦਾ ਮਸ਼ਵਰਾ ਦੇ ਦਿੱਤਾ। ਸਰਕਾਰੀ ਰਿਪੋਰਟ ਵਿੱਚ ਨਾਂ ਤਾਂ ਅਕਾਲੀਆਂ ਨਾਲ ਹੋਈ ਇਸ ਆਖਰੀ ਬੈਠਕ ਬਾਰੇ ਤੇ ਨਾ ਹੀ ਪ੍ਰਧਾਨ ਮੰਤਰੀ ਦੇ ਮੁੱਖ ਸਕੱਤਰ ਪੀ.ਸੀ. ਐਲਗਜੈਂਡਰ ਦੇ ਘਰ ਹੋਈਆਂ ਮੀਟਿੰਗ ਬਾਰੇ ਕੁਝ ਵੀ ਦੱਸਿਆ ਗਿਆ।
22. ਇੰਡੀਆ ਟੂਡੇ, 30 ਅਪ੍ਰੈਲ 1983, ਪੰਨਾ 16.
23. ਹਰਕਿਸ਼ਨ ਸਿੰਘ ਸੁਰਜੀਤ ਨੇ ਇਸ ਰੁਕਾਵਟ ਲਈ ਸਾਫ ਤੌਰ ਤੇ ਸਰਕਾਰ ਨੂੰ ਦੋਸ਼ੀ ਮੰਨਿਆ। ਉਸ ਨੇ ਕਿਹਾ, "ਸ਼੍ਰੀਮਤੀ ਗਾਂਧੀ ਨੇ ਭਿੰਡਰਾਂਵਾਲਾ ਪੈਦਾ ਕੀਤਾ। ਉਹ ਉਸਨੂੰ ਅਕਾਲੀਆਂ ਦੇ ਮੁਕਾਬਲੇ ਤੇ ਲਿਆ ਕੇ ਨੇਤਾ ਵਜੋਂ ਸਥਾਪਿਤ ਕਰਨਾ ਚਾਹੁੰਦੀ ਸੀ ਕਿਉਂਕਿ ਉਹ ਉਹਦੇ ਅਸਰ-ਹੇਠ ਸੀ ਤੇ ਉਹਦਾ ਆਗਿਆਕਾਰੀ ਸੀ। ਇਸਦਾ ਹੋਰ ਕੋਈ ਕਾਰਨ ਹੀ ਨਹੀਂ ਸੀ। ਪ੍ਰੀਤਮ ਸਿੰਘ ਭਿੰਡਰ ਪੁਲੀਸ ਕਮਿਸ਼ਨਰ ਨਿਯੁਕਤ ਕੀਤੇ ਜਾਣ ਤੋਂ ਤਿੰਨ ਦਿਨ ਮਗਰੋਂ ਬਿਆਨ ਦੇ ਦਿੰਦਾ ਹੈ ਕਿ ਹਰਿਮੰਦਰ ਵਿੱਚ ਕੋਈ ਅਪਰਾਧੀ ਲੁਕਿਆ ਹੋਇਆ ਨਹੀਂ ਹੈ ਤੇ ਨਾਂ ਹੀ ਕਿਸੇ ਕੋਲ ਕੋਈ ਸ਼ਸਤਰ ਹੈ। ਮਾਰਚ 1984 ਵਿੱਚ ਰਾਜੀਵ ਗਾਂਧੀ ਚੰਡੀਗੜ੍ਹ ਪਹੁੰਚਦਾ ਹੈ ਤੇ ਭਿੰਡਰਾਂਵਾਲੇ ਦੀ ਸ਼ਲਾਘਾ ਕਰਦਾ ਹੈ।"—ਦੀ ਪੰਜਾਬ ਕਰਾਇਸਿਸ ਚੈਲੰਜ ਐਂਡ ਰਿਸਪੌਨਸ' ਪੰ. 338-39, ਨਿਖਿਲ ਲਕਸ਼ਮਣ ਨਾਲ ਹੋਈ ਮੁਲਾਕਾਤ 'ਚੋਂ ਹਵਾਲੇ।

ਕਾਂਡ—21

ਘਾਤਕ ਭੁੱਲ ਤੇ ਝੂਠਾ ਅਨੁਮਾਨ[1]

2 ਜੂਨ 1984 ਨੂੰ ਪਰਧਾਨ ਮੰਤਰੀ ਇੰਦਰਾ ਗਾਂਧੀ ਨੇ ਇੱਕ ਟੈਲੀਵਿਜ਼ਨ ਪਰਸਾਰਨ ਰਾਹੀਂ ਰਾਸ਼ਟਰ ਨੂੰ ਉਸ ਕਾਰਵਾਈ ਲਈ ਸੁਚੇਤ ਕੀਤਾ ਜੋ ਉਹ ਭਿੰਡਰਾਂਵਾਲੇ ਤੇ ਅਕਾਲੀਆਂ ਵਿਰੁੱਧ ਕਰਨ ਜਾ ਰਹੀ ਸੀ। ਅਕਾਲੀਆਂ ਉੱਪਰ ਇਹ ਦੋਸ਼ ਲਾਉਣ ਤੋਂ ਬਾਅਦ ਕਿ ਉਹ ਨਿਰੰਤਰ ਹੀ ਨਵੀਆਂ ਮੰਗਾਂ ਰੱਖਦੇ ਆਏ ਹਨ ਇੱਕ ਤੋਂ ਬਾਅਦ ਦੂਸਰਾ ਅੰਦੋਲਨ ਜਾਂ ਮੋਰਚਾ ਲਾਉਂਦੇ ਰਹੇ ਹਨ, ਉਸ ਨੇ ਇਹ ਬਹਾਨਾ ਵੀ ਘੜਿਆ ਕਿ ਜਥੇਬੰਦੀ ਦੀ ਅਗਵਾਈ ਮੁੱਠੀ ਭਰ ਜਨੂਨੀਆਂ ਤੇ ਆਤੰਕਵਾਦੀਆਂ ਦੇ ਹੱਥਾਂ ਵਿੱਚ ਆ ਗਈ ਹੈ ਤੇ ਜੋ ਵੀ ਉਹਨਾਂ ਦਾ ਨਿਸ਼ਾਨਾ ਹੈ, ਉਹਦੀ ਪ੍ਰਾਪਤੀ ਲਈ ਉਹਨਾਂ ਦੇ ਸਾਧਨ ਕਤਲ, ਲੁੱਟਮਾਰ ਤੇ ਅੱਗਜ਼ਨੀ ਹੈ---ਪਵਿੱਤਰ ਧਰਮ ਅਸਥਾਨ ਅਪਰਾਧੀਆਂ ਤੇ ਕਾਤਲਾਂ ਦੇ ਅੱਡੇ ਬਣ ਗਏ ਹਨ, ਤੇ ਉਹਨਾਂ ਦੀ ਪਾਠ ਪੂਜਾ ਵਾਲੇ ਪਾਵਨ ਅਸਥਾਨਾਂ ਵਜੋਂ ਪਵਿੱਤਰਤਾ ਦੀ ਬਰਬਾਦੀ ਕਰ ਦਿੱਤੀ ਗਈ ਹੈ।[2] ਉਸ ਨੇ ਸਮਝੌਤੇ ਲਈ ਗੱਲਬਾਤ ਤੇ ਪੇਚੀਦਾ ਪਰਕਿਰਿਆ ਦਾ ਵਰਨਨ ਕੀਤਾ ਤੇ ਇਹ ਦਾਅਵਾ ਕੀਤਾ ਕਿ ਸਾਡਾ ਰੱਵਈਆ ਉਹਨਾਂ ਦੀਆਂ ਸਾਰੀਆਂ ਤਰਕਸੰਗਤ ਮੰਗਾਂ ਪਰਵਾਨ ਕਰਨ ਵਾਲਾ ਸੀ।[3] ਤੇ ਉਸ ਨੇ ਇਹ ਦਰਸਾਉਣ ਦਾ ਯਤਨ ਵੀ ਕੀਤਾ ਕਿ ਉਸ ਦੀ ਸਰਕਾਰ ਨੇ ਕਿਵੇਂ ਉਸ ਨੇ ਅਕਾਲੀਆਂ ਦੀਆਂ ਸਾਰੀਆਂ ਧਾਰਮਕ ਗੰਗਾ ਪਰਵਾਨਨ ਕਰ ਲਈਆਂ ਸਨ ਤੇ ਇਸ ਤੋਂ ਬਿਨਾਂ ਉਹ ਉਹਨਾਂ ਦੇ ਇਲਾਕਾਈ ਦਾਅਵਿਆਂ ਤੇ ਦਰਿਆਈ ਪਾਣੀਆਂ ਦੇ ਹਿੱਸੇ ਬਾਰੇ ਸਮਝੌਤੇ ਲਈ ਗੱਲਬਾਤ ਕਰਨ ਨੂੰ ਤਿਆਰ ਸੀ। ਪ੍ਰੰਤੂ ਉਸ ਨੇ ਉਹਨਾਂ ਮੌਕਿਆਂ ਬਾਰੇ ਕੋਈ ਇਸ਼ਾਰਾ ਵੀ ਨਾ ਕੀਤਾ ਜਦੋਂ ਸਮਝੌਤੇ ਲਗਭਗ ਹੋ ਹੀ ਜਾਣ ਵਾਲੇ ਸਨ ਤੇ ਅਕਾਲੀ ਨਹੀਂ, ਉਹ ਖੁਦ ਦਸਤਖਤ ਨਾ ਕਰਨ ਲਈ ਕੋਈ ਨਾ ਕੋਈ ਬਹਾਨਾ ਘੜ ਲੈਂਦੀ ਰਹੀ ਸੀ। ਉਸ ਨੇ ਇਹ ਦਲੀਲ ਦੇਣ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਕੋਲ ਜੋ ਕੁਝ ਉਹ ਕਰਨ ਜਾ ਰਹੀ ਹੈ, ਕਰਨ ਤੋਂ ਬਿਨਾਂ ਹੋਰ ਕੋਈ ਰਾਹ ਹੀ ਨਹੀਂ ਰਹਿ ਗਿਆ ਸੀ। ਉਸਨੇ ਆਪਣੇ ਸਰੋਤਿਆਂ ਤੋਂ ਪੁੱਛਿਆ ਕਿ ਉਹ ਇਸ ਨਵੀਂ ਸਥਿਤੀ ਵਿੱਚ ਕੀ ਕਰੇ? ਪਿਛਲੇ ਮਹੀਨਿਆਂ ਵਿੱਚ ਕੋਈ ਵਿਸੇਸ਼ ਘਟਨਾ ਨਹੀਂ ਵਾਪਰੀ ਸੀ, ਅਹਿੰਸਾ ਦੀਆਂ ਘਟਨਾਵਾਂ ਪਹਿਲਾਂ ਵਾਂਗ ਹੀ ਜਾਰੀ ਸਨ, ਭਿੰਡਰਾਂਵਾਲਾ ਹਿੰਦੂ ਸਰਕਾਰ ਤੇ ਦਿੱਲੀ

---

1. ਪੰਜਾਬ-ਘਾਤ ਭੁੱਲਾਂ ਤੇ ਝੂਠੇ ਅਨੁਮਾਨ, ਪਤਵੰਤ ਸਿੰਘ ਤੇ ਹਰਜੀ ਮਲਿਕ (1985) ਦੀ ਸੰਪਾਦਨਾ ਦਾ ਸਿਰਲੇਖ।
2. ਪੰਜਾਬ ਅੰਦੋਲਨ ਤੇ ਸਰਕਾਰੀ ਰਿਪੋਰਟ (ਵ੍ਹਾਈਟ ਪੇਪਰ), ਭਾਰਤ ਸਰਕਾਰ, 1984, ਪੰ. 105-107।
3. ਉਹੀ, ਪੰ. 105।

ਦਰਬਾਰ ਵਿਰੁੱਧ ਨਫਰਤ ਭਰੀ ਬੋਲੀ ਅਕਾਲ ਤਖਤ ਤੇ ਮੋਰਚਾ ਬੰਦੀ ਕਰਕੇ ਬੋਲਦਾ ਜਾ ਰਿਹਾ ਸੀ।

ਸ਼ਾਇਦ ਉਹਨਾਂ ਦੀ ਇੱਕੋ ਇੱਕ ਨਵੀਂ ਕਾਰਵਾਈ ਜਿਸਦੀ ਉਹ ਪੇਸ਼ਬੰਦੀ ਕਰ ਸਕਦੀ ਸੀ ਉਹ ਅਕਾਲੀਆਂ ਦੀ ਪੰਜਾਬੋਂ ਬਾਹਰ ਰੇਲ ਜਾਂ 'ਸੜਕਾਂ' ਰਾਹੀਂ ਅਨਾਜ ਜਾਣ ਤੋਂ ਰੋਕਣ ਦੀ ਧਮਕੀ ਸੀ। ਉਹਨਾਂ ਨੇ ਕਿਸਾਨਾਂ ਨੂੰ ਪੂਰੇ ਜ਼ੋਰ ਨਾਲ ਇਹ ਪਰੇਰਨਾ ਵੀ ਕੀਤੀ ਸੀ ਕਿ ਉਹ ਸਰਕਾਰ ਨੂੰ ਮਾਮਲਾ ਤੇ ਆਬਿਆਨਾ ਨ ਦੇਣ ਤੇ ਇਸ ਨੂੰ ਉਹ ਅਕਾਲ ਤਖਤ ਤੇ ਜਮ੍ਹਾ ਕਰਾਉਣ।[4] ਇਹ ਉਹ ਹੀ ਸਨ ਜਿਹਨਾਂ ਨੇ ਹਰਿਮੰਦਰ ਦੇ ਬਾਨੀ ਤੇ ਉਸਰਈਏ ਗੁਰੂ ਅਰਜਨ ਦੇਵ ਸ਼ਹੀਦੀ ਦਿਵਸ ਨੂੰ ਇੱਕ ਹੋਰ ਅੰਦੋਲਨ ਲਈ ਚੁਣਿਆ ਸੀ। ਅਕਾਲੀ ਸ੍ਵੈ-ਸੇਵਕਾਂ ਵਲੋਂ ਅਨਾਜ ਦੀ ਆਵਾਜਾਈ ਵਿੱਚ ਰੋਕ ਪਾਉਣ ਤੋਂ ਵਰਜਣ ਲਈ ਪੁਲਿਸ ਲਾਉਣ ਦੀ ਥਾਂ ਤੇ ਸ੍ਰੀਮਤੀ ਗਾਂਧੀ ਨੇ ਉਸ ਪਨਾਹ ਗਾਹ ਤੇ ਹਮਲਾ ਕਰਨ ਦਾ ਫੈਸਲਾ ਕਰ ਲਿਆ ਜਿੱਥੋਂ ਸਰਕਾਰ ਦਾ ਵਿਰੋਧ ਕਰਨ ਤੇ ਹੁਕਮ ਨਾ ਮੰਨਣ ਦੇ ਆਦੇਸ਼ ਜ਼ਾਰੀ ਹੁੰਦੇ ਸਨ। ਉਸਨੇ ਕਿਹਾ,"ਕਿ ਇਸ ਆਖਰੀ ਘੜੀ ਮੈਂ ਅਕਾਲੀ ਨੇਤਾਵਾਂ ਨੂੰ ਅਪੀਲ ਕਰਦੀ ਹਾਂ ਕਿ ਉਹ ਆਪਣਾ ਧਮਕੀ ਭਰਿਆ ਅੰਦੋਲਨ ਵਾਪਸ ਲੈ ਲੈਣਾ ਚਾਹੀਦਾ ਹੈ ਤੇ ਉਸ ਸ਼ਾਂਤਮਈ ਸਮਝੌਤੇ ਦਾ ਢਾਂਚਾ ਪਰਵਾਨ ਕਰ ਲੈਣਾ ਚਾਹੀਦਾ ਹੈ ਜਿਸਦੀ ਅਸੀਂ ਉਹਨਾਂ ਨੂੰ ਪੇਸ਼ਕਸ਼ ਕੀਤੀ ਹੈ।" ਉਸਨੇ ਆਪਣੀ ਅਪੀਲ ਨੂੰ ਇਹ ਕਹਿੰਦਿਆਂ ਸਮਾਪਤ ਕੀਤਾ ਕਿ "ਲਹੂ ਨਾ ਵਗਾਓ, ਸਗੋਂ ਨਫਰਤ ਨੂੰ ਖ਼ਤਮ ਕਰੋ।"[5] ਉਸ ਸਮੇਂ ਉਸ ਨੇ ਆਪਣੀ ਕਥਨੀ ਦੇ ਉਲਟ ਫੌਜ ਨੂੰ ਲਹੂ ਡੋਲ੍ਹਣ ਦੇ ਪੂਰੇ ਅਧਿਕਾਰ ਦੇ ਦਿੱਤੇ ਸਨ ਜਿਸ ਬਾਰੇ ਉਸਨੂੰ ਗਿਆਨ ਹੋਣਾ ਚਾਹੀਦਾ ਸੀ ਕਿ ਮੁਲਕ ਵਿੱਚ ਐਸੀ ਨਫਰਤ ਪੈਦਾ ਹੋਵੇਗੀ ਜਿਸਦਾ ਮੁਲਕ ਨੇ ਆਜ਼ਾਦੀ ਤੋਂ ਮਗਰੋਂ ਕਦੇ ਅਨੁਭਵ ਨਹੀਂ ਕੀਤਾ ਹੋਵੇਗਾ।

ਬਹੁਤ ਮਹੀਨੇ ਪਹਿਲਾਂ ਹੀ ਫੌਜ ਨੂੰ, ਜਦੋਂ ਵੀ ਹੁਕਮ ਮਿਲੇ, ਸਵਰਨ ਮੰਦਰ 'ਚ ਦਾਖਲ ਹੋਣ ਦੇ ਹੁਕਮ ਦੇ ਦਿੱਤੇ ਗਏ ਸਨ। ਹਰਿਮੰਦਰ ਸਮੂਹ ਦਾ ਪ੍ਰਤਿਰੂਪ ਚਕਰਾਤਾ (ਮਸੂਰੀ ਨੇੜੇ) ਤਿਆ ਕੀਤਾ ਗਿਆ ਸੀ ਤਾਂ ਜੋ ਘੇਰਾ ਬੰਦੀ ਕਰਨ ਵਾਲੀ ਫੌਜ ਨੂੰ ਇਸ ਦੀ ਰੂਪ ਰੇਖਾ, ਪਰਵੇਸ਼ ਦੁਆਰਾਂ ਤੇ ਕਿਲ੍ਹੇ ਬੰਦੀ ਦੀ ਸਥਿਤੀ ਤੋ ਜਾਣੂ ਕਰਵਾਇਆ ਜਾ ਸਕੇ। ਭਿੰਡਰਾਂਵਾਲੇ ਦੇ ਲੜਾਕੂਆਂ ਦੀ ਗਿਣਤੀ, ਉਹਨਾਂ ਦੀ ਵਿਉਂਤਵਿਧੀ ਤੇ ਉਹਨਾਂ ਦੇ ਹਥਿਆਰਾਂ ਬਾਰੇ ਪੁਲਿਸ ਤੇ ਗੁਪਤਰ ਵਿਭਾਗਾਂ ਵਲੋਂ ਇਕੱਤਰ ਕੀਤੀ ਜਾਣਕਾਰੀ ਦੇ ਦਿੱਤੀ ਗਈ ਸੀ। ਇਸ ਤਰ੍ਹਾਂ ਕਰਨਾ ਕੋਈ ਮੁਸ਼ਕਲ ਕੰਮ ਵੀ ਨਹੀਂ ਸੀ ਕਿਉਂਕਿ ਹਰਿਮੰਦਰ ਵਿੱਚ ਹਜ਼ਾਰਾਂ ਹੀ ਯਾਤਰੀ ਦਿਨ ਰਾਤ ਹਰ ਘੜੀ ਆਉਂਦੇ ਸਨ ਤੇ ਭਿੰਡਰਾਂਵਾਲਾ ਤੇ ਉਸ ਦਾ ਅੰਗ ਸੇਵਕ ਅਮਰੀਕ ਸਿੰਘ ਤੇ ਉਹਦੇ 300-400 ਜੁਆਨਾਂ ਦੀ ਭਾਂਤ ਭਾਂਤ

4. ਭਾਰਤੀ ਕਿਸਾਨ ਯੂਨੀਅਨ, ਕਿਸਾਨਾਂ ਦੀ ਗੈਰ ਸਿਆਸੀ ਜੱਥੇਬੰਦੀ ਦੋ ਸਾਲਾਂ ਤੋ ਆਬਿਆਨੇ ਦੀ ਦਰ ਘਟਾਉਣ ਬਿਜਲੀ ਤੇ ਖਾਦ ਦੀ ਕੀਮਤ ਘਟਾਉਣ ਲਈ ਦੋ ਸਾਲਾਂ ਤੋਂ ਅੰਦੋਲਨ ਕਰ ਰਹੀ ਸੀ। ਮਈ 1984 ਵਿੱਚ ਉਸ ਨੇ ਮੰਡੀਆਂ ਦਾ ਬਾਈਕਾਟ ਕੀਤਾ ਤੇ ਮੰਡੀਆਂ 'ਚ ਕਣਕ ਨਾ ਆਈ। ਸਰਕਾਰੀ ਰਿਪੋਰਟ 'ਚ ਭਾ. ਕਿਸਾਨ ਦਲ ਦਾ ਕੋਈ ਜ਼ਿਕਰ ਨਾ ਕੀਤਾ ਗਿਆ ਤੇ ਅਕਾਲੀਆਂ ਤੇ ਹੀ ਦੋਸ਼ ਲਾਇਆ ਗਿਆ।

5. ਉਹੀ, ਪੰਨਾ. 109।

ਦੀ ਫ਼ੌਜ ਦੇ ਕਮਾਂਡਰ ਜਨਰਲ ਸ਼ਾਹਬੇਗ ਸਿੰਘ ਤੇ ਜਸਵੰਤ ਸਿੰਘ ਭੁੱਲਰ ਪੱਤਰਕਾਰਾਂ ਨਾਲ ਮੁਲਾਕਾਤਾਂ ਕਰਦੇ ਰਹਿੰਦੇ ਸਨ।

ਫ਼ੌਜ ਦੇ ਕੁਝ ਅਫਸਰ ਸਮੇਤ ਮੇਜਰ ਜਨਰਲ ਕੇ.ਐਸ. ਬਰਾੜ ਜੋ ਮੋਨਾ ਸਿੱਖ ਸੀ ਤੇ ਜਿਸਨੇ ਫ਼ੌਜੀ ਕਾਰਵਾਈ ਦੀ ਅਗਵਾਈ ਕਰਨੀ ਸੀ, ਭੇਸ ਬਦਲਕੇ ਸਵਰਨ ਮੰਦਰ ਵਿੱਚ ਜਾ ਕੇ ਰੱਖਿਅਕਾਂ ਦੀ ਕਿਲ੍ਹਾ ਬੰਦੀ ਵੇਖ ਆਏ ਸਨ।

ਇਹ ਯਕੀਨ ਨਾਲ ਕਹਿਣਾ ਔਖਾ ਹੈ ਕਿ ਕਿਹੜੇ ਲੋਕਾਂ ਨੇ ਸ਼੍ਰੀਮਤੀ ਗਾਂਧੀ ਨੂੰ ਇਹ ਸਲਾਹ ਦਿੱਤੀ ਸੀ ਕਿ ਉਹ ਅਕਾਲੀਆਂ ਨਾਲ ਸਮਝੌਤੇ ਦੀ ਗੱਲਬਾਤ ਬੰਦ ਕਰਕੇ ਫੌਜ ਨੂੰ ਭਿੰਡਰਾਂਵਾਲੇ ਦੀਆਂ ਗੋਡੀਆਂ ਲੁਆਉਣ ਦਾ ਕੰਮ ਸੌਂਪੇ। ਪਰ ਇਹ ਮੰਨਣ ਦੇ ਕਾਰਨ ਹਨ ਕਿ ਉਸ ਨੂੰ ਅਜਿਹੀ ਸਲਾਹ ਦੇਣ ਵਾਲਿਆਂ ਵਿੱਚ ਉਹਦਾ ਰਿਸ਼ਤੇਦਾਰ ਅਰੁਣ ਨਹਿਰੂ, ਇੱਕ ਪਤਿਤ ਸਿੱਖ ਅਰੁਣ ਸਿੰਘ ਜਿਹੜਾ ਆਪਣੇ ਆਪ ਨੂੰ ਪੰਜਾਬ ਮਾਮਲਿਆਂ ਦਾ ਮਾਹਿਰ ਸਮਝਦਾ ਸੀ, ਉਪ-ਰੱਖਿਆ ਮੰਤਰੀ ਕੇ.ਪੀ. ਸਿੰਘ ਦੇਵ, ਤੇ ਉਹਦਾ ਲੜਕਾ ਰਾਜੀਵ ਗਾਂਧੀ ਜੋ ਉਸ ਸਮੇਂ ਕਾਂਗਰਸ ਪਾਰਟੀ ਦਾ ਜਨਰਲ ਸਕੱਤਰ ਸੀ, ਸ਼ਾਮਲ ਸਨ।[6] ਸੈਨਾ ਇਹ ਕੰਮ ਹੱਥ ਵਿੱਚ ਲੈਣ ਤੋਂ ਹਿਚਕਚਾਹਟ ਵਿਖਾ ਰਹੀ ਸੀ। ਉਸਦੀ ਹਿਚਕਚਾਹਟ ਪੰਜਾਬ ਨੂੰ ਫੌਜ ਹਵਾਲੇ ਕਰਕੇ ਦੂਰ ਕਰ ਦਿੱਤੀ ਗਈ। ਸਰਕਾਰੀ ਰਿਪੋਰਟ ਅਨੁਸਾਰ "ਸਰਕਾਰ ਨੂੰ ਯਕੀਨ ਹੈ ਕਿ ਰਾਜ ਵਿੱਚ ਸਰਕਾਰ ਦੇ ਅਧੀਨ ਆਮ ਕਾਨੂੰਨ ਦੀਆਂ ਆਮ ਸਾਧਾਰਨ ਸ਼ਕਤੀਆਂ ਦੇ ਨਾਲ ਮੁਲਕ ਦੀ ਏਕਤਾ ਤੇ ਸੁਰੱਖਿਆ ਨੂੰ ਦਰਪੇਸ਼ ਖਤਰੇ ਦਾ ਸਾਮ੍ਹਣਾ ਨਹੀਂ ਕੀਤਾ ਜਾ ਸਕਦਾ।[7]

ਰਾਸ਼ਟਰਪਤੀ ਤੇ ਸੈਨਾ ਦੇ ਸਰਵੱਚ ਕਮਾਂਡਰ ਗਿਆਨੀ ਜ਼ੈਲ ਸਿੰਘ ਨੂੰ ਸ਼੍ਰੀਮਤੀ ਗਾਂਧੀ ਨੇ ਪੰਜਾਬ ਉੱਪਰ ਫ਼ੌਜੀ ਰਾਜ ਲਾਗੂ ਕਰਨ ਦੀ ਮਨਜ਼ੂਰੀ ਦੇਣ ਲਈ ਕਿਹਾ। ਜਦੋਂ ਪੰਜਾਬ ਇੱਕ ਵਾਰ ਫ਼ੌਜ ਦੇ ਅਧੀਨ ਹੋ ਗਿਆ ਫਿਰ ਸੈਨਿਕ ਅਧਿਕਾਰੀਆਂ ਨੂੰ ਜੋ ਵੀ ਅਗਲੀ ਕਾਰਵਾਈ ਕਰਨੀ ਉਹ ਜ਼ਰੂਰੀ ਸਮਝਦੇ ਸਨ, ਕਰਨ ਲਈ ਹੋਰ ਮਨਜ਼ੂਰੀ ਲੈਣ ਦੀ ਕੋਈ ਲੋੜ ਨਹੀਂ ਸੀ। ਰਾਸ਼ਟਰਪਤੀ ਜ਼ੈਲ ਸਿੰਘ ਨੂੰ ਸਵਰਨ ਮੰਦਰ ਬਾਰੇ ਮਨਸੂਬਿਆਂ ਤੋਂ ਅਣਜਾਣ ਰਖਿਆ ਗਿਆ। 30 ਮਈ ਨੂੰ ਉਸ ਨੇ ਰਾਸ਼ਟਰਪਤੀ ਕੋਲ ਅਕਾਲੀਆਂ ਨਾਲ ਸਮਝੌਤੇ ਦੀਆਂ ਤਜਵੀਜ਼ਾਂ ਦੇ 'ਸਾਰ ਵਿਸਥਾਰ' ਬਾਰੇ ਦੱਸਦਿਆਂ ਇੱਕ ਘੰਟਾ ਬਤੀਤ ਕੀਤਾ। ਜੇ ਉਹ ਉਸ ਨੂੰ ਇਹ ਸੰਕੇਤ ਦੇ ਦਿੰਦੀ ਕਿ ਉਸ ਦੇ ਦਿਮਾਗ ਵਿੱਚ ਕੀ ਖਿੱਚੜੀ ਪੱਕ ਰਹੀ ਹੈ ਤਾਂ ਉਹ ਘੱਟੋ ਘੱਟ ਫ਼ੌਜੀ ਕਾਰਵਾਈ ਦੇ ਖ਼ਤਰਿਆਂ ਤੋਂ ਉਸ ਨੂੰ ਜ਼ਰੂਰ ਉਸ ਸਮੇਂ ਬਾਰੇ ਸੁਚੇਤ ਕਰ ਦਿੰਦਾ ਜਦੋਂ ਬਹੁਤ ਭਾਰੀ ਗਿਣਤੀ ਵਿੱਚ ਤੀਰਥ

---

6. 23 ਮਾਰਚ 1984 ਨੂੰ ਰਾਜੀਵ ਗਾਂਧੀ ਨੇ ਕਿਹਾ ਸੀ, "ਮੇਰਾ ਖ਼ਿਆਲ ਹੈ ਕਿ ਸਾਨੂੰ ਸਵਰਨ ਮੰਦਰ 'ਚ ਦਾਹਖ਼ਲ ਨਹੀਂ ਹੋਣਾ ਚਾਹੀਦਾ। ਪੁਲੀਸ ਮੰਦਰ 'ਚ ਦਾਖਲ ਹੋ ਸਕਦੀ ਹੈ ਪਰ ਇਹ ਵਿਚਾਰਨ ਵਾਲੀ ਗੱਲ ਹੈ ਕਿ ਕੀ ਠੀਕ ਹੋਵੇਗਾ। ਅੱਜ ਜਿਵੇਂ ਸਥਿਤੀ ਹੈ ਅਜਿਹਾ ਕੁਝ ਵੀ ਨਹੀਂ ਹੈ ਜਿਸ ਤੋਂ ਜ਼ਾਹਰ ਹੁੰਦਾ ਹੋਵੇ ਕਿ ਸਿੱਖ ਹਿੰਦੂਆਂ ਵਿਰੁੱਧ ਹਨ। ਸਾਨੂੰ ਅਜਿਹਾ ਕੁਝ ਵੀ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਹ ਹਿੰਦੂ ਸਿੱਖਾਂ ਨੂੰ ਨਿਖੇੜੇ।" ਦੀ ਪੰਜਾਬ ਕਰਾਇਸਿਸ ਪੰ. 227।
7. ਦੀ ਵ੍ਹਾਈਟ ਪੇਪਰ ਔਨ ਪੰਜਾਬ ਐਜੀਟੇਸ਼ਨ, ਪੰ. 3

ਯਾਤਰੀ ਸਵਰਨ ਮੰਦਰ ਸਮੂਹ ਵਿੱਚ ਆਪਣੇ ਗੁਰੂ ਦੇ ਸ਼ਹੀਦੀ ਪੁਰਬ ਵਿੱਚ ਰੱਖੇ ਗਏ ਪਾਠ ਤੇ ਸਮਾਗਮ ਵਿੱਚ ਹਿੱਸਾ ਲੈਣ ਲਈ ਆਏ ਹੋਏ ਸਨ।[8]

ਪ੍ਰਤੀਤ ਹੁੰਦਾ ਹੈਕਿ ਸ਼੍ਰੀਮਤੀ ਗਾਂਧੀ ਨੇ ਆਖਰੀ ਮੌਕੇ ਤੇ ਹਥਿਆਰਬੰਦ ਟਕਰਾਓ ਰੋਕਣ ਦਾ ਯਤਨ ਕੀਤਾ ਸੀ। ਇਕ ਅਣ ਅਧਿਕਾਰਿਤ ਇਤਲਾਹ ਅਨੁਸਾਰ[9] ਉਸ ਨੇ ਭਿੰਡਰਾਂਵਾਲੇ ਨੂੰ ਇਕ ਨਿੱਜੀ ਪੱਤਰ ਲਿਖਿਆ ਸੀ ਤੇ ਉਹ ਰਾਜੀਵ ਗਾਂਧੀ ਦੇ ਇਸ ਕਥਨ ਅਨੁਸਾਰ ਹੀ ਸੀ ਕਿ ਭਿੰਡਰਾਂਵਾਲਾ ਇੱਕ ਰਾਜਸੀ ਨਹੀਂ, ਧਾਰਮਕ ਨੇਤਾ ਸੀ।[10] ਉਸ ਨੂੰ ਭਿੰਡਰਾਂਵਾਲੇ ਦੀ ਤਾਕਤ ਬਾਰੇ ਗ਼ਲਤ ਜਾਣਕਾਰੀ ਦਿੱਤੀ ਗਈ ਸੀ ਤੇ ਉਸ ਨੂੰ ਇਹ ਯਕੀਨ ਕਰਵਾ ਕੇ ਵੀ ਧੋਖੇ ਵਿੱਚ ਰੱਖਿਆ ਗਿਆ ਸੀ ਕਿ ਬਹੁਤੇ ਸਿੱਖ ਸਵਰਨ ਮੰਦਰ ਨੂੰ ਆਤੰਕਵਾਦੀਆਂ ਦੇ ਚੁਗਲ ਚੋਂ ਛੁਡਾਉਣ ਲਈ ਸਰਕਾਰੀ ਕਾਰਵਾਈ ਨੂੰ ਪਰਵਾਨ ਕਰਨਗੇ। ਅਸਲੀਅਤ ਇਹ ਹੈ ਕਿ ਸ਼ਰਧਾਲੂਆਂ ਦੀ ਬਹੁਤ ਭਾਰੀ ਗਿਣਤੀ ਦਾ ਅਕਾਲੀਆਂ ਤੇ ਉਹਨਾਂ ਦੇ ਅੰਦੋਲਨ ਨਾਲ ਕੋਈ ਸੰਬੰਧ ਨਹੀਂ ਸੀ ਨਾ ਹੀ ਉਹਨਾਂ ਨੂੰ ਇਸ ਗੱਲ ਦੀ ਕੋਈ ਚਿੰਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਦਰ ਸਮੂਹ ਦੇ ਕੁਝ ਭਾਗਾਂ ਨੂੰ ਇੱਕ ਕਿਲ੍ਹੇ 'ਚ ਬਦਲਣ ਦੀ ਭਿੰਡਰਾਂਵਾਲੇ ਨੂੰ ਆਗਿਆ ਦੇ ਰੱਖੀ ਸੀ। ਉਹਨਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ। ਉਹ ਆਪਣੀ ਧਾਰਮਕ ਰਹੁ-ਰੀਤ ਵਿੱਚ ਭਿੰਡਰਾਂਵਾਲੇ ਦੀ ਇੱਕ ਝਲਕ ਵੇਖੇ ਬਿਨਾਂ ਹੀ ਰੁੱਝੇ ਰਹੇ। ਸਿਖ ਜਨਤਾ ਲਈ ਸ਼੍ਰੀਮਤੀ ਗਾਂਧੀ, ਭਿੰਡਰਾਂਵਾਲਾ, ਅਕਾਲੀ ਦਲ ਤੇ ਕਾਂਗਰਸ ਪਾਰਟੀ ਜਾਂ ਕਿਸੇ ਖ਼ਾਸ ਰਾਜਸੀ ਨੇਤਾ ਦਾ ਕੋਈ ਮਹੱਤਵ ਨਹੀਂ ਸੀ, ਉਹਨਾਂ ਲਈ ਤਾਂ ਸਵਰਨ ਮੰਦਰ ਤੇ ਅਕਾਲ ਤਖ਼ਤ ਹੀ ਸਭ ਕੁਝ ਸਨ।

ਸ਼੍ਰੀਮਤੀ ਗਾਂਧੀ ਤੇ ਉਹਦੇ ਸਲਾਹਕਾਰ ਕੇਵਲ ਮੰਦਰ ਵਿੱਚ ਸੈਨਾ ਭੇਜਣ ਦੇ ਸਿੱਟਿਆਂ ਨੂੰ ਅਗਾਊਂ ਵੇਖਣ ਵਿੱਚ ਅਸਫਲ ਹੀ ਨਾ ਰਹੇ, ਸਗੋਂ ਫ਼ੌਜ ਦੇ ਕਮਾਂਡਰਾਂ ਨੇ ਵੀ ਭਿੰਡਰਾਂਵਾਲੇ ਦੇ ਆਦਮੀਆਂ ਦੇ ਵਿਰੋਧ ਦਾ ਅਫ਼ਸੋਸਨਾਕ ਹੱਦ ਤੱਕ ਗਲਤ ਅਨੁਮਾਨ ਲਾਇਆ ਤੇ ਇਸ ਪ੍ਰਤੀ ਉਹ ਖ਼ੁਸ਼ਫ਼ਹਿਮੀ ਦਾ ਸ਼ਿਕਾਰ ਰਹੇ।[11]

---

8. ਸਰਕਾਰੀ ਸਵੇਤ ਪੱਤਰ ਸ਼ਹੀਦੀ ਪੁਰਬ ਬਾਰੇ ਤੇ ਮੰਦਰ ਸਮੂਹ ਵਿੱਚ ਆਏ ਤੀਰਥ ਯਾਤਰੀਆਂ ਬਾਰੇ ਕੁਝ ਵੀ ਨਹੀਂ ਲਿਖਦਾ।
9. ਸਵਰਨ ਮੰਦਰ ਦੇ ਪੁਰਾਲੇਖ ਵਿਭਾਗ ਦੇ ਪੁਸਤਕ ਪਾਲ ਦਵਿੰਦਰ ਸਿੰਘ ਦੁੱਗਲ ਦਾ ਦਾਅਵਾ ਹੈ ਕਿ ਉਸ ਨੇ 3 ਜੂਨ 1984 ਨੂੰ ਭਿੰਡਰਾਂਵਾਲੇ ਨੂੰ ਪੜ੍ਹ ਕੇ ਸੁਣਾਇਆ ਸੀ ਤੇ ਉਹ ਸੂਚਨਾ 'ਨੀਲਾ ਤਾਰਾ' ਕਾਰਵਾਈ ਵਿੱਚ ਅੱਗ ਨਾਲ ਸੜ ਗਈ ਸੀ।
10. ਇੰਡੀਅਨ ਐਕਸਪ੍ਰੈਸ, 16 ਮਈ, 1984।
11. ਫ਼ੌਜੀ ਕਾਰਵਾਈ ਤੋਂ ਪਿੱਛੋਂ ਜਨਰਲ ਸੁੰਦਰ ਜੀ ਨੇ ਟਿੱਪਣੀ ਕੀਤੀ ਕਿ ਇਹ ਕਹਿਣਾ ਕਿ ਗੁਪਤਚਰ ਜਾਣਕਾਰੀ ਅਣਉੱਚਿਤ ਸੀ, ਸਥਿਤੀ ਦਾ ਗਲਤ ਅਨੁਮਾਨ ਹੈ, ਅਸਲ ਵਿੱਚ ਜਾਣਕਾਰੀ ਦਾ ਉੱਕਾ ਹੀ ਅਭਾਵ ਸੀ। (ਚੋਪੜਾ-ਪੰਜਾਬ ਦੇ ਕਸ਼ਟ, ਪੰ. 27) ਜਾਣਕਾਰੀ ਇਕੱਤਰ ਕਰਨ ਵਿੱਚ ਰਾਅ, ਆਈ.ਬੀ; ਸੀ.ਆਈ.ਡੀ. ਤੇ ਸੈਨਕ ਗੁਪਤਚਰ ਵਿਭਾਗ ਲੱਗੇ ਹੋਏ ਸਨ। 13 ਜੂਨ 1984 ਨੂੰ ਵਿਰੋਧੀ ਨੇਤਾਵਾਂ ਸਾਮ੍ਹਣੇ ਸਰਕਾਰ ਨੇ ਮੰਨਿਆ ਕਿ ਗੁਪਤਚਰ ਏਜੰਸੀਆਂ ਨਾਕਾਮਯਾਬ ਰਹੀਆਂ ਤੇ ਮੰਦਰ ਵਿੱਚੋਂ ਮਿਲੇ ਹਥਿਆਰਾਂ ਦੀ ਗਿਣਤੀ ਤੇ ਵਿਸ਼ੇਸ਼ਤਾ ਵੇਖ ਕੇ ਫ਼ੌਜ ਹੈਰਾਨ ਰਹਿ ਗਈ। (ਦੀ ਪੰਜਾਬ ਕਰਾਇਸਿਸ ਸਿੱਖ, ਪੰ. 230)

ਉਹਨਾਂ ਦਾ ਖ਼ਿਆਲ ਸੀ ਕਿ ਸ਼ਕਤੀ ਪਰਦਰਸ਼ਨ ਤੇ ਫਿਰ ਸਿੱਧੇ ਹਮਲੇ ਪਿੱਛੋਂ ਉਹ ਡਰਕੇ ਅਧੀਨਗੀ ਪਰਵਾਨ ਕਰ ਲੈਣਗੇ।[12]

ਭਾਵੇਂ ਸ਼੍ਰੀਮਤੀ ਗਾਂਧੀ ਨੇ ਹੀ ਫੌਜ ਨੂੰ ਹਰੀ ਝੰਡੀ ਦਿੱਤੀ ਸੀ ਪਰ ਫ਼ੌਜ ਦੇ ਚੋਟੀ ਦੇ ਅਫ਼ਸਰਾਂ ਨਾਲ ਸਹਿਯੋਗ ਕਰਕੇ ਨਿਰਦੇਸ਼ ਦੇਣ ਦਾ ਕਾਰਜ ਉਹਦੇ ਨੌਜਵਾਨ ਸਲਾਹਕਾਰਾਂ ਦੇ ਦਲ ਨੇ ਕੀਤਾ। ਭਾਰਤੀ ਸੈਨਾ ਦੇ ਸੈਨਾਪਤੀ ਜਨਰਲ ਏ.ਐਸ ਵੈਦਿਯਾ ਨੇ ਪੱਛਮੀ ਕਮਾਨ ਦੇ ਜੀ.ਓ.ਸੀ. ਨੂੰ ਉਹਦੇ ਦੋ ਸਿੱਖ ਜਰਨੈਲਾਂ, (ਪੱਛਮੀ ਕਮਾਨ ਦੇ ਚੀਫ ਔਫ ਸਟਾਫ਼ ਰਣਜੀਤ ਸਿੰਘ ਦਿਆਲ ਜੋ ਪੰਜਾਬ ਦੇ ਰਾਜਪਾਲ ਦਾ ਸੁਰੱਖਿਆ ਸਲਾਹਕਾਰ ਵੀ ਸੀ ਤੇ ਉਸ ਦੀ ਸਹਾਇਤਾ ਲਈ ਮੇਜਰ ਜਨਰਲ ਕੇ.ਐਸ. ਬਰਾੜ) ਨੂੰ ਇਸ ਕਾਰਵਾਈ ਲਈ ਨਿਯੁਕਤ ਕੀਤਾ।

ਸ਼੍ਰੀਮਤੀ ਗਾਂਧੀ ਦੇ ਪਰਸਾਰਨ ਤੋਂ ਕੁਝ ਦਿਨ ਪਹਿਲਾਂ ਹੀ ਫੌਜ ਨੇ ਮੋਰਚੇ ਸੰਭਾਲਣੇ ਸ਼ੁਰੂ ਕਰ ਦਿੱਤੇ ਸਨ। ਵੱਡੀਆਂ ਵੱਡੀਆਂ ਫ਼ੌਜੀ ਪਲਟਨਾਂ ਸੜਕਾਂ, ਰੇਲਾਂ ਤੇ ਹਵਾਈ ਜਹਾਜ਼ਾਂ ਰਾਹੀਂ ਮੁਲਕ ਦੇ ਵੱਖ ਵੱਖ ਭਾਗਾਂ 'ਚੋਂ ਲਿਆਂਦੀਆਂ ਗਈਆਂ। ਇਹਨਾਂ ਵਿੱਚ ਟੈਂਕ ਪਹਾੜੀ ਤੋਪਾਂ, ਗੋਤਾ ਖੋਰ ਤੇ ਪੁਲੀਸ ਦੇ ਸੂਹੀਏ ਕੁੱਤੇ ਵੀ ਸਨ। ਫ਼ੌਜੀ ਮਹੱਤਵ ਦੇ ਟਿਕਾਣਿਆਂ ਤੇ 70,000 (ਸੱਤਰ ਹਜ਼ਾਰ) ਸੈਨਿਕ ਵਧੇਰੇ ਕਰਕੇ ਅੰਮ੍ਰਿਤਸਰ ਸ਼ਹਿਰ ਦੇ ਅੰਦਰ ਤੇ ਆਸ ਪਾਸ ਹੀ ਲਾਏ ਗਏ ਸਨ। ਪਾਕਿਸਤਾਨ ਨਾਲ ਸੀਮਾ ਬੰਦ ਕਰ ਦਿੱਤੀ ਗਈ ਸੀ। ਦੋ ਜੂਨ ਨੂੰ, ਫੌਜ ਨੂੰ ਪੰਜਾਬ ਰਾਜ ਤੇ ਕੇਂਦਰ ਅਧੀਨ ਚੰਡੀਗੜ੍ਹ ਤੇ ਇਲਾਕੇ ਵਿੱਚ ਅੱਤਵਾਦੀਆਂ ਤੇ ਨਿਯੰਤਰਨ ਕਰਨ, ਸੰਪ੍ਰਦਾਇਕ ਹਿੰਸਾ ਰੋਕਣ, ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨ ਤੇ ਸ਼ਾਂਤੀ ਬਹਾਲ ਕਰਨ ਦਾ ਕੰਮ ਸੌਂਪਿਆ ਗਿਆ ਸੀ। ਫੌਜ ਦੇ ਕਮਾਂਡਰਾਂ ਦਾ ਖ਼ਿਆਲ ਸੀ ਕਿ ਝੰਡਾ ਮਾਰਚਾਂ ਤੇ ਸਖ਼ਤੀ ਨਾਲ ਕਰਫਿਊ ਦੇ ਆਦੇਸ਼ਾਂ ਦੀ ਪਾਲਣਾ ਕਰਾਉਣ ਨਾਲ ਤੇ ਥੋੜ੍ਹੇ ਥੋੜ੍ਹੇ ਸਮੇਂ ਪਿੱਛੋਂ ਸਵਰਨ ਮੰਦਰ ਤੇ 40 ਹੋਰ ਗੁਰਦਵਾਰਿਆਂ ਚੋਂ ਛੁਪੇ ਹੋਏ ਅੱਤਵਾਦੀਆਂ ਨੂੰ ਬਾਹਰ ਆ ਜਾਣ ਦੇ ਐਲਾਨ ਕਾਫ਼ੀ ਹੋਣਗੇ।

ਅਕਾਲੀ ਆਗੂ ਸਮੇਤ ਸੰਤ ਲੌਂਗੋਵਾਲ, ਜੀ.ਐਸ.ਟੌਹੜਾ, ਬੀ.ਐਸ. ਰਾਮੂਵਾਲੀਆ, ਵਿਧਵਾ ਅਮਰਜੀਤ ਕੌਰ ਤੇ ਤਿੰਨ ਸੌ ਹੋਰ ਮੰਦਰ ਦੇ ਪੂਰਬੀ ਪਾਸੇ ਲੰਗਰ, ਸਰਾਇ ਤੇ ਅਕਾਲੀ ਦਲ ਤੇ ਸ੍ਰੋ. ਗੁ. ਪ੍ਰ. ਕਮੇਟੀ ਦੇ ਦਫ਼ਤਰਾਂ ਕੋਲ ਠਹਿਰੇ ਹੋਏ ਸਨ। ਸ਼ਾਇਦ ਉਹ ਸੈਨਾ ਦੀ ਪੇਸ਼ਕਸ਼ ਪਰਵਾਨ ਕਰਕੇ ਬੇਲੋੜਾ ਖ਼ੂਨ ਖ਼ਰਾਬਾ ਰੋਕ ਲੈਂਦੇ ਪਰ ਉਹ ਭਿੰਡਰਾਂਵਾਲੇ ਦੇ ਆਦਮੀਆਂ ਦੀ ਨਜ਼ਰ ਹੇਠ ਸਨ ਜੋ ਮੰਦਰ ਸਮੂਹ ਦੇ ਦੂਸਰੇ (ਲਹਿੰਦੇ) ਪਾਸੇ ਅਕਾਲ ਤਖ਼ਤ ਉਪਰ ਤੇ ਤਿੰਨਾਂ ਬੁਰਜਾਂ ਹੇਠ ਅਤੇ ਦੋ ਰਾਮਗੜ੍ਹੀਆਂ ਬੁੰਗਿਆਂ ਤੇ ਮੋਰਚੇ ਸੰਭਾਲੀ ਬੈਠੇ ਸਨ ਤੇ ਪਾਣੀ ਦੀ ਟੈਂਕੀ ਤੇ ਬੱਬਰ ਖਾਲਸਾ ਦਲ ਦੇ ਮੈਂਬਰ ਲੁਕ ਕੇ ਗੋਲੀ ਚਲਾ ਰਹੇ ਸਨ।[13] ਵੱਧ ਤੋਂ ਵੱਧ ਉਹ ਇਹ ਹੀ ਕਰ ਸਕਦੇ ਸਨ ਕਿ ਕਮਰੇ ਬੰਦ ਕਰਕੇ ਬੈਠੇ ਅਰਦਾਸਾਂ

---

12. ਸਰਕਾਰੀ ਰਿਪੋਰਟ ਦੁੱਖ ਨਾਲ ਪਰਵਾਨ ਕਰਦੀ ਹੈ ਕਿ ਅਤੰਕਵਾਦੀਆਂ ਦੀ ਤਾਕਤ ਤੇ ਉਹਨਾਂ ਦੇ ਸੁਭਾ ਤੇ ਸੋਚ ਬਾਰੇ ਗਿਆਨ ਤੇ ਜਾਣਕਾਰੀ ਬੜੀ ਘੱਟ ਸੀ (ਪੰ. 44) ਇਹ ਭਿੰਡਰਾਂਵਾਲੇ ਤੇ ਬੱਬਰ ਖਾਲਸਾ ਵਰਗੇ ਦਲਾਂ ਦੇ ਮੈਂਬਰਾਂ ਦੀ ਗਿਣਤੀ ਬਾਰੇ ਚੁੱਪ ਹੈ, ਜਿਸਨੇ ਫੌਜ ਨਾਲ ਟੱਕਰ ਲਈ।
13. ਚਾਰ ਜੂਨ ਨੂੰ ਟੌਹੜਾ ਭਿੰਡਰਾਂਵਾਲੇ ਕੋਲ ਉਸ ਨੂੰ ਹਥਿਆਰ ਸੁੱਟਣ ਲਈ ਮਨਾਉਣ ਗਿਆ ਸੀ ਤੇ ਉਸ ਨੇ ਘ੍ਰਿਣਾ ਨਾਲ ਉਸ ਨੂੰ ਬੁਜ਼ਦਿਲ ਕਹਿ ਕੇ ਦੁਰਕਾਰ ਦਿੱਤਾ ਗਿਆ ਸੀ।

ਕਰਦੇ ਰਹਿੰਦੇ ਕਿ ਫ਼ੌਜੀ ਕਾਰਵਾਈ ਛੇਤੀ ਖਤਮ ਹੋਵੇ। ਭਿੰਡਰਾਂਵਾਲਾ ਗਾਲ੍ਹਾਂ ਕੱਢਦਾ ਰਿਹਾ ਤੇ ਅੱਗ ਉਗਲੱਛਦਾ ਰਿਹਾ। ਜਦੋਂ ਫੌਜ ਨੇ ਹਰਿਮੰਦਰ ਨੂੰ ਘੇਰਾ ਪਾ ਲਿਆ ਤਾਂ ਉਸ ਸਮੇਂ ਇੱਕ ਪੱਤਰਕਾਰ ਦੇ ਇਹ ਪੁੱਛਣ ਤੇ ਕਿ ਹੁਣ ਉਹਦੇ ਨਾਲੋਂ ਵਧੇਰੇ ਫੌਜ ਤੇ ਹਥਿਆਰ ਪਹੁੰਚ ਗਏ ਹਨ, ਉਹਦੀ ਅੱਗੇ ਕੀ ਤਰਕੀਬ ਹੈ ਤਾਂ ਉਸਨੇ ਕਿਹਾ, "ਗਿਣਤੀ ਬਾਰੇ ਸੋਚਣ ਦੀ ਲੋੜ ਨਹੀਂ। ਭੇਡਾਂ ਗਿਣਤੀ ਵਿੱਚ ਸ਼ੇਰਾਂ ਨਾਲੋਂ ਸਦਾ ਹੀ ਜ਼ਿਆਦਾ ਹੁੰਦੀਆਂ ਹਨ। ਜਦੋਂ ਸ਼ੇਰ ਸੁੱਤਾ ਹੁੰਦਾਹੈ, ਪੰਛੀ ਚੀਂਚੀਂ, ਚੂੰ ਚੂੰ ਕਰਦੇ ਹਨ। ਪਰ ਜਦੋਂ ਸ਼ੇਰ ਜਾਗ ਪੈਂਦਾ ਹੈ ਤਾਂ ਪੰਛੀ ਉੱਡ ਜਾਂਦੇ ਹਨ।"[14] ਉਸ ਨੇ ਪੱਤਰਕਾਰਾਂ ਦੀ ਇੱਕ ਹੋਰ ਟੋਲੀ ਨੂੰ ਦੱਸਿਆ:" ਜੇ ਹਕੂਮਤ ਹਰਿਮੰਦਰ ਵਿੱਚ ਦਾਖਲ ਹੋ ਗਈ ਤਾਂ ਇੰਦਰਾ ਖਤਮ ਹੋ ਜਾਵੇਗੀ, ਅਸੀਂ ਉਹਨਾਂ ਦੇ ਟੁਕੜੇ ਟੁਕੜੇ ਕਰ ਦਿਆਂਗੇ। ਉਹਨਾਂ ਨੂੰ ਦਾਖਲ ਤਾਂ ਹੋਣ ਦਿਉ।"[15] ਉਹ ਪਹਿਲਾਂ ਦੇ ਟਾਕਰੇ ਖਾਲਿਸਤਾਨ ਬਾਰੇ ਹੁਣ ਜ਼ਿਆਦਾ ਹੀ ਸਪੱਸ਼ਟ ਤੇ ਬੇਝਿਜਕ ਹੋ ਗਿਆ ਸੀ। ਉਸ ਨੇ ਉੱਤਰ ਦਿੱਤਾ, "ਮੈਂ ਦ੍ਰਿੜ੍ਹਤਾ ਨਾਲ ਇਸਦਾ ਵਿਰੋਧੀ ਵੀ ਨਹੀਂ ਹਾਂ। ਪਰ ਮੈਂ ਇਹ ਵੀ ਨਹੀਂ ਕਹਿ ਸਕਦਾ ਕਿ ਮੈਂ ਇਸਦਾ ਸਮਰਥਨ ਕਰਦਾ ਹਾਂ।' ਜਦੋਂ ਉਹਦੇ ਅੰਗ ਰਖਿਅਕ ਨੇ ਤੱਤ ਫੱਟ ਹੀ ਉਸ ਨੂੰ ਸਪੱਸ਼ਟ ਹੋਣ ਲਈ ਕਿਹਾ, ਤਾਂ ਉਸ ਨੇ ਕਾਹਲੀ ਨਾਲ ਇਹ ਗੱਲ ਕਹੀ, "ਸਾਫ਼ ਗੱਲ ਤਾਂ ਇਹ ਹੈ ਕਿ ਮੈਂ ਨਹੀਂ ਕਹਿ ਸਕਦਾ ਕਿ ਹੁਣ ਸਿੱਖ ਭਾਰਤ ਵਿੱਚ ਜਾਂ ਭਾਰਤ ਨਾਲ ਰਹਿ ਸਕਣਗੇ।"[16]

ਇਕ ਜੂਨ ਨੂੰ ਆਖ਼ਰੀ ਹੱਲਾ ਬੋਲਣ ਦੀ ਸਾਰੀ ਤਿਆਰੀ ਹੋ ਚੁੱਕੀ ਸੀ। ਸਰਕਾਰ ਦੇ ਅਰਧ ਸੈਨਕ ਬਲਾਂ ਘੋਖਵੀਂ ਸੀ.ਆਰ.ਪੀ. ਐਫ., ਸੀਮਾ ਸੁਰੱਖਿਆ ਬਲਾਂ ਨੇ ਭਿੰਨ ਭਿੰਨ ਥਾਵਾਂ ਵੱਲ ਗੋਲਾਬਾਰੀ ਸ਼ੁਰੂ ਕਰ ਦਿੱਤੀ। ਉਹਨਾਂ ਦਾ ਮਨੋਰਥ ਇਹ ਵੇਖਣਾ ਸੀ ਕਿ ਆਤੰਕਵਾਦੀ ਮੰਦਰ ਦੇ ਕਿਹੜੇ ਪਾਸੇ ਸਨ ਤੇ ਉਹਨਾਂ ਕੋਲ ਕਿਹੋ ਜਿਹੇ ਹਥਿਆਰ ਸਨ। ਅੱਠ ਘੰਟੇ ਦੀ ਘੋਖਵੀਂ ਗੋਲਾਬਾਰੀ ਪਿੱਛੋਂ ਵੀ ਘਿਰੇ ਹੋਏ ਲੋਕਾਂ ਨੇ ਅੱਗੋਂ ਗੋਲੀ ਨਾ ਚਲਾਈ। ਮੰਦਰ ਦੇ ਅੰਦਰ ਦੇ ਸਾਰੇ 11 ਆਦਮੀ ਮਾਰੇ ਗਏ ਤੇ ਦਰਜਨ ਜ਼ਖ਼ਮੀ ਹੋਏ। 9 ਵਜੇ ਰਾਤ ਨੂੰ ਸ਼ਹਿਰ ਵਿੱਚ 30 ਘੰਟਿਆਂ ਲਈ ਕਰਫਿਊ ਲਾ ਦਿੱਤਾ ਗਿਆ। ਸੰਤ ਲੌਂਗੋਵਾਲ ਨੇ ਗਿਆਨੀ ਜ਼ੈਲ ਸਿੰਘ ਨਾਲ ਫੋਨ ਤੇ ਗੱਲਬਾਤ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ, ਪਰ ਉਹਦਾ ਸਕੱਤਰ ਹਰ ਵਾਰ ਕਹਿ ਦਿੰਦਾ ਕਿ ਉਹ ਮਿਲ ਨਹੀਂ ਸਕਦੇ। ਲੌਂਗੋਵਾਲ ਨੇ ਅਕਾਲੀ ਹਾਈ ਕਮਾਂਡ ਦੀ ਮੀਟਿੰਗ ਬੁਲਾਈ ਪਰ ਟੌਹੜਾ ਤੋਂ ਬਿਨਾਂ ਕੋਈ ਨਾ ਪਹੁੰਚਿਆ।

ਇਹ ਮੀਟਿੰਗ 4 ਜੂਨ ਤੱਕ ਮੁਲਤਵੀ ਕਰ ਦਿੱਤੀ ਗਈ। ਲੌਂਗੋਵਾਲ ਨੇ ਇੱਕ ਪੱਤਰ ਸ਼੍ਰੀਮਤੀ ਗਾਂਧੀ ਤੇ ਇਹ ਇਲਜ਼ਾਮ ਲਾਉਂਦਿਆਂ ਲਿਖਿਆ ਕਿ ਉਸ ਨੇ ਸਿੱਖਾਂ ਵਿਰੁੱਧ ਨਵੀਂ ਜੰਗ ਛੇੜ ਦਿੱਤੀ ਹੈ ਤੇ ਉਸ ਨੂੰ ਇਹ ਤਾੜਨਾ ਵੀ ਕੀਤੀ ਕਿ "ਸਵਰਨ ਮੰਦਰ ਵੱਲ ਚਲਾਈ ਇੱਕ ਇੱਕ ਗੋਲੀ ਹਰ ਸਿੱਖ ਨੂੰ ਲੱਗੇਗੀ ਭਾਵੇਂ ਉਹ ਦੁਨੀਆਂ ਵਿੱਚ ਕਿਸੇ ਵੀ ਥਾਂ ਹੋਵੇ।"[17] ਹਰਿਮੰਦਰ ਦੇ ਮੁੱਖ ਗ੍ਰੰਥੀ ਤੇ ਅਕਾਲ ਤਖਤ ਦੇ ਜੱਥੇਦਾਰ ਨੇ ਸਿੱਖਾਂ ਨੂੰ ਲੜਾਈ

---

14. ਦੀ ਸੰਡੇ ਆਬਜ਼ਰਵਰ 10 ਜੂਨ, 1982
15. ਕੁਲਦੀਪ ਨੱਯਰ, ਟਰੈਜਡੀ ਔਫ ਪੰਜਾਬ, ਪੰ. 92
16. ਉਹੀ।
17. ਹਰਬੀਰ ਸਿੰਘ ਭੰਵਰ, ਡਾਇਰੀ ਦੇ ਪੰਨੇ, ਪੰ. 21

ਲੜਨ ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਪ੍ਰਾਰਥਨਾ ਕੀਤੀ।[18] ਕਾਰਵਾਈ ਲਈ ਸਭ ਰੋਕਾਂ ਦੂਰ ਕਰ ਦਿੱਤੀਆਂ ਗਈਆਂ। ਵਿਦੇਸ਼ੀਆਂ ਦਾ ਪੰਜਾਬ ਵਿੱਚ ਦਾਖਲਾ ਰੋਕਣ ਲਈ ਅਧਿਆਦੇਸ਼ ਜਾਰੀ ਕਰ ਦਿੱਤੇ ਗਏ। ਪੰਜਾਬੀ ਅਖਬਾਰਾਂ ਤੇ ਸੈਂਸਰਸ਼ਿਪ ਲਾ ਦਿੱਤੀ ਗਈ। ਰੇਲ, ਸੜਕ ਤੇ ਹਵਾਈ ਸੇਵਾਵਾਂ ਠੱਪ ਕਰ ਦਿੱਤੀਆਂ ਗਈਆਂ। ਹਰਿਮੰਦਰ ਦੀ ਬਿਜਲੀ ਬੰਦ ਕਰ ਦਿੱਤੀ ਗਈ ਜਿਸ ਨਾਲ ਮੰਦਰ ਸਮੂਹ ਵਿੱਚ ਹਨੇਰਾ ਪਸਰ ਗਿਆ। ਹਰਿਮੰਦਰ ਦਾ ਘੇਰਾ ਹੋਰ ਤੰਗ ਕਰ ਦਿੱਤਾ ਗਿਆ। ਭਿੰਡਰਾਂਵਾਲੇ ਦੇ ਆਦਮੀਆਂ ਨੇ ਵੱਖ ਵੱਖ ਥਾਵਾਂ ਤੇ ਫੌਜ ਦੀ ਨਕਲੋ ਹਰਕਤ ਵੇਖਣ ਲਈ ਤੇ ਉਹਨਾਂ ਨੂੰ ਅੱਗੇ ਵੱਧਣ ਦੇ ਯਤਨਾਂ 'ਚ ਰੋਕ ਪਾਉਣ ਲਈ ਅੱਗ ਜਲਾਈ। ਰਖਿੱਅਕਾਂ ਨੂੰ ਸ਼ਕਤੀ ਨਾਲ ਡਰਾਉਣ ਦੇ ਯਤਨ ਅਸਫਲ ਹੋ ਗਏ। 3 ਜੂਨ ਨੂੰ (ਗੁਰੂ ਅਰਜਨ ਦੇ ਸ਼ਹੀਦੀ ਦਿਨ ਵੇਲੇ) ਹਰਿਮੰਦਰ 'ਚ ਹਾਜ਼ਰੀ ਆਮ ਦਿਨਾਂ ਵਾਂਗ ਜ਼ਿਆਦਾ ਨਹੀਂ ਸੀ ਫਿਰ ਵੀ ਇਹ ਹਜ਼ਾਰਾਂ ਤੱਕ ਪਹੁੰਚ ਗਈ ਸੀ ਕਿਉਂਕਿ ਕੁਝ ਘੰਟਿਆਂ ਲਈ ਕਰਫਿਊ 'ਚ ਢਿੱਲ ਦੇ ਦਿੱਤੀ ਗਈ ਸੀ। ਸੰਤ ਲੌਂਗੋਵਾਲ ਨੇ ਸ੍ਰੀਮਤੀ ਗਾਂਧੀ ਦਾ 2 ਜੂਨ ਦਾ ਦੂਰਦਰਸ਼ਨ ਤੇ ਪਰਸਾਰਤ ਬਿਆਨ ਠੁਕਰਾ ਦਿੱਤਾ। ਤਿੰਨ ਜੂਨ ਨੂੰ ਹਰਿਮੰਦਰ ਦਾ ਪਾਣੀ ਤੇ ਟੈਲੀਫੋਨ ਸੰਪਰਕ ਕੱਟ ਦਿੱਤੇ ਗਏ। ਅਗਲੇ ਦਿਨ 4 ਤਾਰੀਖ ਦੀ ਸਵੇਰ ਨੂੰ ਕਾਰਜ ਨੀਤੀ ਵਿੱਚ ਤਬਦੀਲੀ ਕਰ ਦਿੱਤੀ ਗਈ। ਹਰਿਮੰਦਰ ਤੋਂ ਉੱਪਰ ਦਿਸਦੀਆਂ ਕੁਝ ਉੱਚੀਆਂ ਇਮਾਰਤਾਂ ਅਤੇ ਤਿੰਨ ਬੁਰਜਾਂ ਉੱਪਰ ਬੱਬਰ ਖਾਲਸਾ ਦਲ ਦੇ ਘਾਤ ਲਾਕੇ ਵਾਰ ਕਰਨ ਵਾਲਿਆਂ ਤੇ ਹਮਲਾ ਕਰਨ ਲਈ ਪਹਾੜੀ ਤੋਪਾਂ ਵਰਤੋਂ ਵਿੱਚ ਲਿਆਂਦੀਆਂ ਗਈਆਂ ਤੇ ਲੁਕ ਲੁਕ ਕੇ ਗੋਲੀ ਚਲਾਉਣ ਵਾਲਿਆਂ ਦੇ ਟਿਕਾਣੇ ਉਡਾ ਦਿੱਤੇ ਗਏ। ਭਾਵੇਂ ਉਹ ਇਕੋ ਪਾਸੇ ਸਨ, ਫਿਰ ਵੀ ਬੱਬਰ ਆਜ਼ਾਦਾਨਾ ਤੌਰ ਤੇ ਕਾਰਵਾਈ ਕਰਦੇ ਸਨ ਤੇ ਕਈ ਵਾਰ ਜਨਰਲ ਸ਼ਾਹਬੇਗ ਸਿੰਘ ਦੇ ਹੁਕਮਾਂ ਦਾ ਖੁਲਮਖੁਲ੍ਹਾ ਵਿਰੋਧ ਕਰਦੇ ਸਨ। ਪਰ ਉਹਨਾਂ ਦੇ ਖ਼ਾਤਮੇ ਨਾਲ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਦਫਤਰਾਂ, ਸਰਾਵਾਂ ਤੇ ਲੰਗਰ ਵਾਲੇ ਪੂਰਬੀ ਪਾਸੇ ਵੱਲ ਫੌਜ ਦਾ ਅੱਗੇ ਵਧਣ ਦਾ ਰਸਤਾ ਸਾਫ ਹੋ ਗਿਆ।

ਅੰਦਰਲੇ ਆਦਮੀਆਂ ਨੂੰ ਆਤਮ-ਸਮਰਪਣ ਕਰਨ ਦਾ ਹੁਕਮ ਦੇ ਦਿੱਤਾ ਗਿਆ। ਸ੍ਰੋ. ਗੁ. ਪ੍ਰ. ਕਮੇਟੀ ਦੇ ਕੁਝ ਕੁ ਸੈਂਕੜੇ ਸੇਵਾਦਾਰ, ਆਪਣੇ ਪਰਿਵਾਰਾਂ ਸਮੇਤ ਬਾਹਰ ਆ ਗਏ ਤੇ ਬਾਕੀ ਫੌਜ ਅਤੇ ਰਖਿਅਕਾਂ ਦੇ ਗੁੱਸੇ ਤੋਂ ਡਰਦੇ ਉੱਥੇ ਹੀ ਰੁਕ ਗਏ, ਜਿੱਥੇ ਉਹ ਸਨ। ਫਿਰ ਇਹ ਖਬਰਾਂ ਆਉਣ ਲੱਗ ਪਈਆਂ ਕਿ ਅੰਮ੍ਰਿਤਸਰ ਉਦਾਲੇ ਦੇ ਸਿੱਖ ਕਿਸਾਨ, ਜਿਹੜੇ ਵੀ ਉਹਨਾਂ ਕੋਲ ਅਣਘੜਤ ਹਥਿਆਰ ਸਨ ਲੈਕੇ ਸਾਰੇ ਪਾਸਿਆਂ ਤੋਂ ਸ਼ਹਿਰ ਉੱਪਰ ਟੁੱਟ ਪਏ ਤਾਂ ਜੋ ਫੌਜ ਨੂੰ ਘੇਰਾ ਚੁੱਕਣ ਲਈ ਮਜਬੂਰ ਕੀਤਾ ਜਾ ਸਕੇ। ਵੀਹ ਹਜ਼ਾਰ ਤੋਂ ਵੀ ਵੱਡੇ ਹਜੂਮ ਹੈਲੀਕੋਪਟਰਾਂ ਰਾਹੀਂ ਵੇਖੇ ਗਏ।

ਉਹਨਾਂ ਵਿਰੁੱਧ ਟੈਂਕ ਤੇ ਜ਼ਰਾਬਕਤਰ ਗੱਡੀਆਂ ਭੇਜ ਦਿੱਤੀਆਂ ਗਈਆਂ। ਸੈਨਿਕ ਕਮਾਂਡਰਾਂ ਨੇ ਅਨੁਭਵ ਕੀਤਾ ਕਿ ਸਮਾਂ ਗੁਜ਼ਰਦਾ ਜਾ ਰਿਹਾ ਸੀ ਤੇ ਜੇ ਉਹਨਾਂ ਨੇ ਹਰਿਮੰਦਰ ਵਲੋਂ ਹੋ ਰਿਹਾ ਵਿਰੋਧ ਖ਼ਤਮ ਨਾ ਕੀਤਾ ਤਾਂ ਉਹਨਾਂ ਨੂੰ ਸਿੱਖਾਂ ਦੀ ਆਮ ਬਗ਼ਾਵਤ ਦਾ ਸਾਮ੍ਹਣਾ ਕਰਨਾ ਪਵੇਗਾ। ਉਹਨਾਂ ਨੇ ਨਿਰਣਾ ਕਰ ਲਿਆ ਕਿ ਉਹ 5-6 ਜੂਨ ਦੀ ਰਾਤ ਨੂੰ ਸਾਰਾ ਕੰਮ ਮੁਕਾ ਲੈਣਗੇ ਭਾਵੇਂ ਉਹਨਾਂ ਦਾ ਕਿਤਨਾ ਵੀ ਜਾਨੀ

---

18. ਉਹੀ, ਪੰ. 24

ਨੁਕਸਾਨ ਕਿਉਂ ਨਾ ਹੋਵੇ ਜਾਂ ਹਰਿਮੰਦਰ ਨੂੰ ਨੁਕਸਾਨ ਪਹੁੰਚੇ। ਉਹਨਾਂ ਕੋਲ ਜੋ ਕੁਝ ਸੀ, ਉਹਨਾਂ ਨੇ ਕਮਾਂਡੋ, ਗੋਤਾਖੋਰ ਹੈਲੀਕਾਪਟਰ, ਬਕਤਰਬੰਦ ਗੱਡੀਆਂ ਤੇ ਟੈਂਕ ਸਭ ਝੋਂਕ ਦਿੱਤੇ। ਪਹਿਲਾਂ ਉਹਨਾਂ ਨੇ ਲੰਗਰ, ਸਰਾਵਾਂ ਤੇ ਸ਼੍ਰੋ. ਗੁ. ਪ੍ਰ. ਕਮੇਟੀ ਦੇ ਅਹਾਤੇ ਤੇ ਕਬਜ਼ਾ ਕਰ ਲਿਆ ਜਿੱਥੇ ਅਕਾਲੀ ਨੇਤਾਵਾਂ ਨੇ ਆਪਣਾ ਨਿਵਾਸ ਬਣਾਇਆ ਹੋਇਆ ਸੀ। ਅੱਧੀ ਰਾਤ ਤੋਂ ਇੱਕ ਘੰਟਾ ਮਗਰੋਂ ਲੌਂਗੋਵਾਲ, ਟੌਹੜਾ, ਰਾਮੂਵਾਲੀਆ, ਅਮਰਜੀਤ ਕੌਰ ਤੇ ਕਈ ਵੀਹਾਂ ਹੋਰਨਾਂ ਨੇ ਵੀ ਫੌਜ ਅੱਗੇ ਆਤਮ-ਸਮ੍ਰਪਣ ਕਰ ਦਿੱਤਾ।[19] ਜਦੋਂ ਉਹ ਇਸ ਤਰ੍ਹਾਂ ਕਰ ਰਹੇ ਸਨ ਤਾਂ ਘਾਤ ਲਾਕੇ ਗੋਲੀਆਂ ਚਲਾ ਰਹੇ ਲੋਕਾਂ ਨੇ ਭਿੰਡਰਾਂਵਾਲੇ ਦੇ ਦੋ ਵਿਰੋਧੀਆਂ ਨੂੰ ਮਾਰ ਦਿੱਤਾ ਤੇ ਇਹ ਹੱਥਗੋਲਾ (ਕਿਸੇ ਨੂੰ ਨਹੀਂ ਪਤਾ ਕਿ ਕਿਸ ਨੇ) ਹਜੂਮ ਉਪਰ ਸੁੱਟ ਦਿੱਤਾ ਜਿਸ ਨਾਲ ਕਈ ਵੀਹਾਂ ਲੋਕ ਮਾਰੇ ਗਏ। ਫ਼ੌਜ ਹਰਿਮੰਦਰ ਵਿੱਚ ਤਿੰਨਾ ਪਾਸਿਆਂ ਤੋਂ ਦਾਖ਼ਲ ਹੋ ਗਈ। ਵੱਡਾ ਹਮਲੇ ਉਸ ਖੁਲ੍ਹੇ ਰਸਤੇ ਵੱਲੋਂ ਕੀਤਾ ਗਿਆ ਜਿਧਰੋਂ ਉਹਨਾਂ ਨੇ ਅਕਾਲੀ ਨੇਤਾਵਾਂ ਨੂੰ ਗ੍ਰਿਫਤਾਰ ਕੀਤਾ ਸੀ।

ਬਕਤਰ-ਬੰਦ ਗੱਡੀਆਂ ਤੇ ਟੈਂਕਾਂ ਤੇ ਉਹਨਾਂ ਮਗਰ ਫ਼ੌਜੀ ਅਕਾਲਤਖਤ ਤੇ ਲਾਗਲੀਆਂ ਇਮਾਰਤਾਂ ਵਲੋਂ ਹੁੰਦੀ ਘਾਤਕ ਗੋਲਾਬਾਰੀ ਦਾ ਸਾਮ੍ਹਣਾ ਕਰਦੇ ਹੋਏ ਪਰਿਕਰਮਾ ਵਿੱਚ ਦਾਖਲ ਹੋਏ। ਸਭ ਤੋਂ ਅੱਗੇ ਜਾ ਰਹੀ ਬਕਤਰ-ਬੰਦ ਗੱਡੀ ਨੂੰ ਇੱਕ ਰਾਕਟ ਨੇ ਤਬਾਹ ਕਰ ਦਿੱਤਾ। ਫਿਰ ਟੈਂਕ ਲਿਆਂਦੇ ਗਏ। ਇੱਕ ਆਪਣੇ ਹੀ ਵਜ਼ਨ ਨਾਲ ਦੱਬ ਗਿਆ ਤੇ ਉੱਥੇ ਹੀ ਫਸ ਗਿਆ। ਚੁੰਧਿਆ ਦੇਣ ਵਾਲੀ ਟੈਂਕ ਦੀਆਂ ਬੱਤੀਆਂ ਜਗਾ ਦਿੱਤੀਆਂ ਗਈਆਂ ਤੇ ਅਕਾਲ ਤਖਤ ਉਪਰ ਗੋਲੇ ਬਰਸਾਏ ਗਏ। ਇਕ ਦਰਸ਼ਨੀ ਢਿਉੜੀ ਦੇ ਸਿਰੇ ਤੇ ਬਣੇ ਹਰਿਮੰਦਰ ਨੂੰ ਜਾਂਦੇ ਲਾਂਘੇ ਤੇ ਡਿੱਗਿਆ। ਇਕ ਅਕਾਲ ਤਖਤ ਤੇ ਡਿੱਗਿਆ ਤੇ ਇਸ ਨੇ ਭਵਨ ਦਾ ਕਾਫ਼ੀ ਹਿੱਸਾ ਢਾਹ ਦਿੱਤਾ। ਪਰਿਕਰਮਾ ਦੇ ਨਾਲ ਲੱਗਦੇ ਹਰ ਕਮਰੇ ਵਿੱਚ ਲੜਾਈ ਹੁੰਦੀ ਰਹੀ। ਭਿੰਡਰਾਂਵਾਲੇ ਦੇ ਆਦਮੀ ਤੈਹਖਾਨੇ 'ਚੋਂ ਨਿਕਲ ਕੇ ਫੌਜੀ ਜਵਾਨਾਂ ਉੱਪਰ ਹਮਲਾ ਕਰਨ ਲਈ ਆ ਕੁੱਦੇ। ਛੇ ਜੂਨ ਦੀ ਸਵੇਰ ਨੂੰ ਫ਼ੌਜ ਨੇ ਹਰਿਮੰਦਰ ਤੇ ਆਲੇ ਦੁਆਲੇ ਤੇ ਆਪਣਾ ਅਧਿਕਾਰ ਕਰ ਲਿਆ। ਸਾਢੇ 4 ਵਜੇ ਸਵੇਰ ਤੱਕ ਫੌਜੀ ਕਮਾਂਡੋ ਅਕਾਲ ਤਖਤ ਤੇ ਜਾਣ ਵਿੱਚ ਸਫਲ ਹੋ ਗਏ। ਲੜਾਈ ਹੋਰ ਦੋ ਘੰਟੇ ਲਈ ਚੱਲਦੀ ਰਹੀ। ਜਨਰਲ ਬਰਾੜ ਨੇ ਲਿਖਿਆ ਕਿ ਆਤੰਕਵਾਦੀ ਆਖਰੀ ਆਦਮੀ ਤੱਕ ਲੜਦੇ ਰਹੇ। ਗੋਲੀਆਂ ਨਾਲ ਛਲਣੀ ਭਿੰਡਰਾਂਵਾਲਾ, ਅਮਰੀਕ ਸਿੰਘ, ਤੇ ਜਨਰਲ ਸ਼ਾਹਬੇਗ ਸਿੰਘ (ਜਿਸ ਦੇ ਹੱਥਾਂ ਵਿੱਚ ਅਜੇ ਵੀ ਵਾਕੀ ਟਾਕੀ ਫੜੀ ਹੋਈ ਸੀ) ਦੀਆਂ ਲਾਸ਼ਾਂ ਤੈਹਖਾਨੋਂ 'ਚੋਂ ਮਿਲੀਆਂ।[20] ਐਸੀਆਂ ਹੀ ਲੜਾਈਆਂ ਫ਼ੌਜ ਨੂੰ ਹੋਰ 40

19. ਉਸ ਸਮੇਂ ਤੋਂ ਇਹ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਅਕਾਲੀ ਨੇਤਾਵਾਂ ਦੀ ਗ੍ਰਿਫ਼ਤਾਰੀ ਕਿਸ ਢੰਗ ਨਾਲ ਕੀਤੀ ਗਈ। ਸ਼ਾਇਦ ਜਨਰਲ ਕੇ.ਐਸ. ਬਰਾੜ ਦਾ ਬਿਰਤਾਂਤ ਵਧੇਰੇ ਭਰੋਸੇਯੋਗ ਹੈ। ਜੂਨ 14 1984 ਨੂੰ ਦਿੱਤੀ ਭੇਂਟ ਸਮੇਂ ਉਸ ਨੇ ਕਿਹਾ, "ਲੌਂਗੋਵਾਲ ਤੇ ਟੋਹੜਾ ਨੇ ਆਪ ਆਤਮ ਸਮਰਪਣ ਕੀਤਾ। ਉਹ ਲੜੇ ਨਹੀਂ ਸਨ।" ਚੋਪੜਾ, 'ਪੰਜਾਬ ਦੀ ਪੀੜਾ' ਪੰ. 31

20. ਜਨਰਲ ਜਸਵੰਤ ਸਿੰਘ ਭੁੱਲਰ ਮੌਕਾ ਪਾਕੇ ਘਟਨਾ ਵਾਲੀ ਥਾਂ ਤੋਂ ਚੋਰੀ ਨਿਕਲ ਗਿਆ ਸੀ। ਮਗਰੋਂ ਉਹ ਖਾਲਿਸਤਾਨ ਦਾ ਪਰਚਾਰ ਕਰਨ ਲਈ ਸੰਯੁਕਤ ਰਾਜ ਅਮਰੀਕਾ ਪਹੁੰਚ ਗਿਆ।

ਗੁਰਦੁਆਰਿਆਂ 'ਚ ਲੜਨੀਆਂ ਪਈਆਂ ਜਿੱਥੇ ਉਸ ਨੂੰ ਆਂਤਕਵਾਦੀਆਂ ਦੇ ਲੁਕੇ ਹੋਏ ਹੋਣ ਦਾ ਸ਼ੱਕ ਸੀ। ਇਸ ਵਿੱਚ ਪਟਿਆਲੇ ਦਾ 'ਦੁਖ ਨਿਵਾਰਨ' ਤੇ ਤਰਨਤਾਰਨ ਅਤੇ ਮੋਗੇ ਦੇ ਗੁਰਦੁਆਰੇ ਸ਼ਾਮਲ ਸਨ।[21]

---

21. ਮੰਦਰ ਸਮੂਹ ਵਿੱਚ 'ਨੀਲਾ ਤਾਰਾ ਸਾਕਾ' ਸਮੇਂ ਹਾਜ਼ਰ ਚਸ਼ਮ ਦੀਦ ਗਵਾਹ ਸਰਕਾਰ ਦੇ ਵ੍ਹਾਈਟ ਪੇਪਰ ਵਿੱਚ ਵਰਨਣ ਕੀਤੀ ਤਰਤੀਬ ਦੀ ਪੁਸ਼ਟੀ ਨਹੀਂ ਕਰਦੇ। ਉਹਨਾਂ ਦੇ ਵੇਰਵੇ ਮਈ 1985 ਵਿੱਚ ਸ਼੍ਰੀਮਤੀ ਅਮੀਆ ਰਾਓ ਦੀ ਅਗਵਾਈ ਵਿੱਚ ਪੰਜਾਂ ਵਿਅਕਤੀਆਂ ਦੀ ਇੱਕ ਖੋਜ ਮੰਡਲੀ ਜਿਸ ਨੂੰ 'ਸਿਟੀਜ਼ਨਜ਼ ਫੌਰ ਡੈਮੋਕਰੇਸੀ" ਨੇ ਪੰਜਾਬ ਭੇਜਿਆ ਸੀ, ਨੇ ਇਕੱਠੇ ਕੀਤੇ। ਉਹਨਾਂ ਦੀ ਖੋਜ ਦੇ ਸਿੱਟੇ ਜਸਟਿਸ ਵੀ ਐਸ ਤਾਰਕੁੰਡੇ ਵਲੋਂ ਲਿਖੇ ਮੁਖਬੰਦ ਸਮੇਤ ਕੁਝ ਮਹੀਨੇ ਮਗਰੋਂ ਛਾਪੇ ਗਏ। ਸਰਕਾਰ ਨੇ ਇਹ ਕਿਤਾਬ ਜਿਸ ਦਾ ਸਿਰਨਾਵਾਂ ਸੀ "ਕੌਮ ਨੂੰ ਸੂਚਨਾ-ਪੰਜਾਬ ਵਿੱਚ ਸਖਤੀ" ਤੁਰਤ ਹੀ ਕਬਜ਼ੇ 'ਚ ਲੈ ਲਈ ਤੇ ਇਸ ਉਪਰ ਪਾਬੰਦੀ ਲਾ ਦਿੱਤੀ। ਦਸ ਸਤੰਬਰ 1985 ਨੂੰ ਸਾਰੇ ਪੰਜੇ ਖੋਜੀਆਂ ਉੱਪਰ ਐਨ ਐਸ ਏ (ਕੌਮੀ ਸੁਰੱਖਿਆ ਕਾਨੂੰਨ) 1983 ਦਾ ਵਿਸ਼ੇਸ਼ ਅਧਿਕਾਰ ਕਾਨੂੰਨ ਤੇ ਤਬਾਹਕੁਨ ਕਾਰਵਾਈਆਂ ਦਾ ਕਾਨੂੰਨ ਲਾਗੂ ਕਰ ਕੇ ਗ੍ਰਿਫਤਾਰ ਕਰ ਲਿਆ। ਮਗਰੋਂ ਇਸ ਪੁਸਤਕ ਨੂੰ ਗੁਪਤ ਤੌਰ ਤੇ ਭਾਰਤ ਵਿੱਚ ਤੇ ਵਿਦੇਸ਼ਾਂ ਵਿੱਚ ਛਾਪ ਕੇ ਪਰਚਾਰ ਕੀਤਾ ਗਿਆ। ਇਸ ਦੇ ਸਿੱਟੇ 1 ਜੂਨ ਤੋਂ 7 ਜੂਨ ਤੱਕ ਵਾਪਰੀਆਂ ਘਟਨਾਵਾਂ ਦੇ ਵੇਰਵੇ ਦਵਿੰਦਰ ਸਿੰਘ ਦੁੱਗਲ (ਸਿੱਖ ਰੈਫਰੈਂਸ ਲਾਇਬਰੇਰੀ ਦੇ ਨਿਰਦੇਸ਼ਕ) ਦੇ (ਉਹਦਾ ਘਰ ਲਾਇਬਰੇਰੀ ਦੇ ਨਾਲ ਤੇ ਸਵਰਨ ਮੰਦਰੋਂ ਉਪਰ ਦੀ ਦਿਖਾਈ ਦਿੰਦਾ ਸੀ) ਐਸ.ਜੀ.ਪੀ.ਸੀ. ਦੇ ਸਕੱਤਰ ਭਾਨ ਸਿੰਘ, ਮੰਦਰ ਦੇ ਇਕ ਗ੍ਰੰਥੀ ਗਿਆਨੀ ਪ੍ਰੀਤਮ ਸਿੰਘ ਤੇ ਹੋਰਨਾਂ ਦੇ ਬਿਆਨਾਂ ਤੇ ਆਧਾਰਿਤ ਸਨ। (ੳ) ਉਹ ਸਾਫ ਕਹਿੰਦੇ ਹਨ ਕਿ ਗੋਲੀ ਸੀ.ਆਰ.ਪੀ.ਐਫ. ਨੇ 1 ਜੂਨ ਦੀ ਦੁਪਹਿਰ ਨੂੰ ਚਲਾਉਣੀ ਸ਼ੁਰੂ ਕੀਤੀ ਤੇ ਇਹ 7 ਘੰਟੇ ਲਗਾਤਾਰ, ਮੰਦਰ ਸਮੂਹ ਵੱਲੋਂ ਇੱਕ ਵੀ ਗੋਲੀ ਨਾ ਚਲਾਏ ਜਾਣ ਦੇ ਬਾਵਜੂਦ, ਚੱਲਦੀ ਰਹੀ।

    8 ਮਾਰੇ ਗਏ ਵਿਅਕਤੀਆਂ ਵਿੱਚ ਇੱਕ ਇਸਤਰੀ ਤੇ ਇੱਕ ਬੱਚਾ ਸ਼ਾਮਲ ਸਨ। (ਅ) ਦੋ ਜੂਨ ਨੂੰ ਕੋਈ ਮੰਦੀ ਘਟਨਾ ਨਹੀਂ ਵਾਪਰੀ। ਕਰਫਿਊ ਉਠਾ ਲਿਆ ਗਿਆ ਤੇ ਯਾਤਰੀਆਂ ਨੂੰ ਸ਼ਹੀਦੀ ਗੁਰਪੁਰਬ ਮਨਾਉਣ ਲਈ ਹਰਿ ਮੰਦਰ ਵਿੱਚ ਆਉਣ ਦੀ ਆਗਿਆ ਦੇ ਦਿੱਤੀ ਗਈ। ਦੋ ਜੂਨ ਨੂੰ ਹਰਿਮੰਦਰ ਦੇ ਬਾਹਰ ਸੀ.ਆਰ.ਪੀ.ਐਫ. ਦੀ ਥਾਂ ਸੈਨਾ ਨਿਯੁਕਤ ਕਰ ਦਿੱਤੀ ਗਈ। (ੲ) ਸ਼ਹੀਦੀ ਸਮਾਰੋਹ ਸਮੇਂ 3 ਜੂਨ ਨੂੰ ਸ਼ਰਧਾਲੂਆਂ ਦੀ ਗਿਣਤੀ 10 ਹਜਾਰ ਦੇ ਲਗਭਗ ਸੀ। ਇਹਨਾਂ ਵਿੱਚ 1300 ਵਿਅਕਤੀਆਂ ਦਾ ਇੱਕ ਜੱਥਾ ਸੀ ਜਿਸ ਵਿੱਚ 200 ਇਸਤਰੀਆਂ ਤੇ 18 ਬੱਚੇ ਸਨ, ਤੇ ਉਹ 'ਧਰਮ ਯੁੱਧ ਮੋਰਚੇ' ਵਿੱਚ ਗ੍ਰਿਫਤਾਰੀ ਦੇਣ ਲਈ ਆਏ ਸਨ। ਇਹ ਸਭ ਹਰਿਮੰਦਰ ਸਮੂਹ ਵਿੱਚ ਗੁਰੂ ਰਾਮਦਾਸ ਸਰਾਂ ਵਿੱਚ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਜਾਂ ਪਰਿਕਰਮਾ ਵਿੱਚ ਠਹਿਰੇ ਹੋਏ ਸਨ। (ਸ) ਫੌਜ ਨੇ ਬਿਨਾਂ ਤਾੜਨਾ ਕੀਤਿਆਂ ਹਰਿਮੰਦਰ ਸਮੂਹ ਤੇ ਹਮਲਾ ਕਰ ਦਿੱਤਾ। 4 ਜੂਨ ਨੂੰ 4 ਵਜੇ ਸਵੇਰੇ ਬਿਜਲੀ ਬੰਦ ਕਰ ਦਿੱਤੀ ਗਈ ਤੇ ਪਹਿਲੇ ਗੋਲੇ ਅਕਾਲ ਤਖਤ ਕੋਲ ਆਕੇ ਡਿੱਗੇ। ਫੌਜ ਨੇ ਸਾਰੇ ਪਾਸਿਆਂ ਤੋਂ ਹਮਲਾ ਕਰ ਦਿੱਤਾ। ਦੁੱਗਲ ਅਨੁਸਾਰ, ਉਪਰ ਇੱਕ ਹੈਲੀਕਾਪਟਰ ਘੁੰਮਦਾ ਰਿਹਾ ਤੇ ਗੋਲੀਆਂ ਵਰ੍ਹਾਉਂਦਾ ਰਿਹਾ। ਕੁਝ ਹੈਲੀਕਾਪਟਰ ਗੋਲੀ ਚਲਾਉਣ ਲਈ ਅੱਗਵਾਈ ਦਿੰਦੇ ਰਹੇ। ਰੌਸ਼ਨੀ ਦੇ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਦੋ ਦਿਨ ਮਗਰੋਂ 8 ਜੂਨ ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਹਰਿਮੰਦਰ ਦੀ ਯਾਤਰਾ ਕੀਤੀ। ਪਰਧਾਨ ਮੰਤਰੀ ਨੇ ਉਹਦੇ ਉੱਪਰ ਨਜ਼ਰ ਰੱਖਣ ਲਈ ਅਰਜਨ ਸਿੰਘ ਤੇ ਆਪਣੇ ਨਿੱਜੀ ਸਕੱਤਰ ਆਰ ਕੇ ਧਵਨ ਨੂੰ ਭੇਜਿਆ ਤਾਂ ਜੋ ਉਹ ਯਕੀਨੀ ਬਣਾ ਲੈਣ ਕਿ ਕੋਈ ਅਜਿਹੀ ਘਟਨਾ ਨਾ ਹੋ ਜਾਵੇ ਜੋ ਸਰਕਾਰ ਲਈ ਪਰੇਸ਼ਾਨੀ ਦਾ ਕਾਰਨ ਬਣੇ। ਜ਼ੈਲ ਸਿੰਘ ਨੇ ਜੋ ਕੁਝ ਵੇਖਿਆ, ਉਸ ਨਾਲ ਉਸ ਨੂੰ ਕਾਫ਼ੀ ਧੱਕਾ ਲੱਗਾ। ਅਜੇ ਵੀ ਪਵਿੱਤਰ ਸਰੋਵਰ ਵਿੱਚ ਇਸਤਰੀਆਂ ਤੇ ਬੱਚਿਆਂ ਦੀਆਂ ਲੋਥਾਂ ਤਰ ਰਹੀਆਂ ਸਨ। ਭਾਵੇਂ ਪਰਿਕਰਮਾਂ ਵਿੱਚੋਂ ਖ਼ੂਨ ਦੇ ਦਾਗ ਧੋਣ ਦੇ ਸਿਰਤੋੜ ਯਤਨ ਕੀਤੇ ਗਏ ਸਨ, ਪ੍ਰੰਤੂ ਮਾਹੌਲ ਵਿੱਚ ਮੌਤ ਦੀ ਹਵਾੜ ਤੇ ਸੜ੍ਹਾਂਦ ਫੈਲੀ ਹੋਈ ਸੀ। ਉਸ ਦੀਆਂ ਅੱਖਾਂ ਵਿੱਚ ਅੱਥਰੂ ਵਹਿ ਤੁਰੇ ਤੇ ਉਸ ਨੇ ਗੁਰੂ ਪਾਸੋਂ ਮਾਫ਼ੀ ਲਈ ਅਰਦਾਸ ਕੀਤੀ। ਇਕ ਛੁਪੇ ਹੋਏ ਵਿਅਕਤੀ ਨੇ ਲਾਗਵੀਂ ਇਮਾਰਤ 'ਚੋਂ ਉਸ ਨੂੰ ਗੋਲੀ ਮਾਰ ਕੇ ਮਾਰ ਦੇਣ ਦੀ ਕੋਸ਼ਿਸ਼ ਕੀਤੀ, ਤੇ ਉਹ ਗੋਲੀ ਉਹਦੇ ਮਗਰ ਆ ਕੇ ਅੰਗ ਰਖਿਅਕ ਦੇ ਲੱਗੀ। ਕੁਝ ਦਿਨ ਮਗਰੋਂ ਸ੍ਰੀਮਤੀ ਗਾਂਧੀ ਨੇ ਹਰਿਮੰਦਰ ਦੀ ਯਾਤਰਾ ਕੀਤੀ ਤੇ ਹੋਇਆ ਨੁਕਸਾਨ ਵੇਖਕੇ ਉਹ ਵੀ ਦੁਖੀ ਹੋਈ। ਉਹ ਇਤਨੀ ਮਹਾਨ ਨਹੀਂ ਸੀ ਕਿ ਉਹ ਆਪਣੇ ਗਲਤ ਫੈਸਲੇ ਤੇ ਅਫਸੋਸ ਪਰਗਟ ਕਰਦੀ। ਇਹ ਐਸਾ ਗਲਤ ਫੈਸਲਾ ਸੀ ਜਿਸ ਦਾ ਉਸਨੂੰ ਤੇ ਮੁਲਕ ਨੂੰ ਕਈ ਦਹਾਕਿਆਂ ਤੱਕ ਭਾਰੀ ਕੀਮਤ ਤਾਰਕੇ ਖਮਿਆਜ਼ਾ ਭੁਗਤਣਾ ਪਵੇਗਾ।

ਸਰਕਾਰੀ ਪਰਚਾਰ ਸਾਧਨਾਂ ਤੇ ਲਗਭਗ ਹਿੰਦੂ ਪੱਖੀ ਫਿਰਕੂ ਅਖਬਾਰਾਂ ਨੇ ਫੌਜੀ ਕਾਰਵਾਈ ਨੂੰ ਸਹੀ ਦਰਸਾਉਣ ਲਈ ਫੌਜ ਦੇ ਇਸ ਅਣਸੁਖਾਵੇਂ ਕਾਰਜ ਨੂੰ ਪੇਸ਼ਾਵਾਰਾਨਾ ਸੁਯੋਗਤਾ ਨਾਲ ਨੇਪਰ ਚਾੜ੍ਹਨ ਤੇ ਬਹਾਦਰੀ ਦੀ ਪ੍ਰਸੰਸਾ ਕਰਨ ਲਈ ਤੇ ਭਿੰਡਰਾਂਵਾਲੇ ਤੇ ਉਹਦੇ ਸਹਿਯੋਗੀਆਂ ਦੀ ਐਸੀ ਭੈੜੀ ਭਾਸ਼ਾ ਵਿੱਚ ਬਦਨਾਮੀ ਕਰਨ ਦੀ ਪੂਰੀ ਵਾਹ ਲਾਈ ਜੋ ਕਥਿਤ ਸੁਤੰਤਰ ਪ੍ਰੈਸ ਦੀ ਸ਼ਾਨ ਦੇ ਅਨੁਕੂਲ ਨਹੀਂ ਸੀ। ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਫੌਜ ਦੇ ਬਹੁਤ ਵਿਅਕਤੀ ਇਸ ਕਾਰਨ ਮਾਰੇ ਗਏ ਕਿਉਂਕਿ

☜ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਚੱਕਰਾਂ ਦੇ ਤੁਰਤ ਪਿੱਛੋਂ ਹੀ ਤੋਪ ਦਾ ਗੋਲਾ ਨਿਸ਼ਾਨੇ ਤੇ ਲੱਗਦਾ ਤੇ ਤਬਾਹੀ ਮਚਾ ਦਿੰਦਾ। ਅਸੀਂ ਕਾਫੀ ਸਾਰੇ ਮੁੰਡਿਆਂ ਦੇ ਚੀਥੜੇ ਉੱਡਦੇ ਵੇਖੇ। (ਹ) ਕੇਂਦਰੀ ਹਰਿਮੰਦਰ ਵਿੱਚ 50 ਆਦਮੀ ਤੇ ਇਸਤਰੀਆਂ ਸਨ ਜਿਹਨਾਂ ਵਿਚੋਂ ਦੋ ਮਾਰੇ ਗਏ (ਕ) ਅਸਲੀ ਟੱਕਰ ਹਰਿਮੰਦਰ ਵਿੱਚ ਦਾਖਲ ਹੋਣ ਮਗਰੋਂ ਸ਼ੁਰੂ ਹੋਈ। ਭਿੰਡਰਾਂਵਾਲੇ ਕੋਲ 100 ਕੁ ਜੁਝਾਰੂ ਸਨ ਤੇ 100 ਤੋਂ ਘੱਟ ਹਥਿਆਰ ਸਨ ਜੋ ਵਧੇਰੇ ਕਰਕੇ 303 ਬੋਰਦੀਆਂ ਰਫਲਾਂ ਤੇ ਪਹਿਲੇ ਸੰਸਾਰ ਯੁੱਧ ਵੇਲੇ ਦੀਆਂ 315 ਮਾਰਕਾ ਬੰਦੂਕਾਂ ਤੇ ਕੁਝ ਸਟੇਨ ਗੰਨਾ ਸਨ। ਜਦੋਂ ਫੌਜ ਦਾਖਲ ਹੋਈ, ਉਹਨਾਂ ਦਾ ਅਸਲਾਹ ਲਗਭਗ ਖਤਮ ਹੋ ਚੁੱਕਾ ਸੀ। 6 ਜੂਨ ਦੀ ਅੱਧੀ ਰਾਤ ਮਗਰੋਂ ਇੱਕ ਵਜੇ ਤੜਕੇ ਅੱਠ ਟੈਂਕ ਤੇ ਇੱਕ ਬਕਤਰਬੰਦ ਗੱਡੀ ਹਰਿਮੰਦਰ ਸਮੂਹ ਵਿੱਚ ਦਾਖਲ ਹੋਏ। (ਖ) ਰੀਸਰਚ ਲਾਇਬ੍ਰੇਰੀ ਨੂੰ 6 ਜੂਨ ਦੀ ਸ਼ਾਮ ਤੱਕ ਕੋਈ ਨੁਕਸਾਨ ਨਹੀਂ ਪਹੁੰਚਿਆ ਸੀ ਜਦੋਂ ਦੁੱਗਲ ਉਥੋਂ ਗਿਆ ਸੀ। ਆਪਣੀ ਵਾਪਸੀ ਤੇ 14 ਜੂਨ ਨੂੰ ਆਕੇ ਉਸ ਨੇ ਇਹ ਲਾਇਬਰੇਰੀ ਤਬਾਹ ਹੋਈ ਵੇਖੀ। ਉਸ ਨੂੰ ਇੱਕ ਰਸੀਦ ਤੇ ਦਸਖਤ ਕਰਨ ਲਈ ਕਿਹਾ ਗਿਆ ਕਿ ਉਸ ਨੇ ਇਸਦਾ ਚਾਰਜ ਲੈ ਲਿਆ ਹੈ। ਉਸ ਦੇ ਇਨਕਾਰ ਕਰਨ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। (ਰਿਪੋਰਟ ਟੂ ਨੇਸ਼ਨ ਅਪਰੇਸ਼ਨ ਇਨ ਪੰਜਾਬ-ਯੂ.ਐਸ.ਏ. ਮੁੜ ਛਪੀ ਹੋਈ)

ਇਹ ਹਰਿਮੰਦਰ ਵਲੋਂ ਆਉਂਦੀਆਂ ਗੋਲੀਆਂ ਦਾ ਮੋੜਵਾਂ ਉੱਤਰ ਦੇਣ ਤੋਂ ਟਲਦੀ ਰਹੀ, ਇਸੇ ਲਈ ਹਰਿਮੰਦਰ ਨੂੰ ਕੋਈ ਨੁਕਸਾਨ ਨਾ ਪਹੁੰਚਿਆ ਤੇ ਇਸਦੇ ਅੰਦਰ ਕੋਈ ਜ਼ਖਮੀ ਵੀ ਨਹੀਂ ਹੋਇਆ ਸੀ। ਉੱਥੇ ਜਿਹੜੇ ਲੋਕ ਹਾਜ਼ਰ ਸਨ ਉਹ ਵੱਖਰੀ ਹੀ ਕਹਾਣੀ ਬਿਆਨ ਕਰਦੇ ਸਨ, ਹਰਿਮੰਦਰ ਵਿੱਚ ਥਾਂ-ਥਾਂ ਗੋਲੀਆਂ ਲੱਗੀਆਂ ਹੋਈਆਂ ਸਨ ਤੇ ਘੱਟੋ ਘੱਟ ਇੱਕ ਰਾਗੀ ਮਾਰਿਆ ਗਿਆ ਸੀ।[22] ਇਹ ਕਹਾਣੀਆਂ ਵੀ ਫੈਲਾਈਆਂ ਗਈਆਂ ਕਿ ਉੱਥੇ ਬਹੁਤ ਸਾਰੀਆਂ ਇਸਤਰੀਆਂ ਸਨ, ਜਿਨ੍ਹਾਂ ਵਿੱਚ ਵੇਸ਼ਵਾਵਾਂ ਤੇ ਵਿਦੇਸ਼ੀ ਹਿੱਪੀ ਸਨ ਤੇ ਉਹਨਾਂ ਚੋਂ ਕਈ ਤੀਵੀਆਂ ਗਰਭਵਤੀ ਵੀ ਸਨ। ਬਾਕੀਆਂ ਦੀਆਂ ਇਸ ਕਾਰਨ ਗਰਭਵਤੀ ਹੋਣੇ ਬਚ ਗਈਆਂ ਕਿਉਂਕਿ ਮਲਬੇ 'ਚੋਂ ਭਾਰੀ ਮਾਤਰਾ ਵਿੱਚ ਵਰਤੇ ਹੋਏ ਨਿਰੋਧ ਮਿਲੇ ਸਨ। ਉਥੇ ਹੈਰੋਇਨ, ਹਸ਼ੀਸ਼ ਤੇ ਅਫੀਮ ਦਾ ਭੰਡਾਰ ਵੀ ਮਿਲਿਆ। ਇਹ ਕਹਾਣੀਆਂ ਬਹੁਤੇ ਅਖਬਾਰਾਂ ਦੇ ਮੁੱਖ ਪੰਨਿਆਂ ਦਾ ਸ਼ਿੰਗਾਰ ਬਣੀਆਂ। ਪਿੱਛੋਂ ਇਹਨਾਂ ਕਹਾਣੀਆਂ ਦੀ ਤਰਦੀਦ ਵੀ ਤੇ ਸੋਧ ਵੀ ਕੀਤੀ ਗਈ ਕਿ ਹਿੱਪੀ ਤੇ ਨਸ਼ੀਲੀਆਂ ਵਸਤੂਆਂ ਮੰਦਰ ਸਮੂਹ 'ਚੋ ਨਹੀਂ ਮਿਲੀਆਂ, ਪਰ ਇਸ ਦਾ ਪਰਚਾਰ ਮਾਮੂਲੀ ਹੀ ਹੋਇਆ। ਭਿੰਡਰਾਂਵਾਲੇ ਦਾ ਅਕਸ਼ ਵਿਗਾੜਨ ਦੇ ਹੋਰ ਯਤਨਾਂ ਵੀ ਕੁੱਢਬੇ ਤੇ ਫੂਹੜ ਸਨ। ਇਹ ਵੀ ਕਿਹਾ ਗਿਆ ਕਿ ਉਸ ਨੂੰ ਉਸ ਦੇ ਆਪਣੇ ਹੀ ਆਦਮੀਆਂ ਨੇ ਮਾਰ ਦਿੱਤਾ ਸੀ।[23] ਕਿਉਂਕਿ ਕੋਈ ਵੀ ਆਤਮ ਸਨਮਾਣ ਵਾਲਾ ਵਿਅਕਤੀ ਸਰਕਾਰ ਦੀ ਸਫ਼ਾਈ ਵਿੱਚ ਕੁਝ ਕਹਿਣ ਨੂੰ ਤਿਆਰ ਨਹੀਂ ਸੀ ਇਸ ਕਰਕੇ ਡਰੇ ਹੋਏ ਪੋਂਡੂਆਂ ਨੂੰ ਟੀ.ਵੀ. ਕੈਮਰਿਆਂ ਦੇ ਸਾਮ੍ਹਣੇ ਲਿਆ ਕੇ ਖੜਾ ਕਰ ਦਿੱਤਾ ਜਾਂਦਾ ਤੇ ਉਹਨਾਂ ਤੋਂ ਲਿਖੇ ਹੋਏ ਬਿਆਨ ਪੜ੍ਹਾਏ ਜਾਂਦੇ। ਅਕਾਲ ਤਖ਼ਤ ਦੇ ਜੱਥੇਦਾਰ ਕਿਰਪਾਲ ਸਿੰਘ ਦੇ ਹੱਥ ਵਿੱਚ ਲਿਖਤੀ ਬਿਆਨ ਫੜਾ ਦਿੱਤਾ ਗਿਆ ਜਿਸਨੇ ਪੜ੍ਹਿਆ ਕਿ ਨੁਕਸਾਨ ਮਾਮੂਲੀ ਹੋਇਆ ਹੈ।[24]

---

22. ਫੌਜੀ ਕਾਰਵਾਈ ਤੋਂ ਇੱਕ ਹਫਤਾ ਪਿੱਛੋਂ ਜਨਰਲ ਕੇ ਐਸ ਬਰਾੜ ਨੇ ਮੰਨਿਆ ਕਿ ਫੌਜ ਦੇ ਮ੍ਰਿਤਕਾਂ ਦੀ ਇਸ ਕਾਰਨ ਜ਼ਿਆਦਾ ਗਿਣਤੀ ਹੋਈ ਕਿਉਂਕਿ ਇਸਨੂੰ ਹਰਿਮੰਦਰ ਵਲੋਂ ਆਉਂਦੀਆਂ ਗੋਲੀਆਂ ਦਾ ਮੋੜਵਾਂ ਜਵਾਬ ਦੇਣੋ ਰੋਕਿਆ ਗਿਆ ਸੀ। ਹਰਿਮੰਦਰ ਵਿੱਚ ਸੌ ਤੋਂ ਵੱਧ ਗੋਲੀਆਂ ਦੇ ਨਿਸ਼ਾਨਾਂ ਨੇ ਇਸ ਸਰਕਾਰੀ ਕਥਨ ਬਾਰੇ ਗੰਭੀਰ ਸ਼ੰਕੇ ਪੈਦਾ ਕਰ ਦਿੱਤੇ। ਜਾਂ ਤਾਂ ਹਰਿਮੰਦਰ ਵਿੱਚ ਆਤੰਕਵਾਦੀ ਹੈ ਹੀ ਨਹੀਂ ਸਨ ਤੇ ਗੋਲੀਆਂ ਆਰਪਾਰ ਚੱਲਣ ਕਰਕੇ ਲੱਗੀਆਂ ਜਾਂ ਫਿਰ ਅੱਤਵਾਦੀ ਸਨ ਤੇ ਸੈਨਾ ਨੇ ਜ਼ਰੂਰ ਹੀ ਉਹਨਾਂ ਦੀਆਂ ਗੋਲੀਆਂ ਦੇ ਵਿਰੋਧ ਵਿੱਚ ਗੋਲੀਆਂ ਚਲਾਈਆਂ। (ਚੋਪੜਾ—ਪੰਜਾਬ ਦਾ ਸੰਤਾਪ, ਪੰ. 28-33)
23. 'ਦੀ ਹਿੰਦੁਸਤਾਨ ਟਾਈਮਜ਼' ਨੇ 8 ਜੂਨ 1984 ਨੂੰ ਮੁੱਖ ਪੰਨੇ ਤੇ ਐਮ ਕੇ ਧਰ ਦਾ 'ਭਰੋਸੇਯੋਗ ਸੂਤਰਾਂ' ਤੋਂ ਪ੍ਰਾਪਤ ਕੀਤਾ ਬਿਆਨ ਛਾਪਿਆ ਕਿ ਭਿੰਡਰਾਂਵਾਲੇ ਨੇ ਆਪਣੀ ਜਾਨ ਆਪ ਲਈ।
24. ਅਮਲੀ ਤੌਰ ਤੇ ਸਰਕਾਰ ਆਪਣੇ ਸਮਰਥਨ ਲਈ ਦੋ ਹੀ 'ਇਜ਼ੱਤਦਾਰ' ਸਿੱਖਾਂ ਨੂੰ ਵਰਤ ਸਕੀ ਜੋ ਰਾਜਪਾਲ ਦੀ ਪਦਵੀ ਦੇ ਅਭਿਲਾਸ਼ੀ ਸਨ। ਇੱਕ ਤਾਂ ਬੇਲੋੜਾ ਮੁਲਾਹਜ਼ੇਦਾਰ ਡਾ. ਗੋਪਾਲਸਿੰਘ ਦਰਦੀ ਸੀ ਤੇ ਦੂਸਰਾ ਪ੍ਰੋ. ਹਰਬੰਸ ਸਿੰਘ। ਦਰਦੀ ਨੂੰ ਗੋਆ, ਦਮਨ, ਦਿਉ ਦਾ ਉਪ ਰਾਜਪਾਲ ਬਣਾਇਆ ਗਿਆ। ਪਰੋਫ਼ੈਸਰ ਹਰਬੰਸ ਸਿੰਘ ਦੇ ਪਰਿਵਾਰ ਨੂੰ ਉਹਦੀਆਂ ਸ਼ਰਤਾਂ ਅਨੁਸਾਰ ਅਕਾਲ ਤਖ਼ਤ ਬਣਾਉਣ ਦਾ ਠੇਕਾ ਦੇਕੇ ਇਵਜ਼ਾਨਾ ਦਿੱਤਾ ਗਿਆ।

ਸਾਰਾ ਸਿੱਖ ਸਮਾਜ ਇਸ ਕਾਰਵਾਈ ਤੇ ਅਪਮਾਨਤ ਤੇ ਦੁਖੀ ਸੀ ਤੇ ਜਿਸ ਤਰ੍ਹਾਂ ਵੀ ਸੰਭਵ ਹੋਇਆ, ਸਭ ਨੇ ਆਪਣਾ ਗੁੱਸਾ ਜਾਹਰ ਕੀਤਾ। ਭਾਰਤ ਦੇ ਵੱਖ ਵੱਖ ਭਾਗਾਂ 'ਚੋਂ ਛਾਉਣੀਆਂ ਦੀਆਂ ਪਲਟਣਾਂ ਦੇ 4000 ਸਿੱਖ ਫ਼ੌਜੀਆਂ ਨੇ ਫੌਜ ਤੋਂ ਵਿਦ੍ਰੋਹ ਕਰ ਦਿੱਤਾ, ਆਪਣੇ ਅਫਸਰਾਂ ਨੂੰ ਮਾਰ ਦਿੱਤਾ ਤੇ ਅੰਮ੍ਰਿਤਸਰ ਪਹੁੰਚਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੂੰ ਸਥਾਨਕ ਫੌਜ ਤੇ ਪੁਲੀਸ ਨੇ ਰੋਕ ਲਿਆ। ਝੜੱਪ ਵਿੱਚ ਦੋਹਾਂ ਪਾਸਿਆਂ ਦੇ ਕਈ ਕੋੜੀਆਂ (ਇੱਕ ਕੋੜੀ 'ਚ ਵੀਹ ਆਦਮੀ ਹੁੰਦੇ ਹਨ) ਫੌਜੀ ਮਾਰੇ ਗਏ ਤੇ ਬਾਕੀ ਭਗੌੜੇ ਗ੍ਰਿਫਤਾਰ ਕਰ ਲਏ ਗਏ। ਲੋਕ ਸਭਾ ਦੇ ਦੋ ਸਿੱਖ ਮੈਂਬਰਾਂ ਨੇ, ਜਿਹਨਾਂ ਵਿੱਚੋਂ ਇੱਕ ਅਮ੍ਰੇਂਦਰ ਸਿੰਘ ਪਟਿਆਲਾ ਸੀ ਤੇ ਦੋਵੇਂ ਹੀ ਸ਼੍ਰੀਮਤੀ ਗਾਂਧੀ ਦੀ ਪਾਰਟੀ ਦੇ ਸਨ, ਉਹਨਾਂ ਨੇ ਲੋਕ-ਸਭਾ ਤੇ ਕਾਂਗਰਸ ਦੋਹਾਂ 'ਚੋਂ ਤਿਆਗ-ਪੱਤਰ ਦੇ ਦਿੱਤਾ। ਇਸ ਤਰ੍ਹਾਂ ਹੀ ਪੰਜਾਬ ਵਿਧਾਨ ਸਭਾ ਦੇ ਕਈ ਮੈਂਬਰਾਂ ਨੇ ਕੀਤਾ। ਨਾਰਵੇ ਦੇ ਸਿੱਖ ਰਾਜਦੂਤ ਨੇ ਰਾਜਸੀ ਸ਼ਰਨ ਮੰਗੀ, "ਮਹਾਂਰਾਸ਼ਟਰ ਵਿੱਚ ਨਿਯੁਕਤ ਇੱਕ ਵਸ਼ਿਸ਼ਟ ਪੁਲੀਸ ਅਧਿਕਾਰੀ ਸਿਮਰਨਜੀਤ ਸਿੰਘ ਮਾਨ ਨੇ ਆਪਣਾ ਤਿਆਗ ਪੱਤਰ ਨਾਲ ਨੱਥੀ ਕਰਕੇ ਰਾਸ਼ਟਰ ਪਤੀ ਤੇ ਪ੍ਰਧਾਨ ਮੰਤਰੀ ਨੂੰ ਖਰ੍ਹਵੇਂ ਤੇ ਅਪਮਾਨਜਨਕ ਪੱਤਰ ਲਿਖੇ। ਮਗਰੋਂ ਉਸ ਨੂੰ ਸਰਹੱਦ ਪਾਰ ਕਰਦੇ ਸਮੇਂ ਨਿਪਾਲ ਵਿੱਚ ਦਾਖਲ ਹੁੰਦਿਆਂ ਗ੍ਰਿਫਤਾਰ ਕਰਨ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦ ਰੱਖਿਆ ਗਿਆ।[25] ਬਹੁਤ ਸਾਰੇ ਉੱਘੇ ਸਾਹਿਤਕਾਰਾਂ ਤੇ ਵਿਦਵਾਨਾਂ ਨੇ, ਜਿਹਨਾਂ ਵਿੱਚ ਇਤਿਹਾਸਕਾਰ ਗੰਡਾ ਸਿੰਘ, ਅਜੀਤ ਦਾ ਸੰਪਾਦਕ ਸਾਧੂ ਸਿੰਘ ਹਮਦਰਦ, ਤੇ ਭਗਤ ਪੂਰਨ ਸਿੰਘ (ਜੋ ਦਾੜ੍ਹੀ ਵਾਲੀ ਮਦਰ ਟੈਰੇਸਾ ਵਜੋਂ ਉੱਘਾ ਸੀ ਕਿਉਂਕਿ ਉਸਨੇ ਆਪਣੀ ਸਾਰੀ ਉਮਰ ਅਪੰਗਾਂ, ਬੇਸਹਾਰਾ ਤੇ ਕੋੜ੍ਹੀਆਂ ਦੀ ਸੇਵਾ ਵਿੱਚ ਲਾਈ ਸੀ) ਨੇ ਸਰਕਾਰ ਵਲੋਂ ਦਿੱਤੇ ਹੋਏ ਸਨਮਾਨ ਮੋੜ ਦਿੱਤੇ।

'ਨੀਲਾ ਤਾਰਾ ਸਾਕਾ' ਤੋਂ ਇੱਕ ਮਹੀਨਾ ਮਗਰੋਂ ਤੇ ਵਾਰ ਵਾਰ ਟਾਲ ਮਟੋਲ ਕਰਨ ਪਿੱਛੋਂ ਅੰਤ 10 ਜੁਲਾਈ ਨੂੰ ਉਹਨਾਂ ਘਟਨਾਵਾਂ ਦਾ ਵੇਰਵਾ 'ਪੰਜਾਬ ਦੇ ਅੰਦੋਲਨ ਬਾਰੇ ਵ੍ਹਾਈਟ ਪੇਪਰ ਦੇ ਰੂਪ ਵਿੱਚ ਛਾਪਿਆ ਗਿਆ ਜਿਸ ਕਾਰਨ ਇਹ ਸਾਕਾ ਹੋਇਆ ਜਾਂ ਇਸ ਦੀ ਨੌਬਤ ਆਈ।[26] ਇੱਕ ਪਾਸੜ ਬਿਆਨ ਤੋਂ ਬਿਨਾਂ ਇਸ ਵਿੱਚ ਤੱਥਾਂ ਦੀਆਂ ਬਹੁਤ ਗਲਤੀਆਂ

---

25. ਸਰਕਾਰ ਨੇ ਮਾਨ ਨੂੰ ਸ਼੍ਰੀਮਤੀ ਗਾਂਧੀ ਦੇ ਕਤਲ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ। ਮਾਨ ਭਾਗਲਪੁਰ ਦੀ ਜੇਹਲਵਿੱਚ ਨਜ਼ਰਬੰਦੀ ਸਮੇਂ ਹੀ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ।

26. 14 ਜੁਲਾਈ 1983 ਨੂੰ ਹਰਕਿਸ਼ਨ ਸਿੰਘ ਸੁਰਜੀਤ ਤੇ ਵਿਰੋਧੀ ਧਿਰਾਂ ਦੇ ਲੋਕ ਸਭਾ ਮੈਂਬਰਾਂ ਨੇ ਲੋਕ ਸਬਾ ਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਵਿੱਚ ਪੰਜਾਬ ਬਾਰੇ 'ਵ੍ਹਾਈਟ ਪੇਪਰ' ਜਾਰੀ ਕਰਨ ਨੂੰ ਕਿਹਾ। ਸਰਕਾਰ ਨੇ ਇਹ ਮੰਗ ਰੱਦ ਕਰ ਦਿੱਤੀ। ਇਸਨੇ ਆਪਣੇ ਅਨੁਲੱਗਾਂ ਵਿੱਚ ਚੀਨ ਦੀਆਂ ਬਣੀਆਂ 52 ਰਾਈਫਲਾਂ ਤੇ ਰੂਸੀ 'ਕਿਆਸਨੀ ਕੋਫ਼' ਰਫਲਾਂ ਤੋਂ ਬਿਨਾਂ ਸ੍ਵੈ ਚਾਲਕ ਤੇ ਭਰੀਆਂ ਜਾਣ ਵਾਲੀਆਂ ਰਾਈਫਲਾਂ ਤੇ ਐਲਐਮਜੀ ਬੰਦੂਕਾਂ ਜੋ ਕਥਿੱਤ ਤੌਰ ਤੇ ਉੱਥੋਂ ਮਿਲੀਆਂ ਸਨ, ਉਹਨਾਂ ਬਾਰੇ ਦੱਸਣ ਤੋਂ ਟਾਲਾ ਕੀਤਾ ਕਿ ਉਹ ਕਿਸ ਮੁਲਕ ਦੀਆਂ ਬਣੀਆਂ ਸਨ। ਇਕ ਪਰਤੱਖ ਉਕਾਈ ਫੜੀਆਂ ਗਈਆਂ ਦਰਮਿਆਨੇ ਦਰਜੇ ਦੀਆਂ ਮਸ਼ੀਨ-ਗੰਨਾ ਬਾਰੇ ਸੀ। ਉਹ ਸਪੱਸ਼ਟ ਤੌਰ ਤੇ ਕੁਝ ਮਹੀਨੇ ਪਹਿਲਾਂ ਫੌਜੀ ਅਸਲਾਖਾਨੇ 'ਚੋਂ ਚੁਰਾਈਆਂ ਗਈਆਂ ਸਨ। ਇਸ ਦਾ ਕੋਈ ਵੇਰਵਾ ਨਹੀਂ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਸਨ। ਇਸ ਦਾ ਮੁੱਖ ਵਿਸ਼ਾ ਇਹ ਸੀ ਕਿ ਅਕਾਲੀ ਅੰਦੋਲਨ ਨੇ ਭਿੰਡਰਾਂਵਾਲੇ ਨੂੰ ਜਨਮ ਦਿੱਤਾ ਕਿਉਂਕਿ ਅਕਾਲੀ ਇਸ ਨੂੰ ਸੰਭਾਲ ਨਾ ਸਕੇ ਤੇ ਸਰਕਾਰ ਨੂੰ ਕੁਚਲਣ ਲਈ ਮਜਬੂਰ ਹੋਣਾ ਪਿਆ।

ਅਸਲੀਅਤ ਇਹ ਸੀ ਕਿ ਭਿੰਡਰਾਂ ਵਾਲੇ ਦਾ ਆਤੰਕਵਾਦ ਬਹੁਤ ਪਹਿਲਾਂ ਉਦੋਂ ਸ਼ੁਰੂ ਹੋਇਆ ਸੀ ਜਦੋਂ ਉਹਦਾ 13 ਅਪ੍ਰੈਲ 1978 ਨੂੰ ਨਿਰੰਕਾਰੀਆਂ ਨਾਲ ਝਗੜਾ ਹੋਇਆ ਸੀ। 4 ਅਗਸਤ 1982 ਵਿੱਚ ਅਕਾਲੀਆਂ ਦਾ ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਬਾਬਾ ਗੁਰਬਚਨ ਸਿੰਘ ਨਿਰੰਕਾਰੀ ਤੇ ਲਾਲਾ ਜਗਤ ਨਾਰਾਇਣ ਦਾ ਕਤਲ ਰੇਲ ਦੀਆਂ ਪੱਟੜੀਆਂ ਦੀ ਤੋੜ ਫੋੜ, ਇੰਡੀਅਨ ਏਅਰ ਲਾਈਨਜ਼ ਦੇ ਦੋ ਜਹਾਜ਼ਾਂ ਦਾ ਅਗਵਾ ਤੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਮਾਰਨ ਦੀਆਂ ਕੋਸ਼ਿਸ਼ਾਂ ਤੇ ਕਈ ਸੰਤ ਨਿਰੰਕਾਰੀਆਂ ਨੂੰ ਮਾਰਿਆ ਜਾ ਚੁੱਕਾ ਸੀ।

'ਵ੍ਹਾਈਟ ਪੇਪਰ' ਭਿੰਡਰਾਂਵਾਲੇ ਦੇ ਕੁਕਰਮਾਂ ਦੀ ਸਾਰੀ ਜ਼ਿੰਮੇਵਾਰੀ ਅਕਾਲੀਆਂ ਸਿਰ ਮੜ੍ਹੀ ਗਈ ਸੀ ਤੇ ਸਰਕਾਰ ਵਲੋਂ ਭਿੰਡਰਾਂਵਾਲੇ ਨੂੰ ਸਥਾਪਤ ਕਰਨ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਸੀ ਜਿਸਨੇ ਉਸ ਉੱਪਰ ਕਤਲ ਦਾ ਦੋਸ਼ ਲਾਕੇ ਮਗਰੋਂ ਰਿਹਾ ਕਰਦਿੱਤਾ ਤੇ ਬੰਬਈ ਤੇ ਦਿੱਲੀ ਵਰਗੇ ਸ਼ਹਿਰਾਂ ਵਿੱਚ ਆਪਣੇ ਸ਼ਸਤਰਧਾਰੀ ਸਿਰਲੱਥਾਂ ਨੂੰ ਬਿਨਾਂ ਪੁੱਛ-ਪੜਤਾਲ ਦੇ ਘੁੰਮਣ ਫਿਰਨ ਦੀ ਖੁਲ੍ਹ ਦਿੱਤੀ ਤੇ ਉਸਨੂੰ ਮੰਦਰ ਸਮੂਹ ਦੇ ਲੰਗਰ ਦੇ ਟਰੱਕਾਂ ਵਿੱਚ ਸਾਮਾਨ ਵਿੱਚ ਹਥਿਆਰ ਚੋਰੀ ਲੁਕਾ ਕੇ ਲਿਜਾਣ ਸਮੇਂ ਨਜ਼ਰ ਅੰਦਾਜ਼ ਕੀਤਾ ਜਾਂ ਅੰਦਰ ਖਾਨੇ ਸ਼ਹਿ ਦਿੱਤੀ।[27]

ਸਰਕਾਰੀ ਬੁਲਾਰੇ ਨੇ ਅਨੇਕ ਵਾਰ ਆਤੰਕਵਾਦੀਆਂ ਨੂੰ ਹਥਿਆਰ ਤੇ ਸਿਖਲਾਈ ਦੇਣ ਤੇ ਜੰਮੂ ਕਸ਼ਮੀਰ ਵਿੱਚ ਕੈਂਪ ਸਥਾਪਤ ਕਰਨ ਵਿੱਚ ਵਿਦੇਸ਼ੀ ਹੱਥ ਹੋਣ ਦਾ (ਸਪੱਸ਼ਟ ਰੂਪ ਵਿੱਚ ਪਾਕਿਸਤਾਨ ਤੇ ਸੰਯੁਕਤ ਰਾਜ ਅਮਰੀਕਾ ਜਾਂ ਦੋਹਾਂ ਦਾ ਹੀ) ਜ਼ਿਕਰ ਕੀਤਾ। ਸਰਕਾਰ ਨੇ ਇਹ ਦਾਅਵਾ ਵੀ ਕੀਤਾ ਕਿ ਸਰਕਾਰ ਕੋਲ ਇਹ ਵਿਸ਼ਵਾਸ ਕਰਨ ਦੇ ਕਾਰਨ ਹਨ ਕਿ ਆਤੰਕਵਾਦੀਆਂ ਨੂੰ ਕੁਝ ਖਾਸਵਿਦੇਸ਼ੀ ਮੁਲਕਾਂ ਤੋਂ ਸਰਗਰਮ ਸਮਰਥਨ

ੳ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਸੀ ਕਿ ਇਹਨਾਂ ਨੂੰ ਮੁਲਕ ਵਿੱਚ ਕਿਵੇਂ ਲੁਕਾ ਕੇ ਲਿਆਂਦਾ ਗਿਆ ਤੇ ਫਿਰ ਮੰਦਰ ਸਮੂਹ ਵਿੱਚ ਕਿਵੇਂ ਪਹੁੰਚਾਇਆ ਗਿਆ। ਬਸ ਇੱਕੋ ਗੱਲ ਕਹੀ ਗਈ ਕਿ ਉਹ ਕਾਰ ਸੇਵਾ ਦੇ ਟਰੱਕਾਂ ਵਿੱਚ ਲਿਜਾਈਆਂ ਗਈਆਂ। ਇਸ ਤਰ੍ਹਾਂ ਬੀ.ਐਸ.ਐਫ ਤੇ ਸੀ.ਆਰ.ਪੀ. ਐਫ. ਜੋ ਮੰਦਰ ਸਮੂਹ ਨੂੰ ਘੇਰਾ ਪਾਈ ਬੈਠੀਆਂ ਸਨ, ਉਹਨਾਂ ਨੂੰ ਦੋਸ਼ ਤੋਂ ਬਰੀ ਕਰ ਦਿੱਤਾ ਗਿਆ। "ਵ੍ਹਾਈਟ ਪੇਪਰ" ਵਿੱਚ ਇੱਟਾਂ 'ਚ ਚਿਣੇ ਹੋਏ ਦਰਵਾਜ਼ਿਆਂ ਤੇ ਖਿੜਕੀਆਂ ਦੀਆਂ ਤਸਵੀਰਾਂ ਹਨ ਜੋ ਇੱਟਾਂ ਨਾਲ ਚਿਣੇ ਹਨ ਤੇ ਜਿਹਨਾਂ ਵਿੱਚ ਮੋਰੀਆ ਹਨ ਜਿਹਨਾਂ ਦੀ ਕਿਲ੍ਹਾਬੰਦੀ ਬੀ.ਐਸ.ਐਫ. ਨੇ ਕੀਤੀ ਹੋਈ ਸੀ।

27. ਇਨਸਪੈਕਟਰ ਜਨਰਲ ਪ੍ਰੀਤਮ ਸਿੰਘ ਭਿੰਡਰ ਨੇ ਮੰਨਿਆ ਕਿ 'ਗੁਰੂ ਕੇ ਲੰਗਰ' ਲਈ ਰਸਦ ਸਾਮਾਨ ਲਿਜਾ ਰਹੇ ਟਰੱਕਾਂ ਦੀ ਤਲਾਸ਼ੀ ਨਹੀਂ ਲਈ ਜਾਂਦੀ ਸੀ ਕਿਉਂਕਿ ਉਸ ਨੂੰ ਉਪਰੋਂ ਜ਼ਬਾਨੀ ਹੁਕਮ ਮਿਲੇ ਸਨ। 'ਦੀ ਪੰਜਾਬ ਕਰਾਇਸਿਸ' ਪੰ. 230

ਤੇ ਸਹਾਇਤਾ ਮਿਲ ਰਹੀ ਸੀ।[28] ਇਸ ਨੇ ਕੈਨੇਡਾ ਦੇ ਇੱਕ ਸਿੱਖ ਆਤੰਕਵਾਦੀ ਦਲ ਦਾ ਹਵਾਲਾ ਦਿੱਤਾ ਜਿਸਨੇ ਸਿੱਖ ਜਵਾਨਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਲਈ ਜੋਹਨ ਵੇਂਡੇਰਹਾਰਸ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹੋਈਆਂ ਸਨ। ਇਸ ਜਾਣਕਾਰੀ ਦਾ ਇੱਕੋ ਇੱਕ ਸ੍ਰੋਤ "ਦੀ ਵੈਨਕੂਵਰ ਸਨ" ਵਿੱਚ ਛਪੀ ਖਬਰ ਸੀ। ਸਭ ਤੋਂ ਵੱਡੀ ਗਲਤ ਬਿਅਨੀ 'ਵ੍ਹਾਈਟ ਪੇਪਰ'+ ਵਿੱਚ ਮਾਰੇ ਗਏ ਮਨੁੱਖਾਂ ਦੀ ਗਿਣਤੀ ਅਤੇ ਪਵਿੱਤਰ ਜਾਇਦਾਦ ਨੂੰ ਹੋਏ ਨੁਕਸਾਨ ਬਾਰੇ ਸੀ।

ਇਸ ਅਨੁਸਾਰ ਮਾਰੇ ਗਏ ਆਮ ਆਤੰਕਵਾਦੀਆਂ ਦੀ ਗਿਣਤੀ 554 ਤੇ ਜ਼ਖ਼ਮੀਆਂ ਦੀ ਗਿਣਤੀ 121 ਸੀ। ਫੌਜ ਦੇ ਮ੍ਰਿਤਕਾਂ ਦੀ ਗਿਣਤੀ 4 ਅਫਸਰਾਂ ਤੇ 4 ਜੂਨੀਅਰ ਕਮਿਸ਼ੰਡ ਅਫਸ਼ਰਾਂ ਸਮੇਤ 92 ਤੇ ਜ਼ਖ਼ਮੀਆਂ ਦੀ ਗਿਣਤੀ 287 ਦੱਸੀ ਗਈ ਸੀ। ਕੁਝ ਦਿਨ ਮਗਰੋਂ ਰਾਜੀਵ ਗਾਂਧੀ ਨੇ ਨਾਗਪੁਰ ਵਿੱਚ ਬੋਲਦਿਆਂ ਫੌਜੀ ਮ੍ਰਿਤਕਾਂ ਦੀ ਗਿਣਤੀ 700 ਤੋਂ ਉੱਪਰ ਦੱਸੀ। ਛੇਤੀ ਮਗਰੋਂ ਉਸ ਨੇ ਆਪਣਾ ਬਿਆਨ ਵਾਪਸ ਲੈ ਲਿਆ। ਉਸ ਹਿਸਾਬ ਨਾਲ ਨਾਗਰਕ-ਆਤੰਕਵਾਦੀਆਂ ਦੇ ਮ੍ਰਿਤਕਾਂ ਦੀ ਗਿਣਤੀ "ਵ੍ਹਾਈਟ ਪੇਪਰ' ਵਿੱਚ ਦੱਸੀ ਗਿਣਤੀ ਨਾਲੋਂ ਸੱਤ ਗੁਣਾ ਸੀ। ਬਹੁਤ ਸਾਰੇ ਚਸ਼ਮ ਦੀਦ ਗਵਾਹਾਂ ਨੇ ਮਰਨ ਵਾਲਿਆਂ ਦੀ ਗਿਣਤੀ, 1500 ਤੋਂ 5000 ਤੱਕ ਦੱਸੀ ਤੇ ਉਹਨਾਂ ਵਿੱਚ ਇਸਤਰੀਆਂ ਤੇ ਬੱਚਿਆਂ ਸਮੇਤ ਬਹੁਤੇ ਨਿਰਦੋਸ਼ ਤੀਰਥ ਯਾਤਰੀ ਸ਼ਰਧਾਲੂ ਵੀ ਸਨ।[29] ਸਰਕਾਰ ਨੇ ਕਦੇ ਵੀ ਮਾਰੇ ਗਏ ਲੋਕਾਂ ਦੇ ਨਾਵਾਂ ਦੀ ਸੂਚੀ ਛਾਪਣ ਦੀ ਪਰਵਾਹ ਨਾ ਕੀਤੀ ਤੇ ਨਾ ਹੀ ਇਸ ਦੋਸ਼ ਤੇ ਲਾਅਨਤ ਨੂੰ ਝੁਠਲਾਉਣ ਲਈ ਕਿ ਬਹੁਤ ਸਾਰਿਆਂ ਨੂੰ ਅਕਾਰਨ ਹੀ ਗ੍ਰਿਫਤਾਰ ਕਰਨ ਪਿੱਛੋਂ ਮਾਰ ਦਿੱਤਾ ਗਿਆ ਸੀ, ਕੁਝ ਕੀਤਾ।[30]

---

28. ਸ਼੍ਰੀਮਤੀ ਗਾਂਧੀ ਪੰਜਾਬ ਵਿੱਚ (ਤੇ ਆਸਾਮ ਵਿੱਚ) 1972 ਤੋਂ ਵਿਦੇਸ਼ੀ ਹੱਥ ਦੀਆਂ ਗੱਲਾਂ ਕਰ ਰਹੀ ਸੀ। 'ਵ੍ਹਾਈਟ ਪੇਪਰ' ਵਿੱਚ ਵੀ 'ਬਾਹਰਲੀਆਂ ਸ਼ਕਤੀਆਂ' ਤੇ ਵਿਦੇਸ਼ੀ ਸਮਰਥਨ ਦਾ ਜ਼ਿਕਰ ਕੀਤਾ ਗਿਆ ਸੀ। ਇਹ ਦੋਸ਼ ਲਾਉਣ ਪਿੱਛੋਂ ਇਹ ਵਰਣਨ ਕੀਤਾ ਗਿਆ ਕਿ ਇਹਦੇ ਬਾਰੇ ਵਿਸਥਾਰ ਨਾਲ ਦੱਸਣਾ ਜਨਤਕ ਹਿੱਤ ਵਿੱਚ ਨਹੀਂ ਸੀ। 15 ਦਸੰਬਰ 1983 ਨੂੰ ਪੰਜਾਬ ਦੇ ਰਾਜਪਾਲ ਬੀ.ਡੀ. ਪਾਂਡੇ ਨੇ ਕਿਹਾ ਕਿ ਪੰਜਾਬ ਮਾਮਲਿਆਂ ਵਿੱਚ ਵਿਦੇਸ਼ੀ ਦਖਲ ਦਾ ਕੋਈ ਸਬੂਤ ਨਹੀਂ ਹੈ।
29. ਕੁਲਦੀਪ ਨੱਯਰ ਵਰਣਨ ਕਰਦਾ ਹੈ ਕਿ ਲਗਭਗ 100 ਸ਼ਰਧਾਲੂ ਜਿਹਨਾਂ ਵਿੱਚ 35 ਇਸਤਰੀਆਂ ਤੇ 10 ਬੱਚੇ ਸਨ, ਮਾਰੇ ਗਏ—'ਪੰਜਾਬ ਦੁਖਾਂਤ, ਪੰ. 102 "ਨਿਊਯਾਰਕ ਟਾਈਮਜ਼" ਨੇ ਮ੍ਰਿਤਕਾਂ ਦੀ ਗਿਣਤੀ ਆਪਣੇ 17 ਅਕਤੂਬਰ 1984 ਦੇ ਅੰਕ 'ਚ 1200 ਤੇ ਸ਼ਿਕਾਗੋ ਟ੍ਰਿਬਿਊਨ ਨੇ 12 ਜੂਨ 1984 ਦੇ ਅੰਕ ਵਿੱਚ ਇਹ ਗਿਣਤੀ 2000 ਲਿਖੀ।
30. ਐਸੋਸੀਏਟਡ ਪ੍ਰੈਸ ਦਾ ਬ੍ਰਹਮ ਚਿਲਾਣੀ, ਜਿਹੜਾ ਕਿ ਪੁਲੀਸ ਤੇ ਫੌਜ ਦੇ ਜਾਲ 'ਚੋਂ ਅੱਖ ਬਚਾਕੇ, ਗ੍ਰਿਫਤਾਰ ਕਰਕੇ, ਹੱਥ ਮਗਰ ਬੰਨ੍ਹ ਕੇ ਨੇੜਿਉਂ ਗੋਲੀ ਮਾਰ ਕੇ ਸੈਨਾ ਵਲੋਂ ਮਾਰੇ ਗਏ ਲੋਕਾਂ ਦੀ ਪੋਸਮਾਰਟਮ ਰਿਪੋਰਟ ਲੈਣ ਵਿੱਚ ਕਾਮਯਾਬ ਹੋ ਗਿਆ ਸੀ। ਇਹ ਰਿਪੋਰਟ 14 ਜੂਨ 1984 ਨੂੰ "ਦੀ ਟਾਈਮਜ਼ ਔਫ ਲੰਡਨ" ਵਿੱਚ ਛਪੀ। ਚਾਲਾਨੀ ਵਿਰੁੱਧ ਗ੍ਰਿਫਤਾਰੀ ਦਾ ਵਾਰੰਟ ਕੱਢਿਆ ਗਿਆ। "ਦੀ ਪੀਪਲਜ਼ ਕੌਂਸਲ ਫੌਰ ਸਿਵਲ ਲਿਬਰਟੀਜ਼—ਬਲੈਕ ਲਾਜ਼ (ਕਾਲੇ ਕਾਨੂਨ) ਪੰ. 37 ਵਿੱਚ ਵੀ ਇਸ ਤਰ੍ਹਾਂ ਦਾ ਲਾਹਨਤ ਭਰਪੂਰ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਸਰਕਾਰ ਨੇ ਇਹ ਦਾਅਵਾ ਕੀਤਾ ਕਿ ਹਰਿਮੰਦਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਪਤੱਰਕਾਰ ਜਿਹਨਾਂ ਨੂੰ "ਨੀਲਾ ਤਾਰਾ ਸਾਕਾ" ਦੇ ਕੁਝ ਦਿਨ ਪਿੱਛੋਂ ਹਰਿਮੰਦਰ ਵਿਖੇ ਜਾਣ ਦੀ ਆਗਿਆ ਦਿੱਤੀ ਗਈ ਉਹਨਾਂ ਨੇ ਸੰਗਮਰਮਰ ਦੇ ਸੁਨਹਿਰੀ ਪੱਤਰਿਆਂ ਤੇ ਗੋਲੀਆਂ ਦੇ ਸੈਂਕੜੇਂ ਸੱਜਰੇ ਨਿਸ਼ਾਨ ਵੇਖੇ।[31] ਸਰਕਾਰ ਨੇ ਇਹ ਦਾਅਵਾ ਵੀ ਕੀਤਾ ਕਿ ਗੁਰੂ ਸਾਹਿਬਾਨ ਦੇ ਹਸਤਾਖਰਾਂ ਵਾਲੀਆਂ ਗ੍ਰੰਥ ਦੀਆਂ ਸੈਂਕੜੇ ਹੱਥ ਲਿਖਤ ਬੀੜਾਂ, ਜੋ ਹਰਿਮੰਦਰ ਦੇ ਪੁਰਾਲੇਖ ਭਵਨ ਵਿੱਚ ਸਾਂਭੀਆਂ ਹੋਈਆਂ ਸਨ, ਗੋਲਾਬਾਰੀ ਵਿੱਚ ਅੱਗ ਲੱਗਣ ਕਰਕੇ ਸੜ ਗਈਆਂ। ਪੁਰਾਲੇਖਪਾਲ ਦਵਿੰਦਰ ਸਿੰਘ ਦੁੱਗਲ ਨੇ ਸਾਫ ਕਿਹਾ ਕਿ ਜੰਗ ਖਤਮ ਹੋਣ ਪਿੱਛੋਂ ਫੌਜ ਨੇ ਪੁਰਾਲੇਖ ਭਵਨ ਨੂੰ ਆਪ ਇਸ ਖਿਆਲ ਨਾਲ ਅੱਗ ਲਾਈ ਕਿ ਹੱਥ ਲਿਖਤੀ ਖਰੜੇ ਹਿਸਾਬ ਕਿਤਾਬ ਦੀਆਂ ਵਹੀਆਂ ਖਾਤੇ ਸਨ।

ਉਸ ਵੇਲੇ ਤੱਕ ਉਹਨਾਂ ਨੇ, ਸ੍ਰੋ. ਗੁ. ਪ੍ਰ. ਕਮੇਟੀ ਦੇ ਅਕਾਲੀ ਦਲ, ਤੇ ਇਸਤਰੀ ਅਕਾਲੀ ਦਲ ਦੇ ਦਫਤਰ ਤੋੜ ਕੇ, ਜੋ ਕੀਮਤੀ ਸਾਮਾਨ ਮਿਲਿਆ, ਚੁਰਾਕੇ ਤੇ ਆਪਣੇ ਕਾਬੂ ਕਰਕੇ ਦਫ਼ਤਰਾਂ ਨੂੰ ਅੱਗ ਲਾ ਦਿੱਤੀ। ਮੰਦਰ ਸਮੂਹ ਵਿੱਚ ਲਗਭਗ ਦਰਜਨ ਤੋਂ ਵੱਧ ਗੁਰਦੁਆਰੇ ਹਨ ਤੇ ਹਰ ਇੱਕ ਦੀ ਆਪਣੀ ਗੋਲਕ ਹੈ। ਫੌਜੀ ਕਾਰਵਾਈ ਪਿੱਛੋਂ ਉੱਥੇ ਇੱਕ ਵੀ ਗੋਲਕ ਨਹੀਂ ਸੀ। "ਗੁਰੂ ਕਾ ਲੰਗਰ" ਜਿੱਥੇ ਹਰ ਰੋਜ਼ ਹਜ਼ਾਰਾਂ ਸ਼ਰਧਾਲੂਆਂ ਤੇ ਯਾਤਰੀਆਂ ਲਈ ਲੰਗਰ ਤਿਆਰ ਹੁੰਦਾ ਹੈ, ਉਥੋਂ ਸਭ ਬਰਤਨ ਚੋਰੀ ਕਰ ਲਏ ਗਏ। ਬਹੁ ਮੁੱਲੀਆਂ ਵਸਤੂਆਂ ਤੇ ਤੋਸ਼ਾਖਾਨਾ ਦਾ ਹੀਰੇ ਜੜਿਆ ਕੀਮਤੀ ਤੰਬੋਲ ਜਿਸਦੀ ਕਦੇ ਪੂਰਤੀ ਨਹੀਂ ਹੋ ਸਕਦੀ ਤੇ ਜੋ "ਨਿਜ਼ਮ ਹੈਦਰਾਬਾਦ" ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤਾ ਸੀ (ਜੋ ਉਸ ਨੇ ਅੱਗੋਂ ਸਵਰਨ ਮੰਦਰ ਨੂੰ ਭੇਟਾ ਕਰ ਦਿੱਤਾ ਸੀ), ਵੀ ਇਸ ਸਮੇਂ ਗੁੰਮ ਹੋ ਗਿਆ। 'ਵ੍ਹਾਈਟ ਪੇਪਰ' ਦੀ ਸਭ ਵਿਰੋਧੀ ਪਾਰਟੀਆਂ ਨੇ ਇੱਕ ਵੀਚਿਉਂ ਹੀ

☞ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਦੋਸ਼ ਲਾਇਆ ਗਿਆ। "ਸਵਰਨਮੰਦਿਰ ਵਿੱਚ ਫ਼ੌਜੀ ਕਾਰਵਾਈ ਸਮੇਂ ਅਗਿਆਤ ਇਸਤਰੀਆਂ ਤੇ ਬੱਚਿਆਂ ਸਮੇਤ ਆਮ ਆਦਮੀਆਂ ਨੂੰ ਅੰਧਾ ਧੁੰਦ ਮਾਰਨ ਦੀਆਂ ਕਈ ਘਟਨਾਵਾਂ ਹੋਈਆਂ। ਕੁਝ ਪੋਸਟ ਮਾਰਟਮ ਰਿਪੋਰਟਾਂ ਅਨੁਸਾਰ ਕਈ ਮ੍ਰਿਤਕਾਂ ਦੇ ਹੱਥ ਪਿਛਲੇ ਪਾਸੇ ਬੰਨ੍ਹੇ ਹੋਏ ਸਨ। ਬਾਬਾ ਧੜਕ ਸਿੰਘ ਦੇ ਡੇਰਾ ਬਾਬਾ ਸ਼ਾਮ ਸਿੰਘ ਵਿਚਲੇ 16 ਸੇਵਕ ਵੀ ਹਰਿਮੰਦਰ ਦੇ 50 ਵਿਅਕਤੀਆਂ ਵਿੱਚ ਸ਼ਾਮਲ ਸਨ। ਬਾਬਾ ਖੜਕ ਸਿੰਘ ਇੱਕ ਸ਼ਾਂਤੀ ਪਸੰਦ ਤੇ ਅਤਿ ਸਤਿਕਾਰਿਤ ਸੰਤ ਸੀ।

7 ਜੂਨ ਨੂੰ ਉਹਦੇ 16 ਆਦਮੀਆਂ ਨੂੰ 70 ਸਾਲਾਂ ਜੋਗਿੰਦਰ ਸਿੰਘ ਤੇ 18 ਸਾਲਾਂ ਹਰਦੇਵ ਸਿੰਘ ਸਮੇਤ ਡੇਰੇ 'ਚ ਚੁੱਕ ਲਿਆ, ਉਹਨਾਂ ਦੇ ਹੱਥ ਪਿੱਠ ਪਿੱਛੇ ਬੰਨ੍ਹ ਦਿੱਤੇ ਗਏ ਤੇ ਉਹਨਾਂ ਨੂੰ 'ਆਟਾ ਮੰਡੀ ਬਾਜ਼ਾਰ' ਚੋਂ ਤੋਰ ਕੇ ਲਿਆਂਦਾ ਗਿਆ ਤੇ ਬੀ.ਐਸ.ਐਫ ਨੇ ਡੀ.ਸੀ.ਐਮ ਦੁਕਾਨ ਦੇ ਸਾਮ੍ਹਣੇ ਲਿਆ ਕੇ ਗੋਲੀ ਮਾਰ ਦਿੱਤੀ। ਬਿਹਾਰ ਪਲਟਣ ਤੇ ਬੀ.ਐਸ.ਐਫ. ਦੇ ਜੁਆਨਾਂ ਨੇ ਡੇਰੇ ਦਾ ਗੁਦਾਮ ਵੀ ਲੁੱਟ ਲਿਆ ਤੇ 70 ਹਜ਼ਾਰ ਰੁਪਿਆ ਤੇ ਅੱਧਾ ਕਿਲੋ ਸੋਨਾ ਚੁੱਕ ਕੇ ਖਿਸਕ ਗਏ। ਇਹ ਜਾਣਕਾਰੀ ਗੁਰਦੁਆਰੇ ਦੇ ਗ੍ਰੰਥੀ ਨੇ ਦੱਸੀ। ਲੁੱਟਣ ਮਾਰਨ ਤੇ ਜਾਨੋਂ ਮਾਰਨ ਦੀ ਖ਼ਬਰ ਚਸ਼ਮਦੀਦ ਗੁਆਹ ਨੇ ਦੱਸੀ।

31. ਕੁਲਦੀਪ ਨੱਯਰ ਨੇ ਗੋਲੀਆਂ ਦੇ 300 ਨਿਸ਼ਾਨ ਗਿਣੇ। ਇੱਕ ਬੀੜ ਤੇ ਵੀ ਗੋਲੀ ਲੱਗੀ।

ਨਿਖੇਧੀ ਕੀਤੀ। ਭਾਜਪਾ ਦੇ ਪ੍ਰਧਾਨ ਅਟੱਲ ਬਿਹਾਰੀ ਵਾਜਪਾਈ, ਜਿਸਨੇ ਫੌਜੀ ਕਾਰਵਾਈ ਦੀ ਸ਼ਲਾਘਾ ਕੀਤੀ ਸੀ, ਨੇ ਵੀ ਇਸ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸਨੇ ਸਮੱਸਿਆਵਾਂ ਨੂੰ ਸੁਲਝਾਉਣ ਦੀ ਥਾਂ ਤੇ ਵਧੇਰੇ ਉਲਝਾਇਆ ਹੈ। ਇੰਡੀਆ ਟੂਡੇ ਨੇ ਇਸਨੂੰ ਲਿੱਪਾ-ਪੋਚੀ ਦੀ ਕਾਰਵਾਈ ਆਖਿਆ।[32]

ਲੜਾਈ ਮਗਰੋਂ ਫੌਜ ਦੇ ਵਤੀਰੇ ਦਾ ਵੇਰਵਾ ਬੜਾ ਹੀ ਅਫਸੋਸਜਨਕ ਰਿਹਾ ਸੀ। 120 ਦਰਜੇ ਦੇ ਤਾਪਮਾਨ ਸਮੇਂ ਕੈਦੀਆਂ, ਜਿਹਨਾਂ ਨੂੰ ਸਰਕਾਰ ਨੇ 'ਵੈਰੀ' ਆਖਿਆ, ਨੂੰ ਪਾਣੀ ਵੀ ਨਾ ਦਿੱਤਾ ਗਿਆ, ਬਹੁਤ ਸਾਰਿਆਂ ਨੂੰ ਪੱਕੀ ਸੜਕ ਤੇ ਢਿੱਡ ਪਰਨੇ ਰੀਂਗਣ ਤੇ ਮਜਬੂਰ ਕੀਤਾ ਗਿਆ, ਤੇ ਫ਼ੌਜੀ ਬੂਟਾਂ ਸਮੇਤ ਪਵਿੱਤਰ ਅਹਾਤੇ ਵਿੱਚ ਸ਼ਰਾਬ ਤੇ ਸਿਗਰਟਾਂ ਪੀ ਕੇ ਆਪਣੀ ਉਤੇਜਨਾ ਤੇ ਘਬਰਾਹਟ ਨੂੰ ਸ਼ਾਂਤ ਕਰਦੇ ਰਹੇ। 'ਸਾਕੇ' ਤੋਂ ਇੱਕ ਮਹੀਨਾ ਪਿੱਛੋਂ ਵੀ ਅਕਾਲ ਤਖਤ ਦੇ ਮਲਬੇ ਦੇ ਢੇਰ ਤੇ ਉਹ 'ਸੂਚਨਾ ਤਖਤੀ' ਪਈ ਸੀ ਜਿੱਥੇ ਜਿਸ ਰਾਹੀਂ ਫੌਜੀਆਂ ਨੂੰ ਪਰਿਕ੍ਰਮਾ ਦੇ ਅਹਾਤੇ ਵਿੱਚ ਸਿਗਰਟ ਤੇ ਸ਼ਰਾਬ ਪੀਣ ਤੋਂ ਵਰਜਿਆ ਗਿਆ ਸੀ।

ਅਸਲੀ ਸੁਆਲ ਜਿਸ ਬਾਰੇ 'ਸਫੈਦ-ਪੱਤਰ'' ਵਿੱਚ ਕੋਈ ਜੁਆਬ ਨਹੀਂ ਦਿੱਤਾ ਗਿਆ ਸੀ, ਉਹ ਇਹ ਸੀ ਕਿ ਕੀ ਟੈਂਕ ਤੇ ਤੋਪਖਾਨੇ ਤੋਂ ਬਿਨਾਂ ਭਿੰਡਰਾਂਵਾਲੇ ਤੇ ਉਹਦੇ ਆਦਮੀਆਂ ਨੂੰ ਸਵਰਨ ਮੰਦਰ ਤੇ ਹਮਲਾ ਕਰਕੇ ਕੱਢਣ ਦਾ ਹੋਰ ਕੋਈ ਰਸਤਾ ਨਹੀਂ ਸੀ। ਮੰਦਰ ਸਮੂਹ ਦੇ ਨਕਸ਼ੇ ਤੇ ਝਾਤ ਮਾਰਿਆਂ ਇਹ ਸਾਫ਼ ਹੋ ਜਾਂਦਾ ਹੈ ਕਿ ਐਸੇ ਕਈ ਹੋਰ ਉਪਾਅ ਸਨ। ਉੱਥੇ ਤਿੰਨ ਪਰਵੇਸ਼ ਦੁਆਰ ਸਨ, ਦੋ ਉੱਤਰੀ ਪਾਸੇ ਇੱਕ ਘੰਟਾ ਘਰ ਵਲੋਂ ਤੇ ਦੂਸਰਾ ਲੰਗਰ, ਸਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਲੋਂ ਤੇ ਤੀਜਾ ਘੱਟ ਵਰਤਿਆ ਜਾਂਦਾ ਦੱਖਣੀ ਪਰਵੇਸ਼ ਦੁਆਰ ਸੀ।

ਇਹਨਾਂ ਤੋਂ ਬਿਨਾਂ ਆਂਢ ਗੁਆਂਢ ਦੇ ਗਲੀਆਂ ਮੁਹੱਲਿਆਂ ਵਿੱਚ ਰਹਿੰਦੇ ਲੋਕਾਂ ਦੀ ਵਰਤੋਂ ਲਈ ਹੋਰ ਤੰਗ ਪਰਵੇਸ਼ ਦੁਆਰ ਸਨ। ਉਹਨਾਂ ਉੱਤੇ ਹਰ ਇੱਕ ਦੇ ਉੱਪਰ ਨੀਲਾ ਤਾਰਾ ਸਾਕੇ ਤੋਂ ਕਈ ਮਹੀਨਿਆਂ ਤੋਂ ਸ਼ਸਤਰਬੰਦ ਪੁਲੀਸ ਤੇ ਅਰਧ ਸੈਨਿਕ ਦਲਾਂ ਦਾ ਪਹਿਰਾ ਸੀ। ਅਕਾਲ ਤਖ਼ਤ ਦੂਸਰੀਆਂ ਇਮਾਰਤਾਂ ਤੋਂ ਬਿਲਕੁਲ ਅੱਡ ਪੱਛਮੀ ਬਾਹੀ ਤੇ ਹੈ ਤੇ ਇਸ ਦਾ ਪਿਛਲਾ ਪਾਸਾ ਇੱਕ ਭੀੜੇ ਬਾਜ਼ਾਰ ਨਾਲ ਲੱਗਦਾ ਹੈ। ਕਿਸੇ ਵੀ ਹਿਸਾਬ ਨਾਲ ਭਿੰਡਰਾਂਵਾਲੇ ਕੋਲ 300-400 ਤੋਂ ਵੱਧ ਹਥਿਆਰਬੰਦ ਵਿਅਕਤੀ ਨਹੀਂ ਸਨ। ਕਈ ਵਾਰ ਤਾਂ ਉਹਦੇ ਕੋਲ, ਜਦੋਂ ਉਹਦੇ ਨਾਲ ਪੱਤਰਕਾਰਾਂ ਤੇ ਮੁਲਾਕਾਤੀਆਂ ਦੀ ਭੇਂਟ ਹੁੰਦੀ ਸੀ ਤਾਂ ਉਹਦੇ ਕੋਲ ਦਰਜਨ ਤੋਂ ਵੀ ਘੱਟ ਅੰਗ-ਰੱਖਿਅਕ ਹੁੰਦੇ ਸਨ। ਉਸ ਨੂੰ ਸਿਰਲੱਥਾਂ (ਕਮਾਂਡੋਆਂ) ਦਾ ਦਸਤਾ, ਹੌਸਲੇ ਤੇ ਦ੍ਰਿੜ੍ਹਤਾ ਨਾਲ ਸਾਫ਼ ਕੱਪੜਿਆਂ ਵਿੱਚ ਜਾਕੇ ਕਾਬੂ ਕਰ ਸਕਦਾ ਸੀ। ਅਕਾਲ ਤਖ਼ਤ ਦੀ ਨਾਕਾਬੰਦੀ ਕੀਤੀ ਜਾ ਸਕਦੀ ਸੀ, ਪਾਣੀ ਬਿਜਲੀ ਬੰਦ ਕਰਕੇ ਅੰਦਰਲਿਆਂ ਨੂੰ ਅਧੀਨਗੀ ਪਰਵਾਨ ਕਰਨ ਲਈ ਮਜਬੂਰ

---

32. ਇੰਡੀਆ ਟੂਡੇ, 31 ਜੁਲਾਈ , 1984

33. ਭਾਰਤੀ ਫ਼ੌਜ ਇਜਰਾਈਲੀਆਂ ਤੇ ਜਰਮਨ ਵਾਲਿਆਂ ਤੋਂ ਸਿੱਖਿਆ ਲੈ ਸਕਦੀ ਸੀ ਜਿਹਨਾਂ ਨੇ ਆਪਣੇ ਮੁਲਕਾਂ ਤੋਂ ਹਜ਼ਾਰਾਂ ਮੀਲ ਦੂਰ ਬੰਧਕਾਂ ਨੂੰ ਆਤੰਕਵਾਦੀ ਦਲਾਂ ਤੋਂ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਕੀਤਾ ਜਾ ਸਕਦਾ ਸੀ।[33] ਪਰ ਸਰਕਾਰ ਨੇ ਪਹਿਲਾਂ ਤੋਂ ਹੀ ਰਾਜ ਕਰਦੀ ਪਾਰਟੀ ਦੇ ਨੇਤਾਵਾਂ ਨੇ ਭਿੰਡਰਾਂਵਾਲੇ ਦੀ ਸਹਾਇਤਾ ਕਰਨ ਤੇ ਉਸ ਨੂੰ ਨੇਤਾ ਸਥਾਪਿਤ ਕਰਨ ਦੀ ਖੁਲ੍ਹ ਦੇਈ ਰੱਖੀ (ਇਸ ਦੇ ਕਾਰਨਾਂ ਬਾਰੇ ਸਰਕਾਰ ਹੀ ਬਿਹਤਰ ਜਾਣਦੀ ਹੈ) ਤੇ ਪੁਲੀਸ ਨੇ ਅਰਧ ਸੈਨਿਕ ਬਲਾਂ ਨੂੰ ਮੰਦਰ ਵਿੱਚ ਲੁਕਾ ਛਿਪਾ ਕੇ ਹਥਿਆਰ ਆਉਂਦੇ ਵੇਖਕੇ ਅੱਖਾਂ ਬੰਦ ਰੱਖਣ ਦੀ ਆਗਿਆ ਦਿੱਤੀ ਤੇ ਮਗਰੋਂ ਫ਼ੌਜ ਨੂੰ ਟੈਂਕਾਂ ਤੇ ਭਾਰੀ ਤੋਪਾਂ ਨਾਲ ਫੁਰਤੀ ਨਾਲ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਸਿੱਖਾਂ ਨੂੰ ਇਸ ਗੱਲੋਂ ਮੁਆਫ ਕੀਤਾ ਜਾ ਸਕਦਾ ਹੈ ਜੇਕਰ ਉਹ ਇਹ ਖ਼ਿਆਲ ਕਰਦੇ ਹਨ ਕਿ ਸ੍ਰੀਮਤੀ ਗਾਂਧੀ ਉਹਨਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਉਹ ਕਦੇ ਵੀ ਉਸ ਨੂੰ ਮੁਆਫ਼ ਨਹੀਂ ਕਰਨਗੇ ਜਿਸ ਦਾ "ਨੀਲਾ ਤਾਰਾ" ਸਾਕੇ ਨਾਲ ਕੋਈ ਵੀ ਸੰਬੰਧ ਰਿਹਾ ਹੋਵੇ।

ਸਿੱਖਾਂ ਨੇ ਸੰਸਾਰ ਭਰ ਵਿੱਚ ਗੁਰਦਵਾਰਿਆਂ 'ਚ ਜਾ ਕੇ ਫ਼ੌਜ ਵਲੋਂ ਹਰਿਮੰਦਰ ਦੀ ਪਵਿੱਤਰਤਾ ਭੰਗ ਕਰਨ ਦੇ ਦਿਨ ਤੇ ਅਰਦਾਸ ਦਿਵਸ ਮਨਾਇਆ। ਭਾਰਤੀ ਦੂਤ ਘਰਾਂ ਤੇ ਕੌਂਸਲਖਾਨਿਆਂ ਵਿੱਚ ਭਾਰਤ ਤੋਂ ਬਾਹਰ ਵਿਸ਼ਾਲ ਮੁਜ਼ਾਹਰੇ ਕੀਤੇ ਗਏ। ਭਾਰਤ ਦੇ ਕਈ ਭਾਗਾਂ ਵਿੱਚ ਵਿਰੋਧ ਕਰਨ ਵਾਲਿਆਂ ਦੀਆਂ ਪੁਲੀਸ ਵਾਲਿਆਂ ਨਾਲ ਝੜਪਾਂ ਹੋਈਆਂ ਤੇ ਕਈ ਜਾਨਾਂ ਗਈਆਂ।

ਪਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਦੇ ਜ਼ਖ਼ਮਾਂ ਤੇ ਮਲ੍ਹਮ ਲਾਉਣ ਦੀ ਲੋੜ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਲੋਕਾਂ ਨੂੰ ਕਿਹਾ ਕਿ ਉਹ ਸਿੱਖਾਂ ਤੇ ਸ਼ੱਕ ਨਾ ਕਰਨ। ਉਹਨਾਂ ਨੇ ਸਿੱਖਾਂ ਨੂੰ ਬੇਨਤੀ ਕੀਤੀ ਕਿ ਉਹ ਵੱਖਵਾਦ ਦੀਆਂ ਗੱਲਾਂ ਨਾ ਕਰਨ।[34] ਜ਼ਖ਼ਮਾਂ ਤੇ ਮਲ੍ਹਮ ਕਿਵੇਂ ਲਾਈ ਗਈ, ਇਹ ਇਕ ਵੱਖਰੀ ਕਹਾਣੀ ਸੀ। ਸਿੱਖਾਂ ਉੱਪਰ ਸ਼ੱਕ ਕੀਤਾ ਗਿਆ, ਪਰੇਸ਼ਾਨ ਕੀਤਾ ਗਿਆ ਤੇ ਉਹਨਾਂ ਨਾਲ ਭੇਦਭਾਵ ਵਰਤਿਆ ਗਿਆ। ਸਰਕਾਰ ਕੋਲ ਉਹ ਕਾਨੂਨੀ ਅਧਿਕਾਰ ਸਨ ਜਿਹਨਾਂ ਨਾਲ ਪੁਲੀਸ ਤੇ ਛੋਟੇ ਸਿਵਲ ਅਧਿਕਾਰੀ ਲੋਕਾਂ ਨੂੰ ਬਿਨਾਂ ਵਾਰੰਟ ਤੋਂ ਗ੍ਰਿਫਤਾਰ ਕਰ ਲੈਂਦੇ ਸਨ, ਜਿਹੜੇ ਨਜਰਬੰਦ ਕੀਤੇ ਗਏ ਉਹਨਾਂ ਨੂੰ ਵਕੀਲ ਕਰਨ ਦੀ ਵੀ ਆਗਿਆ ਨਾ ਦਿੱਤੀ ਗਈ ਤੇ ਨਾ ਹੀ ਉਹ ਉਹਨਾਂ ਨੂੰ ਜਿਸਮਾਨੀ ਤੌਰ ਤੇ ਹਾਜ਼ਰ ਹੋਣ ਲਈ ਰਿੱਟ ਕਰਨ ਦੀ ਇਜਾਜ਼ਤ ਸੀ ਤੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਤੱਕ ਉਹ ਕਸੂਰਵਾਰ ਹੀ ਸਮਝੇ ਜਾਂਦੇ ਸਨ।

ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵਿਸ਼ੇਸ਼ ਅਦਾਲਤਾਂ ਸਥਾਪਿਤ ਕਰ ਦਿੱਤੀਆਂ ਗਈਆਂ ਤੇ ਉਹਨਾਂ ਨੂੰ ਗੁਪਤ ਮੁਕੱਦਮੇ ਚਲਾਉਣ ਤੇ ਤੁਰਤ ਹੀ ਫ਼ੈਸਲਾ ਕਰਨ ਦੇ ਅਧਿਕਾਰ ਦਿੱਤੇ ਗਏ ਜਿਹਨਾਂ ਵਿਰੁੱਧ ਅਪੀਲ ਕਰਨ ਦਾ ਵੀ ਕੋਈ ਅਧਿਕਾਰ ਨਹੀਂ

☞ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਆਜਾਦ ਕਰਵਾਇਆ ਸੀ। ਮਈ 1988 ਵਿੱਚ ਜਦੋਂ ਸਵਰਨ ਮੰਦਰ ਵਿੱਚ ਅਤੰਕਵਾਦੀ ਪਹਿਲਾਂ ਵਾਂਗ ਹੀ ਫਿਰ ਹਥਿਆਰ ਇਕੱਠੇ ਕਰ ਰਹੇ ਸਨ ਤਾਂ ਪੁਲੀਸ ਦੇ ਛਾਪਾਂ ਮਾਰਾਂ ਨੇ ਉਹਨਾਂ 'ਚੋਂ 200 ਨੂੰ ਆਤਮ-ਸਮਰਪਣ ਕਰਨ ਲਈ ਮਜਬੂਰ ਕਰ ਦਿੱਤਾ ਸੀ। ਸਿਰਫ ਦੋ ਆਤੰਕਵਾਦੀ ਮਾਰੇ ਗਏ ਸਨ ਤੇ ਇਸ "ਕਾਲੀ ਗਰਜ ਸਾਕੇ' ਵਿੱਚ ਇੱਕ ਵਿਅਕਤੀ ਨੇ ਆਤਮਘਾਤ ਕੀਤਾ ਸੀ।

34. ਯੂ.ਐਨ.ਆਈ. ਵਲੋਂ 25 ਜੂਨ 1984 ਨੂੰ ਗੜਵਾਲ (ਸ੍ਰੀ ਨਗਰ) ਕੀਤੀ ਤਕਰੀਰ 'ਚੋਂ।

ਸੀ।[35] ਕਿਉਂਕਿ ਸੈਨਾ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਇੱਕ ਹੋਰ ਕਾਰਵਾਈ ਕਰਕੇ (ਜਿਸ ਦਾ ਨਾਮ 'ਵੁੱਡਰੋਜ਼' ਰੱਖਿਆ ਗਿਆ, ਹਰ ਪਿੰਡ ਵਿੱਚ ਸਿੱਖਾਂ ਦੇ ਘਰਾਂ ਦੀ (ਕਿਸੇ ਇਕ ਵੀ ਹਿੰਦੂ ਦੇ ਘਰ ਦੀ ਤਲਾਸ਼ੀ ਨਹੀਂ ਲਈ ਗਈ ਸੀ) ਹਥਿਆਰ ਲੈਣ ਲਈ ਤਲਾਸ਼ੀ ਲਵੇ। ਸਿੱਖਾਂ ਨੂੰ ਪੁਛ ਪੜਤਾਲ ਲਈ ਹਿਰਾਸਤ ਵਿੱਚ ਰੱਖਿਆ ਗਿਆ, ਕੁੱਟਿਆ ਗਿਆ ਤੇ ਤਸੀਹੇ ਦਿੱਤੇ ਗਏ। ਸੈਨਾ ਦੇ ਵਿਵਹਾਰ ਦੀ ਆਲੋਚਨਾ ਨੂੰ ਵਿਦਰੋਹ ਦਾ ਨਾਮ ਦਿੱਤਾ ਗਿਆ। ਜਿਹਨਾਂ ਲੋਕਾਂ ਤੇ ਇਹ ਦੋਸ਼ ਲਾਕੇ ਉਹਨਾਂ ਨੂੰ ਭਗੌੜੇ ਕਰਾਰ ਦਿੱਤਾ ਗਿਆ ਤੇ ਗ੍ਰਿਫ਼ਤਾਰ ਕੀਤਾ ਗਿਆ ਉਹਨਾਂ ਵਿੱਚ ਰਿਟਾਇਰ ਹੋਏ ਫੌਜੀ ਅਧਿਕਾਰੀ ਵੀ ਸਨ।[36]

'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਜਿਹੀਆਂ 'ਮਨੁੱਖੀ ਹਕੂਕ ਦੀਆਂ ਸੰਸਥਾਵਾਂ' ਦੇ ਮੁਖੀ ਰਿਟਾਇਰਡ ਜਸਟਿਸ ਵੀ.ਐਮ. ਤਾਰਕੁੰਡੇ ਨੇ ਇੱਕ ਸਰਵੇਖਣ ਕੀਤਾ ਕਿ ਪੰਜਾਬ ਵਿੱਚ ਅਧਿਆਦੇਸ਼ ਤੇ ਵਿਰੋਧ ਦਾ ਦਮਨ ਕਰਨ ਵਾਲੇ ਕਾਨੂੰ ਕਿਵੇਂ ਲਾਗੂ ਕੀਤੇ ਜਾ ਰਹੇ ਸਨ। ਸਭ ਤੋਂ ਪਰਤੱਖ ਮਿਸ਼ਾਲ ਜਿਸ ਵਿੱਚ ਨਿਆਂ ਦੀ ਅਸਫਲਤਾ ਹੋਈ ਉਹ "ਨੀਲਾ ਤਾਰਾ ਸਾਕਾ" ਸਮੇਂ ਸਵਰਨ ਮੰਦਰ ਸਮੂਹ ਵਿਚੋਂ ਗ੍ਰਿਫ਼ਤਾਰ ਕੀਤੇ ਗਏ 379 ਆਦਮੀਆਂ, ਇਤਰੀਆਂ ਤੇ ਬੱਚਿਆਂ ਦੀ ਸੀ।[37]

---

35. ਅਤਿਆਚਾਰੀ ਅਧਿਆਦੇਸ਼ਾਂ ਦੀ ਸੂਚੀ 'ਚੋਂ ਜੋ ਕਾਨੂੰਨ ਬਣੇ, ਉਹਨਾਂ ਵਿੱਚ 1971 ਦਾ ਮੀਸ਼ਾ ਸੀ ਤੇ ਪੰਜਾਬ ਲਈ ਵਿਸ਼ੇਸ਼ ਕਾਨੂੰਨ 1985 ਦਾ 'ਆਤੰਕਵਾਦੀ ਤੇ ਗੜਬੜ ਦੀਆਂ ਕਾਰਵਾਈ ਨਿਰੋਧਕ' ਵੀ ਸ਼ਾਮਲ ਸਨ।
36. ਉਹੀ, ਪੰ. 69 ਚੰਡੀਗੜ੍ਹ ਦੇ ਕੇਂਦਰੀ ਸ਼ਾਸਤ ਇਲਾਕੇ ਵਿੱਚ ਮੇਜਰ ਜਨਰਲ ਨਰਿੰਦਰ ਸਿੰਘ, ਬਿਰਗੇਡੀਅਰ ਜੁਗਿੰਦਰ ਸਿੰਘ ਢਿਲੋਂ ਤੇ ਨਵਰੰਗ ਸਿੰਘ ਉਪਰ ਬਗ਼ਾਵਤ ਦਾ ਦੋਸ਼ ਲਾਇਆ ਗਿਆ। ਐਫ ਆਈ ਆਰ (ਰਪਟ) ਨੰ. 460/84 ਮਿਤੀ 15 ਜੁਲਾਈ 1989 ਜੋ ਚੰਡੀਗੜ੍ਹ ਪੁਲੀਸ ਥਾਣੇ 'ਚ ਰਜਿਸਟਰ ਹੋਈ ਰਪਟ ਵਿੱਚ ਦੋਸ਼ੀਆਂ ਤੇ ਉਤੇਜਨਾ ਜਨਕ ਭਾਸ਼ਣ ਦੇਣ ਦਾ ਇਲਜ਼ਾਮ ਲਾਇਆ ਗਿਆ। ਪ੍ਰੰਤੂ ਐਫ.ਆਈ.ਆਰ. ਵਿੱਚ ਜਿੱਥੇ ਇਹ ਦੋਸ਼ ਲਾਇਆ ਗਿਆ ਕਿ ਦੋਸ਼ੀਆਂ ਨੇ ਫੌਜੀ ਕਾਰਵਾਈ ਦੀ ਆਲੋਚਨਾ ਕੀਤੀ ਸੀ ਤੇ ਇਹ ਸ਼ਿਕਾਇਤ ਕੀਤੀ ਸੀ ਕਿ ਫੌਜੀਆਂ ਨੇ ਕਿਵੇਂ ਕੁਝ ਆਦਮੀਆਂ ਦੀ ਲੁੱਟ ਮਾਰ ਕੀਤੀ ਸੀ, ਪ੍ਰੰਤੂ ਉਹਨਾਂ ਦੀਆਂ ਟਿੱਪਣੀਆਂ ਵਿੱਚ ਕੁਝ ਵੀ ਭੜਕਾਊ ਨਹੀਂ ਸੀ। ਸਭ ਤੋਂ ਭੈੜੀ ਗੱਲ ਇਹ ਸੀ ਕਿ ਕਾਰਜਕਾਰੀ ਮੈਜਿਸਟਰੇਟ ਨੇ 17 ਦਸੰਬਰ 1984 ਨੂੰ ਜੁਗਿੰਦਰ ਸਿੰਘ ਢਿਲੋਂ ਨੂੰ ਭਗੌੜਾ ਕਰਾਰ ਦਿੱਤਾ ਤੇ ਉਸ ਨੂੰ 30 ਜਨਵਰੀ 1985 ਨੂੰ ਅਦਾਲਤ ਵਿੱਚ ਹਾਜ਼ਰ ਹੋਣ ਲਈ ਕਿਹਾ ਗਿਆ। ਅਜਿਹੀ ਮੁਨਾਦੀ ਦੂਸਰੇ ਦੋਹਾਂ ਮੁਲਜ਼ਮਾਂ ਬਾਰੇ ਵੀ ਕਾਰਵਾਈ ਗਈ। ਇਹ ਉਸ ਹਾਲਤ ਵਿੱਚ ਕੀਤਾ ਗਿਆ ਜਦੋਂ ਕਿ ਸਭ ਆਪਣੀ ਰਿਹਾਇਸ਼ ਵਿੱਚ ਚੰਡੀਗੜ੍ਹ ਹਾਜ਼ਰ ਸਨ।
37. ਉਹਨਾਂ ਵਿੱਚ ਚਾਰ ਬੱਚਿਆਂ ਦੀ ਮਾਂ, 35 ਸਾਲ ਦੀ ਇੰਦਰਜੀਤ ਕੌਰ ਸੀ ਜੋ ਮੰਦਰ ਸਮੂਹ ਦੇ ਨੇੜੇ ਹੀ ਰਹਿੰਦੀ ਸੀ ਤੇ ਹੋਰਨਾਂ ਵਾਂਗ ਹਰਿਮੰਦਰ, ਵਿੱਚ ਸਵੇਰ ਦੀ ਪਾਠ ਪੂਜਾ ਵਿੱਚ ਸ਼ਾਮਲ ਹੁੰਦੀ ਸੀ। ਉਸ ਨੂੰ ਵੀ ਹੋਰਨਾਂ ਵਾਂਗ ਮੰਦਰ ਵਿਚੋਂ ਉਠਾਕੇ 'ਨਾਸਾ' ਅਧੀਨ ਗ੍ਰਿਫ਼ਤਾਰ ਕਰਕੇ ਉਹਦੀ ਗ੍ਰਿਫ਼ਤਾਰੀ ਕਰਨ ਦੇ ਕਾਰਨਾਂ ਬਾਰੇ ਇੱਕ ਸਾਈਕਲੋਸਟਾਈਲਡ

(ਫੁੱਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਆਤੰਕਵਾਦ ਤੇ ਵਖਵਾਦੀ ਭਾਵਨਾਵਾਂ ਨੂੰ ਖਤਮ ਕਰਨ ਦੀ ਥਾਂ ਤੇ "ਨੀਲਾ ਤਾਰਾ ਸਾਕਾ" ਤੇ (ਵੁੱਡ ਰੋਜ਼) 'ਜੰਗਲੀ ਗੁਲਾਬ' ਜਿਹੀ ਮੁਹਿੰਮ ਨੇ ਬੇਗਾਨਗੀ ਦੀ ਭਾਵਨਾ ਪੈਦਾ ਕਰਕੇ ਸੈਂਕੜੇ ਯੁਵਕ ਲੜਕੇ ਲੜਕੀਆਂ ਨੂੰ ਆਤੰਕਵਾਦੀ ਬਣਾ ਦਿੱਤਾ। ਉਹਨਾਂ 'ਚੋਂ ਬਹੁਤ ਸਾਰੇ ਸੈਨਾ ਦੇ ਲਾਏ ਜਾਲ ਤੋਂ ਬਚ ਕੇ ਪਾਕਿਸਤਾਨ ਦੀ ਸੀਮਾ ਅੰਦਰ ਚਲੇ ਗਏ ਤੇ ਉੱਥੇ ਹੀ ਆਪਣੀਆਂ ਗਤੀਵਿਧੀਆਂ ਦਾ ਟਿਕਾਣਾ ਬਣਾ ਲਿਆ। ਉੱਥੋਂ ਉਹਨਾਂ ਨੇ ਬੜੇ ਵਧੀਆ ਹਥਿਆਰ ਖਰੀਦੇ ਜੋ ਉੱਥੋਂ ਬੜੀ ਆਸਾਨੀ ਨਾਲ ਖਰੀਦੇ ਜਾ ਸਕਦੇ ਸਨ। ਹਥਿਆਰ ਖਰੀਦਣ ਲਈ ਉਹਨਾਂ ਨੂੰ ਇਹ ਪੈਸਾ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿੱਚ ਬੈਠੇ ਹਮਦਰਦਾਂ ਨੇ ਭੇਜਿਆ। ਉਹ ਬਹੁਤ ਬਰਬਰਤਾ ਪੂਰਨ ਆਤੰਕਵਾਦੀ ਕਾਰਵਾਈਆਂ

☞ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)

ਕਾਗਜ਼ ਦੇਕੇ ਇਕਬਾਲੀਆ ਬਿਆਨ ਦੇਣ ਲਈ ਕਿਹਾ ਗਿਆ। ਇਕਬਾਲੀਆ ਬਿਆਨ ਇਸ ਤਰ੍ਹਾਂ ਸੀ:'ਬਿਆਨ ਕੀਤਾ ਜਾਂਦਾ ਹੈ ਕਿ ਮੈਂ ਆਟਾ ਮੰਡੀ ਅੰਮ੍ਰਿਤਸਰ ਦੀ ਵਸਨੀਕ ਹਾਂ ਤੇ ਮੈਂ "ਆਲ ਇੰਡੀਆਂ ਸਿੱਖ ਸਟੂਡੈਂਟ ਫੈਡਰੇਸ਼ਨ" ਦੀ ਤੇ ਦਲ ਖਾਲਸਾ" ਦੀ ਮੈਂਬਰ ਹਾਂ। ਭਾਈ ਅਮਰੀਕ ਸਿੰਘ ਇਹਨਾਂ ਸੰਗਠਨਾਂ ਦਾ ਮੁਖੀ ਸੀ। ਇਹ ਸੰਸਥਾਵਾਂ ਦੇ ਸੰਤ ਭਿੰਡਰਾਂਵਾਲੇ ਨਾਲ ਸੰਬੰਧ ਸਨ ਤੇ ਅਸੀਂ ਸਭ ਭਿੰਡਰਾਂਵਾਲੇ ਦੇ ਹੁਕਮਾਂ ਤੇ ਕਾਰਵਾਈ ਕਰਦੇ ਸੀ। ਸਿੱਖਾਂ ਦੀ ਵੱਖਰੀ ਹਸਤੀ ਕਾਇਮ ਰੱਖਣ ਲਈ ਸਾਡਾ ਉਦੇਸ਼ ਵੱਖਰੇ ਸੰਵਿਧਾਨ ਨਾਲ ਵੱਖਰਾ ਰਾਜ ਖਾਲਿਸਤਾਨ ਕਾਇਮ ਕਰਨਾ ਸੀ।

ਇਸ ਉਦੇਸ਼ ਦੀ ਪੂਰਤੀ ਲਈ ਅਸੀਂ ਬਹੁਤ ਸਾਰੇ ਹਥਿਆਰ, ਅਸਲਾਹ, ਗੋਲਾ ਬਾਰੂਦ, ਬੰਬ ਤੇ ਧਮਾਕਾ ਖੇਜ਼ ਸਮੱਗਰੀ ਵਿਦੇਸ਼ਾਂ ਤੋਂ ਪ੍ਰਾਪਤ ਕੀਤੀ ਤਾਂ ਕਿ ਅਸੀਂ ਖਾਲਿਸਤਾਨ ਕਾਇਮ ਕਰਨ ਲਈ ਸਰਕਾਰ ਤੇ ਹਮਲਾ ਕਰ ਸਕੀਏ। ਇਸ ਮਨੋਰਥ ਨਾਲ 6 ਹਜ਼ਾਰ ਆਦਮੀ ਇਕੱਠੇ ਕੀਤੇ ਜਿਨ੍ਹਾਂ ਨੂੰ ਮੇਜਰ ਜਨਰਲ ਸ਼ਾਹਬੇਗ ਸਿੰਘ ਨੇ ਸਿਖਲਾਈ ਦਿੱਤੀ, ਜਿਸਨੇ ਸਾਡਾ ਉਦੇਸ਼ ਯਾਤਰੀਆਂ ਤੋਂ ਅਤੇ ਸਰਕਾਰ ਤੋਂ ਗੁਪਤ ਰਖਿਆ। 5 ਜੂਨ ਨੂੰ ਦਰਬਾਰ ਸਾਹਿਬ ਵਿੱਚ ਨਿਯੁਕਤ ਸੁਰੱਖਿਆ ਬਲਾਂ ਨੇ ਸਾਨੂੰ ਬਾਹਰ ਆਉਣ ਦੀ ਚਿਤਾਨੀ ਦਿੱਤੀ। ਉਹਨਾਂ ਦੀ ਚੇਤਾਵਨੀ ਤੇ 120 ਵਿਅਕਤੀ ਦਰਬਾਰ ਸਾਹਿਬ ਤੋਂ ਬਾਹਰ ਆ ਗਏ। ਅਸੀਂ ਕਈ ਗੁਟਾਂ ਵਿੱਚ ਸੀ। ਸੁਰੱਖਿਆ ਦਸਤਿਆਂ ਨੇ 10 ਅਗਸਤ ਤਕ ਗੋਲਾਬਾਰੀ ਜਾਰੀ ਰੱਖੀ। ਸਾਡੀ ਸੰਸਥਾ ਦੇ ਹੇਠ ਲਿਖ ਸਰਗਰਮ ਮੈਂਬਰ ਸਨ। ਮੈਂ ਤੇ ਇਹਨਾਂ ਆਦਮੀਆਂ ਨੇ ਬਹੁਤ ਧੜੱਲੇ ਨਾਲ ਕੰਮ ਕੀਤਾ। ਆਖਰ ਸੁਰੱਖਿਆ ਦਲਾਂ ਨੇ ਸਾਨੂੰ ਦਰਬਾਰ ਸਾਹਿਬ ਵਿੱਚ ਪਰਵੇਸ਼ ਕਰਦਿਆਂ ਰੋਕ ਲਿਆ। ਸਾਡੇ ਬਹੁਤ ਸਾਰੇ ਕਾਰਜ ਕਰਤਾ ਫੌਜ ਨਾਲ ਮੁਕਾਬਲਾ ਕਰਦੇ ਹੋਏ ਮਾਏ ਗਏ। ਸੈਨਾ ਨੇ ਕਾਫੀ ਹਥਿਆਰ ਤੇ ਗੋਲਾ ਬਾਰੂਦ ਦਰਬਾਰ ਸਾਹਿਬ ਦੇ ਨੇੜਿਉਂ ਫੜਿਆ। ਇਸ ਤੋਂ ਬਿਨਾਂ ਬਹੁਤ ਸਾਰੇ ਪਾਕਿਸਤਾਨੀ ਅਫਸਰ ਸਾਡੇ ਨਾਲ ਮਿਲ ਕੇ ਸਾਜ਼ਿਸ਼ ਕਰਦੇ ਸਨ ਤੇ ਸਰਕਾਰ ਵਿਰੁੱਧ ਲੜਦੇ ਸਨ। ਸਰਕਾਰ ਨੇ ਸੈਨਾ ਦੀ ਸਹਾਇਤਾ ਨਾਲ ਦਰਬਾਰ ਸਾਹਿਬ ਤਬਾਹ ਕਰ ਦਿੱਤਾ ਹੈ ਤੇ ਗੋਲੀ ਚਲਾ ਕੇ ਸਿੱਖਾਂ ਨੂੰ ਮਾਰ ਦਿੱਤਾ ਹੈ। ਅਸੀਂ ਹਰ ਮਾਰੇ ਗਏ ਸਿੱਖ ਦਾ ਬਦਲਾ ਲੈਣ ਲਈ ਚਾਰ ਵਿਅਕਤੀ ਮਾਰਾਂਗੇ। ਜੇ ਸਾਨੂੰ ਰਿਹਾ ਵੀ ਕਰ ਦਿੱਤਾ ਗਿਆ, ਅਸੀਂ ਫਿਰ ਹਥਿਆਰ ਇਕੱਠੇ ਕਰਾਂਗੇ ਤੇ ਵੱਖਰਾ ਰਾਜ ਖਾਲਿਸਤਾਨ, ਬਣਾਉਣ ਲਈ ਲੜਾਂਗੇ।(ਬਲੈਕ ਲਾਜ, 1984-85, ਪੀਪਲਜ਼ ਯੂਨੀਅਨ ਫੋਰ ਸਿਵਲ ਲਿਬਰਟੀਜ਼, ਦਿੱਲੀ, ਪੰ. 55-6)

ਕਰਨ ਵਿੱਚ ਸਫਲ ਹੋ ਗਏ ਕਿਉਂਕਿ ਫੌਜੀ ਕਾਰਵਾਈ ਪਿੱਛੋਂ ਲੋਕਾਂ ਦੀ ਹਮਦਰਦੀ ਉਹਨਾਂ ਨਾਲ ਹੋ ਗਈ ਸੀ। ਇਹ ਭੁਲੇਖਾ ਛੇਤੀ ਹੀ ਦੂਰ ਹੋ ਗਿਆ ਕਿ "ਨੀਲਾ ਤਾਰਾ ਸਾਕਾ" ਸਿੱਖਾਂ ਦੀ ਹੋਸ਼ ਠਿਕਾਣੇ ਲਾਕੇ ਉਹਨਾਂ ਨੂੰ ਸਿੱਧੇ ਰਾਹ ਤੇ ਲਿਆਵੇਗਾ ਤੇ ਉਹ ਸਮਝੌਤੇ ਲਈ ਤਿਆਰ ਹੋ ਜਾਣਗੇ। ਚਿੜਚਿੜੇਪਨ ਤੇ ਉਦਾਸੀ ਨੇ ਉਹਨਾਂ ਵਿੱਚ ਏਕਤਾ ਪੈਦਾ ਕਰ ਦਿੱਤੀ। ਸਰਕਾਰ ਨੇ ਪਹਿਲਾਂ ਸੰਤ ਲੌਂਗੋਵਾਲ ਤੇ ਟੌਹੜੇ ਨੂੰ ਤੇ ਫਿਰ ਬਾਦਲ ਤੇ ਬਰਨਾਲੇ ਨੂੰ ਬੰਦੀ ਬਣਾਕੇ ਅਕਾਲੀ ਨੇਤ੍ਰਿਤਵ ਵਿੱਚ ਖਲਾਅ ਪੈਦਾ ਕਰ ਦਿੱਤਾ ਤੇ ਉਹਨਾਂ ਦੀ ਥਾਂ ਉਹਨਾਂ ਨੇ ਮੱਲ ਲਈ ਜਿਹਨਾਂ ਦਾ ਸਰਕਾਰ ਪ੍ਰਤੀ ਰੱਵਈਆ ਹੋਰ ਵੀ ਜ਼ਿਆਦਾ ਆਕ੍ਰਮਣਕਾਰੀ ਸੀ। "ਨੀਲਾ ਤਾਰਾ ਸਾਕਾ" ਤੋਂ ਇੱਕ ਮਹੀਨਾ ਮਗਰੋਂ ਉਹਨਾਂ ਨੇ ਸਿੱਖਾਂ ਨੂੰ ਸ਼ਹੀਦੀ ਜੱਥੇ ਬਣਾ ਕੇ ਫ਼ੌਜ ਦੇ ਪੰਜੇ ਤੋਂ ਸਵਰਨ ਮੰਦਰ ਸਮੂਹ ਨੂੰ ਆਜ਼ਾਦ ਕਰਾਉਣ ਲਈ ਅੰਮ੍ਰਿਤਸਰ ਵੱਲ ਜਾਣ ਦਾ ਆਦੇਸ਼ ਦਿੱਤਾ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਅਕਾਲ ਤਖ਼ਤ ਇਸ ਤਰ੍ਹਾਂ ਹੀ ਖਸਤਾ ਹਾਲਤ ਭਾਰਤੀ ਸੈਨਾ ਦੀ ਕਾਰਵਾਈ ਦੀ ਯਾਦਗਾਰ ਵਜੋਂ ਕਾਇਮ ਰਖਿਆ ਜਾਵੇਗਾ।

ਸਰਕਾਰ ਸਿੱਖਾਂ ਵਿੱਚ ਵੈਰ ਭਾਵਨਾ ਦੀ ਪੁਨਰ ਉਥਾਨ ਦੀ ਰੁਚੀ ਤੋਂ ਘਬਰਾ ਗਈ। ਸ਼੍ਰੀਮਤੀ ਗਾਂਧੀ ਨੇ ਬੂਟਾ ਸਿੰਘ ਨੂੰ ਹਿਦਾਇਤ ਕੀਤੀ ਕਿ ਉਹ ਅਕਾਲ ਤਖ਼ਤ ਦਾ ਘੱਟ ਤੋਂ ਘੱਟ ਸਮੇਂ ਵਿੱਚ ਪੁਨਰ ਨਿਰਮਾਣ ਕਰਵਾਏ। ਅਕਾਲੀ ਨੇਤਾਵਾਂ ਦੇ ਬਿਨਾਂ ਉਹ ਸਿਰਫ ਤਖ਼ਤਾਂ ਦੇ ਜੱਥੇਦਾਰਾਂ ਨਾਲ ਹੀ ਗੱਲ ਬਾਤ ਕਰ ਸਕਦਾ ਸੀ। ਗਿਆਨੀ ਕਿਰਪਾਲ ਸਿੰਘ ਜੱਥੇਦਾਰ ਅਕਾਲ ਤਖ਼ਤ ਤੇ ਹਰਿਮੰਦਰ ਗੱਲਬਾਤ ਕਰ ਸਕਦਾ ਸੀ? ਗਿਆਨੀ ਕਿਰਪਾਲ ਸਿੰਘ ਜੱਥੇਦਾਰ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦਾ ਗ੍ਰੰਥੀ ਗਿਆਨੀ ਸਾਹਿਬ ਸਿੰਘ ਜਿਹਨਾਂ ਨੇ ਪਹਿਲਾਂ ਫ਼ੌਜ ਦੇ ਹੱਕ ਵਿੱਚ ਬਿਆਨ ਦੇ ਦਿੱਤਾ ਸੀ, ਹੁਣ ਸਿੱਖ ਜਨਤਾ ਦਾ ਵਿਰੋਧ ਭਾਂਪ ਕੇ ਨਾਂਹ ਕਰ ਗਏ। ਬੂਟਾ ਸਿੰਘ ਨੇ ਬਾਬਾ ਖੜਕ ਸਿੰਘ ਤੱਕ ਪਹੁੰਚ ਕੀਤੀ, ਜਿਹੜਾ ਇੱਕ ਅਤਿ ਸਤਿਕਾਰਯੋਗ ਸੰਤ ਸੀ ਤੇ ਜਿਸ ਨੇ ਸਾਰੀ ਉਮਰ ਹੀ ਗੁਰਦੁਆਰਿਆਂ ਵਿੱਚ ਕਾਰ ਸੇਵਾ ਕਰਦਿਆਂ ਗੁਜ਼ਾਰ ਦਿੱਤੀ ਸੀ।

ਖੜਕ ਸਿੰਘ ਨੇ ਬੂਟਾ ਸਿੰਘ ਨੂੰ ਸਖਤ ਝਾੜ ਪਾਈ ਕਿ ਉਹ ਕਾਰ ਸੇਵਾ ਤਦ ਹੀ ਪਰਵਾਨ ਕਰੇਗਾ ਜੇ ਉਸ ਨੂੰ ਮੁਖੀ ਗ੍ਰੰਥੀ ਤੇ ਜੱਥੇਦਾਰ ਕਹਿਣਗੇ। ਬੂਟਾ ਸਿੰਘ ਨੇ ਜੱਥੇਦਾਰਾਂ ਤੋਂ ਲਾਂਭੇ ਜਾਣ ਦੀ ਕੋਸ਼ਿਸ਼ ਕੀਤੀ ਤੇ 'ਸਰਬਤ ਖਾਲਸਾ' ਬੁਲਾ ਕੇ ਬੁੱਢਾ ਦਲ ਦੇ ਜੱਥੇਦਾਰ ਬਾਬਾ ਸੰਤ ਸਿੰਘ[38] ਨੂੰ ਕਾਰ ਸੇਵਾ ਸੰਭਾਲਣ ਲਈ ਕਿਹਾ। ਸਰਕਾਰੀ ਸਰਪਰਸਤੀ ਵਾਲਾ 'ਸਰਬੱਤ ਖਾਲਸਾ' 11 ਅਗਸਤ 1984 ਨੂੰ ਬੁਲਾਇਆ ਗਿਆ ਜਿਸ ਦੀ ਪਰਧਾਨਗੀ ਸੰਤਾ ਸਿੰਘ ਨੇ ਕੀਤੀ। ਦਰਬਾਰਾ ਸਿੰਘ ਦੀ ਅਗਵਾਈ ਵਿੱਚ ਕਾਂਗਰਸੀਆਂ ਤੋਂ ਬਿਨਾਂ ਬਾਕੀ ਦੇ ਜ਼ਿਆਦਾ ਲੋਕ ਤਾਂ ਕਿਸਾਨ ਸਨ ਜਿਹਨਾਂ ਨੂੰ ਸਰਕਾਰੀ ਬੱਸਾਂ ਤੇ ਮੁਫ਼ਤ ਦੇ ਸੈਰ ਸਪਾਟੇ ਲਈ ਅੰਮ੍ਰਿਤਸਰ ਲਿਆਂਦਾ ਗਿਆ। ਬੂਟਾ ਸਿੰਘ ਨੇ ਇਸ ਮੌਕੇ ਦੀ ਵਰਤੋਂ ਅਕਾਲੀਆਂ ਦੀ ਭੰਡੀ ਕਰਨ ਲਈ ਕੀਤੀ। ਉਸ ਨੇ ਕਿਹਾ, "ਉਹਨਾਂ ਨੇ ਸਦਾ ਹੀ ਨਿਰਦੋਸ਼ ਤੇ ਭੋਲੇ ਭਾਲੇ ਸਿੱਖਾਂ ਨੂੰ ਕੁਰਾਹੇ ਪਾਇਆ ਹੈ ਤੇ ਆਪਣੇ ਧਨ ਤੇ ਸਹੂਲਤਾਂ ਦੀ

38. ਸੰਤਾ ਸਿੰਘ ਨਿਹੰਗ ਕਥਿੱਤ ਤੌਰ ਤੇ ਭੰਗ ਪੀਣਾ ਭਾਰੀ ਭਰਕਮ ਵਿਅਕਤੀ ਸੀ ਜਿਹੜਾ ਆਪਣੇ ਆਪ ਨੂੰ 'ਸੁਲਤਾਨ-ਉਲ-ਕੌਮ ਅਖਵਾਉਂਦਾ ਸੀ।

ਦੁਰਵਰਤੋਂ ਕੀਤੀ ਹੈ।"[39] ਸੰਤਾਂ ਸਿੰਘ ਨੇ ਟੌਹੜੇ ਨੂੰ ਪੰਥ 'ਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ।[40] ਸਰਕਾਰ ਨੇ ਸਿੱਖ ਗੁਰਦੁਆਰਾ ਕਾਨੂੰਨ ਵਿੱਚ ਸੋਧ ਕਰਨ ਦਾ ਵਿਚਾਰ ਬਣਾਇਆ ਤਾਂ ਜੋ ਉਹ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਵਧੇਰੇ ਆਗਿਆਕਾਰੀ ਸ੍ਰੋ. ਗੁ. ਪ੍ਰ. ਕਮੇਟੀ ਕਾਇਮ ਕਰ ਸਕੇ। ਇਹ ਯੋਜਨਾ ਤਿਆਗ ਦਿੱਤੀ ਗਈ ਤੇ ਬੂਟਾ ਸਿੰਘ ਤੇ ਦਰਬਾਰਾ ਸਿੰਘ ਨੂੰ ਅਕਾਲਤਖਤ ਦੇ ਪੁਨਰ-ਨਿਰਮਾਣ ਦਾ ਕਾਰਜ ਸ਼ੁਰੂ ਕਰਨ ਦੇ ਆਦੇਸ਼ ਦੇ ਦਿੱਤੇ ਗਏ। ਸੰਤਾ ਸਿੰਘ ਦੇ ਪੈਰੋਕਾਰ 150 ਨਿਹੰਗਾਂ ਤੋਂ ਬਿਨਾਂ ਕੁਝ ਸਿੱਖ ਵੀ ਕਾਰ ਸੇਵਾ ਲਈ ਸ੍ਵੈ-ਇੱਛਾ ਨਾਲ ਅੱਗੇ ਆਏ। ਵਧੇਰੇ ਕੰਮ ਕੇਂਦਰੀ ਲੋਕ ਨਿਰਮਾਣ ਵਿਭਾਗ ਦੀ ਨਿਗਰਾਨੀ ਹੇਠ ਠੇਕੇਦਾਰ ਨੂੰ ਸੌਂਪ ਦਿੱਤਾ ਗਿਆ। ਸਰਕਾਰ ਨੇ ਗੁੰਬਦ ਨੂੰ ਪਤਰਿਆ ਨਾਲ ਢੱਕਣ ਲਈ ਸੋਨਾ ਦਿੱਤਾ।[41]

ਜਦੋਂ ਉਸਾਰੀ ਜਾਰੀ ਸੀ ਤਾਂ ਜੱਥੇਦਾਰਾਂ ਨੇ ਇੱਕ ਹੋਰ 'ਸਰਬਤ ਖਾਲਸਾ' ਦਾ ਆਯੋਜਨ ਕੀਤਾ। ਪੰਜਾਬ ਸਰਕਾਰ ਨੇ ਰੋਕ ਪਾਉਣ ਲਈ ਅੰਮ੍ਰਿਤਸਰ ਨੂੰ ਆਉਣ ਵਾਲੇ ਰਾਹਾਂ ਤੇ ਨਾਕੇ ਲਾ ਕੇ ਤੇ ਪਿੰਡਾਂ ਦੇ ਮੁਖੀਆ ਨੂੰ ਚੇਤਾਵਨੀਆਂ ਦੇ ਕੇ, ਪੂਰੀ ਵਾਹ ਲਾਈ। ਪ੍ਰੰਤੂ ਫਿਰ ਵੀ ਇੱਕ ਤੇ ਦੋ ਸਤੰਬਰ 1984 ਨੂੰ ਬੁਲਾਏ ਗਏ 'ਸਰਬਤ ਖਾਲਸਾ' ਵਿੱਚ ਹਾਜ਼ਰੀ ਸਰਕਾਰੀ 'ਸਰਬਤ ਖਾਲਸਾ' ਸੰਮੇਲਨ ਨਾਲੋਂ ਦੁਗਣੀ ਤੋਂ ਵੀ ਜ਼ਿਆਦਾ ਸੀ। ਇਸ ਸਮਾਗਮ ਵਿੱਚ ਰਾਸ਼ਟਰਪਤੀ ਜ਼ੈਲ ਸਿੰਘ, ਬੂਟਾ ਸਿੰਘ ਤੇ ਸੰਤਾ ਸਿੰਘ ਨਿਹੰਗ ਨੂੰ ਤਨਖਾਹੀਆ ਐਲਾਨਿਆ ਗਿਆ। ਇਹ ਮਤਾ ਵੀ ਪਾਸ ਕੀਤਾ ਗਿਆ ਕਿ ਜੇ ਫੌਜ ਨੇ ਪਹਿਲੀ ਅਕਤੂਬਰ ਤੱਕ ਮੰਦਰ ਸਮੂਹ ਖਾਲੀ ਨਾ ਕੀਤਾ ਤਾਂ 'ਸ਼ਹੀਦੀ ਜੱਥੇ' ਇਸਤੇ ਅਧਿਕਾਰ ਕਰਨ ਲਈ ਭੇਜੇ ਜਾਣਗੇ।

ਸ਼੍ਰੀਮਤੀ ਗਾਂਧੀ ਢਿੱਲੀ ਪੈ ਗਈ। 25 ਸਤੰਬਰ 1984 ਨੂੰ ਉਸ ਨੇ ਐਲਾਨ ਕੀਤਾ ਕਿ ਸੈਨਾ ਸਵਰਨ ਮੰਦਰ ਵਿਚੋਂ ਹਟਾ ਲਈ ਜਾਵੇਗੀ। ਉਸ ਨੇ ਕਿਹਾ, "ਕਿਉਂਕਿ ਹੁਣ ਮੁਰੰਮਤ ਦਾ ਕੰਮ ਪੂਰਾ ਹੋ ਚੁੱਕਾ ਹੈ। ਇਸ ਲਈ ਹੁਣ ਪ੍ਰਤੀਕ ਵਜੋਂ ਰੱਖੀ ਸੈਨਾ ਵੀ ਵਾਪਸ ਬੁਲਾਈ ਜਾਵੇਗੀ।"[42]

ਰਾਸ਼ਟਰਪਤੀ ਜ਼ੈਲ ਸਿੰਘ ਸਿੱਖ ਸੰਗਤ ਨੂੰ ਮੰਦਰ ਸਮੂਹ ਸੌਂਪਣ ਦੀ ਰਸਮ ਸਮੇਂ ਹਾਜ਼ਰ ਹੋਣ ਤੇ ਆਪਣੇ ਵਿਰੁੱਧ ਭਾਈਚਾਰੇ ਵਿਚੋਂ ਛੇਕਣ ਦਾ ਹੁਕਮ ਰੱਦ ਕਰਾਉਣ ਲਈ ਬਹੁਤ ਬਿਹਬਲ ਸੀ। ਉਸ ਦਾ ਏਲਚੀ ਜੱਥੇਦਾਰਾਂ ਤੇ ਗ੍ਰੰਥੀਆਂ ਨੂੰ ਮਨਾਉਣ ਵਿੱਚ ਸਫਲ ਹੋ ਗਿਆ। ਉਸ ਮੌਕੇ ਉਸ ਦੇ ਭਾਸ਼ਨ ਨੂੰ ਮੁਆਫ਼ੀ ਵਜੋਂ ਲਿਆ ਗਿਆ। ਉਸ ਨੇ ਕਿਹਾ, "ਮੈਂ ਇਸ ਅਭਾਗੀ ਘਟਨਾ ਲਈ ਗੁਰੂ ਸਾਹਿਬਾਨ ਤੋਂ ਖਿਮਾਂ ਦਾ ਯਾਚਕ ਹਾਂ।"[43] ਜੱਥੇਦਾਰ

---

39. ਇੰਡੀਆ ਟੂਡੇ, 15 ਸਤੰਬਰ, 1984, ਪੰ. 70
40. ਉਹੀ, 30 ਸਤੰਬਰ 1984, ਪੰ. 38
41. ਨਵੀਂ ਦਿੱਲੀ ਦੇ ਭਾਈ ਵੀਰ ਸਿੰਘ ਸਦਨ ਦੇ ਪ੍ਰੋ. ਹਰਬੰਸ ਸਿੰਘ ਦਾ ਪੁੱਤਰ ਤੇਜਵੰਤ ਸਿੰਘ ਤੇ ਮੈਸਰਜ਼ ਸਕਿੱਪਰ ਕਨਸਟਰਕਸ਼ਨ ਕੰਪਨੀ ਠੇਕੇਦਾਰ ਸਨ। ਪ੍ਰੋਫੈਸਰ ਲਗਾਤਾਰ ਸਰਕਾਰ ਦਾ ਸਮਰਥਕ ਰਿਹਾ ਸੀ।
42. ਇੰਡੀਆ ਟੂਡੇ, 14 ਅਕਤੂਬਰ, 1984, ਪੰ. 55
43. ਉਹੀ, ਪੰਨਾ 58

ਕਿਰਪਾਲ ਸਿੰਘ ਨੇ ਵਧੇਰੇ ਖਾੜਕੂ ਸੁਰ ਵਿੱਚ ਕਿਹਾ,"ਜੇ ਸਰਕਾਰ ਸਿੱਖ ਵਿਰੋਧੀ ਵਤੀਰਾ ਜਾਰੀ ਰਖੇਗੀ ਤੇ ਸਿੱਖਾਂ ਨੂੰ ਦੂਸਰੇ ਦਰਜੇ ਦੇ ਸ਼ਹਿਰੀ ਸਮਝੇਗੀ ਤਾਂ ਉਹ ਸਿਰਫ਼ ਮੁਲਕ ਦੀ ਏਕਤਾ ਲਈ ਖਤਰਾ ਹੀ ਨਹੀਂ ਸਹੇੜੇਗੀ ਸਗੋਂ ਸੰਪ੍ਰਦਾਇਕ ਅਣਜੋੜ ਤੇ ਵਿਗਾੜ ਵੀ ਪੈਦਾ ਕਰੇਗੀ।" ਉਸ ਨੇ ਮੰਗ ਕੀਤੀ ਕਿ "ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ" ਤੇ ਲਾਈ ਪਾਬੰਦੀ ਹਟਾ ਲਈ ਜਾਵੇ। ਅਕਾਲੀ ਨੇਤਾਵਾਂ ਨੂੰ ਰਿਹਾ ਕੀਤਾ ਜਾਵੇ, ਸਿੱਖ ਯੁਵਕਾਂ ਦੀਆਂ ਵੱਡੇ ਪੱਧਰ ਤੇ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਬੰਦ ਕੀਤੀਆਂ ਜਾਣ। ਜਿਹੜੇ ਪਰਿਵਾਰਾਂ ਨੇ ਫੌਜੀ ਕਾਰਵਾਈ ਦੌਰਾਨ ਦੁੱਖ ਝੱਲੇ ਹਨ ਉਹਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ।"[44] ਰਾਸ਼ਟਰਪਤੀ ਜੈਲ ਸਿੰਘ ਨੂੰ "ਪੰਥ 'ਚੋਂ ਛੇਕਣਾ" ਦਾ ਹੁਕਮਨਾਮਾ ਵਾਪਸ ਲੈ ਲਿਆ ਗਿਆ। ਬੂਟਾ ਸਿੰਘ ਇਤਨਾ ਭਾਗਸ਼ਾਲੀ ਨਹੀਂ ਸੀ। ਉਸਨੂੰ ਵਧੇਰੇ ਨੁਕਸਾਨ ਹੋਣ ਦਾ ਡਰ ਸੀ ਕਿਉਂਕਿ ਉਹਦਾ ਹਲਕਾ ਸਿੱਖ ਬਹੁ-ਵਸੋਂ ਵਾਲਾ ਸੀ ਤੇ ਕੁਝ ਮਹੀਨੇ ਤੱਕ ਚੋਣਾਂ ਹੋਣ ਵਾਲੀਆਂ ਸਨ। ਉਸਨੇ ਸ੍ਰੋ. ਗੁ. ਪ੍ਰ. ਕਮੇਟੀ ਨੂੰ ਉਹਦੇ ਭਵਨ ਵਾਪਸ ਕਰਨ ਅਤੇ ਬੜੀਆਂ ਹੀ ਸੁਭਾਗਸ਼ਾਲੀ ਵਸਤੂਆਂ, ਪਾਕਿਸਤਾਨੀ ਸਿੱਕਿਆਂ ਸਮੇਤ ਮੋੜਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਜੱਥੇਦਾਰ ਫਿਰ ਵੀ ਢਿੱਲੇ ਨਾ ਪਏ।

ਇਕ ਅਕਤੂਬਰ ਨੂੰ ਫੌਜ ਸਵਰਨ ਮੰਦਰ ਸਮੂਹ ਤੋਂ ਵਾਪਸ ਬੁਲਾ ਲਈ ਗਈ। ਇਸਨੇ ਕਾਰਜ ਭਾਰ ਐਸ.ਜੀ.ਪੀ.ਸੀ. ਨੂੰ ਨਹੀਂ ਸਗੋਂ ਜੱਥੇਦਾਰਾਂ ਨੂੰ ਸੌਂਪਿਆ। ਫੌਜੀ ਕਾਰਵਾਈ ਨੇ ਸਿੱਖਾਂ ਤੇ ਹਿੰਦੂਆਂ ਵਿੱਚ ਪਾੜਾ ਵਧਾ ਦਿੱਤਾ ਕਿਉਂਕਿ ਹਿੰਦੂਆਂ ਨੇ ਫੌਜੀ ਕਾਰਵਾਈ ਦਾ ਸੁਆਗਤ ਕੀਤਾ ਸੀ ਤੇ ਸਿੱਖਾਂ ਨੇ ਵਿਰੋਧ। ਇਸ ਨੇ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਖਾਲਿਸਤਾਨੀ ਲਹਿਰ ਦਾ ਪਹਿਲਾ ਸ਼ਹੀਦ ਬਣਾ ਦਿੱਤਾ। ਭਾਰਤ ਨੂੰ ਇਸ ਭੁਲੱ ਤੇ ਗਲਤ ਅਨੁਮਾਨ ਦੀ ਭਾਰੀ ਕੀਮਤ ਤਾਰਨੀ ਪਈ, ਸਭ ਤੋਂ ਵਧੇਰੇ ਮਹਿੰਗਾ ਮੁੱਲ ਭੁੱਲ ਕਰਨ ਵਾਲੀ ਸ਼ਖਸੀਅਤ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਰੂਪ ਵਿੱਚ ਦੇਣਾ ਪਿਆ।

44. ਉਹੀ, ਪੰ. 56

ਕਾਂਡ—22
ਕਤਲ ਤੇ ਉਸ ਪਿੱਛੋਂ ਦੇ ਹਾਲਾਤ

ਜੋ ਸਿੱਖਾਂ ਬਾਰੇ ਥੋੜਾ ਬਹੁਤ ਵੀ ਜਾਣਦਾ ਸੀ ਉਸ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਸੀ ਕਿ ਉਹਨਾਂ ਦੇ ਮਨ ਵਿਚੋਂ ਹਰਿਮੰਦਰ ਤੇ ਅਕਾਲ ਤਖਤ ਦਾ ਅਪਮਾਣ ਤੇ ਬੇਹੁਰਮਤੀ ਦਾ ਵਿਚਾਰ ਖਤਮ ਨਹੀਂ ਹੋਵੇਗਾ ਨਾਂ ਹੀ ਉਹ ਇਸ ਤਰ੍ਹਾਂ ਕਰਨ ਵਾਲੇ ਨੂੰ ਜਿਸਦਾ ਥੋੜਾ ਬਹੁਤ ਸੰਬੰਧ ਹੋਵੇ, ਮਾਫ਼ ਕਰਨਗੇ ਜਦ ਤੱਕ ਉਹ ਖਿਮਾ ਲਈ ਬੇਨਤੀ ਨਹੀਂ ਕਰੇਗਾ। ਸਿੱਖ ਮਾਨਸਿਕਤਾ ਵਿੱਚ ਬਦਲੇ ਤੇ ਸ਼ਹਾਦਤ ਦੀ ਭਾਵਨਾ ਡੂੰਘੀ ਉੱਕਰੀ ਹੋਈ ਹੈ। 1984 ਵਿੱਚ ਵੀ ਬਹੁਤ ਸਾਰੇ ਸਿੱਖ ਐਸੇ ਸਨ ਜੋ ਇਹ ਸਾਬਤ ਕਰਨ ਲਈ ਤੁਲੇ ਹੋਏ ਸਨ ਕਿ ਉਹਨਾਂ ਵਿੱਚ ਅਜੇ ਵੀ ਕੋਈ ਤਬਦੀਲੀ ਨਹੀਂ ਆਈ ਸੀ। ਭਿੰਡਰਾਂਵਾਲੇ ਦੇ ਬਹੁਤ ਸਾਰੇ ਆਦਮੀ ਉਸ ਸਮੇ ਬਚਕੇ ਨਿਕਲ ਗਏ ਸਨ ਜਦੋਂ ਫੌਜ ਨੇ ਸਵਰਨ ਮੰਦਰ ਨੂੰ ਘੇਰਾ ਪਾ ਲਿਆ ਸੀ ਤੇ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜੇ ਉਹ ਪਕੜੇ ਗਏ ਤਾਂ ਉਹਨਾਂ ਪ੍ਰਤੀ ਕੋਈ ਰਹਿਮ ਦਿਲੀ ਨਹੀਂ ਵਰਤੀ ਜਾਵੇਗੀ ਤੇ ਜੇ ਉਹਨਾਂ ਨੇ ਹੋਰ ਜ਼ਿਆਦਾ ਜੁਰਮ ਕੀਤੇ ਤਾਂ ਉਹਨਾਂ ਨੂੰ ਵੱਧ ਤੋਂ ਵੱਧ ਗੋਲੀ ਹੀ ਮਾਰ ਦਿੱਤੀ ਜਾਵੇਗੀ ਜਾਂ ਫਾਹੇ ਲਾਇਆ ਜਾਵੇਗਾ। ਕਈ ਹੋਰ ਵੀ ਐਸੇ ਸਨ ਜਿਹਨਾਂ ਨੇ ਜਦੋਂ ਮੰਦਰ ਨੂੰ ਪੁਜਿਆ ਨੁਕਸਾਨ ਵੇਖਿਆ ਤਾਂ ਉਹਨਾਂ ਨੇ ਉਸ ਸਮੇਂ ਹੀ ਪਵਿੱਤਰ ਗ੍ਰੰਥ ਦੇ ਸਾਮ੍ਹਣੇ ਪ੍ਰਣ ਕੀਤਾ ਕਿ ਉਹ ਉਹਨਾਂ ਲੋਕਾਂ ਨੂੰ ਮਾਰ ਦੇਣਗੇ ਜੋ ਮੰਦਰ ਦੀ ਅਪਵਿੱਤਰਤਾ ਲਈ ਜ਼ਿੰਮੇਵਾਰ ਹਨ ਜਾਂ ਅਜਿਹੀ ਕੋਸ਼ਿਸ਼ ਕਰਦਿਆਂ ਮਰ ਜਾਣਗੇ।[1] ਉਹਨਾਂ ਦੇ ਨਿਸ਼ਾਨੇ ਦੀ ਸੂਚੀ ਵਿੱਚ ਰਾਸ਼ਟਰਪਤੀ ਜ਼ੈਲ ਸਿੰਘ, ਪਰਧਾਨ ਮੰਤਰੀ ਇੰਦਰਾ ਗਾਂਧੀ, ਉਹਦਾ ਪੁੱਤਰ ਤੇ ਪਰਿਵਾਰ, ਸੈਨਾ ਮੁਖੀ ਜਨਰਲ ਏ.ਐਸ. ਵੈਦਯ[2] ਤੇ ਉਹ ਅਫਸਰ ਜਿਹਨਾਂ ਨੇ ਮੰਦਰ ਤੇ ਹਮਲਾ

---

1. ਜੁਲਾਈ 1984 ਵਿੱਚ ਦਿੱਲੀ ਹਵਾਈ ਅੱਡੇ ਤੇ ਰਿਟਾਇਰਡ ਬਰਿਗੇਡੀਅਰ ਜਾਗੀਰ ਸਿੰਘ ਨੂੰ ਇਸ ਦੋਸ਼ 'ਚ ਗ੍ਰਿਫਤਾਰ ਕਰ ਲਿਆ ਗਿਆ ਕਿ ਉਸ ਨੇ ਨਿਊਯਾਰਕ ਵਿੱਚ ਸ਼੍ਰੀਮਤੀ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਿਸ਼ ਤਿਆਰ ਕਰਨ 'ਚ ਹਿੱਸਾ ਲਿਆ ਸੀ। ਜਦੋਂ ਉਸਨੂੰ ਪਹਿਲੀ ਅਗਸਤ 1984 ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸਨੇ ਕਿਹਾ, "ਮੇਰੇ ਤੇ ਫਰਜ਼ੀ ਕੇਸ ਬਣਾਇਆ ਗਿਆ ਹੈ। ਉਹ ਕਹਿੰਦੇ ਹਨ ਕਿ ਮੈਂ ਪ੍ਰਧਾਨ ਮੰਤਰੀ ਨੂੰ ਮਾਰਨਾ ਚਾਹੁੰਦਾ ਸੀ। (ਇੰਡੀਆ ਟੂਡੇ 31 ਅਗਸਤ 1984, ਪੰ. 55) ਮਗਰੋਂ ਮੁਕੱਦਮਾ ਖਾਰਜ ਕਰ ਦਿੱਤਾ ਗਿਆ।
2. ਜਨਰਲ ਵੈਦਯਾ ਨੂੰ ਚਾਰ ਬੰਦੂਕਧਾਰੀਆਂ ਨੇ 10 ਅਗਸਤ 1986 ਨੂੰ ਪੂਨੇ ਵਿੱਚ ਗੋਲੀਆਂ ਨਾਲ ਉਡਾ ਦਿੱਤਾ। ਇਸ ਦੀ ਜ਼ਿੰਮੇਵਾਰੀ ਖਾਲਸਾ ਕਮਾਂਡੋ ਫੋਰਸ ਨੇ ਲਈ। ਜਰਨੈਲ ਨੂੰ ਪਹਿਲਾਂ ਵੀ ਕਈ ਧਮਕੀਆਂ ਮਿਲੀਆਂ ਸਨ। ਜਿਹੜੀ ਗੋਲੀ ਤੇ ਮੇਰਾ ਨਾਮ ਲਿਖਿਆ ਹੈ ਉਹ ਤਾਂ ਮੈਨੂੰ ਲੱਗ ਹੀ ਜਾਵੇਗੀ।" ਉਸ ਨੇ ਕਿਹਾ ਸੀ। ਇੰਡੀਆ ਟੂਡੇ 31 ਅਗਸਤ 1986, ਪੰ. 26।

ਕਰਨ ਵਿੱਚ ਹਿੱਸਾ ਲਿਆ ਤੇ ਕਈ ਵੀਹਾਂ ਹੋਰ ਲੋਕ ਵੀ ਸਨ।

ਇਸ ਗੱਲ ਦਾ ਜਨ ਸਾਧਾਰਨ ਨੂੰ ਵੀ ਗਿਆਨ ਸੀ। ਸੁਰੱਖਿਆ ਪਰਬੰਧ ਸਖ਼ਤ ਕਰ ਦਿੱਤੇ ਗਏ ਸਨ। ਉਹ ਸਾਰੇ ਜੋ ਖਤਰਾ ਮਹਿਸੂਸ ਕਰਦੇ ਸਨ ਉਹਨਾਂ ਨੂੰ "ਬੁਲਟ-ਪਰੂਫ (ਜਿਹਨਾਂ ਤੇ ਗੋਲੀ ਅਸਰ ਨਾ ਕਰ ਸਕੇ) ਵਸਤਰ (ਬੁਨੈਣਾਂ) ਤੇ ਅੰਗ-ਰੱਖਿਅਕ ਦਿੱਤੇ ਗਏ। ਜਿਹਨਾਂ ਦੀ ਸੁਰੱਖਿਆ ਲਈ ਅਤਿਅੰਤ ਸਾਵਧਾਨੀ ਵਰਤੀ ਗਈ, ਉਹਨਾਂ ਵਿੱਚ ਸਭ ਤੋਂ ਉਪਰ ਨਾਮ ਸ਼੍ਰੀਮਤੀ ਗਾਂਧੀ ਦਾ ਸੀ। ਉਹਦੇ ਇੱਕ ਸਫਰਦ ਜੰਗ ਨਿਵਾਸ ਤੇ ਨਾਲ ਲਗਵੇਂ ਘਰ ਜਿਸ ਨੂੰ ਉਹਦੇ ਨਿੱਜੀ ਸਕੱਤਰੇਤ ਵਿੱਚ ਬਦਲ ਦਿੱਤਾ ਗਿਆ ਸੀ, ਉਸ ਉੱਪਰ ਸਖਤੀ ਨਾਲ ਪੁਲੀਸ ਦੀ ਗਸ਼ਤ ਹੁੰਦੀ ਸੀ ਤੇ ਪੇਹਰਾ ਲਾਇਆ ਗਿਆ ਸੀ, ਹਰ ਮੁਲਕਾਤੀ ਨੂੰ ਮੈਟਲ ਡੀਟੈਕਟਰ (ਧਾਤ ਦੇ ਬਣੇ ਸੂਹ-ਯੰਤਰ) ਦੀ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ ਸੀ ਤੇ ਉਸ ਦੀ ਜਾਮਾ ਤਲਾਸ਼ੀ ਲਈ ਜਾਂਦੀ ਸੀ। ਹਰ ਸਮੇਂ, ਲੋੜੀਂਦੇ ਵਰਗ ਦੇ ਖ਼ੂਨ ਦੀਆਂ ਬੋਤਲਾਂ ਨਾਲ ਲੈਸ ਹਸਪਤਾਲੀ ਗੱਡੀ ਤੇ ਡਾਕਟਰ ਤਿਆਰ-ਬਰ-ਤਿਆਰ ਰਹਿੰਦੇ ਸਨ। ਉਹਦੇ ਸੁਰੱਖਿਆ ਅਧਿਕਾਰੀਆਂ ਨੇ ਉਸ ਨੂੰ ਸਲਾਹ ਦਿੱਤੀ ਸੀ ਕਿ ਉਹ ਆਪਣੇ ਸਿੱਖ ਸੁਰੱਖਿਆ-ਪੈਹਿਰੇਦਾਰਾਂ ਨੂੰ ਹਟਾ ਦੇਵੇ ਪਰ ਉਹਨਾਂ ਉਹ ਸੁਝਾਅ ਰੱਦ ਕਰ ਦਿੱਤਾ।[3]

31 ਅਕਤੂਬਰ 1984 ਦੀ ਸਵੇਰ ਨੂੰ ਉਹ ਆਪਣੇ ਘਰੋਂ ਸਾਰਾ ਕੰਮ ਨਿਪਟਾਕੇ ਬੀ.ਬੀ. ਸੀ. ਦੀ ਟੈਲੀਵਿਜ਼ਨ ਮੰਡਲੀ ਨੂੰ ਆਪਣੇ ਦਫਤਰ ਦੇ ਬਗੀਚੇ ਵਿੱਚ ਮਿਲਣ ਲਈ ਬਾਹਰ ਆਈ। ਜਿਉਂ ਹੀ ਉਹ ਦੋਹਾਂ ਘਰਾਂ ਵਿਚਲੀ ਲੱਗੀ ਝਾੜੀਦਾਰ ਵਾੜ ਦੀ ਵਿਰਲ 'ਚੋਂ ਲੰਘਣ ਲੱਗੀ ਤਾਂ ਉਸਦੇ ਦੋ ਸੁਰੱਖਿਆ ਪਹਿਰੇਦਾਰਾਂ ਨੇ ਉਸ ਨੇ ਪਤਲੇ ਜਿਹੇ ਸਰੀਰ ਤੇ 18 ਗੋਲੀਆਂ ਵਰ੍ਹਾ ਦਿੱਤੀਆਂ। ਓਥੇ ਦੂਸਰੇ ਹੋਰ ਪੈਹਰੇਦਾਰਾਂ ਨੇ ਕਾਤਲਾਂ ਤੇ ਗੋਲੀਆਂ ਚਲਾ ਦਿੱਤੀਆਂ। ਦੋਹਾਂ ਨੂੰ ਜ਼ਿੰਦਾ ਫੜ ਲਿਆ ਗਿਆ ਪਰ ਇਸ ਮੁੱਠ ਭੇੜ ਵਿੱਚ 38 ਸਾਲ ਬੇਅੰਤ ਸਿੰਘ ਦਫਤਰ ਵਿੱਚ ਲਿਜਾਏ ਜਾਣ ਪਿੱਛੋਂ ਮਾਰ ਦਿੱਤਾ ਗਿਆ ਤੇ 21 ਸਾਲਾ ਸਤਵੰਤ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਸ਼੍ਰੀਮਤੀ ਗਾਂਧੀ ਨੂੰ ਚਾਰ ਕਿਲੋਮੀਟਰ ਦੂਰ ਏਮਜ਼ (ਆਲ ਇੰਡੀਆ ਇਨਸਟੀਚਿਊਟ ਔਫ ਮੈਡੀਕਲ ਸਾਇੰਸਜ਼) ਵਿੱਚ ਬੜੀ ਤੇਜ਼ੀ ਨਾਲ ਲਿਜਾਇਆ ਗਿਆ ਤੇ ਨਾਲ ਹੀ ਉਸਦੀ ਇਟਾਲਵੀ ਨੂੰਹ ਸੋਨੀਆ ਵੀ ਗਈ।

ਗੋਲੀ ਮਾਰੇ ਜਾਣ ਸਮੇਂ ਰਾਸ਼ਟਰਪਤੀ ਜ਼ੈਲ ਸਿੰਘ ਉੱਤਰੀ ਯਮਨ ਦੇ ਸਰਕਾਰੀ ਦੌਰੇ ਤੇ ਗਿਆ ਹੋਇਆ ਸੀ ਤੇ ਸ਼੍ਰੀਮਤੀ ਗਾਂਧੀ ਦਾ ਬੇਟਾ ਰਾਜੀਵ ਉਸ ਸਮੇਂ ਕਲਕੱਤਾ ਵਿੱਚ ਸੀ। ਬੀ.ਬੀ.ਸੀ. ਨੇ ਹਮਲੇ ਦੀ ਖਬਰ 10 ਵਜੇ ਸਵੇਰੇ (ਭਾਰਤੀ ਸਮੇਂ ਅਨੁਸਾਰ) ਦਿੱਤੀ। ਆਲ ਇੰਡੀਆ ਰੇਡੀਓ ਨੂੰ ਇੱਕ ਘੰਟਾ ਹੋਰ ਲੱਗਾ। ਸ਼੍ਰੀਮਤੀ ਗਾਂਧੀ ਦੀ ਦੋ ਵਜੇ ਮੌਤ ਹੋ ਗਈ। ਉਸ ਦੀ ਮੌਤ ਦੀ ਖਬਰ ਵਿਸ਼ਵ ਦੀਆਂ ਸਭ ਸੰਚਾਰਨ ਪ੍ਰਣਾਲੀਆਂ ਰਾਹੀਂ 6 ਵਜੇ ਦੀਆਂ ਖਬਰਾਂ ਵਿੱਚ ਦਿੱਤੀ ਗਈ। ਸਾਰੀਆਂ ਕੌਮੀ ਅਖਬਾਰਾਂ ਨੇ ਆਪਣੇ ਵਿਸ਼ੇਸ਼ ਸੂਚਨਾ

3. ਜਾਪਦਾ ਹੈ ਕਿ ਸ਼੍ਰੀਮਤੀ ਗਾਂਧੀ ਨੂੰ ਆਪਣੀ ਮੌਤ ਦਾ ਪੂਰਵ-ਗਿਆਨ ਸੀ। ਇਕ ਦਿਨ ਪਹਿਲਾਂ 30 ਅਕਤੂਬਰ 1984 ਨੂੰ ਉੜੀਸਾ ਵਿੱਚ ਆਪਣੀ ਪਾਰਟੀ ਲਈ ਵੋਟਾਂ ਮੰਗਦਿਆਂ ਉਸ ਕਿਹਾ ਸੀ "ਜੇ ਮੈਨੂੰ ਮਾਰ ਦਿੱਤਾ ਗਿਆ........"।

ਪੱਤਰ ਇਹ ਖ਼ਬਰ ਦਿੰਦਿਆਂ ਛਾਪੇ, ਜਿਵੇਂ ਉਹਨਾਂ ਨੂੰ ਸਰਕਾਰੀ ਤੌਰ ਤੇ ਦੱਸਿਆ ਗਿਆ ਸੀ ਮਾਰਨ ਵਾਲੇ ਦੋ ਸਿੱਖ ਤੇ ਇਕ ਮੋਨਾ ਸੀ।[4]

ਪੰਜਾਬ ਵਿੱਚ ਤਿੰਨ ਸਾਲਾ ਸੰਪਰਦਾਇਕ ਕਤਲਾਂ ਪਿੱਛੋਂ ਸ਼੍ਰੀਮਤੀ ਗਾਂਧੀ ਦੇ ਕਤਲ ਦੇ ਵੀ ਹਿੰਸਕ ਮੋੜਵੇਂ ਪ੍ਰਭਾਵ ਪੈਣੇ ਹੀ ਸਨ। ਭਾਵੇਂ ਪੰਜਾਬ ਵਿੱਚ ਕਤਲਾਂ ਦਾ ਸ਼ਿਕਾਰ ਹਿੰਦੂ ਤੇ ਸਿੱਖ ਬਰਾਬਰ ਦੇ ਹੀ ਸਨ ਪਰ ਕਿਉਂਕਿ ਕਾਤਲ ਸਭ ਸਿੱਖ ਹੀ ਸਨ, ਇਸ ਲਈ ਇਹ ਸਮਝਿਆ ਗਿਆ ਕਿ ਸਾਰੇ ਸਿੱਖ ਹੀ ਦੋਸ਼ੀ ਸਨ ਤੇ ਉਹਨਾਂ ਨੂੰ ਸਜ਼ਾ ਦੇਣੀ ਹੀ ਚਾਹਾਦੀ ਸੀ। ਜਿਸ ਗੱਲ ਨੇ ਬਲਦੀ ਤੇ ਤੇਲ ਪਾਇਆ ਤੇ ਜਿਸ ਨਾਲ ਸਿੱਖਾਂ ਦੇ ਵਿਰੁੱਧ ਭਾਵਨਾ ਵਧੀ, ਉਹਦਾ ਕਾਰਨ ਇਹ ਸੀ ਕਿ ਕਿਸੇ ਵੀ ਉੱਘੇ ਸਿੱਖ ਨੇ ਨਾਂ ਤਾਂ ਭਿੰਡਰਾਂਵਾਲੇ ਵਿਰੁੱਧ ਤੇ ਨਾਂ ਹੀ ਆਤੰਕਵਾਦੀ ਦਲਾਂ ਹੱਥੋਂ ਮਾਸੂਮ ਤੇ ਨਿਰਦੋਸ਼ ਹਿੰਦੂਆਂ ਦੇ ਕਤਲਾਂ ਦੇ ਵਿਰੁੱਧ ਆਵਾਜ਼ ਉਠਾਈ।

31 ਅਕਤੂਬਰ ਦੀਆਂ ਤਰਕਾਲਾਂ ਵੇਲੇ ਏਮਜ਼ ਦੇ ਉਦਾਲੇ ਹਜੂਮ ਜੁੜਨਾ ਸ਼ੁਰੂ ਹੋ ਗਿਆ ਤੇ ਨੇੜੇ ਤੇੜੇ ਜੋ ਵੀ ਸਿੱਖ ਮਿਲਿਆ ਉਸ ਦੀ ਖਿੱਚ ਧੂਹ ਸ਼ੁਰੂ ਕਰ ਦਿੱਤੀ।

ਰਾਸ਼ਟਰਪਤੀ ਜ਼ੈਲ ਸਿੰਘ, ਜਿਸ ਨੂੰ ਸ਼੍ਰੀਮਤੀ ਗਾਂਧੀ ਦੀ ਮੌਤ ਦੀ ਖ਼ਬਰ ਦਿੱਲੀ ਨੂੰ ਆਉਂਦਿਆਂ ਰਸਤੇ ਵਿੱਚ ਹੀ ਮਿਲੀ, ਉਹ ਹਵਾਈ ਅੱਡੇ ਤੋਂ ਸਿੱਧਾ 'ਏਮਜ਼' ਪਹੁੰਚਿਆ। ਸ਼੍ਰੀਮਤੀ ਗਾਂਧੀ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਜਦੋਂ ਰਾਸ਼ਟਰਪਤੀ, ਰਾਸ਼ਟਰਪਤੀ ਭਵਨ ਵੱਲ ਜਾ ਰਿਹਾ ਸੀ, ਉਸ ਦੀ ਕਾਰ ਤੇ ਹਜੂਮ ਨੇ ਪੱਥਰ ਮਾਰੇ। ਕੇਂਦਰੀ ਮੰਤਰੀ ਮੰਡਲ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਤੇ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਸਲਾਹ ਕੀਤੇ ਬਿਨਾਂ ਹੀ ਰਾਸ਼ਟਰਪਤੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਉਣ ਲਈ ਸਹੁੰ ਚੁਕਾਉਣ ਦਾ ਫੈਸਲਾ ਕਰ ਲਿਆ[5]। ਰਾਜੀਵ ਨੇ ਆਪਣੇ ਮੰਤਰੀ ਮੰਡਲ ਦਾ ਪੁਨਰ-ਗਠਨ ਕੀਤਾ ਤੇ ਰਖਿਆ ਤੇ ਵਿਦੇਸ਼ ਵਿਭਾਗ ਆਪਣੇ ਕੋਲ ਰੱਖੇ।

---

4. ਭਾਰਤੀ ਪ੍ਰੈਸ ਦਾ ਸਥਾਪਿਤ ਦਸਤੂਰ ਸੀ ਕਿ ਸੰਪ੍ਰਦਾਇਕ ਕਤਲਾਂ ਵਿੱਚ ਉਹ ਕਾਤਲਾਂ ਦੇ ਧਰਮ ਬਾਰੇ ਕੁਝ ਨਹੀਂ ਦੱਸਦੇ। ਤੀਸਰੇ ਸ਼ਾਮਿਲ ਮੋਨੇ ਬੰਦੇ ਬਾਰੇ ਰਹੱਸ ਬਣਿਆ ਰਿਹਾ ਕਿਉਂਕਿ ਦੋ ਸਿੱਖ ਹੀ ਮੌਕੇ ਤੇ ਗ੍ਰਿਫ਼ਤਾਰ ਕੀਤੇ ਗਏ ਸਨ। ਸਤਵੰਤ ਸਿੰਘ, ਕਿਹਰ ਸਿੰਘ ਤੇ ਬਲਬੀਰ ਸਿੰਘ ਨੂੰ ਮਰਹੂਮ ਬੇਅੰਤ ਸਿੰਘ ਸਮੇਤ ਸ਼੍ਰੀਮਤੀ ਗਾਂਧੀ ਦੇ ਕਤਲ ਦੇ ਦੋਸ਼ੀ ਪਾਇਆ ਗਿਆ। ਤਿੰਨਾਂ ਨੂੰ ਹੀ ਦਿੱਲੀ ਦੇ ਐਡੀਸ਼ਨਲ ਸ਼ੈਸ਼ਨ ਜੱਜ ਮਹੇਸ਼ ਚੰਦਰ ਨੇ ਮੌਤ ਦੀ ਸਜ਼ਾ ਦਿੱਤੀ। ਦਿੱਲੀ ਹਾਈਕੋਰਟ ਦੇ ਜੱਜਾਂ ਦੇ ਇੱਕ ਬੈਂਚ ਨੇ ਜੋ ਐਸ. ਰੰਗਾਨਾਥਨ, ਬੀ.ਐਨ. ਕਿਰਪਾਲ ਤੇ ਐਮ.ਕੇ. ਚਾਵਲਾ ਤਿੰਨਾਂ ਜੱਜਾਂ ਉੱਪਰ ਆਧਾਰਿਤ ਸੀ, ਮੌਤ ਦੀ ਸਜ਼ਾ 3 ਦਸੰਬਰ 1986 ਦੇ ਫੈਸਲੇ ਵਿੱਚ ਬਹਾਲ ਰੱਖੀ। ਇਹ ਫੈਸਲਾ ਸਤਵੰਤ ਸਿੰਘ ਦੇ ਇਕਬਾਲੀਆਂ ਬਿਆਨ ਤੇ (ਮਗਰੋਂ ਉਹ ਮੁੱਕਰ ਗਿਆ) ਬਲਬੀਰ ਸਿੰਘ ਕੋਲੋਂ ਫੜੇ ਗਏ ਦਸਤਾਵੇਜ਼ਾਂ ਤੇ ਬੇਅੰਤ ਸਿੰਘ ਦੀ ਵਿਧਵਾ ਬਿਮਲ ਕੌਰ ਖਾਲਸਾ ਅਤੇ ਇੱਕ ਪੁਲਸੀਏ ਦੀ ਗਵਾਹੀ ਤੇ ਆਧਾਰਿਤ ਸੀ। (ਇੰਡੀਆ ਟੂਡੇ, ਦਸੰਬਰ, 1986)
5. ਬੰਬਈ ਦੇ ਮੈਗਜ਼ੀਨ 'ਔਨਲੁਕਰ" ਨੂੰ ਇੱਕ ਮੁਲਾਕਾਤ ਦੌਰਾਨ ਮਗਰੋਂ ਜ਼ੈਲ ਸਿੰਘ ਨੇ ਕਿਹਾ ਕਿ "ਜੇ ਉਹ ਕਿਸੇ ਵੀ ਸੀਨੀਅਰ ਮੰਤਰੀ ਪਰਣਬ ਮੁਕਰਜੀ, ਪੀ.ਵੀ. ਨਰਸਿਮਹਾ ਰਾਓ ਜਾਂ ਪੀ.ਸੀ. ਸੇਠੀ ਨੂੰ ਨਿਯੁਕਤ ਕਰ ਦਿੰਦਾ ਤਾਂ ਕਾਂਗਰਸ ਪਾਰਟੀ ਵਿੱਚ ਫੁੱਟ ਪੈ

(ਫੁਟਨੋਟ ਦਾ ਬਾਕੀ ਹਿੱਸਾ ਅਗਲੇ ਸਫ਼ੇ 'ਤੇ) ☞

ਕੁਝ ਹੱਦ ਤੱਕ ਆਪ ਮੁਹਾਰੀ ਸਿੱਖ ਵਿਰੋਧੀ ਹਿੰਸਾ ਦਾ ਅਨੁਮਾਨ ਲਾਇਆ ਜਾ ਸਕਦਾ ਸੀ ਤੇ ਉਸਨੂੰ ਤੇਜ਼ੀ ਨਾਲ ਸਖਤ ਪੁਲੀਸ ਕਾਰਵਾਈ ਨਾਲ ਕਾਬੂ ਕੀਤਾ ਜਾ ਸਕਦਾ ਸੀ। ਜੋ ਕੁਝ ਸ਼੍ਰੀਮਤੀ ਗਾਂਧੀ ਦੇ ਕਤਲ ਪਿੱਛੋਂ ਹੋਇਆ ਉਸਤੋਂ ਪ੍ਰਬੰਧਕੀ ਤੇ ਰਾਜਸੀ ਮਿਲੀਭੁਗਤ ਦੀ ਅਤਿਅੰਤ ਭਿਆਨਕ ਤੇ ਖੌਫਨਾਕ ਗਾਥਾ ਦਾ ਪਤਾ ਲਗਦਾ ਹੈ, ਜੋ ਭਾਰਤ ਦੇ ਆਜ਼ਾਦ ਹੋਣ ਦੇ ਸਮੇਂ ਤੋਂ ਇਤਨੇ ਵੱਡੇ ਪੈਮਾਨੇ ਤੇ ਪਹਿਲਾਂ ਕਦੇ ਨਹੀਂ ਵਾਪਰਿਆ ਸੀ।

ਏਮਜ਼ ਤੋਂ ਹਜੂਮ ਲਾਗਲੇ ਇਲਾਕੇ ਵਿੱਚ ਫੈਲ ਗਏ। ਪੁਲਸ ਨੇ ਉਹਨਾਂ ਨੂੰ ਰੋਕਣ ਲਈ ਕੁਝ ਨਾ ਕੀਤਾ। ਸੂਰਜ ਛਿਪਣ ਤੱਕ, ਨਵੀਂ ਦਿੱਲੀ ਦੇ ਮੁੱਖ ਖਰੀਦਦਾਰੀ ਕੇਂਦਰ, ਕਮਾਨ ਸਰਕਸ (ਚੁਗਾਨ) ਲੁੱਟ ਕੇ ਅੱਗ ਲਾ ਦਿੱਤੀ ਗਈ। ਇਹ ਦ੍ਰਿਸ਼ਾਂ ਨੂੰ ਵੱਡੇ ਹਜੂਮ ਵੇਖਦੇ ਰਹੇ। ਪੁਲੀਸ ਜੋ ਭਾਰੀ ਗਿਣਤੀ ਵਿੱਚ ਮੌਜੂਦ ਸੀ, ਖਾਮੋਸ਼ ਤਮਾਸ਼ਾਈ ਬਣੀ ਰਹੀ। ਪੁਲੀਸ ਜੋ ਭਾਰੀ ਗਿਣਤੀ ਵਿੱਚ ਮੌਜੂਦ ਸੀ, ਖਾਮੋਸ਼ ਤਾਸ਼ਾਮਾਈ ਬਣੀ ਰਹੀ। ਸਿੱਖ ਚਾਲਕਾਂ ਦੀਆਂ ਕਾਰਾਂ, ਟਰੱਕ, ਤਿੰਨ-ਪਹੀਏ ਆਟੋ ਤੇ ਸਕੂਟਰ ਨੂੰ ਤੋੜ ਫੋੜ ਕੇ ਅੱਗ ਲਾ ਦਿੱਤੀ ਗਈ। ਵੱਖ-ਵੱਖ ਬਸਤੀਆਂ ਤੇ ਇਲਾਕਿਆਂ ਧੂਏਂ ਦੇ ਬੱਦਲ ਉੱਠਣੇ ਸ਼ੁਰੂ ਹੋ ਗਏ ਤੇ ਸਾਮ ਵੇਲੇ ਆਕਾਸ਼ ਸੜ ਰਹੀ ਸੁਗੰਧ ਨਾਲ ਲਾਲ ਹੋ ਗਿਆ। ਸਾਫ ਦਿਸ ਰਿਹਾ ਸੀ ਕਿ ਇਹ ਸ਼ੁਅਲੇ ਬੁਝਾਏ ਨਾ ਗਏ ਤਾਂ ਸਾਰਾ ਸ਼ਹਿਰ ਅੱਗ ਦੀ ਲਪੇਟ ਵਿੱਚ ਆ ਜਾਏਗਾ। ਉਸ ਸਮੇਂ ਤੱਕ ਕਿਸੇ ਸਿੱਖ ਦੇ ਮਾਰੇ ਜਾਣ ਦੀ ਕੋਈ ਖਬਰ ਨਹੀਂ ਸੀ।

ਸਥਿਤੀ ਨੂੰ ਕਾਬੂ ਕਰਨ ਲਈ ਨਾ ਤਾਂ ਦਿੱਲੀ ਪ੍ਰਸ਼ਾਸਨ ਨੇ ਤਾਂ ਨਾਂ ਹੀ ਕੇਂਦਰੀ ਸਰਕਾਰ ਨੇ ਕੋਈ ਕਾਹਲ ਵਿਖਾਈ। ਇਹ ਮਗਰੋਂ ਭੇਤ ਖੁਲ੍ਹਿਆ ਕਿ ਦਿੱਲੀ ਪ੍ਰਸਾਸਨ ਨੂੰ ਸਥਾਨਕ ਕਾਂਗਰਸ ਤੋਂ ਆਦੇਸ਼ ਮਿਲ ਰਹੇ ਸਨ ਤੇ ਕਾਂਗਰਸੀ ਹਕੂਮਤ ਵਾਲੇ ਰਾਜਾਂ ਵਿੱਚ ਵੀ ਪੁਲੀਸ ਨੂੰ ਦਖ਼ਲ ਨਾ ਦੇਣ ਦੀ ਹਿਦਾਇਤ ਦਿੱਤੀ ਗਈ ਸੀ। ਸਿੱਖਾਂ ਨੂੰ ਅਜਿਹੀ ਸਿੱਖਿਆ ਦਿੱਤੀ ਜਾਣੀ ਸੀ ਜਿਸਨੂੰ ਉਹ ਕਦੇ ਨਾ ਭੁਲਾ ਸਕਣ। ਆਰੰਭਕ ਆਪ ਮੁਹਾਰੇ ਸਿੱਖ ਵਿਰੋਧੀ ਉਬਾਲ ਤੇ ਭੜਾਕੇ ਨੂੰ ਬੜੀ ਸੋਚੀ ਸਮਝੀ ਚਾਲ ਨਾਲ ਲਾਂਬੂ ਤੇ ਭਾਂਬੜ ਵਿੱਚ ਤਬਦੀਲ ਕੀਤਾ ਗਿਆ ਜਿਸ ਨੇ ਸਾਰੇ ਉੱਤਰੀ ਭਾਰਤ ਨੂੰ ਆਪਣੀ ਲਪੇਟ ਵਿੱਚ ਲੈ

ੳ (ਪਿਛਲੇ ਸਫ਼ੇ ਦਾ ਬਾਕੀ ਫੁੱਟਨੋਟ)
ਜਾਣੀ ਸੀ ਤੇ ਉਸ ਨਾਜ਼ਕ ਘੜੀ ਵਿੱਚ ਇਹ ਮੁਲਕ ਦੇ ਹਿੱਤ ਵਿੱਚ ਵੀ ਨਹੀਂ ਹੋਣਾ ਸੀ ਤੇ ਕਾਂਗਰਸ ਦੇ ਬਦਲ ਵਜੋਂ ਕੋਈ ਹੋਰ ਪਾਰਟੀ ਵੀ ਨਹੀਂ ਸੀ।" ਉਸ ਨੇ ਗੱਲ ਜਾਰੀ ਰੱਖਦਿਆਂ ਕਿਹਾ,"ਮੈਂ ਨਹਿਰੂ ਗਾਂਧੀ ਪਰਿਵਾਰ ਪ੍ਰਤੀ ਕੁਝ ਰਿਣ ਵੀ ਚੁਕਾਉਣਾ ਚਾਹੁੰਦਾ ਸੀ।" ਆਖ਼ਰ ਮੈਂ ਪੰਡਤ ਜੀ ਦਾ ਪਿਛਲੱਗ ਸੀ ਤੇ ਸ੍ਰੀਮਤੀ ਗਾਂਧੀ ਨੇ ਮੈਨੂੰ ਪਹਿਲਾਂ ਗ੍ਰਹਿ ਮੰਤਰੀ ਤੇ ਫਿਰ ਮੁਲਕ ਤੇ ਸਭ ਤੋਂ ਉੱਚੇ ਪਦ ਤੇ ਨਾਮਜ਼ਦ ਕੀਤਾ। ਤੇ ਆਖ਼ਰ ਵਿੱਚ ਮੈਂ ਇਹ ਵੀ ਸੋਚਿਆ ਕਿ ਰਾਜੀਵ ਗਾਂਧੀ ਆਧੁਨਿਕ ਯੁੱਗ ਦੀ ਸੋਚ ਦਾ ਮਾਲਕ ਹੈ, ਉਹਦਾ ਸਾਫ ਸੁਥਰਾ ਬਿੰਬ ਹੈ, ਮਨੋਹਰ ਸ਼ਖ਼ਸੀਅਤ ਦਾ ਮਾਲਕ ਹੈ ਤੇ ਉਸ ਨੂੰ ਦੇਸ਼ ਅੰਦਰ ਤੇ ਵਿਦੇਸ਼ਾਂ ਵਿੱਚ ਸਭ ਜਾਣਦੇ ਹਨ। ਮੈਂ ਸੋਚਿਆ ਕਿ ਉਹ ਮੁਲਕ ਨੂੰ ਦਰਪੇਸ਼ ਸੰਕਟ ਤੋਂ ਕੱਢ ਲਵੇਗਾ। (ਇੰਡੀਅਨ ਐਕਸਪ੍ਰੈਸ 18 ਫਰਵਰੀ, 1988)

ਲਿਆ। ਤਮਿਲ ਨਾਡੂ ਵਿੱਚ ਇੱਕਾ ਦੁੱਕਾ ਘਟਨਾਵਾਂ ਤੋਂ ਬਿਨਾਂ ਅਜਿਹੀ ਹਿੰਸਾਂ ਕਾਂਗਰਸ ਦੀ ਹਕੂਮਤ ਵਾਲੇ ਰਾਜਾਂ ਵਿੱਚ ਸਥਾਨਕ ਨੇਤਾਵਾਂ ਦੇ ਦਿਮਾਗ਼ ਦੀ ਵਿਉਂਤ ਸੀ ਜਿਹਨਾਂ ਵਿੱਚ ਲੋਕ-ਸਭਾ ਮੈਂਬਰ ਵੀ ਸ਼ਾਮਲ ਸਨ।

"ਸਿੱਖਾਂ ਨੂੰ ਸਬਕ ਸਿਖਾਉ" ਦੀ ਕਾਰਵਾਈ 31 ਅਕਤੂਬਰ ਦੀ ਰਾਤ ਨੂੰ ਸ਼ੁਰੂ ਕੀਤੀ ਗਈ। ਪਹਿਲਾਂ ਇਹ ਖਬਰ ਫੈਲਾਈ ਗਈ ਕਿ ਸਿੱਖ ਸ਼੍ਰੀਮਤੀ ਗਾਂਧੀ ਦੇ ਕਤਲ ਦੀ ਗਲੀਆਂ ਵਿੱਚ ਭੰਗੜਾ ਪਾ ਕੇ ਖੁਸ਼ੀ ਮਨਾ ਰਹੇ ਸਨ, ਮਿਠਿਆਈਆਂ ਵੰਡ ਰਹੇ ਸਨ ਤੇ ਘਰਾਂ ਵਿੱਚ ਰੌਸ਼ਨੀਆਂ ਕਰ ਰਹੇ ਹਨ।[6] ਇਸ ਮਗਰੋਂ ਇਹ ਕਹਾਣੀਆਂ ਫੈਲਾਈਆਂ ਗਈਆਂ ਕਿ ਸਿੱਖਾਂ ਵੱਲੋਂ ਕਤਲ ਕੀਤੇ ਗਏ ਹਿੰਦੂਆਂ ਦੀਆਂ ਭਰੀਆਂ ਗੱਡੀਆਂ ਪੰਜਾਬ 'ਚੋਂ ਦਿੱਲੀ ਪਹੁੰਚ ਗਈਆਂ ਹਨ। ਅੱਧੀ ਰਾਤ ਤੱਕ ਇੱਕ ਹੋਰ ਅਫਵਾਹ ਫੈਲਾ ਦਿੱਤੀ ਗਈ ਕਿ ਸਿੱਖਾਂ ਨੇ ਦਿੱਲੀ ਦੇ ਪੀਣ ਵਾਲੇ ਪਾਣੀ ਵਿੱਚ ਜ਼ਹਿਰ ਮਿਲਾ ਦਿੱਤਾ ਸੀ।[7] ਇਸ ਦੌਰਾਨ ਸਰਕਾਰੀ ਪ੍ਰਬੰਧ ਅਧੀਨ ਦੂਰਦਰਸ਼ਨ ਲਗਾਤਾਰ ਸ਼੍ਰੀਮਤੀ ਗਾਂਧੀ ਦੀ ਮ੍ਰਿਤਕ ਦੇਹ ਦੀਆਂ ਤਸਵੀਰਾਂ ਦਿਖਾਉਂਦਾ ਰਿਹਾ ਤੇ ਨਾਮਜ਼ਦਾ ਰਾਜੀਵ ਗਾਂਧੀ ਪਰਚਾਉਣੀ ਕਰਨ ਆਉਂਦੇ ਲੋਕਾਂ ਨੂੰ ਮਿਲਦਾ ਰਿਹਾ ਜੋ ਥੋੜੇ ਥੋੜੇ ਸਮੇਂ ਪਿੱਛੋਂ 'ਇੰਦਰਾ ਗਾਂਧੀ ਜ਼ਿੰਦਾਬਾਦ' ਤੇ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਦੇ ਨਾਅਰੇ ਲਾਉਂਦੇ ਰਹੇ। ਇਹ ਤਿਆਰੀ ਕਰਨ ਪਿੱਛੋਂ ਕਾਂਗਰਸ ਪਾਰਟੀ ਦੇ ਕਾਰਜ ਕਰਤਾਵਾਂ ਨੇ ਟਰੱਕਾਂ ਵਿੱਚ ਬਾਹਰਲੀਆਂ ਬਸਤੀਆਂ ਤੋਂ ਪੇਂਡੂਆਂ ਨੂੰ ਲਿਆਉਣਾ ਸ਼ੁਰੂ ਕਰ ਦਿੱਤਾ ਜਿਹਨਾਂ ਕੋਲ ਲੋਹੇ ਦੇ ਸਰੀਏ ਤੇ ਮਿੱਟੀ ਦੇ ਤੇਲ ਤੇ ਪਟਰੋਲ ਦੇ ਕਨਸਤਰ ਸਨ। ਉਹਨਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਪੁਲੀਸ ਉਹਨਾਂ ਨੂੰ ਰੋਕਣ ਲਈ ਦਖਲ ਨਹੀਂ ਦੇਵੇਗੀ। ਨੌਜੁਆਨ ਜਾਟਾਂ, ਗੁੱਜਰਾਂ ਤੇ ਨੀਵੀਆਂ ਜਾਤੀਆਂ ਦੇ ਹਿੰਦੂਆਂ ਨੂੰ ਇਹ ਲਾਲਚ ਦੇਣ ਦੀ ਲੋੜ ਹੀ ਨਹੀਂ ਸੀ ਕਿ ਉਹ ਆਉਣ ਤੇ ਅਮੀਰ ਸਿੱਖਾਂ ਦਾ ਸਾਮਾਨ ਲੁੱਟਣ ਤੇ ਜੋ ਵੀ ਮਾਲ ਹੱਥ ਲੱਗਦਾ ਹੈ ਲੈ ਜਾਣ। ਇਹਨਾਂ ਗੰਵਾਰ ਲੋਕਾਂ ਨੂੰ ਪਰੇਰਤ ਕਰਨ ਲਈ ਲੁੱਟ ਮਾਰ ਹੀ ਕਾਫੀ ਸੀ, ਕਤਲ, ਅੱਗਜ਼ਨੀ ਤੇ ਬਲਾਤਕਾਰ ਤਾਂ ਉਹਨਾਂ ਲਈ ਵਾਧੂ ਝੂੰਗਾ ਜਾਂ ਨਫਾ ਸੀ ਤੇ ਜੋ ਉਹ ਕਰ ਰਹੇ ਸਨ ਇਹ ਉਹਨਾਂ ਦੇ ਅਪਰਾਧ ਨੂੰ ਸਹੀ ਠਹਿਰਾਉਣ ਲਈ ਕਾਫੀ ਸੀ। ਉਹਨਾਂ ਨੂੰ ਪ੍ਰਧਾਨ ਮੰਤਰੀ ਦੇ ਮਾਰੇ ਜਾਣ ਦਾ ਉਂਝ ਨਾ ਕੋਈ ਗਮ ਸੀ ਤੇ ਨਾ ਕੋਈ ਗੁੱਸਾ।

ਸਿੱਖਾਂ ਵਲੋਂ ਕੋਈ ਵਿਰੋਧ ਜਾਂ ਮੁਕਾਬਲੇ ਦੀ ਬੜੀ ਘੱਟ ਸੰਭਾਵਨਾ ਸੀ। ਉਹਨਾਂ ਦੀ ਵਸੋਂ ਹਿੰਦੂਆਂ ਦੀ ਦਿੱਲੀ ਵਿੱਚ 83% ਦੇ ਮੁਕਾਬਲੇ ਮਸਾਂ ਹੀ 7.5% ਸੀ। ਤੇ ਮੁਸਲਮਾਨਾਂ ਦੇ ਵਿਪ੍ਰੀਤ ਜੋ ਮੁਹੱਲਿਆਂ ਵਿੱਚ ਇਕੱਠੇ ਰਹਿੰਦੇ ਸਨ ਤੇ ਉਹਨਾਂ ਨੂੰ ਫਿਰਕੂ ਫ਼ਸਾਦਾਂ ਦਾ

---

6. ਸੁਤੰਤਰ ਸੰਸਥਾਵਾਂ ਵਲੋਂ ਕੀਤੀ ਪੜਤਾਲ ਅਨੁਸਾਰ ਭਾਰਤ ਭਰ ਵਿੱਚ ਇੱਕ ਥਾਂ ਵੀ ਸਿੱਖਾਂ ਵਲੋਂ ਜਸ਼ਨ ਮਨਾਏ ਜਾਣ ਦੀ ਘਟਨਾ ਨਾ ਲੱਭੀ। ਪ੍ਰੰਤੂ ਇੰਗਲੈਂਡ, ਅਮਰੀਕਾ ਤੇ ਕੈਨੇਡਾ ਵਿੱਚ ਛੋਟੀਆਂ ਛੋਟੀਆਂ ਟੋਲੀਆਂ ਨੇ ਅਜਿਹੇ ਜਸ਼ਨ ਮਨਾਏ।
7. "ਪੀਪਲਜ਼ ਯੂਨੀਅਨ ਫੌਰ ਡੈਮੋਕ੍ਰੈਟਿਕ ਰਾਈਟਸ" ਤੇ "ਪੀਪਲਜ਼ ਯੂਨੀਅਨ ਫੌਰ ਸਿਵਲ ਲਿਬਰਟੀਜ਼" ਵਲੋਂ ਤਿਆਰ ਕੀਤੀਆਂ ਰਿਪੋਰਟਾਂ ਵਿੱਚ ਇਹ ਗੱਲ ਸਿੱਧ ਹੋ ਗਈ ਕਿ ਪੁਲਸੀਏ ਆਪ ਗੱਡੀਆਂ ਤੇ ਚੜ੍ਹ ਕੇ ਲਾਊਡ ਸਪੀਕਰਾਂ ਰਾਹੀਂ ਗੱਡੀਆਂ ਦੇ ਆਉਣ ਤੇ ਪਾਣੀ 'ਚ ਜ਼ਹਿਰ ਮਿਲਾਉਣ ਦਾ ਐਲਾਨ ਕਰਦੇ ਰਹੇ। (ਕੌਣ ਕਸੂਰਵਾਰ ਹਨ? ਪੰ. 20)

ਅਨੁਭਵ ਹੋ ਚੁੱਕਾ ਸੀ ਪਰ ਸਿੱਖ ਹਿੰਦੂਆਂ ਵਿੱਚ ਹੀ ਉਹਨਾਂ ਵਲੋਂ ਹਿੰਸਾ ਤੋਂ ਬੇਫਿਕਰ ਹੋਕੇ ਰਹਿੰਦੇ ਸਨ। ਇਸ ਦੇ ਨਾਲ ਇਹ ਗੱਲ ਵੀ ਸੀ ਕਿ ਮੁਸਲਾਨਾਂ ਦੇ ਉਲਟ ਜਿਹਨਾਂ ਨੂੰ ਦੂਰੋਂ ਪਛਾਣਨਾ ਔਖਾ ਸੀ ਸਿੱਖ ਮਰਦਾਂ ਦੀ ਵੱਖਰੀ ਸੂਰਤ ਤਾਂ ਹਮਲਾਵਰਾਂ ਦੇ ਕੰਮ ਨੂੰ ਹੋਰ ਵੀ ਸੁਖਾਲਾ ਕਰ ਦਿੰਦੀ ਸੀ।

ਉਹਨਾਂ ਨੂੰ ਉਹਨਾ ਲੋਕਾਂ ਦਾ ਮੁਕਾਬਲਾ ਕਰਨਾ ਪਿਆ ਜੋ ਹੱਥਾਂ ਵਿੱਚ ਮੱਤ ਸੂਚੀਆਂ ਲੈਕੇ ਲੁਟੇਰਿਆਂ ਨੂੰ ਸਿੱਖਾਂ ਦੇ ਘਰ, ਦੁਕਾਨਾਂ ਤੇ ਹੋਰ ਜਾਇਦਾਦ ਲੁੱਟਣ ਲਈ ਨਿਰਦੇਸ਼ ਦੇ ਰਹੇ ਸਨ। ਇਸ ਤਰ੍ਹਾਂ ਸਿੱਖਾਂ ਨੂੰ ਮਾਰਨਾ ਪਹਿਲੀ ਨਵੰਬਰ ਤੋਂ ਸ਼ੁਰੂ ਹੋ ਕੇ ਸ੍ਰੀਮਤੀ ਗਾਂਧੀ ਦੇ ਦਾਹ ਸੰਸਕਾਰ ਤੱਕ (ਭਾਵ ਤਿੰਨ ਨਵੰਬਰ ਦੀ ਢਲਦੀ ਦੁਪਹਿਰ ਤੱਕ) ਬੇਰੋਕ ਜਾਰੀ ਰਿਹਾ। ਦਿੱਲੀ ਵਿੱਚ ਲਗਭਗ 1000 ਸਿੱਖ ਗੁਰਦਵਾਰੇ ਤੇ ਸਿੱਖਾਂ ਦੀਆਂ ਹਜ਼ਾਰਾਂ ਹੀ ਦੁਕਾਨਾਂ, ਘਰ, ਕਾਰਖਾਨੇ ਲੁੱਟ ਕੇ ਬਰਬਾਦ ਕੀਤੇ ਗਏ। ਸਿੱਖ ਇਸਤਰੀਆਂ ਨਾਲ ਸਮੂਹਕ ਬਲਾਤਕਾਰ ਕੀਤਾ ਗਿਆ ਤੇ ਸਿੱਖਾਂ ਨੂੰ ਖਾਸ ਕਰਕੇ 15 ਤੋਂ 50 ਸਾਲ ਦੀ ਉਮਰ ਦੇ ਵਿਚਕਾਰ ਦੇ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ। ਗੱਡੀਆਂ ਤੇ ਬੱਸਾਂ ਰੋਕ ਕੇ, ਸਿੱਖਾਂ ਨੂੰ ਬਾਹਰ ਧੂਹਕੇ ਕਤਲ ਕੀਤਾ ਗਿਆ। ਗੱਡੀਆਂ ਵਿੱਚ ਮਾਰੇ ਜਾਣ ਵਾਲਿਆਂ ਵਿੱਚ ਬੇਹਿਸਾਬੇ ਫੌਜੀ ਅਫਸਰ ਵੀ ਸ਼ਾਮਲ ਸਨ। ਮਾਰਨ ਦਾ ਇੱਕੋ ਨਿਸ਼ਚਿਤ ਢੰਗ ਸੀ। ਪਹਿਲਾਂ ਮਾਰੇ ਜਾਣ ਵਾਲੇ ਆਪਣੇ ਸ਼ਿਕਾਰ ਨੂੰ ਉਹ ਲੋਹੇ ਦੇ ਡੰਡਿਆਂ ਨਾਲ ਕੁਟੱਦੇ ਮਾਰਦੇ, ਫਿਰ ਪਟਰੋਲ ਪਾਕੇ ਅੱਗ ਲਾ ਦਿੰਦੇ। ਇਸ ਘੱਲੂਘਾਰੇ ਦੇ ਮਗਰਲੇ ਪੜਾ ਵਿੱਚ ਮਾਰਨ ਦੇ ਢੰਗਾਂ ਵਿੱਚ ਕੁਝ ਚਤਰਾਈ ਵਰਤੀ ਗਈ। ਸੰਤਾਪੇ ਹੋਏ ਨਿਰਦੋਸ਼ਾਂ ਦੇ ਹੱਥ ਉਹਨਾਂ ਦੀ ਪਿੱਠ ਪਿੱਛੇ ਬੰਨ੍ਹ ਕੇ ਉਹਨਾਂ ਦੇ ਗਲ ਵਿੱਚ ਬਲ ਰਹੇ ਟਾਇਰ ਲਟ ਲਟ ਬਲਦੇ ਹਾਰਾਂ ਵਾਂਗ ਪਾ ਦਿੱਤੇ ਜਾਂਦੇ।[8]

ਇਹਨਾਂ ਚਾਰਾਂ ਦਿਨਾਂ ਵਿੱਚ ਮਾਰੇ ਗਏ ਸਿੱਖਾਂ ਦੀ ਸਹੀ ਗਿਣਤੀ ਕਰਨੀ ਅਸੰਭਵ ਹੋਵੇਗੀ। ਸਰਕਾਰੀ ਸੰਚਾਰ ਸਾਧਨਾ ਤੇ ਸਰਕਾਰੀ ਸੰਸਥਾਵਾਂ ਦੀਆਂ ਦੁਪੱਤਰੀਆਂ ਨੇ ਪਹਿਲਾਂ ਇਹ ਗਿਣਤੀ 400 ਦੱਸੀ। ਮਗਰੋਂ ਇਹ ਭੇਤ ਖੁੱਲਿਆ ਕਿ ਇਕੱਲੀ ਦਿੱਲੀ ਵਿੱਚ ਪਹਿਲੇ ਦੋ ਦਿਨਾਂ ਵਿੱਚ ਮਾਰੇ ਗਏ ਸਿੱਖਾਂ ਦੀਆਂ ਵਿਧਵਾਵਾਂ ਦੀ ਗਿਣਤੀ, ਜਿਹਨਾਂ ਨੇ ਸ਼ਰਨਾਰਥੀ ਕੈਂਪਾਂ ਵਿੱਚ ਸ਼ਰਨ ਲਈ ਸੀ, ਇੱਕ ਹਜ਼ਾਰ ਤੋਂ ਵੱਧ ਸੀ। ਦਿੱਲੀ ਤੋਂ ਬਿਨਾਂ ਸਿੱਖਾਂ ਦੀਆਂ ਹਤਿਆਵਾਂ ਤੇ ਸਮੂਹਕ ਕਤਲ ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ, ਮੱਧ ਪਰਦੇਸ਼ ਤੇ ਉੱਤਰ-ਪਰਦੇਸ਼ ਵਿੱਚ ਵੀ ਹੋਏ। ਸਭ ਤੋਂ ਜ਼ਿਆਦਾ ਨੁਕਸਾਨ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਕਾਨਪੁਰ, ਲਖਨਊ, ਰਾਂਚੀ ਤੇ ਰੁੜਕੇਲਾ ਵਰਗੇ ਸ਼ਹਿਰਾਂ ਵਿੱਚ ਹੋਇਆ। ਦਸ ਹਜ਼ਾਰ ਸਿੱਖਾਂ ਦੇ ਮਾਰੇ ਜਾਣ ਦੇ ਅੰਕੜੇ ਜਿਹਨਾਂ ਵਿੱਚ ਅੱਧੇ ਤੋਂ ਜ਼ਿਆਦਾ ਦਿੱਲੀ ਵਿੱਚ ਹੀ ਮਾਰੇ ਗਏ, ਕੋਈ ਅਤਿਕਥਨੀ ਨਹੀਂ ਸੀ।[9] ਸਿੱਖਾਂ ਦੀ ਜਾਇਦਾਦ ਦਾ

---

8. ਸਿੱਖਾਂ ਦੀ ਸਹਾਇਤਾ ਨੂੰ ਬਹੁੜਦੇ ਅਨੇਕਾਂ ਪੰਜਾਬੀ ਹਿੰਦੂਆਂ ਦੀਆਂ ਵੀ ਮਿਸਾਲਾਂ ਸਨ। ਇਸ ਤਰ੍ਹਾਂ ਭਾਜਪਾ ਤੇ ਆਰ ਐਸ ਐਸ ਸੰਸਥਾਵਾਂ ਨੇ ਵੀ ਸਹਾਇਤਾ ਕੀਤੀ।
9. ਸੈਮੀਨਾਰ ਦੀ ਸੰਪਾਦਕਾ ਰੋਮੀਲਾ ਥਾਪਰ ਦੇ ਅਨੁਮਾਨ ਅਨੁਸਾਰ ਦਿੱਲੀ ਵਿੱਚ ਸਿੱਖਾਂ ਦਾ ਜਾਨੀ ਨੁਕਸਾਨ 6000 ਤੋਂ 8000 ਤੱਕ ਸੀ, ਜਿਸ ਵਿੱਚ 30 ਫ਼ੌਜੀ ਅਫ਼ਸਰ ਸਨ। ਦੋ ਹਜਾਰ ਤੋਂ ਵੱਧ ਟੈਕਸੀਆਂ ਤੇ ਟਰੱਕ ਤਬਾਹ ਕੀਤੇ ਗਏ, 300 ਕਰੋੜ ਦੀ ਜਾਇਦਾਦ ਸਾੜੀ ਤੇ ਲੁੱਟੀ ਗਈ। ਇਲਸਟਰੇਟਡ ਵੀਕਲੀ ਆਫ ਇੰਡੀਆ 23-29 ਦਸੰਬਰ, 1984, ਪੰ. 12।

ਦਾ ਅਨੁਮਾਨ ਲਾਉਣਾ ਹੋਰ ਵੀ ਔਖਾ ਸੀ ਕਿਉਂਕਿ ਉਹਨਾਂ ਵਿੱਚ ਕਰੋੜਾਂ ਦੀ ਕੀਮਤ ਦੇ ਬੋਤਲਾਂ ਭਰਨ ਵਾਲੇ "ਮੈਸਰਜ਼ ਪਿਉਰ ਡਰਿੰਕਸ" ਦੇ ਤਿੰਨ ਕਾਰਖਾਨਿਆਂ ਦੇ ਮਲਬੇ ਤੋਂ ਲੈਕੇ ਕੁਝ ਹਜ਼ਾਰਾਂ ਦੀਆਂ ਕੀਮਤ ਵਾਲੀਆਂ ਦੁਕਾਨਾਂ ਤੇ ਕਾਰਖਾਨੇ ਵੀ ਸ਼ਾਮਿਲ ਸਨ।

ਭਾਰਤ ਦੇ ਵੱਖ-ਵੱਖ ਭਾਗਾਂ 'ਚੋਂ 20 ਹਜ਼ਾਰ ਤੋਂ 30 ਹਜ਼ਾਰ ਸਿੱਖ ਪਰਿਵਾਰ ਜਾਨਾਂ ਬਚਾਕੇ ਪੰਜਾਬ ਨੂੰ ਹਿਜਰਤ ਕਰ ਗਏ।

ਕੀ ਸਿੱਖਾਂ ਦਾ ਸਮੂਹਕ ਕਤਲਾਮ ਰੋਕਿਆ ਜਾ ਸਕਦਾ ਸੀ? ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਜੇ ਕੇਂਦਰੀ ਸਰਕਾਰ ਚਾਹੁੰਦੀ ਤਾਂ ਸਿੱਖਾਂ ਦੇ ਜਾਨ ਮਾਲ ਦਾ ਨੁਕਸਾਨ ਬਹੁਤ ਘਟਾਇਆ ਜਾ ਸਕਦਾ ਸੀ। ਨਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਜਿਸ ਕੋਲ 'ਰਖਿਆ ਵਿਭਾਗ' ਵੀ ਸੀ ਉਸ ਨੂੰ ਜਿਸ ਪੱਧਰ ਤੇ ਹਿੰਸਾ ਤੇ ਮਾਰਧਾੜ ਹੋ ਰਹੀ ਸੀ, ਉਸਦੀ ਪੂਰੀ ਜਾਣਕਾਰੀ ਦਿੱਤੀ ਗਈ ਸੀ। 31 ਅਕਤੂਬਰ ਦੀ ਸ਼ਾਮ ਨੂੰ ਉਹਨਾਂ ਨੇ ਇੱਕ ਮੀਟਿੰਗ ਬੁਲਾਈ ਜਿਸ ਵਿੱਚ ਦਿੱਲੀ ਦਾ ਉਪ ਰਾਜਪਾਲ, ਦਿੱਲੀ ਦਾ ਪੁਲੀਸ ਕਮਿਸ਼ਨਰ ਤੇ ਐਮ.ਐਲ ਫੋਤੇਦਾਰ (ਜੋ ਗਾਂਧੀ ਪਰਿਵਾਰ ਦਾ ਵਿਸ਼ਵਾਸ ਪਾਤਰ ਸੀ ਤੇ ਮਗਰੋਂ ਰਾਜੀਵ ਗਾਂਧੀ ਦੇ ਮੰਤਰੀ ਮੰਡਲ ਦਾ ਵਜ਼ੀਰ ਰਿਹਾ) ਹਾਜ਼ਰ ਸਨ। ਇਸ ਮੀਟਿੰਗ ਵਿੱਚ ਉੱਚ ਪੁਲੀਸ ਅਧਿਕਾਰੀਆਂ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਸੈਨਾ ਬੁਲਾ ਲਈ ਜਾਵੇ ਨਹੀਂ ਤਾਂ ਤਬਾਹੀ ਹੋ ਜਾਵੇਗੀ। ਇਸ ਵਿਚਾਰ ਵੱਲ ਕਿਸੇ ਨੇ ਧਿਆਨ ਨਾ ਦਿੱਤਾ।[10] ਉਸੇ ਸ਼ਾਮ ਨਵੇਂ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ ਭਾਜਪਾ ਨੇਤਾ ਅੱਟਲ ਬਿਹਾਰੀ ਬਾਜਪਾਈ ਨੂੰ ਭਰੋਸਾ ਦਿੱਤਾ ਕਿ 'ਦੋ ਘੰਟਿਆਂ ਵਿੱਚ ਹੀ ਸਾਰੀ ਸਥਿਤੀ ਤੇ ਕਾਬੂ ਪਾ ਲਿਆ ਜਾਵੇਗਾ।"[11] ਆਕਾਸ਼ਬਾਣੀ ਤੋਂ ਪ੍ਰਧਾਨ ਮੰਤਰੀ ਨੇ ਸ਼ਾਂਤੀ ਕਰਨ ਲਈ ਅਪੀਲ ਕੀਤੀ ਪਰ ਐਸਾ ਯਤਨ ਨਾ ਕੀਤਾ ਕਿ ਉਸ ਦੀ ਅਪੀਲ ਪ੍ਰਭਾਵਸ਼ਾਲੀ ਵੀ ਹੋਵੇ। ਪਹਿਲੀ ਰਾਤ ਕਰਫਿਊ ਵੀ ਨਾ ਲਾਇਆ ਗਿਆ। ਅਗਲੀ ਸਵੇਰ ਪਹਿਲੀ ਨਵੰਬਰ ਨੂੰ ਜਿਹੜੇ ਸ਼ਹਿਰੀਆਂ ਨੇ ਰਾਸ਼ਟਰਪਤੀ ਤੇ ਮੰਤਰੀਆਂ ਦੇ ਘਰਾਂ ਵਿੱਚ ਜਾਣ ਦਾ ਹੌਸਲਾ ਵਿਖਾਇਆ ਉਹਨਾਂ ਨੂੰ ਭਰੋਸਾ ਦਿੱਤਾ ਗਿਆ ਕਿ ਫ਼ੌਜ ਬੁਲਾਈ ਜਾਵੇਗੀ ਤੇ ਕਰਫਿਊ ਲਾਇਆ ਜਾਵੇਗਾ।[12] ਭਾਰਤੀ ਦੰਡਾਵਲੀ ਦੀ ਧਾਰਾ 144 ਲਾਈ ਗਈ ਜਿਸ ਅਨੁਸਾਰ ਚਾਰ ਤੋਂ ਵੱਧ ਆਦਮੀਆਂ ਦੇ ਇਕੱਠੇ ਹੋਣ ਦੀ ਮਨਾਹੀ ਸੀ। ਇੱਕ ਨਵੰਬਰ ਦੀ ਦੁਪਹਿਰ ਤੋਂ ਮਗਰੋਂ ਕਰਫਿਊ ਲਾ ਦਿੱਤਾ ਗਿਆ। ਲੁੱਟ ਮਾਰ ਕਰਦੇ ਹੁੱਲੜਬਾਜ਼ਾਂ ਨੇ ਦੋਹਾਂ ਆਦੇਸ਼ਾਂ ਦੀ ਪਰਵਾਹ ਨਾ ਕੀਤੀ ਤੇ ਬਿਨਾਂ ਡਰ ਦੇ ਆਪਣੇ ਭੈੜੇ ਕੰਮਾਂ ਵਿੱਚ ਜੁੱਟੇ ਰਹੇ। ਪੁਲੀਸ ਇਹ ਨਜ਼ਾਰੇ ਇੱਕ ਪਾਸੇ ਖੜੀ ਵੇਖਦੀ ਰਹੀ ਜਾਂ ਹਜੂਮ ਨੂੰ ਅਹਿੰਸਾ ਲਈ ਉਤਸ਼ਾਹ ਦਿੰਦੀ ਰਹੀ ਤੇ ਲੁੱਟ ਦੇ ਮਾਲ ਵਿੱਚੋਂ ਹਿੱਸਾ ਵੰਡਾਉਂਦੀ ਰਹੀ। ਦੋ ਨਵੰਬਰ ਨੂੰ ਅਖਬਾਰਾਂ ਵਿੱਚ ਮੋਟੇ ਅੱਖਰਾਂ ਵਿੱਚ ਧੱੜਲੇ ਨਾਲ ਛਾਪਿਆ ਗਿਆ ਕਿ "ਵੇਖਦਿਆਂ ਹੀ ਗੋਲੀ ਮਾਰਨ" ਤੇ ਅਨਿਸਚਿਤ ਸਮੇਂ ਦਾ ਕਰਫਿਊ" ਲਾਉਣ ਲਈ ਪੁਲੀਸ ਤੇ ਸੈਨਾ ਨੂੰ ਹੁਕਮ ਦੇ ਦਿੱਤਾ

10. "ਕਸੂਰਵਾਰ ਕੌਣ ਹਨ ?" ਪੰ. 6

11. ਦੀ ਸਟੇਟਸਮੈਨ, 10 ਨਵੰਬਰ 1984

12. ਕਸੂਰਵਾਰ ਕੌਣ ਹਨ ? ਪੰ. 6

ਗਿਆ ਹੈ। ਪਰ ਕਿਸੇ ਨੂੰ ਨਾਂ ਤਾਂ ਵੇਖਦਿਆਂ ਗੋਲੀ ਹੀ ਮਾਰੀ ਗਈ ਤੇ ਨਾ ਹੀ 3 ਨਵੰਬਰ ਤੱਕ ਫੌਜ ਬੁਲਾਈ ਗਈ ਤੇ ਉਹ ਵੀ ਵਧੇਰੇ ਕਰਕੇ ਵਿਸ਼ਵ ਦੇ ਸਿਆਸਤਦਾਨਾਂ ਨੂੰ ਸੁਰੱਖਿਆ ਦੇਣ ਲਈ ਸੱਦੀ ਗਈ ਜੋ ਸ੍ਰੀਮਤੀ ਗਾਂਧੀ ਦੇ ਦਾਹ ਸੰਸਕਾਰ ਲਈ ਆਏ ਸਨ। ਉਸ ਸਮੇਂ ਤੱਕ ਸਿੱਖਾਂ ਦੇ ਲਹੂ ਨਾਲ ਦਿੱਲੀ ਦੀ ਪਿਆਸ ਬੁਝ ਚੁੱਕੀ ਸੀ।

ਇਸ ਭਿਆਨਕ ਕਹਿਰ ਵਾਪਰਨ ਪਿੱਛੋਂ ਸਰਕਾਰ ਦਾ ਵਤੀਰਾ ਬਹੁਤਾ ਹੀ ਮੰਦਭਾਗਾ ਸੀ। ਸ੍ਰੀਮਤੀ ਗਾਂਧੀ ਦੇ ਜਨਮ ਦਿਨ ਤੇ 19 ਨਵੰਬਰ ਨੂੰ ਹੋਈ ਪਹਿਲੀ ਸਰਕਾਰੀ ਮੀਟਿੰਗ ਵਿੱਚ ਰਾਜੀਵ ਗਾਂਧੀ ਨੇ ਇੱਕ ਫਿਕਰੇ ਨਾਲ ਹੀ ਵਾਪਰੀ ਹਿੰਸਾ ਨੂੰ ਇਹ ਕਹਿਕੇ ਨਜ਼ਰ ਅੰਦਾਜ਼ ਕਰ ਦਿੱਤਾ ਕਿ ਜਦ ਵੱਡਾ ਬੋੜ੍ਹ ਦਾ ਦਰੱਖਤ ਡਿੱਗਦਾ ਹੈ ਤਾਂ ਇਸਦੇ ਹੇਠਾਂ ਜ਼ਮੀਨ 'ਚ ਤਰਥੱਲੀ ਤਾਂ ਆਉਂਦੀ ਹੀ ਹੈ।[13] ਕਤਲਾਮ ਦਾ ਸ਼ਿਕਾਰ ਹੋਏ ਪਰਿਵਾਰਾਂ ਪ੍ਰਤੀ ਉਸਨੇ ਇੱਕ ਵੀ ਹਮਦਰਦਦੀ ਦਾ ਸ਼ਬਦ ਨਾ ਬੋਲਿਆ। ਜਿਹਨਾਂ ਨੂੰ ਸਜ਼ਾ ਦਿੱਤੀ ਗਈ ਉਹਨਾਂ ਵਿੱਚ ਉੱਪ-ਰਾਜਪਾਲ ਪੀ.ਜੀ. ਗਵਈ ਸੀ ਜਿਸਨੂੰ ਛੁੱਟੀ ਤੇ ਭੇਜ ਦਿੱਤਾ ਗਿਆ ਤੇ ਦੂਸਰਾ ਪੁਲੀਸ ਕਮਿਸ਼ਨਰ ਸੀ ਜਿਸ ਨੂੰ ਮੁਅੱਤਲ ਕਰ ਦਿੱਤਾ ਗਿਆ। ਗ੍ਰੈਹ ਮੰਤਰੀ ਤੇ ਗ੍ਰੈਹ ਸਕੱਤਰ ਜਿਹਨਾਂ ਦਾ ਕੰਮ ਮੁਲਕ ਵਿੱਚ ਅਮਨ ਕਾਨੂੰਨ ਕਾਇਮ ਰੱਖਣਾ ਤੇ ਦੇਖਭਾਲ ਕਰਨਾ ਸੀ, ਉਹਨਾਂ ਨੂੰ ਤਾਂ ਸਗੋਂ ਇਨਾਮਾਂ ਨਾਲ ਨਿਵਾਜਿਆ ਗਿਆ। ਨਰਸਿਮਹਾ ਰਾਓ ਨੂੰ ਮੰਤਰੀ ਮੰਡਲ ਦਾ ਸਭ ਤੋਂ ਸੀਨੀਅਰ ਮੈਂਬਰ ਬਣਾ ਦਿੱਤਾ ਗਿਆ ਤੇ ਗ੍ਰੈਹ ਸਕੱਤਰ ਐਮ.ਐਸ. ਵਲੀ ਨੂੰ ਦਿੱਲੀ ਦਾ ਉਪਰਾਜਪਾਲ ਬਣਾ ਦਿੱਤਾ ਗਿਆ।

ਇਹਨਾਂ ਅਪਰਾਧਾਂ ਕਾਰਨ ਫੜੇ ਗਏ 1809 ਵਿਅਕਤੀਆਂ ਨੂੰ ਜਾਂ ਤਾਂ ਜ਼ਮਾਨਤ ਤੇ ਛੱਡ ਦਿੱਤਾ ਗਿਆ ਜਾਂ ਕਾਂਗਰਸੀ ਨੇਤਾਵਾਂ ਦੀ ਮੁਦਾਖਲਤ ਕਾਰਨ ਰਿਹਾਅ ਕਰ ਦਿੱਤਾ ਗਿਆ। ਸਰਕਾਰ ਨੇ ਘੱਲੂਘਾਰੇ ਦੀ ਪੜਤਾਲ ਕਰਾਉਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਕਿ ਇਸਦਾ ਕੋਈ ਲਾਭ ਨਹੀਂ ਹੋਵੇਗਾ।[14] ਪਰ ਕਈ ਲੋਕ ਇਹ ਮਹਿਸੂਸ ਕਰਦੇ ਸਨ ਕਿ ਜੇ ਇਸ ਤਰ੍ਹਾਂ ਵੱਡੇ ਪੈਮਾਨੇ ਤੇ ਹੋਏ ਅਪਰਾਧਾਂ ਨੂੰ ਅਣਡਿੱਠ ਕਰਕੇ ਪਰਦਾ

---

13. ਦੀ ਹਿੰਦੂਸਤਾਨ ਟਾਈਮਜ਼, 20 ਨਵੰਬਰ 1984

14. ਕੇ.ਪੀ. ਉਨੀ ਕ੍ਰਿਸ਼ਨਨ ਮੈਂਬਰ ਪਾਰਲੀਮੈਂਟ ਵਲੋਂ ਲਾਏ ਗਏ ਇੱਸ ਦੋਸ਼ ਦਾ ਕਿ 'ਕਤਲਾਂ ਵਿੱਚ ਕਾਂਗਰਸੀ ਕਾਰਜ ਕਰਤਾ ਸ਼ਾਮਲ ਸਨ', ਪ੍ਰਧਾਨ ਮੰਤਰੀ ਨੇ ਉੱਤਰ ਦਿੱਤਾ,"ਤੁਸੀਂ ਇਸ ਝੂਠ ਨੂੰ ਗੁੱਝੇ ਮਨੋਰਥਾਂ ਨਾਲ ਚਿਰਸਥਾਈ ਬਣਾ ਰਹੇ ਹੋ। (ਇੰਡੀਆਂ ਟੂਡੇ, 15 ਦਸੰਬਰ, 1984 ਪੰ. 32) ਜਦੋਂ ਅਮੇਠੀ ਵਿੱਚ ਇੱਕ ਚੋਣ ਮੁਹਿੰਮ ਦੌਰਾਨ ਉਸਨੂੰ 'ਇੰਡੀਆ ਟੂਡੇ' ਦੇ ਪੱਤਰ-ਪਰੇਰਕ ਨੇ ਸੁਆਲ ਕੀਤਾ ਤਾਂ ਉਸਨੇ ਉੱਤਰ ਦਿੱਤਾ, "ਅਸੀਂ ਪੁਲੀਸ ਕਮਿਸ਼ਨਰ ਨੂੰ ਇਸ ਸੁਆਲ ਦੀ ਘੋਖ ਕਰਨ ਲਈ ਕਹਿ ਦਿੱਤਾ ਹੈ ਕਿਉਂਕਿ ਸਾਰੀ ਪੁਲਿਸ ਚੁਸਤ ਦਰੁਸਤ ਹੈ, ਉਹਨਾਂ ਤੋਂ ਆਪਣਾ ਕੰਮ ਸਹੀ ਢੰਗ ਨਾਲ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।' ਪੱਤਰਕਾਰ ਨੇ ਉਸ ਦਾ ਬਿਰਤਾਂਤ ਪਰਵਾਨ ਨਾ ਕੀਤਾ ਤੇ ਲਿਖਿਆ : "ਉਸ ਨੇ ਸਿਆਸੀ ਮਜਬੂਰੀਆਂ ਕਾਰਨ ਦਿੱਲੀ ਦੇ ਫਿਰਕੂ ਦੰਗਿਆਂ ਬਾਰੇ ਨਿਆਇਕ ਪੜਤਾਲ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਇਸ ਨਾਲ ਉਸ ਦੀ ਪਾਰਟੀ ਦੇ ਮੈਂਬਰ ਕਟਹਿਰੇ ਵਿੱਚ ਖੜੇ ਹੋ ਜਾਂਦੇ ਤੇ ਉਹ ਦੋਸ਼ੀ ਸਿੱਧ ਹੁੰਦੇ।

ਪੋਸ਼ੀ ਕੀਤੀ ਗਈ ਤੇ ਗੁੰਮਨਾਮੀ ਦੇ ਅੰਧਕਾਰ 'ਚ ਛੁਪਾ ਦਿੱਤਾ ਗਿਆ ਤਾਂ ਉਹਨਾਂ ਦੀ ਸੜ੍ਹਾਂਦ ਤੇ ਮੰਦੇ ਪ੍ਰਭਾਵ ਨਾਲ ਜ਼ੁਲਮ ਦੇ ਸ਼ਿਕਾਰ ਹੋਏ ਲੋਕ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਲਈ ਉਤੇਜਿਤ ਤੇ ਉਤਸਾਹਿਤ ਹੋ ਜਾਣਗੇ।

ਇਸ ਪਾਸੇ "ਦੀ ਪੀਪਲਜ਼ ਯੂਨੀਅਨ ਫੌਰ ਡੈਮੋਕ੍ਰੇਟਿਕ ਰਾਈਟਸ ਤੇ "ਪੀਪਲਜ਼ ਯੂਨੀਅਨ ਫੌਰ ਸਿਵਲ ਲਿਬਰਟੀਜ਼" ਨੇ ਪਹਿਲ ਕੀਤੀ। ਘੱਲੂਘਾਰੇ ਤੇ ਕਤਲਾਮ ਦੇ ਬਚ ਰਹੇ ਚਸ਼ਮਦੀਦ ਗਵਾਹਾਂ ਤੋਂ "ਨਾਗਰਿਕ ਏਕਤਾ ਮੰਚ" ਦੇ ਸ੍ਰੇਮ-ਸੇਵਕਾਂ ਨੇ ਜਾਣਕਾਰੀ ਇਕੱਤਰ ਕੀਤੀ। ਇਹਨਾਂ ਸੰਸਥਾਵਾਂ ਦਾ ਇੱਕ ਵੀ ਸਦੱਸਵੀ ਸਿੱਖ ਨਹੀਂ ਸੀ। ਉਹਨਾਂ ਦੀ ਖੋਜ ਦੇ ਨਿਸ਼ਕਰਸ਼ ਸੰਤਬਰ 1984 ਵਿੱਚ "ਕੌਣ ਦੋਸ਼ੀ ਹਨ?" ਦੇ ਸਿਰਲੇਖ ਅਧੀਨ ਛਾਪੇ ਗਏ।

ਘਟਨਾਨਵਾਂ ਨੂੰ ਸਿਲਸਿਲੇਵਾਰ ਵਰਣਨ ਕਰਨ ਪਿੱਛੋਂ ਉਹਨਾਂ ਨੇ ਉਹਨਾਂ ਸਿਆਸਤਦਾਨਾਂ, ਪੁਲਿਸਵਾਲਿਆਂ ਤੇ ਦੂਸਰੇ ਵਿਅਕਤੀਆਂ ਦੇ ਨਾਮ ਛਾਪਣ ਦੀ ਦਲੇਰੀ ਵੀ ਕੀਤੀ ਜਿਹਨਾਂ ਨੂੰ ਚਸ਼ਮਦੀਦ ਗੁਆਹਾਂ ਨੇ ਪਛਾਣ ਲਿਆ ਸੀ, ਉਹਨਾਂ ਵਿੱਚ ਰਾਜੀਵ ਗਾਂਧੀ ਦੇ ਮੰਤਰੀ ਮੰਡਲ ਦਾ ਇੱਕ ਮੰਤਰੀ ਹਰਿਕਿਸ਼ਨ ਲਾਲ ਭਗਤ ਤੇ ਤਿੰਨ ਲੋਕ ਸਭਾ ਦੇ ਮੈਂਬਰ ਜਗਦੀਸ਼ ਟਾਇਟਲਰ (ਜਿਸਨੂੰ ਕੁਝ ਮਹੀਨਿਆਂ ਮਗਰੋਂ ਮੰਤਰੀ ਦਾ ਪਦ ਦੇ ਦਿੱਤਾ ਗਿਆ), ਸੱਜਣ ਕੁਮਾਰ ਤੇ ਧਰਮ ਕੁਮਾਰ ਸ਼ਾਸਤਰੀ ਸਨ। ਜਿਹੜੇ ਦੂਸਰੇ ਸਿਆਸਤਦਾਨ ਸਨ, ਉਹਨਾਂ ਵਿੱਚ ਦਿੱਲੀ ਮਹਾਂਨਗਰ ਪਾਲਕਾ[15], ਤੇ ਰਾਜਧਾਨੀ ਕੌਂਸਲ[16] ਦੇ ਮੈਂਬਰ ਤੇ ਹੋਰ ਜਵਾਨ ਨੇਤਾ ਸ਼ਾਮਲ ਸਨ। ਹਜੂਮ ਨੂੰ ਭੜਕਾਉਣ ਤੇ ਲੁੱਟ ਦੀ ਮਾਲ 'ਚੋਂ ਹਿੱਸਾ ਲੈਣ ਵਾਲੇ 13 ਪੁਲਿਸ ਅਫ਼ਸਰਾਂ ਦੇ ਨਾਮ ਵੀ ਦੱਸੇ ਗਏ ਤੇ 198 ਵੱਖ-ਵੱਖ ਅਪਰਾਧਾਂ 'ਚ ਹਿੱਸਾ ਲੈਣ ਦੇ ਦੋਸ਼ੀ ਪਾਏ ਗਏ। ਜਿਹਨਾਂ ਲੋਕਾਂ ਦੇ ਨਾਮ ਲਿਖੇ ਗਏ ਸਨ ਉਹਨਾਂ ਨੂੰ ਅਪਮਾਨ ਤੇ ਨਿੰਦਾ ਕਰਨ ਲਈ ਇਹਨਾਂ ਸੰਸਥਾਵਾਂ ਵਲੋਂ ਅਦਾਲਤ ਵਿੱਚ ਘੜੀਸਣ ਲਈ ਚੁਣੌਤੀ ਵੀ ਦਿੱਤੀ ਗਈ ਪਰ ਕਿਸੇ ਨੇ ਇਸ ਚੁਣੌਤੀ ਨੂੰ ਸਵੀਕਾਰ ਨਾ ਕੀਤਾ। ਪਰ ਸਰਕਾਰ ਤੇ ਫਿਰ ਵੀ ਕੋਈ ਪ੍ਰਭਾਵ ਨਾ ਪਿਆ।

"ਦੋਸ਼ੀ ਕੌਣ ਹਨ?" ਦੇ ਮਗਰੋਂ ਇੱਕ ਹੋਰ ਉੱਚ ਅਧਿਕਾਰਤ ਗੈਰ ਸਰਕਾਰੀ ਪੜਤਾਲੀਆ ਕਮਿਸ਼ਨ[17], ਜਿਸਦੇ ਮੁੱਖੀ ਸੁਪਰੀਮ ਕੋਰਟ ਦੇ ਰਿਟਾਇਰਡ ਚੀਫ ਜਸਟਿਸ

---

15. ਬਾਬੂ ਰਾਮ ਸ਼ਾਸਤਰੀ, ਮੰਗਤ ਰਾਮ ਸਿੰਗਲ, ਡਾ. ਅਸ਼ੋਕ ਕੁਮਾਰ, ਜਗਦੀਸ਼ ਚੰਦਰ, ਈਸ਼ਵਰ ਸਿੰਘ।
16. ਲਲਿਤ ਮਾਕਨ, ਮਹਿੰਦਰਾ, ਮੋਹਨ ਲਾਲ ਸੂਦ।
17. ਇਹ ਰਿਟਾਰਡ ਏਅਰ ਚੀਫ ਮਾਰਸ਼ਲ ਅਰਜਨ ਸਿੰਘ, ਸ਼੍ਰੀਮਤੀ ਤਾਰਾ ਅਲੀ ਬੇਗ, ਧਰਮਵੀਰ (ਜਵਾਹਰ ਲਾਲ ਨਹਿਰੂ ਦਾ ਭੂਤ ਪੂਰਵ ਮੁੱਖ ਨਿਜੀ ਸਕੱਤਰ, ਕੈਬਿਨਿਟ ਸਕੱਤਰ ਤੇ ਰਾਜਪਾਲ), ਮਿਸ ਸੀ ਬੀ ਮੁਥਾਰਨਮਾ (ਸਾਬਕਾ ਰਾਜਦੂਤ) ਭਗਵਾਨ ਸਹਾਇ (ਸਾਬਕਾ ਰਾਜਪਾਲ) ਐਚ.ਡੀ. ਸ਼ੌਰੀ (ਡਾਇਰੈਕਟਰ ਜਨਹਿਤ) ਐਲ.ਪੀ. ਸਿੰਘ (ਸਾਬਕਾ ਗ੍ਰੈਹ ਸਕੱਤਰ ਤੇ ਰਾਜਪਾਲ) ਸੋਲੀ ਸੋਰਾਭ ਜੀ (ਸਾਬਕਾ ਸੁਲਿਸਟਰ ਜਨਰਲ) ਸੁਖਜੀਤ ਸਿੰਘ ਕਪੂਰਥਲਾ ਤੇ ਟੀ. ਸਵਾਮੀਨਾਥਨ (ਸਾਬਕਾ ਕੈਬਿਨਿਟ ਸਕੱਤਰ ਤੇ ਮੁੱਖ ਚੋਣ ਕਮਿਸ਼ਨਰ) ਦੀ ਬੇਨਤੀ ਤੇ ਕਾਇਮ ਕੀਤਾ ਗਿਆ।

ਐਸ.ਐਮ. ਸੀਕਰੀ ਸਨ, ਨੇ ਆਪਣੀ ਰਿਪੋਰਟ ਛਾਪੀ। ਇਸਦੇ ਮੈਂਬਰਾਂ ਵਿੱਚ ਬਦਰੂ-ਉਦਦਦੀਨ ਤਿਅਬਜੀ, (ਸਾਬਕਾ ਰਾਜਦੂਤ, ਕਾਮਨ ਵੈਲਥ ਸੈਕਟਰੀ ਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦਾ ਸੈਕਟਰੀ) ਰਾਜੇਸ਼ਵਰ ਦਿਆਲ (ਸਾਬਕਾ ਵਿਦੇਸ਼ ਸਕੱਤਰ ਰਾਜਦੂਤ ਤੇ ਔਕਸਫੋਰਡ ਯੂਨੀਵਰਸਿਟੀ ਦਾ ਵਿਜ਼ਿਟੰਗ ਫੈਲੋ), ਗੋਵਿੰਦ ਨਾਰਾਇਣ (ਸਾਬਕਾ ਗ੍ਰਹਿ ਤੇ ਰਖਿਆ ਸਕੱਤਰ ਤੇ ਰਾਜਪਾਲ), ਤੇ ਟੀ.ਸੀ.ਏ. ਸ੍ਰੀ ਨਿਵਾਸਵਰਦਨ (ਸਾਬਕਾ ਗ੍ਰਹਿ ਸਕੱਤਰ ਸ਼ਾਮਲ ਸਨ। ਕਮਿਸ਼ਨ ਨੇ ਹਿੰਸਾ ਵਾਲੀਆਂ ਥਾਵਾਂ ਵੇਖੀਆਂ, ਜ਼ੁਲਮ ਦੇ ਸ਼ਿਕਾਰ ਲੋਕਾਂ ਤੇ ਚਸ਼ਮ ਦੀਦ ਗਵਾਹਾਂ ਤੋਂ ਪੁੱਛ ਗਿੱਛ ਕੀਤੀ ਤੇ ਦਿੱਤੇ ਗਏ ਹਲਫੀਆਂ ਬਿਆਨਾਂ ਦੀ ਖੋਜ ਪੜਤਾਲ ਕੀਤੀ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਗ੍ਰਹਿ ਮੰਤਰੀ ਨਰਸਿਮਹਾ ਰਾਓ ਨੂੰ ਵਾਰ ਵਾਰ ਬੇਨਤੀਆਂ ਕਰਨ ਤੇ ਦੋਹਾਂ ਵਿਅਕਤੀਆਂ ਨੇ ਕਮਿਸ਼ਨ ਨੂੰ ਮਿਲਣ ਤੋਂ ਇਨਕਰਾ ਕਰ ਦਿੱਤਾ।

ਕਮਿਸ਼ਨ ਨੇ ਆਪਣੀ ਖੋਜ ਦੇ ਨਿਰਨੇ 18 ਜਨਵਰੀ 1985 ਨੂੰ ਛਾਪ ਦਿੱਤੇ। ਇਸਨੇ ਸਿੱਟਾ ਕੱਢਿਆ ਕਿ ਸ਼੍ਰੀਮਤੀ ਇੰਦਰਾ ਗਾਂਧੀ ਦੇ ਵਹਿਸ਼ੀਆਨਾ ਕਤਲ ਨੇ ਇਹ ਸਾਰੇ ਜ਼ੁਲਮਾਂ ਦੀ ਚੰਘਿਆੜੀ ਭੜਕਾਈ। ਇੱਕੋ ਜਿਹੀ ਵਿਲੱਖਣ ਸ਼ੈਲੀ ਜਿਸ ਨਾਲ ਸਥਾਨਕ ਅੰਤਰ ਨਾਲ ਇਹ ਅਪਰਾਧ ਕੀਤੇ ਗਏ ਇਹ ਸੰਕੇਤ ਦਿੰਦੇ ਹਨ ਕਿ ਕਿਸੇ ਪੜਾਅ ਤੇ ਉਦੇਸ਼ ਇਹੋ ਬਣ ਗਿਆ ਸੀ ਕਿ "ਸਿੱਖਾਂ ਨੂੰ ਸਬਕ ਸਿਖਾਇਆ ਜਾਵੇ।" ਇਹਨਾਂ 'ਚੋਂ ਜੋ ਨਤੀਜੇ ਕੱਢੇ ਗਏ ਹਨ ਉਹਨਾਂ ਦਾ ਕਾਰਨ ਸ਼ਾਸ਼ਨ ਦੀ, ਪੁਲਿਸ ਦੀ ਟਾਲੀ ਜਾਣ ਵਾਲੀ ਘੋਰ ਅਸਫਲਤਾ, ਭੈੜੇ ਰਾਜਸੀ ਅਨਸਰਾਂ ਦੀ ਭੜਕਾਹਟ, ਸੂਚਨਾ ਮਾਧਿਅਮਾਂ ਦੀ ਸ਼ੱਕੀ ਭੂਮਿਕਾ, ਤੇ ਸਰਕਾਰੀ ਮਸ਼ੀਨਰੀ ਦੀ ਲਾਪਰਵਾਹੀ, ਸਿਥਲਤਾ ਤੇ ਬੇਦਿਲੀ ਸੀ। ਸਿੱਟੇ ਇਹੋ ਹਨ ਕਿ ਪੰਜਾਬ ਤੇ ਦਿੱਲੀ ਵਿੱਚ ਹਿੰਸਾ ਤੇ ਆਤੰਕਵਾਦ ਦੇ ਮਾਹੌਲ ਪਿੱਛੋਂ ਸ਼ਾਸਨ ਨੂੰ ਰਾਜਸੀ ਸ਼ਖ਼ਸੀਅਤਾਂ ਦੀ ਸੁਰੱਖਿਆ ਲਈ ਵਧੇਰੇ ਸੁਚੇਤ ਹੋਣਾ ਚਾਹੀਦਾ ਸੀ। ਪ੍ਰਧਾਨ ਮੰਤਰੀ ਉਪਰ ਹਮਲਾ ਹੋਣ ਤੇ ਉਹਦੀ ਮੌਤ ਦੇ ਸਰਕਾਰੀ ਐਲਾਨ ਦੇ ਵਕਫੇ ਵਿੱਚ ਪ੍ਰਸ਼ਾਸਨ ਨੂੰ ਹਿੰਸਾ ਤੇ ਨਾਗਰਕ ਅਫਰਾਤਫਰੀ ਨੂੰ ਰੋਕਣ ਲਈ ਉਚਿਤ ਕਦਮ ਉਠਾਉਣੇ ਚਾਹੀਦੇ ਸਨ। ਸਾਨੂੰ ਇਸ ਗੱਲ ਦਾ ਕੋਈ ਪਰਮਾਣ ਨਹੀਂ ਮਿਲਿਆ ਕਿ 31 ਅਕਤੂਬਰ ਜਾਂ ਅਗਲੀ ਸਵੇਰ ਨੂੰ ਮਨਾਹੀ ਦੇ ਹੁਕਮ ਲਾਗੂ ਕਰਨ ਦੀ ਕੋਈ ਕੋਸ਼ਿਸ਼ ਕੀਤੀ ਗਈ ਹੋਵੇ, ਇਤਆਦਿ।[18]

ਸਰਕਾਰ ਨੇ ਇਸ ਕਮਿਸ਼ਨ ਦੇ ਨਿਰਣਿਆਂ ਵੱਲ ਵੀ ਕੋਈ ਧਿਆਨ ਨਾ ਦਿੱਤਾ ਤੇ ਇਹੋ ਕਹਿਣਾ ਜਾਰੀ ਰੱਖਿਆ ਤੇ ਇਸੇ ਗੱਲ ਤੇ ਅੜੀ ਰਹੀ ਕਿ ਸਰਕਾਰੀ ਤੌਰ ਤੇ ਅਦਾਲਤੀ ਪੜਤਾਲ ਨਾਲ ਦਿੱਲੀ ਦੇ ਸਿੱਖਾਂ ਦੀਆਂ ਸਮੱਸਿਆਵਾਂ ਹੋਰ ਉਲਝ ਜਾਣਗੀਆਂ। ਤੇ ਜੇ ਕੋਈ ਅਜਿਹੀ ਪੜਤਾਲ ਕੀਤੀ ਹੀ ਜਾਣੀ ਹੈ ਤਾਂ ਇਹ ਅਕਾਲੀ ਨੇਤਾਵਾਂ ਨਾਲ ਸਮੁੱਚੇ ਪਰਸਤਾਵ ਦੇ ਰੂਪ ਵਿੱਚ ਸਿਆਸੀ ਸਮਝੌਤੇ ਦੇ ਰੂਪ ਵਿੱਚ ਹੋਵੇਗੀ ਨਾ ਕਿ ਕੌਮੀ ਜ਼ਮੀਰ ਨੂੰ ਜਵਾਬਦੇਹ ਬਣਾ ਕੇ ਕੀਤੀ ਜਾਵੇਗੀ। ਆਖਰ ਸਮਝੌਤੇ ਅਨੁਸਾਰ ਪੜਤਾਲੀਆ ਕਮਿਸ਼ਨ ਦੀ ਮੰਗ ਮੰਨ ਲਈ ਗਈ। (ਇਸਦਾ ਵੇਰਵਾ ਅਗਲੇ ਕਾਂਡ ਵਿੱਚ ਦਿੱਤਾ ਗਿਆ

18. ਮਿਸ਼ਰਾ ਕਮਿਸ਼ਨ।

ਹੈ।) ਜਿਸ ਤਰ੍ਹਾਂ ਕਮਿਸ਼ਨ ਨੇ ਆਪਣਾ ਕਾਰਜ ਕੀਤਾ ਉਹ ਵੀ ਫਸਾਦਾਂ ਦੀ ਵਿਉਂਤ ਵਰਗਾ ਹੀ ਸੀ, ਦੋਸ਼ੀਆਂ ਦੀ ਪਛਾਣ ਤਾਂ ਕੀਤੀ ਗਈ ਪਰ ਉਹਨਾਂ ਦੇ ਅਪਰਾਧਾਂ ਦੀ ਪਰਦਾ ਪੋਸ਼ੀ ਕੀਤੀ ਗਈ। ਸੁਪਰੀਮ ਕੋਰਟ ਦਾ ਜਸਟਿਸ ਰੰਗਾਨਾਥ ਮਿਸ਼ਰਾ ਜਿਸ ਨੂੰ ਇੱਕ ਮੈਂਬਰੀ ਕਮਿਸ਼ਨ ਵਜੋਂ ਇਸ ਬਾਰੇ ਪੜਤਾਲ ਕਰਨ ਲਈ ਨਿਯੁਕਤ ਕੀਤਾ ਗਿਆ ਸੀ, ਚੰਗੀ ਤਰ੍ਹਾਂ ਜਾਣਦਾ ਸੀ ਕਿ ਰਾਜ ਕਰ ਰਹੀ ਪਾਰਟੀ ਦੇ ਕਈ ਉੱਘੇ ਮੈਂਬਰ ਜਿਹਨਾਂ ਵਿੱਚ ਮੰਤਰੀ ਬਣੇ ਹੋਏ ਲੋਕ ਵੀ ਸ਼ਾਮਲ ਹਨ, ਦੇ ਨਾਮ ਦੰਗਾਂ ਭੜਕਾਉਣ ਵਾਲਿਆਂ ਵਜੋਂ ਲਏ ਗਏ ਹਨ ਤੇ ਪ੍ਰਧਾਨ ਮੰਤਰੀ ਨੇ ਖੁਦ ਹੀ ਉਹਨਾਂ ਦੀ ਪੜਤਲ ਕਰਾਉਣ ਵਿੱਚ ਸਪਸ਼ਟ ਹਿਚਕਚਾਹਟ ਤੇ ਝਿਜਕ ਵਿਖਾਈ ਸੀ।

ਜ਼ੁਲਮ ਦਾ ਸ਼ਿਕਾਰ ਲੋਕਾਂ ਦਾ ਪੱਖ ਰਿਟਾਇਰ ਹੋਏ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਸਐਮ ਸੀਕਰੀ ਦੀ ਅਗਵਾਈ ਵਿੱਚ ਬਣੀ "ਨਾਗਰਕ ਇਨਸਾਫ ਕਮੇਟੀ" ਨੇ ਪੇਸ਼ ਕੀਤਾ। ਜਸਟਿਸ ਵੀ.ਐਮ. ਤਾਰਕੁੰਡੇ ਨੇ ਬਿਉਰਾ ਤਿਆਰ ਕੀਤਾ ਤੇ ਭਾਰਤ ਦੇ ਸਭ ਤੋਂ ਉੱਘੇ ਵਕੀਲ ਸੋਲੀ ਸੋਰਾਬ ਜੀ ਨੇ ਕਮਿਸ਼ਨ ਕੋਲ ਇਹ ਮੁਕੱਦਮਾ ਪੇਸ਼ ਕੀਤਾ। ਨਾਗਰਕ ਇਨਸਾਫ ਕਮੇਟੀ ਨੇ 6000 ਤੋਂ ਜ਼ਿਆਦਾ ਹਲਫੀਆ ਬਿਆਨ ਪੇਸ਼ ਕੀਤੇ ਤੇ ਸਿੱਖ ਵਿਰੋਧੀ ਹਿੰਸਾ ਨੂੰ ਭੜਕਾਉਣ ਵਾਲੇ ਸਿਆਸਤਦਾਨਾਂ ਤੇ ਪੁਲਸੀਆਂ ਵਿਰੁੱਧ 100 ਤੋਂ ਵਧੀਕ ਗਵਾਹ ਵੀ ਭੁਗਤਾਏ। ਕਮਿਸ਼ਨ ਨੂੰ ਇਹ ਅਧਿਕਾਰ ਵੀ ਦਿੱਤਾ ਗਿਆ ਸੀ ਕਿ ਉਹ ਆਪਣੀ ਸਹਾਇਤਾ ਲਈ ਇੱਕ ਆਜ਼ਾਦ ਪੜਤਾਲੀਆ ਏਜੰਸੀ ਨਿਯੁਕਤ ਕਰ ਸਕਦਾ ਸੀ। ਇਸਨੇ ਏਜੰਸੀ ਦੇ ਮੁਖੀ ਵਜੋਂ ਇੱਕ ਅਧੀਨ ਪੁਲੀਸ ਕਪਤਾਨ ਦੀ ਚੋਣ ਕੀਤੀ। ਜਦੋਂ "ਨਾਗਰਕ ਇਨਸਾਫ਼ ਕਮਿਸ਼ਨ" ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਤੇ ਹਲਫੀਆ ਬਿਆਨਾਂ ਉੱਪਰ ਜਿਰ੍ਹਾ ਕੀਤੀ ਗਈ, ਤਾਂ ਇਸਨੂੰ ਉਹਨਾਂ ਲੋਕਾਂ ਦੇ ਹਲਫੀਆਂ ਬਿਆਨਾਂ ਦੀ ਨਕਲ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਜਿਹਨਾਂ ਤੇ ਦੋਸ਼ ਲਗਾਏ ਗਏ ਸਨ ਤੇ ਉਹਨਾਂ ਦੀ ਪਛਾਣ ਵੀ ਗੁਪਤ ਰੱਖੀ ਗਈ ਸੀ ਜਿਹਨਾਂ ਨੇ ਉਹ ਹਲਫੀਆ ਬਿਆਨ ਦਿੱਤੇ ਸਨ। ਕਟਹਿਰੇ ਵਿੱਚ ਦਿੱਲੀ ਪਰਸ਼ਾਸਨ ਦਾ ਇੱਕ ਵੀ ਅਧਿਕਾਰੀ ਖੜਾ ਨਾ ਕੀਤਾ ਗਿਆ। ਮਹੱਤਵਪੂਰਨ ਪੁਲੀਸ ਰੋਜ਼ਨਾਮਚਿਆਂ ਲਈ "ਨਾਗਰਕ ਇਨਸਾਫ ਕਮੇਟੀ" ਦੀ ਬੇਨਤੀ ਵੀ ਅਪਰਵਾਨ ਕਰ ਦਿੱਤੀ ਗਈ। ਉਹੋ ਅਫਸਰ ਜਿਹਨਾਂ ਉਪਰ ਧਮਕਾਉਣ ਤੇ ਪਰੇਸ਼ਾਨ ਕਰਨ ਦੇ ਦੋਸ਼ ਗਵਾਹਾਂ ਵਲੋਂ ਲਾਏ ਗਏ ਸਨ, ਉਹਨਾਂ ਨੂੰ ਹੀ ਦੋਸ਼ਾਂ ਦੀ ਪੜਤਾਲ ਕਰਨ ਲਈ ਨਿਯੁਕਤ ਕੀਤਾ ਗਿਆ। ਹਾਰਕੇ "ਨਾਗਰਕ ਇਨਸਾਫ਼ ਕਮੇਟੀ" ਨੇ ਕਮਿਸ਼ਨ ਨਾਲੋਂ ਵੱਖ ਹੋਣ ਦਾ ਫ਼ੈਸਲਾ ਕਰ ਲਿਆ। ਇਸ ਨੇ ਅਜਿਹਾ ਕਰਨ ਦੇ ਕਾਰਨ ਦੱਸਦਿਆਂ ਹੋਇਆਂ ਬੜੇ ਵਿਸਥਾਰ ਨਾਲ ਯਾਦ-ਪੱਤਰ ਪੇਸ਼ ਕੀਤਾ।

ਜਸਟਿਸ ਤਾਰਕੁੰਡੇ ਨੇ ਕਿਹਾ :"ਅਸੀਂ ਅਨੁਭਵ ਕਰਦੇ ਹਾਂ ਕਿ ਸਾਡਾ ਹਿੱਸਾ ਲੈਣ ਦਾ ਕੋਈ ਲਾਭ ਨਹੀਂ ਹੈ। ਇਹ ਇੱਕ ਪਾਸੜ ਪੜਤਾਲ ਹੈ। ਜਿਵੇਂ ਸਾਡੇ ਨਾਲ ਇਕਰਾਰ ਕੀਤਾ ਗਿਆ ਸੀ, ਸਾਨੂੰ ਉਸ ਤਰ੍ਹਾਂ ਹਿੱਸਾ ਲੈਣ ਨਹੀਂ ਦਿੱਤਾ ਗਿਆ।"[19]

---

19. .....

ਮਿਸ਼ਰਾ ਕਮਿਸ਼ਨ ਦੀ ਮੁਕੰਮਲ ਰਿਪੋਰਟ ਜਨਤਾ ਲਈ ਪ੍ਰਕਾਸ਼ਤ ਨਾ ਕੀਤੀ ਗਈ। ਸਿਰਫ਼ ਮਾਰੇ ਗਏ ਲੋਕਾਂ ਦੀ ਗਿਣਤੀ ਤੇ ਪੁਲੀਸ ਵਿਰੁੱਧ ਟੀਕਾ ਟਿੱਪਣੀ ਹੀ ਪ੍ਰਕਾਸ਼ਤ ਕੀਤੀ ਗਈ। ਇਸ ਦਾ ਭਾਵ ਇਹ ਹੋਇਆ ਕਿ "ਦੋਸ਼ੀ ਕੌਣ ਹੈ?" ਵਿੱਚ ਜਿਹਨਾਂ ਹਾਕਮ ਪਾਰਟੀ ਦੇ ਮੈਂਬਰਾਂ ਤੇ ਸਿਆਸਤਦਾਨਾਂ ਦੇ ਨਾਮ ਲਏ ਗਏ ਸਨ ਉਹਨਾਂ ਨੂੰ ਮਿਸ਼ਰਾ ਕਮਿਸ਼ਨ ਨੇ ਬਰੀ ਕਰ ਦਿੱਤਾ ਤੇ ਬੇਕਸੂਰ ਪਾਇਆ। ਇਸ ਨੇ ਹੋਰ ਏਜੰਸੀਆਂ ਕਾਇਮ ਕਰਨ ਦੀ ਸਿਫ਼ਾਰਸ਼ ਕੀਤੀ ਜੋ ਉਹਨਾਂ ਲੋਕਾਂ ਦੀ ਪਛਾਣ ਕਰਕੇ ਮੁਕੱਦਮੇ ਚਲਾਏ, ਜਿਹਨਾਂ ਦੇ ਨਾਮ ਲਏ ਗਏ ਸਨ। ਹਜ਼ਾਰਾਂ ਸਿੱਖਾਂ ਦੇ ਮਾਰੇ ਜਾਣ ਦੇ ਚਾਰ ਸਾਲ ਪਿੱਛੋਂ ਵੀ ਇੱਕ ਵੀ ਵਿਅਕਤੀ ਨੂੰ ਸਜ਼ਾ ਨਹੀਂ ਦਿੱਤੀ ਗਈ।

ਕਾਂਡ—23
ਚੋਣਾਂ ਅਤੇ ਸਮਝੌਤਾ

1984 ਦੀਆਂ ਚੋਣਾਂ ਕਾਂਗਰਸ ਪਾਰਟੀ ਨੇ ਮੁਲਕ ਦੀ ਏਕਤਾ ਦੇ ਸੁਆਲ 'ਤੇ ਲੜੀਆਂ ਸਨ। ਬਹੁਤ ਵੱਡੀ ਪ੍ਰਚਾਰ ਮੁਹਿੰਮ[1] ਮੱਤਦਾਤਾਵਾਂ ਨੂੰ ਇਹ ਵਿਸ਼ਵਾਸ਼ ਦੁਆਉਣ ਲਈ ਸ਼ੁਰੂ ਕੀਤੀ ਗਈ ਕਿ ਜਿਨ੍ਹਾਂ ਨੇ ਸ਼੍ਰੀਮਤੀ ਗਾਂਧੀ ਨੂੰ ਮਾਰਿਆ ਹੈ ਉਹ ਭਾਰਤ ਦੀ ਏਕਤਾ ਤਬਾਹ ਕਰਨੀ ਚਾਹੁੰਦੇ ਸਨ ਤੇ ਸ੍ਰੀਮਤੀ ਗਾਂਧੀ ਨੇ ਆਪਣੀ ਜਾਨ ਮੁਲਕ ਦੀ ਏਕਤਾ ਨੂੰ ਕਾਇਮ ਰੱਖਣ ਲਈ ਨਿਛਾਵਰ ਕਰ ਦਿੱਤੀ ਸੀ। ਉਹਦੇ ਸਰੀਰ ਨੂੰ ਕੇਸਰੀ ਸਾੜੀ 'ਚ ਲਿਪਟਿਆ ਹੋਇਆ ਚਿਤਾ ਉਪਰ ਦਿਖਾਉਂਦਿਆਂ ਵੱਡੇ-ਵੱਡੇ ਪੋਸਟਰ ਸਾਰੇ ਮੁਲਕ ਵਿੱਚ ਲਗਾਏ ਗਏ ਸਨ ਤੇ ਕੁਝ ਸਿੱਖ ਵਰਦੀ ਧਾਰੀ ਉਸ ਨੂੰ ਗੋਲੀ ਮਾਰਦੇ ਦਿਖਾਏ ਗਏ ਸਨ। ਕੁਝ ਹੋਰ ਪੋਸਟਰਾਂ ਤੇ ਕੰਡਿਆਲੀ ਤਾਰ ਦੇ ਵਲ੍ਹੇਟੇ ਹੋਏ ਗੁੱਛਿਆਂ ਕੋਲ ਨਾਅਰਾ ਲਿਖਿਆ ਸੀ : "ਕੀ ਦੇਸ਼ ਦੀ ਹੱਦ ਆਖ਼ਰ ਤੁਹਾਡੀਆਂ ਦਹਿਲੀਜ਼ਾਂ ਤੱਕ ਆ ਜਾਵੇਗੀ?" ਇਹਦੇ ਹੇਠਾਂ ਇਕ ਹੋਰ ਨਾਅਰਾ ਸੀ : "ਤੁਹਾਡੀ ਵੋਟ ਨਾਲ ਭਾਰਤ ਏਕਤਾ ਜਾਂ ਵੱਖਵਾਦ ਤੋਂ ਦੂਰ ਜਾ ਸਕਦਾ ਹੈ!" ਇਕ ਹੋਰ ਘੱਟ ਚਾਲਾਕੀ ਭਰਪੂਰ ਨਾਅਰਾ ਸੁਆਲੀਆ ਅੰਦਾਜ਼ ਵਿੱਚ ਲਿਖਿਆ ਗਿਆ ਸੀ : "ਤੁਸੀਂ ਦੂਸਰੇ ਰਾਜ ਦੇ ਟੈਕਸੀ ਚਾਲਕ ਵੱਲੋਂ ਚਲਾਈ ਜਾ ਰਹੀ ਟੈਕਸੀ 'ਚ ਬੈਠਕੇ ਕਿਉਂ ਬੇਆਰਾਮ ਅਨੁਭਵ ਕਰਦੇ ਹੋ?"[2] ਜੇ ਇਹ ਨਾਅਰੇ ਪੂਰੀ ਤਰ੍ਹਾਂ ਉਹਨਾਂ ਦਾ ਸੰਦੇਸ਼ ਦੇਣ ਵਿੱਚ ਸਪੱਸ਼ਟ ਨਹੀਂ ਸਨ ਤਾਂ ਰਾਜੀਵ ਗਾਂਧੀ ਦੇ ਹਲਕੇ ਵਿੱਚ ਸੰਜੇ ਗਾਂਧੀ ਦੀ ਵਿਧਵਾ ਤੇ ਰਾਜੀਵ ਦੀ ਭਰਜਾਈ ਵਿਰੁੱਧ ਲਾਏ ਨਾਅਰੇ ਤਾਂ ਦੋ ਟੂਕ ਤੇ ਸਿੱਧੇ ਸਨ :

ਬੇਟੀ ਹੈ ਸਰਦਾਰ ਕੀ
ਕੌਮ ਹੈ ਗੱਦਾਰ ਕੀ

ਕਾਂਗਰਸ ਪਾਰਟੀ ਲਈ ਵੋਟਾਂ ਪ੍ਰਾਪਤ ਨਾਲ ਝੋਲੀ ਭਰ ਕੇ ਦੇਣ ਸ਼ਹੀਦ ਮਾਂ ਸੀ। ਮੁਸਕਰਾ ਰਹੀ ਲੱਖਾਂ ਹੀ ਬਿੰਦੀਆਂ ਮੁਫ਼ਤ ਵੰਡਦੀ ਤੇ ਆਪਣੇ ਪੁੱਤਰ ਨੂੰ ਅਸ਼ੀਰਵਾਦ ਦਿੰਦੀ ਇੰਦਰਾ ਗਾਂਧੀ ਦਿਖਾਈ ਗਈ। ਚੋਣ ਮੁਹਿੰਮ ਵਿੱਚ ਉਹਦੇ ਭਾਸ਼ਣਾਂ ਦੀਆਂ ਕੈਸਿਟਾਂ ਇਸ ਵਿਸ਼ੇ 'ਤੇ ਲਾਈਆਂ ਗਈਆਂ ਕਿ "ਜੇ ਮੈਂ ਅੱਜ ਮਰ ਜਾਵਾਂ ਮੇਰੇ ਖ਼ੂਨ ਦੀ ਹਰ ਬੂੰਦ

---

1. ਬਹੁਤ ਸਾਰੇ ਨਿਰੀਖਕਾਂ ਅਨੁਸਾਰ ਕਾਂਗਰਸ ਨੇ ਆਪਣੀ ਚੋਣ ਮੁਹਿੰਮ ਵਿੱਚ 300 ਕਰੋੜ ਖ਼ਰਚੇ। ਇਸ਼ਤਿਹਾਰ ਬਾਜ਼ੀ ਵਿੱਚ ਹੀ 13 ਕਰੋੜ ਲੱਗੇ। 9 ਭਾਸ਼ਾਵਾਂ ਵਿੱਚ ਇਸ਼ਤਿਹਾਰ ਬੰਬਈ ਦੀ ਰੀਡਫਿਊਜ਼ਨ ਏਜੰਸੀ ਨੇ ਤਿਆਰ ਕੀਤੇ। (ਇਲਸਟਰਟੇਡ ਵੀਕਲੀ ਔਫ ਇੰਡੀਆ, 13 ਜਨਵਰੀ, 1985, ਪੰਨਾ 22)
2. ਉਹੀ।

ਕੌਮ ਨੂੰ ਸ਼ਕਤੀ ਦੇਵੇਗੀ।"[3] ਫਿਰ ਰਾਜੀਵ ਗਾਂਧੀ ਦਾ ਇਕ ਸੁੰਦਰ, ਨੌਜਵਾਨ ਬੇਦਾਗ ਤੇ ਅਗਾਂਹਵਧੂ ਰਾਜਕੁਮਾਰ ਦਾ ਚਿੱਤਰ ਵਿਖਾਏ ਗਏ ਜੋ ਮੁਲਕ ਵਿੱਚੋਂ ਰਾਜਨੀਤੀ ਦੇ ਗੰਦ ਨੂੰ ਹੂੰਝ ਦੇਵੇਗਾ।

ਉਸ ਨੂੰ ਮਿਸਟਰ ਕਲੀਨ (ਸਾਫ਼ ਸੁਥਰਾ, ਬੇਦਾਗ) ਕਿਹਾ ਗਿਆ ਹੈ ਜੋ ਜਵਾਨ ਤੇ ਸਮਰਪਿਤ ਵਿਅਕਤੀਆਂ ਨੂੰ ਨਾਲ ਲੈ ਕੇ ਮੁਲਕ ਨੂੰ ਸਾਮੰਤ ਯੁੱਗ ਦੇ ਪਛੜੇਪਣ 'ਚੋਂ 21ਵੀਂ ਸਦੀ ਦੇ ਕੰਪਿਊਟਰ ਯੁੱਗ ਵਿੱਚ ਲੈ ਜਾਵੇਗਾ।

ਕੋਈ ਵੀ ਪਹਿਲੀ ਚੋਣ ਕਾਂਗਰਸ ਪਾਰਟੀ ਨੇ ਪੇਸ਼ਾਵਾਰਾਨਾ ਕੌਸ਼ਲਤਾ, ਤੇ ਮੰਡੀਕਰਨ ਦੇ ਨਵੀਨ ਉਪਾਅ ਤੇ ਢੰਗ ਵਰਤ ਕੇ ਨਹੀਂ ਲੜੀ ਸੀ ਤੇ ਨਾ ਹੀ ਇਸ ਚੋਣ, ਜਿੰਨਾ ਰੁਪਿਆ ਪਹਿਲਾਂ ਖ਼ਰਚਿਆ ਗਿਆ ਸੀ। ਇਸ ਨੇ ਬੜੇ ਵਧੀਆ ਲਾਭ ਵੀ ਦਿੱਤੇ ਜਿਸ ਨਾਲ ਇਕ ਅਜਿਹੀ ਹਵਾ ਚੱਲੀ ਕਿ ਉੱਤਰੀ ਭਾਰਤ ਦੇ ਚੋਣ ਮੁਹਾਜ਼ ਤੋਂ ਵਿਰੋਧੀ ਧਿਰ ਦਾ ਸਫ਼ਾਇਆ ਹੋ ਗਿਆ। ਰਾਜੀਵ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਨੇ ਮੁਲਕ ਭਰ ਦੀਆਂ ਅੱਧੀਆਂ ਵੋਟਾਂ ਪ੍ਰਾਪਤ ਕਰਕੇ ਲੋਕ ਸਭਾ ਦੀਆਂ 540 'ਚੋਂ 410, ਭਾਵ 80% ਸੀਟਾਂ ਪ੍ਰਾਪਤ ਕਰ ਲਈਆਂ। ਇਹ ਪ੍ਰਧਾਨ ਮੰਤਰੀ ਨਹਿਰੂ ਜਾਂ ਇੰਦਰਾ ਗਾਂਧੀ ਦੇ ਸਮੇਂ ਨਾਲੋਂ ਵੀ ਕਿਤੇ ਵਧੇਰੇ ਸਨ। ਰਾਜੀਵ ਗਾਂਧੀ ਉਮੀਦ ਤੋਂ ਵੀ ਵਧੀਕ ਜਿੱਤ ਪ੍ਰਾਪਤ ਕਰ ਗਿਆ। ਪ੍ਰੰਤੂ ਇਹ ਗੱਲ ਵਰਨਣ ਯੋਗ ਹੈ ਕਿ ਕਾਂਗਰਸ ਦੀ ਯਕੀਨੀ ਜਿੱਤ ਵਧੇਰੇ ਕਰਕੇ ਉਹਨਾਂ ਰਾਜਾਂ ਵਿੱਚ ਹੀ ਹੋਈ ਸੀ, ਜਿੱਥੇ ਸਿੱਖ-ਵਿਰੋਧੀ ਜਜ਼ਬਾਤ ਜ਼ਿਆਦਾ ਭਾਰੂ ਸਨ, ਪ੍ਰੰਤੂ ਪੱਛਮੀ ਬੰਗਾਲ, ਆਸਾਮ ਤੇ ਦੱਖਣੀ ਰਾਜਾਂ ਜਿਵੇਂ ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੇ ਕਰਨਾਟਕਾ ਜਿੱਥੋਂ ਦੇ ਮੱਤਦਾਤਾ ਕਥਿਤ ਸਿੱਖ ਬੇਵਫ਼ਾਈ ਤੋਂ ਅਣਜਾਣ ਸਨ, ਉਥੇ ਵਿਰੋਧੀ ਦਲਾਂ ਦੀ ਸਥਿਤੀ ਠੀਕ ਸੀ। ਪੰਜ ਜਨਵਰੀ 1985 ਨੂੰ ਆਪਣੀ ਚੋਣਾਂ ਵਿੱਚ ਜਿੱਤ ਪਿੱਛੋਂ ਆਪਣੇ ਪਹਿਲੇ ਰਾਸ਼ਟਰੀ ਪ੍ਰਸਾਰਨ ਵਿੱਚ ਰਾਜੀਵ ਗਾਂਧੀ ਨੇ ਕਿਹਾ ਕਿ ਉਹ ਪੰਜਾਬ ਸਮਝੌਤੇ ਨੂੰ ਪਹਿਲ ਦੇਵੇਗਾ। ਇਕ ਦਿਨ ਪਹਿਲਾਂ ਉਸ ਨੇ ਐਸ.ਬੀ. ਚਵਾਨ, ਪੀ.ਵੀ. ਨਰਸਿਮ੍ਹਾ ਰਾਓ ਤੇ ਕੇ.ਸੀ. ਪੰਤ ਉਪਰ ਅਧਾਰਿਤ ਇਕ ਉਪ-ਕਮੇਟੀ ਉਸ ਮਸਲੇ ਨੂੰ ਸੁਲਝਾਉਣ ਲਈ ਸਲਾਹ ਦੇਣ ਲਈ ਗਠਿਤ ਕੀਤੀ ਸੀ। ਕਿਉਂਕਿ ਦਸਾਂ ਰਾਜਾਂ ਵਿੱਚ ਮਾਰਚ ਦੇ ਪਹਿਲੇ ਹਫ਼ਤੇ ਚੋਣਾਂ ਹੋਣ ਵਾਲੀਆਂ ਸਨ, ਇਸ ਕਾਰਨ ਉਪ ਕਮੇਟੀ ਚੋਣਾਂ ਖ਼ਤਮ ਹੋਣ ਤੱਕ ਪੰਜਾਬ ਸਮੱਸਿਆ ਵੱਲ ਬਹੁਤਾ ਧਿਆਨ ਨਾ ਦੇ ਸਕੀ। 7 ਮਾਰਚ, 1985 ਨੂੰ ਅਕਾਲੀ ਦਲ ਤੇ ਸ਼੍ਰੋ. ਗੁ. ਪ੍ਰ. ਕਮੇਟੀ ਨੇ ਸਰਕਾਰ ਨੂੰ ਆਖ਼ਰੀ ਚਿਤਾਵਨੀ ਦੇ ਦਿੱਤੀ ਕਿ ਜੇ ਉਸ ਨੇ ਨਵੰਬਰ 1984 ਨੂੰ ਹੋਏ ਸਿੱਖ ਕਤਲੇਆਮ ਦੀ ਅਦਾਲਤੀ

---

3. ਆਪਣੀ ਮੌਤ ਤੋਂ ਇਕ ਦਿਨ ਪਹਿਲਾਂ ਲਿਖੇ ਗਏ ਕਥਿੱਤ ਪੱਤਰ ਵਿੱਚ ਸ਼੍ਰੀਮਤੀ ਗਾਂਧੀ ਨੇ ਕਿਹਾ : "ਜੇ ਮੈਂ ਹਿੰਸਕ ਮੌਤ ਮਰੀ, ਜਿਵੇਂ ਕਈਆਂ ਦਾ ਵਿਚਾਰ ਹੈ ਤੇ ਜਿਵੇਂ ਕੁਝ ਲੋਕ ਸਾਜ਼ਿਸ਼ਾਂ ਕਰ ਰਹੇ ਹਨ, ਮੈਂ ਜਾਣਦੀ ਹਾਂ ਕਿ ਹਿੰਸਾ ਕਾਤਲਾਂ ਦੇ ਵਿਚਾਰਾਂ ਤੇ ਕਾਰਜ ਵਿੱਚ ਹੋਵੇਗੀ। ਪਰ ਮੇਰੀ ਮੌਤ ਵਿੱਚ ਨਹੀਂ ਕਿਉਂਕਿ ਕਿੰਨੀ ਵੀ ਨਫ਼ਰਤ ਕਿਉਂ ਨਾ ਹੋਵੇ ਉਹ ਮੇਰੇ ਦੇਸ਼ ਪ੍ਰੇਮ ਨੂੰ ਧੁੰਦਲਾ ਨਹੀਂ ਕਰ ਸਕਦੀ। ਕੋਈ ਵੀ ਤਾਕਤ ਮੈਨੂੰ ਮੇਰੇ ਇਰਾਦੇ ਤੋਂ ਮੈਨੂੰ ਮੁਲਕ ਨੂੰ ਉੱਨਤੀ ਦੇ ਮਾਰਗ 'ਤੇ ਲਿਜਾਉਣ ਤੋਂ ਰੋਕ ਨਹੀਂ ਸਕਦੀ।"—"ਅਪਵਿੱਤਰ ਭੈਅ", ਪੰਨਾ 1

ਪੜਤਾਲ ਨਾ ਕਰਾਈ ਤੇ ਉਹਨਾਂ ਦੇ ਨੇਤਾਵਾਂ ਨੂੰ 13 ਅਪ੍ਰੈਲ (ਪਹਿਲੀ ਵੈਸਾਖ) ਤੱਕ ਰਿਹਾ ਨਾ ਕੀਤਾ ਤਾਂ ਉਹ ਇਕ ਹੋਰ "ਨਸਲ ਘਾਤ" ਮੋਰਚਾ ਲਾ ਦੇਣਗੇ।[4]

ਰਾਜੀਵ ਗਾਂਧੀ ਅਕਾਲੀਆਂ ਨਾਲ ਇਕ ਹੋਰ ਟੱਕਰ ਨਹੀਂ ਚਾਹੁੰਦਾ ਸੀ। ਦੋ ਪ੍ਰਭਾਵਸ਼ਾਲੀ ਚੋਣ ਜਿੱਤਾਂ ਨਾਲ ਤੇ ਉਹਦੀ ਨਜ਼ਰ ਨੂੰ ਧੁੰਦਲਾਉਣ ਵਾਲੀ ਕਿਸ ਹੋਰ ਰਾਜਸੀ ਪ੍ਰਭਾਵ ਪਾਉਣ ਵਾਲੀ ਕਿਸੇ ਹੋਰ ਲਟਕਦੀ ਸਮੱਸਿਆ ਦੇ ਅਭਾਵ ਕਾਰਨ ਉਸ ਨੇ ਪੰਜਾਬ ਸਮੱਸਿਆ ਦੇ ਨਿਪਟਾਰੇ ਲਈ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਉਹਦੀ ਪਹੁੰਚ ਆਪਣੀ ਮਾਂ ਦੀ ਪਹੁੰਚ ਨਾਲੋਂ ਬਿਲਕੁਲ ਵੱਖਰੀ ਸੀ। ਉਹ ਸਦਾ ਹੀ ਚੋਣਾਂ ਵਿੱਚ ਆਪਣੀ ਪਾਰਟੀ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੀ ਸੀ, ਉਹ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਦੀ ਕਾਹਲ ਵਿੱਚ ਨਹੀਂ ਹੁੰਦੀ ਸੀ ਤੇ ਆਮ ਕਰਕੇ ਅਜਿਹਾ ਸਮਝੌਤਾ ਕਰਨ ਦੇ ਵਿਰੁੱਧ ਹੁੰਦੀ ਸੀ, ਜਿਸ ਨਾਲ ਉਹਦੇ ਰਾਜਸੀ ਵਿਰੋਧੀਆਂ ਦੀ ਲੋਕਾਂ ਦੀਆਂ ਨਜ਼ਰਾਂ ਵਿੱਚ "ਭੱਲ" ਬਣੇ। ਜੂਨ 23, 1980 ਵਿੱਚ ਉਹਦੇ ਛੋਟੇ ਚਹੇਤੇ ਬੇਟੇ ਤੇ ਉੱਤਰਾਧਿਕਾਰੀ ਵਜੋਂ ਚੁਣੇ ਹੋਏ ਸੰਜੇ ਗਾਂਧੀ ਦੇ ਹਵਾਈ ਹਾਦਸੇ 'ਚ ਮਾਰੇ ਜਾਣ ਪਿੱਛੋਂ ਉਹ ਡਾਵਾਂਡੋਲ ਤੇ ਅਸਥਿਰ ਸੁਭਾਅ ਵਾਲੀ ਬਣ ਗਈ ਸੀ ਤੇ ਅਕਾਲੀਆਂ ਨਾਲ ਸਮਝੌਤਾ ਕਰਨ ਨੂੰ ਟਾਲਣ ਲਈ ਕੋਈ ਨਾ ਕੋਈ ਬਹਾਨਾ ਭਾਲ ਲੈਂਦੀ ਸੀ। ਨਤੀਜਾ ਇਹ ਹੋਇਆ ਕਿ ਉਹਦੀ ਸਰਕਾਰ ਨਾਲ ਸਮਝੌਤਾ ਕਰਨ ਵਾਲੇ ਨਰਮ ਖ਼ਿਆਲੀਆਂ ਦੀ ਥਾਂ ਭਿੰਡਰਾਂਵਾਲੇ ਦੀ ਅਗਵਾਈ ਵਾਲੇ ਕੱਟੜ ਤੇ ਉਗਰਵਾਦੀ ਭਾਰੂ ਹੋ ਗਏ ਤੇ ਜ਼ੋਰ ਫੜ ਗਏ। ਰਾਜੀਵ ਗਾਂਧੀ ਨੇ ਨੀਤੀ ਉਲਟਾ ਦਿੱਤੀ ਤੇ ਨਰਮ ਖ਼ਿਆਲ ਦੇ ਅਕਾਲੀ ਨੇਤਾਵਾਂ ਨੂੰ ਇਸ ਆਸ ਨਾਲ ਉਭਾਰਨਾ ਸ਼ੁਰੂ ਕਰ ਦਿੱਤਾ ਕਿ ਉਹ ਆਤੰਕਵਾਦੀਆਂ ਨਾਲ ਟੱਕਰ ਲੈ ਸਕਣਗੇ।

ਜੋ ਨੀਤੀ ਅਪਨਾਈ ਗਈ ਉਸ ਅਨੁਸਾਰ ਅਕਾਲੀਆਂ ਨੂੰ ਸਦਭਾਵਨਾ ਦਾ ਇਸ਼ਾਰਾ ਦੇ ਕੇ ਅਗਲਾ ਕਦਮ ਉਠਾਉਣ ਤੋਂ ਪਹਿਲਾਂ ਉਹਨਾਂ ਦੀ ਤੇ ਉਹਨਾਂ ਦੀ ਸਮੁੱਚੀ ਕੌਮ ਦੀ ਪ੍ਰਤਿਕ੍ਰਿਆ ਵੇਖਣਾ ਸੀ।

12 ਮਾਰਚ, 1985 ਨੂੰ ਅੱਠ ਚੋਟੀ ਦੇ ਅਕਾਲੀ ਨੇਤਾ, ਲੌਂਗੋਵਾਲ ਤੇ ਬਰਨਾਲਾ ਵਰਗੇ ਨਰਮ ਖ਼ਿਆਲੀਏ ਤੇ ਅੱਤਵਾਦੀ ਧੜੇ ਦੇ ਤਲਵੰਡੀ ਰਿਹਾਅ ਕਰ ਦਿੱਤੇ ਗਏ। ਟੌਹੜਾ ਤੇ ਬਾਦਲ ਜੇਲ੍ਹ ਵਿੱਚ ਹੀ ਰੱਖੇ ਗਏ। ਦੋ ਦਿਨ ਮਗਰੋਂ, ਅਰਜਨ ਸਿੰਘ ਜਿਸ ਨੇ ਇਕ ਦਿਨ ਪਹਿਲੋਂ ਹੀ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ ਸੀ, ਉਸ ਨੂੰ ਪੰਜਾਬ ਦਾ ਰਾਜਪਾਲ ਨਿਯੁਕਤ ਕਰ ਦਿੱਤਾ ਗਿਆ ਸੀ। ਉਸ ਮਗਰੋਂ ਤਾਂ ਇਹ ਅਰਜਨ ਸਿੰਘ ਹੀ ਸੀ ਜੋ ਹੋਰ ਕਿਸੇ ਨਾਲੋਂ ਹਰ ਕਦਮ ਤੇ ਕੇਂਦਰੀ ਸਰਕਾਰ ਨੂੰ ਸਮੱਸਿਆ ਹੱਲ

---

4. ਅਕਾਲੀ ਦਲ ਦਾ ਤਦ ਅਰਥੀ ਆਯੋਗ ਸੁਰਜਨ ਸਿੰਘ ਠੇਕੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਇਮ ਮੁਕਾਮ ਪ੍ਰਧਾਨ ਪ੍ਰੇਮ ਸਿੰਘ ਲਾਲਪੁਰਾ, ਪੰਜ ਮੁੱਖ ਜੱਥੇਦਾਰ ਤੇ ਸਾਬਕਾ ਨਿਆ ਮੰਤਰੀ ਬਲਬੀਰ ਸਿੰਘ ਅਕਾਲੀ ਦਲ ਦੇ ਨੇਤਾਵਾਂ ਦੀ ਜੇਲ੍ਹ ਵਿੱਚ ਗ਼ੈਰ ਹਾਜ਼ਰੀ ਦੇ ਸਮੇਂ ਇਹਨਾਂ ਅਸਾਮੀਆਂ 'ਤੇ ਸਨ। ਤਲਵੰਡੀ ਧੜੇ ਦੇ ਸ਼੍ਰੋ.ਗੁ.ਪ੍ਰ.ਕਮੇਟੀ ਦੇ ਉਪ ਪ੍ਰਧਾਨ ਆਤਮਾ ਸਿੰਘ ਨੇ ਕਿਹਾ, "ਜਿਤਨੀ ਦੇਰੀ ਸਮੁੱਚੇ ਸਮਝੌਤੇ ਵਿੱਚ ਹੋਵੇਗੀ, ਉਤਨਾ ਹੀ ਵਧੇਰੇ ਖ਼ਤਰਾ ਫ਼ਿਰਕੇ ਵਿੱਚ ਆਤੰਕਵਾਦੀਆਂ ਦੇ ਪ੍ਰਭਾਵ ਵੱਧਣ ਦਾ ਹੋਵੇਗਾ।" ਇੰਡੀਆ ਟੂਡੇ, 13 ਫ਼ਰਵਰੀ, 1985

ਕਰਨ ਲਈ ਪਹੁੰਚ ਅਪਣਾਉਣ ਲਈ ਸਲਾਹ ਦਿੰਦਾ ਰਿਹਾ। ਉਸ ਸਮੇਂ ਤੱਕ ਉਪ-ਕਮੇਟੀ ਨੇ ਰਾਜ ਦਾ ਦੌਰਾ ਕਰ ਲਿਆ ਤੇ ਲੋਕਾਂ ਦੇ ਰੌਂ ਨੂੰ ਭਾਂਪ ਲਿਆ ਸੀ। ਪਹਿਲਾਂ ਤੇ ਪੰਜਾਬ ਵਿੱਚ ਪ੍ਰੈਸ ਤੇ ਲਾਗੂ ਸੈਂਸਰ ਨਰਮ ਕਰ ਦਿੱਤਾ ਗਿਆ ਤੇ ਫਿਰ ਕੁਝ ਜ਼ਿਲ੍ਹਿਆਂ ਵਿੱਚੋਂ ਫ਼ੌਜ ਹਟਾ ਲਈ ਗਈ। 11 ਅਪ੍ਰੈਲ, 1985 ਨੂੰ ਸਰਕਾਰ ਨੇ 1984 ਨਵੰਬਰ ਦੇ ਕਤਲੇਆਮ ਦੀ ਅਦਾਲਤੀ ਪੜਤਾਲ ਕਰਾਉਣ ਲਈ ਰਜ਼ਾਮੰਦੀ ਦਾ ਐਲਾਨ ਕਰ ਦਿੱਤਾ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਹਟਾ ਲਈ ਤੇ ਨਜ਼ਰਬੰਦਾਂ ਦੇ ਕੇਸਾਂ 'ਤੇ ਪੁਨਰ ਵਿਚਾਰ ਕਰਨ ਲਈ ਸਹਿਮਤ ਹੋ ਗਈ। ਵੈਸਾਖ ਦੇ ਪਹਿਲੇ ਦਿਨ 53 ਨਜ਼ਰਬੰਦਾਂ ਦੀ ਪਹਿਲੀ ਟੋਲੀ ਰਿਹਾ ਕਰ ਦਿੱਤੀ ਗਈ ਤੇ ਰਾਜੀਵ ਗਾਂਧੀ ਨੇ ਪੰਜਾਬ ਸਮੱਸਿਆ ਹੱਲ ਕਰਨ ਦੀ ਆਪਣੀ ਦ੍ਰਿੜ੍ਹਤਾ ਦੁਹਰਾਈ। 23 ਮਾਰਚ 1985 ਨੂੰ ਪੰਜਾਬ ਦੀ ਆਪਣੀ ਪਹਿਲੀ ਯਾਤਰਾ ਸਮੇਂ ਉਸ ਨੇ ਹੁਸੈਨੀ ਵਾਲਾ ਦੇ ਅਸਥਾਨ ਨੇ ਕੁਝ ਆਰਥਿਕ ਉਪਾਵਾਂ ਦਾ ਐਲਾਨ ਕੀਤਾ ਜਿਨ੍ਹਾਂ ਵਿੱਚ ਕਪੂਰਥਲਾ ਵਿੱਚ ਰੇਲ ਡੱਬੇ ਬਣਾਉਣ ਦਾ ਕਾਰਖ਼ਾਨਾ ਸਥਾਪਤ ਕਰਨਾ ਸ਼ਾਮਿਲ ਸੀ ਤੇ ਜਿਸ ਨੇ 2000 ਕੁਸ਼ਲ ਤੇ ਸਿੱਖਿਅਤ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਕਰਨਾ ਸੀ।[5]

ਕੁਝ ਸਮੇਂ ਤਾਂ ਸਰਕਾਰ ਵੇਖਦੀ ਰਹੀ ਕਿ ਅਕਾਲੀਆਂ ਪ੍ਰਤੀ ਸਿੱਖ ਜਨਤਾ ਦੀ ਕੀ ਪ੍ਰਤਿਕ੍ਰਿਆ ਸੀ। ਆਮ ਭਾਵਨਾ ਇਹੋ ਸੀ ਕਿ ਉਹਨਾਂ ਨੇ ਫ਼ੌਜ ਅੱਗੇ ਆਤਮ ਸਮਰਪਣ ਕਰਕੇ ਸਿੱਖ ਰਿਵਾਇਤ ਨੂੰ ਦਾਗ਼ ਲਾਇਆ ਸੀ। ਸੰਤ ਲੌਂਗੋਵਾਲ ਅਕਾਲੀ ਦਲ ਦਾ ਪ੍ਰਧਾਨ ਤੇ ਧਰਮ ਯੁੱਧ ਮੋਰਚੇ ਦਾ ਡਿਕਟੇਟਰ ਰਿਹਾ ਸੀ, ਤੇ ਜੋ ਕੁਝ ਵਾਪਰਿਆ ਸੀ, ਉਸ ਬਾਰੇ ਸਪੱਸ਼ਟੀਕਰਨ ਦੇਣ ਦਾ ਕੰਮ ਹੁਣ ਉਹਦੇ ਜ਼ਿੰਮੇ ਸੀ। ਉਸ ਨੇ ਦਿੱਲੀ ਤੇ ਸਮੁੱਚੇ ਪੰਜਾਬ ਵਿੱਚ ਸਭਾਵਾਂ ਨੂੰ ਸੰਬੋਧਨ ਕੀਤਾ। ਉਸ ਨੇ ਚਿਕਣੀਆਂ ਚੋਪੜੀਆਂ ਗੱਲਾਂ ਨਾ ਕੀਤੀਆਂ। ਉਸ ਨੇ ਕੇਂਦਰੀ ਸਰਕਾਰ ਤੇ ਫ਼ੌਜ ਦੀ ਨਿੰਦਿਆ ਵੀ ਕੀਤੀ ਤੇ ਸ੍ਰੀਮਤੀ ਗਾਂਧੀ ਨੂੰ ਵਡਿਆਇਆ ਵੀ। ਉਸ ਦੇ ਭਾਵ ਨਾਲ ਹੀ ਉਸ ਨੇ ਆਤੰਕਵਾਦ ਦੀ ਆਲੋਚਨਾ ਵੀ ਕੀਤੀ, ਵੱਖਵਾਦ ਨੂੰ ਨਿੰਦਿਆ, ਸਿੱਖਾਂ ਤੇ ਹਿੰਦੂਆਂ ਦੀ ਇਕਸੁਰਤਾ ਦੀ ਵਕਾਲਤ ਕੀਤੀ। ਚਾਰ ਸਾਲ ਤੋਂ ਡਰ ਤੇ ਗੜਬੜ ਵਿੱਚ ਰਹਿ ਰਹੇ ਪੰਜਾਬੀਆਂ ਨੇ ਉਹਦੇ ਵਿਚਾਰਾਂ ਦਾ ਬੜੇ ਉਤਸ਼ਾਹ ਨਾਲ ਸੁਆਗਤ ਕੀਤਾ। ਅੱਤਵਾਦੀਆਂ ਨੇ ਵੇਖਿਆ ਕਿ ਉਹ ਤਾਂ ਮੁੱਖ ਧਾਰਾ 'ਚੋਂ ਛੇਕੇ ਗਏ ਹਨ।

25 ਮਾਰਚ 1985 ਨੂੰ ਤਲਵੰਡੀ ਦਾ ਤੇਜ ਘਟਣ ਨਾਲ ਉਸ ਦੇ ਅੱਧੇ ਸਮਰਥਕ ਉਹਦਾ ਸਾਥ ਛੱਡ ਕੇ ਲੌਂਗੋਵਾਲ ਦਲ ਵਿੱਚ ਸ਼ਾਮਿਲ ਹੋ ਗਏ। ਤਲਵੰਡੀ ਦੇ ਪਤਨ ਪਿੱਛੋਂ ਸਰਕਾਰ ਨੇ 19 ਅਪ੍ਰੈਲ ਨੂੰ ਟੌਹੜੇ ਨੂੰ ਤੇ ਕੁਝ ਮਗਰੋਂ ਬਾਦਲ ਨੂੰ ਰਿਹਾ ਕਰ ਦਿੱਤਾ। ਹੁਣ ਸਰਕਾਰ ਇਹ ਦੇਖ ਸਕਦੀ ਸੀ ਕਿ ਤਿੰਨਾਂ ਵਿੱਚੋਂ ਉਹ ਕਿਸ ਨਾਲ ਗੱਲ ਬਾਤ ਕਰੇ।

ਟੌਹੜਾ ਜੋ 13 ਸਾਲ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚਲਿਆ ਆ ਰਿਹਾ ਸੀ, ਉਹ ਖ਼ਾਲਿਸਤਾਨੀਆਂ ਪ੍ਰਤੀ ਹਮਦਰਦੀ ਰੱਖਦਾ ਆਇਆ ਸੀ। ਉਸ ਦੀ ਪ੍ਰਤਿਸ਼ਠਤਾ ਬਹੁਤ ਘੱਟ ਗਈ ਸੀ। ਉਹ ਤਾਂ ਵੱਧ ਤੋਂ ਵੱਧ ਭੜਕਾਹਟ 'ਚ ਆਈ ਸੰਗਤ ਸਾਹਮਣੇ ਸਵਰਨ ਮੰਦਰ 'ਚ ਪਹੁੰਚਣ ਤੇ ਇਹੋ ਐਲਾਨ ਕਰ ਸਕਿਆ ਕਿ ਤਨਖ਼ਾਹੀਆ

5. ਇੰਡੀਆ ਟੂਡੇ, 30 ਅਪ੍ਰੈਲ, 1985

ਐਲਾਨੇ ਹੋਏ ਬਾਬਾ ਸੰਤਾ ਸਿੰਘ ਨਿਹੰਗ ਤੇ ਬੂਟਾ ਸਿੰਘ ਦੇ ਅਪਵਿੱਤਰ ਹੱਥਾਂ ਨਾਲ ਤੇ ਕੇਂਦਰੀ ਲੋਕ ਨਿਰਮਾਣ ਵਿਭਾਗ ਰਾਹੀਂ ਬਣਾਇਆ ਗਿਆ ਅਕਾਲ ਤਖਤ ਕਾਰਸੇਵਾ ਰਾਹੀਂ ਦੁਬਾਰਾ ਬਣਾਇਆ ਜਾਵੇਗਾ। ਉਸ ਨੂੰ ਉਮੀਦ ਸੀ ਕਿ ਇਸ ਨਾਲ ਉਸ ਦਾ ਬਿੰਬ ਚਮਕੇਗਾ। ਉਸ ਦੇ ਇਸ ਸੁਝਾਅ ਵੱਲ ਕਿਸੇ ਨੇ ਖ਼ਾਸ ਧਿਆਨ ਨਾ ਦਿੱਤਾ ਤੇ ਮਹੀਨੇ ਮਗਰੋਂ ਆਲ ਇੰਡੀਆ ਸਿੱਖ ਸਟੂਡੈਂਟਸ ਨੇ ਟੌਹੜੇ ਤੋਂ ਭਵਨ ਨੂੰ ਢਾਹੁਣ ਤੇ ਪੁਨਰ-ਨਿਰਮਾਣ ਦੀ ਪਹਿਲ ਖੋਹ ਲਈ। ਟੌਹੜਾ ਨੇ ਹਾਲ ਦੀ ਘੜੀ ਲੌਂਗੋਵਾਲ ਦੀ ਗੱਡੀ 'ਤੇ ਸਵਾਰ ਹੋਣ ਦਾ ਫ਼ੈਸਲਾ ਕਰ ਲਿਆ। ਬਾਦਲ ਜੋ ਅਜੇ ਵੀ ਅਗਲੇ ਮਾਰਗ ਲਈ ਦੁਚਿੱਤੀ ਵਿੱਚ ਸੀ, ਉਸ ਨੇ ਲੌਂਗੋਵਾਲ ਦਾ ਸਮਰਥਨ ਕਰ ਦਿੱਤਾ।

ਤਲਵੰਡੀ ਨੇ ਭਿੰਡਰਾਂਵਾਲੇ ਦੇ ਪਿਤਾ 80 ਸਾਲਾ ਬਾਬਾ ਜੋਗਿੰਦਰ ਸਿੰਘ ਨੂੰ ਅਕਾਲੀ ਦਲ ਦੀ ਵਾਗਡੋਰ ਸੰਭਾਲਣ ਲਈ ਤਿਆਰ ਕਰਕੇ, ਅਕਾਲੀ ਦਲ 'ਤੇ ਕਾਬਜ਼ ਹੋਣ ਦੀ ਇਕ ਹੋਰ ਅਸਫ਼ਲ ਕੋਸ਼ਿਸ਼ ਕੀਤੀ। ਉਸ ਦੇ ਨਾਲ ਸ੍ਰੀਮਤੀ ਗਾਂਧੀ ਦੇ ਕਾਤਲ ਬੇਅੰਤ ਸਿੰਘ ਦੀ ਵਿਧਵਾ ਬਿਮਲ ਖ਼ਾਲਸਾ ਵੀ ਸੀ। ਪੰਥਕ ਏਕਤਾ ਦੇ ਨਾਮ ਤੇ ਬਾਬਾ ਜੋਗਿੰਦਰ ਸਿੰਘ ਨੇ ਅਕਾਲੀ ਦਲ ਦੇ ਪਦ-ਅਧਿਕਾਰੀਆਂ ਨੂੰ ਕਿਹਾ ਕਿ ਉਹ ਉਸ ਨੂੰ ਆਪਣੇ ਤਿਆਗ ਪੱਤਰ ਸੌਂਪ ਦੇਣ। ਫਿਰ ਉਸ ਨੇ ਨਵੀਂ ਕਾਰਜਕਾਰਨੀ ਬਣਾਈ ਜਿਸ ਵਿੱਚ ਉਸ ਨੇ ਨਰਮ ਖ਼ਿਆਲੀਆਂ ਨਾਲੋਂ ਵਧੇਰੇ ਮਹੱਤਵ ਅੱਤਵਾਦੀਆਂ ਨੂੰ ਦਿੱਤਾ। ਲੌਂਗੋਵਾਲ ਨੇ ਤੁਰੰਤ ਆਪਣਾ ਤਿਆਗ ਪੱਤਰ ਦੇ ਦਿੱਤਾ ਤੇ ਸਿਆਸਤ ਤੋਂ ਸੰਨਿਆਸ ਲੈ ਕੇ ਉਹ ਆਪਣੇ ਪਿੰਡ ਚਲਾ ਗਿਆ। ਉਹ ਦਾ ਇਹ ਜੂਆ ਸਫ਼ਲ ਹੋ ਗਿਆ ਭਾਵ ਉਸ ਦਾ ਦਾਅ ਫੁਰ ਗਿਆ। ਸਾਬਕ ਕੇਂਦਰੀ ਪਾਰਲੀਮੈਂਟ ਤੇ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਸਮੇਤ ਸਾਰੇ ਪ੍ਰਤਿਸ਼ਠ ਤੇ ਉੱਚ-ਆਗੂ ਉਹਦੇ ਪਿੰਡ ਉਹਦੇ ਟਿਕਾਣੇ 'ਤੇ ਗਏ ਤੇ ਉਸ ਨੂੰ ਵਾਗ-ਡੋਰ ਸੰਭਾਲਣ ਲਈ ਆਖਿਆ। ਤਲਵੰਡੀ ਤੇ ਉਹਦੇ ਬਿਰਧ ਮੋਹਰੇ ਨੂੰ ਹਾਰ ਹੋ ਗਈ ਭਾਵ ਉਹ ਮਾਤ ਖਾ ਗਏ। 14 ਮਈ 1985 ਨੂੰ ਉਹਨਾਂ ਨੇ ਮੁਕਾਬਲੇ ਤੇ ਸਾਂਝਾਂ ਅਕਾਲੀ ਦਲ ਬਣਾ ਲਿਆ ਤੇ ਇਹ ਖ਼ਾਲਿਸਤਾਨੀਆਂ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੇ ਅਨੇਕ ਆਤੰਕਵਾਦੀ ਗੁੱਟਾਂ ਦੀ ਸੁਰੱਖਿਆ ਸੰਸਥਾ ਬਣ ਗਈ।[6] ਇਸ ਟੱਕਰ ਨੇ ਸਾਬਤ ਕਰ ਦਿੱਤਾ ਕਿ ਸਿੱਖ ਜਨ-ਸਮੂਹ ਦਾ ਭਰੋਸਾ ਆਤੰਕਵਾਦੀਆਂ ਨਾਲੋਂ ਲੌਂਗੋਵਾਲ ਦੀ ਅਗਵਾਈ ਵਿਚਲੇ ਨਰਮ ਖ਼ਿਆਲੀਆਂ ਵਿੱਚ ਵਧੇਰੇ ਸੀ।

ਰਾਜਪਾਲ ਅਰਜਨ ਸਿੰਘ ਜਿਸ ਨੇ ਲੌਂਗੋਵਾਲ, ਟੌਹੜਾ ਤੇ ਬਾਦਲ ਨੂੰ ਟੋਹਿਆ ਸੀ, ਉਸ ਨੇ ਸਹੀ ਅੰਦਾਜ਼ਾ ਲਾਇਆ ਕਿ ਉਸ ਨੂੰ ਲੌਂਗੋਵਾਲ ਨਾਲ ਗੱਲਬਾਤ ਕਰਨੀ

---

6. ਟੌਹੜਾ ਨੇ ਆਪਣੀਆਂ ਮੁਸ਼ਕਿਲਾਂ ਮੰਨੀਆਂ। ਉਸ ਨੇ ਕਿਹਾ, "ਅਸੀਂ ਪੰਜਾਬੀ ਜਵਾਨਾਂ ਨੂੰ ਕਿਵੇਂ ਕਾਬੂ ਕਰ ਸਕਦੇ ਹਾਂ ਜਦੋਂ ਉਹਨਾਂ ਨੂੰ ਦੇਣ ਲਈ ਸਾਡੇ ਕੋਲ ਕੁਝ ਵੀ ਨਹੀਂ ਹੈ। ਸਰਕਾਰ ਸਾਡੇ ਹੱਥ ਆਨੰਦਪੁਰ ਸਾਹਿਬ ਦਾ ਮਤਾ ਪ੍ਰਵਾਨ ਕਰਕੇ, ਵਿਸ਼ੇਸ਼ ਅਦਾਲਤਾਂ ਸਮਾਪਤ ਕਰਕੇ ਤੇ ਪੰਜਾਬ ਨੂੰ ਗੜਬੜੀ ਵਾਲੇ ਇਲਾਕੇ ਦਾ ਕਾਨੂੰਨ ਵਾਪਸ ਲੈ ਕੇ ਕਿਸੇ ਗੱਲਬਾਤ ਤੋਂ ਪਹਿਲਾਂ ਸਾਡੇ ਹੱਥ ਮਜ਼ਬੂਤ ਕਰ ਸਕਦੀ ਹੈ।" (15 ਮਈ, 1985 ਨੂੰ ਇੰਡੀਆ ਟੂਡੇ ਦੇ ਪੱਤਰ ਪ੍ਰੇਰਕ ਨਾਲ ਗੱਲਬਾਤ ਸਮੇਂ, ਪੰਨਾ 20)

ਚਾਹੀਦੀ ਹੈ।[6] ਰਾਜਪਾਲ ਦੀ ਸਲਾਹ ਮੰਨਦਿਆਂ ਕੇਂਦਰੀ ਸਰਕਾਰ ਨੇ ਲੋਕਾਂ ਦਾ ਵਿਸ਼ਵਾਸ਼ ਸੰਤ 'ਚ ਕਾਇਮ ਕਰਨ ਲਈ ਅਗਲੇ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ।

27 ਜੂਨ ਨੂੰ ਇਹ ਐਲਾਨ ਕਰ ਦਿੱਤਾ ਗਿਆ ਕਿ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਦੀ ਪੜਤਾਲ ਸੁਪਰੀਮ ਕੋਰਟ ਦਾ ਜੱਜ ਆਰ.ਐਨ. ਮਿਸ਼ਰਾ ਕਰੇਗਾ। ਰਾਜਪਾਲ ਅਰਜਨ ਸਿੰਘ ਨੇ ਸਿੱਖ ਨਜ਼ਰਬੰਦਾਂ ਨੂੰ ਰਿਹਾ ਕਰਨਾ ਸ਼ੁਰੂ ਕਰ ਦਿੱਤਾ। ਅੱਧ ਜੁਲਾਈ ਤੱਕ 1700 ਬੰਦੀ ਛੱਡ ਦਿੱਤੇ ਗਏ।

ਅਕਾਲੀਆਂ ਨਾਲ ਮੁੜ ਗੱਲਬਾਤ ਸ਼ੁਰੂ ਕਰਨੀ ਬੜੀ ਤਿਲਕਣਬਾਜ਼ੀ ਵਾਲਾ ਕੰਮ ਸੀ। ਤਜਰਬੇ ਨੇ ਸਾਬਤ ਕਰ ਦਿੱਤਾ ਸੀ ਕਿ ਸਰਕਾਰ ਨਾਲ ਗੱਲਬਾਤ ਕਰਨ ਵਾਲੇ ਨੂੰ ਛੇਤੀ ਹੀ ਸਰਕਾਰੀ ਏਜੰਟ ਕਹਿ ਕੇ ਤ੍ਰਿਸਕਾਰਿਆ ਜਾਂਦਾ ਸੀ। 2 ਜੁਲਾਈ 1985 ਨੂੰ ਰਾਜੀਵ ਗਾਂਧੀ ਨੇ ਸੰਤ ਲੌਂਗੋਵਾਲ ਨੂੰ ਗੁਪਤ ਪੱਤਰ ਭੇਜ ਕੇ ਗੱਲਬਾਤ ਸ਼ੁਰੂ ਕਰਨ ਦੀ ਉਪਯੋਗਤਾ ਦਾ ਪਤਾ ਕਰਨ ਲਈ ਪਹਿਲ ਕੀਤੀ। ਇਸ ਬਾਰੇ ਕੁਝ ਕੁ ਲੋਕਾਂ ਨੂੰ ਹੀ ਰਾਜ਼ਦਾਰ ਬਣਾਇਆ ਗਿਆ। ਆਪਣੇ ਵੱਲੋਂ ਸੰਤ ਲੌਂਗੋਵਾਲ ਨੇ ਸੀਨੀਅਰ ਅਕਾਲੀ ਨੇਤਾਵਾਂ ਨੂੰ ਵੀ ਟੋਹਿਆ। ਟੌਹੜਾ ਤੇ ਬਾਦਲ ਨੇ ਚੌਕਸੀ ਤੇ ਸਾਵਧਾਨੀ ਦੀ ਸਲਾਹ ਦਿੱਤੀ। ਬਰਨਾਲਾ ਤੇ ਬਲਵੰਤ ਸਿੰਘ ਨੇ ਗੱਲਬਾਤ ਚਲਾਉਣ ਦੀ ਸਲਾਹ ਦਿੱਤੀ। ਵਿਰੋਧੀ ਸਲਾਹਾਂ ਵਿੱਚ ਫਸੇ ਸੰਤ ਨੇ "ਪਵਿੱਤਰ ਗ੍ਰੰਥ" ਤੋਂ ਅਗਵਾਈ ਮੰਗੀ। ਅਰਦਾਸ ਕਰਨ ਉਪਰੰਤ ਉਸ ਨੇ ਵਾਕ ਲਿਆ। ਜੋ ਵਾਕ ਨਿਕਲਿਆ ਉਹ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸੀ ਜਿਸ ਦਾ ਭਾਵ ਇਹ ਸੀ ਕਿ ਦੁਚਿੱਤੀ ਛੱਡ ਕੇ ਗੁਰੂ ਦੀ ਅਗਵਾਈ ਪ੍ਰਾਪਤ ਕਰੋ। ਸੰਤ ਪ੍ਰਧਾਨ ਮੰਤਰੀ ਨਾਲ 2 ਜੁਲਾਈ 1985 ਨੂੰ ਮੁਲਾਕਾਤ ਕਰਨ ਲਈ ਸਹਿਮਤ ਹੋ ਗਿਆ।

ਦੋਵੇਂ ਧਿਰਾਂ ਇਸ ਪੱਖੋਂ ਸੁਚੇਤ ਸਨ ਕਿ ਸਫ਼ਲਤਾ ਲਈ ਜ਼ਰੂਰੀ ਹੈ ਕਿ ਵਾਰਤਾ ਨੂੰ ਗੁਪਤ ਰੱਖਿਆ ਜਾਵੇ ਤੇ ਜਿਹੜੇ ਸਿਆਸਤਦਾਨਾਂ ਦੀ ਅੜਿੱਕਾ ਪਾਉਣ ਦੀ ਸੰਭਾਵਨਾ ਹੋਵੇ ਉਹਨਾਂ ਨੂੰ ਗੱਲਬਾਤ ਵਿੱਚ ਸ਼ਾਮਿਲ ਨਾ ਕੀਤਾ ਜਾਵੇ ਤੇ ਉਹਨਾਂ ਨੂੰ ਮਾਮਲਾ ਨਜਿੱਠੇ ਜਾਣ ਪਿੱਛੋਂ ਹੀ ਸੂਚਿਤ ਕੀਤਾ ਜਾਵੇ। ਪ੍ਰਧਾਨ ਮੰਤਰੀ ਨੇ ਆਪਣੇ ਨਾਲ ਕੇਵਲ ਰਾਜਪਾਲ ਅਰਜਨ ਸਿੰਘ ਨੂੰ ਹੀ ਆਪਣੇ ਵਿਸ਼ਵਾਸ਼ ਪਾਤਰ ਵਜੋਂ ਚੁਣਿਆ। ਮੁਲਾਕਾਤਾਂ ਉਹਨਾਂ ਦਿਨਾਂ ਵਿੱਚ ਰੱਖੀਆਂ ਗਈਆਂ ਜਦੋਂ ਗਿਆਨੀ ਜ਼ੈਲ ਸਿੰਘ ਨੇ ਦਿੱਲੀ ਤੋਂ ਬਾਹਰ ਹੋਣਾ ਸੀ। ਆਪਣੇ ਮੰਤਰੀ ਬੂਟਾ ਸਿੰਘ ਤੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਵੀ

---

7. ਸੰਤ ਲੌਂਗੋਵਾਲ ਜਿਸ ਨੂੰ ਉਦੈਪੁਰ ਦੇ ਮਹਿਮਾਨ ਘਰ ਵਿੱਚ ਰੱਖਿਆ ਗਿਆ ਸੀ, ਉਸ ਨਾਲ ਸੰਪਰਕ ਕੀਤਾ ਗਿਆ। ਸੰਤ ਨੇ ਨਵੰਬਰ ਦੇ ਦੂਸਰੇ ਹਫ਼ਤੇ ਬੂਟਾ ਸਿੰਘ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਸੀ। ਕਿਉਂਕਿ ਉਸ ਨੂੰ "ਤਨਖ਼ਾਹੀਆ" ਐਲਾਨ ਕੀਤਾ ਜਾ ਚੁੱਕਿਆ ਸੀ। ਇਸ ਦੀ ਥਾਂ ਉਸ ਨੇ ਪੰਜਾਬ ਅਸੈਂਬਲੀ ਦੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਤੇ ਨਰਿੰਦਰ ਸਿੰਘ ਨਾਭਾ ਨਾਲ ਮੁਲਾਕਾਤ ਕੀਤੀ। ਉਸ ਨੂੰ ਆਰ. ਵੀ. ਸੁਬਰਾਮਾਨੀਅਮ ਵੀ ਮਿਲਿਆ ਜੋ ਪੰਜਾਬ ਰਾਜਪਾਲ ਦਾ ਸਲਾਹਕਾਰ ਸੀ ਤੇ ਉਹ ਗ੍ਰਿਫ਼ਤਾਰੀ ਪਿੱਛੋਂ ਮਿਲਣ ਵਾਲਾ ਪਹਿਲਾ ਸਰਕਾਰੀ ਅਧਿਕਾਰੀ ਸੀ। ਤਿੰਨਾਂ ਨੇ ਜਾਣਕਾਰੀ ਦਿੱਤੀ ਕਿ ਸੰਤ ਸਰਕਾਰ ਨਾਲ ਗੱਲਬਾਤ ਕਰਨ ਦੇ ਵਿਰੁੱਧ ਨਹੀਂ।

ਕੁਝ ਨਾ ਦੱਸਿਆ ਗਿਆ। ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੂੰ ਨਿਰਦੇਸ਼ ਦਿੱਤਾ ਗਿਆ ਕਿ ਉਹ ਉਪਲਬਧ ਰਹੇ। ਉਸ ਦੀ ਸ਼ਰਾਰਤ ਕਰਨ ਦੀ ਸ਼ਰਤੀ ਨੂੰ ਆਰਜ਼ੀ ਤੌਰ 'ਤੇ ਉਹਦੇ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਸੂਚੀ ਵਿਖਾ ਕੇ ਉਸ ਨੂੰ ਨਿਯੰਤਰਨ ਹੇਠ ਰੱਖਿਆ ਗਿਆ। ਰਾਜਸਥਾਨ ਦੇ ਮੁੱਖ ਮੰਤਰੀ ਨਾਲ ਕੋਈ ਸਲਾਹ-ਮਸ਼ਵਰਾ ਨਾ ਕੀਤਾ ਗਿਆ। ਇਸ ਤਰ੍ਹਾਂ ਸੰਤ ਨੇ ਵੀ ਬਾਦਲ ਤੇ ਟੌਹੜਾ ਨੂੰ ਅਣਗੌਲਿਆਂ ਕੀਤਾ ਤੇ ਬਰਨਾਲਾ ਅਤੇ ਬਲਵੰਤ ਸਿੰਘ ਦੀ ਸਲਾਹ 'ਤੇ ਨਿਰਭਰ ਰਿਹਾ।[8]

ਸੰਤ ਲੌਂਗੋਵਾਲ ਦੇ ਦੋਹਾਂ ਸਲਾਹਕਾਰਾਂ ਨੂੰ ਰਾਤ ਨੂੰ ਦਿੱਲੀ ਲਿਜਾਇਆ ਗਿਆ ਤੇ ਅਗਲੇ ਦਿਨ, ਮੂੰਹ ਝਾਖਰੇ ਦੀ ਉਹ ਚੰਡੀਗੜ੍ਹ ਪਹੁੰਚ ਗਏ। 23 ਜੁਲਾਈ 1985 ਨੂੰ ਸੰਤ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਹੋਈ। ਉਸ ਸਮੇਂ ਤੱਕ ਸਭ ਵਿਵਾਦ-ਗ੍ਰਸਤ ਨੁਕਤੇ ਮੈਤਰੀ ਪੂਰਨ ਢੰਗ ਨਾਲ ਸੁਲਝਾ ਲਏ ਗਏ ਸਨ। 24 ਜੁਲਾਈ 1985 ਦੀ ਸਵੇਰ ਨੂੰ ਦੋਹਾਂ ਵਿਅਕਤੀਆਂ ਨੇ 11 ਨੁਕਾਤੀ ਦਸਤਾਵੇਜ਼ ਤੇ ਦਸਤਖ਼ਤ ਕਰ ਦਿੱਤੇ ਸਨ[9], ਜਿਸ ਵਿੱਚ ਉਹ ਸਾਰੀਆਂ ਮੁੱਖ ਸਮੱਸਿਆਵਾਂ ਹੱਲ ਕਰ ਲਈਆਂ ਗਈਆਂ ਜਿਹੜੀ ਅਕਾਲੀਆਂ ਨੇ ਆਪਣੀਆਂ ਮੰਗਾਂ ਦੀ ਸੂਚੀ ਦੇਣ ਸਮੇਂ ਪਹਿਲੇ ਦਿਨ ਪੇਸ਼ ਕੀਤੀਆਂ ਸਨ। ਦੋਹਾਂ ਧਿਰਾਂ ਵਿੱਚ ਸਮਝੌਤੇ ਦੀ ਭਾਵਨਾ ਸੀ। ਸਮਝੌਤੇ ਦੀਆਂ 11 ਮੱਦਾਂ 'ਚੋਂ ਪੰਜਾਂ ਦਾ ਅਕਾਲੀਆਂ ਦੇ ਮੁੱਢਲੇ ਮੰਗ ਪੱਤਰ ਨਾਲ ਕੋਈ ਸਬੰਧ ਨਹੀਂ ਸੀ, ਤਿੰਨਾਂ ਦਾ ਸਬੰਧ ਧਾਰਮਿਕ, ਸਭਿਆਚਾਰਕ ਤੇ ਭਾਸ਼ਾਈ ਮਾਮਲਿਆਂ ਨਾਲ ਸੀ ਜਿਨ੍ਹਾਂ ਵਿੱਚੋਂ ਬਹੁਤੀਆਂ ਪਹਿਲਾਂ ਹੀ ਸ੍ਰੀਮਤੀ ਗਾਂਧੀ ਨੇ ਪ੍ਰਵਾਨ ਕਰ ਲਈਆਂ ਸਨ, ਸਿਰਫ਼ ਬਾਕੀ ਦੇ ਤਿੰਨ ਰਹਿੰਦੇ ਮਾਮਲਿਆਂ ਦਾ ਸਬੰਧ ਇਲਾਕਾਈ ਸਮਾਧਾਨ ਤੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਦੀਆਂ ਮਹੱਤਵਪੂਰਨ ਸਮੱਸਿਆਵਾਂ ਨਾਲ ਸੀ। ਇਹ ਦੱਸਣਾ ਮਹੱਤਵਪੂਰਨ ਹੈ ਕਿ ਅਜਿਹੇ ਹੀ ਸਮਝੌਤੇ ਤੇ ਦੋ ਸਾਲ ਪਹਿਲਾਂ ਵੀ ਦਸਤਖ਼ਤ ਹੋ ਜਾਣੇ ਸਨ ਜੇਕਰ ਐਨ ਆਖ਼ਰੀ ਸਮੇਂ 'ਤੇ ਸ੍ਰੀਮਤੀ ਗਾਂਧੀ ਨੇ ਆਪਣਾ ਮਨ ਨਾ ਬਦਲਿਆ ਹੁੰਦਾ। ਸੰਤ ਲੌਂਗੋਵਾਲ ਤੇ ਰਾਜੀਵ ਗਾਂਧੀ ਨੇ ਇਕ ਗੱਲ ਤਾਂ ਸਾਫ਼ ਕਰ ਦਿੱਤੀ ਕਿ ਜਿੱਥੋਂ ਤੱਕ ਨਰਮ ਦਲੀਏ ਅਕਾਲੀਆਂ ਦਾ ਸਬੰਧ ਸੀ ਉਹ ਕਦੇ ਵੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦ ਦੀ ਮੰਗ ਵਜੋਂ ਤੋੜ ਮਰੋੜ ਕੇ ਪੇਸ਼ ਨਹੀਂ ਕਰਦੇ ਸਨ ਪ੍ਰੰਤੂ ਉਹ ਪੰਜਾਬ ਲਈ ਵਧੇਰੇ ਖ਼ੁਦਮੁਖਤਾਰੀ ਚਾਹੁੰਦੇ ਸਨ। ਉਹ ਅਨੰਦਪੁਰ ਦਾ ਮਤਾ ਸਰਕਾਰੀਆ ਕਮਿਸ਼ਨ ਨੂੰ ਸੌਂਪਣ ਲਈ ਖ਼ੁਸ਼ੀ-ਖ਼ੁਸ਼ੀ ਤਿਆਰ ਹੋ ਗਏ।

ਜਿਹੜੇ ਨੇਤਾਵਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ ਸੀ ਤੇ ਜਿਨ੍ਹਾਂ ਨੂੰ ਗੱਲਬਾਤ ਤੋਂ ਬਾਹਰ ਰੱਖਿਆ ਗਿਆ ਸੀ ਉਹਨਾਂ ਦਾ ਅਪਮਾਨਿਤ ਮਹਿਸੂਸ ਕਰਨਾ ਸੁਭਾਵਿਕ ਸੀ; ਉਹਨਾਂ ਵਿੱਚ ਸਰਕਾਰੀ ਧਿਰ 'ਚੋਂ ਬੂਟਾ ਸਿੰਘ ਤੇ ਦਰਬਾਰਾ ਸਿੰਘ ਜਿਹੇ ਨੇਤਾ ਤੇ ਅਕਾਲੀ ਧਿਰ 'ਚੋਂ ਬਾਦਲ ਤੇ ਟੌਹੜਾ ਸਨ। ਸੰਤ ਲੌਂਗੋਵਾਲ ਨੇ ਇਹ ਮਸਲਾ ਜਨਤਾ ਵਿੱਚ

---

8. 'ਵਾਕ' ਲੈਣ ਦਾ ਰਿਵਾਜ਼ ਬਹੁਤ ਸਾਰੇ ਧਰਮਾਂ ਵਿੱਚ ਹੈ ਜਿਸ ਵਿੱਚ ਉਹ ਪਵਿੱਤਰ ਗ੍ਰੰਥ (ਮੁਸਲਮਾਨ ਹਾਫ਼ਜ਼ ਦੀਆਂ ਰਚਨਾਵਾਂ ਵਰਤਦੇ ਹਨ) ਖੋਲ੍ਹ ਕੇ ਖੱਬੇ ਪਾਸੇ ਦੀ ਪਹਿਲੀ ਸਤਰ ਦਾ ਸੰਦੇਸ਼ ਲੈਂਦੇ ਹਨ। ਇਸ ਸਮੇਂ ਵਾਕ ਆਇਆ : 'ਦਬਿਧਾ ਛਾਡ ਗੁਰੂ ਤੇਰੇ ਅੰਗ ਸੰਗ।' (ਦੀ ਟ੍ਰਿਬਿਊਨ 26 ਜੁਲਾਈ 1983)
9. ਵੇਖੋ ਅੰਤਿਕਾ ।

ਲਿਜਾਉਣ ਦਾ ਫ਼ੈਸਲਾ ਕਰ ਲਿਆ। 26 ਜੁਲਾਈ 1985 ਨੂੰ ਇਕ ਵਿਸ਼ਾਲ ਸੰਮੇਲਨ ਦੇ ਸਾਹਮਣੇ ਅਨੰਦਪੁਰ ਵਿੱਚ ਇਸ ਨੂੰ ਪਾਰਟੀ ਦੇ ਜ਼ਿਲ੍ਹਾ ਜੱਥੇਦਾਰਾਂ ਦੇ ਸਾਹਮਣੇ ਪ੍ਰਵਾਨਗੀ/ਅਪ੍ਰਵਾਨਗੀ ਲਈ ਪੇਸ਼ ਕੀਤਾ ਗਿਆ। ਇਸ ਨੂੰ ਜੈਕਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦੇ ਦਿੱਤੀ ਗਈ।[10] ਪਰ ਬਾਦਲ ਤੇ ਟੌਹੜਾ ਰਾਜ਼ੀ ਨਾ ਹੋਏ ਤੇ ਉਹਨਾਂ ਨੇ ਇਸ ਸਮਝੌਤੇ ਨੂੰ ਸਰਕਾਰ ਕੋਲ ਵਿਕ ਜਾਣਾ ਦੱਸਿਆ। ਸਰਕਾਰੀ ਧਿਰ ਵਿੱਚੋਂ ਬੂਟਾ ਸਿੰਘ ਤੇ ਦਰਬਾਰਾ ਸਿੰਘ ਆਪਣਾ ਪਾਨਾ ਲਾਉਣ ਲਈ ਸਮੇਂ ਦੀ ਉਡੀਕ ਕਰਨ ਲੱਗੇ।

ਰਾਜੀਵ ਗਾਂਧੀ ਨੇ ਇਕ ਹੋਰ ਸਾਹਸੀ ਕਦਮ ਉਠਾਇਆ ਤੇ ਐਲਾਨ ਕਰ ਦਿੱਤਾ ਕਿ ਆਤੰਕਵਾਦ ਦੇ ਜਾਰੀ ਰਹਿਣ ਦੇ ਬਾਵਜੂਦ ਪੰਜਾਬ ਵਿੱਚ ਸਤੰਬਰ ਦੇ ਤੀਸਰੇ ਹਫ਼ਤੇ ਚੋਣਾਂ ਕਰਵਾਈਆਂ ਜਾਣਗੀਆਂ। ਸਾਂਝੇ ਅਕਾਲੀ ਦਲ ਦੀ ਅਗਵਾਈ ਵਿੱਚ ਆਤੰਕਵਾਦੀਆਂ ਨੇ ਚੋਣਾਂ ਦਾ ਬਾਈਕਾਟ ਕਰਨ ਦੀ ਵੰਗਾਰ ਪਾਈ। ਉਹਨਾਂ ਦੀ ਲਲਕਾਰ ਦੀ ਬਹੁਤੇ ਲੋਕਾਂ ਨੇ ਪ੍ਰਵਾਹ ਨਾ ਕੀਤੀ।

ਪੂਰੀ ਤਰ੍ਹਾਂ ਨਿਰਾਸ਼ ਹੋ ਕੇ ਉਹਨਾਂ ਨੇ ਉਸ ਵਿਅਕਤੀ ਨੂੰ ਹੀ ਮਾਰ ਮੁਕਾਉਣ ਦਾ ਫ਼ੈਸਲਾ ਕਰ ਲਿਆ ਜਿਸ ਨੇ ਉਹਨਾਂ ਦੀ ਸ਼ਾਖ਼ ਤੇ ਮਹੱਤਤਾ ਹੀ ਖ਼ਤਮ ਕਰ ਦਿੱਤੀ ਸੀ। 21 ਅਗਸਤ 1985 ਨੂੰ ਇਕ ਪਿੰਡ ਦੇ ਗੁਰਦੁਆਰੇ ਦੀ ਸੰਗਤ ਦੇ ਭਾਰੀ ਇਕੱਠ ਵਿੱਚ ਆਤੰਕਵਾਦੀਆਂ ਦੀ ਇਕ ਟੋਲੀ ਨੇ ਸੰਤ ਹਰਚੰਦ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ।

1985 ਦੀਆਂ ਚੋਣਾਂ—ਸਤੰਬਰ 1985 ਵਿੱਚ 13 ਲੋਕ ਸਭਾ ਦੀਆਂ ਸੀਟਾਂ 'ਤੇ 117 ਅਸੰਬਲੀ ਹਲਕਿਆਂ ਦੀ ਚੋਣ ਡੂੰਘੀ ਪਰਖ਼ ਪੜਤਾਲ ਦੀ ਮੰਗ ਕਰਦੀ ਹੈ ਕਿਉਂਕਿ ਸਿਆਸੀ ਪਾਰਟੀਆਂ ਦੇ ਆਪਸੀ ਮੁਕਾਬਲੇ ਨਾਲੋਂ ਇਹ ਜ਼ਿਆਦਾ ਕਰਕੇ ਸਮਝੌਤੇ ਪ੍ਰਤੀ ਲੋਕ-ਨਿਰਣਾ ਜਾਂ ਜਨਮੱਤ ਹੀ ਸੀ। ਦਿਲਚਸਪ ਗੱਲ ਇਹ ਸੀ ਕਿ ਦੋਵੇਂ ਵੱਡੀਆਂ ਸਿਆਸੀ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਸਮਝੌਤੇ ਦੇ ਹੱਕ ਵਿੱਚ ਸਨ ਤੇ ਆਤੰਕਵਾਦ ਦੇ ਨਿੰਦਕ ਤੇ ਆਲੋਚਕ ਸਨ। ਅਕਾਲੀਆਂ ਲਈ ਸੰਤ ਲੌਂਗੋਵਾਲ ਇਕ ਸ਼ਹੀਦ ਸੀ ਤੇ ਕਾਂਗਰਸੀ ਸੁਚੇਤ ਰੂਪ ਵਿੱਚ ਸ੍ਰੀਮਤੀ ਗਾਂਧੀ ਦੀ ਸ਼ਹਾਦਤ ਵੱਲ ਸੰਕੇਤ ਕਰਨ ਤੋਂ ਬਚਾ ਕਰ ਰਹੇ ਸਨ। ਉਹਨਾਂ ਦੇ ਚੋਣ ਮਨੋਰਥ ਪੱਤਰ ਆਰਥਿਕ ਪੁਨਰ ਉੱਥਾਨ ਨੂੰ ਸਮਰਪਿਤ ਸਨ ਤੇ ਉਹ ਸਿਆਸੀ ਮਤਭੇਦਾਂ ਦੇ ਬਾਵਜੂਦ ਇਕ ਤਰ੍ਹਾਂ ਦੇ ਹੀ ਸਨ। ਹੈਰਾਨੀ ਵਾਲੀ ਗੱਲ ਤਾਂ ਇਹ ਸੀ ਕਿ ਅਕਾਲੀ ਦਲ ਜਿਸ ਨੇ ਰਾਜ ਵਿਧਾਨ ਸਭਾ ਵਿੱਚ ਲਗਭਗ 2/3 ਬਹੁ-ਮਤ ਪ੍ਰਾਪਤ ਕਰ ਲਿਆ ਸੀ, ਇਹ ਆਕਾਲੀ ਦਲ, ਕਾਂਗਰਸ ਜਾਂ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਸ਼ਕਤੀ ਅਧਾਰ ਵਿੱਚ ਆਈ ਤਬਦੀਲੀ ਨਾਲੋਂ ਜ਼ਿਆਦਾ ਚੋਣ ਵਿਵਸਥਾ ਦੀ ਤਰੰਗ ਕਾਰਨ ਸੀ। ਸਿਰਫ਼ ਸੱਜਾਖੜ ਜਨਸੰਘ ਹੀ ਜੋ ਮੁੱਖ ਤੌਰ 'ਤੇ ਹਿੰਦੂ ਪਾਰਟੀ ਸੀ ਤੇ ਜਿਸ ਦਾ ਨਾਮ ਭਾਜਪਾ ਸੀ, ਉਹਦੀ ਲਗਭਗ ਹੋਂਦ ਹੀ ਖ਼ਤਮ ਹੋ ਗਈ ਸੀ।

ਆਪਣੀ ਸਿਆਸੀ ਜ਼ਿੰਦਗੀ ਵਿੱਚ ਅਕਾਲੀ ਦਲ ਨੇ ਪਹਿਲੀ ਵਾਰ ਮੁੱਖ ਰੂਪ 'ਚ

---

10. ਟਾਈਮਜ਼ ਔਫ ਇੰਡੀਆ ਨੇ ਪੰਜਾਬੀਆਂ ਦੀ ਸਮਝੌਤੇ ਬਾਰੇ ਪ੍ਰਤਿਕ੍ਰਿਆ ਦਾ ਅਨੁਮਾਨ ਲਈ ਸਰਵੇ ਕਰਵਾਇਆ। ਜਿਨ੍ਹਾਂ ਦੀ ਰਾਏ ਪੁੱਛੀ ਗਈ, 81% ਨੇ ਪ੍ਰਵਾਨਗੀ ਦਿੱਤੀ ਤੇ 11% ਨੇ ਅਪ੍ਰਵਾਨਗੀ ਦਿੱਤੀ ਤੇ 11% ਨੇ ਕੁਝ ਨਾ ਕਿਹਾ।

ਧਾਰਮਿਕ ਪਾਰਟੀ ਨਾਲੋਂ ਇਕ ਖੇਤਰੀ ਦਲ ਵਜੋਂ ਚੋਣ ਮੈਦਾਨ ਵਿੱਚ ਭਾਗ ਲਿਆ। ਚੋਣ ਅਖਾੜੇ ਵਿੱਚ ਉਤਾਰੇ ਗਏ ਇਸ ਦੇ ਉਮੀਦਵਾਰਾਂ ਵਿੱਚੋਂ 6 ਹਿੰਦੂ, ਇਕ ਮੁਸਲਮਾਨ ਤੇ ਇਕ ਈਸਾਈ ਸਨ। ਸਾਂਝੇ ਅਕਾਲੀ ਦਲ ਦੇ ਹੁਕਮ ਨੂੰ ਉਹਦੇ ਸਮਰਥਕਾਂ ਨੇ ਵੀ ਅਣਗੌਲਿਆਂ ਕਰ ਦਿੱਤਾ। ਉਹਦੇ ਜਿਹੜੇ ਉਮੀਦਵਾਰਾਂ ਨੇ ਹਿੱਸਾ ਲਿਆ, ਉਹਨਾਂ ਵਿੱਚ ਬਿਮਲ ਖ਼ਾਲਸਾ ਵੀ ਸੀ ਜਿਸ ਨੇ ਦੋ ਹਲਕਿਆਂ 'ਚੋਂ ਆਪਣੀ ਨਾਮਜ਼ਦਗੀ ਦੇ ਪਰਚੇ ਦਾਖ਼ਲ ਕੀਤੇ। ਹਰ ਸੀਟ 'ਤੇ ਉਮੀਦਵਾਰਾਂ ਦੀ ਗਿਣਤੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੀ ਜੋ ਕੁੱਲ 832 ਸਨ ਤੇ ਜਿਨ੍ਹਾਂ ਵਿੱਚ 30 ਇਸਤਰੀਆਂ ਸਨ। ਲੋਕ ਸਭਾ ਦੀਆਂ 13 ਸੀਟਾਂ ਲਈ 6 ਇਸਤਰੀਆਂ ਸਮੇਤ 74 ਉਮੀਦਵਾਰ ਸਨ। ਮੱਤਦਾਤਾਵਾਂ ਦਾ ਭੁਗਤਾਣ ਵੀ ਪਿਛਲੀਆਂ ਚੋਣਾਂ ਨਾਲੋਂ ਜ਼ਿਆਦਾ ਸੀ ਜੋ ਲਗਭਗ 67% ਸੀ।

ਪਹਿਲੇ ਚਾਰ ਸਾਲ ਦੀਆਂ ਘਟਨਾਵਾਂ ਨੇ, ਜੋ ਹਿੰਦੂਆਂ ਤੇ ਕੇਂਦਰ ਦੀ ਹਿੰਦੂ ਸਰਕਾਰ ਵਿਰੁੱਧ ਭਿੰਡਰਾਂਵਾਲੇ ਦੀ ਭਬਕ ਤੇ ਲਾਨ੍ਹਤਾਨ੍ਹ ਨਾਲ ਸ਼ੁਰੂ ਹੋਈਆਂ ਤੇ ਫਿਰ ਉਸ ਮਗਰੋਂ "ਨੀਲਾ ਤਾਰਾ ਸਾਕਾ" ਤੇ "ਜੰਗਲੀ ਗੁਲਾਬ ਸਾਕਾ", ਸ੍ਰੀਮਤੀ ਗਾਂਧੀ ਦਾ ਕਤਲ ਤੇ ਉਸ ਦੇ ਫ਼ਲਸਰੂਪ ਸਿੱਖਾਂ ਵਿਰੁੱਧ ਹੋਈ ਹਿੰਸਾ ਨੇ ਨਿਰਸੰਦੇਹ ਹਿੰਦੂਆਂ ਤੇ ਸਿੱਖਾਂ ਦੋਹਾਂ ਫਿਰਕਿਆਂ ਵਿੱਚ ਪਾੜਾ ਬਹੁਤ ਵਧਾ ਦਿੱਤਾ ਸੀ ਤੇ ਇਹ ਮੰਨਿਆ ਜਾ ਰਿਹਾ ਸੀ ਕਿ ਜ਼ਿਆਦਾ ਸਿੱਖ, ਸ਼ਹਿਰੀ ਸਿੱਖਾਂ ਤੇ ਅਨੁਸੂਚਿਤ ਜਾਤੀਆਂ ਦੇ ਸਿੱਖਾਂ ਸਮੇਤ ਅਕਾਲੀਆਂ ਨੂੰ ਵੋਟ ਪਾਉਣਗੇ ਤੇ ਹਿੰਦੂ ਕਾਂਗਰਸ ਜਾਂ ਭਾਜਪਾ ਨੂੰ ਵੋਟਾਂ ਪਾਉਣਗੇ, ਪਰ ਇਸ ਤਰ੍ਹਾਂ ਹੋਇਆ ਨਹੀਂ ਸੀ। ਇਕ ਭਾਰੀ ਗਿਣਤੀ ਵਿੱਚ ਸਿੱਖਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ ਤੇ ਹਿੰਦੂਆਂ ਦੀ ਭਾਰੀ ਗਿਣਤੀ ਜਿਨ੍ਹਾਂ ਨੇ ਲੋਕ ਸਭਾ ਲਈ ਕਾਂਗਰਸ ਨੂੰ ਵੋਟਾਂ ਪਾਈਆਂ, ਉਹਨਾਂ ਨੇ ਵਿਧਾਨ ਸਭਾ ਲਈ ਅਕਾਲੀਆਂ ਨੂੰ ਵੋਟ ਪਾਈ।

ਚੋਣ ਨਤੀਜੇ ਅਕਾਲੀਆਂ ਨੂੰ ਪਈਆਂ ਵੋਟਾਂ ਦੀ ਪ੍ਰਤੀਸ਼ਤ ਨਾਲੋਂ ਵਧੇਰੇ ਖ਼ੁਸ਼ਫ਼ਹਿਮੀ ਪੈਦਾ ਕਰਨ ਵਾਲੇ ਸਨ। ਲੋਕ ਸਭਾ ਦੀਆਂ 13 ਸੀਟਾਂ ਲਈ ਉਹਨਾਂ ਨੇ 11 ਉਮੀਦਵਾਰ ਖੜ੍ਹੇ ਕੀਤੇ ਸਨ ਜਿਨ੍ਹਾਂ ਵਿੱਚੋਂ 7 ਸਫ਼ਲ ਹੋਏ। ਕਾਂਗਰਸ ਜਿਸ ਨੇ ਸਾਰੀਆਂ 13 ਸੀਟਾਂ ਤੇ ਉਮੀਦਵਾਰ ਖੜ੍ਹੇ ਕੀਤੇ ਸਨ, ਬਾਕੀ ਦੀਆਂ 6 ਸੀਟਾਂ ਜਿੱਤ ਗਈ। ਪਰ ਅਕਾਲੀਆਂ ਨੂੰ 7 ਸੀਟਾਂ ਲਈ 37.18% ਵੋਟਾਂ ਮਿਲੀਆਂ ਜਦੋਂ ਕਿ ਕਾਂਗਰਸ ਨੂੰ 6 ਸੀਟਾਂ ਜਿੱਤਣ ਨਾਲ ਹੀ 41.35% ਵੋਟਾਂ ਮਿਲੀਆਂ। ਰਾਜ ਵਿਧਾਨ ਸਭਾ ਦੇ ਨਤੀਜੇ ਵੀ ਉਤਨੇ ਹੀ ਹੈਰਾਨੀਜਨਕ ਸਨ। ਜਿਹੜੀਆਂ 115 ਸੀਟਾਂ ਤੇ ਮੁਕਾਬਲਾ ਹੋਇਆ (ਦੋ ਸੀਟਾਂ ਦੀ ਚੋਣ, ਉਮੀਦਵਾਰਾਂ ਦੀ ਮੌਤ ਹੋਣ ਕਾਰਨ ਰੱਦ ਕਰ ਦਿੱਤੀ ਗਈ ਸੀ) ਉਹਨਾਂ ਵਿੱਚੋਂ ਅਕਾਲੀਆਂ ਨੇ 100 ਸੀਟਾਂ ਤੇ ਚੋਣ ਲੜੀ ਤੇ 73 ਸੀਟਾਂ ਉੱਪਰ 38.55% ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਜਦੋਂ ਕਿ ਕਾਂਗਰਸ ਜਿਸ ਨੇ ਸਾਰੀਆਂ ਸੀਟਾਂ ਤੇ ਚੋਣ ਲੜੀ ਤੇ ਥੋੜ੍ਹੇ ਜਿਹੇ ਹੀ ਘੱਟ ਵੋਟਾਂ ਦੇ ਪ੍ਰਤੀਸ਼ਤ ਨਾਲ, ਭਾਵ 37.86 ਵੋਟਾਂ ਨਾਲ, ਕੇਵਲ 32 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ। ਸਾਫ਼ ਜ਼ਾਹਰ ਸੀ ਕਿ ਕਾਂਗਰਸ ਨਾਲ ਰਾਜਸੀ ਵਫ਼ਾਦਾਰੀ ਵਿੱਚ ਕੋਈ ਮਹੱਤਵਪੂਰਨ ਬਦਲਾਓ ਨਹੀਂ ਆਇਆ ਸੀ। ਜੇ ਅਕਾਲੀਆਂ ਦੀ ਥਾਂ 'ਤੇ 1% ਵੋਟ ਕਾਂਗਰਸ ਨੂੰ ਵੱਧ ਪੈ ਜਾਂਦੀ ਤਾਂ ਨਤੀਜੇ ਬੜੇ ਹੀ ਵੱਖਰੇ ਹੁੰਦੇ। ਇਸ ਤਬਦੀਲੀ ਦਾ ਸ਼ਾਇਦ ਜੇ ਕੋਈ ਕਾਰਨ ਸੀ ਤਾਂ ਉਹ ਇਹੋ ਸੀ ਕਿ ਅਕਾਲੀ ਆਪਣੀਆਂ ਵੋਟਾਂ ਨੂੰ ਸਮੇਤ ਸ਼ਹਿਰੀ ਤੇ ਅਨੁਸੂਚਿਤ

ਜਾਤੀ ਦੀਆਂ ਵੋਟਾਂ ਦੇ ਇਕਮੁੱਠ ਰੱਖਣ ਵਿੱਚ ਸਫ਼ਲ ਹੋ ਗਏ ਸਨ ਜਿਹੜੀਆਂ ਪਹਿਲਾਂ ਕਾਂਗਰਸ ਦੇ ਹੱਕ ਵਿੱਚ ਭੁਗਤ ਜਾਂਦੀਆਂ ਸਨ, ਤੇ ਕਾਂਗਰਸ ਸਾਰੀਆਂ ਹਿੰਦੂ ਵੋਟਾਂ ਨੂੰ ਆਪਣੇ ਹੱਕ ਵਿੱਚ ਨਾ ਭੁਗਤਾ ਸਕੀ ਜੋ ਆਮ ਤੌਰ 'ਤੇ ਭਾਜਪਾ ਨੂੰ ਭੁਗਤ ਗਈਆਂ ਸਨ।

ਸੀ.ਪੀ.ਆਈ. ਤੇ ਸੀ.ਪੀ.ਐਮ. ਜਿਹੀਆਂ ਧਰਮ-ਨਿਰਪੇਖ ਪਾਰਟੀਆਂ ਕਾਂਗਰਸ ਨਾਲੋਂ ਵੀ ਵਧੇਰੇ ਅਭਾਗੀਆਂ ਸਨ। ਭਾਵੇਂ ਉਹ ਆਪਣੀਆਂ ਪਹਿਲਾਂ ਵਾਂਗ ਹੀ 6% ਵੋਟਾਂ ਲੈਣ ਵਿੱਚ ਸਫ਼ਲ ਰਹੀਆਂ ਸਨ ਪਰ ਉਹਨਾਂ ਦਾ ਕੇਵਲ ਇਕ ਹੀ ਉਮੀਦਵਾਰ ਜਿੱਤਿਆ ਸੀ। ਇਕ ਨਵਾਂ ਤੇ ਅਸਚਰਜ ਕ੍ਰਿਸਮਾ ਜੋ ਸਾਹਮਣੇ ਆਇਆ ਉਹ "ਬਹੁਜਨ ਸੇਵਕ ਸਮਾਜ" ਦਾ ਪ੍ਰਗਟ ਹੋਣਾ ਸੀ।[11] ਇਹ ਸੰਸਥਾ ਅਨੁਸੂਚਿਤ ਤੇ ਪਛੜੀਆਂ ਜਾਤੀਆਂ 'ਤੇ ਅਧਾਰਿਤ ਸੀ ਜਿਨ੍ਹਾਂ ਦੀ ਪੰਜਾਬ ਦੀ ਵਸੋਂ ਵਿੱਚ 26.87% ਹੈ। ਉਹਨਾਂ ਦੀ ਧਾਰਮਿਕ ਪਛਾਣ ਇਕ ਕਲਪਨਾ ਹੀ ਬਣੀ ਰਹੀ ਕਿਉਂਕਿ ਵੱਖ-ਵੱਖ ਸਮੇਂ ਤੇ ਵਧੇਰੇ ਥਾਵਾਂ 'ਚੋਂ ਉਹ ਆਪਣੀ ਸੌਖ ਤੇ ਸੁਵਿਧਾ ਲਈ ਆਪਣੇ ਆਪ ਨੂੰ ਹਿੰਦੂ ਜਾਂ ਸਿੱਖ ਬਿਆਨ ਕਰ ਦਿੰਦੇ ਸਨ। ਸਮਾਜ ਨੇ ਰਾਜ ਵਿਧਾਨ ਸਭਾ ਲਈ 50 ਉਮੀਦਵਾਰ ਖੜ੍ਹੇ ਕੀਤੇ। ਭਾਵੇਂ ਉਹਨਾਂ ਦਾ ਕੋਈ ਉਮੀਦਵਾਰ ਨਾ ਜਿੱਤਿਆ ਪਰ ਉਹਨਾਂ ਵੱਲੋਂ ਦੋਆਬਾ ਖੇਤਰ ਵਿੱਚ ਲਈਆਂ ਵੋਟਾਂ ਨੇ ਦੂਸਰੀਆਂ ਪਾਰਟੀਆਂ ਦੇ ਉਮੀਦਵਾਰਾਂ ਦੀ ਕਿਸਮਤ 'ਤੇ ਜ਼ਰੂਰ ਪ੍ਰਭਾਵ ਪਾਇਆ।

ਦਰਿਆਈ ਪਾਣੀ—ਦਰਿਆਵਾਂ ਦੇ ਪਾਣੀ ਦੀ ਵੰਡ ਦੀ ਸਮੱਸਿਆ ਨੇ ਪੰਜਾਬ ਤੇ ਇਹਦੇ ਗੁਆਂਢੀ ਰਾਜਾਂ ਦੇ ਸਬੰਧ ਵਿਗਾੜ ਦਿੱਤੇ ਸਨ ਤੇ ਕੇਂਦਰ ਵਿਰੁੱਧ ਅਕਾਲੀਆਂ ਦੀ ਸ਼ਿਕਾਇਤ ਦੀ ਸੂਚੀ ਵਿੱਚ ਇਹ ਮੰਗ ਵੀ ਸਭ ਤੋਂ ਉੱਪਰ ਸੀ। 1947 ਵਿੱਚ ਭਾਰਤ ਦੀ ਵੰਡ ਮਗਰੋਂ, ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਨੇ ਵਿਸ਼ਵ ਬੈਂਕ ਨੂੰ ਸਿੰਧ ਨਦੀ ਘਾਟੀ ਦੇ ਪਾਣੀਆਂ ਦੀ ਵਰਤੋਂ ਬਾਰੇ ਨਿਰਣਾ ਕਰਾਉਣ ਲਈ ਪਹੁੰਚ ਕੀਤੀ। 29 ਜਨਵਰੀ 1955 ਨੂੰ ਭਾਰਤ ਸਰਕਾਰ ਨੇ ਸੀਮਾ ਪਾਰ ਦੇ ਇਸ ਪਾਸੇ ਦੇ ਸਬੰਧਿਤ ਤਿੰਨ ਰਾਜਾਂ ਪੰਜਾਬ (ਜਿਸ ਵਿੱਚ ਉਸ ਸਮੇਂ ਹਰਿਆਣਾ ਤੇ ਹਿਮਾਚਲ ਸ਼ਾਮਿਲ ਸੀ) ਰਾਜਸਥਾਨ ਤੇ ਜੰਮੂ-ਕਸ਼ਮੀਰ ਦੀਆਂ ਪਾਣੀਆਂ ਦੀਆਂ ਜ਼ਰੂਰਤ ਦਾ ਵੇਰਵਾ ਪੇਸ਼ ਕੀਤਾ। 1960 ਵਿੱਚ ਸਿੰਧ ਨਦੀ ਘਾਟੀ ਦੇ ਦਰਿਆਵਾਂ ਦੇ ਪਾਣੀ ਬਾਰੇ ਸਮਝੌਤੇ ਉੱਪਰ ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਨੇ ਦਸਤਖ਼ਤ ਕੀਤੇ। ਇਸ ਸੰਧੀ ਰਾਹੀਂ ਤਿੰਨ ਪੱਛਮੀ ਦਰਿਆਵਾਂ ਸਿੰਧ, ਜੇਹਲਮ ਤੇ ਚਨਾਬ ਦੇ ਪਾਣੀ ਉਪਰ ਪੂਰੀ ਤਰ੍ਹਾਂ ਪਾਕਿਸਤਾਨ ਦਾ ਹੱਕ ਸਵੀਕਾਰ ਕਰ ਲਿਆ ਗਿਆ ਤੇ ਤਿੰਨ ਪੂਰਬੀ ਦਰਿਆਵਾਂ, ਸਤਲੁਜ, ਬਿਆਸ ਤੇ ਰਾਵੀ ਦਾ ਪਾਣੀ ਭਾਰਤ ਨੂੰ ਦੇ ਦਿੱਤਾ ਗਿਆ, ਜਿਸ ਬਦਲੇ ਪਾਕਿਸਤਾਨ ਨੂੰ ਭਾਰਤ ਨੇ 110 ਕਰੋੜ ਅਦਾ ਕੀਤੇ। ਜਦੋਂ ਭਾਰਤ ਦੇ ਸਬੰਧਿਤ ਰਾਜਾਂ ਨੂੰ ਦਰਿਆਵਾਂ ਦੇ ਪਾਣੀ ਦੀ ਵੰਡ ਕਰਨ ਦਾ

---

11. ਸਮਾਜ 6 ਦਸੰਬਰ 1984 ਨੂੰ ਸ਼ਿਵ ਕਾਸੀ ਨਾਥ ਵੱਲੋਂ ਸਥਾਪਤ ਦਲਿਤ ਸੋਸ਼ਿਤ ਸਮਾਜ ਸਮਿਤੀ ਦੀ ਇਕ ਸਿਆਸੀ ਸ਼ਾਖ਼ਾ ਸੀ। ਇਸ ਦੇ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ ਤੇ ਪੱਛਮੀ ਉੱਤਰੀ ਪ੍ਰਦੇਸ਼ ਵਿੱਚ ਨੀਵੀਆਂ ਜਾਤਾਂ ਵਿੱਚ ਪੈਰੋਕਾਰਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੋ ਗਈ ਸੀ।

ਸੁਆਲ ਸਾਹਮਣੇ ਆਇਆ ਤਾਂ ਪੰਜਾਬ ਨੇ ਆਪਣਾ ਪੱਖ ਬਿਆਨ ਕਰਦਿਆਂ ਕਿਹਾ ਕਿ ਵਿਸ਼ਵ ਬੈਂਕ ਨੂੰ ਅੰਕੜੇ ਕਾਹਲੀ ਵਿੱਚ ਦਿੱਤੇ ਗਏ ਸਨ ਤੇ ਇਹ ਅਸਲੀ ਸਥਿਤੀ ਨੂੰ ਬਿਆਨ ਨਹੀਂ ਕਰਦੇ। ਫ਼ਰਵਰੀ 1966 ਵਿੱਚ ਮਾਹਿਰਾਂ ਦੀ ਇਕ ਕਮੇਟੀ ਨੇ ਤਾਜ਼ਾ ਅੰਕੜੇ ਪੇਸ਼ ਕੀਤੇ ਪਰ ਇਹਦੇ ਨਿਰਣੇ ਅਕਾਦਮਿਕ ਵਿਸ਼ਾ ਬਣ ਕੇ ਹੀ ਰਹਿ ਗਏ ਕਿਉਂਕਿ ਉਸੇ ਸਾਲ ਹੀ ਮਗਰੋਂ ਹਰਿਆਣਾ ਤੇ ਹਿਮਾਚਲ ਨੂੰ ਵੱਖਰੇ ਰਾਜ ਬਣਾ ਦਿੱਤਾ ਗਿਆ। ਸਿਧਾਂਤਿਕ ਤੌਰ 'ਤੇ ਇਹ ਪ੍ਰਵਾਨ ਕਰ ਲਿਆ ਗਿਆ ਕਿ ਸਾਂਝੇ ਪੰਜਾਬ ਦੇ ਕੁੱਲ ਅਸਾਸ਼ੇ ਨੂੰ ਪੰਜਾਬ ਤੇ ਹਰਿਆਣੇ ਵਿੱਚ 60:40 ਦੇ ਅਨੁਪਾਤ ਵਿੱਚ ਵੰਡਿਆ ਜਾਵੇਗਾ। ਪਰ ਹਰਿਆਣੇ ਨੂੰ ਇਹ ਸਿਧਾਂਤ ਪਾਣੀ ਦੀ ਵੰਡ ਬਾਰੇ ਮਨਜ਼ੂਰ ਨਹੀਂ ਸੀ। ਦੂਸਰੇ ਪਾਸੇ ਪੰਜਾਬ ਦਾ ਇਹ ਦਾਅਵਾ ਸੀ ਕਿ ਦਰਿਆਵਾਂ ਦਾ ਮਾਲਕ ਰਾਜ ਹੋਣ ਦੇ ਨਾਤੇ ਇਸ ਨੂੰ ਆਪਣੀ ਜ਼ਰੂਰਤ ਦਾ ਪਾਣੀ ਲੈਣ ਦਾ ਅਧਿਕਾਰ ਹੈ ਤੇ ਦੂਸਰੇ ਰਾਜਾਂ ਨੂੰ ਇਹ ਫ਼ਾਲਤੂ ਪਾਣੀ ਹੀ ਦੇਵੇਗਾ। ਇਹ ਮੰਨਣਯੋਗ ਨਹੀਂ ਸੀ "ਸਿੰਧ ਨਦੀ ਪਾਣੀ ਸੰਧੀ" ਅਨੁਸਾਰ ਦਰਿਆਈ ਪਾਣੀ ਦਾ ਮਾਲਕ ਪੰਜਾਬ ਨਹੀਂ ਭਾਰਤ ਸੀ ਜਿਸ ਦਾ ਤਿੰਨਾਂ ਦਰਿਆਵਾਂ ਦੇ ਪਾਣੀ ਉੱਪਰ ਮਾਲਕੀ ਦਾ ਅਧਿਕਾਰ ਸੀ ਤੇ ਰਾਜਸਥਾਨ-ਸਤਲੁਜ ਦਾ ਪਾਣੀ ਬਹੁਤ ਪਹਿਲਾਂ ਤੋਂ ਲੈਂਦਾ ਆ ਰਿਹਾ ਸੀ। 1966 ਤੋਂ ਲੈ ਕੇ 1975 ਤੱਕ ਪੰਜਾਬ ਤੇ ਹਰਿਆਣੇ ਨੂੰ ਵੰਡ ਦੇ ਕਿਸੇ ਫ਼ਾਰਮੂਲੇ ਤੇ ਸਹਿਮਤ ਕਰਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ। ਜਦੋਂ ਸਫ਼ਲਤਾ ਨਾ ਮਿਲੀ ਤਾਂ ਕੇਂਦਰੀ ਸਰਕਾਰ ਨੇ 24 ਮਾਰਚ 1976 ਨੂੰ ਐਲਾਨ ਕਰ ਦਿੱਤਾ ਕਿ ਪ੍ਰਾਪਤ ਪਾਣੀ ਨੂੰ ਪੰਜਾਬ ਤੇ ਹਰਿਆਣੇ ਵਿੱਚ ਬਰਾਬਰ-ਬਰਾਬਰ ਵੰਡ ਦਿੱਤਾ ਜਾਵੇਗਾ ਜਿਸ ਦਾ ਕੁਝ ਹਿੱਸਾ ਦਿੱਲੀ ਦੀਆਂ ਪਾਣੀਆਂ ਦੀਆਂ ਜ਼ਰੂਰਤਾਂ ਵਿੱਚ ਵਾਧਾ ਕਰਨ ਲਈ ਵਰਤਿਆ ਜਾਵੇਗਾ। ਇਸ ਫ਼ੈਸਲੇ ਨਾਲ ਕੋਈ ਵੀ ਸਰਕਾਰ ਖ਼ੁਸ਼ ਨਹੀਂ ਸੀ।

ਆਖ਼ਰ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਾਤ ਸਥਿਤੀ ਦਾ ਲਾਭ ਲੈ ਕੇ ਪਿਛਲੇ ਸਾਲ ਦੇ ਲਏ ਹੋਏ ਫ਼ੈਸਲੇ ਨੂੰ ਹੀ ਲਾਗੂ ਕਰ ਦਿੱਤਾ। ਉਸ ਨੇ ਇਹ ਨਿਰਣਾ ਦੇਣ ਦੇ ਅਧਿਕਾਰ ਦਾ ਦਾਅਵਾ ਕੀਤਾ ਕਿਉਂਕਿ 1966 ਦੇ ਪੰਜਾਬ ਪੁਨਰ ਗਠਨ ਕਾਨੂੰਨ ਅਨੁਸਾਰ ਕੇਂਦਰ ਨੂੰ ਐਸਾ ਕਰਨ ਦਾ ਅਧਿਕਾਰ ਸੀ ਜੇਕਰ ਰਾਜ ਕਿਸੇ ਸਮਝੌਤੇ 'ਤੇ ਨਾ ਪਹੁੰਚ ਸਕਣ। ਪੰਜਾਬ ਦੇ ਮੁੱਖ ਮੰਤਰੀ ਜ਼ੈਲ ਸਿੰਘ ਨੇ ਇਸ ਦਾ ਵਿਰੋਧ ਕੀਤਾ। ਉਸ ਨੂੰ ਸਾਫ਼ ਸਾਫ਼ ਕਹਿ ਦਿੱਤਾ ਗਿਆ ਕਿ ਜਾਂ ਤਾਂ ਉਹ ਇਹ ਨਿਰਣਾ ਪ੍ਰਵਾਨ ਕਰ ਲਵੇ ਜਾਂ ਤਿਆਗ ਪੱਤਰ ਦੇਵੇ। ਉਸ ਨੇ ਮੁੱਖ ਮੰਤਰੀ ਬਣੇ ਰਹਿਣਾ ਪ੍ਰਵਾਨ ਕਰ ਲਿਆ।

ਇਸ ਫ਼ੈਸਲੇ ਅਨੁਸਾਰ 214 ਕਿਲੋਮੀਟਰ ਲੰਬੀ ਸਤਲੁਜ-ਯਮੁਨਾ ਲਿੰਕ ਨਹਿਰ ਕੱਢੀ ਜਾਣੀ ਸੀ, ਜਿਸ ਦੇ 122 ਕਿਲੋਮੀਟਰ ਦੀ ਪੰਜਾਬ ਵਿੱਚ ਖ਼ੁਦਾਈ ਕੀਤੀ ਜਾਣੀ ਸੀ ਤੇ ਬਾਕੀ 92 ਕਿਲੋਮੀਟਰ ਦੀ ਖ਼ੁਦਾਈ ਹਰਿਆਣੇ ਵਿੱਚ ਹੋਣੀ ਸੀ।

ਜਿਉਂ ਹੀ 1977 ਦੀਆਂ ਚੋਣਾਂ ਪਿੱਛੋਂ ਸ੍ਰੀਮਤੀ ਗਾਂਧੀ ਤੇ ਉਸ ਦੀ ਪਾਰਟੀ ਨੂੰ ਹੂੰਝਾਂ ਫਿਰ ਗਿਆ ਤਾਂ ਸਾਰੀ ਸਥਿਤੀ ਹੀ ਬਦਲ ਗਈ। ਹਰਿਆਣਾ ਅਤੇ ਪੰਜਾਬ ਦੋਹਾਂ ਵਿੱਚ ਹੀ ਜਨਤਾ ਪਾਰਟੀ ਨੇ ਸਰਕਾਰਾਂ ਬਣਾ ਲਈਆਂ ਤੇ ਉਹਨਾਂ ਦੇ ਮੁੱਖ ਮੰਤਰੀਆਂ ਨੇ 1976 ਦਾ ਫ਼ੈਸਲਾ ਪ੍ਰਵਾਨ ਕਰ ਲਿਆ। ਲਿੰਕ ਨਹਿਰ ਦਾ ਉਦਘਾਟਨ ਬਾਦਲ ਤੇ ਦੇਵੀ ਲਾਲ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਣਾ ਸੀ। ਬਾਦਲ ਨੇ ਇਕ ਕਰੋੜ ਰੁਪਏ ਵੀ ਹਰਿਆਣਾ ਤੋਂ

ਪ੍ਰਾਰੰਭਿਕ ਸਹਾਇਤਾ ਵਜੋਂ ਪ੍ਰਵਾਨ ਕਰ ਲਏ। ਫਿਰ ਦੋਹਾਂ ਮੁੱਖ ਮੰਤਰੀਆਂ ਨੇ ਇਸ ਵਿਸ਼ੇ 'ਤੇ ਪੁਨਰ ਵਿਚਾਰ ਕੀਤੀ ਤੇ ਝਗੜਾ ਸੁਪਰੀਮ ਕੋਰਟ ਨੂੰ ਸੌਂਪ ਦਿੱਤਾ।

ਸ੍ਰੀਮਤੀ ਗਾਂਧੀ 1980 ਈ: ਵਿੱਚ ਫਿਰ ਤਾਕਤ ਵਿੱਚ ਆ ਗਈ। ਉਸ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦਰਬਾਰਾ ਸਿੰਘ ਤੇ ਭਜਨ ਲਾਲ ਨੂੰ ਸੁਪਰੀਮ ਕੋਰਟ ਵਿੱਚੋਂ ਆਪਣੇ ਮੁਕੱਦਮੇ ਵਾਪਸ ਲੈਣ ਦੀ ਹਿਦਾਇਤ ਕੀਤੀ ਤੇ 31 ਦਸੰਬਰ 1981 ਨੂੰ ਆਪਣਾ ਫ਼ੈਸਲਾ ਸੁਣਾ ਦਿੱਤਾ ਜਿਸ ਅਨੁਸਾਰ ਸਾਰਾ ਅਨੁਮਾਨਿਤ 17.7 ਐਮ.ਏ. ਐਫ. ਨਹਿਰੀ ਪਾਣੀ ਨਿਮਨ ਅਨੁਸਾਰ ਵੰਡ ਦਿੱਤਾ। 4.22 ਐਮ.ਏ.ਐਫ. ਪੰਜਾਬ ਨੂੰ, 3.5 ਐਮ.ਏ.ਐਫ. ਹਰਿਆਣੇ ਨੂੰ, 8.6 ਐਮ.ਏ.ਐਫ. ਰਾਜਸਥਾਨ ਨੂੰ, 0.65 ਐਮ.ਏ.ਐਫ. ਜੰਮੂ ਕਸ਼ਮੀਰ ਨੂੰ ਤੇ ਦਿੱਲੀ ਨੂੰ 0.20 ਐਮ.ਏ. ਐਫ. ਪਾਣੀ ਵੰਡਿਆ ਗਿਆ। ਫਿਰ ਉਹ ਪਟਿਆਲਾ ਜ਼ਿਲ੍ਹੇ ਵਿੱਚ ਕਪੂਰੀ ਦੇ ਅਸਥਾਨ 'ਤੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਉਦਘਾਟਨ ਕਰਨ ਤੁਰ ਪਈ।

ਅਕਾਲੀਆਂ ਨੇ ਤੁਰੰਤ ਹੀ ਇਸ ਦਾ ਜਵਾਬ "ਨਹਿਰ ਰੋਕੋ ਅੰਦੋਲਨ" ਸ਼ੁਰੂ ਕਰਕੇ ਦਿੱਤਾ। ਇਹ ਅੰਦੋਲਨ ਬਹੁਤਾ ਸਰਗਰਮੀ ਨਾਲ ਨਾ ਚਲਿਆ। ਇਹ ਗੱਲ ਅਕਾਲੀਆਂ ਵੱਲੋਂ ਵੀ ਅਣਉਚਿਤ ਲੱਗਦੀ ਸੀ ਕਿ ਉਹ ਉਸ ਸਮਝੌਤੇ ਵਿਰੁੱਧ ਨਾਅਰੇ ਲਾਉਣ ਜਿਸ ਨੂੰ ਅਕਾਲੀ ਜਨਤਾ ਮੁੱਖ ਮੰਤਰੀਆਂ ਨੇ ਪ੍ਰਵਾਨ ਕੀਤਾ ਸੀ। ਇਕ ਵਾਰ ਫਿਰ ਇਹ ਮਾਮਲਾ "ਨੁੱਕਰੇ" ਲਾ ਦਿੱਤਾ ਗਿਆ। ਇਹ ਝਗੜਾ ਮਗਰੋਂ ਉਸ ਸਮਝੌਤੇ ਦਾ ਭਾਗ ਬਣਿਆ ਜਿਸ ਉਪਰ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ (ਵਿਡੰਬਨਾ ਵੇਖੋ ਕਿ ਉਹ "ਨਹਿਰ ਰੋਕੋ" ਮੋਰਚੇ ਸਮੇਤ ਸਮੁੱਚੇ ਅੰਦੋਲਨ ਦਾ ਡਿਕਟੇਟਰ ਰਿਹਾ ਸੀ) ਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 24 ਜੁਲਾਈ 1985 ਨੂੰ ਦਸਤਖ਼ਤ ਕੀਤੇ। ਇਸ ਸਮਝੌਤੇ ਅਨੁਸਾਰ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਕਿਸਾਨ ਰਾਵੀ-ਬਿਆਸ ਦਰਿਆਈ ਵਿਵਸਥਾ ਤੋਂ ਉਤਨਾ ਪਾਣੀ ਲੈਂਦੇ ਰਹਿਣਗੇ ਜੋ ਉਹਨਾਂ ਨੂੰ ਇਕ ਜੁਲਾਈ 1985 ਨੂੰ ਮਿਲ ਰਿਹਾ ਸੀ। ਬਾਕੀ ਪਾਣੀ ਬਾਰੇ ਪੰਜਾਬ ਤੇ ਹਰਿਆਣਾ ਦੇ ਦਾਅਵਿਆਂ ਨੂੰ ਸੁਪਰੀਮ ਕੋਰਟ ਦੇ ਇਕ ਜੱਜ ਹਵਾਲੇ ਨਿਰਣੇ ਲਈ ਸੌਂਪ ਦਿੱਤਾ ਜਾਵੇਗਾ। ਇਸ ਟ੍ਰਿਬਿਊਨਲ ਦਾ ਫ਼ੈਸਲਾ 6 ਮਹੀਨੇ ਵਿੱਚ ਕਰ ਦਿੱਤਾ ਜਾਵੇਗਾ ਤੇ ਉਹ ਫ਼ੈਸਲਾ ਦੋਹਾਂ ਧਿਰਾਂ ਲਈ ਮਨਜ਼ੂਰ ਕਰਨਾ ਜ਼ਰੂਰੀ ਹੋਵੇਗਾ।[12]

ਪਾਣੀ ਦੀ ਵੰਡ ਦੋਹਾਂ ਰਾਜਾਂ ਵਿੱਚ ਝਗੜੇ ਦਾ ਕਾਰਨ ਬਣੀ ਰਹੇਗੀ। ਨਾ ਪੰਜਾਬ ਤੇ ਨਾ ਹਰਿਆਣੇ ਨੂੰ ਬਹੁ-ਫ਼ਸਲੀ ਚੱਕਰ ਦੀ ਖੇਤੀ ਲਈ ਆਪਣੀਆਂ ਲੋੜਾਂ ਦੀ ਪੂਰਤੀ

---

12. ਵੇਖੋ ਅੰਤਕਾ-"ਸੰਤ ਲੌਂਗੋਵਾਲ ਰਾਜੀਵ ਗਾਂਧੀ ਸਮਝੌਤਾ" ਅਗਸਤ 1987 ਵਿੱਚ ਹਰਿਆਣਾ ਦੀਆਂ ਚੋਣਾਂ ਤੋਂ ਕੁਝ ਚਿਰ ਪਹਿਲਾਂ ਸੁਪਰੀਮ ਕੋਰਟ ਦੇ ਜੱਜ ਇਰਾਦੀ ਨੇ ਆਪਣੀ ਰਿਪੋਰਟ ਸਰਕਾਰ ਦੇ ਹਵਾਲੇ ਕਰ ਦਿੱਤੀ। ਇਸ ਨੂੰ ਤੁਰੰਤ ਹੀ "ਕੇਂਦਰੀ ਜਲ ਸਾਧਨ ਮੰਤਰਾਲੇ" ਨੇ ਪ੍ਰਵਾਨ ਕਰ ਲਿਆ ਪਰ ਉਤਨੀ ਫ਼ੁਰਤੀ ਨਾਲ ਹੀ ਪੰਜਾਬ ਤੇ ਹਰਿਆਣਾ ਨੇ ਅਪ੍ਰਵਾਨ ਕਰ ਦਿੱਤਾ। ਆਪਣੀਆਂ ਹੋਰ ਖੋਜਾਂ ਵਿੱਚ ਵਿਦਵਾਨ ਜੱਜ ਨੇ ਪਾਣੀ ਦੇ ਵਾਧੂ ਸਰੋਤ ਵੀ ਲੱਭ ਲਏ ਜਿਨ੍ਹਾਂ ਦਾ ਪਹਿਲਾਂ ਕਿਸੇ ਨੂੰ ਖ਼ਿਆਲ ਨਹੀਂ ਸੀ।

ਲਈ ਪੂਰਾ ਪਾਣੀ ਮਿਲ ਸਕੇਗਾ ਕਿਉਂਕਿ ਉਹ ਬਹੁ-ਫ਼ਸਲੀ ਚੱਕਰ ਦੀ ਦਿਸ਼ਾ ਵੱਲ ਜੁੱਟ ਪਏ ਹਨ। ਧਾਨ, ਗੰਨਾ ਤੇ ਆਲੂ ਦੀਆਂ ਫ਼ਸਲਾਂ ਨੂੰ ਉਸ ਵੇਲੇ ਪਾਣੀ ਦੀ ਅਧਿਕ ਮਾਤਰਾ ਦੀ ਲੋੜ ਹੁੰਦੀ ਹੈ ਜਦੋਂ ਉਹਨਾਂ ਵਿੱਚ ਖ਼ਾਦ ਪਾਈ ਜਾਂਦੀ ਹੈ। ਹੁਣ ਤੱਕ ਤਾਂ ਦੋਹਾਂ ਰਾਜਾਂ ਦੇ ਕਿਸਾਨਾਂ ਨੇ ਆਪਣੇ ਪਾਣੀ ਦੇ ਸਾਧਨ ਟਿਊਬਵੈੱਲ ਲਾ ਕੇ ਵਧਾ ਲਏ ਹਨ ਪ੍ਰੰਤੂ ਨਹਿਰ ਦਾ ਪਾਣੀ ਟਿਊਬਵੈਲ ਦੇ ਪਾਣੀ ਨਾਲੋਂ ਬਹੁਤ ਸਸਤਾ ਪੈਂਦਾ ਹੈ ਤੇ ਨਾਲੇ ਦੋਹਾਂ ਰਾਜਾਂ ਵਿੱਚ ਧਰਤੀ ਹੇਠਲਾ ਪਾਣੀ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ, ਜਿਸ ਨਾਲ ਕਿਸਾਨਾਂ ਦਾ ਟਿਊਬਵੈੱਲ ਡੂੰਘੇ ਕਰਨ ਦਾ ਖ਼ਰਚਾ ਵੀ ਵੱਧ ਰਿਹਾ ਹੈ।

ਸਮਝੌਤਾ ਸਿਰੇ ਨਾ ਚੜ੍ਹਿਆ—27 ਸਤੰਬਰ 1985 ਨੂੰ ਬਰਨਾਲਾ ਨੇ ਸਥਾਈ ਸ਼ਾਂਤੀ ਦੀ ਉਮੀਦ ਤੇ ਬੜੇ ਧੂਮ-ਧੜੱਕੇ ਨਾਲ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਉਹ ਦਾ ਮੰਤਰੀ ਮੰਡਲ ਪਹਿਲਾ ਅਕਾਲੀ ਮੰਤਰੀ ਮੰਡਲ ਸੀ ਜੋ ਕਿਸੇ ਹੋਰ ਰਾਜਸੀ ਪਾਰਟੀ ਦੀ ਹਿਮਾਇਤ ਜਾਂ ਸਹਾਰੇ ਤੋਂ ਬਿਨਾ ਸੀ। ਕੁਝ ਉਚਿੱਤਤਾ ਨਾਲ ਉਸ ਨੇ ਇਸ ਨੂੰ ਪੰਥਕ ਸਰਕਾਰ ਆਖਿਆ। ਵਿਡੰਬਨਾ ਇਹ ਸੀ ਕਿ ਉਸੇ ਪੰਥ ਦੇ ਕੁਝ ਅੰਸ਼ਾਂ ਨੇ ਸਾਲ ਦੇ ਅੰਦਰ ਉਹਦੀ ਸਰਕਾਰ ਨੂੰ ਡੇਗਣ ਲਈ ਸਾਜ਼ਿਸ਼ ਤਿਆਰ ਕਰ ਲਈ। ਉਸ ਨੂੰ ਛਡੂਰ ਸਮਝਿਆ ਗਿਆ।

ਬਾਦਲ ਤੇ ਟੌਹੜਾ ਦੋਵੇਂ ਹੀ ਉਸ ਨੂੰ ਆਪਣਾ ਤਿਆਰ ਕੀਤਾ ਪਰਾਣੀ (ਪੱਠਾ) ਹੀ ਸਮਝਦੇ ਸਨ ਤੇ ਉਹਦੀ ਚੜ੍ਹਤਲ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ। ਬਾਦਲ ਨੇ ਤਾਂ ਮੰਤਰੀ ਮੰਡਲ ਵਿੱਚ ਉਦੋਂ ਤੱਕ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਉਸ ਨੂੰ ਉਪ-ਮੁੱਖ ਮੰਤਰੀ ਦੀ ਪਦਵੀ ਨਹੀਂ ਦਿੱਤੀ ਜਾਂਦੀ। ਬਰਨਾਲਾ ਇਸ ਗੱਲੋਂ ਝਿਜਕਦਾ ਸੀ ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਬਾਦਲ ਦੇ ਸਮਰਥਕ ਅਕਾਲੀ ਵਿਧਾਨਕਾਰਾਂ ਦੀ ਗਿਣਤੀ ਜ਼ਿਆਦਾ ਹੈ ਤੇ ਉਸ ਨਾਲੋਂ ਉਹਦੀ ਪ੍ਰਤਿਸ਼ਠਾ ਤੇ ਮਾਨ ਸਨਮਾਨ ਵੀ ਕਿਤੇ ਜ਼ਿਆਦਾ ਹੈ ਤੇ ਉਸ ਨੂੰ ਇਹ ਕੁਰਸੀ 'ਤੇ ਕਬਜ਼ਾ ਕਰਨ ਲਈ ਬਹੁਤਾ ਸਮਾਂ ਨਹੀਂ ਲੱਗੇਗਾ ਜਿਸ 'ਤੇ ਉਹ ਦੋ ਵਾਰ ਪਹਿਲਾਂ ਬੈਠ ਚੁੱਕਾ ਸੀ। ਬਰਨਾਲਾ ਬਲਵੰਤ ਸਿੰਘ ਨੂੰ ਦੂਸਰੇ ਨੰਬਰ 'ਤੇ ਰੱਖ ਕੇ ਵਧੇਰੇ ਸੁਰੱਖਿਅਤ ਮਹਿਸੂਸ ਕਰਦਾ ਸੀ ਕਿਉਂਕਿ ਇਕ ਤਾਂ ਉਹ ਗੈਰ ਜੱਟ ਸੀ ਤੇ ਉਹ ਅਕਾਲੀ ਸਿਆਸਤਦਾਨਾਂ ਨੂੰ ਡਰਾ ਕੇ ਜਾਂ ਰਿਸ਼ਵਤ ਨਾਲ ਖ਼ਰੀਦ ਕੇ ਜੋੜ-ਤੋੜ ਕਰਨ ਵਿੱਚ ਮਾਹਿਰ ਸੀ ਤੇ ਆਪਣੇ ਹੀ ਘਰ ਨੂੰ ਭਰਨ ਵਿੱਚ ਨਿਪੁੰਨ ਸੀ। ਫਿਰ ਟੌਹੜਾ ਜੋ ਸ਼੍ਰੋ.ਗੁ.ਪ੍ਰ. ਕਮੇਟੀ 'ਤੇ ਕਾਬਜ਼ ਸੀ ਤੇ ਉਹ ਵੀ ਮੁੱਖ-ਮੰਤਰੀ ਬਣਨ ਦਾ ਚਾਹਵਾਨ ਸੀ। ਇਕ ਹੋਰ ਨਵਾਂ ਅਭਿਲਾਸ਼ੀ ਪਟਿਆਲਾ ਦੇ ਸ਼ਾਹੀ ਘਰਾਣੇ ਦਾ ਨੌਜਵਾਨ ਕਾਂਗਰਸੀ ਬਣਿਆਂ ਅਕਾਲੀ ਅਮਰਿੰਦਰ ਸਿੰਘ ਵੀ ਸੀ। ਅਕਾਲੀ ਸਰਕਾਰ ਦੇ ਹਕੂਮਤ ਸੰਭਾਲਣ ਤੋਂ ਛੇਤੀ ਹੀ ਮਗਰੋਂ ਇਸ ਢਾਂਚੇ 'ਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ।

ਲੌਂਗੋਵਾਲ-ਗਾਂਧੀ ਸਮਝੌਤਾ ਇਸ ਅਨੁਮਾਨ 'ਤੇ ਅਧਾਰਿਤ ਸੀ ਕਿ ਦੋਵੇਂ ਧਿਰਾਂ ਸ਼ਰਤਾਂ ਮੰਨਣਗੀਆਂ, ਇਸ ਨੂੰ ਸਫ਼ਲ ਬਣਾਉਣਗੀਆਂ ਤੇ ਇਸ ਨੂੰ ਅਸਫ਼ਲ ਬਣਾਉਣ ਵਾਲਿਆਂ ਵਿਰੁੱਧ ਸਰਗਰਮੀ ਨਾਲ ਦ੍ਰਿੜ੍ਹ ਰਹਿਣਗੀਆਂ। ਜਿਵੇਂ ਮਗਰੋਂ ਵਾਪਰਿਆਂ ਦੋਹਾਂ 'ਚੋਂ ਕੋਈ ਧਿਰ ਵੀ ਆਪਣੀ ਜ਼ਿੰਮੇਵਾਰੀ ਨਿਬਾਹੁਣ ਲਈ ਉਤਾਵਲੀ ਨਹੀਂ ਸੀ ਤੇ ਉਹ

ਸਮਝੌਤਾ ਤੋੜਨ ਵਾਲਿਆਂ ਸਾਹਮਣੇ ਹਾਰ ਗਏ। ਇਸ ਸਮਝੌਤੇ ਤੇ ਪਹਿਲਾ ਵਾਰ ਰਾਜੀਵ ਗਾਂਧੀ ਨੇ ਕੀਤਾ। ਉਸ ਨੇ ਵਚਨ ਦਿੱਤਾ ਸੀ ਕਿ 26 ਜਨਵਰੀ 1986 ਨੂੰ ਗਣਤੰਤਰ ਦਿਵਸ ਤੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਵੇਗਾ। ਇਸ ਤਰ੍ਹਾਂ ਨਾ ਕੀਤਾ ਗਿਆ। ਸਰਕਾਰੀ ਤੌਰ 'ਤੇ ਇਹ ਬਹਾਨਾ ਲਾਇਆ ਗਿਆ ਕਿ ਮੈਥੀਓ ਕਮਿਸ਼ਨ ਨੇ, ਜਿਸ ਨੇ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਦਿੱਤੇ ਜਾਣ ਵਾਲੇ ਪਿੰਡਾਂ ਦੀ ਪੜਤਾਲ ਕਰਨੀ ਸੀ, ਦੋ ਵਾਰ ਮਿਆਦ ਵਧਾਏ ਜਾਣ ਦੇ ਬਾਵਜੂਦ, ਆਪਣਾ ਕੰਮ ਪੂਰਾ ਨਹੀਂ ਕੀਤਾ ਸੀ। ਅਸਲੀ ਕਾਰਨ ਇਹ ਸੀ ਕਿ ਰਾਜੀਵ ਗਾਂਧੀ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਦੀ ਗੱਲ ਵੱਲ ਵਧੇਰੇ ਧਿਆਨ ਦੇਣ ਲੱਗ ਪਿਆ ਸੀ ਤੇ ਇਸ ਸਿੱਟੇ 'ਤੇ ਪਹੁੰਚਿਆ ਸੀ ਕਿ ਜੇ ਉਸ ਨੇ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਤਾਂ ਉਹ ਅਗਲੇ ਸਾਲ ਹਰਿਆਣਾ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਹਿੰਦੂ ਵੋਟਾਂ ਤੋਂ ਵੰਚਿਤ ਹੋ ਜਾਵੇਗਾ। ਬਰਨਾਲਾ ਜਿਸ ਨੂੰ ਚਾਹੀਦਾ ਸੀ ਕਿ ਉਹ ਵਿਸ਼ਵਾਸਘਾਤ ਕਰਨ ਦਾ ਸੁਆਲ ਬਣਾ ਕੇ ਤਿਆਗ ਪੱਤਰ ਦੇ ਦਿੰਦਾ, ਉਹ ਪ੍ਰਧਾਨ ਮੰਤਰੀ ਦਾ ਬਹਾਨਾ ਸਹੀ ਮੰਨ ਕੇ ਮੁੱਖ ਮੰਤਰੀ ਦੀ ਗੱਦੀ ਨੂੰ ਚੰਬੜਿਆ ਰਿਹਾ। ਇਸ ਤੋਂ ਬਿਨਾ ਉਹਦੀ ਆਪਣੀ ਸਰਕਾਰ ਵੀ ਸਤਲੁਜ ਯਮੁਨਾ ਲਿੰਕ ਨਹਿਰ ਦੀ ਖ਼ੁਦਾਈ ਵਿੱਚੋਂ ਪੈਰ ਪਿਛਾਂਹ ਖਿੱਚ ਰਹੀ ਸੀ ਤੇ ਕਈ ਮਹੀਨਿਆਂ ਤੋਂ ਉਸ ਉਪਰ ਕੋਈ ਕੰਮ ਨਹੀਂ ਹੋ ਰਿਹਾ ਸੀ। ਬਰਨਾਲਾ ਆਪਣੇ ਆਲੋਚਕਾਂ ਦੀਆਂ ਨਜ਼ਰਾਂ ਵਿੱਚ ਕੇਂਦਰੀ ਸਰਕਾਰ ਦੀ ਕੱਠਪੁਤਲੀ ਬਣ ਚੁੱਕਾ ਸੀ।

ਜਿਵੇਂ-ਜਿਵੇਂ ਨਰਮਦਲੀਏ ਆਪਸ ਵਿੱਚ ਲੜਨ-ਝਗੜਨ ਲੱਗੇ, ਉਸ ਸਮੇਂ ਹੀ ਗਰਮਦਲੀਏ ਤੇ ਅੱਤਵਾਦੀਆਂ ਨੇ ਸਿੱਖਾਂ ਤੇ ਆਪਣਾ ਨਿਯੰਤਰਨ ਵਧਾਉਣਾ ਸ਼ੁਰੂ ਕਰ ਦਿੱਤਾ। ਜਿਸ ਦਿਨ ਚੰਡੀਗੜ੍ਹ ਪੰਜਾਬ ਨੂੰ ਸੌਂਪਿਆ ਜਾਣਾ ਸੀ ਪਰ ਸੌਂਪਿਆ ਨਾ ਗਿਆ, ਉਸ ਦਿਨ ਉਹਨਾਂ ਨੇ ਸ਼੍ਰੋ. ਗੁ.ਪ੍ਰ. ਕਮੇਟੀ ਨੂੰ ਸਵਰਨ ਮੰਦਰ ਦੇ ਪ੍ਰਬੰਧ ਤੋਂ ਬਾਹਰ ਕੱਢ ਕੇ ਖ਼ਾਲਿਸਤਾਨੀ ਝੰਡਾ ਲਹਿਰਾ ਦਿੱਤਾ ਤੇ ਪੰਜ-ਮੈਂਬਰੀ ਪੰਥਕ ਕਮੇਟੀ ਦੀ ਅਗਵਾਈ ਵਿੱਚ ਅਕਾਲ ਤਖ਼ਤ ਢਾਹੁਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਉਹਨਾਂ ਨੇ ਟੌਹੜੇ ਨੂੰ ਮਾਤ ਪਾ ਕੇ ਚਿੱਤ ਕਰ ਦਿੱਤਾ ਜਿਹੜਾ ਇਸ ਤਰ੍ਹਾਂ ਦੀ ਢੌਂਕਸਲੇਬਾਜ਼ੀ ਨਾਲ ਸਿੱਖ ਜਨਤਾ ਵਿੱਚ ਪੁਨਰ-ਸਥਾਪਤ ਹੋਣ ਦੀ ਉਮੀਦ ਲਾਈ ਬੈਠਾ ਸੀ। ਉਹ ਆਤੰਕਵਾਦੀਆਂ ਨਾਲ ਮਿਲ ਕੇ ਕਾਰ ਸੇਵਾ ਕਰਨ ਲਈ ਸਹਿਮਤ ਹੋ ਗਿਆ। ਭਾਵੇਂ ਉਹ ਅਜੇ ਵੀ ਸ਼੍ਰੋ.ਗੁ.ਪ੍ਰ. ਕਮੇਟੀ ਦਾ ਪ੍ਰਧਾਨ ਸੀ ਪਰ ਉਹਦਾ ਸਭ ਤੋਂ ਮਹੱਤਵਪੂਰਨ ਗੁਰਦੁਆਰੇ ਵਿੱਚੋਂ ਨਿਯੰਤਰਨ ਖ਼ਤਮ ਹੋ ਗਿਆ ਸੀ। ਕੇਂਦਰੀ ਸਰਕਾਰ ਡਰ ਗਈ ਤੇ ਉਸ ਨੇ ਆਉਣ ਵਾਲੀਆਂ ਘਟਨਾਵਾਂ ਬਾਰੇ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਇਕ ਅਪ੍ਰੈਲ 1986 ਨੂੰ ਉਸ ਨੇ ਸਿਧਾਰਥ ਸ਼ੰਕਰ ਰੇਅ ਨੂੰ ਪੰਜਾਬ ਦਾ ਰਾਜਪਾਲ ਨਿਯੁਕਤ ਕਰ ਦਿੱਤਾ। ਬੰਗਾਲ ਦਾ ਮੁੱਖ ਮੰਤਰੀ ਰਹਿਣ ਸਮੇਂ ਉਸ ਨੂੰ ਆਤੰਕਵਾਦੀਆਂ ਨਾਲ ਨਜਿੱਠਣ ਦਾ ਅਨੁਭਵ ਸੀ। ਸਪੱਸ਼ਟ ਸੀ ਕਿ ਕੇਂਦਰ ਸਰਕਾਰ ਨੂੰ ਆਤੰਕਵਾਦੀਆਂ ਨਾਲ ਬਰਨਾਲਾ ਸਰਕਾਰ ਵੱਲੋਂ ਨਜਿੱਠਣ ਦੀ ਯੋਗਤਾ ਵਿੱਚ ਵਿਸ਼ਵਾਸ਼ ਨਹੀਂ ਰਿਹਾ ਸੀ।

ਆਤੰਕਵਾਦੀ ਜਿੱਤ ਵੱਲ ਕਦਮ ਵਧਾਉਂਦੇ ਗਏ। 29 ਅਪ੍ਰੈਲ 1986 ਨੂੰ ਉਹਨਾਂ

ਖ਼ਾਲਿਸਤਾਨ ਦੇ ਐਲਾਨ ਬਾਰੇ ਵਿਧੀਪੂਰਵਕ ਮਤਾ ਪਾਸ ਕਰ ਦਿੱਤਾ।[13] ਫਿਰ ਸਵਰਨ ਮੰਦਰ ਤੇ ਦੁਬਾਰਾ ਖ਼ਾਲਿਸਤਾਨੀ ਝੰਡਾ ਲਹਿਰਾ ਦਿੱਤਾ। ਪ੍ਰਧਾਨ ਮੰਤਰੀ ਦੀ ਪ੍ਰਵਾਨਗੀ ਨਾਲ ਰਾਜਪਾਲ ਰੇਅ ਤੇ ਉਹਦੇ ਪੁਲਿਸ ਮੁਖੀ ਜੂਲੀਓ ਰਿਬੇਰੋ ਨੇ ਬਰਨਾਲੇ ਉਪਰ ਦਬਾ ਪਾਇਆ ਕਿ ਉਹ ਅੱਤਵਾਦੀਆਂ ਦੀ ਇਸ ਘਿਨਾਉਣੀ ਦੇਸ਼-ਧ੍ਰੋਹ ਦੀ ਹਰਕਤ ਵਿਰੁੱਧ ਕਾਰਵਾਈ ਕਰੇ। 30 ਅਪ੍ਰੈਲ 1986 ਨੂੰ ਬਰਨਾਲਾ ਨੇ ਪੁਲਿਸ ਨੂੰ ਹੁਕਮ ਦੇ ਦਿੱਤਾ ਕਿ ਉਹ ਸਵਰਨ ਮੰਦਰ ਵਿੱਚ ਦਾਖ਼ਲ ਹੋ ਕੇ ਵੱਖਵਾਦੀਆਂ ਨੂੰ ਗ੍ਰਿਫ਼ਤਾਰ ਕਰੇ। ਇਸ ਨਾਲ ਬਾਦਲ, ਟੌਹੜਾ ਤੇ ਅਮਰਿੰਦਰ ਨੂੰ ਉਹ ਮੌਕਾ ਮਿਲ ਗਿਆ ਜਿਸ ਦੀ ਉਹਨਾਂ ਨੂੰ ਉਡੀਕ ਸੀ। ਉਹਨਾਂ ਨੇ ਪੁਲਿਸ ਦੇ ਦਾਖ਼ਲੇ ਨੂੰ "ਦੂਸਰਾ ਨੀਲਾ ਤਾਰਾ ਸਾਕਾ" ਕਹਿ ਕੇ ਨਿੰਦਿਆ ਕੀਤੀ ਤੇ ਵਿਧਾਨ ਸਭਾ ਵਿੱਚ ਆਪਣੇ ਸਮਰਥਕਾਂ ਨੂੰ ਬਰਨਾਲਾ ਮੰਤਰੀ ਮੰਡਲ ਵਿੱਚ ਅਵਿਸ਼ਵਾਸ਼ ਦਾ ਮਤਾ ਲਿਆਉਣ ਲਈ ਕਿਹਾ। ਪ੍ਰੰਤੂ ਬਰਨਾਲਾ ਦਾ ਉਪ ਮੁੱਖ ਮੰਤਰੀ ਦਲ-ਬਦਲੂਆਂ ਨਾਲੋਂ ਵਧੇਰੇ ਤਕੜਾ ਨਿਕਲਿਆ। ਉਹ ਬਾਕੀ ਬਚਦੇ ਮੈਂਬਰਾਂ ਨੂੰ ਇਕੱਠਿਆ ਕਰਕੇ ਹਿਮਾਚਲ ਦੇ ਵਿਸ਼ਰਾਮ ਘਰ ਵਿੱਚ ਲੈ ਗਿਆ ਜਿੱਥੇ ਅਸਹਿਮਤ ਧੜੇ ਦੇ ਨੇਤਾ ਪਹੁੰਚ ਨਹੀਂ ਸਕਦੇ ਸਨ। ਉਹਨਾਂ ਨੂੰ ਵਿਧਾਨ ਸਭਾ ਵਿੱਚ ਐਨ ਮੌਕੇ 'ਤੇ ਹੀ ਵੋਟ ਪਾਉਣ ਸਮੇਂ ਸਰਕਾਰ ਦੇ ਹੱਕ ਵਿੱਚ ਵੋਟ ਪਾਉਣ ਲਈ ਲਿਆਂਦਾ ਗਿਆ।

ਜਿਹੜਾ ਵੀ ਵਫ਼ਾਦਾਰ ਰਿਹਾ ਉਸ ਨੂੰ ਮੰਤਰੀ ਪਦ ਜਾਂ ਕਿਸੇ ਸਰਕਾਰੀ ਸੰਸਥਾ ਦਾ 'ਚੇਅਰਮੈਨ' ਬਣਾ ਕੇ ਨਿਵਾਜਿਆ ਗਿਆ। ਨਵੇਂ ਮੰਤਰੀ ਮੰਡਲ ਨੇ 6 ਮਈ 1986 ਨੂੰ ਹਲਫ਼ ਲਿਆ। ਹੁਣ ਬਰਨਾਲਾ ਸੱਚਮੁੱਚ ਹੀ ਕੇਂਦਰ ਸਰਕਾਰ ਦੀ ਕਠਪੁਤਲੀ ਸੀ ਤੇ ਉਹ ਕਾਂਗਰਸ ਦੇ ਸਮਰਥਨ 'ਤੇ ਨਿਰਭਰ ਸੀ। ਉਸ ਨੂੰ ਸ਼੍ਰੋ.ਗੁ.ਪ੍ਰ.ਕਮੇਟੀ ਦੀਆਂ ਚੋਣਾਂ ਵਿੱਚ ਇਕ ਹੋਰ ਝਟਕਾ ਲੱਗਾ। ਉਸ ਦਾ ਮਨੋਨੀਤ ਕਾਬਲ ਸਿੰਘ ਟੌਹੜੇ ਹੱਥੋਂ ਹਾਰ ਗਿਆ ਜੋ ਸੋਲ੍ਹਵੀਂ ਵਾਰ ਪ੍ਰਧਾਨ ਚੁਣਿਆ ਗਿਆ। ਅਗਲੇ ਦਿਨ ਟੌਹੜਾ ਤੇ ਬਾਦਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਅੱਤਵਾਦੀਆਂ ਨੇ ਸਵਰਨ ਮੰਦਰ ਵਿੱਚ ਮੋਰਚੇ ਸੰਭਾਲ ਲਏ ਤੇ ਇਹ ਫ਼ੈਸਲਾ ਲੈ ਲਿਆ ਕਿ ਸਾਰੇ ਨਰਮ-ਖ਼ਿਆਲੀਏ ਲੋਕਾਂ ਨੂੰ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ। ਫ਼ਰਵਰੀ 1987 ਵਿੱਚ ਉਹਨਾਂ ਨੇ ਇਕ ਉੱਘੇ ਸ਼ਬਦ ਕੀਰਤਨੀਏ ਦਰਸ਼ਨ ਸਿੰਘ ਰਾਗੀ ਨੂੰ ਅਕਾਲ ਤਖ਼ਤ ਦਾ ਜੱਥੇਦਾਰ ਥਾਪ ਦਿੱਤਾ ਤੇ ਆਪਣੇ ਨਾਮਜ਼ਦ ਮੈਂਬਰ ਪੰਜਾਬ ਦੇ ਦੂਸਰੇ ਤਖਤਾਂ ਤੇ ਨਿਯੁਕਤ ਕਰ ਦਿੱਤੇ। ਜੱਥੇਦਾਰਾਂ ਨੇ ਪੰਥਕ-ਏਕਤਾ ਦੇ ਨਾਮ ਤੇ ਵੱਖ-ਵੱਖ ਅਕਾਲੀ ਦਲਾਂ ਨੂੰ ਭੰਗ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਉਸ ਨੂੰ ਤੁਰੰਤ ਹੀ "ਤਨਖ਼ਾਹੀਆ" ਕਰਾਰ ਦੇ ਦਿੱਤਾ ਗਿਆ। ਉਹ ਹਰ ਪਾਸੇ ਤੋਂ ਹਾਰ ਗਿਆ। ਉਹਦੇ ਸਾਥੀ ਉਸ ਨੂੰ ਧੋਖਾ ਦੇ ਗਏ। ਪੰਥ ਨੇ ਉਸ ਨੂੰ ਛੇਕ ਦਿੱਤਾ, ਪ੍ਰਧਾਨ ਮੰਤਰੀ ਨੇ ਉਸ ਨਾਲ ਧੋਖਾ ਕੀਤਾ।

---

13. ਭਰੋਸੇਯੋਗ ਸੂਤਰਾਂ ਕਾਰਨ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਐਲਾਨ ਵਾਸ਼ਿੰਗਟਨ ਡੀ ਸੀ ਦੀ ਇਕ ਸਿੱਖ ਸੰਸਥਾ ਦੀ ਉਤੇਜਨਾ ਕਰਕੇ ਹੀ ਕੀਤਾ ਗਿਆ ਸੀ। ਇਸ ਦਾ ਸਕੱਤਰ ਜਨਰਲ, ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਸੀ ਜੋ ਐਨ ਮੌਕੇ 'ਤੇ ਫ਼ੌਜ ਵੱਲੋਂ "ਨੀਲਾ ਤਾਰਾ ਸਾਕਾ" ਸ਼ੁਰੂ ਕਰਨ ਸਮੇਂ ਸਵਰਨ ਮੰਦਰ 'ਚੋਂ ਬਚਕੇ ਨਿਕਲ ਗਿਆ ਸੀ।

ਇਸ ਗੱਲ 'ਚ ਕੋਈ ਸੰਦੇਹ ਨਹੀਂ ਕਿ ਸਮਝੌਤੇ ਦੀ ਅਸਫ਼ਲਤਾ ਦਾ ਕਾਰਨ ਮੁੱਖ ਤੌਰ 'ਤੇ ਰਾਜੀਵ ਗਾਂਧੀ ਵੱਲੋਂ ਵਚਨ ਪੂਰਾ ਨਾ ਕਰਨਾ ਸੀ। ਉਹ ਆਪਣੇ 'ਤੇ ਪਏ ਦਬਾਅ ਦਾ ਵਿਰੋਧ ਕਰਨ ਦੇ ਯੋਗ ਨਹੀਂ ਸੀ। ਪਹਿਲਾਂ ਤਾਂ ਬੂਟਾ ਸਿੰਘ ਹੀ ਸੀ ਜੋ 1984 ਸਤੰਬਰ ਵਿੱਚ "ਤਨਖ਼ਾਹੀਆ" ਕਰਾਰ ਦਿੱਤੇ ਜਾਣ ਪਿੱਛੋਂ ਤੇ ਫਿਰ ਅਪ੍ਰੈਲ 1985 ਵਿੱਚ ਪੰਥ ਤੋਂ ਛੇਕੇ ਜਾਣ 'ਤੇ ਤੀਬਰ ਅਪਮਾਨ ਮਹਿਸੂਸ ਕਰ ਰਿਹਾ ਸੀ। ਮਈ 1985 ਵਿੱਚ ਰਾਜੀਵ ਗਾਂਧੀ ਨੇ ਉਸ ਨੂੰ ਗ੍ਰਹਿ-ਮੰਤਰੀ ਨਿਯੁਕਤ ਕਰ ਦਿੱਤਾ ਸੀ। ਬੂਟਾ ਸਿੰਘ ਨੇ ਅਕਾਲੀਆਂ ਤੇ ਜੱਥੇਦਾਰਾਂ ਨਾਲ ਹਿਸਾਬ ਕਿਤਾਬ ਚੁਕਤਾ ਕਰਨਾ ਸੀ। ਫਿਰ ਦਰਬਾਰਾ ਸਿੰਘ ਵੀ ਸੀ। ਉਸ ਦੇ ਮਨੋਨੀਤ ਪੰਜਾਬ ਪ੍ਰਦੇਸ਼ ਕਮੇਟੀ ਦੇ ਪ੍ਰਧਾਨ ਸੰਤੋਖ ਸਿੰਘ ਰੰਧਾਵਾ ਉਪਰ ਆਤੰਕਵਾਦੀਆਂ ਨਾਲ ਸਬੰਧ ਰੱਖਣ ਦੇ ਇਲਜ਼ਾਮ ਲਾਏ ਗਏ ਸਨ ਤੇ ਉਸ ਨੂੰ ਜੂਨ 1985 ਵਿੱਚ ਤਿਆਗ ਪੱਤਰ ਦੇਣ ਲਈ ਮਜ਼ਬੂਰ ਹੋਣਾ ਪਿਆ ਸੀ। ਉਸ ਦੀ ਥਾਂ 'ਤੇ ਪ੍ਰਧਾਨ ਮੰਤਰੀ ਨੇ ਇਕ ਰਿਟਾਇਰ ਹੋਏ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ, ਮੈਂਬਰ ਪਾਰਲੀਮੈਂਟ ਨੂੰ ਕਾਂਗਰਸ ਪ੍ਰਧਾਨ ਨਿਯੁਕਤ ਕਰ ਦਿੱਤਾ ਸੀ ਜੋ ਪਛਾਣ-ਰਹਿਤ ਯੱਕੜਬਾਜ਼ ਸੀ। ਪੰਜਾਬ ਕਾਂਗਰਸ ਦੀ ਪੁੱਛ-ਪ੍ਰਤੀਤ ਖ਼ਤਮ ਹੋ ਗਈ ਸੀ ਤੇ ਦਰਬਾਰਾ ਸਿੰਘ ਇਸ ਦੀ ਵਾਗਡੋਰ ਸੰਭਾਲਣ ਲਈ ਉਤਾਵਲਾ ਸੀ ਤੇ ਅਖ਼ੀਰ ਵਿੱਚ ਭਜਨ ਲਾਲ ਸੀ ਜੋ ਪ੍ਰਧਾਨ ਮੰਤਰੀ ਦੇ ਕੰਨਾਂ ਵਿੱਚ ਗੱਲਾਂ ਭਰ-ਭਰ ਸਿਰ ਖਾਈ ਜਾ ਰਿਹਾ ਸੀ ਕਿ ਸਿੱਖਾਂ ਜਾਂ ਪੰਜਾਬ ਨੂੰ ਦਿੱਤੀ ਹਰ ਰਿਆਇਤ ਹਰਿਆਣੇ 'ਚੋਂ ਹਿੰਦੂਆਂ ਦੀਆਂ ਵੋਟਾਂ ਕਾਂਗਰਸ ਨਾਲੋਂ ਤੋੜਨ ਦਾ ਕਾਰਨ ਬਣੇਗੀ। ਰਾਜੀਵ ਗਾਂਧੀ ਇਸ ਸਿਆਪੇ ਦੀ ਨਾਇਣ (ਪੁਆੜੇ ਦੀ ਜੜ੍ਹ) ਦੀ ਹਰ ਗੱਲ ਸੁਣਨ ਲੱਗ ਪਿਆ ਸੀ।

ਉਸ ਨੇ 11 ਮਈ 1987 ਨੂੰ ਬਰਨਾਲਾ ਅਕਾਲੀ ਸਰਕਾਰ ਬਰਖ਼ਾਸਤ ਕਰ ਦਿੱਤੀ। ਕੁਝ ਮਹੀਨਿਆਂ ਮਗਰੋਂ ਉਸ ਦੀ ਪਾਰਟੀ ਨੂੰ ਹਰਿਆਣਾ ਵਿੱਚ ਸਭ ਤੋਂ ਵੱਡੀ ਹਾਰ ਹੋਈ। ਉਸ ਦੇ ਹੱਥੋਂ ਪੰਜਾਬ ਤੇ ਹਰਿਆਣਾ ਦੋਵੇਂ ਹੀ ਨਿਕਲ ਗਏ ਤੇ ਉਸ ਦਾ ਸਾਫ਼-ਸੁਥਰੇ ਪ੍ਰਧਾਨ ਮੰਤਰੀ ਦਾ ਬਿੰਬ ਵੀ ਧੁੰਦਲਾ ਹੋ ਗਿਆ।

ਕਾਂਡ—24

ਵਿਦੇਸ਼ੀ ਸਬੰਧ ਅਤੇ ਖ਼ਾਲਿਸਤਾਨ

ਸਰਕਾਰੀ ਬੁਲਾਰੇ ਤੇ ਭਾਰਤੀ ਸੰਚਾਰ ਮਾਧਿਅਮ, ਵਿਦੇਸ਼ੀ ਏਜੰਸੀਆਂ ਉਪਰ ਸਿੱਖ ਆਤੰਕਵਾਦੀਆਂ ਨੂੰ ਰੁਪਿਆ, ਹਥਿਆਰ, ਸਿਖਲਾਈ ਸਹੂਲਤਾਂ ਤੇ ਸ਼ਰਨ ਦੇ ਕੇ ਭਾਰਤ ਨੂੰ ਅਸਥਿਰ ਕਰਨ ਦੇ ਦੋਸ਼ ਲਾਉਂਦੇ ਰਹੇ ਹਨ। ਜਿਨ੍ਹਾਂ ਦੋ ਏਜੰਸੀਆਂ ਦਾ ਨਾਮ ਵਧੇਰੇ ਲਿਆ ਜਾਂਦਾ ਰਿਹਾ ਸੀ ਉਹਨਾਂ ਵਿੱਚ ਅਮਰੀਕਾ ਦੀ ਸੀ.ਆਈ.ਏ. (ਕਦੇ ਇਹ ਕਥਿਤ ਦੋਸ਼ ਵੀ ਲਾਇਆ ਜਾਂਦਾ ਸੀ ਕਿ ਉਹ ਪੱਛਮੀ ਜਰਮਨੀ ਦੇ ਏਜੰਟਾਂ ਰਾਹੀਂ ਵੀ ਕਰਦੇ ਸਨ) ਤੇ ਪਾਕਿਸਤਾਨ ਸ਼ਾਮਿਲ ਸਨ। ਭਾਵੇਂ ਹੁਣ ਤੱਕ ਕਿਸੇ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਦਾ ਕੋਈ ਪ੍ਰਮਾਣ ਨਹੀਂ ਦਿੱਤਾ ਗਿਆ ਸੀ, ਪਰ ਭਾਰਤ ਸਰਕਾਰ ਨੇ ਪਾਕਿਸਤਾਨ ਸਰਕਾਰ ਨੂੰ ਗ੍ਰਿਫ਼ਤਾਰ ਕੀਤੇ ਗਏ ਸਿੱਖ ਆਤੰਕਵਾਦੀਆਂ ਨੂੰ ਰੂ-ਬ-ਰੂ ਕਰ ਦਿੱਤਾ ਸੀ ਜੋ ਪਾਕਿਸਤਾਨ ਵਿੱਚ ਉਹਨਾਂ ਏਜੰਸੀਆਂ ਦਾ ਹੋਣਾ ਸਿੱਧ ਕਰਦੇ ਸਨ ਜੋ ਉਹਨਾਂ ਨੂੰ ਸ਼ਰਨ ਦਿੰਦੀਆਂ ਸਨ, ਨਵੇਂ ਰੰਗਰੂਟਾਂ ਨੂੰ ਸਿਖਲਾਈ ਤੇ ਵਿਸ਼ੇਸ਼ ਪ੍ਰਕਾਰ ਦੀ ਸਿੱਖਿਆ ਦਿੰਦੀਆਂ ਸਨ, ਉਹਨਾਂ ਲਈ ਹਥਿਆਰ ਖ਼ਰੀਦ ਕੇ ਭਾਰਤ ਵਿੱਚ ਚੋਰੀ ਚੋਰੀ ਭੇਜਦੀਆਂ ਸਨ। ਪਾਕਿਸਤਾਨ ਲਗਾਤਾਰ ਇਹਨਾਂ ਦੋਸ਼ਾਂ ਤੋਂ ਇਨਕਾਰ ਕਰਦਾ ਆ ਰਿਹਾ ਸੀ। ਵਿਦੇਸ਼ੀ ਦਖ਼ਲ ਦਾ ਇਕੋ ਇਕ ਪੱਕਾ ਪ੍ਰਮਾਣ ਇਹ ਸੀ ਕਿ ਅਮਰੀਕਾ, ਇੰਗਲੈਂਡ ਵੀ ਖ਼ਾਲਿਸਤਾਨ ਦੀ ਮੰਗ ਦੇ ਪ੍ਰਚਾਰ ਤੇ ਆਤੰਕਵਾਦ ਦੀਆਂ ਕਾਰਵਾਈਆਂ ਵਿੱਚ ਲੱਗੇ ਹੋਏ ਸਨ।

ਇਹ ਅਨੁਮਾਨ ਲਾਇਆ ਗਿਆ ਹੈ ਕਿ ਇਕ ਕਰੋੜ 80 ਲੱਖ ਸਿੱਖਾਂ ਵਿੱਚੋਂ ਲਗਭਗ 20 ਲੱਖ ਲੋਕ ਭਾਰਤ ਤੋਂ ਬਾਹਰ ਰਹਿੰਦੇ ਹਨ। ਤਿੰਨ ਹਜ਼ਾਰ[1] ਗੁਰਦੁਆਰਿਆਂ 'ਚੋਂ ਲਗਭਗ 500 ਗੁਰਦੁਆਰੇ ਭਾਰਤ ਤੋਂ ਬਾਹਰ ਹਨ। ਸੰਸਾਰ ਵਿੱਚ ਸ਼ਾਇਦ ਹੀ ਕੋਈ ਅਜਿਹਾ ਮੁਲਕ ਹੋਵੇ ਜਿੱਥੇ ਕੁਝ ਸਿੱਖ ਪਰਿਵਾਰ ਨਾ ਹੋਣ, ਸਿੱਖ ਪੂਜਾ ਸਥਾਨ ਤੇ ਸਮਾਜਿਕ ਸਭਾਵਾਂ ਨਾ ਹੋਣ। ਇਹਨਾਂ ਵਿੱਚ ਸਭ ਤੋਂ ਜ਼ਿਆਦਾ ਬਰਤਾਨੀਆ ਵਿੱਚ ਹਨ।

ਦੂਸਰੇ ਵਿਸ਼ਵ ਯੁੱਧ ਤੱਕ ਬਰਤਾਨੀਆ ਵਿੱਚ ਸਿੱਖਾਂ ਦੀ ਗਿਣਤੀ ਕੁਝ ਹਜ਼ਾਰ ਹੀ ਸੀ। ਉਹਨਾਂ ਦਾ ਇਕ ਕੇਂਦਰੀ ਗੁਰਦੁਆਰਾ ਲੰਡਨ ਦੇ ਸੈਪਹਰਡ ਬੁਸ਼ ਵਿੱਚ ਤੇ ਕੁਝ ਛੋਟੇ ਗੁਰਦੁਆਰੇ ਮਾਨਚੈਸਟਰ ਤੇ ਬਰਮਿੰਘਮ ਵਰਗੇ ਸ਼ਹਿਰਾਂ ਵਿੱਚ ਹੁੰਦੇ ਸਨ। ਸਿੱਖ ਸਮਾਜ, ਵਿਦਿਆਰਥੀਆਂ, ਪੇਸ਼ਾਵਰ ਲੋਕ ਤੇ ਫੇਰੀ ਲਾਉਣ ਵਾਲੇ ਭਾਟੜਿਆਂ 'ਤੇ ਅਧਾਰਿਤ ਸੀ। ਸੁਤੰਤਰਤਾ ਪਿੱਛੋਂ ਤੇ 1947 ਦੀ ਪੰਜਾਬ ਦੀ ਵੰਡ ਪਿੱਛੋਂ ਇਕਸਾਰ ਪਾਕਿਸਤਾਨ ਤੋਂ

---

1. ਐਨ.ਐਸ. ਸ਼ੇਰਗਿੱਲ, ਇੰਟਰਨੈਸ਼ਨਲ ਡਾਇਰੈਕਟਰੀ ਔਫ ਗੁਰਦਵਾਰਾਜ਼ ਐਂਡ ਸਿੱਖ ਔਰਗੇਨਾਈਜ਼ੇਸ਼ਨਜ਼, ਸਾਊਥਹਾਲ (ਐਲ. ਵੈਂਡੀ ਬ੍ਰਦਰਜ਼, 1985)

ਉਜੜੇ ਹੋਏ ਪ੍ਰਵਾਸੀਆਂ ਦਾ ਵਹਾ ਬਰਤਾਨੀਆ ਵੱਲ ਹੋ ਗਿਆ। ਉਹਨਾਂ ਨੂੰ ਅੰਗਰੇਜ਼ ਮਾਲਕਾਂ ਦੇ ਕਾਰਖ਼ਾਨਿਆਂ ਵਿੱਚ ਝੱਟਪੱਟ ਮੁਲਾਜ਼ਮਤ ਮਿਲ ਗਈ ਜਿੱਥੇ ਉਸ ਸਮੇਂ ਅਰਧ ਸਿੱਖਿਅਤ ਕਾਮਿਆਂ ਦੀ ਅਤਿਅੰਤ ਘਾਟ ਸੀ। ਉਹਨਾਂ ਮਗਰੋਂ ਬਰਤਾਨੀਆ ਦੇ ਕਦੇ ਅਧੀਨ ਰਹੇ ਮੁਲਕਾਂ ਕੇਨੀਆ, ਯੁਗਾਂਡਾ ਤੇ ਪੂਰਬੀ ਅਫ਼ਰੀਕਾ ਦੇ ਹੋਰ ਮੁਲਕਾਂ ਤੋਂ ਸਿੱਖ ਆਉਣੇ ਸ਼ੁਰੂ ਹੋ ਗਏ। ਸਿੱਖ ਪ੍ਰਵਾਸੀਆਂ ਦਾ ਆਖ਼ਰੀ ਜੱਥਾ "ਨੀਲਾ ਤਾਰਾ ਸਾਕਾ" ਤੇ ਸ੍ਰੀਮਤੀ ਗਾਂਧੀ ਦੇ ਕਤਲ ਪਿੱਛੋਂ 1984 ਦੀ ਪੜਝੜ ਰੁੱਤ ਵਿੱਚ ਆਇਆ। ਭਾਵੇਂ ਗਿਣਤੀ ਪੱਖੋਂ ਇਹ ਟੋਲੀ ਛੋਟੀ ਹੀ ਸੀ ਪਰ ਇਹ ਧਾਰਮਿਕ ਤੌਰ 'ਤੇ ਕੱਟੜ ਤੇ ਮੂਲਵਾਦੀ ਹੋਣ ਕਾਰਨ ਭਾਰਤ ਸਰਕਾਰ ਦੀ ਸਖ਼ਤ ਵਿਰੋਧੀ ਸੀ। ਸਿੱਖ ਫ਼ਿਰਕੇ ਦੀ ਹੁਣ ਇੰਗਲੈਂਡ ਵਿੱਚ ਗਿਣਤੀ ਦਾ ਅੰਦਾਜ਼ਾ ਤਿੰਨ ਲੱਖ ਲਾਇਆ ਜਾਂਦਾ ਹੈ ਤੇ ਇਥੋਂ ਦੇ 145 ਗੁਰਦੁਆਰੇ ਵਧੇਰੇ ਕਰਕੇ ਅੱਤਵਾਦੀਆਂ ਦੇ ਪ੍ਰਬੰਧ ਅਧੀਨ ਹਨ।

ਪਹਿਲੇ ਕਾਂਡ ਵਿੱਚ ਅਸੀਂ ਕੈਨੇਡਾ ਤੇ ਯੂ.ਐਸ.ਏ. ਵਿੱਚ ਸਿੱਖ ਸੰਗਠਨਾਂ ਦਾ ਜ਼ਿਕਰ ਕੀਤਾ ਹੈ। ਦੂਸਰੇ ਵਿਸ਼ਵ ਯੁੱਧ ਵਿੱਚ ਦੋਹਾਂ ਹੀ ਮੁਲਕਾਂ ਵਿੱਚ ਸਿੱਖਾਂ ਦੀ ਵਸੋਂ ਦਸ ਹਜ਼ਾਰ ਤੱਕ ਹੀ ਸੀ। 1985 ਤੱਕ ਇਹ ਅਨੁਮਾਨ ਲਾਇਆ ਗਿਆ ਸੀ ਕਿ ਉਹਨਾਂ ਦੀ ਗਿਣਤੀ 1,20,000 ਤੋਂ ਲੈ ਕੇ 2 ਲੱਖ ਤੱਕ ਕੈਨੇਡਾ ਵਿੱਚ ਤੇ 1½ ਲੱਖ ਅਮਰੀਕਾ (ਸੰਯੁਕਤ ਰਾਜ) ਵਿੱਚ ਹੈ। ਕੈਨੇਡਾ ਵਿੱਚ ਗੁਰਦੁਆਰਿਆਂ ਦੀ ਗਿਣਤੀ 125 ਹੈ ਤੇ ਸੰਯੁਕਤ ਰਾਜ ਵਿੱਚ ਇਹ ਗਿਣਤੀ 90 ਹੈ ਤੇ ਇੰਗਲੈਂਡ ਵਾਂਗ ਇਹਨਾਂ ਮੁਲਕਾਂ ਵਿੱਚ ਵੀ ਇਹ ਵਧੇਰੇ ਕਰਕੇ ਅੱਤਵਾਦੀਆਂ ਦੇ ਪ੍ਰਬੰਧ ਅਧੀਨ ਹਨ।

1984 ਤੱਕ ਵਿਦੇਸ਼ੀ ਸਿੱਖ ਸੰਗਠਨ ਦੀਆਂ ਗਤੀਵਿਧੀਆਂ ਥੋੜ੍ਹੇ ਸਮੇਂ ਲਈ (ਕੈਨੇਡਾ ਤੇ ਅਮਰੀਕਾ ਵਿੱਚ ਗਦਰ ਪਾਰਟੀ ਦੀ ਸ਼ਮੂਲੀਅਤ ਤੋਂ ਬਿਨਾਂ) ਵਧੇਰੇ ਕਰਕੇ ਸਥਾਨਕ ਗੁਰਦੁਆਰਿਆਂ ਦੇ ਮਾਮਲਿਆਂ ਤੱਕ ਹੀ ਸੀਮਿਤ ਰਹੀਆਂ। ਭਾਰਤੀ ਸੈਨਾ ਤੋਂ ਸਵਰਨ ਮੰਦਰ 'ਤੇ ਹਮਲਾ ਕਰਨ ਪਿੱਛੋਂ ਉਹਨਾਂ ਦੇ ਦ੍ਰਿਸ਼ਟੀਕੋਣ ਵਿੱਚ ਪੂਰੀ ਤਰ੍ਹਾਂ ਪਰਿਵਰਤਨ ਆ ਗਿਆ। ਵਧੇਰੇ ਕੱਟੜ ਤੇ ਪੰਪਰਾਵਾਦੀਆਂ ਤੇ ਰਾਜਨੀਤੀ ਤੋਂ ਪ੍ਰੇਰਿਤ ਨਵੇਂ ਆਉਣ ਵਾਲਿਆਂ ਨੇ ਉਦਾਰਵਾਦੀਆਂ ਤੇ ਵਾਲ-ਕਟਿਆਂ ਤੋਂ ਗੁਰਦਵਾਰਿਆਂ ਦਾ ਪ੍ਰਬੰਧ ਲੈ ਕੇ ਉਹਨਾਂ ਨੂੰ ਸਰਕਾਰ ਦੇ ਵਿਰੁੱਧ ਪ੍ਰਚਾਰ ਦਾ ਅਖਾੜਾ ਬਣਾ ਦਿੱਤਾ ਹੈ। ਖ਼ਾਲਿਕਤਾਨ ਦਾ ਪ੍ਰਚਾਰ ਕਰਨ ਲਈ ਤੇ ਭਾਰਤ ਵਿੱਚ ਆਤੰਕਵਾਦੀਆਂ ਦੀ ਸਹਾਇਤਾ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਕਾਇਮ ਹੋ ਗਈਆਂ। ਕੈਂਪਾਂ ਦਾ ਆਯੋਜਨ ਕੀਤਾ ਗਿਆ ਤੇ ਗੁਰੀਲਾ ਯੁੱਧ ਵਿੱਚ ਸਿਖਲਾਈ ਦੇਣ ਲਈ ਭਾੜੇ ਦੇ ਸਿਪਾਹੀ ਰੱਖੇ ਗਏ। ਲਗਭਗ ਪੰਜਾਬ ਵਿੱਚ ਹਰ ਆਤੰਕਵਾਦੀ ਜਥੇਬੰਦੀ ਦੀ ਇੰਗਲੈਂਡ, ਕੈਨੇਡਾ ਤੇ ਸੰਯੁਕਤ ਰਾਜ ਵਿੱਚ ਸਾਮਾਨੰਤਰ ਸੰਸਥਾ ਸੀ। ਉਹਨਾਂ ਦੇ ਉਥੇ ਵੀ ਬੱਬਰ ਖ਼ਾਲਸਾ, ਅਖੰਡ ਕੀਰਤਨੀ ਜੱਥਾ, ਡਿੰਭਰਾਂਵਾਲਾ ਟਾਈਗਰ ਫੋਰਸ, ਖ਼ਾਲਿਸਤਾਨ ਲਿਬਰੇਸ਼ਨ ਫੋਰਸ ਤੇ ਅੰਤਰਰਾਸ਼ਟਰੀ ਸਿੱਖ ਯੁਵਕ ਸੰਘ, ਖ਼ਾਲਸਾ ਕਮਾਂਡੋ ਫੋਰਸ ਤੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਆਦਿ ਨਾਮ ਦੇ ਦਲ ਸਨ। ਗੁਰਦੁਆਰਿਆਂ ਵਿੱਚ ਬਾਕਾਇਦਗੀ ਨਾਲ ਭਾਰਤ ਵਿੱਚ ਆਪਣੀਆਂ ਮੂਲ ਸੰਸਥਾਵਾਂ ਨੂੰ ਭੇਜਣ ਲਈ ਪੈਸੇ ਇਕੱਠੇ ਕੀਤੇ ਜਾਂਦੇ ਸਨ।

ਇਹਨਾਂ ਤਿੰਨਾਂ ਹੀ ਮੁਲਕਾਂ ਵਿੱਚ ਕਈ ਹਿੰਸਕ ਕਾਰਵਾਈਆਂ ਵੀ ਕੀਤੀਆਂ ਗਈਆਂ।[2]

ਜਦੋਂ "ਨੀਲਾ ਤਾਰਾ ਸਾਕਾ" ਤੇ ਨਵੰਬਰ 1984 ਵਿੱਚ ਸਿੱਖਾਂ ਦੇ ਕਤਲੇਆਮ ਦਾ ਗੁੱਸਾ ਕੁਝ ਘੱਟ ਹੋਇਆਂ ਤਾਂ ਇਹ ਸੰਸਥਾਵਾਂ ਕਈ ਧੜਿਆਂ ਵਿੱਚ ਵੰਡੀਆਂ ਗਈਆਂ। ਪੁਲਿਸ ਤੇ ਗੁਪਤਚਰ ਸੰਸਥਾਵਾਂ ਇਹਨਾਂ ਵਿੱਚ ਘੁਸਪੈਂਠ ਕਰਨ ਤੇ ਉਹਨਾਂ ਦੀਆਂ ਕਾਰਵਾਈਆਂ ਖ਼ਤਮ ਕਰਨ ਵਿੱਚ ਸਫ਼ਲ ਹੋਈਆਂ।

ਬਹੁਤ ਸਾਰੀਆਂ ਵਿਦੇਸ਼ੀ ਸਿੱਖ ਸੰਸਥਾਵਾਂ ਦੀ ਹੋਂਦ ਨਾਮ ਮਾਤਰ ਹੀ ਹੈ। ਉਹਨਾਂ ਦੇ ਨਾਮ ਦੀਆਂ ਕਾਪੀਆਂ ਤੇ ਪੱਤਰ ਵਿਹਾਰ ਲਈ ਪੈਡ ਛਪੇ ਹਨ ਪਰ ਉਹਨਾਂ ਦੇ ਮੈਂਬਰਾਂ ਦੀ ਭਰਤੀ ਬਹੁਤ ਹੀ ਥੋੜ੍ਹੀ ਹੈ ਤੇ ਆਮ ਤੌਰ 'ਤੇ ਉਹ ਬਾਨੀ ਪ੍ਰਧਾਨਾਂ ਦੇ ਘਰ ਵਿੱਚ ਹੀ ਸਥਿਤ ਹਨ। ਐਸੀਆਂ ਸੰਸਥਾਵਾਂ ਗੰਗਾ ਸਿੰਘ ਢਿੱਲੋਂ ਦੀ ਨਨਕਾਣਾ ਸਾਹਿਬ ਫ਼ਾਊਂਡੇਸ਼ਨ ਤੇ ਸਿੱਖ ਕਾਮਨਵੈਲਥ ਫ਼ਾਊਂਡੇਸ਼ਨ, ਉੱਤਰੀ ਅਮਰੀਕਾ ਦੀ ਸਿੱਖ ਕੌਂਸਲ, ਯੂ.ਐਸ.ਏ., ਦੀ ਸਿੱਖ ਫ਼ਾਊਂਡੇਸ਼ਨ ਤੇ ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ ਆਦਿ ਹਨ। ਕੁਝ ਮਹੱਤਵ ਵਾਲੀ ਸੰਸਥਾ "ਵਿਸ਼ਵ ਸਿੱਖ ਸੰਸਥਾ" ਹੈ ਜੋ 27 ਜੁਲਾਈ 1984 ਨੂੰ ਨਿਊਯਾਰਕ ਵਿੱਚ ਕਾਇਮ ਕੀਤੀ ਗਈ ਸੀ। ਇਕ ਸਮੇਂ ਇਹ ਦਾਅਵਾ ਕਰਦੀ ਸੀ ਕਿ ਇਸ ਦੇ ਕੈਨੇਡਾ ਵਿੱਚ 15000, ਯੂ.ਕੇ, ਵਿੱਚ ਇਕ ਹਜ਼ਾਰ ਤੇ ਇੰਗਲੈਂਡ ਵਿੱਚ ਵੀ ਹਾਜ਼ਰ ਮੈਂਬਰ ਸਨ। ਇਹ

---

2. ਭਾਰਤੀ ਆਯੁਕਤਾਂ ਦੇ ਬਾਹਰ ਵਿਰੋਧ ਵਿੱਚ ਜਲਸਿਆਂ ਦਾ ਪ੍ਰਬੰਧ ਕਰਨ ਤੋਂ ਬਿਨਾਂ ਭਾਰਤੀ ਦੂਤਘਰਾਂ ਦੇ ਏਲਚੀਆਂ ਤੇ ਅਮਲੇ ਨਾਲ ਦੁਰਵਿਵਹਾਰ ਦੀਆਂ ਕਈ ਮਿਸਾਲਾਂ ਸਨ। ਕੈਨੇਡਾ ਦੇ ਸਿੱਖ ਆਤੰਕਵਾਦੀਆਂ ਨੇ ਏਅਰ ਇੰਡੀਆ ਦੇ ਜਹਾਜ਼ 'ਕਨਿਸ਼ਕ' ਵਿੱਚ ਟਾਈਮ ਬੰਬ ਰੱਖ ਕੇ ਇਸ ਨੂੰ 23 ਜੂਨ 1985 ਨੂੰ ਇਹਦੇ 329 ਮੁਸਾਫ਼ਰਾਂ ਤੇ ਅਮਲੇ ਸਮੇਤ ਆਇਰਲੈਂਡ ਦੇ ਸਾਹਿਲ ਵਿੱਚ ਉਡਾ ਦਿੱਤਾ ਤੇ ਇਹ ਸਮੁੰਦਰ ਵਿੱਚ ਗਰਕ ਹੋ ਗਿਆ। ਇਸੇ ਸਮੇਂ ਹੀ ਇਕ ਹੋਰ ਹਵਾਈ ਜਹਾਜ਼ ਵਿੱਚ ਰੱਖੇ ਬੰਬ ਨੇ ਟੋਕੀਓ ਦੇ ਨਾਰੀਤਾ ਹਵਾਈ ਅੱਡੇ ਤੇ ਦੋ ਕੁਲੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਕ ਸਾਲ ਮਗਰੋਂ 31 ਮਈ 1986 ਨੂੰ ਏਅਰ ਇੰਡੀਆ ਦਾ ਜਹਾਜ਼ ਵਿੱਚ ਜੋ ਨਿਊਯਾਰਕ ਤੋਂ ਜਾ ਰਿਹਾ ਸੀ ਉਸ ਨੂੰ ਉਡਾ ਦੇਣ ਦੀ ਸਾਜ਼ਿਸ਼ ਮਾਂਟਰੀਅਲ ਵਿੱਚ ਫੜੀ ਗਈ ਸੀ। ਇਸ ਸਾਜ਼ਿਸ਼ ਵਿੱਚ ਦੋ ਬੱਬਰ ਖ਼ਾਲਿਸਤਾਨੀਆਂ ਨੂੰ ਉਮਰ ਕੈਦ ਹੋਈ। 25 ਮਈ 1986 ਨੂੰ ਪੰਜਾਬ ਦੇ ਯੋਜਨਾ ਮੰਤਰੀ ਮਲਕੀਤ ਸਿੰਘ ਸਿੱਧੂ ਨੂੰ ਵੈਨਕੂਵਰ ਦੇ ਨਜ਼ਦੀਕ ਗੋਲੀ ਮਾਰ ਕੇ ਸਖ਼ਤ ਜ਼ਖ਼ਮੀ ਕਰ ਦਿੱਤਾ ਗਿਆ। ਅੰਤਰ ਰਾਸ਼ਟਰੀ ਸਿੱਖ ਯੂਥ ਫੈਡਰੇਸ਼ਨ ਦੇ ਚਾਰ ਮੈਂਬਰਾਂ ਨੂੰ ਦੋਸ਼ੀ ਪਾਇਆ ਗਿਆ ਤੇ ਉਹਨਾਂ ਨੂੰ 20 ਸਾਲ ਦੀ ਸਜ਼ਾ ਹੋਈ। 14 ਜੂਨ 1986 ਨੂੰ ਅੰਤਰ ਰਾਸ਼ਟਰੀ ਬੱਬਰ ਖ਼ਾਲਸਾ ਦੇ ਸੱਤ ਮੈਂਬਰ ਜੋ ਕਥਿੱਤ ਤੌਰ 'ਤੇ ਭਾਰਤੀ ਲੋਕ ਸਭਾ ਨੂੰ ਬੰਬਾਂ ਨਾਲ ਉਡਾਉਣ ਲਈ ਭਾਰਤ ਜਾ ਰਹੇ ਸਨ, ਲੰਡਨ ਵਿੱਚ ਗ੍ਰਿਫ਼ਤਾਰ ਕਰ ਲਏ ਗਏ। ਉਹਨਾਂ ਉਪਰ ਕੈਨੇਡਾ 'ਚ ਮੁਕੱਦਮਾ ਚਲਾਇਆ ਗਿਆ ਤੇ ਸਬੂਤ ਨਾ ਮਿਲਣ ਕਰਕੇ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਸੰਯੁਕਤ ਰਾਜ ਵਿੱਚ ਵੀ ਸਾਜ਼ਿਸ਼ਾਂ ਫੜੀਆਂ ਗਈਆਂ। ਇਹਨਾਂ ਯੋਜਨਾਵਾਂ ਵਿੱਚ ਭਾਰਤੀ ਪ੍ਰਧਾਨ ਮੰਤਰੀ ਤੇ ਭਜਨ ਲਾਲ ਨੂੰ ਮਾਰਨ ਦੀਆਂ ਸਾਜ਼ਿਸ਼ਾਂ ਸ਼ਾਮਿਲ ਸਨ।

ਸੰਸਥਾ ਤਾਂ ਹੀ ਕਾਇਮ ਰਹੀ ਕਿਉਂਕਿ ਇਸ ਨੂੰ "ਯੂਬਾ ਸਿਟੀ" ਦੇ ਦੀਦਾਰ ਸਿੰਘ ਬੈਂਸ ਵਰਗੇ ਕੁਝ ਅਮੀਰ ਸਿੱਖਾਂ ਵੱਲੋਂ ਮਾਇਕ ਸਹਾਇਤਾ ਮਿਲਦੀ ਸੀ। ਕਿਸੇ ਸਮੇਂ ਰਿਟਾਇਰਡ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਇਸ ਦਾ ਜਨਰਲ-ਸਕੱਤਰ ਰਿਹਾ ਸੀ। ਜਦੋਂ ਉਸ ਨੂੰ ਇਸ ਪਦਵੀ ਤੋਂ ਹਟਾ ਦਿੱਤਾ ਗਿਆ, ਇਹ ਸੰਸਥਾ ਵੀ ਸਰਗਰਮ ਨਾ ਰਹੀ। ਉੱਤਰੀ ਅਮਰੀਕਾ ਦੀਆਂ ਖ਼ਾਲਿਸਤਾਨੀਆਂ ਦੀਆਂ ਸੰਸਥਾਵਾਂ ਵਿੱਚੋਂ ਇਕੋ ਇਕ "ਇੰਟਰਨੈਸ਼ਨਲ ਸਿੱਖ ਸੰਸਥਾ" ਹੀ ਰਹਿ ਗਈ ਹੈ ਜਿਸ ਦੇ 150 ਮੈਂਬਰ ਹਨ। ਇਕ ਉੱਘਾ ਆਣਵਿਕ ਜੀਵ ਵਿਗਿਆਨੀ ਗੁਰਮੀਤ ਸਿੰਘ ਔਲਖ ਇਸਦਾ ਤੇ "ਕੌਂਸਲ ਔਫ ਖ਼ਾਲਿਸਤਾਨ" ਦਾ ਪ੍ਰਧਾਨ ਹੈ। ਉਹ ਹੀ ਇਕੋ ਇਕ ਯੋਗਤਾ ਤੇ ਹੈਸੀਅਤ ਦਾ ਮਾਲਕ ਹੈ ਜੋ ਅਮਰੀਕੀ ਕਾਂਗਰਸ ਦੇ ਮੈਂਬਰਾਂ ਤੇ ਸੈਨੇਟ ਦੇ ਮੈਂਬਰਾਂ ਨਾਲ ਸੰਪਰਕ ਰੱਖਦਾ ਹੈ ਤੇ ਕਦੇ-ਕਦੇ ਭਾਰਤ ਵਿੱਚ ਮਨੁੱਖੀ ਹੱਕਾਂ ਦੀ ਉਲੰਘਣਾ ਬਾਰੇ ਪ੍ਰਚਾਰ ਸਮੱਗਰੀ ਜਾਰੀ ਕਰਦਾ ਰਹਿੰਦਾ ਹੈ।

ਖ਼ਾਲਿਸਤਾਨ ਬਾਰੇ ਲਹਿਰ ਖੜੋਤ ਦਾ ਸ਼ਿਕਾਰ ਹੈ। ਇਹ ਸਤੰਬਰ 1971 ਵਿੱਚ ਲੰਡਨ ਵਿੱਚ ਜਗਜੀਤ ਸਿੰਘ ਚੌਹਾਨ ਦੇ ਅਖ਼ਬਾਰੀ ਬਿਆਨ ਨਾਲ ਸ਼ੁਰੂ ਕੀਤੀ ਗਈ ਸੀ। ਇਕ ਮਹੀਨਾ ਮਗਰੋਂ 13 ਅਕਤੂਬਰ 1971 ਨੂੰ "ਨਿਊਯਾਰਕ ਟਾਈਮਜ਼" ਵਿੱਚ ਖ਼ਾਲਿਸਤਾਨ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਗਿਆ। ਚੌਹਾਨ ਨੇ ਆਪਣੇ ਆਪ ਨੂੰ "ਖ਼ਾਲਿਸਤਾਨ ਨੈਸ਼ਨਲ ਕੌਂਸਲ" ਦਾ ਪ੍ਰਧਾਨ ਤੇ ਬਲਬੀਰ ਸਿੰਘ ਸੰਧੂ ਨੂੰ ਇਸ ਦਾ ਸਕੱਤਰ ਚੁਣੇ ਜਾਣ ਦਾ ਐਲਾਨ ਕਰ ਦਿੱਤਾ। ਉਸ ਨੇ ਆਪਣੇ ਮੰਤਰੀ ਮੰਡਲ ਦੇ ਮੰਤਰੀ ਤੇ ਵਿਦੇਸ਼ਾਂ ਵਿੱਚ ਰਾਜਦੂਤਾਂ ਦੀ ਨਿਯੁਕਤੀ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ। 1988 ਤੱਕ ਇਕੋ ਇਕ ਮੁਲਕ ਜਿਸ ਨੇ ਦੂਤਾਵਾਸ ਖੋਲ੍ਹਣ ਲਈ ਉਹਦੀ ਬੇਨਤੀ ਪ੍ਰਵਾਨ ਕੀਤੀ, ਉਹ "ਏਕਾਵਾਡੋਰ" ਹੀ ਸੀ।

ਇਸ ਸਾਲ ਵੀ ਕੈਨੇਡਾ ਵਿੱਚ ਉਹਦੇ ਸਮਰਥਕ ਖ਼ਾਲਿਸਤਾਨੀ ਪਾਸਪੋਰਟ ਸਿੱਕੇ, ਡਾਕ ਟਿਕਟਾਂ ਜਾਰੀ ਕਰਨ ਤੋਂ ਨਾ ਰੁਕੇ, ਜੋ ਹੁਣ ਸੰਗ੍ਰਹਿਕਾਂ ਲਈ ਵਸਤੂਆਂ ਬਣ ਗਈਆਂ ਹਨ।

ਖ਼ਾਲਸਤਾਨੀ ਲਹਿਰ ਨੂੰ ਭਾਰਤੀ ਸਿੱਖਾਂ ਵਿੱਚ ਵੀ ਪ੍ਰਵਾਨ ਨਹੀਂ ਕੀਤਾ ਗਿਆ। ਇਸ ਨਾਅਰੇ ਦਾ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਹੋਛੇ ਤੇ ਬਦਮਾਸ਼ ਟੋਲਿਆਂ ਤੇ ਦਮਦਮੀ ਟਕਸਾਲ ਦੇ ਗ੍ਰੰਥੀਆਂ ਤੇ ਪੁਜਾਰੀਆਂ ਤੋਂ ਬਿਨਾ ਕੋਈ ਸਮਰਥਕ ਨਹੀਂ ਹੈ ਜੋ ਕਦੇ-ਕਦੇ ਸਵਰਨ ਮੰਦਰ ਤੇ ਖ਼ਾਲਿਸਤਾਨ ਦਾ ਝੰਡਾ ਲਹਿਰਾ ਕੇ ਨਾਅਰੇ ਲਾ ਛੱਡਦੇ ਹਨ। ਵਿਦੇਸ਼ੀ ਸਿੱਖਾਂ ਵਿੱਚ ਇਹ ਦੀ ਮੰਗ ਘੱਟ ਗਈ ਹੈ। ਮੁੱਠੀ ਭਰ ਲੋਕ ਹੀ ਖ਼ਾਲਿਸਤਾਨ ਪੱਖੀ ਤਕਰੀਰਾਂ ਕਰਦੇ ਰਹਿੰਦੇ ਹਨ, ਪਰ ਬਹੁ-ਗਿਣਤੀ ਸਿੱਖ ਇਹਨਾਂ ਲੋਕਾਂ ਤੋਂ ਦੂਰ ਹੋ ਗਏ ਹਨ ਤੇ ਉਹ ਗੁਰਦੁਆਰਿਆਂ ਦੀ ਸਿਆਸੀ ਮਨੋਰਥਾਂ ਲਈ ਦੁਰਵਰਤੋਂ ਦਾ ਵਿਰੋਧ ਕਰਦੇ ਹਨ। ਇਕ ਸਿੱਖ ਪੱਤਰਕਾਰ ਸਤਿੰਦਰ ਸਿੰਘ ਜਿਸ ਨੇ ਵਿਦੇਸ਼ਾਂ ਵਿੱਚ 1983 ਤੱਕ ਦਾ ਵਿਸਤਰਿਤ ਤੇ ਵਿਆਪਕ ਅਧਿਐਨ ਕੀਤਾ ਸੀ, ਇਸ ਸਿੱਟੇ 'ਤੇ ਪਹੁੰਚਿਆ ਸੀ ਕਿ ਇੰਗਲੈਂਡ, ਕੈਨੇਡਾ ਤੇ ਸੰਯੁਕਤ ਰਾਜ ਦੇ ਬਹੁਤੇ ਸਿੱਖ ਭਾਰਤੀ ਸਰਕਾਰ ਵਿਰੁੱਧ ਐਤਵਾਰ ਵਾਲੇ ਇਕੱਠਾਂ ਵਿੱਚ ਆਪਣੀ ਭੜਾਸ ਕੱਢਦੇ ਰਹਿੰਦੇ ਹਨ ਤੇ ਹੁਣ ਉਹ

"ਹਫ਼ਤਾਵਾਰੀ ਖ਼ਾਲਿਸਤਾਨੀ" ਬਣ ਕੇ ਰਹਿ ਗਏ ਹਨ।[3] ਪੰਜਾਬ ਦੇ ਆਤੰਕਵਾਦੀਆਂ ਨੂੰ ਪੈਸੇ ਭੇਜਣੇ ਵੀ ਹੁਣ ਬੜੇ ਘਟ ਗਏ ਹਨ।

ਸਾਰ-ਸੰਖੇਪ—ਸਿੱਖਾਂ ਦਾ ਪੰਜ ਸਦੀਆਂ ਦਾ ਇਤਿਹਾਸ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਤਿੰਨ ਸੌ ਸਾਲ ਦੇ ਇਤਿਹਾਸ ਨੂੰ ਮੋਟੇ ਤੌਰ 'ਤੇ ਸੌ ਸੌ ਸਾਲ ਦੇ ਤਿੰਨ ਭਾਗਾਂ ਵਿੱਚ ਤੇ ਦੂਸਰੇ ਭਾਗ ਨੂੰ 50-50 ਸਾਲਾਂ ਦੇ ਚਾਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਗੁਰੂ ਨਾਨਕ ਨੇ ਆਪਣਾ ਧਰਮ ਪ੍ਰਚਾਰ 1500 ਈਸਵੀ ਦੇ ਨੇੜੇ ਜਾ ਕੇ ਸ਼ੁਰੂ ਕੀਤਾ। ਸੌ ਸਾਲ ਤੋਂ ਰਤਾ ਕੁ ਮਗਰੋਂ 1604 ਈ: ਵਿੱਚ ਗੁਰੂ ਅਰਜਨ ਦੇਵ ਜੀ ਨੇ ਪਵਿੱਤ੍ਰ ਧਰਮ ਗ੍ਰੰਥ "ਆਦਿ ਗ੍ਰੰਥ" ਦੀ ਸੰਪਾਦਨਾ ਦਾ ਕਾਰਜ ਮੁਕੰਮਲ ਕੀਤਾ ਤੇ ਸਿੱਖਾਂ ਨੂੰ ਉਹਨਾਂ ਦਾ ਆਪਣਾ ਪਵਿੱਤਰ ਸ਼ਹਿਰ ਅੰਮ੍ਰਿਤਸਰ ਦਿੱਤਾ। ਇਹਨਾਂ ਸੌ ਸਾਲਾਂ ਵਿੱਚ ਸਿੱਖ ਧਰਮ ਦਰਸ਼ਨ ਤੇ ਫ਼ਲਸਫ਼ੇ ਦਾ ਵਿਕਾਸ ਹੋਇਆ। ਮਗਰੋਂ ਆਉਣ ਵਾਲੇ ਸੌ ਸਾਲਾਂ ਵਿੱਚ ਸਿੱਖ ਨਾਨਕ ਪੰਥੀਆਂ ਦੇ ਸ਼ਾਂਤੀ-ਪਸੰਦ ਫ਼ਿਰਕੇ ਤੋਂ ਰਾਜਸੀ ਤਾਕਤ ਦੇ ਸੁਪਨੇ ਲੈਣ ਪ੍ਰਤੀ ਸੁਚੇਤ ਹੋ ਗਏ। ਇਸ ਉਪਰ ਪ੍ਰਵਾਨਗੀ ਦੀ ਮੁਹਰ 1699 ਵਿੱਚ ਸਿੱਖਾਂ ਦੇ ਆਖ਼ਰੀ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਜੁਝਾਰੂ ਜੱਥੇਬੰਦੀ ਦੀ ਸਥਾਪਨਾ ਕਰਕੇ, ਭਾਵ ਖ਼ਾਲਸਾ ਸਿਰਜ ਕੇ, ਲਾ ਦਿੱਤੀ। ਉਸ ਤੋਂ ਮਗਰੋਂ ਆਈ ਸਦੀ ਨੇ ਸਿੱਖਾਂ ਦੀ ਇਕ ਰਾਜਸੀ ਸ਼ਕਤੀ ਵਜੋਂ ਚੜ੍ਹਤਲ ਵੇਖੀ ਤੇ ਬੰਦਾ ਬਹਾਦਰ ਨੇ ਪੰਜਾਬ ਵਿੱਚ ਮੁਗਲ ਰਾਜ ਨੂੰ ਘਾਤਕ ਸੱਟ ਮਾਰੀ ਤੇ ਉਸ ਮਗਰੋਂ ਦਲ ਖ਼ਾਲਸਾ ਦੇ ਲੁਟੇਰੇ ਦਲਾਂ ਨੇ ਆਪਣੀ ਤਾਕਤ ਅਟਕ ਤੋਂ ਗੰਗਾ ਦਰਿਆ ਤੱਕ ਫ਼ੈਲਾ ਲਈ। ਇਹਨਾਂ ਜਿੱਤਾਂ ਨੂੰ ਰਣਜੀਤ ਸਿੰਘ ਨੇ 1799 ਵਿੱਚ ਲਾਹੌਰ ਤੇ ਅਧਿਕਾਰ ਕਰਕੇ ਸੰਗਠਿਤ ਕਰ ਲਿਆ ਤੇ ਪੰਜਾਬ ਦਾ ਮਹਾਰਾਜਾ ਹੋਣ ਦਾ ਐਲਾਨ ਕਰ ਦਿੱਤਾ। ਸਿੱਖਾਂ ਦੀ ਸਿਆਸੀ ਸਫ਼ਲਤਾ ਦਾ ਸੁਨਹਿਰੀ ਸਮਾਂ ਮਹਾਰਾਜਾ ਰਣਜੀਤ ਸਿੰਘ ਦੇ ਚਾਲ੍ਹੀ ਵਰ੍ਹਿਆਂ ਦਾ (1799-1839) ਰਾਜ ਹੈ।

ਉਸ ਦੀ ਮ੍ਰਿਤੂ ਨਾਲ ਸਿੱਖਾਂ ਦਾ ਇਕ ਰਾਜਸੀ ਤੇ ਸਮਾਜਿਕ ਸ਼ਕਤੀ ਵਜੋਂ ਵਿਭਾਜਨ ਸ਼ੁਰੂ ਹੋ ਗਿਆ। ਅੰਗਰੇਜ਼ਾਂ ਤੇ ਸਿੱਖਾਂ ਦੇ ਦੋਹਾਂ ਯੁੱਧਾਂ ਵਿੱਚ ਸਿੱਖ ਸੈਨਾਵਾਂ ਹਾਰ ਗਈਆਂ ਤੇ 1849 ਵਿੱਚ ਉਹਨਾਂ ਦੀ ਬਾਦਸ਼ਾਹੀ ਦਾ ਅੰਗਰੇਜ਼ੀ ਰਾਜ ਵਿੱਚ ਇਲਹਾਕ ਹੋ ਗਿਆ। ਪਤਨ ਜੋ ਸ਼ੁਰੂ ਵਿੱਚ ਬਹੁਤਾ ਦਿਖਾਈ ਨਾ ਦਿੱਤਾ ਉਹ ਅਸਲ ਵਿੱਚ ਉਸ ਸਮੇਂ ਹੀ ਉਹਨਾਂ ਦੇ ਸਮਾਜਿਕ ਨਾਲ ਪਤਨ ਸ਼ੁਰੂ ਹੋ ਗਿਆ ਸੀ ਕਿਉਂਕਿ ਵੱਡੀ ਗਿਣਤੀ ਵਿੱਚ ਸਿੱਖਾਂ ਨੇ ਬਾਹਰੀ ਭੇਖ ਜਾਂ ਚਿੰਨ੍ਹਾਂ (ਕੇਸ, ਦਾੜ੍ਹੀ) ਨੂੰ ਕਟਾਉਣਾ ਸ਼ੁਰੂ ਕਰ ਦਿੱਤਾ ਸੀ ਤੇ ਉਹ ਸਹਿਜਧਾਰੀ ਬਣ ਗਏ ਸਨ। ਖ਼ਾਲਸਾਈ ਪ੍ਰੰਪਰਾ ਨੂੰ ਆਰਜ਼ੀ ਤੌਰ 'ਤੇ ਬਰਤਾਨਵੀ ਸਰਕਾਰ ਨੇ ਕੇਸਾਧਾਰੀ ਸਿੱਖਾਂ ਨੂੰ ਆਰਥਿਕ ਤੇ ਰਾਜਸੀ ਪੱਖੋਂ ਫ਼ੌਜ ਵਿੱਚ ਤੇ ਸਿਵਲ ਸੇਵਾਵਾਂ ਵਿੱਚ ਤਰਜੀਹ ਦੇ ਕੇ ਤੇ ਮਗਰੋਂ ਵੱਖਰੇ ਚੋਣ ਹਲਕਿਆਂ ਤੇ ਵਿਧਾਨ ਸਭਾਵਾਂ ਵਿੱਚ ਸੀਟਾਂ ਰਾਖਵੀਆਂ ਕਰਕੇ ਕਾਇਮ ਰੱਖਿਆ। ਇਸ ਨਾਲ ਕੇਸਾਧਾਰੀ ਖਾਲਸੇ ਨੂੰ ਸਹਿਜਧਾਰੀਆਂ ਤੇ ਸਿੱਖ ਧਰਮ ਵਿੱਚ ਵਿਸ਼ਵਾਸ਼ ਰੱਖਣ ਵਾਲੇ ਹਿੰਦੂਆਂ ਤੋਂ ਦੂਰੀ ਰੱਖਣ ਲਈ ਪ੍ਰੇਰਿਆ। ਇਸ ਦੇ ਸਾਮਾਨੰਤਰ ਹੀ ਸਿੱਖ ਰਾਜਸੀ ਸੰਸਥਾਵਾਂ ਉਹਨਾਂ ਦੇ ਆਗੂਆਂ ਤੇ ਉਹਨਾਂ ਦੀ ਪਹੁੰਚ ਦੀ ਪ੍ਰਕਿਰਤੀ ਤੇ ਸੁਭਾਅ ਵਿੱਚ ਨਿਘਾਰ ਆ ਗਿਆ।

---

3. ਇੰਡੀਅਨ ਫਰੀ ਪ੍ਰੈਸ ਜਨਰਲ

19ਵੀਂ ਸਦੀ ਦੇ ਅੰਤ ਤੋਂ ਲੈ ਕੇ ਪਹਿਲੇ ਵਿਸ਼ਵ ਯੁੱਧ ਤੱਕ ਸਿੱਖਾਂ ਦੀ ਅਗਵਾਈ ਚੀਫ਼ ਖ਼ਾਲਸਾ ਦੀਵਾਨ ਦੇ ਹੱਥ ਰਹੀ, ਜਿਸ ਦੀ ਵਾਗਡੋਰ ਸਰ ਸੁੰਦਰ ਸਿੰਘ ਮਜੀਠਾ, ਹਰਬੰਸ ਸਿੰਘ ਅਟਾਰੀ ਤੇ ਹਾਸ਼ੀਏ ਤੇ ਬੈਠੇ ਸਰ ਜੋਗਿੰਦਰ ਸਿੰਘ ਤੇ ਰਾਜਾ ਸਰ ਦਲਜੀਤ ਸਿੰਘ ਜਿਹੇ ਰਈਸਾਂ ਹੱਥ ਸੀ ਜੋ ਚੰਗੇ ਪੜ੍ਹੇ-ਲਿਖੇ ਸਨ, ਅੰਗਰੇਜ਼ਾਂ ਦੇ ਵਫ਼ਾਦਾਰ ਸਨ ਤੇ ਉਹਨਾਂ ਦਾ ਸੰਵਿਧਾਨਕ ਤਰੀਕਿਆਂ ਤੇ ਬਿਨੈ-ਪੱਤਰਾਂ ਦੇ ਵਾਲੇ ਢੰਗਾਂ ਤਰੀਕਿਆਂ ਤੇ ਭਰੋਸਾ ਸੀ। ਪਹਿਲੇ ਵਿਸ਼ਵ ਯੁੱਧ ਪਿੱਛੇ ਚੀਫ਼ ਖ਼ਾਲਸਾ ਦੀਵਾਨ ਪਿੱਛੋਂ ਧੱਕ ਦਿੱਤਾ ਗਿਆ ਤੇ ਉਸ ਦੀ ਥਾਂ ਅਕਾਲੀ ਦਲ ਨੇ ਮੱਲ ਲਈ। ਅਕਾਲੀ ਦਲ ਨੂੰ ਪਤਾ ਲੱਗ ਗਿਆ ਕਿ ਵਿਧਾਨ ਸਭਾਵਾਂ ਵਿੱਚ ਮਤੇ ਪਾਸ ਕਰਨ ਤੇ ਹਾਕਮਾਂ ਨੂੰ ਬੇਨਤੀ ਪੱਤਰ ਦੇਣ ਨਾਲੋਂ ਸ਼ਾਸ਼ਕਾਂ ਨਾਲ ਸ਼ਾਂਤਮਈ ਨਾ-ਮਿਲਵਰਤਨ ਤੇ ਅਹਿੰਸਕ ਅਸਹਿਯੋਗ ਦਾ ਟਕਰਾਓ ਜ਼ਿਆਦਾ ਉਪਯੋਗੀ ਤੇ ਲਾਭਕਾਰੀ ਸੀ। ਇਕ ਨਵੀਂ ਨਸਲ ਜੋ ਵਧੇਰੇ ਪੇਂਡੂ ਜੱਥੇਦਾਰਾਂ 'ਤੇ ਅਧਾਰਿਤ ਸੀ, ਅੱਗੇ ਆ ਗਈ। ਪ੍ਰੰਤੂ ਇਹਨਾਂ ਮੁੱਢਲੇ ਵਰ੍ਹਿਆਂ ਵਿੱਚ ਉਹਨਾਂ ਨੇ ਆਪਣੇ ਮਨੋਰਥਾਂ ਲਈ ਸਮਰਪਿਤ ਪੜ੍ਹੇ-ਲਿਖੇ ਨੇਤਾਵਾਂ ਦੀ ਅਗਵਾਈ ਕਬੂਲ ਕੀਤੀ। ਬਾਬਾ ਖੜਕ ਸਿੰਘ, ਮਹਿਤਾਬ ਸਿੰਘ ਤੇ ਮਾਸਟਰ ਤਾਰਾ ਸਿੰਘ ਅਜਿਹੇ ਹੀ ਨੇਤਾ ਸਨ। ਉਹਨਾਂ ਨੇ ਸਿਆਸੀ ਤੇ ਸੰਵਿਧਾਨਕ ਗੱਲਬਾਤ ਤੇ ਸਮਝੌਤਿਆਂ ਦਾ ਕੰਮ ਵੀ ਉੱਜਲ ਸਿੰਘ, ਬੂਟਾ ਸਿੰਘ ਤੇ ਸੰਪੂਰਨ ਸਿੰਘ ਜਿਹੇ ਸੋਝੀਵਾਨ ਤੇ ਅਨੁਭਵੀ ਲੋਕਾਂ 'ਤੇ ਛੱਡ ਦਿੱਤਾ, ਜਿਨ੍ਹਾਂ ਨੇ ਗੋਲਮੇਜ਼ ਕਾਨਫ਼ਰੰਸਾਂ ਸਮੇਂ ਸਿੱਖ ਫ਼ਿਰਕੇ ਦੀ ਨੁਮਾਇੰਦਗੀ ਕੀਤੀ।

ਸ਼ਕਤੀ ਪਰਿਵਰਤਨ ਸਮੇਂ ਗਿਆਨੀ ਕਰਤਾਰ ਸਿੰਘ ਜਿਹੇ ਚਤੁਰ ਤੇ ਸੁਲਝੇ ਹੋਏ ਵਿਅਕਤੀ ਸਿੱਖਾਂ ਵੱਲੋਂ ਸਮਝੌਤੇ ਲਈ ਗੱਲਬਾਤ ਕਰਦੇ ਸਨ। ਨਾਲ ਹੀ ਉਹਨਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਨੇਤਾਵਾਂ ਵੱਲੋਂ ਖ਼ੁਸ਼ੀ-ਖ਼ੁਸ਼ੀ ਦਿੱਤੀ ਅਗਵਾਈ ਦਾ ਲਾਭ ਵੀ ਉਠਾਇਆ। ਇਸ ਨੇ ਬਲਦੇਵ ਸਿੰਘ ਜਿਹੇ ਸਾਧਾਰਨ ਤੇ ਅਨੁਭਵ-ਹੀਨ ਵਿਅਕਤੀਆਂ ਦੀ ਕਮਜ਼ੋਰੀ 'ਤੇ ਪਰਦਾ ਪਾ ਦਿੱਤਾ ਜੋ ਜਵਾਹਰ ਲਾਲ ਨਹਿਰੂ ਨੂੰ ਆਪਣਾ ਮੁਰਸ਼ਦ ਤੇ ਸਲਾਹਕਾਰ ਸਮਝਦਾ ਸੀ।

ਸੁਤੰਤਰਤਾ ਪਿੱਛੋਂ ਤੇ ਪੰਜਾਬ ਦੇ ਬਟਵਾਰੇ ਮਗਰੋਂ ਹੀ ਸਿੱਖਾਂ ਦੀ ਅਗਵਾਈ ਗੰਵਾਰ ਪੇਂਡੂਆਂ ਹੱਥਾਂ ਵਿੱਚ ਆ ਗਈ ਤੇ ਛੇਤੀ ਹੀ ਉਸ ਵਿੱਚ ਨਿਘਾਰ ਆ ਗਿਆ। ਸਵਰਨ ਸਿੰਘ, ਪ੍ਰਤਾਪ ਸਿੰਘ ਕੈਰੋਂ ਤੇ ਗ਼ੈਲ ਸਿੰਘ ਜਿਹੇ ਯੋਗ ਵਿਅਕਤੀ ਅਕਾਲੀਆਂ 'ਚੋਂ ਨਿਕਲ ਕੇ ਕਾਂਗਰਸ ਵਿੱਚ ਸ਼ਾਮਿਲ ਹੋ ਗਏ। ਉੱਭਰ ਰਹੇ ਅਕਾਲੀ ਨੇਤਾਵਾਂ ਦਾ ਵਿਦਿਅਕ ਤੇ ਨੈਤਿਕ ਪੱਧਰ ਆਪਣੇ ਪੂਰਵਜ਼ਾਂ ਨਾਲੋਂ ਬਹੁਤ ਥੱਲ੍ਹੇ ਡਿੱਗ ਗਿਆ। ਉਹਨਾਂ ਦੇ ਪ੍ਰੇਰਨਾ ਸਰੋਤ ਧੜੇਬੰਦੀ ਮੰਤਰੀ ਪਦ ਦੀ ਸੰਭਾਵਨਾ ਜਾਂ ਸਰਕਾਰੀ ਅਦਾਰਿਆਂ ਵਿੱਚ ਆਕਰਸ਼ਕ ਪਦਵੀਆਂ ਬਣ ਗਈਆਂ। ਗੁਰਦੁਆਰਿਆਂ ਵਿੱਚ ਭ੍ਰਿਸ਼ਟਾਚਾਰ ਆਮ ਹੋ ਗਿਆ। ਰਾਜਸੀ ਮਨੋਰਥਾਂ ਲਈ ਗੁਰਦੁਆਰਿਆਂ ਦੇ ਫੰਡਾਂ ਦੀ ਦੁਰਵਰਤੋਂ ਤੇ ਸ਼੍ਰੋ.ਗੁ.ਪ੍ਰ. ਕਮੇਟੀ ਦੀ ਸਰਪ੍ਰਸਤੀ ਨੂੰ ਜੱਥੇਦਾਰਾਂ, ਗ੍ਰੰਥੀਆਂ, ਰਾਗੀਆਂ, ਸੇਵਾਦਾਰਾਂ, ਵਿਦਿਅਕ-ਸੰਸਥਾਵਾਂ ਦੇ ਹਜ਼ਾਰਾਂ ਕਰਮਚਾਰੀਆਂ, ਹਸਪਤਾਲਾਂ ਤੇ ਯਤੀਮਖ਼ਾਨਿਆਂ ਦੀਆਂ ਨਿਯੁਕਤੀਆਂ ਵਿੱਚ ਜੋੜ-ਤੋੜ ਨੂੰ ਨਿੱਜੀ ਰਾਜਸੀ ਤਾਕਤ ਮਜ਼ਬੂਤ ਕਰਨ ਲਈ ਵਰਤਿਆ ਜਾਣ ਲੱਗਾ। ਸ਼੍ਰੋ.ਗੁ.ਪ੍ਰ. ਕਮੇਟੀ ਆਗੂਆਂ ਦੇ ਚਰਿੱਤਰ ਤੇ ਸੁਭਾਅ ਦੀ ਅਧੋਗਤੀ ਦੀ ਇਕ ਮਿਸਾਲ ਗੁਰਚਰਨ

ਸਿੰਘ ਟੌਹੜਾ ਸੀ ਜੋ ਬੜਾ ਘੱਟ ਪੜ੍ਹਿਆ ਤੇ ਖੱਬੀ ਵਿਚਾਰਧਾਰਾ ਵਾਲਾ ਵਿਅਕਤੀ ਸੀ ਤੇ ਉਹ ਲਗਾਤਾਰ 16 ਵਾਰ ਸ਼੍. ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਸੀ ਤੇ ਇਸ ਦੇ ਨਾਲ ਹੀ ਦੋ ਵਾਰ ਲੋਕ ਸਭਾ ਦਾ ਮੈਂਬਰ ਵੀ ਬਣਿਆ ਜਿੱਥੋਂ ਉਹ ਘੱਟ ਹੀ ਕਦੇ ਹਾਜ਼ਰ ਰਿਹਾ। ਧਰਮ ਨਿਰਪੇਖ ਰਾਜਨੀਤੀ ਵਿੱਚ ਬਾਦਲ, ਬਲਵੰਤ ਸਿੰਘ ਤੇ ਅਮਰਿੰਦਰ ਸਿੰਘ ਜਿਹੇ ਸਨ ਜਿਨ੍ਹਾਂ ਦੀ ਮੁੱਖ ਪ੍ਰਤੀਨਿਧਤਾ ਆਪਣੇ ਸੁਆਰਥਾਂ ਨਾਲ ਹੀ ਸੀ। ਬਰਨਾਲੇ ਵਰਗੇ ਸਾਊ ਸਿਆਸਤਦਾਨ ਗੁੱਠੇ ਲਾ ਦਿੱਤੇ ਗਏ। ਹੌਲੀ-ਹੌਲੀ ਜੱਥੇਦਾਰਾਂ, ਮੁੱਖ ਗ੍ਰੰਥੀਆਂ, ਰਾਗੀਆਂ ਨੇ ਮਹਿਸੂਸ ਕੀਤਾ ਕਿ ਉਹਨਾਂ ਦੀ ਤਾਂ ਕਿਸੇ ਨੇ ਕੋਈ ਪ੍ਰਵਾਹ ਹੀ ਨਹੀਂ ਕੀਤੀ ਤੇ ਉਹਨਾਂ ਨੇ ਵੀ ਗੁਰਦਵਾਰਿਆਂ ਦੀ ਮਾਇਆ ਨੂੰ ਜੱਫ਼ਾ ਮਾਰਨ ਦਾ ਦਾਅਵਾ ਕਰ ਦਿੱਤਾ ਤੇ ਉਹਨਾਂ ਦੀ ਆਵਾਜ਼ ਵੀ ਸਿੱਖ ਰਾਜਨੀਤੀ ਵਿੱਚ ਸੁਣਾਈ ਦੇਣ ਲੱਗੀ। ਇਸ ਤਰ੍ਹਾਂ ਚੁਣੀ ਹੋਈ ਸ਼੍. ਗੁ. ਪ੍ਰ. ਕਮੇਟੀ ਨੇ ਆਪਣੇ ਮਨੋਨੀਤ ਧਰਮ ਪ੍ਰਚਾਰਕਾਂ ਤੇ ਜੱਥੇਦਾਰਾਂ ਨੂੰ ਤਾਕਤ ਸੌਂਪ ਦਿੱਤੀ। ਇਸ ਤਰ੍ਹਾਂ ਸ਼ਬਦ ਕੀਰਤਨ ਕਰਨ ਵਾਲਾ ਦਰਸ਼ਨ ਸਿੰਘ ਰਾਗੀ ਅਕਾਲ ਤਖਤ ਦੇ ਜੱਥੇਦਾਰ ਦੀ ਪਦਵੀ 'ਤੇ ਸੁਸ਼ੋਭਿਤ ਕਰ ਦਿੱਤਾ ਗਿਆ ਤੇ ਇਸ ਤਰ੍ਹਾਂ ਉਹ ਵੀ ਥੋੜ੍ਹੇ ਜਿਹੇ ਸਮੇਂ ਲਈ ਪੰਥ ਦੀ ਕਿਸਮਤ ਦਾ ਸੂਤਰ-ਧਾਰ ਬਣ ਗਿਆ।[4] ਅੱਗੋਂ ਜੱਥੇਦਾਰਾਂ ਹੱਥੋਂ ਏ.ਆਈ. ਐਸ.ਐਸ. ਐਫ, ਤੇ ਦਮਦਮੀ ਟਕਸਾਲ ਦੇ ਮਨੋਨੀਤ ਛੋਕਰਿਆਂ ਨੇ ਤਾਕਤ ਹਥਿਆ ਲਈ ਜਿਹੜੇ ਭਿੰਡਰਾਂਵਾਲੇ ਦੇ ਆਤੰਕਵਾਦ ਦੀ ਵਿਚਾਰਧਾਰਾ ਵਿੱਚ ਪਲੇ ਤੇ ਪ੍ਰਵਾਨ ਚੜ੍ਹੇ ਸਨ। ਇਹ ਉਹੋ ਹੀ ਸਨ ਜਿਨ੍ਹਾਂ ਦੀ ਤੂਤੀ ਬੋਲਦੀ ਸੀ।

ਸਿੱਖਾਂ ਦਾ ਸ੍ਵੈ-ਚਿੱਤਰ ਅਸਲੀਅਤ ਨਾਲ ਬੜਾ ਘੱਟ ਮੇਲ ਖਾਂਦਾ ਹੈ। ਸਿੱਖਾਂ ਦੇ ਉਤਸ਼ਾਹ ਤੇ ਉੱਦਮੀ ਸੁਭਾਅ ਜਿਸਨੇ ਉਹਨਾਂ ਨੂੰ ਭਾਰਤ ਦਾ ਅਮੀਰ ਤੇ ਅਗਾਂਹਵਧੂ ਸੰਗਠਨ ਬਣਾਇਆ ਸੀ ਹੁਣ ਇਕ ਫੋਕਾ ਅਡੰਬਰ ਤੇ ਸ਼ੇਖੀ ਬਣ ਕੇ ਰਹਿ ਗਿਆ ਹੈ। ਧਾਰਮਿਕ ਜੀਵਨ ਨਿਰਾਰਥਕ ਕਰਮ-ਕਾਂਡਾਂ ਤੇ ਭਾੜੇ ਦੇ ਗ੍ਰੰਥੀਆਂ ਵੱਲੋਂ ਕੀਤੇ ਅਖੰਡ ਪਾਠਾਂ ਤੱਕ ਸੀਮਿਤ ਹੋ ਗਿਆ ਹੈ। ਗ੍ਰੰਥ ਵਿਚਲੇ ਫ਼ਲਸਫ਼ੇ ਨੂੰ ਸਮਝਣ ਤੇ ਇਸ ਦੇ ਸ਼ਬਦਾਂ ਦਾ ਅਧਿਐਨ ਕਰਨ ਦੀ ਥਾਂ ਗ੍ਰੰਥ ਦੀ ਪੂਜਾ ਤੱਕ ਸੀਮਿਤ ਹੋ ਗਿਆ ਹੈ ਜਿਵੇਂ ਇਹ ਵੀ ਕੋਈ ਮੂਰਤੀ ਹੋਵੇ। ਤੇ ਪੇਸ਼ਾਵਰ ਰਾਗੀਆਂ ਵੀ ਫ਼ਿਲਮਾਂ ਵਿੱਚ ਪਿੱਠ-ਭੂਮੀ ਦੇ ਗਾਇਕਾਂ ਵਾਂਗੂੰ ਕੀਰਤਨ ਕਰਨ ਲਈ ਭਾਰੀਆਂ ਭਾਰੀਆਂ ਫ਼ੀਸਾਂ ਮੰਗ ਕੇ ਦਿਨ ਦੂਣੇ ਵੱਧ ਰਹੇ ਹਨ। ਇਹਨਾਂ ਰੀਤਾਂ ਨੂੰ ਪੱਕਿਆਂ ਕਰਨ ਵਿੱਚ ਰਾਗੀਆਂ ਤੇ ਗ੍ਰੰਥੀਆਂ ਦੇ ਹਿੱਤ ਜੁੜ ਗਏ ਹਨ। ਜ਼ਾਤ ਪਾਤ ਖ਼ਤਮ ਕਰਨ ਦੇ ਦਾਅਵਿਆਂ ਦੇ ਬਾਵਜੂਦ ਨੀਵੀਂ ਜ਼ਾਤੀ ਦੇ ਸਿੱਖਾਂ ਵਿਰੁੱਧ ਜ਼ਾਤ-ਪਾਤ ਦਾ ਵਿਤਕਰਾ ਹਿੰਦੂਆਂ ਦੇ ਮੁਕਾਬਲੇ ਥੋੜ੍ਹਾ ਜਿਹਾ ਹੀ ਘੱਟ ਹੈ।

---

4. ਦਰਸ਼ਨ ਸਿੰਘ ਦਾ ਜਨਮ ਸ਼ਾਹੀਵਾਲ ਜ਼ਿਲ੍ਹੇ (ਜੋ ਹੁਣ ਪਾਕਿਸਤਾਨ ਵਿੱਚ ਹੈ) ਵਿੱਚ 1936 ਈ: ਨੂੰ "ਸੁਰਾਂਵਾਲਾ" ਪਿੰਡ ਵਿੱਚ ਹੋਇਆ ਸੀ। ਉਹ ਅਰੋੜਾ ਸਿੱਖ ਹੈ। ਉਹ ਸੰਗੀਤ ਵਿੱਚ ਐਮ.ਏ. ਹੈ। ਉਹ ਸਭ ਤੋਂ ਵੱਧ ਫ਼ੀਸ ਲੈਣ ਵਾਲਾ ਰਾਗੀ ਤੇ ਪ੍ਰਚਾਰਕ ਹੈ। ਉਹ "ਨੀਲਾ ਤਾਰਾ ਸਾਕਾ" ਪਿੱਛੋਂ ਰਾਜਨੀਤੀ ਵਿੱਚ ਆਇਆ। ਉਸ ਨੂੰ ਸਰਕਾਰ ਵਿਰੁੱਧ ਭੜਕਾਊ ਉਪਦੇਸ਼ਾਂ ਤੇ ਵਿਖਿਆਨਾਂ ਕਾਰਨ ਦੋ ਵਾਰ ਨਜ਼ਰਬੰਦ ਕੀਤਾ ਗਿਆ ਸੀ।

ਮਾਨਵਤਾ ਲਈ "ਗੁਰੂ ਗ੍ਰੰਥ ਸਾਹਿਬ" ਵਿੱਚ ਦਿੱਤਾ "ਸਰਬਤ ਦੇ ਭਲੇ" ਦਾ ਸੰਦੇਸ਼ ਧਾਰਮਿਕ ਸਮਾਗਮਾਂ ਸਮੇਂ ਇਕ ਪ੍ਰਾਰਥਨਾ ਗੀਤ ਬਣ ਕੇ ਰਹਿ ਗਿਆ ਹੈ। ਗੁਰੂ ਗੋਬਿੰਦ ਸਿੰਘ ਦੀ ਇਹ ਸਿਖਿਆ ਕਿ ਹਥਿਆਰ ਚੁੱਕਣਾ ਉਦੋਂ ਹੀ ਜਾਇਜ਼ ਹੈ ਜਦੋਂ ਹੋਰ ਉਪਾ ਦੁਸ਼ਟਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਵਿੱਚ ਨਿਸਫ਼ਲ ਹੋ ਜਾਣ, ਉਸ 'ਤੇ ਚੱਲਣ ਦੀ ਥਾਂ ਅਵੱਗਿਆ ਵਧੇਰੇ ਕੀਤੀ ਜਾ ਰਹੀ ਹੈ। ਬਹੁਤ ਘੱਟ ਲੋਕ ਐਸੇ ਹਨ ਜੋ ਮਾਸੂਮ ਨਿਰਦੋਸ਼ਾਂ ਨੂੰ ਖਿੱਚ ਧੂਹ ਕਰਨ ਵਾਲਿਆਂ, ਬੱਸਾਂ ਵਿੱਚੋਂ ਲਾਹ ਕੇ ਬੇਹਥਿਆਰ ਲੋਕਾਂ ਨੂੰ ਮਾਰਨ ਵਾਲਿਆਂ, ਬਾਜ਼ਾਰਾਂ ਤੇ ਸਿਨਮਾਂ ਘਰਾਂ ਵਿੱਚ ਬੰਬ ਸੁੱਟਣ ਵਾਲੇ ਬਦਮਾਸ਼ਾਂ, ਤੇ ਫਸਾਦੀਆਂ ਦੀ ਨਿੰਦਾ ਤੇ ਨਿਖੇਧੀ ਕਰਨ ਦੀ ਜੁਰਅਤ ਕਰਦੇ ਹਨ। ਹਿੰਦੂਆਂ ਨੂੰ ਸਤਾਉਣ ਵਾਲਾ ਭਿੰਡਰਾਂਵਾਲਾ ਸਿੱਖ ਸਮਾਜ ਦੇ ਉੱਜੜ ਤੇ ਮੂਰਖ ਵਰਗਾਂ ਦਾ "ਨਾਇਕ" ਬਣ ਗਿਆ ਹੈ। ਕਦੇ-ਕਦੇ ਇਸ ਤਰ੍ਹਾਂ ਜਾਪਦਾ ਹੈ ਕਿ ਗੁਰੂ ਵੱਲੋਂ ਨਿਰਧਾਰਤ ਕਾਰਜ ਪੂਰਾ ਕਰਕੇ ਖ਼ਾਲਸਾ ਹੁਣ ਆਪਣੀ ਸਾਰਥਿਕਤਾ ਗੁਆ ਚੁੱਕਾ ਹੈ ਤੇ ਗੁਰੂ ਸਾਹਿਬਾਨ ਨੇ ਆਪਣੀ ਅਗਮ ਸੋਝੀ ਨਾਲ ਉਸ ਨੂੰ ਅਜਿਹੇ ਆਗੂ ਦੇ ਦਿੱਤੇ ਹਨ ਜੋ ਉਸ ਦਾ ਭੋਗ ਪਾ ਦੇਣਗੇ ਭਾਵ ਮਾਤਮੀ ਘੰਟੀ ਵਜਾ ਕੇ ਅੰਤ ਕਰ ਦੇਣਗੇ।

ਅੰਤਿਮ ਭਾਗ

ਜੂਨ 1984 ਵਿੱਚ ਸਵਰਨ ਮੰਦਰ ਉੱਪਰ ਹਮਲਾ ਅਤੇ 31 ਅਕਤੂਬਰ 1984 ਨੂੰ ਸ੍ਰੀਮਤੀ ਗਾਂਧੀ ਦੇ ਉਹਦੇ ਸਿੱਖ ਅੰਗ-ਰਖਿਅਕਾਂ ਵੱਲੋਂ ਕਤਲ ਪਿੱਛੋਂ 5000 ਤੋਂ ਵਧੀਕ ਸਿੱਖਾਂ ਦਾ ਕਤਲਾਮ ਉੱਤਰੀ ਭਾਰਤ ਦੇ ਲੋਕਾਂ ਦੇ ਮਨਾਂ ਵਿੱਚ ਡੂੰਘੀ ਤਰ੍ਹਾਂ ਖੁਣਿਆ ਜਾ ਚੁੱਕਾ ਸੀ। ਪ੍ਰੰਤੂ ਇਹਨਾਂ ਘਟਨਾਵਾਂ ਨੂੰ ਸਿੱਖ ਤੇ ਪੰਜਾਬੀ ਹਿੰਦੂ ਕਿਵੇਂ ਵੇਖਦੇ ਹਨ ਇਸ ਵਿੱਚ ਦੋਹਾਂ ਵਿੱਚ ਬੜਾ ਅੰਤਰ ਤੇ ਪਾੜਾ ਹੈ। ਜੋ ਲੋਕ ਇਹਨਾਂ ਘਟਨਾਵਾਂ ਨੂੰ ਉੱਚਿਤ ਮੰਨਦੇ ਹਨ, ਉਹ ਭਿੰਡਰਾਂਵਾਲੇ ਵੱਲੋਂ ਹਰਿਮੰਦਰ ਦੀ ਸੀਮਾਂ ਅੰਦਰੋਂ ਹਿੰਦੂਆਂ ਪ੍ਰਤੀ ਘਿਰਨਾ ਫੈਲਾਉਣ ਵਾਲੇ ਭਾਸ਼ਣਾਂ ਦਾ, ਉਹਦੇ ਪੈਰੋਕਾਰਾਂ ਵੱਲੋਂ ਪੰਜਾਬ ਤੇ ਹਰਿਆਣਾ ਵਿੱਚ ਫੈਲਾਏ ਆਤੰਕ ਦਾ, ਸੁਤੰਤਰ ਸਿੱਖ ਰਾਜ ਸਥਾਪਿਤ ਕਰਨ ਦੀਆਂ ਗੁਪਤ ਧਮਕੀਆਂਤੇ ਅਕਾਲ ਤਖ਼ਤ ਉੱਪਰ ਖ਼ਾਲਿਸਤਾਨ ਦਾ ਝੰਡਾ ਲਹਿਰਾਉਣ ਦਾ ਵਾਰ-ਵਾਰ ਜ਼ਿਕਰ ਕਰਦੇ ਹਨ। ਜਿਹੜੇ ਉਹਨਾਂ ਘਟਨਾਵਾਂ ਦੀ ਨਿਖੇਧੀ ਕਰਦੇ ਹਨ ਉਹ ਸਿੱਖਾਂ ਦੇ ਸਭ ਤੋਂ ਪਵਿੱਤਰ ਗੁਰਦੁਆਰਿਆਂ ਦਾ ਆਪਮੁਹਾਰੇ ਅਪਮਾਨ ਤੇ ਬੇਹੁਰਮਤੀ ਕਰਨ, ਆਪਣੇ ਕੁਕਰਮਾਂ ਨੂੰ ਛੁਪਾਉਣ ਲਈ ਗਲਤ "ਸਰਕਾਰੀ ਪੱਤਰ" ਜਾਰੀ ਕਰਨ ਤੇ ਹਰ ਸਰਕਾਰ ਵੱਲੋਂ ਸਿੱਖਾਂ ਵਿਰੁੱਧ ਜ਼ੁਲਮ ਕਰਨ ਵਾਲਿਆਂ ਤੇ ਉਹਨਾਂ ਦਾ ਕਤਲਾਮ ਕਰਨ ਵਾਲੇ ਅਪਰਾਧੀਆਂ ਨੂੰ ਬਚਾਉਣ ਤੇ ਵਾਰ-ਵਾਰ ਕਮਿਸ਼ਨ ਸਥਾਪਿਤ ਕਰਨ ਦੇ ਪੈਂਤੜੇ ਤੇ ਛਲਕਪਟ ਵਰਤ ਕੇ ਸਜ਼ਾ ਦੇਣ ਤੋਂ ਟਾਲਾ ਕਰਨ ਦੀ ਵਾਰ-ਵਾਰ ਗੱਲ ਕਰਦੇ ਹਨ, ਜਿਸ ਕਾਰਨ ਇਕ ਵੀ ਗੁਨਾਹਗਾਰ ਫੜਿਆ ਨਹੀਂ ਜਾ ਸਕਿਆ। ਇਸ ਦਾ ਸਿੱਟਾ ਇਹ ਹੋਇਆ ਕਿ ਅਪਰਾਧੀ ਘਟਨਾਵਾਂ ਤੇ ਜੁਰਮ ਜਿਹੜੇ ਭਿੰਡਰਾਂਵਾਲੇ ਦੇ ਰਾਜਸੀ ਤੇ ਧਾਰਮਕ ਉਭਾਰ ਸਮੇਂ ਵੀ ਕਾਫ਼ੀ ਜ਼ਿਆਦਾ ਸਨ, ਉਹਨਾਂ ਦੀ ਗਿਣਤੀ ਉਸ ਦੇ ਮਗਰੋਂ ਹੋਰ ਵੀ ਜ਼ਿਆਦਾ ਹੋ ਗਈ। ਮਾਸਟਰ ਤਾਰਾ ਸਿੰਘ ਦੀ ਲੜਕੀ ਰਾਜਿੰਦਰ ਕੌਰ ਨੂੰ ਪੰਜਾਬ ਦੇ ਇਕ ਪਿੰਡ ਵਿੱਚ ਕਤਲ ਕਰ ਦਿੱਤਾ ਗਿਆ ਤੇ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਦਿੱਲੀ ਵਿੱਚ ਹੀ ਗੋਲੀਆਂ ਨਾਲ ਉਡਾ ਦਿੱਤਾ ਗਿਆ। ਹੋਰ ਤਾਂ ਹੋਰ ਜਦੋਂ ਸੰਤ ਲੌਂਗੋਵਾਲ ਰਾਜੀਵ ਗਾਂਧੀ ਨਾਲ ਸਮਝੌਤੇ ਲਈ ਸ਼ਾਂਤੀ ਵਾਰਤਾ ਚਲਾ ਰਿਹਾ ਸੀ (ਇਸ ਸਮਝੌਤੇ 'ਤੇ 24 ਜੁਲਾਈ, 1985 ਨੂੰ ਦਸਤਖ਼ਤ ਹੋਏ) ਏਅਰ ਇੰਡੀਆ ਦਾ ਜਹਾਜ਼ 'ਕਨਿਸ਼ਕ' ਜੋ ਕੈਨੇਡਾ ਦੇ ਸ਼ਹਿਰ ਵੈਨਕੂਵਰ ਤੋਂ ਲੰਡਨ ਜਾ ਰਿਹਾ ਸੀ, ਆਇਰਲੈਂਡ ਦੇ ਤੱਟ ਉੱਪਰ ਉੱਡ ਰਹੇ ਨੂੰ ਹੀ, 23 ਜੂਨ 1985 ਨੂੰ ਆਕਾਸ਼ ਵਿੱਚ ਹੀ ਬੰਬ ਨਾਲ ਉਡਾ ਦਿੱਤਾ ਗਿਆ ਜਿਸ ਵਿੱਚ ਇਸ ਦੇ ਸਵਾਰ ਸਾਰੇ 329 ਮੁਸਾਫ਼ਿਰ ਤੇ ਜਹਾਜ਼ੀ ਅਮਲਾ ਮਾਰੇ ਗਏ। ਟੋਕੀਓ ਦੇ ਨਾਰੀਤਾ ਹਵਾਈ ਅੱਡੇ 'ਤੇ ਭਾਰਤ ਨੂੰ ਜਾਣ ਵਾਲੇ ਜਹਾਜ਼ ਉੱਪਰ ਸਾਮਾਨ ਲੱਦ ਰਹੇ ਦੋ ਜਹਾਜ਼ੀ ਕੁਲੀ ਵੀ ਮਾਰੇ ਗਏ। ਦੋਹਾਂ ਥਾਵਾਂ 'ਤੇ ਅਪਰਾਧੀ ਕੈਨੇਡਾ ਵਿੱਚ ਵੱਸੇ ਹੋਏ ਸਿੱਖ ਪ੍ਰਵਾਸੀ ਸਨ।

ਅਗਲੇ ਮਹੀਨੇ ਰਾਸ਼ਟਰਪਤੀ ਸ਼ੰਕਰਦਿਆਲ ਸ਼ਰਮਾ ਦਾ ਜਵਾਈ ਤੇ ਲੋਕ ਸਭਾ ਦਾ

ਮੈਂਬਰ ਲਲਿਤ ਮਾਕਿਨ ਦਿਨ ਦਿਹਾੜੇ ਦਿੱਲੀ ਵਿੱਚ ਮਾਰ ਦਿੱਤਾ ਗਿਆ। 20 ਅਗਸਤ 1985 ਨੂੰ ਸੰਤ ਲੌਂਗੋਵਾਲ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੇਰਪੁਰ ਵਿੱਚ ਗੁਰਦਵਾਰੇ ਵਿੱਚ ਅਰਦਾਸ ਕਰਨ ਸਮੇਂ ਹੀ ਮਾਰ ਦਿੱਤਾ ਗਿਆ। ਪੰਜਾਬ ਵਿੱਚ ਹਿੰਸਾ ਸਾਰੇ ਜ਼ਿਲ੍ਹਿਆਂ ਵਿੱਚ ਫੈਲ ਗਈ ਤੇ ਆਤੰਕਵਾਦੀਆਂ ਨੇ ਦੁਬਾਰਾ ਅਕਾਲ ਤਖ਼ਤ 'ਤੇ ਕਬਜ਼ਾ ਕਰ ਲਿਆ। ਸੁਰਜੀਤ ਸਿੰਘ ਬਰਨਾਲਾ ਜੋ ਰਾਜੀਵ-ਲੌਂਗੋਵਾਲ ਸਮਝੌਤੇ ਪਿੱਛੋਂ ਸੂਬੇ ਦਾ ਮੁੱਖ ਮੰਤਰੀ ਚੁਣਿਆ ਗਿਆ ਸੀ, ਉਸ ਦੀ ਰਾਜ ਪ੍ਰਬੰਧ ਉੱਪਰ ਪਕੜ ਢਿੱਲੀ ਹੋ ਗਈ। 1986 ਦਾ ਸਾਲ ਪੰਜਾਬ ਤੇ ਹਰਿਆਣਾ ਵਿੱਚ ਦੂਰ-ਦੂਰ ਤੱਕ ਰੋਸ ਮੁਜ਼ਾਹਰਿਆਂ ਨਾਲ ਸ਼ੁਰੂ ਹੋਇਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਲਈ ਅੰਦੋਲਨ ਦੀ ਅਗਵਾਈ ਕੀਤੀ। ਅਕਾਲੀ ਧੜਿਆਂ ਨੇ ਜਰਨੈਲੀ ਸੜਕਾਂ ਤੇ "ਰਸਤਾ ਰੋਕੋ ਅੰਦੋਲਨ" ਸ਼ੁਰੂ ਕਰ ਦਿੱਤਾ। ਹਰਿਆਣਾ ਵਿੱਚ ਵੈਸਾ ਹੀ 'ਰਸਤਾ ਰੋਕੋ ਅੰਦੋਲਨ' ਵਿਰੋਧੀ ਪਾਰਟੀਆਂ ਨੇ ਸਰਕਾਰ ਦੀ ਆਸ਼ੀਰਵਾਦ ਨਾਲ ਸ਼ੁਰੂ ਕਰ ਦਿੱਤਾ। ਕੇਂਦਰੀ ਸਰਕਾਰ ਇਸ ਹਾਲਾਤ ਵਿੱਚ ਵੱਧ ਤੋਂ ਵੱਧ ਇਹ ਕਰ ਸਕੀ ਕਿ ਉਸ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਬਦਲੇ ਹਰਿਆਣਾ ਨੂੰ ਦਿੱਤੇ ਜਾਣ ਵਾਲੇ ਪਿੰਡਾਂ ਦੀ ਪਛਾਣ ਕਰਨ ਲਈ ਇਕ ਮੈਂਬਰੀ ਮੈਥੀਓ ਕਮਿਸ਼ਨ ਸਥਾਪਿਤ ਕਰ ਦਿੱਤਾ। ਸਭ ਤੋਂ ਅਧਿਕ ਵਿਵਾਦਗ੍ਰਸਤ ਨਗਰ ਅਬੋਹਰ ਤੇ ਫਾਜ਼ਿਲਕਾ ਸਨ ਤੇ ਉਹਨਾਂ ਨੂੰ ਹਰਿਆਣੇ ਨਾਲ ਜੋੜਨ ਲਈ ਰਾਹ ਵਿੱਚ ਕੰਦੂਖੇੜਾ ਪੰਜਾਬੀ ਬੋਲਦਾ ਪਿੰਡ ਸੀ ਤੇ ਜਦੋਂ ਉਸ ਪਿੰਡ ਦੇ ਲੋਕਾਂ ਦੀਆਂ ਵੋਟਾਂ ਪੁਆਈਆਂ ਗਈਆਂ ਤਾਂ ਉਹਨਾਂ ਨੇ ਪੰਜਾਬ ਵਿੱਚ ਰਹਿਣ ਦੀ ਚੋਣ ਕੀਤੀ। ਇਸ ਨਾਲ ਫਾਜ਼ਿਲਕਾ ਤੇ ਅਬੋਹਰ ਵੀ ਹਰਿਆਣੇ ਨੂੰ ਦੇਣ ਦਾ ਕੰਮ ਠੱਪ ਹੋ ਗਿਆ।

ਇਸ ਦੌਰਾਨ ਆਤੰਕਵਾਦੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ। ਉਹਨਾਂ ਨੇ ਦੋ ਅਕਤੂਬਰ 1986 ਨੂੰ ਦਿੱਲੀ ਦੇ ਰਾਜਘਾਟ 'ਤੇ ਪ੍ਰਧਾਨਮੰਤਰੀ ਗਾਂਧੀ ਤੇ ਅਸਫਲ ਜਾਨਲੇਵਾ ਹਮਲਾ ਕਰ ਦਿੱਤਾ। ਅਗਲੇ ਦਿਨ ਜਾਲੰਧਰ ਵਿੱਚ ਡਾਇਰੈਕਟਰ ਜਨਰਲ ਪੁਲੀਸ ਜੁਲੀਓ ਰਿਬੇਰੋ ਤੇ ਉਹਦੀ ਪਤਨੀ ਨੂੰ ਗੋਲੀ ਚਲਾ ਕੇ ਜ਼ਖ਼ਮੀ ਕਰ ਦਿੱਤਾ ਗਿਆ। (ਉਸ ਨੂੰ ਮਾਰਨ ਦੀ ਦੂਸਰੀ ਕੋਸ਼ਿਸ਼ 20 ਅਗਸਤ 1991 ਨੂੰ ਕੀਤੀ ਗਈ ਜਦੋਂ ਉਹ ਰੋਮਾਨੀਆ ਵਿੱਚ ਰਾਜਦੂਤ ਨਿਯੁਕਤ ਸੀ।) ਰੋਬੇਰੋ ਦੇ ਹਮਲਾਵਰਾਂ ਦੀ ਰਿਹਾਈ ਕਰਾਉਣ ਲਈ ਤੇ ਸੌਦੇਬਾਜ਼ੀ ਲਈ ਦਿੱਲੀ ਵਿੱਚ ਰੁਮਾਨੀਆ ਦੇ ਦੂਤਘਰ ਦਾ ਇਕ ਅਧਿਕਾਰੀ ਅਗਵਾ ਕਰ ਲਿਆ ਗਿਆ ਤੇ ਉਸ ਨੂੰ 23 ਦਿਨਾਂ ਮਗਰੋਂ ਰਿਹਾਅ ਕੀਤਾ ਗਿਆ। ਜਿਹੜੇ ਲੋਕ ਕਾਤਲਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਉਹਨਾਂ ਵਿੱਚ ਉੱਘਾ ਅਕਾਲੀ ਨੇਤਾ ਜੀਵਨ ਸਿੰਘ ਉਮਰਾਨੰਗਲ ਤੇ ਦੋ ਪੁਲੀਸ ਅਧਿਕਾਰੀਆਂ ਪੀ.ਐਸ. ਕਾਹਲੋਂ ਤੇ ਡੀ.ਐਸ. ਮਾਂਗਟ ਦੇ ਬੇਟੇ ਸਨ। ਅਰਵਿੰਦਰ ਸਿੰਘ ਬਰਾੜ ਤੇ ਕੇ.ਆਰ.ਐਸ. ਗਿੱਲ ਦੋ ਹੋਰ ਪੁਲੀਸ ਅਧਿਕਾਰੀ ਪਟਿਆਲਾ ਦੀ ਰਾਸ਼ਟਰੀ ਖੇਡ ਸੰਸਥਾ ਵਿੱਚ ਉਸ ਸਮੇਂ ਗੋਲੀਆਂ ਨਾਲ ਉਡਾ ਦਿੱਤੇ ਗਏ ਜਦੋਂ ਉਹ ਸਵੇਰ ਵੇਲੇ ਦੁੜਕੀ ਲਾ ਰਹੇ ਸਨ।

'ਨੀਲਾ ਤਾਰਾ ਸਾਕਾ' ਸਮੇਂ ਭਾਰਤੀ ਸੈਨਾ ਦੇ ਮੁਖੀ ਏ.ਐਸ. ਵੈਦਿਆ ਨੂੰ ਦੋ ਸਿੱਖ ਹਮਲਾਵਰਾਂ ਨੇ ਪੂਨੇ ਵਿੱਚ ਗੋਲੀਆਂ ਮਾਰ ਕੇ ਉਡਾ ਦਿੱਤਾ।

ਇਹਨਾਂ ਭਿਆਨਕ ਉਪੱਦਰਾਂ ਤੇ ਅੱਤਿਆਚਾਰਾਂ ਦੀ ਨਿੰਦਿਆ ਕਰਨ ਦੀ ਥਾਂ ਅਕਾਲੀ ਨੇਤਾਵਾਂ ਨੇ ਪੁਲੀਸ 'ਤੇ ਇਲਜ਼ਾਮ ਲਗਾਏ ਕਿ ਵੱਡੀ ਗਿਣਤੀ ਵਿੱਚ ਸਿੱਖ

ਯੁਵਕਾਂ ਨੂੰ ਸ਼ੱਕ ਦੀ ਬਿਨਾ ਤੇ ਜਾਂ ਤਾਂ ਖ਼ਤਮ ਕਰ ਰਹੀ ਸੀ ਜਾਂ ਉਹਨਾਂ ਨੂੰ ਨਜ਼ਰਬੰਦ ਕਰ ਰਹੀ ਸੀ। ਇਹ ਦੋਸ਼ ਪੰਜਾਬ ਤੇ ਵਿਦੇਸ਼ਾਂ ਦੀਆਂ ਬਹੁਤ ਮਨੁੱਖੀ ਹੱਕਾਂ ਦੀਆਂ ਸੰਸਥਾਵਾਂ ਨੇ ਸਹੀ ਨਾ ਪਾਏ। ਬਰਨਾਲਾ ਸਰਕਾਰ ਨੇ ਇਹਨਾਂ ਦੋਸ਼ਾਂ ਤੇ ਜਵਾਬੀ ਦਾਅਵਿਆਂ ਨੂੰ ਅਣਗੌਲਿਆਂ ਕਰ ਦਿੱਤਾ। ਬਰਨਾਲਾ ਦੇ ਸਖ਼ਤ ਆਲੋਚਕ ਅਕਾਲੀ ਪਾਰਟੀ ਵਿਚਲੇ ਪਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੋਹੜਾ ਤੇ ਪਟਿਆਲੇ ਦੇ ਅਮਰਿੰਦਰ ਸਿੰਘ ਜਿਹੇ ਉਹਦੇ ਵਿਰੋਧੀ ਸਨ ਜੋ ਮੁੱਖ ਮੰਤਰੀ ਦੀ ਗੱਦੀ ਦੇ ਚਾਹਵਾਨ ਸਨ। ਵਿਧਾਨ ਸਭਾ ਵਿੱਚ ਉਹਦੇ ਉਹ ਸਮਰਥੱਕ ਵੀ ਅਸੰਤੁਸ਼ਟ ਹੋ ਗਏ ਜਿਹਨਾਂ ਨੂੰ ਮੰਤਰੀ-ਪਦ ਨਾ ਮਿਲਿਆ।

1987 ਵਿੱਚ ਰਾਸ਼ਟਰਪਤੀ ਜ਼ੈਲ ਸਿੰਘ ਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਵੀ ਬੋਲਚਾਲ ਨਹੀਂ ਸੀ। ਬਰਨਾਲਾ ਹੋਰ ਵੀ ਅਲੱਗ-ਥਲੱਗ ਹੋ ਗਿਆ ਕਿਉਂਕਿ ਅਕਾਲ ਤਖ਼ਤ ਦੇ ਕਾਰਜਕਾਰੀ ਜੱਥੇਦਾਰ ਦਰਸ਼ਨ ਸਿੰਘ ਰਾਗੀ ਨੇ ਉਸ ਨੂੰ ਸਵਰਨ ਮੰਦਰ ਵਿੱਚ ਪੁਲੀਸ ਭੇਜਣ ਕਰਕੇ 'ਤਨਖਾਹੀਆ' ਕਰਾਰ ਦੇ ਦਿੱਤਾ ਸੀ।[1] ਹਰਿਆਣਾ ਵਿੱਚ ਚੋਣਾਂ ਹੋਣ ਵਾਲੀਆਂ ਸਨ। ਮੁੱਖਮੰਤਰੀ ਭਜਨ ਲਾਲ ਨੇ ਪ੍ਰਧਾਨਮੰਤਰੀ ਤੇ ਇਹ ਪ੍ਰਭਾਵ ਪਾ ਕੇ ਪਰੇਰ ਲਿਆ ਕਿ ਜੇ ਪੰਜਾਬ ਨੂੰ ਹੋਰ ਰਿਆਇਤ ਦਿੱਤੀ ਗਈ ਤਾਂ ਉਹ ਹਰਿਆਣੇ 'ਚੋਂ ਹਿੰਦੂ ਵੋਟਾਂ ਤੋਂ ਵਾਂਝੇ ਹੋ ਜਾਣਗੇ। ਰਾਜੀਵ ਗਾਂਧੀ ਉਹਦੇ ਦਬਾਅ ਹੇਠ ਆ ਗਿਆ ਤੇ ਉਸ ਨੇ ਪੰਜਾਬ ਅਸੈਂਬਲੀ ਨੂੰ ਕਾਇਮ ਰਹਿਣ ਦਿੱਤਾ ਪਰ ਬਰਨਾਲਾ ਸਰਕਾਰ ਨੂੰ ਬਰਤਰਫ ਕਰ ਦਿੱਤਾ ਤੇ ਮਈ 1987 ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਫਿਰ ਵੀ ਕਾਂਗਰਸ ਹਰਿਆਣਾ ਵਿੱਚ ਚੋਣਾਂ ਹਾਰ ਗਈ।

o—o—o

1988 ਦਾ ਪਹਿਲਾ ਮਹੀਨਾ ਪੰਜਾਬ ਦੇ ਇਤਿਹਾਸ ਵਿੱਚ "ਘਾਤਕ ਜਨਵਰੀ" ਵਜੋਂ ਜਾਣਿਆ ਜਾਵੇਗਾ। ਇਹ ਮਹੀਨਾ ਪਟਿਆਲਾ ਵਿੱਚ ਸਿੱਖ ਆਤੰਕਵਾਦੀਆਂ ਹੱਥੋਂ ਦੋ ਸਿੱਖ ਪੁਲਸ ਅਫ਼ਸਰਾਂ ਦੇ ਕਤਲ ਨਾਲ ਆਰੰਭ ਹੋਇਆ। ਹਿੰਦੂਆਂ ਤੇ ਸਿੱਖਾਂ ਦੇ ਕਤਲ ਤੇਜ਼ੀ ਨਾਲ ਹੋਣ ਲੱਗੇ। ਸਥਿਤੀ ਇਸ ਕਾਰਨ ਬੜੀ ਭੈੜੀ ਹੋ ਗਈ ਕਿ ਕੇਂਦਰੀ ਸਰਕਾਰ ਵਿੱਚ ਤੇ ਅਕਾਲੀ ਨੇਤਾਵਾਂ ਵਿੱਚ ਕੋਈ ਵੀ ਐਸਾ ਨਹੀਂ ਸੀ ਜੋ ਪੰਜਾਬ ਵਿੱਚ ਸ਼ਾਂਤੀ ਬਹਾਲੀ ਲਈ ਭਰੋਸੇ ਨਾਲ ਕੁਝ ਕਹਿ ਸਕਦਾ ਜਾਂ ਕਰ ਸਕਦਾ। ਘੋਰ ਨਿਰਾਸ਼ਾ ਮਗਰੋਂ ਪ੍ਰਧਾਨ ਮੰਤਰੀ ਦੇ "ਵਿਚਾਰ-ਕੁੰਡ" ਵਿਅਕਤੀਆਂ ਨੇ ਸਿਮਰਨਜੀਤ ਮਾਨ ਦਾ ਰੁਖ ਕੀਤਾ ਕਿ ਉਹ ਹੀ ਇਸ ਕਸੂਤੀ ਸਥਿਤੀ ਵਿੱਚੋਂ ਕੱਢ ਕੇ ਉਧਾਰ ਕਰੇਗਾ। ਅਪੁਸ਼ਟ ਸ੍ਰੋਤਾਂ ਤੋਂ ਇਹ ਖ਼ਬਰਾਂ ਵੀ ਮਿਲੀਆਂ ਸਨ ਕਿ ਰਾਜ ਵਿੱਚ ਸ਼ਾਂਤੀ ਕਾਇਮ ਕਰਨ ਦੀ ਸੂਰਤ ਵਿੱਚ ਉਸ ਨੂੰ ਮੁੱਖਮੰਤਰੀ ਦੀ ਗੱਦੀ ਦੀ ਪੇਸ਼ਕਸ਼ ਵੀ ਕੀਤੀ ਗਈ ਸੀ।

ਇਸ ਦੌਰਾਨ ਸਵਰਨ ਮੰਦਰ ਵਿੱਚ ਸਥਿਤੀ ਹੋਰ ਵੀ ਵਿਸਫ਼ੋਟਕ ਹੋ ਗਈ ਤੇ ਆਤੰਕਵਾਦੀਆਂ ਨੇ ਸਵਰਨ ਮੰਦਰ ਅਹਾਤੇ ਵਿੱਚ ਮੋਰਚਾਬੰਦੀ ਕਰਕੇ ਇਹਦੇ ਉਦਾਲੇ ਬੈਠੀ ਪੁਲੀਸ ਨਾਲ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ। ਹਰਿਮੰਦਰ ਦੇ ਬਾਹਰ ਡੀ.ਆਈ.ਜੀ., ਐਸ.ਐਸ. ਵਿਰਕ ਨੂੰ ਗੋਲੀ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਰਾਜੀਵ ਗਾਂਧੀ ਤੇ ਉਹਦੇ ਸਲਾਹਕਾਰ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋ

---

1. ਟ੍ਰਿਬਿਊਨ ਵਿੱਚੋਂ, 17 ਜਨਵਰੀ 1999.

ਗਏ। ਖ਼ੁਸ਼ ਕਿਸਮਤੀ ਨਾਲ ਉਹਨਾਂ ਨੂੰ ਇਸ ਕਾਰਜ ਲਈ ਕੇ.ਪੀ.ਐਸ. ਗਿੱਲ ਡਾਇਰੈਕਟਰ ਜਨਰਲ ਪੁਲੀਸ ਤੇ ਸਰਬਜੀਤ ਸਿੰਘ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੋ ਸੁਯੋਗ ਅਧਿਕਾਰੀ ਮਿਲ ਗਏ। ਪੰਜਾਬ ਦੇ ਰਾਜਪਾਲ ਐਸ.ਐਸ. ਰੇਅ, ਪੀ ਚਿਦੰਬਰਨ ਤੇ ਰਿਬੇਰੋ ਦੀ ਅਗਵਾਈ ਵਿੱਚ ਹਰਿਮੰਦਰ ਨੂੰ ਘੇਰਾ ਪਾਉਣ, ਮਹੱਤਵਪੂਰਨ ਠਿਕਾਣਿਆਂ ਤੇ ਨਿਸ਼ਾਨਚੀ ਨਿਯੁਕਤ ਕਰਨ ਤੇ ਅੰਦਰਲਿਆਂ ਨੂੰ ਪੀਣ ਵਾਲੇ ਪਾਣੀ ਤੋਂ ਦੂਰ ਰੱਖਣ ਲਈ ਯੋਜਨਾ ਤਿਆਰ ਕਰ ਲਈ ਗਈ। ਇਹ ਕਾਰਵਾਈ, ਜੋ "ਕਾਲੀ ਗਰਜ ਸਾਕੇ" ਵਜੋਂ ਮਸ਼ਹੂਰ ਹੋਈ, 13 ਤੋਂ 18 ਮਈ ਤੱਕ ਪੂਰੀ ਕੀਤੀ ਗਈ। ਅਕਾਲ ਤਖ਼ਤ ਵਿੱਚ ਛੁਪੇ ਹੋਏ ਆਦਮੀਆਂ ਤੇ ਇਸਤਰੀਆਂ ਨੂੰ ਬਾਹਰ ਆਉਣ ਲਈ ਮਜ਼ਬੂਰ ਕਰ ਦਿੱਤਾ ਗਿਆ। ਜਿਹੜੇ ਦੋ ਵਿਅਕਤੀਆਂ ਨੇ ਭੱਜ ਜਾਣ ਦੀ ਕੋਸ਼ਿਸ਼ ਕੀਤੀ, ਉਹ ਗੋਲੀ ਮਾਰ ਕੇ ਖ਼ਤਮ ਕਰ ਦਿੱਤੇ ਗਏ। ਇਕ ਨੇ ਸਾਇਨਾਈਡ ਕੈਪਸੂਲ ਖਾ ਕੇ ਆਤਮਘਾਤ ਕਰ ਲਿਆ। ਦੂਸਰਿਆਂ ਨੇ ਸਿਰ ਉੱਪਰ ਉਠਾ ਕੇ ਆਤਮ ਸਮਰਪਣ ਕਰ ਦਿੱਤਾ। 'ਕਾਲੀ ਗਰਜ' ਕਾਰਵਾਈ ਮੁਕੰਮਲ ਤੌਰ 'ਤੇ ਸਫਲ ਹੋਈ।

ਸ਼ਸਤਰਧਾਰੀ ਦਲਾਂ ਨੂੰ ਦੁਬਾਰਾ ਜੱਥੇਬੰਦ ਹੋਣ ਤੋਂ ਰੋਕਣ ਤੇ ਇਸ ਸਮੱਸਿਆ ਨੂੰ ਪੱਕੀ ਤਰ੍ਹਾਂ ਜੜ੍ਹੋਂ ਪੁੱਟਣ ਲਈ ਕੇਂਦਰੀ ਸਰਕਾਰ ਨੇ "ਗਲਿਆਰਾ ਯੋਜਨਾ" ਤਿਆਰ ਕੀਤੀ। ਇਸ ਅਨੁਸਾਰ ਸਵਰਨ ਮੰਦਰ ਉਦਾਲੇ 30-60 ਮੀਟਰ ਸੁਰੱਖਿਆ ਪੱਟੀ ਤਿਆਰ ਕਰਨੀ ਸੀ ਜਿਸ ਅਨੁਸਾਰ ਜ਼ਬਰਦਸਤੀ ਨਿੱਜੀ ਜਾਇਦਾਦ ਸਰਕਾਰ ਨੇ ਪ੍ਰਾਪਤ ਕਰਨੀ ਸੀ ਤੇ ਹਜ਼ਾਰਾਂ ਹੀ ਨਿੱਜੀ ਘਰ ਢਾਹੁਣੇ ਸਨ। ਮੁਆਵਜ਼ੇ ਵਜੋਂ ਭਾਰੀ ਰਕਮ ਅਦਾ ਕੀਤੀ ਗਈ ਤੇ ਬੜੀ ਅਕਾਂਖਿਆ ਭਰਪੂਰ ਪੁਨਰਵਾਸ ਤੇ ਮੁੜ ਵਸੇਬੇ ਦੀ ਯੋਜਨਾ ਤਿਆਰ ਕੀਤੀ ਗਈ ਪਰ ਇਸ ਨਾਲ ਪੁਰਾਣੇ ਸ਼ਹਿਰ ਦੇ ਮਹੱਤਵਪੂਰਨ ਚਿੰਨ੍ਹ ਜਾਂ ਬਾਜ਼ਾਰ ਜਿਵੇਂ ਬਾਜ਼ਾਰ ਮਾਈ ਸੇਵਾਂ ਸਦਾ ਲਈ ਖ਼ਤਮ ਹੋ ਗਏ। ਮਗਰੋਂ ਇਸ ਯੋਜਨਾ ਤੇ ਕੰਮ ਅਨਿਸ਼ਚਿਤ ਸਮੇਂ ਲਈ, ਉਸ ਸਮੇਂ ਰੋਕ ਦਿੱਤਾ ਗਿਆ ਜਦੋਂ ਪ੍ਰੋਜੈਕਟ ਨਾਲ ਸੰਬੰਧਿਤ ਨਿਗਰਾਨ ਇੰਜੀਨੀਅਰ ਨੂੰ ਗੋਲੀ ਮਾਰ ਕੇ ਢੇਰੀ ਕਰ ਦਿੱਤਾ ਗਿਆ।

ਪ੍ਰੰਤੂ ਇਹ ਖ਼ਿਆਲ ਵੀ ਕਿ "ਕਾਲੀ ਗਰਜ ਕਾਰਵਾਈ" ਨੇ ਆਤੰਕਵਾਦੀਆਂ ਨੂੰ ਖ਼ਤਮ ਕਰ ਦਿੱਤਾ ਸੀ ਅਧੂਰਾ ਤੇ ਅਗੇਤਾ ਸਿੱਧ ਹੋਇਆ। ਜਿਹੜੇ ਪੁਲੀਸ ਮੁਕਾਬਲਿਆਂ 'ਚ ਮਾਰੇ ਗਏ ਸਨ ਉਹਨਾਂ ਨੂੰ ਧੜਾਧੜ ਸ਼ਹੀਦ ਘੋਸ਼ਿਤ ਕੀਤਾ ਗਿਆ। ਉਹਨਾਂ ਦੇ "ਦਾਹ ਸੰਸਕਾਰ" ਵਾਲੀਆਂ ਥਾਵਾਂ 'ਤੇ ਛੋਟੇ-ਛੋਟੇ ਗੁਰਦਵਾਰੇ ਬਣਾਏ ਗਏ ਤੇ ਉਹ ਪੂਜਾ-ਅਸਥਾਨ ਬਣ ਗਏ। ਸਰਕਾਰ ਵੱਲੋਂ ਅਜੀਤ ਵਰਗੇ ਅਖ਼ਬਾਰਾਂ ਦੀਆਂ ਉਹਨਾਂ ਦੇ ਭੋਗਾਂ ਉੱਪਰ ਸ਼ਰਧਾਂਜਲੀਆਂ ਤੇ ਅਖੰਡ ਪਾਠਾਂ ਦੀਆਂ ਖ਼ਬਰਾਂ ਉੱਪਰ ਰੋਕ ਲਾਉਣ ਦਾ ਕੋਈ ਅਸਰ ਨਾ ਹੋਇਆ। ਕਿਸਾਨ ਅਜੇ ਵੀ ਆਤੰਕਵਾਦੀਆਂ ਨੂੰ ਪਿਆਰ ਨਾਲ 'ਮੁੰਡੇ" ਜਾਂ ਖਾੜਕੂ ਕਹਿਣਾ ਚੰਗਾ ਸਮਝਦੇ ਸਨ। ਖਾੜਕੂਆਂ ਨੂੰ ਨਵੇਂ ਮੁੰਡੇ ਆਪਣੇ ਨਾਲ ਭਰਤੀ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ ਸੀ। ਆਤੰਕਵਾਦੀਆਂ ਦੇ ਪ੍ਰਭਾਵ ਵਾਲੇ ਪਿੰਡਾਂ ਵਿੱਚੋਂ ਘੱਟ ਗਿਣਤੀ ਹਿੰਦੂ ਪਿੰਡ ਛੱਡ ਕੇ ਸ਼ਹਿਰਾਂ ਵਿੱਚ ਚਲੇ ਗਏ ਜਿੱਥੇ ਉਹ ਵਧੇਰੇ ਸੁਰੱਖਿਅਤ ਮਹਿਸੂਸ ਕਰਦੇ ਸਨ।

o—o—o

6 ਜਨਵਰੀ 1989 ਦੀ ਠੰਡੀ ਬਦਲਵਾਈ ਵਾਲੀ ਸਵੇਰ ਦੇ ਤੜਕੇ ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਫਾਂਸੀ ਲਾ ਦਿੱਤਾ ਗਿਆ। ਉਹਨਾਂ ਨੂੰ ਇਹ ਸਜ਼ਾ ਪੰਜ ਸਾਲ ਪਹਿਲਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਕਰਨ ਕਰਕੇ ਦਿੱਤੀ ਗਈ ਸੀ। ਭਾਵੇਂ ਸੁਪਰੀਮ ਕੋਰਟ ਦੇ ਕਈ ਪ੍ਰਸਿੱਧ ਕਾਨੂੰਨਦਾਨ ਤੇ ਰਿਟਾਇਰ ਜੱਜਾਂ ਦਾ ਵਿਚਾਰ ਸੀ ਕਿ ਕੇਹਰ ਸਿੰਘ ਜਿਸ ਉੱਪਰ ਕਤਲ ਦੀ ਸਾਜ਼ਿਸ਼ ਦਾ ਦੋਸ਼ ਲਾਇਆ ਗਿਆ ਸੀ, ਉਸ ਦੀ ਜਾਨ ਬਖ਼ਸ਼ੀ ਜਾਣੀ ਚਾਹੀਦੀ ਸੀ, ਪਰ ਇਸ ਤਰ੍ਹਾਂ ਨਾ ਹੋਇਆ। ਮਹੱਤਵਪੂਰਨ ਤੱਥ ਇਹ ਸੀ ਕਿ ਸ੍ਰੀਮਤੀ ਗਾਂਧੀ ਦੇ ਕਾਤਲਾਂ ਨੂੰ ਤਾਂ ਪੰਜ ਸਾਲਾਂ ਦੇ ਅੰਦਰ ਸੂਲ੍ਹੀ ਚਾੜ੍ਹ ਦਿੱਤਾ ਗਿਆ ਪਰ ਮੁਲਕ ਭਰ ਵਿੱਚ ਹਜ਼ਾਰਾਂ ਹੀ ਨਿਰਦੋਸ਼ ਸਿੱਖਾਂ ਦੇ ਕਾਤਲ ਵੱਡੀ ਗਿਣਤੀ ਵਿੱਚ ਆਜ਼ਾਦ ਘੁੰਮ ਰਹੇ ਸਨ। (ਉਹਨਾਂ 'ਚੋਂ ਬਹੁਤ ਸਾਰਿਆਂ ਨੂੰ ਤਾਂ 2004 ਈ: ਤੱਕ, ਇਹ ਅੰਤਿਮ ਭਾਗ ਲਿਖੇ ਜਾਣ ਤੱਕ ਵੀ ਕੋਈ ਸਜ਼ਾ ਨਹੀਂ ਮਿਲੀ।) ਜਿਵੇਂ ਉਮੀਦ ਹੀ ਸੀ ਪੰਜਾਬ ਵਿੱਚ ਇਸ ਦੀ ਖ਼ੂਨੀ ਤੇ ਵਹਿਸ਼ੀ ਪ੍ਰਤੀਕਿਰਿਆ ਹੋਈ ਜਿੱਥੇ 10 ਪੇਂਡੂ ਨਿਰਦੋਸ਼ ਹਿੰਦੂ ਗੁੱਸੇ ਨਾਲ ਭੜਕੀ ਹੋਈ ਭੀੜ ਨੇ ਮਾਰ ਦਿੱਤੇ। ਇਕ ਰੇਲਵੇ ਸਟੇਸ਼ਨ ਨੂੰ ਅੱਗ ਲਾ ਦਿੱਤੀ ਗਈ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸਤਵੰਤ ਸਿੰਘ ਤੇ ਕੇਹਰ ਸਿੰਘ ਦੀਆਂ ਰੂਹਾਂ ਦੀ ਸ਼ਾਂਤੀ ਲਈ ਗੁਰਦਵਾਰਿਆਂ ਵਿੱਚ ਅਰਦਾਸ ਵਿੱਚ ਸ਼ਾਮਿਲ ਹੋਏ ਤੇ ਉਹਨਾਂ ਨੂੰ ਸ਼ਹੀਦ ਐਲਾਨ ਕੀਤਾ ਗਿਆ।

ਆਤੰਕਵਾਦੀਆਂ ਨੂੰ ਆਪਣੀਆਂ ਘਿਨਾਉਣੀਆਂ ਕਾਰਵਾਈਆਂ ਤੇਜ਼ ਕਰਨ ਲਈ ਇਕ ਹੋਰ ਬਹਾਨਾ ਮਿਲ ਗਿਆ। ਉਹਨਾਂ ਨੂੰ ਇਕ ਵਧੀਆ ਟਿਕਾਣਾ 600 ਵਰਗ ਕਿਲੋਮੀਟਰ ਦੀ ਲੁਕਣਗਾਹ ਸਤਲੁਜ ਤੇ ਬਿਆਸ ਦੇ ਕਿਨਾਰਿਆਂ ਦੇ ਵਿਚਕਾਰ ਦਰਿਆ ਦੇ ਮੰਡ ਖੇਤਰ ਵਿੱਚ ਫ਼ਿਰੋਜ਼ਪੁਰ, ਜਾਲੰਧਰ, ਅੰਮ੍ਰਿਤਸਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਮਿਲ ਗਿਆ ਜਿੱਥੋਂ ਉਹ ਪੁਲੀਸ ਨੂੰ ਲਲਕਾਰਦੇ ਹੋਏ ਕਾਰਵਾਈਆਂ ਕਰਦੇ ਸਨ। ਇਹ ਇਲਾਕੇ ਪਾਕਿਸਤਾਨੀ ਸਰਹੱਦ ਤੋਂ ਮਸਾਂ 10 ਕਿਲੋਮੀਟਰ ਹੀ ਦੂਰ ਸਨ। ਇਹ ਖੇਤਰ 'ਮੰਡ' ਖੇਤਰ ਵਜੋਂ ਮਸ਼ਹੂਰ ਸੀ ਤੇ ਜੰਗਲੀ, ਦਲਦਲੀ ਭੂਮੀ ਸੀ ਜਿੱਥੇ ਘਾਹ, ਝਾੜ ਬਰੋਟੇ, ਕੰਡੇਦਾਰ ਝਾੜੀਆਂ, ਬੂਝੇ ਸਰਕਾਨੇ ਉੱਗੇ ਹੋਏ ਸਨ। ਜਦੋਂ ਦਰਿਆਵਾਂ ਵਿੱਚ ਹੜ੍ਹ ਆ ਜਾਂਦਾ ਸੀ, ਤਾਂ ਇਸ ਦੇ ਵਧੇਰੇ ਭਾਗ ਵਿੱਚ ਪਾਣੀ ਭਰ ਜਾਂਦਾ ਸੀ ਤੇ ਬੇੜੀਆਂ ਰਾਹੀਂ ਜਾਣ ਲਈ ਕੁਝ ਟਾਪੂ ਹੀ ਬਚੇ ਰਹਿੰਦੇ ਸਨ।

ਇਹ ਉਹਨਾਂ ਜੰਗਲੀ ਪੰਛੀਆਂ ਲਈ ਬੱਚੇ ਦੇਣ ਲਈ ਵਧੀਆ ਸ਼ਰਨਗਾਹ ਬਣ ਗਈ ਜੋ ਬਰਫ਼ਾਨੀ ਹਿਮਾਲਾ ਤੇ ਹਿੰਦੂਕੁਸ਼ ਪਹਾੜਾਂ ਦੀਆਂ ਚੋਟੀਆਂ ਤੋਂ ਪਰਵਾਸ ਕਰਕੇ ਆਉਂਦੇ ਸਨ ਤੇ ਉਹ ਇਸ ਨੂੰ 'ਰੱਖ' ਵਿੱਚ ਹੀ ਬਦਲ ਦਿੰਦੇ ਸਨ। ਇਹ ਸਥਾਨ ਦੋ ਖ਼ੌਫ਼ਨਾਕ ਫਸਾਦੀ ਟੋਲਿਆਂ—"ਖਾਲਿਸਤਾਨ ਕਮਾਂਡੋ ਫੋਰਸ ਤੇ ਬੱਬਰ ਖਾਲਸਾ ਇੰਟਰਨੈਸ਼ਨਲ" ਦੀ 'ਪਨਾਹਗਾਹ' ਬਣ ਗਿਆ। ਏਥੇ ਉਹ ਕਿਸਾਨਾਂ ਨੂੰ ਚੁੱਕ ਕੇ ਲੈ ਆਉਂਦੇ, ਜ਼ਬਰਦਸਤੀ ਪੈਸੇ ਬਟੋਰਦੇ ਤੇ ਉਹਨਾਂ ਦੀਆਂ ਤੀਵੀਆਂ ਨਾਲ ਜ਼ਬਰਦਸਤੀ ਭੋਗ ਬਿਲਾਸ ਕਰਦੇ। ਦਿਨ ਵੇਲੇ ਉਹਨਾਂ ਦੇ ਲੁਕਣ ਵਾਸਤੇ ਜੰਗਲੀ 'ਸਰਕਾਨੇ' (ਸਰਕੜਾ) 'ਅਰਹਰ' ਤੇ ਕਮਾਦ ਦੇ ਖੇਤ ਬਹੁਤ ਸਨ, ਰਾਤ ਵੇਲੇ ਉਹ ਖੁਲ੍ਹੇ ਘੁੰਮਦੇ ਫਿਰਦੇ ਰਹਿੰਦੇ ਜਦੋਂ ਪੁਲੀਸ ਥਾਣਿਆਂ ਵਿੱਚ ਅੰਦਰੋਂ ਜੰਦਰੇ ਮਾਰ ਕੇ ਲੁਕੀ ਰਹਿੰਦੀ। ਪੁਲੀਸ ਤੇ ਆਤੰਕਵਾਦੀਆਂ ਵਿੱਚੋਂ, ਕਿਸਾਨ ਆਤੰਕਵਾਦੀਆਂ ਨੂੰ ਚੰਗਾ ਸਮਝਦੇ ਸਨ ਕਿਉਂਕਿ

ਉਹ, ਉਹਨਾਂ ਤੋਂ ਦਸਵੰਧ ਲੈ ਕੇ ਉਹਨਾਂ ਦੀ ਰੱਖਿਆ ਕਰਨ ਦਾ ਇਕਰਾਰ ਵੀ ਕਰਦੇ ਸਨ ਜਦੋਂ ਕਿ ਪੁਲੀਸ ਨਿਸ਼ਚਿਤ ਸਮੇਂ 'ਤੇ ਆ ਕੇ ਉਹਨਾਂ ਤੋਂ ਰਕਮ ਬਟੋਰ ਲੈਂਦੀ ਪਰ ਕੋਈ ਸੁਰੱਖਿਆ ਨਹੀਂ ਦੇ ਸਕਦੀ ਸੀ। ਅੰਤ ਹਤਾਸ਼ ਤੇ ਨਿਰਾਸ਼ ਹੋ ਕੇ ਪੁਲੀਸ ਨੇ "ਸਕਾਟਲੈਂਡ ਯਾਰਡ" ਦੇ ਜਸੂਸਾਂ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ।

ਕੇਂਦਰੀ ਸਰਕਾਰ ਦੀ ਅਕਲ ਜੁਆਬ ਦੇ ਗਈ ਸੀ ਤੇ ਪੰਜਾਬ ਬਾਰੇ ਉਹ ਕੋਈ ਸਪੱਸ਼ਟ ਨੀਤੀ ਨਾ ਅਪਣਾ ਸਕੀ। ਇਸ ਨੇ ਵਿਦੇਸ਼ ਮੰਤਰੀ ਨਰਸਿਮਹਾ ਰਾਓ, ਰੱਖਿਆ ਮੰਤਰੀ ਕੇ.ਸੀ. ਪੰਤ, ਗ੍ਰਹਿ ਮੰਤਰੀ ਬੂਟਾ ਸਿੰਘ, ਵਿੱਤ ਮੰਤਰੀ ਐਸ.ਬੀ. ਚਵਾਨ, ਰਾਜ ਮੰਤਰੀ ਪੀ. ਚਿੰਦਾਬਰਮ 'ਤੇ ਆਧਾਰਿਤ ਮੰਤਰੀ-ਮੰਡਲ ਦੀ ਇਕ ਵਿਸ਼ੇਸ਼ ਉਪ-ਕਮੇਟੀ ਬਣਾ ਕੇ ਪੰਜਾਬ ਦੇ ਨੇਤਾਵਾਂ ਨਾਲ ਵਿਚਾਰ ਵਟਾਂਦਰੇ ਲਈ ਪੰਜਾਬ ਭੇਜਿਆ। ਅਕਾਲੀ ਦਲ ਦੇ ਤਿੰਨਾਂ ਧੜਿਆਂ ਤੇ ਜਨਤਾ ਦਲ ਨੇ ਉਸ ਕਮੇਟੀ ਨੂੰ ਮਿਲਣ ਤੋਂ ਹੀ ਨਾਂਹ ਕਰ ਦਿੱਤੀ। ਭਾਜਪਾ ਨੇ ਕੇਵਲ 'ਯਾਦ-ਪੱਤਰ' ਹੀ ਭੇਜਿਆ ਤੇ ਸੁਰਜੀਤ ਸਿੰਘ ਬਰਨਾਲਾ ਨੇ ਇਸ ਨੂੰ ਕੇਵਲ "ਮੂੰਹ-ਰੱਖਣੀ" ਕਿਹਾ। ਬੂਟਾ ਸਿੰਘ ਜਿਸ ਤੋਂ ਇਸ ਸਮੇਲਨ ਵਿੱਚ ਵਧੇਰੇ ਉੱਘੀ ਭੂਮਿਕਾ ਨਿਭਾਹੁਣ ਦੀ ਆਸ ਕੀਤੀ ਜਾਂਦੀ ਰਹੀ ਸੀ, ਚੁੱਪ ਹੀ ਰਿਹਾ ਕਿਉਂਕਿ ਉਸ ਦੇ ਉੱਪਰ ਤੇ ਉਹਦੇ ਪਰਿਵਾਰ ਉੱਪਰ ਭ੍ਰਿਸ਼ਟਾਚਾਰ ਦੇ ਅਨੇਕਾਂ ਦੋਸ਼ ਲਗਾਏ ਗਏ ਸਨ।[?] ਇਸ ਗੱਲਬਾਤ ਪਿੱਛੋਂ ਉਸ ਕਮੇਟੀ ਨੇ ਇਹੋ ਸੁਝਾਅ ਦਿੱਤਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਆਧਾਰ ਬਣਾ ਕੇ ਅਗਲੀ ਗੱਲਬਾਤ ਲਈ ਸਰਗਰਮੀ ਨਾਲ ਕੰਮ ਸ਼ੁਰੂ ਕੀਤਾ ਜਾਵੇ। ਇਸ ਦੌਰਾਨ ਰਾਜੀਵ ਗਾਂਧੀ ਜਿਸ ਨੇ ਸੰਤ ਲੌਂਗੋਵਾਲ ਨਾਲ ਸਮਝੌਤਾ ਕਰਨ ਸਮੇਂ ਆਨੰਦਪੁਰ ਸਾਹਿਬ ਦੇ ਮਤੇ ਨੂੰ 'ਖੁਦ ਮੁਖਤਾਰੀ' ਦੀ ਮੰਗ ਤੋਂ ਥੋੜ੍ਹਾ ਜਿਹਾ ਵਧੇਰੇ ਮੰਗ ਆਖਿਆ ਸੀ, ਉਸ ਨੇ ਹੀ ਹੁਣ ਸ਼ਿਮਲੇ ਵਿੱਚ ਤਕਰੀਰ ਕਰਦਿਆਂ ਇਸ ਨੂੰ 'ਵੱਖਵਾਦੀ' ਤੇ ਭਾਰਤ ਲਈ ਖ਼ਤਰਾ ਕਹਿ ਕੇ ਨਿੰਦਿਆ ਕੀਤੀ।

1989 ਦੇ ਅੰਤ ਤੱਕ ਰਾਜੀਵ ਗਾਂਧੀ ਨੂੰ ਵੋਟਾਂ ਪੈਣ ਪਿੱਛੋਂ ਪ੍ਰਧਾਨ ਮੰਤਰੀ ਦੀ ਗੱਦੀ ਤੋਂ ਲਾਂਭੇ ਕਰ ਦਿੱਤਾ ਗਿਆ ਤੇ ਉਹਦੀ ਥਾਂ 'ਤੇ ਵੀ.ਪੀ. ਸਿੰਘ ਪ੍ਰਧਾਨ ਮੰਤਰੀ ਬਣ ਗਿਆ। ਪੰਜਾਬ ਵਿੱਚ ਵੀ ਲੋਕ-ਸਭਾ ਚੋਣਾਂ ਕਰਵਾਈਆਂ ਗਈਆਂ। ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਨੇ ਬਹੁ-ਗਿਣਤੀ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਦਸੰਬਰ ਵਿੱਚ ਰਾਜਪਾਲ ਸਿਧਾਰਥ ਸ਼ੰਕਰ ਰੇਅ ਨੇ ਤਿਆਗ-ਪੱਤਰ ਦੇ ਦਿੱਤਾ ਤੇ ਉਸ ਦੀ ਥਾਂ 'ਤੇ ਨਿਰਮਲ ਮੁਖਰਜੀ ਆਈ.ਸੀ.ਐਸ. ਨੇ ਕਾਰਜ ਭਾਰ ਸੰਭਾਲ ਲਿਆ। ਪ੍ਰਧਾਨ ਮੰਤਰੀ ਨੇ ਪੰਜਾਬ ਸਮੱਸਿਆ ਨੂੰ ਪਹਿਲ ਦਿੱਤੀ। ਗੱਦੀ ਸੰਭਾਲਣ ਤੋਂ ਛੇਤੀ ਹੀ ਮਗਰੋਂ ਉਸ ਨੇ ਰਾਜ ਦੀ ਯਾਤਰਾ ਕੀਤੀ, ਸਵਰਨ ਮੰਦਰ ਦੇ ਦਰਸ਼ਨ ਕੀਤੇ। ਉਸ ਨੇ ਪਿਛਲੀਆਂ ਗੱਲਾਂ ਭੁਲਾ ਦੇਣ ਲਈ ਬੜੀ ਆਵੇਸ਼ਪੂਰਨ ਤਕਰੀਰ ਕੀਤੀ ਤੇ ਸ਼ਾਂਤੀ ਅਤੇ ਸਦਭਾਵਨਾ ਦਾ ਨਵਾਂ ਕਾਂਡ ਆਰੰਭ ਕਰਨ ਲਈ ਅਪੀਲ ਕੀਤੀ। ਉਸ ਵੱਲੋਂ ਖੁੱਲ੍ਹੀ ਜੀਪ ਵਿੱਚ ਸਵਰਨ ਮੰਦਰ ਤੋਂ ਮੁੜ ਕੇ ਜਾਣ ਦੇ ਅੰਦਾਜ਼ ਨੂੰ ਦਲੇਰੀ ਵਾਲੀ ਤੇ ਨਵਾਂ ਦੌਰ ਸ਼ੁਰੂ ਕਰਨ ਵਾਲੀ ਘਟਨਾ ਕਿਹਾ ਗਿਆ।

? "ਕੋਰਟੀਅਰ ਅੰਡਰ ਕਰੌਸਫਾਇਰ" ਇੰਡੀਆ ਟੂਡੇ, 31 ਮਈ, 1989, ਪੰਨਾ 28-34

ਨਵੇਂ ਪ੍ਰਧਾਨ ਮੰਤਰੀ ਨਾਲ ਹੀ ਨਵਾਂ ਰਾਜਪਾਲ ਪਹੁੰਚ ਗਿਆ। ਨਿਰਮਲ ਮੁਖਰਜੀ ਦੀ ਥਾਂ ਤੇ ਵਰਿੰਦਰ ਵਰਮਾ ਨਿਯੁਕਤ ਕਰ ਦਿੱਤਾ ਗਿਆ ਜੋ ਕਿ ਮੁਕਾਬਲਤਨ ਘੱਟ ਪ੍ਰਸਿੱਧ ਸਿਆਸਤਦਾਨ ਤੇ ਰਾਜ ਸਭਾ ਦਾ ਮੈਂਬਰ ਸੀ। ਜਨਵਰੀ ਵਿੱਚ ਵੀ.ਪੀ. ਸਿੰਘ ਨੇ ਲੁਧਿਆਣਾ ਵਿੱਚ ਇਕ "ਸਰਬ ਦਲੀ ਕਾਨਫ਼ਰੰਸ" ਬੁਲਾਈ। ਉਹਦੇ ਨਾਲ ਅਟੱਲ ਬਿਹਾਰੀ ਬਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਸੀ.ਪੀ.ਆਈ. ਮਾਰਕਸੀ ਦਾ ਹਰਕਿਸ਼ਨ ਸਿੰਘ ਸੁਰਜੀਤ, ਤੇ ਕੁਝ ਅਕਾਲੀ ਨੇਤਾ ਸਨ। ਪ੍ਰਧਾਨ ਮੰਤਰੀ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਾਂਤੀ ਕਾਇਮ ਕਰਨ ਲਈ ਇਕ ਹੰਭਲਾ ਮਾਰਨ। ਭਾਗ ਲੈਣ ਵਾਲਿਆਂ ਵਿੱਚ ਭਾਰੀ ਉਤਸ਼ਾਹ ਤੇ ਮੇਲ-ਮਿਲਾਪ ਵਾਲੀ ਸੁਰ ਸੀ। ਸਿਮਰਨਜੀਤ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਦਾ ਹਵਾਈ ਅੱਡੇ ਤੇ ਸੁਆਗਤ ਵੀ ਕੀਤਾ ਤੇ ਵਿਦਾਇਗੀ ਵੀ ਦਿੱਤੀ। ਪਰ ਇਸ ਦਾ ਆਮ ਲੋਕਾਂ 'ਤੇ ਕੋਈ ਪ੍ਰਭਾਵ ਨਾ ਪਿਆ। ਉਹਨਾਂ ਦੇ ਗ਼ੁੱਸੇ ਦਾ ਇਕ ਸ਼ਿਕਾਰ ਤਾਂ ਬਲਵੰਤ ਸਿੰਘ ਬਣਿਆ ਜਿਸ ਨੇ ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਉੱਘੀ ਭੂਮਿਕਾ ਨਿਬਾਹੀ ਸੀ ਤੇ ਜੋ ਬਰਨਾਲਾ ਸਰਕਾਰ ਵਿੱਚ ਵਿੱਤ-ਮੰਤਰੀ ਰਿਹਾ ਸੀ। ਉਹ ਮੁਅਤੱਲ ਕੀਤੀ ਪੰਜਾਬ ਵਿਧਾਨ ਸਭਾ ਨੂੰ ਬਹਾਲ ਕਰਨ ਲਈ ਤੇ ਰਾਜ ਵਿੱਚ ਲੋਕਤੰਤਰ ਬਹਾਲ ਕਰਨ ਲਈ ਪ੍ਰਧਾਨ ਮੰਤਰੀ ਨੂੰ ਪ੍ਰੇਰਨਾ ਦੇ ਰਿਹਾ ਸੀ। ਉਸ ਨੂੰ 10 ਜੁਲਾਈ 1990 ਨੂੰ ਚੰਡੀਗੜ੍ਹ ਵਿੱਚ ਕਤਲ ਕਰ ਦਿੱਤਾ ਗਿਆ।

ਨਿਰਦੋਸ਼ ਲੋਕਾਂ ਦੇ ਕਤਲ ਹੁੰਦੇ ਰਹੇ। ਦਸੰਬਰ 1989 ਵਿੱਚ ਜਗਦੇਵ ਸਿੰਘ ਖੁੱਡੀਆਂ ਜਿਸ ਨੇ ਲੋਕ ਸਭਾ ਚੋਣ ਜਿੱਤਣ ਵਿੱਚ ਮਾਨ ਦੀ ਸਹਾਇਤਾ ਕੀਤੀ ਸੀ, ਸਹੁੰ ਚੁੱਕਣ ਤੋਂ ਇਕ ਦਿਨ ਪਿੱਛੋਂ ਹੀ ਆਪਣੇ ਪਿੰਡ ਵਾਲੇ ਘਰ 'ਚੋਂ ਗਾਇਬ ਹੋ ਗਿਆ। ਉਸ ਦੀ ਲਾਸ਼ ਕੁਝ ਦਿਨ ਮਗਰੋਂ "ਰਾਜਸਥਾਨ ਫੀਡਰ ਨਹਿਰ" ਵਿੱਚੋਂ ਮਿਲੀ। ਗੋਬਿੰਦ ਰਾਮ ਨੂੰ ਜੋ ਨੌਕਰੀ ਕਰ ਰਿਹਾ ਵਿਵਾਦਗ੍ਰਸਤ ਆਈ.ਪੀ.ਐਸ. ਸੀ ਉਸ ਨੂੰ, ਉਸ ਦੇ ਲੜਕੇ ਦੇ ਕਤਲ ਪਿੱਛੋਂ ਛੇਤੀ ਹੀ ਬੰਬ ਨਾਲ ਉਡਾ ਦਿੱਤਾ ਗਿਆ। ਇਕ ਮਹੀਨੇ ਵਿੱਚ ਲਗਭਗ ਔਸਤਨ 146 ਕਤਲ ਹੋਣ ਲੱਗੇ। ਜੋ ਬਲੀ ਦੇ ਬੱਕਰੇ ਬਣੇ, 1989 ਵਿੱਚ ਉਹਨਾਂ ਦੀ ਗਿਣਤੀ 2729 ਸੀ ਤੇ 1990 ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 3506 ਹੋ ਗਈ। ਇਹ ਅਨੁਮਾਨ ਲਾਇਆ ਗਿਆ ਕਿ ਰਾਜ ਵਿੱਚ 178 'ਕੱਟੜ ਆਤੰਕਵਾਦੀ' ਹਨ ਤੇ ਦੂਸਰੇ ਸਰਗਰਮ ਆਤੰਕਵਾਦੀਆਂ ਦੀ ਗਿਣਤੀ 4733 ਸੀ।[3] ਨਿਰੰਤਰ ਅਹਿੰਸਾ ਕਾਰਨ ਰਾਸ਼ਟਰਪਤੀ ਰਾਜ ਹੋਰ ਛੇ ਮਹੀਨਿਆਂ ਲਈ ਵਧਾ ਦਿੱਤਾ ਗਿਆ।

ਨਵੇਂ ਪ੍ਰਧਾਨ ਮੰਚਰੀ ਚੰਦਰ ਸ਼ੇਖਰ ਦੇ ਆਉਣ ਨਾਲ ਹੀ ਇਕ ਰਿਟਾਇਰਡ ਜਨਰਲ ਓ.ਪੀ. ਮਲਹੋਤਰਾ ਨਵਾਂ ਰਾਜਪਾਲ ਆਇਆ। ਅਜੇ ਵੀ ਪੰਜਾਬ ਬਾਰੇ ਕੋਈ ਸਪੱਸ਼ਟ ਨੀਤੀ ਨਹੀਂ ਸੀ ਜੋ ਦਿਨੋ-ਦਿਨ ਅਰਾਜਕਤਾ ਤੇ ਅਫ਼ਰਾ-ਤਫ਼ਰੀ ਵੱਲ ਖਿਸਕਦਾ ਜਾ ਰਿਹਾ ਸੀ। ਪ੍ਰਧਾਨ ਮੰਤਰੀ ਰਾਸ਼ਟਰਪਤੀ ਰਾਜ ਸਮਾਪਤ ਕਰਕੇ ਚੋਣਾਂ ਕਰਾਉਣ ਲਈ ਤੇ ਲੋਕਤੰਤਰੀ ਸ਼ਾਸਨ ਬਹਾਲ ਕਰਨ ਲਈ ਉਤਾਵਲਾ ਸੀ। ਰਾਜਪਾਲ ਨੇ ਬਦਅਮਨੀ ਖ਼ਤਮ ਕਰਨ ਨੂੰ ਪ੍ਰਮੁੱਖਤਾ ਦਿੱਤੀ। ਉਸ ਨੇ ਸੈਨਾ ਨੂੰ "ਰਖਸ਼ਕ ਕਾਰਵਾਈ" ਰਾਹੀਂ ਸੀਮਾ ਬੰਦ

---

3. ਇੰਡੀਆ ਟੂਡੇ, ਅਪ੍ਰੈਲ 1990

ਬੰਦ ਕਰਨ ਲਈ ਅਧਿਕਾਰ ਦੇ ਦਿੱਤਾ ਤਾਂ ਜੋ "ਬੰਦੂਕ-ਧਾਰੀਆਂ" ਦੀ ਨਕਲੋਂ ਹਰਕਤ ਬੰਦ ਹੋ ਸਕੇ। ਇਸ ਦੌਰਾਨ ਆਤੰਕਵਾਦੀਆਂ ਦਾ ਰਾਜ ਪੇਂਡੂ ਖੇਤਰਾਂ ਵਿੱਚ ਜਾਰੀ ਰਿਹਾ; ਉੱਥੇ ਉਹਨਾਂ ਦੇ ਆਪਣੇ ਬਣਾਏ ਕਾਨੂੰਨ ਲਾਗੂ ਹੁੰਦੇ ਰਹੇ; ਜਿਵੇਂ ਕਿ ਦਿਨ ਛੁਪਣ ਪਿੱਛੋਂ ਗਲੀਆਂ ਦੀ ਬਿਜਲੀ ਬੰਦ ਰੱਖੀ ਜਾਂਦੀ ਸੀ। ਪਿੰਡ ਦੇ ਕੁੱਤਿਆ ਨੂੰ ਜ਼ਹਿਰ ਪਾ ਕੇ ਜਾਂ ਗੋਲੀ ਮਾਰ ਕੇ ਖ਼ਤਮ ਕਰ ਦਿੱਤਾ ਗਿਆ। ਕਿਸੇ ਨੂੰ 'ਰਾਸ਼ਟਰੀ ਗਾਣ' 'ਜਣ ਗਣ ਮਣ' ਗਾਉਣ ਦੀ ਆਗਿਆ ਨਹੀਂ ਸੀ। ਕੋਈ ਹਿੰਦੀ ਨਹੀਂ ਬੋਲ ਸਕਦਾ ਸੀ; ਸਿਰਫ਼ ਪੰਜਾਬੀ ਵਿੱਚ ਗੱਲਬਾਤ ਕਰਨ ਦੀ ਆਗਿਆ ਸੀ। ਲੜਕੀਆਂ ਨੂੰ ਜੀਨ ਤੇ ਸਾੜ੍ਹੀਆਂ ਪਹਿਨਣ ਦੀ ਮਨਾਹੀ ਕਰ ਦਿੱਤੀ ਗਈ। ਉਹਨਾਂ ਨੇ ਸਿਰਫ਼ ਸਲਵਾਰ ਕਮੀਜ਼ ਹੀ ਪਹਿਨਣੀ ਸੀ ਤੇ ਸਿਰ ਦੁੱਪਟੇ ਨਾਲ ਢੱਕ ਕੇ ਰੱਖਣਾ ਸੀ। ਉਹਨਾਂ ਨੂੰ ਕਿਸੇ ਕਿਸਮ ਦੀ ਸ਼ਿੰਗਾਰ ਸਮੱਗਰੀ ਵਰਤਣ ਤੇ ਸਜਣ ਸੰਵਰਨ ਦੀ ਮਨਾਹੀ ਸੀ।

ਖਾੜਕੂਆਂ ਨੂੰ "ਭਾਈ" ਜਾਂ 'ਸਰਦਾਰ' ਕਹਿ ਕੇ ਹੀ ਸੰਬੋਧਿਤ ਕੀਤਾ ਜਾ ਸਕਦਾ ਸੀ। ਸ਼ਹਿਰਾਂ ਨੂੰ ਛੱਡ ਕੇ ਪਿੰਡਾਂ ਵਿੱਚ ਤਾਂ ਆਤੰਕਵਾਦੀਆਂ ਦੀਆਂ ਸਥਾਪਿਤ ਕੀਤੀਆਂ ਪੰਚਾਇਤਾਂ ਹੀ ਕੰਮ ਕਰਦੀਆਂ ਸਨ ਤੇ ਉਹਨਾਂ ਦਾ ਹੀ ਰਾਜ ਚੱਲਦਾ ਸੀ। ਉਹ ਅਕਾਲੀ ਨੇਤਾਵਾਂ ਵੱਲੋਂ ਵੀ ਉਸ ਤਰ੍ਹਾਂ ਹੀ ਬੇਪਰਵਾਹ ਸਨ ਜਿਵੇਂ ਕੇਂਦਰੀ ਤੇ ਰਾਜ ਸਰਕਾਰ ਤੋਂ। ਇਕ ਅਨੁਮਾਨ ਲਾਇਆ ਗਿਆ ਸੀ ਜਿਸ ਅਨੁਸਾਰ ਪਿਛਲੇ ਦਸ ਸਾਲਾਂ ਵਿੱਚ ਆਤੰਕਵਾਦੀਆਂ ਨਾਲ ਸੰਬੰਧਿਤ ਹਿੰਸਾ ਵਿੱਚ 25000 ਤੋਂ ਵੱਧ ਨਿਰਦੋਸ਼ ਲੋਕ ਮਾਰੇ ਗਏ ਸਨ ਤੇ ਇਹ ਗਿਣਤੀ 1965 ਤੇ 1971 ਵਿੱਚ ਪਾਕਿਸਤਾਨ ਵਿਰੁੱਧ ਲੜਾਈ ਵਿੱਚ ਮਰਨ ਵਾਲੇ ਭਾਰਤੀ ਫ਼ੌਜੀਆਂ ਦੀ ਗਿਣਤੀ ਨਾਲੋਂ ਜ਼ਿਆਦਾ ਸੀ।

1991 ਦੇ ਮੱਧ ਤੋਂ ਪਿੱਛੋਂ ਹਵਾ ਦਾ ਰੁਖ ਆਤੰਕਵਾਦੀਆਂ ਦੇ ਵਿਰੁੱਧ ਹੋਣਾ ਸ਼ੁਰੂ ਹੋ ਗਿਆ। ਕਿਸਾਨ ਬੜੇ ਲੰਬੇ ਸਮੇਂ ਤੋਂ ਜਬਰੀ ਉਗਰਾਹੀ, ਕਤਲਾਂ ਤੇ ਬਲਾਤਕਾਰਾਂ ਦਾ ਸ਼ਿਕਾਰ ਹੁੰਦੇ ਰਹੇ ਸਨ। ਉਹਨਾਂ ਨੇ 'ਰਖਸ਼ਕ ਮੁਹਿੰਮ' ਦਾ ਸੁਆਗਤ ਕੀਤਾ ਤੇ ਉਹ ਇਸ ਗੱਲੋਂ ਬੜੇ ਖ਼ੁਸ਼ ਸਨ ਕਿ ਘੱਟੋ-ਘੱਟ ਅਮਨ ਕਾਨੂੰਨ ਦੇ ਬਹਾਲ ਹੋਣ ਦੀ ਕੋਈ ਝਲਕ ਤਾਂ ਮਿਲੀ। ਉਹ ਉੱਚੇ-ਉੱਚੇ ਨਾਵਾਂ ਥੱਲੇ ਕੰਮ ਕਰ ਰਹੇ ਡਾਕੂਆਂ ਦੇ ਟੋਲਿਆਂ ਦੇ ਰਾਜ ਨੂੰ ਸਹਿਣ ਕਰਨ ਲਈ ਹੁਣ ਤਿਆਰ ਨਹੀਂ ਸਨ। ਪ੍ਰਧਾਨ ਮੰਤਰੀ ਵੀ ਸਿੱਖ ਭਾਈਚਾਰੇ ਨੂੰ ਪਤਿਆਉਣ ਦੀ ਪੂਰੀ ਵਾਹ ਲਾ ਰਿਹਾ ਸੀ। ਜਿਸ ਵੀ ਜਲਸੇ ਨੂੰ ਉਹ ਸੰਬੋਧਿਤ ਕਰਦਾ, ਉਸ ਦਾ ਆਰੰਭ ਉਹ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨਾਲ ਕਰਦਾ। ਉਸ ਨੇ ਰਾਜ ਵਿੱਚ ਲੋਕ-ਤੰਤਰ ਬਹਾਲ ਕਰਨ ਦਾ ਭਰੋਸਾ ਵੀ ਦਿੱਤਾ। ਪ੍ਰੰਤੂ ਉਸ ਦਾ ਚੋਣਾਂ ਕਰਾਉਣ ਦਾ ਸੰਕੇਤ ਕੁਝ ਅਗੇਤਾ ਸੀ। ਕਾਂਗਰਸ ਨੇ ਚੋਣਾਂ ਦਾ ਬਾਈਕਾਟ ਕਰ ਦਿੱਤਾ। ਜੂਨ 1991 ਦੇ ਪਹਿਲੇ ਹਫ਼ਤੇ ਹੀ 20 ਉਮੀਦਵਾਰ ਆਤੰਕਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ। ਚੋਣ ਕਮਿਸ਼ਨਰ ਟੀ. ਐਨ. ਸੇਸ਼ਨ ਨੇ ਪੰਜਾਬ ਚੋਣਾਂ ਮੁਲਤਵੀ ਕਰ ਦਿੱਤੀਆਂ। ਕੇਂਦਰ ਵਿੱਚ ਚੰਦਰ ਸ਼ੇਖਰ ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ ਗਿਆ ਤੇ ਨਵੀਆਂ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਗਿਆ। ਕੇ.ਪੀ.ਐਸ. ਗਿੱਲ ਨੂੰ ਪੰਜਾਬ ਪੁਲੀਸ ਦਾ ਮੁਖੀ ਬਣਾ ਕੇ ਦੁਬਾਰਾ ਲਿਆਂਦਾ ਗਿਆ। ਪਹਿਲਾਂ ਕਿਸੇ ਵੀ ਅਫ਼ਸਰ ਨੂੰ ਜੱਟ ਕਿਸਾਨਾਂ ਦੀ ਨਬਜ਼ ਪਛਾਨਣੀ ਨਹੀਂ ਆਈ ਸੀ ਜਿਵੇਂ ਇਸ ਜੱਟ ਅਫ਼ਸਰ ਨੇ ਪਛਾਣੀ।

ਰਾਸ਼ਟਰਪਤੀ ਦੇ ਪੰਜ ਸਾਲ ਦੇ ਰਾਜ ਦਾ, ਸ਼ਸਤਰਬੱਧ ਸੈਨਾ ਦੀ ਘਰੇਬੰਦੀ ਤੇ ਪੁਲੀਸ ਦੇ ਰਾਜ ਦੀ ਅਫਰਾਤਫਰੀ ਤੇ ਗੜਬੜੀ ਵਾਲੀ ਸਥਿਤੀ 'ਤੇ ਕੋਈ ਅਸਰ ਨਾ ਪਿਆ। ਇਸ ਸਮੇਂ, ਚੋਣ ਮੁਹਿੰਮ ਵਿੱਚ 21 ਮਈ 1991 ਨੂੰ ਸ੍ਰੀ ਪੇਰੰਬੂਦੂਰ ਵਿੱਚ ਰਾਜੀਵ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਤੇ ਨਰਸਿਮਹਾ ਰਾਓ ਨੂੰ ਪ੍ਰਧਾਨ ਮੰਤਰੀ ਚੁਣ ਲਿਆ ਗਿਆ। ਉਸ ਨੇ ਫ਼ੈਸਲਾ ਕੀਤਾ ਕਿ ਰਾਜ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਜਨਤਾ ਦੇ ਚੁਣੇ ਹੋਏ ਪ੍ਰਤਿਨਿਧਾਂ ਦੇ ਹੱਥ ਦੇ ਦੇਣੀ ਸਭ ਤੋਂ ਵਧੀਆ ਰਹੇਗੀ। ਇਸ ਨੇ ਲਾਲਚ ਜਾਂ ਉਤਸ਼ਾਹ ਦੇ ਰੂਪ ਵਿੱਚ ਚੋਣਾਂ ਸਮਾਪਤ ਹੋਣ ਤੇ 'ਆਰਥਕ ਪ੍ਰਸਤਾਵ' ਦੇਣ ਦੀ ਪੇਸ਼ਕਸ਼ ਵੀ ਕੀਤੀ। ਰਾਜ ਸਰਕਾਰ ਵੱਲ ਕੇਂਦਰ ਸਰਕਾਰ ਦਾ 4200 ਕਰੋੜ ਦਾ ਕਰਜ਼ਾ ਸੀ। ਅਕਾਲੀ ਨੇਤਾ ਅੜੇ ਹੋਏ ਸਨ। ਉਹਨਾਂ ਮੰਗ ਕੀਤੀ ਕਿ "ਆਰਥਕ ਪ੍ਰਸਤਾਵ" ਦਾ ਪਹਿਲਾਂ ਐਲਾਨ ਕਰੋ ਤੇ ਚੋਣਾਂ ਮਗਰੋਂ ਕਰਵਾਉ। ਰਾਜਪਾਲ ਸੁਰਿੰਦਰ ਨਾਥ ਨੇ ਉਹਨਾਂ ਦੀ ਮੰਗ ਦਾ ਸਮਰਥਨ ਕੀਤਾ। ਇਕ ਵਾਰ ਫਿਰ ਹਰਿਆਣਾ ਦੇ ਮੁੱਖ-ਮੰਤਰੀ ਭਜਨ ਲਾਲ ਨੇ ਅੜਿੱਕਾ ਲਾ ਦਿੱਤਾ। ਉਸ ਨੇ ਦਲੀਲ ਦਿੱਤੀ ਕਿ ਜੇ ਤੁਸੀਂ ਪੰਜਾਬ ਨੂੰ ਵਿੱਤੀ ਸਹਾਇਤਾ ਦਿੱਤੀ ਤਾਂ ਹਰਿਆਣੇ ਦੇ ਹਿੰਦੂਆਂ ਦੇ ਸਮਰਥਨ ਤੋਂ ਹੱਥ ਧੋ ਲਵੋਗੇ। ਪ੍ਰਧਾਨ ਮੰਤਰੀ ਨੇ "ਵਿੱਤੀ ਪ੍ਰਸਤਾਵ" ਬਾਰੇ ਕੁਝ ਨਾ ਕਿਹਾ ਤੇ ਉਹਦੇ ਦਬਾਅ ਹੇਠ ਆ ਗਿਆ ਤੇ 19 ਫਰਵਰੀ 1992 ਨੂੰ ਚੋਣਾਂ ਕਰਾਉਣ ਦੀ ਘੋਸ਼ਣਾ ਕਰ ਦਿੱਤੀ।[4]

ਆਤੰਕਵਾਦੀਆਂ ਨੇ ਐਲਾਨ ਕਰ ਦਿੱਤਾ ਕਿ ਜਿਹੜੇ ਉਮੀਦਵਾਰ ਚੋਣਾਂ ਵਿੱਚ ਖੜੇ ਹੋਏ ਜਾਂ ਉਹ ਲੋਕ ਜੋ ਵੋਟਾਂ ਪਾਉਣ ਗਏ, ਉਹ ਉਹਨਾਂ ਨੂੰ ਮਾਰ ਦੇਣਗੇ। ਅਕਾਲੀ ਉਹਨਾਂ ਦੇ ਡਰਾਵੇ ਵਿੱਚ ਆ ਗਏ ਤੇ ਇਕ ਧੜੇ ਤੋਂ ਬਿਨਾਂ ਸਭ ਨੇ ਹੀ ਚੋਣਾਂ ਦਾ ਬਾਈਕਾਟ ਕਰ ਦਿੱਤਾ ਤੇ ਚੋਣ ਮੈਦਾਨ ਕਾਂਗਰਸ, ਭਾਜਪਾ, ਬਸਪਾ ਤੇ ਦੋਹਾਂ ਕਮਿਊਨਿਸਟ ਪਾਰਟੀਆਂ ਤੇ ਜਨਤਾ ਦਲ ਲਈ ਖੁਲ੍ਹਾ ਛੱਡ ਦਿੱਤਾ। ਇਕ ਤਰ੍ਹਾਂ ਨਾਲ ਬਹੁਤੇ ਹਲਕਿਆਂ ਵਿੱਚ ਕਾਂਗਰਸ ਦੀ ਸਿੱਧੀ ਹੀ ਜਿੱਤ ਸੀ ਤੇ ਸਿਰਫ਼ ਸ਼ਹਿਰੀ ਹਿੰਦੂਆਂ ਨੇ ਹੀ ਭਾਜਪਾ ਦਾ ਸਮਰਥਨ ਕੀਤਾ। ਵੋਟਾਂ ਦਾ ਭੁਗਤਾਨ ਬੜਾ ਹੀ ਘੱਟ ਸੀ ਤੇ ਕਈ ਹਲਕਿਆਂ ਵਿੱਚ ਤਾਂ ਇਹ ਇਕ ਪ੍ਰਤੀਸ਼ਤ ਹੀ ਸੀ। ਕਾਂਗਰਸ ਪਾਰਟੀ 21.6% ਵੋਟ ਲੈ ਕੇ ਹਕੂਮਤ ਸੰਭਾਲ ਬੈਠੀ। ਬੇਅੰਤ ਸਿੰਘ ਨੂੰ ਮੁੱਖ-ਮੰਤਰੀ ਚੁਣ ਲਿਆ ਗਿਆ।

ਅਕਾਲੀ ਨੇਤਾਵਾਂ ਨੇ ਇਹਨਾਂ ਚੋਣਾਂ ਨੂੰ ਫਜ਼ੂਲ ਤੇ ਨਾਜਾਇਜ਼ ਕਿਹਾ। ਤੇ ਉਹ ਹੁਣ ਸ਼ਕਤੀ ਦੀ ਦੂਸਰੀ ਪਦਵੀ ਸ਼੍ਰੋ: ਗੁ: ਪ੍ਰ: ਕਮੇਟੀ ਲਈ ਲਾਮਬੰਦ ਹੋਣ ਲੱਗੇ ਜੋ ਸਮੁੱਚੇ ਰੂਪ ਵਿੱਚ ਸਿੱਖਾਂ ਨਾਲ ਸੰਬੰਧਿਤ ਸੀ। ਉਹਨਾਂ ਨੇ ਇਕ ਵਾਰ ਫਿਰ ਮੋਰਚਾ ਲਾ ਕੇ ਰਾਜ-ਕਾਜ ਦਾ ਕੰਮ ਠੱਪ ਕਰ ਦੇਣ ਦੀ ਧਮਕੀ ਦੇ ਦਿੱਤੀ। ਉਹਨਾਂ ਦਾ ਨਾਅਰਾ ਸੀ "ਸਰਕਾਰ ਹਟਾਓ, ਪੰਜਾਬ ਬਚਾਓ, ਮੰਤਰੀਆਂ ਦਾ ਕਰੋ ਘਿਰਾਓ।" ਉਹਨਾਂ ਦੀ ਮੋਰਚੇਬੰਦੀ ਤੋਂ ਪਹਿਲਾਂ ਹੀ ਬੇਅੰਤ ਸਿੰਘ ਨੇ ਉਹਨਾਂ ਦੇ ਨੇਤਾਵਾਂ ਨੂੰ ਜੇਲ੍ਹਾਂ 'ਚ ਡੱਕ ਦਿੱਤਾ।

ਜਦੋਂ ਆਤੰਕਵਾਦੀਆਂ ਨੇ ਫਿਰ ਆਪਣੀਆਂ ਮਨਹੂਸ ਕਾਰਵਾਈਆਂ ਸ਼ੁਰੂ ਕਰ

4. ਰੂਸੀ ਜੂਆ, ਇੰਡੀਆ ਟੂਡੇ 15 ਫਰਵਰੀ 1992 ਪੰਨਾ 23-5 ਤੇ "ਬੇਗਾਨਗੀ ਵਧਾਉਣਾ", ਇੰਡੀਆ ਟੂਡੇ, 15 ਮਾਰਚ 1992, ਪੰਨਾ 26

ਦਿੱਤੀਆਂ ਤਾਂ ਬੇਅੰਤ ਸਿੰਘ ਨੇ ਕੇ.ਪੀ.ਐਸ. ਗਿੱਲ ਨੂੰ ਉਹਨਾਂ ਨਾਲ ਨਜਿੱਠਣ ਲਈ ਖੁਲ੍ਹੀ ਛੁੱਟੀ ਦੇ ਦਿੱਤੀ।

"ਓਪਰੇਸ਼ਨ ਰਖਸ਼ਕ II" ਬੜਾ ਉਪਯੋਗੀ ਸਿੱਧ ਹੋਣ ਲੱਗਾ। ਫ਼ੌਜ ਨੇ ਪਿੰਡਾਂ ਵਿੱਚ ਆਤੰਕਵਾਦੀਆਂ ਤੇ ਉਹਨਾਂ ਦੇ ਸਮਰਥਕਾਂ ਦੀ ਭਾਲ ਸ਼ੁਰੂ ਕਰ ਦਿੱਤੀ। ਆਤੰਕਵਾਦੀਆਂ ਨੂੰ ਜਾਂ ਤਾਂ ਗੋਲੀਆਂ ਨਾਲ ਉਡਾਇਆ ਜਾਣ ਲੱਗਾ ਜਾਂ ਗਰਿਫ਼ਤਾਰ ਕੀਤਾ ਜਾਣ ਲੱਗਾ। ਪੇਂਡੂਆਂ ਨੂੰ ਡਰਾਉਣ ਧਮਕਾਉਣ ਦੀ ਥਾਂ, ਜਿਵੇਂ ਫ਼ੌਜ ਪਹਿਲਾਂ ਕਰਦੀ ਰਹੀ ਸੀ, ਹੁਣ ਉਹਨਾਂ ਨਾਲ ਫ਼ੌਜ ਨੇ ਦੋਸਤੀ ਕਾਇਮ ਕਰਨੀ ਸ਼ੁਰੂ ਕਰ ਦਿੱਤੀ। ਜਿੱਥੇ ਫ਼ੌਜ ਗਈ, ਪੇਂਡੂਆਂ ਲਈ ਖਾਧ ਸਮੱਗਰੀ ਤੇ ਦੁਆਈਆਂ ਲੈ ਕੇ ਪਹੁੰਚੀ। ਇਹ ਹੁਸ਼ਿਆਰੀ ਭਰੀ ਚਾਲ ਸਫਲ ਰਹੀ। ਪੰਜਾਬ ਦੇ ਕਿਸਾਨਾਂ ਨੇ ਬਦਅਮਨੀ ਸਮੇਂ ਬੜੇ ਦੁੱਖ ਝੱਲੇ ਸਨ, ਉਹ ਹੁਣ ਬਦਮਾਸ਼ਾਂ ਨੂੰ ਭਾਲ ਭਾਲ ਕੇ, ਖ਼ਤਮ ਕਰਨ ਲਈ ਪੁਲੀਸ ਦੀ ਸਹਾਇਤਾ ਕਰਨ ਲੱਗੇ। ਕੁਝ ਮਹੀਨੇ ਤਾਂ ਪੰਜਾਬ ਵਿੱਚ ਜੰਗਲ ਦਾ ਰਾਜ ਰਿਹਾ। ਕਾਨੂੰਨੀ ਵਿਧੀ ਵਿਧਾਨ ਨੂੰ ਛਿੱਕੇ 'ਤੇ ਟੰਗ ਦਿੱਤਾ ਗਿਆ ਤੇ ਕਈ ਨਿਰਦੋਸ਼ ਲੋਕਾਂ ਦੀਆਂ ਜਾਨਾਂ ਵੀ ਗਈਆਂ ਪਰ 1993 ਦੇ ਅੰਤ ਤੱਕ ਰਾਜ ਵਿੱਚ ਅਮਨ ਕਾਨੂੰਨ ਦੇ ਕਾਇਮ ਹੋਣ ਦੀ ਝਲਕ ਪੈਣ ਲੱਗੀ।

ਜਨਵਰੀ 1993 ਵਿੱਚ ਬੇਅੰਤ ਸਿੰਘ ਨੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਰਾਉਣ ਦਾ ਸਾਹਸ ਭਰਿਆ ਕਦਮ ਉਠਾਇਆ। ਉਹਦੇ ਮੰਤਰੀ-ਮੰਡਲ ਦੇ ਬਹੁਤ ਸਾਰੇ ਸਾਥੀ ਇਸ ਗੱਲ ਦੇ ਵਿਰੁੱਧ ਸਨ। ਉਹਨਾਂ ਦੀ ਦਲੀਲ ਸੀ ਕਿ ਉਗਰਵਾਦੀ ਪੰਚਾਇਤਾਂ ਤੇ ਕਾਬਜ਼ ਹੋ ਕੇ "ਖ਼ਾਲਸਾ ਪੰਚਾਇਤਾਂ" ਦੀ ਘੋਸ਼ਣਾ ਕਰ ਦੇਣਗੇ। ਬੇਅੰਤ ਸਿੰਘ ਆਪ ਸਰਪੰਚ ਰਿਹਾ ਸੀ ਤੇ ਮਗਰੋਂ ਉਹ ਪੰਚਾਇਤ ਸਮਿਤੀ ਦਾ ਚੇਅਰਮੈਨ ਵੀ ਰਿਹਾ ਸੀ। ਉਹ ਜਾਣਦਾ ਸੀ ਕਿ ਆਪਣੀ ਸਰਕਾਰ ਦੀ ਉੱਚਿਤਤਾ ਦਿਖਾਉਣ ਲਈ ਤੇ ਪੇਂਡੂ ਪੰਜਾਬ ਵਿੱਚ ਆਮ ਹਾਲਾਤ ਬਹਾਲ ਕਰਨ ਲਈ ਬੁਨਿਆਦੀ ਲੋਕਤੰਤਰੀ ਸੰਸਥਾਵਾਂ ਦੀ ਕਿਤਨੀ ਮਹੱਤਤਾ ਸੀ। ਇਹਨਾਂ ਚੋਣਾਂ ਵਿੱਚ 90% ਵੋਟਾਂ ਭੁਗਤੀਆਂ ਤੇ ਬਹੁਤੀਆਂ ਸੀਟਾਂ 'ਤੇ ਕਾਂਗਰਸੀ ਉਮੀਦਵਾਰ ਜੇਤੂ ਰਹੇ। ਇਹ ਚੁਣੇ ਹੋਏ ਪ੍ਰਤਿਨਿਧ, ਆਮ ਲੋਕਾਂ ਤੇ ਸਥਾਨਕ ਪ੍ਰਸ਼ਾਸਨ ਵਿੱਚ ਅਤੇ ਪੁਲੀਸ ਵਿਚਕਾਰ ਰਾਜ ਵਿੱਚੋਂ ਆਤੰਕਵਾਦ ਖ਼ਤਮ ਕਰਨ ਲਈ ਵਧੀਆ ਕੜੀ ਸਾਬਤ ਹੋਏ।

ਗਲਿਆਰਾ ਯੋਜਨਾ ਕਰਨਬੀਰ ਸਿੰਘ ਸਿੱਧੂ ਦੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਨਿਯੁਕਤ ਹੋਣ ਤੱਕ ਅਣਗੌਲੀ ਹੀ ਰਹੀ। ਮਸਾਂ ਹੀ ਅੱਠ ਸਾਲਾਂ ਦੀ ਨੌਕਰੀ ਵਾਲੇ ਨੌਜੁਆਨ ਸਿੱਖ ਆਈ.ਏ.ਐਸ. ਅਫ਼ਸਰ ਨੇ, ਇਸ ਨੂੰ 1992-93 ਵਿੱਚ ਆਪਣੀ ਨਿਯੁਕਤੀ ਤੋਂ ਤੁਰਤ ਪਿੱਛੋਂ ਮੁੜ ਸੁਰਜੀਤ ਕੀਤਾ।

ਇਸ ਦੇ ਨਾਲ ਹੀ ਚੋਟੀ ਦੇ ਖਾੜਕੂਆਂ ਵੱਲੋਂ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸਪੱਸ਼ਟ ਰੂਪ ਵਿੱਚ ਬੇਅੰਤ ਸਿੰਘ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਤੇ ਸ਼੍ਰੋ: ਗੁ: ਪ੍ਰ: ਕਮੇਟੀ ਵਿਚਕਾਰ ਅਣਲਿਖਿਆ ਗੁਪਤ ਸਮਝੌਤਾ ਹੋ ਗਿਆ ਸੀ। ਗਲਿਆਰਾ ਯੋਜਨਾ ਨੂੰ ਤੁਰਤ ਹੀ ਸੁਰੱਖਿਆ ਪੱਟੀ ਦੀ ਥਾਂ ਸਵਰਨ ਮੰਦਰ ਦੀ ਦੂਸਰੀ ਪਰਿਕਰਮਾ ਦਾ ਨਾਮ ਦੇ ਦਿੱਤਾ ਗਿਆ। ਸ਼੍ਰੋ: ਗੁ: ਪ੍ਰ: ਕਮੇਟੀ ਅਣਅਧਿਕਾਰਿਤ ਤੌਰ ਤੇ ਇਹਦੀ ਭਵਨ-ਨਿਰਮਾਣ ਵਿਉਂਤ ਦੀ ਸੋਧ-ਪਰਖ ਲਈ ਵੀ ਇਸ ਸ਼ਰਤ 'ਤੇ ਸਹਿਮਤ ਹੋ ਗਈ ਕਿ ਕੋਈ ਵੀ ਕਾਂਗਰਸ ਮੰਤਰੀ ਜਾਂ ਪਦ-ਅਧਿਕਾਰੀ ਇਸ ਦਾ ਉਦਘਾਟਨ ਕਰਨ ਜਾਂ ਕਿਸੇ ਪੜਾਅ

ਦਾ ਪ੍ਰਾਰੰਭ ਕਰਨ ਨਹੀਂ ਆਵੇਗਾ ਤੇ ਇਸ ਯੋਜਨਾ ਦੇ ਮੁਕੰਮਲ ਕਰਨ ਦਾ ਦਾਅਵਾ ਕਰਕੇ ਭੁੱਲ ਨਹੀਂ ਖੱਟੇਗਾ। ਸਰਕਾਰ ਸਹਿਮਤ ਹੋ ਗਈ ਤੇ ਸਾਰੀ ਯੋਜਨਾ ਦਾ ਖ਼ਰਚ ਝੱਲਣ ਲਈ ਵੀ ਤਿਆਰ ਹੋ ਗਈ। ਇਸ ਯੋਜਨਾ ਨੇ ਸੁੰਦਰ ਭੂ-ਦ੍ਰਿਸ਼ ਚਿੱਤਰ ਤੇ ਜਲ-ਦ੍ਰਿਸ਼ ਚਿੱਤਰ ਪੇਸ਼ ਕੀਤੇ ਜੋ ਪਵਿੱਤਰ ਗੁਰਧਾਮ ਦੀ ਨਿਰਮਲਤਾ 'ਚ ਘੁਲੇ ਮਿਲੇ ਤੇ ਇਕਸਾਰ ਤੇ ਇਕਸੁਰ ਪ੍ਰਤੀਤ ਹੁੰਦੇ ਹਨ। "ਗਲਿਆਰੇ" ਦਾ 3/4 ਭਾਗ 1992-96 ਵਿੱਚ ਪੂਰਾ ਕਰ ਲਿਆ ਗਿਆ ਸੀ, ਪਰ ਸਭ ਤੋਂ ਵੱਧ ਮਹੱਤਵਪੂਰਨ ਅਗਲਾ ਭਾਗ ਅਜੇ ਵੀ ਅਧੂਰਾ ਪਿਆ ਹੈ।

ਸ਼੍ਰੋ: ਗੁ: ਪ੍ਰਬੰਧਕ ਕਮੇਟੀ ਜੋ 1925 ਵਿੱਚ ਬਣੀ, ਸਦਾ ਲਈ ਪ੍ਰਾਂਤਕ ਸਰਕਾਰ ਦੀ ਮੁਕਾਬਲੇ ਦੀ ਵਿਰੋਧੀ ਸ਼ਕਤੀ ਰਹੀ ਹੈ। ਇਹ ਆਰੰਭ ਤੋਂ ਹੀ ਅਕਾਲੀਆਂ ਦਾ ਗੜ੍ਹ ਰਹੀ ਹੈ। ਇਹ ਪੰਜਾਬ, ਹਰਿਆਣਾ, ਹਿਮਾਚਲ ਪਰਦੇਸ਼ ਤੇ ਲਗਭਗ 300 ਤੋਂ ਵੱਧ ਗੁਰਦੁਆਰਿਆਂ ਅਤੇ ਸਕੂਲਾਂ, ਕਾਲਜਾਂ, ਹਸਪਤਾਲਾਂ ਤੇ ਇਸ ਵੱਲੋਂ ਵਿੱਤੀ ਸਹਾਇਤਾ ਨਾਲ ਚਲਾਈਆਂ ਜਾ ਰਹੀਆਂ ਸੰਸਥਾਵਾਂ ਦਾ ਪ੍ਰਬੰਧ ਕਰਦੀ ਹੈ।[5] ਇਸ ਦਾ ਸਾਲਾਨਾ ਬਜਟ 142 ਕਰੋੜ ਰੁਪੇ ਦਾ ਹੈ। ਇਸ ਦੇ ਪ੍ਰਧਾਨ ਨੂੰ ਗ੍ਰੰਥੀਆਂ, ਰਾਗੀਆਂ, ਸੇਵਾਦਾਰਾਂ, ਹੈਡਮਾਸਟਰਾਂ, ਪ੍ਰਿੰਸੀਪਲਾਂ ਤੇ ਇਸ ਵੱਲੋਂ ਚਲਾਏ ਜਾਂਦੇ ਹਸਪਤਾਲਾਂ ਵਿੱਚ ਡਾਕਟਰਾਂ ਨੂੰ ਨਿਯੁਕਤ ਕਰਨ ਦੇ ਵਿਸ਼ਾਲ ਅਧਿਕਾਰ ਤੇ ਸਰਪ੍ਰਸਤੀ ਪ੍ਰਾਪਤ ਹੈ। ਉਸ ਦੀ ਅਕਾਲ ਤਖ਼ਤ ਤੇ ਜਥੇਦਾਰਾਂ ਦੀ ਨਿਯੁਕਤੀ ਵਿੱਚ ਵੀ ਪ੍ਰਮੁੱਖ ਭੂਮਿਕਾ ਹੈ। ਇਕ ਚੌਥਾਈ ਸਦੀ ਤੋਂ ਵੱਧ ਸਮੇਂ ਲਈ ਗੁਰਚਰਨ ਸਿੰਘ ਟੌਹੜਾ ਇਸ ਦੀ ਨਿਰਵਿਵਾਦ ਪ੍ਰਧਾਨਗੀ ਲਈ ਹੱਕ ਜਮਾਉਣ ਵਿੱਚ ਸਫ਼ਲ ਰਿਹਾ ਸੀ। ਉਸ ਦਾ ਖ਼ਾਲਿਸਤਾਨ ਦੀ ਮੰਗ ਪ੍ਰਤੀ ਗੋਲ-ਮੋਲ ਦ੍ਰਿਸ਼ਟੀਕੋਣ ਰਿਹਾ ਸੀ ਤੇ ਇਕ ਵਾਰ ਅੱਤਵਾਦੀਆਂ ਹੱਥੋਂ ਗੋਲੀ ਮਾਰਨ ਤੇ ਜ਼ਖ਼ਮੀ ਹੋਣ ਕਾਰਨ ਉਹ ਉਹਨਾਂ ਤੋਂ ਡਰਿਆ ਵੀ ਹੋਇਆ ਸੀ।

185 ਮੈਂਬਰੀ ਸ਼੍ਰੋ: ਕਮੇਟੀ ਦੀ ਚੋਣ ਕਰਾਉਣ ਦੀ ਜ਼ਿੰਮੇਵਾਰੀ ਪ੍ਰਾਂਤਕ ਸਰਕਾਰ ਦੀ ਹੈ।

1984 ਤੋਂ ਪਿੱਛੋਂ ਕਦੇ ਚੋਣਾਂ ਨਹੀਂ ਕਰਵਾਈਆਂ ਗਈਆਂ ਸਨ। 1993 ਤੱਕ 47 ਮੈਂਬਰ ਮਰ ਗਏ ਸਨ। ਬੇਅੰਤ ਸਿੰਘ ਦਾ ਵਿਚਾਰ ਸੀ ਕਿ 'ਸ਼੍ਰੋ: ਗੁ: ਪ੍ਰਬੰਧਕ ਕਮੇਟੀ' ਖ਼ਤਮ ਕਰਕੇ ਸਾਰਾ ਟੰਟਾ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ। ਉਸ ਨੇ ਅਖ਼ਬਾਰਾਂ ਨੂੰ ਬਿਆਨ ਦੇ ਦਿੱਤਾ : "ਹੁਣ ਸਮਾਂ ਬਦਲ ਗਿਆ ਹੈ। ਹੁਣ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੀ ਕੀ ਲੋੜ ਹੈ? ਦੂਸਰੇ ਧਰਮਾਂ ਵਾਂਗ ਸਿੱਖਾਂ ਨੂੰ ਵੀ ਆਪਣੇ ਗੁਰਦਵਾਰਿਆਂ ਦਾ ਪ੍ਰਬੰਧ ਸਥਾਨਕ ਕਮੇਟੀਆਂ ਰਾਹੀਂ ਕਰਨਾ ਚਾਹੀਦਾ ਹੈ।"[6]

ਬੇਅੰਤ ਸਿੰਘ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਸਦਾ ਲੜ ਝਗੜ ਰਹੇ ਅਕਾਲੀ ਧੜਿਆਂ ਨੂੰ ਜੇ ਕੋਈ ਇਕ ਚੀਜ਼ ਇਕੱਠਿਆਂ ਕਰ ਸਕਦੀ ਹੈ ਤਾਂ ਉਹ ਹੈ ਸ਼੍ਰੋ: ਗੁ:

5. ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਸਕੱਤਰੇਤ ਵੱਲੋਂ 40 ਵੱਡੇ ਤੇ ਹੋਰ ਅਗਿਆਤ ਗੁਰਦਵਾਰਿਆਂ, 17 ਕਾਲਜਾਂ, 22 ਸਕੂਲਾਂ ਤੇ ਚਾਰ ਹਸਪਤਾਲਾਂ ਦੇ, ਇਹਦੇ ਪ੍ਰਬੰਧ ਹੇਠ ਹੋਣ ਦੇ ਅੰਕੜੇ ਪ੍ਰਕਾਸ਼ਤ ਕੀਤੇ ਗਏ ਹਨ।

6. ਇੰਡੀਆ ਟੂਡੇ, ਮਾਰਚ 1995

ਪ੍ਰਬੰਧਕ ਕਮੇਟੀ ਵਿੱਚ ਸਰਕਾਰੀ ਦਖ਼ਲ-ਅੰਦਾਜ਼ੀ। ਟੌਹੜੇ ਨੂੰ ਬਾਦਲ, ਮਾਨ ਤੇ ਹੋਰ ਸਭ ਦਾ ਸਮਰਥਨ ਮਿਲ ਗਿਆ। ਪਹਿਲਾਂ ਵਾਂਗ ਹੀ ਉਹਨਾਂ ਦੇ ਇਕੱਠੇ ਹੋਣ ਦਾ ਇਕ ਹੀ ਨਾਅਰਾ ਸੀ, "ਪੰਥ ਨੂੰ ਖ਼ਤਰਾ ਹੈ।" ਬੇਅੰਤ ਸਿੰਘ ਨੂੰ ਅਕਲ ਆ ਗਈ ਤੇ ਉਸ ਨੇ ਆਪਣਾ ਬਿਆਨ ਵੀ ਤੇ ਕਦਮ ਵੀ ਪਿਛਾਂਹ ਖਿੱਚ ਲਏ। ਉਸ ਨੇ ਆਤੰਕਵਾਦ ਖ਼ਤਮ ਕਰਨ ਵੱਲ ਆਪਣਾ ਧਿਆਨ ਲਾ ਦਿੱਤਾ। ਉਸ ਨੇ ਰਾਜਪਾਲ ਸੁਰਿੰਦਰ ਨਾਥ ਤੇ ਡਾਇਰੈਕਟਰ ਜਨਰਲ ਪੁਲੀਸ ਕੇ.ਪੀ.ਐਸ. ਗਿੱਲ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਗਿੱਲ ਆਪਣੇ ਕੰਮ ਵਿੱਚ ਦਾਨਵੀ ਜੋਸ਼ ਨਾਲ ਜੁੱਟ ਪਿਆ। ਉਸ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਅੰਦਰੂਨੀ ਅਮਨ ਕਾਨੂੰਨ ਦੀ ਸਥਾਪਤੀ ਫ਼ੌਜ ਦੀ ਨਹੀਂ ਪੁਲੀਸ ਦੀ ਜ਼ਿੰਮੇਵਾਰੀ ਹੈ। ਉਸ ਨੇ ਪੁਲੀਸ ਦੀ ਗਿਣਤੀ 35000 ਤੋਂ ਵਧਾ ਕੇ 60000 ਕਰ ਦਿੱਤੀ ਤੇ ਉਹਦੇ ਵਿੱਚ ਮਜ਼੍ਹਬੀ ਸਿੱਖ ਵੱਡੀ ਗਿਣਤੀ ਵਿੱਚ ਭਰਤੀ ਕਰ ਲਏ। ਇਸ ਦੇ ਸਾਮਾਨੰਤਰ ਹੀ ਅਰਧ ਸੈਨਿਕ ਬਲਾਂ ਦੀ ਗਿਣਥੀ 400 ਕੰਪਨੀਆਂ ਤੋਂ ਘਟਾ ਕੇ 260 ਕਰ ਦਿੱਤੀ ਗਈ। ਉਸ ਨੂੰ ਜਾਲੰਧਰ ਦੇ ਕੋਰ ਕਮਾਂਡਰ ਲੈਫ. ਜਨਰਲ ਬੀ.ਕੇ.ਐਨ. ਛਿੱਬਰ ਦਾ ਪੂਰਾ ਸਮਰਥਨ ਸੀ ਜੋ ਮਗਰੋਂ ਸੁਰੱਖਿਆ ਸਲਾਹਕਾਰ ਬਣਿਆ ਤੇ ਫਿਰ ਪੰਜਾਬ ਦਾ ਰਾਜਪਾਲ ਬਣਿਆ। ਜੋ ਰੁਪਿਆ ਉਹਦੇ ਹਵਾਲੇ ਕੀਤਾ ਗਿਆ ਉਸ ਦੀ ਵਰਤੋਂ ਉਸ ਨੇ ਆਤੰਕਵਾਦੀ ਦਲਾਂ ਵਿੱਚ ਫੁੱਟ ਪਾਉਣ ਤੇ ਜਾਸੂਸਾਂ ਨੂੰ ਤੇ ਸੂਹ ਦੇਣ ਵਾਲਿਆਂ ਨੂੰ ਆਪਣੇ ਨਾਲ ਮਿਲਾਉਣ ਲਈ ਕੀਤੀ। ਕਿਉਂਕਿ ਇਹ ਦਲ ਰਾਤ ਨੂੰ ਹੀ ਕਾਰਵਾਈ ਕਰਿਆ ਕਰਦੇ ਸਨ, ਉਸ ਨੇ "ਓਪਰੇਸ਼ਨ ਨਾਈਟ ਡੋਮੀਨੈਂਨਸ" ਸ਼ੁਰੂ ਕੀਤੇ। ਉਸ ਨੇ ਤਰਨਤਾਰਨ ਨੇੜੇ ਰਾਤ ਸਮੇਂ 'ਬਹਿਲਾ' ਪਿੰਡ ਵਿੱਚ ਕਾਰਵਾਈ ਕੀਤੀ। ਮਾਰੇ ਗਏ ਵਿਅਕਤੀਆਂ ਵਿੱਚ ਦੋ ਬਦਨਾਮ ਅੱਤਵਾਦੀ ਨੇਤਾ ਗੁਰਬਚਨ ਸਿੰਘ ਮਾਨੋਚਾਹਲ ਤੇ ਕੌਲੀ (ਜਿਸ ਨੇ ਕਥਿਤ ਤੌਰ 'ਤੇ ਆਕਾਸ਼ਵਾਣੀ ਦੇ ਐਮ.ਐਲ. ਮਨਚੰਦਾ ਦਾ ਸਿਰ ਲਾਹਿਆ ਸੀ) ਸਨ। ਇਹਨਾਂ ਦੋ ਜਣਿਆਂ ਦੇ ਮਰਨ ਨਾਲ ਹੀ ਰਾਜ ਵਿੱਚ ਆਤੰਕਵਾਦ ਦਾ ਲੱਕ ਟੁੱਟ ਗਿਆ। ਕਿਸੇ ਵੀ ਸਮੇਂ ਇਹਨਾਂ ਅੱਤਵਾਦੀਆਂ ਸਾਮ੍ਹਣੇ ਕੋਈ ਧਾਰਮਕ ਜਾਂ ਸਿਆਸੀ ਉਦੇਸ਼ ਨਹੀਂ ਰਿਹਾ ਸੀ। ਇਸ ਦੇ ਉਲਟ ਉਹ ਤਾਂ ਲੁਟੇਰੇ ਬਣ ਗਏ ਸਨ, ਉਹ ਰੁਪੈ ਲੁੱਟਦੇ ਸਨ ਤੇ ਉਹਨਾਂ ਨਾਲ ਕਈ ਹੋਰ ਸ਼ੌਕੀਆ ਰਲਦੇ ਗਏ। ਗਿੱਲ ਸੌਂਪੇ ਗਏ ਕੰਮ ਨੂੰ ਯੋਗਤਾ ਨਾਲ ਕਰ ਸਕਣ ਦੇ ਕਾਰਨ ਵਧਾਈ ਦਾ ਹੱਕਦਾਰ ਸੀ।

ਅਕਾਲੀਆਂ ਨੇ ਵੀ ਬੇਅੰਤ ਸਿੰਘ ਨੂੰ ਗੱਦੀ ਤੋਂ ਲਾਹੁਣ ਲਈ ਆਪਣੇ ਯਤਨ ਤੇਜ਼ ਕਰ ਦਿੱਤੇ। ਇਸ ਸਾਲ ਦੇ ਸ਼ੁਰੂ ਵਿੱਚ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਅੰਮ੍ਰਿਤਸਰ ਤੋਂ ਆਨੰਦਪੁਰ ਸਾਹਿਬ ਤੱਕ "ਖ਼ਾਲਸਾ ਮਾਰਚ" ਸਮੇਂ ਰਸਤੇ 'ਤੇ ਪੈਂਦੇ ਪਿੰਡਾਂ ਦੇ ਲੋਕਾਂ ਤੋਂ ਭਰਵਾਂ ਸਮਰਥਨ ਮਿਲਿਆ ਸੀ। ਇਸ ਤੋਂ ਉਤਸਾਹਿਤ ਹੋ ਕੇ ਉਹਨਾਂ ਨੇ "ਅੰਮ੍ਰਿਤਸਰ ਤੋਂ ਦਿੱਲੀ" ਦੀ ਯਾਤਰਾ ਦਾ ਐਲਾਨ ਕਰ ਦਿੱਤਾ। ਬੇਅੰਤ ਸਿੰਘ ਨੇ ਉਹਨਾਂ ਦੀ ਇਹ ਕਾਰਵਾਈ ਟੌਹੜਾ, ਬਾਦਲ ਤੇ ਤਲਵੰਡੀ ਸਮੇਤ ਚੋਟੀ ਦੇ 19 ਅਕਾਲੀ ਨੇਤਾਵਾਂ ਨੂੰ ਗਰਿਫ਼ਤਾਰ ਕਰਕੇ ਨਾਕਾਮ ਬਣਾ ਦਿੱਤੀ। ਤਜ਼ਵੀਜ਼ ਕੀਤੀ ਯਾਤਰਾ ਸ਼ੁਰੂ ਹੀ ਨਾ ਕੀਤੀ ਜਾ ਸਕੀ।

o—o—o

ਇਹ ਅਜੀਬ ਸਥਿਤੀ ਸੀ ਕਿ ਜਦੋਂ ਬਾਕੀ ਦੇ ਸਾਰੇ ਪੰਜਾਬ ਵਿੱਚ ਬੇਚੈਨੀ ਸੀ ਇਸ ਦਾ ਸਭ ਤੋਂ ਵੱਡਾ ਸ਼ਹਿਰ ਲੁਧਿਆਣਾ ਤਰੱਕੀ ਕਰ ਰਿਹਾ ਸੀ ਤੇ ਉੱਦਮੀਆਂ, ਉਦਯੋਗਪਤੀਆਂ ਤੇ ਕਾਰਖ਼ਾਨੇਦਾਰਾਂ ਲਈ ਸਵਰਗ ਬਣ ਗਿਆ ਸੀ। ਇਹ ਬਾਈਸਾਈਕਲ ਤੇ ਊਨੀ ਕੱਪੜੇ ਤਿਆਰ ਕਰਦਾ ਆ ਰਿਹਾ ਸੀ ਤੇ ਹੁਣ ਇਨ੍ਹਾਂ ਵਸਤੂਆਂ ਦਾ ਉਤਪਾਦਨ ਦੁੱਗਣੇ ਤੋਂ ਵੀ ਵੱਧ ਗਿਆ ਸੀ ਤੇ ਇਹ ਸਿਲਾਈ ਮਸ਼ੀਨਾਂ ਤੇ ਸਹਾਇਕ ਵਸਤੂਆਂ ਦਾ ਕੇਂਦਰ ਬਣ ਗਿਆ ਸੀ।

1994 ਦੀ ਬਹਾਰ ਰੁੱਤ ਵਿੱਚ ਪੰਜਾਬ ਵਿੱਚ ਪੱਕ ਰਹੀ ਕਣਕ ਦੀਆਂ ਫ਼ਸਲਾਂ ਸਮੇਂ ਮੁਕੰਮਲ ਸ਼ਾਂਤੀ ਸੀ। ਲੁਧਿਆਣਾ ਤੋਂ 11 ਕਿਲੋਮੀਟਰ ਦੂਰ ਪਿੰਡ ਕਿਲ੍ਹਾ ਰਾਏਪੁਰ ਦੇ ਖੇਡ ਮੇਲੇ ਤੇ ਜਿਸ ਨੂੰ ਪੇਂਡੂ ਉਲੰਪਿਕਸ ਕਿਹਾ ਜਾਂਦਾ ਹੈ, ਦਰਸ਼ਕਾਂ ਦੀ ਬਹੁਤ ਭਾਰੀ ਹਾਜ਼ਰੀ ਸੀ। ਤਿੰਨ ਦਿਨਾਂ ਲਈ ਜਸ਼ਨਾਂ ਤੇ ਤਿਉਹਾਰਾਂ ਜਿਹਾ ਮਾਹੌਲ ਬਣਿਆ ਰਿਹਾ ਜਿੱਥੇ ਨੌਜਵਾਨਾਂ ਨੇ ਆਪਣੀ ਤਾਕਤ ਦੇ ਜੌਹਰ ਦਿਖਾਏ। ਪੇਂਡੂਆਂ ਦੇ ਕਬੱਡੀ ਤੇ ਰੱਸਾ ਕਸੀ ਦੇ ਮੁਕਾਬਲੇ ਹੋਏ। ਇਕ ਟੀਮ ਕੈਨੇਡਾ ਦੇ ਸ਼ਹਿਰ ਵੈਨਕੂਵਰ 'ਚੋਂ ਖੇਡਾਂ ਵਿੱਚ ਹਿੱਸਾ ਲੈਣ, ਸਾਨ੍ਹਾਂ, ਛੱਤਰਿਆਂ ਤੇ ਬਜ਼ੁਰਗ ਖਿਲਾੜੀਆਂ ਦੀਆਂ ਦੌੜਾਂ ਵੇਖਣ ਪਹੁੰਚੀ। ਕਈ ਸਾਲਾਂ ਪਿੱਛੋਂ ਕੁੜੀਆਂ ਨੇ ਖੇਡ ਤਮਾਸ਼ਿਆਂ 'ਚ ਹਿੱਸਾ ਲੈਣਾ ਸ਼ੁਰੂ ਕੀਤਾ। ਜੇਤੂਆਂ ਲਈ ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਨਹੀਂ ਸਗੋਂ ਘਿਉ ਦੇ ਕਨਸਤਰ (ਪੀਪੇ) ਸਨ। ਅਜਿਹੇ ਖੇਡ ਮੇਲੇ ਸਾਰੇ ਰਾਜ ਵਿੱਚ ਕਰਵਾਏ ਜਾਂਦੇ ਸਨ ਪਰ ਕਿਲ੍ਹਾ ਰਾਏਪੁਰ ਦੇ ਗਰੇਵਾਲ ਜੱਟਾਂ ਨੇ 1933 ਵਿੱਚ ਹਾਕੀ ਤੇ ਕਬੱਡੀ ਦੇ ਮੈਚ ਕਰਵਾ ਕੇ ਲੀਹ ਪਾ ਦਿੱਤੀ ਸੀ ਤੇ ਹੌਲੀ-ਹੌਲੀ ਆਪਣੇ ਸਾਲਾਨਾ ਪੇਂਡੂ ਉਲਿੰਪਿਕਸ ਵਿੱਚ 50 ਖੇਡਾਂ ਹੋਰ ਸ਼ਾਮਿਲ ਕਰ ਲਈਆਂ ਸਨ।

ਸੁਰੱਖਿਆ ਦੀ ਭਾਵਨਾ ਨੇੜਲੇ ਲੁਧਿਆਣਾ ਸ਼ਹਿਰ ਵਿੱਚ ਹੋਰ ਵੀ ਵੱਧ ਦਿਸਦੀ ਸੀ। ਅਮੀਰ ਉਦਯੋਗਪਤੀ ਅੰਗ-ਰਖਿਅੱਕਾਂ ਤੋਂ ਬਿਨਾਂ ਹੀ, ਡਰ ਭੈਅ ਤੋਂ ਮੁਕਤ ਘੁੰਮਦੇ ਫਿਰਦੇ ਸਨ, ਰਾਤ ਦੀ ਵਾਰੀ ਲਈ ਮਜ਼ਦੂਰ ਨਿਡੱਰ ਹੋ ਕੇ ਆਉਂਦੇ ਸਨ, ਰਾਤ ਦੇ ਮਨੋਰੰਜਨ ਲਈ ਸਿਨੇਮਾ ਘਰ ਭਰੇ ਰਹਿੰਦੇ। ਸੜਕਾਂ ਤੇ ਕਨਟੈਸਾ ਕਾਰਾਂ ਘੁੰਮਦੀਆਂ ਰਹਿੰਦੀਆਂ ਤੇ ਹੋਟਲਾਂ ਵਿੱਚ 90% ਥਾਵਾਂ ਭਰੀਆਂ ਹੁੰਦੀਆਂ। ਲੁਧਿਆਣਾ ਸਟਾਕ ਐਕਸਚੇਂਜ ਦਾ ਦੈਨਿਕ ਕਾਰੋਬਾਰ 7 ਕਰੋੜ ਤੋਂ ਵੱਧ ਕੇ, ਚਾਰ ਗੁਣਾਂ ਤੋਂ ਵੀ ਜ਼ਿਆਦਾ, 30 ਕਰੋੜ ਹੋ ਗਿਆ। ਪੰਜਾਬ ਤੋਂ ਬਾਹਰਲੇ ਉਦਯੋਗਿਕ ਘਰਾਣੇ ਰਾਜ ਵਿੱਚ ਕਾਰਖਾਨੇ ਲਾਉਣ ਲੱਗੇ। ਜਿਹੜੀ ਗੱਲ ਲੁਧਿਆਣੇ ਬਾਰੇ ਸਹੀ ਸੀ, ਉਹ ਪੰਜਾਬ ਦੇ ਦੂਸਰੇ ਵੱਡੇ ਸ਼ਹਿਰ ਅੰਮ੍ਰਿਤਸਰ ਬਾਰੇ ਵੀ ਸਹੀ ਸੀ। ਅਮੀਰੀ ਪੱਖੋਂ ਪੰਜਾਬ ਭਾਰਤ ਦੇ ਸਾਰੇ ਰਾਜਾਂ 'ਚੋਂ ਪਹਿਲੇ ਨੰਬਰ 'ਤੇ ਰਿਹਾ ਤੇ ਕਣਕ ਤੇ ਚਾਵਲ ਪੈਦਾ ਕਰਨ ਵਿੱਚ ਵੀ ਇਹ ਮੁਲਕ ਭਰ ਵਿੱਚ ਪਹਿਲੇ ਦਰਜੇ ਤੇ ਰਿਹਾ।

ਆਤੰਕਵਾਦ ਵਿਰੁੱਧ ਲੜਾਈ ਲੜਦਿਆਂ ਪੰਜਾਬ ਪੁਲੀਸ ਨੇ ਨਿਰਦੋਸ਼ ਲੋਕਾਂ 'ਤੇ ਵੀ ਬਹੁਤ ਜ਼ੁਲਮ ਕੀਤੇ ਸਨ। 18 ਅਪ੍ਰੈਲ 1994 ਨੂੰ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਮਿਲਣ ਲਈ ਪੰਜ ਵਿਅਕਤੀਆਂ ਦਾ "ਕੌਮੀ ਮਾਨਵੀ ਹੱਕਾਂ ਦਾ ਕਮਿਸ਼ਨ" ਰਾਜ ਵਿੱਚ ਪਹੁੰਚਿਆ। ਸਰਕਾਰ ਤੇ ਮਨੁੱਖੀ ਹੱਕਾਂ ਦੇ ਕਾਰਜਕਰਤਾਵਾਂ ਨੇ ਇਹਦੇ ਸਾਮ੍ਹਣੇ ਆਪਣਾ ਪੱਖ ਰੱਖਿਆ। ਕਮਿਸ਼ਨ ਦੇ ਚੇਅਰਮੈਨ, ਜਸਟਿਸ ਮਿਸ਼ਰਾ ਨੂੰ ਇਹ

ਕਹਿੰਦਿਆਂ ਸੁਣਿਆ ਗਿਆ ਕਿ "ਸਾਧਾਰਨ ਹਾਲਾਤ ਹੋ ਜਾਣ ਤੇ ਵੀ ਪੁਲੀਸ ਦਾ ਵਤੀਰਾ ਅਜੇ ਵੀ ਸਾਧਾਰਨ ਨਹੀਂ ਹੈ।"[7]

29 ਨਵੰਬਰ 1994 ਨੂੰ ਭੂਤਪੂਰਵ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਜੋ ਪਹਿਲਾਂ ਕੇਂਦਰੀ ਸਰਕਾਰ ਵਿੱਚ ਗ੍ਰਹਿ ਮੰਤਰੀ ਤੇ ਪੰਜਾਬ ਦਾ ਮੁੱਖ ਮੰਤਰੀ ਰਿਹਾ ਸੀ, ਆਨੰਦਪੁਰ ਸਾਹਿਬ ਤੋਂ ਚੰਡੀਗੜ੍ਹ ਨੂੰ ਵਾਪਸ ਆਉਂਦਿਆਂ, ਰੋਪੜ ਨੇੜੇ ਦੁਰਘਟਨਾ ਹੋ ਗਈ। ਉਸ ਦੀ ਕਾਰ ਦੀ ਟਰੱਕ ਨਾਲ ਸਿੱਧੀ ਟੱਕਰ ਹੋ ਗਈ। ਉਸ ਨੂੰ ਬਹੁਤ ਸਖ਼ਤ ਸੱਟਾਂ ਲੱਗੀਆਂ ਜਿਹਨਾਂ ਨਾਲ ਉਹ ਕੁਝ ਚਿਰ ਮਗਰੋਂ ਮਰ ਗਿਆ। ਜ਼ੈਲ ਸਿੰਘ ਇਕ ਤਰਖ਼ਾਣ ਦਾ ਪੁੱਤਰ ਸੀ। ਗੁਰਬਾਣੀ ਤੇ ਉਰਦੂ ਤੋਂ ਬਿਨਾਂ ਉਸ ਨੂੰ ਥੋੜ੍ਹੀ ਬਹੁਤ ਅੰਗਰੇਜ਼ੀ ਦੀ ਵੀ ਜਾਣਕਾਰੀ ਸੀ। ਉਸ ਦੀ ਪ੍ਰੇਰਨਾਮਈ ਬੋਲਚਾਲ ਦੀ ਸ਼ਕਤੀ, ਦੁਨਿਆਵੀ ਸੂਝ ਤੇ ਲੋਕਾਂ ਨੂੰ ਸਮਝ ਲੈਣ ਦੀ ਵਿਲੱਖਣ ਯੋਗਤਾ ਨੇ ਉਸ ਨੂੰ ਗਣਤੰਤਰ ਦੀ ਸਭ ਤੋਂ ਸ੍ਰੇਸ਼ਠ ਪਦਵੀ 'ਤੇ ਪਹੁੰਚਣ ਵਿੱਚ ਸਹਾਇਤਾ ਕੀਤੀ। ਉਸ ਦੀ ਮੌਤ ਰਾਸ਼ਟਰੀ ਸ਼ੋਕ ਦਾ ਕਾਰਨ ਬਣ ਜਾਣੀ ਚਾਹੀਦੀ ਸੀ ਪਰ ਇਸ ਤਰ੍ਹਾਂ ਨਹੀਂ ਹੋਇਆ ਸੀ।

ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਦੀ ਗੱਦੀ 'ਤੇ ਬਿਠਾ ਦੇਣ ਦੇ ਬਾਵਜੂਦ ਵੀ ਉਹ ਉਹਦਾ ਵਿਸ਼ਵਾਸ ਪ੍ਰਾਪਤ ਨਹੀਂ ਕਰ ਸਕਿਆ ਸੀ। ਸਿੱਖਾਂ ਨੇ ਵੀ ਉਸ ਨੂੰ ਸਵਰਨ ਮੰਦਰ ਉੱਪਰ ਫ਼ੌਜ ਨੂੰ ਹਮਲਾ ਕਰਨ ਦੀ ਆਗਿਆ ਦੇਣ ਕਾਰਨ ਕਦੇ ਮਾਫ ਨਾ ਕੀਤਾ। ਉਸ ਦਾ ਇਹ ਬਹਾਨਾ ਕਿ ਉਸ ਨੂੰ ਇਸ ਬਾਰੇ ਹਨੇਰੇ 'ਚ ਰੱਖਿਆ ਗਿਆ, ਕਿਸੇ ਨੇ ਸਹੀ ਨਹੀ ਮੰਨਿਆ ਕਿਉਂਕਿ ਉਸ ਨੇ ਮਗਰੋਂ "ਨੀਲਾ ਤਾਰਾ ਸਾਕਾ" ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਅਫ਼ਸਰਾਂ ਨੂੰ ਸਨਮਾਨਿਤ ਵੀ ਕੀਤਾ ਸੀ।

ਉਹ ਉਸ ਸਮੇਂ ਵੀ ਕੁਝ ਨਾ ਕਰ ਸਕਿਆ ਜਦੋਂ ਲੁਟੇਰੇ ਤੇ ਹੁੱਲੜਬਾਜ਼ ਹਜੂਮ ਸ੍ਰੀਮਤੀ ਗਾਂਧੀ ਦੇ ਕਤਲ ਪਿੱਛੋਂ ਲੋਕਾਂ ਦੀ ਜਾਨ ਮਾਲ ਤੇ ਘਰ ਬਾਰ ਨੂੰ ਤਬਾਹ ਕਰਨ ਲੱਗੇ ਹੋਏ ਸਨ। ਉਸ ਦੀ ਤਿਆਗ ਪੱਤਰ ਦੇ ਕੇ ਰਾਸ਼ਟਰਪਤੀ ਭਵਨ ਤੋਂ ਬਾਹਰ ਨਾ ਆਉਣ ਦੀ ਝਿਜਕ ਨੇ ਉਸ ਨੂੰ ਮਰਨ ਉਪ੍ਰੰਤ ਆਭਾ ਤੇ ਸ਼ਾਨ ਤੋਂ ਵੰਚਿਤ ਰੱਖਿਆ।

o—o—o

ਪੰਜਾਬ ਪੁਲੀਸ ਕਿਸ ਤਰ੍ਹਾਂ ਆਤੰਕਵਾਦੀਆਂ ਨੂੰ ਕਾਬੂ ਕਰਨ ਵਿੱਚ ਸਫਲ ਰਹੀ ਇਸ ਬਾਰੇ ਕੁਝ ਅੰਦਰੂਨੀ ਭੇਤ ਫਰਵਰੀ 1995 ਵਿੱਚ ਸਾਮ੍ਹਣੇ ਆਏ। ਕੁਝ ਮਹੀਨੇ ਪਹਿਲਾਂ ਰਾਜਪਾਲ ਸੁਰੇਂਦਰ ਨਾਥ ਤੇ ਉਹਦੇ ਪਰਿਵਾਰ ਨੂੰ ਛੁੱਟੀਆਂ ਮਨਾਉਣ ਵਾਲੇ ਟਿਕਾਣੇ 'ਤੇ ਲਿਜਾ ਰਿਹਾ ਛੋਟਾ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਨਾਲ ਜਹਾਜ਼ੀ ਅਮਲੇ ਸਮੇਤ ਸਾਰੇ ਹੀ ਸਵਾਰ ਮੁਸਾਫ਼ਿਰ ਮਾਰੇ ਗਏ।

ਮਲਬੇ ਵਿੱਚੋਂ ਨੋਟਾਂ ਦੇ ਭਰੇ ਸੂਟਕੇਸ ਮਿਲੇ। ਇਹ ਦੱਸਿਆ ਗਿਆ ਕਿ ਉਸ ਨੂੰ ਮੁਖ਼ਬਰਾਂ ਨੂੰ ਵੰਡਣ ਲਈ ਤੇ ਆਤੰਕਵਾਦੀਆਂ ਨੂੰ ਮਾਰਨ ਵਾਲੇ ਪੁਲਸੀਆਂ ਵਿੱਚ ਵੰਡਣ ਲਈ ਭਾਰੀ ਰਕਮ ਦਿੱਤੀ ਗਈ ਸੀ। ਪਰ ਇਹ ਗੰਦੀਆਂ ਅਫਵਾਹਾਂ ਵੀ ਉੱਡੀਆਂ ਕਿ

---

7. "ਮੋਰ ਰੋਗਜ਼ ਦੈਨ ਰਾਈਟਸ" (ਦੀ ਹਿਊਮਨ ਰਾਈਟਸ ਕਮਿਸ਼ਨ ਪੁਲਜ਼ ਅੱਪ ਪੰਜਾਬ ਪੁਲੀਸ) ਇੰਡੀਆ ਟੂਡੇ, 15 ਮਈ 1994, ਪੰਨਾ 36

ਉਸ ਨੇ ਉਸ ਵਿੱਚੋਂ ਕੁਝ ਰੁਪਿਆ ਆਪਣੇ ਲਈ ਵੀ ਬਚਾ ਕੇ ਰੱਖਿਆ ਹੋਇਆ ਸੀ। ਉਸ ਦੀ ਸਰਕਾਰੀ ਰਿਹਾਇਸ਼ ਪੰਜਾਬ ਭਵਨ ਦੀ ਵੀ ਤਲਾਸ਼ੀ ਲਈ ਗਈ ਸੀ, ਉੱਥੋਂ ਸਿਰਫ਼ ਥੋੜ੍ਹੀ ਜਿਹੀ ਨਕਦੀ (65000 ਰੁਪਿਆ) ਤੇ ਗਹਿਣੇ ਹੀ ਮਿਲੇ ਸਨ।[8]

o—o—o

ਪ੍ਰੰਤੂ ਆਤੰਕਵਾਦ ਨੂੰ ਸਦਾ ਦੀ ਨੀਂਦ ਸੁਲਾ ਦੇਣ ਦੇ ਜਸ਼ਨ ਬੜੇ ਥੋੜ-ਚਿਰੇ ਤੇ ਅਗੇਤੇ ਸਾਬਤ ਹੋਏ। 31 ਅਗਸਤ 1995 ਨੂੰ ਮੁੱਖ ਮੰਤਰੀ ਪੰਜਾਬ ਸ: ਬੇਅੰਤ ਸਿੰਘ ਨੂੰ ਉਸ ਸਮੇਂ ਆਤਮਘਾਤੀ ਨੇ ਬੰਬ ਨਾਲ ਉਡਾ ਦਿੱਤਾ ਜਦੋਂ ਉਹ ਚੰਡੀਗੜ੍ਹ ਦੇ ਪੰਜਾਬ ਸਰਕਾਰ ਦੇ ਸਕੱਤਰੇਤ ਤੋਂ ਬਾਹਰ ਨਿਕਲ ਰਿਹਾ ਸੀ। ਮੁੱਖ ਮੰਤਰੀ ਦੇ ਨਾਲ ਇਕ ਦਰਜਨ ਹੋਰ ਲੋਕ ਵੀ ਮਾਰੇ ਗਏ। ਨੌਂ ਆਦਮੀ ਗਰਿਫ਼ਤਾਰ ਕਰਕੇ ਉਹਨਾਂ 'ਤੇ ਮੁਕੱਦਮਾ ਚਲਾਇਆ ਗਿਆ। ਦੋ ਮੁਲਜ਼ਮਾਂ ਨੇ ਬੇਅੰਤ ਸਿੰਘ ਨੂੰ ਮਾਰਨ ਲਈ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਇਕਬਾਲ ਕਰ ਲਿਆ ਪਰ ਅਪਰਾਧ ਦੇ ਅੱਠ ਸਾਲ ਮਗਰੋਂ ਵੀ ਮੁਕੱਦਮੇ ਦਾ ਫ਼ੈਸਲਾ ਨਹੀਂ ਹੋਇਆ। ਉਸ ਮਗਰੋਂ ਕਾਂਗਰਸ ਦਾ ਹਰਚਰਨ ਸਿੰਘ ਬਰਾੜ ਮੁੱਖ-ਮੰਤਰੀ ਬਣ ਗਿਆ।

ਮਨੁੱਖੀ ਹੱਕਾਂ ਦੀ ਉਲੰਘਣਾ ਦਾ ਇਕ ਗੰਭੀਰ ਮਾਮਲਾ ਜੋ ਸਾਮ੍ਹਣੇ ਆਇਆ ਉਹ ਜਸਵੰਤ ਸਿੰਘ ਖਾਲੜਾ ਦਾ ਸੀ ਜੋ ਪੁਲੀਸ ਜ਼ਿਆਦਤੀਆਂ ਦਾ ਸ਼ਿਕਾਰ ਹੋਏ 2000 ਲੋਕਾਂ ਦੀਆਂ ਲੋਥਾਂ ਨੂੰ ਚੋਰੀ-ਚੋਰੀ ਖ਼ਤਮ ਕਰਨ ਬਾਰੇ ਦਸਤਾਵੇਜ਼ੀ ਸਬੂਤ ਇਕੱਠੇ ਕਰ ਰਿਹਾ ਸੀ। 6 ਸਤੰਬਰ 1995 ਨੂੰ ਉਸ ਨੂੰ ਅੰਮ੍ਰਿਤਸਰੋਂ ਉਹਦੇ ਘਰੋਂ ਚੁੱਕ ਲਿਆ ਗਿਆ। ਕੁਝ ਦਿਨ ਮਗਰੋਂ ਉਹਦੀ ਲਾਸ਼ ਮਿਲੀ। ਭਾਵੇਂ ਉਹਦੀ ਵਿਧਵਾ ਨੂੰ 10 ਲੱਖ ਮੁਆਵਜ਼ਾ ਦਿੱਤਾ ਗਿਆ ਪਰ ਅਪਰਾਧੀ ਨੂੰ ਕਦੇ ਗਰਿਫ਼ਤਾਰ ਕਰਕੇ ਸਜ਼ਾ ਨਾ ਦਿੱਤੀ ਗਈ।[9]

o—o—o

ਸ੍ਰੀਮਤੀ ਗਾਂਧੀ ਦੇ ਕਤਲ ਪਿੱਛੋਂ ਹੋਏ ਸਿੱਖ-ਕਤਲਾਮ ਦੇ ਅਪਰਾਧੀਆਂ ਨੂੰ ਗਰਿਫ਼ਤਾਰ ਕਰਨ ਦੀ ਪ੍ਰਤੱਖ ਝਿਜਕ ਪਿੱਛੋਂ ਆਖਰ ਦਿੱਲੀ ਦੇ ਸੈਸ਼ਨ ਜੱਜ ਨੇ ਭੂਤਪੂਰਵ ਮੰਤਰੀ ਹਰਕਿਸ਼ਨ ਲਾਲ ਭਗਤ ਸਮੇਤ ਕੁਝ ਮੁੱਖ ਮੁਲਜ਼ਮਾਂ ਦੇ ਗਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ। ਪਰ ਇਹਦਾ ਕੋਈ ਅਸਰ ਨਾ ਹੋਇਆ। ਗ਼ੈਰ ਸਰਕਾਰੀ ਪੜਤਾਲੀਆ ਕਮੇਟੀ ਵੱਲੋਂ ਜਿਹਨਾਂ ਦੋਸ਼ੀਆਂ ਦੇ ਨਾਂ ਲਏ ਗਏ ਸਨ, ਉਹਨਾਂ ਦੀ ਵੀ ਤੇ ਭਗਤ ਦੀ ਵੀ ਛੇਤੀ ਹੀ ਜ਼ਮਾਨਤ ਹੋ ਗਈ। ਕਾਂਗਰਸ ਦਾ ਨਾਮ ਪਹਿਲਾਂ ਵਾਂਗ ਹੀ ਕਲੰਕਤ ਰਿਹਾ। ਇਸ ਦੀ ਕੁਝ ਕੀਮਤ ਹਰਚਰਨ ਸਿੰਘ ਬਰਾੜ ਨੂੰ ਦੇਣੀ ਪਈ। ਪੰਜਾਬ ਕਾਂਗਰਸ ਵਿੱਚ ਧੜੇਬੰਦੀ ਜੋ ਇਤਨੀ ਹੀ ਗੰਭੀਰ ਸੀ ਜਿਤਨੀ ਅਕਾਲੀਆਂ ਵਿੱਚ, ਹੋਰ ਗੰਭੀਰ ਹੋ ਗਈ। ਬਰਾੜ ਨੇ ਆਪਣੇ ਮੰਤਰੀ-ਮੰਡਲ ਵਿੱਚ ਬੇਅੰਤ ਸਿੰਘ ਦੇ ਸਮਰਥੱਕ ਸ਼ਾਮਿਲ ਨਾ ਕੀਤੇ ਤੇ ਇਸ ਤਰ੍ਹਾਂ ਬਾਹਰ ਰਹਿ ਗਏ ਉਹਦੇ ਵਿਰੋਧੀ ਬਣ ਗਏ। ਕਿਉਂਕਿ ਚੋਣਾਂ ਹੋਣ ਵਾਲੀਆਂ ਹੀ ਸਨ,

8. ਡਬਲਿਊ 3 ਹਿਊਮਨ ਰਾਈਟਸ ਵਰਕਿੰਗ ਓਰਗੇਨਾਈਜ਼ੇਸ਼ਨਜ਼। ਰਿਪੋਰਟਸ 1997। ਡਬਲਯੂ.ਆਰ. 97। ਏ.ਐਸ.ਆਈ.ਏ. -05 ਐਚ.ਟੀ.ਐਮ.।
9. "ਦੀ ਕੇਸ ਔਫ ਮਿਸਿੰਗ ਐਕਟਿਵਿਸਟ" ਇੰਡੀਆ ਟੂਡੇ 15 ਦਸੰਬਰ 1995, ਪੰਨਾ 104 ਵੇਖੋ "ਬਿਟਰ ਹਾਰਵੈਸਟ" ਇੰਡੀਆ ਟੂਡੇ 16 ਜੂਨ, 1997 ਪੰਨਾ 34-35

ਕਾਂਗਰਸ ਪ੍ਰਧਾਨ ਸੀਤਾ ਰਾਮ ਕੇਸਰੀ ਨੇ ਮਹਿਸੂਸ ਕੀਤਾ ਕਿ ਬਰਾੜ ਵਿੱਚ ਸੁਯੋਗ ਨੇਤਾ ਦੇ ਗੁਣਾਂ ਦੀ ਘਾਟ ਹੈ, ਉਸ ਨੇ ਰਾਜਿੰਦਰ ਕੌਰ ਭੱਠਲ ਨੂੰ ਇਸ ਉਮੀਦ ਨਾਲ ਮੁੱਖ ਮੰਤਰੀ ਵਜੋਂ ਚੋਣ ਕੀਤੀ ਕਿ ਉਹ ਚੋਣਾਂ ਲੜਨ ਲਈ ਧੜੇਬੰਦੀ ਖ਼ਤਮ ਕਰ ਸਕੇਗੀ।[10] ਉਹ ਰਾਜ ਦੀ ਮੁੱਖ ਮੰਤਰੀ ਬਣਨ ਵਾਲੀ ਪਹਿਲੀ ਇਸਤਰੀ ਸੀ।

ਅਕਾਲੀ ਜਦੋਂ ਵਿਰੋਧੀ ਧਿਰ ਹੋਣ, ਉਸ ਸਮੇਂ ਹੀ ਉਹ ਵਧੀਆ ਕਾਰਜ ਕਰਦੇ ਹਨ। ਬਾਦਲ ਨੇ ਕਾਂਗਰਸ ਦੇ ਵਿਰੁੱਧ ਚੋਣਾਂ ਲੜਨ ਲਈ ਮਾਨ ਤੋਂ ਬਿਨਾਂ ਸਾਰੇ ਧੜਿਆਂ ਨੂੰ ਨਾਲ ਮਿਲਾ ਲਿਆ। ਉਹਦੀ ਵੱਡੀ ਸਫਲਤਾ ਤਾਂ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਉਹਦੇ ਅਤੇ ਟੌਹੜਾ ਦੇ ਉਮੀਦਵਾਰ ਦੀ ਜਿੱਤ ਸੀ। ਟੌਹੜਾ ਜੋ 22 ਸਾਲਾਂ ਤੋਂ ਪ੍ਰਧਾਨ ਚਲਿਆ ਆ ਰਿਹਾ ਸੀ, ਇਕ ਵਾਰ ਫਿਰ ਪ੍ਰਧਾਨ ਬਣ ਗਿਆ।

o—o—o

1996 ਦੇ ਸਾਲ ਨੇ ਕੇ.ਪੀ.ਐਸ. ਗਿੱਲ ਦਾ ਬਿੰਬ ਕਾਫ਼ੀ ਘਟਾ ਦਿੱਤਾ ਜਿਸ ਨੂੰ ਪਹਿਲਾਂ ਆਤੰਕਵਾਦ ਦੇ ਦੈਂਤ ਨੂੰ ਮਾਰਨ ਵਾਲਾ ਸੰਤ ਜਾਰਜ ਮੰਨਿਆ ਗਿਆ ਸੀ। ਜੁਲਾਈ 1988 ਚੰਡੀਗੜ੍ਹ ਵਿੱਚ ਇਕ ਨਿੱਜੀ ਪਾਰਟੀ ਵਿੱਚ ਇਕ ਆਈ.ਏ.ਐਸ. ਇਸਤਰੀ ਦੇ ਚਿੱਤੜਾਂ 'ਤੇ ਧੱਫਾ ਮਾਰਿਆ ਕਿਉਂਕਿ ਉਸ ਨੇ ਗਿੱਲ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਗਿੱਲ ਵਿਰੁੱਧ ਅਸਮਤ ਨਾਲ ਛੇੜਛਾੜ ਕਰਨ ਤੇ ਹੱਤਕ ਇੱਜ਼ਤ ਦਾ ਫ਼ੌਜਦਾਰੀ ਮੁਕੱਦਮਾ ਦਾਇਰ ਕਰ ਦਿੱਤਾ। 6 ਅਗਸਤ ਨੂੰ ਚੰਡੀਗੜ੍ਹ ਅਦਾਲਤ ਦੇ ਮੈਜਿਸਟਰੇਟ ਨੇ ਉਸ ਨੂੰ ਤਿੰਨ ਮਹੀਨੇ ਦੀ ਸਖ਼ਤ ਕੈਦ ਤੇ ਦੋ ਮਹੀਨਿਆਂ ਦੀ ਸਾਧਾਰਨ ਕੈਦ ਤੇ 700 ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ। ਉਸ ਨੂੰ "ਚੰਗੇ ਚਾਲ ਚਲਣ" ਦੀ ਜ਼ਮਾਨਤ ਦੇਣ 'ਤੇ ਛੱਡ ਦਿੱਤਾ ਗਿਆ। ਇਕ ਪੁਲੀਸ ਅਫ਼ਸਰ ਦੇ ਤੌਰ 'ਤੇ ਆਪਣੀਆਂ ਪ੍ਰਾਪਤੀਆਂ ਦੇ ਬਾਵਜੂਦ ਤੇ ਭਾਰਤੀ ਹਾਕੀ ਸੰਘ ਦਾ ਪ੍ਰਧਾਨ ਚੁਣੇ ਜਾਣ ਪਿੱਛੋਂ ਅਤੇ ਇਕ ਲੇਖਕ ਹੋਣ ਦੇ ਬਾਵਜੂਦ ਵੀ ਇਹ ਬੜੀ ਬਦਕਿਸਮਤੀ ਵਾਲੀ ਗੱਲ ਹੈ ਕਿ ਗਿੱਲ ਇਸ ਘਟਨਾ ਤੋਂ ਕਦੇ ਵੀ ਪੂਰੀ ਤਰ੍ਹਾਂ ਪਿੱਛਾ ਨਾ ਛੁਡਾ ਸਕਿਆ।[11]

o—o—o

ਰਾਜ ਵਿੱਚ ਹੋਣ ਵਾਲੀਆਂ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਸੱਤ ਏਕੜ ਜਾਂ ਘੱਟ ਦੇ ਭੂਮੀ ਮਾਲਕਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਸਮੇਤ 51 ਸੂਤਰੀ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ। ਬਾਦਲ ਦੀ ਅਗਵਾਈ ਵਾਲੀ ਵਿਰੋਧੀ ਅਕਾਲੀ ਪਾਰਟੀ ਨੇ ਸਾਰੇ ਕਿਸਾਨਾਂ ਨੂੰ ਭਾਵੇਂ ਉਹ ਕਿਤਨੀ ਵੀ ਜ਼ਮੀਨ ਦੇ ਮਾਲਕ ਹੋਣ, ਮੁਫ਼ਤ ਬਿਜਲੀ ਦੇਣ ਦਾ ਵਧਕੇ ਐਲਾਨ ਕਰ ਦਿੱਤਾ। ਚੋਣ ਜੂਆ ਭੱਠਲ ਤੇ ਉਹਦੀ ਪਾਰਟੀ ਦੇ ਪੂਰੀ ਤਰ੍ਹਾਂ ਵਿਰੁੱਧ ਸੀ। ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ, ਜੋ ਕਥਿੱਤ ਤੌਰ 'ਤੇ ਨਾਰਾਜ਼ ਸੀ, ਉਸ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ।

---

10. ਦੀ ਇਕਨਾਮਿਕ ਟਾਈਮਜ਼, 29 ਮਈ 2004

11. "ਏ ਟਾਈਗਰ ਸਪਾਟ" ਇੰਡੀਆ ਟੂਡੇ, 31 ਅਗਸਤ 1998, ਪੰਨਾ 53 'ਕਾਸਟਲੀ ਮਿਸਕੰਡਕਟ', ਇੰਡੀਆ ਟੂਡੇ, 31 ਅਗਸਤ 1996, ਪੰਨਾ 118-119

ਇਸ ਤਰ੍ਹਾਂ ਹੀ ਯੂਥ ਕਾਂਗਰਸ ਦੇ ਮਨਿੰਦਰ ਸਿੰਘ ਬਿੱਟਾ ਨੇ ਵੀ ਇਨਕਾਰ ਕਰਕੇ ਬਾਦਲ ਨੂੰ ਪੂਰਵ-ਅਨੁਮਾਨਿਤ ਤੇ ਸੰਭਾਵੀ ਜਿੱਤ ਤੇ ਬਾਘੀਆਂ ਪਾਉਣ ਦਾ ਮੌਕਾ ਦੇ ਦਿੱਤਾ।

ਮੁੱਖ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ ਨੇ ਉਮੀਦ ਤੋਂ ਇਕ ਮਹੀਨਾ ਪਹਿਲਾਂ ਹੀ 7 ਮਾਰਚ ਨੂੰ ਚੋਣਾਂ ਦਾ ਐਲਾਨ ਕਰਕੇ ਕਾਂਗਰਸ ਦੀਆਂ ਚੋਣ ਸੰਭਾਵਨਾਵਾਂ ਨੂੰ ਉਲਟ ਪੁਲਟ ਕਰ ਦਿੱਤਾ। ਪਾਰਟੀਆਂ ਦੇ ਪੁਨਰ ਗਠਜੋੜ ਤੇ ਸੰਭਾਵੀ ਜੇਤੂ ਉਮੀਦਵਾਰਾਂ ਦੀ ਭਾਲ ਦੇ ਯਤਨ ਤੇਜ਼ ਹੋ ਗਏ। ਕਾਂਗਰਸ ਸਾਥੀ ਤੇ ਸਹਿਯੋਗੀ ਦਲਾਂ ਨੂੰ ਨਾਲ ਲੈਣ ਵਿੱਚ ਅਸਫਲ ਰਹੀ; ਏਥੋਂ ਤੱਕ ਦੋਵੇਂ ਕਮਿਊਨਿਸਟ ਪਾਰਟੀਆਂ ਵੀ ਕਾਂਗਰਸ ਦੀ ਅਗਵਾਈ ਵਾਲੇ ਧਰਮ ਨਿਰਪੱਖ ਮੁਹਾਜ਼ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਗਈਆਂ। ਅਨੁਸੂਚਿਤ ਜ਼ਾਤੀ ਦੀ 28% ਵੋਟ ਸੀ, ਤੇ ਉਹ ਚੋਣ ਲੜ ਰਹੀਆਂ ਦੋ ਮੁੱਖ ਵਿਰੋਧੀ ਪਾਰਟੀਆਂ ਦੀ ਕਿਸਮਤ ਨੂੰ ਪ੍ਰਭਾਵਿਤ ਕਰ ਸਕਦੀ ਸੀ ਪ੍ਰੰਤੂ ਉਹਨਾਂ ਨੇ ਕਿਸੇ ਵੀ ਧਿਰ ਦਾ ਸਾਥ ਨਾ ਦਿੱਤਾ ਕਿਉਂਕਿ ਉਹਨਾਂ ਦੇ ਨੇਤਾ ਕਾਂਸ਼ੀ ਰਾਮ ਨੇ ਇਕੱਲਿਆਂ ਹੀ ਚੋਣਾਂ ਲੜਨ ਦਾ ਫ਼ੈਸਲਾ ਕਰ ਲਿਆ।

ਜਦੋਂ ਉਮੀਦਵਾਰਾਂ ਦੀ ਚੋਣ ਦਾ ਸਵਾਲ ਸਾਮ੍ਹਣੇ ਆਇਆ ਤਾਂ ਅਕਾਲੀਆਂ ਅਤੇ ਕਾਂਗਰਸ ਵਿੱਚ ਕੋਈ ਫ਼ਰਕ ਨਹੀਂ ਸੀ। ਦੋਹਾਂ ਨੇ ਹੀ ਆਪਣੇ ਰਿਸ਼ਤੇਦਾਰਾਂ ਤੇ ਜਿਗਰੀ ਦੋਸਤੀ ਨੂੰ ਪਹਿਲ ਦਿੱਤੀ ਤੇ ਜਿਵੇਂ ਪੰਜਾਬੀ ਕਹਿੰਦੇ ਹਨ ਪਹਿਲਾਂ ਵਾਰੀ ਭਾਈ ਦੀ, ਫਿਰ ਜਵਾਈ ਦੀ ਤੇ ਫਿਰ ਲੋਕਾਈ ਦੀ ਭਾਵ ਦੂਸਰਿਆਂ ਦੀ। ਇਹ ਦੋਸ਼ ਲਾਇਆ ਗਿਆ ਕਿ ਬਾਦਲ ਨੇ ਵੀ ਆਪਣੇ ਰਿਸ਼ਤੇਦਾਰਾਂ ਨੂੰ ਪਹਿਲ ਦਿੱਤੀ ਸੀ ਜਿਵੇਂ ਬਲਰਾਮ ਜਾਖੜ ਨੇ ਆਪਣੇ ਰਿਸ਼ਤੇਦਾਰਾਂ ਨੂੰ ਤਰਜ਼ੀਹ ਦਿੱਤੀ। ਉਸ ਨੇ ਅਮਰਿੰਦਰ ਸਿੰਘ ਪਟਿਆਲਾ ਨੂੰ ਵੀ ਲਾਂਭੇ ਰੱਖਿਆ ਕਿਉਂਕਿ ਉਸ ਦਾ ਖ਼ਿਆਲ ਸੀ ਕਿ ਉਹ ਉਸ ਦੀ ਅਗਵਾਨੀ ਨੂੰ ਇਕ ਮਜ਼ਬੂਤ ਦਾਅਵੇਦਾਰ ਬਣ ਕੇ ਵੰਗਾਰ ਦੇ ਸਕਦਾ ਸੀ।[12]

ਪੰਜਾਬੀਆਂ ਨੇ ਮਹਿਸੂਸ ਕੀਤਾ ਕਿ ਕਾਂਗਰਸ ਪਾਰਟੀ ਦੀ ਗ਼ੈਰ-ਸੰਪਰਦਾਇਕ ਧਰਮ ਨਿਰਪੇਖਤਾ ਨਾਲੋਂ ਅਕਾਲੀ ਭਾਜਪਾ ਗੱਠਜੋੜ ਹਿੰਦੂਆਂ ਸਿੱਖਾਂ ਵਿੱਚ ਧਾਰਮਕ ਤਾਲਮੇਲ ਨੂੰ ਵਧੇਰੇ ਯਕੀਨੀ ਬਣਾ ਸਕਦਾ ਸੀ। ਚੋਣਾਂ ਵਿੱਚ 69% ਵੋਟਾਂ ਭੁਗਤੀਆਂ। ਅਕਾਲੀ ਭਾਜਪਾ ਗੱਠਜੋੜ ਨੇ 117 ਵਿੱਚੋਂ 93 ਸੀਟਾਂ ਤੇ ਹੂੰਝਾ ਫੇਰੂ ਜਿੱਤ ਪ੍ਰਾਪਤ ਕਰ ਲਈ ਤੇ ਕਾਂਗਰਸ ਸਿਰਫ਼ 14 ਸੀਟਾਂ ਜਿੱਤ ਕੇ ਦੂਸਰੇ ਨੰਬਰ 'ਤੇ ਰਹੀ ਜਦੋਂ ਬੀ.ਐਸ.ਪੀ. ਨੂੰ ਇਕ, ਅਕਾਲੀ ਦਲ ਮਾਨ ਨੂੰ 1, ਸੀ.ਪੀ.ਆਈ. ਨੂੰ 2 ਤੇ 6 ਆਜ਼ਾਦ ਜਿੱਤੇ। ਬਾਦਲ ਮੁੱਖ ਮੰਤਰੀ ਚੁਣਿਆ ਗਿਆ।

ਰਾਜ ਦਾ ਸ਼ਾਸਨ ਚਲਾਉਣ ਦੇ ਨਾਲ-ਨਾਲ ਬਾਦਲ ਨੂੰ ਬਚੇ ਖੁਚੇ ਆਤੰਕਵਾਦੀ ਦਲਾਂ ਤੇ ਮਨੁੱਖੀ ਅਧਿਕਾਰ ਕਾਰਜ ਕਰਤਾਵਾਂ ਦਾ ਸਾਮ੍ਹਣਾ ਵੀ ਕਰਨਾ ਪਿਆ ਜੋ ਪੁਲੀਸ ਜ਼ਿਆਦਤੀਆਂ ਦੇ ਠੋਸ ਸਬੂਤ ਪੇਸ਼ ਕਰ ਰਹੇ ਸਨ ਤੇ ਉਹਨਾਂ ਵਿਰੁੱਧ ਲੜਨ ਵਿੱਚ ਰੁੱਝੇ ਹੋਏ ਸਨ। ਪਾਕਿਸਤਾਨ ਸਥਿਤ ਵਧਾਵਾ ਸਿੰਘ ਬੱਬਰ ਖ਼ਾਲਸਾ ਦੇ 53 ਖਾੜਕੂਆਂ ਦਾ ਨੇਤਾ ਸੀ। ਪਰਮਜੀਤ ਸਿੰਘ ਪੰਜਵੜੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ 48 ਖਾੜਕੂਆਂ ਦਾ ਨੇਤਾ ਸੀ। ਖ਼ਾਲਿਸਤਾਨ ਲਿਬਰੇਸ਼ਨ ਫਰੰਟ ਦੇ 38 ਖਾੜਕੂਆਂ ਦੀ ਅਗਵਾਈ ਡੀ.ਐਸ.

---

12. "ਆਲ ਇਨ ਦੀ ਫੈਮਿਲੀ" ਇੰਡੀਆ ਟੂਡੇ, 15 ਫਰਵਰੀ, 1997, ਪੰਨਾ 76-7

ਲੁਹਾਰਾ ਕਰ ਰਿਹਾ ਸੀ ਜਿਸ ਨੂੰ ਅਮਰੀਕਾ ਵਿੱਚੋਂ ਕੱਢ ਕੇ ਦੇਸ਼ ਵਾਪਸ ਭੇਜ ਦਿੱਤਾ ਗਿਆ ਸੀ ਤੇ ਉਹ ਹੁਣ ਜੇਲ੍ਹ ਵਿੱਚ ਸੀ। ਵੱਸਣ ਸਿੰਘ ਦੀ ਅਗਵਾਈ ਵਿੱਚ ਖ਼ਾਲਸਾ ਕਮਾਂਡੋ ਫੋਰਸ ਦੇ 8 ਖਾੜਕੂ ਸਵਿੱਟਜ਼ਰਲੈਂਡ ਵਿੱਚ ਸਨ ਤੇ ਪੀ.ਐਸ. ਸੇਖੋਂ ਦੀ ਅਗਵਾਈ ਵਿੱਚ "ਖ਼ਾਲਸਾ ਲਿਬਰੇਸ਼ਨ ਫ਼ਰੰਟ" ਦੇ 12 ਖਾੜਕੂ ਪਾਕਿਸਤਾਨ ਨੂੰ ਅੱਡਾ ਬਣਾਈ ਬੈਠੇ ਸਨ। ਇਹ ਗੁੱਟ ਅਜੇ ਵੀ ਭਾਰੀ ਨੁਕਸਾਨ ਕਰਨ ਦੇ ਸਮਰੱਥ ਸਨ, ਇਸ ਦਾ ਸਬੂਤ 8 ਜੁਲਾਈ ਨੂੰ ਬਠਿੰਡਾ ਨੇੜੇ ਗੱਡੀ 'ਚ ਧਮਾਕਾ ਕਰਕੇ ਦੇ ਦਿੱਤਾ ਗਿਆ ਜਿਸ ਵਿੱਚ 38 ਆਦਮੀ ਮਾਰੇ ਗਏ ਸਨ ਤੇ 61 ਜ਼ਖ਼ਮੀ ਹੋ ਗਏ ਸਨ।

ਇਸ ਸਮੇਂ ਹੀ "ਮਨੁੱਖੀ ਅਧਿਕਾਰ ਕਾਰਜਕਰਤਾਵਾਂ" ਨੇ ਇਕ ਰਿਪੋਰਟ ਛਾਪੀ ਜਿਸ ਦਾ ਸਿਰਲੇਖ ਸੀ "ਸਾੜ ਕੇ ਸੁਆਹ" ਕਰ ਦਿੱਤੇ ਗਏ। ਇਸ ਵਿੱਚ ਪੁਲੀਸ 'ਤੇ ਇਹ ਦੋਸ਼ ਲਾਇਆ ਗਿਆ ਸੀ ਕਿ ਇਸ ਨੇ ਅੰਮ੍ਰਿਤਸਰ, ਤਰਨਤਾਰਨ ਤੇ ਹੋਰਨਾਂ ਥਾਵਾਂ 'ਤੇ ਅਕਾਰਨ ਹੀ 2000 ਸ਼ੱਕੀ ਖਾੜਕੂਆਂ ਤੇ ਉਹਨਾਂ ਦੇ ਹਮਦਰਦਾਂ ਨੂੰ ਮਾਰ ਕੇ ਸਾੜ ਦਿੱਤਾ ਸੀ। ਉਹਨਾਂ ਵਿੱਚੋਂ ਵਧੇਰੇ ਸਰਗਰਮ ਜਸਵੰਤ ਸਿੰਘ ਖਾਲੜਾ ਸੀ। ਜਿਸ ਨੂੰ ਅੰਮ੍ਰਿਤਸਰ ਤੋਂ ਉਹਦੇ ਘਰੋਂ ਹੀ ਚੁੱਕ ਕੇ ਕਤਲ ਕਰ ਦਿੱਤਾ ਗਿਆ। ਇਸ ਸਬੰਧ ਵਿੱਚ ਕੁਝ ਬਹਾਦਰੀ ਲਈ ਸਨਮਾਨਿਤ ਵਿਅਕਤੀਆਂ ਸਮੇਤ 9 ਪੁਲਸੀਏ ਗਰਿਫ਼ਤਾਰ ਕੀਤੇ ਗਏ। ਉਹਨਾਂ ਵਿੱਚ ਅੰਮ੍ਰਿਤਸਰ ਵਿੱਚ ਦੋ ਵਾਰ ਰਿਹਾ ਐਸ.ਐਸ.ਪੀ. ਅਜੀਤ ਸਿੰਘ ਸੰਧੂ ਵੀ ਸੀ ਜਿਸ ਨੇ ਮਗਰੋਂ "ਹਿਮਾਲਾ ਕੁਈਨ" ਗੱਡੀ ਅੱਗੇ ਛਾਲ ਮਾਰ ਕੇ ਆਤਮਘਾਤ ਕਰ ਲਿਆ ਸੀ।[13]

ਬਾਦਲ ਨੇ ਕੈਲੇਫੋਰਨੀਆ ਦੇ "ਆੜੂ ਦੇ ਬਾਗ਼ਾਂ ਵਾਲੇ ਧਨਾਢ ਕਿਸਾਨ" ਦੀਦਾਰ ਸਿੰਘ ਬੈਂਸ ਨੂੰ ਆਪਣੇ ਨਾਲ ਮਿਲਾ ਕੇ ਕਾਫ਼ੀ ਲਾਭ ਪ੍ਰਾਪਤ ਕੀਤਾ ਕਿਉਂਕਿ ਉਸ ਨੇ ਹੀ "ਨੀਲਾ ਤਾਰਾ ਸਾਕਾ" ਪਿੱਛੋਂ "ਵਿਸ਼ਵ ਸਿੱਖ ਸੰਸਥਾ" ਦੀ ਨੀਂਹ ਰੱਖੀ ਸੀ। ਬਾਦਲ ਨੇ ਉਸ ਨੂੰ ਪੰਜਾਬ ਵਿੱਚ ਬੁਲਾਇਆ ਤੇ ਪੰਜਾਬ ਦੇ ਅਸਲੀ ਹਾਲਾਤ ਤੋਂ ਜਾਣੂੰ ਕਰਵਾਇਆ।[14] ਇਸ ਸਮੇਂ ਪੱਛਮ ਵਿੱਚ ਗੁਰਮੀਤ ਸਿੰਘ ਔਲਖ ਹੀ ਇਕ ਐਸਾ ਵਿਅਕਤੀ ਹੈ ਜੋ ਸੰਯੁਕਤ ਰਾਜ ਵਿੱਚ ਰਹਿ ਕੇ ਖ਼ਾਲਿਸਤਾਨ ਦੇ ਮਸਲੇ ਨੂੰ ਉਠਾ ਰਿਹਾ ਹੈ।[15]

ਪੰਜਾਬ ਵਿੱਚ ਹਾਲਾਤ ਆਮ ਵਰਗੇ ਹੋਣ ਦੀ ਨਿਸ਼ਾਨੀ ਤੇ ਸਬੂਤ ਵਜੋਂ ਸਵਰਨ ਮੰਦਰ ਵਿੱਚ ਮਲਿਕਾ ਐਲਿਜ਼ਾਬੇਥ ਤੇ ਉਹਦੇ ਪਤੀ ਡਿਊਕ ਔਫ ਈਡਨਬਰਗ ਦੀ ਯਾਤਰਾ ਸੀ। ਦੰਪਤੀ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਕਿਸੇ ਸਮੇਂ ਸਿੱਖ ਵੀ ਦੂਸਰੇ ਭਾਰਤੀਆਂ ਵਾਂਗ ਬਰਤਾਨਵੀ ਪਰਜਾ ਸਨ, ਹੁਣ ਸਿੱਖ ਭਾਈਚਾਰੇ ਦੇ ਲਗਭਗ 4 ਲੱਖ ਲੋਕ ਬਰਤਾਨਵੀ ਨਾਗਰਿਕ ਹਨ ਤੇ ਬਰਤਾਨਵੀ ਪਾਰਲੀਮੈਂਟ ਵਿੱਚ ਉਹਨਾਂ ਦੇ ਮੈਂਬਰ ਵੀ ਨੁਮਾਇੰਦਗੀ ਕਰਦੇ ਹਨ।

---

13. "ਇਕ ਗੁੰਮ ਹੋਏ ਸਰਗਰਮ ਕਾਰਜਕਰਤਾ ਦਾ ਮੁਕੱਦਮਾ" ਇੰਡੀਆ ਟੂਡੇ, 15 ਦਸੰਬਰ 1995, ਪੰਨਾ 105 ਵੇਖੋ "ਕੌੜੀ ਫ਼ਸਲ" ਇੰਡੀਆ ਟੂਡੇ 16 ਜੂਨ 1997, ਪੰਨਾ 34–35
14. "ਪੰਜਾਬ ਦਾ ਸ਼ਾਹ ਖਰਚ ਪੁੱਤਰ" ਇੰਡੀਆ ਟੂਡੇ, 22 ਦਸੰਬਰ, 1997, ਪੰਨਾ 6
15. "ਸੰਯੁਕਤ ਰਾਜ ਦਾ ਸਿੱਖ ਨੇਤਾ ਅਕਾਲ ਤਖ਼ਤ ਦੇ ਹੁਕਮਨਾਮੇ ਦਾ ਸਮਰਥਨ ਕਰਦਾ ਹੈ।" ਇੰਡੀਅਨ ਐਕਸਪ੍ਰੈਸ 24 ਜਨਵਰੀ 1999

ਦਲਬਦਲੀ ਤੇ ਆਪਣੇ ਸਹਿਯੋਗੀਆਂ ਨੂੰ ਅੱਧ ਵਿਚਾਲੇ ਧੱਕਾ ਦੇਣ ਦੀ ਭਾਰਤੀ ਸਿਆਸਤਦਾਨਾਂ ਦੀ ਆਮ ਪਰਵਿਰਤੀ ਹੈ। ਤੇ ਪੰਜਾਬ ਦੇ ਸਿਆਸਤਦਾਨਾਂ ਵਿੱਚ ਕੋਈ ਵੱਖਰੀ ਪਰਵਿਰਤੀ ਨਹੀਂ ਹੈ। ਮਿਸਾਲ ਵਜੋਂ ਬੂਟਾ ਸਿੰਘ ਨੇ ਭਾਜਪਾ ਦੇ ਗਲਬੇ ਵਾਲੀ ਕੇਂਦਰੀ ਸਰਕਾਰ ਵਿੱਚ ਸ਼ਾਮਿਲ ਹੋ ਕੇ ਮੰਤਰੀ ਦੀ ਪਦਵੀ ਸਾਂਭ ਲਈ। ਬਾਦਲ ਵੱਲੋਂ ਅਣਗੌਲਿਆਂ ਕਰਨ ਤੇ ਅਮਰਿੰਦਰ ਸਿੰਘ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਿਆ। ਉਹ ਚੋਰ-ਮੋਰੀ ਰਾਹੀਂ ਕਾਂਗਰਸ ਵਿੱਚ ਦਾਖ਼ਲ ਹੋਇਆ।[16]

ਇਕ ਗ਼ੈਰ ਸਰਕਾਰੀ ਸੰਸਥਾ ਇਨਟਾਚ ਦੀ (ਭਾਰਤੀ ਰਾਸ਼ਟਰੀ ਟਰੱਸਟ ਕਲਾ ਤੇ ਸਭਿਆਚਾਰਕ ਵਿਰਸੇ ਵਾਸਤੇ) ਬਰਤਾਨਵੀ ਨੈਸ਼ਨਲ ਟਰੱਸਟ ਦੇ ਨਮੂਨੇ ਤੇ ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਲਾ, ਸੱਭਿਆਚਾਰ ਤੇ ਵਾਤਾਵਰਨ ਦੀ ਸਾਂਭ ਸੰਭਾਲ ਲਈ ਸਥਾਪਨਾ ਕੀਤੀ ਸੀ ਤੇ ਇਸ ਦੀ ਵਾਰੀ-ਵਾਰੀ ਪ੍ਰਧਾਨਗੀ ਰਾਜੀਵ ਗਾਂਧੀ, ਪਿਊਪਲ ਜਯਕਾਰ ਤੇ ਭਾਸਕਰ ਘੋਸ਼ (ਰਿਟਾਇਰਡ ਡੀ.ਜੀ. ਆਕਾਸ਼ਵਾਣੀ ਤੇ ਦੂਰਦਰਸ਼ਨ) ਤੇ ਸਕੱਤਰ ਸੂਚਨਾ ਤੇ ਪਰਸਾਰਣ ਵਿਭਾਗ ਕਰਦੇ ਰਹੇ ਸਨ। ਇਸ ਦਾ 5 ਪੰਜ ਕਰੋੜ ਦਾ ਛੋਟਾ ਜਿਹਾ ਬਜਟ ਸੀ ਤੇ ਇਹ ਕਦੇ-ਕਦੇ ਪੁਰਾਤਨ ਇਮਰਤਾਂ ਤੇ ਸਮਾਰਕ ਚਿੰਨ੍ਹਾਂ ਬਾਰੇ ਨਾਜ਼ਾਇਜ਼ ਕਬਜ਼ਿਆਂ ਵਿਰੁੱਧ ਸ਼ਿਕਾਇਤਾਂ ਤੇ ਇਤਰਾਜ਼ ਸੁਣਦੀ ਸੀ। ਸਾਲ ਮਗਰੋਂ ਪਦ ਅਧਿਕਾਰੀਆਂ ਦੀ ਚੋਣ ਕਰਨ ਲਈ ਆਮ ਇਜਲਾਸ ਬੁਲਾਇਆ ਜਾਂਦਾ ਸੀ। ਪ੍ਰੰਤੂ ਇਸ ਦੀ ਅਕਤੂਬਰ 'ਚ ਹੋਈ ਮੀਟਿੰਗ ਵਿੱਚ ਜਦੋਂ ਘੋਸ਼ ਨੂੰ ਦੁਬਾਰਾ ਆਪਣੇ ਪ੍ਰਧਾਨ ਚੁਣੇ ਜਾਣ ਦੀ ਉਮੀਦ ਸੀ, ਉਹਦੇ ਲਈ ਇਕ ਹੈਰਾਨੀ ਵਾਲੀ ਘਟਨਾ ਵਾਪਰੀ। ਕਿਹਾ ਗਿਆ ਸੀ ਕਿ ਅਮਰਿੰਦਰ ਸਿੰਘ ਪੰਜਾਬ ਵਿੱਚੋਂ 100 ਨਵੇਂ ਭਰਤੀ ਹੋਏ ਮੈਂਬਰ ਲੈ ਕੇ ਪਹੁੰਚਿਆ ਤੇ ਪ੍ਰਧਾਨ ਵਜੋਂ ਉਸ ਨੇ ਆਪਣੀ ਚੋਣ ਕਰਵਾ ਲਈ। ਘੋਸ਼ ਨੇ ਸਹਿਜ ਤੇ ਖ਼ੂਬਸੂਰਤੀ ਨਾਲ ਪ੍ਰਸਥਾਨ ਕਰ ਲਿਆ ਪਰ ਨਾਲ ਹੀ ਇਕ ਤਾਹਨੇ ਭਰੀ ਟਿੱਪਣੀ ਵੀ ਕੀਤੀ : "ਜੇ ਪੰਜਾਬ ਵਿੱਚ ਸਭਿਆਚਾਰ ਤੇ ਵਿਰਸੇ ਨਾਲ ਇਤਨੀ ਦਿਲਚਸਪੀ ਤੇ ਮੋਹ ਹੈ ਤਾਂ ਮੁਲਕ ਦੇ ਲਈ ਸ਼ੁਭ ਸਗਣ ਹੈ।"[17]

ਤਰਾਈ ਵਿੱਚ ਵਸੇ ਹੋਏ ਪੰਜਾਬੀਆਂ ਨੇ ਮਾੜਾ ਮੋਟਾ ਖਰਦੂ ਤੇ ਹੱਲਾ ਗੁੱਲਾ ਮਚਾ ਦਿੱਤਾ। ਇਹ ਪਹਿਲਾਂ ਜੰਗਲ ਸੀ ਜੋ ਜੰਗਲੀ ਜਾਨਵਰਾਂ ਤੇ ਮਲੇਰੀਆਂ ਦੇ ਭਰੇ ਹੋਏ ਦਲਦਲੀ ਟੋਭਿਆਂ ਨਾਲ ਭਰਪੂਰ ਸੀ। ਉਸ ਸਮੇਂ ਦੇ ਮੁੱਖ ਮੰਤਰੀ ਗੋਬਿੰਦ ਵਲਭ ਪੰਤ ਨੇ ਪਾਕਿਸਤਾਨ 'ਚੋਂ ਆਏ ਪੰਜਾਬੀ ਤੇ ਬੰਗਾਲੀ ਸ਼ਰਨਾਰਥੀਆਂ ਨੂੰ ਉਹ ਜ਼ਮੀਨ ਆਬਾਦ ਕਰਨ ਤੇ ਆ ਕੇ ਵੱਸ ਜਾਣ ਦਾ ਸੱਦਾ ਦਿੱਤਾ ਸੀ। ਪੰਜਾਬ ਦੇ ਉਤਸ਼ਾਹੀ ਤੇ ਮਿਹਨਤੀ ਕਿਸਾਨਾਂ ਨੇ ਛੇਤੀ ਹੀ ਸਾਰੇ ਹੀ ਇਲਾਕੇ ਨੂੰ ਭਰਪੂਰ ਫ਼ਸਲਾਂ ਦੇ ਖੇਤਰ ਵਿੱਚ ਤਬਦੀਲ ਕਰ ਦਿੱਤਾ ਤੇ ਉੱਥੇ ਖੰਡ ਮਿੱਲਾਂ ਤੇ ਸਹਾਇਕ ਕਾਰਖ਼ਾਨੇ ਲੱਗ ਗਏ। ਉੱਥੋਂ ਦੇ ਵੱਡੇ ਨਗਰ ਦਾ ਨਾਮ 1919 ਨੂੰ ਹੋਏ ਜਲ੍ਹਿਆਂਵਾਲਾ ਬਾਗ਼ ਦੇ ਕਤਲਾਮ ਦੇ ਜ਼ਿੰਮੇਂਵਾਰ ਤੋਂ ਬਦਲਾ ਲੈਣ ਲਈ ਘਾਤ ਕਰਨ ਵਾਲੇ ਊਧਮ ਸਿੰਘ ਦੇ ਨਾਮ ਤੇ "ਊਧਮ ਸਿੰਘ ਨਗਰ" ਰੱਖਿਆ

16. "ਸਭਿਆਚਾਰਕ ਪਲਟਾ", ਇੰਡੀਆ ਟੂਡੇ, 26 ਅਕਤੂਬਰ 1998, ਪੰਨਾ 76-77
17. ਉਹੀ।

ਗਿਆ। ਜਦੋਂ 1998 ਵਿੱਚ ਉਤਰਾਂਚਲ ਬਣਾਇਆ ਗਿਆ ਤਾਂ "ਊਧਮ ਸਿੰਘ ਨਗਰ" ਵੀ ਨਵੇਂ ਪ੍ਰਾਂਤ ਦਾ ਹਿੱਸਾ ਬਣ ਗਿਆ। ਉਹਨਾਂ ਪੰਜਾਬੀ ਪ੍ਰੇਮੀਆਂ ਨੇ ਇਸ ਦਾ ਜ਼ਬਰਦਸਤ ਵਿਰੋਧ ਕੀਤਾ ਜਿਹਨਾਂ ਨੇ ਆਦਿਵਾਸੀਆਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਅਧਿਕਾਰ ਕਰਕੇ ਕਾਨੂੰਨ ਅਨੁਸਾਰ ਮਿੱਥੀ ਹੋਈ 18 ਏਕੜ ਤੋਂ ਵੱਧ ਭੂਮੀ ਬਣਾ ਲਈ ਹੋਈ ਸੀ। ਕੇਂਦਰੀ ਸਰਕਾਰ ਨੇ ਇਸ ਅੰਦੋਲਨ ਦੀ ਕੋਈ ਪਰਵਾਹ ਨਾ ਕੀਤੀ। ਊਧਮ ਸਿੰਘ ਨਗਰ ਉੱਤਰਾਂਚਲ ਦਾ ਹਿੱਸਾ ਬਣਿਆ ਰਿਹਾ। ਸੁਰਜੀਤ ਸਿੰਘ ਬਰਨਾਲਾ ਨੂੰ ਰਿਆਸਤ ਦਾ ਪਹਿਲਾ ਰਾਜਪਾਲ ਨਿਯੁਕਤ ਕਰ ਦਿੱਤਾ ਗਿਆ।

1999 ਦਾ ਸਾਲ ਗੁਰੂ ਗੋਬਿੰਦ ਸਿੰਘ ਵੱਲੋਂ 13 ਅਪ੍ਰੈਲ 1699 ਨੂੰ ਸਾਜੇ ਹੋਏ ਖ਼ਾਲਸਾ ਪੰਥ ਦੀ ਤੀਸਰੀ ਸ਼ਤਾਬਦੀ ਦਾ ਵਰ੍ਹਾ ਸੀ। ਇਸ ਨੂੰ ਵੱਡੀ ਪੱਧਰ 'ਤੇ ਮਨਾਉਣ ਦਾ ਯੋਗ ਤੇ ਉੱਚਿਤ ਕਾਰਨ ਵੀ ਸੀ ਤਾਂ ਜੋ ਸਿੱਖ ਵੰਸਾਂ ਨੂੰ ਆਪਣੀ ਵਿਰਾਸਤ ਤੋਂ ਜਾਣੂੰ ਕਰਵਾਇਆ ਜਾ ਸਕੇ।

ਬਾਦਲ ਨੇ ਪਹਿਲਾਂ ਇਸਰਾਈਲ ਦੀ ਯਾਤਰਾ ਕੀਤੀ ਸੀ ਤੇ ਉਹ ਯਹੂਦੀਆਂ ਉਪਰ ਨਾਜ਼ੀਆਂ ਵੱਲੋਂ ਮਜ਼ਲੂਮ ਲੋਕਾਂ ਦੇ ਕਤਲੇਆਮ ਦੀ ਯਾਦ ਵਿੱਚ ਬਣਾਏ ਗਏ "ਯਾਦ ਵਾਸ਼ਮ" ਨੂੰ ਵੇਖਕੇ ਬਹੁਤ ਪ੍ਰਭਾਵਿਤ ਹੋਇਆ ਸੀ। ਬਾਦਲ ਨੇ ਅਨੰਦਪੁਰ ਸਾਹਿਬ ਵਿੱਚ ਉਸ ਸਮੇਂ ਦੇ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਅਗਵਾਈ ਵਿੱਚ "ਖ਼ਾਲਸਾ ਵਿਰਾਸਤ ਯਾਦਗਾਰੀ ਕਮੇਟੀ" ਨਿਯੁਕਤ ਕਰ ਦਿੱਤੀ ਤੇ ਬੋਸਟਨ ਵਿੱਚ ਰਹਿੰਦੇ ਭਵਨ ਨਿਰਮਾਤਾ ਮੋਸ਼ੇ ਸਫ਼ਦੀ ਨੂੰ ਸਿੱਖਾਂ ਲਈ "ਯਾਦ ਵਾਸ਼ਮ" ਦੇ ਨਮੂਨੇ ਤੇ ਸਮਾਰਕ ਦੀ ਰੂਪ-ਰੇਖਾ ਤਿਆਰ ਕਰਨ ਲਈ ਸੱਦਾ ਪੱਤਰ ਭੇਜਿਆ। ਭਾਰਤੀ ਭਵਨ ਨਿਰਮਾਤਾਵਾਂ ਤੇ ਸਿੱਖ ਬੁੱਧੀਜੀਵੀਆਂ ਤੇ ਇਤਿਹਾਸਕਾਰਾਂ (ਜਿਨ੍ਹਾਂ ਵਿੱਚ ਡਾ. ਜਗਤਾਰ ਸਿੰਘ ਗਰੇਵਾਲ, ਖੜਗ ਸਿੰਘ, ਡਾ. ਸ਼ਾਨ, ਬ੍ਰਿਗੇਡੀਅਰ ਜੀ.ਐਸ. ਗਰੇਵਾਲ ਸ਼ਾਮਲ ਸਨ), ਉਹਦੀ ਸਹਾਇਤਾ ਕਰਨ ਲਈ ਲਈ ਲਾ ਦਿੱਤੇ ਗਏ। ਉਹਨਾਂ ਨੂੰ ਇਕ ਅਜਿਹੇ ਮੈਮੋਰੀਅਲ ਮਿਊਜ਼ੀਅਮ (ਯਾਦਗਾਰੀ ਅਜਾਇਬ ਘਰ) ਦਾ ਨਕਸ਼ਾ ਤਿਆਰ ਕਰਨ ਦਾ ਮੋਟਾ-ਮੋਟਾ ਬਿਉਰਾ ਦਿੱਤਾ ਗਿਆ ਜਿਸ ਦਾ ਨਾਮ "ਅਜੂਬਾ" ਰੱਖਿਆ ਜਾਣਾ ਸੀ। ਭਵਨ ਦੇ ਕੇਂਦਰ ਦਾ ਹਿੱਸਾ ਜਿਸ ਨੇ ਮੁੱਖ ਭਵਨ ਨੂੰ ਸਜਾਉਣਾ ਸੀ, ਉਹ ਇਕ ਵੱਡਾ ਨਿਸ਼ਾਨ ਦੋਧਾਰਾ ਖੰਡਾ-ਨਿਸ਼ਾਨ-ਇ-ਖ਼ਾਲਸਾ ਹੋਣਾ ਸੀ।[18] ਇਸ ਯੋਜਨਾ ਤੇ ਅੰਦਾਜ਼ਨ 300 ਤੋਂ 500 ਕਰੋੜ ਖ਼ਰਚ ਹੋਣਾ ਸੀ। ਪੰਜਾਬ ਸਰਕਾਰ ਨੇ 160 ਕਰੋੜ ਰੁਪਏ ਦੇਣ ਦਾ ਇਕਰਾਰ ਕੀਤਾ। ਪ੍ਰਧਾਨ ਮੰਤਰੀ ਨੇ 100 ਕਰੋੜ ਰੁਪਏ ਹੋਰ ਦੇ ਦਿੱਤੇ।[19] ਦੀਦਾਰ ਸਿੰਘ ਬੈਂਸ ਨੇ "ਸਫ਼ਦੀ" ਨੂੰ ਉਹਦੀ ਫ਼ੀਸ ਯੂ. ਐਸ. ਡਾਲਰਾਂ 'ਚ ਅਦਾ ਕੀਤੀ। ਸ਼ੁਰੂ ਵਿੱਚ ਡੀ.ਐਸ. ਜਸਪਾਲ ਸਮੇਤ ਨੌਜਵਾਨ ਆਈ. ਏ. ਐਸ. ਅਫ਼ਸਰਾਂ ਨੂੰ ਸਮਾਗਮ ਦੇ ਜਸ਼ਨਾਂ ਦੀ ਵਿਸਥਾਰ ਪੂਰਵਕ ਵਿਉਂਤਬੰਦੀ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। 2003 ਦੀ ਪਤਝੱੜ ਰੁੱਤ ਤੱਕ ਅਜਾਇਬ ਘਰ

---

18. ਦੀ ਟ੍ਰਿਬਿਊਨ, 11 ਅਕਤੂਬਰ, 1998
19. ਖ਼ਾਲਸਾ ਪੰਥ ਦਾ ਬਜਟ ਦਾ 80 ਬਿਲੀਅਨ (80 ਕਰੋੜ) ਦਾ ਬਜਟ ਝਗੜੇ ਦਾ ਸ਼ਾਇਦ ਕਾਰਨ ਬਣਿਆ ਹੋਵੇ, ਰੀਡਿਫ ਕੌਮ, 17 ਫਰਵਰੀ 1999

ਤੇ ਪ੍ਰਦਰਸ਼ਨੀ ਹਾਲ ਪੂਰੇ ਹੋ ਚੁੱਕੇ ਸਨ। ਸਮੂਹ ਨੂੰ ਵਿਸ਼ੇਸ਼ ਪ੍ਰਭਾਵਾਂ ਸਮੇਤ ਲੇਜ਼ਰ ਦੇ ਨਾਲ ਵਿਕਸਿਤ ਕਰਨ ਦਾ ਕੰਮ ਐਨ.ਆਈ.ਡੀ. ਅਹਿਮਦਾਬਾਦ ਨੂੰ ਸੌਂਪ ਦਿੱਤਾ ਗਿਆ।[20]

ਖ਼ਾਲਸਾ ਪੰਥ ਦੀ ਸਿਰਜਣਾ ਦੀ ਤੀਸਰੀ ਸ਼ਤਾਬਦੀ ਦੇ ਸਮਾਗਮਾਂ ਪਹਿਲਾਂ ਕਿਸੇ ਵੀ ਹੋਏ ਸਮਾਗਮਾਂ ਨਾਲੋਂ ਬਹੁਤ ਵੱਡੀ ਪੱਧਰ 'ਤੇ ਮਨਾਏ ਗਏ। ਭਾਰਤ ਭਰ ਤੇ ਵਿਦੇਸ਼ਾਂ ਤੋਂ ਲੱਖਾਂ ਸਿੱਖ ਅਨੰਦਪੁਰ ਸਾਹਿਬ ਦੀ ਯਾਤਰਾ ਤੇ ਆਏ। ਸਿੱਖ ਵਿਦਵਾਨ, ਕਾਨੂੰਨਦਾਨ, ਕਲਾਕਾਰ, ਸ਼ਾਇਰ, ਚਿੱਤਰਕਾਰ, ਖਿਡਾਰੀ ਜਿਨ੍ਹਾਂ ਨੇ ਆਪਣੇ ਆਪਣੇ ਖੇਤਰਾਂ ਵਿੱਚ ਨਾਮਣਾ ਖੱਟਿਆ ਸੀ। ਉਹਨਾਂ ਨੂੰ "ਨਿਸ਼ਾਨ-ਇ-ਖ਼ਾਲਸਾ" ਦੇ ਬਿੱਲਿਆਂ ਨਾਲ ਸਨਮਾਨਿਤ ਕੀਤਾ ਗਿਆ। ਕੁਸ਼ਤੀ (ਇਕ ਟੀਮ ਪਾਕਿਸਤਾਨ 'ਚੋਂ ਵੀ ਆਈ), ਤੰਬੂ ਲਾਉਣ, ਨਿਸ਼ਾਨੇਬਾਜ਼ੀ, ਰੱਸਾਕਸ਼ੀ ਤੇ ਬਹੁਤ ਹੋਰ ਖੇਡਾਂ ਦੇ ਮੁਕਾਬਲੇ ਹੁੰਦੇ ਰਹੇ ਤੇ ਬਾਕੀ ਲੋਕ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਰਹੇ। ਇਹ ਸਾਫ਼ ਪ੍ਰਤੱਖ ਸੀ, ਜੇ ਕਿਸੇ ਪ੍ਰਮਾਣ ਦੀ ਲੋੜ ਸੀ ਕਿ ਖ਼ਾਲਸਾ ਆਪਣੇ ਸਿਰਜਣ ਵਾਲੇ ਦਿਨ ਵਾਂਗ ਗੂੰਜ ਪਾ ਰਿਹਾ ਹੈ।

o—o—o

ਮੁੱਖ ਮੰਤਰੀ ਤੇ ਸ਼੍ਰੋ. ਗੁ. ਪ੍ਰ. ਕਮੇਟੀ ਦੇ ਪ੍ਰਧਾਨ ਦੇ ਸਬੰਧ ਪਹਿਲਾਂ ਵਾਂਗ ਹੀ ਅਣਸੁਖਾਵੇਂ ਚੱਲਦੇ ਰਹੇ। ਦੋਹਾਂ ਵਿੱਚ ਮਤਭੇਦ ਤਖਤਾਂ ਦੇ ਜੱਥੇਦਾਰਾਂ, ਖ਼ਾਸ ਕਰਕੇ ਅਕਾਲ ਤਖਤ ਦੇ ਜੱਥੇਦਾਰ ਦੀ ਨਿਯੁਕਤੀ ਤੋਂ ਉੱਭਰਕੇ ਸਾਹਮਣੇ ਆਏ ਜਿੱਥੇ ਧਾਰਮਿਕ ਸਮੱਸਿਆਵਾਂ ਤੇ ਮਰਿਆਦਾ ਨੂੰ ਭੰਗ ਕਰਨ ਦੇ ਵਿਰੋਧ ਵਿੱਚ ਕਸੂਰਵਾਰਾਂ ਨੂੰ ਬੁਲਾਇਆ ਜਾਂਦਾ ਤੇ ਤਨਖ਼ਾਹ ਲਗਾਈ ਜਾਂਦੀ ਹੈ। ਖ਼ਾਲਿਸਤਾਨ ਦੇ ਸਮਰਥਕ ਅੰਸ਼ਾਂ ਦਾ ਪ੍ਰਭਾਵ ਸਦਾ ਹੀ ਪ੍ਰਤੱਖ ਸੀ। ਟੌਹੜੇ ਨੂੰ ਉਹਨਾਂ ਦਾ ਸਮਰਥਨ ਪ੍ਰਾਪਤ ਸੀ। ਬਾਦਲ ਨੂੰ ਉਦਾਰ ਤੱਤਾਂ ਦੀ ਹਿਮਾਇਤ ਪ੍ਰਾਪਤ ਸੀ, ਤੇ ਕਾਟਵਾਂ ਪੱਤਾ ਉਹਦੇ ਹੱਥ ਹੀ ਸੀ। ਪਹਿਲਾਂ ਉਸ ਨੇ ਜੱਥੇਦਾਰ ਰਣਜੀਤ ਸਿੰਘ ਨੂੰ ਬਰਤਰਫ਼ ਕਰਵਾਇਆ ਤੇ ਫਿਰ ਉਸ ਦੀ ਥਾਂ ਸਵਰਨ ਮੰਦਰ ਦੇ ਗ੍ਰੰਥੀ ਮੋਹਨ ਸਿੰਘ ਨੂੰ ਨਿਯੁਕਤ ਕਰਵਾਇਆ ਤੇ ਉਸ ਵੱਲੋਂ ਇਹ ਪਦਵੀ ਗ੍ਰਹਿਣ ਕਰਨ ਤੋਂ ਝਿਜਕ ਵਿਖਾਉਣ ਤੇ ਇਕ ਹੋਰ ਗ੍ਰੰਥੀ ਪੂਰਨ ਸਿੰਘ ਨੂੰ ਕਾਰਜਕਾਰੀ ਜੱਥੇਦਾਰ ਨਿਯੁਕਤ ਕਰਵਾ ਦਿੱਤਾ ਜੋ ਕਦੇ ਭਿੰਡਰਾਂਵਾਲੇ ਦਾ ਹਿਮਾਇਤੀ ਰਿਹਾ ਸੀ। ਬਾਦਲ ਟੌਹੜੇ ਵਿਰੁੱਧ ਹੋ ਗਿਆ ਜਿਹੜਾ 25ਵੀਂ ਵਾਰ ਸ਼੍ਰੋ. ਗੁ. ਪ੍ਰ. ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਉਸ ਨੇ 16 ਮਾਰਚ 1999 ਟੌਹੜੇ ਦੀ ਥਾਂ 'ਤੇ ਬੀਬੀ ਜਾਗੀਰ ਕੌਰ ਦਾ ਨਾਮ ਤਜ਼ਵੀਜ਼ ਕਰਕੇ ਬੇਮਿਸਾਲ ਕਦਮ ਉਠਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬਣਨ ਵਾਲੀ ਉਹ ਪਹਿਲੀ ਇਸਤਰੀ ਸੀ।

ਜਾਗੀਰ ਕੌਰ ਲੁਬਾਣਾ ਉਪਜਾਤੀ ਦੀ ਸਿੱਖ ਔਰਤ ਸੀ ਤੇ ਉਸ ਦੇ ਇਸ ਉਪਫ਼ਿਰਕੇ ਵਿੱਚ ਕਾਫ਼ੀ ਅਨੁਯਾਈ ਸਨ। ਬਾਦਲ ਨੇ ਉਸ ਨੂੰ ਵਿਧਾਨ ਸਭਾ ਦਾ ਮੈਂਬਰ ਚੁਣਵਾ ਕੇ ਸਮਾਜ ਭਲਾਈ ਮੰਤਰੀ ਬਣਾ ਦਿੱਤਾ। ਉਹਦੀ ਕਦੇ ਵੀ ਸਿੱਖ ਮਾਮਲਿਆਂ ਵਿੱਚ ਬਾਦਲ ਦੀ ਸਰਦਾਰੀ ਨੂੰ ਵੰਗਾਰਨ ਦੀ ਸੰਭਾਵਨਾ ਨਹੀਂ ਸੀ। ਪ੍ਰੰਤੂ ਉਹਦੀ ਚੋਣ ਤੋਂ ਛੇਤੀ ਹੀ ਮਗਰੋਂ ਉਸ ਦੀ ਕੀਰਤੀ ਉਹਦੀ ਲੜਕੀ ਦੀ ਸ਼ਾਦੀ ਵਿਰੋਧ ਦੇ ਕਰਨ ਤੇ ਮਗਰੋਂ

---

20. ਕੰਪਲੈਕਸ ਬਿਜ਼ਨੈਸ, ਇੰਡੀਆ ਟੂਡੇ, 16 ਨਵੰਬਰ, 1998, ਪੰਨਾ 48-50
21. ਉਹੀ

ਰਹੱਸਮਈ ਹਾਲਾਤ ਵਿੱਚ ਉਸ ਦੀ ਮ੍ਰਿਤੂ ਨਾਲ ਦਾਗੀ ਹੋ ਗਈ।[22] ਉਹਦੇ ਦਾਹ ਸਸਕਾਰ ਨੂੰ ਅਦਾਲਤ ਵਿੱਚ ਉਹਦੇ ਜਵਾਈ ਨੇ ਚੁਣੌਤੀ ਦੇ ਦਿੱਤੀ। ਉਸ ਉੱਪਰ ਅਜੇ ਵੀ ਆਪਣੀ ਬੇਟੀ ਦੀ ਮੌਤ ਵਿੱਚ ਸ਼ਮੂਲੀਅਤ ਦੀ ਸਾਜ਼ਿਸ਼ ਦਾ ਇਲਜ਼ਾਮ ਲੱਗਾ ਹੋਇਆ ਹੈ।[23]

o—o—o

ਪੰਜਾਬ, ਭਾਰਤ ਦੇ ਦੂਸਰੇ ਰਾਜਾਂ ਵਾਂਗ, ਆਪਣੇ ਸਾਧਨ ਤੋਂ ਜ਼ਿਆਦਾ ਖ਼ਰਚ ਕਰਦਾ ਰਿਹਾ ਸੀ। ਆਪਣੀ 8450 ਕਰੋੜ ਰੁਪਏ ਆਮਦਨੀ ਦੇ ਮੁਕਾਬਲੇ ਤੇ ਇਹ ਹਰ ਸਾਲ 10282 ਕਰੋੜ ਰੁਪਏ ਖ਼ਰਚਦਾ ਰਿਹਾ ਸੀ।[24] ਉਸ ਸਮੇਂ ਰਾਜ ਦੇ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਮੰਨਿਆ ਕਿ ਅਸੀਂ ਕਰਜ਼ ਲੈ ਕੇ ਕੰਮ ਚਲਾ ਰਹੇ ਹਾਂ। ਬਹੁਤ ਸਾਰਾ ਧਨ ਫ਼ਾਲਤੂ ਸਮਾਗਮਾਂ ਦੇ ਆਯੋਜਨ ਵਿੱਚ ਖ਼ਰਚ ਕਰਨ ਤੋਂ ਬਿਨਾਂ ਸਰਕਾਰੀ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਧਾਈਆਂ ਗਈਆਂ। ਮੰਤਰੀਆਂ ਨੂੰ ਵਾਧੇਰੇ ਸਹੂਲਤਾਂ ਦਿੱਤੀਆਂ ਗਈਆਂ। ਮਿਸਾਲ ਦੇ ਤੌਰ 'ਤੇ ਹਰ ਵਿਧਾਨ ਸਭਾ ਮੈਂਬਰ ਲਈ ਟਾਟਾ ਸੂਮੋ ਤੇ ਹਰ ਮਹੀਨੇ 500 ਲਿਟਰ ਡੀਜ਼ਲ ਮੁਫ਼ਤ ਤੇ ਹਰ ਮੰਤਰੀ ਲਈ ਬੇਹਿਸਾਬ ਪੈਟਰੋਲ ਦਿੱਤਾ ਗਿਆ।[25]

ਸਭ ਤੋਂ ਵੱਧ ਮਹੱਤਵਪੂਰਨ ਘਟਨਾ ਰੋਇਲ ਕੈਨੇਡੀਅਨ ਪੁਲਿਸ ਦੀ ਉਸ ਸਾਜ਼ਿਸ਼ ਦਾ ਪਤਾ ਲਾ ਲੈਣ ਦੀ ਸਫ਼ਲਤਾ ਸੀ ਜਿਸ ਨੇ "ਕਨਿਸ਼ਕ" ਜਹਾਜ਼ ਨੂੰ ਆਇਰਲੈਂਡ ਦੇ ਤੱਟ 'ਤੇ ਅਕਾਸ਼ ਵਿੱਚ ਹੀ 23 ਜੂਨ, 1985 ਨੂੰ ਤਬਾਹ ਕਰ ਦਿੱਤਾ ਸੀ ਤੇ ਜਿਸ ਵਿੱਚ ਜਹਾਜ਼ੀ ਅਮਲਾ ਤੇ 329 ਮੁਸਾਫ਼ਿਰ ਮਾਰੇ ਗਏ ਸਨ। ਇਹੋ ਜਿਹੀ ਸਫ਼ਲਤਾ ਹੀ ਏਅਰ ਇੰਡੀਆ ਦੇ ਜਹਾਜ਼ ਵਿੱਚ ਸਾਮਾਨ ਰੱਖ ਰਹੇ ਦੋ ਕੁਲੀਆਂ ਦੇ ਟੋਕੀਓ ਦੇ ਨਾਰੀਤਾ ਹਵਾਈ ਅੱਡੇ 'ਤੇ ਮਾਰੇ ਜਾਣ ਦੀ ਸਾਜ਼ਿਸ਼ ਦਾ ਪਤਾ ਲਾਉਣ ਵਿੱਚ ਮਿਲੀ। ਕੈਨੇਡਾ ਦੀ ਪੁਲਿਸ ਨੇ ਰਿਪੁਦਮਨ ਸਿੰਘ ਮਲਿਕ 'ਤੇ ਅਜਾਇਬ ਸਿੰਘ ਬੋਗਰਾ ਨੂੰ ਵੈਨਕੂਵਰ ਵਿੱਚ ਗ੍ਰਿਫ਼ਤਾਰ ਕਰ ਲਿਆ। ਦੂਸਰੇ ਸ਼ੱਕੀਆਂ ਵਿੱਚੋਂ ਸ੍ਰ. ਤਲਵਿੰਦਰ ਸਿੰਘ ਪਰਮਾਰ ਜੋ ਸਾਜ਼ਿਸ਼ ਦਾ ਸਰਗਣਾ ਸੀ, ਉਹ ਪੰਜਾਬ ਪੁਲਿਸ ਨਾਲ ਇਕ ਮੁੱਠ-ਭੇੜ ਵਿੱਚ ਮਾਰਿਆ ਗਿਆ ਸੀ। ਸੁਰਜਨ ਸਿੰਘ ਕਿਧਰੇ ਰੂਪੋਸ਼ ਹੋ ਗਿਆ। ਇੰਦਰਜੀਤ ਸਿੰਘ ਜਿਸ ਨੇ ਨਾਰੀਤਾ ਹਵਾਈ ਅੱਡੇ 'ਤੇ ਫੱਟਣ ਵਾਲਾ ਬੰਬ ਰੱਖਿਆ ਸੀ, ਉਹ 10 ਸਾਲ ਦੀ ਸਜ਼ਾ ਭੁਗਤ ਰਿਹਾ ਸੀ।

ਅਦਾਲਤ ਵਿੱਚ ਪੇਸ਼ ਕੀਤੇ ਸਬੂਤਾਂ ਦੇ ਅਧਾਰ ਤੇ ਇਹ ਗੱਲ ਸਾਹਮਣੇ ਆਈ ਕਿ ਸਾਜ਼ਿਸ਼ ਬੱਬਰ ਖ਼ਾਲਸਾ ਦੇ ਮੈਂਬਰਾਂ ਵੱਲੋਂ "ਨੀਲਾ ਤਾਰਾ ਸਾਕਾ" ਦਾ ਬਦਲਾ ਲੈਣ ਦੀ ਕਾਰਵਾਈ ਵਜੋਂ ਇਸ ਦੀ ਪਹਿਲੀ ਵਰ੍ਹੇਗੰਢ ਨੇੜੇ ਜਿਤਨਾ ਸੰਭਵ ਹੋਵੇ, ਅੰਮ੍ਰਿਤਸਰ ਵਿੱਚ ਤਿਆਰ ਕੀਤੀ ਗਈ ਸੀ। 1992 ਵਿੱਚ ਬੰਬਈ ਵਿੱਚ ਗ੍ਰਿਫ਼ਤਾਰ ਕੀਤੇ ਗਏ ਇਕ ਵਿਅਕਤੀ ਲਾਲ ਸਿੰਘ ਨੇ ਕੈਨੇਡਾ ਦੇ ਤਫ਼ਤੀਸਕਾਰਾਂ ਨੂੰ ਜਾਣਕਾਰੀ ਜਾਂ ਸੁਰਾਗ ਪ੍ਰਾਪਤ ਕਰਨ ਵਿੱਚ ਅਗਵਾਈ ਦਿੱਤੀ।[26] ਮੁੱਖ ਗਵਾਹਾਂ ਵਿੱਚੋਂ ਇਕ ਤਾਰਾ ਸਿੰਘ ਹੇਅਰ ਸੀ ਜੋ

---

22. ਬੁਲੱਡ ਟਾਈਜ਼ (ਲਹੂ ਦੀ ਸਾਂਝ) ਇੰਡੀਆ ਟੂਡੇ, 8 ਮਈ, 2000, ਪੰਨਾ 59
23. ਉਹੀ
24. ਵੇਖੋ "ਅਸੀਂ ਦੀਵਾਲੀਆਂ ਹਾਂ" ਇੰਡੀਆ ਟੂਡੇ, 14 ਫ਼ਰਵਰੀ, 2000, ਪੰਨਾ 36-38
25. ਉਹੀ
26. ਦੀ ਟ੍ਰਿਬਿਊਨ, 8 ਨਵੰਬਰ, 2000

ਵੈਨਕੂਵਰ ਵਿੱਚ ਰਹਿ ਕੇ "ਇੰਡੀਅਨ ਕੈਨੇਡੀਅਨ ਟਾਈਮਜ਼" ਕੱਢਦਾ ਸੀ ਤੇ "ਖ਼ਾਲਿਸਤਾਨ" ਦਾ ਕੱਟੜ ਵਿਰੋਧੀ ਸੀ। ਉਸ ਨੂੰ 1998 ਵਿੱਚ ਕਤਲ ਕਰ ਦਿੱਤਾ ਗਿਆ ਸੀ।

o—o—o

ਬਾਦਲ ਸਰਕਾਰ ਦਾ ਵਿਖਾਵਾਕਾਰੀ ਤਮਾਸ਼ੇ ਤੇ ਸਮਾਗਮ ਕਰਨ ਦਾ ਝੁਕਾ ਜਾਰੀ ਰਿਹਾ। ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ ਵਰ੍ਹੇਗੰਢ ਕੌਮੀ ਪੱਧਰ 'ਤੇ ਮਨਾਉਣ ਦਾ ਇਕ ਹੋਰ ਮੌਕਾ ਸੀ। ਮਹਾਰਾਜੇ ਦੀਆਂ ਪ੍ਰਾਪਤੀਆਂ ਦਰਸਾਉਣ ਲਈ "ਆਵਾਜ਼ ਤੇ ਰੌਸ਼ਨੀ" ਦੇ ਪ੍ਰੋਗਰਾਮ ਦਾ ਆਰੰਭ ਕੀਤਾ ਗਿਆ। ਪ੍ਰਧਾਨ ਮੰਤਰੀ ਵਾਜਪਾਈ ਇਸ ਦੇ ਮੁੱਖ ਮਹਿਮਾਨ ਸਨ। ਉਸ ਦੇ ਮੰਤਰੀ ਮੰਡਲ ਦੇ ਕਈ ਮੰਤਰੀ ਹਾਜ਼ਰ ਸਨ। ਫ਼ਕੀਰ ਪਰਿਵਾਰ ਵਿੱਚੋਂ, ਜਿਸ ਦੇ ਮੈਂਬਰ ਮਹਾਰਾਜੇ ਦੇ ਮੰਤਰੀ ਤੇ ਰਾਜਪਾਲ ਰਹੇ ਸਨ, ਇਕ ਨੌਜਵਾਨ ਇਸ ਮੌਕੇ ਲਾਹੌਰ ਤੋਂ ਆਇਆ ਤੇ ਇਕ ਫ਼ਰਾਂਸੀਸੀ ਵੀ ਆਇਆ ਜਿਸ ਦਾ ਪੂਰਵਜ਼ ਮਹਾਰਾਜੇ ਦੀ ਫ਼ੌਜ ਵਿੱਚ ਮੁਲਾਜ਼ਮ ਰਿਹਾ ਸੀ। ਜਿਸ ਤਰ੍ਹਾਂ ਸਮਾਗਮ ਬਾਰੇ ਹੁੰਦਾ ਹੈ, ਇਹ ਵੀ ਦੂਸਰਿਆਂ ਸਮਾਗਮਾਂ ਵਾਂਗ ਬਹੁਤ ਸਫ਼ਲ ਰਿਹਾ ਤੇ ਇਸ ਦਾ ਕਾਫ਼ੀ ਪ੍ਰਚਾਰ ਹੋਇਆ।

ਜਦੋਂ ਬਾਦਲ ਸਮਾਗਮਾਂ ਤੇ ਕਾਨਫ਼ਰੰਸਾਂ ਵਰਗੇ ਕੰਮਾਂ 'ਚ ਲੱਗਾ ਰਿਹਾ, ਉਹਦੇ ਵਿਰੋਧੀ ਪੰਜਾਬ ਵਿੱਚ 2002 ਵਿੱਚ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਕਰਦੇ ਰਹੇ। ਲੋਕ ਰਾਏ ਪ੍ਰਗਟ ਕਰ ਰਹੀ ਸੀ ਕਿ ਅਕਾਲੀ-ਭਾਜਪਾ ਸਰਕਾਰ ਚੋਣਾਂ ਹਾਰ ਜਾਏਗੀ। ਚੋਣ ਨਜੂਮੀਆਂ ਦੀ ਭਵਿੱਖ ਬਾਣੀ ਅਨੁਸਾਰ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ ਦੀ ਅਗਵਾਈ ਵਿੱਚ ਕਾਂਗਰਸ ਹੂੰਝਾ ਫੇਰੂ ਜਿੱਤ ਪ੍ਰਾਪਤ ਕਰ ਲਵੇਗੀ। ਕਾਂਗਰਸ 5 ਸੀਟਾਂ ਦੇ ਮਾਮੂਲੀ ਵਾਧੇ ਨਾਲ 117 'ਚੋਂ 62 ਸੀਟਾਂ ਹੀ ਲਿਜਾ ਸਕੀ ਤੇ ਉਸ ਦੀ ਸਹਿਯੋਗੀ ਸੀ.ਪੀ.ਆਈ. ਨੂੰ ਇਕੋ ਸੀਟ ਹੀ ਮਿਲੀ। ਸਭ ਤੋਂ ਵੱਡਾ ਘਾਟਾ ਭਾਜਪਾ ਨੂੰ ਪਿਆ ਜਿਸ ਦੇ 23 ਉਮੀਦਵਾਰਾਂ 'ਚੋਂ 20 ਹਾਰ ਗਏ। ਸ਼ਹਿਰੀ ਹਿੰਦੂਆਂ ਤੇ ਦਲਿਤਾਂ ਨੇ ਕਾਂਗਰਸ ਨੂੰ ਵੋਟ ਪਾਈ। ਭੱਠਲ ਨੇ ਦੁਬਾਰਾ ਮੁੱਖ ਮੰਤਰੀ ਬਣਾਏ ਜਾਣ ਲਈ ਆਪਣਾ ਦਾਅਵਾ ਪੇਸ਼ ਕੀਤਾ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਅਮਰਿੰਦਰ ਸਿੰਘ ਨੂੰ ਪਹਿਲ ਦਿੱਤੀ। ਫਿਰ ਉਸ ਨੇ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਚੁਣੇ ਜਾਣ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਅਮਰਿੰਦਰ ਸਿੰਘ ਨੇ ਇਕ ਸਾਬਕਾ ਲੋਕ-ਸਭਾ ਮੈਂਬਰ ਐਚ.ਐਸ. ਹੰਸਪਾਲ ਨੂੰ ਕਾਂਗਰਸ ਪ੍ਰਧਾਨ ਬਣਾਉਣਾ ਬਿਹਤਰ ਸਮਝਿਆ। ਭੱਠਲ ਨੇ ਹਾਰ ਮੰਨ ਲਈ ਤੇ ਆਖਿਰ ਮੰਤਰੀ ਦਾ ਪਦ ਪ੍ਰਵਾਨ ਕਰ ਲਿਆ।

ਭਾਵੇਂ ਰਾਜ ਦੀ ਆਰਥਿਕ ਹਾਲਤ ਬਹੁਤ ਭੈੜੀ ਸੀ, ਪਰ ਅਮਰਿੰਦਰ ਸਿੰਘ ਨੇ ਬਾਦਲ ਨੇ ਹਿਸਾਬ-ਕਿਤਾਬ ਦਾ ਲੇਖਾ-ਜੋਖਾ ਚੁਕਤਾ ਕਰਨ ਵੱਲ ਵੱਧ ਧਿਆਨ ਦਿੱਤਾ ਤੇ ਉਸ ਨੇ ਤਾਕਤ ਦੀ ਬਹੁਕਰ ਹੱਥ ਲੈ ਕੇ ਐਲਾਨ ਕਰ ਦਿੱਤਾ ਕਿ ਉਹ ਰਾਜ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦੇਵੇਗਾ।[27] ਉਹਦੇ ਵੱਲੋਂ ਬਾਦਲ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਹੱਥ ਪਾਉਣ ਤੋਂ ਪਹਿਲਾਂ ਹੀ ਉਸ ਨੂੰ ਝੂੰਗੇ ਵਿੱਚ ਹੀ ਪੁਲਿਸ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਰਵਿੰਦਰਪਾਲ ਸਿੰਘ ਸਿੱਧੂ ਦੇ ਪਿਛਲੇ ਛੇ ਸਾਲਾਂ ਤੋਂ ਅਪਨਾਏ ਗਏ

27. ਸਵੀਪ ਸਟੇਕ "ਭ੍ਰਿਸ਼ਟਾਚਾਰ ਦੀ ਸਿਆਸਤ", ਇੰਡੀਆ ਟੂਡੇ, ਮਈ 2002

ਭ੍ਰਿਸ਼ਟ ਤਰੀਕਿਆਂ ਦਾ ਭਾਂਡਾ ਭੰਨ ਦੇਣ ਦਾ ਲਾਹਾ ਪ੍ਰਾਪਤ ਹੋ ਗਿਆ। ਸਿੱਧੂ "ਇੰਡੀਅਨ ਐਕਸਪ੍ਰੈਸ", "ਦੀ ਟ੍ਰਿਬਿਊਨ" ਤੇ "ਹਿੰਦੂ" ਦਾ ਪੱਤਰਕਾਰ ਰਿਹਾ ਸੀ। ਇਹ ਜਾਣਕਾਰੀ ਪ੍ਰਾਪਤ ਹੋਈ ਕਿ ਸਿੱਧੂ ਪੀ.ਪੀ.ਐਸ.ਸੀ. ਨੂੰ ਪੈਸੇ ਇਕੱਠੇ ਕਰਨ ਵਾਲੀ ਮਸ਼ੀਨ ਬਣਾਉਣ ਵਿੱਚ ਲੱਗਾ ਰਿਹਾ ਤੇ ਸਾਰੀਆਂ ਪ੍ਰਾਂਤਕ ਸੇਵਾਵਾਂ ਦੀ ਚੋਣ ਲਈ ਨਿਸ਼ਚਿਤ ਕਰਕੇ, ਨਕਦ ਪੈਸੇ ਲੈਂਦਾ ਰਿਹਾ ਸੀ।[28]

ਬਾਦਲ ਤੇ ਉਹਦੇ ਪਰਿਵਾਰ ਦੀ ਛਾਣ-ਬੀਣ 'ਚੋਂ ਬਹੁਤਾ ਕੁਝ ਨਾ ਮਿਲਿਆ। ਉਹਨਾਂ ਦੇ ਘਰਾਂ ਦੀ ਪੁਲਿਸ ਨੇ ਤਲਾਸ਼ੀ ਲਈ। ਉਹਨਾਂ ਦੀ ਜ਼ਮੀਨ ਜਾਇਦਾਦ ਦੀ ਪੈਮਾਇਸ਼ ਕੀਤੀ ਗਈ। ਅਮਰਿੰਦਰ ਸਿੰਘ ਨੇ ਬਾਦਲ ਉਪਰ ਇਲਜ਼ਾਮ ਲਾਇਆ ਕਿ ਉਸ ਕੋਲ ਦੇਸ਼ ਅੰਦਰ ਤੇ ਵਿਦੇਸ਼ਾਂ ਵਿੱਚ ਵੱਖ-ਵੱਖ ਨਾਵਾਂ ਹੇਠ ਬਹੁਤ ਭਾਰੀ ਜਾਇਦਾਦ ਹੈ। ਬਾਦਲ ਨੇ ਮੋੜਵੇਂ ਉੱਤਰ ਵਜੋਂ ਅਮਰਿੰਦਰ ਤੇ "ਹੱਤਕ ਇੱਜ਼ਤ" ਦਾ ਮੁਕੱਦਮਾ ਠੋਸ ਦਿੱਤਾ। ਸਤੰਬਰ 2005 ਵਿੱਚ ਅਮਰਿੰਦਰ ਸਿੰਘ ਤੇ ਬਾਦਲ ਇਕ-ਦੂਸਰੇ ਨੂੰ ਬੋਲ-ਕੁਬੋਲ ਕਰਦੇ ਰਹੇ ਤੇ ਵਿਦੇਸ਼ੀ ਬੈਂਕਾਂ ਵਿੱਚ ਪੈਸੇ ਜਮ੍ਹਾਂ ਕਰਾਉਣ, ਜ਼ਮੀਨ ਤੇ ਅਚੱਲ ਸੰਪਤੀ ਦੀ ਲੁੱਟ-ਘਸੁੱਟ ਕਰਨ ਤੇ ਹੜੱਪਣ ਦੇ ਇਲਜ਼ਾਮ ਲਗਾਉਂਦੇ ਰਹੇ।[29] ਦੋਵੇਂ ਜਨਤਾ ਵਿੱਚ ਮਜ਼ਾਕ ਦਾ ਵਿਸ਼ਾ ਬਣੇ ਰਹੇ ਤੇ ਪੰਜਾਬ ਦੇ ਵਿਅੰਗਕਾਰ ਜਸਪਾਲ ਭੱਟੀ ਦੇ ਭੰਡੀ ਪ੍ਰਚਾਰ ਵਾਲੇ ਨਾਟਕਾਂ ਦਾ ਚੰਡੀਗੜ੍ਹ ਵਿੱਚ ਮਸਾਲਾ ਬਣਦੇ ਰਹੇ।[30]

102 ਸਾਲਾਂ ਦਾ ਬਜ਼ੁਰਗ ਮੋਹਨ ਸਿੰਘ ਉਬਰਾਏ ਤੇ ਰੌਣਕ ਸਿੰਘ ਦੀ ਸਤੰਬਰ 2002 ਵਿੱਚ ਹੋਈ ਮੌਤ ਨੇ ਉਸ ਸਾਹਸੀ ਭਾਵਨਾ ਦੀ ਯਾਦ ਤਾਜ਼ਾ ਕਰ ਦਿੱਤੀ ਜੋ ਪੰਜਾਬੀ ਹਿੰਦੂਆਂ-ਸਿੱਖਾਂ ਵਿੱਚ ਔਕੜਾਂ ਤੇ ਕਾਬੂ ਪਾਉਣ ਵਿੱਚ ਆਮ ਮਿਲਦੀ ਹੈ। ਮੋਹਨ ਸਿੰਘ ਇਕ ਅੰਗਰੇਜ਼ ਹੋਟਲ ਮਾਲਕ ਦਾ ਸ਼ਿਮਲੇ ਵਿੱਚ ਮੁਨਸ਼ੀ ਹੁੰਦਾ ਸੀ ਜਿਹੜਾ ਇਸ ਨੂੰ ਵੇਚ ਕੇ ਇੰਗਲੈਂਡ ਚਲੇ ਜਾਣਾ ਚਾਹੁੰਦਾ ਸੀ। ਮੋਹਨ ਸਿੰਘ ਨੇ ਉਸ ਨੂੰ ਮਨਾ ਲਿਆ ਕਿ ਉਹ ਹੋਟਲ ਉਸ ਨੂੰ ਵੇਚ ਦੇਵੇ। ਫਿਰ ਉਹ ਹੋਟਲ ਖ਼ਰੀਦਦਾ ਗਿਆ ਤੇ ਉਸ ਨੇ ਭਾਰਤ ਦੇ ਵੱਖ-ਵੱਖ ਰਾਜਾਂ ਤੇ ਵਿਦੇਸ਼ਾਂ ਵਿੱਚ ਇਕ ਹੋਟਲਾਂ ਦਾ ਵਿਸ਼ਾਲ ਸਿਲਸਿਲਾ ਕਾਇਮ ਕਰ ਲਿਆ। ਰੌਣਕ ਸਿੰਘ ਲਾਹੌਰ ਤੋਂ, ਜੋ ਕੁਝ ਥੋੜ੍ਹਾ ਬਹੁਤ ਉਸ ਕੋਲ ਸੀ, ਛੱਡ ਕੇ ਇਕ ਮੁਥਾਜ ਗਰੀਬ ਸ਼ਰਨਾਰਥੀ ਬਣ ਕੇ ਆਇਆ ਸੀ। ਉਸ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਲੋਹੇ ਦੀਆਂ ਨਾਲਾਂ ਵੇਚਣ ਦੀ ਦੁਕਾਨ ਖੋਲ੍ਹ ਲਈ। ਫਿਰ ਉਹ "ਹਿਊਮ ਪਾਈਪਸ" ਬਣਾਉਣ ਲੱਗ ਗਿਆ ਤੇ ਭਾਰਤੀ ਮੋਟਰ ਗੱਡੀਆਂ ਦੀ ਵੱਧ ਰਹੀ ਮੰਗ ਦੀ ਪੂਰਤੀ ਲਈ ਉਸ ਨੇ "ਅਪੋਲੋ ਟਾਇਰ" ਤਿਆਰ ਕਰਨ ਲਈ ਕਾਰਖ਼ਾਨਾ ਲਗਾ ਲਆ। ਜਦੋਂ ਸੰਜੇ ਗਾਂਧੀ ਨੇ "ਮਾਰੂਤੀ ਕਾਰ ਯੋਜਨਾ" ਆਰੰਭ ਕੀਤੀ ਤਾਂ ਰੌਣਕ ਸਿੰਘ ਇਹਦਾ ਪਹਿਲਾ ਚੇਅਰਮੈਨ ਬਣ ਗਿਆ ਤੇ ਫਿਰ ਉਹ ਅਰਬਾਂ ਰੁਪਏ ਦਾ ਉਦਯੋਗ ਛੱਡ ਕੇ ਮਰ ਗਿਆ। ਇਸ ਤੋਂ ਵੀ ਵਧੇਰੇ ਸ਼ਾਨਦਾਰ ਸਫ਼ਲਤਾ ਭਾਈ ਮੋਹਨ ਸਿੰਘ ਦੀ "ਰੈਨਬਕਸੀ' ਨੂੰ ਮਿਲੀ

28. "ਜੋਬ ਮੋਬਸਟਰ" (ਨੌਕਰੀਆਂ ਵਿੱਚ ਹੁੱਲੜਬਾਜ਼ੀ) ਇੰਡੀਆ ਟੂਡੇ, 6 ਮਈ 2002, ਪੰਨਾ 24-6

29. ਇੰਡੀਅਨ ਐਕਸਪ੍ਰੈਸ, 30 ਸਤੰਬਰ, 2003

30. "ਦੀ ਟ੍ਰਿਬਿਊਨ", 27 ਸਤੰਬਰ, 2003

ਜਿਸ ਦੀ ਬੁਨਿਆਦ ਉਸ ਨੇ 1962 ਵਿੱਚ ਰੱਖੀ ਸੀ। ਇਹ ਅੱਜ ਭਾਰਤ ਦੀ ਸਭ ਤੋਂ ਚੋਟੀ ਦੀ ਔਸ਼ਧੀ ਨਿਰਮਾਣ ਤੇ ਵੇਚਣ ਵਾਲੀ ਕੰਪਨੀ ਹੈ। ਜਿਸ ਦੇ ਮਾਲ ਦੀ ਕੁੱਲ ਵਿਸ਼ਵ ਵਿੱਚ ਅਸਲ ਵਿਕਰੀ 76 ਕਰੋੜ ਚਾਲ੍ਹੀ ਅਮਰੀਕੀ ਡਾਲਰ ਬਣਦੀ ਹੈ ਤੇ ਇਸ ਦਾ ਪ੍ਰਬੰਧ ਡੀ. ਐਸ. ਬਰਾੜ ਕਰਦਾ ਹੈ। ਹੋਰ ਵੀ ਸਿੱਖ ਹਨ ਜੋ ਉਦਯੋਗ ਦੇ ਉਪਰਲੇ ਦਰਜੇ 'ਤੇ ਪਹੁੰਚੇ ਹਨ ਜਿਵੇਂ ਬੰਬਈ ਤੇ ਔਰੰਗਾਬਾਦ ਦੇ ਸਾਹਨੀ; ਤੇ ਭੂਤਕਾਲੀਨ ਕੋਕਾ ਕੋਲਾ, ਕੈਪਾਂ ਕੋਲਾ ਤੇ ਹੋਰ ਸੋਫ਼ਟ ਡ੍ਰਿੰਕਸ ਤੇ ਨਵੀਂ ਦਿੱਲੀ ਦੇ ਹੋਟਲ "ਲਾ ਮੈਰੀਡੀਅਨ" ਦਾ ਮਾਲਕ ਚਰਨਜੀਤ ਸਿੰਘ ਸੀ ਤੇ ਉਹ ਦੀ ਮ੍ਰਿਤੂ ਪਿੱਛੋਂ ਉਹਦੀ ਪਤਨੀ ਹਰਜੀਤ ਕੌਰ ਉਹਦੇ ਸਾਰੇ ਕੰਮ ਕਾਜ ਦੀ ਦੇਖ ਭਾਲ ਕਰਦੀ ਹੈ।

ਸਾਰਾਂਸ਼—ਸਿੱਖ ਸੰਗਠਨ ਦੀਆਂ ਪਿਛਲੇ 25 ਸਾਲਾਂ ਦੀਆਂ ਸਫ਼ਲਤਾਵਾਂ ਤੇ ਅਸਫ਼ਲਤਾਂ ਦਾ ਲੇਖਾ ਜੋਖਾ ਮਾੜਾ ਵੀ ਨਹੀਂ। 2001 ਦੀ ਜਨ-ਗਣਨਾ ਦੀ ਰਿਪੋਰਟ ਅਨੁਸਾਰ ਪੰਜਾਬ ਦੀ 2.43 ਕਰੋੜ ਵਸੋਂ ਸਾਲਾਨਾ ਇਕ 1.82% ਵੱਧਦੀ ਰਹੀ ਸੀ। ਇਹਨਾਂ ਵਿੱਚੋਂ 60% ਸਿੱਖ ਹਨ ਜੋ ਵਧੇਰੇ ਕਰਕੇ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਹਨ। ਅੱਸੀ ਪ੍ਰਤੀਸ਼ਤ ਸਿੱਖ ਪੰਜਾਬ ਵਿੱਚ, 19% ਭਾਰਤ ਦੇ ਦੂਸਰੇ ਭਾਗਾਂ ਵਿੱਚ ਤੇ ਇਕ ਪ੍ਰਤੀਸ਼ਤ ਵਿਦੇਸ਼ਾਂ ਵਿੱਚ ਵੱਸੇ ਹੋਏ ਹਨ। ਭਾਵੇਂ ਪੰਜਾਬ ਖ਼ੁਸ਼ਹਾਲੀ ਵਿੱਚ ਪਹਿਲੇ ਨੰਬਰ ਤੋਂ ਖਿਸਕ ਕੇ ਹੁਣ ਦਿੱਲੀ ਤੇ ਗੋਆ ਦੇ ਮਗਰ ਤੀਸਰੇ ਨੰਬਰ 'ਤੇ ਆ ਗਿਆ ਹੈ, ਇਸ ਦੀ ਪ੍ਰਤੀ ਵਿਅਕਤੀ ਪ੍ਰਤੀ ਸਾਲ ਆਮਦਨੀ 15255 ਬਣਦੀ ਹੈ (ਪੰਜਾਬ ਦੇ ਆਰਥਿਕ-ਸਰਵੇਖਣ ਦੇ ਪੰਨਾ 47 ਅਨੁਸਾਰ) ਤੇ ਸਿੱਖ ਮੁਲਕ ਦਾ ਸਭ ਤੋਂ ਅਮੀਰ ਸੰਗਠਨ ਹੈ। ਜਦੋਂ ਭਾਰਤ ਦੇ 26.10 ਪ੍ਰਤੀਸ਼ਤ ਲੋਕ ਗ਼ਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਪੰਜਾਬ ਦੇ ਅੰਕੜੇ 6.16% ਹਨ। ਉਹ ਮੁਲਕ ਜਿੱਥੇ ਮੰਗਣਾ ਆਮ ਹੀ ਹੈ, ਕਿਸੇ ਸਿੱਖ ਨੂੰ ਘੱਟ ਹੀ ਮੰਗਣ ਲਈ ਹੱਥ ਅੱਡਦਿਆਂ ਵੇਖਿਆ ਜਾ ਸਕਦਾਹੈ।

ਸਿੱਖਾਂ ਦਾ ਉਹਨਾਂ ਦੇ ਨਿੰਦਕਾਂ ਵੱਲੋਂ ਇਸ ਕਰਕੇ ਮਖ਼ੌਲ ਉਡਾਇਆ ਜਾਂਦਾ ਹੈ ਕਿ ਸਿੱਖ ਇਕੋ ਹੀ ਸਭਿਆਚਾਰ ਬਾਰੇ ਜਾਣਦੇ ਹਨ ਤੇ ਉਹ ਹੈ ਖੇਤੀ ਸਭਿਆਚਾਰ। ਇਹ ਕਥਨ ਸੱਚ ਤੋਂ ਦੂਰ ਹੈ ਕਿਉਂਕਿ ਬਹੁਤ ਸਾਰੇ ਸਿੱਖਾਂ ਨੇ ਕਲਾਕਾਰਾਂ, ਨ੍ਰਿਤਕਾਂ, ਸੰਗੀਤਕਾਰਾਂ, ਫ਼ਿਲਮ ਨਿਰਮਾਤਾਵਾਂ ਤੇ ਪੋਪ ਲੋਕ ਸੰਗੀਤ ਖੇਤਰ ਵਿੱਚ ਨਾਮਣਾ ਖੱਟਿਆ ਹੈ।

ਮਨਜੀਤ ਬਾਵਾ, ਅਰਪਿਤਾ ਸਿੰਘ ਤੇ ਅਰਪਨਾ ਕੌਰ ਦੀ ਗਿਣਤੀ ਸਰਵੋਤਮ ਚਿੱਤਰਕਾਰਾਂ ਵਿੱਚ ਹੁੰਦੀ ਹੈ। ਨਵਤੇਜ ਜੌਹਰ ਇਕ ਭਾਰਤ ਨਾਟਯਮ ਨ੍ਰਿਤਕਾਰ ਵਜੋਂ, ਸਿੰਘ ਬੰਧੂ ਕਲਾਸਕੀ ਗਾਇਕਾਂ ਵਜੋਂ ਧਰਮੇਂਦਰ ਤੇ ਦਾਰਾ ਸਿੰਘ ਫ਼ਿਲਮੀ ਅਭਿਨੇਤਾ ਵਜੋਂ ਉੱਘੇ ਹਨ। ਫ਼ਿਲਮ ਨਿਰਦੇਸ਼ਕਾਂ ਵਿੱਚ ਕੇਨੀਆ 'ਚ ਪੈਦਾ ਹੋਇਆ ਗੁਰਿੰਦਰ ਚੱਢਾ ਜਿਸ ਦੀਆਂ ਫ਼ਿਲਮਾਂ "ਭਾਜੀ ਔਨ ਦੀ ਬੀਚ" ਤੇ "ਬੈਂਡ ਇਟ ਲਾਈਕ ਬੈਕਹਮ" ਭਾਰਤ ਤੇ ਇੰਗਲੈਂਡ ਦੇ ਥੀਏਟਰਾਂ ਵਿੱਚ ਅਤਿਅੰਤ ਸਫ਼ਲ ਰਹੀਆਂ ਹਨ। ਪੰਜਾਬੀ ਲੋਕ ਸੰਗੀਤ ਤੇ ਭੰਗੜੇ ਨੂੰ ਗੁਰਦਾਸ ਮਾਨ, ਦਲੇਰ ਮਹਿੰਦੀ, ਮਲਕੀਤ ਸਿੰਘ ਤੇ ਹੋਰਨਾਂ ਦੇ ਆਉਣ ਨਾਲ ਨਵੀਂ ਜ਼ਿੰਦਗੀ ਮਿਲੀ ਹੈ। ਉਹ ਮੁਲਕ ਵਿੱਚ ਤੇ ਮੁਲਕ ਤੋਂ ਬਾਹਰ ਜਿੱਥੇ ਵੀ ਆਪਣਾ ਪ੍ਰਦਰਸ਼ਨ ਦਿੰਦੇ ਹਨ, ਬਹੁਤ ਸਰੋਤਿਆਂ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ।

ਸਮਾਜਿਕ ਬੁਰਾਈਆਂ ਅਜੇ ਵੀ ਉਵੇਂ ਹੀ ਕਾਇਮ ਹਨ, ਅਟੱਲ ਹਨ। ਸਭ ਤੋਂ ਭੈੜੀ ਕੁੜੀਆਂ ਦੀ ਭਰੂਣ ਹੱਤਿਆ ਹੈ ਤੇ ਸਿੱਟਾ ਇਹ ਹੈ ਕਿ 1000 ਮਰਦ ਪਿੱਛੇ ਸਿਰਫ਼ 874

ਇਸਤਰੀਆਂ ਹੀ ਹਨ। ਇਸੇ ਤਰ੍ਹਾਂ ਜ਼ਾਤ-ਪਾਤ ਦਾ ਵਿਤਕਰਾ ਹੈ। ਇਹਨਾਂ ਦਾਅਵਿਆਂ ਦੇ ਬਾਵਜੂਦ ਕਿ ਸਿੱਖ ਇਕ ਜ਼ਾਤ-ਪਾਤ ਰਹਿਤ ਭਾਈਚਾਰਾ ਹੈ, ਪਿੰਡਾਂ ਵਿੱਚ ਰਹਿੰਦੇ ਨੀਵੀਂ ਜ਼ਾਤੀ ਦੇ ਸਿੱਖਾਂ ਦੇ ਆਪਣੇ ਵੱਖਰੇ ਗੁਰਦੁਆਰੇ ਹਨ। ਸਿੱਖ ਅਜੇ ਵੀ ਤਿੰਨ ਵਰਗਾਂ ਵਿੱਚ ਵੰਡੇ ਹੋਏ ਹਨ—ਜੱਟ, ਗੈਰ ਜੱਟ (ਜੋ ਬ੍ਰਾਹਮਣਾਂ, ਖੱਤਰੀਆਂ ਤੇ ਵੈਸ਼ਾਂ 'ਤੇ ਅਧਾਰਿਤ ਹਨ), ਤੇ ਮਜ਼੍ਹਬੀ। ਤਿੰਨਾਂ ਵਿੱਚ ਅੰਤਰ-ਜ਼ਾਤੀ ਵਿਆਹਾਂ ਤੇ ਨਾਰਾਜ਼ਗੀ ਪਾਈ ਜਾਂਦੀ ਹੈ ਤੇ ਮੱਥੇ ਤਿਉੜੀਆਂ ਪਾ ਲਈਆਂ ਜਾਂਦੀਆਂ ਹਨ।

ਇਕ ਵਰਨਣਯੋਗ ਤਬਦੀਲੀ ਜਿਸ ਦੇ ਭਵਿੱਖ ਵਿੱਚ ਭੈੜੇ ਪ੍ਰਭਾਵ ਹੋ ਸਕਦੇ ਹਨ ਵੱਡੀ ਪੱਧਰ 'ਤੇ ਬਿਹਾਰੀ ਤੇ ਉੱਤਰ ਪ੍ਰਦੇਸ਼ ਦੇ ਖੇਤ ਮਜ਼ਦੂਰਾਂ ਦਾ ਪੰਜਾਬ ਵੱਲ ਪ੍ਰਵਾਹ ਹੈ। ਉਹ ਪੰਜਾਬ ਵਿੱਚ ਫ਼ਸਲ ਦੀ ਕਟਾਈ ਸਮੇਂ ਮਜ਼ਦੂਰ ਬਣ ਕੇ ਆਉਂਦੇ ਹਨ ਪਰ ਬਹੁਤੇ ਪੰਜਾਬ ਵਿੱਚ ਰਹਿ ਕੇ ਘਰ ਬਣਾ ਲੈਂਦੇ ਹਨ, ਵੋਟਾਂ ਬਣਵਾ ਲੈਂਦੇ ਹਨ ਤੇ ਰਾਸ਼ਨ ਕਾਰਡ ਵੀ ਬਣਵਾ ਲੈਂਦੇ ਹਨ। ਸਿੱਖ ਕਿਸਾਨਾਂ ਦੇ ਪੁੱਤਰ ਜੋ ਹੱਥੀਂ ਮਿਹਨਤ ਮਜ਼ਦੂਰੀ ਤੋਂ ਟਲਦੇ ਹਨ, ਯੂਰਪ, ਕੈਨੇਡਾ ਤੇ ਸੰਯੁਕਤ ਰਾਜ ਅਮਰੀਕਾ ਜਾਂ ਹੋਰ ਬਾਹਰਲੇ ਦੇਸ਼ਾਂ ਵਿੱਚ, ਜਿੱਥੋਂ ਦੀ ਉਹਨਾਂ ਨੂੰ ਰਾਹਦਾਰੀ ਜਾਂ ਕੰਮ ਕਰਨ ਦੇ ਇਜ਼ਾਜ਼ਤਨਾਮੇ ਮਿਲ ਜਾਂਦੇ ਹਨ, ਪ੍ਰਵਾਸ ਕਰ ਜਾਂਦੇ ਹਨ। ਜੇ ਇਹ ਵਰਤਾਰਾ ਜਾਰੀ ਰਿਹਾ ਤਾਂ ਇਸ ਦੇ ਰਾਜ ਦੇ ਸੰਪ੍ਰਦਾਇਕ ਸਮੀਕਰਨ ਤੇ ਬੜੇ ਗੰਭੀਰ ਪ੍ਰਭਾਵ ਪੈਣਗੇ।

ਹਿੰਦੂਆਂ ਤੇ ਸਿੱਖਾਂ ਦੇ ਆਪਸੀ ਸਬੰਧ ਜੋ "ਨੀਲਾ ਤਾਰਾ ਸਾਕਾ" ਤੇ ਨਵੰਬਰ 1984 ਵੇਲੇ ਸਿੱਖ ਵਿਰੋਧੀ ਹਿੰਸਾ ਤੇ ਦੰਗਿਆਂ ਪਿੱਛੋਂ ਬੜੇ ਤਲਖ਼ ਹੋ ਗਏ ਸਨ ਹੁਣ ਹੌਲੀ-ਹੌਲੀ ਨਿਰਸੰਦੇਹ ਬਹੁਤ ਸੁਖਾਵੇਂ ਤੇ ਇਕਸੁਰਤਾ ਵਾਲੇ ਹੋ ਗਏ ਹਨ। ਭਾਵੇਂ ਸਬੰਧ ਪਹਿਲਾਂ ਵਾਂਗ "ਨਹੁੰ-ਮਾਸ" ਵਾਲੇ ਆਦਰਸ਼ਕ ਨਾ ਵੀ ਹੋ ਸਕਣ ਪਰ ਇਹ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਰਹਿ ਕੇ ਵੀ ਉਹ ਸ਼ਾਂਤੀ ਨਾਲ ਰਹਿ ਸਕਦੇ ਹਨ।

o—o—o

ਵਿਦੇਸ਼ਾਂ ਵਿੱਚ ਵੱਸੇ ਸਿੱਖਾਂ ਲਈ ਮਾਨ ਕਰਨ ਦੇ ਅਨੇਕਾਂ ਕਾਰਨ ਹਨ। ਕੈਨੇਡਾ ਵਿੱਚ ਸਿੱਖਾਂ ਨੇ ਲਕੜੀ ਕੱਟਣ, ਕਾਰਖ਼ਾਨਿਆਂ ਦੇ ਕਾਮਿਆਂ ਤੇ ਟੈਕਸੀ ਚਾਲਕਾਂ ਵਜੋਂ ਕੰਮ ਸ਼ੁਰੂ ਕੀਤਾ। ਹੁਣ ਉੱਥੇ ਉਹ ਕਿਸਾਨ ਵੀ ਹਨ, ਪੇਸ਼ਾਵਰ ਵੀ ਤੇ ਉਦਯੋਗਪਤੀ ਵੀ ਹਨ ਤੇ ਉਹਨਾਂ ਨੇ ਉਥੋਂ ਦੇ ਰਾਜਸੀ ਜ਼ਿੰਦਗੀ ਵਿੱਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ ਹੈ। ਉੱਜਲ ਦੋਸਾਂਝ ਪਿੱਛੋਂ, ਜੋ ਬ੍ਰਿਟਿਸ਼, ਕੋਲੰਬੀਆ ਦਾ 2000-1 ਵਿੱਚ ਪ੍ਰਧਾਨ ਮੰਤਰੀ ਬਣਿਆ, ਗੁਲਜ਼ਾਰ ਚੀਮਾ ਪ੍ਰਾਂਤਕ ਸਰਕਾਰ ਵਿੱਚ ਮੰਤਰੀ ਬਣਿਆ ਤੇ ਹਰਬ ਧਾਲੀਵਾਲ ਸੰਘ ਸਰਕਾਰ ਵਿੱਚ ਮੰਤਰੀ ਬਣ ਗਿਆ। ਰਾਮਿੰਦਰ ਗਿੱਲ ਪ੍ਰਧਾਨ ਮੰਤਰੀ ਦਾ ਪਾਰਲੀਮੈਂਟਰੀ ਸਹਾਇਕ ਹੈ। ਸੰਯੁਕਤ ਰਾਜ ਅਮਰੀਕਾ ਵਿੱਚ "ਆੜੂ ਸਮਰਾਟ" ਦੀਦਾਰ ਸਿੰਘ ਤੋਂ ਬਿਨਾਂ ਐਚ.ਐਸ. ਸਮਰਾ ਵੀ ਹੈ, ਜਿਸ ਦੀ ਓਕਰਾ ਕਰੇਲੇ ਜਿਹੀਆਂ ਭਾਰਤੀ ਸਬਜ਼ੀਆਂ ਪੈਦਾ ਕਰਨ ਵਿੱਚ ਮੁਹਾਰਤ ਹੈ। ਡਾਕਟਰ ਐਨ.ਐਸ. ਕਪਾਨੀ ਜੋ ਲੰਡਨ, ਸਾਨ ਫ਼ਰਾਂਸਿਸਕੋ ਤੇ ਵਾਸ਼ਿੰਗਟਨ ਵਿੱਚ ਸਿੱਖ ਸਿਮ੍ਰਤੀ ਚਿੰਨ੍ਹਾਂ ਦੀ ਨੁਮਾਇਸ਼ਾਂ ਦਾ ਪ੍ਰਬੰਧਕ ਕਰਨ ਵਿੱਚ ਪ੍ਰਮੁੱਖ ਸੀ ਤੇ ਜਿਸ ਨੂੰ ਰੇਸ਼ੇਦਾਰ ਐਨਕਾਂ ਦਾ ਪਿਤਾਮਾ ਕਿਹਾ ਜਾਂਦਾ ਹੈ, ਹੁਣ ਉਹ ਰੇਸ਼ੇਦਾਰ ਕੱਚ ਦੀਆਂ ਵਸਤੂਆਂ ਦਾ ਸਭ ਤੋਂ ਸਰਵੋਤਮ ਅਧਿਕਾਰ ਪੱਤਰ ਪ੍ਰਾਪਤ ਕਰਤਾ ਹੈ। ਸੰਤ ਸਿੰਘ ਛੱਤਵਾਲ ਮੁਲਕ ਭਰ ਵਿੱਚ ਹੋਟਲਾਂ ਦੇ ਸਿਲਸਿਲੇ ਦਾ ਮਾਲਕ ਹੈ

ਤੇ ਉਹ ਰਾਸ਼ਟਰਪਤੀ ਬਿਲ ਕਲਿੰਟਨ ਦੀ ਚੋਣ ਮੁਹਿੰਮ ਲਈ ਪੈਸਾ ਇਕੱਠਾ ਕਰਨ ਵਾਲੇ ਪ੍ਰਮੁੱਖ ਮੋਹਰੀਆਂ ਵਿੱਚੋਂ ਇਕ ਸੀ। ਵਾਸ਼ਿੰਗਟਨ ਡੀ. ਸੀ. ਦੇ ਅਮੀਰ ਵਪਾਰੀ ਨਾਨਕ ਕੋਹਲੀ ਨੇ ਭਾਰਤ ਵਿੱਚ ਪ੍ਰਾਇਮਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ 25 ਕਰੋੜ ਰੁਪਏ ਦਾ ਖ਼ਰੈਤੀ ਟਰਸਟ ਕਾਇਮ ਕੀਤਾ ਹੈ। ਇੰਗਲੈਂਡ ਵਿੱਚ "ਹਾਊਸ ਆਫ਼ ਕਾਮਨਜ਼" ਤੇ "ਹਾਊਸ ਆਫ਼ ਲਾਰਡਜ਼" ਦੋਹਾਂ ਵਿੱਚ ਸਿੱਖ ਪਾਰਲੀਮੈਂਟ ਮੈਂਬਰ ਹਨ। ਰਊਬਨ ਸਿੰਘ ਲੱਖਤੀ ਬਣਨ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਹੈ। ਪਾਰਲੀਮੈਂਟ ਦੇ ਚੋਣ ਹਲਕਿਆਂ ਵਿੱਚ ਸਿੱਖ ਜੱਜ ਤੇ "ਨਗਰ-ਪਤੀ" ਹਨ। ਇਸ ਸੰਪ੍ਰਦਾ ਦੀ ਸਫ਼ਲਤਾ ਦੀ ਕਹਾਣੀ ਪੂਰਬੀ ਅਫ਼ਰੀਕਾ, ਸਿੰਗਾਪੁਰ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿੱਚ ਵੀ ਦੁਹਰਾਈ ਗਈ ਹੈ। ਕਿਹਾ ਜਾ ਸਕਦਾ ਹੈ ਕਿ ਭਾਵੇਂ ਸਿੱਖ ਆਪਣੇ ਭੂਤਕਾਲ ਦੀ ਬਹੁਤ ਸਾਰੀ ਸੋਭਾ ਤੇ ਸ਼ਾਨ ਗੁਆ ਚੁੱਕੇ ਹਨ ਪਰ ਉਹਨਾਂ ਦੇ ਉੱਦਮ ਤੇ ਦਬੰਗਪੁਣੇ ਦੀ ਭਾਵਨਾ ਅਜੇ ਵੀ ਜ਼ਿੰਦਾ ਹੈ। ਸ਼ਾਇਦ ਜਿਹੜੀ ਚੀਜ਼ ਉਹਨਾਂ ਨੂੰ ਉਤਸ਼ਾਹ ਦਿੰਦੀ ਤੇ ਉਹਨਾਂ ਵਿੱਚ ਜ਼ਿੰਦਗੀ ਧੜਕਾਉਂਦੀ ਹੈ ਇਹ ਉਹਨਾਂ ਦਾ ਅਮਿੱਟ ਵਿਸ਼ਵਾਸ਼ ਹੈ ਕਿ ਆਦਮੀ ਨੂੰ ਕਦੇ ਹੌਂਸਲਾ ਨਹੀਂ ਹਾਰਨਾ ਚਾਹੀਦਾ ਤੇ ਸਦਾ ਹੀ ਚੜ੍ਹਦੀ ਕਲਾ ਵਿੱਚ ਰਹਿਣਾ ਚਾਹੀਦਾ ਹੈ।

ਸਮੇਂ ਤੋਂ ਪਹਿਲਾਂ ਕਰਵਾਈਆਂ ਗਈਆਂ ਚੋਣਾਂ ਅਪ੍ਰੈਲ 2004 ਵਿੱਚ ਹੋਈਆਂ। ਪ੍ਰਧਾਨ ਮੰਤਰੀ ਅਟੱਲ ਬਿਹਾਰੀ ਬਾਜਪਾਈ ਤੇ ਉਹਦੇ ਨਾਇਬ ਲਾਲ ਕ੍ਰਿਸ਼ਨ ਅਡਵਾਨੀ ਨੂੰ ਭਾਰੀ ਬਹੁ ਮੱਤ ਨਾਲ ਧੜੱਲੇਦਾਰ ਵਾਪਸੀ ਦੀ ਉਮੀਦ ਸੀ। ਉਹਨਾਂ ਨੇ "ਭਾਰਤ ਚਮਕ ਰਿਹਾ ਹੈ" (ਇੰਡੀਆ ਸ਼ਾਈਨਿੰਗ) ਤੇ "ਚੰਗਾ ਮਹਿਸੂਸ ਕਰੋ" (ਫੀਲ ਗੁੱਡ) ਦੇ ਨਾਅਰਿਆਂ ਨਾਲ ਜ਼ੋਰਦਾਰ ਚੋਣ ਮੁਹਿੰਮ ਵੀ ਚਲਾਈ ਕਿਉਂਕਿ ਉਹਨਾਂ ਦੇ ਰਾਜਕਾਲ ਵਿੱਚ ਦੇਸ਼ ਨੇ ਕਾਫ਼ੀ ਉੱਨਤੀ ਕੀਤੀ ਸੀ। ਪ੍ਰੰਤੂ ਉਹਨਾਂ ਨੂੰ ਸਖ਼ਤ ਝਟਕਾ ਲੱਗਾ। ਜਦੋਂ ਅਗਲੇ ਮਹੀਨੇ ਚੋਣ ਨਤੀਜੇ ਆਉਣੇ ਸ਼ੁਰੂ ਹੋਏ ਤਾਂ ਭਾਜਪਾ ਦੀ ਅਗਵਾਈ ਵਿੱਚ ਸੱਜੇਪੱਖੀ ਹਿੰਦੂ ਪਾਰਟੀਆਂ ਨੂੰ ਸੋਨੀਆ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਹੱਥੋਂ ਸ਼ਰਮਨਾਕ ਹਾਰ ਹੋਈ। ਨਿਰਾਸ਼ ਹੋ ਕੇ ਭਾਜਪਾ ਨੇ ਇਕ ਜ਼ੋਰਦਾਰ ਮੁਹਿੰਮ ਚਲਾ ਦਿੱਤੀ ਤੇ ਦੇਸ਼ ਵਾਸੀਆਂ ਨੂੰ ਕਿਹਾ ਕਿ ਉਹ ਇਕ "ਵਿਦੇਸ਼ੀ ਮਹਿਲਾ" ਨੂੰ ਪ੍ਰਧਾਨ ਮੰਤਰੀ ਸਵੀਕਾਰ ਨਾ ਕਰਨ। ਇਕ ਵਾਰ ਫਿਰ ਸ੍ਰੀਮਤੀ ਸੋਨੀਆ ਗਾਂਧੀ ਨੇ ਡਾਕਟਰ ਮਨਮੋਹਨ ਸਿੰਘ ਨੂੰ ਕਾਂਗਰਸ ਪਾਰਟੀ ਵੱਲੋਂ ਨਾਮਜ਼ਦ ਕਰਕੇ ਉਹਨਾਂ ਨੂੰ ਪਟਖਣ ਦੇ ਦਿੱਤੀ। ਵਿਰੋਧੀ ਧਿਰ ਠੁੱਸ ਹੋ ਗਈ।

ਇਹ ਪ੍ਰਤੀਤ ਹੁੰਦਾ ਹੈ ਕਿ ਇਕ ਗੁਪਤ ਸਮਝੌਤਾ ਸੀ ਕਿ ਜਦੋਂ ਸ੍ਰੀਮਤੀ ਗਾਂਧੀ ਕਾਂਗਰਸ ਪ੍ਰਧਾਨ ਵਜੋਂ ਰਾਜਸੀ ਮਾਮਲਿਆਂ ਤੇ ਨਿਯੰਤਰਨ ਰੱਖੇਗੀ, ਡਾ. ਮਨਮੋਹਨ ਸਿੰਘ ਨੂੰ ਮੁਲਕ ਦੀ ਆਰਥਿਕ ਸਥਿਤੀ ਨੂੰ ਸਹੀ ਰਾਹ 'ਤੇ ਲਿਆਉਣ ਲਈ ਪੂਰੀ ਖੁੱਲ੍ਹ ਹੋਵੇਗੀ। ਡਾ. ਮਨਮੋਹਨ ਸਿੰਘ ਨੇ ਮਨਟੇਕ ਸਿੰਘ ਆਹਲੂਵਾਲੀਆ ਨੂੰ ਵਾਪਸ ਬੁਲਾ ਕੇ ਯੋਜਨਾ ਕਮਿਸ਼ਨ ਦਾ ਉਪ-ਪ੍ਰਧਾਨ ਨਿਯੁਕਤ ਕਰ ਦਿੱਤਾ ਜਿਹੜਾ ਡਾਕਟਰ ਮਨਮੋਹਨ ਸਿੰਘ ਦੇ ਵਿੱਤ ਮੰਤਰੀ ਹੋਣ ਸਮੇਂ ਉਹਦਾ ਵਿੱਤ ਸਕੱਤਰ ਰਿਹਾ ਸੀ।

ਇਸ ਤਰ੍ਹਾਂ 2004 ਦੇ ਵਰ੍ਹੇ ਵਿੱਚ ਦੋ ਸਿੱਖ ਮੁਲਕ ਦੇ ਸ਼ਾਸ਼ਨ ਦੀ ਅਗਵਾਈ ਕਰ ਰਹੇ ਸਨ। ਇਸ ਤਰ੍ਹਾਂ ਉਹ ਭਵਿੱਖਬਾਣੀ ਪੂਰੀ ਹੋ ਗਈ ਕਿ ਖ਼ਾਲਸਾ ਰਾਜ ਕਰੇਗਾ। (ਰਾਜ ਕਰੇਗਾ ਖ਼ਾਲਸਾ)।

ਹਵਾਲੇ

1. ਕੇ. ਐਸ. ਬਰਾੜ,. ਮੇਜਰ ਜਨਰਲ (ਰਿਟਾਇਰਡ) ਦੀ ਟਰੂ ਸਟੋਰੀ (ਅਸਲੀ ਕਹਾਣੀ), (ਯੂ. ਬੀ. ਐਸ., 1993)

2. ਕੇ ਪੀ. ਐਸ. ਗਿੱਲ, ਦੀ ਨਾਈਟਸ ਆ ਫ਼ਾਲਸਹੁੱਡ (ਝੂਠੇ ਸੂਰਮੇ), (ਹਰ ਆਨੰਦ, 1997)

3. ਸਰਬਜੀਤ ਸਿੰਘ, ਕਾਲੀ ਗਰਜ ਦਾ ਸਾਕਾ, ਪੰਜਾਬ ਵਿੱਚ ਆਤੰਕਵਾਦ ਦਾ ਚਸ਼ਮ-ਦੀਦ-ਗਵਾਹ (ਸੇਜ, 2002)

4. ਗੋਪਾਲ ਸਿੰਘ, ਅੱਜ ਦਾ ਪੰਜਾਬ (ਪੰਜਾਬ ਟੂਡੇ), ਇੰਟੈਕਚੂਅਲ ਪਬਲਿਸ਼ੰਗ ਹਾਊਸ, 1987)

5. ਵਰੇਂਦਰ ਗਰੋਵਰ, ਪੰਜਾਬ ਦੇ ਕੱਲ ਤੇ ਅੱਜ ਦੀ ਕਹਾਣੀ (ਦੀ ਸਟੋਰੀ ਔਫ ਪੰਜਾਬ ਯੈਸਟਰਡੇ ਐਂਡ ਟੂਡੇ, ਦੋ ਜਿਲਦਾਂ (ਦੀਪ ਐਂਡ ਦੀਪ ਪਬਲੀਕੇਸ਼ਨਜ਼, 1995)

6. ਮਨਮੋਹਨ ਸਿੰਘ, ਪੰਜਾਬ 2000, ਰਾਜਸੀ ਤੇ ਸਮਾਜਿਕ-ਆਰਥਿਕ ਵਿਕਾਸ (ਪੋਲਿਟੀਕਲ ਐਂਡ ਸੋਸ਼ਿਓ-ਇਕੋਨਾਮਿਕ ਡਿਵੈਲਪਮੈਂਟ) ਅਨਾਮਿਕਾ ਪਬਲੀਕੇਸ਼ਨਜ, 2000)

7. ਰੀਡਿਊਸਡ ਟੂ ਐਸ਼ਜ਼, ਦੀ ਇਨਸਰਜੈਨਸੀ ਐਂਡ ਹਿਊਮੈਨ ਰਾਈਟਸ ਇਨ ਪੰਜਾਬ (ਸਾਊਥ ਏਸ਼ੀਆ ਫ਼ੋਰਮ ਫੌਰ ਹਿਊਮੈਨ ਰਾਈਟਸ, 2003)

8. ਗੁਰਮੁਖ ਸਿੰਘ, ਦੀ ਰਾਈਜ਼ ਔਫ ਦੀ ਸਿੱਖਸ ਅਬਰੋਡ (ਰੋਲੀ, 2003)

9. ਸੁਰਜੀ ਕੌਰ, ਅਮੰਗ ਦੀ ਸਿੱਖਸ, (ਰੋਲੀ, 2003)

10. ਚਮਨ ਲਾਲ ਝੰਬ, ਆਜ਼ਾਦੀ ਤੋਂ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ (ਚੀਫ਼ ਮਨਿਸਟਰਜ਼ ਆਫ਼ ਪੰਜਾਬ ਸਿਨਸ ਇੰਡੀਪੈਂਡੈਂਸ) ਅਰੁਣ ਪਬਲਿਸ਼ਿੰਗ ਹਾਊਸ)

11. ਜੂਲੀਓ ਰਿਬੇਰੋ (ਬੁਲਿਟ ਫਾਰ ਬੁਲਿਦ) ਗੋਲੀ ਬਦਲੇ ਗੋਲੀ (ਵਾਈਕਿੰਗ)

12. ਦਾਨੇਵਾਲੀਆ, ਭਗਵਾਨ ਸਿੰਘ, 20ਵੀਂ ਸਦੀ ਦੇ ਪੰਜਾਬ ਵਿੱਚ ਪੁਲਿਸ ਤੇ ਰਾਜਨੀਤੀ (ਪੁਲਿਸ ਐਂਡ ਪਾਲਿਟਿਕਸ ਇਨ ਟਵੈਂਟੀਅਥ ਸੈਂਚਰੀ ਪੰਜਾਬ, (ਅਜੰਤਾ)

ਅੰਤਿਕਾ 1
ਸਿੱਖਾਂ ਦਾ ਸਭਿਆਚਾਰਕ ਵਿਰਸਾ
ਪੰਜਾਬੀ ਭਾਸ਼ਾ, ਸਾਹਿਤ ਤੇ ਚਿੱਤਰਕਲਾ

ਭਾਸ਼ਾ—ਪੰਜਾਬੀ ਭਾਸ਼ਾ ਦੇ ਆਰੰਭ ਬਾਰੇ ਵਿਰੋਧੀ ਵਿਚਾਰ ਹਨ। ਸਾਨੂੰ ਇਸ ਬਾਰੇ ਕੋਈ ਪੱਕਾ ਵਿਸ਼ਵਾਸ ਨਹੀਂ ਹੈ ਕਿ ਆਰੀਆ ਲੋਕਾਂ ਦੇ ਹਮਲਿਆਂ ਤੋਂ ਪਹਿਲਾਂ ਇਸ ਖੇਤਰ ਦੇ ਲੋਕ ਕਿਹੜੀ ਭਾਸ਼ਾ ਬੋਲਦੇ ਸਨ। ਭਾਵੇਂ ਇਹ ਕੋਈ ਵੀ ਭਾਸ਼ਾ ਹੋਵੇ ਇਹ ਸੰਸਕ੍ਰਿਤ ਦੇ ਪ੍ਰਭਾਵ ਅਧੀਨ ਸੀ। ਉਸ ਮਗਰੋਂ ਆਰੀਆਂ ਦੀ ਸੰਸਕ੍ਰਿਤ ਵਿੱਚ ਜੱਟ ਕਬੀਲਿਆਂ ਦੀ ਭਾਸ਼ਾ ਦੀ ਮਿਲਾਵਟ ਹੋ ਗਈ ਜੋ ਰਾਜਸਥਾ ਤੋਂ ਪਰਵਾਸ ਕਰਕੇ ਪੰਜਾਬ ਵਿੱਚ ਆ ਵੱਸੇ ਸਨ। ਇਸ ਮਿਸ਼ਰਣ ਤੋਂ ਹਿੰਦਕੋ, ਮੁਲਤਾਨੀ, ਪੋਠੋਹਾਰੀ, ਮਾਝੀ, ਮਲਵਈ, ਪੁਆਧੀ, ਡੋਗਰੀ, ਦੁਆਬੀ ਤੇ ਪਹਾੜੀ ਆਦਿ ਉਪਭਾਸ਼ਾਵਾਂ ਦਾ ਜਨਮ ਹੋਇਆ।

ਗਿਆਰ੍ਹਵੀਂ ਸਦੀ ਦੇ ਪੰਜਾਬ ਉੱਪਰ ਹੋਰ ਵੀ ਕਈ ਭਾਸ਼ਾਈ ਪ੍ਰਭਾਵ ਪਏ। ਮੁਸਲਮਾਨ ਹਮਲਾਵਰ ਅਰਬੀ, ਫ਼ਾਰਸੀ ਤੇ ਤੁਰਕੀ ਲਿਆਏ। ਅੰਗਰੇਜ਼ਾਂ ਨੇ ਅੰਗਰੇਜ਼ੀ ਸ਼ੁਰੂ ਕੀਤੀ। ਵਿਜੇਤਾਵਾਂ ਦੀਆਂ ਭਾਸ਼ਾਵਾਂ ਨੇ ਪੰਜਾਬੀ ਦੇ ਮੂਲ ਢਾਂਚੇ ਨੂੰ ਤਬਦੀਲ ਕੀਤੇ ਬਿਨਾਂ ਇਸ ਨੂੰ ਅਮੀਰ ਕੀਤਾ। ਕਿਉਂਕਿ ਮੁਸਲਮਾਨ ਹਮਲਾਵਰ ਪੰਜਾਬ ਵਿੱਚ ਵੱਸ ਗਏ ਸਨ, ਇਸ ਲਈ ਅਰਬੀ, ਫ਼ਾਰਸੀ ਤੇ ਤੁਰਕੀ ਦੇ ਸ਼ਬਦ ਕਿਸਾਨਾਂ ਦੀ ਬੋਲਚਾਲ ਵਿੱਚ ਆ ਗਏ। ਅੰਗਰੇਜ਼ੀ ਸਬੰਧੀ ਇਹ ਗੱਲ ਪੂਰੀ ਤਰ੍ਹਾਂ ਲਾਗੂ ਨਾ ਹੋਈ ਕਿਉਂਕਿ ਇਹ ਰਾਜ ਪ੍ਰਬੰਧ ਤੇ ਤਕਨੀਕ ਮਾਮਲਿਆਂ ਤੱਕ ਹੀ ਸੀਮਤ ਰਹੀ ਤੇ ਇਹਦੀ ਵਰਤੋਂ ਸਿਰਫ਼ ਪੜ੍ਹੇ ਲਿਖੇ ਵਰਗ ਹੀ ਕਰਦੇ ਸਨ।

ਗੁਰਮੁਖੀ ਲਿੱਪੀ—ਵਿਦਵਾਨਾਂ ਦਾ ਗੁਰਮੁਖੀ ਲਿੱਪੀ ਦੇ ਆਰੰਭ ਬਾਰੇ ਮੱਤਭੇਦ ਹੈ। ਆਮ ਵਿਸ਼ਵਾਸ ਇਹ ਹੈ ਕਿ ਦੂਸਰੇ ਗੁਰੂ ਅੰਗਦ ਦੇਵ ਨੇ ਇਹ ਲਿੱਪੀ ਬਣਾਈ ਸੀ। ਪ੍ਰੰਤੂ ਇਸ ਨੂੰ ਤੱਥ ਨਾਲ ਗ਼ਲਤ ਸਿੱਧ ਕੀਤਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਆਪਣੀ ਅੱਖਰ ਬੱਧ ਪੈਂਤੀ ਅੱਖਰੀ ਵਿੱਚ ਇਸ ਦੇ ਪੈਂਤੀ ਅੱਖਰਾਂ ਦੀ ਵਰਤੋਂ ਕੀਤੀ ਸੀ। ਇਸ ਤੋਂ ਕੁਝ ਵਿਦਵਾਨਾਂ ਨੇ ਸਿੱਟਾ ਕੱਢਿਆ ਹੈ ਕਿ ਨਾਨਕ ਗੁਰਮੁਖੀ ਵਰਣਮਾਲਾ ਦਾ ਰਚਨਹਾਰਾ ਸੀ। ਹੁਣੇ-ਹੁਣੇ ਨਾਨਕ ਦੇ ਸਮੇਂ ਤੋਂ ਪਹਿਲਾਂ ਦੇ ਦਸਤਾਵੇਜ਼ ਮਿਲੇ ਹਨ ਜੋ ਇਹ ਨਿਸਚੇਪੂਰਵਕ ਸਿੱਧ ਕਰਦੇ ਹਨ ਕਿ 35 ਅੱਖਰ ਜਿਹਨਾਂ ਨੂੰ ਅਸੀਂ ਗੁਰਮੁਖੀ ਕਹਿੰਦੇ ਹਾਂ ਗੁਰੂ ਸਾਹਿਬਾਨ ਦੇ ਸਮੇਂ ਤੋਂ ਬਹੁਤ ਪਹਿਲਾਂ ਵਰਤੇ ਜਾਂਦੇ ਸਨ। ਪ੍ਰੀਤਮ ਸਿੰਘ, ਜਿਸ ਨੂੰ ਆਮ ਤੌਰ 'ਤੇ ਇਕ ਪ੍ਰਸਿੱਧ ਵਿਦਵਾਨ ਮੰਨਿਆ ਜਾਂਦਾ ਹੈ, ਇਸ ਵਿਚਾਰ ਦਾ ਹੈ ਕਿ ਗੁਰਮੁਖੀ ਲਿੱਪੀ, ਉੱਤਰੀ ਭਾਰਤ ਦੀਆਂ ਹੋਰ ਲਿੱਪੀਆਂ ਵਾਂਗ ਸਮਰਾਟ ਅਸ਼ੋਕ ਦੇ ਸਮੇਂ ਭਾਵ ਤੀਸਰੀ ਪੂਰਵ-ਈਸਵੀ ਦੇ ਸਮੇਂ ਵਿੱਚ ਵਰਤੀ ਜਾਂਦੀ ਸੀ ਤੇ ਇਹ ਬ੍ਰਹਮੀ ਲਿੱਪੀ ਵਿੱਚੋਂ ਉਤਪੰਨ ਹੋਈ ਸੀ। ਪਰ ਇਸ ਦੇ ਵਿਕਾਸ ਦੀਆਂ ਨਿਸ਼ਚਿਤ ਤਾਰੀਖਾਂ ਨਹੀਂ ਮਿਥੀਆਂ ਜਾ ਸਕਦੀਆਂ।

ਸਾਹਿੱਤ—ਪੰਜਾਬੀ ਵਿਦਵਾਨ ਵੀ ਦੂਸਰੀਆਂ ਭਾਸ਼ਾਵਾਂ ਦੇ ਸਾਹਿਤਕਾਰਾਂ ਵਾਂਗ

ਆਪਣੇ ਸਾਹਿੱਤ ਦੀ ਪ੍ਰਾਚੀਨਤਾ ਸਿੱਧ ਕਰਨ ਲਈ ਟੱਕਰ ਲੈਂਦੇ ਹਨ। ਪ੍ਰੰਤੂ ਪੰਜਾਬੀ ਲਿਖਤਾਂ ਦਾ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਦਾ ਤੇ ਉਹਨਾਂ ਦੀ ਭਾਸ਼ਾ ਦੇ ਸ਼ਬਦਾਂ ਦੇ ਸੰਮਿਲਨ ਦਾ ਬੜਾ ਘੱਟ ਪ੍ਰਮਾਣ ਮਿਲਦਾ ਹੈ। ਸਭ ਤੋਂ ਪੁਰਾਣੀ ਮਿਸ਼ਾਲ ਜਿਸ ਨੂੰ ਪੰਜਾਬੀ ਕਵਿਤਾ ਕਿਹਾ ਜਾ ਸਕਦਾ ਹੈ, ਉਹ ਵਾਰਾਂ ਦੇ ਰੂਪ ਵਿੱਚ ਹੈ ਜਿਹਨਾਂ ਦੀ ਰਚਨਾ ਮੁਸਲਮਾਨਾਂ ਦੇ ਹਮਲਿਆਂ ਸਮੇਂ ਕੀਤੀ ਗਈ ਸੀ। ਇਹ ਵਾਰਾਂ ਖ਼ਾਸ ਧੁਨੀ ਅਨੁਸਾਰ ਗਾਈਆਂ ਜਾਂਦੀਆਂ ਸਨ ਜਿਹਨਾਂ ਦਾ ਜ਼ਿਕਰ ਗੁਰੂ ਨਾਨਕ ਦੀ ਰਚਨਾ ਵਿੱਚ ਮਿਲਦਾ ਹੈ ਜਿਵੇਂ—ਰਾਇ ਕਮਾਲ ਦੀ ਵਾਰ, ਟੁੰਡੇ ਅਸਰਾਜੇ ਕੀ ਵਾਰ ਆਦਿ।

ਸੂਫ਼ੀ—ਸੂਫ਼ੀਆਂ ਦੇ ਕਈ ਸਿਲਸਿਲਿਆਂ ਵਿੱਚੋਂ ਪੰਜਾਬ ਵਿੱਚ ਤਿੰਨ ਵਧੇ ਫੁੱਲੇ ਤੇ ਵਿਕਸਿਤ ਹੋਏ ਤੇ ਉਹਨਾਂ ਨੇ ਕਈ ਸ਼ਾਇਰ ਪੈਦਾ ਕੀਤੇ। ਚਿਸ਼ਤੀਆਂ ਦਾ ਸ਼ਾਇਰ ਫ਼ਰੀਦ ਸ਼ੱਕਰ ਗੰਜ 12ਵੀਂ ਸਦੀ ਵਿੱਚ ਹੋਇਆ, ਕਲੰਦਰੀ ਸੂਫ਼ੀਆਂ ਦਾ ਉੱਘਾ ਸ਼ਾਇਰ ਸ਼ਾਹ ਹੁਸੈਨ ਸੋਲ੍ਹਵੀਂ ਸਦੀ ਵਿੱਚ ਹੋਇਆ ਤੇ ਕਾਦਰੀ ਸਿਲਸਿਲੇ ਦਾ ਬੁਲ੍ਹੇਸ਼ਾਹ ਗੁਰੂ ਗੋਬਿੰਦ ਸਿੰਘ ਦਾ ਸਮਕਾਲੀ ਸੀ।

ਫ਼ਰੀਦ ਸ਼ੱਕਰ ਗੰਜ ਪੰਜਾਬੀ ਸਾਹਿੱਤ ਦਾ ਪਹਿਲਾ ਵੱਡਾ ਤੇ ਉੱਘਾ ਨਾਮ ਹੈ। ਉਸ ਨੇ ਪਾਕਪਟਨ ਨੂੰ ਆਪਣਾ ਪੱਕਾ ਟਿਕਾਣਾ (ਘਰ) ਬਣਾਇਆ ਜਿੱਥੇ ਉਸ ਦੇ ਉੱਤਰਾਧਿਕਾਰੀ ਵੀ ਫ਼ਰੀਦ ਨਾਮ ਹੇਠ ਧਾਰਮਕ ਬਾਣੀ ਦੀ ਰਚਨਾ ਕਰਦੇ ਰਹੇ ਤੇ ਸੂਫ਼ੀ ਸਿਧਾਂਤਾਂ ਦਾ ਪ੍ਰਚਾਰ ਕਰਦੇ ਰਹੇ। ਇਹ ਭਰੋਸੇ ਨਾਲ ਕਹਿਣਾ ਔਖਾ ਹੈ ਕਿ ਕਿਹੜੇ ਫ਼ਰੀਦ ਨੇ ਬਾਣੀ ਦੀ ਕਿਸ ਪੰਕਤੀ ਦੀ ਰਚਨਾ ਕੀਤੀ। ਫ਼ਰੀਦ ਦੇ ਨਾਮ ਹੇਠ 112 ਸਲੋਕ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ ਗਏ ਹਨ। ਵੇਖੋ ਜਿਲਦ ਪਹਿਲੀ ਅੰਤਿਕਾ 5, ਪੰਨਾ 319-20

ਫਰੀਦ ਦਾ ਮੁੱਖ ਵਿਸ਼ਾ ਮੌਤ ਸੀ। ਉਸ ਨੇ ਆਪਣੇ ਆਪ ਨੂੰ ਬਿਆਨ ਕਰਦਿਆਂ ਲਿਖਿਆ ਹੈ :

> ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
> ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ॥

ਉਸ ਦੀ ਬਹੁਤੀ ਰਚਨਾ ਵਿੱਚ ਉਦਾਸੀ ਤੇ ਵਿਸ਼ਾਦ ਦੀ ਸੁਰ ਵਿਆਪਕ ਹੈ। ਸੂਫ਼ੀਆਂ ਤੇ ਭਗਤਾਂ ਦੀ ਪਰਿਪਾਟੀ ਅਨੁਸਾਰ ਫ਼ਰੀਦ ਪ੍ਰਮਾਤਮਾ ਦੀ ਭਾਲ ਦਾ ਉਸ ਤਰ੍ਹਾਂ ਹੀ ਜ਼ਿਕਰ ਕਰਦਾ ਹੈ ਜਿਸ ਤਰ੍ਹਾਂ ਇਕ ਇਸਤਰੀ ਆਪਣੇ ਪ੍ਰੇਮੀ ਦੀ ਭੌਤਿਕ ਤੌਰ ਤੇ ਇੱਛਾ ਕਰਦੀ ਹੈ। ਇਹੋ ਪਰੰਪਰਾ ਸਿੱਖ ਗੁਰੂਆਂ ਦੀ ਬਾਣੀ ਵਿੱਚ ਵੀ ਕਾਇਮ ਰਹੀ।

ਲਾਹੌਰ ਦਾ ਸ਼ਾਹ ਹੁਸੈਨ ਸ਼ਰਾਬ, ਸੰਗੀਤ, ਨਾਚ ਦਾ ਸ਼ੌਕੀਨ ਤੇ ਸਮਲਿੰਗੀ ਸੀ। ਉਹਦੇ ਖਬਤ ਤੇ ਉਹਦੀ ਕਵਿਤਾ ਸਭ ਲੋਕਾਂ ਦੀ ਜ਼ਬਾਨ 'ਤੇ ਸੀ। ਉਹਦੀ ਰਚਨਾ ਵਿੱਚ ਕਾਫੀਆਂ ਤੋਂ ਬਿਨਾਂ ਕੁਝ ਨਹੀਂ ਮਿਲਦਾ ਜਿਹਨਾਂ ਦਾ ਉਲੇਖ ਵੀ ਮਗਰੋਂ ਕੀਤਾ ਗਿਆ। ਉਸ ਦੇ ਨਾਮ ਨਾਲ ਜੁੜੀਆਂ ਰਚਨਾਵਾਂ ਦੀ ਪ੍ਰਧਾਨ ਸੁਰ ਨਿਰਾਸਤਾ ਤੇ ਤਿਆਗ ਹੈ। "ਪਿਆਰੇ ਤੋਂ ਵਿਛੋੜੇ ਦੀ ਪੀੜ ਮੈਂ ਕਿਸ ਨੂੰ ਆਖਾਂ ? ਮੈਂ ਉਸ ਤੋਂ ਵਿੱਛੜ ਕੇ ਡਾਢਾ ਵਿਆਕੁਲ ਹਾਂ? ਇਸ ਪੀੜ ਨੇ ਮੈਨੂੰ ਝੱਲਾ ਬਣਾ ਦਿੱਤਾ ਹੈ। ਮੈਂ ਉਸ ਦੀ ਖੋਜ ਕਰਦਾ ਜੰਗਲਾਂ ਵਿੱਚ ਘੁੰਮਿਆ ਹਾਂ। ਪਰ ਮੈਂ ਉਸ ਨੂੰ ਲੱਭ ਨਹੀਂ ਸਕਿਆ। ਮੇਰੇ ਅੰਦਰ ਅੱਗ ਧੁਖ ਰਹੀ ਹੈ ਤੇ ਮੈਂ ਕਾਲੇ ਧੂੰਏਂ 'ਚੋਂ ਅੰਗਿਆਰ ਲੱਭ ਰਿਹਾ ਹਾਂ।" ਹੁਸੈਨ ਕਹਿੰਦਾ ਹੈ, "ਮੇਰੇ ਪਿਆਰੇ ਮੈਨੂੰ ਮਿਲ। ਪਿਆਰੇ ਦੇ ਮਾਰਿਆਂ ਦੀ ਕਿਸਮਤ ਤੇ ਤਰਸ ਕਰ।"

ਬੁਲ੍ਹੇਸ਼ਾਹ (1680-1758) ਕਸੂਰ ਦੇ ਨੇੜੇ ਇਕ ਪਿੰਡ ਵਿੱਚ ਪੈਦਾ ਹੋਇਆ ਸੀ।

ਉਹ ਸਾਰੇ ਸੂਫ਼ੀਆਂ ਤੋਂ ਵੱਧ ਗਾਂਵਿਆ ਗਿਆ ਹੈ ਤੇ ਉਸ ਦੇ ਹੀ ਬਹੁਤੇ ਪ੍ਰਮਾਣ ਦਿੱਤੇ ਜਾਂਦੇ ਹਨ। ਉਹ ਕਾਦਰੀ ਸਿਲਸਿਲੇ ਦੇ ਇਨਾਇਤ ਸ਼ਾਹ ਦਾ ਮੁਰੀਦ ਸੀ। ਉਹ ਮਸਜਿਦ ਛੱਡ ਕੇ ਪ੍ਰੇਮ ਦੇ ਗੀਤ ਗਾਉਣ ਲਈ ਸੂਫ਼ੀਆਂ ਦੇ ਡੇਰੇ ਚਲਾ ਗਿਆ। ਉਸ ਨੇ ਲਿਖਿਆ ਕਿ "ਪਿਆਰ ਦੀ ਪਹਿਲੀ ਪੌੜੀ ਮੌਤ ਤੇ ਜ਼ਿੰਦਗੀ ਵਿਚਕਾਰ ਨਰਕ ਹੈ। ਹਾਜੀ ਲੋਕ ਤਾਂ ਮੱਕੇ ਨੂੰ ਜਾਂਦੇ ਹਨ ਪਰ ਮੇਰੇ ਲਈ ਯਾਰ ਦਾ ਮੁੱਖੜਾ ਹੀ ਕਾਅਬਾ ਹੈ।" ਉਸ ਨੇ ਇਕ ਹੋਰ ਨਜ਼ਮ ਵਿੱਚ ਲਿਖਿਆ, "ਸ਼ਰ੍ਹਾ ਕਹਿੰਦੀ ਹੈ ਕਿ ਮੈਂ ਕਾਨੂੰਨ ਜਾਣਨ ਲਈ ਮੁੱਲਾਂ ਕੋਲ ਜਾਵਾਂ। ਪਿਆਰ ਕਹਿੰਦਾ ਹੈ ਕਿ ਇਕ ਲਫ਼ਜ਼ ਹੀ ਕਾਫ਼ੀ ਹੈ। ਕਾਨੂੰਨ ਦੀਆਂ ਕਿਤਾਬਾਂ ਪਰ੍ਹੇ ਕਰ ਦਿਉ। ਸਰ੍ਹਾ ਕਹਿੰਦੀ ਹੈ "ਪੰਜ ਵਾਰ ਉਜ਼ੂ ਕਰੋ ਤੇ ਮੰਦਰ ਵਿੱਚ ਇਕੱਲੇ ਪੂਜਾ ਕਰੋ।" ਪਿਆਰ ਕਹਿੰਦਾ ਹੈ : "ਤੁਹਾਡੀ ਪੂਜਾ ਝੂਠੀ ਹੈ ਜੇ ਤੁਸੀਂ ਆਪਣੇ ਆਪ ਨੂੰ ਪ੍ਰੇਮੀ ਤੋਂ ਵੱਖ ਸਮਝਦੇ ਹੋ।"

ਸੂਫ਼ੀ ਪਿੰਡਾਂ ਵਿੱਚ ਰਹਿੰਦੇ ਸਨ ਤੇ ਉਹਨਾਂ ਦੀ ਬੋਲਚਾਲ ਦੀ ਸ਼ਬਦਾਵਲੀ ਗੰਵਾਰੂ ਤੇ ਪੇਂਡੂ ਹੈ। ਉਹਨਾਂ ਨੂੰ ਆਪਣੀਆਂ ਕਵਿਤਾਵਾਂ ਲਈ ਰੂਪਕ ਤੇ ਅਲੰਕਾਰ ਕਿਸਾਨਾਂ, ਸ਼ਿਲਪੀਆਂ, ਇਸਤਰੀਆਂ ਤੇ ਸਾਂਝੇ ਪਰਿਵਾਰਾਂ ਦੇ ਗੁੰਝਲਦਾਰ ਜਜ਼ਬਾਤੀ ਰਿਸ਼ਤਿਆਂ ਜਿਵੇਂ ਭੈਣ ਦਾ ਆਪਣੇ ਭਰਾ ਲਈ ਪਿਆਰ, ਸੌਂਕਣਾਂ ਵਿੱਚ ਟੱਕਰ ਤੇ ਸਾੜਾ, ਸੱਸ ਦੇ ਜ਼ੁਲਮ ਆਦਿ ਦੀਆਂ ਘਟਨਾਵਾਂ 'ਚੋਂ ਮਿਲੇ। ਸਿੱਖ ਗੁਰੂਆਂ ਤੇ ਖ਼ਾਸ ਕਰਕੇ ਨਾਨਕ ਨੇ ਇਹਨਾਂ ਆਮ ਸਥਿਤੀਆਂ, ਵਿਲਾਸ ਅਤੇ ਮਨਪਰਚਾਵਿਆਂ ਦੀ ਵਰਤੋਂ ਆਪਣੇ ਸੰਦੇਸ਼ ਲਈ ਖੁਲ੍ਹ ਕੇ ਕੀਤੀ।

ਸੂਫ਼ੀ ਕਵੀਆਂ ਦੀ ਇਕ ਹੋਰ ਮਹੱਤਵਪੂਰਨ ਯੋਗਦਾਨ ਕਵਿਤਾ ਦੇ ਕਈ ਰੂਪਾਂ ਨੂੰ ਵਰਤਣ ਵਿੱਚ ਹੈ ਜੋ ਪੰਜਾਬੀ ਸਾਹਿੱਤ ਦਾ ਵਿਸ਼ੇਸ਼ ਤੇ ਅਲੌਕਿਕ ਅੰਗ ਬਣ ਗਏ ਜਿਹਨਾਂ ਵਿੱਚੋਂ ਕਾਫੀ, ਬਾਰਾਮਾਹ ਤੇ ਸੀਹਰਫੀ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਕਾਫੀ ਚਾਰ ਸਤਰਾਂ ਦੀ ਕਵਿਤਾ ਹੈ ਜਿਸ ਵਿੱਚ ਪਹਿਲੀ, ਦੂਜੀ ਤੇ ਚੌਥੀ ਦਾ ਤੁਕਾਂਤ ਮਿਲਦਾ ਹੈ। ਇਸ ਤੋਂ ਫਾਰਸੀ ਦੇ ਸ਼ਾਇਰ ਜਾਣੂੰ ਸਨ ਤੇ ਇਹ ਹੁਣ ਉਰਦੂ ਸ਼ਾਇਰੀ ਵਿੱਚ ਵੀ ਹਰਮਨ ਪਿਆਰੀ ਹੈ। 'ਬਾਰਾ-ਮਾਂਹ' ਸ਼ਾਇਰ ਨੂੰ ਬਾਰਾਂ ਮਹੀਨਿਆਂ ਰਾਹੀਂ ਮੌਸਮਾਂ ਦੀ ਖ਼ੂਬਸੂਰਤੀ ਬਿਆਨ ਕਰਨ ਦੀ ਪੂਰੀ ਖੁਲ੍ਹ ਦਿੰਦਾ ਹੈ ਤੇ ਉਸ ਰਾਹੀਂ ਹੀ ਉਹ ਆਪਣਾ ਸੰਦੇਸ਼ ਦਿੰਦੇ ਹਨ। ਪੰਜਾਬੀ ਕਵਿਤਾ ਦੇ ਸਰਵੋਤਮ ਬਿਰਤਾਂਤ ਜੋ ਪ੍ਰਕਿਰਤੀ ਬਾਰੇ ਹੈ ਉਹਨਾਂ ਦਾ ਆਰੰਭ "ਬਾਰਾ ਮਾਹਾਂ" ਦੀ ਰਚਨਾ ਨਾਲ ਹੀ ਸ਼ੁਰੂ ਹੋਇਆ। ਆਦਿ ਗ੍ਰੰਥ ਵਿੱਚ ਸ਼ਾਇਦ ਗੁਰੂ ਜੀ ਵੱਲੋਂ "ਪ੍ਰਕਿਰਤੀ ਚਿਤਰਨ" ਭਾਸ਼ਾ ਵਿੱਚ ਸਭ ਤੋਂ ਸੁੰਦਰ ਹੈ। ਸੀਹਰਫ਼ੀ ਜਾਂ ਪੈਂਤੀ ਅੱਖਰੀ, ਵਰਣਮਾਲਾ ਦੇ ਪਹਿਲੇ ਅੱਖਰਾਂ ਤੋਂ ਸੰਕੇਤ ਲੈਂਦੀ ਹੈ। ਇਸ ਪੈਂਤੀ ਅੱਖਰੀ ਦੀ ਸਿੱਖ ਗੁਰੂ ਸਾਹਿਬਾਨ ਨੇ ਵਰਤੋਂ ਕੀਤੀ ਸੀ, ਪਰ ਮਗਰੋਂ ਇਸ ਦਾ ਤਿਆਗ ਕਰ ਦਿੱਤਾ ਗਿਆ ਸੀ ਤੇ ਇਸ ਦੀ ਫਿਰ ਵਰਤੋਂ ਕਦੇ ਨਾ ਕੀਤੀ ਗਈ।

ਪੰਜਾਬੀ ਸਾਹਿੱਤ ਵਿੱਚ ਮੁਸਲਮਾਨ ਲੇਖਕਾਂ ਦਾ ਇਕ ਹੋਰ ਮਹੱਤਵਪੂਰਨ ਯੋਗਦਾਨ ਕਿੱਸਾ ਰਚਨਾ ਹੈ। ਇਹ ਪ੍ਰੇਮ ਕਿੱਸੇ ਹਰ ਘਰ ਵਿੱਚ ਦੱਸੇ ਤੇ ਗਾਏ ਜਾਂਦੇ ਹਨ। ਇਹਨਾਂ ਵਿੱਚੋਂ 'ਹੀਰ-ਰਾਂਝਾ' ਦਾ ਕਿੱਸਾ ਵਾਰਸ ਸ਼ਾਹ (1735-98), ਸੱਸੀ ਪੁਨੂੰ, ਸੱਸੀ ਹਾਸ਼ਿਮ ਤੇ ਮਿਰਜ਼ਾ ਸਾਹਿਬਾਂ ਹਨ। ਇਹ ਦੁਖਾਂਤਕ ਪ੍ਰੇਮ-ਕਹਾਣੀਆਂ ਪੰਜਾਬ ਗਲਪ ਦਾ ਆਧਾਰ ਬਣੀਆਂ।

ਸਿੱਖ ਗੁਰੂ—ਬਹੁਤ ਸਾਰੇ ਸਿੱਖ ਗੁਰੂ ਸਾਹਿਬਾਨ ਨੇ ਕਵਿਤਾ ਰਚੀ। ਤਿੰਨ ਗੁਰੂ

ਜਿਹਨਾਂ ਦੀ ਰਚਨਾ ਸਾਹਿੱਤ ਵਿੱਚ ਅਧਿਕ ਪੜ੍ਹੀ ਜਾਂਦੀ ਹੈ, ਉਹ ਹਨ—ਨਾਨਕ, ਅਰਜਨ ਤੇ ਗੋਬਿੰਦ ਸਿੰਘ, ਗੁਰੂ ਨਾਨਕ ਨੇ ਆਪਣੀ ਕਵਿਤਾ (ਬਾਣੀ) ਰਾਹੀਂ ਉਪਦੇਸ਼ ਦਿੱਤੇ ਤੇ ਪ੍ਰਚਾਰ ਕੀਤਾ। ਉਸ ਦੀਆਂ ਰਚਨਾਵਾਂ ਵਿੱਚ ਸਿੱਖਿਆਵਾਂ ਹਨ ਜਿਸ ਰਾਹੀਂ ਉਹ ਆਪਣਾ ਜੀਵਨ ਫਲਸਫਾ ਜਾਂ ਦਰਸ਼ਨ ਪੇਸ਼ ਕਰਦਾ ਹੈ ਤੇ ਦੂਸਰਿਆਂ ਨੂੰ ਇਕ ਖ਼ਾਸ ਜੀਵਨ ਜਾਚ ਅਪਣਾਉਣ ਦੀ ਪ੍ਰੇਰਨਾ ਦਿੰਦਾ ਹੈ। ਬਹੁਤ ਸਾਰੀ ਸਿੱਖਿਆਦਾਇਕ ਕਵਿਤਾ ਹੁੰਦੀ ਹੈ ਤੇ ਉਹ ਤੁਕਬੰਦੀ ਬਣ ਜਾਂਦੀ ਹੈ ਪ੍ਰੰਤੂ ਗੁਰੂ ਜੀ ਦੀ ਬਾਣੀ ਵਿੱਚ ਪ੍ਰਗਟਾਵੇ ਦੀ ਵਿਲੱਖਣਤਾ ਹੈ। ਪੇਂਡੂ ਗੀਤਾਂ ਦੀ ਸੁੰਦਰਤਾ ਤੇ ਸੁਹਜ ਨੇ ਗੁਰੂ ਜੀ ਨੂੰ ਧਾਰਮਕ ਤੇ ਕਾਵਿਕ ਉਤੇਜਨਾ ਦਿੱਤੀ। ਉਹ ਸਾਧਾਰਨ ਸਥਿਤੀ ਵਿੱਚੋਂ ਵੀ ਨੈਤਕ ਮਹੱਤਤਾ ਦੇ ਚਿੰਨ੍ਹ ਲੱਭ ਲੈਂਦੇ ਸਨ ਤੇ ਉਹਨਾਂ ਨੂੰ ਸਾਰ-ਗਰਭਿਤ ਕਰ ਦਿੰਦੇ ਸਨ।

ਗੁਰੂ ਅਰਜਨ ਵੀ ਗੁਰੂ ਨਾਨਕ ਵਾਂਗ ਹੀ ਆਪਣੇ ਅਗਾਧ ਜਜ਼ਬਾਤ ਨੂੰ ਪ੍ਰਗਟਾਉਂਦਾ ਹੈ। ਉਸ ਦੀ ਬਾਣੀ ਵਿੱਚ ਵਾਕੰਸ਼ਾਂ ਦੀ ਵਧੀਆ ਜੜਤ ਹੈ ਤੇ ਅਨੁਪ੍ਰਾਸ ਤੇ ਸ਼ਬਦਾਂ ਦੇ ਦੁਹਰਾਉ ਤੋਂ ਪੈਦਾ ਹੋਣ ਵਾਲੀ ਧੁਨ ਨਾਲ ਆਦਮੀ ਕੀਲਿਆ ਜਾਂਦਾ ਹੈ। ਨਿਰਸੰਦੇਹ ਗੁਰੂ ਅਰਜਨ ਭਾਸ਼ਾ ਦੇ ਸਭ ਸ਼ਾਇਰਾਂ ਨਾਲੋਂ ਵਧੇਰੇ ਗਾਇਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਸ਼ਾਇਦ ਸਿੱਖ ਗੁਰੂਆਂ 'ਚੋਂ ਸਭ ਤੋਂ ਵੱਡਾ ਵਿਦਵਾਨ ਸੀ। ਉਹ ਹਿੰਦੂ ਮਿਥਿਹਾਸ ਤੇ ਇਸਲਾਮੀ ਧਰਮ-ਸ਼ਾਸਤਰ ਦਾ ਗਿਆਤਾ ਸੀ। ਉਸ ਨੇ ਬ੍ਰਜੀ, ਸੰਸਕ੍ਰਿਤ, ਫਾਰਸੀ ਤੇ ਪੰਜਾਬੀ ਵਿੱਚ ਰਚਨਾ ਕੀਤੀ। ਆਪਣੇ ਪੂਰਵਜਾਂ ਦੇ ਵਾਂਗ ਉਹ ਰੱਬ ਦੀ ਮਹਿਮਾ ਕਰਨ ਤੱਕ ਹੀ ਸੀਮਿਤ ਨਾ ਰਿਹਾ। ਉਸ ਦੀ ਰਚਨਾ ਦੀ ਸਦਾਚਾਰਕ ਤੇ ਰਾਜਸੀ ਮਹੱਤਤਾ ਹੈ। ਉਹਦੀ ਬੀਰ ਰਸੀ ਭਾਵਨਾ ਜੋ ਉਸ ਨੇ ਆਪਣੇ ਪੈਰੋਕਾਰਾਂ ਵਿੱਚ ਭਰੀ, ਉਸ ਦਾ ਪ੍ਰਗਟਾਅ ਔਰੰਗਜ਼ੇਬ ਨੂੰ ਲਿਖੇ ਪੱਤਰ 'ਜ਼ਫ਼ਰਨਾਮਾ' ਦੀ ਸ਼ਕਤੀਸ਼ਾਲੀ ਕਵਿਤਾ ਵਿੱਚ ਮਿਲਦਾ ਹੈ। ਉਸ ਦਾ "ਜਾਪੁ ਸਾਹਿਬ" ਅੱਜ ਤੱਕ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਹੈ।

ਜਨਮ ਸਾਖੀਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਹਨਾਂ ਬਾਰੇ ਪਹਿਲੀ ਜਿਲਦ ਵਿੱਚ ਵਰਨਨ ਕੀਤਾ ਗਿਆ ਹੈ ਕਿ ਇਹ ਸੰਦੇਹਪੂਰਨ ਇਤਿਹਾਸਕ ਮਹੱਤਤਾ ਦੀਆਂ ਹਨ ਕਿਉਂਕਿ ਉਹ ਗੁਰੂ ਨਾਨਕ ਦੇ ਅਕਾਲ ਚਲਾਣੇ ਤੋਂ ਮਗਰੋਂ ਲਿਖੀਆਂ ਗਈਆਂ ਤੇ ਕਈ ਮਹੱਤਵਪੂਰਨ ਨੁਕਤਿਆਂ ਤੇ ਇਕ ਦੂਸਰੀ ਦਾ ਖੰਡਨ ਕਰਦੀਆਂ ਹਨ।

ਸਮਕਾਲੀ ਪੰਜਾਬੀ ਸਾਹਿੱਤ—ਸਮਕਾਲੀ ਪੰਜਾਬ ਸਾਹਿੱਤ ਦਾ ਆਰੰਭ ਸ਼ਾਹ ਮੁਹੰਮਦ (1784-1862) ਨਾਲ ਸ਼ੁਰੂ ਹੁੰਦਾ ਹੈ ਜੋ ਗੁਰੂ ਨਾਨਕ ਵਾਂਗ ਸਮਕਾਲੀ ਘਟਨਾਵਾਂ ਬਾਰੇ ਲਿਖਣ ਵਾਲਾ ਪਹਿਲਾ ਲੇਖਕ ਸੀ। ਉਸ ਨੇ ਰਣਜੀਤ ਸਿੰਘ ਦੀ ਮੌਤ ਪਿੱਛੋਂ ਹੋਈ ਗੜਬੜ ਤੇ ਅਫਰਾ-ਤਫਰੀ ਵੇਖੀ ਸੀ ਜਿਸ ਦਾ ਸਿੱਟਾ ਅੰਗਰੇਜ਼ਾਂ ਤੇ ਸਿੱਖਾਂ ਦੇ ਯੁੱਧਾਂ ਤੇ ਅੰਗਰੇਜ਼ਾਂ ਵੱਲੋਂ ਸਿੱਖ ਹਕੂਮਤ ਦੇ ਇਲਹਾਕ ਵਿੱਚ ਨਿਕਲਿਆ। ਉਸ ਨੇ ਸਭਰਾਓਂ ਦੀ ਲੜਾਈ ਵਿੱਚ ਸ਼ਾਮ ਸਿੰਘ ਅਟਾਰੀ ਦੀ ਬੀਰਤਾ ਭਰਪੂਰ ਪਰ ਆਤਮ-ਘਾਤੀ ਹਮਲੇ ਨੂੰ ਅਮਰ ਕਰ ਦਿੱਤਾ। ਉਸ ਨੇ ਲਿਖਿਆ :

"ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਚੋੜ ਸੁੱਟੇ।"

ਤੇ ਫਿਰ ਲਿਖਿਆ :

"ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ।"

ਉਸ ਨੇ ਲੜਾਈ ਦੇ ਨਤੀਜੇ ਨੂੰ ਜਿਹੜੇ ਸ਼ਬਦਾਂ ਵਿੱਚ ਬਿਆਨ ਕੀਤਾ, ਉਹਦਾ ਲੋਕ ਅਜੇ ਤੱਕ ਹਵਾਲਾ ਦਿੰਦੇ ਹਨ :

"ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਅੰਤ ਨੂੰ ਜਿੱਤ ਕੇ ਹਾਰੀਆਂ ਨੇ।" ਅੰਗਰੇਜ਼ਾਂ ਦੇ ਕਬਜ਼ੇ ਤੋਂ ਸ਼ੁਰੂ ਹੋਣ ਤੋਂ ਲੈ ਕੇ ਅੱਧੀ ਸਦੀ ਤੱਕ ਭਾਰਤ ਵਿੱਚ ਬੜੀ ਘੱਟ ਸਾਹਿੱਤ ਰਚਨਾ ਹੋਈ। ਰਾਜਸੀ ਤਬਦੀਲੀ ਦੇ ਪ੍ਰਭਾਵਾਂ ਤੋਂ ਉਭਰਨ ਤੇ ਪੱਛਮੀ ਲੱਛਣਾਂ ਨੂੰ ਸਮਝਣ ਲਈ ਕਈ ਸਾਲ ਲੱਗੇ। ਪਹਿਲੇ ਅੰਗਰੇਜ਼ ਹਾਕਮ ਇਹ ਵਿਸ਼ਵਾਸ ਕਰਦੇ ਸਨ ਕਿ ਸਾਰਾ ਪੂਰਬੀ ਸਭਿਆਚਾਰ ਨਿਕੰਮਾ ਹੈ ਤੇ ਉਹਨਾਂ ਲਈ ਵਧੀਆ ਇਹੋ ਹੈ ਕਿ ਉਹ ਯੂਰਪੀ ਸੱਭਿਆਚਾਰ ਅਪਣਾਉਣ। ਭਾਰਤੀਆਂ ਦੀ ਇਕ ਪੀੜ੍ਹੀ ਜਾਂ ਨਸਲ ਉਹਨਾਂ ਨਾਲ ਸਹਿਮਤ ਹੋ ਗਈ ਤੇ ਉਹਨਾਂ ਦੇ ਉੱਪਰ ਇਤਨਾ ਅੰਗਰੇਜ਼ੀ ਦਾ ਪ੍ਰਭਾਵ ਹੋ ਗਿਆ ਕਿ ਉਹਨਾਂ ਦਾ ਭਾਰਤੀ ਪਰੰਪਰਾ ਤੇ ਗਿਆਨ ਨਾਲ ਕੋਈ ਸੰਪਰਕ ਹੀ ਨਾ ਰਿਹਾ। ਅਗਲੀ ਪੀੜ੍ਹੀ ਨੇ ਇਸ ਵਰਤਾਰੇ ਦੀ ਬੇਵਕੂਫੀ ਸਮਝ ਲਈ ਤੇ ਉਹ ਪੁਰਾਲੇਖ ਭਵਨਾਂ ਦੀਆਂ ਅਲਮਾਰੀਆਂ 'ਚੋਂ ਗਰਦ ਝਾੜ ਕੇ ਪ੍ਰਾਚੀਨ ਭਾਰਤੀਆਂ ਦੀਆਂ ਪ੍ਰਾਪਤੀਆਂ ਤੋਂ ਜਾਣੂੰ ਹੋਏ। ਇਹ ਅਮਲ ਜਾਂ ਕਿਰਿਆ ਸਾਰੇ ਮੁਲਕ ਵਿੱਚ ਹੀ ਸ਼ੁਰੂ ਹੋਈ। ਕਿਉਂਕਿ ਪੰਜਾਬ ਸਭ ਤੋਂ ਮਗਰੋਂ ਪੱਛਮੀ ਪ੍ਰਭਾਵਾਂ ਹੇਠ ਆਇਆ, ਇਹ ਉਹਨਾਂ ਦੇ ਪ੍ਰਭਾਵਾਂ ਤੋਂ ਵੀ ਸਭ ਤੋਂ ਪਿੱਛੋਂ ਮੁਕਤ ਹੋਇਆ। ਫਲਸਰੂਪ ਪੰਜਾਬੀ ਸਾਹਿੱਤ ਵਿੱਚ ਪੁਨਰ-ਜਾਗ੍ਰਿਤੀ ਬਾਕੀ ਦੇ ਭਾਰਤ ਨਾਲੋਂ ਸਭ ਤੋਂ ਮਗਰੋਂ ਆਈ।

ਪੰਜਾਬ ਉੱਪਰ ਕਬਜ਼ੇ ਪਿੱਛੋਂ ਪੰਜਾਬੀ ਸਾਹਿੱਤ ਰਚਨਾ ਵੀ ਮੋਟੇ ਤੌਰ 'ਤੇ ਸਿੰਘ ਸਭਾ ਲਹਿਰ ਤੇ ਉਸ ਮਗਰੋਂ ਅਕਾਲੀ ਲਹਿਰ 'ਤੇ ਮਾਰਕਸੀ ਲਹਿਰ ਨਾਲ ਆਈਆਂ ਸਿਆਸੀ ਤਬਦੀਲੀਆਂ ਦੇ ਬਰਾਬਰ ਹੀ ਹੋਣੀ ਸ਼ੁਰੂ ਹੋਈ। ਹਰ ਸਥਿਤੀ ਵਿੱਚ ਸਾਹਿੱਤ ਰਚਨਾ ਉੱਪਰ ਉਹਨਾਂ ਸਮੱਸਿਆਵਾਂ ਦਾ ਪ੍ਰਭਾਵ ਸੀ ਜਿਹਨਾਂ ਦਾ ਟਾਕਰਾ ਲਹਿਰ ਦੇ ਸਮਰਥਕਾਂ ਨੂੰ ਕਰਨਾ ਪੈਂਦਾ ਸਗੀ। ਫਿਰ ਵੀ ਕੁਝ ਲੇਖਕ ਐਸੇ ਸਨ ਜੋ ਸਮਾਜਿਕ ਤੇ ਰਾਜਨੀਤੀ ਸਮੱਸਿਆਵਾਂ ਪ੍ਰਤੀ ਸੁਚੇਤ ਨਹੀਂ ਸਨ ਤੇ ਲਿਖਣ ਦੀ ਖ਼ਾਤਰ ਹੀ ਲਿਖਦੇ ਸਨ।

ਸਿੰਘ ਸਭਾ ਲਹਿਰ ਦੀ ਸਾਹਿੱਤਕ ਰਚਨਾ : ਇਸ ਦਾ ਸਿੱਖ ਧਰਮ ਪ੍ਰਤੀ ਬਹੁਤ ਵੱਡਾ ਯੋਗਦਾਨ ਹੈ। ਉਹ ਵਿਅਕਤੀ ਜਿਸ ਦੀ ਇਹ ਲਹਿਰ ਅਧਿਕ ਦੇਣਦਾਰ ਹੈ, ਉਹ ਭਾਈ ਵੀਰ ਸਿੰਘ ਹੈ ਜਿਸ ਨੇ ਪੰਜਾਬੀ ਵਿੱਚ ਰੁਚੀ ਦੁਬਾਰਾ ਪੈਦਾ ਕੀਤੀ ਤੇ ਭਾਸ਼ਾ ਦੇ ਇਤਿਹਾਸ ਵਿੱਚ ਉੱਘਾ ਸਥਾਨ ਬਣਾਇਆ। ਵੀਰ ਸਿੰਘ (1872-1956) ਨੇ ਗਲਪ, ਕਵਿਤਾ (ਵਧੇਰੇ ਕਰਕੇ ਗ਼ਜ਼ਲਾਂ)* ਤੇ ਪਵਿੱਤਰ ਗ੍ਰੰਥਾਂ ਦੇ ਟੀਕੇ ਤੇ ਵਿਆਖਿਆਵਾਂ ਲਿਖੀਆਂ।

ਵੀਰ ਸਿੰਘ ਦੀਆਂ ਮੁੱਢਲੀਆਂ ਰਚਨਾਵਾਂ ਨੂੰ 19ਵੀਂ ਸਦੀ ਦੇ ਅੰਤਲੇ ਸਮੇਂ ਦੀਆਂ ਰਾਜਸੀ ਤੇ ਸਿਆਸੀ ਹਾਲਤ ਦੇ ਸੰਦਰਭ ਵਿੱਚ ਵਿਚਾਰਨਾ ਵੇਖਣਾ ਪਵੇਗਾ। ਉਸ ਦੇ ਨਾਵਲ ਜਿਹਨਾਂ ਕਾਰਨ ਉਹ ਲੱਖਾਂ ਘਰਾਂ ਵਿੱਚ ਪ੍ਰਸਿੱਧ ਹੋਇਆ ਉਸ ਸਮੇਂ ਲਿਖੇ ਗਏ ਸਨ ਜਦੋਂ ਪੰਜਾਬ ਨੂੰ ਆਪਣੇ ਪੂਰਵਜਾਂ ਦੀਆਂ ਪ੍ਰਾਪਤੀਆਂ ਤੇ ਸੰਦੇਹ ਹੋਣ ਲੱਗ ਪਿਆ ਸੀ। ਅੰਗਰੇਜ਼ ਇਤਿਹਾਸਕਾਰ ਸਿੱਖ ਰਾਜ ਦੇ ਭ੍ਰਿਸ਼ਟ ਤੇ ਬੇਤਰਤੀਬੇ ਤੇ ਗੰਵਾਰਪੁਣੇ ਨੂੰ ਜ਼ੋਰ ਨਾਲ ਉਛਾਲ ਰਹੇ ਸਨ ਜਿਸ ਦੀ ਥਾਂ 'ਤੇ ਉਹਨਾਂ ਇਕ "ਪ੍ਰਬੁੱਧ" ਰਾਜ ਦੀ ਸਥਾਪਨਾ ਕੀਤੀ ਸੀ। ਸੰਸਕ੍ਰਿਤ ਵਿਦਵਾਨ ਸਿੱਖ ਧਰਮ ਨੂੰ ਵੈਦਿਕ ਧਰਮ ਦੀ ਤੁੱਛ ਨਕਲ ਦੱਸ ਕੇ

---

* ਵੀਰ ਸਿੰਘ ਨੇ ਗਜ਼ਲਾਂ ਨਹੀਂ, ਗੀਤ ਜਾਂ ਰੁਬਾਈਆਂ (ਤੁਰਯਾਈਆਂ) ਲਿਖੀਆਂ। (ਅਨੁਵਾਦਕ)

ਇਸ ਨੂੰ ਛੁਟਿਆ ਰਹੇ ਸਨ ਤੇ ਭੰਡੀ ਕਰ ਰਹੇ ਸਨ ਤੇ ਇਸ ਦੇ ਰੂਪ-ਆਕਾਰ ਤੇ ਚਿੰਨ੍ਹਾਂ ਤੇ ਸਿਧਾਂਤਾਂ ਨੂੰ ਅਸੰਭਿਯ ਤੇ ਉਜੱਡ ਕਹਿ ਰਹੇ ਸਨ। ਵੀਰ ਸਿੰਘ ਨੇ ਆਪਣੇ ਨਾਵਲਾਂ ਸੁੰਦਰੀ, ਵਿਜੈ ਸਿੰਘ, ਸਤਵੰਤ ਕੌਰ ਤੇ ਬਾਬਾ ਨੌਧ ਸਿੰਘ ਦੇ ਨਾਵਾਂ ਦਾ ਕੇਂਦਰੀ ਵਿਸ਼ਾ-ਵਸਤੂ ਸਿੱਖ ਧਰਮ ਦੀ ਵੀਰਤਾ, ਸ਼ਿਸ਼ਟਤਾ ਤੇ ਨੈਤਿਕ ਸ੍ਰੇਸ਼ਟਤਾ ਸੀ। ਇਹ ਹਿੰਦੂਆਂ ਦੀ ਹੀਣਤਾ ਤੇ ਦਾਸਤਾ ਅਤੇ ਪਠਾਨ ਤੇ ਮੁਗ਼ਲ ਹਾਕਮਾਂ ਦੇ ਜ਼ੁਲਮ ਦੇ ਪਿਛੋਕੜ ਵਿੱਚ ਦਰਸਾਈ ਗਈ ਸੀ। ਸਿੱਖ ਵੀਰ ਸਿੰਘ ਦੇ ਨਾਵਲਾਂ ਨੂੰ ਇਕੋ ਸਾਹ, ਜੋਸ਼, ਉਤਸ਼ਾਹ ਤੇ ਕਿਰਤੱਗਤਾ ਦੀ ਭਾਵਨਾ ਨਾਲ ਪੜ੍ਹਦੇ ਸਨ। ਪ੍ਰੰਤੂ ਉਹ ਮਾਨਸਕ ਪੜਾਅ ਲੰਘ ਜਾਣ ਮਗਰੋਂ, ਉਹਨਾਂ ਨਾਵਲਾਂ ਦੀ ਖਿੱਚ ਖ਼ਤਮ ਹੋ ਗਈ। ਅਜੋਕੇ ਪਾਠਕਾਂ ਨੂੰ ਉਹ ਕੁਝ ਹੱਦ ਤੱਕ ਰੁੱਖੇ ਤੇ ਨੀਰਸ ਜਾਪਦੇ ਹਨ। ਉਹਨਾਂ ਦਾ ਸਥਾਨ ਇਤਿਹਾਸ ਵਿੱਚ ਹੈ, ਸਾਹਿੱਤ ਵਿੱਚ ਨਹੀਂ।

ਵੀਰ ਸਿੰਘ ਨੇ ਆਪ ਹੀ ਨਾਵਲ ਲਿਖਣੇ ਛੱਡ ਦਿੱਤੇ ਤੇ ਉਹਨਾਂ ਦੀ ਥਾਂ ਤੇ ਅਨੁਵਾਦ ਤੇ ਪਵਿੱਤਰ ਗ੍ਰੰਥ ਦੀ ਵਿਆਖਿਆ ਕਰਕੇ ਪੈਂਫਲਿਟਾਂ ਤੇ ਆਪਣੇ ਹਫ਼ਤਾਵਾਰੀ ਖ਼ਾਲਸਾ ਸਮਾਚਾਰ ਵਿੱਚ ਛਾਪਣੇ ਸ਼ੁਰੂ ਕਰ ਦਿੱਤੇ। ਇਸ ਦੇ ਨਾਲ ਹੀ ਉਸ ਦੀਆਂ ਕਵਿਤਾਵਾਂ ਛਪਣ ਲੱਗੀਆਂ ਜਿਹਨਾਂ ਕਾਰਨ ਉਸ ਨੂੰ ਪੰਜਾਬੀ ਕਵੀਆਂ ਵਿੱਚ ਬੜਾ ਸਨਮਾਨਯੋਗ ਥਾਂ ਪ੍ਰਾਪਤ ਹੋ ਗਿਆ।

ਵੀਰ ਸਿੰਘ ਦਾ ਪਹਿਲਾ ਪ੍ਰਯੋਗ ਖੁਲ੍ਹੀ ਕਵਿਤਾ ਵਿੱਚ ਸੀ। ਇਕ ਲੰਮੀ ਕਵਿਤਾ (ਮਹਾਂਕਾਵਿ) ਰਾਣਾ ਸੂਰਤ ਸਿੰਘ 1905 ਵਿੱਚ ਛਾਪੀ ਗਈ। ਇਸ ਦਾ ਵਸਤੂ, ਆਮ ਵਾਂਗ, ਧਾਰਮਕ ਸੀ। ਉਸ ਦੀ ਤਕਨੀਕ ਤੇ ਬੋਲੀ ਉੱਪਰ ਕਾਬੂ ਬਹੁਤ ਪ੍ਰਭਾਵਸ਼ਾਲੀ ਸੀ। ਉਸ ਤੋਂ ਪਹਿਲਾਂ ਖੁਲ੍ਹੀ ਕਵਿਤਾ ਕਿਸੇ ਨੇ ਇਤੀ ਸਫਲਤਾ ਨਾਲ ਨਹੀਂ ਲਿਖੀ ਸੀ। ਵੀਰ ਸਿੰਘ ਨੇ ਨਿਰੰਤਰ ਸਰਵੋਤਮ ਰਚਨਾ ਕੀਤੀ, ਜਿੱਥੇ ਅਨੁਪਰਾਸ, ਨਾਦ ਅਲੰਕਾਰ, ਲੈ ਤੇ ਦੁਹਰਾਓ ਨਾਲ ਇਕ ਅਜਿਹੀ ਤਾਲਬੱਧ ਧੁਨ ਪੈਦਾ ਹੁੰਦੀ ਸੀ ਕਿ ਗਰਮੀ ਰੁੱਤ ਦੀਆਂ ਤਰਕਾਲਾਂ ਦੀ ਵਿਲਾਸਮਈ ਨਿਰਬਲਤਾ ਛਾ ਜਾਂਦੀ ਸੀ।

ਇਸ ਪਿੱਛੋਂ ਵੀਰ ਸਿੰਘ ਨੇ ਸਿੱਖ ਗੁਰੂਆਂ, ਮੋਢੀ ਗੁਰੂ ਨਾਨਕ ਤੇ ਆਖ਼ਰੀ ਗੁਰੂ ਗੋਬਿੰਦ ਸਿੰਘ ਦੀਆਂ ਜੀਵਨੀਆਂ ਲਿਖੀਆਂ। ਪਹਿਲਾਂ ਗੁਰੂ ਗੋਬਿੰਦ ਸਿੰਘ ਦੀ ਜੀਵਨੀ "ਕਲਗੀਧਰ ਚਮਤਕਾਰ" ਛਪੀ ਤੇ ਤਿੰਨ ਸਾਲ ਮਗਰੋਂ "ਗੁਰੂ ਨਾਨਕ ਚਮਤਕਾਰ" ਛਪਿਆ। ਬਾਕੀ ਗੁਰੂ ਸਾਹਿਬਾਨ ਦੀਆਂ ਜੀਵਨ-ਗਾਥਾਵਾਂ "ਅਸ਼ਟ ਗੁਰ ਚਮਤਕਾਰ" ਵਿੱਚ ਛਪੀਆਂ।

ਇਹਨਾਂ ਜੀਵਨੀਆਂ ਦੇ ਵਿਚਕਾਰਲੇ ਸਮੇਂ ਵਿੱਚ ਵੀਰ ਸਿੰਘ ਛੋਟੇ ਤੋਲ-ਤੁਕਾਂਤ ਵਰਤ ਕੇ ਕਈ ਕਾਵਿ-ਸੰਗ੍ਰਹਿ ਛਪਵਾਏ ਜਿਹਨਾਂ ਨੂੰ ਪਹਿਲਾਂ ਪੰਜਾਬੀ ਕਵਿਤਾ ਵਿੱਚ ਘੱਟ ਹੀ ਵਰਤਿਆ ਗਿਆ ਸੀ। ਇਹਨਾਂ ਵਿੱਚ ਸਭ ਤੋਂ ਜ਼ਿਆਦਾ ਲੋਕ-ਪ੍ਰਿਆ ਰੁਬਾਈਆਂ ਸਨ। (ਜਿਹਨਾਂ ਬਾਰੇ ਉਮਰ ਖਯਾਮ ਦੇ ਪਾਠਕਾਂ ਨੂੰ ਜਾਣਕਾਰੀ ਹੈ)। ਇਹਨਾਂ ਵਿੱਚ ਉਸ ਨੇ ਆਪਣਾ ਫਲਸਫ਼ਾ, ਦਰਸ਼ਨ ਤੇ ਰਹੱਸਵਾਦ ਪ੍ਰਗਟ ਕੀਤਾ ਹੈ ਜਿਹਨਾਂ ਵਿੱਚ ਪ੍ਰਮਾਤਮਾ ਤੇ ਮਨੁੱਖਾਂ ਦਾ ਪ੍ਰੇਮ, ਰੂਹਾਨੀ ਤੇ ਵਾਸ਼ਨਾਤਮਕ, ਨੈਤਿਕ ਤੇ ਰੂਹਾਨੀ ਪ੍ਰਗਟਾਅ ਦੇ ਰੰਗ ਨਿਰੰਤਰ ਭੌਚੱਕਾ ਦਿੰਦੇ ਤੇ ਮਨਮੋਹਣੇ ਲੱਗਦੇ ਹਨ। ਉਹਨਾਂ ਵਿੱਚ ਨਿਮਰਤਾ ਦੀ ਭਾਵਨਾ ਲੁਪਤ ਹੈ ਤੇ ਕਦੇ-ਕਦੇ ਸੰਭੋਗ ਵਿੱਚ ਸਵੈ-ਪੀੜ ਸਹਿਣ ਦੀ ਪਰਵਿਰਤੀ ਦਿਖਾਈ ਦਿੰਦੀ ਹੈ, ਆਤਮ-ਸਮਰਪਣ ਦੀ ਭਾਵਨਾ ਪ੍ਰਤੱਖ ਹੈ। ਭਾਈ ਵੀਰ ਸਿੰਘ ਨੇ ਜ਼ਿੰਦਗੀ ਦੇ ਆਖ਼ਰੀ ਸਾਲਾਂ ਵਿੱਚ ਇਹਨਾਂ ਬਾਰੇ ਪ੍ਰਯੋਗ ਦਾ ਤਿਆਗ ਨਹੀਂ ਕੀਤਾ ਸੀ। ਉਸ ਦੀ ਮ੍ਰਿਤੂ ਉਪ੍ਰੰਤ

ਛਪੀ "ਜਗਰਾਤਾ" ਵਿੱਚ ਉਸ ਨੇ ਪਰਕਿਰਤੀ ਨੂੰ ਬੜੀ ਕਮਾਲ ਦੀ ਮੁਹਾਰਤ ਨਾਲ ਪਕੜਿਆ ਹੈ ਤੇ ਸਰੀਰਕ ਤਾਂਘ ਨੂੰ ਰੂਹਾਨੀ ਵਿਸ਼ੇਸ਼ਤਾਵਾਂ ਨਾਲ ਸਜਾਇਆ ਸੰਵਾਰਿਆ ਹੈ।

ਸ਼ਾਮਾਂ ਪੈ ਗਈਆਂ, ਥੋੜਾ ਥੋੜਾ ਹਨੇਰਾ ਛਾ ਗਿਆ ਹੈ,
ਮੈਂ ਸੋਚਿਆ : ਤੂੰ ਅਜ ਹਨੇਰਾ ਹੋਣ ਵੇਲੇ ਆਵੇਂਗਾ
ਗਲੀ ਦਾ ਦੀਪ ਬੁਝਾਇਆ
ਤੇ ਆਲੇ 'ਚ ਜਗਦਾ ਦੀਪ ਵੀ ਵੱਡਾ ਕੀਤਾ
ਤੇ ਘਰ 'ਚੋਂ ਸ਼ੋਰ ਬੰਦ ਕਰਕੇ
ਮੈਂ ਹਨੇਰੇ ਵਿਚ ਉਡੀਕ ਕਰਦੀ ਬੈਠ ਗਈ
ਸ਼ਾਇਦ ਤੂੰ ਰਾਤ ਨੂੰ ਆਵੇਂ
ਤੂੰ ਸ਼ਾਇਦ ਨਰਮ ਬੇਆਵਾਜ਼ ਪੈੜਚਾਲ ਕਰਦਾ ਆਵੇਂ
ਜਿਸ ਸਮੇਂ ਸ਼ਾਂਤੀ ਹੋਵੇ ਤੇ ਪੂਰੀ ਤਰ੍ਹਾਂ ਹਨੇਰਾ।

o—o—o

ਆ ਸੁਣੋ! ਕਾਹਦਾ ਸ਼ੋਰ ਹੈ, ਕੀ ਉਹ ਆ ਰਿਹਾ ਹੈ ?
ਮੈਂ ਜਾਕੇ ਬਾਰੀ ਵਿਚੋਂ ਬਾਹਰ ਝਾਕਿਆ
ਬਾਹਰ ਬਦਲ ਗਰਜ ਰਿਹਾ ਸੀ, ਬਿਜਲੀ ਚਮਕ ਰਹੀ ਸੀ।
ਮੇਰਾ ਦਿਲ ਧੱਕ ਕਰਕੇ ਰੁਕ ਗਿਆ; ਸ਼ਾਇਦ ਤੂੰ ਇਸ ਤਰ੍ਹਾਂ ਆਵੇਂ
ਜਿਵੇਂ ਫੁੱਲਝੜੀਆਂ ਛੁੱਟਣ ਤੇ ਕੋਈ ਬੈਟਰੀ ਮਾਰਦਾ ਤੁਰਿਆ ਆਵੇ।
ਮੈਂ ਕਾਹਲੀ ਨਾਲ ਉੱਠੀ, ਘਰ 'ਚ ਰੌਸ਼ਨੀ ਕੀਤੀ
ਆਲੇ ਵਿਚ ਦੀਪ ਜਗਾਇਆ
ਗਲੀ ਵਿਚ ਕਾਹਲੀ ਕਾਹਲੀ ਰੌਸ਼ਨੀ ਕੀਤੀ।
ਮੈਂ ਤੇਰਾ ਧਿਆਨ ਧਰਦਿਆਂ ਸੋਚਿਆ ਤੂੰ ਰੌਸ਼ਨੀ ਵੇਖ ਕੇ ਹੀ ਆ ਜਾਵੇਂਗਾ।
ਇਹ ਨਾ ਹੋਵੇ ਕਿ ਘਰ ਵਿਚ ਹਨੇਰਾ ਵੇਖ ਕੇ ਤੂੰ ਪਰਤ ਜਾਵੇਂ
ਤੇ ਮੈਂ ਸਦਾ ਲਈ ਤੇਰੀ ਉਡੀਕ ਕਰਦੀ ਰਹਾਂ।
ਕਾਲੇ ਕਾਲੇ ਬੱਦਲ ਘਿਰ ਘਿਰ ਆਏ
ਬਿਜਲੀ ਕਰਦੀ ਫਿਰੇ ਉਹਨਾਂ ਦੇ ਲੰਘਾਰੇ
ਫਿਰ ਮੂਸਲੇਧਾਰ ਵਰ੍ਹਿਆ
ਤੇ ਗਲੀਆਂ ਨਾਲੀਆਂ ਪਾਣੀਆਂ ਨਾਲ ਭਰ ਗਈਆਂ
ਬਿਜਲੀ ਚਮਕ ਕੇ ਅੱਖ ਝਪਕਾਰੇ ਵਿਚ ਚਲੀ ਗਈ
ਜਿਵੇਂ ਉਹ ਮੇਰੇ ਦਿਲ ਦੀ ਤਾਂਘ ਜਾਣਦੀ ਹੋਵੇ
ਨਾਲੇ ਬੱਦਲ ਵੀ ਅਲੋਪ ਹੋ ਗਏ
ਆਕਾਸ਼ ਬੱਦਲਾਂ ਤੋਂ ਸੱਖਣਾ ਨਿਰਮਲ, ਧੋਤਾ ਧੋਤਾ ਪਿਆ ਚਮਕੇ
ਮੈਂ ਤਾਰਿਆਂ ਨੂੰ ਵੇਖਦੀ ਉਡੀਕ ਕਰ ਰਹੀ ਹਾਂ।
ਚੰਦ ਵੀ ਪਿਆ ਉਡੀਕਾਂ ਕਰੇ
ਵੇਖੋ ਕਿੰਝ ਚੰਨ ਦੀਆਂ ਰਿਸ਼ਮਾਂ ਫੈਲੀਆਂ ਹੋਈਆਂ ਹਨ।

ਚਿੱਕੜ ਤੇ ਉਹਨਾਂ ਦੀ ਚਾਂਦੀ ਰੰਗੀ ਝਿਲਮਿਲਾਹਟ ਪੈ ਰਹੀ ਹੈ।
ਜਿਵੇਂ ਤੇਰੇ ਰਾਹਾਂ ਤੇ ਮਖ਼ਮਲੀ ਗਲੀਚਾ ਵਿਛਿਆ ਹੋਵੇ!

o—o—o

ਆਕਾਸ਼ ਤੇ ਭੋਰ ਚੜ੍ਹ ਆਈ ਹੈ
ਪਹਿਲੀ ਕਿਰਨ ਦੇ ਦੀਦਾਰ ਹੋਏ ਨੇ,
ਚਿੜੀਆਂ ਚਹਿਕਦੀਆਂ ਹਨ,
ਠੰਡੀ ਨਸੀਮ ਚੱਲ ਰਹੀ ਹੈ, ਜਿਵੇਂ ਨਰਮ, ਮਿੱਠਾ ਮਿੱਠਾ ਗੀਤ ਗਾ ਰਹੀ ਹੋਵੇ
ਸਵੇਰ ਦੀ ਰੌਸ਼ਨੀ ਜੀਵਨਦਾਨ ਬਖ਼ਸ਼ ਰਹੀ ਹੈ
ਹਰ ਚੀਜ਼ ਸਜੀਵ ਹੋ ਉੱਠੀ ਹੈ
ਹਰ ਚੀਜ਼ ਵਿੱਚ ਜ਼ਿੰਦਗੀ ਧੜਕ ਰਹੀ ਹੈ।
ਸਵੇਰ ਸਾਰ ਹੀ ਮੇਰੇ ਮਨ ਵਿੱਚ ਇੱਛਾ ਦੀਆਂ ਕਰੂੰਬਲਾਂ ਫੁੱਟ ਰਹੀਆਂ ਹਨ,
ਸਵੇਰ ਤੇ ਦਿਹੁੰ ਆਸਾਂ ਉਡੀਕਾਂ ਕਰ ਰਹੇ ਹਨ।
ਸੂਰਜ ਚੜ੍ਹ ਆਇਆ ਹੈ
ਕਲ ਵੀ ਇਹ ਚੜ੍ਹਿਆ ਸੀ, ਨਿੱਤ ਹੀ ਚੜ੍ਹਦਾ ਹੈ
ਲੋਕ ਨੀਂਦਰ 'ਚੋਂ ਜਾਗ ਪਏ ਹਨ
ਗਲੀਆਂ ਬਾਜ਼ਾਰਾਂ 'ਚ ਘੁੰਮ ਰਹੇ ਹਨ
ਮੈਂ ਹੀ ਤੇਰੀ ਉਡੀਕ ਕਰਦੀ ਬੈਠੀ ਹਾਂ
ਹੇ ਪ੍ਰਮਾਤਮਾ ਮੈਂ ਕੀ ਕਰ ਸਕਦੀ ਹਾਂ?
ਮੈਂ ਹੋਰ ਕਰ ਵੀ ਕੀ ਸਕਦੀ ਹਾਂ?

ਭਾਈ ਵੀਰ ਸਿੰਘ ਦੇ ਦੋ ਸਮਕਾਲੀਆਂ ਪੂਰਨ ਸਿੰਘ (1881–1931) ਤੇ ਧਨੀ ਰਾਮ 'ਚਾਤ੍ਰਿਕ' (1870–1954) ਦਾ ਵਰਨਨ ਕਰਨਾ ਵੀ ਜ਼ਰੂਰੀ ਹੈ। ਪੂਰਨ ਸਿੰਘ ਨੇ ਰਸਾਇਣ ਵਿਗਿਆਨ ਦੀ ਪੜ੍ਹਾਈ ਕੀਤੀ ਸੀ ਤੇ ਉਸ ਨੇ ਕਈ ਖੋਜ ਪੱਤਰ ਵੀ ਪੇਸ਼ ਕੀਤੇ ਸਨ, ਫਿਰ ਉਹਦਾ ਰੁਝਾਣ ਅੰਗਰੇਜ਼ੀ ਤੇ ਪੰਜਾਬੀ ਦੇ ਰਚਨਾਤਮਕ ਸਾਹਿੱਤ ਵੱਲ ਹੋ ਗਿਆ। ਉਹ ਵਾਲਟ ਵ੍ਹਿਟਮੈਨ ਤੋਂ ਪ੍ਰਭਾਵਿਤ ਸੀ ਤੇ ਉਸ ਨੇ ਦੋਹਾਂ ਭਾਸ਼ਾਵਾਂ ਵਿੱਚ ਬੜੀ ਸ਼ਕਤੀਸ਼ਾਲੀ ਖੁਲ੍ਹੀ ਕਵਿਤਾ ਰਚੀ। ਜਿੱਥੇ ਭਾਈ ਵੀਰ ਸਿੰਘ ਪਰੰਪਰਾਵਾਦੀ ਸੀ ਤੇ ਸਿੱਖਾਂ ਦੇ ਸੁਨਹਿਰੀ ਭੂਤਕਾਲ ਦਾ ਪ੍ਰਸ਼ੰਸਕ ਸੀ, ਉੱਥੇ ਪੂਰਨ ਸਿੰਘ ਭਵਿੱਖ ਮੁਖੀ ਸੀ ਤੇ ਸਿੱਖਾਂ ਦੀ ਪੰਜਾਬੀ ਪਛਾਣ (ਪੰਜਾਬੀਅਤ), ਸਿੱਖ ਗੁਰੂ ਸਾਹਿਬਾਨ ਦੀ ਰਚਨਾ ਦੀ ਵਿਸ਼ਵ-ਵਿਆਪਕਤਾ ਤੇ ਮਨੁੱਖੀ ਤਕਦੀਰ ਘੜਨ ਵਿੱਚ ਸ੍ਵੈ ਮਹੱਤਵ 'ਤੇ ਜ਼ੋਰ ਦਿੰਦਾ ਸੀ। ਉਹਦੀਆਂ ਅੰਗਰੇਜ਼ੀ ਵਿੱਚ "ਸਿਸਟਰਜ਼ ਔਫ ਦੀ ਸਪਿਨਿਗ ਵ੍ਹੀਲ" "ਪਾਥ ਔਫ ਲਾਈਫ" ਤੇ "ਸਪਿਰਿਟ ਬੌਰਨ ਪੀਪਲ" ਵਧੇਰੇ ਪ੍ਰਸਿੱਧ ਹਨ।

ਧਨੀ ਰਾਮ ਚਾਤ੍ਰਿਕ ਨੇ ਕਈ ਕਾਵਿ-ਸੰਗ੍ਰਹਿ ਛਪਵਾਏ। ਉਹਦੇ ਗੀਤ ਪੰਜਾਬੀ ਬੋਲਚਾਲ ਦੀ ਸ਼ੈਲੀ ਨਾਲ ਭਰੇ ਤੂਸੇ ਪਏ ਹਨ ਜਿਹੜੇ ਮੌਲਿਕ ਰਚਨਾ ਵਿੱਚ ਤਾਂ ਧੂਹ ਪਾਉਂਦੇ ਹਨ ਪਰ ਉਹਨਾਂ ਦਾ ਅਨੁਵਾਦ ਕਰਨਾ ਬਹੁਤ ਮੁਸ਼ਕਲ ਹੈ।

ਅੱਜ ਤੱਕ ਕਵਿਤਾ ਪ੍ਰਗਟਾਵੇ ਦਾ ਸਭ ਤੋਂ ਉੱਤਮ ਤੇ ਹਰਮਨ ਪਿਆਰਾ ਸਾਧਨ ਰਹੀ ਹੈ। ਅਖ਼ਬਾਰਾਂ ਤੇ ਰਿਸਾਲਿਆਂ ਵਿੱਚ ਕਾਫ਼ੀ ਥਾਂ ਕਵਿਤਾਵਾਂ ਨੂੰ ਦਿੱਤੀ ਜਾਂਦੀ ਹੈ ਤੇ ਕਵੀ ਦਰਬਾਰਾਂ ਵਿੱਚ ਅਜੇ ਵੀ ਸਿਆਸੀ ਜਾਂ ਧਾਰਮਕ ਸਮਾਗਮਾਂ ਨਾਲੋਂ ਜ਼ਿਆਦਾ ਇਕੱਠ ਹੁੰਦਾ ਹੈ। ਪ੍ਰੰਤੂ ਬਹੁਤ ਸਾਰੀ ਨਵੀਂ ਕਵਿਤਾ ਦਾ ਪੱਧਰ ਸਾਧਾਰਨ ਹੈ ਪਰ ਮੋਹਨ

ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੋ ਨਾਮ ਐਸੇ ਹਨ ਜੋ ਅਲੌਕਿਕ ਤੇ ਵੱਖਰੇ ਹਨ।

ਮੋਹਨ ਸਿੰਘ (1905–78) ਦਾ "ਸਾਵੇ-ਪੱਤਰ" ਨਾਲ ਬੜਾ ਸੰਭਾਵਨਾਪੂਰਨ ਆਰੰਭ ਹੋਇਆ। ਤੇ ਉਹ ਛੇਤੀ ਹੀ ਨਵੇਂ ਕਵੀਆਂ ਵਿੱਚੋਂ ਸਰਵੋਤਮ ਮੰਨਿਆ ਗਿਆ। ਦੇਸ਼ ਦੀ ਵੰਡ ਪਿੱਛੋਂ ਉਸ ਦੀਆਂ ਮਗਰਲੀਆਂ ਰਚਨਾਵਾਂ ਦਾ ਝੁਕਾਅ ਖੱਬੇ ਧੜੇ (ਮਾਰਕਸੀ ਸੋਚ) ਵੱਲ ਹੈ ਜਿਹਨਾਂ ਵਿੱਚ ਕਾਵਿ ਕਲਾ ਦੇ ਸਰੂਪ ਨਾਲੋਂ ਰਾਜਨੀਤਕ ਜਜ਼ਬਾ ਭਾਰੂ ਹੈ; ਇਹ ਉਹ ਬਿਮਾਰੀ ਹੈ ਜੋ ਉਹਨਾਂ ਬਹੁਤ ਸਾਰੇ ਯੁਵਕ ਲੇਖਕਾਂ ਨੂੰ ਚੰਬੜ ਗਈ ਹੈ ਜੋ ਆਪਣੇ ਆਪ ਨੂੰ "ਅਗਾਂਹਵਧੂ" ਕਹਿੰਦੇ ਹਨ। ਮੋਹਨ ਸਿੰਘ ਦੇ ਸੰਬੰਧ ਵਿੱਚ ਮਾਰਕਸਵਾਦ ਦਾ ਜੋਸ਼ ਛੇਤੀ ਹੀ ਦਲਿਤ ਲੋਕਾਂ ਤੇ ਦੱਬੇ ਕੁਚਲੇ ਲੋਕਾਂ ਦਾ ਪੱਖ ਲੈਣ ਤੇ ਕੰਮ ਪ੍ਰਤੀ ਪ੍ਰੇਰਨਾ ਤੱਕ ਸੀਮਤ ਹੋ ਗਿਆ। ਉਹਦੀ ਕਵਿਤਾ ਵਿੱਚ ਫੇਰ ਇਕ ਵਾਰ ਪਹਿਲੀ ਕਵਿਤਾ ਵਾਲੀ ਸੁਭਾਵਕ ਸੁੰਦਰਤਾ ਆ ਗਈ।

ਚਿੱਟੇ ਚਾਨਣ ਦਾ ਦੁੱਧ ਡੁੱਲ੍ਹਿਆ ਤੇ ਮਟਕੀ ਭੱਜੀ ਹਨੇਰੇ ਦੀ,
ਛੱਡ ਰਾਤਾਂ ਦੀਆਂ ਹਕਾਇਤਾਂ ਨੂੰ, ਕੋਈ ਗੱਲ ਕਰ ਨਵੇਂ ਸਵੇਰੇ ਦੀ।
ਮੰਨ ਲਿਆ ਖਿੱਜਾਂ ਦੇ ਠੱਕੇ ਨੇ ਕੁਝ ਟਾਹਣ ਤੇ ਪੱਤਰ ਝਾੜ ਦਿੱਤੇ
ਗ਼ਮ ਛੱਡ ਦੇ ਮਵਾਤਿਆਂ ਦਾ ਭਰ ਝੋਲੀ ਸਜਰੇ ਖੇੜੇ ਦੀ।
ਗਗਨਾਂ ਦੀ ਬੁੱਢੀ ਛੱਤ ਉੱਤੇ ਕਦ ਤੀਕ ਚਿਤਰ ਨੂੰ ਵਾਹੇਂਗਾ?
ਆ ਜ਼ੁਲਫ਼ ਸਵਾਰੀਏ ਧਰਤੀ ਦੀ ਆ ਗੱਲ ਕਰੀਏ ਕੋਈ ਨੇੜੇ ਦੀ?

ਅੰਮ੍ਰਿਤਾ ਪ੍ਰੀਤਮ ਦਾ ਜਨਮ 1919 ਵਿੱਚ ਹੋਇਆ, ਉਸ ਨੇ ਆਪਣਾ ਪਹਿਲਾ ਕਾਵਿ-ਸੰਗ੍ਰਹਿ 17 ਸਾਲ ਦੀ ਉਮਰ ਵਿੱਚ ਛਪਵਾਇਆ ਸੀ। ਉਹਦੀਆਂ ਪਹਿਲੀਆਂ ਰਚਨਾਵਾਂ ਸਮਾਜਕ ਰਿਵਾਜਾਂ ਦੀਆਂ ਬੁਰਾਈਆਂ ਦੀ ਸਖ਼ਤ ਆਲੋਚਨਾ ਨਾਲ ਭਰਪੂਰ ਸਨ। ਭਾਵੇਂ ਉਸ ਨੇ ਪ੍ਰਚਾਰ ਕਰਨਾ ਛੱਡ ਦਿੱਤਾ ਹੈ, ਪ੍ਰੰਤੂ ਭਾਰਤੀ ਇਸਤਰੀ ਦੀ ਭੈੜੀ ਹਾਲਤ ਉਹਦੀ ਵਾਰਤਕ ਤੇ ਕਵਿਤਾ ਦਾ ਮੁੱਖ ਵਿਸ਼ਾ ਹੈ। ਉਸ ਦੀ ਰਚਨਾ ਹੌਲੀ-ਹੌਲੀ ਪ੍ਰਫੁੱਲਤ ਹੋਈ ਹੈ ਕਿਉਂਕਿ ਉਸ ਵਿਚਲਾ ਗੀਤਕਾਰ, ਇਸਤਰੀਆਂ ਦੇ ਅਧਿਕਾਰ ਦੇ ਸਮਰਥਨ ਉੱਪਰ ਭਾਰੂ ਹੋ ਗਿਆ ਹੈ ਪਰ ਉਹ ਨਾਰੀਵਾਦ ਦੀ ਹਿਮਾਇਤ ਵਿੱਚ ਉੱਕਾ ਚੁੱਪ ਵੀ ਨਹੀਂ ਹੋਈ। ਉਹ ਆਪਣੇ ਸਮਕਾਲੀ ਨਕਲੀ ਮਾਰਕਸਵਾਦੀਆਂ ਤੋਂ ਪ੍ਰਭਾਵਿਤ ਹੋਈ ਸੀ ਤੇ ਕਈ ਵਾਰ ਇਕ ਪ੍ਰਚਾਰਕ ਹੀ ਬਣ ਗਈ ਸੀ।

1943 ਦੇ ਬੰਗਾਲ ਦੇ ਅਕਾਲ ਤੇ ਭੁੱਖਮਰੀ ਸਮੇਂ ਉਸ ਨੇ ਐਲਾਨ ਕੀਤਾ ਕਿ 'ਪਿਆਰ ਤੇ ਸੁੰਦਰਤਾ ਦੀਆਂ ਗੱਲਾਂ ਵਿਹਲੇ ਸਮਿਆਂ ਤੇ ਵਿਹਲੇ ਲੋਕਾਂ ਦੀਆਂ ਗੱਲਾਂ ਹਨ।' ਪਰ ਇਕ ਵਾਰ ਉਸ ਵਿਚਲੀ 'ਮਾਂ' 'ਮਾਰਕਸਵਾਦ' ਤੋਂ ਜਿੱਤ ਗਈ ਤੇ ਉਸ ਦੀਆਂ ਰਚਨਾਵਾਂ ਕਰੋਧ ਵਿੱਚ ਆ ਕੇ ਨਿੰਦਣ ਦੀ ਥਾਂ 'ਰੂਹ ਦੀ ਪੀੜਾ' ਦੀ ਗੱਲ ਕਰਨ ਲੱਗੀਆਂ। ਉਹ ਆਪਣੇ ਸ਼ਬਦਾਂ ਵਿੱਚ "ਭਾਰਤ ਦੇ ਦੁੱਖਾਂ ਦੀ ਤਵਾਰੀਖ਼" ਬਣ ਗਈ। 1947 ਦੇ ਆਪਸੀ ਵਿਨਾਸ਼ਕਾਰੀ ਕਤਲਾਮ ਨੇ, ਜਿਸ ਵਿੱਚ ਭਾਰੀ ਗਿਣਤੀ ਵਿੱਚ ਮਨੁੱਖੀ ਜਾਨਾਂ ਮਾਰੀਆਂ ਗਈਆਂ, ਉਸ ਨੂੰ ਆਪਣੀ ਸਦੀਵੀ ਤੇ ਯਾਦਗਾਰੀ ਕਵਿਤਾ ਲਿਖਣ ਲਈ ਪ੍ਰੇਰਨਾ ਦਿੱਤੀ। ਉਸ ਨੇ ਵਾਰਸ ਸ਼ਾਹ ਨੂੰ ਸੰਬੋਧਿਤ ਹੋ ਕੇ ਕਬਰਾਂ 'ਚੋਂ ਉੱਠ ਕੇ ਆਪਣੇ ਮੁਲਕ ਦੀ ਤਬਾਹੀ ਵੇਖਣ ਲਈ ਵੰਗਾਰਿਆ :

ਅੱਜ ਆਖਾਂ ਵਾਰਿਸਸ਼ਾਹ ਨੂੰ ਕਿਤੇ ਕਬਰਾਂ ਵਿਚ ਬੋਲ।
ਤੇ ਅੱਜ ਕਿਤਾਬਿ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸਸ਼ਾਹ ਨੂੰ ਕਹਿਣ।
ਉੱਠ ਵੇ ਦਰਦਮੰਦਾਂ ਦੇ ਦਰਦੀਆ ਉੱਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦਾ ਰੁਝਾਣ ਭਾਵੁਕਤਾ ਤੇ ਰੋਮਾਂਸ ਵੱਲ ਹੋ ਰਿਹਾ ਹੈ ਜਿਸ ਵਿੱਚ ਪ੍ਰਾਕ੍ਰਿਤਕ ਦ੍ਰਿਸ਼ਾਂ ਵੱਲ ਸੂਖਮ ਰਮਜ਼ਾਂ ਹਨ :

ਬਹਾਰ ਦੀ ਰੁੱਤ ਫਿਰ ਆਈ ਹੈ
ਰੇਸ਼ਮੀ ਭੋਛਨਾਂ ਵਿਚ ਫੁੱਲ ਢਕੇ ਗਏ ਨੇ
ਰੰਗਾਂ ਦਾ ਤਿਉਹਾਰ ਆ ਗਿਆ ਹੈ
ਪਰ ਤੂੰ ਅਜੇ ਨਹੀਂ ਆਇਆ।
ਦਿਹੁੰ ਲੰਬੇ ਹੋ ਗਏ, ਅੰਗੂਰਾਂ ਦੀਆਂ ਦਾਖਾਂ ਪੱਕੀਆਂ ਨੇ,
ਦਾਤੀ ਨੇ ਕਣਕਾਂ ਦੀ ਵਾਢੀ ਸ਼ੁਰੂ ਕਰ ਦਿੱਤੀ ਹੈ
ਪਰ ਤੂੰ ਅਜੇ ਨਹੀਂ ਆਇਆ।
ਅਰਸ਼ ਉੱਪਰ ਬਦਲ ਛਾਏ ਨੇ
ਧਰਤੀ ਨੇ ਹੱਥ ਅੱਡੇ ਹੋਏ ਨੇ
ਤੇ ਦਇਆ ਦੀ ਘੁੱਟ ਮੰਗ ਰਹੀ ਹੈ
ਪਰ ਤੂੰ ਅਜੇ ਨਹੀਂ ਆਇਆ।
ਕਿਸੇ ਨੇ ਰੁੱਖਾਂ ਤੇ ਕੋਈ ਜਾਦੂ ਧੂੜ ਦਿੱਤਾ ਹੈ
ਪੌਣਾਂ ਦੀਆਂ ਬੁਲ੍ਹੀਆਂ ਜੋ ਵਣਾਂ ਜੰਗਲਾਂ ਨੂੰ ਚੁੰਮ ਰਹੀਆਂ
ਸ਼ਹਿਦ ਨਾਲ ਭਰੀਆਂ ਹੋਈਆਂ ਨੇ
ਪਰ ਤੂੰ ਅਜੇ ਨਹੀਂ ਆਇਆ।
ਜਾਦੂ ਕਰਦੇ ਮੌਸਮ ਆਏ ਤੇ ਝੂਰ ਗਏ
ਕਈ ਚੰਦ ਗੁੰਦਦੇ ਪਏ ਨੇ
ਰਾਤ ਦੀਆਂ ਕਾਲੀਆਂ ਜ਼ੁਲਫ਼ਾਂ
ਪਰ ਤੂੰ ਨਹੀਂ ਆਇਆ।
ਅੱਜ ਵੀ ਤਾਰੇ ਜ਼ਿੰਦਗੀ ਦੀ ਹਵੇਲੀ ਵਿੱਚ ਨਾ ਉੱਤਰੇ।
ਰੂਪ ਦੇ ਦੀਵੇ ਅਜੇ ਵੀ ਲਟ ਲਟ ਬਲਦੇ, ਪਰ ਤੂੰ ਨਹੀਂ ਆਇਆ।
ਸੂਰਜ ਦੀਆਂ ਕਿਰਨਾਂ ਵੀ ਸੁੱਤੀ ਰਾਤ ਨੂੰ ਡੂੰਘੀ ਨੀਂਦ 'ਚੋਂ ਜਗਾਉਂਦੀਆਂ ਰਹੀਆਂ
ਚੰਦ ਵੀ ਸਦਾ ਜਾਗਦਾ ਰਿਹਾ, ਪਰ ਤੂੰ ਨਾ ਆਇਆ।

ਅੰਮ੍ਰਿਤਾ ਪ੍ਰੀਤਮ ਨੇ ਆਪਣੀ ਗਲਪ ਰਚਨਾ ਵਿੱਚ ਉਹ ਪ੍ਰਸਿੱਧੀ ਪ੍ਰਾਪਤ ਨਹੀਂ ਕੀਤੀ ਜੋ ਉਸ ਨੂੰ ਕਵਿਤਾ ਵਿੱਚ ਮਿਲੀ ਹੈ। ਉਹਦੀ ਪਾਤਰ-ਉਸਾਰੀ ਵਧੇਰੇ ਕਮਜ਼ੋਰ ਹੁੰਦੀ ਹੈ ਤੇ ਉਸ ਦੇ ਪਲਾਟਾਂ ਦੀ ਉਸਾਰੀ ਇਸ ਤਰ੍ਹਾਂ ਕੀਤੀ ਹੁੰਦੀ ਹੈ ਕਿ ਉਹ ਯਥਾਰਥਕ ਨਹੀਂ ਲੱਗਦੀ। ਉਸ ਉੱਪਰ ਭਾਰਤੀ ਫ਼ਿਲਮ ਉਦਯੋਗ ਨੇ ਬਹੁਤ ਸਾਰੇ ਹੋਰ ਭਾਰਤੀ ਲੇਖਕਾਂ ਵਾਂਗ ਹੀ ਮਾੜਾ ਪ੍ਰਭਾਵ ਪਾਇਆ ਹੈ। ਉਹਨਾਂ ਦੇ ਨਾਵਲਾਂ ਦੇ ਕਥਾਨਕਾਂ ਵਿੱਚ ਗੀਤ ਇਸ ਤਰ੍ਹਾਂ ਘੁਸੇੜੇ ਗਏ ਹਨ ਤੇ ਪਾਤਰਾਂ ਨੂੰ ਇਸ ਤਰ੍ਹਾਂ ਵਿਖਾਇਆ ਗਿਆ ਹੈ ਜਿਵੇਂ ਉਹ ਆਮ ਜੀਵਨ ਵਿੱਚ ਹੁੰਦੇ ਹੀ ਨਹੀਂ। ਇਹ ਘਾਟਾਂ ਉਹਦੇ ਬੜੇ ਮਸ਼ਹੂਰ ਨਾਵਲ

ਡਾ: ਦੇਵ ਵਿੱਚ ਵੀ ਹਨ। ਅੰਮ੍ਰਿਤਾ ਦਾ ਨਾਵਲ ਪਿੰਜਰ ਸਭ ਤੋਂ ਵਧੀਆ ਹੈ। ਇਹ ਇਕ ਹਿੰਦੂ ਕੁੜੀ ਪੂਰੋ ਦੀ ਕਹਾਣੀ ਹੈ ਜਿਸ ਨੂੰ ਅਗਵਾ ਕਰਕੇ ਜ਼ਬਰਦਸਤੀ ਇਕ ਮੁਸਲਮਾਨ ਮੁੰਡੇ ਨਾਲ ਵਿਆਹ ਦਿੱਤਾ ਜਾਂਦਾ ਹੈ ਤੇ ਉਹਦੀ ਅਪਹਰਨ ਕਰਤਾ ਪ੍ਰਤੀ ਨਫ਼ਰਤ ਹੌਲੀ-ਹੌਲੀ ਪਿਆਰ ਵਿੱਚ ਬਦਲ ਜਾਂਦੀ ਹੈ। ਉਹ ਦੋਵੇਂ ਇਕੱਠੇ ਹੀ ਹਿੰਦੂ ਸਿੱਖ ਸ਼ਰਨਾਰਥੀਆਂ ਨੂੰ ਪਾਕਿਸਤਾਨ ਤੋਂ ਭਾਰਤ ਨੱਠ ਕੇ ਜਾਣ ਵਿੱਚ ਸਹਾਇਤਾ ਕਰਦੇ ਹਨ। ਪੂਰੋ ਜੋ ਕਿ ਕਹਾਣੀ ਦਾ ਮੁੱਖ ਪਾਤਰ ਹੈ ਅੰਮ੍ਰਿਤਾ ਉਸ ਰਾਹੀਂ ਹੀ ਸਮਾਜਿਕ ਰੀਤਾਂ, ਮਰਦ ਦੀ ਹਵਸ, ਤੇ ਕਿਸਮਤ ਉੱਪਰ ਉਦਾਸੀਨ ਨਿਰਭਰਤਾ ਦਾ ਪ੍ਰਗਟਾਵਾ ਕਰਦੀ ਹੈ ਜੋ ਉਸ ਅਨੁਸਾਰ ਭਾਰਤੀ ਨਾਰੀ ਦੀ ਕਿਸਮਤ ਹੈ।

ਮੋਹਨ ਸਿੰਘ ਤੇ ਅੰਮ੍ਰਿਤਾ-ਪ੍ਰੀਤਮ ਦਾ ਇਕ ਸਮਕਾਲੀ ਨਾਸਤਕ ਸ਼ਾਇਰ ਦਰਸ਼ਨ ਸਿੰਘ 'ਅਵਾਰਾ' ਕ੍ਰਾਂਤੀਕਾਰੀ ਸੀ। ਕਿਉਂਕਿ ਉਹਦੀ ਇੱਛਾ ਅਨਪੜ੍ਹ ਲੋਕਾਂ ਤੱਕ ਗੱਲ ਪਹੁੰਚਾਉਣ ਦੀ ਸੀ ਉਸ ਦੀਆਂ ਕਵਿਤਾਵਾਂ ਪ੍ਰਚਾਰ ਲਈ ਸਨ ਤੇ ਸਿਆਸੀ ਸਮਾਗਮਾਂ ਵਿੱਚ ਪੜ੍ਹੀਆਂ ਜਾਂਦੀਆਂ ਸਨ।

1920 ਵਿੱਚ ਪੈਦਾ ਹੋਇਆ ਹਰਿਭਜਨ ਸਿੰਘ ਇਕ ਵੱਖਰੀ ਸ਼ੈਲੀ ਦਾ ਲੇਖਕ ਹੈ ਜੋ ਨਵੀਂ ਸ਼ਬਦ ਚੋਣ ਤੇ ਸਰੋਦੀਪੁਣੇ ਕਾਰਨ ਉੱਘਾ ਹੋਇਆ। ਉਸ ਦੇ ਪ੍ਰਸਿੱਧ ਕਾਵਿ-ਸੰਗ੍ਰਹਿ ਹਨ : "ਅੱਧ ਰੈਣੀ; ਨਾ ਧੁੱਪੇ ਨਾ ਛਾਵੇਂ।

ਨਵੇਂ ਝੁਕਾਵਾਂ ਲਈ ਲੇਖਕਾਂ ਦੀ ਆਧੁਨਿਕ ਪੀੜ੍ਹੀ 'ਚੋਂ ਦੋ ਨਵੇਂ ਸ਼ਾਇਰਾਂ ਦਾ ਜ਼ਿਕਰ ਕਰਨਾ ਉੱਚਿਤ ਲੱਗਦਾ ਹੈ। ਤਾਰਾ ਸਿੰਘ ਕਾਮਲ ਜੋ ਕਿੱਤੇ ਵਜੋਂ ਤਰਖਾਣ ਹੈ ਉਹ ਰੂੜ੍ਹੀਵਾਦੀਆਂ ਉੱਪਰ ਹਮਲਾ ਕਰਨ ਵਾਲਿਆਂ 'ਚੋਂ ਪ੍ਰਤਿਨਿੱਧ ਸ਼ਾਇਰ ਹੈ। ਉਹ ਕਵੀ ਦਰਬਾਰਾਂ ਦਾ ਚਹੇਤਾ ਹੈ ਜਿੱਥੇ ਕਵੀ ਤੇ ਸਰੋਤੇ ਦਾ ਤਾਲਮੇਲ ਜ਼ਰੂਰੀ ਹੈ। ਉਸ ਦੀ ਤਕਨੀਕ ਦਾ ਆਦਰਸ਼ਕ ਨਮੂਨਾ ਹੈ ਉਹਦੀ ਕਵਿਤਾ ਪ੍ਰੇਮੀਆਂ ਦੀ ਦਸ਼ਾ—ਕੀ ਕੋਈ ਮਾਣ ਕਰੇ ਜੀਵਨ ਤੇ :

ਪਿਆਰ ਤੇਰਾ ਜੀਵਨ ਵਿਚ ਮੈਨੂੰ
ਕੁੱਲ ਏਨਾ ਚਿਰ ਮਿਲਿਆ—
ਜੇਠ ਹਾੜ ਦੀ ਰੁੱਤੇ
ਜਿਉਂ ਥੱਲ ਭੁੱਜਦੇ ਸਿਖਰ ਦੁਪਹਿਰੇ,
ਇਕ ਕਿਣਕੇ ਦੇ ਉੱਤੋਂ
ਅੱਕ-ਕੱਕੜੀ ਦਾ ਫੰਭਾ ਉਡਦਾ
ਪਲ-ਛਿਣ ਛਾਂ ਕਰ ਜਾਵੇ!
ਹੇ ਮੇਰੀ ਸਰਘੀ-ਮੁੱਖ ਚੰਨੀਏ,
ਯਾਦ ਤੇਰੀ ਮੈਂ ਸਾਂਭ ਸਾਂਭ ਕੇ
ਇੰਝ ਦਿਲ ਅੰਦਰ ਰੱਖੀ—
ਜਿਉਂ ਸਿਆਲੀ ਰੁੱਤੇ
ਟੁੱਟੇ ਹੋਏ ਛੱਪਰ ਦੇ ਉੱਤੇ
ਮੀਂਹ ਗੜੇ ਦਾ ਵਸਦਾ,
ਛੱਪਰ ਹੇਠਾਂ
ਥੱਲੇ ਇਕ ਮੁਸਾਫ਼ਰ ਬੈਠਾ ਅੱਗ ਬਾਲ ਕੇ,

ਤ੍ਰਿੱਪ ਤ੍ਰਿੱਪ ਚੋਂਦੇ ਮੀਂਹ ਦੇ ਟੇਪਿਉਂ,
ਨਿੱਘ ਬਚਾਵਣ ਖ਼ਾਤਰ,
ਰੋਕ ਪਿੱਠ ਤੇ ਗੰਧਲਾ ਪਾਣੀ
ਅੱਗ ਤੇ ਝੁਕਿਆ ਹੋਵੇ।

ਸ਼ਿਵ ਕੁਮਾਰ ਬਟਾਲਵੀ (1936–73) ਪੰਜਾਬ ਸਾਹਿੱਤਕ ਆਕਾਸ਼ ਤੇ ਇਕ ਧੂਮ-ਕੇਤੂ ਵਾਂਗ ਪ੍ਰਗਟ ਹੋਇਆ। ਉਹ ਇਕ ਲੰਪਟ ਨੌਜਵਾਨ ਸੀ ਜਿਸ ਦੀਆਂ ਜੜ੍ਹਾਂ ਪਿੰਡ ਦੀ ਰੂੜ੍ਹੀਆਂ ਵਿੱਚ ਸਨ ਤੇ ਉਹ ਮਿਥਿਹਾਸ ਤੇ ਲੋਕਯਾਨ ਵਿੱਚ ਪੂਰੀ ਤਰ੍ਹਾਂ ਡੁੱਬਾ ਹੋਇਆ ਸੀ। ਉਹ ਜਮਾਂਦਰੂ ਕਵੀ ਸੀ। ਜੋ ਵੀ ਉਸ ਨੇ ਲਿਖਿਆ, ਸਰੋਦੀ ਸ਼ਾਹਕਾਰ ਬਣ ਗਿਆ। ਉਸ ਦੀ ਵਧੀਆ ਰਚਨਾ 'ਲੂਣਾ' ਸੀ ਜੋ ਰਾਜੇ ਸਲਵਾਨ ਦੇ ਪੁੱਤਰ ਰਾਜਕੁਮਾਰ ਪੂਰਨ ਭਗਤ ਦੀ ਕਹਾਣੀ ਤੇ ਆਧਾਰਿਤ ਸੀ। ਮਹਾਂਕਾਵਿ ਵਿੱਚ ਪੂਰਨ ਲੂਣਾਂ ਦੀ ਮੰਦੀ ਭਾਵਨਾ ਨੂੰ ਠੁਕਰਾਉਂਦਾ ਹੈ ਤੇ ਉਹ ਆਪਣੇ ਬੁੱਢੇ ਪਤੀ ਨੂੰ ਉਕਸਾਉਂਦੀ ਹੈ ਕਿ ਉਸ ਤੇ ਉਸ ਨੇ ਮੰਦੀ ਨਜ਼ਰ ਕੀਤੀ ਹੈ ਇਸ ਲਈ ਉਸ ਨੂੰ ਉਹ ਸਜ਼ਾ ਦੇਵੇ। ਸ਼ਿਵ ਬਟਾਲਵੀ ਦੇ ਬਿਰਤਾਂਤ ਵਿੱਚ 'ਲੂਣਾ' ਖ਼ਲਨਾਇਕ ਦੀ ਥਾਂ ਇਕ ਅਜਿਹੀ ਨਰੋਈ ਇਸਤਰੀ ਵਿਖਾਈ ਗਈ ਹੈ ਜੋ ਆਪਣੇ ਬੁੱਢੇ ਪਤੀ ਦੀ ਨਾਮਰਦੀ ਕਾਰਨ ਨਿਰਾਸ਼ ਹੋ ਜਾਂਦੀ ਹੈ ਤੇ ਉਹ ਆਪਣੇ ਮਤਰੇਏ ਖ਼ੂਬਸੂਰਤ ਪੁੱਤਰ ਦੀ ਤਾਂਘ ਕਰਦੀ ਹੈ। 'ਲੂਣਾ' ਦੀ ਤੁਰਤ ਹੀ ਪ੍ਰਸਿੱਧੀ ਹੋ ਗਈ। ਸ਼ਿਵ ਸਾਹਿਤ ਅਕਾਦਮੀ ਦਾ ਇਨਾਮ ਲੈਣ ਵਾਲਾ 1967 ਵਿੱਚ ਸਭ ਤੋਂ ਛੋਟੀ ਉਮਰ ਦਾ ਲੇਖਕ ਸੀ। ਉਹ 37 ਸਾਲ ਦੀ ਉਮਰ ਤੋਂ ਪਹਿਲਾਂ ਹੀ ਸ਼ਰਾਬ ਪੀ ਪੀ ਕੇ ਮਰ ਗਿਆ। ਉਸ ਨੇ ਲਿਖਿਆ ਕਿ ਮਰਨ ਦਾ ਸਭ ਤੋਂ ਵਧੀਆ ਸਮਾਂ 'ਜੋਬਨ ਰੁੱਤ' ਹੈ।

ਸਾਹਿਤੱਕ ਪੱਤਰ, ਗਲਪ ਤੇ ਨਾਟਕ—ਪੰਜਾਬੀ ਵਾਰਤਕ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਗੁਰਬਖ਼ਸ਼ ਸਿੰਘ (1895–77) ਪ੍ਰੀਤਲੜੀ ਮਾਸਿਕ ਰਿਸਾਲੇ ਦੇ ਸੰਪਾਦਕ ਅਤੇ ਡਾ: ਬਲਬੀਰ ਸਿੰਘ ਹਨ ਜੋ ਭਾਈ ਵੀਰ ਸਿੰਘ ਦੇ ਛੋਟੇ ਭਰਾ ਸਨ। ਗੁਰਬਖ਼ਸ਼ ਸਿੰਘ ਦਾ ਕਮਿਊਨਿਸਟ ਪਾਰਟੀ ਨਾਲ ਬੜਾ ਨੇੜਲਾ ਸੰਬੰਧ ਸੀ ਤੇ ਉਸ ਦਾ ਪੰਜਾਬੀ ਦੇ ਨੌਜੁਆਨ ਲੇਖਕਾਂ ਤੇ ਬੜਾ ਪ੍ਰਭਾਵ ਸੀ। ਉਸ ਦੀ ਜ਼ਾਹਰਾ ਤੌਰ 'ਤੇ ਉਪਦੇਸ਼ਾਤਮਕ ਤੇ ਪ੍ਰਚਾਰਕ ਲੇਖਣੀ ਆਪਣੀ ਸ਼ੈਲੀ ਦੀ ਰਵਾਨੀ ਤੇ ਸ਼ਬਦ ਚੋਣ ਕਾਰਨ ਸਭ ਘਾਟਾ ਪੂਰਾ ਕਰ ਦਿੰਦੀ ਸੀ। ਗੁਰਬਖ਼ਸ਼ ਸਿੰਘ ਨੇ ਨਾਵਲ, ਨਾਟਕ, ਛੋਟੀਆਂ ਕਹਾਣੀਆਂ ਤੇ ਲੇਖ ਲਿਖੇ। ਡਾ: ਬਲਬੀਰ ਸਿੰਘ ਆਪਣੇ ਭਰਾ ਵਾਂਗ ਪੂਰੀ ਤਰ੍ਹਾਂ ਧਾਰਮਕ ਵੀ ਸੀ ਤੇ ਉਹ ਸਾਰੇ ਸਮਕਾਲੀ ਸਿੱਖ ਲੇਖਕਾਂ ਨਾਲੋਂ ਵਧੇਰੇ ਪੜ੍ਹੇ-ਲਿਖੇ ਤੇ ਵਿਦਵਾਨ ਸਨ। ਉਸ ਦੇ ਲੇਖਾਂ ਵਿੱਚੋਂ ਯੂਰਪੀ ਤੇ ਸੰਸਕ੍ਰਿਤ ਸਾਹਿੱਤ ਬਾਰੇ ਗਿਆਨ ਝਲਕਦਾ ਹੈ ਤੇ ਉਹ ਲੇਖਾਂ ਵਿੱਚ ਵੀ ਸਰਲ ਤੇ ਅਛੋਹ ਪੰਜਾਬੀ ਦੀ ਵਰਤੋਂ ਕਰਦੇ ਹਨ। ਉਸ ਨੇ "ਕਲਮ ਦੀ ਕਰਾਮਾਤ" ਤੇ "ਲੰਮੀ ਨਦਰ" ਦੋ ਲੇਖ ਸੰਗ੍ਰਹਿ ਛਪਵਾਏ ਹਨ ਤੇ ਦੋਹਾਂ ਦੀਆਂ ਆਲੋਚਕਾਂ ਨੇ ਸ਼ਲਾਘਾ ਕੀਤੀ ਹੈ।

ਨਾਵਲ ਦੀ ਇਕ ਸਾਹਿੱਤ ਰੂਪ ਵਿੱਚ ਰਚਨਾ, ਪੰਜਾਬੀ ਵਿੱਚ ਮਗਰੋਂ ਸ਼ੁਰੂ ਹੋਈ। ਸਭ ਤੋਂ ਉੱਘਾ ਨਾਵਲ ਲੇਖਕ ਨਾਨਕ ਸਿੰਘ (1897–7) ਸੀ ਜਿਸ ਨੇ ਦੋ ਦਰਜਨ ਤੋਂ ਵੱਧ ਨਾਵਲ ਲਿਖੇ ਤੇ ਅਜੇ ਤੱਕ ਵੀ ਉਹ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ। ਉਹਦੀ ਭਾਸ਼ਾ ਘੱਟ ਪੜ੍ਹੇ ਲਿਖੇ ਭਾਰਤੀਆਂ ਵਾਲੀ ਹੈ ਜਿਸ ਦੇ ਵਿੱਚ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਹੋਈ ਹੈ। ਉਸ ਦੇ ਕਥਾਨਕਾਂ ਦੀ ਗੋਂਦ ਸੁਭਾਵਕ ਨਹੀਂ ਮੌਕਾ ਮੇਲ ਦੀਆਂ ਜੁਗਤਾਂ ਨਾਲ ਬਣਾਈ ਗਈ ਹੁੰਦੀ ਹੈ।

ਪੰਜਾਬੀ ਸਾਹਿੱਤ ਦੀ ਮਹੱਤਵਪੂਰਨ ਪ੍ਰਾਪਤੀ ਛੋਟੀ ਕਹਾਣੀ ਦੇ ਖੇਤਰ ਵਿੱਚ ਹੈ। ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਪੰਜਾਬੀ ਲੇਖਕ ਪੁਰਾਣਕ ਕਥਾਵਾਂ ਦੀ ਪਰੰਪਰਾ ਵਿਕਸਿਤ ਕਰਨ ਦੇ ਸਮਰੱਥ ਹੋ ਗਿਆ ਹੈ। ਸੰਤ ਸਿੰਘ ਸੇਖੋਂ (ਜਨਮ 1908) ਨੇ ਸਿੱਧੇ ਸਪਾਟ ਬਿਆਨ ਤੇ ਵਰਨਨ ਵਿਧੀ ਦਾ ਤਿਆਗ ਕਰਕੇ ਸੰਕੇਤ, ਸਵੈ-ਸੰਬੋਧਨ ਵਿਧੀ ਤੇ ਘੱਟ ਬਿਆਨੀ ਦੀ ਵਰਤੋਂ ਕੀਤੀ ਹੈ। ਕਰਤਾਰ ਸਿੰਘ ਦੁੱਗਲ (ਜਨਮ 1919) ਪੰਜਾਬੀ ਕਹਾਣੀ ਦਾ ਪ੍ਰਮੁੱਖ ਲੇਖਕ ਹੈ। ਉਸ ਨੇ ਪੰਜਾਬੀ ਸਾਹਿੱਤ ਵਿੱਚ ਰਾਵਲਪਿੰਡੀ ਜ਼ਿਲ੍ਹੇ ਦੀ ਉਪਭਾਸ਼ਾ ਦੀ ਵਰਤੋਂ ਕੀਤੀ ਹੈ। ਉਸ ਦੇ ਕਹਾਣੀ ਸੰਗ੍ਰਹਿ 'ਸਵੇਰ ਸਾਰ' ਤੇ 'ਨਵਾਂ ਘਰ' ਧਿਆਨਯੋਗ ਹਨ। ਇਸ ਤਰ੍ਹਾਂ ਹੀ ਕੁਲਵੰਤ ਸਿੰਘ ਵਿਰਕ ਨੇ ਆਪਣੀ ਛੋਟੀ ਕਹਾਣੀ ਵਿੱਚ ਮਾਝੇ ਦੇ ਜੱਟਾਂ ਦੀ ਉਪਭਾਸ਼ਾ ਦੀ ਵਰਤੋਂ ਕੀਤੀ ਹੈ। ਵਿਰਕ ਦੀਆਂ ਮਗਰਲੀਆਂ ਕਹਾਣੀਆਂ ਕੁਝ ਨਵੀਸ ਹੋ ਗਈਆਂ ਹਨ ਤੇ ਉਸ ਨੇ ਛੋਟੇ ਸ਼ਹਿਰਾਂ ਵਿੱਚ ਰਹਿੰਦੇ ਨਿਮਨ ਮੱਧ ਵਰਗ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ ਹੈ।

ਅਜੀਤ ਕੌਰ (ਜਨਮ 1934) ਦੇ ਆਉਣ ਨਾਲ ਕਹਾਣੀ ਲਿਖਣ ਦੀ ਸ਼ੈਲੀ ਵਿੱਚ ਮਹੱਤਵਪੂਰਨ ਆਧੁਨਿਕਤਾ ਆਈ ਹੈ। ਉਸ ਦੇ ਕਈ ਲਘੂ ਨਾਵਲ ਤੇ ਕਹਾਣੀ ਸੰਗ੍ਰਿਹਿਆਂ ਦੇ ਅੰਗਰੇਜ਼ੀ, ਹਿੰਦੀ ਤੇ ਉਰਦੂ ਵਿੱਚ ਅਨੁਵਾਦ ਪ੍ਰਤਿਸ਼ਠਾਵਾਨ ਰਿਸਾਲਿਆਂ ਵਿੱਚ ਛਪੇ ਹਨ। ਉਹਦੀਆਂ ਰਚਨਾਵਾਂ ਵਿੱਚ ਸੰਖੇਪਤਾ, ਵਿਅੰਗ ਤੇ ਬੁਧੀਮੱਤਾ ਤੇ ਹਾਜ਼ਰ ਜਵਾਬੀ ਤੇ ਨਿਯੰਤਰਣ ਅਧੀਨ ਕਰੁਣਾ ਹੈ ਤੇ ਇਸ ਦੀ ਵਾਰਤਕ ਅਤਿਕਥਨੀ, ਮੁਬਾਲਗਾ ਆਮੇਜ਼ੀ ਤੇ ਬਣਾਵਟ ਤੋਂ ਮੁਕਤ ਹੈ। ਪਹਿਲੀ ਵਾਰ ਅਸੀਂ ਉਹਦੀਆਂ ਕਹਾਣੀਆਂ ਵਿੱਚ ਮਨੁੱਖੀ ਜਜ਼ਬੇ ਤੇ ਸਰੀਰਕ ਸੰਬੰਧਾਂ ਦਾ ਪ੍ਰਗਟਾਓ ਸਪੱਸ਼ਟ ਰੂਪ ਵਿੱਚ ਵੇਖਦੇ ਹਾਂ। ਉਹਦੀ ਸ੍ਵੈ-ਜੀਵਨੀ ਉਹਦੀ ਟੁੱਟੀ ਸ਼ਾਦੀ, ਉਹਦੀ ਛੋਟੀ ਬੇਟੀ ਦੀ ਮੌਤ ਤੇ ਪੈਸੇ ਦੇ ਗ਼ੁਲਾਮ ਮਰਦ ਪ੍ਰਧਾਨ ਸਮਾਜ ਵਿੱਚ ਇਕ ਛੁੱਟੜ (ਤਲਾਕਸ਼ੁਦਾ) ਦੇ ਜਿਉਂਦੇ ਰਹਿਣ ਦੇ ਸੰਘਰਸ਼ ਦੀ ਗਾਥਾ ਹੈ। ਇਸ ਉੱਪਰ ਉਸ ਨੂੰ 1988 ਈ: ਵਿੱਚ ਸਾਹਿੱਤ ਅਕਾਦਮੀ ਦਾ ਇਨਾਮ ਮਿਲਿਆ।

ਪੰਜਾਬੀ ਸਾਹਿੱਤ ਦਾ ਸਭ ਤੋਂ ਅਣਗੌਲਿਆਂ ਪਹਿਲੂ ਪੰਜਾਬੀ ਨਾਟਕ ਹੈ। ਪੰਜਾਬ ਨੇ ਹੁਣੇ ਹੁਣੇ ਹੀ ਚੰਡੀਗੜ੍ਹ ਵਿੱਚ ਪਹਿਲਾ ਸਹੀ ਰੰਗ-ਮੰਚ ਬਣਾਇਆ। ਇਸ ਦੇ ਅਜੇ ਵੀ ਪੇਸ਼ਾਵਰ ਅਦਾਕਾਰ ਜਾਂ ਨਿਰਮਾਤਾ ਨਹੀਂ ਹਨ। ਪੰਜਾਬੀ ਨਾਟਕ ਰਚਨਾ ਪ੍ਰਸਾਰਨ ਤੱਕ ਹੀ ਸੀਮਤ ਹੈ ਜਾਂ ਇਸ ਨੂੰ ਕਲਾ-ਪ੍ਰੇਮੀ ਸ਼ੌਕ ਵਜੋਂ ਨਾਟਕ-ਉਤਸਵਾਂ ਦੇ ਸਮੇਂ ਖੇਡਦੇ ਹਨ। ਫਿਰ ਵੀ ਬਲਵੰਤ ਗਾਰਗੀ ਦੇ ਕੁਝ ਨਾਟਕ ਅਨੁਵਾਦ ਹੋਏ ਹਨ ਤੇ ਸੋਵੀਅਤ ਯੂਨੀਅਨ, ਸੰਯੁਕਤ ਰਾਜ, ਕੈਨੇਡਾ ਅਤੇ ਦੂਰਦਰਸ਼ਨ 'ਤੇ ਖੇਡੇ ਗਏ ਹਨ।

ਪੰਜਾਬੀ ਦੀਆਂ ਸੰਭਾਵਨਾਵਾਂ ਤੇ ਭਵਿੱਖ—ਬਹੁਤ ਸਾਰੇ ਸਿੱਖ ਸਿਆਸਤਦਾਨ ਕਦੇ ਨਾ ਕਦੇ ਲਿਖਦੇ ਰਹੇ ਹਨ ਜਾਂ ਕਵਿਤਾ ਕਹਿੰਦੇ ਰਹੇ ਹਨ ਜਿਵੇਂ ਮਿਸਾਲ ਦੇ ਤੌਰ 'ਤੇ ਮਾਸਟਰ ਤਾਰਾ ਸਿੰਘ, ਗੁਰਮੁਖ ਸਿੰਘ ਮੁਸਾਫ਼ਰ, ਸੋਹਨ ਸਿੰਘ ਜੋਸ਼, ਹੀਰਾ ਸਿੰਘ ਦਰਦ, ਤੇਜਾ ਸਿੰਘ ਸੁਤੰਤਰ। ਉਹਨਾਂ ਨੇ ਨਾਵਲ, ਛੋਟੀਆਂ ਕਹਾਣੀਆਂ ਜਾਂ ਕਾਵਿ-ਸੰਗ੍ਰਹਿ ਰਚੇ। ਇਸ ਸਾਹਿੱਤਕ ਮੱਸ ਤੇ ਮੁਹਾਰਤ ਕਾਰਨ ਉਹ ਪੰਜਾਬੀ ਦੀ ਸਰਕਾਰੀ ਭਾਸ਼ਾ ਵਜੋਂ ਮਾਨਤਾ ਉੱਪਰ ਜ਼ੋਰ ਦਿੰਦੇ ਰਹੇ, ਤੇ ਉਹਨਾਂ ਨੇ ਪੰਜਾਬੀ ਬੋਲਦੇ ਖੇਤਰ ਤੇ ਪੰਜਾਬੀ ਅਕਾਦਮੀ ਦੀ ਸਥਾਪਨਾ ਲਈ ਯਤਨ ਕੀਤੇ। ਸਰਕਾਰੀ ਮਾਨਤਾ ਨੇ ਇਸ ਨੂੰ ਪਿਆ ਉਹ ਘਾਟਾ ਪੂਰਾ ਕਰ ਦਿੱਤਾ ਹੈ ਜੋ ਉਰਦੂ ਨੂੰ ਪਾਕਿਸਤਾਨ ਦੀ ਤੇ ਹਿੰਦੁਸਤਾਨ ਵਿੱਚ ਹਿੰਦੀ ਦੀ ਸਰਪ੍ਰਸਤੀ ਨਾਲ ਇਸ ਨੂੰ ਪਿਆ।

ਪੰਜਾਬੀ ਸਾਹਿੱਤ ਮੁੱਖ ਤੌਰ 'ਤੇ ਗੁਰਮੁਖੀ ਲਿੱਪੀ 'ਚ ਲਿਖ ਰਹੇ ਸਿੱਖ ਲੇਖਕਾਂ 'ਤੇ ਹੀ ਨਿਰਭਰ ਕਰਦਾ ਹੈ। ਵਧੇਰੇ ਟਕਸਾਲੀ ਭਾਸ਼ਾ ਦੀ ਵਰਤੋਂ ਨਾਲ ਉਪਭਾਸ਼ਾਵਾਂ ਖ਼ਤਮ ਹੋ ਰਹੀਆਂ ਹਨ। ਪੰਜਾਬੀ ਭਾਸ਼ਾ ਵਿੱਚੋਂ ਇਹਦੀ ਪੇਂਡੂ ਸ਼ਕਤੀ ਅਲੋਪ ਹੋ ਰਹੀ ਹੈ। ਇਹ ਘਾਟਾਂ ਦੂਸਰੀਆਂ ਭਾਸ਼ਾਵਾਂ 'ਚੋਂ ਕਲਾਸਕੀ ਅਨੁਵਾਦਾਂ ਤੇ ਵਿਦੇਸ਼ ਸੰਕਲਪਾਂ ਤੇ ਸਾਹਿੱਤਕ ਰੂਪਾਂ ਦੇ ਸੰਚਾਰਨ ਨਾਲ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬੀ ਲੇਖਕਾਂ ਨੂੰ ਹਿੰਦੀ, ਉਰਦੂ, ਅੰਗਰੇਜ਼ੀ ਤੇ ਫਰਾਂਸੀਸੀ 'ਚੋਂ ਕੀਤੀ ਅਨੁਵਾਦਾਂ ਨਾਲ ਮੁਕਾਬਲਾ ਕਰਨਾ ਪੈ ਰਿਹਾ ਹੈ। ਸਮਕਾਲੀ ਨੀਵੇਂ ਸਤਰ ਦੀਆਂ ਰਚਨਾਵਾਂ ਕਾਰਨ ਨਵੇਂ ਸਿਧਾਂਤਵਾਦੀ ਆਲੋਚਕਾਂ ਨੇ ਪ੍ਰਸ਼ੰਸਾ ਕਰਨ ਤੋਂ ਉੱਪਰ ਉੱਠ ਕੇ ਨਾਵਲਕਾਰਾਂ ਤੇ ਸ਼ਾਇਰਾਂ ਤੋਂ ਵਧੀਆ ਰਚਨਾਵਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਹੁਣ ਖ਼ਮੀਰ ਵਿੱਚ ਉਬਾਲਾ ਆ ਰਿਹਾ ਹੈ ਤੇ ਪੰਜਾਬੀ ਸਾਹਿੱਤ ਵਿੱਚ ਪੁਨਰ-ਜਾਗ੍ਰਿਤੀ ਦਾ ਯੁੱਗ ਆਉਣ ਹੀ ਵਾਲਾ ਹੈ।

ਸਿੱਖ ਚਿੱਤਰਕਲਾ—ਜਦੋਂ ਸਿੱਖਾਂ ਹੱਥ ਤਾਕਤ ਆਈ ਤਾਂ ਚਿੱਤਰਕਲਾ ਦੀ ਸਿੱਖ ਸ਼ੈਲੀ ਉਤਪੰਨ ਹੋ ਗਈ। ਮੁੱਢਲੇ ਪੜਾਵਾਂ ਵਿੱਚ ਤਾਂ ਇਹ ਖੁਸ-ਨਵੀਸਾਂ ਜਾਂ ਸੁਲੇਖਕਾਂ ਤੇ ਹੀ, ਜ਼ਿਆਦਾ ਕਰਕੇ, ਆਧਾਰਿਤ ਸੀ ਜੋ ਸੁੰਦਰ ਗੁਟਕੇ ਨਿਤ ਨੇਮ ਲਈ ਤਿਆਰ ਕਰਦੇ ਸਨ। ਇਹਨਾਂ ਦੇ ਪੰਨਿਆਂ ਨੂੰ ਫੁੱਲਾਂ ਦੇ ਨਮੂਨਿਆਂ ਤੇ ਢੁੱਕਵੇਂ ਪੰਨਿਆਂ ਤੇ ਗੁਰੂ ਸਾਹਿਬਾਨ ਦੇ ਚਿੱਤਰਾਂ ਨਾਲ ਸ਼ਿੰਗਾਰਿਆ ਜਾਂਦਾ ਸੀ। ਇਹਨਾਂ ਵਿੱਚੋਂ ਬਹੁਤੇ ਚਿੱਤਰਕਾਰ ਉਹੋ ਢੰਗ, ਤਰੀਕੇ ਤੇ ਸਾਂਚੇ ਅਪਣਾਉਂਦੇ ਸਨ ਜੋ ਕੁੱਲੂ, ਕਾਂਗੜਾ ਤੇ ਬਸੋਲੀ ਦੀਆਂ ਪਹਾੜੀਆਂ ਵਿੱਚ ਰਾਜਪੂਤ ਮੁਖੀਆਂ ਦੀ ਸਰਪ੍ਰਸਤੀ ਹੇਠ ਕਲਾਕਾਰਾਂ ਨੇ ਵਿਕਸਿਤ ਕੀਤੇ ਸਨ। ਜਦੋਂ ਪੰਜਾਬ ਵਿੱਚ ਸਿੱਖ ਹਾਕਮ ਬਣੇ ਤਾਂ ਉਹ ਵਹੀਰਾਂ ਘੱਤ ਕੇ ਪੰਜਾਬ ਵਿੱਚ ਸਿੱਖ ਸਰਦਾਰਾਂ ਦੇ ਦਰਬਾਰ ਵਿੱਚ ਪਹੁੰਚ ਗਏ। ਧਾਰਮਕ ਵਿਸ਼ਿਆਂ ਦੇ ਨਾਲ-ਨਾਲ ਉਹ ਆਪਣੇ ਸਰਪ੍ਰਸਤਾਂ ਦੇ ਚਿੱਤਰ ਵੀ ਬਣਾਉਂਦੇ ਸਨ ਤੇ ਉਹ ਬਹੁਤੀ ਵਾਰ ਆਪਣੇ ਸਰਪ੍ਰਸਤਾਂ ਦੇ ਆਨੰਦ ਲਈ ਕਾਮ ਉਤੇਜਕ ਚਿੱਤਰ ਵੀ ਬਣਾਉਂਦੇ ਸਨ। ਬਹੁਤ ਸਾਰੇ ਸਿੱਖ ਸਰਦਾਰਾਂ ਨੇ ਕਲਾਕਾਰਾਂ ਨੂੰ ਆਪਣੇ ਮਹਿਲਾਂ ਵਿੱਚ ਮੋਹਰਾਕਸ਼ੀ ਦਾ ਕੰਮ ਵੀ ਸੌਂਪ ਦਿੱਤੇ ਸਨ।

ਮਹਾਰਾਜਾ ਰਣਜੀਤ ਸਿੰਘ, ਬਾਵਜੂਦ ਆਪਣੀ ਅਸਭਿਯਕ ਪਾਲਣ ਪੋਸ਼ਣ ਦੇ ਕਲਾ ਦੀ ਸਰਪ੍ਰਸਤੀ ਬੜੀ ਉਦਾਰਤਾ ਨਾਲ ਕਰਦਾ ਸੀ। ਜਦੋਂ ਉਸ ਨੇ ਕਾਂਗੜੇ ਦੇ ਸੰਸਾਰ ਚੰਦ ਨੂੰ 1809 ਵਿੱਚ ਫਤਿਹ ਕਰ ਲਿਆ ਤਾਂ ਪੰਜਾਬ ਦੇ ਮੈਦਾਨਾਂ ਵੱਲ ਚਿੱਤਰਕਾਰ ਹਿਜਰਤ ਕਰਨ ਲੱਗੇ। ਰਣਜੀਤ ਸਿੰਘ ਵਾਂਗ ਹੀ ਹਰੀ ਸਿੰਘ ਨਲਵਾ, ਊਨਾ ਦੇ ਬੇਦੀ, ਅਟਾਰੀਵਾਲੇ ਸਰਦਾਰ ਤੇ ਕਪੂਰਥਲੇ ਦਾ ਰਾਜਾ, ਸਭ ਹੀ ਚਿਤਰਕਲਾ ਵਿੱਚ ਰੁਚੀ ਲੈਣ ਲੱਗੇ ਤੇ ਉਹਨਾਂ ਨੇ ਕਲਾਕਾਰਾਂ ਨੂੰ ਪੁਸਤਕਾਂ, ਤਸਵੀਰਾਂ ਤੇ ਮੋਹਰਾਕਸ਼ੀ ਦੇ ਕੰਮ ਸੌਂਪ ਦਿੱਤੇ। ਰਣਜੀਤ ਸਿੰਘ ਨੇ ਉਹਨਾਂ ਕਲਾਕਾਰਾਂ ਨੂੰ ਅੰਮ੍ਰਿਤਸਰ ਵਿੱਚ ਮੋਹਰਾਕਸ਼ੀ ਤੇ ਹੋਰ ਸਜਾਵਟੀ ਕਾਰਜਾਂ 'ਤੇ ਲਗਾਇਆ। ਸਭ ਤੋਂ ਉੱਘਾ ਸ਼ਿਲਪਕਾਰ ਕੇਹਰ ਸਿੰਘ ਸੀ। ਸਵਰਨ ਮੰਦਰ ਵਿੱਚ ਮੋਹਰਾਕਸ਼ੀ ਤੇ ਸੰਗਮਰਮਰ ਉੱਪਰ ਫੁੱਲ ਬੂਟੇ ਦਾ ਬਹੁਤਾ ਕੰਮ ਉਸ ਆਦਮੀ ਨੇ ਹੀ ਕੀਤਾ ਸੀ। ਹਰਿਮੰਦਰ ਦੇ ਚਿਤਰਕਾਰ ਨੇ ਹੀ ਲਾਹੌਰ ਵਿੱਚ ਰਣਜੀਤ ਸਿੰਘ ਦੀ ਸਮਾਧ ਉੱਪਰ ਵੀ ਕੰਮ ਕੀਤਾ ਸੀ।

ਕੇਹਰ ਸਿੰਘ ਨੇ ਨੱਕਾਸ਼ਾਂ ਦੀ ਸੰਸਥਾ ਨੂੰ ਜਨਮ ਦਿੱਤਾ ਜਿਹਨਾਂ ਨੇ ਹਰਿਮੰਦਰ ਦੇ ਕਈ ਉੱਪ ਅੰਗਾਂ ਵਿੱਚ ਕੰਮ ਕੀਤਾ। ਉਹ ਕਾਰਟੂਨ ਬਣਾਉਣ ਵਿੱਚ ਵੀ ਮਾਹਰ ਸੀ। ਉਸ

ਨੇ ਨਿਹੰਗਾਂ ਤੇ ਪੰਜਾਬੀ ਪੇਂਡੂਆਂ ਦੇ ਕਈ ਚਿੱਤਰ ਬਣਾਏ। ਕੇਹਰ ਸਿੰਘ ਦੀ ਪਰੰਪਰਾ ਨੂੰ ਗਿਆਨ ਸਿੰਘ (1883-1935) ਤੇ ਉਹਦੇ ਪੁੱਤਰਾਂ ਨੇ ਕਾਇਮ ਰੱਖਿਆ। ਉਹਨਾਂ ਨੇ ਸਵਰਨ ਮੰਦਰ ਵਿੱਚ ਕੰਮ ਕਰਦਿਆਂ ਜੀਵਨ ਹੀ ਲੇਖੇ ਲਾ ਦਿੱਤਾ।

ਭਾਰਤੀ ਚਿੱਤਰਕਾਰਾਂ ਵਿੱਚੋਂ ਆਧੁਨਕ ਸਮੇਂ ਦੀ ਸਭ ਤੋਂ ਉੱਘੀ ਚਿਤਰਕਾਰ ਅੰਮ੍ਰਿਤਾ ਸ਼ੇਰਗਿੱਲ (1911-41) ਸੀ। ਉਹ ਸੁੰਦਰ ਸਿੰਘ ਮਜੀਠੀਆ ਦੇ ਵੱਡੇ ਭਰਾ ਉਮਰਾਓ ਸਿੰਘ ਦੀ ਤੇ ਉਹਦੀ ਹੰਗਰੀ ਦੀ ਜੰਮਪਲ ਪਤਨੀ ਦੀ ਬੇਟੀ ਸੀ। ਉਸ ਨੇ ਪੈਰਿਸ ਵਿੱਚ ਕਲਾ ਸਿਖਲਾਈ ਪ੍ਰਾਪਤ ਕੀਤੀ ਸੀ ਤੇ ਉਹਦੇ ਮੁੱਢਲੇ ਕੰਮਾਂ ਵਿੱਚ ਫਰਾਂਸੀਸੀ ਉਸਤਾਦਾਂ ਖ਼ਾਸ ਕਰਕੇ ਗੌਗਿਨ ਦਾ ਪ੍ਰਭਾਵ ਸੀ। ਜਦੋਂ ਉਹ ਭਾਰਤ ਆਈ ਤਾਂ ਉਸ ਨੇ ਯੂਰਪੀ ਤਕਨੀਕ ਤੋਂ ਖਹਿੜਾ ਛੁਡਾਇਆ ਤੇ ਸਰਗਰਮ ਪਰੰਪਰਾਵਾਦੀ ਬਣ ਗਈ। ਉਹਦਾ ਵਧੀਆ ਕੰਮ ਰਾਜਸਥਾਨੀ ਤੇ ਕਾਂਗੜਾ ਕਲਾ ਪ੍ਰਣਾਲੀਆਂ ਦੀ ਯਾਦ ਦਿਲਾਉਂਦਾ ਹੈ ਪਰ ਇਹ ਵੱਡੇ ਆਕਾਰ ਦੇ ਕੱਪੜੇ ਸੋਖ ਸੰਤਰੀ ਤੇ ਚਿੱਟੇ ਰੰਗਾਂ ਵਿੱਚ ਚਿੱਤਰ ਬਣਾਏ ਹੋਏ ਹਨ। ਅੰਮ੍ਰਿਤਾ ਸ਼ੇਰਗਿੱਲ 30 ਸਾਲ ਦੀ ਉਮਰ ਵਿੱਚ ਹੀ ਮਰ ਗਈ। ਜੋ ਕੁਝ ਵੀ ਉਸ ਨੇ ਥੋੜ੍ਹੇ ਜਿਹੇ ਸਾਲਾਂ ਵਿੱਚ ਕੀਤਾ ਉਹ ਲਭਾਇਮਾਨ ਰਾਸ਼ਟਰੀ ਖ਼ਜ਼ਾਨਾ ਬਣ ਗਿਆ। ਉਹਦੇ ਚਿੱਤਰ ਨਵੀਂ ਦਿੱਲੀ ਦੀ ਰਾਸ਼ਟਰੀ ਗੈਲਰੀ ਵਿੱਚ ਲਟਕਦੇ ਹਨ।

ਸਮਕਾਲੀ ਸਿੱਖ ਚਿੱਤਰਕਾਰ ਬਹੁਤੇ ਉੱਘੇ ਨਹੀਂ ਹੋਏ। ਵਧੇਰੇ ਮਸ਼ਹੂਰ ਸੋਭਾ ਸਿੰਘ ਤੇ ਐਸ.ਜੀ. ਠਾਕਰ ਸਿੰਘ ਹਨ। ਸੋਭਾ ਸਿੰਘ ਨੇ ਸਿੱਖ ਆਗੂਆਂ ਦੇ ਚਿੱਤਰ ਬਣਾਏ ਜਾਂ ਪੰਜਾਬੀ ਲੋਕਯਾਨ ਦੇ ਵਿਸ਼ੇ ਲੈ ਕੇ ਚਿੱਤਰ ਬਣਾਏ। ਐਸ.ਜੀ. ਠਾਕਰ ਸਿੰਘ ਅੰਮ੍ਰਿਤਸਰ ਵਿੱਚ ਆਰਟ ਅਕੈਡਮੀ ਦਾ ਮੁਖੀ ਸੀ। ਉਸ ਨੇ ਦ੍ਰਿਸ਼ ਚਿੱਤਰ ਵੀ ਤੇ ਮੂਰਤਾਂ ਵੀ ਬਣਾਈਆਂ। ਉਸ ਦੀ ਮੁਹਾਰਤ ਵਿਸ਼ੇ ਦੀ ਹੂਬ-ਹੂ ਨਕਲ ਉਤਾਰਨ ਵਿੱਚ ਸੀ। ਉਹਦੀ ਪਰੰਪਰਾ ਦਾ ਅਨੁਸਾਰੀ ਕਿਰਪਾਲ ਸਿੰਘ ਸੀ ਜਿਸ ਨੇ ਸਿੱਖ ਇਤਿਹਾਸ 'ਚੋਂ ਵਿਕਰਾਲ ਘਟਨਾਵਾਂ ਦੇ ਚਿੱਤਰ ਬਣਾਏ ਸਨ। ਕਿਰਪਾਲ ਸਿੰਘ ਦੇ ਚਿੱਤਰ ਸਵਰਨ ਮੰਦਰ ਦੇ ਨਾਲ ਚਿੱਤਰ ਗੈਲਰੀ ਵਿੱਚ ਪਰਦਰਸ਼ਿਤ ਕੀਤੇ ਹੋਏ ਹਨ।

ਆਧੁਨਕ ਕੁੰਭਕਾਰੀ ਦੇ ਪਿਤਾਮਾ ਗੁਰਚਰਨ ਸਿੰਘ ਦਾ ਵਰਨਨ ਕਰਨਾ ਵੀ ਉੱਚਿਤ ਹੈ। ਉਹ ਅਜੇ 30ਵਿਆਂ ਵਿੱਚ ਹੀ ਹੈ ਪਰ ਉਸ ਨੇ ਪਰੰਪਰਾ ਨੂੰ ਜਾਰੀ ਰੱਖਣ ਲਈ ਬਹੁਤ ਸਾਰੇ ਕੁਮ੍ਹਹਾਰਾਂ ਨੂੰ ਸਿਖਲਾਈ ਦਿੱਤੀ ਹੈ। ਅਨੇਕਾਂ ਜਵਾਨ ਸਿੱਖ ਬੁੱਤ ਤਰਾਸ਼ਾਂ ਤੇ ਚਿੱਤਰਕਾਰਾਂ ਨੇ ਵਿਸ਼ਵ ਦੇ ਵੱਖ-ਵੱਖ ਭਾਗਾਂ ਵਿੱਚ ਕਾਰਜ ਛੋਹੇ ਹਨ। ਕਿਸੇ ਇਕ ਬਾਰੇ ਕਹਿਣਾ ਔਖਾ ਹੈ। ਜਸਵੰਤ ਸਿੰਘ (ਜਨਮ 1922) ਜਿਸ ਨੇ ਕੋਈ ਰਸਮੀ ਸਿੱਖਿਆ ਪ੍ਰਾਪਤ ਨਹੀਂ ਕੀਤੀ ਹੈ ਉਸ ਨੇ ਅਮੂਰਤ ਤੇ ਦੁਰਬੋਧ ਚਿੱਤਰਕਾਰੀ ਦੀ ਸ਼ੈਲੀ ਨੂੰ ਜਨਮ ਦਿੱਤਾ ਹੈ ਜਿਸ ਵਿੱਚ ਉਸ ਨੇ ਭਾਰਤੀ ਰਾਗਾਂ ਨੂੰ ਦ੍ਰਿਸ਼ਟੀਗਤ ਕੀਤਾ ਹੈ। ਅਰਪਨਾ ਕੌਰ (ਜਨਮ 1954) ਜੋ ਲੇਖਿਕਾ ਅਜੀਤ ਕੌਰ ਦੀ ਬੇਟੀ ਹੈ ਨਵੀਂ ਪੀੜ੍ਹੀ ਦੀ ਸਭ ਤੋਂ ਵਧੇਰੇ ਚਰਚਿਤ ਚਿੱਤਰਕਾਰ ਹੈ। ਉਸ ਦੀ ਕਲਾ ਦੀਆਂ ਪ੍ਰਦਰਸ਼ਨੀਆਂ ਭਾਰਤ ਦੇ ਮੁੱਖ ਸ਼ਹਿਰਾਂ, ਸੋਵੀਅਤ ਸੰਘ, ਇੰਗਲੈਂਡ ਤੇ ਸੰਯੁਕਤ ਰਾਜ ਤੇ ਹੋਰ ਬਹੁਤ ਸਾਰੇ ਮੁਲਕਾਂ ਵਿੱਚ ਲਗਾਈਆਂ ਜਾਂਦੀਆਂ ਹਨ। ਭਾਵੇਂ ਉਹ ਸੂਖਮ ਚਿੱਤਰਾਂ ਤੋਂ ਪ੍ਰੇਰਿਤ ਹੈ ਪਰ ਉਸ ਨੇ ਗੂੜ੍ਹੇ ਉੱਘੜਵੇਂ ਰੰਗਾਂ ਵਿੱਚ ਦਿੱਲੀ ਵਿੱਚ ਸਿੱਖ ਵਿਰੋਧੀ ਨਵੰਬਰ 1984 ਦੇ ਦੰਗਿਆਂ ਜਿਹੇ ਵਿਸ਼ਿਆਂ 'ਤੇ ਚਿੱਤਰ ਬਣਾਏ ਹਨ। 1986 ਵਿੱਚ ਉਸ ਨੂੰ ਉੱਘਾ ਅੰਤਰਰਾਸ਼ਟਰੀ "ਟਰਾਈਨੇਲ ਅਵਾਰਡ" ਮਿਲਿਆ ਸੀ। ਉਹ ਇਹ ਅਵਾਰਡ ਲੈਣ ਵਾਲੀ ਸਭ ਤੋਂ ਘੱਟ ਉਮਰ ਵਾਲੀ ਔਰਤ ਸੀ।

ਅੰਤਿਕਾ 2

ਲਾਹੌਰ ਸਰਕਾਰ ਤੇ ਬਰਤਾਨਵੀ ਸਰਕਾਰ ਵਿਚਕਾਰ 9 ਮਾਰਚ 1846 ਨੂੰ ਹੋਈ ਸੰਧੀ।

ਜਦਕਿ ਬਰਤਾਨਵੀ ਸਰਕਾਰ ਤੇ ਸਵਰਗੀ ਮਹਾਰਾਜਾ ਰਣਜੀਤ ਸਿੰਘ ਵਾਲੀਏ ਲਾਹੌਰ ਵਿਚਕਾਰ 1809 ਵਿੱਚ ਦੋਸਤੀ ਤੇ ਸਹਿਯੋਗ ਦੀ ਸੰਧੀ ਜੋ 1809 ਵਿੱਚ ਹੋਈ ਸੀ ਉਹ ਸਿੱਖ ਫ਼ੌਜ ਵੱਲੋਂ ਬਰਤਾਨਵੀ ਇਲਾਕੇ ਤੇ ਬੇਮਿਸਾਲ ਹਮਲਾ ਕਰਕੇ ਪਿਛਲੇ ਦਸੰਬਰ ਵਿੱਚ ਤੋੜ ਦਿੱਤੀ ਗਈ ਸੀ;

ਅਤੇ ਜਦਕਿ ਉਸ ਮੌਕੇ 13 ਦਸੰਬਰ ਦੀ ਘੋਸ਼ਣਾ ਰਾਹੀਂ ਲਾਹੌਰ ਦਰਬਾਰ ਦੇ ਕਬਜ਼ੇ ਵਾਲੇ ਇਲਾਕੇ ਜੋ ਦਰਿਆ ਸਤਲੁਜ ਦੇ ਖੱਬੇ ਪਾਸੇ ਜਾਂ ਅੰਗਰੇਜ਼ਾਂ ਵਾਲੇ ਪਾਸੇ ਸਨ ਜ਼ਬਤ ਕਰ ਲਏ ਗਏ ਸਨ ਤੇ ਅੰਗਰੇਜ਼ੀ ਪ੍ਰਾਂਤਾਂ ਵਿੱਚ ਮਿਲਾ ਲਏ ਗਏ ਸਨ ਤੇ ਉਸ ਸਮੇਂ ਤੋਂ ਹੀ ਦੋਹਾਂ ਸਰਕਾਰਾਂ ਵਿੱਚ ਇਕ ਦੂਸਰੇ ਵਿਰੁੱਧ ਦੁਸ਼ਮਣੀ ਦੀ ਕਾਰਵਾਈ ਕੀਤੀ ਜਾ ਰਹੀ ਸੀ ਤੇ ਜਿਸ ਦਾ ਸਿੱਟਾ ਲਾਹੌਰ ਉੱਪਰ ਬਰਤਾਨਵੀ ਫ਼ੌਜ ਦਾ ਕਬਜ਼ਾ ਹੋ ਜਾਣ ਵਿੱਚ ਨਿਕਲਿਆ ਹੈ,

ਤੇ ਜਦੋਂ ਕੁਝ ਸ਼ਰਤਾਂ ਦੇ ਆਧਾਰ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਦੋਹਾਂ ਸਰਕਾਰਾਂ ਵਿੱਚ ਕੁਝ ਸ਼ਰਤਾਂ ਤੇ ਅਮਨ ਮੁੜ ਕਾਇਮ ਕੀਤਾ ਗਿਆ ਹੈ, ਸਤਿਕਾਰ ਯੋਗ ਇੰਗਲਿਸ਼ ਈਸਟ ਇੰਡੀਆ ਕੰਪਨੀ ਤੇ ਮਹਾਰਾਜਾ ਰਣਜੀਤ ਸਿੰਘ ਬਹਾਦਰ ਤੇ ਉਸ ਦੀ ਔਲਾਦ ਵਾਰਿਸਾਂ, ਉੱਤਰਾਧਿਕਾਰੀਆਂ ਵੱਲੋਂ ਅਤੇ ਸਤਿਕਾਰਯੋਗ ਕੰਪਨੀ ਤਰਫੋਂ ਫਰੈਡਰਿਕ ਕਰੀ, ਬਰੈਵਟ ਮੇਜਰ ਹੈਨਰੀ ਮੌਂਟਗੁਮਰੀ ਲਾਰੈਂਸ ਆਪਣੇ ਕੁਲ ਅਧਿਕਾਰਾਂ ਨਾਲ ਜੋ ਉਹਨਾਂ ਨੂੰ ਸਤਿਕਾਰਯੋਗ ਸਰ ਹੈਨਰੀ ਹਾਰਡਿੰਗ ਜੀ.ਸੀ.ਬੀ. ਜੋ ਬਰਤਾਨੀਆ ਦੀ ਮਲਕਾ ਮੁਅਜ਼ਮਾ ਦੀ ਸਤਿਕਾਰਯੋਗ ਪਰਿਵੀ ਕੌਂਸਲ ਗਵਰਨਰ ਜਨਰਲ ਹਨ ਨੇ, ਸੌਂਪੇ ਹਨ, ਜਿਸ ਨੂੰ ਕੰਪਨੀ ਬਹਾਦਰ ਨੇ ਈਸਟ ਇੰਡੀਜ਼ ਵਿੱਚ ਸਾਰੇ ਕਾਰ ਵਿਹਾਰ ਤੇ ਮਾਮਲੇ ਨਜਿੱਠਣ ਲਈ ਨਿਯੁਕਤ ਕੀਤਾ ਹੈ ਤੇ ਦੂਸਰੇ ਪਾਸੇ ਤੋਂ ਸਤਿਕਾਰਯੋਗ ਮਹਾਰਾਜਾ ਦਲੀਪ ਸਿੰਘ ਵੱਲੋਂ, ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸਰਦਾਰ ਤੇਜ ਸਿੰਘ, ਸਰਦਾਰ ਚਤਰ ਸਿੰਘ ਅਟਾਰੀਵਾਲਾ, ਸਰਦਾਰ ਰਣਜੋਤ ਸਿੰਘ ਮਜੀਠੀਆ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ-ਉਦ-ਦੀਨ ਮਹਾਰਾਜਾ ਵੱਲੋਂ ਸੌਂਪੇ ਗਏ ਕੁੱਲ ਅਧਿਕਾਰਾਂ ਨਾਲ ਹੇਠ ਲਿਖੀ ਸੰਧੀ ਕੀਤੀ ਜਾਂਦੀ ਹੈ :—

1. ਬਰਤਾਨਵੀ ਸਰਕਾਰ ਤੇ ਮਹਾਰਾਜਾ ਦਲੀਪ ਸਿੰਘ, ਉਸ ਦੇ ਵਾਰਿਸਾਂ ਤੇ ਉੱਤਰਾਧਿਕਾਰੀਆਂ ਵਿੱਚ ਸਦਾ ਸ਼ਾਂਤੀ ਤੇ ਮਿੱਤਰਤਾ ਬਣੀ ਰਹੇਗੀ।

2. ਲਾਹੌਰ ਦੇ ਮਹਾਰਾਜਾ ਨੇ ਆਪਣੇ ਵੱਲੋਂ ਤੇ ਆਪਣੇ ਵਾਰਿਸਾਂ ਤੇ ਉੱਤਰਾਧਿਕਾਰੀਆਂ ਵੱਲੋਂ ਸਤਲੁਜ ਦਰਿਆ ਦੇ ਲਹਿੰਦੇ ਪਾਸੇ ਦਰਿਆ ਦੇ ਦੱਖਣ ਵਾਲੇ ਪਾਸੇ ਸਥਿਤ ਸਾਰੇ ਪਰਦੇਸ਼ਾਂ ਤੇ ਹਮੇਸ਼ਾਂ ਲਈ ਆਪਣਾ ਸਬੰਧ ਤਿਆਗ ਦਿੱਤਾ ਹੈ ਤੇ ਉਹਨਾਂ ਇਲਾਕਿਆਂ ਤੇ ਵਸਨੀਕਾਂ ਨਾਲ ਉਹਦਾ ਹੁਣ ਕੋਈ ਸੰਬੰਧ ਨਹੀਂ ਰਹੇਗਾ।

3. ਮਹਾਰਾਜੇ ਨੇ ਸਤਲੁਜ ਤੇ ਬਿਆਸ ਦਰਿਆਵਾਂ ਵਿਚਕਾਰਲੇ ਦੁਆਬੇ ਵਿਚਲੇ ਕਿਲ੍ਹੇ ਤੇ ਇਲਾਕੇ, ਭਾਵੇਂ ਉਹ ਪਹਾੜੀ ਹਨ ਜਾਂ ਮੈਦਾਨੀ ਇਲਾਕੇ ਵਿੱਚ ਹਨ, ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤੇ ਹਨ।

4. ਅੰਗਰੇਜ਼ਾਂ ਨੇ ਯੁੱਧ ਦੇ ਹਰਜਾਨੇ ਵਜੋਂ ਲਾਹੌਰ ਸਰਕਾਰ ਤੋਂ ਧਾਰਾ 3 ਵਿੱਚ ਵਰਨਨ ਕੀਤੇ ਗਏ ਇਲਾਕੇ ਦੇਣ ਤੋਂ ਬਿਨਾਂ ਡੇਢ ਕਰੋੜ ਰੁਪਿਆ ਨਾ ਦੇ ਸਕਣ ਕਾਰਨ ਜਾਂ ਬਰਤਾਨਵੀ ਸਰਕਾਰ ਨੂੰ ਇਸ ਦੀ ਅਦਾਇਗੀ ਦੀ ਜ਼ਮਾਨਤ ਨਾ ਦੇਣ ਸਕਣ ਕਾਰਨ ਮਹਾਰਾਜਾ ਨੇ ਕੰਪਨੀ ਬਹਾਦਰ ਨੂੰ ਇਕ ਕਰੋੜ ਰੁਪੈ ਦੇ ਬਰਾਬਰ ਸਦਾ ਲਈ ਦਰਿਆ ਸਿੰਧ ਤੇ ਬਿਆਸ ਵਿਚਕਾਰਲੇ ਪਹਾੜੀ ਖੇਤਰ ਜਿਸ ਵਿੱਚ ਕਸ਼ਮੀਰ ਤੇ ਹਜ਼ਾਰਾ ਦੇ ਪ੍ਰਾਂਤ ਹਨ, ਦੇ ਦਿੱਤੇ ਹਨ।

5. ਮਹਾਰਾਜਾ ਸੰਧੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਜਾਂ ਪੁਸ਼ਟੀ ਹੋਣ ਸਮੇਂ ਰਹਿੰਦੇ 50 ਲੱਖ ਰੁਪੈ ਅਦਾ ਕਰੇਗਾ।

6. ਮਹਾਰਾਜੇ ਨੇ ਲਾਹੌਰ ਦੀ ਵਿਦਰੋਹੀ ਸੈਨਾ ਨੂੰ ਹਥਿਆਰ ਖੋਹ ਕੇ ਤੋੜ ਦੇਣ ਦਾ ਵਚਨ ਦਿੱਤਾ ਹੈ ਤੇ ਮਹਾਰਾਜਾ ਇਹ ਵੀ ਇਕਰਾਰ ਕਰਦਾ ਹੈ ਕਿ ਉਹ ਆਪਣੀ ਬਾਕਾਇਦਾ ਫ਼ੌਜ ਦਾ ਪੁਨਰ-ਗਠਨ ਕਰੇਗਾ ਤੇ ਉਹਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਕਾਨੂੰਨਾਂ ਅਨੁਸਾਰ ਤਨਖ਼ਾਹਾਂ ਤੇ ਭੱਤੇ ਦੇਵੇਗਾ। ਇਸ ਧਾਰਾ ਅਧੀਨ ਜੋ ਸੈਨਿਕ ਬਰਤਰਫ ਕੀਤੇ ਜਾਣਗੇ, ਮਹਾਰਾਜਾ ਉਹਨਾਂ ਦੇ ਬਕਾਏ ਅਦਾ ਕਰਨ ਦਾ ਵਚਨ ਵੀ ਦਿੰਦਾ ਹੈ।

7. ਲਾਹੌਰ ਦੀ ਬਾਕਾਇਦਾ ਫ਼ੌਜ, ਹੁਣ 25 ਕੰਪਨੀਆਂ ਦੀ ਪਿਆਦਾ ਫ਼ੌਜ ਹੋਵੇਗੀ ਤੇ ਹਰ ਬਟਾਲੀਅਨ ਵਿੱਚ 800 ਸੈਨਿਕ ਹੋਣਗੇ ਤੇ ਇਸ ਤਰ੍ਹਾਂ ਪਿਆਦਾ ਫ਼ੌਜ 20000 ਤੋਂ ਵੱਧ ਨਹੀਂ ਹੋਵੇਗੀ। ਜੇ ਕਿਸੇ ਖ਼ਾਸ ਕਾਰਨ ਇਹ ਗਿਣਤੀ ਵਧਾਉਣ ਦੀ ਲੋੜ ਹੋਵੇਗੀ ਤਾਂ ਇਸ ਦਾ ਕਾਰਨ ਪੂਰੀ ਤਰ੍ਹਾਂ ਅੰਗਰੇਜ਼ੀ ਸਰਕਾਰ ਨੂੰ ਸਪੱਸ਼ਟ ਕਰਨਾ ਪਵੇਗਾ ਤੇ ਜਦੋਂ ਉਹ ਖ਼ਾਸ ਸਥਿਤੀ ਖ਼ਤਮ ਹੋ ਗਈ ਤਾਂ ਬਾਕਾਇਦਾ ਫ਼ੌਜ ਇਸ ਧਾਰਾ ਅਨੁਸਾਰ ਪਹਿਲੀ ਪੱਧਰ ਤੱਕ ਹੀ ਸੀਮਿਤ ਰਹੇਗੀ।

8. ਮਹਾਰਾਜਾ ਬਰਤਾਨਵੀ ਸਰਕਾਰ ਨੂੰ ਉਹ ਸਾਰੀਆਂ ਤੋਪਾਂ, ਜਿਹਨਾਂ ਦੀ ਗਿਣਤੀ 36 ਹੈ ਤੇ ਜੋ ਬਰਤਾਨਵੀ ਫ਼ੌਜਾਂ ਵਿਰੁੱਧ ਵਰਤੀਆਂ ਗਈਆਂ ਸਨ ਤੇ ਜੋ ਦਰਿਆ ਸਤਲੁਜ ਦੇ ਸੱਜੇ ਕਿਨਾਰੇ ਬੀੜੀਆਂ ਗਈਆਂ ਸਨ ਤੇ ਜੋ ਸਭਰਾਉਂ ਦੀ ਲੜਾਈ ਵਿੱਚ ਅੰਗਰੇਜ਼ਾਂ ਦੇ ਅਧਿਕਾਰ ਵਿੱਚ ਨਹੀਂ ਆਈਆਂ ਸਨ, ਹਵਾਲੇ ਕਰ ਦੇਵੇਗਾ।

9. ਦਰਿਆ ਸਤਲੁਜ ਤੇ ਬਿਆਸ ਉੱਪਰ ਤੇ ਇਸ ਦੇ ਅੱਗੇ ਗੜ੍ਹਾ ਜਾਂ ਪੰਜਨਦ ਦੇ ਰੂਪ ਵਿੱਚ ਮਿਠਨਕੋਟ ਦੇ ਸਥਾਨ 'ਤੇ ਦਰਿਆ ਸਿੰਧ ਨਾਲ ਸੰਗਮ ਤੱਕ ਸਭ ਚੁੰਗੀਆਂ ਤੇ ਪੱਤਣ ਅੰਗਰੇਜ਼ੀ ਅਧਿਕਾਰ ਵਿੱਚ ਹੋਣਗੇ। ਇਸ ਧਾਰਾ ਦੀਆਂ ਸ਼ਰਤਾਂ ਅਨੁਸਾਰ ਲਾਹੌਰ ਸਰਕਾਰ ਦੀ ਉਕਤ ਦਰਿਆਵਾਂ ਵਿੱਚ ਆਵਾਜਾਈ ਤੇ ਢੋਆ ਢੁਆਈ ਲਈ ਬੇੜੀਆਂ ਉੱਪਰ ਕਿਸੇ ਕਿਸਮ ਦੀ ਰੋਕ ਨਹੀਂ ਹੋਵੇਗੀ। ਜਿੱਥੋਂ ਤੱਕ ਪੱਤਣਾਂ ਤੇ ਘਾਟਾਂ ਦਾ ਸਬੰਧ ਹੈ, ਬਰਤਾਨਵੀ ਸਰਕਾਰ ਇਹ ਸਹਿਮਤੀ ਦਿੰਦੀ ਹੈ ਕਿ ਬੇੜੀਆਂ ਤੇ ਘਾਟਾਂ ਦੇ ਪ੍ਰਬੰਧ ਦਾ ਖ਼ਰਚਾ ਕੱਢ ਕੇ ਬਾਕੀ ਦੇ ਨਫੇ ਦਾ 1/2 ਹਿੱਸਾ ਲਾਹੌਰ ਸਰਕਾਰ ਨੂੰ ਦਿਆ ਕਰੇਗੀ। ਇਸ

ਧਾਰਾ ਦੀ ਕੋਈ ਸ਼ਰਤ ਦਰਿਆ ਸਤਲੁਜ ਤੇ ਉਸ ਸਮੇਂ ਲਾਗੂ ਨਹੀਂ ਹੋਵੇਗੀ ਜਦੋਂ ਇਹ ਬਹਾਵਲਪੁਰ ਤੇ ਲਾਹੌਰ ਰਾਜਾਂ ਦੀ ਹੱਦ ਬਣ ਜਾਂਦਾ ਹੈ।

10. ਜੇ ਬਰਤਾਨਵੀ ਸਰਕਾਰ ਕਿਸੇ ਸਮੇਂ ਆਪਣੀਆਂ ਫ਼ੌਜਾਂ ਮਹਾਰਾਜੇ ਦੇ ਇਲਾਕੇ ਵਿੱਚੋਂ ਲੰਘਾ ਕੇ ਲਿਜਾਣਾ ਚਾਹੇ ਜਿਸ ਦੀ ਉਹਨਾਂ ਨੂੰ ਬਰਤਾਨਵੀ ਇਲਾਕੇ ਜਾਂ ਮਿੱਤਰਾਂ ਦੇ ਇਲਾਕੇ ਦੀ ਰੱਖਿਆ ਲਈ ਲੋੜ ਹੋਵੇ ਤਾਂ ਬਰਤਾਨਵੀ ਫ਼ੌਜਾਂ ਨੂੰ ਉੱਚਿਤ ਜਾਣਕਾਰੀ ਦੇ ਦੇਣ ਪਿੱਛੋਂ ਲਾਹੌਰ ਦੇ ਖੇਤਰ 'ਚੋਂ ਲੰਘਣ ਦੀ ਆਗਿਆ ਹੋਵੇਗੀ। ਐਸੀ ਹਾਲਤ ਵਿੱਚ ਲਾਹੌਰ ਦੇ ਅਧਿਕਾਰੀ ਰਸਦ ਸਾਮਾਨ ਤੇ ਦਰਿਆ ਪਾਰ ਕਰਨ ਲਈ ਬੇੜੀਆਂ ਦੀ ਪੂਰਤੀ ਕਰਨਗੇ ਤੇ ਬਰਤਾਨਵੀ ਸਰਕਾਰ ਰਸਦ ਸਾਮਾਨ ਤੇ ਬੇੜੀਆਂ ਬਾਰੇ ਪੂਰੀ ਰਕਮ ਨੁਕਸਾਨ ਦੀ ਹਾਲਤ ਵਿੱਚ ਮੁਆਵਜ਼ਾ ਵਜੋਂ ਦੇਵੇਗੀ। ਬਰਤਾਨਵੀ ਸਰਕਾਰ ਉਸ ਇਲਾਕੇ ਵਿੱਚੋਂ ਜਿੱਥੋਂ ਫ਼ੌਜ ਲੰਘੇਗੀ, ਲੋਕਾਂ ਦੀਆਂ ਧਾਰਮਕ ਭਾਵਨਾਵਾਂ ਦਾ ਖ਼ਿਆਲ ਵੀ ਰੱਖੇਗੀ।

11. ਮਹਾਰਾਜਾ ਇਹ ਇਕਰਾਰ ਵੀ ਕਰਦਾ ਹੈ ਕਿ ਉਹ ਆਪਣੀ ਫ਼ੌਜ ਵਿੱਚ ਕੋਈ ਬਰਤਾਨਵੀ ਪਰਜਾ ਜਾਂ ਯੂਰਪੀ ਤੇ ਅਮਰੀਕੀ ਪਰਜਾ ਨੂੰ ਬਰਤਾਨਵੀ ਸਰਕਾਰ ਦੀ ਮਰਜ਼ੀ ਤੋਂ ਬਿਨਾਂ ਨਹੀਂ ਰੱਖੇਗਾ।

12. ਰਾਜਾ ਗੁਲਾਬ ਸਿੰਘ ਵਾਲੀਏ ਜੰਮੂ ਵੱਲੋਂ ਲਾਹੌਰ ਤੇ ਬਰਤਾਨਵੀ ਸਰਕਾਰਾਂ ਵਿੱਚ ਮਿੱਤਰਤਾ ਦੇ ਸਬੰਧ ਬਹਾਲ ਕਰਾਉਣ ਵਿੱਚ ਨਿਭਾਹੀ ਭੂਮਿਕਾ ਤੇ ਸੇਵਾ ਬਦਲੇ ਮਹਾਰਾਜਾ ਗੁਲਾਬ ਸਿੰਘ ਨੂੰ ਉਹਨਾਂ ਜ਼ਿਲ੍ਹਿਆਂ 'ਤੇ ਖੇਤਰਾਂ ਦਾ ਸੁਤੰਤਰ ਮਹਾਰਾਜਾ ਪ੍ਰਵਾਨ ਕਰਦਾ ਹੈ ਜਿਸ ਇਲਾਕੇ ਦਾ ਫ਼ੈਸਲਾ ਅੰਗਰੇਜ਼ੀ ਸਰਕਾਰ ਤੇ ਰਾਜਾ ਗੁਲਾਬ ਸਿੰਘ ਵਿਚਕਾਰ ਵੱਖਰੀ ਸੰਧੀ ਨਾਲ ਹੋਵੇਗਾ ਤੇ ਉਸ ਵਿੱਚ ਉਹ ਇਲਾਕੇ ਵੀ ਸ਼ਾਮਿਲ ਹੋਣਗੇ ਜੋ ਉਹਦੇ ਅਧਿਕਾਰ ਵਿੱਚ ਮਹਾਰਾਜਾ ਖੜਕ ਸਿੰਘ ਦੇ ਸਮੇਂ ਤੋਂ ਹੀ ਹਨ। ਬਰਤਾਨਵੀ ਸਰਕਾਰ ਵੀ ਰਾਜਾ ਗੁਲਾਬ ਸਿੰਘ ਦੇ ਚੰਗੇ ਵਿਹਾਰ ਕਾਰਨ ਉਹਦੀ ਇਹਨਾਂ ਇਲਾਕਿਆਂ ਵਿੱਚ ਸੁਤੰਤਰਤਾ ਨੂੰ ਬਰਤਾਨਵੀ ਸਰਕਾਰ ਨਾਲ ਵੱਖਰੀ ਸੰਧੀ ਰਾਹੀਂ ਪ੍ਰਵਾਨ ਕਰਦੀ ਹੈ।

13. ਜੇ ਲਾਹੌਰ ਰਾਜ ਤੇ ਗੁਲਾਬ ਸਿੰਘ ਵਿਚਕਾਰ ਕੋਈ ਝਗੜਾ ਹੋ ਜਾਵੇ ਤਾਂ ਉਸ ਝਗੜੇ ਦਾ ਫ਼ੈਸਲਾ ਬ੍ਰਿਟਿਸ਼ ਸਰਕਾਰ ਕਰੇਗੀ ਤੇ ਮਹਾਰਾਜਾ ਉਹ ਫ਼ੈਸਲੇ ਨੂੰ ਪ੍ਰਵਾਨ ਕਰੇਗਾ।

14. ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਬਿਨਾਂ ਲਾਹੌਰ ਸਰਕਾਰ ਦੀਆਂ ਹੱਦਾਂ ਕਿਸੇ ਸਮੇਂ ਵੀ ਨਹੀਂ ਬਦਲੀਆਂ ਜਾਣਗੀਆਂ।

15. ਬ੍ਰਿਟਿਸ਼ ਸਰਕਾਰ ਲਾਹੌਰ ਰਾਜ ਦੇ ਅੰਦਰੂਨੀ ਮਾਮਲਿਆਂ ਵਿੱਚ ਕੋਈ ਦਖ਼ਲ ਨਹੀਂ ਦੇਵੇਗੀ ਪ੍ਰੰਤੂ ਉਹਨਾਂ ਸਾਰੇ ਮਾਮਲਿਆਂ ਵਿੱਚ ਜਿਨ੍ਹਾਂ ਵੱਲ ਬ੍ਰਿਟਿਸ਼ ਸਰਕਾਰ ਦਾ ਧਿਆਨ ਦੁਆਇਆ ਜਾਵੇਗਾ, ਗਵਰਨਰ ਜਨਰਲ ਲਾਹੌਰ ਸਰਕਾਰ ਦੇ ਹਿੱਤ ਵਿੱਚ ਉੱਚਿਤ ਸਲਾਹ ਤੇ ਸਹਾਇਤਾ ਦੇਵੇਗਾ।

16. ਦੋਹਾਂ ਰਾਜਾਂ ਦੀ ਪਰਜਾ ਨਾਲ ਇਕ ਦੂਸਰੇ ਦੀ ਇਲਾਕੇ ਵਿੱਚ ਯਾਤਰਾ ਸਮੇਂ ਅਤਿਅੰਤ ਮਿੱਤਰਤਾਪੂਰਨ ਰਾਜ ਦੀ ਪਰਜਾ ਵਾਲਾ ਵਿਵਹਾਰ ਕੀਤਾ ਜਾਵੇਗਾ।

ਇਹ ਸੰਧੀ ਜਿਸ ਦੀਆਂ 16 ਧਾਰਾਵਾਂ ਹਨ, ਇਸ ਉੱਪਰ ਫਰੈਡਰਿਕ ਕਰੀ ਤੇ ਮੇਜਰ ਹੈਨਰੀ ਮੋਂਟਗੁਮਰੀ ਲਾਰੈਂਸ ਨੇ ਗਵਰਨਰ ਜਨਰਲ ਲਾਰਡ ਹਾਰਡਿੰਗ ਦੀ ਹਿਦਾਇਤ ਤੇ

ਬਰਤਾਨਵੀ ਸਰਕਾਰ ਵੱਲੋਂ ਦਸਤਖ਼ਤ ਕੀਤੇ ਹਨ ਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸਰਦਾਰ ਤੇਜ ਸਿੰਘ, ਸਰਦਾਰ ਚਤਰ ਸਿੰਘ ਅਟਾਰੀਵਾਲਾ, ਸਰਦਾਰ ਰਣਜੋੜ ਸਿੰਘ ਮਜੀਠੀਆ, ਦੀਵਾਨ ਦੀਨਾ ਨਾਥ, ਫਕੀਰ ਨੂਰ-ਉਦ-ਦੀਨ ਨੇ ਦਸਤਖ਼ਤ ਕੀਤੇ ਹਨ ਇਸ ਨੂੰ ਅੱਜ ਦੇ ਦਿਨ ਮਾਨਯੋਗ ਲਾਰਡ ਹਾਰਡਿੰਗ ਜੀ.ਸੀ.ਬੀ. ਗਵਰਨਰ ਜਨਰਲ ਤੇ ਮਾਨਯੋਗ ਮਹਾਰਾਜਾ ਦਲੀਪ ਸਿੰਘ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ।

ਅੱਜ ਦੇ ਦਿਨ 9 ਮਾਰਚ 1846 ਨੂੰ ਜੋ ਰੱਬੀ-ਉਲ-ਅਵਲ 1262 ਹਿਜਰੀ ਦੇ ਬਰਾਬਰ ਹੈ, ਇਸ ਸੰਧੀ ਨੂੰ ਪ੍ਰਵਾਨਗੀ ਦਿੱਤੀ ਗਈ।

ਦਸਤਖ਼ਤ
(ਹੈਨਰੀ ਹਾਰਡਿੰਗ)

ਦਸਤਖ਼ਤ
ਮਹਾਰਾਜਾ ਦਲੀਪ ਸਿੰਘ
ਭਾਈ ਰਾਮ ਸਿੰਘ
ਰਾਜਾ ਲਾਲ ਸਿੰਘ
ਸਰਦਾਰ ਤੇਜ ਸਿੰਘ
ਸਰਦਾਰ ਚਤਰ ਸਿੰਘ ਅਟਾਰੀਵਾਲਾ
ਰਣਜੋੜ ਸਿੰਘ ਮਜੀਠੀਆ
ਦੀਵਾਨ ਦੀਨਾ ਨਾਥ
ਫਕੀਰ ਨੂਰ-ਉਦ-ਦੀਨ

ਅੰਤਿਕਾ 3

11 ਮਾਰਚ 1846 ਨੂੰ ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿੱਚ ਸਮਝੌਤੇ ਦੀਆਂ ਸ਼ਰਤਾਂ

ਜਿਵੇਂ ਕਿ ਲਾਹੌਰ ਸਰਕਾਰ ਨੇ ਗਵਰਨਰ ਜਨਰਲ ਨੂੰ ਬੇਨਤੀ ਕੀਤੀ ਹੈ ਕਿ ਮਹਾਰਾਜੇ ਦੀ ਤੇ ਰਾਜਧਾਨੀ ਦੀ ਸੁਰੱਖਿਆ ਲਈ ਜਦ ਤੱਕ ਲਾਹੌਰ ਦੀ ਫ਼ੌਜ ਦਾ ਪੁਨਰ-ਗਠਨ ਨਹੀਂ ਹੋ ਜਾਂਦਾ ਹੈ ਬਰਤਾਨਵੀ ਫ਼ੌਜ ਲਾਹੌਰ ਦੀ ਸੰਧੀ ਦੀ ਧਾਰਾ 6 ਦੇ ਅਨੁਸਾਰ ਜੋ 9 ਤਾਰੀਖ ਨੂੰ ਲਾਹੌਰ ਵਿੱਚ ਕੀਤੀ ਗਈ ਹੈ ਤੇ ਜਿਸ ਅਨੁਸਾਰ ਗਵਰਨਰ ਜਨਰਲ ਕੁਝ ਸ਼ਰਤਾਂ ਤੇ ਇਹ ਕਦਮ ਉਠਾਉਣ ਲਈ ਸਹਿਮਤ ਹੋ ਗਿਆ ਹੈ ਤੇ ਇਹ ਵੀ ਉੱਚਿਤ ਹੋ ਗਿਆ ਹੈ ਕਿ ਉਕਤ ਧਾਰਾ ਦੀਆਂ ਮੱਦਾਂ 3 ਅਤੇ 4 ਅਨੁਸਾਰ ਸੌਂਪੇ ਗਏ ਇਲਾਕਿਆਂ ਦੇ ਨਿਰਧਾਰਨ ਕਰਨ ਲਈ ਨਿਮਨ ਦਿੱਤੀਆਂ 8 ਹੋਰ ਸਮਝੌਤੇ ਦੀਆਂ ਸ਼ਰਤਾਂ ਬਾਰੇ ਦੋਹਾਂ ਧਿਰਾਂ ਵਿੱਚ ਸਮਝੌਤਾ ਕੀਤਾ ਗਿਆ—

1. ਬਰਤਾਨਵੀ ਸਰਕਾਰ 1846 ਦੇ ਅੰਤ ਤੱਕ ਮਹਾਰਾਜੇ ਤੇ ਲਾਹੌਰ ਵਾਸੀਆਂ ਦੀ ਸੁਰੱਖਿਆ ਲਈ ਸਿੱਖ ਫ਼ੌਜ ਦੇ ਪੁਨਰਗਠਨ ਦੌਰਾਨ ਲਾਹੌਰ ਦੀ ਸੰਧੀ ਦੀ ਧਾਰਾ 6 ਅਨੁਸਾਰ ਇਸ ਮਨੋਰਥ ਲਈ ਉੱਚਿਤ ਸੈਨਾ ਰੱਖੇਗੀ। ਜੇ ਲਾਹੌਰ ਦਰਬਾਰ ਦੀ ਰਾਏ ਵਿੱਚ ਕਿਸੇ ਸਮੇਂ ਵੀ ਇਸ ਦਾ ਉਦੇਸ਼ ਪੂਰਾ ਹੋ ਜਾਂਦਾ ਹੈ ਤਾਂ ਇਸ ਸੈਨਾ ਨੂੰ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਹਟਾ ਲਿਆ ਜਾਵੇਗਾ। ਪਰ 1846 ਈ: ਦੇ ਖ਼ਾਤਮੇ ਉਪਰੰਤ ਉਹ ਕਿਸੇ ਵੀ ਹਾਲਤ ਵਿੱਚ ਲਾਹੌਰ ਨਹੀਂ ਰਹੇਗੀ।

2. ਲਾਹੌਰ ਸਰਕਾਰ ਸਹਿਮਤ ਹੁੰਦੀ ਹੈ ਕਿ ਲਾਹੌਰ ਦਾ ਕਿਲ੍ਹਾ ਤੇ ਸ਼ਹਿਰ ਪੂਰੇ ਤੌਰ 'ਤੇ ਅੰਗਰੇਜ਼ ਸੈਨਾ ਦੇ ਅਧਿਕਾਰ ਵਿੱਚ ਹੋਣਗੇ। ਲਾਹੌਰ ਦੀ ਫ਼ੌਜ ਸ਼ਹਿਰ ਤੋਂ ਬਾਹਰ ਲਿਜਾਈ ਜਾਵੇਗੀ। ਲਾਹੌਰ ਸਰਕਾਰ ਬਰਤਾਨਵੀ ਫ਼ੌਜ ਦੇ ਅਧਿਕਾਰੀਆਂ ਤੇ ਸੈਨਿਕਾਂ ਦੇ ਨਿਵਾਸ ਅਸਥਾਨ ਦਾ ਪ੍ਰਬੰਧ ਕਰੇਗੀ ਤੇ ਲਾਹੌਰ ਸਰਕਾਰ ਉਸ ਦਾ ਸਾਰਾ ਵਾਧੂ ਖ਼ਰਚਾ ਬਰਤਾਨਵੀ ਸਰਕਾਰ ਨੂੰ ਦੇਵੇਗੀ ਕਿਉਂਕਿ ਫ਼ੌਜ ਨੂੰ ਆਪਣੀਆਂ ਛਾਉਣੀਆਂ ਤੋਂ ਦੂਰ ਵਿਦੇਸ਼ੀ ਇਲਾਕੇ ਵਿੱਚ ਰਹਿਣਾ ਪਵੇਗਾ।

3. ਲਾਹੌਰ ਸਰਕਾਰ ਇਹ ਇਕਰਾਰ ਕਰਦੀ ਹੈ ਕਿ ਇਹ ਤੁਰਤ ਹੀ ਆਪਣੀ ਸੈਨਾ ਦਾ ਪੁਨਰ-ਗਠਨ ਨਿਰਧਾਰਿਤ ਸ਼ਰਤਾਂ ਅਨੁਸਾਰ ਕਰੇਗੀ ਤੇ ਲਾਹੌਰ ਵਿੱਚ ਬਰਤਾਨਵੀ ਅਧਿਕਾਰੀਆਂ ਨੂੰ ਪੁਨਰਗਠਨ ਤੇ ਸੈਨਾ ਦੇ ਟਿਕਾਣੇ ਬਾਰੇ ਜਾਣਕਾਰੀ ਦਿੰਦੀ ਰਹੇਗੀ।

4. ਜੇ ਲਾਹੌਰ ਸਰਕਾਰ ਉਪਰੋਕਤ ਧਾਰਾ ਨੂੰ ਨਿਭਾਹੁਣ ਵਿੱਚ ਅਸਫਲ ਰਹਿੰਦੀ ਹੈ ਤਾਂ ਬਰਤਾਨਵੀ ਸਰਕਾਰ ਨੂੰ ਲਾਹੌਰ ਵਿੱਚੋਂ ਫ਼ੌਜ ਨੂੰ ਨਿਰਧਾਰਿਤ ਸਮੇਂ ਤੋਂ ਪਹਿਲਾਂ ਕੱਢ ਕੇ ਲਿਜਾਣ ਦਾ ਅਧਿਕਾਰ ਹੋਵੇਗਾ।

5. ਬਰਤਾਨਵੀ ਸਰਕਾਰ ਧਾਰਾ 3 ਅਤੇ 4 ਵਿੱਚ ਸੌਂਪੇ ਗਏ ਇਲਾਕੇ ਦੇ ਉਹਨਾਂ ਜਾਗੀਰਦਾਰਾਂ ਦੇ ਪ੍ਰਮਾਣਿਕ ਤੇ ਵਾਸਤਵਿਕ ਅਧਿਕਾਰਾਂ ਦਾ ਸਨਮਾਨ ਕਰੇਗੀ ਜਿਹੜੇ

ਮਹਾਰਾਜਾ ਰਣਜੀਤ ਸਿੰਘ, ਖੜਕ ਸਿੰਘ ਤੇ ਸ਼ੇਰ ਸਿੰਘ ਨਾਲ ਸੰਬੰਧਿਤ ਸਨ। ਉਹ ਆਪਣੀ ਜ਼ਿੰਦਗੀ ਤੱਕ ਉਹਨਾਂ ਦੇ ਮਾਲਕ ਬਣੇ ਰਹਿਣਗੇ।

6. ਲਾਹੌਰ ਸਰਕਾਰ ਸਥਾਨਕ ਬਰਤਾਨਵੀ ਅਫ਼ਸਰਾਂ ਦੀ ਸਹਾਇਤਾ, ਕਾਰਦਾਰਾਂ ਤੇ ਪ੍ਰਬੰਧਕਾਂ ਤੋਂ ਧਾਰਾ 3 ਅਤੇ 4 ਅਧੀਨ ਸੌਂਪੇ ਗਏ ਇਲਾਕਿਆਂ ਤੋਂ ਮਾਮਲੇ ਦੇ ਬਕਾਏ ਉਗਰਾਹੁਣ ਲਈ ਖਰੀਫ ਫ਼ਸਲ ਦੇ ਵੱਢਣ ਉਪਰੰਤ ਸਾਲ ਦੇ ਅੰਤ ਤੇ ਭਾਵ ਸੰਮਤ 1902 ਤੱਕ ਪ੍ਰਾਪਤ ਕਰੇਗੀ।

7. ਲਾਹੌਰ ਸਰਕਾਰ ਨੂੰ ਉਪਰੋਕਤ ਧਾਰਾ ਵਿੱਚ ਦੱਸੇ ਗਏ ਖੇਤਰਾਂ ਦੇ ਕਿਲ੍ਹਿਆਂ ਵਿੱਚੋਂ ਤੋਪਾਂ ਤੋਂ ਬਿਨਾਂ ਖ਼ਜ਼ਾਨਾ ਤੇ ਹੋਰ ਸਰਕਾਰੀ ਜਾਇਦਾਦ ਲਿਜਾਣ ਦਾ ਅਧਿਕਾਰ ਹੋਵੇਗਾ। ਜੇਕਰ ਬਰਤਾਨਵੀ ਸਰਕਾਰ ਉਹ ਜਾਇਦਾਦ ਮਾਲ ਰੱਖਣ ਲਈ ਇੱਛਿਤ ਹੋਵੇ ਤਾਂ ਉਸ ਦੀ ਉੱਚਿਤ ਕੀਮਤ ਅਦਾ ਕਰਕੇ ਰੱਖ ਸਕੇਗੀ। ਅਜਿਹੇ ਸਾਮਾਨ ਨੂੰ ਵੇਚਣ ਵਿੱਚ ਬਰਤਾਨਵੀ ਅਧਿਕਾਰੀ ਵੀ ਮਦਦ ਕਰਨਗੇ ਜਿਸ ਨੂੰ ਲਾਹੌਰ ਸਰਕਾਰ ਲਿਜਾਣਾ ਨਾ ਚਾਹੁੰਦੀ ਹੋਵੇ।

8. ਦੋਹਾਂ ਰਾਜਾਂ ਵਿੱਚ ਹੱਦਾਂ ਮਿੱਥਣ ਲਈ ਦੋਵੇਂ ਸਰਕਾਰਾਂ ਤੁਰਤ ਆਪਣੇ ਕਮਿਸ਼ਨਰ ਨਿਯੁਕਤ ਕਰਨਗੀਆਂ ਜਿਵੇਂ ਕਿ 9 ਮਾਰਚ 1846 ਦੀ ਸੰਧੀ ਦੀ ਧਾਰਾ ਨੰਬਰ ਚਾਰ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

ਦਸਤਖ਼ਤ
(ਹੈਨਰੀ ਹਾਰਡਿੰਗ)

ਦਸਤਖ਼ਤ
ਮਹਾਰਾਜਾ ਦਲੀਪ ਸਿੰਘ
ਭਾਈ ਰਾਮ ਸਿੰਘ
ਰਾਜਾ ਲਾਲ ਸਿੰਘ
ਸਿਰਦਾਰ ਤੇਜ ਸਿੰਘ
ਸਿਰਦਾਰ ਚਤਰ ਸਿੰਘ ਅਟਾਰੀਵਾਲਾ
ਸਿਰਦਾਰ ਰਣਜੋੜ ਸਿੰਘ ਮਜੀਠੀਆ
ਦੀਵਾਨ ਦੀਨਾ ਨਾਥ
ਫਕੀਰ ਨੂਰ-ਉਦ-ਦੀਨ

ਅੰਤਿਕਾ 4

16 ਦਸੰਬਰ 1846 ਨੂੰ ਲਾਹੌਰ ਦਰਬਾਰ ਤੇ ਬਰਤਾਨਵੀ ਸਰਕਾਰ ਵਿੱਚ ਸਮਝੌਤੇ ਦੀਆਂ ਸ਼ਰਤਾਂ

ਜਦਕਿ ਲਾਹੌਰ ਦਰਬਾਰ ਤੇ ਉਸ ਦੇ ਮੁਖੀਆਂ ਤੇ ਸਰਦਾਰਾਂ ਦੀ ਸਪੱਸ਼ਟ ਇੱਛਾ ਪ੍ਰਗਟ ਕਰਨ ਉਪਰੰਤ ਗਵਰਨਰ ਜਨਰਲ ਦਲੀਪ ਸਿੰਘ ਦੀ ਨਾਬਾਲਗੀ ਦੇ ਸਮੇਂ ਲਾਹੌਰ ਰਾਜ ਦੇ ਪ੍ਰਬੰਧ ਵਿੱਚ ਸਹਾਇਤਾ ਦੇਣ ਦੀ ਬੇਨਤੀ ਪਰਵਾਨ ਕਰੇ;

ਤੇ ਜਦਕਿ ਗਵਰਨਰ ਜਨਰਲ ਖ਼ਾਸ ਸਥਿਤੀ ਦੇ ਅੰਤਰਗਤ ਮੰਗੀ ਗਈ ਸਹਾਇਤਾ ਦੇਣ ਲਈ ਸਹਿਮਤ ਹੋ ਗਿਆ ਹੈ ਤੇ 11 ਮਾਰਚ 1846 ਦੀ ਸੰਧੀ ਵਿੱਚ ਹੇਠਾਂ ਦਿੱਤੀਆਂ ਧਾਰਾਵਾਂ ਸੋਧ ਉਪਰੰਤ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਇਹ ਸਮਝੌਤਾ ਬਰਤਾਨਵੀ ਸਰਕਾਰ ਵੱਲੋਂ ਫਰੇਡਰਿਕ ਕਰੀ ਸਕੱਤਰ ਭਾਰਤ ਸਰਕਾਰ, ਲੈਫ. ਕਰਨਲ ਹੈਨਰੀ ਮੌਂਟਗੁਮਰੀ ਲਾਰੈਂਸ (ਏਜੰਟ ਗਵਰਨਰ ਜਨਰਲ ਉੱਤਰੀ ਪੱਛਮੀ ਸੀਮਾ) ਨੂੰ ਕੁੱਲ ਅਧਿਕਾਰ ਜੋ ਉਨ੍ਹਾਂ ਨੂੰ ਲਾਰਡ ਹੈਨਰੀ ਹਾਰਡਿੰਗ ਜੀ.ਸੀ.ਬੀ. ਗਵਰਨਰ ਜਨਰਲ ਨੇ ਦਿੱਤੇ ਹਨ ਤੇ ਉਹੋ ਇਖਤਿਆਰ ਮਹਾਰਾਜਾ ਦਲੀਪ ਸਿੰਘ ਨੇ ਸਿਰਦਾਰ ਤੇਜ ਸਿੰਘ, ਸਿਰਦਾਰ ਸ਼ੇਰ ਸਿੰਘ, ਦੀਵਾਨ ਦੀਨਾਨਾਥ, ਫਕੀਰ ਨੂਰ-ਉਦ-ਦੀਨ, ਰਾਏ ਕਿਸ਼ਨ ਚੰਦ, ਸਿਰਦਾਰ ਰਣਜੋੜ ਸਿੰਘ ਮਜੀਠੀਆ, ਸਿਰਦਾਰ ਅਤਰ ਸਿੰਘ ਕਾਲਿਆਂਵਾਲਾ, ਭਾਈ ਨਿਧਾਨ ਸਿੰਘ, ਸਿਰਦਾਰ ਕਾਹਨ ਸਿੰਘ ਮਜੀਠੀਆ, ਸਿਰਦਾਰ ਸ਼ਮਸ਼ੇਰ ਸਿੰਘ, ਸਿਰਦਾਰ ਲਾਲ ਸਿੰਘ ਮੋਰਾਰੀਆ, ਸਰਦਾਰ ਕਿਹਰ ਸਿੰਘ ਸੰਧਾਵਾਲੀਆ, ਸਰਦਾਰ ਅਰਜਨ ਸਿੰਘ ਰੰਗਰੰਗੇਲੀਆ ਨੇ ਲਾਹੌਰ ਵਿੱਚ ਇਕੱਤਰ ਹੋਏ ਸਿਰਦਾਰ ਦੀ ਸਰਵ-ਸੰਮਤੀ ਤੇ ਸਹਿਮਤੀ ਨਾਲ ਦਸਤਖ਼ਤ ਕੀਤੇ।

1. 9 ਮਾਰਚ ਦੀ ਸਾਰੀ ਸੰਧੀ ਤੇ ਉਸ ਦਾ ਹਰ ਭਾਗ, ਜੋ ਬਰਤਾਨਵੀ ਸਰਕਾਰ ਤੇ ਲਾਹੌਰ ਸਰਕਾਰ ਵਿਚਕਾਰ ਹੋਇਆ, ਜੋ 15ਵੀਂ ਧਾਰਾ ਤੋਂ ਬਿਨਾਂ ਜੋ ਆਰਜ਼ੀ ਤੌਰ 'ਤੇ ਸੋਧੀ ਜਾਵੇਗੀ, ਇਹ ਸੰਧੀ ਦੋਹਾਂ ਸਰਕਾਰਾਂ 'ਤੇ ਲਾਗੂ ਰਹੇਗੀ।

2. ਲਾਹੌਰ ਵਿੱਚ ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤਾ ਗਿਆ ਇਕ ਬਰਤਾਨਵੀ ਰੈਜ਼ੀਡੈਂਟ ਰਹੇਗਾ ਜੋ ਰਾਜ ਦੇ ਹਰ ਇਕ ਵਿਭਾਗ ਉੱਤੇ ਨਿਗਰਾਨੀ ਰੱਖਣ ਤੇ ਰਾਜ ਪ੍ਰਬੰਧ ਦੇ ਮਾਮਲਿਆਂ ਵਿੱਚ ਹੁਕਮ ਜਾਰੀ ਕਰਨ ਦਾ ਹੱਕਦਾਰ ਹੋਵੇਗਾ।

3. ਰਾਜ ਪ੍ਰਬੰਧ ਚਲਾਉਂਦਿਆਂ ਲੋਕਾਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਿਆ ਜਾਵੇਗਾ, ਰਾਸ਼ਟਰੀ ਸੰਸਥਾਵਾਂ ਤੇ ਰੀਤਾਂ ਰਿਵਾਜਾਂ ਦੀ ਸਾਂਭ-ਸੰਭਾਲ ਕੀਤੀ ਜਾਵੇਗੀ ਤੇ ਸਭ ਵਰਗਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇਗੀ।

4. ਪ੍ਰਬੰਧ ਦੇ ਢੰਗ ਤੇ ਵੇਰਵਿਆਂ ਵਿੱਚ ਉਪਰੋਕਤ ਧਾਰਾ ਵਿੱਚ ਦਿੱਤੇ ਗਏ ਮਨੋਰਥਾਂ ਦੀ ਸਿੱਧੀ ਲਈ ਉਦੋਂ ਹੀ ਕੋਈ ਤਬਦੀਲੀ ਕੀਤੀ ਜਾਵੇਗੀ ਜਦੋਂ ਅਜਿਹਾ ਕਰਨਾ ਜ਼ਰੂਰੀ ਹੋਇਆ। ਇਸ ਤਬਦੀਲੀ ਦੇ ਵੇਰਵੇ ਸਥਾਨਿਕ ਅਧਿਕਾਰੀ ਤਿਆਰ ਕਰਕੇ ਲਾਗੂ ਕਰਨਗੇ

ਜਿਸ ਦੀ ਨਿਗਰਾਨੀ ਮੁਖੀ ਸਿਰਦਾਰਾਂ ਦੀ ਕੌਂਸਲ ਔਫ ਰੀਜੈਂਸ ਕਰੇਗੀ ਤੇ ਉਸ ਦੀ ਅਗਵਾਈ ਬ੍ਰਿਟਿਸ਼ ਰੈਜ਼ੀਡੈਂਟ ਕਰੇਗਾ।

5. ਕੌਂਸਲ ਆਫ਼ ਰੀਜੈਂਸੀ ਵਿੱਚ ਸਿਰਦਾਰ ਤੇਜ ਸਿੰਘ, ਸਿਰਦਾਰ ਸ਼ੇਰ ਸਿੰਘ ਅਟਾਰੀਵਾਲਾ, ਦੀਵਾਨ ਦੀਨਾ ਨਾਥ, ਫਕੀਰ ਨੂਰ-ਉਦ-ਦੀਨ, ਸਿਰਦਾਰ ਰਣਜੋਧ ਸਿੰਘ ਮਜੀਠੀਆ, ਭਾਈ ਨਿਧਾਨ ਸਿੰਘ, ਸਿਰਦਾਰ ਅਤਰ ਸਿੰਘ, ਕਾਲਿਆਂਵਾਲਾ ਸਰਦਾਰ ਸ਼ਮਸ਼ੇਰ ਸਿੰਘ ਸੰਧਾਵਾਲੀਆ ਹੋਣਗੇ ਤੇ ਇਸ ਤਰ੍ਹਾਂ ਮਨੋਨੀਤ ਕੀਤੇ ਵਿਅਕਤੀਆਂ ਵਿੱਚ ਬਰਤਾਨਵੀ ਰੈਜ਼ੀਡੈਂਟ ਦੀ ਮਰਜ਼ੀ ਤੇ ਗਵਰਨਰ ਜਨਰਲ ਦੇ ਹੁਕਮਾਂ ਤੋਂ ਬਿਨਾਂ ਨਹੀਂ ਕੀਤੀ ਜਾਵੇਗੀ।

6. ਮੁਲਕ ਦਾ ਪ੍ਰਬੰਧ ਇਹ ਰੀਜੈਂਸੀ ਕੌਂਸਲ ਇਸ ਢੰਗ ਨਾਲ ਬਰਤਾਨਵੀ ਰੈਜ਼ੀਡੈਂਟ ਦੀ ਸਲਾਹ ਨਾਲ ਚਲਾਵੇਗੀ ਜਿਸ ਨੂੰ ਹਰ ਵਿਭਾਗ ਦੇ ਉੱਪਰ ਸਿੱਧਾ ਅਧਿਕਾਰ ਹੋਵੇਗਾ।

7. ਬਰਤਾਨਵੀ ਫ਼ੌਜ ਉਤਨੀ ਮਾਤਰਾ ਤੇ ਗਿਣਤੀ ਤੇ ਐਸੀਆਂ ਥਾਵਾਂ 'ਤੇ ਰੱਖੀ ਜਾਵੇਗੀ ਜੋ ਗਵਰਨਰ ਜਨਰਲ ਮਹਾਰਾਜੇ ਦੀ ਸੁਰੱਖਿਆ ਤੇ ਰਾਜ ਵਿੱਚ ਅਮਨ ਕਾਨੂੰਨ ਰੱਖਣ ਲਈ ਜ਼ਰੂਰੀ ਸਮਝੇਗਾ।

8. ਗਵਰਨਰ ਜਨਰਲ ਲਾਹੌਰ ਦੇ ਇਲਾਕੇ ਵਿੱਚ ਬਰਤਾਨਵੀ ਸੈਨਿਕਾਂ ਨਾਲ ਕਿਸੇ ਵੀ ਛਾਉਣੀ ਜਾਂ ਕਿਲ੍ਹੇ ਉੱਪਰ ਕਬਜ਼ਾ ਕਰਨ ਲਈ ਸੁਤੰਤਰ ਹੋਵੇਗਾ ਜਿਹੜਾ ਉਹ ਰਾਜਧਾਨੀ ਦੀ ਸੁਰੱਖਿਆ ਤੇ ਮੁਲਕ ਵਿੱਚ ਅਮਨ ਕਾਨੂੰਨ ਦੀ ਸਥਾਪਨਾ ਲਈ ਜ਼ਰੂਰੀ ਸਮਝੇ।

9. ਇਸ ਫ਼ੌਜ ਦੇ ਖ਼ਰਚ ਲਈ ਲਾਹੌਰ ਰਾਜ ਬਰਤਾਨਵੀ ਸਰਕਾਰ ਨੂੰ 22 ਲੱਖ ਨਵੇਂ ਨਾਨਕ ਸ਼ਾਹੀ ਰੁਪਏ ਅਦਾ ਕਰੇਗਾ। ਇਹ ਰਕਮ ਦੋ ਕਿਸ਼ਤਾਂ ਵਿੱਚ ਅਦਾ ਕੀਤੀ ਜਾਵੇਗੀ। 13 ਲੱਖ 20 ਹਜ਼ਾਰ ਮਈ ਜਾਂ ਜੂਨ ਵਿੱਚ ਅਦਾ ਕੀਤਾ ਜਾਇਆ ਕਰੇਗਾ ਤੇ 8 ਲੱਖ 80 ਹਜ਼ਾਰ ਨਵੰਬਰ ਜਾਂ ਦਸੰਬਰ ਵਿੱਚ ਅਦਾ ਕਰਨਾ ਹੋਵੇਗਾ।

10. ਮਹਾਰਾਜਾ ਦਲੀਪ ਸਿੰਘ ਦੀ ਮਾਤਾ, ਰਾਜ ਮਾਤਾ ਮਹਾਰਾਣੀ ਜਿੰਦਾਂ ਲਈ ਢੁੱਕਵੀਂ ਰਾਸ਼ੀ ਜੋ 1½ ਲੱਖ ਰੁਪਿਆ ਸੀ ਸਾਲਾਨਾ ਉਹਦੇ ਹਵਾਲੇ ਕੀਤਾ ਜਾਣਾ ਤੈਅ ਹੋਇਆ ਜਿਸ ਨਾਲ ਉਹ ਆਪਣਾ ਤੇ ਆਪਣੇ ਆਸ਼ਰਿਤਾਂ ਦਾ ਗੁਜ਼ਾਰਾ ਚਲਾਇਆ ਕਰੇਗੀ।

11. ਇਸ ਸੰਧੀ ਦੀਆਂ ਧਾਰਾਵਾਂ ਦਾ ਪ੍ਰਭਾਵ ਦਲੀਪ ਸਿੰਘ ਦੀ ਨਾਬਾਲਗੀ ਸਮੇਂ ਹੀ ਹੋਵੇਗਾ ਤੇ ਜਦੋਂ ਮਹਾਰਾਜਾ ਸਾਹਿਬ 16 ਸਾਲਾਂ ਦੇ ਹੋ ਗਏ ਭਾਵ 4 ਸਤੰਬਰ 1854 ਨੂੰ ਇਹ ਸਮਝੌਤਾ ਕਿਸੇ ਸਮੇਂ ਵੀ ਗਵਰਨਰ ਜਨਰਲ ਤੇ ਲਾਹੌਰ ਦਰਬਾਰ ਦੀ ਸੰਤੁਸ਼ਟਤਾ ਨਾਲ ਖ਼ਤਮ ਕੀਤਾ ਜਾਵੇਗਾ ਤੇ ਮਹਾਰਾਜੇ ਦੀ ਸਰਕਾਰ ਲਈ ਬਰਤਾਨਵੀ ਫ਼ੌਜ ਦੀ ਜ਼ਰੂਰਤ ਨਹੀਂ ਰਹੇਗੀ।

ਇਸ ਗਿਆਰਾਂ ਮੱਦਾਂ ਵਾਲੇ ਸਮਝੌਤੇ ਨੂੰ ਲਾਹੌਰ ਵਿੱਚ ਮੁਖੀਆਂ ਤੇ ਅਫ਼ਸਰਾਂ ਅਤੇ ਉੱਪਰ ਦੱਸੇ ਸਿਰਦਾਰਾਂ ਨੇ 16 ਦਸੰਬਰ 1846 ਨੂੰ ਤਿਆਰ ਕਰਕੇ ਅਮਲੀ ਰੂਪ ਦਿੱਤਾ।

ਦਸਤਖ਼ਤ

(ਫਰੈਡਰਿਕ ਕਰੀ)

ਐਚ.ਐਮ. ਲਾਰੰਸ

ਦਸਤਖ਼ਤ : ਸਿਰਦਾਰ ਤੇਜ ਸਿੰਘ
ਸਿਰਦਾਰ ਸ਼ੇਰ ਸਿੰਘ,
ਦੀਵਾਨ ਦੀਨਾ ਨਾਥ, ਫਕੀਰ ਨੂਰ ਉਦਦੀਨ
ਰਾਏ ਕਿਸ਼ਨ ਚੰਦ, ਸਰਦਾਰ ਰਣਜੋੜ ਸਿੰਘ ਮਜੀਠੀਆ
ਸਿਰਦਾਰ ਅਤਰ ਸਿੰਘ ਕਾਲਿਆਂਵਾਲਾ
ਭਾਈ ਨਿਧਾਨ ਸਿੰਘ, ਸਿਰਦਾਰ ਕਾਹਨ ਸਿੰਘ ਮਜੀਠੀਆ
ਸਿਰਦਾਰ ਸ਼ਮਸ਼ੇਰ ਸਿੰਘ,
ਸਿਰਦਾਰ ਲਾਲ ਸਿੰਘ ਮੋਰਾਰੀਆ
ਸਰਦਾਰ ਕੇਹਰ ਸਿੰਘ ਸੰਧਾਵਾਲੀਆ,
ਸਰਦਾਰ ਅਰਜਨ ਸਿੰਘ ਰੰਗਰੰਗੋਲੀਆ

ਸਹੀ
(ਹਾਰਡਿੰਗ)
(ਦਲੀਪ ਸਿੰਘ)

ਇਹ ਸੰਧੀ ਬਿਆਸ ਦੇ ਖੱਬੇ ਕਿਨਾਰੇ ਤੇ ਭੈਰੋਵਾਲ ਦੇ ਪੱਤਣ ਤੇ 26 ਦਸੰਬਰ 1846 ਨੂੰ ਗਵਰਨਰ ਜਨਰਲ ਵੱਲੋਂ ਪ੍ਰਵਾਨ ਕੀਤੀ ਗਈ।

ਸਹੀ
ਐਫ ਕਰੀ
ਸਕੱਤਰ ਭਾਰਤ ਸਰਕਾਰ

ਅੰਤਿਕਾ 5

30 ਸਤੰਬਰ 1846 ਨੂੰ ਦੰਗਿਆਂ ਬਾਰੇ ਸੁਹਰਾਵਰਦੀ ਦਾ ਬਿਆਨ : ਮੈਨੂੰ ਇਹ ਜਾਣ ਕੇ ਬੜਾ ਦੁੱਖ ਹੋਇਆ ਹੈ ਕਿ ਮੁਸਲਮਾਨਾਂ ਵਿੱਚ ਸਿੱਖਾਂ ਬਾਰੇ ਅਜੇ ਵੀ ਸ਼ੱਕ ਕਾਇਮ ਹੈ। ਮੈਂ ਕਦੇ-ਕਦੇ ਇਹ ਅਫ਼ਵਾਹਾਂ ਸੁਣ ਰਿਹਾ ਹਾਂ ਕਿ ਕੁਝ ਖ਼ਾਸ ਮੁਹੱਲਿਆਂ ਵਿੱਚ ਸਿੱਖ ਮੁਸਲਮਾਨਾਂ ਉੱਪਰ ਹਮਲਾ ਕਰਨ ਲਈ ਇਕੱਠੇ ਹੋ ਰਹੇ ਹਨ। ਮੈਂ ਹਰ ਅਫ਼ਵਾਹ ਦੀ ਪੜਤਾਲ ਕੀਤੀ ਹੈ ਤੇ ਇਹ ਝੂਠੀਆਂ ਸਾਬਤ ਹੋਈਆਂ ਹਨ। ਉਹ ਥਾਵਾਂ ਜਿਹਨਾਂ ਬਾਰੇ ਇਹ ਕਿਹਾ ਗਿਆ ਸੀ ਕਿ ਉੱਥੇ ਸ਼ਸਤਰਬੰਦ ਸਿੱਖ ਹਨ, ਉਹਨਾਂ ਦੀ ਤਲਾਸ਼ੀ ਲਈ ਗਈ ਹੈ ਤੇ ਉਹਨਾਂ ਵਿੱਚ ਉੱਕਾ ਹੀ ਕੋਈ ਤੱਥ ਨਹੀਂ ਹੈ।

ਮੈਂ ਨਿੱਜੀ ਤੌਰ 'ਤੇ ਕਈ ਮਾਮਲਿਆਂ ਦੀ ਜਾਂਚ ਕੀਤੀ ਹੈ ਤੇ ਨਿਰਸੰਦੇਹ ਕਹਿ ਸਕਦਾ ਹਾਂ ਕਿ ਇਹ ਉੱਕਾ ਹੀ ਝੂਠੀਆਂ ਹਨ ਤੇ ਘਬਰਾਹਟ ਦਾ ਹੀ ਸਿੱਟਾ ਹਨ। ਸਿੱਖ ਆਪਣੀਆਂ ਟੈਕਸੀਆਂ ਤੇ ਬੱਸਾਂ ਵਿੱਚ ਉਹਨਾਂ 5 ਭਿਆਨਕ ਦਿਨਾਂ ਵਿੱਚ ਆਪਣੀਆਂ ਬੀਵੀਆਂ ਤੇ ਬੱਚਿਆਂ ਦੀ ਰੱਖਿਆ ਲਈ ਤੇ ਸਾਮਾਨ ਬਾਹਰ ਲਿਜਾਣ ਲਈ ਜਾਂਦੇ ਰਹੇ ਹਨ। ਤੁਰਤ ਹੀ ਇਹ ਅਫ਼ਵਾਹਾਂ ਫੈਲ ਗਈਆਂ ਕਿ ਉਹ ਇਸ ਲਈ ਜਾ ਰਹੇ ਹਨ ਕਿ ਉਹਨਾਂ ਦਾ ਮਨੋਰਥ ਮੁਸਲਮਾਨਾਂ ਦੇ ਮੁਹੱਲਿਆਂ 'ਤੇ ਹਮਲਾ ਕਰਨਾ ਸੀ। ਅਜੇ ਤੱਕ ਸਿੱਖਾਂ ਨੇ ਮੁਸਲਮਾਨਾਂ ਦੇ ਇਕ ਵੀ ਮੁਹੱਲੇ 'ਤੇ ਵੀ ਹਮਲਾ ਨਹੀਂ ਕੀਤਾ ਪਰ ਅਫ਼ਵਾਹਾਂ ਫੇਰ ਵੀ ਸਰਗਰਮ ਹਨ।

ਕਿਸੇ ਥਾਂ ਇਕ ਦੋ ਸਿੱਖਾਂ ਦੇ ਫ਼ਸਾਦਾਂ ਸਮੇਂ ਕਤਲਾਂ 'ਚ ਹਿੱਸਾ ਲੈਣ ਦੀ ਇਕਾ ਦੁੱਕਾ ਖ਼ਬਰਾਂ ਸਨ। ਇਹਨਾਂ 'ਚੋਂ ਕੋਈ ਭਾਵੇਂ ਸੱਚੀਆਂ ਵੀ ਹੋਣ ਤੇ ਦੂਸਰੀਆਂ ਗ਼ਲਤ। ਪਰ ਇਸ ਦਾ ਇਹ ਭਾਵ ਨਹੀਂ ਕਿ ਸਿੱਖ ਫਿਰਕਾ ਮੁਸਲਮਾਨਾਂ ਦੇ ਵਿਰੁੱਧ ਹੈ।

ਮੇਰਾ ਸਿੱਖ ਨੇਤਾਵਾਂ ਨਾਲ ਨਿਰੰਤਰ ਸੰਪਰਕ ਬਣਿਆ ਹੋਇਆ ਹੈ ਤੇ ਮੈਨੂੰ ਉਹਨਾਂ ਦੀ ਨੇਕ-ਨੀਤੀ ਤੇ ਪੂਰਾ ਭਰੋਸਾ ਹੈ। ਉਹ ਸੱਚਮੁੱਚ ਹੀ ਨਿਰਪੱਖ ਰਹਿ ਕੇ ਝਗੜਿਆਂ ਤੋਂ ਲਾਂਭੇ ਰਹਿਣ ਲਈ ਯਤਨਸ਼ੀਲ ਹਨ। ਇਸ ਨਾਲੋਂ ਵੱਡੀ ਗੱਲ ਤਾਂ ਇਹ ਹੈ ਕਿ ਫ਼ਸਾਦਾਂ ਸਮੇਂ ਉਹਨਾਂ ਨੇ 5000 ਮੁਸਲਮਾਨਾਂ ਨੂੰ ਖ਼ਤਰਨਾਕ ਇਲਾਕਿਆਂ ਵਿੱਚ ਬਚਾਇਆ ਹੈ ਤੇ ਉਹਨਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਯਕੀਨਨ ਉਹ ਮੁਸਲਮਾਨਾਂ ਵੱਲੋਂ ਵਿਰੋਧ, ਸ਼ੱਕ ਤੇ ਬੇਭੇਸਗੀ ਦੀ ਥਾਂ ਵਧੇਰੇ ਚੰਗੇ ਸਲੂਕ ਦੇ ਹੱਕਦਾਰ ਹਨ।

ਕਿਸੇ ਕਿਸੇ ਥਾਂ ਛੋਟੀਆਂ ਘਟਨਾਵਾਂ ਹੁੰਦੀਆਂ ਹਨ ਤੇ ਇਸ ਨਾਲ ਗ਼ਲਤਫ਼ਹਿਮੀਆਂ ਵਧਦੀਆਂ ਹਨ। ਇਕ ਖ਼ਬਰ ਆਉਂਦੀ ਹੈ ਮੁਸਲਮਾਨਾਂ ਉੱਪਰ ਹਿੰਦੂਆਂ ਦੇ ਇਲਾਕੇ ਵਿੱਚ ਹਮਲਾ ਕੀਤਾ ਗਿਆ ਹੈ। ਇਕ ਸਿੱਖ ਡਰਾਈਵਰ ਬੱਸ ਲੈ ਕੇ ਆਉਂਦਾ ਹੈ ਜਿਸ ਵਿੱਚ ਹਿੰਦੂ ਅਤੇ ਮੁਸਲਮਾਨ ਸਵਾਰੀਆਂ ਹਨ। ਮੁਸਲਮਾਨ ਬੱਸ ਰੋਕ ਕੇ ਮੁਸਲਮਾਨਾਂ ਨੂੰ ਹੇਠਾਂ ਉਤਰਨ ਲਈ ਕਹਿੰਦੇ ਹਨ ਤੇ ਖ਼ਤਰਨਾਕ ਇਲਾਕੇ ਵਿੱਚ ਜਾਣ ਤੋਂ ਵਰਜਦੇ ਹਨ। ਬੱਸ ਵਿਚਲੇ ਹਿੰਦੂ ਸੋਚਦੇ ਹਨ ਕਿ ਮੁਸਲਮਾਨਾਂ ਨੂੰ ਬੱਸ 'ਚੋਂ ਇਸ ਕਰਕੇ ਬਾਹਰ ਕੱਢਿਆ ਜਾ

ਰਿਹਾ ਹੈ ਕਿ ਹਿੰਦੂਆਂ 'ਤੇ ਹਮਲਾ ਕੀਤਾ ਜਾਣਾ ਹੈ ਤੇ ਉਹ ਸਿੱਖ ਡਰਾਈਵਰ ਨੂੰ ਬੱਸ ਤੇਜ਼ ਚਲਾਉਣ ਲਈ ਬੇਨਤੀ ਕਰਦੇ ਹਨ। ਸਿੱਖ ਡਰਾਈਵਰ ਬੱਸ ਤੇਜ਼ ਚਲਾਉਂਦਾ ਹੈ ਤੇ ਬਾਹਰ ਖੜ੍ਹੇ ਮੁਸਲਮਾਨ ਸੋਚਦੇ ਹਨ ਕਿ ਉਹ ਮੁਸਲਮਾਨਾਂ ਨੂੰ ਇਸ ਲਈ ਲਿਜਾ ਰਿਹਾ ਹੈ ਕਿ ਉਹਨਾਂ ਨੂੰ ਹਿੰਦੂ ਖੇਤਰ ਵਿੱਚ ਲਿਜਾ ਕੇ ਮਾਰਿਆ ਜਾਵੇ। ਇਸ ਤਰ੍ਹਾਂ ਉਹ ਪੱਥਰ ਮਾਰਨ ਲੱਗਦੇ ਹਨ। ਇਸ ਤਰ੍ਹਾਂ ਹੀ ਗ਼ਲਤਫ਼ਹਿਮੀਆਂ ਪੈਦਾ ਹੁੰਦੀਆਂ ਹਨ।

ਸਾਨੂੰ ਇਕ ਮਾਮਲੇ ਦਾ ਪਤਾ ਹੈ ਜਿੱਥੇ ਸਿੱਖ ਡਰਾਈਵਰ ਨੇ ਬੱਸ ਕਿਸੇ ਖ਼ਾਸ ਥਾਂ 'ਤੇ ਨਾ ਰੋਕੀ ਕਿਉਂਕਿ ਮੁਸਲਮਾਨਾਂ ਦਾ ਹਜੂਮ ਖੜ੍ਹਾ ਵੇਖ ਕੇ ਡਰ ਗਿਆ ਸੀ। ਉਹ ਮੁਸਲਮਾਨ ਜੋ ਚਾਹੁੰਦਾ ਸੀ ਕਿ ਸਿੱਖ ਡਰਾਈਵਰ ਬੱਸ ਨੂੰ ਰੋਕੇ, ਉਸ ਨੇ ਸੋਚਿਆ ਕਿ ਸਿੱਖ ਡਰਾਈਵਰ ਉਸ ਨੂੰ ਲੈ ਕੇ ਨੱਠ ਰਿਹਾ ਸੀ। ਉਸ ਨੇ ਬੱਸ ਤੋਂ ਬਾਹਰ ਛਾਲ ਮਾਰੀ ਤੇ ਉਸ ਨੇ ਆਪਣੇ ਆਪ ਨੂੰ ਜ਼ਖ਼ਮੀ ਕਰ ਲਿਆ। ਤੁਰਤ ਹੀ ਖ਼ਬਰ ਫੈਲ ਗਈ ਕਿ ਬੱਸ ਵਿੱਚੋਂ ਲਾਸ਼ਾਂ ਬਾਹਰ ਸੁੱਟੀਆਂ ਗਈਆਂ ਹਨ, ਸਿੱਖਾਂ ਨੇ ਮੁਸਲਮਾਨਾਂ ਨੂੰ ਮਾਰ ਦਿੱਤਾ ਹੈ, ਸਿੱਖਾਂ ਨੇ ਮੁਸਲਮਾਨਾਂ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ ਹੈ।

ਇਹ ਸਭ ਕੁਝ ਬੰਦ ਹੋਣਾ ਚਾਹੀਦਾ ਹੈ। ਮੇਰੇ ਮੁਸਲਮਾ ਭਰਾਵਾਂ ਨੂੰ ਮੇਰੇ 'ਤੇ ਭਰੋਸਾ ਕਰਨਾ ਚਾਹੀਦਾ ਹੈ। ਜਦ ਮੈਂ ਕਹਿੰਦਾ ਹਾਂ ਕਿ ਸਿੱਖਾਂ ਵਿਰੁੱਧ ਪ੍ਰਚਾਰ ਝੂਠਾ ਹੈ ਤਾਂ ਇਹ ਤੁਰਤ ਰੋਕਣਾ ਚਾਹੀਦਾ ਹੈ ਤੇ ਸਿੱਖ ਡਰਾਈਵਰ ਭਾਵੇਂ ਉਹ ਬੱਸਾਂ ਚਲਾ ਰਹੇ ਹੋਣ ਜਾਂ ਟੈਕਸੀਆਂ, ਉਹਨਾਂ 'ਤੇ ਪੱਥਰ ਨਹੀਂ ਮਾਰੇ ਜਾਣੇ ਚਾਹੀਦੇ ਤੇ ਉਹਨਾਂ ਨਾਲ ਕਿਸੇ ਤਰ੍ਹਾਂ ਦੀ ਕੋਈ ਵੀ ਛੇੜ-ਛਾੜ ਨਹੀਂ ਕੀਤੀ ਜਾਣੀ ਚਾਹੀਦੀ। ਸੱਚਾਈ ਤਾਂ ਇਹ ਹੈ ਕਿ ਮੁਸਲਮਾਨਾਂ ਦੇ ਮੁਹੱਲਿਆਂ ਵਿੱਚ ਗੁਆਂਢੀ ਸਿੱਖ ਨੇਤਾਵਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ ਤਾਂ ਜੋ ਉਹਨਾਂ ਵਿੱਚ ਵਿਸ਼ਵਾਸ ਬਹਾਲ ਹੋ ਸਕੇ।

ਮੈਨੂੰ ਉਮੀਦ ਹੈ ਕਿ ਮੁਸਲਮਾਨ ਮੇਰੀ ਬੇਨਤੀ ਦਾ ਹੁੰਗਾਰਾ ਭਰਨਗੇ ਤੇ ਸਿੱਖਾਂ ਵਿਰੁੱਧ ਇਹ ਪ੍ਰਚਾਰ ਬੰਦ ਕਰਨਗੇ ਜਿਸ ਦਾ ਕੋਈ ਆਧਾਰ ਹੀ ਨਹੀਂ ਹੈ। ਇਸ ਨੂੰ ਤੁਰਤ ਹੀ ਸਮਾਪਤ ਕਰਕੇ ਸ਼ਾਂਤੀ ਤੇ ਆਮ ਵਿਸ਼ਵਾਸ ਬਹਾਲ ਕੀਤਾ ਜਾਵੇ।

ਦੀ ਸਟੇਟਸਮੈਨ
1 ਅਕਤੂਬਰ, 1946

ਅੰਤਿਕਾ 6

ਆਨੰਦਪੁਰ ਸਾਹਿਬ ਦਾ ਮਤਾ

ਆਨੰਦਪੁਰ ਵਿੱਚ 16 ਅਕਤੂਬਰ 1973 ਨੂੰ ਅਕਾਲੀ ਦਲ ਵੱਲੋਂ ਪ੍ਰਵਾਨ ਨੀਤੀ ਤੇ ਪ੍ਰੋਗਰਾਮ

ਸਿਧਾਂਤ—(ੳ) ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਪ੍ਰਮੁੱਖ ਸੰਸਥਾ ਹੈ ਤੇ ਇਸ ਲਈ ਉਸ ਦਾ ਪੰਥ ਦੀ ਪ੍ਰਤਿਨਿਧਤਾ ਕਰਨ ਤੇ ਉਸ ਨੂੰ ਅਗਵਾਈ ਦੇਣ ਦਾ ਪੂਰਾ ਅਧਿਕਾਰ ਹੈ। ਇਸ ਸੰਸਥਾ ਦਾ ਆਧਾਰ ਆਪਸੀ ਸੰਬੰਧਾਂ ਤੇ ਮਨੁੱਖ ਦੀ ਪਰਮਾਤਮਾ ਨਾਲ ਸੰਬੰਧਾਂ ਦੀ ਤਾਂਘ 'ਤੇ ਆਧਾਰਿਤ ਹੈ।

(ਅ) ਇਹ ਸਿਧਾਂਤ ਗੁਰੂ ਨਾਨਕ ਦੀ ਸਿੱਖਿਆ 'ਨਾਮ ਜਪੋ, ਕਿਰਤ ਕਰੋ ਤੇ ਵੰਡ ਛੱਕੋ' ਤੇ ਆਧਾਰਿਤ ਹਨ।

ਉਦੇਸ਼—ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਉਦੇਸ਼ਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰੇਗਾ :

1. ਸਿੱਖ ਧਰਮ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਤੇ ਨਾਸਤਕਤਾ ਦੀ ਨਿੰਦਿਆ ਕਰੇਗਾ।

2. ਪੰਥ ਦੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਯਤਨ ਕਰੇਗਾ ਤੇ ਅਜਿਹੇ ਮਾਹੌਲ ਦੀ ਸਿਰਜਣਾ ਕਰੇਗਾ ਜਿਸ ਵਿੱਚ ਸਿੱਖ ਭਾਵਨਾਵਾਂ ਦਾ ਪ੍ਰਗਟਾਅ ਹੋ ਸਕੇ।

3. ਇਕ ਬਰਾਬਰੀ ਤੇ ਸਮਤਾ ਦਾ ਢਾਂਚਾ ਕਾਇਮ ਕਰਕੇ ਗ਼ਰੀਬੀ ਤੇ ਭੁੱਖਮਰੀ ਦਾ ਖ਼ਾਤਮਾ ਕਰੇਗਾ, ਇਹ ਧਨ ਦੇ ਅਤਿਅੰਤ ਵਾਧੇ ਤੇ ਸ਼ੋਸ਼ਣ ਨੂੰ ਖ਼ਤਮ ਕਰੇਗਾ।

4. ਨਿਰੱਖਰਤਾ, ਛੂਤਛਾਤ ਤੇ ਜ਼ਾਤਪਾਤ ਦਾ ਖ਼ਾਤਮਾ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਅਨੁਸਾਰ ਕਰੇਗਾ।

5. ਬਿਮਾਰੀ ਤੇ ਰੋਗਾਂ ਦਾ ਅਤੇ ਨਸ਼ਿਆਂ ਦਾ ਖ਼ਾਤਮਾ ਕਰੇਗਾ ਤਾਂ ਜੋ ਸਿੱਖ ਸੰਗਤ ਨੂੰ ਕੌਮ ਦੀ ਰੱਖਿਆ ਕਰਨ ਦੀ ਪ੍ਰੇਰਨਾ ਮਿਲੇ।

ਭਾਗ I

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਵਿੱਚ ਧਾਰਮਕਤਾ ਦਾ ਸੰਚਾਰ ਕਰਨਾ ਹੈ ਤਾਂ ਜੋ ਉਹਨਾਂ ਨੂੰ ਧਰਮ ਉੱਪਰ ਮਾਨ ਹੋਵੇ। ਇਸ ਉਦੇਸ਼ ਦੀ ਪੂਰਤੀ ਲਈ ਅਕਾਲੀ ਦਲ ਨਿਮਨਲਿਖਤ ਪ੍ਰੋਗਰਾਮ ਸ਼ੁਰੂ ਕਰੇਗਾ :—

1. ਇਕ ਪਰਮਾਤਮਾ ਵਿੱਚ ਵਿਸ਼ਵਾਸ ਅਰਚਨਾ ਅਰਾਧਨਾ, ਦਸਾਂ ਗੁਰੂਆਂ ਤੇ ਪਵਿੱਤਰ ਗ੍ਰੰਥ ਵਿੱਚ ਵਿਸ਼ਵਾਸ ਤੇ ਗੁਰੂ ਸਾਹਿਬਾਨ ਦੇ ਪਰਚਾਰੇ ਸਿਧਾਂਤਾਂ ਬਾਰੇ ਜਾਣਕਾਰੀ ਦੇਣੀ ਤੇ ਉਹਨਾਂ ਨੂੰ ਉਸ 'ਤੇ ਅਮਲ ਕਰਾਉਣਾ।

2. ਸਿੱਖ ਧਰਮ ਸਿਧਾਂਤਾਂ, ਦਰਸ਼ਨ ਜਾਂ ਫਲਸਫੇ, ਅਕੀਦੇ, ਸਿਧਾਂਤਾਂ ਤੇ ਰਾਗ ਤੋਂ ਜਾਣੂੰ ਕਰਾਉਣ ਲਈ ਸਿੱਖ ਮਿਸ਼ਨਰੀ ਕਾਲਜ ਵਿੱਚ ਚੰਗੇ ਪ੍ਰਚਾਰਕ ਪੈਦਾ ਕਰਨਾ ਤਾਂ ਜੋ

ਉਹ ਖੁਲ੍ਹ ਕੇ ਭਾਰਤ ਤੇ ਵਿਦੇਸ਼ਾਂ 'ਚ, ਪਿੰਡਾਂ ਤੇ ਸ਼ਹਿਰਾਂ ਵਿੱਚ ਸਕੂਲਾਂ-ਕਾਲਜਾਂ ਵਿੱਚ ਪ੍ਰਚਾਰ ਕਰਨ ਦੇ ਸਮਰੱਥ ਹੋ ਸਕਣ।

3. ਅੰਮ੍ਰਿਤ ਪ੍ਰਚਾਰ ਦਾ ਕਾਰਜ ਵੱਡੇ ਪੱਧਰ ਤੇ ਖ਼ਾਸ ਕਰਕੇ ਸਕੂਲਾਂ ਕਾਲਜਾਂ ਵਿੱਚ ਕੀਤਾ ਜਾਵੇਗਾ। ਕਾਲਜ ਪ੍ਰੋਫ਼ੈਸਰਾਂ ਤੇ ਵਿਦਿਆਰਥੀਆਂ ਦੇ "ਸਟੱਡੀ ਸਰਕਲ" ਬਣਾਏ ਜਾਣਗੇ।

4. ਸਿੱਖਾਂ ਵਿੱਚ ਦਸਵੰਧ ਦੀ ਪ੍ਰਥਾ ਨੂੰ ਮੁੜ ਸੁਰਜੀਤ ਕੀਤਾ ਜਾਵੇਗਾ।

5. ਸਿੱਖ ਇਤਿਹਾਸਕਾਰਾਂ, ਬੁੱਧੀਜੀਵੀਆਂ, ਲੇਖਕਾਂ, ਪ੍ਰਚਾਰਕਾਂ ਗਰੰਥੀਆਂ ਦਾ ਮਾਨ ਸਤਿਕਾਰ ਕਰਨਾ ਤੇ ਉਹਨਾਂ ਦੇ ਜੀਵਨ ਪੱਧਰ, ਸਿੱਖਿਆ, ਤੇ ਕਾਰਵਿਹਾਰ ਦਾ ਪੱਧਰ ਉੱਚਾ ਚੁੱਕਣਾ।

6. ਗੁਰਦਵਾਰਾ ਪ੍ਰਬੰਧ ਦਾ ਸੁਧਾਰ ਕਰਕੇ ਸੇਵਾਦਾਰਾਂ ਦੀ ਸਿਖਲਾਈ ਦਾ ਪ੍ਰਬੰਧ ਕਰਨਾ, ਗੁਰਦਵਾਰਿਆਂ ਦੇ ਭਵਨ ਬਣਾਉਣਾ, ਤੇ ਇਸ ਵੱਲੋਂ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਨੂੰ ਜ਼ਰੂਰੀ ਹਦਾਇਤਾਂ ਜਾਰੀ ਕਰਨਾ।

7. ਧਰਮ ਗ੍ਰੰਥਾਂ ਦੀ ਸ਼ੁੱਧ ਛਪਾਈ, ਵਰਤਮਾਨ ਤੇ ਪੁਰਾਤਨ ਸਿੱਖ ਇਤਿਹਾਸ ਦੀ ਖੋਜ, ਧਰਮ ਗ੍ਰੰਥਾਂ ਦਾ ਅਨੁਵਾਦ ਤੇ ਸਿੱਖ ਸਿਧਾਂਤਾਂ ਤੇ ਆਧਾਰਿਤ ਸ਼ੁੱਧ ਸਾਹਿਤ ਤਿਆਰ ਕਰਾਉਣਾ।

8. "ਆਲ ਇੰਡੀਆ ਗੁਰਦੁਆਰਾ ਕਾਨੂੰਨ" ਨੂੰ ਕਾਨੂੰਨ ਦੀ ਸ਼ਕਲ ਦੇ ਕੇ ਲਾਗੂ ਕਰਾਉਣ ਲਈ ਸੰਘਰਸ਼ ਕਰਨਾ, ਜਿਸ ਅਧੀਨ ਮੁਲਕ ਭਰ ਦੇ ਉਦਾਸੀ ਤੇ ਨਿਰਮਲੇ ਵੀ ਸਿੱਖ ਸਮਾਜ ਦਾ ਅਨਿੱਖੜ ਅੰਗ ਬਣੇ ਰਹਿਣ।

9. ਸੰਸਾਰ ਭਰ ਦੇ ਗੁਰਦਵਾਰਿਆਂ ਦੇ ਪ੍ਰਬੰਧ ਨੂੰ ਇਕ ਸੂਤਰ ਵਿੱਚ ਗੁੰਦਣਾ ਤਾਂ ਜੋ ਧਰਮ ਪ੍ਰਚਾਰ ਸਾਧਨਾਂ ਦੇ ਸਭ ਲਾਭ ਪ੍ਰਾਪਤ ਕਰਨ।

10. ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ ਦੀਦਾਰ ਕਰਨ ਦੇ ਸਮਰਥ ਹੋਣਾ ਜੋ ਸਾਥੋਂ ਵਿਛੜ ਗਏ ਹਨ।

ਭਾਗ II

ਰਾਜਸੀ—ਪੰਥ ਦੇ ਰਾਜਸੀ ਉਦੇਸ਼ ਨਿਰਸੰਦੇਹ ਦਸਵੇਂ ਪਾਤਿਸ਼ਾਹ ਦੇ ਆਦੇਸ਼ 'ਤੇ ਨਿਰਧਾਰਿਤ ਹੈ ਜੋ ਸਿੱਖ ਇਤਿਹਾਸ ਤੇ ਖ਼ਾਲਸਾ ਪੰਥ ਦੀ ਆਤਮਾ ਵਿੱਚ ਉਕਰਿਆ ਹੋਇਆ ਹੈ। ਇਹ ਉਦੇਸ਼ ਹੈ ਖ਼ਾਲਸਾ ਜੀ ਦਾ ਬੋਲਬਾਲਾ।

ਇਸ ਨੂੰ ਦ੍ਰਿਸ਼ਟੀਗੋਚਰ ਕਰਕੇ ਸ਼੍ਰੋਮਣੀ ਅਕਾਲੀ ਦਲ ਨਿਮਨਲਿਖਤ ਦੀ ਪ੍ਰਾਪਤੀ ਲਈ ਸੰਘਰਸ਼ ਕਰੇਗਾ :

1. (ੳ) ਉਹ ਖੇਤਰ ਜੋ ਪੰਜਾਬ ਤੋਂ ਖੋਹ ਲਏ ਗਏ ਹਨ ਜਾਂ ਜਾਣ ਬੁੱਝ ਕੇ ਬਾਹਰ ਰੱਖੇ ਗਏ ਹਨ ਜਿਵੇਂ ਗੁਰਦਾਸਪੁਰ ਜ਼ਿਲ੍ਹੇ ਦਾ ਡਲਹੌਜ਼ੀ; ਅੰਬਾਲਾ ਜ਼ਿਲ੍ਹੇ ਦਾ ਪੰਜੌਰ, ਕਾਲਕਾ ਤੇ ਅੰਬਾਲਾ ਸ਼ਹਿਰ; ਨਾਲਾਗੜ੍ਹ ਦਾ ਦੇਸ਼ ਇਲਾਕਾ; ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ; ਹਿਸਾਰ ਜ਼ਿਲ੍ਹੇ ਦੀਆਂ ਗੂਹਲਾ, ਟੋਹਾਣਾ ਦੀਆਂ ਉਪ-ਤਹਿਸੀਲਾਂ ਤੇ ਰਤੀਆ ਬਲਾਕ ਤੇ ਸਰਸਾ ਤਹਿਸੀਲ; ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਦੀਆਂ 6 ਤਹਿਸੀਲਾਂ ਤੇ ਸਿੱਖ ਵਸੋਂ ਦੇ ਨਾਲ ਲਗਵੇਂ ਪੰਜਾਬੀ ਬੋਲਦੇ ਇਲਾਕੇ ਤੁਰਤ ਹੀ ਪੰਜਾਬ ਵਿੱਚ ਸ਼ਾਮਿਲ ਕੀਤੇ ਜਾਣ ਤਾਂ ਜੋ ਇਕ ਪ੍ਰਬੰਧਕੀ ਇਕਾਈ ਬਣ ਸਕੇ।

(ਅ) ਨਵੇਂ ਪੰਜਾਬ ਵਿੱਚ ਕੇਂਦਰੀ ਦਖ਼ਲ ਰੱਖਿਆ, ਵਿਦੇਸ਼ੀ ਮਾਮਲਿਆਂ, ਡਾਕ-ਤਾਰ ਸਿੱਕੇ ਤੇ ਰੇਲ ਵਿਭਾਗ ਤੱਕ ਹੀ ਸੀਮਤ ਹੋਵੇ। ਬਾਕੀ ਦੇ ਸਾਰੇ ਵਿਭਾਗ ਸਿੱਧੇ ਪੰਜਾਬ ਦੇ ਪ੍ਰਬੰਧ ਹੇਠ ਹੋਣ।

(ੲ) ਪੰਜਾਬ ਤੋਂ ਬਾਹਰ ਰਹਿੰਦੀ ਘੱਟ-ਗਿਣਤੀ ਸਿੱਖਾਂ ਦੇ ਹੱਕਾਂ ਦੀ ਸੁਰੱਖਿਆ ਲਈ ਪ੍ਰਭਾਵਸ਼ਾਲੀ ਪ੍ਰਬੰਧ ਕੀਤਾ ਜਾਵੇ ਤਾਂ ਜੋ ਉਹ ਕਿਸੇ ਭੇਦ-ਭਾਵ ਤੇ ਵਿਤਕਰੇ ਦਾ ਸ਼ਿਕਾਰ ਨਾ ਹੋਣ।

2. ਸ਼੍ਰੋਮਣੀ ਅਕਾਲੀ ਦਲ ਇਸ ਲਈ ਵੀ ਸੰਘਰਸ਼ ਕਰੇਗਾ ਕਿ ਭਾਰਤੀ ਸੰਵਿਧਾਨ ਸਹੀ ਅਰਥਾਂ 'ਚ ਸੰਘਾਤਮਕ ਬਣ ਜਾਏ ਤੇ ਕੇਂਦਰ ਵਿੱਚ ਸਾਰੇ ਰਾਜਾਂ ਨੂੰ ਇਕੋ ਜਿਹੀ ਪ੍ਰਤਿਨਿਧਤਾ ਮਿਲੇ।

3. ਸ਼੍ਰੋਮਣੀ ਅਕਾਲੀ ਦਲ ਇਹ ਵੀ ਅਨੁਭਵ ਕਰਦਾ ਹੈ ਕਿ ਕਾਂਗਰਸ ਦੀ ਵਿਦੇਸ਼ ਨੀਤੀ ਮੁਲਕ ਲਈ ਘਾਤਕ ਤੇ ਬੇਫ਼ਾਇਦਾ ਹੈ। ਇਹ ਉਹਨਾਂ ਗੁਆਂਢੀਆਂ ਨਾਲ ਚੰਗੇ ਸਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕਰੇਗਾ ਜਿੱਥੇ ਸਿੱਖ ਵਸਦੇ ਹਨ ਜਾਂ ਜਿਥੇ ਉਹਨਾਂ ਦੇ ਗੁਰਧਾਮ ਹਨ। ਸਾਡੀ ਵਿਦੇਸ਼ੀ ਨੀਤੀ ਕਿਸੇ ਹੋਰ ਮੁਲਕ ਦੀ ਦੁਮ-ਛੱਲਾ ਨਹੀਂ ਹੋਣੀ ਚਾਹੀਦੀ।

4. ਰਾਜਾਂ ਤੇ ਕੇਂਦਰ ਵਿੱਚ ਸਿੱਖ ਕਰਮਚਾਰੀਆਂ ਨੂੰ ਇਨਸਾਫ਼ ਯਕੀਨੀ ਬਣਾਉਣ ਲਈ ਤੇ ਉਹਨਾਂ ਨਾਲ ਬੇਇਨਸਾਫ਼ੀ ਵਿਰੁੱਧ ਪ੍ਰਭਾਵਸ਼ਾਲੀ ਆਵਾਜ਼ ਉਠਾਉਣਾ ਅਕਾਲੀ ਦਲ ਦੇ ਪ੍ਰੋਗਰਾਮ ਦਾ ਜ਼ਰੂਰ ਹਿੱਸਾ ਹੋਵੇ। ਖ਼ਾਸ ਕਰਕੇ ਰੱਖਿਆ ਸੇਵਾਵਾਂ ਵਿੱਚ ਸਿੱਖ ਪਰੰਪਰਾਵਾਂ ਨੂੰ ਕਾਇਮ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਤੇ ਸਿੱਖ ਸੈਨਿਕਾਂ ਦੀਆਂ ਮੰਗਾਂ ਉੱਪਰ ਨਿਰੰਤਰ ਨਜ਼ਰ ਰੱਖੀ ਜਾਵੇਗੀ। ਅਕਾਲੀ ਦਲ ਇਹ ਯਤਨ ਕਰੇਗਾ ਕਿ 'ਕਿਰਪਾਨ' ਸਿੱਖ ਸੈਨਿਕਾਂ ਦੀ ਵਰਦੀ ਦਾ ਅਨਿੱਖੜਵਾਂ ਅੰਗ ਬਣ ਜਾਵੇ।

5. ਸਾਬਕਾ ਫ਼ੌਜੀਆਂ ਦੇ ਪੁਨਰਵਾਸ ਲਈ ਕਲਿਆਣਕਾਰੀ ਤੇ ਅਨੁਕੂਲ ਮਾਹੌਲ ਦੀ ਸਿਰਜਣਾ ਕਰਨਾ। ਉਹਨਾਂ ਦੇ ਹੱਕਾਂ ਦੀ ਸੁਰੱਖਿਆ ਲਈ ਜ਼ਰੂਰੀ ਰਿਆਇਤਾਂ ਤੇ ਸਹੂਲਤਾਂ ਦਾ ਪ੍ਰਬੰਧ ਕਰਨਾ ਤਾਂ ਜੋ ਉਹ ਆਤਮ-ਸਨਮਾਨ ਦਾ ਜੀਵਨ ਗੁਜ਼ਾਰ ਸਕਣ।

6. ਸ਼੍ਰੋਮਣੀ ਅਕਾਲੀ ਦਲ ਮਹਿਸੂਸ ਕਰਦਾ ਹੈ ਕਿ ਹਰ ਆਦਮੀ ਤੇ ਇਸਤਰੀ ਨੂੰ ਜਿਸ ਨੂੰ ਕਦੇ ਕਿਸੇ ਵੀ ਅਦਾਲਤਾਂ ਵੱਲੋਂ ਸਜ਼ਾ ਨਾ ਹੋਈ ਹੋਵੇ, ਉਸ ਨੂੰ ਲਾਇਸੈਂਸ ਤੋਂ ਬਿਨਾਂ ਬੰਦੂਕ ਰੱਖਣ ਦੀ ਆਗਿਆ ਹੋਵੇ।

7. ਸ਼੍ਰੋਮਣੀ ਅਕਾਲੀ ਦਲ ਨਸ਼ੇਬੰਦੀ ਦਾ ਸਮਰਥਨ ਕਰਦਾ ਹੈ ਤੇ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਉੱਪਰ ਪਾਬੰਦੀ ਦੀ ਮੰਗ ਕਰਦਾ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਆਰਥਕ ਪ੍ਰੋਗਰਾਮ ਤੇ ਨੀਤੀ ਜੋ 17 ਅਕਤੂਬਰ 1973 ਨੂੰ ਆਨੰਦਪੁਰ ਸਾਹਿਬ ਦੀ ਮੀਟਿੰਗ ਵਿੱਚ ਵਰਕਿੰਗ ਕਮੇਟੀ ਨੇ ਸਵੀਕਾਰ ਕੀਤੀ।

ਭਾਵੇਂ ਭਾਰਤੀ ਅਰਥਚਾਰਾ ਪ੍ਰਮੁੱਖ ਤੌਰ 'ਤੇ ਖੇਤੀ ਪ੍ਰਧਾਨ ਅਰਥਚਾਰਾ ਹੈ ਤੇ ਕੋਈ ਵੀ ਰਾਜਸੀ ਸ਼ਕਤੀ ਜੋ ਨਿਆਂ 'ਤੇ ਆਧਾਰਿਤ ਸਮਾਜ ਦੀ ਉਸਾਰੀ ਦੀ ਚਾਹਵਾਨ ਹੈ, ਇਸ ਨੂੰ ਅਣਗੌਲਿਆਂ ਨਹੀਂ ਕਰ ਸਕਦੀ। ਮੂਲ ਸਮੱਸਿਆ ਦੀ ਜੜ੍ਹ ਇਹੋ ਹੈ ਕਿ ਅਰਥਚਾਰੇ ਦਾ ਅਸਾਸ਼ਾ ਵੱਡੇ ਵਪਾਰੀਆਂ, ਸਰਮਾਏਦਾਰਾਂ ਤੇ ਅਜ਼ਾਰੇਦਾਰਾਂ ਕੋਲ ਹੈ। ਅਸਲ ਵਿੱਚ ਇਹੋ ਵਰਗ ਆਜ਼ਾਦੀ ਦੇ 26 ਸਾਲਾਂ ਵਿੱਚ ਅਮੀਰ ਬਣਿਆ ਹੈ ਭਾਵੇਂ

ਆਰਥਕ ਵਿਕਾਸ ਦੇ ਲਾਭ ਹੋਰ ਵਰਗਾਂ ਨੂੰ ਵੀ ਮਿਲੇ ਹਨ। ਅਸਲ ਵਿੱਚ ਇਸੇ ਵਰਗ ਦੇ ਹੱਥ ਵਿੱਚ ਰਾਜਸੀ ਸ਼ਕਤੀ ਹੈ। ਇਸ ਲਈ ਸ਼ਾਂਤਮਈ ਢੰਗਾਂ ਨਾਲ ਇਕ ਨਵਾਂ ਸਮਾਜਿਕ ਢਾਂਚਾ ਕਾਇਮ ਕਰਨ ਲਈ ਇਸ ਵਰਗ ਦਾ ਜੱਫਾ ਰਾਜਸੀ ਤੇ ਆਰਥਕ ਢਾਂਚੇ ਤੋਂ ਹਟਾਉਣਾ ਚਾਹੀਦਾ ਹੈ।

ਅਕਾਲੀ ਦਲ ਸ਼ਹਿਰੀ ਤੇ ਪੇਂਡੂ ਖੇਤਰਾਂ, ਅਮੀਰਾਂ ਤੇ ਗ਼ਰੀਬਾਂ ਵਿੱਚ ਅੰਤਰ ਦੂਰ ਕਰਨ ਦਾ ਹਮਾਇਤੀ ਹੈ। ਪਰ ਇਹ ਚਾਹੁੰਦਾ ਹੈ ਕਿ ਪਹਿਲਾ ਵਾਰ ਉਹਨਾਂ ਲੋਕਾਂ 'ਤੇ ਕੀਤਾ ਜਾਵੇ ਜਿਹਨਾਂ ਦੇ ਹੱਥਾਂ ਵਿੱਚ ਦੌਲਤ ਹੈ ਤੇ ਉਹ ਦੇਸ਼ ਦੇ ਅਰਥਚਾਰੇ ਤੇ ਜੱਫਾ ਪਾਈ ਫਿਰਦੇ ਹਨ। ਪੇਂਡੂ ਖੇਤਰਾਂ ਵਿੱਚ ਵੀ ਅਕਾਲੀ ਦਲ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਬੇਜ਼ਮੀਨੇ ਕਾਸ਼ਤਕਾਰਾਂ, ਗ਼ਰੀਬ ਕਿਸਾਨਾਂ ਤੇ ਮੱਧ ਵਰਗੀ ਕਿਸਾਨਾਂ ਭਾਵ ਕਮਜ਼ੋਰ ਵਰਗਾਂ ਦਾ ਸਮਰਥੱਕ ਹੈ। ਇਸ ਲਈ ਇਹਦਾ ਇਹ ਤਾਰਕਿਕ ਵਿਚਾਰ ਹੈ ਕਿ 30 ਸਟੈਂਡਰਡ ਏਕੜਾਂ ਤੋਂ ਵਾਧੂ ਜ਼ਮੀਨ ਲੈ ਕੇ ਪੇਂਡੂ ਗ਼ਰੀਬਾਂ ਵਿੱਚ ਵੰਡ ਦਿੱਤੀ ਜਾਵੇ।

ਇਸ ਲਈ ਅਕਾਲੀ ਦਲ ਦੀ ਆਰਥਕ ਨੀਤੀ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਸੇਧਿਤ ਹੋਵਗੀ।

ਖੇਤੀ ਖੇਤਰ—ਖੇਤੀ ਖੇਤਰ ਇਕ ਪਾਸੇ ਤਾਂ ਮੁਲਕ ਨੇ ਜ਼ਮੀਨੀ ਸੁਧਾਰਾਂ ਦਾ ਸਿਲਸਿਲਾ ਤੇ ਦੂਸਰੇ ਪਾਸੇ ਹਰੀ ਕ੍ਰਾਂਤੀ ਦਾ ਨਵਾਂ ਪੜਾਅ ਦੇਖਿਆ ਹੈ। ਅਕਾਲੀ ਦਲ ਨੇ ਇਹ ਪ੍ਰਤਿੱਗਿਆ ਕੀਤੀ ਹੋਈ ਹੈ ਕਿ ਇਹ ਹਰੀ ਕ੍ਰਾਂਤੀ ਲਈ ਵਾਹ ਲਾਵੇਗਾ ਤੇ ਖੇਤੀ ਉਤਪਾਦਨ ਵਧਾ ਕੇ ਸਾਰੇ ਵਰਗਾਂ ਦੇ ਤੇ ਖ਼ਾਸ ਕਰਕੇ ਮੱਧਵਰਗੀ ਕਿਸਾਨਾਂ ਤੇ ਗ਼ਰੀਬ ਬੇਜ਼ਮੀਨੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਉਠਾਵੇਗਾ। ਇਸ ਮਨੋਰਥ ਨੂੰ ਪ੍ਰਾਪਤ ਕਰਨ ਲਈ ਅਕਾਲੀ ਦਲ ਭਵਿੱਖ ਵਿੱਚ ਇਹ ਕਦਮ ਉਠਾਏਗਾ :

(ੳ) ਭੂਮੀ ਸੁਧਾਰ ਦੇ ਕਦਮ ਉਠਾ ਕੇ ਫ਼ਰਕ ਮਿਟਾਵੇਗਾ ਤੇ ਖੇਤੀ ਉਪਜ ਵਧਾਵੇਗਾ। ਜ਼ਮੀਨ ਦੀ ਉਪਰਲੀ ਹੱਦ ਨੂੰ ਮੁੜ ਵਿਚਾਰਿਆ ਜਾਵੇਗਾ ਤੇ ਪਰਿਵਾਰ ਦੀ ਕੁੱਲ ਭੂਮੀ 30 ਸਟੈਂਡਰਡ ਏਕੜ ਮਿੱਥੀ ਜਾਵੇਗੀ। ਸਾਰੇ ਵਿਚੋਲੇ ਬਾਹਰ ਰੱਖੇ ਜਾਣਗੇ ਤੇ ਜ਼ਮੀਨ ਵਾਹੁਣ ਵਾਲੇ ਦਾ ਜ਼ਮੀਨ ਉੱਪਰ ਕਬਜ਼ੇ ਦਾ ਹੱਕ ਸੁਰੱਖਿਅਤ ਰੱਖਿਆ ਜਾਵੇਗਾ। ਭੂਮੀ-ਹੀਣ ਖੇਤ ਮਜ਼ਦੂਰ ਤੇ ਗ਼ਰੀਬ ਕਿਸਾਨਾਂ ਨੂੰ ਫ਼ਾਲਤੂ ਭੂਮੀ ਤੇ ਵਸਾਇਆ ਜਾਏਗਾ ਤੇ ਵਾਹੀਯੋਗ ਸਰਕਾਰੀ ਜ਼ਮੀਨ ਬੇਜ਼ਮੀਨੇ ਤੇ ਖ਼ਾਸ ਕਰਕੇ ਅਨੁਸੂਚਿਤ ਜ਼ਾਤੀਆਂ ਤੇ ਕਬੀਲਿਆਂ ਵਿੱਚ ਵੰਡੀ ਜਾਏਗੀ। ਇਸ ਜ਼ਮੀਨ ਦੀ ਵੰਡ ਇਸ ਤਰ੍ਹਾਂ ਕੀਤੀ ਜਾਵੇਗੀ ਕਿ ਇਸ ਦਾ ਲਾਭ ਗ਼ਰੀਬ ਹਰੀਜਨ ਤੇ ਭੂਮੀਹੀਣਾਂ ਨੂੰ ਹੀ ਮਿਲੇ। ਇਸ ਦੇ ਨਾਲ ਇਹ ਵੀ ਵਿਚਾਰਿਆ ਜਾਵੇਗਾ ਕਿ ਕਿਸ ਤਰ੍ਹਾਂ ਮੁਜ਼ਾਰਿਆਂ ਨੂੰ ਜ਼ਮੀਨ ਤੇ ਕਰਜ਼ਾ ਲੈਣ ਲਈ ਜ਼ਮੀਨ ਰਹਿਣ ਕਰਨ ਦਾ ਅਧਿਕਾਰ ਮਿਲੇ। ਤੇ ਇਹ ਵੀ ਪਤਾ ਲਾਇਆ ਜਾਵੇ ਕਿ ਕਿਸ ਤਰ੍ਹਾਂ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ, ਕਬੀਲਿਆਂ ਤੇ ਪਛੜੀਆਂ ਸ਼੍ਰੇਣੀਆਂ ਨੂੰ ਦੂਸਰਿਆਂ ਵਰਗਾਂ ਨੂੰ ਜ਼ਮੀਨ ਵੇਚਣ ਤੋਂ ਰੋਕਿਆ ਜਾਵੇ।

(ਅ) ਅਕਾਲੀ ਦਲ ਖੇਤੀ ਦੇ ਆਧੁਨਿਕੀਕਰਨ ਲਈ ਯਤਨ ਕਰੇਗਾ ਤਾਂ ਜੋ ਮਧਵਰਗ ਦੇ ਛੋਟੇ ਤੇ ਗ਼ਰੀਬ ਕਿਸਾਨ ਵੀ ਸਸਤੇ ਨਿਵੇਸ਼ਾਂ ਬਿਜਲੀ, ਪਾਣੀ, ਬੀਜਾਂ,

ਖਾਦਾਂ ਤੇ ਕਰਜ਼ੇ ਦੀਆਂ ਸਹੂਲਤਾਂ ਦਾ ਲਾਭ ਸਹਿਕਾਰੀ ਸਭਾਵਾਂ ਤੇ ਸਰਕਾਰੀ ਏਜੰਸੀਆਂ ਰਾਹੀਂ ਪ੍ਰਾਪਤ ਕਰ ਸਕਣ।

(ੲ) ਅਕਾਲੀ ਦਲ ਯਤਨ ਕਰੇਗਾ ਕਿ ਖੇਤੀ ਉਪਜ ਦੀਆਂ ਕੀਮਤਾਂ ਨਿਰਧਾਰਿਤ ਕੀਤੀਆਂ ਜਾਣ। ਕੀਮਤਾਂ ਦਾ, ਬਿਜਾਈ ਰੁੱਤ ਤੋਂ ਬਹੁਤ ਅਗੇਤਾ ਐਲਾਨ ਕੀਤਾ ਜਾਵੇ। ਰਾਜ ਸਰਕਾਰ ਕੋਲ ਕੀਮਤਾਂ ਨਿਰਧਾਰਿਤ ਕਰਨ ਦਾ ਅਧਿਕਾਰ ਹੋਵੇ।

(ਸ) ਅਕਾਲੀ ਦਲ ਅਨਾਜਾਂ ਦੀ ਸਰਕਾਰੀ ਖ਼ਰੀਦ ਦਾ ਸਮਰਥਕ ਹੈ ਤੇ ਇਹ ਕਦਮ ਉਠਾਏ ਜਾਣਗੇ ਜਿਸ ਨਾਲ ਅਨਾਜ ਦਾ ਥੋਕ ਵਪਾਰ ਤੇ ਖੇਤੀ ਦੇ ਦੂਸਰੇ ਉਤਪਾਦਨ ਦੀ ਖ਼ਰੀਦ ਰਾਜ ਸਰਕਾਰ ਜਾਂ ਸਰਕਾਰੀ ਏਜੰਸੀਆਂ ਕਰਨ।

(ਹ) ਅਕਾਲੀ ਦਲ ਮੁਲਕ ਵਿੱਚ ਖੇਤੀ ਉਪਜ ਦੇ ਵੱਖ-ਵੱਖ ਖੇਤਰ ਬਣਾਉਣ ਤੇ ਇਸ ਦੀ ਨਕਲੋ-ਹਰਕਤ ਉੱਪਰ ਰੋਕਾਂ ਦੇ ਵਿਰੁੱਧ ਹੈ। ਸਾਰੇ ਮੁਲਕ ਨੂੰ ਇਕ ਹੀ ਅਨਾਜ ਖੇਤਰ ਸਮਝਣਾ ਚਾਹੀਦਾ ਹੈ।

(ਕ) ਥੀਨ ਡੈਮ ਤੇ ਬਠਿੰਡਾ ਥਰਮਲ ਪਲਾਂਟ ਨੂੰ ਛੇਤੀ ਮੁਕੰਮਲ ਕਰਨ ਦੇ ਖ਼ਾਸ ਯਤਨ ਕੀਤੇ ਜਾਣਗੇ ਤਾਂ ਜੋ ਸਿੰਚਾਈ ਸਹੂਲਤਾਂ ਤੇ ਬਿਜਲੀ ਉਤਪਾਦਨ ਵਧਾਇਆ ਜਾ ਸਕੇ ਤੇ ਇਸ ਨੂੰ ਸਸਤਾ ਕੀਤਾ ਜਾ ਸਕੇ। ਐਟਮੀ ਬਿਜਲੀ ਕਾਰਖ਼ਾਨਾ ਲਾਉਣ ਲਈ ਕ੍ਰਮਬੱਧ ਯਤਨ ਕੀਤਾ ਜਾਵੇਗਾ।

ਉਦਯੋਗ—ਅਕਾਲੀ ਦਲ ਦੀ ਮੰਗ ਹੈ ਕਿ ਸਾਰੇ ਮੂਲ ਉਦਯੋਗ ਸਰਕਾਰੀ ਖੇਤਰ ਵਿੱਚ ਹੋਣ। ਅਕਾਲੀ ਦਲ ਚਾਹੁੰਦਾ ਹੈ ਕਿ ਸਾਰੇ ਉਪਭੋਗਤਾ ਉਦਯੋਗ ਜਿਹਨਾਂ ਦਾ ਸੰਬੰਧ ਜ਼ਰੂਰੀ ਵਸਤੂਆਂ ਨਾਲ ਹੋਵੇ, ਉਹਨਾਂ ਦਾ ਰਾਸ਼ਟਰੀਕਰਨ ਕੀਤਾ ਜਾਵੇ ਤਾਂ ਜੋ ਕੀਮਤਾਂ ਨੂੰ ਕਾਬੂ ਰੱਖਿਆ ਜਾਵੇ ਤੇ ਉਦਯੋਗਪਤੀਆਂ ਤੇ ਦਲਾਲਾਂ ਵੱਲੋਂ ਗ਼ਰੀਬ ਆਦਮੀ ਦਾ ਸ਼ੋਸ਼ਣ ਨਾ ਕੀਤਾ ਜਾ ਸਕੇ।

ਸਰਕਾਰੀ ਉਦਯੋਗ ਇਸ ਤਰ੍ਹਾਂ ਲਾਏ ਜਾਣ ਤਾਂ ਜੋ ਉਹ ਖੇਤਰੀ ਅਸੰਤੁਲਨ ਖ਼ਤਮ ਹੋ ਜਾਏ ਜੋ ਕੇਂਦਰ ਦੀ ਭੇਦ-ਭਾਵ ਤੇ ਵਿਤਕਰੇ ਦੀ ਨੀਤੀ ਕਾਰਨ ਪੈਦਾ ਹੋ ਗਿਆ ਹੈ।

ਪੇਂਡੂ ਖੇਤਰਾਂ ਵਿੱਚ ਖੇਤੀ ਆਧਾਰਿਤ ਉਦਯੋਗ ਵਿਕਸਿਤ ਕਰਨ ਲਈ ਯੋਜਨਾਬੱਧ ਕੋਸ਼ਿਸ਼ਾਂ ਕੀਤੀਆਂ ਜਾਣ ਜਿਸ ਨਾਲ ਜ਼ਮੀਨ ਉੱਪਰ ਵੱਸੋਂ ਦਾ ਬੋਝ ਘਟ ਸਕੇ। ਉਦਯੋਗਾਂ ਤੇ ਕਾਰਖ਼ਾਨਿਆਂ ਦਾ ਲੋਕਤੰਤਰੀਕਰਨ ਵਾਸਤੇ ਪ੍ਰਬੰਧ ਵਿੱਚ 50% ਪ੍ਰਤਿਨਿਧਤਾ ਕਾਮਿਆਂ ਨੂੰ ਦਿੱਤੀ ਜਾਵੇ ਤੇ ਸਰਕਾਰੀ ਖੇਤਰ ਵਿੱਚ ਇਕ ਵਿਸਤ੍ਰਿਤ ਯੋਜਨਾ ਤਿਆਰ ਕੀਤੀ ਜਾਵੇ।

ਸਰਕਾਰੀ ਖੇਤਰ ਦੀਆਂ ਯੋਜਨਾਵਾਂ ਨੂੰ ਵਧੇਰੇ ਖ਼ੁਦਮੁਖਤਾਰੀ ਦਿੱਤੀ ਜਾਵੇ ਤੇ ਉਹਨਾਂ ਦਾ ਪ੍ਰਬੰਧ ਸੁਯੋਗ ਤੇ ਪ੍ਰਤਿਬੱਧ ਵਿਅਕਤੀਆਂ ਹੱਥ ਦਿੱਤਾ ਜਾਵੇ ਤੇ ਸਰਕਾਰੀ ਖੇਤਰ ਦੀਆਂ ਯੋਜਨਾਵਾਂ ਲਈ ਇਕ ਵੱਖਰਾ ਅਮਲਾ ਤਿਆਰ ਕੀਤਾ ਜਾਵੇ।

ਆਰਥਕ ਨੀਤੀ—ਅਕਾਲੀ ਦਲ ਸਾਰੇ ਕਰ-ਢਾਂਚੇ ਦੇ ਪੁਨਰ-ਨਿਰੀਖਣ ਦੀ ਇਸ ਤਰ੍ਹਾਂ ਮੰਗ ਕਰਦਾ ਹੈ ਤਾਂ ਜੋ ਕਾਲੇ ਧਨ ਤੇ ਟੈਕਸ ਦੀ ਚੋਰੀ ਕਰਨ ਦੀ ਪ੍ਰੇਰਨਾ ਖ਼ਤਮ ਹੋ ਜਾਵੇ। ਅਕਾਲੀ ਦਲ ਅਜਿਹਾ ਕਰ ਢਾਂਚਾ ਚਾਹੁੰਦਾ ਹੈ ਜਿਹੜਾ ਟੈਕਸ ਸਿੱਧਾ ਦੇਣਾ ਪਵੇ ਤੇ ਜਨਤਾ ਤੋਂ ਅੱਗੇ ਨਾ ਲਿਆ ਜਾਵੇ। ਵਰਤਮਾਨ ਕਰ ਢਾਂਚਾ ਜ਼ਿਆਦਾ ਕਰਕੇ ਗ਼ਰੀਬਾਂ ਨੂੰ ਹੀ ਸਜ਼ਾ ਦਿੰਦਾ ਹੈ ਤੇ ਅਮੀਰਾਂ ਲਈ ਕਈ ਚੋਰ-ਮੋਰੀਆਂ ਤੇ ਬਚਣ ਦੇ ਰਾਹ ਹਨ।

ਅਕਾਲੀ ਦਲ ਚਲ ਰਹੇ ਸਿੱਕੇ ਨੂੰ ਬੰਦ ਕਰਨ ਦਾ ਹਾਮੀ ਹੈ ਤਾਂ ਜੋ ਮੁਲਕ ਵਿੱਚ ਚਲ ਰਿਹਾ ਸਾਮਾਨੰਤਰ ਕਾਲਾ ਬਾਜ਼ਾਰ ਖ਼ਤਮ ਹੋ ਜਾਵੇ।

ਕਾਮੇ, ਮੱਧਵਰਗ ਕਰਮਚਾਰੀਆਂ ਤੇ ਖੇਤ ਮਜ਼ਦੂਰ—ਅਕਾਲੀ ਦਲ ਕੋਸ਼ਿਸ਼ ਕਰੇਗਾ ਕਿ :

(ੳ) ਉਦਯੋਗਿਕ ਕਾਮਿਆਂ ਦੀ ਲੋੜ ਤੇ ਆਧਾਰਿਤ ਘੱਟੋ-ਘੱਟ ਉਜਰਤ ਦਿੱਤੀ ਜਾਵੇ।

(ਅ) ਸਰਕਾਰੀ ਕਰਮਚਾਰੀਆਂ ਦਾ ਜੀਵਨ ਪੱਧਰ ਨਿਰੰਤਰ ਉੱਚਾ ਚੁੱਕਿਆ ਜਾਵੇ।

(ੲ) ਖੇਤ ਮਜ਼ਦੂਰਾਂ ਦੀਆਂ ਘੱਟੋ ਘੱਟ ਉਜਰਤਾਂ ਦੀ ਪੁਨਰ-ਸਮੀਖਿਆ ਕੀਤੀ ਜਾਵੇ ਤੇ ਜੇ ਲੋੜ ਹੋਵੇ ਤਾਂ ਉਹਨਾਂ ਨੂੰ ਵਧਾਇਆ ਜਾਵੇ।

(ਸ) ਮਜ਼ਦੂਰਾਂ ਬਾਰੇ ਕਾਨੂੰਨਾਂ ਦੀਆਂ ਤਰੁੱਟੀਆਂ ਦੂਰ ਕੀਤੀਆਂ ਜਾਣ ਤਾਂ ਜੋ ਉਹਨਾਂ ਦਾ ਜੀਵਨ ਪੱਧਰ ਉੱਚਾ ਹੋ ਸਕੇ।

(ਹ) ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਸਮਾਜ ਦੇ ਹੇਠਲੇ ਵਰਗਾਂ ਦੀ ਰਿਹਾਇਸ਼ੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਫੌਰੀ ਕਦਮ ਉਠਾਏ ਜਾਣ।

ਬੇਰੁਜ਼ਗਾਰੀ—ਅਕਾਲੀ ਦਲ ਪੂਰਨ ਰੁਜ਼ਗਾਰ ਦੇ ਹੱਕ ਵਿੱਚ ਹੈ। ਪਹਿਲਾ ਤਾਂ ਇਹ ਚਾਹੁੰਦਾ ਹੈ ਕਿ ਸਾਰੇ ਪੜ੍ਹੇ ਲਿਖੇ ਤੇ ਸੁਸਿੱਖਿਅਤ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਜਦ ਤੱਕ ਸਭ ਨੂੰ ਨੌਕਰੀਆਂ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਜਦ ਤੱਕ ਸਭ ਨੂੰ ਨੌਕਰੀਆਂ ਨਹੀਂ ਦਿੱਤੀਆਂ ਜਾਂਦੀਆਂ ਤਦ ਤੱਕ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ ਜੋ ਕੇਂਦਰ ਤੇ ਰਾਜ ਸਰਕਾਰਾਂ 50 : 50 ਦੇ ਅਨੁਪਾਤ ਨਾਲ ਦੇਣ, ਜੋ ਹੇਠ ਲਿਖੀ ਦਰ ਤੇ ਹੋਵੇ :

ਦਸਵੀਂ ਪਾਸ ਸੁਸਿੱਖਿਅਤ ਕਾਮੇ	:	50/- ਰੁਪੈ ਪ੍ਰਤੀ ਮਹੀਨਾ
ਬੀ.ਏ.	:	75/- ਰੁਪੈ ਪ੍ਰਤੀ ਮਹੀਨਾ
ਐਮ.ਏ.	:	100/- ਰੁਪੈ ਪ੍ਰਤੀ ਮਹੀਨਾ
ਪੇਸ਼ਾਵਰ ਇੰਜੀਨੀਅਰ ਤੇ ਡਾਕਟਰ	:	150/- ਰੁਪੈ ਪ੍ਰਤੀ ਮਹੀਨਾ
ਸੁਸਿੱਖਿਅਤ ਆਦਮੀ	:	50/- ਰੁਪੈ ਪ੍ਰਤੀ ਮਹੀਨਾ

ਸੱਠ ਸਾਲ ਤੋਂ ਉੱਪਰ ਦੀ ਉਮਰ ਵਾਲੇ ਸਾਰੇ ਲੋੜਵੰਦਾਂ ਨੂੰ ਪੈਨਸ਼ਨ ਦਿੱਤੀ ਜਾਵੇ।

ਅਨੁਸੂਚਿਤ ਜਾਤੀਆਂ ਤੇ ਸਮਾਜ ਦੇ ਕਮਜ਼ੋਰ ਵਰਗ—ਅਕਾਲੀ ਦਲ ਅਨੁਸੂਚਿਤ ਜਾਤੀਆਂ ਤੇ ਸਮਾਜ ਦੇ ਕਮਜ਼ੋਰ ਵਰਗਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਯਤਨਸ਼ੀਲ ਰਹੇਗਾ ਤੇ ਉਹਨਾਂ ਨੂੰ ਵਿੱਦਿਆ ਪ੍ਰਾਪਤੀ ਲਈ ਸਹੂਲਤਾਂ, ਰੁਜ਼ਗਾਰ ਤੇ ਹੋਰ ਰਿਆਇਤਾਂ ਦੇਵੇਗਾ ਤਾਂ ਜੋ ਉਹ ਸਮਾਜ ਦੇ ਉੱਨਤ ਵਰਗਾਂ ਦੇ ਬਰਾਬਰ ਹੋ ਜਾਣ। ਇਹਨਾਂ ਵਰਗਾਂ ਨੂੰ ਅਨਾਜ ਵੀ ਆਰਥਕ ਸਹਾਇਤਾ ਦੇ ਨਾਲ ਦਿੱਤਾ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਮਹਿਸੂਸ ਕਰਦਾ ਹੈ ਕਿ ਭਾਰਤ ਇਕ ਸੰਘਾਤਮਕ ਤੇ ਗਣਤੰਤਰਿਕ ਭੂਗੋਲਿਕ ਇਕਾਈ ਹੈ ਜਿਸ ਦੀਆਂ ਵੱਖ-ਵੱਖ ਭਾਸ਼ਾਵਾਂ, ਧਰਮ ਤੇ ਸਭਿਆਚਾਰ ਹਨ। ਧਾਰਮਕ ਤੇ ਭਾਸ਼ਾਈ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਤੇ ਲੋਕ ਰਾਜ ਦੀ ਪਰੰਪਰਾ ਦੀ ਮੰਗ ਪੂਰੀ ਕਰਨ ਤੇ ਆਰਥਕ ਵਿਕਾਸ ਦਾ ਰਾਹ ਤਿਆਰ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਦੇ ਸੰਵਿਧਾਨਕ ਢਾਂਚੇ ਨੂੰ ਪੁਨਰ-ਪਰਿਭਾਸ਼ਿਤ ਕਰਕੇ ਤੇ

ਰਾਜਾਂ ਤੇ ਕੇਂਦਰ ਦੇ ਸੰਬੰਧਾਂ ਤੇ ਹੱਕਾਂ ਨੂੰ ਉਪਰੋਕਤ ਸਿਧਾਂਤਾਂ ਤੇ ਉਦੇਸ਼ਾਂ ਨੂੰ ਸਾਮ੍ਹਣੇ ਰੱਖ ਕੇ ਨਵੀਂ ਸ਼ਕਲ ਦਿੱਤੀ ਜਾਵੇ।

ਲੋਕ-ਨਾਇਕ ਸ੍ਰੀ ਜੈ ਪ੍ਰਕਾਸ਼ ਨਾਰਾਇਣ ਦਾ "ਪੂਰਨ ਕ੍ਰਾਂਤੀ" ਦਾ ਸੰਕਲਪ ਵੀ ਨਿਰੰਤਰ ਸ਼ਕਤੀ ਦੇ ਵਿਕੇਂਦਰੀਕਰਨ ਉੱਪਰ ਆਧਾਰਿਤ ਹੈ। ਰਾਜਾਂ ਦੀਆਂ ਸ਼ਕਤੀਆਂ ਦੇ ਕੇਂਦਰੀਕਰਨ ਦੇ ਅਮਲ ਦੀ ਸਿਖ਼ਰ ਕਾਂਗਰਸ ਦੇ ਰਾਜ ਵਿੱਚ ਸੰਵਿਧਾਨ ਦੀਆਂ ਵਾਰ-ਵਾਰ ਕੀਤੀਆਂ ਸੋਧਾਂ ਕਾਰਨ ਸੰਕਟ ਸਥਿਤੀ ਦੇ ਰੂਪ ਵਿੱਚ ਦੇਸਵਾਸੀਆਂ ਦੇ ਸਾਮ੍ਹਣੇ ਪ੍ਰਗਟ ਹੋਈ ਹੈ। ਉਸ ਸਮੇਂ ਸਾਰੇ ਨਾਗਰਿਕ ਹੱਕਾਂ ਨੂੰ ਹੜੱਪ ਕਰ ਲਿਆ ਗਿਆ ਸੀ ਤੇ ਫਿਰ ਉਸ ਵੇਲੇ ਹੀ ਸ਼ਕਤੀਆਂ ਦੇ ਵਿਕੇਂਦਰੀਕਰਨ ਨੂੰ ਜਿਸ ਦੀ ਅਕਾਲੀ ਦਲ ਹਮਾਇਤ ਕਰਦਾ ਆ ਰਿਹਾ ਸੀ। ਸਾਰੀਆਂ ਰਾਜਸੀ ਪਾਰਟੀਆਂ ਜਿਵੇਂ ਜਨਤਾ ਪਾਰਟੀ ਸੀ.ਪੀ.ਆਈ. (ਐਮ) ਏ.ਡੀ.ਐਮ.ਕੇ. ਆਦਿ ਨੇ ਪਹਿਲਾਂ ਪਰਵਾਨ ਕੀਤਾ ਤੇ ਫਿਰ ਅਪਣਾਇਆ।

ਸ਼੍ਰੋਮਣੀ ਅਕਾਲੀ ਦਲ ਇਸ ਸਿਧਾਂਤ 'ਤੇ ਸਦਾ ਹੀ ਦ੍ਰਿੜ੍ਹ ਰਿਹਾ ਹੈ। ਇਹੋ ਕਾਰਨ ਹੈ ਕਿ ਇਸ ਨੇ ਬੜੀ ਸਾਵਧਾਨੀ ਨਾਲ ਤੇ ਸੁਚੇਤ ਹੋ ਕੇ ਪਹਿਲਾਂ ਬਟਾਲਾ ਵਿਖੇ ਆਲ ਇੰਡੀਆ ਅਕਾਲੀ ਕਾਨਫ਼ਰੰਸ ਵਿੱਚ ਤੇ ਫਿਰ ਆਨੰਦਪੁਰ ਸਾਹਿਬ ਵਿੱਚ ਰਾਜ ਦੀ ਖ਼ੁਦਮੁਖਤਾਰੀ ਦੇ ਸੰਘਾਤਮਕ ਸੰਕਲਪ ਦੀ ਪੁਸ਼ਟੀ ਕੀਤੀ।

ਇਸੇ ਕਾਰਨ ਸ਼੍ਰੋਮਣੀ ਅਕਾਲੀ ਦਲ ਬੜੇ ਜ਼ੋਰ ਨਾਲ ਜਨਤਾ ਸਰਕਾਰ ਨੂੰ ਵੱਖ-ਵੱਖ ਭਾਸ਼ਾਈ ਤੇ ਸਭਿਆਚਾਰਕ ਵਰਗਾਂ, ਧਾਰਮਕ ਘੱਟ ਗਿਣਤੀਆਂ ਤੇ ਕਰੋੜਾਂ ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖ ਕੇ ਮੁਲਕ ਦੇ ਸੰਵਿਧਾਨਕ ਢਾਂਚੇ ਨੂੰ ਮੁੜ ਨਵਾਂ ਰੂਪ ਦੇਣ ਲਈ ਤੇ ਵਿਚਾਰ ਕਰਨ ਦੀ ਮੰਗ ਕਰਦਾ ਆ ਰਿਹਾ ਹੈ ਤਾਂ ਜੋ ਕੌਮੀ ਏਕਤਾ ਤੇ ਸੰਗਠਨ ਲਈ ਕੋਈ ਹੋਰ ਖ਼ਤਰਾ ਪੈਦਾ ਨਾ ਹੋ ਜਾਵੇ।

ਅਜਿਹਾ ਕਰਨ ਨਾਲ ਸਭ ਰਾਜ ਭਾਰਤੀ ਲੋਕਾਂ ਦੀ ਖ਼ੁਸ਼ਹਾਲੀ ਤੇ ਸਮ੍ਰਿਧੀ ਲਈ ਆਪਣੇ-ਆਪਣੇ ਖੇਤਰਾਂ ਵਿੱਚ ਸਕਾਰਥਕ ਸ਼ਕਤੀਆਂ ਦੀ ਵਰਤੋਂ ਕਰ ਕੇ ਕੰਮ ਕਰ ਸਕਣਗੇ।

ਇਸ ਮਤੇ ਨੂੰ ਲੁਧਿਆਣਾ ਵਿੱਚ 8-9 ਅਕਤੂਬਰ 1978 ਨੂੰ 18ਵੀਂ ਸਰਵ ਭਾਰਤੀ ਅਕਾਲੀ ਕਾਨਫ਼ਰੰਸ ਵਿੱਚ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਨੇ ਪੇਸ਼ ਕੀਤਾ ਤੇ ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਇਸ ਦਾ ਸਮਰਥਨ ਕੀਤਾ।

ਅੰਤਿਕਾ 7

ਅਕਤੂਬਰ 1981 ਨੂੰ ਅਕਾਲੀ ਦਲ ਵੱਲੋਂ ਸਰਕਾਰ ਨੂੰ ਪ੍ਰਾਪਤ ਹੋਈਆਂ 15 ਮੰਗਾਂ ਦੀ ਸੂਚੀ

ਧਾਰਮਕ ਮੰਗਾਂ

1. ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਬਿਨਾ ਸ਼ਰਤ ਰਿਹਾਈ ਤੇ ਦਿਲੀ ਰੈਲੀ (7 ਸਤੰਬਰ), ਚੌਕ ਮਹਿਤਾ ਤੇ ਚੰਦੋ ਕਲਾਂ ਵਿੱਚ ਪੁਲੀਸ ਕਾਰਵਾਈ ਸਬੰਧੀ ਪੜਤਾਲ।

2. ਦਿੱਲੀ ਗੁਰਦਵਾਰਾ ਦੇ ਪ੍ਰਬੰਧ ਵਿੱਚ ਸਰਕਾਰ ਦੀ ਕੁਥਿੱਤ ਜ਼ਿਆਦਤੀ, ਲੋਕਤੰਤਰੀ ਢੰਗ ਨਾਲ ਚੋਣਾਂ ਤੇ ਸਰਕਾਰ ਦੇ ਚਮਚਿਆਂ ਤੋਂ ਜਬਰੀ ਕਬਜ਼ਾ ਖ਼ਾਲੀ ਕਰਾਉਣਾ।

3. ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਪਾਕਿਸਤਾਨ ਨੂੰ ਯਾਤਰੀ ਭੇਜਣ ਦਾ ਤੇ ਸਥਾਨਕ ਗੁਰਦਵਾਰਿਆਂ ਵਿੱਚ ਦੇਖਭਾਲ ਲਈ ਸੇਵਾਦਾਰਾਂ ਦੀ ਨਿਯੁਕਤੀ ਦਾ ਅਧਿਕਾਰ।

4. ਹਵਾਈ ਜਹਾਜ਼ ਦੀਆਂ ਘਰੇਲੂ ਤੇ ਅੰਤਰ ਰਾਸ਼ਟਰੀ ਉਡਾਣਾਂ ਵਿੱਚ ਕਿਰਪਾਨ ਪਹਿਨਣ ਕੇ ਸਫ਼ਰ ਕਰਨ ਦੀ ਆਗਿਆ।

5. ਸਰਵ-ਭਾਰਤੀ ਗੁਰਦੁਆਰਾ ਕਾਨੂੰਨ ਪਾਸ ਕੀਤਾ ਜਾਵੇ।

6. ਅੰਮ੍ਰਿਤਸਰ ਨੂੰ ਕਾਸ਼ੀ, ਕੁਰੂਕਸ਼ੇਤਰ ਤੇ ਹਰਿਦੁਆਰ ਵਾਂਗ ਪਵਿੱਤਰ ਸ਼ਹਿਰ ਦਾ ਦਰਜਾ ਦੇਣ।

7. ਕੀਰਤਨ ਪ੍ਰਸਾਰਣ ਕਰਨ ਲਈ ਸਵਰਨ ਮੰਦਰ "ਹਰਿਮੰਦਰ ਰੇਡੀਓ" ਸਥਾਪਿਤ ਕਰਨਾ।

8. ਫਲਾਇੰਗ ਮੇਲ ਦਾ ਨਾਮ ਹਰਿਮੰਦਰ ਐਕਸਪ੍ਰੈਸ ਰੱਖਣਾ।

ਰਾਜਸੀ, ਆਰਥਕ ਤੇ ਸਭਿਆਚਾਰਕ ਮੰਗਾਂ

9. ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੂੰ ਵਿਸ਼ਵਾਸ ਹੈ ਕਿ ਰਾਜਾਂ ਦੀ ਉੱਨਤੀ ਨਾਲ ਹੀ ਕੇਂਦਰ ਦੀ ਖੁਸ਼ਹਾਲੀ ਹੋਵੇਗੀ। ਇਸ ਵਾਸਤੇ ਸੰਵਿਧਾਨ ਵਿੱਚ ਉੱਚਿਤ ਸੋਧਾਂ ਕਰਨੀਆਂ ਹੋਣਗੀਆਂ ਤੇ ਰਾਜਾਂ ਨੂੰ ਵਧੇਰੇ ਅਧਿਕਾਰ ਤੇ ਖ਼ੁਦਮੁਖਤਾਰੀ ਦੇਣੀ ਹੋਵੇਗੀ। ਕੇਂਦਰ ਨੂੰ ਆਪਣੇ ਪਾਸ ਵਿਦੇਸ਼ ਵਿਭਾਗ, ਰੱਖਿਆ, ਮੁਦਰਾ ਤੇ ਸੰਚਾਰ ਸਾਧਨ ਰੱਖਣੇ ਹੋਣਗੇ ਤੇ ਬਾਕੀ ਦੇ ਮਹਿਕਮੇ ਰਾਜਾਂ ਕੋਲ ਰਹਿਣਗੇ। ਸਿੱਖਾਂ ਨੂੰ ਇਕ ਕੌਮ ਵਜੋਂ ਵਿਸ਼ੇਸ਼ ਅਧਿਕਾਰ ਮਿਲਣੇ ਚਾਹੀਦੇ ਹਨ।

10. ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਪੰਜਾਬ ਵਿੱਚ ਮਿਲਾਉਣੇ।

11. ਰਾਜ ਦੇ ਡੈਮ ਤੇ ਹੈਡਵਰਕਸ ਪੰਜਾਬ ਦੇ ਹਵਾਲੇ ਕਰਨੇ ਤੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸਿਧਾਂਤਾਂ ਅਨੁਸਾਰ ਦਰਿਆਵਾਂ ਦੇ ਪਾਣੀਆਂ ਦੀ ਪੁਨਰ-ਵੰਡ।

12. ਪੰਜਾਬੀ ਭਾਸ਼ਾ ਨੂੰ ਹਰਿਆਣਾ, ਦਿੱਲੀ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਵਿੱਚ ਦੂਸਰੀ ਭਾਸ਼ਾ ਦਾ ਦਰਜਾ।

13. ਯੂ.ਪੀ. ਦੇ ਤਰਾਈ ਇਲਾਕੇ ਵਿੱਚ ਪੰਜਾਬੀਆਂ ਦਾ ਉਜਾੜਾ ਰੋਕਣ।

14. ਅੰਮ੍ਰਿਤਸਰ ਵਿੱਚ ਖੁਸ਼ਕ ਬੰਦਰਗਾਹ ਕਾਇਮ ਕਰਨਾ।

15. ਪੰਜਾਬ ਤੇ ਸਿੰਧ ਬੈਂਕ ਦੀ ਥਾਂ ਤੇ ਇਕ ਨਵੀਂ ਬੈਂਕ ਖੋਲ੍ਹਣ ਦਾ ਆਗਿਆ ਪੱਤਰ ਦਿੱਤਾ ਜਾਵੇ ਜਿਹੜੀ ਸਿੱਖਾਂ ਦੇ ਪ੍ਰਬੰਧ ਹੇਠ ਹੋਵੇ। ਖੇਤੀ ਉਪਜਾਂ ਦੀ ਲਾਹੇਵੰਦ ਕੀਮਤ, ਉਦਯੋਗਿਕ ਉਪਜ ਦੇ ਇੰਡੈਕਸ ਨਾਲ ਜੋੜ ਕੇ ਨਿਸ਼ਚਿਤ ਕੀਤੀ ਜਾਵੇ।

ਅੰਤਿਕਾ 8

ਪੰਜਾਬ ਰਾਜਨੀਤੀ ਦੇ ਮਹੱਤਵਪੂਰਨ ਵਿਅਕਤੀ

1. ਬੇਅੰਤ ਸਿੰਘ (1922–95) ਬਿਲਾਸਪੁਰ, ਜ਼ਿਲ੍ਹਾ ਲੁਧਿਆਣਾ ਵਿੱਚ ਪੈਦਾ ਹੋਇਆ। ਉਸ ਨੇ ਗੌਰਮਿੰਟ ਕਾਲਜ ਲਾਹੌਰ ਤੋਂ ਬੀ.ਏ. ਪਾਸ ਕੀਤੀ। ਦੋ ਸਾਲ ਉਸ ਨੇ ਫ਼ੌਜ ਦੀ ਨੌਕਰੀ ਕੀਤੀ। ਵੰਡ ਪਿੱਛੋਂ ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੋਟਲੀ ਵਿੱਚ ਆ ਕੇ ਵੱਸ ਗਿਆ। ਉਹ 1950 ਨੂੰ ਰਾਜਨੀਤੀ ਵਿੱਚ ਆਇਆ। 1969 ਵਿੱਚ ਆਜ਼ਾਦ ਉਮੀਦਵਾਰ ਵਜੋਂ ਤੇ 1972 ਵਿੱਚ ਕਾਂਗਰਸੀ ਉਮੀਦਵਾਰ ਵਜੋਂ ਉਸ ਨੇ ਚੋਣ ਜਿੱਤੀ। ਤੀਸਰੀ ਵਾਰ ਉਸ ਨੇ 1980 ਵਿੱਚ ਚੋਣ ਜਿੱਤੀ ਤੇ ਉਹ ਦਰਬਾਰਾ ਸਿੰਘ ਦੀ ਅਗਵਾਈ ਵਾਲੇ ਮੰਤਰੀ ਮੰਡਲ ਵਿੱਚ ਮਾਲ, ਲੋਕ ਨਿਰਮਾਣ ਵਿਭਾਗ ਤੇ ਤਕਨੀਕੀ ਸਿੱਖਿਆ ਵਿਭਾਗ ਦਾ ਮੰਤਰੀ ਬਣਿਆ। 1985 ਵਿੱਚ ਉਹ ਕਾਂਗਰਸ ਪਰਦੇਸ਼ ਕਾਂਗਰਸ ਕਮੇਟੀ ਦਾ ਸਕੱਤਰ ਚੁਣਿਆ ਗਿਆ ਤੇ 1986 ਵਿੱਚ ਇਸ ਦਾ ਪ੍ਰਧਾਨ ਬਣ ਗਿਆ। ਉਹ 1992 ਵਿੱਚ ਪੰਜਾਬ ਦਾ ਮੁੱਖ ਮੰਤਰੀ ਚੁਣਿਆ ਗਿਆ। ਅਗਸਤ 31, 1995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਉਸ ਦੀ ਹੱਤਿਆ ਕਰ ਦਿੱਤੀ ਗਈ।

2. ਪਰਕਾਸ਼ ਸਿੰਘ ਬਾਦਲ ਦਾ ਜਨਮ 8 ਦਸੰਬਰ 1927 ਨੂੰ ਅਬੁਲ ਖੁਰਾਣਾ ਪਿੰਡ ਜ਼ਿਲ੍ਹਾ ਫਰੀਦਕੋਟ (ਹੁਣ ਮੁਕਤਸਰ–ਅਨੁਵਾਦਕ) ਵਿੱਚ ਹੋਇਆ। ਉਸ ਨੇ ਬੀ.ਏ. ਫੋਰਮਨ ਕ੍ਰਿਸ਼ਚੀਅਨ ਕਾਲਜ ਲਾਹੌਰ ਤੋਂ ਪਾਸ ਕੀਤਾ। ਉਹ 1947 ਵਿੱਚ ਰਾਜਨੀਤੀ ਵਿੱਚ ਦਾਖਲ ਹੋਇਆ। ਉਹ 1957, 1969 ਤੇ 1972 ਵਿੱਚ ਅਕਾਲੀ ਪਾਰਟੀ ਦੀ ਟਿਕਟ 'ਤੇ ਚੁਣਿਆ ਗਿਆ। ਉਹ ਮਾਰਚ 1970 ਤੋਂ ਜੂਨ 1971 ਤੱਕ ਪੰਜਾਬ ਦਾ ਮੁੱਖ ਮੰਤਰੀ ਰਿਹਾ। ਐਮਰਜੈਂਸੀ (1975–76) ਵਿੱਚ ਉਸ ਨੂੰ ਜੇਲ੍ਹ ਵਿੱਚ ਡੱਕਿਆ ਗਿਆ। 1977 ਵਿੱਚ ਉਹ ਲੋਕ-ਸਭਾ ਦਾ ਮੈਂਬਰ ਚੁਣਿਆ ਗਿਆ ਤੇ 1977 ਤੱਕ ਖੇਤੀ ਬਾੜੀ ਤੇ ਸਿੰਚਾਈ ਮੰਤਰੀ ਰਿਹਾ। ਫਿਰ ਉਹ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਤੇ 1977 ਤੋਂ ਲੈ ਕੇ ਫਰਵਰੀ 1980 ਤੱਕ ਦੂਸਰੀ ਵਾਰ ਮੁੱਖ ਮੰਤਰੀ ਬਣਿਆ। ਫਿਰ ਉਹ ਵਿਰੋਧੀ ਪਾਰਟੀ ਦਾ ਨੇਤਾ ਬਣ ਗਿਆ ਤੇ 1997–2002 ਤੱਕ ਪੰਜਾਬ ਦਾ ਮੁੱਖ ਮੰਤਰੀ ਰਿਹਾ। ਉਹ ਅਕਾਲੀ ਪਾਰਟੀ, ਸ਼੍ਰੋ: ਗੁ: ਪ੍ਰਬੰਧਕ ਕਮੇਟੀ ਤੇ ਰਾਜ ਦੀ ਰਾਜਨੀਤੀ ਵਿੱਚ ਬਹੁਤ ਸਰਗਰਮ ਹੈ।

ਉਸ ਦੀ ਪਤਨੀ ਸੁਰਿੰਦਰ ਕੌਰ ਉਹਦੀ ਜ਼ਮੀਨ ਤੇ ਹੋਰ ਕਾਰ ਵਿਹਾਰ ਦੀ ਦੇਖ ਰੇਖ ਕਰਦੀ ਹੈ। ਉਸ ਦੇ ਇਕ ਲੜਕਾ ਤੇ ਇਕ ਲੜਕੀ, ਦੋ ਬੱਚੇ ਹਨ। ਉਸ ਦਾ ਲੜਕਾ ਸੁਖਬੀਰ ਸਿੰਘ ਬਾਦਲ ਵਿਧਾਨ ਸਭਾ ਤੇ ਲੋਕ ਸਭਾ ਦਾ ਮੈਂਬਰ ਰਿਹਾ ਹੈ। ਇਸ ਸਮੇਂ ਉਹ ਰਾਜਸਭਾ ਦਾ ਮੈਂਬਰ ਹੈ।

5. ਸੁਰਜੀਤ ਸਿੰਘ ਬਰਨਾਲਾ ਦਾ ਜਨਮ 21 ਅਕਤੂਬਰ 1925 ਨੂੰ ਅਟੇਲੀ

ਬੇਗਪੁਰ (ਹਰਿਆਣਾ) ਵਿੱਚ ਹੋਇਆ। ਉਸ ਨੇ 1946 ਵਿੱਚ ਲਖਨਊ ਤੋਂ ਵਕਾਲਤ ਪਾਸ ਕੀਤੀ ਤੇ ਫਿਰ ਨਾਭਾ ਤੇ ਬਰਨਾਲਾ ਵਿੱਚ ਵਕਾਲਤ ਸ਼ੁਰੂ ਕੀਤੀ। 1967 ਵਿੱਚ ਉਸ ਨੇ ਅਕਾਲੀ ਪਾਰਟੀ ਦੀ ਟਿਕਟ ਤੇ ਪੰਜਾਬ ਵਿੱਚ ਵਿਧਾਨ ਸਭਾ ਦੀ ਚੋਣ ਲੜੀ। ਉਹ 1969 ਵਿੱਚ ਵਿੱਦਿਆ ਮੰਤਰੀ ਬਣਿਆ। ਐਮਰਜੈਂਸੀ ਸਮੇਂ ਉਸ ਨੇ 14 ਮਹੀਨੇ ਜੇਲ੍ਹ ਕੱਟੀ ਤੇ ਪੰਚਮੜੀ (ਮੱਧ ਪ੍ਰਦੇਸ਼) ਵਿੱਚ ਕੈਦ ਕੀਤਾ ਗਿਆ। 1977 ਵਿੱਚ ਉਹ ਲੋਕ ਸਭਾ ਦਾ ਮੈਂਬਰ ਚੁਣਿਆ ਗਿਆ ਤੇ ਉਸ ਨੂੰ ਖੇਤੀ, ਖ਼ੁਰਾਕ ਤੇ ਸਿੰਚਾਈ ਮੰਤਰੀ ਬਣਾਇਆ ਗਿਆ। 1980 ਈ: ਵਿੱਚ ਉਹ ਫਿਰ ਪੰਜਾਬ ਵਿਧਾਨ ਸਭਾ ਲਈ ਚੁਣਿਆ ਗਿਆ। 1985 ਵਿੱਚ ਉਹ ਪੰਜਾਬ ਦਾ ਮੁੱਖ ਮੰਤਰੀ ਚੁਣਿਆ ਗਿਆ ਤੇ 1987 ਤੱਕ ਉਹਦੀ ਸਰਕਾਰ ਦੇ ਬਰਖ਼ਾਸਤ ਹੋਣ ਤੱਕ ਤੇ ਪ੍ਰਧਾਨਗੀ ਰਾਜ ਹੋਣ ਤੱਕ ਉਹ ਮੁੱਖ-ਮੰਤਰੀ ਰਿਹਾ। ਉਸ ਨੂੰ 1990 ਵਿੱਚ ਤਾਮਿਲਨਾਡੂ ਦਾ ਰਾਜਪਾਲ ਬਣਾਇਆ ਗਿਆ ਪ੍ਰੰਤੂ ਉਸ ਨੇ ਵਿਰੋਧ ਵਜੋਂ ਤਿਆਗ ਪੱਤਰ ਦੇ ਦਿੱਤਾ। 1996 ਵਿੱਚ ਉਹ ਦੁਬਾਰਾ ਲੋਕ-ਸਭਾ ਲਈ ਚੁਣਿਆ ਗਿਆ ਤੇ ਨਵੀਂ ਦਿੱਲੀ ਵਿੱਚ ਵਾਜਪਾਈ ਦੀ ਸਰਕਾਰ ਵਿੱਚ ਪਟਰੋਲੀਅਮ ਮੰਤਰੀ ਵਜੋਂ ਕਾਰਜ ਕੀਤਾ। ਅਗਲੀ ਵਾਰ ਉਹ ਚੋਣ ਹਾਰ ਗਿਆ ਤੇ ਫਿਰ ਉਸ ਨੂੰ ਨਵੇਂ ਬਣੇ ਉੱਤਰਾਂਚਲ ਦਾ ਰਾਜਪਾਲ ਬਣਾ ਦਿੱਤਾ ਗਿਆ। ਉਹ ਅੱਜਕੱਲ੍ਹ ਆਂਧਰਾ ਪ੍ਰਾਂਤ ਦਾ ਰਾਜਪਾਲ ਹੈ।

4. ਅਮਰਿੰਦਰ ਸਿੰਘ ਦਾ ਜਨਮ 11 ਮਾਰਚ 1942 ਨੂੰ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਦੇ ਘਰ ਹੋਇਆ। ਉਸ ਨੇ ਆਪਣੀ ਸਿੱਖਿਆ ਲਾਰੈਂਸ ਸਕੂਲ ਸਨਾਵਰ, ਦੂਨ ਸਕੂਲ ਡੇਹਰਾਦੂਨ ਤੇ ਨੈਸ਼ਨਲ ਡਿਫੈਂਸ ਅਕੈਡਮੀ ਖੜਗਵਾਸਲਾ ਤੋਂ ਪ੍ਰਾਪਤ ਕੀਤੀ। ਉਸ ਨੇ ਭਾਰਤੀ ਫ਼ੌਜ ਵਿੱਚ ਨੌਕਰੀ ਕੀਤੀ ਤੇ 1965 ਦੀ ਹਿੰਦ-ਪਾਕਿਸਤਾਨ ਲੜਾਈ ਵਿੱਚ ਕੈਪਟਨ ਰਿਹਾ। ਉਹ 1980 ਵਿੱਚ ਰਾਜਨੀਤੀ ਵਿੱਚ ਆਇਆ ਤੇ ਲੋਕ ਸਭਾ ਲਈ ਚੁਣਿਆ ਗਿਆ। ਉਸ ਨੇ 'ਨੀਲਾ ਤਾਰਾ ਸਾਕਾ' ਦੇ ਵਿਰੋਧ ਵਿੱਚ 1984 ਨੂੰ ਤਿਆਗ ਪੱਤਰ ਦੇ ਦਿੱਤਾ। ਫਿਰ ਉਹ 1985 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਪਾਰਟੀ ਦੀ ਟਿਕਟ 'ਤੇ ਚੁਣਿਆ ਗਿਆ। ਉਸ ਨੂੰ ਜੰਗਲਾਤ, ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਬਣਾਇਆ ਗਿਆ। ਫਿਰ ਉਸ ਨੇ ਸਵਰਨ ਮੰਦਰ ਵਿੱਚ ਪੁਲੀਸ ਦੇ ਦਾਖਲੇ ਦੇ ਵਿਰੋਧ ਵਿੱਚ ਤਿਆਗ ਪੱਤਰ ਦੇ ਦਿੱਤਾ। ਉਹ 1992 ਵਿੱਚ ਫਿਰ ਪੰਜਾਬ ਵਿਧਾਨ ਸਭਾ ਲਈ ਚੁਣਿਆ ਗਿਆ। ਉਸ ਨੇ ਆਪਣਾ ਵੱਖਰਾ ਸ਼੍ਰੋਮਣੀ ਅਕਾਲੀ ਦਲ (ਪੰਥਕ) ਬਣਾ ਲਿਆ ਤੇ ਫਿਰ ਉਸ ਨੂੰ ਕਾਂਗਰਸ ਨਾਲ ਮਿਲਾ ਦਿੱਤਾ। ਉਸ ਨੂੰ 1998 ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ। ਉਹ ਫਿਰ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਤੇ 2002 ਤੋਂ ਪੰਜਾਬ ਦਾ ਮੁੱਖ ਮੰਤਰੀ ਚੁਣਿਆ ਗਿਆ।

5. ਸੁਰਿੰਦਰ ਨਾਥ ਦਾ ਜਨਮ 1925 ਵਿੱਚ ਹੋਇਆ। ਉਹ ਭਾਰਤੀ ਪੁਲੀਸ ਸੇਵਾ ਵਿੱਚ ਆਇਆ ਤੇ ਉਸ ਨੇ ਕਸ਼ਮੀਰ ਤੇ ਮਿਜ਼ੋਰਾਮ ਵਿੱਚ ਨੌਕਰੀ ਕੀਤੀ। 1992 ਵਿੱਚ ਉਸ ਨੂੰ ਪੰਜਾਬ ਦਾ ਰਾਜਪਾਲ ਨਿਯੁਕਤ ਕੀਤਾ ਗਿਆ। ਉਹ 1994 ਵਿੱਚ ਆਪਣੇ ਪਰਿਵਾਰ ਦੇ ਮੈਂਬਰਾਂ ਸਮੇਤ ਇਕ ਹਵਾਈ ਹਾਦਸੇ ਵਿੱਚ ਮਾਰਿਆ ਗਿਆ।

6. ਬੂਟਾ ਸਿੰਘ ਦਾ ਜਨਮ 21 ਮਾਰਚ 1934 ਈਸਵੀ ਨੂੰ ਮੁਸਤਫਾਪੁਰ ਜ਼ਿਲ੍ਹਾ ਜਲੰਧਰ ਵਿੱਚ ਅਨੁਸੂਚਿਤ ਜ਼ਾਤੀ ਦੇ ਮਜ਼ਬੀ ਸਿੱਖਾਂ ਦੇ ਘਰ ਹੋਇਆ। ਉਸ ਨੇ ਗੁਰੂ ਨਾਨਕ ਖ਼ਾਲਸਾ ਕਾਲਜ ਮੁੰਬਈ ਤੋਂ ਐਮ.ਏ., ਤੇ ਪੀ.ਡੀ.ਡੀ. ਬੁੰਦੇਲਖੰਡ ਯੂਨੀਵਰਸਿਟੀ ਝਾਂਸੀ ਤੋਂ ਕੀਤੀ। ਉਸ ਨੇ ਅੱਠ ਵਾਰ ਪੰਜਾਬ ਤੇ ਰਾਜਸਥਾਨ ਤੋਂ ਅਨੁਸੂਚਿਤ ਜ਼ਾਤੀਆਂ ਦੇ ਰਾਖਵੇਂ ਹਲਕਿਆਂ ਤੋਂ ਅਕਾਲੀ ਤੇ ਕਾਂਗਰਸ ਟਿਕਟਾਂ 'ਤੇ ਚੋਣ ਜਿੱਤੀ। ਉਹ 1974-75 ਵਿੱਚ ਡਿਪਟੀ ਮੰਤਰੀ ਰੇਲਵੇ ਰਿਹਾ। ਉਸ ਮਗਰੋਂ ਕਈ ਮੰਤਰੀ ਪਦਾਂ 'ਤੇ ਰਿਹਾ। ਉਹ 1985 ਤੋਂ 1989 ਤੱਕ ਗ੍ਰਹਿ ਮੰਤਰੀ ਵੀ ਰਿਹਾ। ਨੀਲਾ ਤਾਰਾ ਸਾਕਾ ਸਮੇਂ 1984 ਵਿੱਚ ਉਸ ਨੂੰ ਪੰਥ ਤੋਂ ਛੇਕ ਦਿੱਤਾ ਗਿਆ। ਫਿਰ ਉਸ ਦੇ ਮਾਫ਼ੀ ਮੰਗਣ ਤੇ ਭੁੱਲ ਬਖ਼ਸ਼ਾਉਣ ਤੇ ਦੋਬਾਰਾ ਮਾਫ਼ ਕਰਕੇ ਸ਼ਾਮਿਲ ਕਰ ਲਿਆ ਗਿਆ।

7. ਰਾਜਿੰਦਰ ਕੌਰ ਭੱਠਲ ਦਾ ਜਨਮ 30 ਸਤੰਬਰ 1945 ਈ: ਨੂੰ ਹੋਇਆ ਉਹਦੇ ਮਾਤਾ-ਪਿਤਾ ਦੋਵੇਂ ਹੀ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲੈਂਦੇ ਸਨ। ਉਸ ਦੀ ਮਾਂ ਲਾਹੌਰ ਕੇਂਦਰੀ ਜੇਲ੍ਹ ਵਿੱਚ ਸੀ ਜਦੋਂ ਉਸ ਦਾ ਜਨਮ ਹੋਇਆ। ਉਸ ਦੀ ਸਿੱਖਿਆ ਬੀ.ਏ.ਬੀ.ਐੱਡ ਤੱਕ ਹੈ। ਉਹ 1972 ਵਿੱਚ ਕਾਂਗਰਸ ਪਾਰਟੀ ਦੀ ਧਨੌਲਾ ਹਲਕੇ ਤੋਂ ਉਮੀਦਵਾਰ ਸੀ ਪਰ ਉਹ ਥੋੜ੍ਹੇ ਜਿਹੇ ਫ਼ਰਕ ਨਾਲ ਹਾਰ ਗਈ। 1977 ਵਿੱਚ ਉਹ ਫਿਰ ਚੋਣ ਹਾਰ ਗਈ। 1980 ਵਿੱਚ ਉਹ ਸੀਟ ਫਿਰ ਜਿੱਤ ਗਈ ਤੇ ਉਸ ਨੂੰ "ਸੈਰ ਸਪਾਟਾ ਤੇ ਸਭਿਆਚਾਰ" ਮੰਤਰੀ ਬਣਾਇਆ ਗਿਆ। 1992 ਵਿੱਚ ਉਸ ਨੇ ਲਹਿਰਾਗਾਗਾ ਸੰਗਰੂਰ ਤੋਂ ਚੋਣ ਲੜੀ ਤੇ ਉਸ ਨੂੰ 'ਖ਼ੁਰਾਕ ਤੇ ਪੂਰਤੀ ਮੰਤਰੀ' ਬਣਾਇਆ ਗਿਆ। ਉਹ ਹਰਚਰਨ ਸਿੰਘ ਬਰਾੜ ਦੇ ਮੰਤਰੀ ਮੰਡਲ ਵਿੱਚ ਉਪ ਮੁੱਖ ਮੰਤਰੀ ਰਹੀ। ਬਰਾੜ ਨੂੰ ਮੁੱਖ ਮੰਤਰੀ ਹਟਾਏ ਜਾਣ ਪਿੱਛੋਂ ਉਹ ਸਭ ਤੋਂ ਘੱਟ ਉਮਰ ਵਾਲੀ ਤੇ ਪਹਿਲੀ ਇਸਤਰੀ ਮੁੱਖ ਮੰਤਰੀ 21 ਨਵੰਬਰ 1996 ਨੂੰ ਬਣੀ।

8. ਮਨਮੋਹਨ ਸਿੰਘ ਦਾ ਜਨਮ 1932 ਨੂੰ ਗਾਹ (ਪੱਛਮੀ ਪੰਜਾਬ-ਪਾਕਿਸਤਾਨ) ਵਿੱਚ ਹੋਇਆ। ਉਸ ਨੂੰ 20 ਮਈ 2004 ਨੂੰ ਭਾਰਤ ਦੇ ਤੇਰ੍ਹਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ। ਮਨਮੋਹਨ ਸਿੰਘ ਜਿਸ ਦਾ ਹਰ ਥਾਂ ਵਿਆਪਕ ਸਤਿਕਾਰ ਹੈ, ਉਸ ਨੇ ਆਪਣੀ ਸਿੱਖਿਆ ਪੰਜਾਬ, ਔਕਸਫੋਰਡ ਤੇ ਕੈਂਬਰਿਜ ਯੂਨੀਵਰਸਿਟੀਆਂ ਤੋਂ ਪ੍ਰਾਪਤ ਕੀਤੀ। ਉਸ ਨੇ 1956 ਵਿੱਚ ਕੈਂਬਰਿਜ ਤੋਂ ਮਾਨ-ਮੱਤਾ "ਐਡਮ ਸਮਿਥ ਇਨਾਮ" ਪ੍ਰਾਪਤ ਕੀਤਾ। ਉਸ ਨੇ ਪੰਜਾਬ ਯੂਨੀਵਰਸਿਟੀ ਵਿੱਚ 9 ਸਾਲ ਪੜ੍ਹਾਇਆ ਤੇ ਫਿਰ ਉਸ ਨੇ 1966-9 ਵਿੱਚ ਅੰਤਰ ਰਾਸ਼ਟਰੀ ਕਾਰਜ ਲਈ ਯੂ.ਐਨ.ਸੀ.ਟੀ.ਏ.ਡੀ. (ਅਨਕਟਾਡ) ਵਿੱਚ ਸੇਵਾ ਨਿਭਾਹੀ। ਫਿਰ ਉਸ ਨੇ ਦੋ ਸਾਲ "ਦਿੱਲੀ ਸਕੂਲ ਔਫ ਇਕਨਾਮਿਕਸ" ਵਿੱਚ ਪ੍ਰੋਫ਼ੈਸਰ ਵਜੋਂ ਕੰਮ ਕੀਤਾ ਤੇ ਫਿਰ ਵੱਖ-ਵੱਖ ਪਦਵੀਆਂ ਤੇ ਸਰਕਾਰ ਵਿੱਚ ਸ਼ਾਮਿਲ ਹੋ ਕੇ ਕਾਰਜ ਕੀਤਾ। ਉਹ ਉਸ ਸਮੇਂ 1991 ਵਿੱਚ ਪ੍ਰਸਿੱਧ ਹੋਇਆ ਜਦੋਂ ਉਸ ਨੇ ਘਾਟੇ 'ਚ ਜਾ ਰਹੇ ਅਰਥਚਾਰੇ ਤੇ ਦੇਣਦਾਰੀ ਦੇ ਸੰਕਟ ਵਿੱਚੋਂ ਮੁਲਕ ਨੂੰ ਕੱਢ ਕੇ ਸ਼ਾਖ ਬਹਾਲ ਕੀਤੀ। ਉਸ ਦੇ 1991-96 ਵਿੱਚ ਪੀ.ਵੀ. ਨਰਸਿਮਹਾ ਰਾਓ ਦੀ ਸਰਕਾਰ ਵਿੱਚ ਵਿੱਤ ਮੰਤਰੀ ਸਮੇਂ ਕੀਤੇ ਆਰਥਕ ਸੁਧਾਰਾਂ ਨੇ ਵਿਸ਼ਵ ਦੀਆਂ ਕੌਮਾਂ ਵਿੱਚ ਭਾਰਤ ਦੀ ਸਥਿਤੀ ਬੜੀ ਸੁਖਾਵੀਂ ਬਣਾ ਦਿੱਤੀ। ਉਸ ਨੇ ਭਾਰਤ ਦੀ ਬਹੁਦੇਸ਼ੀ ਕੰਪਨੀਆਂ ਬਾਰੇ ਸੋਚ ਬਦਲ ਦਿੱਤੀ

ਤੇ ਆਰਥਕ ਉਦਾਰੀਕਰਨ ਦੀ ਨੀਤੀ ਨਾਲ ਕਰੋੜਾਂ ਮੱਧਵਰਗੀ ਭਾਰਤੀਆਂ ਦੇ ਜੀਵਨ ਵਿੱਚ ਤਬਦੀਲੀ ਲਿਆਂਦੀ। ਉਸ ਦੇ ਸੁਧਾਰਾਂ ਨੇ ਭਾਰਤ ਪ੍ਰਤੀ ਵਿਦੇਸ਼ੀਆਂ ਦਾ ਦ੍ਰਿਸ਼ਟੀਕੋਣ ਬਦਲ ਦਿੱਤਾ। ਉਸ ਨੇ ਵਿੱਤੀ ਸਲਾਹਕਾਰ, ਵਿੱਤ ਸਕੱਤਰ, ਰਿਜ਼ਰਵ ਬੈਂਕ ਦੇ ਗਵਰਨਰ, ਡਿਪਟੀ ਚੇਅਰਮੈਨ ਯੋਜਨਾ ਕਮਿਸ਼ਨ, ਯੂ.ਜੀ.ਸੀ. ਦੇ ਚੇਅਰਮੈਨ ਦੇ ਪਦਾਂ ਤੇ 1980 ਤੋਂ ਲੈ ਕੇ 1990 ਤੱਕ ਕੰਮ ਕੀਤਾ। ਉਹ ਮਿਹਨਤੀ ਤੇ ਅਤਿਅੰਤ ਸਾਵਧਾਨ ਹੈ ਅਤੇ ਸਾਊ ਰਾਜਨੀਤੀਵਾਨ ਵਜੋਂ ਉੱਘਾ ਹੈ। ਆਸਾਮ ਤੋਂ ਰਾਜ ਸਭਾ ਲਈ ਚੁਣੇ ਗਏ ਇਸ ਮੈਂਬਰ ਦਾ ਉਦਯੋਗ ਤੇ ਵਪਾਰਕ ਜਗਤ ਵੱਲੋਂ ਇਸ ਪਦਵੀ ਲਈ ਉਹਦੀ ਚੋਣ ਦਾ ਭਰਪੂਰ ਸੁਆਗਤ ਕੀਤਾ ਗਿਆ ਕਿਉਂਕਿ ਉਸ ਦੀ ਸ਼ਖ਼ਸੀਅਤ ਬੇਦਾਗ ਹੈ। ਉਸ ਨੂੰ ਅੰਤਰ-ਰਾਸ਼ਟਰੀ ਅਰਥਚਾਰੇ ਦਾ ਡੂੰਘਾ ਗਿਆਨ ਹੈ ਤੇ ਉਹ ਇਕ ਅਨੁਭਵੀ ਅਫ਼ਸਰਸ਼ਾਹ ਰਿਹਾ ਹੈ। ਉਸ ਦਾ ਗੁਰਸ਼ਰਨ ਸਿੰਘ ਕੌਰ ਨਾਲ ਵਿਆਹ ਹੋਇਆ ਸੀ। ਉਸ ਦੇ ਤਿੰਨ ਲੜਕੀਆਂ ਹੀ ਹਨ।

9. ਮੋਨਟੇਕ ਸਿੰਘ ਆਹਲੂਵਾਲੀਆ ਦਾ ਜਨਮ 24 ਨਵੰਬਰ 1943 ਨੂੰ ਹੋਇਆ। ਉਹ ਭਾਰਤ ਸਰਕਾਰ ਵਿੱਚ ਯੋਜਨਾ ਕਮਿਸ਼ਨ ਦਾ ਉਪ-ਚੇਅਰਮੈਨ ਹੈ। ਉਸ ਨੇ ਆਪਣੀ ਵਿੱਦਿਆ ਦਿੱਲੀ ਯੂਨੀਵਰਸਿਟੀ ਤੇ ਕੈਂਬਰਿਜ ਤੋਂ ਪ੍ਰਾਪਤ ਕੀਤੀ। ਉਸ ਨੂੰ ਭਾਰਤ ਦਾ ਚੋਟੀ ਦਾ ਅਰਥ ਸ਼ਾਸਤਰੀ ਮੰਨਿਆ ਜਾਂਦਾ ਹੈ। ਉਸ ਨੇ ਆਪਣਾ ਜੀਵਨ ਵਿਸ਼ਵ ਬੈਂਕ ਤੋਂ ਸ਼ੁਰੂ ਕੀਤਾ ਤੇ ਫਿਰ ਉਸ ਨੇ ਭਾਰਤ ਸਰਕਾਰ, ਵਿਸ਼ਵ ਬੈਂਕ ਤੇ ਅੰਤਰਰਾਸ਼ਟਰੀ ਮੁਦਰਾ ਫੰਡ ਜਿਹੀਆਂ ਸੰਸਥਾਵਾਂ ਵਿੱਚ ਪ੍ਰਤਿਸ਼ਠਾਵਾਨ ਪਦਵੀਆਂ 'ਤੇ ਰਹਿ ਕੇ ਕਾਰਜ ਕੀਤਾ। ਡਾ: ਆਹਲੂਵਾਲੀਆ ਨੇ ਵਿੱਤ ਸਕੱਤਰ ਹੁੰਦਿਆਂ ਹੋਇਆਂ ਵਿੱਤ ਮੰਤਰੀ ਡਾ: ਮਨਮੋਹਨ ਸਿੰਘ ਅਧੀਨ ਭਾਰਤ ਦੇ ਆਰਥਕ ਸੁਧਾਰਾਂ ਦੀ ਪਰਕਿਰਿਆ ਸ਼ੁਰੂ ਹੋਈ ਸੀ। ਮਗਰੋਂ ਉਹ ਵਿੱਤ ਵਿਭਾਗ ਵਿੱਚ ਵਿੱਤ ਸਕੱਤਰ, ਯੋਜਨਾ ਕਮਿਸ਼ਨ ਦਾ ਮੈਂਬਰ ਤੇ ਪ੍ਰਧਾਨ ਮੰਤਰੀ ਦੀ ਸਲਾਹਕਾਰ ਕੌਂਸਲ ਦਾ ਮੈਂਬਰ ਵੀ ਰਿਹਾ। ਡਾ: ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਵਜੋਂ ਹਲਫ਼ ਲੈਣ ਉਪਰੰਤ ਉਸ ਨੂੰ 4 ਜੁਲਾਈ 2004 ਨੂੰ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਦੀ ਪਦਵੀ ਦਾ ਕਾਰਜ ਭਾਰ ਸੰਭਾਲਣ ਤੋਂ ਪਹਿਲਾਂ ਡਾ: ਆਹਲੂਵਾਲੀਆ ਵਾਸ਼ਿੰਗਟਨ ਡੀ.ਸੀ. ਵਿੱਚ ਅੰਤਰ-ਰਾਸ਼ਟਰੀ ਮੁਦਰਾ ਫੰਡ ਦਾ 'ਮੁਲਾਂਕਣ ਅਧਿਕਾਰੀ' ਸੀ। ਇਕ ਨਿਰੰਤਰ ਲੇਖਕ ਤੇ ਆਰਥਿਕ ਵਿਸ਼ਿਆਂ ਦੇ ਮਾਹਰ ਡਾ: ਆਹਲੂਵਾਲੀਆ ਦਾ ਵਿਆਹ ਪ੍ਰਸਿੱਧ ਅਰਥ ਸ਼ਾਸਤਰੀ ਡਾ: ਈਸ਼ਰ ਜੱਜ ਆਹਲੂਵਾਲੀਆ ਨਾਲ ਹੋਇਆ ਹੈ। ਉਹਨਾਂ ਦਾ ਇਕ ਲੜਕਾ ਹੈ ਤੇ ਇਕ ਲੜਕੀ ਹੈ।

ਪੁਸਤਕ ਸੂਚੀ

ਗੁਰਮੁਖੀ

ਰਾਮ ਸਿੰਘ	ਮਹਾਰਾਜਾ ਰਣਜੀਤ ਸਿੰਘ, ਰੋਜ਼ਨਾਮਚਾ, ਖ਼ਾਲਸਾ ਕਾਲਜ, ਖਰੜਾ, ਅੰਮ੍ਰਿਤਸਰ

ਛਪੇ ਹੋਏ ਸ੍ਰੋਤ

ਅਰਜਨ ਗੁਰੂ	ਆਦਿ ਗ੍ਰੰਥ, 1604 (ਵੇਖੋ ਜਿਲਦ I ਅੰਤਿਕਾ 2 ਤੇ 5)
ਭਗਤ ਸਿੰਘ	ਸ੍ਰੀ ਨਨਕਾਣਾ ਦਾ ਪੁਰਾਤਨ ਹਾਲ
ਚਕਰਵਰਤੀ	ਇੰਦਰ ਸਿੰਘ, ਕੂਕਿਆਂ ਬਾਰੇ, ਪੂਰਨ ਸਿੰਘ ਰਵਿੰਦਰਪਾਲ ਸਿੰਘ, ਪਟਿਆਲਾ, 1956
ਦਲਜੀਤ ਸਿੰਘ	ਸਿੰਘ ਸਭਾ ਦੇ ਮੋਢੀ, ਜੀਵਨ ਬਿਰਤਾਂਤ ਭਾਈ ਦਿੱਤ ਸਿੰਘ, ਸ਼੍ਰੋਮਣੀ ਖ਼ਾਲਸਾ ਬਿਰਾਦਰੀ, 1951
ਦੁਰਲਾਭ ਸਿੰਘ	ਨਿਰਭੈ ਯੋਧਾ, ਹੀਰੋ ਪਬਲੀਕੇਸ਼ਨ, ਲਾਹੌਰ, 1942
ਗੰਡਾ ਸਿੰਘ	ਕੂਕਿਆਂ ਦੀ ਵਿਥਿਆ, ਖ਼ਾਲਸਾ ਕਾਲਜ, ਅੰਮ੍ਰਿਤਸਰ, 1944
	—ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਕੇ.ਐਸ. ਗੰਗਾਵਾਲਾ, ਅੰਮ੍ਰਿਤਸਰ, 1949
	—ਸਿੱਖ ਇਤਿਹਾਸ ਬਾਰੇ, ਖ਼ਾਲਸਾ ਕਾਲਜ, ਅੰਮ੍ਰਿਤਸਰ, 1942
	—ਸਿੱਖ ਇਤਿਹਾਸ ਵੱਲ, ਖ਼ਾਲਸਾ ਕਾਲਜ, ਅੰਮ੍ਰਿਤਸਰ, 1945
ਗੋਬਿੰਦ ਸਿੰਘ, ਗੁਰੂ	ਦਸਮ ਗ੍ਰੰਥ ਜਾਂ ਦਸਵੇਂ ਪਾਤਸ਼ਾਹ ਕਾ ਗ੍ਰੰਥ (ਵੇਖੋ ਜਿਲਦ ਪਹਿਲੀ, ਅੰਤਿਕਾ 4)
ਗੁਰਸਿੱਖਾਂ ਦੀ ਅਰਦਾਸ	ਯੰਗਮੈਨ ਨਿਰੰਕਾਰੀ ਐਸੋਸੀਏਸ਼ਨ, ਅੰਮ੍ਰਿਤਸਰ, 1955
ਗੁਰਬਚਨ ਸਿੰਘ	ਬੱਬਰ ਅਕਾਲੀ, ਹੁਸ਼ਿਆਰਪੁਰ, 1950
ਗੁਰਬਖ਼ਸ਼ ਸਿੰਘ	ਸ਼ਹੀਦੀ ਜੀਵਨ, ਗੁਰਦਵਾਰਾ ਕਮੇਟੀ, ਨਨਕਾਣਾ ਸਾਹਿਬ, 1938
ਗੁਰਚਰਨ ਸਿੰਘ ਸੈਂਹਸਰਾ	ਗਦਰ ਪਾਰਟੀ ਦਾ ਇਤਿਹਾਸ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1961
ਗੁਰਦਿੱਤ ਸਿੰਘ	ਜ਼ੁਲਮੀ ਕਥਾ, ਅਕਾਲੀ ਪ੍ਰੈਸ, ਅੰਮ੍ਰਿਤਸਰ
ਗੁਰਦਿੱਤ ਸਿੰਘ ਗਿਆਨੀ	ਅਮਰ ਕਥਾ, ਦੇਸ਼ ਭਗਤ ਪਰਕਾਸ਼ਨ, ਲੁਧਿਆਣਾ
ਗੁਰਮੁਖ ਸਿੰਘ ਗੁਰਮੁਖ	ਤਵਾਰੀਖ ਨਾਭਾ, ਪਰਤਾਪ ਸਿੰਘ ਸੁੰਦਰ ਸਿੰਘ, ਅੰਮ੍ਰਿਤਸਰ
ਗਿਆਨ ਸਿੰਘ ਗਿਆਨੀ	ਤਵਾਰੀਖ ਗੁਰੂ ਖ਼ਾਲਸਾ, ਦਰਬਾਰ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ
ਹੀਰਾ ਸਿੰਘ ਦਰਦ, ਗਿਆਨੀ	ਨਿਰੰਕਾਰੀ ਗੁਰਮਤਿ ਮੋਢੀ ਸ੍ਰੀ ਬਾਬਾ ਦਿਆਲਜੀ, ਯੰਗਮੈਨ ਨਿਰੰਕਾਰੀ ਐਸੋਸੀਏਸ਼ਨ ਅੰਮ੍ਰਿਤਸਰ, 1955
ਜਗਜੀਤ ਸਿੰਘ	ਗਦਰ ਪਾਰਟੀ ਦੀ ਲਹਿਰ, ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1955
ਜਗਜੀਤ ਸਿੰਘ ਔਲਖ	ਇਕ ਜੀਵਨ, ਇਕ ਇਤਿਹਾਸ (ਜੀਵਨ ਸੇਵਾ ਸਿੰਘ

	ਠੀਕਰੀਵਾਲਾ, ਅਵਾਮੀ ਪ੍ਰਿੰਟਿੰਗ ਪ੍ਰੈਸ, ਜਲੰਧਰ, 1959
ਕਾਨ੍ਹ ਸਿੰਘ, ਭਾਈ	ਹਮ ਹਿੰਦੂ ਨਹੀਂ, ਨਾਭਾ, 1897
ਕਰਮ ਸਿੰਘ	ਸ਼ਾਮ ਸਿੰਘ ਅਟਾਰੀਵਾਲਾ, ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ
ਖਜ਼ਾਨ ਸਿੰਘ ਗਿਆਨੀ	ਇਤਿਹਾਸ ਗੁਰਦਵਾਰਾ ਸ਼ਹੀਦ ਗੰਜ ਲਾਹੌਰ, ਲਾਹੌਰ 1937
ਕਿਰਪਾਲ ਸਿੰਘ	ਸਿੱਖਾਂ ਦੀ ਸੇਵਾ, ਖ਼ਾਲਸਾ ਕਾਲਜ, ਅੰਮ੍ਰਿਤਸਰ
ਕੋਹਲੀ, ਸੀਤਾ ਰਾਮ	ਵਾਰ ਸ਼ਾਹ ਮੁਹੰਮਦ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1957
ਮਹਿੰਦਰ ਸਿੰਘ	ਸਰਦਾਰ-ਇ-ਆਜ਼ਮ, ਪੰਥਕ ਟਰੈਕਟ ਸੁਸਾਇਟੀ ਅੰਮ੍ਰਿਤਸਰ, 1950
ਮੋਹਨ ਸਿੰਘ ਭਾਈ	ਭਿਆਨਕ ਸਾਕਾ, ਨਨਕਾਣਾ ਸਾਹਿਬ, ਤਰਨਤਾਰਨ
ਨਾਹਰ ਸਿੰਘ ਗਿਆਨੀ	ਆਜ਼ਾਦੀ ਦੀਆਂ ਲਹਿਰਾਂ, ਗਿਆਨੀ ਹਰਿਭਜਨ ਸਿੰਘ, ਅੰਮ੍ਰਿਤਸਰ, 1960
ਨਿਧਾਨ ਸਿੰਘ ਆਲਮ	ਜ਼ਗ ਪਲਟਾਊ ਗੁਰੂ, ਨਯਾ ਹਿੰਦੁਸਤਾਨ ਪ੍ਰੈਸ, ਦਿੱਲੀ, 1947
ਨਿਰੰਕਾਰੀ ਹੁਕਮਨਾਮਾ	ਯੰਗਮੈਨ ਨਿਰੰਕਾਰੀ ਐਸੋਸੀਏਸ਼ਨ, ਅੰਮ੍ਰਿਤਸਰ, 1955
ਨਿਰੰਕਾਰੀ ਪ੍ਰੇਮ ਪਰਕਾਸ਼	ਯੰਗਮੈਨ ਨਿਰੰਕਾਰੀ ਐਸੋਸੀਏਸ਼ਨ, ਅੰਮ੍ਰਿਤਸਰ 1955
ਪਿਆਰਾ ਸਿੰਘ ਪਦਮ	ਸੰਖੇਪ ਸਿੱਖ ਇਤਿਹਾਸ, ਸਰਦਾਰ ਸਾਹਿੱਤ ਭਵਨ, ਪਟਿਆਲ, 1963
ਪਰਤਾਪ ਸਿੰਘ	ਗੁਰਦਵਾਰਾ ਸੁਧਾਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1951
ਪ੍ਰੇਮ ਸਿੰਘ ਬਾਬਾ	ਜੀਵਨ ਬਿਰਤਾਂਤ, ਮਹਾਰਾਜਾ ਸ਼ੇਰ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ
—	ਜੀਵਨ ਬਿਰਤਾਂਤ, ਮਹਾਰਾਜਾ ਨੌਨਿਹਾਲ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ
ਰੰਧਾਵਾ, ਮੁਹਿੰਦਰ ਸਿੰਘ	ਪੰਜਾਬ, ਭਾਸ਼ਾ ਵਿਭਾਗ, ਪਟਿਆਲਾ, 1960
ਸ਼ਰਧਾ ਰਾਮ	ਸਿੱਖਾਂ ਦੇ ਰਾਜ ਦੀ ਵਿਥਿਆ, ਜਲੰਧਰ, 1956
ਸਰਦੂਲ ਸਿੰਘ ਕਵੀਸ਼ਰ	ਸਾਕਾ ਨਨਕਾਣਾ ਸਾਹਿਬ, ਅਕਾਲੀ ਏਜੰਸੀ, ਲਾਹੌਰ, 1921
ਸੇਵਾ ਸਿੰਘ ਭਾਈ	ਪੰਜਾਬ ਦੇ ਸਿੱਖ, ਅੰਮ੍ਰਿਤਸਰ, 1922
ਸ਼ਾਹ ਮੁਹੰਮਦ	ਕਿੱਸਾ ਲੜਾਈ ਰਾਜ ਸਿੰਘਾਂ (ਸੰਪਾਦਕ) ਲਾਭ ਸਿੰਘ, ਅੰਮ੍ਰਿਤਸਰ, 1922
ਸ਼ਮਸ਼ੇਰ ਸਿੰਘ	ਸਿੱਖ ਰਾਜ ਦਾ ਅੰਤ, ਲੁਧਿਆਣਾ, 1951
ਸ਼ਿਵਦਿਆਲ	ਸਾਰ ਬਚਨ, ਰਾਧਾ ਸੁਆਮੀ ਸਤਿਸੰਗ, ਆਗਰਾ
ਸੁੰਦਰ ਸਿੰਘ ਮਖਸੂਸਪੁਰੀ	ਬੱਬਰ ਅਕਾਲੀ ਲਹਿਰ, ਸਿੰਘ ਬ੍ਰਦਰਜ਼ ਅੰਮ੍ਰਿਤਸਰ, 1961
ਸੁਰਿੰਦਰ ਸਿੰਘ ਨਰੂਲਾ	ਪਜਾਬੀ ਸਾਹਿੱਤ ਦਾ ਇਤਿਹਾਸ, ਸਿੱਖ ਪਬਲਿੰਗ ਹਾਊਸ, ਨਵੀਂ ਦਿੱਲੀ, 1954
ਤਾਰਾ ਸਿੰਘ ਮਾਸਟਰ	ਮੇਰੀ ਯਾਦ, ਸਿੱਖ ਰਿਲੀਜੀਅਸ ਬੁੱਕ ਸੁਸਾਇਟੀ ਅੰਮ੍ਰਿਤਸਰ, 1944
ਤੇਜਾ ਸਿੰਘ	ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ, ਦੋ ਜਿਲਦਾਂ (ਲੇਖਕ ਹੀ ਪਰਕਾਸ਼ਕ ਹੈ) ਪਟਿਆਲਾ 1950

ਫਾਰਸੀ ਤੇ ਉਰਦੂ

ਅਜੁੱਧਿਆ ਪਰਸ਼ਾਦ	ਵਾਕਿਆ-ਜੰਗ-ਇ-ਸਿੱਖਾਂ 1845-46 ਪੰਜਾਬ ਯੂਨੀਵਰਸਿਟੀ ਲਾਇਬਰੇਰੀ, ਲਾਹੌਰ
ਮੁਹੰਮਦ ਕਰੀ	ਤਾਰੀਖ-ਇ-ਪੰਜਾਬ (ਸ਼ੇਰ ਸਿੰਘ ਨਾਮਾ) 1843, ਪੰਜਾਬ ਯੂਨੀਵਰਸਿਟੀ ਲਾਇਬਰੇਰੀ, ਲਾਹੌਰ
ਪਰਮਾਨੰਦ ਭਾਈ	ਤਾਰੀਖਿ-ਇ-ਹਿੰਦ, ਹਿੰਦਸਤਾ ਗਦਰ, ਸਾਨ ਫਰਾਂਸਿਸਕੋ, ਪੰਜਾਬ ਸਰਕਾਰ, ਅਛੂਤ ਕੌਮੇਂ ਸੂਚਨਾ ਵਿਭਾਗ, ਪੰਜਾਬ ਲਾਹੌਰ, 1925
ਸੂਰੀ ਸੋਹਣ ਲਾਲ	ਉਮਦਾਤ-ਉੱਤ-ਤਵਾਰੀਖ, ਦਫ਼ਤਰ IV ਤੇ V ਖਰੜਾ, ਇੰਡੀਆ ਆਫਿਸ ਲਾਇਬਰੇਰੀ

ਹਿੰਦੀ

ਦਯਾਨੰਦ ਸਰਸਵਤੀ	ਸਤਿਆਰਥ ਪਰਕਾਸ਼, (ਨਵਾਂ ਸੰਸਕਰਨ) ਵੈਦਿਕ ਸਾਹਿਤਯ ਸਦਨ, ਦਿੱਲੀ, 1965
ਨਾਹਰ ਸਿੰਘ	ਨਾਮਧਾਰੀ ਇਤਿਹਾਸ, ਈਸਟਰਨ ਪ੍ਰਿੰਟਿੰਗ ਪ੍ਰੈਸ ਦਿੱਲੀ, 1956

ਅੰਗਰੇਜ਼ੀ (ਮੂਲ ਸ੍ਰੋਤ) (ਨਿੱਜੀ ਪੱਤਰ)

ਆਕਲੈਂਡ ਪੇਪਰਜ਼	ਬ੍ਰਿਟਿਸ਼ ਮਿਊਜ਼ੀਅਮ
ਬਰਾਊਟਨ ਪੇਪਰਜ਼	ਇੰਡੀਆ ਆਫਿਸ ਰੀਕਾਰਡਜ਼ ਤੇ ਬ੍ਰਿਟਿਸ਼ ਮਿਊਜ਼ੀਅਮ
ਚੇਮਸਫੋਰਡ ਪੇਪਰਜ਼	ਇੰਡੀਆ ਆਫਿਸ ਲਾਇਬਰੇਰੀ
ਡਲਹੌਜ਼ੀ ਪੇਪਰਜ਼	ਸਕਾਟਿਸ਼ ਰੀਕਾਰਡਜ਼ ਆਫਿਸ, ਐਡਨਬਰਗ
ਐਲਨਬਰੋ ਪੇਪਰਜ਼	ਪਬਲਿਕ ਰੀਕਾਰਡਜ਼ ਆਫਿਸ, ਲੰਡਨ
ਹਾਰਡਿੰਗ ਪੇਪਰਜ਼ (ਹੈਨਰੀ)	ਮੈਕਗਿਲ ਯੂਨੀਵਰਸਿਟੀ, ਕੈਨੇਡਾ
ਇਰਵਿਨ ਪੇਪਰਜ਼	ਇੰਡੀਆ ਆਫਿਸ ਲਾਇਬਰੇਰੀ
ਲਾਰੈਂਸ ਪੇਪਰਜ਼ (ਹੈਨਰੀ)	ਇੰਡੀਆ ਆਫਿਸ ਲਾਇਬਰੇਰੀ (ਖਰੜਾ) ਫੋਲੀਓ 85
ਲਾਰੈਂਸ ਪੇਪਰਜ਼ (ਜੋਨ)	ਇੰਡੀਆ ਆਫਿਸ ਲਾਇਬਰੇਰੀ (ਖਰੜਾ) ਫੋਲੀਓ 90
ਮਿੰਟੋ ਪੇਪਰਜ਼	(ਤੀਸਰਾ ਅਰਲ) ਨੈਸ਼ਨਲ ਲਾਇਬਰੇਰੀ, ਐਡਿਨਬਰਗ
ਮੋਰਲੇ ਪੇਪਰਜ਼	ਇੰਡੀਆ ਆਫਿਸ ਲਾਇਬਰੇਰੀ, ਖਰੜਾ
ਵਿਲਿੰਗਟ ਪੇਪਰਜ਼	ਇੰਡੀਆ ਆਫਿਸ ਲਾਇਬਰੇਰੀ

ਖਰੜੇ

ਹੋਮ ਮਿਸਲੇਨੀਅਸ ਸੀਰੀਜ਼	ਇੰਡੀਆ ਆਫਿਸ ਰੀਕਾਰਡਜ਼, 1846
ਮਿੱਲਰ ਐਲਨ	(ਐਨ ਐਥਨੋਗਰਾਫਿਕ ਰੀਪੋਰਟ ਔਨ ਦੀ ਸਿੱਖਸ (ਈ.) ਇੰਡੀਅਨਜ਼ ਔਫ ਦੀ ਸਕੇਰਾ ਮੈਂਟੋ ਵੈਲੀ ਯੂਨੀਵਰਸਿਟੀ ਔਫ ਕੈਲੇਫੋਰਨੀਆ, ਬਰਕਲੇ, 1950
ਪੀਅਰਸ, ਜੀ.ਜੀ.	ਜਨਰਲ ਜੋ ਮੁਲਤਾਨ ਦੇ ਘੇਰੇ ਸਮੇਂ ਰੱਖਿਆ ਗਿਆ ਦੀ ਪੰਜਾਬ ਵਾਰ 1848-49 ਇੰਡੀਆ ਆਫਿਸ ਲਾਇਬਰੇਰੀ ਖਰੜਾ
ਪੋਲਿਟੀਕਲ ਕੰਸਲਟੇਸ਼ਨਜ਼	ਫੋਰੇਨ ਡੀਪਾਰਟਮੈਂਟ, ਨੈਸ਼ਨਲ ਆਕਾਈਵਜ਼ ਆਫ਼ ਇੰਡੀਆ, ਨਵੀਂ ਦਿੱਲੀ
ਸਾਹਨੀ, ਆਰ. ਆਰ.	ਹਿਸਟਰੀ ਆਫ ਮਾਈ ਟਾਈਮਜ਼, ਪਟਿਆਲਾ ਆਰਕਾਈਵਜ਼, ਪਟਿਆਲਾ

ਸੀਕਰਟ ਕੰਸਲਟੇਸ਼ਨਜ਼ — ਫੋਰੇਨ ਡੀਪਾਰਟਮੈਂਟ, ਨੈਸ਼ਨਲ ਆਰਕਾਈਵਜ਼ ਆਫ ਇੰਡੀਆ ਆਫ਼ਿਸ ਲਾਇਬ੍ਰੇਰੀ, ਖਰੜਾ ਜਿਲਦ 1–40, 61–5

ਗੌਣ ਸ੍ਰੋਤ (ਅਣਛਪੇ ਖੋਜ ਪ੍ਰਬੰਧ)

ਅਬਦੁਲ ਕਰੀਮ ਬਿਕ ਬਗੁ — ਦੀ ਓਰਿਜਨ ਐਂਡ ਗਰੋਥ ਔਫ ਮਲਾਇਆ ਸਟੇਟ ਗਾਈਡਜ਼ (1873–1919) ਸਿੰਗਾਪੁਰ, ਯੂਨੀਵਰਸਿਟੀ, 1954

ਅਰੋੜਾ, ਜੀ.ਐਸ. — ਨਿਊ ਫਰੰਟੀਅਰਜ਼ ਮੈਨ, ਏ ਸਟੱਡੀ ਔਫ ਸਿੱਖ ਇਮੀਗਰੰਟਸ ਅਤੇ ਗਰੇਟ ਬ੍ਰਿਟੇਨ, ਲੰਡ ਯੂਨੀਵਰਸਿਟੀ, 1963

ਬੱਲ, ਸੁਰਜੀਤ ਸਿੰਘ — ਬ੍ਰਿਟਿਸ਼ ਪਾਲਿਸੀ ਟੂਵਰਡਜ਼ ਪੰਜਾਬ 1844–1849; ਲੰਡਨ ਯੂਨੀਵਰਸਿਟੀ, 1962

ਬਰਾਊਨ ਮਾਈਲਜ਼, ਟੀ. — ਦੀ ਹਿੰਦੂ ਕਨਸਪੀਰੇਸ਼ਨ ਐਂਡ ਨਿਊਟਰੇਲਿਟੀ ਔਫ ਯੂਨਾਈਟੇਡ ਸਟੇਟਸ 1914–17, ਯੂਨੀਵਰਸਿਟੀ ਔਫ ਕੈਲੇਫੋਰਨੀਆ, ਬਰਕਲੇ, 1941

ਜੋਗਿੰਦਰ ਸਿੰਘ ਜੈਸੀ — ਦੀ ਇੰਡੀਅਨ ਆਰਮੀ ਔਫ ਇੰਡੀਪੈਨਡੈਂਨਸ ਯੂਨੀਵਰਸਿਟੀ ਔਫ ਸਿੰਗਾਪੁਰ, 1957–58

ਲੇਟਚਮਾਨਾਨ ਐਮ. — ਦੀ ਐਫ.ਐਮ.ਐਸ., ਪੁਲੀਸ ਫ਼ੋਰਸ 1896–1928, ਯੂਨੀਵਰਸਿਟੀ ਔਫ ਸਿੰਗਾਪੁਰ 1961

ਲੋਜ਼ ਜਾਰਜ ਐਚ. — ਦੀ ਸਿੱਖਸ ਔਫ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, 1952

ਮੈਰੇਨਕੋ ਏਥਨ ਕੇ. — ਕਾਸਟ ਐਂਡ ਕਲਾਸ ਅਮੰਗ ਦਾ ਸਿੱਖਸ ਔਫ ਨਾਰਥ ਵੈਸਟ ਇੰਡੀਆ, ਕੋਲੰਬੀਆ ਯੂਨੀਵਰਸਿਟੀ, 1963

ਮੇਯਰ ਐਡਰੀਅਨ ਸੀ. — ਏ. ਰੀਪੋਰਟ ਔਨ ਦੀ ਈਸਟ ਇੰਡੀਅਨ ਕਮਿਊਨਿਟੀ ਇਨ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ

ਮੋਹਰ ਚੰਦ — ਸਿੱਖਇਜ਼ਮ ਇਨ ਕੇਨੇਡਾ, ਦੀ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ, 1916

ਮੋਰਿਸ ਐਰਿਕ ਡਬਲਯੂ — ਦੀ ਇਮੀਗਰੇਸ਼ਨ ਸਟੇਟਸ ਔਫ ਬ੍ਰਿਟਿਸ਼ ਈਸਟ ਇੰਡੀਅਨਜ਼ ਇਨ ਕੇਨੇਡਾ, ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ

ਮੋਸਬਰਜਨ, ਆਰ ਡਬਲਯੂ — ਦੀ ਸਿਪਾਏ ਰੇਬਿਲੀਅਨ (ਏ ਹਿਸਟਰੀ ਔਫ ਦੀ ਸਿੰਗਾਪੁਰ ਮਿਊਟਿਨੀ, ਸਿੰਗਾਪੁਰ ਯੂਨੀਵਰਸਿਟੀ, 1954

ਮੁਤੰਬਿਕਵਾ ਜੇਰੀਅਸ ਗਰੇ — ਏ ਸਟੱਡੀ ਔਫ ਦੀ ਈਸਟ ਇੰਡੀਅਨ ਕਮਿਊਨਿਟੀ ਔਫ ਬ੍ਰਿਟਿਸ਼ ਕੋਲੰਬੀਆ, ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ, 1959

ਨਯਰ, ਬਲਦੇਵ ਰਾਜ — ਕਨਟੈਂਪੋਰੇਰੀ ਪੁਲਿਟੀਕਲ ਲੀਡਰਸ਼ਿਪ ਇਨ ਪੰਜਾਬ ਸ਼ਿਕਾਗੋ, ਯੂਨੀਵਰਿਸਟੀ, 1963

ਓਰੇਨ ਸਟੀਫਨ — ਦੀ ਸਿੱਖਸ ਐਂਡ ਪੰਜਾਬ ਪੌਲਿਟਿਕਸ, 1921–47 ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ, 1964

ਸਟੇਸਰ, ਮਾਰਸਲੈਂਡ ਕੀਥ — ਦੀ ਅਮੈਰਿਕਨ ਨਿਊਟਰੇਲਿਟੀ—ਦੀ ਕੇਸ ਔਫ ਕੌਂਸਲ ਜਨਰਲ ਬੋਪ ਕੇਲੇਫੋਰਨੀਆ ਯੂਨੀਵਰਸਿਟੀ ਬਰਕਲੇ, 1939

Published Sources

Adhikari, G — Sikh Homeland Through Hindu-Muslim-Sikh Unity, People's Publishing House, Bombay, 1945

Ahluwalia, M.L. — Relations of Sahore Durbar with China, Mai Chand Kaur's Rule in the Punjab; Sher Singh and the First war of succession; some facts behind the Second Anglo Sikh War; Ladakh's Relations with India; Proceedings of the Indian Historical Records Commission, Vols. XXX — XXXIII.

Ahluwalia, M.L. — Kirpal Singh, The Punjab's Pioneer Freedom Fighters, Orient Longman, Calcutta, 1964

Ahluwalia, M.M. — Kukas, The Freedom Fighters of the Punjab, Allied Publishers, Bombay, 1965.

Aitchison, Sir Charles — Lord Lawrence, Clarendon Press, Oxford, 1892. Akali Dal and Shiromani Gurdwara Parbandhak Comittee, C.I.D. Report compiled by V.W. Smith, Superintendent of Police, published by Superintendent of Government Printing Press, Shimla, 1922.

Alexander, H. — Indian since Cripps, Harmondsworth, 1944.

Amar Nath, — *The Development of Local Self-Government in the Punjab, 1849-1900*, PGRO, Lahore 1929.

Amar Singh — *Memorandum of the Central Akali Dal*, West End Press, Lahore 1946.

Ambedkar, B.R. — *Pakistan or the Partition of India*, Thacker & Co., Bombay 1946.

Argyll — *8th Duke of, India Under Dalhousie and Canning*, Longmans, Green & Co., London 1865.

Army in India and Its Evolution, Govt. Printing Press, Calcutta 1924.

Arnold, Edwin — *The Marquis of Dalhousie's Administration of British India*, 2 vols, Saunders, Otley & Co., London, 1862-5.

Arora, F.C., *Commerce by River in the Punjab*, PGRO, Lahore 1930.

Ashraf. M., *Cabinet Mission and After*, Islamic Literature Publishing House, Lahore 1946.

——, *Speeches and Writings of Mr Jinnah*, Ashraf, Lahore 1942.

Attar Singh, *Basic Facts Regarding Punjabi Language*, published by the author, Ambala. 1961.

Ayer, S.A., *Unto Him a Witness, Thacker & Co.*, Bombay 1951.

Azad, Maulana, *India Wins Freedom, Orient Longman*, Calcutta 1959.

Bahadur Shah, *Proceedings on the Trial of*. Superintendent of Govt. Printing Press, Calcutta, 1895.

Baird, Edited by J.G.A., *Private Letters of the Marquess of Dalhousie*, William Blackwood & Sons, Edinburgh 1911.

Bamford, Lt. Col. P.G., *1st King George V's Ouen Battalion*, Gale &, Golden Ltd., Aldershot 1948.

Bamzai, P.N.K., *A History of Kashmir*, Metropolitan Book Co., Delhi 1962.

Barkat Ram Kalia, *A History of the Development of the Police in the Punjab 1849-1905*, PGRO, Lahore 1929.

Barkley, D.G., *Directions for Revenue Officers in the Punjab*, Superintendent of Govt. Press, Lahore 1875.

Barstow, A.E., *Sikhs*, Government of India, Publications Branch, Calcutta 1928.
Bell, Evanas, *Annexation of the Punjab and the Maharajah Duleep Singh*, Trubner, London 1882.
——, *Retrospects and Prospects of Indian Policy.* Trubner, London 1868.
Bengal Army, Officer of the, *Letters on Recent Transactions in India, Smith* Elder & Co. London 1842.
Benson,, Edited by A.C. and V. Esher, *The Letters of Queen Victoria*, Vol. II—1844-53, London, 1908.
Bertie-Marriott, C., *Le Maharajah Duleep Singh et l'Angleterre*, L. Sauvaitre, Paris 1889.
Bingley, Capt. A.H., *Handbook for the Indian Army*, Govt. Printing Press, Calcutta 1899.
——, *Handbook on the Sikhs*, Simla Govt. Central Printing Office, 1899.
Birdwood, C.A., *Continent Experiments*, Skeffington & Co. London 1947.
Birdwood, Col. F.T., *The Sikh Regiment in the Second World War*, Jarrod & Sons Ltd., Norwich.
Bolitho, H., *Jinnah, Creator of Pakistan*, Murray, London 1954.
Bondurant, Joan V., *Regionalism Versus Provincialism; A Study in Problems of Indian National Unity*, University of California Press, Berkeley, 1958.
Bosworth Smith, R., *Life of Lord Lawrence*, 2 vols, Smith Elder & Co., London, 1883.
Brayne, F.L., *Socrates in an Indian Village*, Oxford University Press, Bombay 1929.
——, *Remaking of Village India*, Oxford University Press, Bombay 1929.
——, *Socrates Persists in India*, Oxford University Press, Bombay 1932.
Briggs, Major General, *What Are We to Do With the Punjab?* James Madden, London 1849.
Broadfoot, W., *Career of Major George Broadfoot*, John Murray, London 1888.
Buist, G., *Annals for the Year 1848 to the End of the Sikh War in March, 1849*, Times Press, Bombay 1849.
Burton, R.G., *The First and the Second Sikh Wars*, Govt. Central Branch Press, Simla 1911.
California and the Oriental : Japanese, Chinese and Hindu, State Board of Control of California, Sacramento 1922 (Report of Governor William D, Stephens of California to the Secretary of State).
Callard, Keith, *Pakistan*, Allen & Unwin, London 1957.
Calvert, H., *The Wealth and Welfare of the Punjab*, Civil & Military Gazette Press, Lahore 1927.
Campbell, Sir Colin, *Memorandum on the Part Taken by the Third Division of the Army of the Punjab at the Battle of Chillianwala*, James Ridgway, London 1851.
Campbell, George, *Memories of My Indian Career*, Macmillan, London, 1893.
Campbell-Johnson, A., *Mission with Mountbatten*, Robert Hale, London 1951.
Canada, Royal Commission (on Oriental Immigration), Report by W.L. MacKenzie King, Ottawa 1908.
Carmichael Symth, Major G., ed., *History of the Reigning Family of Lahore*, W. Thacker & Co., London 1847.
Caulfield, General, *The Punjab and the Indian Army*, London 1846.

Cavalry Officer, *Military Services and Adventures in the Far East,* London 1847.
Cave-Browne, J., *The Punjab and Delhi in 1857,* 2 vols, William Blackwood & Sons, London 1861.
Census Reports, Punjab, 1855 onward, Govt. Printing Press, Calcutta.
Chaddha, T.R., *A Study of the Communist Movement in the Punjab,* Jyoti Prakashan, Ghaziabad 1954.
Chandrashekhar, S., 'Indian Immigration in America', *Far Eastern Survey* (26 July 1944).
Charan Singh, Maharaj, *Light on Sant Mat,* Radha Soami Satsang, Beas, 1960.
Chhabra, Dr. G.S., *Advanced Study in History of the Punjab,* 2 vols, Sharanjit, Ludhiana 1960.
Colchester, Lord, *History of the Indian Administration of Lord Ellenborrough,* Richard Bentley & Sons, London 1874.
Cole, J.J., *A Sketch of the Siege of Multan,* P.S. Rozario & Co., Calcutta 1849.
Coley James, *A Journal of the Sutlej Campaign, 1845-46,* Smith Elder & Co., London 1856.
Colvin, Ian, *The Life of General Dyer,* William Blackwood & Sons, Edinburgh 1931.
Congress and the Problem of Minorities, All India Congress Committee, published by Shankar Rao Deo, Allahabad 1947.
Congress Punjab Inquiry Report 1919-1920, Karnatak Printing Press, Bombay 1920.
Cooper, Frederic, *The Crisis in the Punjab,* Smith Elder & Co., London 1858.
Corbett, D.C., *Canada's Immigration Policy—A Critique,* University of Toronto Press, Toronto 1947.
Cork, Barry Joynson, *Rider on a Grey Horse,* Cassell, London 1958.
Coupland, R., *The Constitutional Problem in India,* Oxford University Press, Bombay 1944.
Cunningham, Alexander, *Report of a Tour in the Punjab, 1878-1879.* Superintendent of Govt. Printing, Calcutta 1882.
Cunningham, J.D., *History of the Sikhs, 1st edn. 1849;* and the edn. 1853 : 1955 edn. edited by H.L.O. Garrett and published by S. Chand & Co., Delhi 1955.
Cust, R.N., *Memories of Past Years of a Septuagenarian,* printed for private circulation, London 1904.
——, *Linguistic and Oriental Esays,* Trubner & Co., London 1906.
Dadabhoy, Yusuf, 'Circuitous Assimilation Among Rural Hindustanis in California', *Social Forces,* 33 (1954), 138-41.
Dar Commission, *Report of the Linguistic Provinces Commission,* Govt. of India Press, Delhi 1948.
Darbara Singh, *The Punjab Tragedy,* Steno Press, Amritsar 1949.
Darling, M.L., *The Punjab Peasant in Prosperity and Debt,* Oxford University Press, Bombay 1925.
——, *Wisdom and Waste in the Punjab Village,* Oxford University Press, Bombay 1934.
Das, R.K., *Hindustani Workers on the Pacific Coast,* Walter De Gruyter & Co., Berlin 1923.

Das, S.R., *Commission Report on Grievances of the Sikhs*, Govt. of India Press, Delhi 1962.
Deva Singh, *Colonisation in the Rechna Doab*, PGRO, Lahore 1929.
Dhami, Sandhu Singh, *The Sikhs and their Religion : A Struggle for Democracy*, K.D. Society, Vancouver 1943.
Dharam Pal, *Administration of Sir John Lawrence 1864-1869*, Minerva. Simla 1952.
Dharam Yash Dev, *Our Countrymen Abroad*, All India Congress Committee, Delhi 1940.
Diver, Maud, *Honoria Lawrence*, John Murray, London 1936.
Dodwell, H., *A Sketch of the History of India 1858-1918*, Longmans, Green & Co., London 1925.
Douie, Sir J.M., *The Punjab, North West Frontier Province and Kashmir*, Cambridge University Press, Cambridge 1916.
Druhe, D.N., *Soviet Russia and India*, Communist Bookman Associates, 1959.
Duleep Singh Maharajah, *The Maharaja Duleep Singh and the Government*, W.S. Orr & Co., London 1884.
Dunbar, Sir George, *India and the Passing of the Empire*, Nicholson & Watson, London 1951.
Dunlop, J., *Mooltan During and After the Siege*, W.S. Orr & Co., London 1849.
Dunn. H.H., 'The Stranglers', *World Wide Magazine*, Vol. 25, pp. 338-51.
Durand, H.M., *Life of Major General Sir Henry Marion Durand*, W.H. Allen & Co., London 1883.
Durlabh Singh, *The Valiant Figher*, Hero Publications, Lahore 1942.
Edwardes, Herbert, *A Year on the Punjab Frontier in* 2 vols, Richard Bentley, London 1851.
Edwardes, Lady Emma, *Memorials of the Life and Letters of Major General Sir Herbert B. Edwardes*, 2 vols, Kegan Paul, Trench & Co., London 1886.
Edwardes, M., *The Necessary Hell : John and Henry Lawrence and the Indian Empire*, Cassell, London 1958.
Edwards, W., *Reminiscences of a Bengal Civilian*, Smith Elder & Co., London 1866.
Elsmie, G.R., *Thirty-Five Years in the Punjab, 1858-93*, David Douglas, Edinburgh 1908.
Encyclopaedia of Religion and Ethics, edited by James Hastings, T. & T. Clark, Edinburgh 1926.
Falcon, R.W., *Handbook on the Sikhs for Regimental Officers*, Govt. Printing Press, Allahabad 1896.
Farquhar, J.N., *Modern Religious Movements in India*, Macmillan, Lodon 1929.
Fauja Singh Bajwa, *Military System of the Sikhs*, Motilal Banarsidass, Delhi 1964.
Fitchett, W.H., *The Tale of the Great Mutiny*, John Murray, London 1939.
Forbes, A., *The Afghan Wars*, Macmillan, London 1892.
——, *Sir Colin Campbell, Lord Clyde*, Macmillan, London 1916.
——, Havelock (Englishmen of Action), Macmillan, London 1924.
Forbes, Angus, 'East Indians in Canada', *International Journal* (1947), pp. 47-50.

Forbes-Mitchell, W., *Reminiscences of the Great Mutiny,* Macmillan, London, 1910.

Forsyth, Douglas *Autobiography and Reminiscences,* Richard Bentley, London 1887.

Francis, R.A., 'B.C.'s Turbaned Tribe', *Canadian Business,* 25 (February 1952), 44-45.

Furneaux, R., *Massacre at Amritsar,* Allen & Unwin, London 1963.

Ganda Singh, *History of Gurdwara Shahid-Ganj, Lahore, from its Origin to November, 1935,* published by the author, Amritsar 1935.

——, 'Some Correspondence of Maharaja Duleep Singh' *Journal of Indian History,* Vol. XXVII, Part I, No. 79.

——, *A History of the Khalsa College,* Khalsa College, Amritsar 1949.

——, *The Punjab in 1839-40,* Sikh History Society, Amritsar 1955.

Gardner, Ray, 'When Vancouver Turned Back the Sikhs', *Madeans Magazine* (8 November 1958), p. 65.

Gazette of India, Govt. Printing Press, Calcutta.

Gazettees of India, Imperial, Oxford University Press, Oxford 1908.

Ghadr *Report of the Senate Fact-Finding Committee of Un-American Activatives to the 1953 Regular California Legislative,* California State Printing Office, Sacramento 1953.

Ghosh, K.C., *The Roll of Honour,* Vidya Bharati, Calcutta 1965.

Gibbon, F.P., *The Lawrences of the Punjab,* J.M. Dent, London 1908.

Glegg, Lieutenant, Colonel J.A., *Notes on the History of the Samana,* Fort Lockhart, July 1940.

Gojra, *Jangal Vichch Mangal* (The story of a canal colony in the land of the Five Rivers), compiled by E.F.E. Wigram Wesley Press, Mysore.

Goldsmid, F.J., *James Outram, A Biography,* 2 vols, Smith Elder & Co., London 1880.

Gopal, S., *Viceroyalty of Lord Ripon, 1880-84,* Oxford University Press, Oxford 1953.

——, *Viceroyalty of Lord Irwin, 1926-31,* Oxford University Press, Oxford 1957.

Gore, M., *Remarks on the Present State of the Punjab,* James Ridgway, London 1949.

Gough, C. & A.D. Innes, *The Sikhs and the Sikh Wars,* A.D. Innes & Co., London 1897.

Gough, Lord, *War in India, Dispatches,* Ackermann & Co., London 1846.

Government Allegations against the Sikhs, Hyderabad 1922.

Government of India Records, *Agricultural Indebtedness and Land Transfers,* Vol. II, Punjab Correspondence, Govt. Central Printing Office, Simla.

Graham-Bailey, T., *Studies in North India Languages,* Lund Humphries & Co., London 1938.

Grant, I.F., 'Sikh Wars' (Everyday letters written during the 1st and 2nd wars), *Army Quarterly* (1921).

Grant, Rev. K.J., 'Among the Hindus of British Columbia', *Missionary Messenger* (1915).

Greenwood, J., *Narrative of the Late Victorious Campaigns in Afghanistan*

Under General Pollock with Recollections of Seven Years' Service in India, Henry Colburn, London 1844.
Grey, C., 'Panchayat Rule of the Khalsa Army 1841-45', *Journal of the United Services Institution of India* (1932).
Griffin, Lepel, *Law of Inheritance to Chiefships as Observed by the Sikhs Previous to the Annexation of the Punjab*, Superintendent of Govt. Printing, Lahore 1869.
——, Rajas of the Punjab, Trubner & Co., London 1873.
Griffiths, C.J., *A Narrative of the Siege of Delhi with an Account of the Mutiny at Ferozepur in 1857*, ed. H.J. Yonge, John Murray, London 1910.
Gubbins, M.R., *An Account of the Mutinies in Oudh and of the Siege of Lucknow Residency*, Richard Bentley, London 1858.
Gulab Singh, *Thorns & Thistles* (autobiography of a revolutionary), National Information Publications, Bombay 1948.
Gupta, H.R., *Punjab on the Eve of the First Sikh War*, University of Punjab, Hoshiarpur 1956.
Gurbachan Singh and Gyani Lal Singh, *The Idea of a Sikh State*, Lahore Book Shop, Lahore 1946.
Gurbachan Singh Talib, *Muslim League Attack on Sikhs and Hindus in the Punjab*, SGPC, Amritsar 1950.
Gurdit Singh, *The Voyage of the Kamagatamaru*, published by the compiler at 32, Ashutosh Mukherjee Road, Calcutta.
Gurnam Singh, *A Unilingual Punjabi State and the Sikh Unrest*, Super Press, New Delhi 1960.
Gyan Singh Naqqash, *Gian Chitravali*, G.S. Sohan Singh, Amritsar 1956.
Handa, R.L., *A History of the Development of the Judiciary in the Punjab, 1846*, PGRO, Lahore 1927.
Hansard's Parliamentary Debates, Hansard Publishing Union, London.
Harban Singh, *Sikh Political Parties*, Sikh Publishing House, Delhi.
——, *The Heritage of the Sikhs*, Asia Publishing House, Bombay 1964.
Hardinge, Charles, *Viscount Hardinge*, Clarendon Press, Oxford 1900.
——, *My Indian Years, 1910-16*, John Murray, London 1947.
Harnam Singh, *Punjab : The Homeland of the Sikhs*, Civil & Military Gazette Press, Lahore 1945.
Harris, Mrs., *A Lady's Diary of the Siege of Lucknow*, London 1858.
Hitlon, Major General Richard, *The Indian Mutiny*, Hollis and Carter, London 1957.
History of the Campaign of the Sutlej and War in the Punjab (Memories of many distinguished officers), Charles Edmonds, London 1846.
Hodson, W.S.R., *Hodson of Hodson's Horse or Twelve Years of a Soldier's Life in India*. J.W. Parker & Son, London 1859.
Holland, Sir Robert, 'Indian Immigration into Canada : The Question of Franchise', *Asiatic Review* (April 1943), p. 167.
Hollingsworth, L.W., *The Asians of East Africa, Macmillan*, London 1960.
Holmes, T.R.E., *A History of the Indian Mutiny*, W.H. Allen & Co., London 1888.
Honigberger, J.M., *Thirty Five Years in the East*, H. Bailliere, London 1852.
Horniman, B.G., *Amritsar and Our Duty to India*, Fisher Unwin, London 1920.

Hough, W., *Political and Military Events in British India from the Years 1756 to 1849*, 2 vols, William, Allen & Co., London 1853.

Hukam Singh, *The Sikh Problem & its Solution*, Shiromani Akali Dal, Amritsar 1951.

Humbley, W.W., *Journal of a Cavalry Officer Including the Sikh Campaign of 1845-46*, Longmans, Green & Co. 1854.

Hunter Committee's Report, *Disorders Inquiry Committee Report, 1919-20*, Govt. Printing Press, Calcutta 1920.

Hunter, W.W., *The Marquess of Dalhousie* (Rulers of India Series), Clarendon Press, Oxford 1895.

Husain, Azim, *Fazl-i-Husain (A Political Biography)*, Orient Longman, Green & Co., Calcutta 1946.

Hutchison, L., *Conspiracy in Meerut*, Allen & Unwin, London 1935.

Hutton, Martin, 'The Sikhs in Malaya', *Straits Times Annual*, Singapore 1951, p. 96.

Ibbetson, D.C., *Punjab Census, 1881*, 3 vols, Central Gaol Press, Lahore 1883.

Immigration : Report of the Commission General for Immigration, 1919-1920, US Govt. Printing Office, Washington DC.

Indera Pal Singh, 'A Sikh Village', *Journal of American Folklore*, Vol. 71 (July-September 1958).

India in 1923-24, Govt. Printing Press, Lahore 1924.

Indian History Congress, Proceedings, 1938 onward, Manager of Publications, Delhi.

Indian Reforms Scheme : Report of the Working of the Sikh Deputation to England, 1920, Mufid-i-Am Press, Lahore 1921.

Innes, J.J.M., *Sir Henry Lawrence, the Pacificator* (Rulers of India Series), Oxford University Press, Oxford 1898.

Intelligence Reports Concerning the Tribal Repercussions to the Events in the Punjab, Kashmir and India, Govt. Printing Press. Lahore, 1948.

Isemonger, F.C. and J. Slattery, *An Account of the Gadar Conspiracy*, Superintendent of Printing, Punjab, Lahore 1921.

Iver, S. Ranga, *Diary of the Late Maharaja of Nabha*, Lucknow, 1924.

Jacoby, Harold S., *A Half Century Appraisal of Indians in the United States*, College of the Pacific, Stockton 1956.

Jacoby, Harold S., 'More Thind Against Than Sinning', *Pacific Historian*, Stockton 1961.

Jaito, The Struggle for Freedom of Religious Worship in, SGPC, Amritsar 1924.

James, D.H., *The Rise and Fall of the Japanese Empire*, Allen & Unwin, London 1952.

James, Hugo, *A Volunteer's Scramble Through Sing, the Punjab, Hindustan and the Himalayan Mountains*, 2 vols, W. Thacker & Co. London 1854.

Johnson, Dr. Julian, *The Path of the Masters*, Radha Soami Satsang, Beas 1939.

Kapurthala State : Its Past and Present, Pioneer Press, Allahabad 1921.

Kapurthala State : The Ruler and Method of Administration, compiled by an official, published by Dhani Ram Muni Lal.

Kartar Singh Campbellpuri, *The Plight of the Sikhs,* Servants of Sikhs Society, Lahore 1944.
Kaul, P.H., *Census of India, 1911,* Punjab vols, Civil and Military Gazette Press, Lahore 1912.
Kaye, Sir Cecil, *Communism in India,* Govt. Press, Delhi 1926.
Kaye, J.W., *History of the War in Afghanistan,* 2 vols, Richard Bentley, London 1851.
Kaye, Sir J. and T.R.E. Holmes, *Lives of Indian Officers,* 3 vols., W.H. Allen & Co., London 1888-89.
Kaye, Sir J. and G.B Malleson, *Indian Mutiny of 1857-58,* 6 vols, Longmans, Green & Co., London 1897.
Kennedy, R.H., *Narrative of the Campaign of the Army of the Indus in Sindh and Kabul in 1838-1839,* London 1840.
Khaliquzzaman, Choudhry, *Pathway to Pakistan,* Longmans, Lahore 1961.
Khilnani, N.B., *The Punjab under the Lawrences,* PGRO, Simla 1951.
Khosla, G.D., *Stern Reckoning,* Bhawani & Sons, New Delhi 1949.
Khushwant Singh, *Fall of the Kingdom of the Punjab,* Orient Longman, Calcutta 1962.
Knollys, Col. H. ed., *Life of General Sir Hipe Grant,* 2 vols, William Blackwood & Sons, London 1894.
Kohli, S.R., *Trial of Dewan Mulraj,* PGRO, Lahore 1932.
——, *Catalogue of Khalsa Durbar Records,* 2 vols, Printing Press, Lahore 1919.
Kamagata Maru Commission of Enquiry Report, 1914, Govt. Printing Press, Calcutta 1914.
Krishen, Indra, *An Historical Interpretation of the Corresspondence of Sir George Russell Clerk, Political Agent at Ambala and Ludhiana, 1831-43,* published by the author, Simla 1952.
Kukas, Papers Relatiing to the Kuka Sect (Selections from the records of the Government of the Punjab), Lahore 1872.
Kukas, Parliamentary Paper No. 356 on the Kuka Outbreak (Reply to an address in the House of Commons, 22 July 1872).
Lajpat Rai, *Story of My Deportation,* Jaswantrai, Lahore 1908.
——, *Arya Samaj,* Longmans, Green & Co., London 1915.
——, *Young India : An Interpretation and a History of the Nationalist Movement from Within,* B.W. Huebsch, New York 1917.
——, *Reflection on the Political Situation in India,* Olto Wigand, Leipzig 1917.
——, *India's Will to Freedom. Writings and Speeches on the Present Situation,* Ganesh & Co., Madras 1921.
——, *The Agony of the Punjab,* Tagore & Co., Madras 1920.
——, *Autobiographical Writings,* ed. V.C. Joshi, University Publishers, Delhi 1965.
Lake, Edward, *Sir Donald McLeod,* Religious Tract Society, London 1874.
Lakshman Singh, Bhagat, *Autobiography,* ed. Ganda Singh, Sikh Cultural Centre, Calcutta 1965.
——, *The Sikh and his New Critics,* published by the author, 1918.
Landau, Henry, *The Enemy Within,* Putnam, London 1937.
Latif, Syed M., *History of the Punjab,* Calcutta Central Press, Calcutta 1891.

——, *Lahore, Its History, Architectural Remains and Antiquities*, republished by Mohammed Minhajuddin, Lahore 1957.

Law, Sir A., *India Under Lord Ellenborough*, London 1926.

Lawrence, George, *Reminiscences of Forty-Three years in India*, London 1874.

Lawrence, Henry M., *Essays, Military and Political, Written in India*, Henry Colburn, London 1859.

——, *Some Passages in the Life of an Adventurer in the Punjab*, Henry Colburn, London 1846.

Lawrence, R. *Charles Napier*, John Murray, London 1952.

Lawrence, W.R., *The Valley of Kashmir*, Henry Frowde, London 1895.

Lee Warner, Wm., *The Life of Marquess of Dalhousie*, Macmillan, London 1904.

Leigh, M.S., *The Punjab and the War*, Govt. Printing Press, Lahore 1922.

Lewis, *Campaign on the Sutlej, 1845-46.*

Lockley, F., 'The Hindu Invasion, A New Immigration Problem', *Pacific Monthly*, 17 (1907), 584.

Login, E.D., *Lady Login's Recollections*, Smith Elder & Co., London 1916.

Login, Lady, *Sir John Login and Duleep Singh*, W.H. Allen & Co., London 1890.

Lumby, E.W.R., *The Transfer of Power in India*, Allen & Unwin, London 1956.

Lumsden, P.S. and G.R. Elsmie, *General Sir Harry Lumsden of the Guides*, John Murray, London 1899.

MacKinnon, Capt. D.H., *Military Services and Adventurers in the Far East*, 2 vols, London 1845.

MacLagan, E.D., *Census of India 1891*, Punjab vols. Govt. Printing Press, Calcutta 1892.

MacLagan, M., *'Clemency' Canning : Charles John, 1st Earl Canning, Governor General and Viceroy of India 1856-62*, Macmillan, London 1962.

McLeod, Hew, *Guru Nanak and the Sikh Religion*, Princeton & Oxford 1968.

MacMunn, Sir G., *The Indian Mutiny in Perspective*, G. Bell & Sons, London 1931.

——, *The History of the Sikh Pioneers (23rd, 32nd, 34th)*, Sampson Low & Co., London 1936.

——, *Romance of the Indian Frontier*, Jonathan Cape, London 1936.

——, *Vignettes from Indian Wars*, Sampson Low & Co., London 1932.

——, *Turmoil and Tragedy in India in 1914 and After*, Jarrolds, London 1935.

Maconachie, R., *Rowland Bateman*, London Church Missionary Society, London 1917.

Mahajan, J.M., *Circumstances Leading to the Annexation of the Punjab 1846-49*, Kitabistan, Allahabad 1949.

——, *Private Correspondence of Sir Fredrick Currie 1846-48*, Saraswati Publications, New Delhi 1947.

Mahajani, Usha, *The Role of Indian Minorities in Burma and Malaya*, Vera & Co., Bombay 1960.

Mahendra Pratap, *My Life Story of Fifty-Five Years*, World Federation Centre, Dehra Dun 1947.

Majumdar, R.C., *History of the Freedom Movement in India*, 2 vols, Mukhopadhyay, Calcutta 1963.

Malleson, G.B., *Decisive Battles of India, 1746-1849*, Reeves & Turner, London 1914.
——, *Indian Mutiny of 1857*, 6 vols, 9th edn., Seeley & Co., London 1906.
Marshman, J.C., *Memories of Major General Sir Henry Havelock*, Longmans, Green & Co., Lodnon 1860.
Masani, M.R., *The Communist Party of India*, Derek Verschoyle, London 1954.
May, Capt. C.W., *History of the 2nd Sikhs, 12th Frontier Force Regiment 1846-1933*, Mission Press, Jubbulpore.
Maynard, Sir John, 'The Sikh Problem in the Punjab, 1920-23', *Contemporary Review* (September 1923).
Mead, Henry, *The Sepoy Revolt, Its Causes and Its Consequences*, John Murray, London 1857.
Meley, J.G., *A Year's Campaign in India (March 1857-March 1858)*, Thacker & Co., London 1858.
Mehta, H.R., *A History of the Growth and Development of Western Education in the Punjab, 1846-1884*. PGRO, Lahore 1929.
Menon, V.P., *The Story of the Integration of the Indian States*, Orient Longman, Bombay 1956.
——, *Transfer of Power in India*, Orient Longman, Bombay 1957.
Merewether, Lt. Col. J.W.B. and Sir Fredrick Smith, *The Indian Corps in France*, John Murray, London 1917.
Minto, The Countess of, *India, Minto and Morley 1905-10*, Macmillan, London 1934.
Mitra, Nripendra Nath, *Indian Annual Register, 1919 onward, Annual Register Office, Calcutta.*
Montagu-Chelmsford Report, *Indian Constitutional Reforms Report*, Govt. Printing Press, Calcutta 1918.
Moon, Penderel, *Divide and Quit*, Chatto & Windus, London 1961.
Morrison, J.L., *A Survey of Imperial Frontier Policy from Alexander Burnes to Fredrick Roberts*, Oxford University Press 1936.
——, *Lawrence of Lucknow, 1806-1837*, G. Bell, London 1934.
Morse, Eric W., 'Some Aspects of the Kamagatamaru Affair, 1914', *Canadian Historical Association Journal (1936), p.p. 100-8.*
Mosley, Leonard, *The Last Days of the British Raj*, Weidenfeld and Nicholson, London 1961.
Mouton, Col., *Un Rapport sur les Derniers Evenements due Punjab*, Paris 1846.
Mutiny of the Bengal Army, by a Retired Officer, Bosworth and Harrison, London 1857.
Nabha, Truth About, SGPC, Amritsar 1924.
Nahar Singh, *Gooroo Ram Singh and the Kuka Sikhs, Documents 1863-1871*, Amrit Book Co., New Delhi 1965.
Naidis, M. 'Propaganda of the Gadar Party', *Pacific Historical Review*, Vol. 20 (1951).
Nair, Kusum, *The Story of the I.N.A.*, Padma Publications, Bombay 1946.
Nand Singh Sehra, 'Indians in Canada', *The Modern Revit* (Calcutta), Vol 14, No. 2 (1913), p. 140.
Nanda, J., *Punjab Uprooted*, Hind Kitabs Ltd., Bombay 1948.

Napier, W., *Life and Opinions of General Sir Chrles James Napier,* John Murray, London 1857.
Narendra Nath, *Memorandum on the Rights Claimed by the Hindu Community of North West India,* Civil and Military Gazette Press, Lahore 1928.
Nehru-Fateh Singh Talks, Synopsis of the (On the issue of the formation of Punjabi speaking state), published by the Secretary, Shiromani Akali Dal, Amritsar 1961.
Nehru, Moti Lal, *Nehru Report of the All Parties Conference,* published by the Secretary, Indian National Congress Committee, Allahabad 1928.
Norgate, Lt. Col. T.R. and Lt. Col. Phillott, *From Sepoy to Subedar,* Calcutta 1911.
O'Donnell, C.J., *The Causes of Present Discontent in India,* Fisher Unwin, London 1908.
O'Dwyer, M., *India as I Knew It, 1885-1925,* Constable, London 1925.
Old Punjabee : The Punjab and North-West Frontier of India, Kegan Paul & Co., London 1878.
Onn, Chin Kee, *Malaya Upside Down,* Jitts and Co., Singapore 1946.
Overstreet, G. and M. Windmiller, *Communism in India,* University of California Press, Berkeley and Los Angels 1959.
Panikkar, K.M., *Founding of the Kashmir State : 1792-1858,* Allen & Unwin, 1930.
Pardaman Singh, *Ethnological Epitome of the Hindustanees of the Pacific Coast,* Khalsa Diwan Society, Stockton 1922.
Parker, Mrs A., *Sadhu Sundar Singh,* Christian Literature Society, 1962.
Parker, C.S., *Sir Robert Peel,* John Murray, London 1899, Vol. III.
Parliamentary Papers Relating to the Punjab : 1847-49, Harrison & Son, London.
Parmanand, Bhai, *The Story of My Life.*
Parry, R.E., *The Sikhs of the Punjab,* Dranes, London 1921.
Patiala and the Great War, Medici Society, London 1923.
Pearse, Hugh, ed., *The Memories of Alexander Gardner, William Blackwood & Sons.*
Punjab Administration Reports, 1849 onward, Punjab Govt. Press, Lahore.
Punjab Cavalry : History of Second Punjab Cavalry, 1849-1886, Kegan Paul & Co., London 1888.
Punjab Government Records, *Lahore Political Diaries,* 1846-1849, Vols III, IV, V, VI.
——, Mutiny Reports, Vol. VII, Parts I & II; Vol. VIII, Parts I & II.
Punjab Legislative Council Debates (later called the Punjab Legislative Assembly), 1897 onward, Punjab Govt. Press, Lahore.
Punjab Regiment, 14th, A Short History (1939-1945), Lund Humphries, London 1945.
Qureshi, Major Mohammed Ibrahim, *The First Punjabis* (History of the First Punjab Regiment, 1759-56), Gale and Polden, Aldersot 1958.
Radha Soami Colony, Beas and its Teachings, Radha Soami Satsang, Beas 1960.
Rahmat Ali, *Pakistan, The Fatherland of the Pak Nation,* published by the author, Cambridge 1940.

——, *The Millat and its Mission*, published by the author, 3rd edition, Lahore 1946.
Rait, R.S., *The Life and Campaigns of Viscount Gough*, 2 vols, Archibald Constable and Co., London 1903.
Rajput, R.B., *The Muslim League : Yesterday and Today*. Ashraf, Lahore 1948.
Rallia Ram, K.L., *Report on the Firing into the Gurdwara Sis Ganj, Delhi*, S.G.P.C., Amritsar 1930.
Ram Chandra, *India Against Britain*, Hindustan Ghadr, San Francisco 1916.
——, *Exclusion of Hindus from America Due to British Influence*, Hindustan Ghadr, San Francisco 1916.
Randhawa, M.S., *Out of the Ashes, New* Jack Printing Works, Bombay 1954.
Randhir Singh, *The Ghadr Heroes*, People's Publishing House, Bombay 1945.
Rattigan, Sir W.H., *Digest of Civil Law for the Punjab*, 1909.
Reid, Robie L., 'The Inside Story of the "Komagatamaru", *British Columbia Historical Quarterly*, Vol. 5 (1941).
Roberts, Field Marshal, *Fort-One Years* in India, Macmillan. London 1898.
Ross. D., *The Land of the Five Rivers*, Chapman & Hall, London 1883.
Round Table Conference Proceedings (Government of India), Calcutta 1931-33.
Rowlatt Committee Report, *Sedition Committee Report 1918*, Bengal Secretariat Press, Calcutta 1918.
Roy, M.N., *Memoris*, Allied Press, Bombay, 1964.
Roy, P.C., *Gurcharan Singh's Mission in Central Asia*, Indian Historical Records Commission, Vol. 34, Part II, Trivandrum 1958.
RSSS in the Punjab, Govt. Printing Press, Lahore 1948.
Sahni, Ruchi Ram, *Struggle for Reform in Sikh Shrines*, ed. Ganda Singh, Sikh Itihas, Amritsar 1965.
——, *The Gurdwara Reform Movement and the Sikh Awakening*, Desh Sewak Book Agency, Jullundur 1922.
——, *Guru Ka Bagh Congress Inquiry Committee*, Hindi Press, Lahore 1924.
Sanders, C.W., *The Inner Voice*, Radha Soami Satsang, Beas 1960.
Sandford, D.A., *Leaves from the Journal of a Subaltern During the Campaign in the Punjab, September 1848—March 1849*, William Blackwood & Sons, London 1849.
Sant Singh, *Akali Problem*, 1955.
Sapri, A.N., *The Building of the Jammu and Kashmir State*, PGRO, Lahore 1931.
Sapru, T.B., *Constitutional Proposals of the Sapru Committee*, Padma, Bombay 1946.
Saragarhi Memorial, *History of the*, Graduate Printing Press, Ferozepur 1955.
Sarasfield, Landen, Betrayal of the Sikhs, Lahore Bookshop, Lahore 1946.
Sardul Singh Caveeshar, *Sikh Politics*, National Publications, Delhi 1950.
Sarkar, Sir Jadunath, 'Bibliography of Sikh History', *Modern Review*, (Calcutta 1907).
Saund, D.S., *Congressman from India*, Button & Co., New York 1960.
Seaton, Major Gen. Sir Thomas, *From Cadet to Colonel*, London 1866.
Seetaram, *From Sepoy to Soobadar*, James Thomas Norgate, Lahore 1880.
Selections from State Papers Preserved in the Military Department, ed. George W. Forrest, 4 vols, Govt. Printing Press, Calcutta 1893-1912.

Sen, N.B., *History of Koh-i-Noor, New Book Society, New Delhi 1953.*

Sen, S.N., Eighteen Fifty Seven, Govt. of India Publications Division, Delhi 1957.

Sethi, G.R., *Sikh Struggle for Gurdwara Reform*, Union Press, Amritsar 1927.

Sethi, R.R., *John Lawrence as Commissioner of the Jullundur Doab 1846-1849*, PGRO, Lahore 1930.

——, *Trial of Raja Lal Singh*, PGRO, Lahore 1933.

Settlement Reports of the Punjab, Civil and Military Gazette Press, Lahore.

Sewa Ram Singh, *Reforms and the Sikhs*, Mufid-i-Am Press, Lahore 1920.

Shadwell, Ltd. Gen., *Life of Coli Campbell, Lord Clyde*, London 1881.

Shah Nawaz Khan, *My Memories of the I.N.A. and its Netaji*, Raj Kamal Publication, Bombay 1946.

Sharma, S.R., *Mahatma Hans Raj*, Arya Pradeshik Pratinidhi Sabha, Lahore 1941.

Sikh Invasion and British Victories on the Sutlej, Blackwood & Page, London 1847.

Sikh Memorandum to the Boundary Commission, Mercantile Press, Lahore 1947.

Sikh Plan, Note on the, Government Printing Press, Lahore 1948.

Sikh Representation, Memorandum on (presented to the Indian Statutory Commission), Superintendent of Printing, Calcutta 1930.

Sikh Settlement, Voice of India on the, Director, Information Bureau, Punjab 1925.

Sikhs in Action, Government Printing Press, Lahore 1948.

Sikhs, Regimental Records, 35th, 1887-1992, Sham Lal & Sons, Peshawar 1923.

Sikhs War Records, 47th, The Great War 1914-18, privately published.

Simon Commission Report, *Indian Statutory Commission Report*, Government of India Central Publication Branch, Calcutta 1930.

Smillie, Emmaline E., 'An Historical Survey of Indian Migration within the Empire', *Canadian Historical Review*, 4 (1923), 217-57.

Smith, Lt. Gen. Sir Harry, *Autobiography*, ed. G.C. Moor, 2 vols, John Murray, London 1902.

Smith, Marian, 'Synthesis and Other Processes in Sikhism', *American Anthropologist*, 50 (July-September 1948), 457-62.

——, 'The Misal : A Structural Village Group of India and Pakistan', *American Anthropologist*, 54 (January-March 1952), 41-56.

——, 'Social Structure in the Punjab', *The Economic Weekly*, 5 (21 November 1953).

——, 'Sikh Settlers in Canada', *Asia and the Americas*, 44 (August 1944), 359-64.

Smith, R.B., *Agricultural Resources of the Punjab, Stewart & Murray, London 1849.*

Speary, Earl E., and Willis M., West, *German Plots and Intrigues in the United States During the Period of Our Neutrality*, Red, White & Blue Series, No. 10, Committee of Public Information.

Spellman, John W., 'The International Extensions of Political Cospiracy as Illustrated by the Ghadr Party', *Journal of Indian History, 31 (1959), 23-45.*

States Reorganisation Commission Report, Government of India Press, New Delhi 1955.

Steinbach, Lt. Col., *The Punjab : Being a Brief Account of the Country of the Sikhs,* Smith, Elder & Co., London 1845.

Stephens, Ian, *Pakistan*, Earnest Benn Ltd., London 1963.

Stevens, Lt. Col. G.R., *History of the 4th Indian Division.*

Sufi, G.M.D., *Kashmir,* Vol. II, University of Punjab, Lahore 1949.

Sullivan, John, *The Koh-i-Noor or Mountain of Light : To Whom Does it Belong ?* Effinghan Wilson, London 1850.

——, *Are We Bound by Our Treaties ?* Effingham Wilson, London 1853.

Sundram, G.A., *Guru-ka-Bagh Satyagrah,* Madras 1923.

Swarup Singh, Sandhu, *The Sikhs Demand their Homeland,* Lahore Bookshop, Lahore 1946.

Tandon, P., *Punjabi Century,* Harcourt, Brace, New York 1960.

Taylor, A.C., *General Sir Alexander Taylor,* 2 vols, William & Norgate, London 1913.

Teja Singh, *Growth of Responsibility in Sikhism,* Sikh Tract Society, and edn., Lahore 1921.

——, *Gurdwara Reform Movement and the Sikh Awakening,* Desh Sewak, Jullundur 1922.

——, *Sikhs as Liberators,* Sikhs Sammelan, Simla 1948.

Temple, R.C., *Men and Events of My Time in India,* John Murray, London 1882.

——, *Names and Name Places,* Bombay Education Society, Bombay 1883.

——, *The Legends of the Punjab,* 3 vols, Bombay Education Society, Bombay 1884.

——, *Lord Lawrence,* Macmillan, London 1890.

Thackwell, E.J., *Narrative of the Second Sikh War 1848-1849,* Richard Bentley, London 1851.

Thomas, Wendell Marshall, *Hinduism Invades America,* Beactor Press, New York 1930.

Thompson, Edward, *The Other Side of the Medal,* Hogarth Press, London 1930.

Thorburn, S.S., *Mussalmans and Money Lenders in the Punjab,* William Blackwood & Sons, London 1886.

——, *Report on Peasant Indebtedness and Land Alienations to Money-Lenders in Parts of the Rawalpindi Division,* Civil and Military Gazette Press, 1896.

——, *The Punjab in Peace & War,* William Blackwood & Sons, London, 1904.

Tilak Raj Chadha, *A Study of the Communist Movement in the Punjab,* Jyoti Prakashan, Ghaziabad 1954.

Tinker, Hugh, *India and Pakistan,* Praeger, New York, 1962.

Toye, Hugh, *The Springing Tiger,* Cassell, London 1959.

Trevaskis, H.K., *The Land of Five Rivers*, Oxford University Press, Bombay 1928.
——, *The Punjab of Today*, 2 vols, Civil & Military Gazette Press, Lahore 1931.
Trials, Two Historic, *I.N.A. Court Martial of 1945 and the Trial of Emperor Bahadur Shah 1858*, Moti Ram, Delhi 1946.
Trotter, L.J., *Life of Lord Lawrence*, Oxford University Press, Oxford 1880.
——, *History of India Under Queen Victoria from 1836-1880*, 2 vols, W.H. Allen & Co., London 1886.
——, *Life of Marquess of Dalhousie*, Oxford University Press, Oxford 1889.
——, *A Leader of Light Horse : The Life of Hodson of Hodson's Horse*, J.M. Dent, London 1901.
——, *Life of John Nicholson*, John Murray, London 1904.
Tuker, Lt. Gen. Sir Francis, *While Memory Serves*, Cassell, London 1950.
Tupper, C.L., ed., *Punjab Customary Law*, 3 vols, Govt. Printing Press, Calcutta 1883-1908.
US Congress, House Committee on Immigration and Naturalization, *Hearings* on Hindu Immigration, February 13 to 30 April 1914, US Govt. Printing Office, Washington, D.C. 1914.
Wade, Lt. Col, C.M., *History of the Campaign on the Sutlej and the War in the Punjab*, G. Butler, London 1846.
——, *A Narrative of the Services Military and Political*, G. Butler, London 1847.
——, *On the State of Our Relations with the Punjab and the Best Mode of their Settlement*, Ryde, Isle of Wight 1848.
——, War in the Punjab, G. Butler, London 1849.
Waiz, S.A., *Indians Abroad*, Imperial Indian Citizenship Association, 2nd edn., Bombay 1927.
Wilkins, Charles, *The Sikhs and their College at Patna*, ed. Ganda Singh, Khalsa College, Amritsar 1940.
Williams, D. Elwyn, 'Makers of the Sikh Army', *Army Quarterly*, Vols 55-56 (1947-48).
Woodruff, P., *The Men who ruled India*, Jonathan Cape, London 1954.
Wylly, edited by H.C., *Military Memoirs of Lieutenant General Sir Joseph Thackwell*, John Murray, London 1908.
Younghusband, G.J., *Story of the Guides*, Macmillan, London 1908.

JOURNALS AND MAGAZINES

The British Columbia Historical Quarterly, Vols 5 (1941) and 6 (1942), Vancouver.
Calcutta Review, 1844 onward, Calcutta.
Canada and India, 1915 onward, Vancouver.
Journal of the Asiatic Society of Bengal, 1839 onward, Calcutta.
Journal of Indian History, 1922 onward.
Journal of the Punjab University Historical Society, 1932 onward, Lahore.

The Khalsa, 1929-32, Lahore.
The Outlook (August 1924), New York.
Pacific Monthly, 1900-20.
Thought, 1940 onward, New Delhi.

NEWSPAPERS

Aryan, Victoria, Canada 1911.
Civil and Military Gazette, Lahore 1876 onward.
Dawan, Karachi, 1946-49.
Desk Sewak, Vancouver.
Englishman, Calcutta 1839-1934.
Examiner, San Francisco.
Friend of India, Serampore Press, 1839-77.
Ghadr, San Francisco 1913.
Harijan, Ahmedabad 1946.
Hindustanee, Vancouver.
Khalsa Herald, Vancouver 1911.
Modern Review, Calcutta 1908 onward.
Portland Telegram, Oregon, Canada 1914.

ਅਖ਼ਬਾਰਾਂ

ਆਰੀਅਨ, ਵਿਕਟੋਰੀਆ, ਕੈਨੇਡਾ, 1911
ਸਿਵਲ ਐਂਡ ਮਿਲਟਰੀ ਗਜ਼ਟ, ਲਾਹੌਰ, 1876 ਤੋਂ ਅੱਗੇ
ਡੌਨ ਕਰਾਚੀ, 1946-49
ਦੇਸ਼ ਸੇਵਕ, ਵੈਨਕੂਵਰ
ਇੰਗਲਸ਼ਮੈਨ, ਕਲਕੱਤਾ, 1839-1934
ਐਗਜ਼ਾਮੀਨਰ, ਸਾਨ ਫਰਾਂਸਿਸਕੋ
ਫਰਿੰਡ ਔਫ ਇੰਡੀਆ, ਸੀਰਾਮ ਪ੍ਰੈਸ, 1839-77
ਗਦਰ, ਸਾਨ ਫਰਾਂਸਿਸਕੋ, 1913
ਹਰੀਜਨ, ਅਹਿਮਦਾਬਾਦ, 1946
ਹਿੰਦੁਸਤਾਨੀ, ਵੈਨਕੂਵਰ
ਖਾਲਸਾ ਹੈਰਾਲਡ, ਵੈਨਕੂਵਰ, 1911
ਮੋਡਰਨ ਰੀਵੀਉ, ਕਲਕੱਤਾ, 1908 ਤੋਂ ਅੱਗੇ
ਪੋਰਟਲੈਂਡ ਟੈਲੀਗਰਾਮ, ਓਰੇਗਨ, ਕੈਨੇਡਾ, 1914
ਸਾਨ ਫਰਾਂਸਿਸਕੋ, ਕਰੋਨੀਕਲ 1910-19
ਸੰਸਾਰ, ਵੈਨਕੂਵਰ 1913
ਸਪੋਕਸਮੈਨ ਨਵੀਂ ਦਿੱਲੀ 1940 ਤੋਂ ਅੱਗੇ
ਸਟੇਟਸਮੈਨ, ਕਲਕੱਤਾ 1940 ਤੋਂ ਅੱਗੇ
ਟਾਈਮਜ਼, ਲੰਡਨ, 1880 ਤੋਂ ਅੱਗੇ
ਟ੍ਰਿਬਿਊਨ ਲਾਹੌਰ, 1911 ਤੋਂ ਅੱਗੇ (1811 ਛਪਿਆ ਹੈ ਜੋ ਸਹੀ ਨਹੀਂ ਹੈ।)
ਵੈਨਕੂਵਰ ਸਨ, 1910-19